# ਮੁਖਵਾਕ ਪ੍ਰਕਾਸ਼

੧ੴ ਸਤਿਗੁਰ ਪ੍ਰਸਾਦਿ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ

# ਮੁਖਵਾਕ ਪ੍ਰਕਾਸ਼

(ਭਾਗ ਤੀਜਾ)

## ਹੁਕਮਨਾਮਿਆ ਦੀ ਵਿਆਖਿਆ

ਲੇਖਕ

ਸਿੰਘ ਸਾਹਿਬ ਗਿਆਨੀ ਮੱਲ ਸਿੰਘ

ਗ੍ਰੰਥੀ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ਸੰਪਾਦਕ

ਗਿਆਨੀ ਅਮਰਜੀਤ ਸਿੰਘ ਕਥਾ ਵਾਚਕ

ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

© ਲੇਖਕ

ISBN : 978-81-7601

ਪਹਿਲੀ ਐਡੀਸ਼ਨ — ਅਕਤੂਬਰ 20੧੧

ਭੇਟਾ :

gqekFeL-

**ਭਾ. ਚਤਰ ਸਿੰਘ ਜੀਵਨ ਸਿੰਘ**

p}ko wkJh ;/tK, nzfwqs;o. (fJzvhnk)

c'B L 91-183-2542346,2547974

c?e; L 91-183-5017488

E.Mail : csjssales@hotmail.com
csjsexport@gmail.com
csjspurchase@yahoo.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 0੧83-2705003, 5095774

# ਸਮਰਪਣ

ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ (ਜ਼ਿਲ੍ਹਾ ਬਠਿੰਡਾ) ਤੋਂ ਚੱਲ ਕੇ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਵਿੱਤ੍ਰਤਾ ਕਾਇਮ ਰੱਖਣ ਲਈ, ਆਪਣਾ ਆਪ ਕੁਰਬਾਨ ਕਰਨ ਵਾਲੇ ਮਹਾਨ ਯੋਧੇ, ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ

—ਲੇਖਕ

## ਇਸੇ ਕਲਮ ਤੋਂ :

☞ ੧ ਗੁਰ ਸਾਗਰ ਰਤਨੀ ਭਰਪੂਰੇ

☞ 2. ਸਕਲ ਧਰਮ ਮੈ ਗ੍ਰਿਹਿਸਤ ਪ੍ਰਧਾਨ ਹੈ

☞ 3. ਗੁਰਵਾਕ ਵਿਸ਼ਾ ਪ੍ਰਬੋਧ (ਭਾਗ ਪਹਿਲਾ)

☞ 4. ਗੁਰਵਾਕ ਵਿਸ਼ਾ ਪ੍ਰਬੋਧ (ਭਾਗ ਦੂਜਾ)

☞ 5. ਸ੍ਰੀ ਗੁਰੂ ਨਾਨਕ ਪ੍ਰਕਾਸ਼ ਪ੍ਰਬੋਧ

☞ 6. ਦਸ ਗੁਰ ਜੋਤ-ਗੁਰ ਇਤਿਹਾਸ ਦਸ ਪਾਤਸ਼ਾਹੀਆਂ

☞ 7. ਸਬਦ ਗੁਰੂ ਗੁਰ ਜਾਣੀਐ

☞ 8. ਮੁਖਵਾਕ ਪ੍ਰਕਾਸ਼ (ਭਾਗ ਪਹਿਲਾ)

☞ 9. ਮੁਖਵਾਕ ਪ੍ਰਕਾਸ਼ (ਭਾਗ ਦੂਜਾ)

☞ ੧੦. ਮੁਖਵਾਕ ਪ੍ਰਕਾਸ਼ (ਭਾਗ ਤੀਜਾ)

☞ ੧੧ ਕਥਾ ਪ੍ਰਮਾਣ ਸਾਗਰ

☞ ੧੨. ਬਾਰਹ ਮਾਹਾ ਕਥਾ ਪ੍ਰਮਾਣ

☞ ੧੩. ਸ੍ਰੀ ਦਸਮ ਗ੍ਰੰਥ ਬੋਧ, (ਭਾਗ ਪਹਿਲਾ)

ਪ੍ਰੈਸ ਵਿਚ ਛਪਣ ਯੋਗ ਪੁਸਤਕਾਂ :-

☞ ੧ ਸ੍ਰੀ ਦਸਮ ਗ੍ਰੰਥ ਬੋਧ (ਭਾਗ ਦੂਜਾ)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

# ੧ੴ ਸਤਿਗੁਰ ਪ੍ਰਸਾਦਿ॥

## ਤਤਕਰਾ ਸ੍ਰੀ ਮੁਖਵਾਕ


| ਲੜੀ ਨੰ: | ਪੋਥੀ ਪੰਨਾ | ਪ੍ਰਾਕ੍ਥਨ=ਵਿਸ਼ਾ | ਪੋਥੀ ਪੰਨਾ |
|---|---|---|---|
| ੧25. ਭਾਂਡਾ ਧੋਇ ਬੈਸਿ ਧੂਪੁ ਦੇਵਹੁ | 35 | ਸੰਤਹੁ ਮਾਖਨੁ ਖਾਇਆ | 36 |
| ੧26. ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ | 47 | ਸਭ ਭਾਂਡੇ ਤੁਧੈ ਸਾਜਿਆ | 48 |
| ੧27. ਹਰਿ ਨਾਮਾ ਹਰਿ ਰੰਙੁ ਹੈ | 56 | ਹਰਿ ਰੰਙੁ ਮਜੀਠੈ ਰੰਙੁ | 57 |
| ੧28. ਜਿਥੈ ਹਰਿ ਆਰਾਧੀਐ... | 65 | ਤਿਥੈ ਹਰਿ ਮਿਤੁ ਸਹਾਈ | 66 |
| ੧29. ਕੀਤਾ ਕਰਣਾ ਸਰਬ ਰਜਾਈ | 75 | ਇਸ ਕਾ ਬਲੁ ਨਾਹੀ ਇਸੁ ਹਾਥ | 76 |
| ੧30. ਉਮਕਿਓ ਹੀਉ ਮਿਲਨ ਪ੍ਰਭ ਤਾਈ | 8੧ | ਘਟ ਹੀ ਖੋਜਹੁ ਭਾਈ | 82 |
| ੧3੧. ਰਹਣੁ ਨ ਪਾਵਹਿ ਸੁਰਿ ਨਰ ਦੇਵਾ | 92 | ਰਹਨੁ ਨ ਕੋਊ ਪਈਹੈ ਰੇ | 93 |
| ੧32. ਦਰਸਨੁ ਦੇਖਿ ਜੀਵਾ ਗੁਰ ਤੇਰਾ | ੧0੧ | ਦਰਸਨੁ ਦੇਖ ਜੀਵਾ ਗੁਰ ਤੇਰਾ | ੧02 |
| ੧33. ਬਹਤੀ ਜਾਤ ਕਦੇ... | ੧09 | ਛਿਨ ਛਿਨ ਅਉਧ ਬਿਹਾਤ ਹੈ | ੧੧0 |
| ੧34. ਸਾਧਸੰਗਿ ਤਰੈ ਭੈ ਸਾਗਰੁ | ੧੧7 | ਸਾਧਸੰਗਿ ਤਰੈ ਭੈ ਸਾਗਰੁ | ੧੧8 |
| ੧35. ਜਿਨਿ ਮੋਹੇ ਬ੍ਰਹਮੰਡ ਖੰਡ... | ੧26 | ਮਾਇਆ ਕਿਸ ਨੋ ਆਖੀਐ | ੧27 |
| ੧36. ਪ੍ਰੀਤਿ ਪ੍ਰੀਤਿ ਗੁਰੀਆ... | ੧32 | ਪ੍ਰੀਤਿ ਪ੍ਰੀਤਿ ਗੁਰੀਆ | ੧33 |
| ੧37. ਕਰਮ ਧਰਮ ਪਾਖੰਡ ਜੋ ਦੀਸਹਿ | ੧42 | ਕਰਮ ਧਰਮ ਪਾਖੰਡ ਜੋ ਦੀਸਹਿ | ੧43 |
| ੧38. ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ | ੧5੧ | ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ | ੧52 |
| ੧39. ਜਿਸ ਕੇ ਸਿਰ ਊਪਰਿ ਤੂੰ ਸੁਆਮੀ | ੧60 | ਤੇਰੇ ਸੇਵਕ ਕਉ ਭਉ ਕਿਛੁ ਨਾਹੀ | ੧6੧ |
| ੧40. ਮਾਣਸ ਜਨਮੁ ਦੁਲੰਭੁ... | ੧7੧ | ਮਾਣਸ ਜਨਮੁ ਦੁਲੰਭੁ ਹੈ | ੧72 |
| ੧4੧. ਨਾਮੈ ਹੀ ਤੇ ਸਭੁ ਕਿਛੁ ਹੋਆ | ੧83 | ਗੁਰ ਕਾ ਸਬਦੁ ਮਹਾ ਰਸੁ ਮੀਠਾ | ੧85 |
| ੧42. ਦੁਨੀਆ ਨ ਸਾਲਾਹਿ ਜੋ... | ੧92 | ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ | ੧95 |
| ੧43. ਕੋਈ ਆਣਿ ਮਿਲਾਵੈ... | 2੧0 | ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ | 2੧2 |
| ੧44. ਮਿਥਨ ਮੋਹ ਅਗਨਿ ਸੋਕ ਸਾਗਰ | 22੧ | ਏਤ ਮੋਹਿ ਡੂਬਾ ਸੰਸਾਰੁ | 222 |
| ੧45. ਸਿਮ੍ਰਿਤਿ ਬੇਦ ਪੁਰਾਣ... | 23੧ | ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ | 232 |
| ੧46. ਭਰਿ ਜੋਬਨਿ ਮੈ ਮਤ... | 240 | ਭਰਿ ਜੋਬਨਿ ਮੈ ਮਤ | 242 |
| ੧47. ਜਿਨਿ ਕੀਆ ਤਿਨਿ... | 25੧ | ਕਰਤਾ ਪੁਰਖ ਤੇ ਕਿਰਤ ਕਰਨੀ | 252 |
| ੧48. ਸੁਖ ਸੋਹਿਲੜਾ ਹਰਿ ਧਿਆਵਹੁ | 263 | ਏਹੁ ਸੋਹਿਲਾ ਸਬਦੁ ਸੁਹਾਵਾ | 264 |
| ੧49. ਜੁਗ ਚਾਰੇ ਧਨ ਜੇ ਭਵੈ | 27੧ | ਨਿਹਚਲੁ ਰਾਜੁ ਸਦਾ ਹਰਿ ਕੇਰਾ | 272 |
| ੧50. ਜੇ ਲੋੜਹਿ ਵਰੁ ਬਾਲੜੀਏ | 284 | ਪੁਤ੍ਰਵੰਤੀ ਸੀਲਵੰਤਿ ਸੋਹਾਗਣਿ | 286 |
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~


| | | | | |
|---|---|---|---|---|
| ੧5੧. | ਹਰਿ ਪਹਿਲੜੀ ਲਾਵ | 294 | ਕਬੀਰ ਜਉ ਗ੍ਰਿਹੁ ਕਰਹਿ ਤ ਧਰਮ ਕਰੁ | 296 |
| ੧52. | ਆਵਹੋ ਸੰਤ ਜਨਹੁ ਗੁਣ | 3੧6 | ਆਵਹੋ ਸੰਤ ਪਿਆਰਿਹੁ | 3੧8 |
| ੧53. | ਗੁਰੁ ਸੰਤ ਜਨੋ ਪਿਆਰਾ | 326 | ਹਉ ਮਨੁ ਤਨੁ ਦੇਵਾ ਸਤਿਗੁਰੈ | 327 |
| ੧54. | ਹਰਿ ਚਰਣ ਕਮਲ ਕੀ ਟੇਕ | 334 | ਗੁਰ ਕੇ ਚਰਨ ਜੀਅ ਕਾ ਨਿਸਤਾਰਾ | 335 |
| ੧55. | ਤੂ ਠਾਕੁਰੋ ਬੈਰਾਗਰੋ ਮੈ | 34੧ | ਤੂੰ ਸਾਗਰੋ ਰਤਨਾਗਰੋ | 342 |
| ੧56. | ਸਾਜਨੁ ਪੁਰਖੁ ਸਤਿਗੁਰੁ | 349 | ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ | 350 |
| ੧57. | ਹਰਿ ਜਪੇ ਹਰਿ ਮੰਦਰੁ | 359 | ਹਰਿ ਜਪੈ ਹਰਿ ਮੰਦਰੁ ਸਾਜਿਆ | 360 |
| ੧58. | ਸੰਤਾ ਕੇ ਕਾਰਜਿ ਆਪਿ | 368 | ਧਰਤਿ ਸੁਹਾਵੀ ਤਾਲੁ ਸੁਹਾਵਾ | 369 |
| ੧59. | ਸੂਹਬ ਤਾ ਸੋਹਾਗਣੀ ਜਾ ਮੰਨਿ | 382 | ਸੂਹਬ ਤਾ ਸੋਹਾਗਣੀ | 383 |
| ੧60. | ਜਿਨੀ ਚਲਣੁ ਜਾਣਿਆ ਸੇ | 392 | ਜਿਨੀ ਚਲਣੁ ਜਾਣਿਆ | 393 |
| ੧6੧. | ਦੁਇ ਦੀਵੇ ਚਉਦਹ ਹਟਨਾਲੇ | 40੧ | ਜੇਤੇ ਜੀਅ ਤੇਤੇ ਵਣਜਾਰੇ | 402 |
| ੧62. | ਚੋਰਾ ਜਾਰਾ ਰੰਡੀਆ ਕੁਟਣੀਆ | 4੧0 | ਵੇਦੀਨਾ ਕੀ ਦੋਸਤੀ | 4੧੧ |
| ੧63. | ਕਿਸ ਹੀ ਕੋਈ ਕੋਇ ਮੰਞੁ | 420 | ਕਿਸ ਹੀ ਕੋਈ ਕੋਇ | 42੧ |
| ੧64. | ਜੋ ਦਿਨ ਆਵਹਿ ਸੋ | 432 | ਕਰਨਾ ਕੂਚੁ ਰਹਨੁ ਥਿਰੁ ਨਾਹੀ | 433 |
| ੧65. | ਆਪੇ ਸਬਦੁ ਆਪੇ ਨੀਸਾਨੁ | 439 | ਆਪੇ ਸਬਦੁ ਆਪੇ ਨੀਸਾਨੁ | 440 |
| ੧66. | ਪੂਰਾ ਥਾਟੁ ਬਣਾਇਆ ਪੂਰੈ | 447 | ਸਾਚੇ ਨਾਮ ਕੀ ਵਡਿਆਈ | 448 |
| ੧67. | ਆਵਹੁ ਸੰਤ ਮਿਲਹੁ ਮੇਰੇ | 456 | ਆਵਹੁ ਸੰਤ ਮਿਲਹੁ ਮੇਰੇ ਭਾਈ | 457 |
| ੧68. | ਸਰਬ ਕਲਿਆਣ ਕੀਏ | 466 | ਸੇਵਕੁ ਅਪਨੀ ਲਾਇਓ ਸੇਵ | 467 |
| ੧69. | ਸੁਖ ਨਿਧਾਨ ਪ੍ਰੀਤਮ ਪ੍ਰਭ | 476 | ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ | 477 |
| ੧70. | ਭੂਲੇ ਮਾਰਗ ਜਿਨਹਿ | 485 | ਭੂਲੇ ਮਾਰਗੁ ਜਿਨਹਿ ਬਤਾਇਆ | 486 |
| ੧7੧. | ਮਾਤ ਪਿਤਾ ਸੁਤ ਬੰਧਪ | 496 | ਮਾਤ ਪਿਤਾ ਸੁਤ ਸਾਥ ਨ ਮਾਇਆ | 497 |
| ੧72. | ਸਹਜ ਸਮਾਧਿ ਅਨੰਦ ਸੂਖ | 504 | ਸੂਖ ਸਹਜ ਆਨੰਦਾ | 505 |
| ੧73. | ਪਿੰਗੁਲ ਪਰਬਤ ਪਾਰਿ ਪਰੇ | 5੧3 | ਮਹਿਮਾ ਸਾਧੂ ਸੰਗ ਕੀ | 5੧4 |
| ੧74. | ਪਾਣੀ ਪਖਾ ਪੀਸੁ ਦਾਸ ਕੈ | 525 | ਹਾਥਨ ਤੇ ਕਰਿ ਟਹਿਲ ਕੋ | 526 |
| ੧75. | ਸ੍ਰਵਨੀ ਸੁਨਉ ਹਰਿ ਹਰਿ | 533 | ਸ੍ਰਵਨੀ ਸੁਨਉ ਹਰਿ ਹਰਿ ਹਰੇ | 534 |
| ੧76. | ਇਹੁ ਸਾਗਰੁ ਸੋਈ ਤਰੈ | 54੧ | ਇਹੁ ਸਾਗਰੁ ਸੋਈ ਤਰੈ | 542 |
| ੧77. | ਉਦਮੁ ਕਰਤ ਆਨਦੁ | 550 | ਉਦਮੁ ਕਰਤ ਆਨਦੁ ਭਇਆ | 55੧ |
| ੧78. | ਮਨਿ ਤਨਿ ਪ੍ਰਭੁ ਆਰਾਧੀਐ | 56੧ | ਮਨਿ ਤਨਿ ਪ੍ਰਭੁ ਆਰਾਧੀਐ | 562 |
| ੧79. | ਅਪਣੇ ਬਾਲਕ ਆਪਿ | 57੧ | ਅਪਣੇ ਬਾਲਕ ਆਪਿ ਰਖਿਅਨੁ | 572 |
| ੧80. | ਬਿਨੁ ਹਰਿ ਕਾਮਿ ਨ ਆਵਤ | 58੧ | ਓਹ ਮੋਹਨੀ ਮੋਹਾਵਤ ਹੇ | 582 |
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

| | | | |
|---|---|---|---|
| ੧8੧. ਗੁਰਿ ਪੂਰੈ ਮੇਰੀ ਰਾਖਿ ਲਈ | 592 | ਜਨਮ ਜਨਮ ਕੀ ਮੈਲ ਗਈ | 593 |
| ੧82. ਦੋਵੈ ਥਾਵ ਰਖੇ ਗੁਰ ਸੂਰੇ | 60੧ | ਕਾਰਜ ਹੋਇ ਸਗਲੇ ਪੂਰੇ | 602 |
| ੧83. ਤੁਮ੍ ਸਮਰਥਾ ਕਾਰਨ ਕਰਨ | 6੧੧ | ਢਾਕਨ ਢਾਕਿ ਗੋਬਿਦ ਗੁਰ ਮੇਰੇ | 6੧2 |
| ੧84. ਜੀਵਉ ਨਾਮ ਸੁਨੀ | 6੧9 | ਤਬ ਮੇਰੀ ਆਸ ਪੁਨੀ | 620 |
| ੧85. ਨਿਕਟਿ ਵਸੈ ਦੇਖੈ ਸਭੁ ਸੋਈ | 626 | ਗੁਰਮੁਖਿ ਵਿਰਲਾ ਬੂਝੈ ਕੋਈ | 627 |
| ੧86. ਮਨ ਕਾ ਕਹਿਆ ਮਨਸਾ ਕਰੈ | 640 | ਮਨ ਕਾ ਕਹਿਆ ਮਨਸਾ ਕਰੈ | 64੧ |
| ੧87. ਹਰਿ ਹਰਿ ਨਾਮੁ ਸੀਤਲ ਜਲੁ | 648 | ਸੀਤਲ ਥੀਵੈ ਨਾਨਕਾ ਜਪਦੰੜੋ | 649 |
| ੧88. ਅੰਤਰਿ ਪਿਆਸ ਉਠੀ ਪ੍ਰਭ | 66੧ | ਦਰਸਨ ਪਿਆਸੀ ਦਿਨਸੁ ਰਾਤਿ | 662 |
| ੧89. ਪ੍ਰਭ ਜਨਮ ਮਰਨ ਨਿਵਾਰਿ | 672 | ਪ੍ਰਭ ਜਨਮ ਮਰਨ ਨਿਵਾਰਿ | 674 |
| ੧90. ਏਕਮ ਏਕੰਕਾਰੁ ਨਿਰਾਲਾ | 683 | ਪੰਦ੍ਰਹ ਥਿਤੀ ਤੈ ਸਤ ਵਾਰ | 686 |
| ੧9੧. ਆਦਿਤ ਵਾਰਿ ਆਦਿ ਪੁਰਖੁ | 697 | ਆਦਿਤ ਵਾਰਿ ਆਦਿ ਪੁਰਖੁ ਹੈ ਸੋਈ | 699 |
| ੧92. ਮੈ ਮਨਿ ਚਾਉ ਘਣਾ | 707 | ਮੋਹੀ ਪ੍ਰੇਮ ਪਿਰੇ | 708 |
| ੧93. ਮੰਗਲ ਸਾਜੁ ਭਇਆ | 7੧8 | ਸਹੁ ਵੀਆਹੁਣ ਆਇਆ | 7੧9 |
| ੧94. ਸੁੰਦਰ ਸਾਂਤਿ ਦਇਆਲ ਪ੍ਰਭ | 729 | ਨਾਨਕ ਸੁਖੀ ਹੋਤ ਇਹੁ ਜੀਉ | 730 |
| ੧95. ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ | 736 | ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ | 737 |
| ੧96. ਅੰਦਰਿ ਕਪਟੁ ਸਦਾ ਦੁਖੁ ਹੈ | 743 | ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ | 744 |
| ੧97. ਜਗਤੁ ਜਲੰਦਾ ਰਖਿ ਲੈ | 754 | ਅਗਨ ਕੁੰਡ ਵਿਚਿ ਰਖੀਅਨਿ | 755 |
| ੧98. ਕੋਈ ਵਾਹੈ ਕੋ ਲੁਣੈ | 764 | ਕੋਈ ਵਾਹੈ ਕੋ ਲੁਣੈ | 765 |
| ੧99. ਗ੍ਰਿਹੁ ਤਜਿ ਬਨ ਖੰਡ ਜਾਈਐ | 77੧ | ਗ੍ਰਿਹ ਤਜ ਬਨ ਖੰਡ ਜਾਈਐ | 772 |
| 200. ਸਫਲ ਜਨਮ ਮੋਕਉ ਗੁਰ | 78੧ | ਸਫਲ ਜਨਮ ਮੋਕਉ ਗੁਰ ਕੀਨਾ | 782 |

ਦਸ ਗੁਰੂ ਸਾਹਿਬਾਨ 789

ਆਦਿ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) 798

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਦਮਦਮੀ ਬੀੜ) 802

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ 807

ਗੁਰਬਾਣੀ ਬਿਉਰਾ 8੧3

ਸਹਾਇਤਾ ਸੂਚੀ ਧਾਰਮਿਕ ਗ੍ਰੰਥ 8੧5


★★★

# ਤਤਕਰਾ ਸਾਖੀਆ


| ਸਾਖੀਆ ਲੜੀ ਨੰ: | ਪੋਥੀ ਪੰਨਾ |
|---|---|
| ਸਾਖੀ—ਦੁੱਧ ਰਿੜਕਣ ਦੀ | 40 |
| ਸਾਖੀ—ਮੈਲੇ ਹਛੇ ਕਾ ਵੀਚਾਰੁ | 50 |
| ਸਾਖੀ—ਨੀਲੇ ਬਸਤ੍ਰ ਪਹਿਰਨ ਦੀ | 6੧ |
| ਸਾਖੀ—ਬੇੜਾ ਬੰਨੇ ਲਾਉਣ ਦੀ | 69 |
| ਸਾਖੀ—ਕਿਛੁ ਕੀਚੈ ਜੇ ਕਰਿ ਸਕੀਐ | 78 |
| ਸਾਖੀ—ਦੇਖਉ ਪ੍ਰਿਅ ਜਾਹੀ | 85 |
| ਸਾਖੀ—ਮਾਤਾ ਦਮਦੌਰੀ ਦੇ ਅਕਾਲ... | 97 |
| ਸਾਖੀ—ਇਕੋ ਸਮੇਂ ਇਕੱਠੀਆਂ ਕਈ ਮੌਤਾਂ | 98 |
| ਸਾਖੀ—ਮਾਤਾ ਸਾਹਿਬ ਕੌਰ ਜੀ ਨੂੰ ਦਰਸ਼ਨ | ੧05 |
| ਸਾਖੀ—ਸਾਧੂ ਨੇ ਕਉਡੀ ਵੱਟੇ ਹੀਰਾ... | ੧੧0 |
| ਸਾਖੀ—ਸ੍ਵਾਸਾਂ ਦਾ ਅਲੰਕਾਰ | ੧੧੧ |
| ਸਾਖੀ—ਕਪਲ ਮੁਨੀ ਦੇ ਮੋਹ ਦੀ | ੧੧3 |
| ਸਾਖੀ—ਜੋ ਜੈਸੀ ਸੰਗਤ ਮਿਲੈ | ੧22 |
| ਸਾਖੀ—ਤੋਤੇ ਦੀ | ੧23 |
| ਸਾਖੀ—ਮਾਇਆ ਦਾ ਚਲਿੱਤ੍ਰ | ੧30 |
| ਸਾਖੀ—ਭਾਈ ਸਾਧੂ ਤੇ ਰੂਪ ਚੰਦ | ੧38 |
| ਸਾਖੀ—ਪਖੰਡੀ ਸਾਧੂ ਦੀ | ੧47 |
| ਸਾਖੀ—ਭਾਈ ਬੁੱਧੂ ਤੇ ਲੱਖੂ ਦੀ | ੧56 |
| ਸਾਖੀ—ਸੋ ਦੁਖੁ ਕੈਸਾ ਪਾਵੈ | ੧66 |
| ਸਾਖੀ—ਬਾਬਾ ਬੁੱਢਾ ਜੀ | ੧77 |
| ਸਾਖੀ—ਕੀੜੀ ਦਾ ਅਲੰਕਾਰ | ੧85 |
| ਸਾਖੀ—ਭਗਤ ਫ਼ਰੀਦ ਜੀ ਦੀ | ੧86 |
| ਸਾਖੀ—ਭਾਈ ਲੱਧੇ ਦੇ ਸੱਤਾ ਤੇ... | 2੧4 |
| ਸਾਖੀ—ਮੋਹ ਵਿਚ ਫਸੇ ਬੁੱਢੇ ਦੀ | 226 |
| ਸਾਖੀ—ਪਿਉ ਪੁੱਤਰ ਦੇ ਝਗੜੇ ਦੀ | 228 |
| ਸਾਖੀ—ਸਭਿ ਊਪਰ ਨਾਮੁ | 235 |
| ਸਾਖੀ—ਟੋਕਰੀ ਥੱਲੇ ਬਿੱਲੀ ਬੰਦ... | 243 |
| ਸਾਖੀ—ਬੀਬੀ ਵੀਰੋ ਜੀ ਦਾ ਸ਼ੁੱਭ ਅਨੰਦ | 244 |
| ਸਾਖੀ—ਗੁਰੂ ਨਾਨਕ ਦੇਵ ਜੀ ਨੇ... | 259 |
| ਸਾਖੀ—ਅਯਾਲੀ ਸਿੱਖ ਦੇ ਸੋਹਿਲਾ... | 266 |
| ਸਾਖੀ—ਮਹਾਰਾਜਾ ਰਣਜੀਤ ਸਿੰਘ ਜੀ | 273 |
| ਸਾਖੀ—ਪਤੀ ਦੀ ਆਗਿਆਕਾਰਣ | 290 |
| ਸਾਖੀ—ਬੱਚੇ ਬੱਚੀ ਨੂੰ ਸ਼ੁੱਭ ਸਿੱਖਿਆ | 309 |
| ਸਾਖੀ—ਦਾਜ ਬਾਰੇ ਬੀਬੀ ਖੜਗ... | 3੧4 |
| ਸਾਖੀ—ਇਕ ਜੱਟ ਦੇ ਸਿਮਰਨ ਦੀ | 32੧ |
| ਸਾਖੀ—ਰਾਜੇ ਜਨਕ ਨੂੰ ਗਿਆਨ ਦੇਣ ਦੀ | 329 |
| ਸਾਖੀ—ਭਾਈ ਗੋਂਦੇ ਸਿੱਖ ਦੀ | 336 |
| ਸਾਖੀ—ਔਰੰਗਜ਼ੇਬ ਤੇ ਤਾਨੇਸ਼ਾਹ ਦੇ... | 345 |
| ਸਾਖੀ—ਪੂਰਨ ਗੁਰੂ ਦੀ | 353 |
| ਸਾਖੀ—ਸਰੀਰ ਮੰਦਰ ਹਰੀ ਦਾ ਘਰ ਹੈ | 362 |
| ਸਾਖੀ—ਅੰਮ੍ਰਿਤਸਰ ਸਰੋਵਰ ਦੀ... | 37੧ |
| ਸਾਖੀ—ਪਹਿਲਾ ਪ੍ਰਕਾਸ਼ ਤੇ... | 375 |
| ਸਾਖੀ—ਨੌਸ਼ਹਿਰੇ ਵਾਲੇ ਸਾਹੁ ਸੁਹਾਗਣ | 388 |
| ਸਾਖੀ—ਨੂਰ ਸ਼ਾਹ ਜਾਦੂਗਰਨੀ ਦੀ | 389 |
| ਅਲੰਕਾਰ—ਆਵ ਘਟੈ ਤਨ ਛੀਜੈ | 396 |
| ਸਾਖੀ—ਕਾਰੂੰ ਬਾਦਸ਼ਾਹ ਦੀ | 397 |
| ਸਾਖੀ—ਸੂਰਜ ਤੇ ਹਨੇਰੇ ਦੀ | 403 |
| ਸਾਖੀ—ਰਤਨ ਦੀ ਦਰਸ਼ਨੀ ਭੇਟਾ | 405 |
| ਸਾਖੀ—ਦੁਨੀ ਚੰਦ ਸ਼ਾਹੂਕਾਰ ਦੀ | 407 |
| ਸਾਖੀ—ਕਲਿਜੁਗ ਦੇ ਲੱਛਣ | 4੧2 |

| ਸਾਖੀਆ ਲੜੀ ਨੰ: | ਪੋਥੀ ਪੰਨਾ |
|---|---|
| ਸਾਖੀ—ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਸੰਗ ਦਾ ਫਲ | 4੧4 |
| ਸਾਖੀ—ਮਿਲਨੇ ਕੀ ਅਭਿਲਾਖਾ ਐਸੇ | 424 |
| ਸਾਖੀ—ਸਵਾਮੀ ਨਿਤਿਅਨੰਦ ਦਾ... | 436 |
| ਅਲੰਕਾਰ—ਛਿਨੁ ਛਿਨੁ ਅਉਧ ਬਿਹਾਤ... | 436 |
| ਸਾਖੀ—ਅਬ ਆਪ ਕੋ ਨਹੀਂ ਭੁਲੇਗਾ | 442 |
| ਸਾਖੀ—ਔਕੜ ਵੇਲੇ ਨਾਮ ਸਹਾਈ... | 452 |
| ਸਾਖੀ—ਭਾਈ ਵੀਰ ਸਿੰਘ ਜੀ ਨੂੰ... | 46੧ |
| ਸਾਖੀ—ਸੇਵਕ ਕਉ ਸੇਵਾ ਬਨਿ ਆਈ | 470 |
| ਸਾਖੀ—ਪਰਮੇਸਰ ਤੇ ਭੁਲਿਆਂ... | 480 |
| ਸਾਖੀ—ਭਾਈ ਮੰਞ ਦੀ | 49੧ |
| ਸਾਖੀ—ਨਾਨਕ ਹੋਆ ਪਾਰਬ੍ਰਹਮ... | 500 |
| ਸਾਖੀ—ਸਹਜ ਸਮਾਧਿ ਨਿਜ ਆਸਨ | 509 |
| ਸਾਖੀ—ਗੋਰਖ ਦੇ ਗੁਰੂ ਦੀ | 5੧0 |
| ਸਾਖੀ—ਛੱਜੂ ਝੀਵਰ ਦੀ | 520 |
| ਸਾਖੀ—ਭਾਈ ਬਚਿੱਤ੍ਰ ਸਿੰਘ ਦੀ | 52੧ |
| ਸਾਖੀ—ਗੁਰੂ ਜੀ ਲਈ ਦਹੀਂ... | 530 |
| ਸਾਖੀ—ਸ਼ੇਰੇ-ਪੰਜਾਬ ਦੇ ਦਰਿਆ... | 538 |
| ਸਾਖੀ—ਭਾਈ ਗੁਰਦਾਸ ਜੀ ਦੀ | 546 |
| ਸਾਖੀ—ਨਾਮ ਆਸਰੇ ਹੋਵਹੁ ਪਾਰ | 547 |
| ਸਾਖੀ—ਇਕ ਆਲਸੀ ਮਨੁੱਖ ਦੀ | 558 |
| ਸਾਖੀ—ਸਿਮਰਨ ਕਰਨ ਦੀ | 566 |
| ਸਾਖੀ—ਨਿਕਟ ਨ ਜਾਈਅਹੁ ਦੂਤ | 568 |
| ਸਾਖੀ—ਪ੍ਰਭਿ ਬਾਲਕ ਰਾਖੇ ਆਪੇ | 576 |
| ਸਾਖੀ—ਜਿਨਿ ਬ੍ਰਹਮਾ ਬਿਸਨ... | 586 |
| ਸਾਖੀ—ਪੰਛੀਆਂ ਦੇ ਜਾਲ ਵਿਚ... | 589 |
| ਸਾਖੀ—ਬ੍ਰਾਹਮਣ ਦੁਆਰਾ ਜੱਟ ਨੂੰ... | 598 |
| ਸਾਖੀ—ਕਾਮਧੇਨ ਗਊ ਦੀ | 603 |
| ਸਾਖੀ—ਚਿੰਤਾਮਣੀ ਦੀ | 604 |
| ਸਾਖੀ—ਭਗਤ ਧੰਨਾ ਜੀ | 606 |
| ਸਾਖੀ—ਕਪੜ ਕੋਟੁ ਉਸਾਰਿਓਨ | 6੧4 |
| ਸਾਖੀ—ਅਬ ਮੇਰੀ ਤੁਮ ਲਾਜ ਰਖੀਜੈ | 6੧5 |
| ਸਾਖੀ—ਮਾਤਾ ਸੁਲੱਖਣੀ ਜੀ | 623 |
| ਸਾਖੀ—ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ | 63੧ |
| ਸਾਖੀ—ਫੁਰਨਿਆਂ ਦਾ ਪਰਿਵਾਰ | 644 |
| ਸਾਖੀ—ਸ਼ਹੀਦੀ ਸ੍ਰੀ ਗੁਰੂ ਅਰਜਨ... | 65੧ |
| ਸਾਖੀ—ਸੱਚੇ ਪ੍ਰੇਮੀ ਦੀ | 667 |
| ਸਾਖੀ—ਭਾਈ ਮੂਲੇ ਤੇ ਹਮਜ਼ਾ ਗੌਸ ਦੀ | 677 |
| ਸਾਖੀ—ਭਗਤ ਸੈਣਿ ਜੀ ਦੀ | 7੧3 |
| ਸਾਖੀ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਹਿਲਾ ਵਿਆਹ | 723 |
| ਸਾਖੀ—ਸੁਖ ਸਾਗਰ ਪ੍ਰਭ ਭੇਟਿਐ | 732 |
| ਸਾਖੀ—ਮੁਸਲਮਾਣੀ ਤੋਂ ਬ੍ਰਾਹਮਣੀ... | 738 |
| ਸਾਖੀ—ਪਟਨਾ ਸਾਹਿਬ ਦਾ ਬ੍ਰਾਹਮਣ | 740 |
| ਸਾਖੀ—ਵਢੀ ਲੈ ਕੇ ਹਕੁ ਗਵਾਏ | 748 |
| ਸਾਖੀ—ਜੇ ਕੋ ਪੁਛੈ ਤਾ ਪੜਿ ਸੁਣਾਏ | 749 |
| ਸਾਖੀ—ਸ਼ਰਾਬੀ ਚੌਧਰੀ ਦੀ | 750 |
| ਸਾਖੀ—ਦੀਪਾਲਪੁਰ ਦਾ ਕੁਸ਼ਟੀ | 758 |
| ਸਾਖੀ—ਰੋਗ ਮਿਟੈ ਹਰਿ ਅਵਖਧੁ ਲਾਇ | 759 |
| ਸਾਖੀ—ਕਰਤਾਰਪੁਰ ਖੇਤੀ ਕਰਨ ਦੀ | 767 |
| ਸਾਖੀ—ਸੁਣਿ ਮਾਛਿੰਦ੍ਰਾ ਨਾਨਕੁ ਬੋਲੈ | 776 |
| ਸਾਖੀ—ਮਾਨਸ ਜਨਮੁ ਅਮੋਲਕੁ ਪਾਇਓ | 785 |


☆☆☆

# ਮੁੱਖ ਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦੇ ਇਤਿਹਾਸ ਅੰਦਰ, ਸਮੁੱਚੀ ਲੋਕਾਈ ਦੀ ਕਲਿਆਣਕਾਰੀ ਵਾਸਤੇ ਰੱਬੀ ਅਨੁਭਵ ਰਹੱਸਵਾਦੀ ਅਤੇ ਸ੍ਰੇਸ਼ਟਾਚਾਰੀ ਪਵਿੱਤ੍ਰ ਸਿੱਖਿਆਵਾਂ ਦਾ ਸ਼ਬਦ-ਗੁਰੂ ਸ਼ਬਦ-ਸਾਗਰ ਹੈ, ਜਿਸ ਅੰਦਰ ਗੁਰੂ ਸਾਹਿਬਾਨਾਂ, ਭਗਤਾਂ, ਭੱਟਾਂ, ਗੁਰਸਿੱਖਾਂ ਰਾਹੀਂ ਵਿਸਮਾਦੀ ਤੇ ਅਨੁਭਵੀ, ਤਤਵੇਤੇ, ਬ੍ਰਹਮਵੇਤਿਆਂ ਵਾਲਾ ਅਨੁਭਵੀ ਬ੍ਰਹਮ ਗਿਆਨ ਹੈ। ''ਰਾਜ ਮੈ ਰਾਜੁ, ਜੋਗ ਮੈ ਜੋਗੀ'' ਦੇ ਸਿਧਾਂਤ ਅਨੁਸਾਰ ਰਾਜ ਜੋਗੀਆਂ ਵਾਲਾ, ਭਗਤ-ਜੋਗ ਦਾ ਸ਼ਾਂਤ ਅਡੋਲ ਧਿਆਨ ਹੈ। ''ਹਰਿ ਰਸੁ ਚੋਗ ਚੁਗਹਿ ਪ੍ਰਭਿ ਭਾਵੈ॥ '' ਦੇ ਅਧਿਕਾਰੀ ਸੰਤ ਜਨ ਪਰਮ ਹੰਸਾਂ ਲਈ ਨਾਮ ਰੂਪੀ ਮੋਤੀਆਂ ਦਾ ਅਥਾਹ ਸਾਗਰ ਹੈ। ਗੁਰੂ ਨਾਨਕ ਦੇਵ ਜੀ ਆਦਿ ਛੇ ਸਰੂਪਾਂ ਵਿਚ ਤੇ ਭਗਤਾਂ, ਭੱਟਾਂ, ਗੁਰਸਿੱਖਾਂ ਦੁਅਰਾ ਗੁਰੂ ਜੀ ਨੇ ਰੂਪ ਬਦਲ ਕੇ ਕਿਰਪਾ ਕਰਕੇ ਉਪਦੇਸ਼ ਰੂਪੀ ਵਰਖਾ ਦੁਆਰਾ ਗੁਰਬਾਣੀ ਰੂਪੀ ਅੰਮ੍ਰਿਤ ਬੂੰਦ ਬਖ਼ਸ਼ ਕੇ ਜਗਤ ਰੂਪ ਪਾਪੀਹੇ ਨੂੰ ਨਿਹਾਲ ਕਰ ਦਿੱਤਾ।

**ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥**
**ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥**

(ਅੰਗ ੧285)

**ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ॥** (ਅੰਗ ੧283)

ਗੁਰੂ ਸਾਹਿਬ ਜੀ ਜਿਸ ਵੇਲੇ ਜਗਤ-ਜੀਆਂ ਦੀ ਕਲਿਆਣਕਾਰੀ ਵਾਸਤੇ ਪਾਵਣ ਗੁਰਬਾਣੀ ਦਾ ਉਚਾਰਨ ਕਰਦੇ ਸਨ, ਗੁਰ-ਇਤਿਹਾਸ ਨੇ ਉਨ੍ਹਾਂ ਪ੍ਰਸੰਗਾਂ ਨੂੰ ਇਸ ਪ੍ਰਕਾਰ ਕਥਨ ਕੀਤਾ ਹੈ :

**ਇਸ ਬਿਧਿ ਕਹਿ ਕਰਕੈ ਅਨੁਰਾਗਾ॥ ਉਚਰਯੋ ਸ਼ਬਦ ਗਾਇ ਮੁਖ ਰਾਗਾ॥**

(ਨਾਨਕ ਪ੍ਰਕਾਸ਼ ਉਤਰਾਧ, ਅਧਿਆਏ 3)

ਗੁਰੂ ਅਰਜਨ ਦੇਵ ਜੀ ਨੇ ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੰਮਤ ਬਿਕ੍ਰਮੀ ੧੬੬੧ ਭਾਦਰੋਂ ਸੁਦੀ ਏਕਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਸੀ, ਉਸ ਵੇਲੇ ਸ੍ਰੀ ਮੁਖਵਾਕ ਆਇਆ ਸੀ :

ਸੂਹੀ ਮਹਲਾ 5 ॥

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ੧॥**

(ਅੰਗ 783)

**ਆਪ ਚੌਰ ਸ੍ਰੀ ਗੁਰ ਕਰਤ, ਬੁੱਢੇ ਲਈ ਅਵਾਜ॥**
**ਏਕ ਚਿਤ ਸੰਗਤਿ ਸੁਨੈ, ਸਭਿ ਮਨਿ ਸਾਂਤਿ ਬਿਰਾਜ॥**

(ਗੁਰ ਬਿਲਾਸ ਪਾਤਸ਼ਾਹੀ 6, ਅਧਿਆਇ 5)

**ਬੁਢਾ ਸਾਹਿਬ ਖੋਲਹੁ ਗ੍ਰੰਥ॥**
**ਲੇਹੁ ਆਵਾਜ ਸੁਨਹਿ ਸਭ ਪੰਥ॥**
**ਅਦਬ ਸੰਗ ਤਬਿ ਗ੍ਰੰਥ ਸੋ ਖੋਲ੍ਹਾ॥**
**ਲੈ ਆਵਾਜ ਬੁੱਢਾ ਮੁਖ ਬੋਲਾ॥**

ਹੁਕਮਨਾਮਾ ਲੈਣ ਦੀ ਮਰਯਾਦਾ ਸਭ ਤੋਂ ਪਹਿਲੀ ਇਥੋਂ ਸ਼ੁਰੂ ਹੋਈ ਹੈ। ਸਿੱਖ ਜਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਹਰ ਥਾਂ ਮੁਖਵਾਕ ਲੈਣ ਦੀ ਮਰਯਾਦਾ ਕਾਇਮ ਹੈ। ਉਥੇ ਖ਼ੁਸ਼ੀ, ਗ਼ਮੀ ਅਤੇ ਕਾਰਜ ਦੇ ਆਰੰਭ ਤੇ ਸਮਾਪਤੀ ਸਮੇਂ ਵੀ ਹੁਕਮਨਾਮਾ ਲਿਆ ਜਾਂਦਾ ਹੈ। ਖ਼ਾਲਸਾ ਪੰਥ ਦਾ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਪੂਰਨ ਭਰੋਸਾ ਹੈ। ਹਰ ਕਠਨ ਤੋਂ ਕਠਨ ਸਮੇਂ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਕੇ ਹੁਕਮਨਾਮਾ ਲਿਆ ਕਰਦੇ ਸਨ, ਜਿਸ ਦਾ ਜ਼ਿਕਰ ਭਾਈ ਰਤਨ ਸਿੰਘ ਜੀ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਅੰਦਰ ਇਸ ਤਰ੍ਹਾਂ ਕੀਤਾ ਹੈ :

**ਤੂ ਗੁਰੂ ਗ੍ਰੰਥ, ਸੱਚੀ ਹੈ ਦੇਹ॥ ਸਿਖ ਸੰਗਤ ਕੋ ਸਚ ਵਾਕ ਦੇਹ॥....**
**ਦੀਜੈ ਵਾਕ, ਜੁ ਕਰਨੋ ਹੋਈ॥ ਤੂੰ ਸਤਿਗੁਰ, ਹਮ ਹੈ ਸਿਖ ਸੋਈ॥....**

(ਪ੍ਰਾਚੀਨ ਪੰਥ ਪ੍ਰਕਾਸ਼)

ਇਸ ਸਮੇਂ ਸਿੱਖ ਜਗਤ ਵਿਚ ਚਲੀ ਆ ਰਹੀ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਜਾਂ ਕਿਸੇ ਸਮਾਗਮ ਸਮੇਂ ਲਏ ਜਾ ਰਹੇ ਹੁਕਮਨਾਮੇ ਨੂੰ ਸ੍ਰੀ ਮੁਖਵਾਕ, ਗੁਰ-ਵਾਕ, ਮਹਾਂਵਾਕ ਅਤੇ ਹੁਕਮਨਾਮਾ ਆਦਿ ਨਾਮ ਨਾਲ ਸਤਿਕਾਰ ਸਹਿਤ ਗੁਰਸਿੱਖ ਸੰਗਤਾਂ ਵਿਚ ਯਾਦ ਕੀਤਾ ਜਾਂਦਾ ਹੈ।

ਗੁਰਬਾਣੀ ਦੀ ਵਿਆਖਿਆ ਤੇ ਅਰਥਾਂ ਨੂੰ ਵਿਚਾਰਨਾ ਅਤੇ ਕਥਾ ਕਰਕੇ ਸੰਗਤ ਨੂੰ ਸੁਨਾਵਣੀ। ਗੁਰ-ਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਾਰੇ ਗੁਰੂ ਸਾਹਿਬ, ਸ੍ਰੀ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਆਦਿ ਸਭੇ ਗੁਰੂ ਸਾਹਿਬ ਜੀ ਆਪ ਸ਼ਬਦ ਦੀ ਵੀਚਾਰ ਕਰਿਆ ਕਰਦੇ ਸਨ ਅਤੇ ਗੁਰਸਿੱਖਾਂ ਪਾਸੋਂ ਹੁਕਮ ਕਰਕੇ ਕਰਾਇਆ ਕਰਦੇ ਸਨ।

**ਇਕ ਦਿਨ ਸੰਗਤ ਕੇਰ ਮਝਾਰਾ॥ ਬੈਠੇ ਪ੍ਰਭ ਹ੍ਵੈ ਸ਼ਬਦ ਵਿਚਾਰਾ॥ 49॥**
**ਸ਼ਬਦ ਵਿਚਾਰੁ ਸੁਨਯੋ ਜਬ ਦੋਈ॥ ਰਿਦੇ ਸਾਂਤ ਪ੍ਰਾਪਤ ਤਬ ਹੋਈ॥**

(ਨਾਨਕ ਪ੍ਰਕਾਸ਼ ਉਤਰਾਰਧ, ਧਿ: 42)

**ਜਪੁ ਜੀ ਅਰਥ ਬਿਚਾਰਨ ਕਰੋ॥ ਸ੍ਵਾਸ ਸ੍ਵਾਸ ਅੰਤਰ ਨਿਤਿ ਧਰੋ॥ 24॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੧)

(ਅਥਵਾ)

**ਕਰਯੋ ਬਚਨ ਪਠਿ ਸਤਿਗੁਰ ਬਾਨੀ॥ ਕੀਜਹਿ ਕਥਾ ਪ੍ਰੇਮ ਕੌ ਠਾਨੀ॥ 42॥**
**ਸਤਿ ਸੰਗਤਿ ਮਹਿ ਕਰਿਹੁ ਸੁਨਾਵਨਿ॥ ਗੁਰਮਤਿ ਸਿਖਨ ਕੌ ਸਿਖਰਾਵਨਿ॥**

ਇਨ੍ਹਾਂ ਇਤਿਹਾਸਕ ਬਚਨਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਸਾਹਿਬ ਜੀ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥ ਤੇ ਵਿਆਖਿਆ ਕਰਕੇ ਸਰਵਣ ਕਰਾਉਣ ਦਾ ਹੁਕਮ ਕਰਿਆ ਕਰਦੇ ਸਨ ਅਤੇ ਇਹ ਲਿਖਤੀ ਰੂਪ ਵਿਚ ਸੇਵਾ ਕਰਨ ਦਾ ਹੁਕਮ ਕਰਿਆ ਕਰਦੇ ਸਨ।

**ਪੋਥੀ ਲਿਖਹੁ ਸੁਫਲ ਗੁਰਬਾਨੀ॥ ਗੁਰੂ ਨਮਿਤ ਦੀ ਜਹਿ ਸਿਖ ਜਾਨੀ॥**

ਦਸਮ ਸਰੂਪ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ (ਬਠਿੰਡਾ) ਵਿਖੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾਇਆ ਤੇ ਨਾਲ ਸਾਰੀ ਗੁਰਬਾਣੀ ਦੇ ਅਰਥ 48 ਸਿੰਘਾਂ ਨੂੰ ਪੜ੍ਹਾਏ ਸਨ। ਇਨ੍ਹਾਂ ਅਰਥ ਪੜ੍ਹਨ ਵਾਲੇ ਸਿੰਘਾਂ ਵਿਚੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਅਗੋਂ ਸਿੰਘਾਂ ਨੂੰ ਅਰਥ ਪੜ੍ਹਾ ਕੇ ਅਰਥਾਂ ਦੀ ਸੰਪ੍ਰਦਾਈ ਟਕਸਾਲ ਚਲਾਈ। ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਦਮਦਮੀ ਟਕਸਾਲ ਚਲੀ, ਜਿਸ ਟਕਸਾਲ ਵਿਚ ਕਰਨੀ ਕਥਨੀ ਦੇ ਪੂਰੇ ਪੂਰਨ ਬ੍ਰਹਮ ਗਿਆਨੀ ਕਿੰਨੇ ਹੀ ਮਹਾਂ ਪੁਰਖ ਹੋਏ ਹਨ। ਇਸ ਦਮਦਮੀ ਟਕਸਾਲ ਵਿਚ ਵਿਦਿਆ ਪੜ੍ਹ ਕੇ ਅੱਜ ਵੀ ਇਸ ਟਕਸਾਲ ਦੇ ਕਿੰਨੇ ਹੀ ਵਿਦਿਆਰਥੀ ਬਹੁਤ ਸਤਿਕਾਰ ਯੋਗ ਪਦਵੀਆਂ 'ਤੇ ਸੁਭਾਇਮਾਨ ਹਨ। ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਵੀ ਇਸ ਟਕਸਾਲ ਦੇ ਵਿਦਿਆਰਥੀ ਹਨ। ਇਨ੍ਹਾਂ ਨੇ ਇਕ ਦਰਜਨ ਪੁਸਤਕਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਲਿਖੀਆਂ ਹਨ ਜੋ ਉਪਲਬਧ ਹਨ। ਹੱਥਲੀ ਪੁਸਤਕ ਸ੍ਰੀ ਮੁਖਵਾਕ ਪ੍ਰਕਾਸ਼ (ਭਾਗ ਤੀਜਾ) ਹੈ। ਇਸ ਤੋਂ ਪਹਿਲਾਂ ਸ੍ਰੀ ਮੁਖਵਾਕ ਪ੍ਰਕਾਸ਼ ਭਾਗ ਪਹਿਲਾ ਗੂਜਰੀ ਰਾਗੁ ਤੋਂ ਲੈ ਕੇ ਵਡਹੰਸ ਰਾਗੁ ਤੱਕ ਹੈ। ਮੁਖਵਾਕ ਪ੍ਰਕਾਸ਼ ਭਾਗ ਦੂਜਾ ਸੋਰਠਿ ਰਾਗੁ ਤੋਂ ਲੈ ਕੇ ਤਿਲੰਗ ਰਾਗੁ ਤੱਕ ਹੈ। ਇਹ ਮੁਖਵਾਕ ਪ੍ਰਕਾਸ਼ ਭਾਗ ਤੀਜਾ ਸੂਹੀ ਰਾਗੁ ਤੋਂ ਲੈ ਕੇ ਬਿਲਾਵਲੁ ਰਾਗੁ ਸੰਪੂਰਨ ਤੱਕ ਹੈ। ਇਥੋਂ ਤੱਕ ਟੋਟਲ 200 ਹੁਕਮਨਾਮੇ ਤਿੰਨਾਂ ਭਾਗਾਂ ਵਿਚ ਆ ਚੁੱਕੇ ਹਨ। ਇਹ ਸਾਰੀ ਦੋ ਸੌ ਹੁਕਮਨਾਮਿਆਂ ਦੀ ਕਥਾ ਬਹੁਤ ਸੁੰਦਰ ਢੰਗ ਨਾਲ ਲਿਖੀ ਗਈ ਹੈ। ਸ਼ਬਦ ਦੀ ਪਹਿਲੀ ਪੰਗਤੀ ਨੂੰ ਆਧਾਰ ਬਣਾ ਕੇ ਬਹੁਤ ਵਿਸਥਾਰ ਕੀਤਾ ਗਿਆ ਹੈ। ਪਦ ਅਰਥ ਤੇ ਅਰਥ, ਵਿਆਖਿਆ ਤੇ ਸਾਰੰਸ਼ ਲਿਖ ਕੇ ਇਸ ਢੰਗ ਨਾਲ ਹਰ ਇਕ ਸ਼ਬਦ ਨੂੰ ਸੰਪੂਰਨ ਕੀਤਾ ਗਿਆ ਹੈ।

ਗੁਰਬਾਣੀ ਦੇ ਅਰਥ, ਹੁਕਨਾਮਿਆਂ ਦੀ ਵਿਆਖਿਆ ਹੋਰ ਵੀ ਕਈ ਵਿਦਵਾਨਾਂ ਨੇ ਕੀਤੀ ਹੈ, ਪਰ ਕਈ ਇਕ ਲੇਖਕਾਂ ਨੇ ਉਥਾਨਕਾ ਤੇ ਵਿਆਖਿਆ ਕਰਨ ਸਮੇਂ ਗੁਰਇਤਿਹਾਸ ਤੇ ਗੁਰਬਾਣੀ ਦੇ ਸਿਧਾਂਤ ਤੋਂ ਲਾਂਭੇ ਜਾ ਕੇ ਆਪਣੀ ਮਨ-ਮਰਜ਼ੀ ਨਾਲ ਵਿਆਖਿਆ ਕਰ ਦਿੱਤੀ ਹੈ ਜੋ ਗੁਰ-ਸ਼ਬਦ ਦੀ ਕਸਵੱਟੀ ਉੱਪਰ ਪੂਰੀ ਨਹੀਂ ਉਤਰਦੀ। ਇਸ ਲਈ ਲੇਖਕਾਂ ਨੂੰ ਲਿਖਣ ਲੱਗਿਆਂ ਧਿਆਨ ਰੱਖਣਾ ਜ਼ਰੂਰੀ ਹੈ ਕਿ ਉਹ ਐਸਾ ਕੁਝ ਲਿਖਣ ਜਿਸ ਨੂੰ ਪੜ੍ਹ ਸੁਣ ਕੇ ਮਨ ਵਿਚ ਸ਼ਰਧਾ ਪੈਦਾ ਹੋਵੇ।

ਸਿੰਘ ਸਾਹਿਬ ਜੀ ਦੀ ਲਿਖਤ ਨੂੰ ਪੜ੍ਹਿਆਂ ਜਿਥੇ ਇਨ੍ਹਾਂ ਦੀ ਗੁਰੂ ਸਾਹਿਬਾਨਾਂ ਪ੍ਰਤੀ ਅਥਾਹ ਸ਼ਰਧਾ ਪ੍ਰਗਟ ਹੁੰਦੀ ਹੈ, ਉਥੇ ਪੜ੍ਹਨ ਵਾਲੇ ਦੇ ਮਨ ਵਿਚ ਸ਼ਰਧਾ ਭਾਵਨਾ ਵੀ ਪੈਦਾ ਹੋ ਆਉਂਦੀ ਹੈ। ਏਸ ਗ੍ਰੰਥ ਤੋਂ ਵਿਦਵਾਨ, ਕਥਾਵਾਚਕ, ਵਿਦਿਆਰਥੀ ਅਤੇ ਟਕਸਾਲ ਦੇ ਸਮੂੰਹ ਵਿਦਿਆਰਥੀ ਲਾਭ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਣ। ਦਾਸ ਦਮਦਮੀ ਟਕਸਾਲ ਅਤੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਵਲੋਂ ਏਸ ਕਾਰਜ ਦੀ ਸਮੂੰਹ ਸੰਗਤਾਂ ਅਤੇ ਜੱਥੇ ਦੇ ਸਿੰਘਾਂ ਨੂੰ ਵਧਾਈ ਦੇਂਦਾ ਹੈ।

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਾਵਨ ਚਰਨਾਂ ਵਿਚ ਜੋਦੜੀ ਹੈ ਕਿ ਸਿੰਘ ਸਾਹਿਬ ਗਿ: ਮੱਲ ਸਿੰਘ ਜੀ ਨੂੰ ਸਤਿਗੁਰੂ ਆਪਣੇ ਦਰ ਘਰ ਦੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਤੇ ਖ਼ਾਲਸਾ ਪੰਥ ਦੀ ਨਿਗਰ ਸੇਵਾ ਦਾ ਬਲ ਬਖ਼ਸ਼ਿਸ਼ ਕਰਨ, ਭੁੱਲ ਚੁੱਕ ਖਿਮਾ ਕਰਨੀ ਜੀ।

ਗੁਰੂ ਪੰਥ ਦਾ ਦਾਸ :

ਹਰਨਾਮ ਸਿੰਘ ਖ਼ਾਲਸਾ,

ਮੁੱਖੀ ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ

ਅਤੇ ਚੇਅਰਮੈਨ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਦੋ ਸ਼ਬਦ

ਸਿੱਖ ਧਰਮ ਅੰਦਰ ਗੁਰਬਾਣੀ ਨੂੰ ਗੁਰੂ ਕਹਿ ਕੇ ਮਾਣ ਬਖ਼ਸ਼ਿਆ ਗਿਆ ਹੈ। ਉਸ ਗੁਰਬਾਣੀ ਨੂੰ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਦੇ ਕੇ ਜਦੋਂ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਇਆ ਤਾਂ ਬਾਬਾ ਬੁੱਢਾ ਸਾਹਿਬ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਹੁਕਮਨਾਮਾ ਲੈਣ ਵਾਸਤੇ ਆਖਿਆ :

**'ਬੁਢਾ ਸਾਹਿਬ ਖੋਲੋ ਗ੍ਰੰਥ। ਲੇਹੁ ਅਵਾਜ ਸੁਣੈ ਸਭ ਪੰਥ।**
**ਅਦਬ ਸੰਗ ਤਬ ਗ੍ਰੰਥ ਸੋ ਖੋਲਾ। ਲੇ ਅਵਾਜ ਬੁਢਾ ਮੁੱਖ ਬੋਲਾ।**

ਸੂਹੀ ਮਹਲਾ 5 ॥
**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**

(ਅੰਗ 783)

ਇਹ ਹੁਕਮਨਾਮਾ ਪਹਿਲੇ ਪ੍ਰਕਾਸ਼ ਵੇਲੇ ਆਇਆ। ਉਸ ਦਿਨ ਤੋਂ ਹਰ ਰੋਜ਼ ਹਰਿਮੰਦਰ ਸਾਹਿਬ ਅੰਦਰ ਹੁਕਮਨਾਮਾ ਲਿਆ ਜਾਂਦਾ ਹੈ ਅਤੇ ਸਿੱਖ ਸੰਗਤਾਂ ਹੁਕਮਨਾਮਾ ਸੁਣ ਕੇ ਨਿਹਾਲ ਹੁੰਦੀਆਂ ਹਨ। ਬੜੀ ਖ਼ੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਹੁਕਮਨਾਮਿਆਂ ਦੀ ਵਿਆਖਿਆ ਭਾਗ ਪਹਿਲਾ ਅਤੇ ਭਾਗ ਦੂਜਾ ਛਪ ਚੁੱਕਾ ਹੈ ਅਤੇ ਹੁਣ ਭਾਗ ਤੀਜਾ ਹੁਕਮਨਾਮਿਆਂ ਦੀ ਵਿਆਖਿਆ ਛਪ ਕੇ ਜੋ ਸਿੱਖ ਸੰਗਤਾਂ ਦੀ ਸੇਵਾ ਵਿਚ ਆ ਰਿਹਾ ਹੈ, ਉਸ ਦੀ ਦਾਸ ਭਰਪੂਰ ਪ੍ਰਸ਼ੰਸਾ ਕਰਦਾ ਹੈ ਅਤੇ ਸਿੰਘ ਸਾਹਿਬ ਗਿ: ਮੱਲ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ, ਜੋ ਬੜੇ ਨਿਮਰਤਾ ਵਾਲੇ ਪ੍ਰਸਿੱਧ ਵਿਆਖਿਆਕਾਰ ਅਤੇ ਗੁਰਮਤਿ ਦੇ ਧਾਰਨੀ ਹਨ ਅਤੇ ਸਿੱਖ ਪੰਥ ਦੀ ਸੇਵਾ ਕਰ ਰਹੇ ਹਨ, ਉਹਨਾਂ ਲਈ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਇਨ੍ਹਾਂ ਨੂੰ ਇਹੋ ਜਿਹੇ ਉਪਰਾਲੇ ਬਖ਼ਸ਼ਦੇ ਰਹਿਣ ਤਾਂ ਜੋ ਸਿੱਖ ਸੰਗਤਾਂ ਇਨ੍ਹਾਂ ਤੋਂ ਭਰਪੂਰ ਜਾਣਕਾਰੀ ਹਾਸਲ ਕਰਦੀਆਂ ਰਹਿਣ।

ਜਸਵਿੰਦਰ ਸਿੰਘ

੧5-9-੧੧ ਮੁੱਖ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ।

# ਦੋ ਸ਼ਬਦ

ਸਮੂਹ ਗੁਰਬਾਣੀ ਪ੍ਰੇਮੀਆਂ, ਕਥਾ-ਵਾਚਕਾਂ, ਪ੍ਰਚਾਰਕਾਂ ਨੂੰ ਅਤਿਅੰਤ ਹੀ ਪ੍ਰਸੰਨਤਾ ਹੋਵੇਗੀ ਕਿ ਸਿੰਘ ਸਾਹਿਬ ਗਿ: ਮੱਲ ਸਿੰਘ ਜੀ ਤੋਂ ਸਤਿਗੁਰਾਂ ਨੇ ਅਪਾਰ ਬਖ਼ਸ਼ਿਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤ੍ਰ ਹੁਕਮਨਾਮਿਆਂ ਦੀ ਵਿਆਖਿਆ, ਪਦ ਅਰਥ ਤੇ ਅਰਥਾਂ ਸਮੇਤ ਸ੍ਰੀ ਮੁਖਵਾਕ ਪ੍ਰਕਾਸ਼ ਭਾਗ ਪਹਿਲਾ ਅਤੇ ਦੂਜਾ ਲਿਖਣ ਦੀ ਸੇਵਾ ਲਈ ਹੈ। ਹੁਣ ਸਤਿਗੁਰਾਂ ਨੇ ਹੋਰ ਬਖ਼ਸ਼ਿਸ਼ ਕਰਦਿਆਂ "ਮੁਖਵਾਕ ਪ੍ਰਕਾਸ਼" (ਭਾਗ ਤੀਜਾ) ਹੁਕਮਨਾਮਿਆਂ ਦੀ ਤੀਸਰੀ ਪੋਥੀ ਲਿਖਣ ਦੀ ਸੇਵਾ ਕਰਾਈ ਹੈ। ਇਸ ਦੀ ਸ਼ੈਲੀ ਸ਼ਬਦ ਤੇ ਅਰਥ ਬਹੁਤ ਹੀ ਰਸਦਾਇਕ ਹਨ। ਇਹ ਆਮ ਮਨੁੱਖ ਮਾਤਰ ਅਤੇ ਵਿਦਵਾਨਾਂ ਦੀ ਸਮਝ ਵਿਚ ਆਉਣ ਵਾਲੇ ਹਨ, ਜਿਸ ਤੋਂ ਸਾਨੂੰ ਭਰਪੂਰ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ। ਮੇਰੀ ਦਿਲੀ ਅਰਦਾਸ ਹੈ ਕਿ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ, ਦੀਰਘ ਆਯੂ ਬਖ਼ਸ਼ਿਸ਼ ਕਰਨ ਅਤੇ ਐਸੀਆਂ ਸੇਵਾਵਾਂ ਲੈਂਦੇ ਰਹਿਣ।

ਗੁਰੂ ਪੰਥ ਦਾ ਦਾਸ :

ਗਿਆਨੀ ਗੁਰਬਚਨ ਸਿੰਘ,

ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।

# ਸੰਦੇਸ਼

ਸ਼ਬਦ-ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮੁੱਚੀ ਮਾਨਵਤਾ ਲਈ ਉਪਦੇਸ਼ ਹੈ ਅਤੇ ਗੁਰੂ ਕੇ ਸਿੱਖ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜਾਗਤ-ਜੋਤ' ਗੁਰੂ ਦੇ ਰੂਪ ਵਿਚ ਮੰਨਦੇ ਹਨ। ਹਰ ਸਿੱਖ ਰੋਜ਼ਾਨਾ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਹੁਕਮਨਾਮੇ ਨੂੰ ਪ੍ਰਮਾਤਮਾ ਦਾ ਹੀ ਹੁਕਮਨਾਮਾ ਮੰਨਦਾ ਹੈ। ਬਾਣੀ ਅਗਾਧ-ਬੋਧ ਹੈ ਅਤੇ ਗੁਰੂ ਸਾਹਿਬਾਨ ਵੱਲੋਂ ਉਚਾਰੀ ਗੁਰਬਾਣੀ ਨੂੰ ਸਮਝ ਸਕਣਾ ਆਮ ਸਿੱਖ ਦੀ ਸਮਝ ਤੋਂ ਪਰ੍ਹੇ ਹੈ, ਕਿਉਂਕਿ ਸਾਡੀ ਸੋਚ ਗੁਰੂ ਸਾਹਿਬ ਦੀ ਅਧਿਆਤਮਿਕ ਅਤੇ ਬੌਧਿਕ ਗਿਆਨ ਦੇ ਬਰਾਬਰ ਨਹੀਂ ਹੈ। ਇਸ ਲਈ ਸਮੇਂ-ਸਮੇਂ ਸਿੱਖ ਪੰਥ ਦੇ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਵਿਆਖਿਆ ਕਰ ਕੇ ਇਸ ਦੇ ਅਰਥ ਸਰਲ ਭਾਸ਼ਾ ਵਿਚ ਕਰਨ ਦਾ ਉਪਰਾਲਾ ਕਰਦੇ ਰਹੇ ਹਨ। ਇਸੇ ਸੰਬੰਧ ਵਿਚ ਹੀ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਪਹਿਲਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਰਹਮਾਹ ਦੀ ਵਿਆਖਿਆ ਕੀਤੀ ਜਾ ਚੁੱਕੀ ਹੈ। ਹੁਣ ਗਿਆਨੀ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮਿਆਂ ਦੀ ਸਰਲ ਭਾਸ਼ਾ ਵਿਚ ਵਿਆਖਿਆ ਕਰ ਕੇ ਸਿੱਖ ਸੰਗਤਾਂ ਤੀਕ ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਗੁਰਬਾਣੀ ਦਾ ਸਹੀ ਸੰਦੇਸ਼ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਗਿਆਨੀ ਜੀ ਆਪ ਬਹੁਤ ਹੀ ਅੱਛੇ, ਨਿਮਰ ਅਤੇ ਮਿੱਠਬੋਲੜੇ ਇਨਸਾਨ ਹਨ। ਉਨ੍ਹਾਂ ਦਾ ਇਹ ਬਹੁਤ ਹੀ ਸ਼ਲਾਘਾ ਯੋਗ ਉੱਦਮ ਹੈ।

ਦਲਮੇਘ ਸਿੰਘ, ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

# ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਸਦੀਵੀ ਸ਼ਬਦ-ਗੁਰੂ ਹਨ ਅਤੇ ਇਸ ਵਿਚ ਅੰਕਿਤ ਹਰ ਇਕ ਸ਼ਬਦ ਅਤੇ ਲਗਾਂ ਮਾਤਰਾਂ ਤੱਕ ਉਨ੍ਹਾਂ ਵਾਸਤੇ ਗੁਰੂ ਸਾਹਿਬਾਨ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਇਲਾਹੀ ਬਾਣੀ ਅਤੇ ਪਵਿੱਤਰ ਫ਼ੁਰਮਾਣ ਹੈ। ਆਮ ਜਗਿਆਸੂ ਵਾਸਤੇ ਇਸ ਵਿਚ ਦਰਜ ਪਵਿੱਤਰ ਬਾਣੀ ਨੂੰ ਸਮਝਣਾ ਅਤੇ ਵੀਚਾਰਨਾ ਕੋਈ ਸੌਖਾ ਕਾਰਜ ਨਹੀਂ ਹੈ।

**ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥**

ਵਾਂਗ ਇਸ ਦੀਆਂ ਡੂੰਘਾਈਆਂ ਬਾਬਤ ਜਾਨਣ ਦੀ ਇੱਛਾ ਹਰ ਸਿੱਖ ਦੇ ਮਨ ਵਿਚ ਬਣੀ ਰਹਿੰਦੀ ਹੈ, ਕਿਉਂਕਿ ਇਸ ਦਾ ਹਰ ਇਕ ਸ਼ਬਦ ਉਨ੍ਹਾਂ ਵਾਸਤੇ ਇਲਾਹੀ ਹੁਕਮਨਾਮਾ ਹੁੰਦਾ ਹੈ। ਜਿਸ ਤੋਂ ਉਹ ਜੀਵਨ ਸੇਧ ਲੈ ਕੇ ਆਪਣਾ ਲੋਕ ਪ੍ਰਲੋਕ ਸੁਖੀ ਅਤੇ ਸੁਹੇਲਾ ਕਰਦੇ ਹਨ। ਬਹੁਤ ਕਠਿਨ ਅਤੇ ਵਿਪਰੀਤ ਹਾਲਾਤਾਂ ਵਿਚ ਵੀ ਵਿਚਰਦਿਆਂ ਹੋਇਆਂ ਸਿੱਖ ਕੌਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਹੁਕਮਨਾਮਿਆਂ ਤੋਂ ਰਹਿਨੁਮਾਈ ਲੈ ਕੇ ਹਰ ਮੋਰਚੇ 'ਤੇ ਫ਼ਤਹਿ ਪ੍ਰਾਪਤ ਕੀਤੀ ਹੈ। ਗੁਰੂ ਆਸ਼ੇ ਅਤੇ ਵੀਚਾਰ ਨੂੰ ਸਮਝਣ ਲਈ ਉਸ ਦੇ ਸਹੀ ਅਰਥ ਅਤੇ ਢੁਕਵੀਂ ਵਿਆਖਿਆ ਦੀ ਜ਼ਰੂਰਤ ਪੈਂਦੀ ਹੈ। ਇਸ ਦੇ ਸੰਬੰਧ ਵਿਚ ਪੰਥ ਪ੍ਰਸਿੱਧ ਵਿਦਵਾਨ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮਿਆਂ ਦੀ ਸਰਲ ਅਤੇ ਸਹੀ ਵਿਆਖਿਆ ਕਰ ਕੇ ਪ੍ਰਕਾਸ਼ਿਤ ਕਰਨ ਦਾ ਵਿਦਵਤਾ ਭਰਪੂਰ ਕਾਰਜ ਅਰੰਭ ਕੀਤਾ ਹੋਇਆ ਹੈ, ਇਹ ਉਸ ਸ੍ਰੀ ਮੁਖਵਾਕ ਪ੍ਰਕਾਸ਼ ਹੁਕਮਨਾਮਿਆਂ ਦੀ ਵਿਆਖਿਆ ਦਾ ਇਕ ਅਹਿਮ ਤੀਜਾ ਹਿੱਸਾ ਹੈ। ਦਾਸ ਆਸ ਕਰਦਾ ਹੈ ਕਿ ਸੰਗਤਾਂ ਇਸ ਨੂੰ ਪੜ੍ਹ ਕੇ ਆਪਣਾ ਜੀਵਨ ਸਫਲ ਕਰਨਗੀਆਂ।

ਸਤਬੀਰ ਸਿੰਘ

ਐਡੀ: ਸਕੱਤਰ (ਧਰਮ ਪ੍ਰਚਾਰ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

# ਗੁਰਬਾਣੀ ਇਸੁ ਜਗ ਮਹਿ ਚਾਨਣੁ

ਗੁਰਬਾਣੀ ਦਾ ਆਵੇਸ਼ ਮਨੁੱਖੀ ਕਲਿਆਣ ਲਈ ਹੋਇਆ। ਸਤਿਗੁਰਾਂ ਨੇ ਮਨੁੱਖ ਦੇ ਜੀਵਨ ਨੂੰ ਸਚਿਆਰ ਬਣਾਉਣ ਲਈ ਇਸ ਬਾਣੀ ਰਾਹੀਂ ਉਪਦੇਸ਼ ਦਿੱਤਾ। ਜਪੁ ਜੀ ਸਾਹਿਬ ਵਿਚ ਮੂਲ ਪਾਵਨ ਕਥਨ ਹੈ :

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**

ਸਚਿਆਰ ਬਣਨ ਲਈ ਪਹਿਲਾਂ ਕੂੜ ਦੀ ਪਾਲਿ ਟੁੱਟਣੀ ਜ਼ਰੂਰੀ ਹੈ।

ਸਚਿਆਰ ਬਣਾਉਣ ਦਾ ਉਦੇਸ਼ ਇਹੀ ਸੀ ਕਿ ਮਨੁੱਖ ਦੀ ਅਕਾਲ ਪੁਰਖ ਨਾਲ ਇਕਮਿਕਤਾ ਹੋ ਸਕੇ, ਕਿਉਂਕਿ ਮਨੁੱਖ ਮਾਇਆਵੀ ਸੰਸਾਰ ਵਿਚ ਫਸਿਆ ਹੋਇਆ ਹੈ। ਇਸ ਮਾਇਆ ਦੇ ਪ੍ਰਭਾਵ ਕਰਕੇ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ੇ ਵਿਕਾਰਾਂ ਵਿਚ ਗ਼ਲਤਾਨ ਹੈ, ਜਿਸ ਕਰਕੇ ਸੱਚ, ਝੂਠ, ਨੇਕੀ, ਬਦੀ ਦੀ ਪਹਿਚਾਣ ਕਰਨ ਤੋਂ ਉਹ ਬੇਵਸ ਹੈ। ਇਹੀ ਕਾਰਨ ਹੈ ਕਿ ਉਹ ਨਿਰੰਕਾਰ ਦਾ ਭੇਦ ਪਾਉਣ ਤੋਂ ਅਸਮਰਥ ਹੈ।

ਇਸ ਅੰਧਕਾਰਮਈ ਅਵਸਥਾ ਵਿਚ ਗੁਰਬਾਣੀ ਮਨੁੱਖ ਲਈ ਚਾਨਣ ਰੂਪ ਹੋ ਕੇ ਮਾਰਗ ਦਰਸ਼ਨ ਕਰਦੀ ਹੈ। ਗੁਰਵਾਕ ਹੈ :

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ ੧॥**

(ਅੰਗ 67)

ਗੁਰਬਾਣੀ ਜਗਿਆਸੂ ਦੇ ਅੰਦਰ ਚਾਨਣ ਪੈਦਾ ਕਰਦੀ ਹੈ। ਇਹ ਚਾਨਣ ਗੁਰਬਾਣੀ ਪੜ੍ਹਨ, ਸੁਣਨ ਅਤੇ ਉਸ ਦੀ ਵਿਚਾਰ ਨਾਲ ਹੁੰਦਾ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਦਾ ਪਾਠ ਪੜ੍ਹਨ, ਸੁਣਨ ਤੇ ਇਸ ਦੀ ਵਿਚਾਰ ਕਰਨ ਦਾ ਉਪਦੇਸ਼ ਕੀਤਾ ਅਤੇ ਇਸ ਲਈ ਮਰਯਾਦਾ ਬੰਨ੍ਹੀ। ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰਵਾਇਆ ਤਾਂ ਬਾਬਾ ਬੁੱਢਾ ਜੀ ਨੂੰ ਹੁਕਮਨਾਮਾ ਲੈਣ ਦਾ ਆਦੇਸ਼ ਕੀਤਾ। ਇਥੋਂ ਹੀ ਹੁਕਮਨਾਮਾ ਲੈਣ ਦੀ ਮਰਯਾਦਾ ਬੱਝ ਗਈ। ਹੁਕਮਨਾਮਾ ਲੈਣ ਨੂੰ ਮੁਖਵਾਕ ਲੈਣਾ, ਅਵਾਜ਼ਾ ਲੈਣਾ ਵੀ ਕਿਹਾ ਜਾਂਦਾ ਹੈ। ਫਿਰ ਪ੍ਰਾਪਤ ਹੋਏ ਹੁਕਮਨਾਮੇ ਦੀ ਵਿਚਾਰ-ਵਿਆਖਿਆ ਅਰੰਭ ਹੋਈ। ਗੁਰਬਾਣੀ ਵਿਚਾਰ-ਵਿਆਖਿਆ ਬੜਾ ਔਖਾ ਕਾਰਜ ਹੁੰਦਾ ਹੈ, ਪਰ ਜਿਸ ਉੱਪਰ ਸਾਹਿਬ ਦੀ ਕਿਰਪਾ ਹੋਵੇ, ਉਹ ਇਹ ਕਾਰਜ ਸਹਿਜ ਵਿਚ ਕਰ ਲੈਂਦਾ ਹੈ। ਸਿੰਘ ਸਾਹਿਬ

ਗਿਆਨੀ ਮੱਲ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਆਏ ਹੁਕਮਾਂ ਦੀ ਵਿਆਖਿਆ ਕਰਕੇ ਇਸ ਨੂੰ ਪੁਸਤਕ ਰੂਪ ਦਿੱਤਾ ਹੈ। ਇਹ ਕਾਰਜ ਸਲਾਹੁਣ ਯੋਗ ਹੈ। ਗਿਆਨੀ ਮੱਲ ਸਿੰਘ ਜੀ ਉੱਪਰ ਸਤਿਗੁਰਾਂ ਦੀ ਬਖ਼ਸ਼ਿਸ਼ ਹੈ। ਆਪ ਜੀ ਸੱਚੇ-ਸੁੱਚੇ ਜੀਵਨ ਦੇ ਧਾਰਨੀ ਹਨ। ਆਪ ਜੀ ਨੂੰ ਬਾਣੀ ਦੀ ਸਮਝ ਤੇ ਗਿਆਨ ਹੈ। ਆਪ ਜੀ ਦੁਆਰਾ ਕੀਤੀ ਵਿਆਖਿਆ ਸਾਧਾਰਨ ਪ੍ਰਾਣੀ ਦੀ ਸਮਝ ਵਿਚ ਆਉਣ ਵਾਲੀ ਹੈ। ਮੇਰੀ ਸਤਿਗੁਰਾਂ ਅੱਗੇ ਅਰਦਾਸ ਹੈ ਕਿ ਉਹ ਗਿਆਨੀ ਮੱਲ ਸਿੰਘ ਜੀ ਉੱਪਰ ਮੇਹਰ ਭਰਿਆ ਹੱਥ ਰੱਖਣ ਅਤੇ ਸਿੰਘ ਸਾਹਿਬ ਗੁਰਬਾਣੀ ਦਾ ਗਿਆਨ ਸਾਡੇ ਵਰਗੇ ਲੋਕਾਂ ਵਿਚ ਵੰਡਦੇ ਰਹਿਣ ਅਤੇ ਅਸੀਂ ਇਸ ਤੋਂ ਸੇਧ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਸਚਿਆਰ ਬਣਾਉਣ ਲਈ ਕਾਰਜਸ਼ੀਲ ਹੋਈਏ।

ਗੁਰੂ ਪੰਥ ਦਾ ਦਾਸ :

ਮਨਜੀਤ ਸਿੰਘ

ਪੀ.ਏ. ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

# ਅਰਜ਼ੋਈ...

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਪਹਿਲਾ ਤੇ ਵਿਲੱਖਣ ਧਰਮ ਗ੍ਰੰਥ ਹੈ, ਜੋ ਸਦੀਵੀ ਕਾਲ ਲਈ ਗੁਰੂ-ਪਦਵੀ 'ਤੇ ਬਿਰਾਜਮਾਨ ਹੈ ਅਤੇ ਜਿਨ੍ਹਾਂ ਦੇ ਪ੍ਰਕਾਸ਼, ਪਾਠ ਕਰਨ ਤੇ ਹੁਕਮ ਲੈਣ ਦਾ ਨਿਸ਼ਚਿਤ ਵਿਧੀ ਵਿਧਾਨ ਹੈ। ਸਿੱਖ ਗੁਰਦੁਆਰਿਆਂ ਵਿਚ ਸਵੇਰੇ-ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਰਿਆਦਾ ਅਨੁਸਾਰ ਪ੍ਰਕਾਸ਼ ਤੇ ਸੁੱਖ ਆਸਣ ਕੀਤਾ ਜਾਂਦਾ ਹੈ। ਸਵੇਰੇ ਪ੍ਰਕਾਸ਼ ਸਮੇਂ ਪਹਿਲੇ ਪੜ੍ਹੇ ਜਾਣ ਵਾਲੇ ਸ਼ਬਦ ਨੂੰ ਮੁਖਵਾਕ ਜਾਂ ਹੁਕਮਨਾਮੇ ਵਜੋਂ ਬੜੇ ਅਦਬ ਤੇ ਸਤਿਕਾਰ ਨਾਲ ਸੁਣਿਆ ਜਾਂਦਾ ਹੈ। ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਇਕੱਤਰ ਤੇ ਸੰਪਾਦਨ ਕਰਨ ਸਮੇਂ ਲਿਖਣ-ਕਾਰਜ ਦੀ ਮਹਾਨ ਸੇਵਾ ਭਾਈ ਗੁਰਦਾਸ ਜੀ ਤੋਂ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਪਾਵਨ-ਪਵਿੱਤਰ ਤੇ ਰਹੱਸਮਈ ਬਾਣੀ ਨੂੰ ਲੋਕਾਈ ਦੇ ਸਮਝਾਉਣ ਹਿੱਤ ਭਾਈ ਗੁਰਦਾਸ ਜੀ ਨੇ ਆਪਣੀ ਕਿਰਤ-ਵਾਰਾਂ 'ਚ ਗੁਰਬਾਣੀ ਦੀ ਵਿਆਖਿਆ ਦਾ ਪ੍ਰਾਰੰਭ ਕੀਤਾ। ਭਾਈ ਸਾਹਿਬ ਦੀ ਇਸ ਕਿਰਤ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ-ਸਤਿਕਾਰ ਪ੍ਰਾਪਤ ਹੋਇਆ। ਇਸ ਦੇ ਨਾਲ ਹੀ ਗੁਰਬਾਣੀ ਨੂੰ ਸਮਝਣ-ਸਮਝਾਉਣ ਵਾਸਤੇ ਵਿਆਖਿਆ ਦੀ ਪੱਧਤੀ ਸ਼ੁਰੂ ਹੋਈ। ਅਗਾਧ-ਬੋਧ ਬਾਣੀ ਨੂੰ ਸਮਝਣ-ਸਮਝਾਉਣ ਵਾਸਤੇ ਅਨੇਕਾਂ ਯਤਨ ਹੋਏ ਹਨ, ਸਭ ਮੁਬਾਰਕ ਹਨ। ਸਿੰਘ ਸਾਹਿਬ, ਗਿਆਨੀ ਮੱਲ ਸਿੰਘ ਜੀ ਨੇ ਮਾਨਵਤਾ ਦੇ ਧਰਮ-ਮੰਦਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਾਪਤ ਅਲਾਹੀ ਹੁਕਮਨਾਮਿਆਂ ਦੀ ਸਰਲ, ਸਪੱਸ਼ਟ ਤੇ ਭਾਵਨਾ ਅਨੁਸਾਰ ਵਿਆਖਿਆ ਕਰਕੇ ਮਹਾਨ ਕਾਰਜ ਕੀਤਾ ਹੈ। ਇਸ ਕਾਰਜ ਦੇ ਸੰਪੂਰਨ ਹੋਣ ਨਾਲ ਗੁਰਬਾਣੀ, ਸਿੱਖ ਧਰਮ, ਧਰਮ-ਦਰਸ਼ਨ ਨੂੰ ਸਮਝਣ 'ਚ ਅਸਾਨੀ ਰਹੇਗੀ। ਖ਼ਾਸ ਕਰ ਕੇ ਪ੍ਰਚਾਰਕਾਂ, ਕਥਾਕਾਰਾਂ ਤੇ ਰੋਜ਼ਾਨਾ ਦੇ ਮੁਖਵਾਕ ਨਾਲ ਜੁੜਨ ਵਾਲਿਆਂ ਨੂੰ ਗੁਰਬਾਣੀ ਸਮਝਣ 'ਚ ਬਹੁਤ ਸਹੂਲਤ ਤੇ ਸੁੱਖ ਮਿਲੇਗਾ।

ਸਵੇਰ ਵੇਲੇ ਆਏ ਮੁਖਵਾਕ ਦੀ ਸਮਝ ਲਈ ਸਿੰਘ ਸਾਹਿਬ, ਗਿਆਨੀ ਮੱਲ ਸਿੰਘ ਜੀ ਨੇ ਮੁਖਵਾਕ ਪ੍ਰਕਾਸ਼ ਦੇ ਨਾਂ 'ਤੇ ਤਿੰਨ ਗ੍ਰੰਥ ਤਿਆਰ ਕੀਤੇ ਹਨ, ਜਿਨ੍ਹਾਂ ਵਿਚ ਸਰਬ ਕਲਿਆਣਕਾਰੀ ਅਲਾਹੀ ਬਾਣੀ ਦੇ ਅਰਥ ਭਾਵ ਜਗਿਆਸੂਆਂ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਸਿੰਘ ਸਾਹਿਬ ਗਿਆਨੀ ਮੱਲ ਸਿੰਘ 'ਤੇ ਗੁਰੂ ਰਾਮਦਾਸ ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਹੈ, ਜਿਸ ਸਦਕਾ ਉਹ ਇਸ ਪਾਵਨ ਪਵਿੱਤਰ ਅਸਥਾਨ ਦੀ ਸੇਵਾ ਲੰਮੇ ਸਮੇਂ ਤੋਂ ਕਰ ਰਹੇ ਹਨ। ਇਸ ਸੇਵਾ ਤੋਂ ਇਲਾਵਾ ਗਿਆਨੀ ਮੱਲ ਸਿੰਘ ਜੀ ਦਾ ਗੁਰਬਾਣੀ ਦੀ ਵਿਆਖਿਆ ਦੇ ਖੇਤਰ ਵਿਚ ਆਪਣਾ ਨਾਮ ਹੈ। ਸਿੰਘ ਸਾਹਿਬ ਜੀ ਨੇ ਇਹ ਕਾਰਜ ਕਰਕੇ ਮਾਨਵਤਾ ਦੇ ਕਲਿਆਣ, ਗੁਰਬਾਣੀ ਦੀ ਵਿਆਖਿਆ ਤੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ 'ਚ ਬਹੁਮੁੱਲਾ ਯੋਗਦਾਨ ਪਾਇਆ ਹੈ। ਮੈਨੂੰ ਪੂਰਨ ਭਰੋਸਾ ਹੈ ਕਿ ਗੁਰੂ-ਕ੍ਰਿਪਾ ਦੇ ਪਾਤਰ ਗੁਰਬਾਣੀ ਨੂੰ ਪੜ੍ਹਨ, ਸੁਣਨ, ਵਿਚਾਰਨ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਤੇ ਜੀਵਨ 'ਚ ਜੀਉਣ ਵਾਲੇ ਧਰਮੀ ਜੀਉੜੇ ਇਸ ਧਰਮ-ਪੁਸਤਕ ਤੋਂ ਲਾਹਾ ਪ੍ਰਾਪਤ ਕਰਕੇ ਜੀਵਨ ਸਫਲਾ ਕਰਨਗੇ। ਮੈਂ ਇਸ ਕਾਰਜ 'ਤੇ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਨੂੰ ਵਧਾਈ ਦਿੰਦਾ ਹੋਇਆ, ਗੁਰੂ ਰਾਮਦਾਸ ਪਾਤਸ਼ਾਹ ਦੇ ਦਰ 'ਤੇ ਇਹੀ ਅਰਜ਼ੋਈ ਕਰ ਸਕਦਾ ਹਾਂ ਕਿ ਕਰਤਾ-ਪੁਰਖ ਵਾਹਿਗੁਰੂ ਇਨ੍ਹਾਂ ਨੂੰ ਸਿਹਤਯਾਬੀ, ਚੜ੍ਹਦੀ ਕਲਾ ਬਖ਼ਸ਼ਿਸ਼ ਕਰਨ ਤਾਂ ਜੋ ਇਹ ਵਧੇਰੇ ਸਮਾਂ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਤੇ ਸਿੱਖੀ ਦੀ ਖ਼ੁਸ਼ਬੋਈ ਨੂੰ ਵੰਡਣ 'ਚ ਅਰਪਿਤ ਕਰ ਸਕਣ।

ਸਤਿਕਾਰ ਸਹਿਤ

ਰੂਪ ਸਿੰਘ

ਡਾਇਰੈਕਟਰ,
ਸਿੱਖ ਇਤਿਹਾਸ ਰੀਸਰਚ ਬੋਰਡ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

# ਸਭ ਤੇ ਊਤਮ ਹਰਿ ਕੀ ਕਥਾ

'ਧੁਰਿ ਕੀ ਬਾਣੀ' ਦਾ ਸਿੱਖ ਧਰਮ ਵਿਚ ਇਕ ਵਿਲਖਣ ਰੁਤਬਾ ਹੈ। ਬਾਣੀ ਨੂੰ ਪੜ੍ਹਨ, ਸੁਣਨ, ਗਾਉਣ ਤੇ ਵਿਚਾਰਨ ਦੇ ਆਦੇਸ਼/ਉਪਦੇਸ਼ ਗੁਰੂ ਸਾਹਿਬਾਨ ਵੱਲੋਂ ਗੁਰਸਿੱਖਾਂ ਨੂੰ ਦ੍ਰਿੜ੍ਹ ਕਰਾਏ ਗਏ ਅਤੇ ਬਾਣੀ ਨੂੰ ਪੜ੍ਹਨ, ਸੁਣਨ ਅਤੇ ਗਾਉਣ ਦੇ ਮਹਾਤਮਾ ਨੂੰ ਵੀ ਸਪੱਸ਼ਟ ਕੀਤਾ ਗਿਆ। ਰਵਾਇਤ ਹੈ ਕਿ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਹੋਣ ਉਪਰੰਤ ਕੀਰਤਨ ਦੀ ਮਰਯਾਦਾ ਆਰੰਭ ਹੋਈ ਤੇ ਕੁਝ ਸਿੱਖਾਂ ਵੱਲੋਂ ਬਾਣੀ ਦੇ ਛੰਦ-ਬੱਧ ਹੋਣ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਣੀ ਦੀ ਕਥਾ ਸ੍ਰਵਣ ਕਰਵਾਉਣ ਦੀ ਬੇਨਤੀ ਕੀਤੀ ਗਈ ਤਾਂ ਜੋ ਸਭਨਾਂ ਨੂੰ ਇਸ ਦੇ ਅਰਥ ਸਮਝ ਵਿਚ ਆ ਸਕਣ। ਸਿੱਖਾਂ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਸਿੱਖੋ ! ਇਸ ਦਾ ਟੀਕਾ ਗੁਰਸਿੱਖਾਂ ਦੀ ਰਸਨਾ 'ਤੇ ਲਿਖਿਆ ਪਿਆ ਹੈ। ਇਸ ਦਾ ਭਾਵ ਸੀ ਕਿ ਹਰ ਕਾਲ ਵਿਚ ਗੁਰਸਿੱਖ ਬਾਣੀ ਦੇ ਸਹੀ ਅਰਥ ਕਰਨ ਦੇ ਯੋਗ ਹੋਣਗੇ। ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉਨ੍ਹਾਂ ਗੁਰਮੁਖ ਰੂਹਾਂ ਵਿਚ ਸ਼ੁਮਾਰ ਹਨ ਜਿਨ੍ਹਾਂ ਉੱਤੇ ਗੁਰੂ ਸਾਹਿਬ ਦੀ ਮਹਾਨ ਬਖ਼ਸ਼ਿਸ਼ ਹੈ।

ਸਿੰਘ ਸਾਹਿਬ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੇ ਹੁਕਮਨਾਮਿਆਂ ਦੀ ਵਿਆਖਿਆ ਕਰਨ ਦਾ ਪ੍ਰਸ਼ੰਸਾ ਯੋਗ ਕਾਰਜ 2008 ਵਿਚ ਆਰੰਭ ਕੀਤਾ ਸੀ ਤੇ ਪਹਿਲੀ ਪੁਸਤਕ 'ਮੁਖਵਾਕ ਪ੍ਰਕਾਸ਼' ਵਿਚ ਗੂਜਰੀ ਰਾਗ ਤੋਂ ਆਰੰਭ ਕਰਕੇ ਵਡਹੰਸ ਰਾਗ ਤੱਕ ਦੇ 44 ਹੁਕਮਨਾਮਿਆਂ ਦੀ ਵਿਦਵਤਾ ਭਰਪੂਰ ਵਿਆਖਿਆ ਕੀਤੀ ਸੀ। ਇਸ ਕਾਰਜ ਨੂੰ ਅੱਗੇ ਤੋਰਦਿਆਂ ਆਪ ਜੀ ਨੇ ਮੁਖਵਾਕ ਪ੍ਰਕਾਸ਼ ਦੇ ਦੂਜੇ ਭਾਗ ਵਿਚ ਸੋਰਠਿ ਰਾਗ ਤੋਂ ਤਿਲੰਗ ਰਾਗ ਦੇ 80 ਹੁਕਮਨਾਮਿਆਂ ਦੀ ਵਿਆਖਿਆ ਦੇ ਕਾਰਜ ਨੂੰ ਸੰਪੰਨ ਕੀਤਾ। ਹੱਥਲੀ ਪੁਸਤਕ ਇਸ ਵਿਸ਼ੇ ਦੀ ਆਖ਼ਰੀ ਪੁਸਤਕ ਹੈ, ਜਿਸ ਵਿਚ ਸੂਹੀ ਰਾਗ ਤੋਂ ਲੈ ਕੇ ਬਿਲਾਵਲੁ ਰਾਗ ਵਿਚ ਆਉਣ ਵਾਲੇ 76 ਹੁਕਮਨਾਮਿਆਂ ਨੂੰ ਵਿਆਖਿਆ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਤਰ੍ਹਾਂ ਕੁਲ 200 ਹੁਕਮਨਾਮਿਆਂ ਦੀ ਭਾਵਪੂਰਤ ਵਿਆਖਿਆ ਇਨ੍ਹਾਂ ਤਿੰਨਾਂ ਭਾਗਾਂ ਵਿਚ ਗੁਰਮਤਿ ਦੇ ਜਗਿਆਸੂਆਂ ਨੂੰ ਪ੍ਰਾਪਤ ਕਰਾਈ ਗਈ ਹੈ। ਇਹ ਪੁਸਤਕਾਂ ਸਿੱਖ ਧਰਮ ਦੇ ਪ੍ਰਚਾਰ ਵਿਚ ਸੇਵਾ ਨਿਭਾਉਣ ਵਾਲੇ ਸੱਜਣਾਂ ਲਈ ਨਿਹਾਇਤ ਲਾਹੇਵੰਦ ਹਨ, ਜਿਨ੍ਹਾਂ ਵਿਚ ਬਾਣੀ ਦੇ ਅਰਥਾਂ ਨੂੰ ਬਹੁਤ ਹੀ ਸਰਲ ਤੇ ਵਿਆਖਿਆਮਈ ਸ਼ੈਲੀ ਵਿਚ ਪ੍ਰਸਤੁਤ ਕੀਤਾ ਗਿਆ ਹੈ। ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਆਪਣੀਆਂ ਰਹਿਮਤਾਂ

ਨਾਲ ਨਿਵਾਜਣ ਤਾਂ ਜੋ ਆਪ ਹੋਰ ਵੀ ਤਨਦੇਹੀ ਨਾਲ ਕਲਮ ਦੁਆਰਾ ਗੁਰਮਤਿ ਦੇ ਪ੍ਰਚਾਰ ਦੀ ਸੇਵਾ ਨਿਭਾ ਸਕਣ।

ਗੁਰੂ ਪੰਥ ਦਾ ਦਾਸ :

ਡਾ: ਅਮਰਜੀਤ ਸਿੰਘ,

ਡਾਇਰੈਕਟਰ-ਪ੍ਰਿੰਸੀਪਲ ਗੁਰੂ ਕਾਂਸ਼ੀ,

ਗੁਰਮਤਿ ਇੰਸਟੀਚਿਊਟ,

ਦਮਦਮਾ ਸਾਹਿਬ (ਬਠਿੰਡਾ)

ਸ੍ਰੀ ਅਕਾਲ ਪੁਰਖ ਜੀ ਸਹਾਇ

# ਪ੍ਰੇਮ-ਸੰਦੇਸਰਾ

## ਦੀਨ ਦੁਨੀਆਂ ਦੇ ਸ਼ਹਿਨਸ਼ਾਹ ਪਿਤਾ,

## '**ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ**''

ਦੀ ਪਾਵਨ ਗੁਰਬਾਣੀ, 'ਸੱਚ ਧਰਮ ਦੇ ਮਾਰਗ' ਦੇ ਪਾਂਧੀ, ਗੁਰਸਿੱਖ ਜਗਿਆਸੂ ਦੇ ਜੀਵਨ ਵਿਚ 'ਰੂਹਾਨੀ ਚਾਨਣ' ਕਰਦੀ ਹੈ, ਪ੍ਰੰਤੂ ਇਸ 'ਰੂਹਾਨੀ ਚਾਨਣ' ਦੀ ਪ੍ਰਾਪਤੀ ਵਾਸਤੇ, 'ਅਰਥ' ਦੀ ਬਹੁਤ ਭਾਰੀ ਲੋੜ ਹੈ, ਕਿਉਂਕਿ 'ਅਰਥ' ਕਰਨ ਤੋਂ ਬਗ਼ੈਰ ਦੁਨਿਆਵੀ ਚਾਨਣ ਨਹੀਂ ਹੋ ਸਕਦਾ। ਖ਼ਿਆਲ ਰੱਖਣਾ, ਜਿਵੇਂ ਖ਼ੁਸ਼ਕ ਧਰਤੀ ਵਿਚ ਕੀਤਾ 'ਅਰਥ' ਚਾਨਣ ਨਹੀਂ ਕਰ ਸਕਦਾ, ਇਸੇ ਤਰ੍ਹਾਂ ਖ਼ੁਸ਼ਕ ਜੀਵਨ ਵਿੱਚੋਂ ਕੀਤਾ 'ਅਰਥ' ਗੁਰਸਿੱਖਾਂ ਦੇ ਜੀਵਨ ਵਿਚ 'ਰੂਹਾਨੀ ਚਾਨਣ' ਕਰ ਹੀ ਨਹੀਂ ਸਕਦਾ, ਸਿਮਰਨ ਅਭਿਆਸੀ ਦੇ ਤਰੋ-ਤਾਜ਼ਗੀ ਵਾਲੇ ਜੀਵਨ ਵਿੱਚੋਂ ਹੀ ਸਹੀ ''ਅਰਥ'' ਹੋ ਸਕਦਾ ਹੈ।

ਸਤਿਗੁਰੂ ਜੀ ਨੇ ਮਹਾਨ ਬਖ਼ਸ਼ਿਸ਼ ਕਰਕੇ, ਪਰਮ ਪਿਆਰੇ, ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ, ਗ੍ਰੰਥੀ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ' ਪਾਸੋਂ 'ਗੁਰਬਾਣੀ ਸ੍ਰੀ ਮੁਖਵਾਕ' ਦੇ ਅਰਥ ਕਰਵਾਏ ਹਨ। ਆਸ ਕਰਦੇ ਹਾਂ ਕਿ ਗੁਰਸਿੱਖ ਜਗਿਆਸੂ, ਵਿਦਿਆਰਥੀ ਜਨ, ਕਥਾਕਾਰ ਗੁਰਸਿੱਖ, ਡਾਢਾ ਲਾਹਾ ਪ੍ਰਾਪਤ ਕਰਕੇ, ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨਗੇ ਜੀ।

ਤਾਰੀਖ਼ : 2 ਅੱਸੂ ਸੰਮਤ ਗੁਰੂ ਨਾਨਕਸ਼ਾਹੀ 543

ਈਸਵੀ : ੧੮ ਸਤੰਬਰ, ਸੰਨ 20੧੧

ਗੁਰਮੁਖ ਸਿੰਘ ਖ਼ਾਲਸਾ,

ਹੈੱਡ ਗ੍ਰੰਥੀ,

ਸ੍ਰੀ ਅਕਾਲ ਤਖ਼ਤ ਸਾਹਿਬ,

ਸ੍ਰੀ ਅੰਮ੍ਰਿਤਸਰ ਸਾਹਿਬ।

# ਪ੍ਰਾਕ੍ਥਨ :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਪਾਵਨ ਬਾਣੀ, ਹਰ ਇਕ ਸ੍ਰੀ ਮੁਖਵਾਕ ਸਮੁੱਚੀ ਦੁਨੀਆਂ ਦੇ ਅੰਦਰ, ਸਰਬ ਜੀਆਂ ਦੀ ਕਲਿਆਣਕਾਰੀ ਦਾ ਸਰਬ ਸਾਂਝਾ ਉਪਦੇਸ਼ ਬਖ਼ਸ਼ਣ ਵਾਲਾ ਹੈ। ਹਰ ਇਕ ਮਨੁੱਖ ਮਾਤਰ ਨੂੰ ਇਸ ਤਰ੍ਹਾਂ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੀ ਪਾਵਨ ਬਾਣੀ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**

(ਅੰਗ ੧349)

ਇਸ ਪਾਵਨ ਬਾਣੀ ਨੂੰ ਗੁਰੂ ਸਾਹਿਬ ਜੀ ਨੇ ਆਪ ਕਿਹਾ ਹੈ :

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥**
**ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥**

(ਅੰਗ 5੧5)

ਸਿੱਖ ਜਗਤ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼ ਕਰਨ ਦੀ ਮਰਯਾਦਾ ਕਾਇਮ ਹੈ, ਪਰ ਪ੍ਰਕਾਸ਼ ਕਰਨ ਸਮੇਂ ਹਜ਼ੂਰ ਜੋ ਪਵਿੱਤ੍ਰ ਸ੍ਰੀ ਮੁਖਵਾਕ ਬਖ਼ਸ਼ਿਸ਼ ਕਰਦੇ ਹਨ, ਉਸ ਸ੍ਰੀ ਮੁਖਵਾਕ ਨੂੰ ਸਰਵਣ ਕਰਨ ਦਾ ਜਿੰਨਾ ਉਤਸ਼ਾਹ ਸਿੱਖ ਸੰਗਤਾਂ ਵਿਚ ਹੁੰਦਾ ਹੈ, ਉਸ ਨਾਲੋਂ ਵੱਧ ਉਤਸ਼ਾਹ ਉਸ ਸ੍ਰੀ ਮੁਖਵਾਕ ਦੀ ਕਥਾ ਵੀਚਾਰ ਸੁਣ ਕੇ ਸਮਝਣ ਲਈ ਹੁੰਦਾ ਹੈ। ਸਮੁੱਚੀ ਗੁਰਬਾਣੀ ਦੀ ਸਮਝ ਪ੍ਰਾਪਤ ਕਰਨ ਵਾਸਤੇ ਵੱਖ-ਵੱਖ ਸਮੇਂ ਵੱਖ-ਵੱਖ ਵਿਦਵਾਨਾਂ ਵੱਲੋਂ, ਗੁਰਬਾਣੀ ਦੇ ਅਰਥ ਕਰ ਕੇ ਸਟੀਕ ਤਿਆਰ ਕੀਤੇ ਗਏ ਹਨ। ਪੰਜਾਬੀ ਵਿਚ ਹੁਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਸੱਤ ਟੀਕੇ ਕੀਤੇ ਜਾ ਚੁੱਕੇ ਹਨ। ਇਸ ਤੋਂ ਬਿਨਾਂ ਵੱਖ-ਵੱਖ ਇਕੱਲੀਆਂ ਬਾਣੀਆਂ ਤੇ ਕੁਝ ਹੁਕਮਨਾਮਿਆਂ ਦੇ ਟੀਕੇ ਵੀ ਵਿਦਵਾਨਾਂ ਨੇ ਕੀਤੇ ਹਨ। ਪਰ ਹੁਣ ਹਰ ਇਕ ਵਿਆਖਿਆਕਾਰ ਦੀ ਲੋੜ ਪੂਰੀ ਕਰਨ ਵਾਸਤੇ, ਹਰ ਇਕ ਮੁਖਵਾਕ ਦੇ ਆਦਿ ਵਿਚ ਵਿਸ਼ੇ ਅੰਦਰ ਵਿਸਥਾਰ ਸਹਿਤ ਭੂਮਿਕਾ ਬਣਾ ਕੇ ਬੋਲਣ ਵਾਸਤੇ ਵਿਆਖਿਆ ਪ੍ਰਮਾਣਾਂ ਸਮੇਤ ਅਤੇ ਗੁਰਮਤਿ ਅਨੁਸਾਰ ਸਾਖੀਆਂ, ਪਦ ਅਰਥ ਤੇ ਅਰਥਾਂ ਸਮੇਤ ਸ੍ਰੀ ਮੁਖਵਾਕ ਪ੍ਰਕਾਸ਼ ਤਿੰਨ ਭਾਗਾਂ ਵਿਚ ਲਿਖਣ ਦਾ ਉਪਰਾਲਾ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਦਾਸਰੇ ਨੂੰ ਬਖ਼ਸ਼ਿਆ ਹੈ, ਜਿਸ ਦਾ ਪਹਿਲਾ ਭਾਗ ਜੂਨ 2008 ਵਿਚ ਛਪਿਆ ਹੈ। ਇਸ ਵਿਚ ਗੂਜਰੀ ਰਾਗੁ ਦੀ ਵਾਰ ਅੰਗ 509 ਤੋਂ ਲੈ ਕੇ ਵਡਹੰਸ ਰਾਗੁ ਦੀ ਵਾਰ ਅੰਗ 593 ਤੱਕ ਹੈ। ਇਸ ''ਮੁਖਵਾਕ ਪ੍ਰਕਾਸ਼'' ਭਾਗ ਪਹਿਲਾ ਅੰਦਰ 44 ਹੁਕਮਨਾਮਿਆਂ

ਦੀ ਵਿਆਖਿਆ ਹੈ। ''ਮੁਖਵਾਕ ਪ੍ਰਕਾਸ਼'' ਭਾਗ ਦੂਜਾ, ਜਿਸ ਵਿਚ ਸੋਰਠਿ ਰਾਗੁ ਅੰਦਰ 595 ਤੋਂ ਲੈ ਕੇ ਤਿਲੰਗ ਰਾਗੁ ਅੰਗ 726 ਤੱਕ 80 ਹੁਕਮਨਾਮਿਆਂ ਦੀ ਵਿਆਖਿਆ ਹੈ। ਹੁਣ ਇਹ ''ਮੁਖਵਾਕ ਪ੍ਰਕਾਸ਼'' ਭਾਗ ਤੀਜਾ ਸੂਹੀ ਰਾਗੁ ਅੰਗ 728 ਤੋਂ ਲੈ ਕੇ ਬਿਲਾਵਲੁ ਰਾਗੁ ਦੀ ਭਗਤਾਂ ਦੀ ਬਾਣੀ ਅੰਗ 857 ਤੱਕ ਇਸ ਵਿਚ 76 ਹੁਕਮਨਾਮਿਆਂ ਦੀ ਵਿਆਖਿਆ ਹੈ। ਇਥੋਂ ਤੱਕ 'ਮੁਖਵਾਕ ਪ੍ਰਕਾਸ਼ ਭਾਗ ਪਹਿਲਾ', ਦੂਜਾ ਅਤੇ ਤੀਜਾ, ਇਨ੍ਹਾਂ ਤਿੰਨਾਂ ਭਾਗਾਂ ਵਿਚ 200 ਹੁਕਮਨਾਮਿਆਂ ਦੀ ਵਿਆਖਿਆ ਆ ਗਈ ਹੈ। ਇਹ ਕਾਰਜ ਪਰਮ ਕਿਰਪਾਲੂ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਪ ਸੰਪੂਰਨ ਕਰਾਇਆ ਹੈ। ਭਗਤ ਕਬੀਰ ਜੀ ਦੇ ਇਸ ਕਥਨ ਅਨੁਸਾਰ ਇਹ ਅਟੱਲ ਸਚਿਆਈ ਹੈ :

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥**
**ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥**

(ਅੰਗ ੧367)

ਇਸ ਮੁਖਵਾਕ ਪ੍ਰਕਾਸ਼ ਵਿਚ ਜੋ ਲਾਭਦਾਇਕ ਵੀਚਾਰ ਹਨ, ਇਹ ਸਭ ਗੁਰੂ ਸਾਹਿਬ ਜੀ ਨੇ ਆਪ ਕਰਵਾਏ ਹਨ ਅਤੇ ਇਸ ਵਿਚ ਜੋ ਭੁੱਲਾਂ ਗ਼ਲਤੀਆਂ ਰਹੀਆਂ ਹਨ, ਇਹ ਸਭ ਦਾਸ ਦੀਆਂ ਊਣਤਾਈਆਂ ਹਨ। ਇਨ੍ਹਾਂ ਭੁੱਲਾਂ ਗ਼ਲਤੀਆਂ ਨੂੰ ਗੁਰੂ ਅਤੇ ਸੰਗਤ ਨੇ ਬਖ਼ਸ਼ ਲੈਣਾ :

**ਭੂਲ ਛਿਮੋ ਹਮਰੀ ਪ੍ਰਭ ਆਪ ਨ ਭੂਲਨਹਾਰ ਕਹੂੰ ਕੋਊ ਮੋ ਸੋ ॥**

(ਸ੍ਰੀ ਦਸਮ ਗ੍ਰੰਥ ਸਾਹਿਬ)

ਆਸ ਹੈ ਦਾਸ ਦੀ ਲੇਖਣੀ ਦੁਆਰਾ ਕੀਤੀ ਗਈ ਇਹ ਤੁੱਛ ਜਿਹੀ ਸੇਵਾ, ਗੁਰਸਿੱਖ ਵਿਦਵਾਨ, ਗੁਰੂ ਖ਼ਾਲਸਾ ਪੰਥ ਪ੍ਰਵਾਨ ਕਰੇਗਾ। ਆਪ ਸਮੂੰਹ ਸੰਗਤਾਂ ਦਾ ਦਾਸ :

ਮੱਲ ਸਿੰਘ ਗ੍ਰੰਥੀ,
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ।
ਮੋਬਾਇਲ ਨੰ : 94175-42974

# ਸੰਪਦਾਕ ਵੱਲੋਂ ਅਰਦਾਸ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਬਦ-ਗੁਰੂ ਦਾ ਉਪਦੇਸ਼ ਸਮੁੱਚੀ ਮਨੁੱਖਤਾ ਲਈ ਹੈ। ਇਸ ਲਈ ਸਿੱਖਾਂ ਨੂੰ ਗੁਰੂ ਸਾਹਿਬ ਜੀ ਨੇ ਅਰੰਭ ਤੋਂ ਹੀ ਸ਼ਬਦ ਦੇ ਨਾਲ ਜੋੜਿਆ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਜੀ ਨੇ 'ਸ਼ਬਦ ਗੁਰੂ ਸੁਰਤ ਧੁਨ ਚੇਲਾ' ਦਾ ਸਿਧਾਂਤ ਬਖ਼ਸ਼ਿਸ਼ ਕੀਤਾ। ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਸਿੱਖਾਂ ਨੂੰ ਇਹੀ ਸਿਧਾਂਤ ਬਖ਼ਸ਼ਿਸ਼ ਕੀਤਾ ਹੈ ਕਿ ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ। ਜਿਸ ਵੇਲੇ ਨਾਂਦੇੜ ਦੀ ਧਰਤੀ 'ਤੇ ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਇਆ, ਉਸ ਵੇਲੇ ਵੀ ਇਹੀ ਹੁਕਮ ਕੀਤਾ :

**ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਯੋ ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈ ਲੇਹ॥**

ਇਸ ਲਈ ਸਿੱਖਾਂ ਦਾ ਗੁਰੂ, ਗੁਰੂ ਕੀ ਬਾਣੀ ਹੈ, ਸਿੱਖ ਬਾਣੀ ਨੂੰ ਅਕਾਲ ਪੁਰਖ ਦਾ ਸਰੂਪ ਮੰਨਦੇ ਹਨ। ਇਸ ਲਈ ਗੁਰਬਾਣੀ ਸ਼ਬਦ ਰੂਪ ਹੈ। ਸਿੱਖੀ ਦਾ ਮਹਿਲ ਹੀ ਗੁਰੂ-ਬਾਣੀ ਹੈ, ਕਿਉਂਕਿ ਗੁਰੂ-ਸ਼ਬਦ ਪਰਮ ਹਸਤੀ ਅਕਾਲ ਪੁਰਖ ਦਾ ਪ੍ਰਗਟ ਸਰੂਪ ਹੈ। ਮਨੁੱਖਾ ਜਨਮ 'ਗੋਬਿੰਦ ਮਿਲਣ ਕੀ ਬਰੀਆ' ਦਾ ਸੁਨਹਿਰੀ ਮੌਕਾ ਹੈ ਅਤੇ ਇਸ ਉੱਚਤਮ ਅਵਸਥਾ ਨੂੰ ਮਨੁੱਖ ਗੁਰ-ਸ਼ਬਦ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ। ਸ਼ਬਦ ਦੇ ਅਰਥ ਕੇਵਲ ਲਫ਼ਜ਼, ਅੱਖਰ, ਧੁਨੀ ਜਾਂ ਆਵਾਜ਼ ਦੇ ਹੀ ਨਹੀਂ ਹਨ ਬਲਕਿ ਇਹ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਗਟ ਸਤ੍ਾ ਹੈ :

**ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥**
**ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥**

(ਅੰਗ 756)

ਇਹ ਅਕਾਲ ਪੁਰਖ ਦੀ ਮਹਾਨ ਸਤ੍ਾ, ਸ਼ਬਦ ਸਰੂਪ, ਮਨੁੱਖ ਮਾਤਰ ਦੇ ਭ੍ਰਮ ਦੇ ਜਾਲ ਕੱਟ ਦੇਂਦੀ ਹੈ ਅਤੇ ਸਦਾ ਲਈ ਹਰ ਇਕ ਜੀਵ ਨੂੰ ਚਿੰਤਾ ਰਹਿਤ ਕਰ ਦੇਂਦੀ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ-ਸਰੂਪ, ਸ਼ਬਦ-ਗੁਰੂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰ ਇਕ ਸ਼ਬਦ, ਸਮੁੱਚੀ ਮਨੁੱਖਤਾ ਦੀ ਕਲਿਆਣਕਾਰੀ ਵਾਸਤੇ ਰੱਬੀ ਹੁਕਮ ਹੈ।

ਸਿੱਖ ਜਗਤ ਵਿਚ ਇਹ ਰਵਾਇਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਰੋਜ਼ਾਨਾ ਇਕ ਵਿਸ਼ੇਸ਼ ਮਰਯਾਦਾ ਅਨੁਸਾਰ ਗੁਰ-ਸ਼ਬਦ ਸੰਗਤਾਂ ਨੂੰ ਸਰਵਣ ਕਰਵਾਇਆ ਜਾਂਦਾ ਹੈ। ਇਸ ਨੂੰ ਗੁਰ-ਵਾਕ, ਮਹਾਂਵਾਕ ਜਾਂ ਹੁਕਮਨਾਮੇ ਦਾ ਨਾਮ ਦਿੱਤਾ ਜਾਂਦਾ ਹੈ। ਸਮੇਂ ਸਮੇਂ ਗੁਰਸਿੱਖ ਨੇ ਪੰਥਕ ਕਾਰਜਾਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਦੇ ਰੂਪ ਵਿਚ ਅਗਵਾਈ ਪ੍ਰਾਪਤ ਕੀਤੀ ਹੈ। ਜਦੋਂ ਕਦੇ ਵੀ ਖ਼ਾਲਸਾ ਪੰਥ 'ਤੇ ਭੀੜ ਦਾ ਸਮਾਂ, ਔਕੜਾਂ ਦਾ ਸਮਾਂ, ਦੁਬਿਧਾ ਦਾ ਸਮਾਂ ਜਾਂ ਦੁੱਖ ਦੀ ਘੜੀ ਆਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਹੁਕਮਨਾਮੇ ਦੇ ਰੂਪ ਵਿਚ ਨਿਰਣਾ ਕਰ ਦਿੱਤਾ। ਗੁਰੂ ਕਾ ਸਿੱਖ ਕੋਈ ਵੀ ਕਾਰਜ ਆਰੰਭ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਅਰਦਾਸ ਕਰਕੇ ਹੁਕਮਨਾਮਾ ਲਿਆ ਜਾਂਦਾ ਹੈ। ਅੱਜ ਸਿੱਖ ਦੇ ਬੱਚੇ ਦਾ ਜਨਮ-ਸੰਸਕਾਰ, ਅੰਮ੍ਰਿਤ-ਸੰਸਕਾਰ, ਵਿਆਹ-ਸੰਸਕਾਰ ਅਤੇ ਸਿੱਖ ਦਾ ਮ੍ਰਿਤਕ-ਸੰਸਕਾਰ ਇਹ ਸਭ ਹੁਕਮਨਾਮੇ ਦੀ ਰੌਸ਼ਨੀ ਵਿਚ ਪੂਰੇ ਹੁੰਦੇ ਹਨ। ਇਸ ਤੋਂ ਇਲਾਵਾ ਵੀ ਸਿੱਖ ਦੇ ਕਿਸੇ ਵੀ ਸੰਸਾਰਿਕ ਕਾਰਜ ਅਤੇ ਪਰਮਾਰਥੀ ਕਾਰਜਾਂ ਵਿਚ ਵੀ ਗੁਰੂ ਸਾਹਿਬ ਜੀ ਦੇ ਪਵਿੱਤ੍ਰ ਹੁਕਮਨਾਮੇ ਨਾਲ ਹੀ ਸੰਪੂਰਨ ਹੁੰਦੇ ਹਨ ਅਤੇ ਗੁਰਸਿੱਖ ਗੁਰੂ ਦਾ ਹੁਕਮਨਾਮਾ ਸੁਣ ਕੇ ਮਨ ਵਿਚ ਸੁਖੀ ਤੇ ਪ੍ਰਸੰਨ ਹੁੰਦਾ ਹੈ।

ਕੁਝ ਭੁੱਲੜ ਲੋਗ ਕਈ ਵਾਰ ਆਏ ਮੁਖਵਾਕ ਨੂੰ, ਜਿਸ ਵਿਚ ਆਪਣਾ ਮਨੋਰਥ ਪੂਰਾ ਹੁੰਦਾ ਨਾ ਦਿੱਸੇ ਤਾਂ ਉਹ ਉਸ ਹੁਕਮਨਾਮੇ ਨੂੰ ਠੀਕ ਨਾ ਸਮਝ ਕੇ ਕਈ ਵਾਰ ਅਗਿਆਨਤਾ ਵੱਸ ਮੁਖਵਾਕ ਠੀਕ ਨਹੀਂ, ਸ਼ਬਦ ਵੀ ਵਰਤ ਜਾਂਦੇ ਹਨ। ਕਈ ਵਾਰ ਗੁਰਮਤਿ ਮਰਯਾਦਾ ਤੋਂ ਸੱਖਣੇ ਪਾਠੀ ਸਿੰਘ ਆਪਣੀ ਮਰਜ਼ੀ ਨਾਲ ਪਰਿਵਾਰ ਵਾਲਿਆਂ ਨੂੰ ਖ਼ੁਸ਼ ਕਰਨ ਲਈ ਪਹਿਲਾਂ ਹੀ ਇਸ ਤਰ੍ਹਾਂ ਦਾ ਸ਼ਬਦ ਕੱਢ ਰੱਖਦੇ ਹਨ। ਕਈ ਵਾਰ ਤਾਂ ਮਨਮੱਤ ਦੀ ਹੱਦ ਹੀ ਕਰ ਦਿੰਦੇ ਹਨ। ਗੁਰੂ ਸਾਹਿਬ ਵਿਚ ਹੱਦ ਵੀ ਲਾ ਦਿੰਦੇ ਹਨ ਜੋ ਕਿ ਬਿਲਕੁਲ ਗੁਰ-ਮਰਯਾਦਾ ਤੋਂ ਉਲਟ ਹੈ ਅਤੇ ਮਨਮੱਤ ਹੈ।

ਇਹਨਾਂ ਵਹਿਮਾਂ ਭਰਮਾਂ 'ਚੋਂ ਕੱਢਣ ਲਈ ਹੁਕਮਨਾਮਾ ਸੱਚੀ ਰੌਸ਼ਨੀ ਬਖ਼ਸ਼ਿਸ਼ ਕਰਦਾ ਹੈ। ਪੁਰਾਤਨ ਸਮੇਂ ਤੋਂ ਹੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਅੰਮ੍ਰਿਤ ਵੇਲੇ ਜੋ ਪ੍ਰਕਾਸ਼ ਸਮੇਂ ਹੁਕਮਨਾਮਾ ਆਉਂਦਾ ਹੈ, ਉਸ ਦੀ ਵੀਚਾਰ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਵਿਚ ਹੁੰਦੀ ਹੈ। ਹੋਰ ਗੁਰੂ ਕੇ ਇਤਿਹਾਸਕ ਅਸਥਾਨਾਂ ਅਤੇ ਦੇਸ਼-ਵਿਦੇਸ਼ ਵਿਚ ਜਿਥੇ ਵੀ ਕੋਈ ਗੁਰੂ ਨਾਨਕ ਨਾਮ ਲੇਵਾ ਸਿੱਖ ਹੈ, ਉਥੇ ਹੀ ਉਸ ਨੇ ਗੁਰੂ ਕਾ ਅਸਥਾਨ ਬਣਾਇਆ ਹੋਇਆ ਹੈ ਅਤੇ ਉਸ ਵਿਚ ਅੰਮ੍ਰਿਤ ਵੇਲੇ ਆਏ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ। ਭਾਵੇਂ ਸਾਰੀ ਗੁਰਬਾਣੀ ਹੁਕਮ ਰੂਪ ਹੈ, ਪਰ ਪੁਰਾਤਨ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਜੋ ਹੁਕਮਨਾਮਾ ਲੈਣ ਦੀ ਵਿਧੀ ਹੈ, ਉਸ ਅਨੁਸਾਰ ਹਰ ਗੁਰਸਿੱਖ ਮੁਖਵਾਕ ਲੈਂਦਾ ਹੈ। ਸਮੁੱਚੀ ਗੁਰਬਾਣੀ ਗੁਰੂ ਰੂਪ ਹੈ, ਗੁਰਬਾਣੀ ਦੇ ਹਰ ਇਕ ਸ਼ਬਦ ਨੂੰ ਸਮਝਣ ਵਾਸਤੇ ਸਮੇਂ-ਸਮੇਂ ਵਿਦਵਾਨਾਂ ਨੇ ਗੁਰਬਾਣੀ ਦੇ ਸਟੀਕ ਲਿਖੇ ਹਨ, ਪਰ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਸਮੇਂ ਜੋ ਸ੍ਰੀ ਮੁਖਵਾਕ ਆਉਂਦਾ ਹੈ, ਇਸ ਸੰਬੰਧ ਵਿਚ ਵੀ ਕੁਝ ਵਿਦਵਾਨਾਂ ਨੇ ਉਪਰਾਲੇ ਕੀਤੇ ਹਨ, ਭਾਵ ਕਿ ਹੁਕਮਨਾਮਿਆਂ ਦੀ ਕਥਾ ਲਿਖਣਾ ਕੀਤੀ ਹੈ। ਇਹ ਜੋ ਹੁਕਮਨਾਮਿਆਂ ਦੀ ਵੀਚਾਰ ਨਾਲ ਸਬੰਧਤ ਕਈ ਸਟੀਕ ਛਪੇ ਹਨ, ਪਰ ਉਨ੍ਹਾਂ ਸਟੀਕਾਂ ਨਾਲੋਂ ਇਸ ਹੱਥਲੇ ਸਟੀਕ ਵਿਚ ਕੁਝ ਵਖਰੇ

ਵਾਂ ਹੈ। ਜਿਸ ਤਰ੍ਹਾਂ ਹਰ ਹੁਕਮਨਾਮੇ ਦੀ ਵੀਚਾਰ ਦੇ ਅਰੰਭ ਵਿਚ ਹੁਕਮਨਾਮੇ ਦੀ ਪਹਿਲੀ ਤੁਕ ਦੇ ਆਧਾਰ 'ਤੇ ਜੋ ਵਿਸ਼ਾ ਨਿਕਲਦਾ ਹੈ, ਉਸ ਵਿਸ਼ੇ ਨੂੰ ਪ੍ਰਾਕ੍ਰਥਨ ਦੇ ਰੂਪ ਵਿਚ ਲਿਖਿਆ ਹੈ ਅਤੇ ਸਬੰਧਤ ਹੁਕਮਨਾਮੇ ਦੇ ਵਿਸ਼ੇ ਨਾਲ ਗੁਰ-ਇਤਿਹਾਸ ਵਿਚੋਂ ਢੁਕਵੀਆਂ ਸਾਖੀਆਂ ਦਿੱਤੀਆਂ ਗਈਆਂ ਹਨ। ਸ਼ਬਦ ਦੇ ਹਰ ਪਦ ਦੇ ਵੱਖਰੇ-ਵੱਖਰੇ ਅਰਥ ਦਿੱਤੇ ਹਨ। ਅਰਥਾਂ ਦੇ ਨਾਲ ਭਾਵ ਅਰਥ ਵੀ ਦਿੱਤੇ ਹਨ। ਸਬੰਧਤ ਵਿਸ਼ੇ ਨਾਲ ਗੁਰਬਾਣੀ, ਕਬਿੱਤ ਸ੍ਵਯੇ ਭਾਈ ਗੁਰਦਾਸ ਜੀ ਆਦਿ ਵਿਚੋਂ ਪ੍ਰਮਾਣ ਦਿੱਤੇ ਹਨ।

ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਬਖ਼ਸ਼ਿਸ਼ ਕਰਕੇ ਸਿੰਘ ਸਾਹਿਬ ਜੀ ਨੂੰ ਹੱਥਲੀ ਪੁਸਤਕ ਲਿਖਣ ਦਾ ਉੱਦਮ ਬਖ਼ਸ਼ਿਆ ਹੈ। ਸਿੰਘ ਸਾਹਿਬ ਜੀ ਵੱਲੋਂ ਇਹ ਹੁਕਮਨਾਮਿਆਂ ਦੀ ਵੀਚਾਰ ਜੋ ਗੂਜਰੀ ਰਾਗ ਤੋਂ ਵਡਹੰਸ ਰਾਗ ਤਕ ਦੇ *44* ਹੁਕਮਨਾਮਿਆਂ ਦੀ ਵਿਚਾਰ ਪਹਿਲੀ ਪੋਥੀ ਵਿਚ ਲਿਖੀ ਹੈ, ਦੂਸਰੀ ਪੋਥੀ ਵਿਚ ਸੋਰਠਿ ਰਾਗੁ ਤੋਂ ਲੈ ਕੇ ਤਿਲੰਗ ਰਾਗੁ ਤੱਕ *80* ਹੁਕਮਨਾਮਿਆਂ ਦੀ ਵਿਚਾਰ ਹੈ। ਇਸ (ਮੁਖਵਾਕ ਪ੍ਰਕਾਸ਼ ਭਾਗ ਤੀਜਾ) ਭਾਵ ਤੀਜੀ ਪੋਥੀ ਵਿਚ ਸੂਹੀ ਰਾਗੁ ਤੋਂ ਲੈ ਕੇ ਬਿਲਾਵਲੁ ਰਾਗੁ ਤਕ *76* ਹੁਕਮਨਾਮਿਆਂ ਦੀ ਵਿਚਾਰ ਕੀਤੀ ਗਈ ਹੈ। ਇਨ੍ਹਾਂ ਤਿੰਨਾਂ ਪੋਥੀਆਂ ਵਿਚ *200* ਹੁਕਮਨਾਮਿਆਂ ਦੀ ਵਿਆਖਿਆ ਸੰਪੂਰਨ ਹੋਈ ਹੈ। ਇਹ ਵਿਆਖਿਆ ਸਮਝੋ ਕਿ ਵਿਦਿਆਰਥੀਆਂ ਨੂੰ ਤੇ ਨਵੀਨ ਗਿਆਨੀਆਂ ਨੂੰ ਰਾਹ ਦਿਖਾਉਣ ਦੀ ਤਰ੍ਹਾਂ ਹੈ। ਮੈਂ ਗੁਰੂ ਕੇ ਨਾਲ ਕਹਿ ਸਕਦਾ ਹਾਂ ਕਿ ਨਵੀਨ ਗਿਆਨੀਆਂ ਦੇ ਨਾਲ-ਨਾਲ ਕਥਾ ਵਾਚਕ ਗਿਆਨੀ ਸਿੰਘਾਂ ਤੇ ਸਭ ਵਿਦਵਾਨ ਸਿੰਘਾਂ ਨੂੰ ਕਾਫ਼ੀ ਕੁਝ ਨਵਾਂ ਪ੍ਰਾਪਤ ਹੋਵੇਗਾ। ਸਿੰਘ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਜੋ ਕਮਾਇਆ ਹੈ, ਜੋ ਗੁਰੂ ਕ੍ਰਿਪਾ ਨਾਲ ਖੋਜਾਂ ਕੀਤੀਆਂ ਹਨ, ਉਹ ਸਭ ਕੁਝ ਸੰਗਤਾਂ ਅੱਗੇ ਭੇਟ ਕਰ ਦਿੱਤਾ ਹੈ।

ਮੇਰੀ ਸਤਿਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਜੋਦੜੀ ਅਰਦਾਸ ਹੈ ਕਿ ਹਜ਼ੂਰ ਇਸ ਪਵਿੱਤਰ ਕਰਮ ਵਿਚ ਇਨ੍ਹਾਂ ਨੂੰ ਹੋਰ ਉੱਦਮ ਅਤੇ ਉਤਸ਼ਾਹ ਬਖ਼ਸ਼ਣ ਤਾਂਕਿ ਸਿੰਘ ਸਾਹਿਬ ਜੀ ਗੁਰਬਾਣੀ ਪ੍ਰੇਮੀਆਂ ਦੀ ਨਿੱਗਰ ਸੇਵਾ ਕਰ ਸਕਣ।

ਗੁਰੂ ਪੰਥ ਦਾ ਦਾਸ :

ਗਿ: ਅਮਰਜੀਤ ਸਿੰਘ ਕਥਾਵਾਚਕ **(M.A. Religion)**

ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ।

# ਸਿੰਘ ਸਾਹਿਬ ਗਿ: ਮੱਲ ਸਿੰਘ ਜੀ ਬਾਰੇ

ਸਿੱਖੀ ਤੇ ਸਿਧਾਂਤਾਂ ਦੇ ਕਲਮ 'ਚ ਪੈਗ਼ਾਮ ਭਰੇ,
ਲਿਖਦੇ ਨੇ ਗੁਰੂ ਜਸ ਰਹਿਮਤਾਂ ਦੇ ਨਾਲ ਜੀ।
ਪਹਿਲੀ ਰਤਨਾਂ ਦੇ ਬਾਰੇ, ਦੂਜੀ ਗ੍ਰਿਹਸਤ ਪ੍ਰਧਾਨ ਦੱਸੇ,
ਦੋਨੋਂ ਵਿਸ਼ਾ ਪ੍ਰਬੋਧ, ਨਾਨਕ ਪ੍ਰਕਾਸ਼ ਵਿਸ਼ਾਲ ਜੀ।
ਅੱਗੇ ਦਸ ਗੁਰ ਜੋਤ, ਸ਼ਬਦ-ਗੁਰੂ ਗੁਰ ਜਾਣੀਐ,
ਭਾਗ ਪਹਿਲਾ, ਦੂਜਾ, ਮੁਖਵਾਕ ਪ੍ਰਕਾਸ਼ ਕਮਾਲ ਜੀ।
ਕਥਾ ਪ੍ਰਮਾਣ ਸਾਗਰ, ਬਾਰਹ ਮਾਹਾ ਪ੍ਰਮਾਣ ਸਭੇ,
ਦਸਮ ਗ੍ਰੰਥ ਬੋਧ ਪਹਿਲਾ, ਰਚਨਾ ਬੇਮਿਸਾਲ ਜੀ।
ਹਰਿ ਕੀ ਕਥਾ ਤਾਂ ਸਾਰੀ ਹਰੀ ਦੀ ਵਿਚਾਰ ਦੱਸੇ,
ਤੀਜਾ ਮੁਖਵਾਕ ਪ੍ਰਕਾਸ਼ ਸਭੇ ਹੁਕਮਾਂ ਦਾ ਹਾਲ ਜੀ।
ਚੱਲਦੀ ਤਿਆਰੀ ਦਸਮ ਗ੍ਰੰਥ ਬੋਧ ਦੂਜਾ,
ਸਾਖੀ ਪ੍ਰਮਾਣ ਦੀ ਅੱਗੇ ਚੱਲਦੀ ਹੈ ਭਾਲ ਜੀ।
ਮਿਹਨਤ ਮੁਸ਼ੱਕਤ ਨਾਲ ਲਿਖਣ ਦੀ ਵੀ ਸੇਵਾ,
ਸੱਚਖੰਡ ਹਰਿਮੰਦਰ ਸਾਹਿਬ ਚੱਲੇ ਡਿਊਟੀ ਨਾਲੋਂ ਨਾਲ ਜੀ।
ਦਿਨ ਰਾਤ ਇਕ ਕਰ ਸਿੱਖ ਇਤਿਹਾਸ ਲਿਖਦੇ,
ਕਰਦੇ ਸੰਪਾਦਨਾ ਅਮਰਜੀਤ ਸਿੰਘ ਲਾਲ ਜੀ।
ਬਰੀਕੀਆਂ ਘੋਖ-ਘੋਖ ਲਿਖਦੇ ਹਨ ਸੋਧ ਕੇ,
ਇਤਿਹਾਸਕ ਗ੍ਰੰਥ ਸਭੇ ਰੱਖੇ ਨੇ ਸੰਭਾਲ ਜੀ।
ਪਿਆਰ ਨਾਲ ਛਾਪਦੇ ਚਤਰ ਸਿੰਘ ਜੀਵਨ ਸਿੰਘ,
ਸਾਂਭਦੇ ਲਿਖਤਾਂ ਜਿਉਂ ਪੁੱਤ ਰੱਖੇ ਪਾਲ ਜੀ।

ਕਿਰਪਾ ਹੈ ਇਹ ਸਾਰੀ ਸੱਢੀ ਸੁਲਤਾਨ ਜੀ ਦੀ,
ਗੋਦ 'ਚ ਬਿਠਾਇਆ ਗਿ: ਮੱਲ ਸਿੰਘ ਬਾਲ ਜੀ।
ਬਾਬਾ ਬੁੱਢਾ ਜੀ ਦੀ ਪਦਵੀ 'ਤੇ ਸੁਭਾਇਮਾਨ,
ਸਿੰਘ ਸਾਹਿਬ ਬਖ਼ਸ਼ਸ਼ਾਂ ਦੇ ਨਾਲ ਮਾਲੋ ਮਾਲ ਜੀ।
ਧਰਮ ਪਤਨੀ ਗੁਰਮੇਲ ਕੌਰ ਸੇਵਾ ਦੇ ਮੂਰਤ ਪੂਰੇ,
ਗੁਰਸਿੱਖਾਂ ਦੀ ਸੇਵਾ ਦੀ ਰਹਿੰਦੀ ਮਨੋਂ ਕਾਹਲ ਜੀ।
ਅਮਰਜੀਤ ਸਿੰਘ ਪੁੱਤ ਕਥਾ ਵਾਚਕ ਨੇ ਪੰਥ ਦੇ,
ਨੂੰਹ ਕਰਮਜੀਤ ਕੌਰ ਚੱਲੇ ਪਿਤਾ ਵਾਲੀ ਚਾਲ ਜੀ।
ਪੁੱਤ ਅਮਨਦੀਪ ਸਿੰਘ ਤੇ ਗੁਰਚਰਨ ਕੌਰ ਨੂੰਹ ਦੂਜੀ,
ਪੋਤਰਾ ਸਿਮਰਨਜੀਤ ਸਿੰਘ ਲਾਲ ਤੇ ਗੁਲਾਲ ਜੀ।
ਜੱਦੀ ਪਿੰਡ ਤਾਜੋਕੇ ਹੈ, ਵੱਸੇ ਬਰਨਾਲੇ ਆ ਕੇ,
ਫਲ ਸੇਵਾ ਭਾਵਨਾ ਸਭ ਕੀਤੀ ਬੜੀ ਘਾਲ ਜੀ।
ਕੌਮ ਦੀ ਸੇਵਾ ਦੇ ਨਾਲ ਆਪਣੇ ਪਰਿਵਾਰ ਨੂੰ ਵੀ,
ਸਿੱਖੀ ਨਾਲ ਜੋੜਨ ਦਾ ਰੱਖਦੇ ਨੇ ਖ਼ਿਆਲ ਜੀ।
ਸਾਰੇ ਪਰਿਵਾਰ ਦੀ ਤਾਂ ਭਾਵਨਾ ਹੈ ਇੱਕੋ ਬਸ,
ਗੁਰਾਂ ਰਹਿਤ-ਬਹਿਤ ਦੇਵੀਂ, ਰੱਖੀਂ ਚਰਨਾਂ ਦੇ ਨਾਲ ਜੀ।
ਦੇਹ ਨੂੰ ਅਰੋਗ ਰੱਖੀਂ, ਬੁੱਧੀ ਤੇ ਸੁਮੱਤ ਦੇਵੀਂ,
ਲਿਖਣ ਦਾ ਅੱਗੇ ਹੋਰ ਵੱਧ ਜੇ ਉਬਾਲ ਜੀ।
ਚੜ੍ਹਦੀ ਕਲਾ 'ਚ ਰਹੇ ਇਹ ਵਿਦਵਾਨ ਸਦਾ,
ਗੁਰੂ ਗ੍ਰੰਥ ਸਾਹਿਬ ਤੁਸੀਂ ਰਹਿਓ ਦਇਆਲ ਜੀ।
ਕਲਮ ਨੂੰ ਸ਼ਬਦ ਦੇਵੀਂ ਬਖ਼ਸ਼ਿਸ਼ਾਂ ਦੀ ਸਿਆਹੀ,
ਏਹੋ ਅਰਦਾਸ ਕਰੇ 'ਫਰਵਾਹੀ ਸਤਪਾਲ' ਜੀ।

ਗਿਆਨੀ ਸਤਪਾਲ ਸਿੰਘ ਕਥਾਵਾਚਕ ਗੁ: ਗੁਰੂਸਰ ਕਾਉਂਕੇ ਪਾ: ਛੇਵੀਂ
ਸ਼੍ਰੋ: ਗੁ: ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪ੍ਰਬੰਧ ਅਧੀਨ
ਫ਼ੋਨ ਨੰ: 98147-32793

(ਸ੍ਰੀ ਮੁਖਵਾਕ ਨੰਬਰ ੧25) (ਆਦਿ ਅੰਗ 728)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥2॥ ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥ 3 ॥ ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥ 4 ॥੧॥

## ਪ੍ਰਾਕ੍ਰਥਨ :

ਸਤਿਕਾਰ ਯੋਗ ਗੁਰੂ ਸਵਾਰੀ ਸਾਧ ਸੰਗਤ ਜੀ ! ਇਹ ਪਾਵਨ ਪਵਿੱਤਰ ਮੁਖਵਾਕ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਪਾਵਨ ਸ਼ਬਦ ਅੰਦਰ ਗੁਰਦੇਵ ਨੇ ਸ਼ਬਦ ਦੇ ਆਦਿ ਵਿਚ ਦੁੱਧ ਰਿੜਕ ਕੇ ਮੱਖਣ ਕੱਢਣ ਦਾ ਜ਼ਿਕਰ ਕੀਤਾ ਹੈ।

## ਵਿਸ਼ਾ — ਸੰਤਹੁ ਮਾਖਨੁ ਖਾਇਆ :

ਮੱਖਣ ਪੰਜਾਬੀ ਭਾਸ਼ਾ ਦਾ ਸ਼ਬਦ ਹੈ, ਸੰਸਕ੍ਰਿਤ ਵਿਚ ਮੱਖਣ ਨੂੰ ਮਥਜ ਕਹਿੰਦੇ ਹਨ, ਹਿੰਦੀ ਵਿਚ ਇਸ ਦਾ ਨਾਮ ਮਾਖਨ ਹੈ। ਗੁਰਬਾਣੀ ਅੰਦਰ ਮਾਖਨੁ ਸ਼ਬਦ ਆਇਆ ਹੈ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅੰਦਰ ਮੱਖਣ ਸ਼ਬਦ ਆਇਆ ਹੈ।

ਯਥਾ — **ਪ੍ਰਥਮੈ ਮਾਖਨੁ ਪਾਛੈ ਦੂਧੁ**

(ਅੰਗ 900)

**ਸੰਤਹੁ ਮਾਖਨੁ ਖਾਇਆ.....**

**(ਅੰਗ ੧365)**

**ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।**

(ਭਾ: ਗੁਰਦਾਸ ਜੀ, ਵਾਰ ੧, ਪਉੜੀ 40)

ਮੱਖਣ ਨੂੰ ਗਰਮ ਕਰਕੇ ਘਿਰਤ ਬਣਾਇਆ ਜਾਂਦਾ ਹੈ। ਗੁਰਬਾਣੀ ਅੰਦਰ ਗੁਰਦੇਵ ਨੇ ਘਿਰਤ ਦੀ ਉੱਤਮਤਾ ਇਸ ਪ੍ਰਕਾਰ ਦਰਸਾਈ ਹੈ :

......**ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥**

(ਅੰਗ 473)

ਜਿਥੇ ਗੁਰਦੇਵ ਨੇ ਘਿਰਤੁ ਨੂੰ ਉੱਤਮ ਦੱਸਿਆ ਹੈ, ਉਥੇ ਮੱਖਣ ਨੂੰ ਵੀ ਪ੍ਰਭੂ ਪਿਆਰੇ ਸੰਤੁ ਜਨ ਉੱਤਮ ਮੰਨ ਕੇ ਖਾਂਦੇ ਹਨ :

**ਸੰਤਹੁ ਮਾਖਨੁ ਖਾਇਆ, ਛਾਛਿ ਪੀਐ ਸੰਸਾਰੁ ॥**

(ਭਗਤ ਕਬੀਰ ਜੀ, ਅੰਗ ੧365)

ਮੱਖਣ ਦੀ ਪ੍ਰਾਪਤੀ ਲਈ ਸੰਸਾਰ ਅੰਦਰ ਅੱਜ ਭਾਵੇਂ ਅਨੇਕਾਂ ਨਵੇਂ ਤਰੀਕੇ ਵਰਤੇ ਜਾਂਦੇ ਹਨ, ਪਰ ਭੂਤਕਾਲ ਅੰਦਰ ਮੱਖਣ ਕੱਢਣ ਦਾ ਇਕੋ ਹੀ ਤਰੀਕਾ ਸੀ। ਇਹ ਇਕ ਹੀ ਤਰੀਕਾ ਸੀ ਕਿ ਪਹਿਲਾਂ ਭਾਂਡਾ

ਸਾਫ਼ ਕਰ ਕੇ ਉਸ ਵਿਚ ਦੁੱਧ ਪਾਉਣਾ। ਫੇਰ ਜਾਗ ਲਾ ਕੇ ਜਮਾਉਣਾ। ਉਸ ਠੀਕ ਤਰ੍ਹਾਂ ਨਾਲ ਜੰਮੇ ਹੋਏ ਦੁੱਧ ਨੂੰ ਮਧਾਣੀ ਨਾਲ ਰਿੜਕ ਕੇ ਮੱਖਣ ਕੱਢਣਾ। ਸਿਆਣੀਆਂ ਬਜ਼ੁਰਗ ਮਾਤਾਵਾਂ ਸਹਿਜੇ ਸਹਿਜੇ ਦੁੱਧ ਰਿੜਕ ਕੇ ਮੱਖਣ ਕੱਢਿਆ ਕਰਦੀਆਂ ਸਨ, ਕਿਉਂਕਿ ਕਾਹਲੀ ਨਾਲ ਰਿੜਕਿਆ ਮੱਖਣ ਲੱਸੀ ਦੇ ਵਿਚ ਹੀ ਰਲ ਜਾਂਦਾ ਹੈ। ਜਿਸ ਤਰ੍ਹਾਂ ਪ੍ਰਤੱਖ ਭਾਂਡਾ ਠੀਕ ਨਾ ਧੋਤਾ ਹੋਵੇ ਅਤੇ ਜਾਗ ਵੀ ਠੀਕ ਤਰ੍ਹਾਂ ਲਗਾ ਕੇ ਨਾ ਜਮਾਇਆ ਜਾਵੇ, ਫੇਰ ਵੀ ਮੱਖਣ ਪੂਰਾ ਨਹੀਂ ਨਿਕਲਦਾ। ਇਸੇ ਤਰ੍ਹਾਂ ਅੰਤਹਕਰਣ ਰੂਪੀ ਭਾਂਡਾ ਸਾਫ਼ ਕਰ ਕੇ ਹੀ ਪੂਰਾ-ਪੂਰਾ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਹਿਰਦੇ ਰੂਪੀ ਅਥਵਾ ਸਰੀਰ ਰੂਪੀ ਭਾਂਡੇ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਅੰਦਰ ਕੀਤਾ ਹੈ। ਭੰਗਰ ਨਾਥ ਨੇ ਕਿਹਾ ਕਿ ਤੁਸਾਂ ਨੇ ਦੁੱਧ ਵਿਚ ਕਾਂਜੀ ਕਿਉਂ ਪਾਈ ਹੈ ? ਭਾਵ ਤੁਸਾਂ ਨੇ ਉਦਾਸੀ ਭੇਖ ਲਾਹ ਕੇ ਗ੍ਰਿਹਸਤੀਆਂ ਵਾਲਾ ਲਿਬਾਸ ਸਰੀਰ ਉਪਰ ਕਿਉਂ ਧਾਰਨ ਕਰ ਲਿਆ ਹੈ ? ਭੰਗਰ ਨਾਥ ਨੇ ਉਦਾਸੀ ਭੇਖ ਨੂੰ ਦੁੱਧ, ਗਿਆਨ ਨੂੰ ਮੱਖਣ ਅਤੇ ਗ੍ਰਿਹਸਤੀ ਪਹਿਰਾਵੇ ਨੂੰ ਕਾਂਜੀ ਕਿਹਾ ਹੈ। ਉੱਤਰ ਵਿਚ ਗੁਰਦੇਵ ਨੇ ਕਿਹਾ, ਹੇ ਭੰਗਰ ਨਾਥ ! ਤੇਰੀ ਮਾਂ (ਗੋਰਖ ਨਾਥ ਦੀ ਬੁੱਧੀ) ਕੁਚੱਜੀ ਸੀ, ਜਿਸ ਨੇ ਤੇਰੇ ਅੰਤਸ਼ਕਰਣ ਰੂਪੀ ਭਾਂਡੇ ਨੂੰ ਧੋਣਾ ਨਹੀਂ ਜਾਣਿਆ। ਉਸ ਦੇ ਕੁਚੱਜਪੁਣੇ ਕਰ ਕੇ ਤੇਰਾ ਭੇਖ ਰੂਪੀ ਫਲ ਸੜ ਗਿਆ ਹੈ। ਇਸ ਸਾਰੇ ਭਾਵ ਨੂੰ ਭਾਈ ਸਾਹਿਬ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ :

**ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।**
**ਪੁਛੇ ਜੋਗੀ ਭੰਗਰ ਨਾਥੁ 'ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ।**
**ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।**
**ਭੇਖ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ ?'**
**ਨਾਨਕ ਆਖੇ 'ਭੰਗਰਨਾਥਿ ! ਤੇਰੀ ਮਾਉ ਕੁਚਜੀ ਆਈ।**
**ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।**
**ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂੰ ਕੇ ਘਰਿ ਮੰਗਣ ਜਾਈ।**
**ਬਿਨੁ ਦਿਤੇ ਕਛੁ ਹਥਿ ਨ ਆਈ॥ 40 ॥**

(ਵਾਰ ੧, ਪਉੜੀ 40)

ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਕਵੀ ਸੰਤੋਖ ਸਿੰਘ ਜੀ ਨੇ ਜਿਥੇ ਸਿੱਧਾਂ ਨਾਲ ਚਰਚਾ ਸ਼ਿਵਰਾਤਰੀ ਦੇ ਮੇਲੇ 'ਤੇ ਅਚਲ (ਬਟਾਲੇ) ਦਾ ਪ੍ਰਸੰਗ ਕਥਨ ਕੀਤਾ ਹੈ, ਉਥੇ ਇਸ ਭਾਵ ਨੂੰ ਇਸ ਤਰ੍ਹਾਂ ਦਰਸਾਇਆ ਹੈ :

**ਭੰਗਰਨਾਥ ਭਨੈ ਅਤਿ ਮਾਨੀ। ਰੀਤਿ ਗਯਾਨ ਤੈਂ ਏਕ ਨ ਜਾਨੀ।**
**ਬਿਮਲ ਦੂਧ ਮਹਿ ਕਾਂਜੀ ਪਾਈ। ਸਗਰੋ ਫਿਟ ਗਯੋ ਦੂਧ ਗਵਾਈ॥ 44 ॥**

**ਬਹੁਰੋ ਮਥਨ ਕਰੈ ਜੋ ਤਾਂਹੀ। ਮਾਖਿਨ ਕਿਤ ਬਿਧ ਪਾਵੈ ਨਾਹੀ।**
**ਪੂਰਬ ਹੋਇ ਉਦਾਸੀ ਫਿਰਿਯੋ। ਭੇਖ ਫਕੀਰੀ ਤਨਮੈ ਕਰਯੋ॥ 45॥**

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ, ਧਿਆਏ 39)

ਭੰਗਰ ਨਾਥ ਨੂੰ ਉੱਤਰ ਦੇਦਿਆਂ ਧੰਨ ਗੁਰੂ ਨਾਨਕ ਦੇਵ ਜੀ ਨੇ ਇਹ ਬਚਨ ਉਚਾਰਨ ਕੀਤੇ ਹਨ :

**ਤੇਰੀ ਮਾਤ ਕੁਚੱਜੀ ਆਹੀ। ਭਾਂਡਾ ਧੋਵਨ ਜਾਨਯੋ ਨਾਹੀ।**
**ਯਾਤੇ ਮਾਖਨ ਹਾਥ ਨ ਆਵਾ। ਜਮਯੋ ਨ ਦੂਧ ਨ ਮਾਨ ਗਵਾਵਾ॥ 49॥**

(ਨਾਨਕ ਪ੍ਰਕਾਸ਼ ਉਤਰਾਰਧ, ਅਧਿਆਇ 39)

ਕਵੀ ਸੰਤੋਖ ਸਿੰਘ ਜੀ ਨੇ ਇਕ ਥਾਂ ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਦੇ 66ਵੇਂ ਅਧਿਆਏ ਅੰਦਰ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਆਤਮਕ ਮੰਡਲ ਕਰਮ ਖੰਡ ਵਾਸੀ ਭਗਤ ਪ੍ਰਹਿਲਾਦ ਦੇ ਮਿਲਾਪ ਦਾ ਜ਼ਿਕਰ ਕੀਤਾ ਹੈ, ਉਥੇ ਪ੍ਰਹਿਲਾਦ ਗੁਰੂ ਜੀ ਨੂੰ ਪੁੱਛਦਾ ਹੈ ਕਿ ਤੁਸਾਂ ਨੇ ਕਿਸ ਦਾ ਦੁੱਧ ਚੋਇਆ ਹੈ ਤੇ ਜਾਗ ਕਿਹੜਾ ਲਾ ਕੇ ਜਮਾਇਆ ਹੈ ਅਤੇ ਕਿਸ ਤਰ੍ਹਾਂ ਮੱਖਣ ਕੱਢਿਆ ਹੈ ? ਇਹ ਸਾਰਾ ਪ੍ਰਸੰਗ ਇਸ ਪ੍ਰਕਾਰ ਹੈ :

**ਕਾਂਕੋ ਦੂਧ ਚੋਇ ਕਰਿ ਲੀਨਾ। ਕੌਨ ਤਾਵ ਸੋ ਤਾਵਨ ਕੀਨਾ।**
**ਕੌਨ ਸਮਾਇਨ ਤਾਂ ਮਹਿ ਪਾਯਾ। ਕੌਨ ਥਾਨ ਦੁਧਿ ਰਾਖ ਜਮਾਇਆ॥ ੧0॥**
**ਕਿਸ ਬਿਧ ਮਥਿ ਕੈ ਕਾਢਿਯੋ ਮਾਖਨ। ਪੁਨ ਕੈਸੇ ਕੀਨੋ ਤੁਮ ਚਾਖਨ॥**
**ਕਹਿਯੇ ਸਭਿ ਮੋ ਕੋ ਬੀਚਾਰਾ। ਜਿਹ ਬਿਧ ਕੀਨੀ ਨੀਕੀ ਕਾਰਾ॥ ੧੧॥**

## ਦੋਹਰਾ॥

**ਬੋਲੇ ਸ੍ਰੀ ਨਾਨਕ ਤਬੈ ਤਨ ਬਾਸਨ ਕੋ ਧੋਇ।**
**ਧੇਨ ਖਿਮਾ ਕੇ ਪਾਸ ਤੇ ਦੂਧ ਸੰਤੋਖਹਿ ਚੋਇ॥ ੧2॥**

## ਚੌਪਈ॥

**ਤਨ ਤਾਪਨ ਕੋ ਤਾਵਨ ਤਾਯਾ। ਗੁਰ ਉਪਦੇਸ ਸਮਾਇਨ ਪਾਯਾ।**
**ਸਤਿ ਸੰਗਤ ਮਹਿ ਭਲੋ ਸਥਾਨਾ। ਰਾਖ ਜਮਾਯੋ ਤਹਾ ਸੁਜਾਨਾ॥ ੧3॥**
**ਮਨ ਬਿਚਾਰ ਕੀ ਮਥਨੀ ਕਰਕੈ। ਆਪਾ ਤਜਿਨ ਮਥਯੋ ਹਿਤ ਧਰਕੈ।**
**ਭਾਣਾ ਮੰਨਨ ਚਾਖ ਕਰ ਸਾਦਾ। ਤ੍ਰਿਪਤ ਭਏ ਸ੍ਰੀ ਗੁਰੂ ਪ੍ਰਸਾਦਾ॥ ੧4॥**
**ਸੁਨਿ ਪ੍ਰਹਿਲਾਦ ਭਗਤ ਅਸ ਬਾਨੀ। ਬੰਦਨ ਕੀਨਿ ਜੋਰ ਜੁਗ ਪਾਨੀ।**

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ, ਅਧਿਆਇ 66)

ਭਗਤ ਕਬੀਰ ਜੀ ਨੇ ਆਪਣੇ ਸਲੋਕਾਂ ਅੰਦਰ ਸੰਤ ਜਨਾਂ ਦੇ ਮੱਖਣ ਪ੍ਰਾਪਤ ਕਰ ਕੇ ਖਾਣ ਦਾ ਜ਼ਿਕਰ ਕੀਤਾ ਹੈ। ਨਾਲ ਹੀ ਸੰਸਾਰੀ ਲੋਕਾਂ ਦੇ ਲੱਸੀ ਪੀਣ ਦਾ ਕਥਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੩੬੫ ਉਪਰ ਗਿਣਤੀ ਸਲੋਕ ੧੮ ਅਤੇ ੧੯ ਅੰਦਰ ਇਹ ਭਾਵ ਪ੍ਰਗਟ ਕੀਤਾ ਹੈ। ਭਗਤ ਕਬੀਰ ਜੀ ੧੮ਵੇਂ ਸਲੋਕ ਅੰਦਰ ਦੱਸਦੇ ਹਨ ਕਿ ਮਾਇਆ (ਰਚਿਤ ਸਰੀਰ) ਦੁੱਧ ਪਾਵਣ ਵਾਲੀ ਮਾਨੋ ਚਾਟੀ ਹੈ, ਜਿਸ ਵਿਚ ਨਿਸ਼ਕਾਮ ਕਰਮਾਂ ਰੂਪੀ ਦੁੱਧ ਨੂੰ ਗੁਰ ਉਪਦੇਸ਼ ਰੂਪੀ ਜਾਗ ਲਗਾ ਕੇ ਉਪਾਸਨਾ ਰੂਪੀ ਦਹੀਂ ਜਮਾਈ ਹੈ। ਸੁਆਸਾਂ ਰੂਪੀ ਮਧਾਣੀ ਨਾਲ (ਸੰਤ ਜਨ ਸਿਮਰਨ ਕਰਨ ਰੂਪੀ ਦੁੱਧ ਰਿੜਕ ਕੇ) ਬ੍ਰਹਮ ਗਿਆਨ ਰੂਪੀ ਮੱਖਣ ਨੂੰ ਖਾਂਦੇ ਹਨ। ਸੰਸਾਰੀ ਲੋਗ ਮਾਇਕੀ ਪਦਾਰਥਾਂ ਰੂਪੀ (ਅਥਵਾ) ਵਿਸ਼ੇ ਸੁੱਖ ਰੂਪੀ ਲੱਸੀ ਹੀ ਪੀਂਦੇ ਹਨ। ਅਗਲੇ ੧੯ਵੇਂ ਸਲੋਕ ਵਿਚ ਭਗਤ ਜੀ ਕਹਿੰਦੇ ਹਨ ਕਿ ਮਾਇਆ ਰਚਿਤ ਸਰੀਰ ਚਾਟੀ ਹੈ। ਸੰਤ ਜਨਾਂ ਦੇ ਸਿਮਰਨ ਨਾਲ ਮਿਲੇ ਸੁਆਸ ਠੰਡੇ ਬਰਫ਼ ਦੀ ਜਲਧਾਰਾ ਜੈਸੇ ਹਨ। ਜਿਨ੍ਹਾਂ ਨੇ ਸਿਮਰਨ ਕਰਨ ਰੂਪੀ ਦੁੱਧ ਰਿੜਕਿਆ ਹੈ, ਉਹਨਾਂ ਨੇ ਬ੍ਰਹਮ ਗਿਆਨ ਰੂਪੀ ਮੱਖਣ ਖਾਧਾ ਹੈ, ਹੋਰ ਜਗਿਆਸੂ ਉਹਨਾਂ ਦੀ ਸੰਗਤ ਨਾਲ ਮਿਲ ਕੇ ਸਿਮਰਨ ਦੁਆਰਾ ਖਾਣ ਵਾਲੇ ਬਣ ਰਹੇ ਹਨ।

ਭਾਵ ਕੋਈ ਵੀ ਕੰਮ ਚਾਹੇ ਆਰਥਕ ਹੈ, ਚਾਹੇ ਪਰਮਾਰਥਕ ਹੈ, ਜੁਗਤੀ ਤੋਂ ਬਿਨਾਂ ਸਿਰੇ ਨਹੀਂ ਚੜ੍ਹ ਸਕਦਾ। ਗਰਮੀ ਦੇ ਮੌਸਮ ਵਿਚ ਕਈ ਵਾਰੀ ਮਧਾਣੀ ਦੇ ਤੇਜ਼ ਵੇਗ ਨਾਲ ਮੱਖਣ ਵਿਚੇ ਹੀ ਪਿਘਲ ਜਾਂਦਾ ਹੈ। ਇਸ ਲਈ ਸੁਚੱਜੀਆਂ ਮਾਈਆਂ ਮੱਖਣ ਕੱਢਣ ਸਮੇਂ ਠੰਡਾ ਪਾਣੀ ਪਾ ਕੇ ਪੂਰਾ ਮੱਖਣ ਕੱਢ ਲੈਂਦੀਆਂ ਹਨ। ਇਸ ਨੂੰ ਭਗਤ ਕਬੀਰ ਜੀ ਨੇ 'ਪਵਨੁ ਵਹੈ ਹਿਵ ਧਾਰ' ਦੱਸਿਆ ਹੈ :

**ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥**
**ਸੰਤਹੁ ਮਾਖਨੁ ਖਾਇਆ, ਛਾਛਿ ਪੀਐ ਸੰਸਾਰੁ ॥ ੧8 ॥**
**ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ ॥**
**ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ ॥ ੧9 ॥**

(ਅੰਗ ੧365)

ਭਗਤ ਕਬੀਰ ਜੀ ਨੇ ਇਕ ਥਾਂ ਆਸਾ ਰਾਗੁ ਅੰਦਰ ਵੀ ਇਸੇ ਤਰ੍ਹਾਂ ਦਾ ਰੂਪਕ ਅਲੰਕਾਰ ਬੰਨ੍ਹ ਕੇ ਇਕ ਸ਼ਬਦ ਅੰਦਰ ਉਪਦੇਸ਼ ਦਿੱਤਾ ਹੈ :

**ਸਨਕ ਸਨੰਦ ਅੰਤੁ ਨਹੀ ਪਾਇਆ ॥**
**ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥ ੧ ॥**
**ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥**
**ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥ ੧ ॥ ਰਹਾਉ ॥**
**ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥**
**ਇਸ ਮਟੁਕੀ ਮਹਿ ਸਬਦੁ ਸੰਜੋਈ ॥ 2 ॥**

**ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ॥**
**ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ॥ 3॥**
**ਕਹੁ ਕਬੀਰ ਨਦਰਿ ਕਰੇ ਜੇ ਮੀਰਾ॥**
**ਰਾਮ ਨਮ ਲਗਿ ਉਤਰੇ ਤੀਰਾ॥ 4॥**

(ਅੰਗ 478)

ਭਗਤ ਕਬੀਰ ਜੀ ਨੇ ਸੋਰਠਿ ਰਾਗੁ ਅੰਦਰ ਇਕ ਥਾਂ ਬੇਦਾਂ ਨੂੰ ਦੁੱਧ ਦਾ ਸੋਮਾ ਅਤੇ ਸਮੁੰਦਰ ਨੂੰ ਚਾਟੀ ਕਿਹਾ ਹੈ :

**ਜਾ ਕੇ ਨਿਗਮ ਦੂਧ ਕੇ ਠਾਟਾ॥ ਸਮੁੰਦੁ ਬਿਲੋਵਨ ਕਉ ਮਾਟਾ॥**
**ਤਾ ਕੀ ਹੋਹੁ ਬਿਲੋਵਨਹਾਰੀ॥ ਕਿਉ ਮੇਟੈਗੋ ਛਾਛਿ ਤੁਹਾਰੀ॥**

(ਅੰਗ 655)

## ਸਾਖੀ—ਦੁੱਧ ਰਿੜਕਣ ਦੀ

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਦੋ ਸਾਹਿਬਜ਼ਾਦੇ ਸਨ। ਇਕ ਬਾਬਾ ਦਾਸੂ ਜੀ, ਜਿਨ੍ਹਾਂ ਦਾ ਜਨਮ ਸੰਮਤ ੧੫੮੧ ਨੂੰ ਹੋਇਆ ਸੀ। ਦੂਜੇ ਬਾਬਾ ਦਾਤੂ ਜੀ ਸਨ, ਜਿਨ੍ਹਾਂ ਦਾ ਜਨਮ ਸੰਮਤ ੧੫੯੪ ਨੂੰ ਹੋਇਆ ਅਤੇ ਦੋ ਸਪੁੱਤਰੀਆਂ ਸਨ—ਬੀਬੀ ਅਮਰੋ ਜੀ, ਜਿਨ੍ਹਾਂ ਦਾ ਜਨਮ ਸੰਮਤ ੧੫੮੯ ਨੂੰ ਹੋਇਆ, ਦੂਸਰੀ ਬੀਬੀ ਅਨੋਖੀ ਜੀ, ਜਿਨ੍ਹਾਂ ਦਾ ਜਨਮ ਸੰਮਤ ੧੫੯੧ ਨੂੰ ਹੋਇਆ ਸੀ। ਬੀਬੀ ਅਮਰੋ ਜੀ ਦੀ ਸ਼ਾਦੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਭਾਈ ਜਸੂ ਜੀ ਨਾਲ ਹੋਈ ਸੀ। ਬੀਬੀ ਅਮਰੋ ਜੀ ਹਮੇਸ਼ਾ ਕੰਮ ਕਾਰ ਕਰਦਿਆਂ ਸਵੇਰੇ ਅੰਮ੍ਰਿਤ ਵੇਲੇ ਦੁੱਧ ਰਿੜਕਦਿਆਂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਣ ਬਾਣੀ ਪੜ੍ਹਦੀ ਰਹਿੰਦੀ ਸੀ :

**ਜਾਗਹਿ ਪਾਛਲ ਰਾਤ ਕੋ ਕਰਿ ਸੌਚ ਸਨਾਨਾ।**
**ਸ੍ਰੀ ਨਾਨਕ ਕੀ ਬਾਣੀ ਪਢਹਿ ਕਰਿ ਪ੍ਰੇਮ ਮਹਾਨਾ॥**

(ਗੁਰਪ੍ਰਤਾਪ ਸੂਰਜ ਗ੍ਰੰਥ)

ਇਸ ਗੁਰਬਾਣੀ ਨੇ ਸ੍ਰੀ ਅਮਰਦਾਸ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਇਆ ਸੀ।

**ਹੇ ਪੁਤਰੀ ਅਬਿ ਫੇਰ ਪਢ, ਮੁਝ ਦੇਹੁ ਸੁਨਾਈ।**
**ਗਰਿਯੋ ਹੁਤੋ ਮੈਂ ਅੰਮ੍ਰਿਤ ਕੀ, ਬੂੰਦੈ ਮੁਖਿ ਪਾਈ॥**

ਸ੍ਰੀ ਗੁਰੂ ਅਮਰਦਾਸ ਜੀ ਪਿੰਡ ਬਾਸਰਕੇ ਸੰਨ ੧੪੭੯ ਨੂੰ ਬਾਬਾ ਤੇਜ ਭਾਨ ਜੀ ਦੇ ਗ੍ਰਹਿ ਅਤੇ ਮਾਤਾ ਲੱਖੋ ਜੀ ਦੀ ਕੁੱਖੋਂ ਪ੍ਰਗਟੇ ਸਨ। ਪ੍ਰਿੰਸੀਪਾਲ ਸਤਿਬੀਰ ਸਿੰਘ ਦੀ ਲਿਖਤ ਪੁਸਤਕ 'ਪਰਬਤੁ ਮੇਰਾਣੁ' ਦੇ ਪੰਨਾ

੧੨ ਅਨੁਸਾਰ ਆਪ ਜੀ ਦੇ ਤਿੰਨ ਭਰਾ ਹੋਰ ਸਨ। ਗੁਰਦੇਵ ਬਾਬਾ ਤੇਜ ਭਾਨ ਜੀ ਦੇ ਵੱਡੇ ਸਪੁੱਤਰ ਸਨ।

ਦੂਜੇ ਭਾਈ ਈਸ਼ਰ ਦਾਸ ਜੀ ਸਨ, ਜਿਨ੍ਹਾਂ ਦੇ ਸਪੁੱਤਰ ਭਾਈ ਗੁਰਦਾਸ ਜੀ ਹੋਏ। ਸਿੱਖ ਸਿਧਾਂਤ, ਸਿੱਖਿਆ ਤੇ ਸਾਖੀ ਨੂੰ ਦਰਸਾਉਣ ਦਾ ਕੰਮ ਜਿਸ ਨਵੀਨ ਢੰਗ ਨਲ ਭਾਈ ਗੁਰਦਾਸ ਜੀ ਨੇ ਕੀਤਾ ਸੀ, ਉਸੇ ਕਾਰਨ ਉਨ੍ਹਾਂ ਦੀ ਰਚਨਾ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਾਬੀ' ਦਾ ਸਨਮਾਨ ਪੰਜਵੇਂ ਪਾਤਸ਼ਾਹ ਜੀ ਨੇ ਦਿੱਤਾ ਸੀ।

ਤੀਜੇ, ਬਾਬਾ ਖੇਮ ਰਾਇ ਜੀ ਹੋਏ, ਜਿਨ੍ਹਾਂ ਦੇ ਸਪੁੱਤਰ ਬਾਬਾ ਸਾਵਣ ਮੱਲ ਜੀ ਸਨ। ਬਾਬਾ ਸਾਵਣ ਮੱਲ ਜੀ ਨੂੰ ਹੀ ਬਖ਼ਸ਼ਿਸ਼ਾਂ ਦੇ ਕੇ ਗੁਰੂ ਅਮਰਦਾਸ ਜੀ ਨੇ ਹਰੀਪੁਰ ਰਿਆਸਤ ਵਿਚ ਗੋਇੰਦਵਾਲ ਦੀ ਹੁੰਦੀ ਉਸਾਰੀ ਵੇਲੇ ਇਮਾਰਤੀ ਲੱਕੜ ਲੈਣ ਭੇਜਿਆ ਸੀ।

ਚੌਥੇ, ਭਾਈ ਮਾਣਕ ਚੰਦ ਜੀ ਸਨ, ਜਿਨ੍ਹਾਂ ਦੇ ਸਪੁੱਤਰ, ਬਾਬਾ ਜਸੂ ਜੀ ਨਾਲ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਦਾ ਵਿਆਹ ਹੋਇਆ ਸੀ। ਇਸ ਹੋਏ ਰਿਸ਼ਤੇ ਤੋਂ ਇਹ ਸਪੱਸ਼ਟ ਪ੍ਰਗਟ ਹੁੰਦਾ ਹੈ ਕਿ ਬਾਬਾ ਤੇਜ ਭਾਨ ਜੀ ਦੀ ਉਪਮਾ ਤੇ ਸੋਭਾ ਸਮੁੱਚੇ ਸਮਾਜ ਵਿਚ ਸੀ। ਗੁਰੂ ਅੰਗਦ ਦੇਵ ਜੀ ਦਾ ਇਨ੍ਹਾਂ ਦੇ ਘਰ ਆਪਣੀ ਸਪੁੱਤਰੀ ਬੀਬੀ ਅਮਰੋ ਜੀ ਦਾ ਰਿਸ਼ਤਾ ਕਰਨਾ ਕੋਈ ਨਿੱਕੀ ਗੱਲ ਨਹੀਂ ਸੀ।

(ਪਰਬਤੁ ਮੇਰਾਣੁ, ਪੰਨਾ ੧੨)

ਬੀਬੀ ਅਮਰੋ ਜੀ ਹਰ ਵਕਤ ਕੰਮ-ਕਾਰ ਕਰਦਿਆਂ ਗੁਰੂ ਜੀ ਦੀ ਬਾਣੀ ਪੜ੍ਹਦੇ ਰਹਿੰਦੇ ਸਨ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਸ੍ਰੀ ਜਪੁ ਜੀ ਸਾਹਿਬ ਅਤੇ ਹੋਰ ਗੁਰਬਾਣੀ ਦੇ ਸ਼ਬਦ ਪੜ੍ਹਦੇ ਰਹਿੰਦੇ ਸਨ। ਇਕ ਦਿਨ ਜਿਸ ਸਮੇਂ ਗੁਰੂ ਅਮਰਦਾਸ ਜੀ ਨੂੰ ਬ੍ਰਹਮਚਾਰੀ ਨੇ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ ? ਕਿਸ ਪਾਸੋਂ ਦੀਖਿਆ ਲਈ ਹੈ ? ਤਾਂ ਉੱਤਰ ਦਿੱਤਾ ਸੀ ਕਿ ਹਾਲੇ ਪੂਰਨ ਗੁਰੂ ਲੱਭਿਆ ਨਹੀਂ। ਗੁਰ-ਇਤਿਹਾਸ ਦੇ ਬੋਲ ਹਨ :

**ਕਿਸ ਪ੍ਰਸੰਗ ਪਰ ਬਾਰਤਾ, ਬੋਲਿਯੋ ਬ੍ਰਹਮਚਾਰੀ॥**
**ਗੁਰੂ ਤੁਮਾਰੋ ਕਵਨ ਹੈ, ਕਿਮ ਦੀਖਿਆ ਧਾਰੀ॥**
**ਸੁਨਿ ਸ੍ਰੀ ਅਮਰ ਬਖਾਨਿਯੋ, ਗੁਰੂ ਮੋਹਿ ਨਾ ਪਾਇਉ॥**
**ਖੋਜ ਰਹਿਉ ਅਭਿਲਾਖ ਸਿਉ, ਕੋ ਨਹਿ ਦ੍ਰਿਸਟਾਇਉ॥**
**ਨਿਗੁਰੇ ਕੋ ਸੰਗੀ ਭਇਉ, ਕਿਯ ਖਾਨ ਰੂ ਪਾਨਾ॥**
**ਪੁੰਨ ਅਕਾਰਥ ਸਭ ਭਇ, ਮੁਝ ਚਿੰਤ ਮਹਾਨਾ॥**

ਗੁਰੂ ਅਮਰਦਾਸ ਜੀ ਨੂੰ ਤਾਂ ਉਸ ਦਿਨ ਤੋਂ ਅਜਿਹੀ ਚਟਪਟੀ ਲੱਗੀ ਜੋ ਰਾਤ ਦਿਨੇ ਸਤਿਗੁਰੂ ਦੀ ਖੋਜ ਵਿਚ ਲੱਗੇ ਫਿਰਨ। ਅਨੇਕ ਸਾਧੂ ਪੰਡਿਤ ਦੇਖੇ, ਪਰ ਦਿਲ ਕਿਸੇ ਥਾਂ ਨਾਲ ਪਤੀਜਿਆ ਤੇ ਐਡਾ ਤੀਬਰ ਵੈਰਾਗ ਹੋਇਆ ਜੋ ਕੋਈ ਕੰਮ ਜਾਂ ਸੰਬੰਧੀ ਅੱਛਾ ਨਾ ਲੱਗੇ ਤੇ ਨੇਤ੍ਰਾਂ ਤੋਂ ਜਲ ਚਲਿਆ ਆਵੇ।

ਗੁਰੂ ਅੰਗਦ ਜੀ ਦੀ ਬੇਟੀ ਬੀਬੀ ਅਮਰੋ ਜੀ ਹਰਿ ਰੋਜ਼ ਸਵੇਰੇ ਉਠ ਕੇ ਇਸ਼ਨਾਨ ਕਰਕੇ :

**ਜਾਗਹਿ ਪਾਛਲ ਰਾਤ ਕੋ ਕਰਿ ਸੌਚ ਸਨਾਨਾ।**
**ਸ੍ਰੀ ਗੁਰ ਨਾਨਕ ਕੀ ਬਾਣੀ ਪਢਹਿ ਕਰਿ ਪ੍ਰੇਮ ਮਹਾਨਾ।**

ਭਾਵ

ਉਹ ਅੰਮ੍ਰਿਤ ਵੇਲੇ ਹਰ ਰੋਜ਼ ਆਸਾ ਜੀ ਕੀ ਵਾਰ ਤੇ ਹੋਰ ਅਨੇਕ ਸ਼ਬਦ ਗੁਰੂ ਨਾਨਕ ਜੀ ਦੇ ਉਚਾਰੇ ਹੋਏ ਪ੍ਰੇਮ ਨਾਲ ਪੜ੍ਹਿਆ ਕਰਦੇ ਸਨ। ਇਕ ਦਿਨ ਉਹ ਪ੍ਰੇਮ ਨਾਲ ਦੁੱਧ ਰਿੜਕਦਿਆਂ ਇਹ ਸ਼ਬਦ ਪੜ੍ਹ ਰਹੇ ਸਨ :

ਮਾਰੂ ਮਹਲਾ ੧ ਘਰੁ ੧ ॥

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥ ੧॥**
**ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥ ੧॥ ਰਹਾਉ॥**
**ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥**
**ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥ 2॥**
**ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥**
**ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥ 3॥**
**ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ 4॥ 3॥**

(ਅੰਗ 990)

ਇਹ ਸ਼ਬਦ ਸੁਣ ਕੇ ਤਾਂ ਕੰਵਲ ਦੀ ਨਾਲ ਵਾਂਗੂੰ ਇਕ ਵਾਰੀ ਅਤਿਅੰਤ ਪ੍ਰੇਮ ਵੱਧ ਗਿਆ। ਸ਼ਬਦ ਰੂਪੀ ਤੀਰ ਨੇ ਅਜਿਹਾ ਘਾਇਲ ਕੀਤਾ ਕਿ ਹਰ ਵੇਲੇ ਇਹੋ ਆਖਣ, ਹੇ ਅੰਤਰਜਾਮੀ ! ਇਸ ਜ਼ਖ਼ਮ ਨੂੰ ਗੁਰ-ਉਪਦੇਸ਼ ਦੀ ਮੱਲ੍ਹਮ ਨਾਲ ਕਦੋਂ ਭਰੇਗਾ ਤੇ ਮੇਰਾ ਮਨ ਮਨੂਰ ਗੁਰੂ ਪਾਰਸ ਪਰਸ ਕੇ ਕਦ ਕੰਚਨ ਹੋਵੇਗਾ ? ਪਲ ਪਲ ਬਰਸ ਦੇ ਸਮਾਨ ਬੀਤਣ ਲੱਗਾ। ਉੱਤਮ ਮਨੁੱਖ ਦੇ ਲੱਖਣ ਪ੍ਰਗਟ ਹੋ ਆਏ। ਦੂਜੇ ਦਿਨ ਅੰਮ੍ਰਿਤ ਵੇਲੇ ਸ਼ਬਦ ਸੁਣਨ ਵਾਸਤੇ ਉਠ ਬੈਠੇ। ਜਦ ਆਪਣੇ ਵੇਲੇ ਸਿਰ ਸਹਿਜ ਭਾਵ ਪ੍ਰੇਮ ਭਰੀ ਰਸੀਲੀ ਬਾਣੀ ਗੁਰੂ ਜੀ ਦੀ ਬੇਟੀ ਬੀਬੀ ਅਮਰੋ ਪੜ੍ਹਨ ਲੱਗੇ ਤਾਂ ਜਿਉਂ-ਜਿਉਂ ਅਮਰਦਾਸ ਜੀ ਸੁਣਨ, ਤਿਉਂ-ਤਿਉਂ ਜਿੰਦ ਪੈਂਦੀ ਜਾਏ। ਜਦ ਉਹ ਪੜ੍ਹ ਚੁੱਕੇ ਤਾਂ ਇਨ੍ਹਾਂ ਫੇਰ ਬੀਬੀ ਜੀ ਨੂੰ ਆਖਿਆ, ਦੇਵੀ ! ਇਕ ਵਾਰੀ ਇਹੋ ਸ਼ਬਦ ਫੇਰ ਸੁਣਾ।

**ਹੇ ਪੁਤਰੀ ਅਬਿ ਫੇਰ ਪਢ, ਮੁਝ ਦੇਹੁ ਸੁਨਾਈ॥**
**ਮਰਿਯੋ ਹੁਤੋ ਮੈ, ਅੰਮ੍ਰਿਤ ਕੀ ਬੂੰਦੈ ਮੁਖ ਪਾਈ॥**

ਬੀਬੀ ਅਮਰੋ ਨੇ ਮੁੜ ਉਹੋ ਸ਼ਬਦ ਪੜ੍ਹਿਆ, ਫੇਰ ਤਾਂ ਅਮਰਦਾਸ ਜੀ ਪ੍ਰੀਤ ਨਾਲ ਸੁਣ ਕੇ ਅਜਿਹੇ ਮੋਹਿਤ ਹੋਏ ਜੋ ਅਮਰੋ ਨੂੰ ਆਖਣ ਲੱਗੇ, ਬੀਬੀ ! ਤੂੰ ਖਡੂਰ ਚੱਲ ਕੇ ਮੈਨੂੰ ਆਪਣੇ ਪਿਤਾ ਦੇ ਦਰਸ਼ਨ ਕਰਾ।

**ਚਿੰਤਾ ਚਿਤ ਤੇ ਦੀਨ ਹੁਇ, ਬਿਨਤੀ ਬਹੁ ਭਾਖੈ॥**
**ਦਿਵਸ ਨਾ ਬੀਤੇ ਦੁਖਿਤ ਬਹੁ, ਉਰ ਗੁਰ ਅਭਿਲਾਖੈ॥**

(ਗੁਰਪੁਰ ਪ੍ਰਕਾਸ਼, ਪੰਨਾ 363)

ਓੜਕ ਤੀਆਂ ਦੇ ਦਿਨਾਂ ਵਿਚ ਸੰਮਤ ੧੫੯੮ ਬਿ. ਨੂੰ ਜਦ ਬੀਬੀ ਅਮਰੋ ਜੀ ਖਡੂਰ ਸਾਹਿਬ ਆਏ ਤਾਂ ਸ੍ਰੀ ਅਮਰਦਾਸ ਜੀ ਭੀ ਉਨ੍ਹਾਂ ਦੇ ਨਾਲ ਆਏ। ਇਨ੍ਹਾਂ ਨੂੰ ਬੂਹੇ ਅੱਗੇ ਖੜੇ ਕਰ ਕੇ ਬੀਬੀ ਜੀ ਅੰਦਰ ਗਏ ਤਾਂ ਗੁਰੂ ਅੰਗਦ ਦੇਵ ਜੀ ਬੋਲੇ, ਬੀਬੀ ! ਸਾਥੀ ਨੂੰ ਕਿਉਂ ਪਿੱਛੇ ਛੱਡ ਆਈ ਹੈਂ ? ਗੁਰੂ ਅੰਗਦ ਦੇਵ ਜੀ ਨੂੰ ਸਰਬੱਗਯ ਸਮਝ ਕੇ ਸ੍ਰੀ ਅਮਰਦਾਸ ਜੀ ਦੇ ਮਨ ਨੂੰ ਧੀਰਜ ਆਇਆ। ਸ੍ਰੀ ਅਮਰਦਾਸ ਜੀ ਗੁਰੂ ਅੰਗਦ ਜੀ ਦੇ ਕੁੜਮ ਲੱਗਦੇ ਸਨ। ਇਸੇ ਲਈ ਅੰਦਰ ਬੁਲਾ ਕੇ ਜਦ ਉੱਠ ਕੇ ਕੁੜਮਾਚਾਰੀ (ਜੋ ਖੱਤ੍ਰੀਆਂ ਦਾ ਰਿਵਾਜ ਹੈ) ਕਰ ਕੇ ਗਲ ਮਿਲਣ ਲੱਗੇ ਤਾਂ ਸ੍ਰੀ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਚਰਨ ਫੜ ਲਏ ਅਤੇ ਆਖਿਓ ਨੇ, ਮੈਨੂੰ ਕੁੜਮ ਨਾ ਸਮਝੋ, ਮੈਂ ਤਾਂ ਤੁਹਾਡਾ ਦਾਸ ਹਾਂ।

**ਚਰਨ ਗਹੇ ਸ੍ਰੀ ਅਗਰ ਤਬ ਬੰਦਨ ਕੋ ਠਾਨੀ॥**
**ਉਚਿਤ ਨਹੀ ਗਲ ਮਿਲਨ ਕੇ ਲੇਹੁ ਦਾਸ ਪਛਾਨੀ॥ ੨੧॥**

(ਗੁਰਪੁਰ ਪ੍ਰਕਾਸ਼, ਅੰਗ 368)

ਪਰ ਗੁਰੂ ਜੀ ਨੇ ਆਦਰ ਭਾਉ ਨਾਲ ਬਿਠਾ ਕੇ ਸੁੱਖ ਅਨੰਦ ਪੁੱਛੀ ਤਾਂ ਉਸ ਸਮੇਂ, (ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ, ਗਿਆਨੀ ਗਿਆਨ ਸਿੰਘ ਜੀ ਅਨੁਸਾਰ) ਗੁਰੂ ਅਮਰਦਾਸ ਜੀ ਨੂੰ ਉਸ ਵੇਲੇ ਇਹ ਤੁਕ ਫੁਰ ਆਈ :

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥**

ਇਸ ਸਾਖੀ ਤੋਂ ਸਤਿਕਾਰਯੋਗ ਮਾਤਾਵਾਂ, ਭੈਣਾਂ, ਬੱਚੀਆਂ ਨੂੰ ਸਿੱਖਿਆ ਧਾਰਣ ਕਰਨੀ ਚਾਹੀਦੀ ਹੈ ਕਿ ਬੀਬੀ ਅਮਰੋ ਜੀ ਜਿਸ ਤਰ੍ਹਾਂ ਕੰਮ-ਕਾਰ ਕਰਦਿਆਂ, ਦੁੱਧ ਰਿੜਕਦਿਆਂ ਵੀ ਬਾਣੀ ਪੜ੍ਹਦੇ ਸਨ, ਸਾਨੂੰ ਵੀ ਇਸੇ ਤਰ੍ਹਾਂ ਪਾਵਨ ਗੁਰਬਾਣੀ ਪੜ੍ਹਨੀ ਚਾਹੀਦੀ ਹੈ। ਜੇ ਮਾਤਾਵਾਂ, ਭੈਣਾਂ ਆਪਣੇ ਘਰਾਂ ਅੰਦਰ ਇਸ ਤਰ੍ਹਾਂ ਬਾਣੀ ਪੜ੍ਹਨ ਤਾਂ ਨਾਲੇ ਆਪ ਦਾ ਭਲਾ ਅਤੇ ਨਾਲੇ ਪ੍ਰਵਾਰ ਦਾ ਭਲਾ। ਆਪਣੇ ਬੱਚਿਆਂ ਨੂੰ ਵੀ ਇਸ ਤਰ੍ਹਾਂ ਗੁਰਬਾਣੀ ਤੇ ਗੁਰੂ ਨਾਲ ਜੋੜਿਆ ਜਾ ਸਕਦਾ ਹੈ। 'ਸਭ ਪ੍ਰਵਾਰ ਚੜਾਇਆ ਬੇੜੇ'' ਵਾਲੀ ਗੁਰੂ ਬਖ਼ਸ਼ਿਸ਼ ਪ੍ਰਾਪਤ ਹੋ ਸਕਦੀ ਹੈ। ਸੰਪ੍ਰਦਾਈ ਵਿਚਾਰ ਅਨੁਸਾਰ ਹਜ਼ੂਰ ਦੇ ਪਾਸ ਸਿੱਧ ਆਏ ਅਤੇ ਬੇਨਤੀ

ਕੀਤੀ, ਜੀ ਅਸੀਂ ਹੱਠ ਜੋਗ ਕਰਦੇ ਹਾਰ ਗਏ ਹਾਂ। ਸਾਨੂੰ ਜੀਵਨ ਦੀ ਸਫਲਤਾ ਦਾ ਉਪਦੇਸ਼ ਬਖ਼ਸ਼ੋ। ਹਜ਼ੂਰ ! ਸਾਡੇ ਅੰਦਰ ਉਪਦੇਸ਼ ਠਹਿਰਦਾ ਕਿਉਂ ਨਹੀਂ ਹੈ ? ਤਾਂ ਗੁਰੂ ਜੀ ਨੇ ਦੱਸਿਆ ਕਿ ਤੁਹਾਡੇ ਅੰਦਰ ਤਿੰਨ ਦੋਸ਼ ਹਨ—ਮਲ, ਵਿਖੇਪ, ਅਵਰਨ। ਇਨ੍ਹਾਂ ਦੀ ਨਵਿਰਤੀ ਦਾ ਉਪਦੇਸ਼ ਹਜ਼ੂਰ ਦੁੱਧ ਰਿੜਕਣ ਦੇ ਰੂਪਕ ਅਲੰਕਾਰ ਦੁਆਰਾ ਇਸ ਸ਼ਬਦ ਰਾਹੀਂ ਦੇ ਰਹੇ ਹਨ :

### ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

### ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ ੧ ॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥ 2 ॥ ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥ 3 ॥ ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥ 4 ॥ ੧ ॥

(ਆਦਿ ਅੰਗ 728)

ਪਦ ਅਰਥ : ਚਉਪਦੇ- ਚਾਰ ਪਦਾਂ ਵਾਲੇ ਸ਼ਬਦ :

ਭਾਂਡਾ (ਅੰਤਸ਼ਕਰਣ)=ਭਾਂਡਾ। ਧੋਇ=ਧੋ ਕੇ। ਬੈਸਿ=ਬੈਠ ਕੇ। ਦੂਧੈ ਕਉ=ਦੁੱਧ ਲੈਣ ਲਈ। ਸਮਾਇਣੁ=ਜਾਗ। ਹੋਇ ਨਿਰਾਸ=(ਦੁਨਿਆਵੀ) ਆਸਾਂ, ਕੰਮ-ਕਾਜ ਆਦਿ ਮਾਇਕੀ ਧੰਧਿਆਂ ਤੋਂ ਨਿਰਲੇਪ ਹੋ ਕੇ। ਅਵਰਿ=ਹੋਰ। ਨਿਰਾਫਲ-ਵਿਅਰਥ, ਨਿਰਾਰਥਕ। ਕਾਮਾ=ਕੰਮ। ਈਟੀ=ਗੁੱਲੀ, ਜੋ ਪੰਜ ਛੇ ਇੰਚ ਲੰਮੀ ਅਤੇ ਡੇਢ ਦੋ ਇੰਚ ਮੱਧ ਭਾਗ ਤੋਂ ਮੋਟੀ ਹੁੰਦੀ ਹੈ। ਇਹ ਰਿੜਕਣ ਦੀ ਰੱਸੀ (ਹਨੇੜੇ) ਦੇ ਸਿਰੇ ਬੱਧੀ ਰਹਿੰਦੀ ਹੈ। ਦੋਹਾਂ ਸਿਰਿਆਂ ਪੁਰ ਬੰਨ੍ਹੀਆਂ ਈਟੀਆਂ ਨੂੰ ਹੱਥ ਵਿਚ ਫੜ ਕੇ ਨੇਤ੍ਰਾ ਮਧਾਣੀ ਨੂੰ ਲਪੇਟ ਕੇ ਘੁਮਾਈਦਾ ਹੈ ਜਿਸ ਤੋਂ ਮੱਖਣ ਨਿਕਲਦਾ ਹੈ (ਮਹਾਨ ਕੋਸ਼)। ਹਾਥਿ=ਹੱਥ ਵਿਚ। ਨੇਤ੍ਰਉ=ਨੇਤ੍ਰਾ,

ਮਧਾਣੀ ਨਾਲ ਵਲੇਟੀ ਹੋਈ ਰੱਸੀ। ਮਥੀਐ=ਰਿੜਕੀਦਾ ਹੈ। ਇਨ ਬਿਧਿ=ਇਨ੍ਹਾਂ ਤਰੀਕਿਆਂ ਨਾਲ। ਸੰਪਟੁ=ਢੱਕਣ ਵਾਲਾ ਡੱਬਾ। ਸਤ ਸਰਿ=ਸਤਿ ਦੇ ਸਰੋਵਰ ਵਿਚ ਭਾਵ ਸਾਧ ਸੰਗਤ ਵਿਚ। ਭਾਵਨ=ਭਾਵਨੀ, ਸ਼ਰਧਾ। ਤ੍ਰਿਪਤਿ ਕਰਿ=ਪ੍ਰਸੰਨ ਕਰੇ। ਪੂਜਾ ਪ੍ਰਾਣ=ਪ੍ਰਾਣਾਂ ਦੀ ਪੂਜਾ (ਪ੍ਰਯੰਤ)। ਰਵਤੁ ਰਹੈ=ਉਚਾਰਦਾ (ਸਿਮਰਦਾ) ਰਹੇ।

ਅਰਥ :

ਹੇ ਭਾਈ ! ਪ੍ਰਭੂ ਪਿਆਰੇ ਸੇਵਕ ਜਨੋਂ ! ਸਭ ਤੋਂ ਪਹਿਲਾਂ ਅੰਤਸ਼ਕਰਣ ਰੂਪੀ ਭਾਂਡਾ ਧੋ ਕੇ, ਬੈਠ ਕੇ ਉਸ ਨੂੰ ਧੁੱਪ ਵਿਚ ਚੰਗੀ ਤਰ੍ਹਾਂ ਸੁਕਾ ਕੇ ਚਮਕਾਓ ਤਦ ਦੁੱਧ ਲੈਣ ਜਾਓ। ਦੁੱਧ ਮਾਨੋ ਨਿਤ ਦੇ ਸ੍ਰੇਸ਼ਟ, ਭਾਵ ਚੰਗੇ ਕਰਮ ਹਨ ਅਥਵਾ ਨਿਸ਼ਕਾਮ ਕਰਮਾਂ ਰੂਪੀ ਦੁੱਧ ਹੈ, ਉਹ ਲੈਣਾ ਕਰੋ, (ਪ੍ਰਭੂ ਨਾਲ) ਸੁਰਤਿ (ਜੋੜਨੀ, ਇਹ ਦੁੱਧ ਨੂੰ) ਜਾਗ (ਲਾਓ) ਇਸ ਤਰ੍ਹਾਂ ਦੁਨਿਆਵੀ ਸੰਸਾਰਿਕ ਆਸ਼ਾ ਤੋਂ ਨਿਰਲੇਪ ਹੋ ਕੇ (ਦੁੱਧ ਨੂੰ) ਜਮਾਓ।

(ਹੇ ਭਾਈ ! ) ਇਕ ਨਾਮ ਜੱਪੋ। (ਨਾਮ ਤੋਂ ਸਿਵਾ) ਹੋਰ (ਜਿਤਨੇ) ਕੰਮ ਹਨ, ਇਹ ਵਿਅਰਥ ਹਨ।੧। ਰਹਾਉ।

(ਹੇ ਭਾਈ !) ਈਟੀਆਂ (ਫੜਨ ਵਾਂਗ ਆਪਣੇ) ਇਸ ਮਨ ਨੂੰ ਹੱਥ ਵਿਚ (ਭਾਵ ਵੱਸ ਵਿਚ) ਕਰੋ, ਫਿਰ (ਮਾਇਆ ਦੀ) ਨੀਂਦ ਨਾ ਆਵੇ, (ਇਹ) ਨੇਤ੍ਰਾ ਬਣਾਉ। ਰਸਨਾ ਨਾਲ (ਪ੍ਰਮੇਸ਼ਰ ਦਾ) ਨਾਮ ਜੱਪੋ, ਤਦ (ਇਹ ਸ਼ੁਭ ਕਰਮਾਂ ਰੂਪੀ ਦੁੱਧ) ਰਿੜਕਿਆ ਜਾਂਦਾ ਹੈ, ਇਹਨਾਂ ਤਰੀਕਿਆਂ ਨਾਲ (ਨਾਮ ਰੂਪੀ) ਅੰਮ੍ਰਿਤ ਪਾ ਲਵੋਗੇ। ੨।

(ਹੇ ਭਾਈ ! ਜੇਕਰ ਜਗਿਆਸੂ ਆਪਣੇ) ਮਨ ਨੂੰ ਡੱਬਾ ਬਣਾ ਕੇ ਇਸ ਵਿਚ ਪ੍ਰਭੂ ਦਾ ਨਾਮ ਰੂਪੀ ਜਲ ਇਕੱਠਾ ਕਰੇ, ਜਿਸ ਨਾਲ (ਉਸ ਦਾ) ਸਤਿਸੰਗ ਰੂਪੀ (ਸਰੋਵਰ) ਵਿਚ ਇਸ਼ਨਾਨ ਹੋਵੇ, ਸ਼ਰਧਾ ਰੂਪੀ ਪੱਤਰਾਂ ਨਾਲ (ਠਾਕਰ ਨੂੰ) ਪ੍ਰਸੰਨ ਕਰੇ। ਜੇ ਸੇਵਕ ਪ੍ਰਾਣਾਂ ਪ੍ਰਯੰਤ (ਪ੍ਰਭੂ ਦੀ) ਸੇਵ ਕਰਦਾ ਰਹੇ, ਇਹਨਾਂ ਤਰੀਕਿਆਂ ਨਾਲ ਸਿਮਰਨ ਕਰਨ ਵਾਲਾ ਮਨੁੱਖ ਰਸੀਆ ਬਣ ਕੇ ਨਿੱਤ ਨਵੇਂ ਮਾਲਕ ਨੂੰ (ਮਨ ਵਿਚ) ਮਾਣਦਾ ਰਹਿੰਦਾ ਹੈ।੩।

(ਹੇ ਪ੍ਰਭੂ !) ਕਹਿਣ ਵਾਲੇ ਭਾਵ ਗੱਲਾਂ ਕਰਨ ਵਾਲੇ, ਪ੍ਰਭੂ ਨੂੰ ਮਿਲਣ ਦੀਆਂ ਕਈ ਉਕਤੀਆਂ ਜੁਗਤੀਆਂ ਦੱਸਦੇ ਹਨ, (ਅਤੇ) ਸਭ ਦੱਸ ਦੱਸ ਕੇ (ਦੁਨੀਆਂ ਤੋਂ) ਚਲੇ ਜਾਂਦੇ ਹਨ (ਪਰ) ਉਨ੍ਹਾਂ ਨੂੰ ਤੇਰੀ ਪ੍ਰਾਪਤੀ ਨਹੀਂ ਹੁੰਦੀ, ਸੋ ਤੇਰੇ ਬਰਾਬਰ ਦਾ ਕੋਈ ਨਹੀਂ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਦੁਨੀਆਂ ਦੀ ਨਿਗ੍ਹਾ ਵਿਚ ਤਾਂ ਮੈਂ ਜਨ ਭਗਤੀ ਤੋਂ ਬਿਨਾਂ ਹਾਂ, ਪਰ ਉਸ ਸੱਚੇ ਨੂੰ ਸਲਾਹੁੰਦੇ ਹਾਂ, ਹੇ ਭਾਈ !

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਤੁਸੀਂ ਭੀ *ਉਸ ਨੂੰ* ਸਦਾ ਸਲਾਹੁੰ*ਣਾ* ਕਰੋ, *ਉਹ* ਪ੍ਰਮੇਸ਼ਰ ਹੀ ਸੱਚਾ ਹੈ।**੪।੧।

**ਵਾਹਿਗੁਰੂ ਜੀ ਕਾ ਖ਼ਾਲਸਾ॥**
**ਵਾਹਿਗੁਰੂ ਜੀ ਕੀ ਫਤਹਿ॥**

★★★
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧26 (ਆਦਿ ਅੰਗ 730)

## ਸੂਹੀ ਮਹਲਾ ੧ ॥

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥ ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥ ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥4॥6॥

## ਪ੍ਰਾਕ੍ਥਨ :

ਇਹ ਪਾਵਨ ਸ਼ਬਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਗੁਰਦੇਵ ਨੇ ਭਾਂਡੇ ਦਾ ਜ਼ਿਕਰ ਕੀਤਾ ਹੈ, ਪਰ ਭਾਂਡੇ ਤਾਂ ਭਾਵੇਂ ਅਨੇਕ ਤਰ੍ਹਾਂ ਦੇ ਹੁੰਦੇ ਹਨ। ਇਸ ਸ਼ਬਦ ਅੰਦਰ ਜਿਸ ਸਰੀਰ ਰੂਪੀ ਭਾਂਡੇ ਦਾ ਜ਼ਿਕਰ ਆਇਆ ਹੈ, ਇਨ੍ਹਾਂ ਸਾਰਿਆਂ ਸਰੀਰਾਂ ਰੂਪੀ ਭਾਂਡਿਆਂ ਦੇ ਬਣਾਉਣ ਵਾਲਾ ਉਹ ਆਪ ਹੈ। ਪਹਿਲਾਂ ਅਨੇਕ ਤਰ੍ਹਾਂ ਦੇ ਧਾਤਾਂ ਆਦਿ ਦੇ ਬਣੇ ਭਾਂਡਿਆਂ ਦੇ ਸੰਬੰਧ ਵਿਚ ਵਿਚਾਰ ਕਰੀਏ।

## ਵਿਸ਼ਾ — ਸਭ ਭਾਂਡੇ ਤੁਧੈ ਸਾਜਿਆ

ਭਾਂਡੇ ਤੋਂ ਭਾਵ ਹੈ ਬਰਤਨ, ਬਰਤਨ ਕਹੋ, ਭਾਂਡਾ ਕਹੋ, ਇਕੋ ਹੀ ਭਾਵ ਹੈ। ਭਾਂਡਿਆਂ ਦੀ ਉਪਜ ਵੀ ਵੱਖ-ਵੱਖ ਤਰ੍ਹਾਂ ਦੀ ਹੁੰਦੀ ਹੈ, ਭਾਂਡੇ ਵੀ ਵੱਖ-ਵੱਖ ਤਰ੍ਹਾਂ ਦੇ ਬਣਦੇ ਹਨ। ਭਾਂਡਿਆਂ ਦੇ ਨਾਮ ਵੀ ਵੱਖ-ਵੱਖ ਲਏ ਜਾਂਦੇ ਹਨ। ਭਾਂਡਿਆਂ ਵਿਚ ਜਿਨਸਾਂ ਭਾਵ ਵਸਤੂਆਂ ਵੀ ਭਾਂਡੇ ਅਨੁਸਾਰ ਵੱਖ-ਵੱਖ ਪਾਈਆਂ ਜਾਂਦੀਆਂ ਹਨ। ਭਾਂਡਿਆਂ ਦੀ ਉਪਜ ਮਿੱਟੀ ਦੇ ਬਰਤਨ ਤੋਂ ਲੈ ਕੇ ਸਭ ਤੋਂ ਉੱਤਮ ਸੋਨੇ ਦੇ ਬਰਤਨ ਤੱਕ ਕਹੀ ਜਾ ਸਕਦੀ ਹੈ। ਮਿੱਟੀ ਦੇ ਬਰਤਨ, ਲੋਹੇ ਦੇ ਬਰਤਨ, ਪਿੱਤਲ ਦੇ ਬਰਤਨ, ਕਾਂਸੀ ਦੇ ਬਰਤਨ, ਤਾਂਬੇ ਦੇ ਬਰਤਨ, ਚਾਂਦੀ ਦੇ ਭਾਂਡੇ ਅਤੇ ਸੋਨੇ ਆਦਿ ਦੇ ਭਾਂਡੇ ਕਹੇ ਜਾ ਸਕਦੇ ਹਨ। ਅਜੋਕੇ ਸਮੇਂ ਅੰਦਰ ਤਾਂ ਕਾਗ਼ਜ਼ ਅਤੇ ਪਲਾਸਟਿਕ ਆਦਿਕ ਦੇ ਬਰਤਨ ਵੀ ਹੋਂਦ ਵਿਚ ਆ ਗਏ ਹਨ। ਖ਼ਾਸ ਕਰ ਕੇ ਵਿਦੇਸ਼ਾਂ ਅੰਦਰ, ਅਮਰੀਕਾ, ਕਨੇਡਾ ਆਦਿ ਦੇਸ਼ਾਂ ਦੇ ਕੁਝ ਗੁਰੂ ਘਰਾਂ ਤੋਂ ਬਿਨਾਂ ਬਾਕੀ ਗੁਰੂ ਘਰਾਂ ਦੇ ਲੰਗਰ ਵਿਚ ਤੁਹਾਨੂੰ ਪ੍ਰਸ਼ਾਦਾ ਛਕਣ ਵਾਸਤੇ ਕਾਗ਼ਜ਼ ਦੀਆਂ ਥਾਲੀਆਂ, ਗਿਲਾਸ, ਮਿਲਣਗੇ। ਪਰਮ ਕਿਰਪਾਲੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਮ੍ਰਿਤ ਬਚਨ ਹਨ :

**ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥**
**ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥** (ਅੰਗ 730)

ਗੁਰਬਾਣੀ ਅੰਦਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਭੀ ਕਿਹਾ ਹੈ ਕਿ ਕਾਂਸੀ ਦਾ ਬਰਤਨ ਭਾਵ ਕਾਂਸੀ ਦਾ ਭਾਂਡਾ ਸੁੱਚਾ ਨਹੀਂ ਹੋ ਸਕਦਾ। ਕਾਂਸੀ ਦੇ ਬਰਤਨ ਨੂੰ ਸੁੱਚਾ ਕਰਨ ਵਾਸਤੇ ਭਾਵੇਂ ਕੋਈ ਸੈਂਕੜੇ ਵਾਰ ਧੋ ਕੇ ਸਾਫ਼ ਕਰਨਾ ਚਾਹੇ, ਫੇਰ ਵੀ ਉਸ ਨੂੰ ਸੁੱਚਾ ਨਹੀਂ ਮੰਨਿਆ ਜਾਂਦਾ।

**ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ ੧॥** (ਅੰਗ 729)

ਕੀ ਕਾਗ਼ਜ਼ ਦੇ ਭਾਂਡੇ ਸੁੱਚੇ ਹੋ ਸਕਦੇ ਹਨ ? ਕੋਈ ਸਮਾਂ ਸੀ ਲੰਗਰ ਵਿਚ ਬਰਤਨ ਰਾਖ ਨਾਲ ਜਾਂ ਰੇਤ ਨਾਲ ਮਾਂਜ ਕੇ ਸਾਫ਼ ਕੀਤੇ ਜਾਂਦੇ ਸਨ। ਅੱਜ ਤਾਂ ਕਿਸੇ ਵਿਰਲੇ ਗੁਰੂ ਘਰ ਦੇ ਲੰਗਰ ਵਿਚ ਹੀ ਬਰਤਨ

ਰਾਖ ਜਾਂ ਰੇਤ ਨਾਲ ਮਾਂਜੇ ਜਾਂਦੇ ਹਨ। ਕੁਝ ਸਮਾਂ ਪਹਿਲਾਂ ਲੋਹੇ ਦੇ ਬਰਤਨ ਲੰਗਰਾਂ ਵਿਚ ਵਰਤੇ ਜਾਂਦੇ ਸਨ, ਫੇਰ ਪਿੱਤਲ ਦੇ ਭਾਂਡੇ ਆ ਗਏ। ਇਹ ਸਾਰੇ ਬਰਤਨ ਰੇਤ ਜਾਂ ਰਾਖ ਨਾਲ ਹੀ ਸਾਫ਼ ਹੁੰਦੇ ਸਨ। ਵਰਤਮਾਨ ਸਮੇਂ ਅੰਦਰ ਤਾਂ ਬਹੁਤੀ ਗਿਣਤੀ ਵਿਚ ਸਟੀਲ ਦੇ ਬਰਤਨ ਹੀ ਵਰਤੇ ਜਾਂਦੇ ਹਨ, ਜੋ ਸਰਫ਼ ਜਾਂ ਸਾਬਣ ਆਦਿ ਨਾਲ ਹੀ ਸਾਫ਼ ਕਰ ਲਏ ਜਾਂਦੇ ਹਨ।

ਗੁਰਬਾਣੀ ਅੰਦਰ ਭਾਂਡਾ ਸ਼ਬਦ ਜਿੱਥੇ ਪ੍ਰਤੱਖ ਭਾਂਡੇ ਪ੍ਰਥਾਇ ਆਇਆ ਹੈ, ਉਥੇ ਗੁਰਬਾਣੀ ਵਿਚ ਹਿਰਦੇ ਨੂੰ ਜਾਂ ਸਰੀਰ ਨੂੰ ਵੀ ਭਾਂਡਾ ਕਥਨ ਕੀਤਾ ਹੈ। ਪਰਮ ਕਿਰਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸ੍ਰੀ ਆਸਾ ਕੀ ਵਾਰ ਦੇ ਅਖ਼ੀਰਲੇ ਸਲੋਕ ਅੰਦਰ ਇਸ ਤਰ੍ਹਾਂ ਕਥਨ ਕੀਤਾ ਹੈ :

**ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥**
**ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ॥**
**ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ॥**
**ਤਿਨ੍ਹਾ ਸਵਾਰੇ ਨਾਨਕਾ ਜਿਨ੍ਹ ਕਉ ਨਦਰਿ ਕਰੇ॥ ੧॥** (ਅੰਗ 475)

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸਲੋਕ ਦੇ ਆਰੰਭ ਵਿਚ ਪ੍ਰਤੱਖ ਦ੍ਰਿਸ਼ਟਾਂਤ ਦੇ ਕੇ ਸਾਨੂੰ ਸਮਝਾਂਦੇ ਹਨ ਕਿ ਜਿਸ ਤਰ੍ਹਾਂ ਘੁਮਿਆਰ ਇਕ ਮਿੱਟੀ ਦੇ ਵੱਖ-ਵੱਖ ਭਾਂਡੇ ਬਣਾਉਂਦਾ ਹੈ। ਉਹਨਾਂ ਭਾਂਡਿਆਂ ਵਿਚ ਵਸਤੂਆਂ ਵੀ ਵੱਖ-ਵੱਖ ਪਾਈਆਂ ਜਾਂਦੀਆਂ ਹਨ। ਕਿਸੇ ਵਿਚ ਦੁੱਧ ਅਤੇ ਕਿਸੇ ਵਿਚ ਕੋਈ ਹੋਰ ਵਸਤੂ ਪਾਈ ਜਾਂਦੀ ਹੈ, ਇਸੇ ਤਰ੍ਹਾਂ ਵਾਹਿਗੁਰੂ ਜੀ ਨੇ ਪੰਜਾਂ ਤੱਤਾਂ ਰੂਪੀ ਮਿੱਟੀ ਤੋਂ ਸਾਰੇ ਸਰੀਰਾਂ ਰੂਪੀ ਭਾਂਡੇ ਬਣਾਏ ਹਨ। ਇਨ੍ਹਾਂ ਸਰੀਰਾਂ ਰੂਪੀ ਭਾਂਡਿਆਂ ਵਿਚ ਕਰਮਾਂ ਅਨੁਸਾਰ ਸਭ ਨੂੰ ਦੁੱਖ ਸੁੱਖ ਵੱਖ-ਵੱਖ ਹੀ ਮਾਲਕ ਨੇ ਦਿੱਤੇ ਹਨ। ਇਸ ਭਾਵ ਨੂੰ ਹਜ਼ੂਰ ਨੇ ਇਸ ਤਰ੍ਹਾਂ ਦਰਸਾਇਆ ਹੈ :-

**ਇਕਿ ਨਿਹਾਲੀ ਪੈ ਸਵਨਿ ਇਕ ਉਪਰਿ ਰਹਨਿ ਖੜੇ॥** (ਆਸਾ ਦੀ ਵਾਰ)

ਅਤੇ ਇਸ ਤਰ੍ਹਾਂ ਭਗਤ ਕਬੀਰ ਜੀ ਨੇ ਵੀ ਆਸਾ ਰਾਗੁ ਅੰਦਰ ਕਥਨ ਕੀਤਾ ਹੈ :

**ਕੁਮ੍ਹਾਰੈ ਏਕ ਜੁ ਮਾਟੀ ਗੂੰਧੀ, ਬਹੁ ਬਿਧਿ ਬਾਨੀ ਲਾਈ॥**
**ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥ 2 ॥** (ਅੰਗ 479)

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਸਾ ਰਾਗੁ ਅੰਦਰ ਕਥਨ ਕੀਤਾ ਹੈ ਕਿ ਵਾਹਿਗੁਰੂ ਜੀ ਸੱਚਾ ਪਾਤਸ਼ਾਹ ਹੈ, ਜਗਤ ਸਾਰਾ ਉਸ ਦਾ ਵਣਜਾਰਾ ਹੈ। ਸਾਰੇ ਸਰੀਰ ਰੂਪੀ ਭਾਂਡੇ ਉਸ ਨੇ ਬਣਾਏ ਹਨ, ਕਰਮਾਂ ਅਨੁਸਾਰ ਸ਼ੁੱਭ ਅਸ਼ੁੱਭ ਵਸਤੂਆਂ ਇਨ੍ਹਾਂ ਭਾਂਡਿਆਂ ਵਿਚ ਪਾਈਆਂ ਹਨ। ਜੋ ਵਸਤੂ ਜਿਸ ਭਾਂਡੇ ਵਿਚ ਮਾਲਕ ਨੇ ਪਾਈ ਹੈ, ਉਹੋ ਵਸਤੂ ਉਸ ਭਾਂਡੇ ਵਿਚੋਂ ਨਿਕਲਦੀ ਹੈ, ਇਹ ਜੀਵ ਵਿਚਾਰਾ ਕੋਈ ਕੀ ਕਰ ਸਕਦਾ ਹੈ।

**ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ॥**
**ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ॥**

**ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ॥**
**ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ॥ 2॥**

(ਅੰਗ 450)

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਿਰੀਰਾਗੁ ਅੰਦਰ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ ਜੀ ! ਤੂੰ ਆਪਣੇ ਹੁਕਮ ਨਾਲ ਹੀ ਸਾਰੇ ਜੀਵ ਰੂਪੀ ਅਥਵਾ ਸਰੀਰਾਂ ਰੂਪੀ ਭਾਂਡਿਆਂ ਨੂੰ ਬਣਾਇਆ ਹੈ ਤੇ ਤੂੰ ਆਪ ਹੀ ਇਨ੍ਹਾਂ ਨੂੰ ਭੰਨ ਕੇ ਫਿਰ ਸੰਵਾਰਨ ਵਾਲਾ ਹੈਂ।

**ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ॥ 22॥** (ਅੰਗ 73)

**ਤਥਾ — ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥** (ਅੰਗ 62)

## ਸਾਖੀ — ਮੈਲੇ ਹਛੇ ਕਾ ਵੀਚਾਰੁ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਨ ੧699 ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਸਾਰੇ ਬਰਤਨ ਸਰਬ ਲੋਹ ਦੇ ਭਾਵ (ਲੋਹੇ ਦੇ) ਵਰਤੇ ਸਨ। ਸੰਸਾਰ ਦੇ ਅੰਦਰ ਵੱਖ-ਵੱਖ ਧਾਤਾਂ ਦੇ ਬਣੇ ਚੰਗੇ ਤੋਂ ਚੰਗੇ ਭਾਂਡਿਆਂ ਨੂੰ ਲੋਕ ਵਰਤਦੇ ਹਨ, ਪਰ ਸਭ ਤੋਂ ਕੀਮਤੀ ਸੋਨੇ ਦੇ ਭਾਂਡੇ ਨੂੰ ਮੰਨਿਆ ਜਾਂਦਾ ਹੈ। ਪਰ ਲੋਕ ਵਧੀਕ ਰੂਪ ਵਿਚ ਪਿੱਤਲ ਦੇ ਭਾਂਡਿਆਂ ਨੂੰ ਹੀ ਵਰਤਦੇ ਸਨ। ਇਸ ਤੋਂ ਬਿਨਾਂ ਹੋਰ ਕਾਂਸੀ ਦੇ ਭਾਂਡੇ ਅਤੇ ਤਾਂਬੇ ਦੇ ਭਾਂਡੇ ਆਦਿ ਪ੍ਰਚਲਿਤ ਸਨ। ਪਰ ਭਾਂਡਾ ਉਹੋ ਹੀ ਚੰਗਾ ਹੈ ਜਿਹੜਾ ਮਾਲਕ ਨੂੰ ਚੰਗਾ ਲੱਗੇ। ਇਸ ਲਈ ਮਾਲਕ ਚੋਜੀ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਨ੍ਹਾਂ ਸੰਸਾਰਿਕ ਭਾਂਡਿਆਂ ਵਿੱਚੋਂ ਸਰਬਲੋਹ ਦਾ ਭਾਂਡਾ ਹੀ ਚੰਗਾ ਲੱਗਿਆ। ਇਸ ਲਈ ਅੰਮ੍ਰਿਤ ਤਿਆਰ ਕਰਨ ਸਮੇਂ ਸਭ ਤੋਂ ਪਹਿਲਾਂ ਪ੍ਰਸਾਦਿ ਤਿਆਰ ਕਰਨ ਵਾਸਤੇ ਲੋਹੇ ਦੀ ਕੜਾਹੀ ਅਤੇ ਖੁਰਚਨਾ ਲਿਆ ਸੀ। ਲੋਹੇ ਦੀ ਬਾਲਟੀ, ਲੋਹੇ ਦੇ ਬਾਟੇ, ਲੋਹੇ ਦਾ ਗੜਵਾ ਅਤੇ ਲੋਹੇ ਦੇ ਵੱਡੇ ਬਾਟੇ ਵਿਚ ਜਲ ਪਾ ਕੇ ਆਪ ਜੀ ਨੇ ਬੀਰ ਆਸਣ ਬੈਠ ਕੇ ਪੰਜ ਬਾਣੀਆਂ ਲੋਹੇ ਦਾ ਖੰਡਾ ਫੇਰਦਿਆਂ ਪੜ੍ਹੀਆਂ ਸਨ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਇਹ ਪੰਜ ਬਾਣੀਆਂ ਇਹ ਸਨ :

**ਜਪੁ ਜੀ ਔ ਜਾਪੁ ਜੀ ਕੌ,**
**ਦਸਹੂੰ ਸ੍ਵੈਯੇ ਪੁਨ ਚੌਪਈ ਅਲਾਇ ਕੈ।**
**ਆਨੰਦ ਉਚਾਰ ਅਰਦਾਸ ਕਰਿ ਕੈ ਸੁਧਾਰ,**
**ਅੰਮ੍ਰਿਤ ਤਿਆਰ ਗੁਰੂ ਐਸ ਬਿਧਿ ਕੀਨੋ ਹੈ।**

(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੧575)

**ਪਠਯੋ ਪਾਠ ਜਪੁ ਜੀ ਅਰ ਜਾਪੁ ਜੀ ਆਪ ਸ੍ਵਯੇ ਚੌਪਈ ਅਨੰਦ॥**
**ਅੰਮ੍ਰਿਤ ਕੀਯੋ ਤਿਆਰ ਅਮਿਤ ਬਰ ਅਜਰ ਜਰਨ ਜਗ ਮਾਨੰਦ॥ 4॥**

(ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼)

ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਦਾ ਸਾਰਾ ਪ੍ਰਸੰਗ ਇਸ ਪ੍ਰਕਾਰ ਹੈ : ੧੬੯੯ ਦੀ ਵਿਸਾਖੀ ਨੂੰ ਕੇਸਗੜ੍ਹ ਦੀ ਪਵਿੱਤ੍ਰ ਧਰਤੀ 'ਤੇ ਦੀਵਾਨ ਸਜਿਆ ਹੋਇਆ ਸੀ। ਅੱਸੀ ਹਜ਼ਾਰ ਦੇ ਲਗਭਗ ਸੰਗਤਾਂ ਸੱਜੀਆਂ ਬੈਠੀਆਂ ਸਨ। ਸਟੇਜ ਦੇ ਪਿਛਲੇ ਪਾਸੇ ਸੁੰਦਰ ਤੰਬੂ ਲੱਗੇ ਹੋਏ ਸਨ। ਓਸੇ ਪਾਸਿਉਂ ਗੁਰੂ ਮਹਾਰਾਜ ਆਏ ਤੇ ਤੰਬੂ ਦਾ ਪਰਦਾ ਹਿੱਲਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਸਟੇਜ ਉੱਤੇ ਆ ਖਲੋਤੇ। ਹਜ਼ੂਰ ਦੇ ਸੀਸ 'ਤੇ ਸੁਨਹਿਰੀ ਚੱਕਰ, ਮੱਥੇ ਉੱਤੇ ਹੀਰਿਆਂ ਨਾਲ ਜੜੀ ਕਲਗੀ, ਨੇਤਰ ਬੀਰ ਰਸ ਵਿਚ ਸੁਰਖ਼, ਚਿਹਰਾ ਕੁਝ ਰੋਹ ਵਿਚ ਤਣਿਆ ਹੋਇਆ ਤੇ ਸੱਜੇ ਹੱਥ ਵਿਚ ਬਿਜਲੀ ਵਾਂਗ ਚਮਕਦੀ ਨੰਗੀ ਤਲਵਾਰ ਸੀ।

ਕੁਝ ਦੇਰ ਗੁਰਦੇਵ ਚੁੱਪ-ਚਾਪ ਸੰਗਤਾਂ ਵੱਲ ਵੇਖਦੇ ਰਹੇ। ਸੱਜੇ ਹੱਥ ਵਿਚ ਸੂਤੀ ਹੋਈ ਤਲਵਾਰ ਲਹਿਰਾ ਰਹੀ ਸੀ। ਉਸ ਵੇਲੇ ਹਜ਼ੂਰ ਦਾ ਸਰੀਰ ਜ਼ਰਾ ਕੁ ਬੀਰ ਰਸ ਵਿਚ ਸੀ ਤੇ ਮੁੱਖੋਂ ਗਰਜਵੀਂ ਆਵਾਜ਼ ਆਈ, "ਸੰਗਤ ਜੀ ! ਸਾਨੂੰ ਇਕ ਸਿਰ ਦੀ ਲੋੜ ਹੈ। ਉਠੋ ਕੋਈ ਗੁਰੂ ਕਾ ਸਿੱਖ, ਜਿਹੜਾ ਖ਼ੁਸ਼ੀ ਨਾਲ ਸੀਸ ਭੇਟ ਕਰੇ।"

"ਸੀਸ ਭੇਟ ?" ਇਹ ਅਨੋਖੀ ਮੰਗ ਸੁਣ ਕੇ ਸੰਗਤਾਂ ਹੈਰਾਨ ਰਹਿ ਗਈਆਂ। ਦੋ ਮਿੰਟ ਬੀਤ ਗਏ। ਸੰਗਤ ਵਿੱਚੋਂ ਕੋਈ ਜਵਾਬ ਨਾ ਆਇਆ।

"ਏਨੀ ਦੇਰ ?" ਗੁਰਦੇਵ ਨੇ ਪਹਿਲਾਂ ਨਾਲੋਂ ਵੀ ਉੱਚੀ ਸੁਰ ਵਿਚ ਕਿਹਾ, "ਕੋਈ ਉਠੋ ਗੁਰਸਿੱਖ ਜਿਹੜਾ ਸਿਰ ਦੇਣ ਲਈ ਤਿਆਰ ਹੋਵੇ।" ਇਕ ਸਿੱਖ ਉਠਿਆ "ਸੱਚੇ ਪਾਤਸ਼ਾਹ !" ਭਾਈ ਦਇਆ ਰਾਮ ਨੇ ਹੱਥ ਜੋੜ ਕੇ ਕਿਹਾ, "ਭੁੱਲ ਹੋ ਗਈ, ਪਹਿਲੇ ਹੁਕਮ ਨਾਲ ਉਠਿਆ ਨਹੀਂ। ਸੀਸ ਹਾਜ਼ਰ ਹੈ।" ਸਿਰ ਝੁਕਾ ਕੇ ਉਹ ਗੁਰਦੇਵ ਵੱਲ ਵੱਧ ਤੁਰਿਆ।

ਗੁਰਦੇਵ ਉਸ ਨੂੰ ਬਾਹੋਂ ਫੜ ਕੇ ਤੰਬੂ ਵਿਚ ਲੈ ਗਏ। ਹਜ਼ੂਰ ਨੇ ਭਾਈ ਦਇਆ ਰਾਮ ਦਾ ਸਿਰ ਕਲਮ ਕੀਤਾ। ਲਹੂ ਨਾਲ ਲਿੱਬੜੀ ਤਲਵਾਰ ਲੈ ਕੇ ਦੂਸਰੇ ਸਿਰ ਦੀ ਮੰਗ ਕੀਤੀ। ਦੂਸਰਾ ਹੁਕਮ ਸੁਣ ਕੇ ਭਾਈ ਧਰਮ ਚੰਦ ਉਠਿਆ। ਉਸ ਨੇ ਹੱਥ ਜੋੜ ਕੇ ਸਾਹਮਣੇ ਆ ਸੀਸ ਝੁਕਾਇਆ। "ਗੁਰਦੇਵ ! ਸਿਰ ਅਰਪਨ ਕਰਨ ਵਿਚ ਦੇਰ ਹੋ ਗਈ, ਖਿਮਾ ਕਰਨਾ। ਸਿਰ ਹਾਜ਼ਰ ਹੈ।" ਗੁਰਦੇਵ ਧਰਮ ਚੰਦ ਨੂੰ ਬਾਹੋਂ ਫੜ ਕੇ ਤੰਬੂ ਵਿਚ ਲੈ ਗਏ।

ਪਹਿਲਾਂ ਵਾਂਗ ਭਾਈ ਧਰਮ ਚੰਦ ਦਾ ਵੀ ਸਿਰ ਕਲਮ ਕੀਤਾ।

ਬਹੁਤ ਸਾਰੇ ਲੋਕ ਦੀਵਾਨ ਵਿੱਚੋਂ ਉਠ ਨੱਸੇ। ਗੁਰਦੇਵ ਦੇ ਆਉਂਦਿਆਂ ਤਕ ਬਹੁਤ ਸਾਰਾ ਪੰਡਾਲ ਵਿਹਲਾ ਹੋ ਗਿਆ।

ਗੁਰਦੇਵ ਨੇ ਤੀਸਰੀ ਵਾਰ ਸਟੇਜ 'ਤੇ ਆ ਕੇ ਕਿਹਾ, ''ਇਕ ਸਿਰ ਹੋਰ ਚਾਹੀਦਾ ਹੈ। ਆਓ, ਕੋਈ ਗੁਰੂ ਕਾ ਲਾਲ ਸਿਦਕੀ ਸਿੱਖ।''

ਕੁਝ ਪਲਾਂ ਦੀ ਉਡੀਕ ਪਿਛੋਂ ਭਾਈ ਹਿੰਮਤ ਰਾਇ ਉਠ ਕੇ ਆ ਹਾਜ਼ਰ ਹੋਇਆ। ਓਸੇ ਤਰ੍ਹਾਂ ਗੁਰਦੇਵ ਉਸ ਨੂੰ ਵੀ ਅੰਦਰ ਲੈ ਗਏ। ਤੀਜਾ ਸਿਰ ਕਲਮ ਕੀਤਾ।

ਹੁਣ ਤਾਂ ਸੰਗਤਾਂ ਵਿਚ ਭਾਜੜ ਪੈ ਗਈ। ਮਸੰਦ ਬਹੁਤ ਹੀ ਘਬਰਾ ਗਏ। ਮਸੰਦ ਰਲ ਕੇ ਮਾਤਾ ਗੁਜਰੀ ਜੀ ਪਾਸ ਜਾ ਰੋਏ। ਉਹਨਾਂ ਆਪਣੀ ਰਾਏ ਪੇਸ਼ ਕੀਤੀ, ''ਮਾਤਾ ਜੀ ! ਗੁਰੂ ਮਹਾਰਾਜ ਸਿੱਖਾਂ ਦੇ ਸਿਰ ਕੱਟੀ ਜਾਂਦੇ ਹਨ। ਸਿੱਖੀ ਦਾ ਭਲਾ ਚਾਹੁੰਦੇ ਹੋ ਤਾਂ ਵੱਡੇ ਪੋਤਰੇ ਨੂੰ ਗੁਰ ਗੱਦੀ 'ਤੇ ਬਿਠਾ ਦਿਉ।''

ਸਾਰੀ ਵਾਰਤਾ ਸੁਣ ਕੇ ਮਾਤਾ ਜੀ ਸੋਚ ਰਹੇ ਸਨ ਕਿ ਗੁਰਦੇਵ ਸਮਰੱਥ ਹਨ, ਉਹ ਜੋ ਕਰਨਗੇ, ਠੀਕ ਹੀ ਕਰਨਗੇ।

ਉਸ ਪਿੱਛੋਂ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ ਨੇ ਆਪਣਾ ਸੀਸ ਪੇਸ਼ ਕੀਤਾ। ਗੁਰਦੇਵ ਓਸੇ ਤਰ੍ਹਾਂ ਉਹਨਾਂ ਨੂੰ ਵੀ ਤੰਬੂ ਵਿਚ ਲੈ ਗਏ, ਸਿਰ ਕਲਮ ਕੀਤਾ। ਪੰਜਾਂ ਦੇ ਸੀਸ ਕਲਮ ਕਰਨ ਉਪਰੰਤ :

**ਮਿਰਤਕ ਕਉ ਪਾਇਓ ਤਨਿ ਸਾਸਾ ॥** (ਅੰਗ ੬੧੪)

ਦੇ ਮਹਾਂਵਾਕ ਅਨੁਸਾਰ ਪੰਜਾਂ ਨੂੰ ਜੀਉਂਦਾ ਕੀਤਾ। ਹਜ਼ੂਰ ਦਾ ਗੁਰਬਾਣੀ ਅੰਦਰ ਫ਼ੁਰਮਾਣ ਹੈ :-

**ਸਤਿਗੁਰੁ ਮੇਰਾ ਸਦਾ ਪ੍ਰਤਿਪਾਲੈ ॥**
**ਸਤਿਗੁਰੁ ਮੇਰਾ ਮਾਰਿ ਜੀਵਾਲੈ ॥** (ਅੰਗ ੧੧੪2)

ਅਥਵਾ ਇਕ ਕਵੀ ਦਾ ਸੁੰਦਰ ਕਥਨ ਹੈ :

**ਆਤਮ ਸ਼ਕਤੀ ਜਿਸ ਵਿਚ ਭਰੀ। ਸੂਰਬੀਰਤਾ ਅਰ ਸੰਗ ਜਰੀ।**
**ਇਹ ਅੰਮ੍ਰਿਤ ਮੁਰਦੇ ਜੀਵਾਵੈ। ਤਤ ਦ੍ਰਿਸ਼ਟ ਤੇ ਜਾਇ ਪੁਚਾਵੈ ॥ 52 ॥**

ਪਿਆਰੇ ਦਯਾ ਸਿੰਘ ਜੀ, ਪਿਆਰੇ ਧਰਮ ਸਿੰਘ ਜੀ, ਪਿਆਰੇ ਹਿੰਮਤ ਸਿੰਘ ਜੀ, ਪਿਆਰੇ ਮੋਹਕਮ ਸਿੰਘ ਜੀ, ਪਿਆਰੇ ਸਾਹਿਬ ਸਿੰਘ ਜੀ।

**ਦਯਾ ਸਿੰਘ ਤੂੰ ਧਰਮ ਸਿੰਘ ਤੂੰ ਮੋਹਕਮ ਸਿੰਘ ਸੁਜਾਨਾ।**
**ਸਾਹਿਬ ਸਿੰਘ ਤੂੰ ਹਿੰਮਤ ਸਿੰਘ ਤੂੰ ਪੰਚਹੁ ਪਰਮ ਪ੍ਰਿਆ ਪ੍ਰਾਨਾ।**

ਸੂਰਜ ਪ੍ਰਕਾਸ਼ ਦੇ ਕਰਤਾ ਚੂੜਾਮਣਿ ਕਵਿ ਸੰਤੋਖ ਸਿੰਘ ਜੀ ਅਨੁਸਾਰ ਹਜ਼ੂਰ ਨੇ ਪੰਜਾਂ ਪਾਸੋਂ ਉਨ੍ਹਾਂ ਦੇ ਨਾਮ ਪੁੱਛੇ ਤਾਂ ਉਨ੍ਹਾਂ ਨੇ ਕਿਹਾ :

**ਲਵਪੁਰ ਜਨਮ ਬਸਨ ਕੋ ਧਾਮੂ। ਦਇਆ (ਸਿੰਘ) ਗੁਰੂ ਬਖਸ਼ਯੋ ਨਾਮੂ ॥ 30 ॥**
**ਦੂਸਰ ਕਹਯੋ ਹਸਤਨਾਪੁਰ ਕੋ। ਨਾਮ ਧਰਮ (ਸਿੰਘ) ਮੈਂ ਸਿਖ ਗੁਰ ਕੋ।**
**ਤ੍ਰਿਤੀਯੇ ਭਨਤ ਭਯੋ ਪ੍ਰਭ ਪਾਸੀ। ਪੁਰੀ ਦਵਾਰਕਾ ਹੈ ਮਮ ਵਾਸੀ ॥ 3੧ ॥**

**ਮੋਹਕਮ (ਸਿੰਘ) ਨਾਮ ਹੈ ਮੋਰਾ। ਚਤਰਥ ਸਿਖ ਬੋਲਯੋ ਕਰ ਜੋਰਾ।**
**ਬਿਦਰ ਪੁਰੀ ਵਾਸੀ ਪਹਿਚਾਨੋ। ਸਾਹਿਬ (ਸਿੰਘ) ਨਾਮ ਮਮ ਜਾਨੋ॥ 32॥**
**ਪੰਚਮ ਕਿਹਾ ਵਾਸੀ ਜਗਨਨਾਥ। ਹਿੰਮਤ (ਸਿੰਘ) ਨਾਮ ਹੈ ਨਾਥ।**

ਮੂਲ-ਮੰਤਰ ਅਤੇ ਗੁਰ-ਮੰਤਰ ਦੇ ਕੇ ਉਸ ਦਾ ਜਾਪ-ਸਿਮਰਨ-ਅਭਿਆਸ ਕਰਨ ਦਾ ਹੁਕਮ ਕੀਤਾ ਅਤੇ ਨਾਲ ਪੰਜ ਬਾਣੀਆਂ ਦਾ ਨਿਤਨੇਮ ਕਰਨ ਦਾ ਹੁਕਮ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਆਪ ਜੀ ਨੇ ਉਹਨਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਜਾਚਨਾ ਕਰ ਕੇ ਆਪ ਅੰਮ੍ਰਿਤ ਛਕਿਆ ਸੀ, ਜਿਸ ਦਾ ਜ਼ਿਕਰ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਇਸ ਪ੍ਰਕਾਰ ਆਇਆ ਹੈ :

**ਉਤਰ ਸਿੰਘਾਸਨ ਜੁਗ ਕਰ ਜੋਰੀ। ਅੰਮ੍ਰਿਤ ਲੇਤ ਆਪ ਸੁਖ ਗੋਰੀ।**
**ਬੈਸ ਸੂਦਰ ਏ ਜਾਟ ਅਪਾਰਾ। ਤਾਕੋ ਪੰਥ ਨਾਮ ਮੈ ਧਾਰਾ।**
**ਸਭ ਜਗ ਰਾਜ ਤੋਹਿ ਕੋ ਦੀਨਾ। ਪੁਨ ਬਿਧ ਸੋ ਤੁਮ ਕੋ ਗੁਰ ਕੀਨਾ॥ 56॥**
**ਜਾ ਵਿਧਿ ਅੰਮ੍ਰਿਤ ਤੁਮ ਗੁਰ ਪਾਯੋ। ਤੈਸੇ ਮੋਹਿ ਮਿਲਾਯੋ ਭਾਯੋ।**
**ਓਤ ਪੋਤ ਗੁਰ ਸਿਖ ਜਗ ਜਾਨੋ। ਜੈਸੇ ਨੋਮ ਗੁਰ ਸੰਗ ਸੋ ਮਾਨੋ॥ 57॥**

ਉਸ ਸਮੇਂ ਚਾਰੇ ਸਾਹਿਬਜ਼ਾਦਿਆਂ ਨੇ, ਮਾਤਾਵਾਂ ਨੇ ਅਤੇ ਕਈ ਹਜ਼ਾਰ ਹੋਰ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਸੀ। ਇਸ ਲਈ ਸਾਨੂੰ ਵੀ ਸਭ ਨੂੰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਣਾ ਚਾਹੀਦਾ ਹੈ, ਕਿਉਂਕਿ :

**ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥** (ਅੰਗ 435)

ਗੁਰੂ ਵਾਲੇ ਬਣਨਾ ਹਰ ਇਕ ਮਨੁੱਖ ਮਾਤਰ ਵਾਸਤੇ ਬਹੁਤ ਜ਼ਰੂਰੀ ਹੈ।

ਇਸ ਪਵਿੱਤਰ ਮੁਖਵਾਕ ਅੰਦਰ ਹਜ਼ੂਰ ਨੇ ਸਰੀਰ (ਅਥਵਾ) ਹਿਰਦੇ ਰੂਪੀ ਭਾਂਡੇ ਦਾ ਜ਼ਿਕਰ ਕੀਤਾ ਹੈ। ਇਹ ਭਾਂਡਾ ਉਹੀ ਚੰਗਾ ਹੈ ਜਿਹੜਾ ਮਾਲਕ ਨੂੰ ਚੰਗਾ ਲੱਗੇ। ਮਾਲਕ ਨੂੰ ਭਾਂਡਾ ਉਹੀ ਚੰਗਾ ਲੱਗਦਾ ਹੈ ਜਿਸ ਵਿਚ ਚੰਗੀ ਵਸਤੂ ਪਾਈ ਹੋਵੇ। ਪਰ ਇਸ ਸਰੀਰ ਭਾਂਡੇ ਵਿਚ ਤਾਂ ਇਸ ਜੀਵ ਨੇ ਵਿਕਾਰਾਂ ਰੂਪੀ ਗੰਦ ਮੰਦ ਭਰ ਰੱਖਿਆ ਹੈ। ਇਸ ਕਰ ਕੇ ਗੁਰਦੇਵ ਜੀ ਨੇ ਕਿਹਾ ਹੈ :

**ਭਾਂਡਾ ਅਤਿ ਮਲੀਣ......**

ਸਤਿਗੁਰੂ ਜੀ ਨੇ ਇਸ ਹਿਰਦੇ ਰੂਪੀ ਭਾਂਡੇ ਨੂੰ ਸਾਫ਼ ਕਰ ਕੇ ਦੁੱਧ ਜਮਾਉਣ ਦੀ ਵੀ ਗੱਲ ਕੀਤੀ ਹੈ ਅਤੇ ਆਪਣੇ ਆਪ ਨੂੰ ਸਾਫ਼ ਕਰਕੇ, ਦੁੱਧ ਪਾ ਕੇ ਮੱਖਣ ਕੱਢਣ ਦੀ ਵੀ ਗੱਲ ਕੀਤੀ ਹੈ। ਗੁਰਬਾਣੀ ਅਤੇ ਇਤਿਹਾਸ ਅੰਦਰ ਤੇ ਭਾਈ ਸਾਹਿਬ ਦੀ ਰਚਨਾ ਅੰਦਰ ਭੀ ਇਹ ਜ਼ਿਕਰ ਆਇਆ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗ ਸੂਹੀ ਮਹਲਾ ੧ ਚਉਪਦੇ ਘਰੁ ੧

**ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥**
**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ ੧ ॥**
**ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥**
**ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥**
**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥ 2 ॥**

(ਅੰਗ 728)

**ਪ੍ਰਥਮੇ ਮਾਖਨੁ ਪਾਛੈ ਦੂਧੁ ॥** (ਅੰਗ 900)

**ਸੰਤਹੁ ਮਾਖਨੁ ਖਾਇਆ......** (ਅੰਗ ੧365)

**ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।**

(ਭਾ: ਗੁਰਦਾਸ ਜੀ, ਵਾਰ ੧, ਪਉੜੀ 40)

ਸੂਹੀ ਮਹਲਾ ੧ ॥ ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥ ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥ ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥ 4 ॥ 6 ॥

**ਪਦ ਅਰਥ** :— ਭਾਂਡਾ=ਹਿਰਦਾ। ਹਛਾ=ਸਾਫ਼, ਪਵਿੱਤਰ। ਸੋਇ=ਉਹ। ਤਿਸੁ=ਉਸ (ਪਰਮਾਤਮਾ) ਨੂੰ। ਭਾਵਸੀ=ਚੰਗਾ ਲੱਗੇਗਾ। ਅਤਿ ਮਲੀਣ=ਬਹੁਤ ਹੀ ਮੈਲਾ ਕੁਚੈਲਾ, ਅਪਵਿੱਤਰ। ਧੋਤਾ=ਧੋਣ ਨਾਲ। ਗੁਰੂ ਦੁਆਰੈ ਹੋਇ=ਗੁਰੂ ਦੁਆਰੇ ਤੋਂ ਹੋ ਕੇ। ਸੋਝੀ=ਸਮਝ। ਪਾਇਸੀ=ਪਾਵੇਗਾ। ਏਤੁ ਦੁਆਰੈ=ਇਸ (ਗੁਰੂ ਦੇ) ਦਰ ਤੋਂ। ਧੋਇ=ਧੋ ਕੇ। ਮਤੁ ਕੋ ਜਾਣੈ=ਕੋਈ (ਮਨੁੱਖ ਇਹ) ਨਾ ਸਮਝੇ। ਜਾਇ=ਇਸ ਜਗਤ ਤੋਂ ਜਾ ਕੇ। ਅਗੈ ਪਾਇਸੀ=ਪਰਲੋਕ ਵਿਚ (ਜਾ ਕੇ) ਪਾਵੇਗਾ। ਪਤਿ ਸਿਉ=ਇੱਜ਼ਤ

ਨਾਲ। ਵਾਜਾ ਵਾਇਸੀ=ਵਾਜਾ ਵਜਾਏਗਾ। ਤਿਹੁ ਲੋਕ=ਤਿੰਨਾਂ ਲੋਕਾਂ ਵਿਚ। ਨਿਹਾਲੁ=ਪ੍ਰਸੰਨ ਚਿਤ।

**ਅਰਥ** :— (ਹੇ ਭਾਈ !) ਉਹੀ ਹਿਰਦਾ ਅਸਲ ਵਿਚ ਪਵਿੱਤਰ ਹੈ ਜਿਹੜਾ ਉਸ (ਪਰਮਾਤਮਾ) ਨੂੰ ਚੰਗਾ ਲੱਗੇਗਾ। (ਜੋ) ਹਿਰਦਾ (ਪਾਪਾਂ ਨਾਲ) ਬਹੁਤ ਅਪਵਿੱਤਰ ਹੈ, (ਉਹ) ਧੋਣ (ਭਾਵ ਤੀਰਥ ਇਸ਼ਨਾਨ) ਨਾਲ ਪਵਿੱਤਰ ਨਹੀਂ ਹੋਵੇਗਾ ਕਿਉਂਕਿ 'ਤੀਰਥ ਨਾਇ ਨ ਉਤਰਸੁ ਮੈਲ। (ਹਾਂ), ਗੁਰੂ ਦੇ ਦਰ ਤੋਂ ਹੋ ਕੇ (ਭਾਵ ਗੁਰੂ ਦੀ ਮਤਿ ਲੈ ਕੇ) ਸੋਝੀ ਪਾ ਲਵੇਗਾ। ਇਸ ਤਰ੍ਹਾਂ ਗੁਰੂ ਦੁਆਰੇ ਉੱਤੇ ਧੋਵੇ (ਤਾਂ ਜ਼ਰੂਰ) ਚੰਗਾ (ਪਵਿੱਤਰ) ਹੋ ਜਾਵੇਗਾ। ਮੈਲੇ ਤੇ ਪਵਿੱਤਰ ਦਾ ਵੀਚਾਰ (ਭਾਵ ਨਿਰਣਾ, ਪ੍ਰਭੂ) ਆਪ ਹੀ ਵਰਤਾਏਗਾ (ਦੱਸੇਗਾ)। ਮਤਾਂ ਕੋਈ (ਇਹ) ਸਮਝੇ ਕਿ ਜੋ ਕੁਝ ਉਹ ਕਰ ਰਿਹਾ ਹੈ, ਐਵੇਂ ਚਲਾ ਜਾਵੇਗਾ, ਨਹੀਂ; ਉਸ ਦਾ ਫਲ ਉਹ ਅੱਗੇ (ਪਰਲੋਕ ਵਿਚ ਜਾ ਕੇ) ਪਾ ਲਵੇਗਾ। (ਉਸ ਨੂੰ ਗੁਰਮਤਿ ਦਾ ਇਹ ਸਿਧਾਂਤ ਪਤਾ ਹੋਣਾ ਚਾਹੀਦਾ ਹੈ ਕਿ) ਜਿਹੋ ਜਿਹਾ (ਕੋਈ ਮਨੁੱਖ) ਕਰਮ ਕਮਾਏਗਾ, (ਉਹ) ਓਹੋ ਜਿਹਾ ਬਣ ਜਾਵੇਗਾ।

(ਹੇ ਭਾਈ !) ਜੋ ਹਰੀ ਦਾ ਅੰਮ੍ਰਿਤ ਨਾਮ ਹੈ, (ਉਹ ਹਰੀ) ਆਪ ਹੀ ਵਰਤਾਏਗਾ। (ਜਿਸ ਨੂੰ ਹਰੀ ਪ੍ਰਭੂ ਪਾਸੋਂ ਅੰਮ੍ਰਿਤ ਨਾਮ ਮਿਲ ਜਾਂਦਾ ਹੈ, ਉਹ) ਆਪਣਾ ਮਨੁੱਖਾ ਜਨਮ ਸੰਵਾਰ ਕੇ ਇੱਜ਼ਤ ਨਾਲ ਇਸ ਦੁਨੀਆਂ ਚੋਂ ਜਾਵੇਗਾ, (ਅਤੇ) ਵਾਜਾ ਵਜਾਏਗਾ, ਭਾਵ ਉਸ ਦਾ ਪ੍ਰਤਾਪ ਪ੍ਰਗਟ ਹੋ ਜਾਵੇਗਾ। ਕਿਸੇ ਇਕ ਮਨੁੱਖ ਵਿਚਾਰੇ ਦਾ ਕੀ ਕਹਿਣਾ ਹੈ, ਉਸ ਦੀ ਸੋਭਾ ਤਿੰਨਾਂ ਲੋਕਾਂ ਵਿਚ ਸੁਣੀ ਜਾਵੇਗੀ। ਨਾਨਕ (ਗੁਰੂ) ਜੀ ਉਚਾਰਨ ਕਰਦੇ ਹਨ ਕਿ ਅਜਿਹਾ ਮਨੁੱਖ ਆਪ ਨਿਹਾਲ ਹੋ ਜਾਵੇਗਾ ਅਤੇ ਆਪਣੀਆਂ ਸਾਰੀਆਂ ਕੁੱਲਾਂ ਨੂੰ (ਨਾਮ ਨਾਲ ਜੋੜ ਕੇ ਸੰਸਾਰ ਸਮੁੰਦਰ ਤੋਂ) ਤਾਰ ਲਵੇਗਾ।੧।੪।੬।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧27 (ਆਦਿ ਅੰਗ 73੧)

## ਸੂਹੀ ਮਹਲਾ 4 ॥

ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥ ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥੧॥ ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ॥ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ॥੧ ॥ਰਹਾਉ॥ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ॥ ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਙੁ॥ 2 ॥ ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ॥ ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ॥ 3 ॥ ਹਰਿ ਦੀਨਾ ਦੀਨ ਦਇਆਲ ਪ੍ਰਭ ਸਤਸੰਗਤਿ ਮੇਲਹੁ ਸੰਙੁ॥ ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ॥ 4 ॥ 3 ॥

## ਪ੍ਰਾਕ੍ਥਨ :

ਇਹ ਪਾਵਨ ਸ਼ਬਦ ਸ੍ਰੀ ਮੁਖਵਾਕ ਸੋਢੀ ਪਾਤਸ਼ਾਹ ਚੌਥੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਹਰੀ ਨਾਮ ਰੂਪੀ ਗੂੜ੍ਹੇ ਰੰਗ ਦਾ ਜ਼ਿਕਰ ਕੀਤਾ ਹੈ। ਇਸ ਲਈ ਪਹਿਲਾਂ ਰੰਗ ਦੇ ਸੰਬੰਧ ਵਿਚ ਵਿਚਾਰ ਕਰੀਏ।

## ਵਿਸ਼ਾ — ਹਰਿ ਰੰਙੁ ਮਜੀਠੈ ਰੰਙੁ

ਗੁਰਬਾਣੀ ਅੰਦਰ ਰੰਗ ਸ਼ਬਦ ਕਈ ਅਰਥਾਂ ਵਿਚ ਆਇਆ ਹੈ। ਹਜ਼ੂਰ ਨੇ ਰੰਗ ਕਿਸ ਕਿਸ ਨੂੰ ਕਿਹਾ ਹੈ ਅਤੇ ਨਾਮ ਰੰਗ ਕੈਸਾ ਹੈ, ਇਸ ਸੰਬੰਧ ਵਿਚ ਵਿਚਾਰ ਕਰਨੀ ਹੈ। ਰੰਗ ਆਮ ਤੌਰ 'ਤੇ ਸੱਤ ਮੰਨੇ ਗਏ ਹਨ— ਲਾਲ, ਪੀਲਾ, ਨੀਲਾ, ਸਾਵਾ, ਬੈਂਗਣੀ, ਅਸਮਾਨੀ ਅਤੇ ਸੰਤਰੇ ਜੈਸਾ। ਗੁਰਬਾਣੀ ਅੰਦਰ ਰੰਗ ਸ਼ਬਦ ਕਿੰਨ੍ਹਾਂ-ਕਿੰਨ੍ਹਾਂ ਅਰਥਾਂ ਵਿਚ ਆਇਆ ਹੈ।

੧. ਰੰਗ ਦਾ ਅਰਥ ਅਨੰਦ ਖ਼ੁਸ਼ੀ ਵੀ ਹੈ :

**ਯਥਾ — ਰੰਗਿ ਰਲੀਆ ਮਾਣਹੁ ਮੇਰੇ ਪਿਆਰੇ** (ਅੰਗ 45੧)

**ਤਥਾ — ਗੁਨ ਗਏ ਰੰਗਿ ਰਾਂਗੀ ॥** (ਅੰਗ ੧267)

**ਤਥਾ — ਘਰੀ ਮੁਹਤ ਰੰਗ ਮਾਣਹਿ** (ਅੰਗ 403)

੨. ਰੰਗ ਦਾ ਅਰਥ ਇਥੇ ਪ੍ਰੇਮ ਹੈ :

**ਯਥਾ — ਦੇਹੁ ਦਰਸੁ ਮਨਿ ਰੰਗੁ ਲਗਾ ॥** (ਅੰਗ ੧083)

**ਤਥਾ — ਹਰਿ ਰੰਗੁ ਅਖਾੜਾ ਪਾਇਓਨੁ** (ਅੰਗ 54੧)

ਪ੍ਰੇਮ ਦਾ ਅਖਾੜਾ :

**ਤਥਾ — ਰੰਗੁ ਨ ਲਗੀ ਪਾਰਬ੍ਰਹਮ** (ਅੰਗ 70)

੩. ਰੰਗ ਤੋਂ ਭਾਵ ਕੰਗਾਲ :

**ਯਥਾ — ਰੰਗੁ ਨ ਤੁੰਗੁ ਫਕੀਰੁ ॥** (ਅੰਗ 936)

੪. ਰੰਗ ਮਨ ਨੂੰ ਰੰਜਣ (ਖ਼ੁਸ਼) ਕਰਨ ਤੋਂ ਭਾਵ ਵੀ ਹੈ,

**ਯਥਾ — ਰੰਗਿ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥** (ਅੰਗ ੧34)

ਮਨ ਨੂੰ ਭਾਉਣ ਵਾਲੇ ਸਾਰੇ ਭਾਵ ਨਾਰਾਇਣ ਵਿਚ ਹਨ।

੫. ਰੰਗ ਦਾ ਭਾਵ ਮਨ ਦੇ ਤਰੰਗ ਮੌਜ ਤੋਂ ਵੀ ਹੈ :

**ਯਥਾ—ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥** (ਅੰਗ 473)

੬. ਰੰਗ ਦਾ ਅਰਥ ਖੇਲ ਵੀ ਹੈ :

**ਯਥਾ—ਰੰਗ ਤਮਾਸੇ ਬਹੁ ਬਿਧੀ** (ਅੰਗ 70)

੭. ਰੰਗ ਤੋਂ ਭਾਵ ਇਸ ਤਰ੍ਹਾਂ ਵੀ ਹੈ। ਜਿਸ ਤਰ੍ਹਾਂ 'ਰਸ' ਸ਼ਬਦ ਨਾਮ, ਪ੍ਰੇਮ ਆਦਿ ਪਦਾਂ ਨਾਲ ਵਰਤਿਆ ਗਿਆ ਹੈ, ਤਿਵੇਂ 'ਰੰਗ' ਸ਼ਬਦ ਵੀ ਪ੍ਰੇਮ, ਨਾਮ, ਹਰਿ ਆਦਿ ਪਦਾਂ ਨਾਲ ਆਉਂਦਾ ਹੈ। ਉਥੇ ਰੰਗ ਤੋਂ ਮੁਰਾਦ ਉੱਚੀ ਤੇ ਰਸ ਭਰੀ, ਪ੍ਰੇਮ ਭਰੀ, ਇਕ ਪ੍ਰਕਾਰ ਦੀ ਹਾਲਤ ਜਾਂ ਅਵਸਥਾ ਤੋਂ ਹੁੰਦੀ ਹੈ।

**ਯਥਾ—ਪ੍ਰੇਮ ਨਾ ਲਾਗੋ ਰੰਗ**

**ਤਥਾ—ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥**

(ਅੰਗ 679)

**ਤਥਾ—ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਈ ਭੰਙੁ॥**

(ਅੰਗ 73੧)

੮. ਰੰਗ ਦਾ ਅਰਥ ਗੁਰਬਾਣੀ ਅੰਦਰ ਹੋਰ ਵੀ ਅਰਥਾਂ ਵਿਚ ਆਇਆ ਹੈ, ਜਿਵੇਂ ਸ਼ੁਰੂ ਵਿਚ ਪ੍ਰਤੱਖ ਰੰਗਾਂ ਦਾ ਜ਼ਿਕਰ ਕੀਤਾ ਹੈ। ਸਿੱਖ ਸਮਾਜ ਵਿਚ ਸੂਹਾ (ਕਸੁੰਭਾ) ਰੰਗ, ਚਪਲ ਇਸਤ੍ਰੀਆਂ ਦਾ ਪਹਿਰਾਵਾ ਜਾਣ ਕੇ ਮਨ੍ਹਾ ਕੀਤਾ ਗਿਆ ਹੈ, ਕਿਉਂਕਿ ਇਹ ਸੂਰਵੀਰਾਂ ਲਈ ਸੋਭਦਾ ਨਹੀਂ; ਬਾਕੀ ਜੋ ਸਾਦੇ ਰੰਗ ਹਨ, ਉਹ ਸਭ (ਅਤੇ ਖ਼ਾਸ ਕਰਕੇ ਸਫ਼ੈਦ, ਬਸੰਤੀ, ਸੁਰਮਈ, ਮਜੀਠੀ, ਸਿੱਖ ਸਮਾਜ ਦੇ ਫ਼ਿਰਕਿਆਂ ਅਨੁਸਾਰ) ਪਹਿਰਣੇ ਵਿਧਾਨ ਹਨ।

**ਏਕ ਤੋਂ ਛਬੀਲੇ ਛੈਲ ਭੂਪਨ ਕੇ ਭੂਪ ਭਾਲ, ਭਾਰੀ ਤੇਜ ਭਾਨੁ ਸੋ ਚੜ੍ਹਾਈ ਨਿਤ ਜੰਗ ਕੀ॥**
**ਏਕ ਧਨ ਕਿਰਤ ਕਮਾਇਕੈ ਛਕਾਵੈ ਜਨ, ਏਕ ਭੌਨ ਮੇਂ ਬਿਰਾਗੀ ਪ੍ਰੀਤਿ ਸਾਧੁ ਸੰਗ ਕੀ।**
**ਏਕ ਤੌ ਵਿਰੰਚ ਕੀ ਵਿਭੂਤਿ ਹੂੰ ਨ ਹੇਰੈ ਰੰਚ, ਲੀਨ ਹੈ ਨਿਜਾਪ ਮੇ, ਨ ਚਾਹ ਨੀਰ ਗੰਗ ਕੀ।**
**ਕਦਰੇ ਪੀਰੇ ਧੌਰੇ ਲਾਲ ਰੂਪ ਤੋਂ ਅਨੇਕ ਧਾਰੇ, ਸਿਖੀ ਦਾਨ ਬੰਧੁ ਕੀ ਪ੍ਰਕਾਸੈ ਰੰਗ ਰੰਗ ਕੀ।**

(ਸਿਖੀ ਪ੍ਰਭਾਕਰ, ਗੁਰਮਤਿ ਮਾਰਤੰਡ, ਭਾਗ ਦੂਜਾ)

ਸੋ ਜੈਸੇ ਆਰੰਭ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਭਾਵੇਂ ਸੰਸਾਰ ਅੰਦਰ ਰੰਗ ਕਈ ਤਰ੍ਹਾਂ ਦੇ ਹਨ, ਪਰ ਗੁਰਬਾਣੀ ਅੰਦਰ ਵਿਸ਼ੇਸ਼ ਰੂਪ ਵਿਚ ਸੂਹਾ ਤੇ ਮਜੀਠੀ ਰੰਗ ਦਾ ਜ਼ਿਕਰ ਆਇਆ ਹੈ। ਵੱਖ-ਵੱਖ ਪ੍ਰਕਰਣ ਅਨੁਸਾਰ ਹੋਰਾਂ ਰੰਗਾਂ ਦਾ ਕਈ ਥਾਂ ਗੁਰਬਾਣੀ ਅੰਦਰ ਜ਼ਿਕਰ ਆਇਆ ਹੈ। ਸੂਹਾ ਰੰਗ ਕੱਚਾ ਰੰਗ ਹੁੰਦਾ ਹੈ, ਪਾਣੀ ਦੀ ਬੂੰਦ ਪੈਂਦਿਆਂ ਹੀ ਖਿਲਰ ਜਾਂਦਾ ਹੈ।

ਮਜੀਠੀ ਰੰਗ ਪੱਕਾ ਹੁੰਦਾ ਹੈ। ਜਿਸ ਬਸਤ੍ਰ ਨੂੰ ਮਜੀਠੀ ਰੰਗ ਚਾੜ੍ਹ ਦਿੱਤਾ ਜਾਵੇ, ਉਹ ਬਸਤਰ ਫੱਟ

ਭਾਵੇਂ ਜਾਵੇ, ਪਰ ਬਸਤਰ ਨਾਲੋਂ ਰੰਗ ਨਹੀਂ ਲੱਥਦਾ। ਗੁਰਦੇਵ ਨੇ ਪ੍ਰਭੂ ਨਾਮ ਨੂੰ ਮਜੀਠੀ ਕਿਹਾ ਹੈ ਅਤੇ ਮਾਇਕੀ ਰੰਗ ਕਸੁੰਭਾ ਰੰਗ ਹੈ। ਇਹ ਚਪਲ ਇਸਤ੍ਰੀਆਂ ਦਾ ਲਿਬਾਸ ਹੈ, ਜਿਸ ਦਾ ਜ਼ਿਕਰ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਕੀਤਾ ਹੈ :

**ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ॥**
**ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ॥**
**ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੁੋਭਾਇ॥**
**ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ॥**
**ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ॥ 2॥** (ਅੰਗ 786)

ਸ੍ਰੀ ਗੁਰੂ ਅਮਰਦਾਸ ਜੀ ਨੇ ਅੱਗੇ ਦਰਸਾਇਆ ਹੈ ਕਿ ਸੂਹਾ ਵੇਸ ਉਹ ਖੋਟੇ ਲੱਖਣਾਂ ਵਾਲੀ ਇਸਤਰੀ ਪਹਿਨਦੀ ਹੈ, ਜਿਸ ਨੇ ਪ੍ਰਭੂ ਪਤੀ ਨੂੰ ਛੱਡ ਕੇ ਹੋਰਨਾਂ ਨਾਲ ਪਿਆਰ ਕੀਤਾ ਹੈ। ਉਸ ਦਾ ਕੋਈ ਸੀਲ ਸੰਜਮ ਵੀ ਨਹੀਂ ਅਤੇ ਉਹ ਹਮੇਸ਼ਾ ਝੂਠ ਬੋਲਦੀ ਹੈ। ਉਸ ਮਨਮੁਖ ਕੁਲੱਖਣੀ ਦਾ ਕਰਮ ਉਸ ਨੂੰ ਹੀ ਖ਼ੁਆਰ ਕਰਦਾ ਹੈ :

**ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥**
**ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥** (ਅੰਗ 786)

ਸ੍ਰੀ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ ਕਿ ਹੇ ਸੂਹਾ ਲਿਬਾਸ ਧਾਰਨ ਵਾਲੀ ਜੀਵ ਰੂਪੀ ਇਸਤਰੀਏ ! ਤੂੰ ਇਸ ਵੇਸ ਨੂੰ ਛੱਡ ਦੇ ਤਾਂ ਹੀ ਤੇਰਾ ਪ੍ਰਭੂ ਪਤੀ ਨਾਲ ਪਿਆਰ ਲੱਗੇਗਾ। ਇਸ ਸੂਹੇ ਵੇਸ ਦੇ ਧਾਰਣ ਵਾਲੀ ਕਿਸੇ ਵੀ ਇਸਤਰੀ ਨੇ ਪ੍ਰਭੂ ਪਤੀ ਨੂੰ ਨਹੀਂ ਪਾਇਆ :

**ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ॥**
**ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ॥**
(ਅੰਗ 786-87)

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸਲੋਕ ਅੰਦਰ ਪਹਿਲਾਂ ਸੂਹੇ ਰੰਗ ਦਾ ਜ਼ਿਕਰ ਕਰ ਕੇ ਫਿਰ ਸੱਚੇ ਨਾਮ ਰੂਪੀ ਮਜੀਠੀ ਰੰਗ ਦਾ ਕਥਨ ਇਸ ਤਰ੍ਹਾਂ ਕੀਤਾ ਹੈ :

**ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ॥**
**ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ॥**
**ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ॥ 2॥** (ਅੰਗ 786)

ਪਰ ਇਸ ਮਨੁੱਖ ਨੇ ਮਾਇਆ ਦਾ ਪਾਹ ਦੇ ਕੇ ਲੱਬ ਭਾਵ ਲਾਲਚ ਦੇ ਰੰਗ ਵਿਚ ਇਸ ਸਰੀਰ ਰੂਪੀ ਚੋਲੇ ਨੂੰ ਰੰਗ ਲਿਆ ਹੈ। ਐਸੇ ਮਾਇਕੀ ਰੰਗ ਵਾਲਾ ਚੋਲੜਾ ਮੇਰੇ ਪ੍ਰਭੂ ਪਤੀ ਨੂੰ ਭਾਂਵਦਾ ਨਹੀਂ ਭਾਵ ਚੰਗਾ

ਨਹੀਂ ਲੱਗਦਾ।

**ਇਹੁ ਤਨ ਮਾਇਆ ਪਾਹਿਆ ਪਿਆਰੇ ਲੀਤੜਾ ਲਬ ਰੰਗਾਏ॥**
**ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਇ॥**

ਪਾਹ=ਕੱਪੜੇ ਵਿਚੋਂ ਪਾਣ ਅਥਵਾ ਮਾਵਾ, (ਜੋ ਰੰਗ ਨੂੰ ਫੜਨ ਨਹੀਂ ਦਿੰਦਾ) ਕੱਢ ਕੇ, ਫਟਕੜੀ ਆਦਿ ਨਾਲ ਧੋਣਾ ਜਿਸ ਤੋਂ ਵਸਤਰ ਰੰਗ ਜਜ਼ਬ ਕਰ ਲਵੇ, ਉਸ ਨੂੰ 'ਪਾਹ' ਆਖੀਦਾ ਹੈ। ਇਧਰ ਕਰਤਾਰ ਦੇ ਭੈਅ ਨਾਲ ਮਨ ਦੇ ਖੋਟੇ ਸੰਕਲਪ ਅਤੇ ਵਿਕਾਰ ਵਾਸ਼ਨਾ ਮਿਟਾ ਕੇ ਗੁਰਬਾਣੀ ਦੇ ਅਭਿਆਸ ਦੁਆਰਾ ਕੁਕਰਮਾਂ ਤੋਂ ਜੋ ਸੰਗਣਾ ਹੈ, ਮਨ ਦਾ ਧੋਣਾ ਅਤੇ ਪਾਹ ਦੇਣਾ ਹੈ, ਵਾਹਿਗੁਰੂ ਦੇ ਪ੍ਰੇਮ ਅਤੇ ਨਾਮ ਦੀ ਲਿਵ ਕਰ ਕੇ ਮਨ ਰੰਗੀਦਾ ਹੈ। ਸਤਿਗੁਰਾਂ ਨੇ ਇਸ ਪੱਕੇ ਰੰਗ ਨੂੰ ਮਜੀਠ ਦਾ ਰੰਗ ਗੁਰਬਾਣੀ ਵਿਚ ਵਰਣਨ ਕੀਤਾ ਹੈ।

ਕੋਰੇ ਬਸਤਰ ਨੂੰ ਰੰਗ ਨਹੀਂ ਚੜ੍ਹਦਾ, "ਪਾਹ" ਦੇਣਾ ਪੈਂਦਾ ਹੈ। ਫਿਰ ਇਸ ਤਨ ਸਰੀਰ ਰੂਪੀ ਚੋਲੇ ਨੂੰ "ਪਾਹ" ਕਿਹੜਾ ਦੇਣਾ ਹੈ ਅਤੇ ਰੰਗ ਕਿਹੜਾ ਚਾੜ੍ਹਨਾ ਹੈ, ਜਿਸ ਰੰਗ ਨਾਲ ਰੰਗਿਆ ਸਰੀਰ ਰੂਪੀ ਚੋਲਾ ਪ੍ਰਭੂ ਪਤੀ ਨੂੰ ਭਾ ਜਾਵੇ ?

**ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥**
**ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥**
**ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥ ੧॥** (ਅੰਗ 468)

ਐਸੇ ਚੋਲੇ ਦਾ ਜ਼ਿਕਰ ਆਸਾ ਰਾਗੁ ਅੰਦਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਕੀਤਾ ਹੈ :

**ਲਾਲੁ ਚੋਲਨਾ ਤੈ ਤਨਿ ਸੋਹਿਆ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ॥ ੧॥**
**ਕਵਨ ਬਨੀ ਰੀ ਤੇਰੀ ਲਾਲੀ॥ ਕਵਨ ਰੰਗਿ ਤੂੰ ਭਈ ਗੁਲਾਲੀ॥ ੧॥ ਰਹਾਉ॥**
**ਤੁਮ ਹੀ ਸੁੰਦਰਿ ਤੁਮਹਿ ਸੁਹਾਗੁ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ॥ 2॥**

(ਅੰਗ 384)

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਐਸਾ ਰੰਗ ਫਿਰ ਉਤਰਦਾ ਨਹੀਂ। ਜਿਨ੍ਹਾਂ ਨਾਮ ਰੰਗ ਰਤੜੇ ਸਿੰਘਾਂ ਨੂੰ ਇਹ ਰੰਗ ਚੜ੍ਹਿਆ ਸੀ, ਉਨ੍ਹਾਂ ਦਾ ਬੰਦ-ਬੰਦ ਕੱਟਿਆ ਗਿਆ, ਖੋਪਰੀਆਂ ਸਿਰ ਤੋਂ ਉਤਾਰ ਦਿੱਤੀਆਂ ਗਈਆਂ ਅਤੇ ਆਰਿਆਂ ਨਾਲ ਚੀਰੇ ਗਏ ਪਰ ਰੰਗ ਨਹੀਂ ਉਤਰਿਆ। ਇਹ ਨਾਮ-ਰੰਗ ਐਸਾ ਹੈ ਅਤੇ ਨਾ ਹੀ ਉਸ ਨਾਮ ਰੂਪ ਮਜੀਠੀ ਰੰਗ ਦੇ ਉਪਰ ਹੋਰ ਕੋਈ ਮਾਇਕੀ ਝੂਠਾ ਰੰਗ ਚੜ੍ਹਦਾ ਹੈ :

**ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ॥**
**ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ॥**
**ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ॥ 2॥** (ਅੰਗ 644)

ਅਥਵਾ :

**ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥**
**ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥** (ਅੰਗ 731)

ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਤੂੰ ਤਨ ਨੂੰ ਮਾਇਆ ਦਾ 'ਪਾਹ' ਦੇ ਕੇ ਲੱਬ ਭਾਵ ਲਾਲਚ ਦੇ ਰੰਗ ਵਿਚ ਰੰਗ ਲਿਆ ਹੈ :

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥**
(ਅੰਗ 721)

## ਸਾਖੀ—ਨੀਲੇ ਬਸਤ੍ਰ ਪਹਿਰਨ ਦੀ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਾਛੀਵਾੜੇ ਗੁਲਾਬੇ ਮਸੰਦ ਦੇ ਖੂਹ 'ਤੇ ਠਹਿਰੇ ਹਨ :

**ਘਟਕਾ ਹਰਟ ਕੂਪ ਤੇ ਖੋਲੀ ਬਸਤ੍ਰ ਲਪੇਟ ਸਿਰਾਨੇ ਓਰ।**
**ਤਰੇ ਬਿਛਾਇ ਪੌਢ ਗੇ ਊਪਰ ਕਮਰਕਸਾ ਤਿਮ ਹੀ ਰਣ ਲੋਰ॥ 20॥**
**ਭਏ ਨੀਂਦ ਬਸ ਕਰ ਅਰਾਮ ਤਬ, ਧਰਿਓ ਕੁਬੰਡ ਹਾਥ ਅਗਵਾਇ।**
**ਤਯਾਰ ਤਮਾਚੇ ਕਰੇ ਧਰੇ ਕਟਿ, ਭਰੇ ਨਿਖੰਗ ਅੰਗ ਸੰਗ ਲਾਇ॥ 21॥**
(ਰੁਤ 6, ਅੰਸੂ 43)

ਇਥੋਂ ਹਜ਼ੂਰ ਗੁਲਾਬੇ ਦੇ ਘਰ ਜਾ ਕੇ ਜਦ ਠਹਿਰੇ ਸਨ। ਉਸ ਵੇਲੇ ਮਾਤਾ ਗੁਰਦੇਈ ਜੋ ਬਹੁਤ ਸਮੇਂ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਲਈ ਬਸਤਰ ਆਪਣੇ ਹੱਥੀਂ ਤਿਆਰ ਕਰ ਕੇ ਹਜ਼ੂਰ ਨੂੰ ਯਾਦ ਕਰ ਰਹੀ ਸੀ। ਇਸ ਸਮੇਂ ਉਸ ਮਾਤਾ ਦੀ ਸ਼ਰਧਾ ਪੂਰੀ ਕਰਨ ਵਾਸਤੇ ਸਮਰੱਥ ਗੁਰੂ ਜੀ ਨੇ ਗੁਲਾਬੇ ਮਸੰਦ ਨੂੰ ਕਿਹਾ ਕਿ ਹੁਣ ਤੂੰ ਜਾ ਕੇ ਨਿਹਾਲੇ ਖੱਤ੍ਰੀ ਦੀ ਮਾਈ ਗੁਰਦੇਈ ਨੂੰ ਬੁਲਾ ਲਿਆ, ਕਿਉਂਕਿ ਉਹ ਅਤਿਅੰਤ ਬ੍ਰਿਧ ਹੈ, ਰਾਤ ਦਿਨੇ ਸਾਡੇ ਦਰਸ਼ਨ ਕਰਨ ਲਈ ਸਾਨੂੰ ਧਿਆਉਂਦੀ ਰਹਿੰਦੀ ਹੈ। ਓਸ ਨੂੰ ਬੁਲਾ, ਨਾਲੇ ਜੇਹੜਾ ਬਸਤਰ ਓਨ ਆਪ ਕੱਤ ਕੇ ਸਾਡੇ ਨਮਿੱਤ ਬਣਾ ਰੱਖਿਆ ਹੈ, ਉਹ ਲਈ ਆਵੇ। ਏਹ ਬਾਤ ਸੁਣ ਕੇ ਗੁਲਾਬਾ ਅਸਚਰਜ ਹੋ ਗਿਆ ਅਤੇ ਜਾ ਕੇ ਓਸ ਮਾਈ ਨੂੰ ਬੁਲਾ ਲਿਆਇਆ। ਜਦ ਓਸ ਮਾਈ ਨੇ ਗੁਰੂ ਕਾ ਆਗਮਨ ਸੁਣਿਆ, ਜਾਣੋ ਚੰਦ ਚੜ੍ਹ ਗਿਆ। ਨੇਤ੍ਰ ਬੰਦ ਹੋ ਰਹੇ ਸਨ, ਓਸੇ ਘੜੀ ਖੁੱਲ੍ਹ ਪਏ ਅਤੇ ਸਭੋ ਕੁਝ ਨਜ਼ਰ ਆਉਣ ਲੱਗਾ। ਆਪਣੇ ਪੁੱਤਰ ਨਿਹਾਲੇ ਨੂੰ ਨਾਲ ਲੈ ਕੇ ਉਸੇ ਸਮੇਂ ਚਲੀ ਆਈ, ਜੇਹੜਾ ਬਸਤ੍ਰ ਓਨ ਆਪ ਕੱਤ, ਉਣਾ ਧੁਆ ਕੇ ਰੱਖ ਛੱਡਿਆ ਸੀ, ਗੁਰੂ ਅੱਗੇ ਧਰ ਕੇ ਮੱਥਾ ਟੇਕਿਆ ਅਤੇ ਦਰਸ਼ਨ ਕਰ ਕੇ ਨਿਹਾਲ ਹੋ ਗਈ। ਗੁਰੂ ਜੀ ਨੇ ਫ਼ੁਰਮਾਇਆ, ਮਾਈ, ਤੂੰ ਹਰ ਵੇਲੇ ਸਾਨੂੰ ਯਾਦ ਕਰਦੀ ਸੀ। ਹੁਣ ਤੂੰ ਜੋ ਚਾਹੁੰਦੀ ਏਂ ਸੋ ਮੰਗ, ਪੰਦਰਾਂ ਦਿਨ ਤੇਰੀ ਉਮਰ ਹੋਰ ਹੈ। ਉਸ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ! ਹੁਣ ਤੁਸਾਡੇ ਦਰਸ਼ਨ ਕਰ ਕੇ ਸਭ ਇੱਛਾਵਾਂ ਪੂਰੀਆਂ ਹੋ ਗਈਆਂ। ਗੁਰੂ ਜੀ ਨੇ ਓਸ ਨੂੰ ਸੱਚਖੰਡ ਦਾ ਨਿਵਾਸ ਦਿੱਤਾ।

ਓਸੇ ਮਾਈ ਵਾਲੇ ਬਸਤਰ ਦੀ ਇਕ ਚਾਦਰ, ਇਕ ਜਾਮਾ ਗੁਰੂ ਜੀ ਨੇ ਆਪਣੇ ਵਾਸਤੇ ਅਤੇ ਬਾਕੀ ਹੋਰ ਸਿੱਖਾਂ ਨੂੰ ਬਸਤਰ ਲਿਆ ਕੇ ਜਦ ਨੀਲੇ ਕਰਨ ਵਾਸਤੇ ਭੇਜੇ ਤਾਂ ਲਿਲਾਰੀ ਨੇ ਆਖਿਆ, ਅਜੇ ਨੀਲ ਦਾ ਮੱਟ ਪਰਸੋਂ ਪਾਇਆ ਹੈ, ਪੰਜ ਦਿਨ ਤੱਕ ਉਠੇਗਾ। ਏਹ ਜਵਾਬ ਸੁਣ ਕੇ ਗੁਰੂ ਜੀ ਨੇ ਫ਼ੁਰਮਾਇਆ, ਰੰਗਰੇਜ਼ ਨੂੰ ਆਖੋ ਮੱਟ ਉਠਿਆ ਹੋਇਆ ਹੈ। ਏਸ ਹੁਕਮ ਅਨੁਸਾਰ ਜਦ ਰੰਗਰੇਜ਼ ਨੇ ਮੱਟ ਉਠਿਆ ਹੋਇਆ ਵੇਖਿਆ ਤਾਂ ਓਹ ਅਚਰਜ ਹੋ ਕੇ ਬਸਤ੍ਰ ਰੰਗ ਕੇ ਗੁਰੂ ਜੀ ਪਾਸ ਲੈ ਆਇਆ, ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਉਸ ਦੀ ਇੱਛਾ ਅਨੁਸਾਰ ਉਸ ਨੂੰ ਹੁਕਮਨਾਮਾ ਲਿਖ ਦਿੱਤਾ, ਜੋ ਹੁਣ ਤੱਕ ਉਸ ਦੀ ਸੰਤਾਨ ਪਾਸ ਹੈ। ਗੁਰੂ ਜੀ ਨੇ ਓਸੇ ਘੜੀ ਆਪਣੇ ਸਮੇਤ (ਸਭ ਨੂੰ) ਨੀਲੇ ਬਸਤ੍ਰ ਪਹਿਨਾ ਕੇ ਕੇਸ ਪਿਛਾਂਹ ਸਿਟ ਲਏ ਤੇ ਤਸਬੀਆਂ ਨਬੀ ਖ਼ਾਂ ਨੇ ਲਿਆ ਦਿੱਤੀਆਂ। ਗੁਰੂ ਜੀ ਤਾਂ ਮੰਜੇ ਉਪਰ ਹੋ ਬੈਠੇ ਤੇ ਗਨੀ ਖ਼ਾਂ, ਨਬੀ ਖ਼ਾਂ, ਧਰਮ ਸਿੰਘ, ਮਾਨ ਸਿੰਘ ਚੌਹਾਂ ਨੇ ਪਲੰਘ ਉਠਾ ਲੀਤਾ ਤੇ ਭਾਈ ਦਯਾ ਸਿੰਘ ਨੇ ਮੋਰਾਂ ਦੇ ਖੰਭਾਂ ਦਾ ਮੁੱਠਾ ਫੜ ਲੀਤਾ। ਰਾਹ ਵਿਚ ਜੇ ਕਿਸੇ ਨੇ ਪੁੱਛਿਆ ਤਾਂ ਉਸ ਨੂੰ ਉੱਚ ਦੇ ਪੀਰ ਹਾਜੀ ਪੀਰੀ ਮੁਰੀਦੀ ਵਿਚ ਫਿਰਦੇ ਹਨ, ਏਹ ਦੱਸ ਛੱਡਿਆ। ਏਹ ਸੁਣ ਕੇ ਲੋਕ ਸਲਾਮਾਂ ਕਰਦੇ ਤੇ ਨਜ਼ਰਾਂ ਦਿੰਦੇ ਸਨ। ਜਦ ਦਰਵਾਜ਼ੇ ਤੋਂ ਬਾਹਰ ਚਲੇ ਤਾਂ ਲਸ਼ਕਰੀ ਸਿਪਾਹੀਆਂ ਦੇ ਪੁੱਛਣ 'ਤੇ ਗਨੀ ਖ਼ਾਂ ਨੇ ਜਵਾਬ ਦਿੱਤਾ ਕਿ ਏਹ ਉੱਚ ਦੇ ਪੀਰ ਹਾਜੀ ਪੀਰੀ ਮੁਰੀਦੀ ਵਿਚ ਆਪਣੀ ਕਾਰ ਭੇਟ ਲੈਂਦੇ ਫਿਰਦੇ ਹਨ। ਸਿਪਾਹੀਆਂ ਨੇ ਸ਼ਾਹੀ ਹੁਕਮ ਅਨੁਸਾਰ ਆਪਣੇ ਸਰਦਾਰ ਦਲੇਲ ਖ਼ਾਂ ਪਾਸ ਰਿਪੋਟ ਕੀਤੀ ਤਾਂ ਓਨ ਕਿਹਾ ਕਿ ਮੈਨੂੰ ਦੀਦਾਰ ਦੇ ਕੇ ਜਾਣਾ। ਸੋ ਜਦ ਉਸ ਦੇ ਤੰਬੂ ਪਾਸ ਗਏ ਤਾਂ ਭਾਵੇਂ ਓਨ ਖੜੇ ਹੋ, ਝੁਕ ਕੇ ਸਲਾਮ ਕੀਤੀ, ਪਰ ਸ਼ੱਕ ਸ਼ੁਭਾ ਹੋਣ ਕਰ ਕੇ ਓਸ ਪੰਜ ਹਜ਼ਾਰੀ ਉਮਰਾਵ ਨੇ ਆਖਿਆ ਕਿ ਪੀਰਜ਼ਾਦੇ ਹੋਣ ਦੀ ਗਵਾਹੀ ਦਿਓ ਤੇ ਜ਼ਿਆਫ਼ਤ ਖਾ ਕੇ ਜਾਓ। ਗੁਰੂ ਦੇ ਹੁਕਮਾਨੁਸਾਰ ਗਨੀ ਖ਼ਾਂ ਬੋਲਿਆ ਕਿ ਪੀਰ ਤਾਂ ਰੋਜ਼ੇ ਵਿਚ ਹਨ ਤੇ ਮੁਰੀਦ ਖਾਣਾ ਖਾ ਲੈਣਗੇ ਅਤੇ ਪੀਰ ਹੋਣ ਦੀ ਗਵਾਹੀ ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ (ਜਿਸ ਤੋਂ ਗੁਰੂ ਜੀ ਨੇ ਫ਼ਾਰਸੀ ਪੜ੍ਹੀ ਸੀ) ਤੇ ਸੱਯਦ ਅਨਾਯਤ ਅਲੀ ਨੂਰਪੁਰੀਆ, ਸੱਯਦ ਹਸਨ ਅਲੀ ਮੋਠੂ ਮਾਜਰੀਆ ਸੱਦੇ ਗਏ। ਇਨ੍ਹਾਂ ਨੇ ਗੁਰੂ ਜੀ ਦੀ ਇੱਛਾ ਅਨੁਸਾਰ ਗਵਾਹੀ ਦੇ ਕੇ ਆਖਿਆ ਕਿ ਉਮਰਾਓ ਜੀ, ਤੁਹਾਡੇ ਭਾਗ ਚੰਗੇ ਹਨ ਜੋ ਏਸ ਪੀਰਾਨ ਪੀਰ ਨੇ ਹੁਣ ਤੱਕ ਤੁਹਾਨੂੰ ਕੋਈ ਬਦਦੁਆ ਨਹੀਂ ਦਿੱਤੀ। ਏਹ ਪੀਰ ਤਾਂ ਸੈਫ਼ਜ਼ੁਬਾਨ ਹੈ, ਜੋ ਮੂੰਹੋਂ ਕਹਿੰਦਾ ਹੈ ਸੋਈ ਹੋ ਜਾਂਦਾ ਹੈ। ਜਦ ਏਹ ਗਵਾਹੀ ਦੇ ਕੇ ਜਾਣ ਲੱਗੇ ਤੇ ਗੁਰੂ ਜੀ ਪਾਸ ਆਏ ਤਾਂ ਤੁਰਨ ਲੱਗਿਆਂ ਤਿੰਨਾਂ ਨੂੰ ਗੁਰੂ ਜੀ ਨੇ ਹੁਕਮਨਾਮੇ ਲਿਖ ਦਿੱਤੇ ਜੋ ਹੁਣ ਤੱਕ ਉਨ੍ਹਾਂ ਦੀਆਂ ਸੰਤਾਨਾਂ ਪਾਸ ਹਨ।

ਸੂਹੀ ਮਹਲਾ 4 ॥ ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥ ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥ ੧ ॥ ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ॥ ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ॥ ੧ ॥ ਰਹਾਉ॥ ਮੁੰਧ ਇਆਣੀ ਮਨਮੁਖੀ ਫਿਰਿ

**ਆਵਣ ਜਾਣਾ ਅੰਞੁ॥ ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਞੁ॥ 2 ॥ ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਞੁ॥ ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਞੁ॥ 3 ॥ ਹਰਿ ਦੀਨਾ ਦੀਨ ਦਇਆਲ ਪ੍ਰਭ ਸਤਸੰਗਤਿ ਮੇਲਹੁ ਸੰਞੁ॥ ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਞੁ॥ 4 ॥ 3 ॥**

**ਹਰਿ ਨਾਮ ਹਰਿ ਰੰਞੁ ਹੈ......** (ਅੰਗ 731)

ਪਦ ਅਰਥ :— ਹਰਿ ਰੰਞੁ=ਹਰੀ ਦਾ ਪਿਆਰ। ਮਜੀਠੈ ਰੰਞੁ=ਮਜੀਠ ਦਾ ਪੱਕਾ ਰੰਗ। ਗੁਰਿ ਤੁਠੈ=ਗੁਰੂ ਨੇ ਪ੍ਰਸੰਨ ਹੋ ਕੇ। ਬਹੁੜਿ=ਮੁੜ ਕੇ। ਭੰਞੁ=ਨਾਸ। ਰੰਞੁ=ਪ੍ਰੇਮ। ਭੇਟਾ=ਮਿਲਿਆ। ਰਾਉ=ਰਾਜਾ। ਨਿਸੰਞੁ=ਝਾਕਾ ਲਾਹ ਕੇ, ਪ੍ਰਤੱਖ। ਮੁੰਧ=ਇਸਤਰੀ। ਮਨਮੁਖੀ=ਮਨਮੁਖਤਾ ਵਾਲੀ, ਆਪ-ਹੁਦਰੀ। ਅੰਞੁ=ਸਾਥ। ਮਨਿ=ਮਨ ਵਿਚ। ਦੂਜਾ ਭਾਉ=ਦ੍ਵੈਤ ਭਾਵ। ਸਹਲੰਞੁ=ਨਾਲ ਲੱਗਾ ਹੋਇਆ, ਸਾਥੀ। ਦੁਹਚਾਰੀਆ=ਮੰਦੇ ਆਚਰਣ ਵਾਲੇ। ਅੰਞੁ=ਪੱਖ। ਗੁਰਿ=ਗੁਰੂ ਨੇ। ਅੰਮ੍ਰਿਤਸਰਿ=ਅਮਰ ਜੀਵਨ ਦੇਣ ਵਾਲੇ ਸ਼ਬਦ ਸਰੋਵਰ ਵਿਚ। ਨਵਲਾਇਆ=ਇਸ਼ਨਾਨ ਕਰਵਾਇਆ। ਕਿਲਵਿਖ=ਪਾਪ। ਪੰਞੁ=ਚਿਕੜ। ਸੰਞੁ=ਸੰਗ, ਸਾਥ। ਮੇਲਹੁ=ਮਿਲਾ ਦਿਓ। ਮਨਿ ਤਨਿ ਰੰਞੁ=ਮਨ ਤੇ ਤਨ ਉੱਤੇ ਰੰਗਤ (ਚੜ੍ਹ ਗਈ ਹੈ)।

ਅਰਥ :— (ਹੇ ਭਾਈ !) ਹਰੀ ਪ੍ਰਭੂ ਦਾ ਨਾਮ-ਰੰਗ ਹਰੀ ਦਾ ਪਿਆਰ ਹੈ, (ਇਹ) ਹਰੀ ਦਾ ਪਿਆਰ ਮਜੀਠ ਦੇ ਰੰਗ (ਵਾਂਗੂੰ ਪੱਕਾ ਹੈ)। ਗੁਰੂ ਨੇ ਤੁਠ ਕੇ (ਜਿਸ ਮਨ ਉੱਤੇ) ਹਰੀ (ਨਾਮ ਦਾ) ਰੰਗ ਚਾੜ੍ਹਿਆ ਹੈ, (ਉਹ) ਮੁੜ ਕੇ ਨਾਸ਼ ਨਹੀਂ ਹੁੰਦਾ ਭਾਵ ਉਹ ਨਾਮ-ਰੰਗ ਲੱਥਦਾ ਨਹੀਂ।੧।

ਹੇ ਮੇਰੇ ਮਨ ! (ਤੂੰ) ਹਰੀ ਦੇ ਰਾਮ ਨਾਮ ਦੇ ਰੰਗ ਦਾ ਪਿਆਰ ਪ੍ਰਾਪਤ ਕਰ। ਗੁਰੂ ਨੇ ਤੁੱਠ ਕੇ (ਪ੍ਰਸੰਨ ਹੋ ਕੇ ਜਿਸ ਨੂੰ) ਹਰੀ (ਨਾਮ ਦਾ) ਉਪਦੇਸ਼ ਦਿੱਤਾ, ਉਸ ਦੀ ਬਰਕਤ ਨਾਲ ਉਸ ਨੂੰ ਹਰੀ ਰਾਜਾ ਪ੍ਰਤੱਖ ਮਿਲ ਪਿਆ।੧। ਰਹਾਉ।

(ਹੇ ਭਾਈ !) ਮਨਮੁਖਤਾ ਵਾਲੀ (ਜੀਵ)-ਇਸਤਰੀ ਅਜਾਣੀ ਬੇਸਮਝ ਹੈ, ਮੁੜ ਕੇ (ਉਸ ਦਾ) ਆਉਣਾ ਜਾਣਾ (ਭਾਵ ਜਨਮ ਮਰਨ ਵਾਲਾ ਗੇੜਾ ਹੀ) ਸਾਥ (ਬਣਿਆ ਰਹਿੰਦਾ ਹੈ)। ਹਰੀ ਪਰਮਾਤਮਾ (ਜਿਸ ਦੇ) ਚਿਤ ਵਿਚ ਨਹੀਂ ਆਇਆ ਭਾਵ ਜਿਸ ਨੇ ਉਸ ਨੂੰ ਯਾਦ ਨਹੀਂ ਕੀਤਾ, (ਉਸ ਦੇ) ਮਨ ਵਿਚ ਦ੍ਵੈਤ ਭਾਉ ਲੱਗਾ ਰਹਿੰਦਾ ਹੈ। ੨।

(ਹੇ ਪ੍ਰਭੂ ! ਵਾਹਿਗੁਰੂ ਜੀ) ਅਸੀਂ (ਵਿਸ਼ੇ ਵਿਕਾਰਾਂ ਦੀ) ਮੈਲ ਨਾਲ ਭਰੇ, ਮੰਦੇ ਆਚਰਨ ਵਾਲੇ ਹਾਂ। ਹੇ ਹਰੀ ! ਅੰਗ ਪਾਲਣ ਵਾਲੇ ਹਰੀ ! ਸਾਨੂੰ ਆਪਣੀ ਸ਼ਰਨ ਵਿਚ ਰੱਖੋ। ਜਿਸ ਮਨੁੱਖ ਨੂੰ ਗੁਰੂ ਨੇ (ਨਾਮ ਰੂਪੀ) ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਵਾ ਦਿੱਤਾ ਹੈ (ਉਸ ਦੇ) ਸਾਰੇ ਪਾਪ ਲਹਿ ਗਏ ਹਨ। (ਵਿਕਾਰਾਂ ਦਾ)

ਚਿਕੜ (ਦੂਰ ਹੋ ਗਿਆ ਹੈ)।੩।

ਹੇ ਗ਼ਰੀਬਾਂ ਉੱਤੇ ਦਇਆ ਕਰਨ ਵਾਲੇ ਪ੍ਰਭੂ ! (ਮੈਨੂੰ) ਸਤਿਸੰਗਤ ਦਾ ਸਾਥ ਮਿਲਾ ਦਿਉ। ਜਨ ਨਾਨਕ (ਗੁਰੂ ਜੀ ਦਾਸਾ ਭਾਵ ਧਾਰ ਕੇ ਉਚਾਰਨ ਕਰਦੇ ਹਨ ਕਿ) ਸੰਗਤ ਨਾਲ ਮਿਲ ਕੇ ਹਰੀ ਦਾ (ਨਾਮ) ਰੰਗ ਪ੍ਰਾਪਤ ਹੁੰਦਾ ਹੈ (ਫਿਰ) ਮਨ ਤੇ ਸਰੀਰ ਵਿਚ (ਨਾਮ ਦਾ) ਪਿਆਰ ਦ੍ਰਿੜ੍ਹ ਹੋ ਜਾਂਦਾ ਹੈ।੪।੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧28 (ਆਦਿ ਅੰਗ 733)

## ਸੂਹੀ ਮਹਲਾ 4 ॥

ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ॥ ੧ ॥ਹਰਿ ਧਨੁ ਸੰਚੀਐ ਭਾਈ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ॥ ੧ ॥ ਰਹਾਉ॥ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ॥ 2 ॥ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥ ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥ ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥ 3 ॥ ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ॥ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ॥ 4 ॥ ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ॥ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥ 5 ॥ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ॥ 6 ॥ 3 ॥ ੧੦ ॥

## ਪ੍ਰਾਕ੍ਰਥਨ :

ਸਤਿਕਾਰਯੋਗ ਗੁਰੂ ਸਵਾਰੀ ਸੰਗਤ ਜੀ ! ਇਹ ਜੋ ਪਵਿੱਤ੍ਰ ਸ੍ਰੀ ਮੁਖਵਾਕ ਆਪ ਨੇ ਸ੍ਰਵਨ ਕੀਤਾ ਹੈ, ਇਹ ਸ਼ਬਦ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਗੁਰਦੇਵ ਨੇ ਸੱਚੇ ਹਰੀ ਮਿੱਤਰ ਦੇ ਸੰਬੰਧਾਂ ਦੀ ਗੱਲ ਕੀਤੀ ਹੈ।

## ਵਿਸ਼ਾ — ਤਿਥੈ ਹਰਿ ਮਿਤੁ ਸਹਾਈ ॥

ਇਥੇ ਹਰੀ ਮਿੱਤਰ ਦਾ ਜ਼ਿਕਰ ਕੀਤਾ ਹੈ। ਅਸਲ ਵਿਚ ਸੱਚਾ ਮਿੱਤਰ ਤਾਂ ਸੱਚਾ ਸਤਿਗੁਰੂ ਜੀ ਤੇ ਹਰੀ ਪ੍ਰਮੇਸ਼ਰ ਹੀ ਹੈ। ਬਾਕੀ ਸੰਸਾਰ ਅੰਦਰ ਧਾਰਮਿਕ ਗ੍ਰੰਥਾਂ ਵਿਚ ਕਈ ਤਰ੍ਹਾਂ ਦੇ ਮਿੱਤਰਾਂ ਦਾ ਜ਼ਿਕਰ ਆਇਆ ਹੈ। ਸ਼ਾਸਤਰਕਾਰਾਂ ਨੇ ਜੀਵ ਦੇ ਤਿੰਨ ਮਿੱਤਰ ਕਥਨ ਕੀਤੇ ਹਨ :

੧. ਪਹਿਲੇ ਮਿੱਤਰ ਪਰਿਵਾਰ ਦੇ ਜੀਅ ਤੇ ਸੰਬੰਧੀ।

੨. ਦੂਜਾ ਮਿੱਤਰ ਧਨ ਮੰਨਿਆ ਹੈ।

੩. ਤੀਸਰੇ ਮਿੱਤਰ ਕਰਮ ਕਥਨ ਕੀਤੇ ਹਨ।

ਪਹਿਲੇ ਧਨ ਦੀ ਮਿੱਤਰਤਾ ਓਨਾ ਚਿਰ ਹੈ, ਜਿੰਨਾ ਚਿਰ ਮਨੁੱਖ ਦੇ ਸਰੀਰ ਵਿਚ ਸਵਾਸ ਹਨ। ਧਨ ਨਾਲ ਮਨੁੱਖ ਆਪਣੀ ਸੇਵਾ ਕਰਾ ਸਕਦਾ ਹੈ। ਧਨ ਕਰ ਕੇ ਮਾਇਆ ਨਾਲ ਸਰੀਰਕ ਸੁੱਖ ਸਹੂਲਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਜਿਸ ਵੇਲੇ ਸਰੀਰ ਵਿਚੋਂ ਸਵਾਸ ਨਿਕਲ ਜਾਂਦੇ ਹਨ, ਉਸੇ ਵੇਲੇ ਹੀ ਧਨ ਦੇ ਮਾਲਕ ਹੋਰ ਬਣ ਜਾਂਦੇ ਹਨ। ਧਨ ਦੀ ਮਿੱਤਰਤਾ ਖ਼ਤਮ ਹੋ ਜਾਂਦੀ ਹੈ, ਪਰ ਧਨ ਦੀ ਇਕੱਤ੍ਰਤਾ ਪਾਪ ਕਰਮ ਕਰਕੇ ਹੁੰਦੀ ਹੈ। ਗੁਰਦੇਵ ਦਾ ਫ਼ੁਰਮਾਨ ਹੈ :

**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥** (ਅੰਗ 4੧7)

ਅਤੇ ਦਸਮੇਸ਼ ਗੁਰੂ ਜੀ ਦਾ ਫ਼ੁਰਮਾਨ ਹੈ :-

**ਏਕ ਮਦੀ ਦੂਜੈ ਤਰਨ, ਤੀਜੈ ਧਨ ਹੋਇ ਧਾਮ ॥**
**ਪਾਪ ਕਰੇ ਬਿਨ ਕਿਉ ਬਚੈ, ਬਚੇ ਬਚਾਵੈ ਰਾਮ ॥**

ਦੂਸਰੇ ਸੰਬੰਧੀਆਂ ਦੀ ਮਿੱਤਰਤਾ ਓਨਾ ਚਿਰ ਹੈ, ਜਿੰਨਾ ਚਿਰ ਮਨੁੱਖ ਦੇ ਸਰੀਰ ਨੂੰ ਸ਼ਮਸ਼ਾਨ ਘਾਟ ਵਿਚ ਲਿਜਾ ਕੇ ਦਾਹ ਸੰਸਕਾਰ ਨਹੀਂ ਕਰ ਦਿੰਦੇ। ਇਥੇ ਸੰਬੰਧੀਆਂ ਦੀ ਮਿੱਤਰਤਾ ਭੀ ਖ਼ਤਮ ਹੋ ਜਾਂਦੀ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

**ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ॥** (ਅੰਗ ੧੧24)

ਮਨੁੱਖ ਦੇ ਸਰੀਰ ਨੂੰ ਅਗਨ ਭੇਟ ਕਰ ਕੇ ਸੰਬੰਧੀ ਡੱਕੇ ਤੋੜ ਕੇ ਅੱਗ ਵਿਚ ਸੁੱਟ ਦਿੰਦੇ ਹਨ ਕਿ ਅੱਜ ਤੋਂ ਸਾਡੀ ਮਿੱਤਰਤਾ ਤੇਰੇ ਨਾਲੋਂ ਟੁੱਟ ਚੁੱਕੀ ਹੈ :

**ਜਤ੍ਰ ਮਾਇਆ ਤਤ੍ਰ ਗਛਤੀ।**

ਭਾਵ ਜਿਧਰੋਂ ਆਇਆ ਸੀ ਉਧਰੇ ਹੀ ਚਲਿਆ ਜਾ, ਮੁੜ ਸਾਡੇ ਵੱਲ ਨਾ ਆਈਂ। ਤੀਸਰੇ ਮਨੁੱਖ ਦੇ ਕਰਮ ਮਿੱਤਰ ਹਨ। ਕਰਮ ਚੰਗੇ ਤੇ ਮਾੜੇ ਦੋ ਤਰ੍ਹਾਂ ਦੇ ਇਥੇ ਕਹੇ ਜਾ ਸਕਦੇ ਹਨ। ਚੰਗੇ ਕਰਮਾਂ ਦਾ ਫਲ ਸੁਖ ਤੇ ਮਾੜੇ ਕਰਮਾਂ ਦਾ ਫਲ ਦੁੱਖ ਹੁੰਦਾ ਹੈ। ਇਥੇ ਸਮੇਂ ਅਨੁਸਾਰ ਪੰਜ ਪ੍ਰਕਾਰ ਦੇ ਕਰਮਾਂ ਦਾ ਨਿਰਣਾ ਹੋ ਸਕਦਾ ਹੈ : ੧. ਨਿਤ ਕਰਮ, ੨. ਨਮਿਤ ਕਰਮ, ੩. ਪ੍ਰਾਸਚਿਤ ਕਰਮ, ੪. ਵਿਧਿ ਕਰਮ, ੫. ਨਿਖੇਧ ਕਰਮ। ਇਸ ਤੋਂ ਬਿਨਾਂ ਸੰਚਿਤ, ਪ੍ਰਾਲਬਧ, ਕਿਰੇਮਾਨ ਆਦਿ ਕਰਮ ਹਨ।

**ਏਕ ਜਨਮ ਕੇ ਕਰਮ ਫਲ ਭੁਗਵੈ ਜਨਮ ਅਨੇਕ।**
**ਸੰਚਿਤ ਤਾਸੋਂ ਕਹਿਤ ਹੈ, ਸੁਖ ਦੁਖ ਸਹਿਤ ਬਿਬੇਕ॥ 87 ॥**
**ਏਕ ਜਨਮ ਕੇ ਕਰਮ ਫਲ ਭੁਗਵੈ ਦੂਜੀ ਦੇਹ।**
**ਸੋ ਪ੍ਰਾਲਬਧ ਕਹਾਵਈ, ਸੁਨ ਅਬ ਸਹਿਤ ਸਨੇਹ॥**

(ਅਧਿਆਤਮ ਪ੍ਰਕਾਸ਼)

ਚੰਗੇ ਕਰਮ ਕਰੇਗਾ ਤਾਂ ਚੰਗਾ ਫਲ ਮਿਲੇਗਾ। ਮਾੜੇ ਕਰਮ ਕਰੇਗਾ ਤਾਂ ਉਸ ਦਾ ਮਾੜਾ ਫਲ ਦੁੱਖ ਮਿਲੇਗਾ। ਸ਼ਾਸਤਰਾਂ ਦਾ ਕਥਨ ਹੈ :

**ਅਵੱਸ ਮੇਵ ਭੁਗਤ੍ਰੂੰ ਕਿਰਤ ਕਰਮ ਸ਼ੁੱਭ ਅਸ਼ੁੱਭ॥**

ਭਾਵ ਚੰਗੇ ਮਾੜੇ ਕਰਮਾਂ ਦਾ ਫਲ ਜ਼ਰੂਰ-ਬਰ-ਜ਼ਰੂਰ ਭੋਗਣਾ ਪੈਂਦਾ ਹੈ। ਇਸ ਕਰ ਕੇ ਗੁਰਬਾਣੀ ਸਾਨੂੰ ਚੰਗੇ ਕਰਮ ਕਰਨ ਲਈ ਕਹਿੰਦੀ ਹੈ :

**ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥** (ਅੰਗ 397)

ਅਥਵਾ :-

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥** (ਜਪੁ ਜੀ ਸਾਹਿਬ)

ਮਾੜੇ ਕਰਮ ਕਰਨ ਤੋਂ ਗੁਰਬਾਣੀ ਰੋਕਦੀ ਹੈ :

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥** (ਅੰਗ ੧੩੮੧)

ਇਸ ਲਈ ਸੰਸਾਰ ਦੇ ਅੰਦਰ ਸੰਸਾਰਿਕ ਮਿੱਤਰ ਸੰਬੰਧੀ ਸਭ ਸੁਆਰਥੀ ਹਨ। ਇਹਨਾਂ ਚੋਂ ਕੋਈ ਵੀ

ਮਨੁੱਖ ਦਾ ਸੱਚਾ ਮਿੱਤਰ ਨਹੀਂ ਹੈ :

**ਪ੍ਰੀਤਮ ਜਾਨਿ ਲੇਹੁ ਮਨ ਮਾਹੀ॥**
**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ ੧॥ ਰਹਾਉ॥**
**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥**
**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ ੧॥**
**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥**
**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥ 2॥**
**ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥**
**ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥ 3॥**

(ਅੰਗ 634)

ਭਗਤ ਫ਼ਰੀਦ ਜੀ ਦਾ ਵੀ ਕਥਨ ਹੈ ਕਿ ਗੱਲਾਂ ਵਿਚ ਤਾਂ ਵੀਹ ਸੱਜਣ ਬਣ ਬੈਠਦੇ ਹਨ, ਪਰ ਵੀਚਾਰ ਅਤੇ ਪ੍ਰੀਖਿਆ ਕਰਨ ਸਮੇਂ ਇਕ ਵੀ ਨਹੀਂ ਲੱਭਦਾ। ਸੱਚੇ ਮਿੱਤਰ ਦੇ ਮਿਲਾਪ ਦੀ ਚਿੰਤਾ ਵਿਚ ਮਲੀਹ ਦੀ ਅੱਗ ਵਾਂਗ ਧੁਖ ਰਿਹਾ ਹੈ :

**ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥**
**ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਾ ਮਾ ਪਿਰੀ॥ 87॥** (ਅੰਗ ੧382)

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਵਿੱਤ੍ਰ ਬਚਨ ਹਨ :

**ਇਹ ਜਗਿ ਮੀਤੁ ਨ ਦੇਖਿਓ ਕੋਈ॥**
**ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥ ੧॥ ਰਹਾਉ॥**

(ਅੰਗ 633)

**ਨਾਨਕ ਮਿਤ੍ਰਾਈ ਤਿਸੁ ਸਿਉ ਸਭੁ ਕਿਛੁ ਜਿਸ ਕੈ ਹਾਥਿ॥**
**ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ॥** (ਅੰਗ 3੧8)

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸਬੰਧ ਵਿਚ ਕਥਨ ਕੀਤਾ ਹੈ :

**ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ**
**ਤੇ ਸਭਿ ਅਪਨੈ ਸੁਆਇ ਮਿਲਾਸਾ॥**
**ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ**
**ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥** (ਅੰਗ 860)

**ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥**
**ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ॥ ੧॥ ਰਹਾਉ॥**
**ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ ੧॥**

(ਅੰਗ 700)

ਭਾਈ ਗੁਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਜੀ ਤੇ ਸੁਦਾਮੇ ਦੀ ਸੱਚੀ ਮਿੱਤ੍ਰਤਾ ਦਾ ਜ਼ਿਕਰ ਕੀਤਾ ਹੈ :

**ਬਿਪੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।**
**ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।**
**ਚਲਿਆ ਗਣਦਾ ਗਟੀਆਂ, ਕਿਉਕਰਿ ਜਾਈਐ ਕਉਣੁ ਮਿਲਾਏ।**
**ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।**
**ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।**
**ਪਹਿਲੇ ਦੇ ਪਰਦਖਣਾ ਪੈਰੀ ਪੈ ਕੇ ਲੈ ਗਲਿ ਲਾਇ।**
**ਚਰਣੋਦਕੁ ਲੈ ਪੈਰ ਧੋਇ, ਸਿੰਘਾਸਣੁ ਉਤੇ ਬੈਠਾਏ।**
**ਪੁਛੇ ਕੁਸਲੁ ਪਿਆਰੁ ਕਰਿ, ਗੁਰ ਸੇਵਾ ਦੀ ਕਥਾ ਸੁਣਾਏ।**
**ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।**
**ਚਾਰਿ ਪਦਾਰਥ ਸੁਕਚਿ ਪਠਾਏ॥ 9॥** (ਵਾਰ ੧0, ਪਉੜੀ 9)

ਅਸਲ ਵਿਚ ਸੱਚਾ ਮਿੱਤਰ ਗੁਰੂ ਪ੍ਰਮੇਸ਼ਰ ਹੀ ਹੈ ਜੋ ਮਨੁੱਖ ਦੀ ਹਰ ਇਕ ਜਗ੍ਹਾ ਸਹਾਇਤਾ ਕਰਨ ਨੂੰ ਸਮਰੱਥ ਹੈ। ਜਿਥੇ ਕੋਈ ਸਹਾਇਤਾ ਨਹੀਂ ਕਰ ਸਕਦਾ, ਉਥੇ ਸੱਚੇ ਸਤਿਗੁਰੂ ਮਿੱਤਰ ਸਹਾਇਤਾ ਕਰਦੇ ਹਨ।

## ਸਾਖੀ—ਬੇੜਾ ਬੰਨੇ ਲਾਉਣ ਦੀ

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਭਾਈ ਮੱਖਣ ਸ਼ਾਹ ਦਾ ਬੇੜਾ ਕਿਸ ਤਰ੍ਹਾਂ ਪਾਰ ਕੀਤਾ ਸੀ ? ਇਹ ਸਾਰਾ ਪ੍ਰਸੰਗ ਇਸ ਪ੍ਰਕਾਰ ਗੁਰ-ਇਤਿਹਾਸ ਅੰਦਰ ਆਉਂਦਾ ਹੈ। ਮੱਖਣ ਸ਼ਾਹ ਕੋਲ ਬੇੜਾ ਸੀ। ਉਸ ਬੇੜੇ ਵਿਚ ਹਜ਼ਾਰਾਂ ਮਣ ਅਨਾਜ ਤੇ ਹੋਰ ਕੀਮਤੀ ਵਸਤੂਆਂ ਰੱਖ ਕੇ ਦੂਸਰੇ ਸ਼ਹਿਰਾਂ ਨੂੰ ਜਾਂਦਾ ਤੇ ਮਾਲ ਵੇਚ ਕੇ ਲਾਭ ਪ੍ਰਾਪਤ ਕਰਦਾ ਸੀ। ਆਪਣੀ ਕਿਰਤ ਕਮਾਈ ਵਿਚੋਂ ਉਹ ਧਰਮ-ਕਾਰਜਾਂ 'ਤੇ ਵੀ ਰਕਮ ਖ਼ਰਚਦਾ ਤੇ ਗ਼ਰੀਬਾਂ ਵਾਸਤੇ ਲੰਗਰ ਲਵਾਉਂਦਾ ਸੀ।

ਭਾਣਾ ਕਰਤਾਰ ਦਾ, ਇਕ ਦਿਨ ਐਸਾ ਸਬੱਬ ਬਣਿਆ ਕਿ ਉਸ ਦਾ ਜਹਾਜ਼ ਟਿੰਬਰੂ ਨਾਮੇ ਨਦੀ ਵਿਚ ਬਰੇਤੇ ਉੱਤੇ ਚੜ੍ਹ ਗਿਆ। ਉਹ ਤੁਰਨ ਤੋਂ ਅਸਮਰਥ ਹੋ ਗਿਆ। ਮਲਾਹ ਜ਼ੋਰ ਲਾ ਕੇ ਥੱਕ ਗਏ। ਹਵਾ

ਦਾ ਰੁਖ਼ ਵੀ ਚੰਗਾ ਸੀ, ਪਰ ਜਹਾਜ਼ (ਬੇੜਾ) ਬਰੇਤੇ ਤੋਂ ਨਾ ਹਿਲਿਆ। ਮਲਾਹ ਲੋਕ ਰੱਬੀ ਸ਼ਕਤੀਆਂ ਤੇ ਰੱਬ ਉੱਤੇ ਬਹੁਤ ਭਰੋਸਾ ਰੱਖਦੇ ਸਨ। ਉਹ ਹਰ ਖ਼ਤਰੇ ਦੀ ਘੜੀ ਵੇਲੇ ਭਗਵਾਨ ਨੂੰ ਯਾਦ ਕਰਦੇ ਸਨ। ਜਦੋਂ ਮੱਖਣ ਸ਼ਾਹ ਦਾ ਬੇੜਾ ਅੜ ਗਿਆ ਤਾਂ ਉਹਦੇ ਸਾਥੀ ਮਲਾਹਾਂ ਨੇ ਖ਼ਵਾਜੇ ਖ਼ਿਜ਼ਰ ਤੇ ਹੋਰ ਪੀਰਾਂ ਫ਼ਕੀਰਾਂ ਤੇ ਦੇਵੀ ਦੇਵਤਿਆਂ ਦੀਆਂ ਸੁਖਣਾਂ ਸੁਖੀਆਂ। ਸਭ ਕੁਝ ਕਰਨ ਦੇ ਬਾਵਜੂਦ ਵੀ ਬੇੜਾ ਨਾ ਹਿਲਿਆ। ਆਖ਼ਰ ਮੱਖਣ ਸ਼ਾਹ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਦਾ ਧਿਆਨ ਧਰ ਕੇ ਨਿਰਮਲ ਹਿਰਦੇ ਨਾਲ ਅਰਦਾਸ ਬੇਨਤੀ ਕੀਤੀ। ਉਸ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਨਾਮ ਲੈ ਕੇ ਕਿਹਾ—ਹੇ ਦਾਤਾ ! ਹੇ ਕ੍ਰਿਪਾਲੂ ! ਮੇਰਾ ਬੇੜਾ ਤੁਰ ਪਵੇ ਤੇ ਮੈਂ ਸੋਨੇ ਦੀ ਪੰਜ ਸੌ ਮੋਹਰ ਗੁਰੂ ਘਰ ਦੀ ਸੇਵਾ ਵਾਸਤੇ ਗੁਰ ਚਰਨਾਂ 'ਤੇ ਢੇਰੀ ਕਰਾਂਗਾ। ਮੇਰੀਆਂ ਭੁੱਲਾਂ ਮੈਨੂੰ ਬਖ਼ਸ਼ੀਆਂ ਜਾਣ, ਮੈਂ ਗਰੀਬ ਸ਼ਰਨ ਆ ਕੇ ਬੇਨਤੀ ਕਰਾਂ।'

ਮੱਖਣ ਸ਼ਾਹ ਦੀ ਬੇਨਤੀ ਕਰਨ ਪਿੱਛੋਂ ਗੁਰੂ ਸਾਹਿਬ ਜੀ ਨੇ ਐਸੀ ਕਿਰਪਾ ਕੀਤੀ ਕਿ ਜਲ ਵਿਚ ਇਕ ਦਮ ਜ਼ੋਰ ਦਾ ਤੂਫ਼ਾਨ ਆ ਗਿਆ। ਉਸ ਤੂਫ਼ਾਨ ਨਾਲ ਜਲ ਉੱਚਾ ਹੋਇਆ ਤੇ ਜਹਾਜ਼ (ਬੇੜਾ) ਤੁਰ ਪਿਆ। ਤਰ ਕੇ ਬੇੜਾ ਅੱਗੇ ਤੁਰਨ ਲੱਗਾ ਤਾਂ ਸਿੱਖ ਨੇ ਬਹੁਤ ਖ਼ੁਸ਼ੀ ਮਨਾਈ ਤੇ ਸਤਿਗੁਰੂ ਦੀ ਸ਼ਕਤੀ ਦੀ ਉਪਮਾ ਕੀਤੀ।

ਮੱਖਣ ਸ਼ਾਹ ਜ਼ਿਲ੍ਹਾ ਜੇਹਲਮ ਦਾ ਰਹਿਣ ਵਾਲਾ ਸੀ। ਘਰ ਪੁੱਜਿਆ। ਘਰ ਪੁੱਜ ਕੇ ਉਸ ਨੇ ਪੰਜ ਸੌ ਸੋਨੇ ਦੀ ਮੋਹਰ ਪਲੇ ਬੰਨ੍ਹੀ, ਪਰਵਾਰ ਨੂੰ ਨਾਲ ਲੈ ਕੇ ਉਹ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਦੀ ਢੂੰਡ ਕਰਨ ਚੜ੍ਹਿਆ ਤੇ ਉਹ ਸ੍ਰੀ ਅੰਮ੍ਰਿਤਸਰ ਪੁੱਜਾ। ਸ੍ਰੀ ਅੰਮ੍ਰਿਤਸਰ ਵਿਚ ਰਹਿਣ ਵਾਲੇ ਸਿੱਖਾਂ ਸੇਵਕਾਂ ਤੋਂ ਪਤਾ ਲੱਗਾ ਕਿ ਸਤਿਗੁਰੂ ਹਰਿਕ੍ਰਿਸ਼ਨ ਜੀ ਤਾਂ ਜੋਤੀ ਜੋਤ ਸਮਾ ਗਏ ਹਨ। ਸਤਿਗੁਰਾਂ ਦੇ ਬਚਨਾਂ ਅਨੁਸਾਰ:

**ਬਾਬਾ ਬਸਹਿ ਜੇ ਗ੍ਰਾਮ ਬਕਾਲੇ।**
**ਬਣ ਗੁਰ ਸੰਗਤ ਆਪ ਸਮਾਲੇ।**

ਇਸ ਲਈ 'ਗੁਰੂ ਬਕਾਲੇ' ਹੈ, ਪਰ ਅਜੇ ਨਾਵੇਂ ਸਤਿਗੁਰੂ ਪ੍ਰਗਟ ਨਹੀਂ ਹੋਏ। ਉਹਨਾਂ ਸਿੱਖਾਂ ਇਹ ਵੀ ਸਲਾਹ ਦਿੱਤੀ ਕਿ ਮੱਖਣ ਸ਼ਾਹ, ਬਕਾਲੇ ਨਗਰ ਹੀ ਪੁੱਜੇ, ਸ਼ਾਇਦ ਸੱਚੇ ਸਤਿਗੁਰਾਂ ਦੇ ਉਸ ਨੂੰ ਦਰਸ਼ਨ ਹੋ ਜਾਣ। ਸਤਿਗੁਰੂ ਜੀ ਦੇ ਦਰਸ਼ਨਾਂ ਦਾ ਪਿਆਸਾ ਭਾਈ ਮੱਖਣ ਸ਼ਾਹ ਬਕਾਲੇ ਨੂੰ ਤੁਰ ਪਿਆ। ਇੱਕੋ ਮੰਜ਼ਲ ਕਰ ਕੇ ਉਹ ਬਕਾਲੇ ਪੁੱਜਾ। ਪਿੰਡੋਂ ਬਾਹਰ ਤੰਬੂ ਲਾ ਦਿੱਤੇ। ਜਦੋਂ ਉਸ ਦੇ ਤੰਬੂ ਲੱਗਣੇ ਆਰੰਭ ਹੋਏ ਤਾਂ 'ਝੂਠੇ ਗੁਰੂਆਂ' ਦੇ ਮਸੰਦਾਂ ਨੂੰ ਪਤਾ ਲੱਗ ਗਿਆ ਕਿ ਕੋਈ ਅਮੀਰ ਸਿੱਖ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਹੈ। ਬਹੁਤ ਸਾਰਾ ਧਨ ਕਾਰ-ਭੇਟ ਚੜ੍ਹਾਉਣ ਵਾਸਤੇ ਲਿਆਇਆ ਹੈ।

ਝੂਠੇ ਗੁਰੂਆਂ ਦੇ ਝੂਠੇ ਮਸੰਦ ਮੱਖਣ ਸ਼ਾਹ ਵੱਲ ਚਲੇ ਗਏ। ਹਰ ਇਕ ਨੇ ਆਪਣੇ ਗੁਰੂ ਦੀ ਉਪਮਾ ਕੀਤੀ। ਦੂਸਰੇ ਗੁਰੂਆਂ ਦੇ ਔਗੁਣ ਪ੍ਰਗਟ ਕੀਤੇ। ਮੱਖਣ ਸ਼ਾਹ ਇਹ ਕੁਝ ਸੁਣ ਕੇ ਘਬਰਾ ਗਿਆ। ਉਹ ਸੋਚਾਂ ਵਿਚ ਡੁੱਬਾ ਕਿ ਏਥੇ ਤਾਂ ੨੨ ਗੁਰੂ ਬਣੇ ਬੈਠੇ ਹਨ, ਉਹ ਕਿਸ ਗੁਰੂ ਨੂੰ ਸੱਚਾ ਤੇ ਉਸ ਦਾ ਬੇੜਾ ਤਾਰਨ ਵਾਲਾ ਮੰਨੇ ? ਗੁਰੂ ਦਰ ਤੋਂ ਨਿਰਾਸ ਮੁੜਨਾ ਵੀ ਔਖਾ ਹੈ। ਅੰਤ ਉਸ ਨੇ ਸਾਰੇ ਮਸੰਦਾਂ ਨੂੰ ਕਿਹਾ— ਮੈਂ ਸਾਰੇ ਗੁਰੂਆਂ

ਪਾਸ ਜਾਵਾਂਗਾ, ਸਭ ਦਾ ਸਤਿਕਾਰ ਕਰਾਂਗਾ, ਪਰ ਜੋ ਸੱਚਾ ਸਤਿਗੁਰੂ ਹੋਵੇਗਾ ਉਹ ਆਪੇ ਮੇਰੇ ਮਨ ਦੀਆਂ ਬੁਝ ਲਵੇਗਾ ਤੇ ਆਪਣੀ ਪੂਰੀ ਅਮਾਨਤ ਮੇਰੇ ਕੋਲੋਂ ਮੰਗ ਲਵੇਗਾ। ਤੁਸੀਂ ਸਾਰੇ ਜਾਓ ਤੇ ਆਪੋ ਆਪਣੇ ਡੇਰੇ ਬੈਠੋ। ਕਰਤਾਰ ਦਾ ਜੋ ਭਾਣਾ ਹੈ, ਓਹੋ ਹੋ ਕੇ ਰਹੇਗਾ।

ਮੱਖਣ ਸ਼ਾਹ ਨੇ ਹਰ ਇਕ ਸੋਢੀ (ਝੂਠੇ ਗੁਰੂ) ਦੇ ਅੱਗੇ ਦੋ ਦੋ ਮੋਹਰਾਂ ਰੱਖ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਜਦ ਯਾਰ੍ਹਵੇਂ ਗੁਰੂ ਕੋਲ ਪੁੱਜੇ ਤਾਂ ਉਹ ਧੀਰਮੱਲ ਸੀ। ਉਸ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਪ੍ਰਕਾਸ਼ ਕੀਤਾ ਹੋਇਆ ਸੀ, ਜਿਸ ਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਤੇ ਸਤਿਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ ਸੀ। ਮੱਖਣ ਸ਼ਾਹ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ ਤੇ ਮੱਖਣ ਸ਼ਾਹ ਨੇ ਪੰਜ ਮੋਹਰਾਂ ਭੇਟਾ ਕਰ ਕੇ ਮੱਥਾ ਟੇਕਿਆ। ਧੀਰਮੱਲ ਜੋ ਆਪਣੇ ਆਪ ਨੂੰ ਸਤਿਗੁਰੂ ਅਖਵਾਉਂਦਾ ਸੀ ਉਸ ਨੇ ਵੀ ਮੱਖਣ ਸ਼ਾਹ ਦੇ ਮਨ ਦੀ ਨਾ ਜਾਣੀ। ਉਸ ਵੀ ਪੰਜ ਸੌ ਮੋਹਰ ਸੁਖਣਾ ਦੀ ਨਾ ਮੰਗੀ। ਮੱਖਣ ਸ਼ਾਹ ਨਿਰਾਸ ਹੋ ਕੇ ਅੱਗੇ ਹੋਇਆ ਤੇ ਰਹਿੰਦੇ ਗੁਰੂਆਂ ਨੂੰ ਵੀ ਮੱਥਾ ਟੇਕਦਾ ਗਿਆ। ਆਖ਼ਿਰ ਸਾਰਿਆਂ ਨੂੰ ਮੱਥਾ ਟੇਕਣ ਪਿਛੋਂ ਉਹ ਹੈਰਾਨ ਹੋਇਆ ਕਿ ਕਿਸੇ ਵੀ ਉਸ ਕੋਲੋਂ ਸੁਖਣਾ ਦੀ ਭਾਰੀ ਰਕਮ ਨਹੀਂ ਮੰਗੀ, ਕੀ ਬਕਾਲੇ ਵਿਚ ਸੱਚਾ ਗੁਰੂ ਕੋਈ ਨਹੀਂ ? ਉਸ ਨੇ ਇਕ ਨੂੰ ਪੁੱਛਿਆ – "ਕੀ ਗੁਰੂ ਵੰਸ਼ ਵਿੱਚੋਂ ਹੋਰ ਵੀ ਕੋਈ ਇਸ ਨਗਰ ਵਿਚ ਵਸਦਾ ਹੈ ?"

"ਆਹੋ ਜੀ ! ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਰਹਿੰਦੇ ਹਨ। ਉਨ੍ਹਾਂ ਨੂੰ ਤੇਗ਼ ਬਹਾਦਰ ਜਾਂ ਇਕੱਲਾ 'ਤੇਗਾ' ਹੀ ਆਖਦੇ ਹਨ। ਉਹ ਚੁੱਪ ਜਿਹੇ ਰਹਿੰਦੇ ਹਨ।"

ਤਾਂ ਮੱਖਣ ਸ਼ਾਹ ਨੇ ਕਿਹਾ, "ਕੀ ਤੂੰ ਮੈਨੂੰ ਉਨ੍ਹਾਂ ਪਾਸ ਲੈ ਚਲਦਾ ਹੈਂ ?" ਇਸ ਤਰ੍ਹਾਂ ਮੱਖਣ ਸ਼ਾਹ ਨੇ ਨਿੰਮਰਤਾ ਨਾਲ ਬੇਨਤੀ ਕੀਤੀ।

"ਜ਼ਰੂਰ !" ਉਸ ਸ਼ਰਧਾਲੂ ਨੇ ਉੱਤਰ ਦਿੱਤਾ ਤੇ ਅੱਗੇ ਅੱਗੇ ਤੁਰ ਪਿਆ। ਉਸ ਦੇ ਪਿੱਛੇ ਪਿੱਛੇ ਮੱਖਣ ਸ਼ਾਹ ਤੇ ਉਹਦਾ ਪਰਿਵਾਰ ਸੀ। ਜੋ ਸੱਚਾ ਗੁਰੂ, ਸੱਚੀ ਆਤਮਾ ਭਗਤੀ ਤੇ ਤਪੱਸਿਆ ਕਰ ਕੇ ਨਿਰਵੈਰ ਤੇ ਨਿਰਲੇਪ ਹੋ ਚੁੱਕੀ ਸੀ, ਜਿਸ ਦੇ ਦਰਸ਼ਨ ਕਰਨ ਨਾਲ ਜਨਮ ਮਰਨ ਕਟੇ ਜਾਂਦੇ ਸਨ, ਮੱਖਣ ਸ਼ਾਹ ਉਸ ਗੁਰੂ ਦੇ ਕੱਚੇ ਕੋਠੇ ਦੇ ਬੂਹੇ ਅੱਗੇ ਜਾ ਖਲੋਤਾ ਅਤੇ ਅਵਾਜ਼ ਮਾਰੀ : ਜੀ "ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ। ਗ਼ਰੀਬ ਜਿਹਾ ਸਿੱਖ ਹਾਂ। ਕ੍ਰਿਪਾ ਕਰ ਕੇ ਦਰਸ਼ਨ ਬਖ਼ਸ਼ੋ।"

ਮੱਖਣ ਸ਼ਾਹ ਦੀ ਬੇਨਤੀ ਪਰਵਾਨ ਹੋਈ, ਕੱਚੇ ਕੋਠੇ ਦਾ ਦਰਵਾਜ਼ਾ ਖੁੱਲ੍ਹਿਆ। ਸਤਿਗੁਰੂ (ਤੇਗ਼ ਬਹਾਦਰ) ਜੀ ਦੇ ਦਰਸ਼ਨ ਕਰਨ ਸਾਰ ਮੱਖਣ ਸ਼ਾਹ ਦਾ ਹਿਰਦਾ ਸ਼ਾਂਤ ਹੋ ਗਿਆ। ਉਸ ਨੇ ਦੇਖਿਆ ਕਿ ਲੰਮੇ ਦਾੜ੍ਹੇ ਵਾਲਾ ਜੋਗੀ ਬੈਠਾ ਹੈ। ਚਿਤ ਕਰਤਾਰ ਦੇ ਚਰਨਾਂ ਨਾਲ ਜੁੜਿਆ ਹੈ। ਨੈਣ ਅੱਧੇ ਮੁੰਦੇ ਤੇ ਅੱਧੇ ਖੁੱਲ੍ਹੇ ਹਨ। ਮਨ ਮੋਹਨੀ ਭਗਤੀ ਦੀ ਮੂਰਤੀ ਦੇਖ ਕੇ ਵੀ ਮੱਖਣ ਸ਼ਾਹ ਨੂੰ ਭਰੋਸਾ ਨਹੀਂ ਆਇਆ। ਉਸ ਨੇ ਪੰਜ ਮੋਹਰਾਂ ਅੱਗੇ ਰੱਖ ਕੇ ਮੱਥਾ ਟੇਕ ਦਿੱਤਾ। ਜਦੋਂ ਸਿਰ ਚਰਨਾਂ ਤੋਂ ਉਪਰ ਚੁੱਕ ਕੇ ਸਤਿਗੁਰੂ ਜੀ ਦੇ ਚੇਹਰੇ ਵੱਲ ਤਕਿਆ ਤਾਂ ਹੈਰਾਨ ਹੋਇਆ। ਸਤਿਗੁਰੂ ਜੀ ਮੁਸਕਰਾ ਰਹੇ ਸਨ। ਜੀਵਨ ਦਾਨ ਬਖ਼ਸ਼ਣ ਵਾਲੀ

ਮੁਸਕਰਾਹਟ ਦੇ ਨਾਲ ਹੀ ਸਾਹਿਬਾਂ ਨੇ ਬਚਨ ਕੀਤਾ— "ਮੱਖਣ ਸ਼ਾਹ ! ਪੰਜ ਸੌ ਮੋਹਰ ਸੁਖਣਾ ਸੁਖ ਕੇ ਹੁਣ ਪੰਜ ਕਿਉਂ ?"

"ਓ ਦਾਤਾ ! ਕ੍ਰਿਪਾ ਸਾਗਰ ਸੱਚੇ ਪਾਤਸ਼ਾਹ ! ਹਨੇਰੇ ਵਿਚ ਏਹੋ ਤਾਂ ਮੈਂ ਰੋਸ਼ਨੀ ਚਾਹੁੰਦਾ ਸਾਂ। ਪੰਜ ਸੌ, ਲਉ ਪੰਜ ਸੌ ਮੋਹਰਾਂ ਅਤੇ ਇਨ੍ਹਾਂ ਮੋਹਰਾਂ ਦੇ ਨਾਲ ਤਨ, ਮਨ ਤੇ ਧਨ ਵੀ ਅਰਪਣ ਕਰਦਾ ਹਾਂ।" ਮੱਖਣ ਸ਼ਾਹ ਨੇ ਖ਼ੁਸ਼ੀ ਨਾਲ ਉਛਲ ਕੇ ਆਖਿਆ। ਸਤਿਗੁਰੂ ਜੀ ਦੇ ਚਰਨਾਂ ਉੱਪਰ ਦੁਬਾਰਾ ਮੱਥਾ ਟੇਕਿਆ, ਮੱਥਾ ਟੇਕ ਕੇ ਕੋਠੇ ਉੱਤੇ ਜਾ ਚੜ੍ਹਿਆ। ਸੱਚੇ ਸਤਿਗੁਰੂ ਦੇ ਲੱਭਣ ਦਾ ਢੰਡੋਰਾ ਜਾ ਦਿੱਤਾ— "ਸਾਚਾ ਗੁਰ ਲਾਧੋ ਰੇ, ਹੇ ਭੁੱਲੇ ਲੋਕੋ ਆਓ ! ਸੱਚਾ ਸਤਿਗੁਰੂ ਏਥੇ ਹੈ।" ਮੱਖਣ ਸ਼ਾਹ ਦੀ ਅਵਾਜ਼ ਸੀ। "ਇਨ੍ਹਾਂ ਝੂਠੇ, ਪਖੰਡੀ ਤੇ ਠੱਗ ਗੁਰੂਆਂ ਨੂੰ ਛੱਡੋ। ਘਟ-ਘਟ ਦੀ ਜਾਨਣਹਾਰ, ਬੇੜੇ ਬੰਨੇ ਲਾਉਣ ਵਾਲੇ ਅਤੇ ਭਵਸਾਗਰ ਤੋਂ ਪਾਰ ਕਰਨ ਵਾਲੇ ਸਤਿਗੁਰੂ ਏਥੇ ਹਨ। ਸੱਚੇ ਪਾਤਸ਼ਾਹ ਨੂੰ 'ਭੋਲਾ ਤੇ ਸ਼ੁਦਾਈ ਤੇਗਾ' ਆਖਣ ਵਾਲੇ ਪਾਪੀਓ ! ਅਗਿਆਨੀਓਂ ! ਆ ਕੇ ਭੁੱਲ ਬਖ਼ਸ਼ਾਓ ! ਬਾਬਾ ਸੱਚਮੁਚ ਬਕਾਲੇ ਹੈ ਜਿਹੜੇ ਭਗਤੀ ਤੇ ਤਪੱਸਿਆ ਕਰ ਕੇ ਜਗਤ ਦੇ ਭਲੇ ਦੀਆਂ ਸੋਚ ਰਹੇ ਹਨ। ਆਓ ! ਮੱਥਾ ਟੇਕੋ ! ਵਰ ਮੰਗੋ। ਮੇਰੇ ਬੇੜੇ ਵਾਂਗ ਤੁਸਾਂ ਦੇ ਵੀ ਬੇੜੇ ਪਾਰ ਹੋ ਜਾਣਗੇ।"

ਸੂਹੀ ਮਹਲਾ 4 ॥ ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥ ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ॥੧॥ ਹਰਿ ਧਨੁ ਸੰਚੀਐ ਭਾਈ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ॥੧॥ ਰਹਾਉ॥ ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥ ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ॥ 2 ॥ ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥ ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥ ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥ 3 ॥ ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ॥ ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ॥ 4 ॥ ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ॥ ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ

**ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥ 5 ॥ ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥ ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ॥ 6 ॥ 3 ॥੧0 ॥**

(ਅੰਗ 733)

ਪਦ ਅਰਥ :- ਜਿਥੈ=ਜਿਸ ਥਾਂ 'ਤੇ। ਆਰਾਧੀਐ=ਸਿਮਰਿਆ, ਯਾਦ ਕੀਤਾ ਜਾਂਦਾ ਹੈ। ਸਹਾਈ=ਸਹਾਇਤਾ ਕਰਦਾ ਹੈ। ਹੋਰਤੁ ਬਿਧਿ=ਹੋਰ, (ਕਿਸੇ) ਤਰੀਕੇ ਢੰਗ ਨਾਲ। ਸੰਚੀਐ=ਇਕੱਠਾ ਕਰਨਾ ਚਾਹੀਦਾ ਹੈ। ਭਾਈ=ਹੇ ਭਾਈ !। ਜਿ=ਜਿਹੜਾ। ਹਲਤਿ ਪਲਤਿ=ਲੋਕ ਪਰਲੋਕ ਵਿਚ। ਸਖਾਈ=ਮਿੱਤਰ। ਸਤਸੰਗਤੀ ਸੰਗਿ=ਸਤਸੰਗੀਆਂ ਨਾਲ (ਮਿਲ ਕੇ)। ਖਟੀਐ=ਕਮਾਉਣਾ ਚਾਹੀਦਾ ਹੈ। ਹੋਰ ਥੈ=ਹੋਰ (ਕਿਸੇ) ਥਾਂ ਤੋਂ। ਹੋਰਤੁ ਉਪਾਇ=ਹੋਰ (ਕਿਸੇ) ਜਤਨ ਨਾਲ। ਕਿਤੈ=ਕਿਸੇ (ਥਾਂ) ਤੋਂ ਭੀ। ਵਾਪਾਰੀਆ=ਵਾਪਾਰ ਕਰਨ ਵਾਲਾ। ਵਿਹਾਝੇ=ਖ਼ਰੀਦਦਾ ਹੈ। ਕਚੈ ਕੇ ਵਾਪਾਰੀਏ=ਕੱਚੇ ਧਨ ਦਾ ਵਾਪਾਰ ਕਰਨ ਵਾਲੇ। ਵਤੈ ਕਾ=ਵਕਤ ਦੇ (ਸਮੇਂ) ਦਾ। ਅਸਥਿਰੁ=ਪੱਕਾ। ਸਾਚਾ=ਸਦਾ ਥਿਰ ਰਹਿਣ ਵਾਲਾ। ਅਗਨੀ=ਅੱਗ ਤੋਂ। ਤਸਕਰੈ=ਚੋਰ ਤੋਂ। ਪਾਣੀਐ=ਪਾਣੀ ਤੋਂ। ਜਮਦੂਤੈ=ਜਮਦੂਤਾਂ ਤੋਂ। ਉਚਕਾ=ਚੁੱਕ ਕੇ, ਖੋਹ ਕੇ ਲੈ ਜਾਣ ਵਾਲਾ, ਲੁਟੇਰਾ। ਸਾਕਤੀ=ਸਾਕਤਾਂ (ਮਾਇਆ ਦੇ ਪੁਜਾਰੀਆਂ) ਨੇ। ਬਿਖਿਆ=ਮਾਇਆ। ਸੰਚਿਆ=ਇਕੱਠਾ ਕੀਤਾ ਹੈ। ਇਕ ਵਿਖ=ਇਕ ਕਦਮ। ਦੁਹੇਲੇ=ਦੁਖੀ। ਹਥਹੁ ਛੁੜਕਿ ਗਇਆ=ਹੱਥ ਵਿਚੋਂ ਛੁਟ ਗਿਆ, ਖੁੱਸ ਗਿਆ। ਢੋਈ=ਥਾਂ, ਆਸਰਾ। ਸਾਹੁ=ਸ਼ਾਹ, ਮਾਲਕ। ਲਦਿ ਚਲਾਈ=ਲੱਦ ਕੇ (ਦਰਗਾਹ ਵਿਚ) ਜਾਂਦਾ ਹੈ। ਤੋਟਾ=ਕਮੀ, ਘਾਟਾ। ਗੁਰਿ=ਗੁਰੂ ਨੇ।

ਅਰਥ :- (ਹੇ ਭਾਈ !) ਜਿਸ ਥਾਂ 'ਤੇ ਹਰੀ ਪ੍ਰਭੂ ਨੂੰ ਸਿਮਰਿਆ ਭਾਵ ਯਾਦ ਕੀਤਾ ਜਾਂਦਾ ਹੈ, ਉਸ ਥਾਂ 'ਤੇ ਹੀ ਹਰੀ ਮਿੱਤਰ ਸਹਾਇਤਾ ਕਰਦਾ ਹੈ। ਗੁਰੂ ਦੀ ਕਿਰਪਾ ਨਾਲ (ਉਹ) ਹਰੀ ਮਨ ਵਿਚ ਆ ਵਸਦਾ ਹੈ, ਹੋਰ ਕਿਸੇ ਤਰੀਕੇ ਨਾਲ (ਹਰੀ ਨੂੰ) ਨਹੀਂ ਪ੍ਰਾਪਤ ਕੀਤਾ ਜਾ ਸਕਦਾ ।੧।

ਹੇ ਭਾਈ ! (ਉਸ) ਹਰੀ ਦਾ (ਨਾਮ) ਧਨ ਇਕੱਠਾ ਕਰਨਾ ਚਾਹੀਦਾ ਹੈ, ਜਿਹੜਾ ਹਰੀ ਲੋਕ ਪਰਲੋਕ ਵਿਚ ਮਿੱਤਰ ਬਣਦਾ ਹੈ।੧। ਰਹਾਉ।

(ਹੇ ਭਾਈ ਪ੍ਰਭੂ ਪਿਆਰੇ !) ਸਤਿਸੰਗੀਆਂ ਨਾਲ ਮਿਲ ਕੇ ਹਰੀ ਦਾ (ਨਾਮ) ਧਨ ਕਮਾਉਣਾ ਚਾਹੀਦਾ ਹੈ, ਹੋਰ (ਕਿਸੇ) ਥਾਂ ਤੋਂ (ਕਿਸੇ) ਜਤਨ ਨਾਲ, ਹਰੀ ਦਾ (ਨਾਮ) ਧਨ ਕਿਸੇ ਪਾਸੋਂ ਭੀ ਨਹੀਂ ਪਾਇਆ ਜਾ ਸਕਦਾ। ਹਰੀ ਦੇ (ਨਾਮ) ਰਤਨ ਦਾ ਵਾਪਾਰ ਕਰਨ ਵਾਲਾ, ਹਰੀ ਦਾ (ਨਾਮ) ਰਤਨ ਧਨ ਖ਼ਰੀਦਦਾ ਹੈ, ਕੱਚੇ (ਧਨ ਦਾ) ਵਾਪਾਰ ਕਰਨ ਵਾਲੇ ਜੋ ਵਾਪਾਰੀ ਹਨ, ਵਾ—ਕਿ ਉਹਨਾਂ ਦੇ ਪਾਸੋਂ ਵਾ=ਉਹਨਾਂ ਦੇ ਵਾਕਿ=ਬਚਨਾਂ ਨਾਲ (ਭਾਵ ਨਿਰੀਆਂ) ਗੱਲਾਂ ਨਾਲ ਹਰੀ ਦਾ (ਨਾਮ) ਧਨ ਨਹੀਂ ਲਿਆ ਜਾ ਸਕਦਾ।੨।

ਹੇ ਭਾਈ ! ਹਰੀ ਦਾ (ਨਾਮ) ਧਨ ਰਤਨ, ਜਵਾਹਰ ਮੋਤੀ (ਨਾਲੋਂ ਵੀ ਵੱਧ ਕੀਮਤੀ) ਹੈ, ਹਰੀ ਨਾਮ ਧਨ ਕਰਕੇ ਵੈਰਾਗ ਰੂਪੀ ਰਤਨ, ਗਿਆਨ ਰੂਪੀ ਜੇਵਹਰ, ਸ੍ਰਵਣ ਮੰਨਣ ਨਿਧਿਆਸਣ ਰੂਪੀ ਮਾਣਕ ਦੀ ਪ੍ਰਾਪਤੀ ਹੁੰਦੀ ਹੈ ਅਤੇ ਹਰੀ ਦੇ ਭਗਤਾਂ ਨੇ ਅੰਮ੍ਰਿਤ ਵੇਲੇ ਜੋ ਵਤਰ ਦਾ ਸਮਾਂ ਹੈ, ਹਰੀ ਦੇ (ਨਾਮ ਨਾਲ) ਸੁਰਤਿ ਜੋੜੀ ਹੁੰਦੀ ਹੈ। (ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣ ਰੂਪ) ਵਤਰ (ਸਮੇਂ) ਦਾ ਬੀਜਿਆ (ਨਾਮ ਧਨ) ਭਗਤ ਖਾ ਕੇ ਅਤੇ (ਹੋਰਾਂ ਵਿਚ ਵੰਡ ਵੰਡ ਕੇ) ਖ਼ਰਚ ਖ਼ਰਚ ਕੇ ਥੱਕ ਗਏ ਹਨ, ਪਰ ਨਾਮ ਧਨ ਮੁੱਕਦਾ ਹੀ ਨਹੀਂ ਹੈ। ਲੋਕ ਪਰਲੋਕ ਵਿਚ ਹਰਿ (ਨਾਮ) ਧਨ ਦੀ ਪ੍ਰਭੂ ਪਿਆਰੇ ਭਗਤ ਜਨਾਂ ਨੂੰ ਵਡਿਆਈ ਪ੍ਰਾਪਤ ਹੋਈ ਹੈ।੩।

(ਹੇ ਭਾਈ !) ਹਰੀ ਦਾ (ਨਾਮ) ਧਨ ਨਿਰਭਉ ਹੈ, ਭਾਵ ਇਸ ਨੂੰ ਕਿਸੇ ਪ੍ਰਕਾਰ ਦ ਡਰ ਖ਼ਤਰਾ ਨਹੀਂ ਹੈ, ਇਹ (ਧਨ) ਸਦਾ ਸਦਾ ਥਿਰ ਰਹਿਣ ਵਾਲਾ ਸੱਚਾ ਧਨ ਹੈ, ਇਹ ਹਰੀ (ਨਾਮ) ਧਨ ਪਾਣੀ, ਅੱਗ, ਜਮਦੂਤ, ਚੋਰ (ਆਦਿ) ਕਿਸੇ ਦਾ ਗਵਾਇਆ (ਗਵਾਚ) ਨਹੀਂ ਸਕਦਾ ਤੇ ਇਸ ਕਰਕੇ ਇਸ ਧਨ ਦਾ ਕੋਈ ਕੁਝ ਵਿਗਾੜ ਨਹੀਂ ਸਕਦਾ। ਹਰੀ (ਨਾਮ) ਧਨ (ਖੋਹਣ) ਲਈ ਕੋਈ ਲੁਟੇਰਾ ਨੇੜੇ ਨਹੀਂ ਆ ਸਕਦਾ ਅਤੇ ਜਮ ਮਸੂਲੀਆ ਭੀ ਇਸ ਧਨ ਨੂੰ ਮਸੂਲ ਨਹੀਂ ਲਗਾ ਸਕਦਾ।੪।

(ਹੇ ਭਾਈ !) ਮਾਇਆ ਦੇ ਉਪਾਸ਼ਕਾਂ ਸਾਕਤਾਂ ਨੇ ਪਾਪ ਕਰ ਕਰ ਕੇ (ਕੱਚਾ) ਮਾਇਆ ਦਾ ਧਨ ਇਕੱਠਾ ਕੀਤਾ ਹੈ, (ਜੋ) ਇਕ ਕਦਮ ਵੀ (ਉਹਨਾਂ ਦੇ) ਨਾਲ ਨਹੀਂ ਜਾਂਦਾ। ਇਸ ਲੋਕ ਵਿਚ ਸਾਕਤ (ਪੁਰਸ਼) ਦੁਖੀ ਹੋ ਗਏ (ਜਦੋਂ ਉਨ੍ਹਾਂ ਦੇ) ਹੱਥ ਵਿਚੋਂ (ਇਥੋਂ ਕੱਚਾ) ਧਨ ਛੁਟ ਗਿਆ (ਅਤੇ) ਅੱਗੇ ਪਰਲੋਕ ਵਿਚ, ਹਰੀ ਦੀ ਦਰਗਾਹ ਵਿਚ ਸਾਕਤ ਨੂੰ ਕੋਈ ਥਾਂ ਆਸਰਾ ਨਹੀਂ ਮਿਲਦਾ।੫।

ਹੇ ਸੰਤ ਜਨੋਂ ! ਇਸ ਹਰੀ (ਨਾਮ) ਧਨ ਦਾ ਸ਼ਾਹ (ਮਾਲਕ) ਹਰੀ ਆਪ ਹੈ, ਜਿਸ ਨੂੰ (ਹਰੀ ਨਾਮ ਧਨ) ਦਿੰਦਾ ਹੈ, ਉਹ (ਮਨੁੱਖ) ਹਰੀ ਦਾ (ਨਾਮ) ਧਨ ਲੱਦ ਕੇ ਲੈ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈ) ਦਾਸ ਨੂੰ ਗੁਰੂ ਨੇ ਇਹ ਸੋਝੀ ਦਿੱਤੀ ਹੈ ਕਿ ਇਸ ਹਰੀ (ਨਾਮ) ਧਨ ਦਾ ਤੋਟਾ ਕਦੇ ਵੀ ਨਹੀਂ ਆਉਂਦਾ, ਇਸ ਨਾਮ ਧਨ ਨੂੰ ਜਿਤਨਾ ਦਿਲ ਕਰੇ, ਖਾਈ ਖ਼ਰਚੀ ਚਲੋ।੬।੩।੧੦।

**ਖਾਵਹਿ ਖਰਚਹਿ ਰਲਿ ਮਿਲਿ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥** (ਅੰਗ ੧੮੬)

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

★★★

ਸ੍ਰੀ ਮੁਖਵਾਕ ਨੰਬਰ ੧29 (ਆਦਿ ਅੰਗ 736)

## ਸੂਹੀ ਮਹਲਾ 4 ॥

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧ ॥ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥ ੧ ॥ ਰਹਾਉ ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥ 2 ॥ ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥ 3 ॥ ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥ 4 ॥ 4 ॥ ੧5 ॥ 24 ॥

# ਪ੍ਰਾਕ੍ਰਥਨ :

ਇਹ ਪਾਵਨ ਪਵਿੱਤ੍ਰ ਮੁਖਵਾਕ ਸ੍ਰੀ ਗੁਰੂ ਰਾਮਦਾਸ ਜੀ ਦਾ ਸੂਹੀ ਰਾਗੁ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਅਰੰਭ ਵਿਚ ਹਜ਼ੂਰ ਨੇ ਮਨੁੱਖ ਦੀ ਅਸਮਰੱਥਾ ਦਰਸਾਈ ਹੈ। ਸਭ ਕੁਝ ਕਰਨ ਨੂੰ ਸਮਰੱਥ ਇਕ ਅਕਾਲ ਪੁਰਖ ਵਾਹਿਗੁਰੂ ਜੀ ਹੀ ਹੈ। ਉਸ ਤੋਂ ਬਿਨਾਂ ਹੋਰ ਕੋਈ ਪੂਰਨ ਰੂਪ ਵਿਚ ਸਮਰੱਥ ਨਹੀਂ ਹੈ।

## ਵਿਸ਼ਾ — ਇਸ ਕਾ ਬਲੁ ਨਾਹੀ ਇਸੁ ਹਾਥ॥

ਸੰਸਾਰ ਦੇ ਅੰਦਰ ਬਲੀ ਤੋਂ ਬਲੀ, ਮਹਾਂਬਲੀ ਤੋਂ ਮਹਾਂਬਲੀ ਵਾਹਿਗੁਰੂ ਨੇ ਪੈਦਾ ਕੀਤੇ ਹਨ। ਭੂਤਕਾਲ ਅੰਦਰ ਵੱਡੇ-ਵੱਡੇ ਵਲੀਆਂ ਦਾ ਜ਼ਿਕਰ ਪੁਰਾਣਿਕ ਗ੍ਰੰਥਾਂ ਅੰਦਰ ਅੰਕਿਤ ਹੈ, ਜਿਨ੍ਹਾਂ ਵਿਚ ਹਰਨਾਖਸ਼, ਰਾਵਣ, ਕੰਸ ਅਤੇ ਬਹੁਤ ਸਾਰੇ ਦੈਂਤਾਂ ਦਾ ਜ਼ਿਕਰ ਆਉਂਦਾ ਹੈ। ਸ੍ਰੀ ਦਸਮ ਗ੍ਰੰਥ ਵਿਚ ਵੀ ਜ਼ਿਕਰ ਆਇਆ ਹੈ :

**ਕਿਉ ਜੜ ਜੁਧ ਕਰੈ ਹਰਿ ਸਿਉ, ਮਧੁ ਕੀਟਭ ਸੇ ਜਿਹ ਸਤ੍ਰੁ ਖਪਾਏ॥**
**ਰਾਵਨ ਸੇ ਹਰਿਨਾਖਸ ਸੇ, ਹਰਿਨਾਛ ਹੂ ਸੇ ਜਗਿ ਜਾਨਿ ਨ ਪਾਏ॥**
**ਕੰਸਹਿ ਸੇ ਅਰੁ ਸੰਧਿ ਜਰਾ ਸੰਗ, ਦੇਸਨ ਦੇਸਨ ਕੇ ਨ੍ਰਿਪ ਆਏ॥**
**ਤੈ ਰੇ ਕਹਾ ਅਰੇ ਸੌ ਛਿਨ ਮੈ, ਇਹ ਸਯਾਮ ਭਨੈ ਜਮਲੋਕ ਪਠਾਏ॥**

(ਸ੍ਰੀ ਦਸਮ ਗ੍ਰੰਥ ਸਾਹਿਬ)

ਵੱਡੇ-ਵੱਡੇ ਮਹਾਂਬਲੀ ਉਸ ਮਹਾਨ ਸ਼ਕਤੀਵਾਨ ਵਾਹਿਗੁਰੂ ਜੀ ਨੇ ਛਿਨ ਵਿਚ ਖ਼ਤਮ ਕਰ ਦਿੱਤੇ ਹਨ। ਅਸਲ ਵਿਚ ਇਹ ਜਿਤਨੇ ਵਲੀ ਹੋਏ ਹਨ, ਇਨ੍ਹਾਂ ਸਾਰਿਆਂ ਨੂੰ ਬਲ, ਤਾਕਤ, ਜ਼ੋਰ, ਉਸ ਵਾਹਿਗੁਰੂ ਜੀ ਦਾ ਹੀ ਦਿੱਤਾ ਹੋਇਆ ਹੈ। ਉਹ ਹੀ ਇਨ੍ਹਾਂ ਸਾਰਿਆਂ ਨੂੰ ਨਾਸ਼ ਕਰਨ ਨੂੰ ਸਮਰੱਥ ਹੈ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸ੍ਰੀ ਦਸਮ ਗ੍ਰੰਥ ਵਿਚ ਇਸ ਪ੍ਰਕਾਰ ਕਥਨ ਹੈ :

**ਹੈ ਭਗਵਾਨ ਬਲੀ ਪ੍ਰਗਟਿਯੋ, ਸਭ ਗੋਪ ਕਹੈ ਪੁਤਨਾ ਇਨ ਮਾਰੀ॥**
**ਰਾਜ ਬਿਭੀਛਨ ਯਾਹਿ ਦਯੋ, ਇਨ ਹੀ ਕੁਪਿ ਰਾਵਨ ਦੈਂਤ ਸੰਘਾਰੀ॥**
**ਰਛ ਕਰੀ ਪ੍ਰਲਾਦਹਿ ਕੀ, ਇਨ ਹੀ ਹਰਨਾਖਸ ਕੀ ਉਰ ਫਾਰੀ॥**
**ਨੰਦ ਸੁਨੋ ਪਤਿ ਲੋਕਨ ਕੈ, ਇਨ ਹੀ ਹਮਰੀ ਅਬ ਦੇਹ ਉਬਾਰੀ॥**

(ਸ੍ਰੀ ਦਸਮ ਗ੍ਰੰਥ)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਵੀ ਪਾਵਨ ਫ਼ੁਰਮਾਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਕਿ ਉਸ ਭਗਵਾਨ ਪੁਰਖ ਮਹਾਨ ਸ਼ਕਤੀਵਾਨ ਨੇ ਜਦ ਚਾਹਿਆ ਮਹਾਂਬਲੀ ਪ੍ਰੀਛਤ ਰਾਜਾ, ਜਿਸ ਨੇ ਆਪਣੇ ਬਚਨ ਵਾਸਤੇ ਕਿਤਨਾ ਜਤਨ ਕੀਤਾ ਅਤੇ ਵੱਡੇ ਬਲੀ ਸੂਰਮਿਆਂ ਦੀ ਸੈਨਾ ਸੁਰੱਖਿਆ

ਵਾਸਤੇ ਸਾਵਧਾਨ ਕੀਤਾ ਸੀ।

**ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ॥**
**ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਚਹ॥**
**ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥**

(ਸਲੋਕ ਸਹਸਕ੍ਰਿਤੀ, ਅੰਗ ੧354)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਅੰਦਰ ਫ਼ੁਰਮਾਇਆ ਹੈ :

**ਇਸ ਕਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥**
**ਆਗਿਆਕਾਰੀ ਬਪੁਰਾ ਜੀਉ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ॥** (ਅੰਗ 277)

ਇਸ ਸਿਧਾਂਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁ ਜੀ ਸਾਹਿਬ ਜੀ ਦੀ ੩੩ ਨੰਬਰ ਪਉੜੀ ਅੰਦਰ ਇਸ ਤਰ੍ਹਾਂ ਉਜਾਗਰ ਕੀਤਾ ਹੈ :

**ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥**
**ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥ 33॥**

(ਅਥਵਾ)

**ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥**
**ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ ਜੋ ਤਿਸੁ ਭਾਵੈ ਸੋਈ ਕਰੇਇ॥**

(ਅੰਗ 277)

**ਮਾਧਉ ਹਰਿ ਹਰਿ ਹਰਿ ਮੁਖਿ ਕਹੀਐ॥**
**ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ॥ ੧॥ ਰਹਾਉ॥**
**ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ॥**
**ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ॥੧॥**

(ਗਉੜੀ ਮਹਲਾ 4, ਅੰਗ 2੧6)

**ਤਥਾ—ਜਹ ਜਹ ਭਾਣਾ ਤਹ ਤਹ ਰਾਖੇ॥**
**ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ॥ 4॥**

(ਗਉੜੀ ਸੁਖਮਨੀ, ਅੰਗ 276)

## ਸਾਖੀ—ਕਿਛੁ ਕੀਚੈ ਜੇ ਕਰਿ ਸਕੀਐ॥

ਹਜ਼ਰਤ ਅਲੀ, ਮੁਹੰਮਦ ਸਾਹਿਬ ਤੋਂ ਪੁੱਛਦੇ ਹਨ, ਦਸਤ ਬਸਤਾ। ਹਜ਼ੂਰ ਹਜ਼ਰਤ ! ਕੁਝ ਮੈਂ ਵੀ ਕਰ ਸਕਦਾ ਹਾਂ ਕਿ ਜਾਂ ਖ਼ੁਦਾ (ਅੱਲ੍ਹਾ) ਹੀ ਸਭ ਕੁਝ ਕਰ ਸਕਦਾ ਹੈ ? ਅਵਤਾਰੀ ਪੁਰਸ਼ ਅਕਸਰ ਬੜੇ ਦੂਰ ਅੰਦੇਸ਼ ਹੁੰਦੇ ਹਨ। ਉਨ੍ਹਾਂ ਨੇ ਕਿਹਾ, ਹੇ ਹਜ਼ਰਤ ਅਲੀ ! ਜੇਕਰ ਮੈਂ ਸ਼ਬਦ ਪ੍ਰਮਾਣ ਰਾਹੀਂ ਬੋਲ ਕੇ ਤੈਨੂੰ ਸਮਝਾਉਣ ਦੀ ਗੱਲ ਕੀਤੀ ਤਾਂ ਤੂੰ ਨਹੀਂ ਸਮਝ ਸਕੇਂਗਾ। ਮੇਰੇ ਸ਼ਬਦ ਤੇਰੀ ਬੁੱਧ ਦੀ ਪਕੜ ਵਿਚ ਨਹੀਂ ਆਉਣੇ। ਇਸ ਵਾਸਤੇ ਮੈਂ ਕਿਸੇ ਵਕਤ ਤੈਨੂੰ ਪ੍ਰਤਖਸ਼ ਪ੍ਰਮਾਣ ਦੇ ਰਾਹੀਂ ਸਮਝਾਵਾਂਗਾ। ਹਜ਼ਰਤ ਅਲੀ ਹੱਥ ਜੋੜ ਕੇ ਕਹਿਣ ਲੱਗੇ, ਬਈ ਪਿਆਸ ਮੈਨੂੰ ਹੁਣ ਹੈ, ਪਾਣੀ ਵੀ ਮੈਨੂੰ ਹੁਣੇ ਪਿਲਾਉ। ਪ੍ਰਸ਼ਨ ਹੁਣ ਮੇਰੇ ਪ੍ਰਾਣਾਂ ਤੋਂ ਨਿਕਲਿਆ ਹੈ ਕਿ ਕੁਝ ਮੈਂ ਵੀ ਕਰ ਸਕਦਾ ਹਾਂ ਕਿ ਸਭ ਕੁਝ ਖ਼ੁਦਾ (ਅੱਲ੍ਹਾ) ਹੀ ਕਰਦਾ ਹੈ ? ਪਤਾ ਨਹੀਂ ਇਹ ਪਿਆਸ ਦੁਬਾਰਾ ਰਹੇ ਕਿ ਨਾ ਰਹੇ, ਇਸ ਵਾਸਤੇ ਇਸ ਦੀ ਪੂਰਤੀ ਹੁਣ ਹੀ ਕਰੋ। ਹੁਣੇ ਮੈਨੂੰ ਸਮਝਾਉ। ਤਾਂ ਮੁਹੰਮਦ ਸਾਹਿਬ ਕਹਿਣ ਲੱਗੇ, ਹੇ ਹਜ਼ਰਤ ਅਲੀ ! ਤੂੰ ਆਪਣਾ ਇਕ ਪੈਰ ਜ਼ਮੀਨ ਤੋਂ ਚੁੱਕ ਲੈ। ਇਕ ਦਮ ਸੱਜਾ ਪੈਰ ਹਜ਼ਰਤ ਅਲੀ ਨੇ ਜ਼ਮੀਨ ਤੋਂ ਚੁੱਕ ਲਿਆ। ਮੁਹੰਮਦ ਸਾਹਿਬ ਕਹਿਣ ਲੱਗੇ ਕਿ ਹੁਣ ਦੂਸਰਾ ਵੀ ਉਠਾ, ਦੂਸਰਾ ਪੈਰ ਵੀ ਜ਼ਮੀਨ ਤੋਂ ਚੁੱਕ। ਮਜਬੂਰ ਹੋ ਕੇ ਹਜ਼ਰਤ ਅਲੀ ਕਹਿਣ ਲੱਗੇ, ਇਹ ਤਾਂ ਨਹੀਂ ਹੋ ਸਕਦਾ। ਮੈਂ ਸਿਰਫ਼ ਇਕ ਪੈਰ ਹੀ ਜ਼ਮੀਨ ਤੋਂ ਚੁੱਕ ਸਕਦਾ ਹਾਂ। ਮੁਹੰਮਦ ਸਾਹਿਬ ਕਹਿਣ ਲੱਗੇ, ਤੈਨੂੰ ਦੂਸਰਾ ਪੈਰ ਜ਼ਮੀਨ ਤੋਂ ਚੁੱਕਣਾ ਪਏ ਤਾਂ ਫਿਰ ਤੈਨੂੰ ਕੀ ਕਰਨਾ ਪਏਗਾ ? ਹਜ਼ਰਤ ਅਲੀ ਨੇ ਕਿਹਾ, ਮੈਨੂੰ ਜਿਹੜਾ ਚੁੱਕਿਆ ਪੈਰ ਥੱਲੇ ਰੱਖਣਾ ਪਵੇਗਾ ਤਾਂ ਹੀ ਮੈਂ (ਖੱਬਾ) ਦੂਸਰਾ ਪੈਰ ਚੁੱਕ ਸਕਾਂਗਾ। ਹਜ਼ਰਤ ਮੁਹੰਮਦ ਸਾਹਿਬ ਕਹਿਣ ਲੱਗੇ, ਅਲੀ ! ਇਹ ਤੇਰੇ ਸਵਾਲ ਦਾ ਜੁਆਬ ਹੈ। ਇਹ ਤੇਰੇ ਪ੍ਰਸ਼ਨ ਦਾ ਉੱਤਰ ਹੈ। ਦਸਤ ਬਸਤਾ। ਅਲੀ ਕਹਿਣ ਲੱਗੇ, ਮੈਂ ਅਜੇ ਨਹੀਂ ਸਮਝਿਆ। ਮੁਹੰਮਦ ਸਾਹਿਬ ਕਹਿਣ ਲੱਗੇ ਕਿ ਤੂੰ ਇਕ ਪੈਰ ਚੁੱਕਣ ਦੀ ਸੁਤੰਤਰਤਾ ਰੱਖਦਾ ਹੈਂ। ਤੂੰ ਇਕ ਪੈਰ ਚੁੱਕ ਸਕਦਾ ਹੈਂ। ਇਹ ਖੁੱਲ੍ਹ ਹੈ। ਇਹ ਢਿਲ ਹੈ। ਤੂੰ ਸੱਜਾ ਪੈਰ ਚੁਕਿਆ ਹੈ। ਚਾਹੁੰਦਾ ਤਾਂ ਤੂੰ ਖੱਬਾ ਪੈਰ ਵੀ ਚੁੱਕ ਸਕਦਾ ਸੀ, ਪਰ ਇਕ ਦਫ਼ਾ ਸੱਜਾ ਪੈਰ ਜ਼ਮੀਨ ਤੋਂ ਚੁਕਿਆ ਤਾਂ ਉਸੇ ਵਕਤ ਖੱਬਾ ਪੈਰ ਚੁੱਕਣਾ ਔਖਾ ਹੋ ਜਾਂਦਾ ਹੈ। ਐ ਬੰਦੇ ! ਤੂੰ ਸ਼ੁੱਭ ਕਰਮ ਵੀ ਕਰ ਸਕਦਾ ਹੈਂ; ਤੂੰ ਅਸ਼ੁੱਭ ਕਰਮ ਵੀ ਕਰ ਸਕਦਾ ਹੈਂ। ਐ ਅਲੀ ! ਪਰ ਇਕ ਵਾਰੀ ਅਸ਼ੁੱਭ ਕਰਮ ਦੀ ਚੋਣ ਕਰ ਲਈ ਤਾਂ ਫਿਰ ਸ਼ੁੱਭ ਕਰਮ ਕਰਨਾ ਔਖਾ ਹੋ ਜਾਏਗਾ। ਇਹ ਉਦੋਂ ਹੀ ਹੋ ਸਕਦਾ ਹੈ ਜੇਕਰ ਅਸ਼ੁੱਭ ਕਰਮ ਦਾ ਪੈਰ ਤੂੰ ਰੱਖ ਦੇਵੇਂ ਤਾਂ ਸ਼ੁਭ ਕਰਮ ਤੂੰ ਕਰ ਸਕੇਂਗਾ, ਵਰਨਾ ਨਹੀਂ। ਕਰਮ ਕਰਨ ਲਈ ਤੇਰੀ ਸੁਤੰਤਰਤਾ ਹੈ, ਫ਼ਲ ਖ਼ੁਦਾ ਦੇ ਹੱਥ ਹੈ। ਫ਼ਲ ਅੱਲ੍ਹਾ ਦੇ ਹੱਥ ਹੈ। ਇਥੋਂ ਤੂੰ ਪਰਤੰਤਰ ਹੈਂ। ਬੀਜ, ਬੀਜ ਸਕਦਾ ਹੈਂ; ਪਰ ਫ਼ਲ ਕਰਤਾ ਪੁਰਖ ਦੇ ਹੱਥ ਵਿਚ ਹੈ। ਬੀਜ, ਬੀਜ ਕੇ ਉਸ ਦਾ ਫ਼ਲ ਤੇਰੇ ਸ਼ੁੱਭ ਬੀਜ 'ਤੇ ਹੈ। ਸ਼ੁੱਭ ਤੇ ਅਸ਼ੁੱਭ ਬੀਜ ਦ ਸ਼ੁੱਭ ਅਸ਼ੁੱਭ ਫ਼ਲ ਤੈਨੂੰ ਮਿਲੇਗਾ।

ਕਰਮ ਯੋਗੀ ਸ੍ਰੀ ਕ੍ਰਿਸ਼ਨ ਜੀ ਦਾ ਵੀ ਇਹੋ ਕਹਿਣਾ ਹੈ—'ਐ ਅਰਜੁਨ ! ਕਰਮ ਤੇਰੇ ਹੱਥ ਵਿਚ ਅਤੇ ਫ਼ਲ ਮੇਰੇ ਹੱਥ ਵਿਚ।'' ਹਿੰਦੋਸਤਾਨ ਦੇ ਤਮਾਮ ਰਹਿਬਰੀ ਪੁਰਸ਼ਾਂ ਦਾ ਇਹੀ ਕਹਿਣਾ ਹੈ, ਐ ਬੰਦੇ ! ਕਰਮ

ਕਰਨ ਦੀ ਤੇਰੀ ਪੂਰੀ ਸੁਤੰਤਰਤਾ ਹੈ। ਗੁਰੂ ਨਾਨਕ ਜੀ ਦਾ ਉਪਦੇਸ਼ ਵੀ ਇਹੀ ਹੈ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ ੧॥**

(ਗੂਜਰੀ ਵਾਰ ਮ: 5, ਅੰਗ 522)

ਉੱਦਮ ਕਰ, ਇਸ ਦਾ ਮਤਲਬ ਕਿ ਉੱਦਮ ਕਰਨ ਦੀ ਸਮਰੱਥਾ ਬੰਦੇ ਦੇ ਕੋਲ ਹੈ। ਆਲਸੀ ਹੋਣਾ ਵੀ ਬੰਦੇ ਦੇ ਹੱਥ ਵਿਚ ਹੈ। ਬੰਦਾ ਆਲਸੀ ਵੀ ਹੋ ਸਕਦਾ ਹੈ। ਬੰਦਾ ਉੱਦਮੀ ਵੀ ਹੋ ਸਕਦਾ ਹੈ। ਅਧਿਕਾਰ ਬੰਦੇ ਦੇ ਆਪਣੇ ਕੋਲ ਹੈ। ਮਨੁੱਖ ਅੱਖਾਂ ਖੋਲ੍ਹ ਕੇ ਵੀ ਚੱਲ ਸਕਦਾ ਹੈ ਤੇ ਬੰਦ ਕਰ ਕੇ ਵੀ। ਤਾਂ ਦੁੱਖ ਕੀ ਹੈ ? ਨਿਯਮ ਦੀ ਉਲੰਘਣਾ ਦੁੱਖ ਹੈ। ਨਿਯਮ ਦੀ ਸੂਝ ਨਹੀਂ, ਨਿਯਮ ਦੀ ਸਮਝ ਨਹੀਂ, ਉਸ ਦੀ ਦੇਣ ਦੀ ਸਮਝ ਨਹੀਂ। ਬੰਦਾ ਨਿਯਮ ਨਾਲ ਨਾ ਜੀਵੇ ਤਾਂ ਦੁੱਖ ਝੋਲੀ ਵਿਚ ਪੈ ਜਾਂਦਾ ਹੈ। ਜਦੋਂ ਵੀ ਮਨੁੱਖ ਦੁੱਖੀ ਹੈ ਤਾਂ ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਤੇ ਮੇਰੇ ਕੋਲੋਂ ਨਿਯਮ (ਹੁਕਮ) ਦੀ ਉਲੰਘਣਾ ਹੋ ਗਈ ਹੈ। ਜਿਸ ਤਰ੍ਹਾਂ ਕਿਸੇ ਦੇਸ਼ ਦਾ ਰਾਜ-ਪ੍ਰਬੰਧ ਚਲਦਾ ਹੈ। ਰਾਜਸੀ ਕਾਨੂੰਨ ਬਣਾ ਦਿੱਤੇ ਜਾਂਦੇ ਹਨ, ਪਰ ਮਨੁੱਖ ਉਸ ਨਿਯਮ ਦੀ ਉਲੰਘਣਾ ਵੀ ਕਰਦਾ ਹੈ। ਫਿਰ ਰਾਜ ਡੰਨ ਮਿਲਦਾ ਹੈ। ਕਾਨੂੰਨ ਉਸ ਨੂੰ ਸਜ਼ਾ ਦਿੰਦਾ ਹੈ। ਕਾਨੂੰਨ ਦੀ ਦ੍ਰਿਸ਼ਟੀ ਵਿਚ ਉਹ ਮੁਜਰਮ ਹੁੰਦਾ ਹੈ। ਇਸ ਤਰ੍ਹਾਂ ਪ੍ਰਭੂ ਨੇ ਨਿਯਮ ਬਣਾ ਰੱਖੇ ਹਨ। ਜਿਥੇ ਮਨੁੱਖ ਨਿਯਮ (ਹੁਕਮ) ਦੀ ਉਲੰਘਣਾ ਕਰਦਾ ਹੈ, ਤਤਛਿਨ (ਉਸੇ ਵਕਤ) ਦੁੱਖ ਉਸ ਦੀ ਝੋਲੀ ਵਿਚ ਪੈ ਜਾਂਦਾ ਹੈ। ਪ੍ਰਭੂ ਆਪਣੀ ਤਰਫੋਂ ਨਿਰਲੇਪ ਹੈ। ਬਿਲਕੁਲ ਅਲੱਗ ਇਕ ਪਾਸੇ ਬੈਠਾ ਹੈ।

**ਬੈਠਾ ਵੇਖੈ ਵਖਿ ਇਕੇਲਾ ॥** (ਆਦਿ ਅੰਗ 227)

ਸੂਹੀ ਮਹਲਾ 4 ॥ ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥ ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥ ੧ ॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥ ੧ ॥ ਰਹਾਉ ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ॥ 2 ॥ ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥ ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥ 3 ॥ ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ॥ 4 ॥ 4 ॥ ੧5 ॥ 24 ॥

ਪਦ ਅਰਥ :- ਰਜਾਈ=ਤੇਰੀ ਰਜ਼ਾ ਵਿਚ। ਵਸਿ=ਵਸ (ਸਮਰਥਾ)। ਜੀਉ=ਜਿੰਦ। ਪਿੰਡੁ=ਸਰੀਰ।

ਕਾਰੈ=ਕੰਮ ਵਿਚ। ਸਿ ਰੋਵੈ=ਉਹ ਰੋਂਦੇ ਹਨ। ਪੰਚ ਤਤੁ=ਹਵਾ, ਪਾਣੀ, ਅਗਨੀ, ਧਰਤੀ, ਆਕਾਸ਼। ਸਾਜੀ=ਬਣਾਈ। ਛੇਵਾ ਕਰਿਹੁ=ਛੇਵਾਂ ਤਤ ਬਣਾ ਕੇ ਵਿਖਾਓ। ਆਖਿ ਨ ਸਾਕਾ=ਬਿਆਨ ਨਹੀਂ ਕਰ ਸਕਦਾ। ਮੁਗਧੁ=ਮੂਰਖ। ਨੀਚਾਣੁ=ਨੀਵਾਂ। ਅਜਾਣੁ=ਅਸਮਝ।

ਅਰਥ :- (ਹੇ ਪ੍ਰਭੂ ! ਵਾਹਿਗੁਰੂ ਜੀ ! ਜੋ ਕੁਝ ਸੰਸਾਰ ਵਿਚ ਤੁਸਾਂ ਨੇ) ਕੀਤਾ ਹੈ (ਅਤੇ ਜੋ ਕੁਝ ਅੱਗੋਂ) ਕਰਨਾ ਹੈ, (ਇਹ) ਸਭ (ਆਪ ਦੀ) ਰਜ਼ਾ ਵਿਚ ਹੋ ਰਿਹਾ ਹੈ, ਜੇ (ਅਸੀਂ) ਕੁਝ ਕਰ ਸਕਦੇ ਹੋਈਏ (ਭਾਵ ਸਾਡੇ ਵਿਚ ਕੁਝ ਕਰਨ ਦੀ ਸ਼ਕਤੀ ਹੋਵੇ ਤਾਂ ਅਸੀਂ ਜੀਵ) ਕੁਝ ਕਰ ਲਈਏ। (ਪਰ ਸਾਡਾ) ਆਪਣਾ ਕੀਤਾ ਹੋਇਆ ਕੁਝ ਵੀ ਨਹੀਂ ਹੋ ਸਕਦਾ, ਇਸ ਲਈ ਹੇ ਹਰੀ ! ਜਿਵੇਂ ਤੈਨੂੰ ਚੰਗਾ ਲੱਗਦਾ ਹੈ, ਤਿਵੇਂ (ਸਾਨੂੰ) ਰੱਖ ਲਵੋ ਜੀ।੧।

ਹੇ ਮੇਰੇ ਮਾਲਕ ਵਾਹਿਗੁਰੂ ਜੀਓ ! ਸਭ ਕੁਝ ਤੁਹਾਡੇ ਵੱਸ ਵਿਚ ਹੈ। ਸਾਡੇ ਵਿਚ (ਕੁਝ ਕਰਨ ਦਾ) ਜ਼ੋਰ (ਬਲ) ਨਹੀਂ ਹੈ, ਜੇ ਅਸੀਂ ਕੁਝ ਕਰ ਸਕੀਏ, ਇਸ ਕਰਕੇ ਹੇ ਹਰੀ ! ਤੇਰੇ ਚਰਨਾਂ ਵਿਚ ਬੇਨਤੀ ਹੈ !) ਜਿਵੇਂ ਤੈਨੂੰ ਭਾਉਂਦਾ ਹੈ (ਤੂੰ) ਉਸੇ ਤਰ੍ਹਾਂ ਸਾਨੂੰ ਬਖ਼ਸ਼ ਲੈ।੧। ਰਹਾਉ।

(ਹੇ ਪ੍ਰਭੂ ! ਵਾਹਿਗੁਰੂ ਜੀ) ਜਿੰਦ, ਸਰੀਰ (ਆਦਿ) ਸਭ ਕੁਝ ਤੁਧ ਆਪ ਹੀ ਦਿੱਤਾ ਹੈ (ਅਤੇ) ਆਪ ਹੀ (ਹਰੇਕ ਜੀਵ ਨੂੰ) ਕੰਮ ਵਿਚ ਲਾਇਆ ਹੋਇਆ ਹੈ। ਜਿਹੋ ਜਿਹਾ ਤੂੰ ਹੁਕਮ ਕਰਦਾ ਹੈਂ, ਉਹੋ ਜਿਹੀ ਕੋਈ (ਜੀਵ) ਕਾਰ ਕਮਾਉਂਦਾ ਹੈ, ਜਿਹੋ ਜਿਹਾ ਤੁਧ ਧੁਰ ਦਰਗਾਹ ਤੋਂ (ਜੀਵ ਦੇ ਮੱਥੇ 'ਤੇ) ਲਿਖ ਕੇ ਪਾਇਆ ਹੈ, ਉਸ ਅਨੁਸਾਰ ਹੀ ਸਭ ਕੋਈ ਤੇਰੀ ਕਾਰ ਵਿਚ ਲੱਗਾ ਹੋਇਆ ਹੈ।੨।

ਹੇ ਪ੍ਰਭੂ ! ਵਾਹਿਗੁਰੂ ਜੀ ! ਤੂੰ ਪੰਜ ਤੱਤ (ਪੈਦਾ) ਕਰ ਕੇ ਸਾਰੀ ਸ੍ਰਿਸ਼ਟੀ ਬਣਾਈ ਹੈ, ਜੇ (ਤੇਰੇ ਤੋਂ ਬਿਨਾਂ ਹੋਰ ਕਿਸੇ ਦਾ) ਕੀਤਾ ਕੁਝ (ਹੋ ਸਕਦਾ) ਹੋਵੇ (ਤਾਂ) ਕੋਈ ਛੇਵਾਂ ਤੱਤ ਹੀ ਬਣਾ ਕੇ ਵਿਖਾ ਦੇਵੇ। (ਹੇ ਪ੍ਰਭੂ !) ਕਈ ਜੀਆਂ ਨੂੰ ਸਤਿਗੁਰੂ ਨਾਲ ਮੇਲ ਕੇ ਤੂੰ (ਲੋੜੀਂਦੀ) ਸੂਝ ਬੂਝ (ਬਖ਼ਸ਼) ਦੇਂਦਾ ਹੈਂ, ਕਈ ਮਨਮੁਖ (ਜੋ) ਆਪ-ਹੁਦਰੇ ਕਰਮ ਕਰਦੇ ਹਨ, ਉਹ ਰੋਂਦੇ ਰਹਿੰਦੇ ਹਨ ਭਾਵ ਦੁੱਖੀ ਹੁੰਦੇ ਰਹਿੰਦੇ ਹਨ।੩।

ਹੇ ਪ੍ਰਭੂ ! ਮੈਂ (ਤੇ) ਹਰੀ ਦੀ ਵਡਿਆਈ ਆਖਿ ਕੇ (ਬਿਆਨ) ਨਹੀਂ ਕਰ ਸਕਦਾ, ਮੈਂ ਨੀਚ ਤੇ ਮਹਾਂ ਮੂਰਖ ਹਾਂ, ਹੇ ਮੇਰੇ ਹਰੀ ! ਹੇ ਸੁਆਮੀ ! ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ) ਸੇਵਕ ਨੂੰ ਬਖ਼ਸ਼ ਲੈ, (ਮੈਂ) ਅੰਜਾਣ ਤੇਰੀ ਸ਼ਰਨ ਵਿਚ ਆਇਆ ਹਾਂ ।੪।੪।੧੫।੨੪।

**ਜਿਉ ਭਾਵੈ ਰਾਖ ਲੈ ਹਮ ਸਰਣ ਪ੍ਰਭ ਆਏ ਰਾਮ ਰਾਜੇ॥**

**ਹਮ ਭੂਲ ਵਿਗਾੜਹਿ ਦਿਨਸ ਰਾਤ ਹਰਿ ਲਾਜ ਰਖਾਏ॥** (ਆਸਾ ਦੀ ਵਾਰ)

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧30 (ਆਦਿ ਅੰਗ 737-38)

## ਸੂਹੀ ਮਹਲਾ 5 ॥

ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥ ੧ ॥ ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥ ੧ ॥ ਰਹਾਉ ॥ ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥ 2 ॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥ 3 ॥ ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ 4 ॥ ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥ ੧ ॥ ਰਹਾਉ ਦੂਜਾ ॥ 5 ॥

## ਪ੍ਰਾਕ੍ਰਥਨ :

ਇਹ ਸ੍ਰੀ ਮੁਖਵਾਕ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਪਹਿਲੀ ਅਤੇ ਦੂਸਰੀ ਪੰਗਤੀ ਅੰਦਰ ਹਿਰਦਾ ਪ੍ਰਮੇਸ਼ਰ ਦੇ ਮਿਲਾਪ ਲਈ, ਪ੍ਰਭੂ ਦੇ ਮਿਲਣ ਵਾਸਤੇ ਉਛਲਿਆ ਦੱਸ ਕੇ "ਖੋਜਤ ਚਰਿਓ ਦੇਖਉ ਪ੍ਰਿਅ ਜਾਈ" ਦੱਸਿਆ ਹੈ। ਖੋਜ ਦੇ ਸੰਬੰਧ ਵਿਚ ਪਹਿਲਾਂ ਵਿਚਾਰ ਕਰਨੀ ਹੈ।

## ਵਿਸ਼ਾ—ਘਟ ਹੀ ਖੋਜਹੁ ਭਾਈ

ਸੰਸਾਰ ਅੰਦਰ ਹਰ ਇਕ ਵਸਤੂ ਦੀ ਪ੍ਰਾਪਤੀ ਵਾਸਤੇ ਖੋਜ ਕਰਨੀ ਪੈਂਦੀ ਹੈ। ਵੱਖ-ਵੱਖ ਵਸਤੂਆਂ ਦੀ ਪ੍ਰਾਪਤੀ ਵਾਸਤੇ ਖੋਜਣ ਦੇ ਢੰਗ ਵੀ ਵੱਖ-ਵੱਖ ਮੰਨੇ ਗਏ ਹਨ, ਪਰ ਖੋਜ ਕੀਤੇ ਬਗੈਰ ਕੋਈ ਵੀ ਕੀਮਤੀ ਵਸਤੂ ਪ੍ਰਾਪਤ ਨਹੀਂ ਹੁੰਦੀ। ਸੰਸਾਰਿਕ ਤੌਰ 'ਤੇ ਸਾਇੰਸ ਰਾਹੀਂ ਖੋਜਕਾਰ ਅੱਜ ਕਿਤਨੀ ਤਰੱਕੀ ਕਰ ਚੁੱਕੇ ਹਨ। ਖੋਜ ਕਰਨ ਵਾਲਾ ਸਾਇੰਸ ਤੌਰ 'ਤੇ ਚੰਦ੍ਰਮਾ ਤੱਕ ਪਹੁੰਚਣ ਦੀ ਗੱਲ ਕਰਦਾ ਹੈ, ਪਰ ਜਿੰਨਾ ਮਰਜ਼ੀ ਯਤਨ ਕਰ ਲਵੇ, ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਓੜਕ ਨਹੀਂ ਪਾ ਸਕਦਾ :

**ਖੋਜੀ ਖੋਜਨਿ ਖੋਜਿ ਦਹਿ ਦਿਸਿ ਧਾਵਹੀ। ਚਿਰ ਜੀਵੈ ਲਖ ਹੋਇ ਨ ਓੜਕੁ ਪਾਵਹੀ।**
**ਖਰੇ ਸਿਆਣੇ ਹੋਇ ਨ ਮਨੁ ਸਮਝਾਵਈ। ਲਉਬਾਲੀ ਦਰਗਾਹ ਚੋਟਾਂ ਖਾਵਹੀ॥ ੧੧॥**

(ਵਾਰ 2੧, ਪਉੜੀ ੧੧)

ਸੰਸਾਰ ਅੰਦਰ ਦੇਸ਼ ਵਿਦੇਸ਼ ਵਿਚ ਅੱਜ ਯੂਨੀਵਰਸਿਟੀਆਂ ਵਿਚ ਖੋਜ ਵਿਭਾਗ ਬਣਾਏ ਹੋਏ ਹਨ। ਵੱਖ-ਵੱਖ ਵਿਸ਼ਿਆਂ 'ਤੇ ਖੋਜ ਕਰਨ ਲਈ ਵੱਖ-ਵੱਖ ਹਰ ਵਿਸ਼ੇ ਨਾਲ ਸਬੰਧਿਤ ਖੋਜ ਵਿਭਾਗ ਬਣਿਆ ਹੋਇਆ ਹੈ। ਜਿਸ ਵਸਤੂ ਨੂੰ ਅਸੀਂ ਖੋਜਦੇ ਹਾਂ ਜਾਂ ਜਿਸ ਦੀ ਅਸੀਂ ਖੋਜ ਕਰਦੇ ਹਾਂ, ਹਰ ਵਸਤੂ ਨੇ ਆਪਣਾ ਆਪ ਛੁਪਾ ਕੇ ਰੱਖਿਆ ਹੈ। ਜਿਵੇਂ ਪਾਰਸ ਭਾਵੇਂ ਪੱਥਰ ਹੀ ਹੈ, ਪਰ ਪੱਥਰਾਂ ਵਿਚ ਛੁਪਿਆ ਹੈ। ਹਰ ਕੋਈ ਪਛਾਣ ਨਹੀਂ ਕਰ ਸਕਦਾ। ਭਾਈ ਸਾਹਿਬ ਜੀ ਕਥਨ ਕਰਦੇ ਹਨ :

**ਪਾਰਸੁ ਪਥਰੁ ਆਖੀਐ ਲੁਕਿਆ ਰਹੈ ਨ ਆਪੁ ਜਣਾਏ।**
**ਵਿਰਲਾ ਕੋਇ ਸਿਞਾਣਦਾ ਖੋਜੀ ਖੋਜਿ ਲਏ ਸੋ ਪਾਏ।**

(ਵਾਰ ੧6, ਪਉੜੀ 9)

ਭਾਈ ਗੁਰਦਾਸ ਜੀ ਇਕ ਕਬਿੱਤ ਵਿਚ ਵਰਣਨ ਕਰਦੇ ਹਨ ਕਿ ਖੋਜਣ ਵਾਲਾ ਕੈਸਾ ਚਾਹੀਦਾ ਹੈ ? ਜਿਸ ਤਰ੍ਹਾਂ ਇਕ ਬੀਮਾਰ ਮਨੁੱਖ ਇਕ ਪੀੜਾ ਨਾਲ ਵਿਰਲਾਪ ਕਰ ਰਿਹਾ ਹੈ। ਇਕੱਲੇ-ਇਕੱਲੇ ਵੈਦ ਤੋਂ ਪੁੱਛਦਾ ਹੈ। ਜਦ ਤੱਕ ਉਸ ਦੀ ਪੀੜਾ ਨਹੀਂ ਖ਼ਤਮ ਹੁੰਦੀ, ਉਸ ਦੀ ਖੋਜ ਜਾਰੀ ਹੈ। ਇਸੇ ਤਰ੍ਹਾਂ ਇਕ ਭਿਖਾਰੀ ਦੀ ਭੁੱਖ ਜਦ ਤੱਕ ਨਹੀਂ ਮੁੱਕਦੀ, ਉਸ ਨੂੰ ਆਰਾਮ ਨਹੀਂ ਆਉਂਦਾ, ਉਹ ਘਰ-ਘਰ ਮੰਗਦਾ

ਹੀ ਫਿਰਦਾ ਹੈ। ਜਿਵੇਂ ਪਤੀ ਤੋਂ ਵਿਛੜੀ ਹੋਈ ਇਸਤ੍ਰੀ ਲਗਨ-ਸ਼ਗਨ ਦੀ ਵਿਚਾਰ ਕਰਦੀ ਹੀ ਰਹਿੰਦੀ ਹੈ। ਪਤੀ ਦੇ ਮਿਲਾਪ ਤੋਂ ਬਿਨਾਂ ਉਸ ਦੀ ਵਿਆਕੁਲਤਾ ਖ਼ਤਮ ਨਹੀਂ ਹੁੰਦੀ। ਜਿਵੇਂ ਭੌਰਾ ਸੁਗੰਧੀ ਖੋਜਦਾ ਹੈ ਕਮਲ ਫੁੱਲ ਤੋਂ, ਜਿਥੋਂ ਸੁਗੰਧੀ ਪ੍ਰਾਪਤ ਹੁੰਦੀ ਹੈ। ਭੰਵਰਾ ਵਿਚੇ ਖ਼ਤਮ ਹੋ ਜਾਂਦਾ ਹੈ, ਇਸ ਤਰ੍ਹਾਂ ਰੱਬ ਦਾ ਖੋਜੀ ਬਾਣੀ ਰਾਹੀਂ ਸ਼ਬਦ ਰੂਪੀ ਕਮਲ ਨੂੰ ਖੋਜਦਾ ਹੈ। ਜਦ ਤੱਕ ਪਰਮ ਪਦ ਪ੍ਰਾਪਤ ਨਹੀਂ ਹੁੰਦਾ ਤੇ ਜਿੰਨਾ ਚਿਰ ਸ਼ਬਦ ਵਿਚ ਲੀਨ ਨਹੀਂ ਹੋ ਜਾਂਦਾ, ਉੱਨਾ ਚਿਰ ਸ਼ਬਦ ਦੀ ਖੋਜ ਕਰਦਾ ਹੀ ਰਹਿੰਦਾ ਹੈ। ਸ਼ਬਦ ਦੀ ਖੋਜ ਇਸ ਨੂੰ ਸ਼ਬਦ ਦਾ ਰੂਪ ਹੀ ਬਣਾ ਦਿੰਦੀ ਹੈ।

**ਜੈਸੇ ਬ੍ਰਿਥਾਵੰਤ ਜੰਤ ਪੂਛੈ ਬੈਦ ਬੈਦ ਪ੍ਰਤਿ,**
**ਜਉ ਲਉ ਨ ਮਿਟਤ ਰੋਗ ਤਉ ਲਉ ਬਿਲਲਾਤ ਹੈ॥**
**ਜੈਸੇ ਭੀਖ ਮਾਂਗਤ ਭਿਖਾਰੀ ਘਰਿ ਘਰਿ ਡੋਲੈ,**
**ਤਉ ਲਉ ਨਹੀ ਆਵੈ ਚੈਨ ਜਉ ਲਉ ਨ ਆਘਾਤ ਹੈ॥**
**ਜੈਸੇ ਬਿਰਹਨੀ ਸੌਨ ਸਗਨ ਲਗਨ ਸੋਧੈ,**
**ਜਉ ਲਉ ਨਾ ਭਤਾਰ ਭੇਟੈ ਤਉ ਲਉ ਅਕੁਲਾਤ ਹੈ।**
**ਤੈਸੇ ਖੋਜੀ ਖੋਜੈ ਅਲਿ ਕਮਲ ਕਮਲ ਗਤਿ,**
**ਜਉ ਲਉ ਨ ਪਰਮ ਪਦ ਸੰਪੁਟ ਸਮਾਤ ਹੈ॥ *587*॥**

(ਕਬਿੱਤ ਸ੍ਵਯੇ ਭਾ: ਗੁਰਦਾਸ ਜੀ)

ਧਨ ਦਾ ਖੋਜੀ ਅੰਤ ਤੱਕ ਧਨ ਖੋਜਦਾ ਰਹਿੰਦਾ ਹੈ, ਪਰ ਸੰਸਾਰ ਤੋਂ ਨਿਰਾਸ਼ ਹੋ ਕੇ ਚਲਿਆ ਜਾਂਦਾ ਹੈ, ਕਿਉਂਕਿ ਨਾ ਹੀ ਧਨ ਨਾਲ ਰੱਜ ਆਉਂਦਾ ਹੈ ਤੇ ਨਾ ਹੀ ਧਨ ਨਾਲ ਜਾਂਦਾ ਹੈ। ਗੁਰਬਾਣੀ ਦਾ ਖੋਜੀ ਸ਼ਬਦ ਰੂਪੀ ਰਤਨ ਦੀ ਪ੍ਰਾਪਤੀ ਵਾਲਾ ਜਿਉਂਦਾ ਹੀ ਮੁਕਤ ਹੋ ਜਾਂਦਾ ਹੈ। ਅੰਤ ਸਮੇਂ ਵੀ ਸ਼ਬਦ ਨਾਲ ਨਿਭਦਾ ਹੈ। ਹੋਰ ਸੰਸਾਰ ਦੀ ਕੋਈ ਵੀ ਖੋਜ ਹੈ, ਜੇਕਰ ਮਨੁੱਖ ਸਫਲ ਵੀ ਹੋ ਜਾਏ ਖੋਜਣ ਵਿਚ ਤਾਂ ਵੀ ਅੰਤ ਉਦਾਸੀ ਹੈ, ਪਰ ਸ਼ਬਦ ਦੀ ਖੋਜ ਵਾਲਾ ਬੰਦਾ ਅੰਤ ਨੂੰ ਅਨੰਦਤ ਹੈ। ਅਸਲ ਵਿਚ ਇਸ ਦਾ ਇਹ ਕਾਰਨ ਹੈ ਕਿ ਬਾਕੀ ਖੋਜਾਂ ਤੋਂ ਜੋ ਫਲ ਮਿਲਣਾ ਸੀ, ਉਹ ਜੀਵਨ ਗੁਜ਼ਾਰੇ ਲਈ ਸੀ, ਜੀਵਨ ਦਾ ਲਕਸ਼ ਨਹੀਂ ਸੀ, ਪਰ ਸ਼ਬਦ ਦੀ ਖੋਜ ਜੀਵਨ ਦਾ ਲਕਸ਼ ਹੈ। ਇਹੀ ਕਾਰਨ ਹੈ ਕਿ ਸਿੱਖ ਦੀ ਦੋਹਰੀ ਖੋਜ ਹੈ। ਇਹ ਗੁਜ਼ਰਾਨ ਖੋਜਦਾ ਹੈ ਗੁਜ਼ਰਾਨ ਵਾਸਤੇ ਅਤੇ ਲਕਸ਼ ਖੋਜਦਾ ਹੈ ਟਿਕਾਣੇ ਵਾਸਤੇ। ਇਹ ਸਮਝਣਾ ਹੈ ਕਿ ਖੋਜ ਦੀ ਰੁਚੀ ਉਸ ਪ੍ਰਮਾਤਮਾ ਨੇ ਦਿੱਤੀ ਹੈ। ਸਮਝੋ ਜਿਹੜਾ ਮਨੁੱਖ ਖੋਜ ਨਹੀਂ ਕਰਦਾ, ਉਹ ਉਸ ਦੀ ਅਮਾਨਤ ਵਿਚ ਖ਼ਿਆਨਤ ਕਰਦਾ ਹੈ ਅਤੇ ਹੁਕਮ ਅਦੂਲੀ ਕਰਦਾ ਹੈ। ਭਾਈ ਸਾਹਿਬ ਜੀ ਕਹਿੰਦੇ ਹਨ ਕਿ ਖੋਜ ਕਰਨ ਵਾਲਾ ਮਨੁੱਖ ਇਕ ਦਿਨ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਜਿਵੇਂ ਰਤਨਾਂ ਦੀ ਪਰਖ ਵਿਚ ਲੱਗਿਆ ਮਨੁੱਖ ਪੱਥਰ ਵੇਖੀ ਜਾਵੇ, ਪੱਥਰਾਂ ਦੀਆਂ ਕਿਸਮਾਂ ਜੋ ਹਨ ਸਮਝਦਿਆਂ-ਸਮਝਦਿਆਂ ਰਤਨਾਂ ਦਾ ਪਾਰਖੂ ਬਣ ਜਾਂਦਾ ਹੈ। ਆਖ਼ਿਰ ਰਤਨ ਵੀ ਪੱਥਰ ਹੀ ਹਨ। ਇਸ ਫ਼ਰਕ ਦਾ ਪਤਾ ਖੋਜ ਕੀਤਿਆਂ ਲੱਗ ਜਾਂਦਾ

ਹੈ ਕਿ :

ਖ਼ੂਬੀ ਏ-ਜੌਹਰ ਸੇ ਹੀ ਹਰ ਇਕ ਚੀਜ਼ ਪਾਤੀ ਹੈ, ਇਮਤਿਆਜ਼ ਲਾਲ ਭੀ ਪੱਥਰ ਹੀ ਹੈ ਲੇਕਿਨ ਵੋਹ ਪੱਥਰ ਔਰ ਹੈ। ਸਿਕੰਦਰ ਜੈਸੇ ਬਾਦਸ਼ਾਹ ਦਾ ਆਬੇ ਹਿਆਤ ਦੀ ਖੋਜ ਵਿਚ ਦਿਨ ਰਾਤ ਪਹਾੜਾਂ ਵਿਚ ਫਿਰਨ ਦਾ ਜ਼ਿਕਰ ਆਇਆ ਹੈ :

**ਸ਼ਾਹ ਸਕੰਦਰ ਭਾਲੇ ਆਬੇ ਹਿਯਾਤ ਨੂੰ।**
**ਵਿਚਿ ਪਹਾੜਾਂ ਫਿਰਦਾ ਦਿਨ ਤੇ ਰਾਤ ਨੂੰ।**
**ਕਦੇ ਨਾ ਪਿਆਲਾ ਪੀਤਾ ਆਪਨੇ ਦਸਤ ਭਰ।**
**ਵਜੀਦਾ ਕੌਣ ਸਾਹਿਬ ਨੂੰ ਕਹੇ ਇਉਂ ਨਹੀਂ ਇੰਜ ਕਰ।**

ਸਕੰਧ ਪੁਰਾਣ ਵਿਚ ਕਥਾ ਹੈ ਕਿ ਦੇਵਤਿਆਂ ਤੇ ਦੈਂਤਾਂ ਨੇ ਰਲ ਕੇ ਖੋਜ ਕੀਤੀ ਕਿ ਸਮੁੰਦਰ ਵਿਚ ਰਤਨ ਹਨ ਤਾਂ ਇਨ੍ਹਾਂ ਮਿਲ ਕੇ ਖੀਰ ਸਮੁੰਦਰ ਰਿੜਕਿਆ। ਉਸ ਵਿਚੋਂ ਖੋਜ ਕਰ ਕੇ ਚੌਦਾਂ ਰਤਨ ਕੱਢੇ ਸਨ। ਇਨ੍ਹਾਂ ਚੌਦਾਂ ਰਤਨਾਂ ਵਿਚੋਂ ਇਕ ਅੰਮ੍ਰਿਤ ਰਤਨ ਭੀ ਨਿਕਲਿਆ ਦੱਸਿਆ ਹੈ। ਇਸ ਅੰਮ੍ਰਿਤ ਰਤਨ ਲਈ ਦੈਂਤਾਂ ਤੇ ਦੇਵਤਿਆਂ ਦਾ ਜੰਗ ਹੋਇਆ ਲਿਖਿਆ ਹੈ। ਦੈਂਤਾਂ ਤੇ ਦੇਵਤਿਆਂ ਦੇ ਝਗੜੇ ਨੂੰ ਦੂਰ ਕਰਨ ਵਾਸਤੇ ਵਿਸ਼ਨੂੰ ਜੀ ਨੇ ਮੋਹਣੀ ਅਵਤਾਰ ਧਾਰਿਆ। ਮੋਹਣੀ ਅਵਤਾਰ ਨੇ ਚੌਦਾਂ ਰਤਨਾਂ ਦੀ ਵੰਡ ਕੀਤੀ। ਅੰਮ੍ਰਿਤ ਦੇਵਤਿਆਂ ਨੂੰ ਦਿੱਤਾ। ਇਸ ਸਮੇਂ ਇਕ ਦੈਂਤ ਧੋਖੇ ਨਾਲ ਚੋਰੀ ਅੰਮ੍ਰਿਤ ਪੀ ਗਿਆ ਸੀ। ਇਸ ਦੇ ਦੇਵਤਿਆਂ ਦੀ ਪੰਗਤ ਵਿਚ ਬੈਠ ਕੇ ਅੰਮ੍ਰਿਤ ਪੀਣ ਦਾ ਪਤਾ ਸੂਰਜ ਅਤੇ ਚੰਦ੍ਰਮਾ ਨੂੰ ਲੱਗ ਗਿਆ ਤਾਂ ਇਨ੍ਹਾਂ ਨੇ ਵਿਸ਼ਨੂੰ ਜੀ ਨੂੰ ਦੱਸ ਦਿੱਤਾ ਕਿ ਰਾਹੂ ਦੈਂਤ ਅੰਮ੍ਰਿਤ ਪੀ ਗਿਆ ਹੈ ਤਾਂ ਵਿਸ਼ਨੂੰ ਜੀ ਨੇ ਰਾਹੂ ਦਾ ਸਿਰ ਅਤੇ ਦੋਵੇਂ ਬਾਹਵਾਂ ਵੱਢ ਦਿੱਤੀਆਂ ਸਨ। ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਵਿਚ ਲਿਖਿਆ ਹੈ ਕਿ ਇਸ ਦੇ ਦੋ ਸਰੀਰ ਬਣੇ ਸਨ। ਦੂਜੇ ਦਾ ਨਾਮ ਕੇਤੂ ਪੈ ਗਿਆ। ਇਹ ਰਾਹੂ ਕੇਤੂ ਪੁਰਾਣਾ ਵੈਰ ਚਿਤਾਰ ਕੇ ਸੂਰਜ ਤੇ ਚੰਦ੍ਰਮਾ ਨੂੰ ਗ੍ਰਸਦੇ ਰਹਿੰਦੇ ਹਨ। (ਮਹਾਨ ਕੋਸ਼)। ਇਹ ਮਿਥਹਾਸਕ ਪ੍ਰਸੰਗ ਕੇਵਲ ਜਾਣਕਾਰੀ ਲਈ ਇਥੇ ਦਿੱਤਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ ਇਸ ਅਦਭੁੱਤ ਵਸਤੂ 'ਅੰਮ੍ਰਿਤ' ਦੀ ਖੋਜ ਵਿਚ ਲੱਗ ਕੇ ਦੇਵਤੇ ਅਤੇ ਮਨੁੱਖਾਂ ਨੇ ਅੰਮ੍ਰਿਤ ਪ੍ਰਾਪਤ ਕਰਨ ਲਈ ਬਹੁਤ ਯਤਨ ਕੀਤੇ, ਪਰ ਅੰਮ੍ਰਿਤ ਪ੍ਰਾਪਤ ਪੂਰਨ ਗੁਰੂ ਰਾਹੀਂ ਹੋਇਆ ਹੈ।

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥**
**ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥**

(ਅੰਗ ੭੧੮)

ਜਿਸ ਅੰਮ੍ਰਿਤ ਨੂੰ ਆਦਿ ਕਾਲ ਤੋਂ ਸਾਰੇ ਮਨੁੱਖ ਦੇਵਤੇ ਆਦਿ ਲੱਭਦੇ-ਲੱਭਦੇ ਥੱਕ ਗਏ ਹਨ, ਪਰ ਪ੍ਰਾਪਤ ਨਹੀਂ ਕਰ ਸਕੇ। ਉਸ ਦੁਰਲੱਭ ਅਦਭੁੱਤ ਵਸਤੂ ਅੰਮ੍ਰਿਤ ਨੂੰ ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ

ਦੱਖਣੀ ਓਅੰਕਾਰੁ ਅੰਦਰ ਕਿਹਾ ਹੈ ਕਿ ਖੋਜਦਿਆਂ-ਖੋਜਦਿਆਂ ਅਸੀਂ ਉਸ ਅੰਮ੍ਰਿਤ ਨੂੰ ਲੱਭ ਕੇ ਪੀਤਾ ਹੈ :

**ਖੋਜਤ ਖੋਜਤ ਅੰਮ੍ਰਿਤੁ ਪੀਆ॥ ਖਿਮਾ ਗਹੀ ਮਨੁ ਸਤਿਗੁਰ ਦੀਆ॥**

(ਅੰਗ 931)

ਪਰ ਇਸ ਸ੍ਰੀ ਮੁਖਵਾਕ ਅੰਦਰ ਉਸ ਪ੍ਰਭੂ ਪ੍ਰਮਾਤਮਾ ਨੂੰ ਮਿਲਣ ਵਾਸਤੇ ਖੋਜਣ ਦੀ ਗੱਲ ਕੀਤੀ ਹੈ। ਜਿਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਫੁਰਮਾਣ ਹੈ :

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧॥**

## ਸਾਖੀ—ਦੇਖਉ ਪ੍ਰਿਅ ਜਾਈ

ਜਿਸ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਗੱਦੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਖ਼ਸ਼ ਦਿੱਤੀ, ਜਿਸ ਦਾ ਜ਼ਿਕਰ ਗੁਰ-ਇਤਿਹਾਸ ਅੰਦਰ ਇਸ ਪ੍ਰਕਾਰ ਆਇਆ ਹੈ :

**ਪੈਸੇ ਪੰਚ ਨਾਰੀਅਲ ਟੇਕ। ਲੈ ਬੁਢੇ ਤੇ ਜਲਧ ਬਿਬੇਕ।**
**ਠਾਂਡੇ ਭਏ ਪ੍ਰਦਛਣਾ ਦੀਨੀ। ਸ੍ਰੀ ਗੁਰ ਘਰ ਕੀ ਰੀਤਿ ਸੁ ਕੀਨੀ।**

ਪਰਮ ਕ੍ਰਿਪਾਲੂ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰੂ ਹੋਣ ਦਾ ਐਲਾਨ ਸਮਰੱਥ ਗੁਰੂ ਅੰਗਦ ਦੇਵ ਜੀ ਨੇ ਕਰ ਦਿੱਤਾ ਤੇ ਇਸ ਤਰ੍ਹਾਂ ਕਿਹਾ ਜੋ ਇਤਿਹਾਸ ਵਿਚ ਇਸ ਪ੍ਰਕਾਰ ਜ਼ਿਕਰ ਆਇਆ ਹੈ :

**ਸੁਨ ਪੁਰਖਾ ਸ੍ਰੀ ਅਮਰ ਸੁ ਪਿਆਰੇ। ਅਬ ਤੁਮ ਬੈਠਹੁ ਥਾਨ ਹਮਾਰੇ॥ 8॥**
**ਰਾਜ ਜੋਗ ਕੋ ਮਹਿਦ ਸਿੰਘਾਸਨ। ਤਿਸ ਪਰ ਸੋਭਹੁ ਕਰਹੁ ਪ੍ਰਕਾਸਨ।**

(ਗੁ: ਪ੍ਰ: ਸੂ: ਗ੍ਰੰਥ, ਰਾਸਿ ੧, ਅੰਸੂ 27)

(ਅਥਵਾ)

**ਪੁਨ ਸੰਗਤ ਮਹਿ ਕਹਿਤ ਸੁਨਾਈ। ਮਮ ਸਰੂਪ ਅਬ ਇਹੈ ਸਹਾਈ।**
**ਮੋ ਮੈਂ ਇਸ ਮਹਿ ਭੇਦ ਨ ਜਾਨਹੁ। ਏਕ ਸਰੂਪ ਦੁਹਨ ਕਉ ਮਾਨਹੁ।**

ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਆਗਿਆ ਕੀਤੀ, 'ਸਤਿਗੁਰੂ ਜੀ ਨੇ ਸਾਨੂੰ ਕਰਤਾਰਪੁਰ ਦੀ ਥਾਂ ਖਡੂਰ ਰਹਿਣ ਦਾ ਹੁਕਮ ਦਿੱਤਾ ਸੀ। ਉਸੇ ਕਾਰਨ, ਅਸੀਂ ਤੁਹਾਨੂੰ ਆਗਿਆ ਦੇਂਦੇ ਹਾਂ ਕਿ ਆਪ ਗੋਇੰਦਵਾਲ ਜਾ ਰਹੋ ਤੇ ਉਥੇ ਸਿੱਖੀ ਦਾ ਪ੍ਰਚਾਰ ਕਰੋ।'' ਨਾਲ ਹੀ ਮਹਾਰਾਜ ਨੇ ਆਪਣੀ

ਬਾਣੀ, ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਗੁਰੂ ਜੀ ਦੀ ਜਨਮ ਸਾਖੀ ਗੁਰੂ ਅਮਰਦਾਸ ਜੀ ਦੇ ਹਵਾਲੇ ਕਰ ਦਿੱਤੀ।

ਗੁਰੂ ਅਮਰਦਾਸ ਜੀ ਹੁਕਮ ਮੰਨ ਕੇ ਉਸੇ ਵੇਲੇ ਸਿਰ ਝੁਕਾ ਕੇ ਗੋਇੰਦਵਾਲ ਨੂੰ ਚਲੇ ਗਏ। ਉਹਨਾਂ ਦਾ ਪਰਿਵਾਰ ਪਹਿਲਾਂ ਹੀ ਗੋਇੰਦਵਾਲ ਰਹਿੰਦਾ ਸੀ। ਗੁਰੂ ਅਮਰਦਾਸ ਜੀ ਓਨਾ ਚਿਰ ਸਿੰਘਾਸਣ ਲਾ ਕੇ ਨਹੀਂ ਬੈਠੇ ਜਿੰਨਾ ਚਿਰ ਗੁਰੂ ਅੰਗਦ ਦੇਵ ਜੀ ਸਰੀਰ ਕਰ ਕੇ ਵਿਚ ਰਹੇ। ਦੂਸਰੇ ਗੁਰੂ ਦੇ ਜੋਤੀ-ਜੋਤ ਸਮਾਉਣ ਉੱਤੇ, ਉਸੇ ਦਿਨ ਬਾਬਾ ਬੁੱਢਾ ਜੀ ਨੇ ਗੋਇੰਦਵਾਲ ਪਹੁੰਚ ਕੇ ਗੁਰੂ ਅਮਰਦਾਸ ਜੀ ਨੂੰ ਚੇਤ ਸੁਦੀ ੪ ਤੇ ਤਿੰਨ ਵੈਸਾਖ ਸੰਮਤ ੧੬੦੯ ਬਿਕ੍ਰਮੀ, ਸੰਨ ੧੫੫੨ ਨੂੰ ਬੇਨਤੀ ਕਰ ਕੇ ਗੁਰਿਆਈ ਗੱਦੀ ਰੂਪੀ ਸਿੰਘਾਸਣ 'ਤੇ ਸੁਭਾਇਮਾਨ ਹੋ ਕੇ ਸੰਗਤਾਂ ਨੂੰ ਤਾਰਣ ਲਈ ਮਨਾਇਆ।

**ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।**
**ਫੇਰਿ ਵਸਾਇਆ ਗੋਇੰਦਵਾਲ ਅਚਰਜ ਖੇਲੁ ਨ ਲਖਿਆ ਜਾਈ।**
**ਦਾਤਿ ਜੋਤਿ ਖਸਮੈ ਵਡਿਆਈ॥ 46 ॥** (ਵਾਰ ੧, ਪਉੜੀ 46)

ਸਤਿਗੁਰੂ ਜੀ ਸੰਗਤਾਂ ਨੂੰ ਤਾਰਣ ਲੱਗੇ। ਬੇਅੰਤ ਸੰਗਤਾਂ ਦਾ ਇਕੱਠ ਹੋਣ ਲੱਗਿਆ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦਾ ਰੂਪ ਹੀ ਹੋ ਗਏ ਹਨ :

**ਸਬਦੁ ਸੁਰਤਿ ਪਰਚਾਇ ਕੈ ਚੇਲੇ ਤੇ ਗੁਰੁ ਗੁਰੁ ਤੇ ਚੇਲਾ।**
**ਵਾਣਾ ਤਾਣਾ ਆਖਐ ਸੂਤੁ ਇਕੁ ਹੁਇ ਕਪੜੁ ਮੇਲਾ।**

(ਵਾਰ 24, ਪਉੜੀ ੧੦)

ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਰੂਪ ਥਾਪ ਦਿੱਤਾ। ਆਪ ਜੀ ਦੇ ਇਸ ਫ਼ੈਸਲੇ ਨੂੰ ਹਜ਼ੂਰ ਦੇ ਸਾਹਿਬਜ਼ਾਦਿਆਂ ਨੇ ਪਸੰਦ ਨਾ ਕੀਤਾ। ਉਹ ਕਾਫ਼ੀ ਨਾਰਾਜ਼ ਹੋਏ। ਉਹ ਏਥੋਂ ਤਕ ਕਹਿਣ ਲੱਗ ਪਏ ਕਿ ਗੁਰਗੱਦੀ ਦੇ ਮਾਲਕ ਅਸੀਂ ਹਾਂ। ਵੇਖਾਂਗੇ, ਸਾਡੇ ਬੈਠਿਆਂ ਹੋਰ ਕੌਣ ਗੁਰੂ ਬਣ ਸਕਦਾ ਹੈ। ਕੁਝ ਲੋਕਾਂ ਨੇ ਬਾਬਾ ਦਾਤੂ ਨੂੰ ਚੁੱਕ ਦਿੱਤਾ ਕਿ ਤੁਸੀਂ ਖ਼ਾਲੀ ਬੈਠੇ ਹੋ ਤੇ ਗੁਰੂ ਅਮਰਦਾਸ ਜੀ ਨੂੰ ਲੋਗ ਮੰਨਦੇ ਹਨ।

ਇਸ ਤਰ੍ਹਾਂ ਦਾ ਖੋਟਾ ਤਾਹਨਾ ਦਾਤੂ ਨੂੰ ਖਾ ਗਿਆ। ਦੂਸਰੇ ਦਿਨ ਹੀ ਉਹ ਗੋਇੰਦਵਾਲ ਜਾ ਪੁੱਜਿਆ। ਗੁਰੂ ਅਮਰਦਾਸ ਜੀ ਸਿੰਘਾਸਣ 'ਤੇ ਬੈਠੇ ਸੰਗਤਾਂ ਨੂੰ ਸ਼ੁੱਭ ਵਿਚਾਰ ਦੱਸ ਰਹੇ ਸਨ। ਹਜ਼ੂਰ ਦੇ ਪਾਸ ਬੇਅੰਤ ਸੰਗਤ ਬੈਠੀ ਸੁਣ ਰਹੀ ਸੀ। ਗੁਰੂ ਜੀ ਦੇ ਦਰਬਾਰ ਦੀ ਸੋਭਾ ਵੇਖ ਕੇ ਦਾਤੂ ਸੜ ਬਲ ਗਿਆ। ਉਸ ਨੇ ਬੜੇ ਕੌੜੇ ਸ਼ਬਦਾਂ ਵਿਚ ਕੜਕ ਕੇ ਕਿਹਾ, ''ਕੱਲ੍ਹ ਤਾਂ ਤੂੰ ਸਾਡੇ ਘਰ ਪਾਣੀ ਭਰਦਾ ਸੈਂ, ਤੇ ਅੱਜ ਗੁਰੂ ਬਣ ਬੈਠਾ ਹੈਂ ? ਚੱਲ ਉਠ ਕੇ ਚਲਿਆ ਜਾ। ਗੱਦੀ ਦੇ ਮਾਲਕ ਪੁੱਤਰ ਹੁੰਦੇ ਨੇ, ਪਾਣੀ ਭਰਨ ਵਾਲੇ ਨਹੀਂ।''

ਨਾਲ ਹੀ ਦਾਤੂ ਜੀ ਨੇ ਗ਼ੁੱਸੇ ਵਿਚ ਗੁਰੂ ਜੀ ਨੂੰ ਲੱਤ ਮਾਰੀ। ਬਿਰਧ ਸਰੀਰ ਗੁਰੂ ਅਮਰਦਾਸ ਜੀ

ਸਿੰਘਾਸਣ ਤੋਂ ਥੱਲੇ ਡਿੱਗ ਪਏ। ਗੁਰੂ ਜੀ ਸਹਿਣਸ਼ੀਲਤਾ ਦੇ ਮਾਲਕ ਸਨ। ਅੱਗੋਂ ਮੰਦਾ ਕਹਿਣ ਦੀ ਥਾਂ, ਗੁਰੂ ਮਹਾਰਾਜ ਬੜੀ ਮਿੱਠੀ ਸੁਰ ਵਿਚ ਬੋਲੇ, "ਆਪ ਮੇਰੇ ਗੁਰਦੇਵ ਦੇ ਸਾਹਿਬਜ਼ਾਦੇ ਹੋ। ਮੇਰਾ ਸੁੱਕਾ ਹੋਇਆ ਸਰੀਰ ਹੈ ਤੇ ਆਪ ਜੀ ਦੇ ਕੋਮਲ ਚਰਨ ਹਨ। ਕਿਤੇ ਆਪ ਜੀ ਨੂੰ ਚੋਟ ਤਾਂ ਨਹੀਂ ਲੱਗੀ ਸੁੱਕੇ ਹੱਡਾਂ 'ਤੇ ਲੱਗਣ ਕਰਕੇ ?" ਨਾਲ ਹੀ ਮਹਾਰਾਜ ਦਾਤੂ ਦੇ ਪੈਰ ਘੁੱਟਣ ਲੱਗ ਪਏ :

**ਇਕ ਤੇ ਸੇਵਾ ਕਰਤ ਰਹਿਯੋ ਹੌਂ, ਦੁਤੀਏ ਬਯ ਤੇ ਬਿਰਧ ਭਯੋ ਹੌਂ।**
**ਯਾਤੇ ਅਧਿਕ ਸਰੀਰ ਕਠੋਰਾ, ਤੁਮਰੋ ਚਰਨ ਮ੍ਰਿਦਲ ਨਹਿ ਥੋਰਾ।**

(ਗੁ: ਪ੍ਰ: ਸੂ: ਗ੍ਰੰਥ, ਰਾਸ ੧)

ਇਹ ਸਹਿਨਸ਼ੀਲਤਾ ਵੇਖ ਕੇ ਸੰਗਤ ਹੈਰਾਨ ਹੋ ਗਈ। ਸ਼ਰਧਾਲੂਆਂ ਦੀਆਂ ਅੱਖਾਂ ਵਿਚੋਂ ਪਾਣੀ ਵਹਿਣ ਲੱਗ ਪਿਆ। ਗੁਰੂ ਜੀ ਉਠ ਕੇ ਆਪਣੇ ਰਿਹਾਇਸ਼ੀ ਅਸਥਾਨ ਨੂੰ ਚਲੇ ਗਏ। ਦਾਤੂ ਸਿੰਘਾਸਣ 'ਤੇ ਬਹਿ ਕੇ ਸੰਗਤਾਂ ਨੂੰ ਸੰਬੋਧਨ ਕਰਨ ਲੱਗ ਪਿਆ। ਉਹਦੇ ਉਪਦੇਸ਼ ਦਾ ਨਿਚੋੜ ਸੀ, "ਮੈਂ ਗੁਰੂ ਦਾ ਸਪੁੱਤਰ ਹੋਣ ਕਰਕੇ ਅਸਲੀ ਗੁਰੂ ਹਾਂ। ਜੋ ਮੈਨੂੰ ਗੁਰੂ ਮੰਨਣਗੇ, ਮੈਂ ਉਨ੍ਹਾਂ ਨੂੰ ਮੂੰਹ-ਮੰਗੇ ਵਰ ਦਿਆਂਗਾ, ਪਰ ਜਿਹੜੇ ਸਿੱਖ ਮੈਨੂੰ ਛੱਡ ਕੇ (ਗੁਰੂ ਅਮਰਦਾਸ ਜੀ) ਨੂੰ ਗੁਰੂ ਮੰਨਣਗੇ, ਉਹ ਮੇਰੇ ਸਰਾਪ ਦੇ ਭਾਗੀ ਬਣਨਗੇ।" ਕਿੱਥੇ ਗੁਰੂ ਅਮਰਦਾਸ ਜੀ ਦੀ ਸ਼ਾਂਤ ਬਾਣੀ ਤੇ ਕਿੱਥੇ ਦਾਤੂ ਦੀਆਂ ਧਮਕੀਆਂ ਭਰੀ ਬੋਲੀ। ਹੌਲੀ-ਹੌਲੀ ਸਾਰੀ ਸੰਗਤ ਉੱਠ ਕੇ ਚਲੀ ਗਈ। ਮਗਰੋਂ ਰਹਿ ਗਏ ਇਕ ਦਾਤੂ ਜੀ ਤੇ ਦੋ-ਚਾਰ ਉਹਦੇ ਮੰਦੇ ਸਲਾਹਕਾਰ। ਨਿਰਾਸ਼ ਹੋ ਕੇ ਉਹ ਵੀ ਉੱਠ ਕੇ ਖਡੂਰ ਸਾਹਿਬ ਵਾਪਸ ਚਲੇ ਗਏ। ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ, ਗੁਰੂ ਕਾ ਜੋ ਧਨ ਗੋਇੰਦਵਾਲ ਤੋਂ ਦਾਤੂ ਜੀ ਲੈ ਕੇ ਚੱਲਿਆ ਸੀ, ਰਸਤੇ ਵਿਚ ਉਹ ਸਾਰਾ ਲੁਟੇਰਿਆਂ ਨੇ ਲੁੱਟ ਲਿਆ।

ਗੁਰੂ ਅਮਰਦਾਸ ਜੀ ਨੇ ਸੋਚਿਆ, 'ਕੁਝ ਸਮੇਂ ਵਾਸਤੇ ਸਾਨੂੰ ਏਥੋਂ ਦੂਰ ਚਲੇ ਜਾਣਾ ਚਾਹੀਦਾ ਹੈ। ਐਸਾ ਨਾ ਹੋਵੇ ਕਿ ਸਾਡੇ ਕਾਰਨ ਗੁਰੂ ਦੇ ਸਾਹਿਬਜ਼ਾਦਿਆਂ ਦੇ ਮਨ ਵਿਚ ਕਿਸੇ ਕਿਸਮ ਦਾ ਦੁੱਖ ਹੋਵੇ।' ਬਿਨਾਂ ਕਿਸੇ ਨੂੰ ਖ਼ਬਰ ਕੀਤਿਆਂ ਮਹਾਰਾਜ ਰਾਤ ਨੂੰ ਹੀ ਗੋਇੰਦਵਾਲ ਛੱਡ ਕੇ ਚਲ ਪਏ। ਦਿਨ ਚੜ੍ਹਦੇ ਤਕ ਉਹ ਆਪਣੇ ਪੁਰਾਣੇ ਪਿੰਡ ਬਾਸਰਕੇ ਜਾ ਪੁੱਜੇ। ਪਿੰਡੋਂ ਬਾਹਰ ਖੇਤਾਂ ਵਿਚ ਇਕ ਕੱਚਾ ਕੋਠਾ ਸੀ। ਗੁਰੂ ਮਹਾਰਾਜ ਜੀ ਉਸ ਵਿਚ ਜਾ ਬੈਠੇ।

**ਧੇਨ ਪਾਲ ਕੋ ਕੋਸ਼ਟ ਹੇਰਾ। ਤਿਸ ਦਰ ਲਿਖ ਕੀਨ ਬਸੇਰਾ।**
**ਇਸ ਦਰ ਜੋ ਨਰ ਕਰਹਿ ਉਪਾਰੇ। ਤਿਸ ਕੇ ਗੁਰ ਨਹਿ ਸਿਖ ਹਮਾਰੇ।**

(ਗੁ: ਪ੍ਰ: ਸੂ: ਗ੍ਰੰ:, ਰਾਸ ੧, ਅੰਸੂ 35)

ਗੁਰੂ ਜੀ ਨੇ ਬੂਹੇ ਉੱਤੇ ਲਿਖ ਕੇ ਲਾ ਦਿੱਤਾ 'ਜੋ ਇਹ ਬੂਹਾ ਖੋਲ੍ਹੇਗਾ, ਉਹ ਸਾਡਾ ਸਿੱਖ ਨਹੀਂ।' ਗੁਰਦੇਵ ਇਕਾਂਤ ਸਿਮਰਨ ਭਜਨ ਵਿਚ ਲੀਨ ਹੋ ਗਏ। ਦਰਸ਼ਨ ਕਰਨ ਦੂਰੋਂ-ਦੂਰੋਂ ਸੰਗਤਾਂ ਗੋਇੰਦਵਾਲ ਆਉਂਦੀਆਂ, ਪਰ ਗੁਰੂ ਮਹਾਰਾਜ ਦੇ ਦਰਸ਼ਨ ਨਾ ਹੋਣ ਕਰ ਕੇ ਨਿਰਾਸ਼ ਹੋ ਕੇ ਮੁੜ ਜਾਂਦੀਆਂ। ਕੁਝ ਸਿੱਖਾਂ

ਨੇ ਸੰਗਤਾਂ ਦੇ ਨਿਰਾਸਪੁਣੇ ਨੂੰ ਮਹਿਸੂਸ ਕਰਕੇ ਗੁਰਦੇਵ ਨੂੰ ਭਾਲਣ ਦੀ ਧਾਰੀ। ਬਾਬੇ ਬੁੱਢੇ ਦਾ ਵਿਚਾਰ ਸੀ ਕਿ ਅੱਜ ਤੋਂ ਗੁਰੂ ਅਮਰਦਾਸ ਜੀ ਗੁਰੂ ਹਨ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਤੋਂ ਪਿੱਛੋਂ ਗੁਰੂ ਅਮਰਦਾਸ ਜੀ ਹੀ ਗੱਦੀ ਦੇ ਮਾਲਕ ਹਨ। ਸੰਗਤਾਂ ਨੇ ਗੁਰੂ ਨਾਨਕ ਦੇਵ ਜੀ ਦਾ ਨਾਮ ਲੈ ਕੇ ਅਰਦਾਸ ਕੀਤੀ। ਜਿਸ ਘੋੜੀ ਉੱਤੇ ਗੁਰੂ ਅਮਰਦਾਸ ਜੀ ਅਸਵਾਰ ਹੋਇਆ ਕਰਦੇ ਸਨ, ਉਹ ਘੋੜੀ ਛੱਡ ਦਿੱਤੀ ਤੇ ਕੁਝ ਸਿੱਖ ਬਾਬਾ ਬੁੱਢਾ ਜੀ ਸਮੇਤ ਉਸ ਦੇ ਮਗਰ ਲੱਗ ਕੇ ਤੁਰ ਪਏ। ਜਿਸ ਰਾਹੇ ਗੁਰੂ ਅਮਰਦਾਸ ਜੀ ਗਏ ਸਨ, ਘੋੜੀ ਓਸੇ ਰਾਹੇ ਚੱਲਦੀ-ਚੱਲਦੀ ਉਸ ਕੋਠੇ ਦੇ ਬੂਹੇ ਅੱਗੇ ਜਾ ਖਲੋਤੀ, ਜਿੱਥੇ ਗੁਰੂ ਮਹਾਰਾਜ ਬੈਠੇ ਤਪ ਕਰ ਰਹੇ ਸਨ। ਜਿੱਥੇ ਗੁਰੂ ਜੀ ਦੇ ਅਸਥਾਨ ਦੇ ਮਿਲ ਜਾਣ ਦੀ ਸਿੱਖਾਂ ਨੂੰ ਖ਼ੁਸ਼ੀ ਹੋਈ, ਓਥੇ ਬੂਹੇ ਅੱਗੇ ਲਿਖਿਆ ਹੋਇਆ ਗੁਰਦੇਵ ਦਾ ਹੁਕਮ ਪੜ੍ਹ ਕੇ ਨਿਰਾਸ਼ਾ ਵੀ ਹੋਈ।

**ਲੋਕ ਪ੍ਰਲੋਕ ਦੋਨੋ ਹੀ ਖੋਵੈ। ਨਹੀ ਸਹਾਇਕ ਹਮ ਤਿਸ ਹੋਵੈ।**

(ਰਾਸ ੧, ਅੰਸੂ ੧5)

ਕੁਝ ਚਿਰ ਸੋਚਣ ਪਿੱਛੋਂ ਬਾਬਾ ਬੁੱਢਾ ਜੀ ਨੇ ਸੰਗਤਾਂ ਨੂੰ ਕਿਹਾ, "ਗੁਰੂ ਮਹਾਰਾਜ ਨੇ ਕੇਵਲ ਏਨਾ ਲਿਖਿਆ ਹੈ ਕਿ ਜੋ ਇਹ ਬੂਹਾ ਖੋਲ੍ਹੇਗਾ, ਉਹ ਸਾਡਾ ਸਿੱਖ ਨਹੀਂ। ਸਿਰਫ਼ ਬੂਹਾ ਨਾ ਖੋਲ੍ਹਣ ਦੀ ਸ਼ਰਤ ਹੈ, ਹੋਰ ਕੋਈ ਨਹੀਂ। ਅਸੀਂ ਇਹ ਸ਼ਰਤ ਨਹੀਂ ਤੋੜਦੇ, ਪਰ ਗੁਰੂ ਜੀ ਦੇ ਚਰਨਾਂ ਤਕ ਜ਼ਰੂਰ ਪਹੁੰਚ ਕੇ ਦਰਸ਼ਨ ਕਰਾਂਗੇ।"

ਉਸ ਕੱਚੇ ਕੋਠੇ ਦੇ ਪਿਛਲੇ ਪਾਸਿਓਂ ਪਾੜ ਮਾਰ ਕੇ ਭਾਵ ਸੰਨ੍ਹ ਲਾ ਕੇ ਬਾਬਾ ਬੁੱਢਾ ਜੀ ਅੰਦਰ ਲੰਘ ਕੇ ਗੁਰੂ ਜੀ ਦੇ ਚਰਨਾਂ 'ਤੇ ਜਾ ਡਿੱਗੇ। ਗੁਰੂ ਜੀ ਦੀ ਸਮਾਧੀ ਖੁੱਲ੍ਹ ਗਈ। ਸਾਮ੍ਹਣੇ ਬਾਬਾ ਬੁੱਢਾ ਜੀ ਨੂੰ ਵੇਖ ਕੇ ਮਹਾਰਾਜ ਨੇ ਕਿਹਾ, "ਬਾਬਾ ਬੁੱਢਾ ਜੀ, ਤੁਸਾਂ ਸਾਡਾ ਹੁਕਮ ਨਹੀਂ ਮੰਨਿਆ।"

**ਸ੍ਰੀ ਗੁਰ ਹਮ ਨਹਿ ਆਇਸੁ ਟਾਰੀ। ਤਜਿ ਦਰ ਫੋਰਯੋ ਦ੍ਵਾਰ ਪਛਾਰੀ।**
**ਸਭਿ ਸਿਖਨ ਮਨ ਬਯਾਕੁਲ ਹੇਰਾ। ਦੁਰੇ ਆਪ ਕਰ ਜਗਤ ਅੰਧੇਰਾ॥ 26 ॥**

"ਮਹਾਰਾਜ ! ਸੇਵਕ ਨੇ ਆਪ ਜੀ ਦੇ ਹੁਕਮ ਦੀ ਉਲੰਘਣਾ ਨਹੀਂ ਕੀਤੀ।" ਬਾਬਾ ਬੁੱਢਾ ਜੀ ਨੇ ਦੋਵੇਂ ਹੱਥ ਜੋੜ ਕੇ ਨਿੰਮਰਤਾ ਨਾਲ ਕਿਹਾ, "ਵੇਖ ਲਉ, ਬੂਹਾ ਓਸੇ ਤਰ੍ਹਾਂ ਬੰਦ ਹੈ। ਸੇਵਕ ਤਾਂ ਐਸ ਪਾਸਿਓਂ (ਸੰਨ੍ਹ ਵੱਲ ਇਸ਼ਾਰਾ ਕਰਕੇ) ਇਸ ਪਾਸੇ ਦੀ ਆਇਆ ਹੈ।"

ਗੁਰੂ ਮਹਾਰਾਜ ਸੰਨ੍ਹ ਵੱਲ ਵੇਖ ਕੇ ਹੱਸ ਪਏ। "ਬਾਬਾ ਬੁੱਢਾ ਜੀ ! ਤੁਹਾਡੇ ਕੌਤਕ ਵੀ ਨਿਰਾਲੇ ਹੀ ਹਨ। ਵਰ ਦਾਇਕ ਇਹ ਬਚਨ :

**ਇਸ ਕੋ ਪਾਰ ਦਯੋ ਦਰਸਾਵੈ। ਸੋ ਨਰ ਜਮ ਕੋ ਪਿਖਨ ਨਾ ਪਾਵੈ।**

(ਰਾਸ ੧, ਅੰਸੂ 36)

"ਪਰ ਅਸੀਂ ਕੁਝ ਸਮਾਂ ਇਕਾਂਤ ਵਿਚ ਰਹਿ ਕੇ ਏਥੇ ਤਪ ਕਰਨਾ ਚਾਹੁੰਦੇ ਸੀ।" ਮਹਾਰਾਜ ਨੇ ਕੁਝ

ਗੰਭੀਰ ਹੋ ਕੇ ਕਿਹਾ।

ਬਾਬਾ ਬੁੱਢਾ ਜੀ ਨੇ ਗੋਇੰਦਵਾਲ ਦੇ ਸਾਰੇ ਹਾਲਾਤ ਬਾਰੇ ਤੇ ਸੰਗਤਾਂ ਦੀ ਬਿਹਬਲਤਾ ਬਾਰੇ ਦੱਸ ਕੇ ਨਾਲ ਹੀ ਗੁਰੂ ਅੰਗਦ ਦੇਵ ਜੀ ਵੱਲੋਂ ਸੌਂਪੀਆਂ ਜ਼ਿੰਮੇਵਾਰੀਆਂ ਦਾ ਵੀ ਚੇਤਾ ਕਰਾ ਦਿੱਤਾ। ਕੁਝ ਚਿਰ ਸੋਚ ਕੇ ਗੁਰਦੇਵ ਨੇ ਬੂਹਾ ਖੋਲ੍ਹਣ ਦੀ ਆਗਿਆ ਦੇ ਦਿੱਤੀ। ਬਾਕੀ ਸਿੱਖ ਸੰਗਤਾਂ ਵੀ ਅੰਦਰ ਲੰਘ ਕੇ ਗੁਰਦੇਵ ਦੇ ਚਰਨਾਂ 'ਤੇ ਆ ਡਿੱਗੀਆਂ। ਇਸ ਅਨੋਖੀ ਘਟਨਾ ਦੀ ਯਾਦ ਵਿਚ ਪਿੰਡ ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ ਸਾਹਿਬ) ਉਸ ਕੱਚੇ ਕੋਠੇ ਦੀ ਥਾਂ ਅੱਜ ਸ਼ਾਨਦਾਰ ਗੁਰਦਵਾਰਾ 'ਸੰਨ੍ਹ ਸਾਹਿਬ' ਪਵਿੱਤਰ ਅਸਥਾਨ ਬੜਾ ਸੁੰਦਰ ਬਣਿਆ ਹੋਇਆ ਹੈ।

> ਸੂਹੀ ਮਹਲਾ 5 ॥ ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥ ੧ ॥ ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥ ੧ ॥ ਰਹਾਉ ॥ ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥ 2 ॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥ 3 ॥ ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ 4 ॥ ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥ ੧ ॥ ਰਹਾਉ ਦੂਜਾ ॥ 5 ॥

ਪਦ ਅਰਥ :- ਉਮਕਿਓ=ਉਛਲ ਪਿਆ ਹੈ। ਤਾਈ=ਲਈ, ਵਾਸਤੇ। ਖੋਜਤ ਚਰਿਓ=ਢੂੰਡਣ ਚੜ੍ਹਿਆ ਹਾਂ। ਦੇਖਉ=ਮੈਂ ਵੇਖਾਂ। ਜਾਈ=ਜਾ ਕੇ। ਸੰਦੇਸਰੋ=ਸੁਨੇਹਾ। ਪ੍ਰਿਅ=ਪਿਆਰੇ ਦਾ। ਗ੍ਰਿਹਿ=ਘਰ (ਹਿਰਦੇ) ਵਿਚ। ਭ੍ਰਮਿ ਭ੍ਰਮਿ=ਭੌਂ ਭੌਂ ਕੇ। ਨਦਰਿ ਨ ਪਾਈ=ਨਜ਼ਰ ਪ੍ਰਾਪਤ ਨਹੀਂ ਹੋਈ। ਕਿਨ ਬਿਧਿ=ਕਿਸ ਤਰੀਕੇ ਨਾਲ। ਹੀਅਰੋ=ਹਿਰਦਾ। ਧੀਰੈ=ਧੀਰਜ ਫੜੇ। ਨਿਮਾਨੋ=ਨਿਮਾਣਾ, ਵੀਚਾਰਾ। ਧਨ=ਇਸਤਰੀ। ਪੀਓ=ਪੀਤੀ ਹੈ। ਮਦਰੋ=ਸ਼ਰਾਬ। ਮਤਵੰਤਾ=ਮਸਤ ਹੋਈ। ਜਾਗੈ=ਜਾਗ ਪਵੇਗੀ। ਬੋਲੰਤਾ=ਬੁਲਾਏ। ਨਿਰਾਸੀ=ਉਦਾਸ। ਦੇਸ ਦਿਸੰਤਰ=ਦੇਸ ਪ੍ਰਦੇਸ। ਸਗਲੇ=ਸਾਰੇ। ਝਾਗੇ=ਗਾਹੇ ਫਿਰੇ ਹਨ। ਖਿਨੁ=ਛਿਨ ਭਰ ਭੀ। ਰਹਨੁ ਨ ਪਾਵਉ=ਮੈਂ ਰਹਿ ਨਹੀਂ ਸਕਦੀ। ਬਿਨੁ ਪਗ ਪਾਗੇ=ਚਰਨਾਂ ਵਿਚ ਮਗਨ ਹੋਣ ਦੇ ਬਗ਼ੈਰ। ਪ੍ਰਭ ਮਿਲਹ=ਪ੍ਰਭੂ ਨੂੰ ਮਿਲ ਸਕਦੇ ਹਾਂ। ਸੁਭਾਗੇ=ਭਾਗਾਂ ਵਾਲੇ। ਤਪਤਿ=ਤਪਸ਼, ਜਲਨਿ। ਘਰਹਿ=ਘਰ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਹਿਰਦੇ ਵਿਚ ਹੀ)। ਪਿਰੁ=ਪਤੀ (ਪਰਮਾਤਮਾ)। ਮੁਝਹਿ=ਮੈਨੂੰ। ਸੁਹਾਇਆ=ਸੋਹਣਾ ਲੱਗ ਗਿਆ ਹੈ। ਗੁਰਿ=ਗੁਰੂ ਨੇ। ਚੁਕਾਇਆ=ਦੂਰ ਕਰ ਦਿੱਤਾ ਹੈ। ਜਹ ਦੇਖਾ=ਮੈਂ ਜਿਥੇ ਦੇਖਦਾ ਹਾਂ। ਤਹ=ਉਥੇ ਹੀ। ਖੋਲ੍ਹਿਓ ਕਪਾਟੁ=ਤਖ਼ਤਾ, ਭਿਤ ਖੋਲ੍ਹ ਦਿੱਤਾ। ਠਹਰਾਈ=ਠਹਿਰ ਗਿਆ, ਟਿਕ ਗਿਆ।

ਅਰਥ :- (ਹੇ ਭਾਈ !) ਪ੍ਰਭੂ ਵਾਹਿਗੁਰੂ ਜੀ ਨੂੰ ਮਿਲਣ ਲਈ (ਮੇਰਾ) ਹਿਰਦਾ (ਪ੍ਰੇਮ ਨਾਲ) ਉਛਲ ਪਿਆ। (ਮੈਂ ਉਸ ਨੂੰ) ਢੂੰਡਣ ਚੜ੍ਹਿਆ ਹਾਂ (ਤਾਂ ਜੋ) ਪਿਆਰੇ ਨੂੰ ਜਾ ਕੇ ਦੇਖਾਂ (ਭਾਵ ਉਸ ਦੇ ਦਰਸ਼ਨ ਕਰਾਂ)। (ਗੁਰੂ ਦੇ ਸ਼ਬਦ ਰਾਹੀਂ) ਪਿਆਰੇ (ਪ੍ਰਭੂ ਦਾ) ਸੁਨੇਹਾ ਸੁਣਦੇ ਸਾਰ ਹੀ (ਹਿਰਦੇ ਰੂਪ) ਘਰ ਵਿਚ ਸ਼ਰਧਾ ਦੀ ਸੇਜ ਵਿਛਾਉਣਾ ਕੀਤੀ ਹੈ। ਉਸ ਦੀ ਪ੍ਰਾਪਤੀ ਲਈ ਯਤਨ ਕੀਤੇ, (ਪਰ) ਭਟਕ-ਭਟਕ ਕੇ (ਮੁੜ ਆਇਆ) ਤਾਂ ਵੀ (ਪਤੀ ਦੀ ਨਜ਼ਰ) ਪ੍ਰਾਪਤੀ ਨਹੀਂ ਹੋਈ।੧।

(ਹੇ ਭਾਈ ! ਮੇਰਾ ਇਹ) ਨਿਮਾਣਾ ਹਿਰਦਾ (ਪ੍ਰਭੂ ਦੇ ਮਿਲਾਪ ਤੋਂ ਬਿਨਾਂ) ਕਿਵੇਂ ਧੀਰਜ ਫੜੇ। ਇਸ ਲਈ ਹੇ ਮੇਰੇ ਸਾਜਨ ! ਮੈਨੂੰ ਮਿਲ ਪਉ, ਮੈਂ ਤੇਰੇ ਤੋਂ ਕੁਰਬਾਨ (ਸਦਕੇ) ਜਾਂਦੀ ਹਾਂ।੧। ਰਹਾਉ।

(ਹੇ ਪਿਆਰੀ ਸਖੀ !) ਜੀਵ-ਇਸਤਰੀ ਤੇ ਪ੍ਰਭੂ-ਪਤੀ ਦੀ (ਅੰਤਸ਼ਕਰਣ ਵਿਚ) ਇਕੋ ਸੇਜ ਵਿਛੀ ਹੋਈ ਹੈ, ਪਰ ਜੀਵ-ਇਸਤਰੀ (ਮਾਇਆ ਮੋਹ ਦੀ ਨੀਂਦ ਵਿਚ) ਸੁੱਤੀ ਹੋਈ ਹੈ (ਅਤੇ) ਪਤੀ (ਪਰਮੇਸ਼ਰ ਵਾਹਿਗੁਰੂ ਜੀ) ਸਦਾ ਜਾਗਦਾ ਹੈ। (ਜੀਵ-ਇਸਤਰੀ ਨੇ ਹੰਕਾਰ ਰੂਪੀ) ਸ਼ਰਾਬ ਪੀ ਲਈ ਹੈ (ਇਸ ਕਰਕੇ ਇਹ ਨਸ਼ੇ ਵਿਚ) ਮਸਤ ਹੋ ਰਹੀ ਹੈ। ਜੀਵ-ਇਸਤਰੀ ਤਾਂ ਹੀ ਜਾਗ ਸਕਦੀ ਹੈ ਜੇ ਪਤੀ (ਪ੍ਰਭੂ ਇਸ ਨੂੰ) ਬੁਲਾਉਂਦਾ ਹੋਵੇ।੨।

ਹੇ ਭਾਈ ! ਉਸ ਪ੍ਰਭੂ ਦੇ ਮਿਲਾਪ ਲਈ ਮੈਨੂੰ ਉਡੀਕਦਿਆਂ ਬਹੁਤ ਦਿਨ ਬਤੀਤ ਹੋ ਗਏ ਹਨ, (ਅਪ੍ਰਾਪਤੀ ਕਰਕੇ) ਨਿਰਾਸ ਹੋ ਗਈ ਹਾਂ। (ਪਤੀ ਨੂੰ ਲੱਭਣ ਵਾਸਤੇ) ਮੈਂ ਸਾਰੇ ਦੇਸ ਪ੍ਰਦੇਸ ਫਿਰ ਲਏ ਹਨ। (ਪਤੀ ਦੇ) ਚਰਨ ਪਰਸੇ ਬਿਨਾਂ ਮੈਂ ਖਿਨ ਭਰ ਰਹਿ ਨਹੀਂ ਸਕਦੀ। (ਹਾਂ, ਜੇ ਉਹ) ਪ੍ਰਭੂ ਕਿਰਪਾਲੂ ਹੋਵੇ, (ਸਾਡੇ) ਚੰਗੇ ਭਾਗ ਹੋਣ (ਫਿਰ ਸਾਰੀਆਂ ਇਸਤ੍ਰੀਆਂ ਉਸ) ਪ੍ਰਭੂ (ਨੂੰ) ਮਿਲ ਸਕਦੀਆਂ ਹਨ।੩।

ਹੇ ਭਾਈ ! ਉਹ ਪ੍ਰਭੂ ਪਤੀ ਕਿਰਪਾਲੂ ਹੋਇਆ ਤਾਂ ਉਸ ਨੇ ਮੈਨੂੰ ਸਤਿਸੰਗ ਵਿਚ ਮਿਲਾ ਦਿੱਤਾ। (ਜਦੋਂ ਮੈਂ) ਘਰ (ਹਿਰਦੇ) ਵਿਚ ਹੀ ਪਤੀ ਨੂੰ ਪਾ ਲਿਆ ਤਾਂ (ਮੇਰੀ) ਜਲਨ ਬੁੱਝ ਗਈ। ਸਾਰੇ ਸ਼ਿੰਗਾਰ (ਸ਼ੁਭ ਗੁਣਾਂ ਦੇ) ਹੁਣ ਮੈਨੂੰ ਸੋਹਣੇ ਲੱਗ ਰਹੇ ਹਨ। ਨਾਨਕ (ਗੁਰੂ) ਜੀ ਉਚਾਰਨ ਕਰਦੇ ਹਨ ਕਿ ਹੇ ਭਾਈ ! ਪੂਰਨ ਗੁਰੂ ਨੇ (ਮੇਰਾ) ਭਰਮ ਦੂਰ ਕਰ ਦਿੱਤਾ ਹੈ।੪।

ਹੇ ਭਾਈ ! (ਹੁਣ) ਜਿਥੇ ਮੈਂ ਵੇਖਦਾ ਹਾਂ ਉਥੇ ਹੀ ਪਤੀ (ਪਰਮੇਸ਼ਰ ਮੌਜੂਦ) ਹੈ। (ਗੁਰੂ ਨੇ ਜਦੋਂ ਭਰਮ ਦਾ ਪੜ੍ਹਦਾ ਜਾਂ ਪੰਜਾਂ ਕੋਸ਼ਾਂ ਰੂਪੀ ਕਿਵਾੜ (ਪਰਦਾ) ਖੋਲ੍ਹ ਦਿੱਤਾ ਤਾਂ ਮਨ ਟਿਕ ਗਿਆ।੧। ਰਹਾਉ ਦੂਜਾ।੫।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

## ਵਿਆਖਿਆ ਤੇ ਸਾਰੰਸ਼

ਇਸ ਉਪਰੋਕਤ ਸ਼ਬਦ ਦਾ ਤਾਤਪਰਜ ਹਜ਼ੂਰ ਨੇ ਇਸ ਸ਼ਬਦ ਵਿਚ ਵੀ ਉਜਾਗਰ ਕੀਤਾ ਹੈ :

**ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥**
**ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥**
**ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥**
**ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥**
**ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਸੰਤੀਆ॥**
**ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥੧॥**

(ਅੰਗ 703)

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

★★★
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵ੍ਾਕ ਨੰਬਰ ੧੩੧ (ਆਦਿ ਅੰਗ 740)

## ਸੂਹੀ ਮਹਲਾ 5 ॥

ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥ ਜੀਵਤ ਪੇਖੇ ਜਿਨ੍ੀ ਹਰਿ ਹਰਿ ਧਿਆਇਆ ॥ ਸਾਧਸੰਗਿ ਤਿਨ੍ੀ ਦਰਸਨੁ ਪਾਇਆ ॥੧॥ ਰਹਾਉ ॥ ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥ 2 ॥ ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥ 3 ॥ ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥ ਨਾਮੁ ਤੇਰਾ ਜਪੀ ਦਿਨੁ ਰਾਤਿ ॥ 4 ॥ 8 ॥੧4 ॥

## ਪ੍ਰਾਕ੍ਥਨ :

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਸ਼ੁਰੂ ਵਿਚ ਹਜ਼ੂਰ ਨੇ ਸੰਸਾਰ ਦੀ ਅਸਥਿਰਤਾ ਦਰਸਾਈ ਹੈ।

## ਵਿਸ਼ਾ — ਰਹਨੁ ਨ ਕੋਊ ਪਈਹੈ ਰੇ

ਭਗਤ ਕਬੀਰ ਜੀ ਦਾ ਇਹ ਪਾਵਨ ਅੰਮ੍ਰਿਤ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਹੈ :

**ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ॥**
**ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ॥ ੧॥ ਰਹਾਉ॥**
**ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ॥**

(ਅੰਗ 855)

ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਨਾਲ ਜੀਵ ਸੰਸਾਰ ਅੰਦਰ ਜਨਮ ਲੈਂਦਾ ਹੈ। ਜਨਮ ਕਾਲ ਸਮੇਂ ਹੀ ਇਸ ਮਨੁੱਖ ਦਾ ਅੰਤਲਾ ਸਮਾਂ ਕਰਤੇ ਵੱਲੋਂ ਨੀਅਤ ਕੀਤਾ ਜਾਂਦਾ ਹੈ ਅਤੇ ਇਸ ਦੇ ਸਰੀਰ ਵਿਚ ਸੁਆਸ ਗਿਣ ਕੇ ਪਾਏ ਜਾਂਦੇ ਹਨ।

**ਮਰਣੁ ਲਿਖਾਇ ਮੰਡਲ ਮਹਿ ਆਏ॥** (ਅੰਗ 685)

**ਅਥਵਾ — ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥**

(ਅੰਗ 254)

ਜਨਮ ਕਾਲ ਤੋਂ ਹੀ ਇਸ ਦਾ ਸੰਸਾਰ ਵਿਚ ਰਹਿਣ ਦਾ ਸਮਾਂ ਤੇ ਸੁਆਸਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਜਾਂਦੀ ਹੈ, ਪਰ ਇਸ ਅਗਿਆਨੀ ਜੀਵ ਨੂੰ ਸਮਝ ਨਹੀਂ ਪੈਂਦੀ ਕਿ ਮੈਂ ਕਿਸ ਲਈ ਆਇਆ ਹਾਂ ? ਮੈਨੂੰ ਕਿੰਨਾ ਘਾਟਾ ਹਰ ਰੋਜ਼ ਪੈ ਰਿਹਾ ਹੈ ? ਕਿਉਂਕਿ :

**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥** (ਅੰਗ 726)

(ਅਥਵਾ)

**ਦਿਨ ਤੇ ਪਹਿਰ ਪਹਿਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥** (ਅੰਗ 692)

ਇਹ ਇਸ ਨੂੰ ਸਮਝ ਨਹੀਂ ਹੈ। ਕਿਸੇ ਸਿਆਣੇ ਵਿਦਵਾਨ ਦਾ ਕਥਨ ਹੈ :

**ਨਾਮ ਜਪਣ ਕੋ ਜਿਹਬਾ ਦੀਨੀ, ਹਰ ਦਰਸ਼ਨ ਕੋ ਅੱਖੀਂ।**
**ਇਕ ਇਕ ਸੁਆਸ ਅਮੋਲਕ ਜਾਂਦਾ, ਹੱਥ ਨਾ ਆਵੇ ਲੱਖੀਂ।**
**ਚੌਵੀ ਹਜ਼ਾਰ ਸੁਆਸ ਬੰਦੇ ਦਾ, ਆਮਦਨ ਮੂਲ ਨ ਥੀਵੇ।**
**ਜਿਸ ਬੰਦੇ ਕਉ ਇਤਨਾ ਘਾਟਾ, ਸੋ ਬੰਦਾ ਕਿਉਂ ਜੀਵੇ।**

ਪਰ ਕਰਤੇ ਦੇ ਅਸੂਲ ਅਨੁਸਾਰ ਇਹ ਸਾਰਾ ਸੰਸਾਰ ਵਿਨਾਸ਼ ਰੂਪ ਹੈ। ਗੁਰਬਾਣੀ ਵਿਚ ਇਸ ਸਿਧਾਂਤ ਨੂੰ ਬੜੀ ਦ੍ਰਿੜ੍ਹਤਾ ਨਾਲ ਦਰਸਾਇਆ ਗਿਆ ਹੈ ਕਿ ਇਸ ਸੰਸਾਰ ਵਿਚ ਸਭ ਕੁਝ ਬਿਨਸਨਹਾਰ ਹੈ। ਇਥੇ ਸਭ ਚੱਲੋ-ਚੱਲੀ ਦਾ ਮੇਲਾ ਹੈ। ਕੋਈ ਅੱਜ ਜਾ ਰਿਹਾ ਹੈ, ਕੋਈ ਕੱਲ ਨੂੰ ਇਸ ਸੰਸਾਰ ਤੋਂ ਤੁਰ ਜਾਵੇਗਾ। ਕਿਸੇ ਨੇ ਵੀ ਸਦਾ ਲਈ ਇਥੇ ਬੈਠੇ ਨਹੀਂ ਰਹਿਣਾ। ਫ਼ਰਕ ਸਿਰਫ਼ ਐਨਾ ਹੈ ਕਿ ਕਿਸੇ ਦੀ ਪਹਿਲਾਂ ਵਾਰੀ ਆ ਜਾਂਦੀ ਹੈ, ਕਿਸੇ ਦੀ ਬਾਅਦ ਵਿਚ। ਕਈ ਵਾਰੀ ਜਨਮ ਦੇਣ ਵਾਲੇ ਮਾਤਾ ਪਿਤਾ ਬੈਠੇ ਹੁੰਦੇ ਹਨ ਤੇ ਪੁੱਤਰ ਧੀਆਂ ਦੀ ਪਹਿਲਾਂ ਵਾਰੀ ਆ ਜਾਂਦੀ ਹੈ, ਪਰ ਇਹ ਅਟੱਲ ਸੱਚਾਈ ਹੈ ਕਿ ਜੋ ਕੁਝ ਘੜਿਆ ਹੈ, ਉਸ ਨੇ ਇਕ ਦਿਨ ਜ਼ਰੂਰ ਬਿਨਸਨਾ ਹੈ :

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥** (ਅੰਗ 474)

**ਅਥਵਾ:** **ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ॥**
**ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥**
**ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ॥** (ਅੰਗ 63)

ਇਸ ਫ਼ਾਨੀ ਸੰਸਾਰ ਵਿਚੋਂ ਸਭ ਨੇ ਹੀ ਤੁਰ ਜਾਣਾ ਹੈ। ਇਥੇ ਜੋ ਵੀ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਜ਼ਰੂਰ ਚਲੇ ਜਾਣਾ ਹੈ। ਅਬਿਨਾਸੀ ਜਾਂ ਸਦਾ-ਥਿਰ ਰਹਿਣ ਵਾਲਾ ਤਾਂ ਇਕ ਪ੍ਰਮਾਤਮਾ ਹੀ ਹੈ।

**ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ॥** (ਅੰਗ 6੧7)

ਬਾਕੀ ਤਾਂ ਸਭ ਨਾਸ਼ਵੰਤ ਹੈ, ਇਨ੍ਹਾਂ ਸੰਸਾਰਿਕ ਜੀਵਾਂ ਵਿਚੋਂ ਜਦੋਂ ਅੰਤ ਸਮਾਂ ਆਉਂਦਾ ਹੈ ਤਾਂ ਸਾਰੇ ਸੰਗੀ ਸਾਥ ਛੱਡ ਜਾਂਦੇ ਹਨ ਅਤੇ ਇਕੱਲਿਆਂ ਹੀ ਜਾਣਾ ਪੈਂਦਾ ਹੈ। ਅਜਿਹੇ ਸਮੇਂ ਇਕ ਪ੍ਰਮਾਤਮਾ ਹੀ ਸਹਾਈ ਹੁੰਦਾ ਹੈ :

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥** (ਅੰਗ ੧429)

**ਅਥਵਾ : ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥** (ਅੰਗ ੧429)

**ਅਥਵਾ: ਜਾਤਿ ਵਰਨ ਤੁਰਕ ਅਰੁ ਹਿੰਦੂ॥ ਪਸੁ ਪੰਖੀ ਅਨਿਕ ਜੋਨਿ ਜਿੰਦੂ॥**

**ਸਗਲ ਪਾਸਾਰੁ ਦੀਸੈ ਪਾਸਾਰਾ॥ ਬਿਨਸਿ ਜਾਇਗੋ ਸਗਲ ਆਕਾਰਾ॥**

(ਅੰਗ 237)

**ਅਥਵਾ: ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥**
**ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥ ੧॥**
**ਕਿਆ ਤੂੰ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ੧॥ ਰਹਾਉ॥**

(ਅੰਗ 793-94)

ਵੱਖ-ਵੱਖ ਜਾਤਾਂ, ਵਰਗਾਂ ਦੇ ਪ੍ਰਾਣੀ, ਪਸ਼ੂ-ਪੰਛੀ, ਹੋਰ ਅਨੇਕਾਂ ਜੂਨਾਂ ਦੇ ਜੀਵ ਅਤੇ ਇਹ ਜਗਤ ਪਸਾਰਾ ਜੋ ਦਿੱਸ ਰਿਹਾ ਹੈ, ਆਖ਼ਿਰ ਨੂੰ ਸਭ ਨਾਸ਼ ਹੋ ਜਾਣ ਵਾਲੇ ਹਨ। ਇਹ ਜਗਤ ਮਾਨੋ ਇਕ ਰੇਤ ਦੇ ਬਣੇ ਹੋਏ ਘਰ ਵਾਂਗ ਖਿਨ ਭੰਗਰ ਹੈ। ਜਿਵੇਂ ਮੀਂਹ ਨਾਲ ਕਾਗ਼ਜ਼ ਨੂੰ ਗਲਦਿਆਂ ਦੇਰ ਨਹੀਂ ਲੱਗਦੀ, ਇਸੇ ਪ੍ਰਕਾਰ ਇਨ੍ਹਾਂ ਸਰੀਰ ਰੂਪੀ ਘਰਾਂ ਤੇ ਸੰਸਾਰ ਦੇ ਨਾਸ਼ ਹੁੰਦਿਆਂ ਦੇਰ ਨਹੀਂ ਲੱਗਦੀ :

**ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥**
**ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧॥**
**ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥**
**ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥**
**ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥**
**ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ 2॥**
**ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥**
**ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥ 3॥** (ਅੰਗ 808)

**ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥**
**ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ 3॥**
**ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥**
**ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥**

(ਅੰਗ 64)

ਸ੍ਰੀ ਗੁਰੂ ਤੇਗ ਬਹਾਦਰ ਜੀ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਪ੍ਰਾਣੀ ਨੂੰ ਸਮਝਾ ਰਹੇ ਹਨ ਕਿ ਸਾਰਾ ਜਗਤ ਮਾਨੋਂ ਧੂੰਏਂ ਦੇ ਪਹਾੜ ਵਾਂਗ ਹੈ, ਜਿਸ ਸਾਰੇ ਨੂੰ ਇਕ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ। ਫਿਰ ਹੇ ਪ੍ਰਾਣੀ ! ਤੂੰ ਕੀ ਸਮਝ ਕੇ ਜਗਤ ਨੂੰ ਸਦ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ। ਆਪ ਜੀ ਦੇ ਬਚਨ ਹਨ ਕਿ ਇਸ ਜਗਤ ਤੋਂ ਤੁਰਨ ਲੱਗਿਆਂ ਧਨ, ਇਸਤਰੀ ਜਾਂ ਹੋਰ ਕੋਈ ਜਾਇਦਾਦ ਨਾਲ ਨਹੀਂ ਜਾਂਦੀ। ਕੇਵਲ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਪ੍ਰਭੂ ਦੀ ਕੀਤੀ ਹੋਈ ਭਗਤੀ ਹੀ ਨਾਲ ਨਿਭਣ ਵਾਲੀ ਹੈ :

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ ੧॥**
**ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥ 2॥**
**ਇਕ ਭਗਤਿ ਨਾਰਾਇਨ ਹੋਇ ਸੰਗਿ॥ ਕਹੁ ਨਾਨਕ ਭਜੁ ਤਿਹ ਏਕ ਰੰਗਿ॥ 3॥**

(ਅੰਗ ੧੧86)

**ਅਥਵਾ :** **ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥ ੧॥**
**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥**

(ਅੰਗ 794)

**ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥**
**ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥ 2॥**
**ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ॥**
**ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ 3॥**

(ਬਿਲਾਵਲੁ ਕਬੀਰ ਜੀ, ਅੰਗ 855)

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲੁ॥ 52॥**

(ਸਲੋਕ ਮਹਲਾ 9, ਅੰਗ ੧428-29)

ਪ੍ਰਮੇਸ਼ਰ ਵੱਲੋਂ ਦਿੱਤੇ ਸੁਆਸ ਇਕ ਤਿਲ ਮਾਤਰ ਵੀ ਘੱਟ-ਵੱਧ ਨਹੀਂ ਹੋ ਸਕਦੇ। ਯਥਾ :

**ਸਲੋਕ॥ ਛੀਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥**
**ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥ ੧॥**

(ਗਉੜੀ ਬਾਵਨ ਅੱਖਰੀ ਮਹਲਾ 5, ਅੰਗ 254)

**ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ॥**
**ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ॥**

(ਸਿਰੀ ਰਾਗ ਮ: 5, ਅੰਗ 78)

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥**
**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥**
**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥**
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥

(ਸਲੋਕ ਸੇਖ ਫਰੀਦ, ਅੰਗ ੧377)

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥ ੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨ ਨਉ ਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥ ੧॥ ਰਹਾਉ॥

(ਸਿਰੀ ਰਾਗੁ ਮ: ੧, ਅੰਗ 23)

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥ 99॥
ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥
ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥ ੧00॥

(ਸਲੋਕ ਸੇਖ ਫਰੀਦ, ਅੰਗ ੧383)

## ਸਾਖੀ—ਮਾਤਾ ਦਮੋਦਰੀ ਦੇ ਅਕਾਲ ਚਲਾਣੇ ਦੀ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਕ ਵਾਰ ਸਮੇਤ ਪਰਿਵਾਰ ਭਾਈ ਕੀ ਡਰੋਲੀ ਠਹਿਰੇ ਹੋਏ ਸਨ। ਇਕ ਦਿਨ ਗੁਰੂ ਕੇ ਮਹਿਲ ਸ੍ਰੀ ਦਮੋਦਰੀ ਜੀ ਨੇ ਆਪਣਾ ਅੰਤ ਸਮਾਂ ਜਾਣ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ :

ਤਬਿ ਦਮੋਦਰੀ ਬੈਸ ਬਿਤਾਈ॥ ਪ੍ਰਾਨ ਅੰਤ ਅਪਨੋ ਲਖ ਪਾਈ।
ਪਤਿ ਸਤਿਗੁਰ ਕੋ ਦਰਸਨ ਕਰਯੋ। ਹਾਥ ਜੋਰ ਬਚ ਬਿਨੈ ਉਚਰਯੋ॥
ਮੈ ਅਨਜਾਨਪਨੇ ਕੁਛ ਕਹਯੋ। ਨਹੀ ਮਹਾਤਮ ਨੀਕੇ ਲਹਯੋ॥
ਕਿਰਪਾ ਧਾਰ ਸੋ ਬਖਸ਼ਣ ਕੀਜੈ। ਅੰਤ ਸਮਾਂ ਮੇਰੋ ਲਖ ਲੀਜੈ॥
ਨਿਜ ਚਰਨਨ ਕੀ ਦਾਸੀ ਜਾਨੋ। ਬੀਚ ਪ੍ਰਲੋਕ ਮਿਲਾਵਨ ਠਾਨੋ॥

ਗੁਰੂ ਜੀ ਨੇ ਬੇਨਤੀ ਸੁਣ ਕੇ ਇਸ ਪ੍ਰਕਾਰ ਦਿਲਾਸਾ ਦਿੱਤਾ ਸੀ ਜਿਸ ਦਾ ਜ਼ਿਕਰ ਇਤਿਹਾਸ ਅੰਦਰ ਇਸ ਤਰ੍ਹਾਂ ਆਇਆ ਹੈ :

**ਗੁਰ ਘਰ ਕੀ ਮਹਿਮਾ ਬਡਿ ਭਾਰੀ। ਸਰਧਾ ਧਰੀ ਸੁ ਨਰ ਕੈ ਨਾਰੀ।**
**ਪਰਮ ਗਤੀ ਸੋ ਪਹੁੰਚਹਿ ਜਾਇ। ਤੂੰ ਮਮ ਦਾਰਾ ਸਹਜ ਸੁਭਾਇ॥ 33 ॥**
**ਸਦ ਸੰਗੀ ਕਿਮ ਬਿਛਰਹਿ ਨਾਹੀ। ਤਨ ਤਯਾਗਨ ਸਭ ਹੀ ਜਗ ਮਾਹੀ।**
**ਥਿਰ ਕੋ ਰਹੈ ਨ ਥੂਲ ਸਰੀਰ। ਨਿਜ ਬਾਰੀ ਸਭਿ ਪਾਇ ਬਹੀਰ॥ 34 ॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 7, ਅੰਸੂ ੨੧)

ਜਗਤ ਪਤੀ ਸਤਿਗੁਰੂ ਜੀ ਦੇ ਬਚਨ ਸੁਣਦਿਆਂ, ਹਜ਼ੂਰ ਦਾ ਧਿਆਨ ਕਰਕੇ ਸਮਾਧੀ 'ਚ ਜੁੜਿਆਂ ਸਰੀਰ ਛੱਡ ਦਿੱਤਾ।

**ਕੰਤ ਧਯਾਨ ਮਹਿਂ ਹੁਇ ਕੈ ਲੀਨ।**
**ਤਨ ਕੌ ਤਯਾਗਨਿ ਤਤਛਿਨ ਕੀਨਿ।**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 7, ਅੰਸੂ ੨੧)

## ਸਾਖੀ—ਇਕੋ ਸਮੇਂ ਇਕੱਠੀਆਂ ਕਈ ਮੌਤਾਂ

ਇਕ ਵਾਰ ਸਤਿਗੁਰੂ ਕਲਗੀਧਰ ਜੀ ਸਤਲੁਜ ਦੇ ਕਿਨਾਰੇ ਖਲੋਤੇ ਵੇਖ ਰਹੇ ਸਨ ਕਿ ਇਕ ਬਾਰਾਸਿੰਗਾ ਦਰਿਆ 'ਤੇ ਪਾਣੀ ਪੀਣ ਵਾਸਤੇ ਆਇਆ। ਉਸ ਦੀ ਚਮਕਦੀ ਅੱਖ ਵੱਲ ਵੇਖ ਕੇ ਇਕ ਮੱਛੀ ਨੇ ਝਪਟ ਮਾਰੀ ਤਾਂ ਮੱਛੀ ਸਿੰਗ ਵਿਚ ਫਸ ਗਈ। ਮੱਛੀ ਵੇਖ ਕੇ, ਅਕਾਸ਼ ਵਿਚ ਉੱਡਦੀ ਹੋਈ ਇੱਲ ਨੇ ਝਪਟ ਮਾਰੀ ਤਾਂ ਦੂਸਰੇ ਸਿੰਗ ਵਿਚ ਉਹ ਵੀ ਫਸ ਗਈ। ਫਿਰ ਇਕ ਸ਼ਿਕਾਰੀ ਆਇਆ, ਉਸ ਨੇ ਤੀਰ ਮਾਰ ਕੇ ਬਾਰਾਸਿੰਗਾ ਮਾਰ ਦਿੱਤਾ। ਇਕੋ ਸਮੇਂ ਤਿੰਨ ਮੌਤਾਂ ਵੇਖ ਕੇ ਹਜ਼ੂਰ ਨੇ ਇਹ ਬਚਨ ਕਹੇ :

**ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ,**
**ਕਾਲ ਕੇ ਬਨਾਇ ਸਭੈ ਕਾਲ ਹੀ ਚਬਾਹਿਗੇ॥**

(ਦਸਮ ਗ੍ਰੰਥ, ਪੰਨਾ 20)

ਕਬੀਰ ਸਾਹਿਬ ਜੀ ਵੀ ਫ਼ੁਰਮਾਉਂਦੇ ਹਨ :

**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥**
**ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥ ੭੧॥** (ਅੰਗ ੧369)

ਜੰਗਲ ਵਿਚ ਸ਼ਿਕਾਰੀ ਨੇ ਇਕ ਹਰਨੀ ਦੇ ਤੀਰ ਮਾਰਿਆ ਤਾਂ ਉਹ ਵਿਚਾਰੀ ਮਰ ਗਈ। ਉਸ ਦੇ ਪੇਟ ਵਿਚ ਇਕ ਬੱਚਾ ਸੀ, ਉਹ ਵੀ ਮਰ ਗਿਆ। ਦੋਇ ਮਰੰਤਹ ਚਾਰਿ=ਫਿਰ ਸ਼ਿਕਾਰੀ ਦੇ ਪੈਰ 'ਤੇ ਸੱਪ

ਨੇ ਡੰਗ ਮਾਰਿਆ ਅਤੇ ਸ਼ਿਕਾਰੀ ਦੇ ਹੱਥੋਂ ਧਨੁਖ ਡਿੱਗ ਕੇ ਸੱਪ ਦੇ ਫ਼ੰਨ੍ਹ 'ਤੇ ਜਾ ਵੱਜਾ, ਜਿਸ ਕਰ ਕੇ ਸੱਪ ਤੇ ਸ਼ਿਕਾਰੀ ਦੋਵੇਂ ਮਰ ਗਏ। ਚਾਰਿ ਮਰੰਤਹ ਛਹ ਮੂਏ=ਸ਼ਿਕਾਰੀ ਦੀ ਇਸਤ੍ਰੀ ਆਪਣੇ ਪਤੀ ਨਾਲ ਚਿਖਾ 'ਤੇ ਸਤੀ ਹੋ ਗਈ, ਜਿਸ ਦੇ ਪੇਟ ਵਿਚ ਇਕ ਬੱਚਾ ਸੀ, ਉਹ ਬੱਚਾ ਵੀ ਨਾਲ ਹੀ ਮਰ ਗਿਆ। ਚਾਰਿ ਪੁਰਖ ਦੁਇ ਨਾਰਿ=ਇਹਨਾਂ ਵਿਚ ਚਾਰ ਪੁਰਸ਼ ਅਤੇ ਦੋ ਇਸਤ੍ਰੀਆਂ, ਹਰਨੀ ਅਤੇ ਸ਼ਿਕਾਰੀ ਦੀ ਇਸਤ੍ਰੀ, ਇਹ ਦੋ ਇਸਤ੍ਰੀਆਂ ਹਨ ਅਤੇ ਸ਼ਿਕਾਰੀ, ਸੱਪ, ਸ਼ਿਕਾਰੀ ਦਾ ਬੱਚਾ ਅਤੇ ਹਰਨੀ ਦਾ ਬੱਚਾ, ਇਹ ਚਾਰ ਪੁਰਖ ਹਨ।

**ਸੂਹੀ ਮਹਲਾ 5 ॥ ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥ ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥ ਸਾਧਸੰਗਿ ਤਿਨ੍ਹੀ ਦਰਸਨੁ ਪਾਇਆ ॥੧॥ ਰਹਾਉ ॥ ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥ 2 ॥ ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥ 3 ॥ ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥ ਨਾਮੁ ਤੇਰਾ ਜਪੀ ਦਿਨੁ ਰਾਤਿ ॥ 4 ॥ 8 ॥੧4 ॥**

ਪਦ ਅਰਥ :- ਸੁਰਿ ਨਰ=ਦੈਵੀ ਮਨੁੱਖ। ਦੇਵਾ=ਦੇਵਤੇ। ਊਠਿ ਸਿਧਾਰੇ=ਉਠ ਕੇ ਤੁਰ ਪਏ। ਕਰਿ=ਕਰ ਕੇ।੧। ਜੀਵਤ=ਜੀਉਂਦੇ, ਆਤਮਕ ਜੀਵਨ ਵਾਲੇ। ਪੇਖੇ=ਵੇਖੇ ਹਨ। ਤਿਨ੍ਹੀ=ਉਹਨਾਂ ਨੇ ਹੀ।੧। ਰਹਾਉ।

ਸਾਹ=ਸ਼ਾਹ। ਦੀਸੈ=ਦਿੱਸਦਾ ਹੈ। ਕਾਲਹਿ=ਕਾਲ ਨੇ। ਖਰਨ=ਲੈ ਜਾਣਾ ਹੈ।੨।

ਮੋਹਿ=ਮੋਹ ਵਿਚ। ਛੋਡਿ=ਛੱਡ ਕੇ।੩।

ਕ੍ਰਿਪਾ ਨਿਧਾਨ=ਹੇ ਕਿਰਪਾ ਦੇ ਖ਼ਜ਼ਾਨੇ। ਜਪੀ=ਜਪੀ, ਮੈਂ ਜਪਦਾ ਰਹਾਂ।੪।

ਅਰਥ :- (ਹੇ ਭਾਈ ! ਇਸ ਫ਼ਾਨੀ ਸੰਸਾਰ ਅੰਦਰ ਕੋਈ ਵੀ ਰਹਿਣਾ ਨਹੀਂ ਪਾਉਂਦਾ ਇਥੋਂ ਸ੍ਰੇਸ਼ਟ ਮਨੁੱਖ ਅਮਰ ਮੰਨੇ ਜਾਣ ਵਾਲੇ ਜੋ ਦੇਵਤੇ ਹਨ, ਹੋਰ ਮੁਨੀ ਜਨ (ਆਦਿ ਸਾਰੇ) ਸੇਵਾ ਕਰ ਕੇ (ਆਪੋ ਆਪਣੀ ਵਾਰੀ ਅਨੁਸਾਰ ਦੁਨੀਆਂ ਤੋਂ) ਚਲੇ ਗਏ ਹਨ, ਭਾਵ ਸਰੀਰ ਤਿਆਗ ਗਏ ਹਨ।੧।

(ਹੇ ਭਾਈ !) ਅਸਲ ਵਿਚ ਕੇਵਲ ਓਹੀ ਮਨੁੱਖ ਸੰਸਾਰ 'ਤੇ ਜੀਉਂਦੇ ਵੇਖੇ ਹਨ, ਜਿਨ੍ਹਾਂ ਨੇ ਪਰਮੇਸ਼ਰ ਦਾ ਸਿਮਰਨ ਭਜਨ ਕੀਤਾ ਹੈ। ਉਨ੍ਹਾਂ ਨੇ ਸਾਧ ਸੰਗਤ ਦੁਆਰਾ (ਨਾਮ ਜੱਪ ਕੇ ਪ੍ਰਭੂ ਦਾ) ਦਰਸ਼ਨ ਪ੍ਰਾਪਤ ਕੀਤਾ ਹੈ।੧। ਰਹਾਉ।

(ਹੇ ਭਾਈ ! ਸੰਸਾਰ ਅੰਦਰ) ਬਾਦਸ਼ਾਹ, ਸ਼ਾਹ, ਵਾਪਾਰੀ (ਆਦਿ ਸਭ ਨੇ) ਮਰਨਾ ਹੈ। ਜੋ (ਕੋਈ

ਜੀਵ) ਦਿੱਸਦਾ ਹੈ, ਉਸ ਨੂੰ ਮੌਤ ਨੇ ਲੈ ਜਾਣਾ ਹੈ।੨।

**ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰ ਧਾਰੀ, ਛਤ੍ਰ ਹੀ ਕੀ ਛਾਇਆ ਕਈ ਕੋਸ ਲਉ ਚਲਤ ਹੈ॥**
**ਬਡੇ ਬਡੇ ਰਾਜਨ ਕੇ ਦਾਬਿਤ ਫਿਰਤ ਦੇਸ, ਬਡੇ ਬਡੇ ਭੂਪਨ ਕੇ ਦ੍ਰਪ ਕੌ ਦਲਤ ਹੈ।**
**ਮਾਨ ਸੇ ਮਹੀਪ ਅਉ ਦਲੀਪ ਕੇ ਸੇ ਛਤ੍ਰਧਾਰੀ, ਬਡੋ ਅਭਿਮਾਨ ਭੁਜਦੰਡ ਕੌ ਕਰਤ ਹੈ॥**
**ਦਾਰਾ ਸੇ ਦਲੀਸਰ ਦਰਜੋਧਨ ਸੇ ਮਾਨਧਾਰੀ, ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈ॥ *8* ॥ *78* ॥**

(ਸ੍ਰੀ ਦਸਮ ਗ੍ਰੰਥ ਸਾਹਿਬ)

(ਹੇ ਭਾਈ ! ਇਹ ਫ਼ਾਨੀ ਦੁਨੀਆਂ ਵਿਚ) ਮਨੁੱਖ ਝੂਠੇ ਮੋਹ ਵਿਚ ਫਸ ਕੇ (ਧੀਆਂ ਪੁੱਤਰਾਂ ਨਾਲ) ਚਿੰਬੜਿਆ ਰਹਿੰਦਾ ਹੈ। (ਜਦੋਂ ਦੁਨੀਆਂ) ਛੱਡ ਕੇ ਚਲਾ ਜਾਂਦਾ ਹੈ ਤਾਂ ਓਦੋਂ ਪਛਤਾਵਾ ਕਰਨ ਲੱਗ ਪੈਂਦਾ ਹੈ, ਪਰ ਓਦੋਂ ਕੁਝ ਨਹੀਂ ਬਣ ਸਕਦਾ।੩।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹੇ ਕਿਰਪਾ ਦੇ ਖ਼ਜ਼ਾਨੇ ! (ਮੈਂ) ਸੇਵਕ ਨੂੰ (ਇਹ) ਦਾਤ (ਬਖ਼ਸ਼ਿਸ਼ ਕਰਨਾ) ਕਰੋ। (ਤਾਂ ਕਿ ਹੇ ਪ੍ਰਭੂ ਮੈਂ) ਤੇਰਾ ਨਾਮ ਦਿਨ ਰਾਤ ਜਪਦਾ ਰਹਿਣਾ ਕਰਾਂ।੪।੧।੧੪।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧32 (ਆਦਿ ਅੰਗ 742)

## ਸੂਹੀ ਮਹਲਾ 5 ॥

ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ੧ ॥ ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥ ੧ ॥ ਰਹਾਉ ॥ ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥ 2 ॥ ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥ 3 ॥ ਨਾਨਕੁ ਏਕ ਕਰੈ ਅਰਦਾਸਿ ॥ ਵਿਸਰੁ ਨਾਹੀ ਪੂਰਨ ਗੁਣਤਾਸਿ ॥ 4 ॥ ੧8 ॥ 24 ॥

## ਪ੍ਰਾਕ੍ਥਨ :

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਪਾਵਨ ਸ਼ਬਦ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੈ। ਇਸ ਦੇ ਅਰੰਭ ਵਿਚ ਦਰਸ਼ਨਾਂ ਦਾ ਜ਼ਿਕਰ ਕੀਤਾ ਹੈ।

## ਵਿਸ਼ਾ — ਦਰਸਨੁ ਦੇਖਿ ਜੀਵਾ ਗੁਰ ਤੇਰਾ ॥

ਦਰਸ਼ਨਾਂ ਦੇ ਸੰਬੰਧ ਵਿਚ ਪੰਚਮ ਗੁਰਦੇਵ ਦਾ ਸੁੰਦਰ ਫ਼ੁਰਮਾਣ ਹੈ :

**ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥**
**ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥**
**ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥....**
**ਪ੍ਰਭਿ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥**
**ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥**

(ਅੰਗ 703)

ਵਿਦਵਾਨਾਂ ਨੇ ਗ੍ਰੰਥਾਂ ਵਿਚ ਦਰਸ਼ਨ ਚਾਰ ਪ੍ਰਕਾਰ ਦਾ ਲਿਖਿਆ ਹੈ, ਜਿਸ ਦਾ ਨਿਰਣਾ ਇਸ ਪ੍ਰਕਾਰ ਹੈ :

੧. **ਸ੍ਰਵਣ ਦਰਸ਼ਨ** :- ਪ੍ਰੀਤਮ ਦਾ ਗੁਣ ਤੇ ਰੂਪ ਸੁਣ ਕੇ ਉਸ ਦੇ ਮਿਲਾਪ ਦੀ ਮਨ ਵਿਚ ਤਾਂਘ ਪੈਦਾ ਹੋਣੀ।

**ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ ॥**

(ਅੰਗ ੧04)

ਗੁਰੂ ਜੀ ਦੀ ਸਿਫ਼ਤ ਸੁਣ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਦਾ ਮਨ ਅੰਦਰ ਚਾਅ ਪੈਦਾ ਹੋਣਾ। ਜਿਸ ਤਰ੍ਹਾਂ ਮਨਸੁਖ ਸ਼ਾਹੂਕਾਰ ਪਾਸੋਂ ਸੁਣ ਕੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦਾ ਚਾਅ ਸ਼ਿਵ ਨਾਭ ਰਾਜੇ ਦੇ ਮਨ ਅੰਦਰ ਹੋਇਆ ਸੀ। ਸੰਗਲਾਦੀਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜੇ ਦੇ ਯਾਦ ਕਰਨ ਤੋਂ ਉਸ ਨੂੰ ਦਰਸ਼ਨ ਦੇ ਕੇ ਤਾਰਿਆ ਸੀ।

੨. **ਚਿੱਤ੍ਰ ਦਰਸ਼ਨ** :- ਪਿਆਰੇ ਦੀ ਮੂਰਤਿ ਦਾ ਦਰਸ਼ਨ ਭਾਵ ਪ੍ਰੀਤਮ ਦੀ ਤਸਵੀਰ ਦਾ ਜਾਂ ਕਹੋ ਫ਼ੋਟੋ ਦੇ ਦਰਸ਼ਨ। ਗੁਰਮਤਿ ਵਿਚ ਚਿੱਤਰ ਦਰਸ਼ਨ ਨੂੰ ਕੋਈ ਮਹਾਨਤਾ ਨਹੀਂ ਹੈ, ਕਿਉਂਕਿ ਗੁਰਬਾਣੀ ਦਾ ਫ਼ੁਰਮਾਣ ਹੈ :-

**ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ॥**
**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥** (ਅੰਗ 479)

ਇਸ ਲਈ ਇਹ ਚਿੱਤ੍ਰ ਦਰਸ਼ਨ ਤਾਂ ਸਿਰਫ਼ ਦਰਸ਼ਨ ਮਾਤਰ ਹੀ ਹਨ।

**ਮੋਹਣ ਮੀਤ ਕੋ ਚਿਤ੍ਰ ਲਖੇ ਭਈ ਚਿਤ੍ਰ ਹੀ ਸੀ ਤੌ ਵਿਚਿਤ੍ਰ ਕਹਾਂ ਹੈ ?**
(ਪਦਮਾਕਰ)

੩. ਸੁਪਨ ਦਰਸ਼ਨ :- ਪਿਆਰੇ ਪ੍ਰੀਤਮ ਦੇ ਸੁਪਨੇ ਵਿਚ ਦਰਸ਼ਨ ਹੋਣੇ।

**ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ॥**
(ਅੰਗ 249)

**ਸੁਪਨ ਚਰਿਤ੍ਰ ਚਿਤ੍ਰ, ਬਾਨਕ ਬਨੇ ਬਚਿਤ੍ਰ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈ॥**
**ਪਰਮ ਦਇਆਲ ਲਾਲ, ਲੋਚਨ ਬਿਸਾਲ, ਮੁਖ ਬਚਨ ਰਸਾਲ, ਮਧੁ ਮਧੁਰ ਪੀਆਏ ਹੈ॥**
**ਸੋਭਿਤ ਸਿਹਜਾਸਨ ਬਿਲਾਸਨ ਦੈ ਅੰਕਮਾਲ, ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ॥**
**ਚਾਤ੍ਰਿਕ ਸਬਦ ਸੁਨਿ ਅਖੀਆਂ ਉਘਰ ਗਈ, ਭਈ ਜਲ-ਮੀਨ ਗਤਿ, ਬਿਰਹ ਜਗਾਏ ਹੈ॥ 205॥**
(ਭਾਈ ਗੁਰਦਾਸ ਜੀ, ਕਬਿੱਤ ਸਵੱਯੇ)

੪. ਪ੍ਰਤੱਖ ਦਰਸ਼ਨ :- ਪਿਆਰੇ ਪ੍ਰੀਤਮ ਜੀ ਦਾ ਸਾਖ਼ਯਾਤ ਦੀਦਾਰ ਕਰਨਾ।

**ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥**
(ਅੰਗ 87)

ਮਾਤਾ ਭਾਗ ਭਰੀ ਨੇ ਪ੍ਰਤੱਖ ਦਰਸ਼ਨ ਕੀਤੇ ਸਨ।

**ਚਿਰੰਕਾਲ ਕੀ ਲਗੀ ਉਡੀਕਾ॥ ਦਰਸਯੋ ਆਜ ਭਾਵਤੋ ਜੀ ਕਾ।**
**ਗਹਿ ਰਕਾਬ ਕਰਿ ਬਿਨੈ ਉਚਾਰੇ॥ ਲੇ ਗਮਨਯੋ ਨਿਜ ਗ੍ਰਿਹ ਮਝਾਰੇ॥ 4॥**

ਵਾਹਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਭਗਤ ਰਵਿਦਾਸ ਜੀ ਨੇ ਵੀ ਵਾਹਿਗੁਰੂ ਅੱਗੇ ਬੇਨਤੀਆਂ ਕੀਤੀਆਂ ਹਨ :

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬਿ ਪਤੀਆਰੁ ਕਿਆ ਕੀਜੈ॥**
**ਬਚਨੀ ਤੋਰ ਮੋਰ ਮਨੁ ਮਾਨੈ, ਜਨ ਕਉ ਪੂਰਨੁ ਦੀਜੈ॥ ੧॥**
**ਹਉ ਬਲ ਬਲ ਜਾਉ ਰਮਈਆ ਕਾਰਨੇ॥ ਕਾਰਨ ਕਵਨ ਅਬੋਲ॥ ਰਹਾਉ॥**
**ਬਹੁਤ ਜਨਮ ਬਿਛੁਰੈ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥**
**ਕਹਿ ਰਵਿਦਾਸ ਆਸ ਲਗ ਜੀਵਉ ਚਿਰ ਭਇਓ ਦਰਸਨੁ ਦੇਖੇ॥ 2॥** (ਅੰਗ 694)

ਭੱਟਾਂ ਨੇ ਸਵੱਈਆਂ ਅੰਦਰ ਦਰਸ਼ਨਾਂ ਦੇ ਸੰਬੰਧ ਵਿਚ ਕਥਨ ਕੀਤਾ ਹੈ :-

**ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥**
**ਕਾਮ ਕ੍ਰੋਧ ਅਰ ਲੋਭ ਮੋਹ ਵਸਿ ਕਰੈ ਸਭੈ ਬਲ॥**
**ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥**
**ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥**
**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥**
**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥**

(ਸਵਈਏ ਮ: 3, ਅੰਗ ੧392)

ਵਰਤਮਾਨ ਸਮੇਂ ਅੰਦਰ ਭੀ ਸ਼ਬਦ ਸਰੂਪ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੱਖ ਦਰਸ਼ਨ ਗੁਰਸਿੱਖ ਭਾਵਨਾ ਨਾਲ ਹਰ ਰੋਜ਼, ਹਰ ਥਾਂ, ਦੇਸ਼-ਵਿਦੇਸ਼ ਵਿਚ ਜਿਥੇ-ਜਿਥੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਬੈਠੇ ਹਨ, ਕਰਦੇ ਹਨ। ਸ੍ਰਵਣ-ਦਰਸ਼ਨ ਗੁਰ ਇਤਿਹਾਸ ਰਾਹੀਂ ਗੁਰੂ ਸਾਹਿਬ ਜੀ ਦੇ ਕਵੀ ਸੰਤੋਖ ਸਿੰਘ ਜੀ ਨੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਅੰਦਰ ਗੁਰਸਿੱਖਾਂ ਨੂੰ ਬੇਅੰਤ ਥਾਈਂ ਕਰਾਏ ਹਨ। ਚਿੱਤਰ-ਦਰਸ਼ਨ ਦਸ ਗੁਰੂ ਸਾਹਿਬਾਨਾ ਦੀਆਂ ਤਸੀਵਰਾਂ ਰਾਹੀਂ ਗੁਰੂ ਦੇ ਚਿੱਤਰ-ਦਰਸ਼ਨ ਕਰੀਦੇ ਹਨ। ਸੁਪਨ-ਦਰਸ਼ਨ ਭਾਵਨਾ ਵਾਲੇ ਨੇਮੀ, ਪ੍ਰੇਮੀ, ਗੁਰਸਿੱਖਾਂ ਨੂੰ ਸੁੱਤੇ ਪਿਆਂ ਸੁਪਨੇ ਵਿਚ ਗੁਰੂ ਸਾਹਿਬਾਨ ਦੇ ਦਰਸ਼ਨ ਹੁੰਦੇ ਹਨ। ਇਥੇ ਸੰਖੇਪ ਰੂਪ ਵਿਚ ਚਾਰ ਤਰ੍ਹਾਂ ਦੇ ਦਰਸ਼ਨਾਂ ਦਾ ਜ਼ਿਕਰ ਕੀਤਾ ਹੈ। ਗੁਰਬਾਣੀ ਅੰਦਰ ਬੇਅੰਤ ਸ਼ਬਦ ਹਨ, ਜਿਨ੍ਹਾਂ ਅੰਦਰ ਗੁਰੂ ਸਿੱਖਾਂ ਦੇ ਦਿਲ ਦੀ ਤਾਂਘ ਦਰਸ਼ਨਾਂ ਪ੍ਰਤੀ ਗੁਰਦੇਵ ਨੇ ਪ੍ਰਗਟ ਕੀਤੀ ਹੈ ਅਤੇ ਭਾਈ ਗੁਰਦਾਸ ਜੀ ਨੇ ਵੀ ਇਸ ਤਰ੍ਹਾਂ ਕਥਨ ਕੀਤਾ ਹੈ :

**ਸਤਿਗੁਰ ਦਰਸਨ ਸਬਦ ਅਗਾਧਿ ਬੋਧ, ਅਬਿਗਤਿ ਗਤਿ ਨੇਤਿ ਨੇਤਿ ਨਮੋ ਨਮ ਹੈ॥**
**ਦਰਸ ਧਿਆਨ ਅਰੁ ਸਬਦ ਗਿਆਨ ਲਿਵ, ਗੁਪਤ ਪ੍ਰਗਟ ਠਟ ਪੂਰਨ-ਬ੍ਰਹਮ ਹੈ॥**
**ਨਿਰਗੁਨ ਸਰਗੁਨ ਕੁਸਮਾਵਲੀ ਸੁਗੰਧਿ ਸੰਧਿ, ਏਕ ਅਉ ਅਨੇਕ ਰੂਪ ਗੰਮਿਤਾ ਅਗਮ ਹੈ॥**
**ਪਰਮਦਭੁਤ ਅਸਚਰਜੈ ਅਸਚਰਜ-ਮੈ, ਅਕਥ ਕਥਾ ਅਲਖ ਬਿਸਮੈ ਬਿਸਮ ਹੈ॥ 8੧॥**

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪਰ ਗੁਰਦੇਵ ਦਾ ਪਾਵਨ ਬਾਣੀ ਅੰਦਰ ਇਹ ਭੀ ਫ਼ੁਰਮਾਨ ਹੈ ਕਿ ਪ੍ਰਤੱਖ ਰੂਪ ਵਿਚ ਦਰਸ਼ਨ ਕੀਤੇ ਤਦ ਹੀ ਸਫਲੇ ਹਨ ਜੇ ਗੁਰਸਿੱਖ ਜਗਿਆਸੂ ਅਥਾਹ ਸ਼ਰਧਾ ਤੇ ਪ੍ਰੇਮ ਨਾਲ ਗੁਰੂ ਸਾਹਿਬ ਦੇ ਦਰਸ਼ਨ ਕਰਦਾ ਹੈ, ਨਹੀਂ ਤਾਂ ਉਸ ਤਰ੍ਹਾਂ ਸਭ ਕੋਈ ਦਰਸ਼ਨ ਕਰ ਰਿਹਾ ਹੈ। ਭਾਵਨਾ ਤੇ ਪ੍ਰੇਮ ਤੋਂ ਬਿਨਾਂ ਦਰਸ਼ਨ ਕਰਨ ਦਾ ਬਹੁਤਾ ਲਾਭ ਨਹੀਂ। ਹਜ਼ੂਰ ਕਥਨ ਕਰਦੇ ਹਨ :

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥** (ਅੰਗ 594)

ਭਾਈ ਗੁਰਦਾਸ ਜੀ ਵੀ ਕਥਨ ਕਰਦੇ ਹਨ ਕਿ ਉਸ ਤਰ੍ਹਾਂ ਤਾਂ ਸਭ ਕੋਈ ਕਹੀ ਜਾਂਦਾ ਹੈ ਕਿ ਮੈਂ ਦਰਸ਼ਨ ਕੀਤੇ ਹਨ, ਪਰ ਉਹ ਦਰਸ਼ਨ ਕਿਹੜੇ ਹਨ? ਜਿਸ ਦਰਸ਼ਨ ਕਰਨ ਨਾਲ ਮਨ ਗੁਰੂ ਸਰੂਪ ਦੇ ਦਰਸ਼ਨਾਂ 'ਚ ਹੀ ਅਭੇਦ ਹੋ ਜਾਂਦਾ ਹੈ, ਉਹ ਤਾਂ ਇਕ ਅਲੌਕਿਕ ਦ੍ਰਿਸ਼ਟੀ ਹੀ ਹੈ :

**ਕੱਬਿਤ : ਦਰਸਨ ਦੇਖਿਓ ਦੇਖਿਓ ਸਕਲ ਸੰਸਾਰੁ ਕਹੈ,**
**ਕਵਨ ਦ੍ਰਿਸਟਿ ਸਉ ਮਨ ਦਰਸਿ ਸਮਾਈਐ॥**
**ਗੁਰ ਉਪਦੇਸ ਸੁਨਿਓ ਸੁਨਿਓ ਸਭ ਕੋਊ ਕਹੈ,**
**ਕਵਨ ਸੁਰਤਿ ਸੁਨਿ ਅਨਤ ਨ ਧਾਈਐ॥**
**ਜੈ ਜੈਕਾਰ ਜਪਤ ਜਗਤ ਗੁਰ ਮੰਤ੍ਰ ਜੀਹ,**
**ਕਵਨ ਜੁਗਤਿ ਜੋਤੀ ਜੋਤਿ ਲਿਵ ਲਾਈਐ॥**
**ਦ੍ਰਿਸਟਿ ਸੁਰਤਿ ਗਿਆਨ ਧਿਆਨ ਸਰਬੰਗ ਹੀਨ,**
**ਪਤਿਤ ਪਾਵਨ ਗੁਰ ਮੂੜ ਸਮਝਾਈਐ॥ 54੧॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

**੧. ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ॥** (ਅੰਗ ੧੧੧7)

**2. ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥** (ਅੰਗ 86੧)

**3. ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥**
**ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥** (ਅੰਗ 337)

ਇਸ ਲਈ :

**ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥** (ਅੰਗ 742)

## ਸਾਖੀ—ਮਾਤਾ ਸਾਹਿਬ ਕੌਰ ਜੀ ਨੂੰ ਦਰਸ਼ਨ

ਮਾਤਾ ਸਾਹਿਬ ਕੌਰ ਜੀ ਦੇ ਪੇਕੇ ਪੋਠੋਹਾਰ ਦੇ ਇਲਾਕੇ ਪਿੰਡ ਰੁਹਤਾਸ ਵਿਚ ਸਨ। ਇਕ ਵਾਰ ਪੋਠੋਹਾਰ ਦੀ ਸੰਗਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨਾਂ ਵਾਸਤੇ ਅਨੰਦਪੁਰ ਸਾਹਿਬ ਆਈ ਸੀ। ਸੰਗਤ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਨਾਲ ਰੁਹਤਾਸ ਦੇ ਰਹਿਣ ਵਾਲੇ ਬਸੀ ਗੋਤ ਦੇ ਖੱਤਰੀ ਭਾਈ ਰਾਮੂ ਜੀ ਸਨ। ਉਹਨਾਂ ਦੇ ਨਾਲ ਉਹਨਾਂ ਦੀ ਲੜਕੀ ਸਾਹਿਬ ਦੇਵੀ ਜੀ ਵੀ ਸਨ। ਭਾਈ ਰਾਮੂ ਜੀ ਨੇ ਮਹਾਰਾਜ ਦੇ ਹਜ਼ੂਰ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ! ਮੇਰੀ ਕੰਨਿਆ ਛੋਟੀ ਹੀ ਸੀ, ਜਦੋਂ ਮੈਂ ਸੰਗਤ ਵਿਚ ਅਰਦਾਸ ਕਰ ਕੇ ਇਸ ਨੂੰ ਆਪ ਜੀ ਦੀ ਦਾਸੀ ਬਣਾਉਣ ਦਾ ਪ੍ਰਣ ਕੀਤਾ ਸੀ। ਸੰਗਤ ਸਾਰੀ ਇਸ ਨੂੰ ਆਪ ਜੀ ਦੇ ਮਹਿਲ ਸਮਝ ਕੇ ਮਾਤਾ ਜੀ ਕਹਿੰਦੀ ਹੈ।''

**ਜਬ ਤੇ ਮੈ ਉਰ ਮੈ ਇਮ ਧਰੀ। ਕੰਨਿਯਾ ਗੁਰ ਕੌ ਅਰਪਨ ਕਰੀ।**
**ਤਬ ਕੀ ਮਾਤਾ ਸਮ ਸਭਿ ਕੇਰੀ। ਮਨ ਸੁ ਭਾਵਨਾ ਕੀਨ ਬਡੇਰੀ।**

ਆਪ ਇਸ ਨੂੰ ਚਰਨੀਂ ਲਾ ਕੇ ਸੇਵਕਾਂ ਦੀਆਂ ਭਾਵਨਾਵਾਂ ਪੂਰਨ ਕਰੋ। ਸਾਰੀ ਸੰਗਤ ਦੀ ਬੇਨਤੀ ਮੰਨ ਕੇ ਗੁਰਦੇਵ ਨੇ ਸਾਹਿਬ ਦੇਵਾਂ ਜੀ ਨਾਲ ਵਿਆਹ ਕਰਵਾਇਆ।

**ਸਾਹਿਬ ਦੇਵਿ ਨਾਮ ਜਿਸ ਕੇਰਾ। ਮਸਤਕ ਟੇਕ ਸਾਸ ਕੇ ਪੈਰਾ।**

ਉਸ ਨੂੰ ਅੰਮ੍ਰਿਤ ਛਕਾ ਕੇ ਸਾਹਿਬ ਕੌਰ ਨਾਮ ਰੱਖਿਆ ਤੇ ਖ਼ਾਲਸਾ ਪੰਥ ਉਸ ਦੀ ਝੋਲੀ ਪਾਇਆ। ਸਿੱਖ ਪੰਥ ਵਿਚ ਇਹ ਮਰਯਾਦਾ ਬਣ ਗਈ ਹੈ ਕਿ ਅੰਮ੍ਰਿਤ ਛਕਾਉਣ ਲੱਗਿਆਂ ਸਿੱਖ ਨੂੰ ਦੱਸਿਆ ਜਾਂਦਾ ਹੈ, ਕਿ ਅੱਜ ਤੋਂ ਤੇਰਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਦੇਵਾਂ ਜੀ ਹਨ।

**ਪੁਤਰ ਖਾਲਸਾ ਤੇਰੋ ਭਯੋ। ਗੋਦ ਪਾਇ ਤੁਝ ਹਮ ਨੇ ਦਯੋ।**

(ਗੁਰ ਪ੍ਰਤਾਪ ਸੂਰਜ ਗ੍ਰੰਥ)

ਜਦੋਂ ਸਤਿਗੁਰੂ ਜੀ ਦੱਖਣ ਦੀ ਧਰਤੀ 'ਤੇ ਪੁੱਜੇ ਤਾਂ ਅਨੇਕਾਂ ਕੌਤਕ ਕੀਤੇ। ਬੰਦੇ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਸਰ ਕਰਨ ਲਈ ਤੋਰਿਆ ਤੇ ਨਗੀਨਾ ਘਾਟ, ਹੀਰਾ ਘਾਟ ਸਤਿਗੁਰਾਂ ਦੀਆਂ ਬੇ-ਪ੍ਰਵਾਹੀਆਂ ਦੇ ਇਹ ਅਸਥਾਨ ਸਬੂਤ ਦੇ ਰਹੇ ਹਨ। ਬਹਾਦਰ ਸ਼ਾਹ ਦੇ ਹੀਰਾ ਭੇਟ ਕਰਨ ਤੋਂ ਗੁਦਾਵਰੀ ਨਦੀ ਵਿਚ ਸੁੱਟ ਕੇ ਸ਼ੰਕਾ ਕਰਨ ਤੋਂ ਅਨੇਕਾਂ ਹੀਰੇ ਦਿਖਾ ਦਿੱਤੇ। ਭਾਈ ਗੁਰਦਿੱਤੇ ਸੁਦਾਗਰ ਦੇ ਨਗੀਨਾ ਭੇਟ ਕਰਨ ਤੋਂ ਗੁਦਾਵਰੀ ਨਦੀ ਵਿਚ ਸੁੱਟ ਕੇ ਸ਼ੰਕਾ ਕਰਨ ਤੋਂ ਅਨੇਕਾਂ ਹੀਰੇ ਦਿਖਾ ਦਿੱਤੇ। ਜਿਥੇ ਭਾਈ ਗੁਰਦਿੱਤਾ ਸੁਦਾਗਰ ਨੇ ਨਗੀਨਾ ਭੇਟ ਕੀਤਾ ਸੀ, ਉਥੇ ਅੱਜ ਕੱਲ੍ਹ ਨਗੀਨਾ ਘਾਟ ਗੁਰਦੁਆਰਾ ਹੈ। ਉਸ ਦੇ ਸ਼ੰਕਾ ਕਰਨ ਤੋਂ ਅਨੇਕਾਂ ਨਗੀਨੇ ਦਿਖਾ ਦਿੱਤੇ। ਪਹਿਲੇ ਜਾਮੇ ਦੇ ਵਿਛੜੇ ਹੋਏ ਮੂਲ ਚੰਦ ਖੱਤਰੀ ਨੂੰ ਸਹੇ ਦਾ ਸ਼ਿਕਾਰ ਕਰ ਕੇ ਉਸ ਦੀ ਚੌਰਾਸੀ ਕੱਟੀ। ਜਦੋਂ ਸਤਿਗੁਰਾਂ ਸੱਚਖੰਡ ਜਾਣ ਦੀ ਇੱਛਾ ਧਾਰੀ ਤਾਂ ਮਾਤਾ ਸਾਹਿਬ ਕੌਰ ਜੀ ਨੂੰ ਹੁਕਮ ਕੀਤਾ ਕਿ ਦਿੱਲੀ ਆਪਣੀ ਵੱਡੀ ਭੈਣ ਸੁੰਦਰ ਕੌਰ ਜੀ ਕੋਲ ਜਾਣਾ ਤੇ ਨਾਲ ਜਾਣ ਵਾਸਤੇ ਭਾਈ ਮਨੀ ਸਿੰਘ ਜੀ ਨੂੰ ਹੁਕਮ ਕੀਤਾ ਕਿ ਆਪਣੀ ਮਾਤਾ ਨੂੰ ਨਾਲ ਲੈ ਜਾਵੋ। ਇਹ ਸਤਿਗੁਰਾਂ ਦਾ ਅਚਾਨਕ ਹੀ ਕੀਤਾ ਹੋਇਆ ਹੁਕਮ ਸੁਣ ਕੇ ਮਾਤਾ ਜੀ ਨੇ ਸਤਿਗੁਰਾਂ ਦੇ ਦਰਸ਼ਨਾਂ ਤੋਂ ਵਾਂਝੇ ਹੋਣ ਦਾ ਦੁੱਖ ਮਹਿਸੂਸ ਕਰਦਿਆਂ ਅੱਖਾਂ ਵਿਚ ਵੈਰਾਗ ਦਾ ਜਲ ਭਰ ਕੇ ਬੇਨਤੀ ਕੀਤੀ ਕਿ ਮਹਾਰਾਜ ! ਮੇਰਾ ਇਹ ਪ੍ਰਣ ਹੈ ਕਿ ਆਪ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਪਰਸ਼ਾਦਾ ਨਹੀਂ ਛਕਦੀ।

**ਯਥਾ : ਤੁਮ ਬਿਨ ਮੋਰ ਅਲੰਬ ਨ ਕੋਈ। ਦੇਖਿ ਅਚੋਂ ਜਲ ਭੋਜਨ ਕੋਈ॥ ੧7॥**
**ਬਿਛੁਰੇ ਤੇ ਦਰਸ਼ਨ ਕਿਮ ਹੋਈ। ਸਹੋਂ ਕਸਟ ਪ੍ਰਾਨਨ ਕੋ ਖੋਈ।**
**ਕੌਨ ਗਤੀ ਪ੍ਰਭ ਹੋਇ ਹਮਾਰੀ। ਬਨਿ ਲਚਾਰ ਮਰਿ ਰਹਉਂ ਬਿਚਾਰੀ॥**

ਸੋ, ਇਸ ਪ੍ਰਕਾਰ ਦੁਖੀ ਹੋ ਕੇ ਪ੍ਰਾਣ ਤਿਆਗਣ ਨਾਲੋਂ ਤਾਂ ਇਹੀ ਬੇਹਤਰ ਹੈ ਕਿ ਆਪ ਮੈਨੂੰ ਆਪਣੇ ਸੰਗ ਹੀ ਲੈ ਜਾਵੋ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਤੇਰਾ ਇਹ ਪ੍ਰਣ ਦਰਸ਼ਨ ਕਰ ਕੇ ਅੰਨ-ਜਲ ਛਕਣ ਦਾ ਅਸੀਂ ਨਿਭਾਵਾਂਗੇ। ਇਹ ਕਹਿ ਕੇ ਸਤਿਗੁਰੂ ਜੀ ਨੇ ਆਪਣੇ ਕਮਰਕੱਸੇ ਦੇ ਸ਼ਸਤਰ ਬਖ਼ਸ਼ੇ ਅਤੇ ਕਿਹਾ ਕਿ ਸ਼ਸਤਰਾਂ ਦਾ ਮੇਰਾ ਸਰੂਪ ਸਮਝ ਕੇ ਅਦਬ ਰੱਖਣਾ। ਇਸ਼ਨਾਨ ਕਰ ਕੇ ਜਪੁ ਜੀ ਸਾਹਿਬ ਦਾ ਪਾਠ ਕਰਨਾ। ਇਹਨਾਂ ਸ਼ਸਤਰਾਂ ਨੂੰ ਪਲੰਘ 'ਤੇ ਬਿਰਾਜਮਾਨ ਕਰ ਕੇ ਕੱਪੜੇ ਨਾਲ ਢੱਕਣਾ। ਜਦੋਂ ਦਰਸ਼ਨ ਲਈ ਅਰਦਾਸ ਕਰੋਗੇ ਤਾਂ ਇਹਨਾਂ ਸ਼ਸਤਰਾਂ ਵਿੱਚੋਂ ਮੇਰੇ ਦਰਸ਼ਨ ਹੋਣਗੇ ਤੇ ਤੁਹਾਡਾ ਪ੍ਰਣ ਇਸੀ ਤਰ੍ਹਾਂ ਅਖ਼ੀਰ ਤੱਕ ਨਿਭੇਗਾ। ਤੁਸੀਂ ਦਰਸ਼ਨ ਕਰ ਕੇ ਅੰਨ-ਜਲ ਛਕਦੇ ਰਹਿਣਾ।

**ਸੂਹੀ ਮਹਲਾ 5 ॥**

**ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥ ਇਹ ਬੇਨੰਤੀ ਸੁਣਿ ਪ੍ਰਭ ਮੇਰੇ॥ ਦੇਹਿ ਨਾਮੁ ਕਰਿ ਅਪਣੇ ਚੇਰੇ॥ ੧ ॥ ਰਹਾਉ॥ ਅਪਣੀ ਸਰਣਿ ਰਾਖੁ ਪ੍ਰਭ ਦਾਤੇ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ॥ 2 ॥ ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥ ਚਰਣ ਕਮਲ ਵਸਹਿ ਮੇਰੈ ਚੀਤਾ॥ 3 ॥ ਨਾਨਕੁ ਏਕ ਕਰੈ ਅਰਦਾਸਿ॥ ਵਿਸਰੁ ਨਾਹੀ ਪੂਰਨ ਗੁਣਤਾਸਿ॥ 4 ॥ ੧8 ॥ 24 ॥**

ਪਦ ਅਰਥ :- ਦੇਖਿ=ਵੇਖ ਕੇ। ਜੀਵਾ=ਜੀਵਾਂ, ਮੈਂ ਜੀਉ ਪੈਂਦਾ ਹਾਂ, ਮੈਨੂੰ ਆਤਮਿਕ ਜੀਵਨ ਮਿਲ ਜਾਂਦਾ ਹੈ। ਗੁਰ=ਹੇ ਗੁਰੂ। ਕਰਮੁ=ਬਖ਼ਸ਼ਿਸ਼। ਪ੍ਰਭ ਮੇਰਾ=ਹੇ ਮੇਰੇ ਪ੍ਰਭੂ !।੧। ਪ੍ਰਭ=ਹੇ ਪ੍ਰਭੂ ! ਕਰਿ=ਬਣਾ ਕੇ। ਚੇਰੇ=ਸੇਵਕ।੧। ਰਹਾਉ। ਦਾਤੇ=ਹੇ ਸਭ ਦਾਤਾਂ ਦੇਣ ਵਾਲੇ !। ਗੁਰ ਪ੍ਰਸਾਦਿ=ਗੁਰੂ ਦੀ ਕਿਰਪਾ ਨਾਲ। ਕਿਨੈ ਵਿਰਲੈ=ਕਿਸੇ ਵਿਰਲੇ ਮਨੁੱਖ ਨੇ। ਜਾਤੇ=ਡੂੰਘੀ ਸਾਂਝ ਪਈ ਹੈ।੨। ਬਿਨਉ=ਬੇਨਤੀ। ਮੀਤਾ=ਹੇ ਮਿੱਤਰ !। ਵਸਹਿ=ਵੱਸ ਪੈਣਾ। ਮੇਰੈ ਚੀਤਾ=ਚਿੱਤ ਵਿਚ।੩। ਅਰਦਾਸਿ=ਬੇਨਤੀ। ਗੁਣਤਾਸਿ=ਹੇ ਗੁਣਾਂ ਦੇ ਖ਼ਜ਼ਾਨੇ !।੩।

ਅਰਥ :- ਹੇ ਸਰਬ ਕਲਾ ਸਮਰੱਥ ਪ੍ਰਮੇਸ਼ਰ ਸਰੂਪ ਗੁਰੂ (ਪਰਮੇਸ਼ਰ ਜੀ ! ਮੈਂ) ਤੇਰੇ ਦਰਸ਼ਨ ਵੇਖ (ਵੇਖ) ਕੇ ਜੀਵਾਂ। ਹੇ ਪ੍ਰਭੂ ! ਆਪ ਮੇਰੇ 'ਤੇ ਕਰਮੁ—ਬਖਸ਼ਿਸ਼ ਕਰੋ ਤਾਂਕਿ ਮੇਰਾ ਇਹ ਕਾਰਜ ਦਰਸ਼ਨ ਕਰਨ ਦਾ ਪੂਰਾ ਹੋ ਜਾਵੇ। ਹੇ ਮੇਰੇ ਮਾਲਕ ! (ਮੇਰੀ) ਇਹ ਬੇਨਤੀ ਸੁਣੋ। (ਮੈਨੂੰ) ਆਪਣਾ ਸਿੱਖ ਬਣਾ ਕੇ ਨਾਮ ਰੂਪੀ (ਦਾਤਿ) ਬਖ਼ਸ਼ੋ ਜੀ।੧। ਰਹਾਉ। ਹੇ ਦਾਤਾਰ ਪ੍ਰਭੂ ! (ਮੈਨੂੰ) ਆਪਣੀ ਸ਼ਰਨ ਵਿਚ ਰੱਖੋ। ਗੁਰੂ ਦੀ

ਕਿਰਪਾ ਨਾਲ ਕਿਸੇ ਵਿਰਲੇ ਨੇ (ਤੈਨੂੰ) ਜਾਣਿਆ ਹੈ। ੨। ਹੇ ਮੇਰੇ ਮਿੱਤਰ ਪ੍ਰਭੂ ! (ਮੇਰੀ ਇਹ) ਬੇਨਤੀ ਆਪ ਕਿਰਪਾ ਕਰਕੇ ਸੁਣੋ ਤਾਂਕਿ ਤੇਰੇ ਨਾਮ ਰੂਪੀ ਚਰਨ ਕਮਲ ਮੇਰੇ ਹਿਰਦੇ ਵਿਚ ਵਸ ਜਾਣ।੩। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ) ਇਕ ਅਰਦਾਸ=ਬੇਨਤੀ ਕਰਦਾ ਹਾਂ। ਹੇ ਪ੍ਰਭੂ ਪੂਰਨ ਗੁਣਾਂ ਦੇ ਖ਼ਜ਼ਾਨੇ ! (ਤੂੰ ਮੇਰੇ ਮਨ ਤੋਂ ਕਦੇ ਵੀ) ਨਾ ਵਿਸਰੇ। ੧। ੧੨। ੨੪।

**ਵਿਸਰੁ ਨਾਹੀ ਦਾਤਾਰ ਅਪਨਾ ਨਾਮ ਦੇਹੁ ॥**
**ਗੁਣ ਗਾਵਾ ਦਿਨ ਰਾਤ ਨਾਨਕ ਚਾਉ ਏਹੁ ॥** (ਅੰਗ 762)

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

★★★

ਸ੍ਰੀ ਮੁਖਵਾਕ ਨੰਬਰ ੧33 (ਆਦਿ ਅੰਗ 743)

ਸੂਹੀ ਮਹਲਾ 5 ॥

ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥ ਮਿਥਿਆ ਮੋਹ ਬੰਧਹਿ ਨਿਤ ਪਾਰਚ ॥ ੧ ॥ ਮਾਧਵੇ ਭਜੁ ਦਿਨ ਨਿਤ ਰੈਣੀ ॥ ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥ ੧ ॥ ਰਹਾਉ ॥ ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥ 2 ॥ ਭਰਣ ਪੋਖਣ ਸੰਗਿ ਅਉਧ ਬਿਹਾਣੀ ॥ ਜੈ ਜਗਦੀਸ ਕੀ ਗਤਿ ਨਹੀ ਜਾਣੀ ॥ 3 ॥ ਸਰਣਿ ਸਮਰਥ ਅਗੋਚਰ ਸੁਆਮੀ ॥ ਉਧਰੁ ਨਾਨਕ ਪ੍ਰਭ ਅੰਤਰਜਾਮੀ ॥ 4 ॥ 27 ॥ 33 ॥

## ਪ੍ਰਾਕ੍ਥਨ :

ਸੂਹੀ ਰਾਗੁ ਅੰਦਰ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਉਚਾਰਨ ਕਰਦੇ ਹੋਏ ਸਾਨੂੰ ਸਮਝਾਇਆ ਹੈ ਕਿ ਐ ਮਨੁੱਖ ! ਤੇਰੀ ਜ਼ਿੰਦਗੀ ਬੀਤਦੀ ਜਾ ਰਹੀ ਹੈ, ਪਰ ਤੂੰ ਕਦੇ ਇਸ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ।

## ਵਿਸ਼ਾ — ਛਿਨ ਛਿਨ ਅਉਧ ਬਿਹਾਤ ਹੈ

ਮਨੁੱਖਾ ਜਨਮ ਬਹੁਤ ਹੀ ਉੱਤਮ ਹੈ। ਇਸ ਜਨਮ ਨੂੰ ਪਾ ਕੇ ਤਾਂ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦੇ ਹੁਕਮ ਨੂੰ ਸਮਝਣ ਦੀ ਲੋੜ ਹੈ :

**ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥**
**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥** (ਅੰਗ 726)

ਇਹ ਮਨੁੱਖਾ ਜਨਮ ਜਿਥੇ ਸਾਰੀਆਂ ਜੂਨਾਂ ਤੋਂ ਉੱਤਮ ਹੈ, ਉਥੇ ਇਸ ਨੂੰ ਗੁਰਦੇਵ ਨੇ ਰਤਨ ਦੀ ਤਰ੍ਹਾਂ ਵਡਮੁੱਲਾ ਕੀਮਤੀ ਦੱਸਿਆ ਹੈ। ਪਰ ਕਈ ਇਸ ਜੀਵਨ ਰੂਪੀ ਰਤਨ ਨੂੰ ਵਿਸ਼ੇ-ਵਿਕਾਰਾਂ ਵਿਚ ਅਜਾਈਂ ਗਵਾ ਰਹੇ ਹਨ :

**ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ॥**
**ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ॥**
(ਅੰਗ 705)

**ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ॥**
**ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ॥**
(ਅੰਗ 524)

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥** (ਅੰਗ ੧56)

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਬਚਨ ਹਨ : ਐ ਮਨੁੱਖ ! ਇਹ ਜੀਵਨ ਹੀਰੇ ਜੈਸਾ ਅਮੋਲਕ ਹੈ, ਪਰ ਤੂੰ ਵਿਸ਼ੇ-ਵਿਕਾਰਾਂ ਰੂਪੀ ਕਉਡੀਆਂ ਦੇ ਵੱਟੇ ਅਜਾਈਂ ਗਵਾ ਰਿਹਾ ਹੈਂ।

## ਸਾਖੀ — ਸਾਧੂ ਨੇ ਕਉਡੀ ਵੱਟੇ ਹੀਰਾ ਗਵਾਇਆ

ਜਿਸ ਤਰ੍ਹਾਂ ਇਕ ਸਾਧੂ ਸੀ। ਉਸ ਪਾਸ ਇਕ ਕੀਮਤੀ ਰਤਨ ਸੀ। ਉਹ ਰਤਨ ਉਸ ਨੇ ਲੀਰਾਂ ਦੀ

ਗੋਦੜੀ ਵਿਚ ਸੀਤਾ ਸੀ। ਇਕ ਚੋਰ ਉਸ ਸਾਧੂ ਨਾਲ ਰਸਤੇ ਵਿਚ ਮਿਲ ਗਿਆ। ਚੋਰ ਨੇ ਪੁੱਛਿਆ, ਸੰਤ ਜੀ ਕਿੱਥੇ ਜਾਣਾ ਹੈ ? ਜਿਥੇ ਸੰਤ ਨੇ ਜਾਣਾ ਸੀ, ਚੋਰ ਕਹਿਣ ਲੱਗਾ ਕਿ ਮੈਂ ਵੀ ਉਥੇ ਹੀ ਜਾਣਾ ਹੈ ਜੀ। ਰਸਤੇ ਵਿਚ ਇਕੱਠੇ ਤੁਰੇ ਜਾ ਰਹੇ ਸਨ। ਸਾਧੂ ਉਸ ਗੋਦੜੀ ਨੂੰ ਹਮੇਸ਼ਾ ਕੋਲ ਰੱਖੇ। ਚੋਰ ਨੇ ਸਮਝ ਲਿਆ ਕਿ ਇਸ ਗੋਦੜੀ ਵਿਚ ਜ਼ਰੂਰ ਕੋਈ ਕੀਮਤੀ ਵਸਤੂ ਹੈ। ਇਕ ਥਾਂ ਰਾਤ ਕੱਟਣ ਲਈ ਦੋਵੇਂ ਠਹਿਰੇ ਸਨ। ਚੋਰ ਨੇ ਅਪਣੇ ਪਾਸੋਂ ਥੋੜ੍ਹੀ ਮਾਇਆ ਦੇ ਕੇ ਸੰਤ ਨੂੰ ਕੁਝ ਖਾਣ ਵਾਸਤੇ ਦੁਕਾਨ 'ਤੇ ਭੇਜਿਆ। ਸਾਧੂ ਗੋਦੜੀ ਨਾਲ ਹੀ ਚੁੱਕ ਕੇ ਲੈ ਗਿਆ। ਜਦ ਕੁਝ ਖਾਣ ਵਾਸਤੇ ਦੁਕਾਨ ਤੋਂ ਸਾਧੂ ਲੈ ਕੇ ਆਇਆ ਤਾਂ ਚੋਰ ਨੇ ਲਿਆਂਦੀ ਵਸਤੂ ਨੂੰ ਚੁੱਕ ਕੇ ਕਿਹਾ, ਸੰਤ ਜੀ ! ਦੁਕਾਨ ਵਾਲੇ ਨੇ ਕਉਡੀ ਭਰ ਸੌਦਾ ਘੱਟ ਦਿੱਤਾ ਹੈ। ਤੁਹਾਨੂੰ ਠੱਗ ਲਿਆ ਹੈ, ਜਾਉ ਛੇਤੀ ਦੁਕਾਨ 'ਤੇ ਉਹ ਮੁੱਕਰ ਨਾ ਜਾਵੇ। ਸੰਤ ਗੋਦੜੀ ਚੁੱਕ ਕੇ ਭੱਜਣ ਲੱਗਾ ਦੁਕਾਨ ਵੱਲ ਨੂੰ। ਚੋਰ ਕਹਿੰਦਾ ਹੈ, ਇਸ ਗੋਦੜੀ ਨਾਲ ਦੇਰ ਲੱਗ ਜਾਵੇਗੀ। ਮੈਂ ਗੋਦੜੀ ਕੋਲ ਬੈਠ ਜਾਂਦਾ ਹਾਂ। ਸੰਤ ਗੋਦੜੀ ਰੱਖ ਕੇ ਚਲਾ ਗਿਆ। ਮਗਰੋਂ ਚੋਰ ਗੋਦੜੀ ਲੈ ਕੇ ਦੌੜ ਗਿਆ ਅਤੇ ਗੋਦੜੀ ਵਿਚੋਂ ਲਾਲ ਕੱਢ ਲਿਆ। ਸੰਤ ਨੇ ਵਾਪਸ ਆ ਕੇ ਦੇਖਿਆ, ਨਾ ਹੀ ਗੋਦੜੀ ਅਤੇ ਨਾ ਹੀ ਉਹ ਚੋਰ ਸੀ। ਇਕ ਕੌਡੀ ਭਰ ਘੱਟ ਸੌਦੇ ਪਿੱਛੇ ਕੀਮਤੀ ਲਾਲ ਗਵਾ ਲਿਆ। ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਮਨੁੱਖ ਜਨਮ ਰੂਪੀ ਰਤਨ ਵਿਸ਼ੇ ਰੂਪ ਕਉਡੀਆਂ ਪਿੱਛੇ ਗੁਆ ਰਿਹਾ ਹੈ।

## ਸਾਖੀ—ਸ੍ਵਾਸਾਂ ਦਾ ਅਲੰਕਾਰ

ਇਕ ਜ਼ਿਮੀਂਦਾਰ ਦਾ ਨਦੀ ਨਾਲ ਖੇਤ ਸੀ। ਉਸ ਵਿਚ ਉਸ ਨੇ ਬਾਜਰਾ ਬੀਜਿਆ ਸੀ। ਉਹ ਜਾਨਵਰਾਂ ਨੂੰ ਉਡਾਵਣ ਵਾਸਤੇ ਘੁਮਾਣੀ ਲੈ ਕੇ ਤੇ ਗੁਲੇਲੇ ਬਣਾ ਕੇ ਪੰਛੀਆਂ ਦੇ ਮਾਰਦਾ ਸੀ ਤੇ ਉਹ ਗੁਲੇਲੇ ਨਦੀ ਵਿਚ ਜਾ ਡਿਗਿਆ ਕਰਦੇ। ਗੁਲੇਲੇ ਵੱਟਣ ਵਾਸਤੇ ਇਕ ਦਿਨ ਜਦ ਉਹ ਮਿੱਟੀ ਪੁੱਟ ਰਿਹਾ ਸੀ ਤਾਂ ਉਸ ਨੂੰ ਇਕ ਲਾਲਾਂ ਦੀ ਭਰੀ ਮਟਕੀ ਮਿਲੀ। ਜ਼ਿਮੀਂਦਾਰ ਬੜਾ ਖ਼ੁਸ਼ ਹੋਇਆ ਕਿ ਵੱਟੇ-ਵਟਾਏ ਗੁਲੇਲੇ ਮਿਲ ਗਏ। ਉਸ ਨੇ ਇਕ-ਇਕ ਕਰ ਕੇ ਸਾਰੇ ਚਲਾ ਦਿੱਤੇ। ਉਹ ਸਭ ਨਦੀ ਵਿਚ ਡਿੱਗ ਪਏ। ਇਕ ਲਾਲ ਬਾਕੀ ਰਹਿੰਦਾ ਸੀ। ਉਸ ਦੀ ਘਰਵਾਲੀ ਪ੍ਰਸ਼ਾਦਾ ਲੈ ਕੇ ਆਈ ਤਾਂ ਉਸ ਨੇ ਲਾਲ ਸੁਹਣਾ ਜਾਣ ਕੇ ਰੱਖ ਲਿਆ। ਉਸ ਲਾਲ ਨੂੰ ਲੈ ਕੇ ਘਰ ਜਾ ਰਹੀ ਸੀ ਤਾਂ ਰਸਤੇ ਵਿਚ ਜੌਹਰੀ ਦੀ ਦੁਕਾਨ ਸੀ। ਜੌਹਰੀ ਨੇ ਲਾਲ ਦੀਆਂ ਚਮਕਾਂ ਵੇਖ ਕੇ ਬਹੁਤ ਕੀਮਤੀ ਜਾਣ ਕੇ ਸੀਸ ਝੁਕਾ ਦਿੱਤਾ। ਉਸ ਨੇ ਜੌਹਰੀ ਤੋਂ ਇਸ ਦਾ ਮੁੱਲ ਪੁੱਛਿਆ ਤਾਂ ਉਸ ਨੇ ਉਸ ਦੇ ਵੱਟੇ ਸ਼ੀਸ਼-ਮਹਿਲ, ਘੋੜੇ ਆਦਿਕ ਉਸ ਨੂੰ ਦਿੱਤੇ। ਜ਼ਿਮੀਂਦਾਰ ਸ਼ਾਮ ਨੂੰ ਜਦ ਘਰ ਵਾਪਸ ਆਇਆ ਤਾਂ ਸਾਰੀ ਗੱਲ ਸੁਣ ਉਸ ਨੇ ਇੰਨਾ ਪਸ਼ਚਾਤਾਪ ਕੀਤਾ ਕਿ ਪੂਰੀ ਲਾਲਾਂ ਦੀ ਮਟਕੀ ਹੀ ਨਦੀ ਵਿਚ ਸੁੱਟ ਦਿੱਤੀ ਤੇ ਸ਼ੀਸ਼-ਮਹਿਲ ਨਾਲ ਸਿਰ ਮਾਰ-ਮਾਰ ਕੇ ਮਰ ਗਿਆ।

ਸੋ ਇਸੇ ਪ੍ਰਕਾਰ ਕਾਲ ਚੱਕਰ ਨਦੀ ਦਾ ਪ੍ਰਵਾਹ ਹੈ। ਇਸ ਦੇ ਕਿਨਾਰੇ ਮਨੁੱਖਾ ਜਨਮ ਮਟਕੀ ਸੁਆਸਾਂ ਰੂਪੀ ਲਾਲਾਂ ਦੀ ਭਰੀ ਹੋਈ ਹੈ, ਪੰਜ ਵਿਸ਼ੇ ਬਾਜਰੇ ਦਾ ਖੇਤ ਹੈ ਅਤੇ ਗ੍ਰਹਿਸਤ ਪਰਿਵਾਰ ਬਾਜਰੇ ਦਾ ਖੇਤ ਹੈ। ਇਸ ਦੀ ਰਾਖੀ ਵਾਸਤੇ ਸਾਰੇ ਸੁਆਸ, ਦੇਹ ਅਧਿਆਸ ਮਣੇ 'ਤੇ ਬੈਠ ਕੇ ਪੰਜ ਇੰਦ੍ਰੀਆਂ ਦੀ ਗੁਲੇਲ ਅਥਵਾ

ਗੋਪੀਏ ਰਾਹੀਂ; ਚਲਾ ਚਲਾ ਕੇ ਸ਼ਬਦ, ਸਪਰਸ਼, ਰੂਪ, ਰਸ, ਗੰਧ, ਭੈੜੇ ਕੰਮਾਂ ਵਿਚ ਗਵਾ ਦਿੱਤੇ। ਸ਼ੁੱਧ ਬੁੱਧੀ ਪ੍ਰੇਰ ਕੇ ਜੀਵ ਰੂਪੀ ਜੱਟ ਨੂੰ ਸਾਧ ਸੰਗਤ ਵਿਚ ਲੈ ਆਈ, ਉਥੇ ਸੰਗਤ ਕੀਤੀ। ਮਰਨ ਪਿਛੋਂ ਪ੍ਰਲੋਕ ਵਿਚ ਗਿਆ ਤਾਂ ਉਹਨਾਂ ਸਾਧ ਸੰਗਤ ਵਿਚ ਗੁਜ਼ਾਰੇ ਸਵਾਸਾਂ ਦਾ ਮੁੱਲ ਬਹੁਤ ਪੈਂਦਾ ਦੇਖ ਕੇ ਅਫ਼ਸੋਸ ਕੀਤਾ।

**ਵਡੈ ਭਾਗਿ ਰਤਨ ਜਨਮੁ ਪਾਇਆ** (ਅੰਗ 6੧੧)

**ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥**

(ਅੰਗ 374)

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਮਨੁੱਖ ! ਸਾਰੀਆਂ ਜੂਨੀਆਂ ਤੇਰਾ ਪਾਣੀ ਭਰਨ ਵਾਲੀਆਂ ਤੇਰੇ ਅਧੀਨ ਗ਼ੁਲਾਮ ਤੇ ਨੌਕਰ ਹਨ। ਇਸ ਸ੍ਰਿਸ਼ਟੀ ਅੰਦਰ ਸਾਰੀਆਂ ਜੂਨਾਂ ਉਪਰ ਤੇਰੀ ਸਰਦਾਰੀ ਕਾਇਮ ਕੀਤੀ ਹੈ। ਮਨੁੱਖਾ ਜਨਮ ਵਾਰ-ਵਾਰ ਨਹੀਂ ਮਿਲਦਾ, ਇਹ ਬੜਾ ਹੀ ਦੁਰਲੱਭ ਹੈ :

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥**

(ਅੰਗ ੧366)

ਭਾਵ—ਜਿਸ ਤਰ੍ਹਾਂ ਬਾਗ਼ ਵਿਚ ਫਲਦਾਰ ਬੂਟੇ ਨੂੰ ਲੱਗਾ ਫਲ ਟੁੱਟ ਕੇ ਡਿੱਗ ਪੈਂਦਾ ਹੈ ਤਾਂ ਫਿਰ ਏਸੇ ਬਾਗ਼ ਵਿਚ ਉਸੇ ਬੂਟੇ ਨੂੰ ਉਸੇ ਟਾਹਣੀ 'ਤੇ ਨਹੀਂ ਲੱਗ ਸਕਦਾ, ਇਸੇ ਤਰ੍ਹਾਂ ਮਨੁੱਖਾ ਜਨਮ ਬਾਰ-ਬਾਰ ਨਹੀਂ ਮਿਲਦਾ, ਬਹੁਤ ਮੁਸ਼ਕਲਾਂ ਬਾਅਦ ਮਿਲਦਾ ਹੈ। ਮਨੁੱਖਾ ਜਨਮ ਦੀ ਪ੍ਰਾਪਤੀ ਤੋਂ ਪਹਿਲਾਂ ਜੀਵ ਪਤਾ ਨਹੀਂ ਕਿੰਨੀਆਂ ਕੁ ਜੂਨਾਂ 'ਚ ਭਟਕਦਾ ਆਇਆ ਹੈ :

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥ ੧॥**
**ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥**

(ਅੰਗ ੧76)

ਕਈਆਂ ਜਨਮਾਂ ਵਿਚ ਕੀੜੇ, ਪਤੰਗੇ, ਹਾਥੀ, ਮੱਛੀ, ਹਰਨ, ਪੰਛੀ, ਸਰਪ, ਘੋੜੇ ਤੇ ਬੈਲ ਬਣਨ ਤੋਂ ਬਾਅਦ ਹੀ ਚਿਰੰਕਾਲ ਬਾਅਦ ਇਹ ਦੇਹ ਪ੍ਰਾਪਤ ਹੋਈ ਹੈ। ਤੂੰ ਇਸੇ ਹੀ ਜਨਮ ਵਿਚ ਵਾਹਿਗੁਰੂ ਜੀ ਨੂੰ ਪ੍ਰਾਪਤ ਕਰ ਲੈ, ਕਿਉਂਕਿ ਮਨੁੱਖਾ ਜਨਮ ਵਾਹਿਗੁਰੂ ਜੀ ਨੂੰ ਮਿਲਣ ਦੀ ਤੈਨੂੰ ਵਾਰੀ ਮਿਲੀ ਹੈ।

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥** (ਅੰਗ ੧2)

**੧. ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ੧॥**

(ਆਸਾ ਮਹਲਾ 5, ਅੰਗ ੧2)

**2. ਆਇਓ ਸੁਨਨ ਪੜਨ ਕਉ ਬਾਣੀ॥**
**ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥ ੧॥**

(ਸਾਰਗ ਮਹਲਾ 5, ਅੰਗ ੧2੧9)

**3. ਪ੍ਰਾਣੀ ਤੂੰ ਆਇਆ ਲਾਹਾ ਲੈਣਿ॥**
**ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ ੧॥ ਰਹਾਉ॥**

(ਸਿਰੀ ਰਾਗੁ ਮਹਲਾ 5, ਅੰਗ 43)

**4. ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥ 2॥ 2॥**

(ਸੋਰਠਿ ਮਹਲਾ 9, ਅੰਗ 63੧-32)

ਹਜ਼ੂਰ ਬਖ਼ਸ਼ਿਸ਼ ਕਰ ਕੇ ਸਮਝਾਉਂਦੇ ਹਨ ਕਿ ਇਹ ਅਮੋਲਕ ਮਨੁੱਖਾ ਜਨਮ ਰੂਪੀ ਜ਼ਿੰਦਗੀ ਤੇਰੀ ਬੀਤਦੀ ਜਾ ਰਹੀ ਹੈ, ਪਰ ਤੂੰ ਇਸ ਵੱਲ ਕਦੇ ਧਿਆਨ ਨਾਲ ਵੇਖਿਆ ਨਹੀਂ ਹੈ।

**ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ॥**

ਪਰ ਐ ਮਨੁੱਖ! ਤੂੰ ਸੰਬੰਧੀਆਂ ਦੇ ਝੂਠੇ ਮੋਹ ਵਿਚ ਫਸ ਰਿਹਾ ਹੈਂ:

**ਮਿਥਿਆ ਮੋਹ ਬੰਧਹਿ ਨਿਤ ਪਾਰਚ॥** (ਅੰਗ 743)

ਮੋਹ ਬੜਾ ਹੀ ਪ੍ਰਬਲ ਹੈ, ਬੜੇ-ਬੜੇ ਤਿਆਗੀ, ਵੈਰਾਗੀ, ਮਹਾਤਮਾ ਇਸ ਮੋਹ ਵਿਚ ਫਸ ਗਏ ਅਤੇ ਇਸ ਵਿਚੋਂ ਨਿਕਲ ਨਹੀਂ ਸਕੇ।

## ਸਾਖੀ—ਕਪਲ ਮੁਨੀ ਦੇ ਮੋਹ ਦੀ

ਕਪਲ ਮੁਨੀ ਬੜਾ ਵੱਡ ਸ਼ਾਸਤਰ ਕਰਤਾ ਸੀ। ਏਨਾ ਗਿਆਨੀ ਸੀ ਕਿ ਆਪਣੇ ਬੁੱਢੇ ਵੇਲੇ ਆਪਣੇ ਸਾਰੇ ਸਿੱਖ ਸੇਵਕਾਂ ਨੂੰ ਉਸ ਨੇ ਬੜੇ ਮਾਣ ਨਾਲ ਕਿਹਾ ਕਿ ਜਦੋਂ ਮੈਂ ਮਰਾਂਗਾ ਤਾਂ ਮੇਰੇ ਸਾਰੇ ਆਸ਼ਰਮ ਦੇ ਘੜਿਆਲ ਆਪਣੇ ਆਪ ਖੜਕਣਗੇ। ਮੇਰੇ ਆਸ਼ਰਮ ਦੇ ਸੰਖ ਆਪਣੇ ਆਪ ਵੱਜਣੇ ਸ਼ੁਰੂ ਹੋ ਜਾਣਗੇ। ਮੇਰੇ ਮਰਨ ਤੋਂ ਬਾਅਦ ਮੇਰੇ ਮੁਕਤ ਹੋਣ ਦੀ ਇਹ ਨਿਸ਼ਾਨੀ ਹੋਵੇਗੀ ਕਿ ਸਾਰੇ ਘੜਿਆਲ ਆਪਣੇ ਆਪ ਵੱਜਣਗੇ। ਸਾਰੇ ਸਿੱਖ ਸੇਵਕ ਬੜੇ ਅਚੰਭੇ ਵਿਚ ਸਨ ਕਿ ਅੱਜ ਤੱਕ ਕਿਸੇ ਦੀ ਮੌਤ ਵੇਲੇ ਇਸ ਤਰ੍ਹਾਂ ਹੋਇਆ ਤਾਂ ਨਹੀਂ; ਪਰ ਸਾਡਾ ਗੁਰੂ ਕਪਲ, ਪੂਰਨ ਗੁਰੂ ਹੈ। ਇਸ ਦਾ ਕਿਹਾ ਝੂਠ ਵੀ ਨਹੀਂ ਹੋ ਸਕਦਾ। ਜੋ ਇਹ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਕਹਿੰਦਾ ਹੈ, ਉਹ ਹੁੰਦਾ ਹੀ ਹੁੰਦਾ ਹੈ। ਇਸ ਤਰ੍ਹਾਂ ਸਭ ਨੂੰ ਪਤਾ ਲੱਗ ਗਿਆ ਕਿ ਕਪਲ ਮੁਨੀ ਨੇ ਕੀ ਕਿਹਾ ਹੈ।

ਸਮਾਂ ਬੀਤਣ ਲੱਗਾ। ਇਕ ਦਿਨ ਦੀ ਘਟਨਾ ਹੈ ਕਿ ਬੁੱਢਾ ਕਪਲ ਆਪਣੇ ਆਸ਼ਰਮ ਵਿਚ ਸਰਦੀਆਂ ਦੇ ਸੂਰਜ ਦੀ ਧੁੱਪ ਵਿਚ ਮੰਜਾ ਡਾਹੀ ਇਕੱਲਾ ਬੈਠਾ ਸੀ। ਅਚੇਤ ਹੀ ਇਕ ਮ੍ਰਿਗ ਦਾ ਮਾਸੂਮ ਬੱਚਾ ਜੰਗਲ ਵਿੱਚੋਂ ਭਟਕਿਆ ਹੋਇਆ, ਕਪਿਲ ਦੇ ਸਾਹਮਣੇ ਆ ਖਲੋਤਾ। ਬੱਚਾ ਬਹੁਤ ਹੀ ਮਾਸੂਮ, ਬਿਲਕੁਲ ਅਜੇ ਪੰਜ ਜਾਂ ਦਸ ਦਿਨ ਦਾ ਸੀ। ਸ਼ਾਇਦ ਕਿਸੇ ਸ਼ਿਕਾਰੀ ਨੇ ਇਸ ਦੀ ਮਾਂ ਨੂੰ ਮਾਰ ਦਿੱਤਾ ਹੋਵੇ। ਬੱਚਾ ਏਨਾ ਛੋਟਾ ਸੀ ਕਿ ਦੁੱਧ ਤੋਂ ਬਿਨਾਂ ਬਚ ਨਹੀਂ ਸਕਦਾ ਸੀ। ਬੁੱਢੇ ਕਪਿਲ ਨੇ ਉਸ ਮਾਸੂਮ ਬੱਚੇ ਨੂੰ ਪਕੜਿਆ ਤੇ ਪਿਆਰ ਨਾਲ ਉਸ ਦੇ ਸਿਰ 'ਤੇ ਹੱਥ ਫੇਰਨ ਲੱਗਾ। ਆਸ਼ਰਮ ਵਿੱਚੋਂ ਦੁੱਧ ਮੰਗਵਾ ਕੇ ਉਸ ਬੱਚੇ ਨੂੰ ਪਿਲਾਇਆ ਗਿਆ। ਫੇਰ ਉਸ ਬੱਚੇ ਨੂੰ ਕਪਿਲ ਨੇ ਆਪਣੇ ਆਸ਼ਰਮ ਵਿਚ ਹੀ ਰੱਖ ਲਿਆ। ਉਸ ਮ੍ਰਿਗ ਦੇ ਬੱਚੇ ਨਾਲ ਕਪਿਲ ਦਾ ਮੋਹ ਵਧਣਾ ਸ਼ੁਰੂ ਹੋ ਗਿਆ। ਬੁੱਢਾ ਕਪਿਲ ਉਸ ਬੱਚੇ ਨੂੰ ਬੜੇ ਮੋਹ ਨਾਲ ਖੁਆਉਂਦਾ ਸੀ, ਪਿਆਉਂਦਾ ਸੀ ਅਤੇ ਨਹਾਉਂਦਾ ਵੀ ਸੀ। ਉਹ ਬੱਚਾ ਵੀ ਹੁਣ ਕਪਿਲ ਦੇ ਪੈਰਾਂ 'ਤੇ ਆਪਣਾ ਸਿਰ ਰੱਖ ਕੇ ਸੌਂਦਾ ਸੀ। ਬੜੇ ਲਗਾਉ ਨਾਲ ਬੁੱਢੇ ਕਪਿਲ ਨੇ ਉਸ ਹਿਰਨੀ ਦੇ ਮਾਸੂਮ ਬੱਚੇ ਦੀ ਦੇਖ ਰੇਖ ਕਰਨੀ ਆਰੰਭ ਕੀਤੀ। ਇਕ ਦਿਨ ਐਸਾ ਆਇਆ ਕਿ ਬੁੱਢੇ ਕਪਿਲ ਕੋਲੋਂ ਬੀਮਾਰੀ ਤੇ ਬੁਢੇਪੇ ਦੇ ਆਲਮ ਕਰ ਕੇ ਆਪਣੇ ਬਿਸਤਰ ਤੋਂ ਉਠਿਆ ਨਾ ਗਿਆ। ਕਪਿਲ ਨੂੰ ਲੱਗਿਆ ਕਿ ਇਹ ਮੇਰਾ ਸਰੀਰ ਹੁਣ ਮੇਰਾ ਸਾਥ ਛੱਡਦਾ ਜਾਂਦਾ ਹੈ। ਸ਼ਾਇਦ ਹੁਣ ਮੈਂ ਬਿਸਤਰ ਤੋਂ ਉਠ ਵੀ ਨਾ ਸਕਾਂ। ਕਪਿਲ ਮੁਨੀ ਸੋਚਣ ਲੱਗਾ ਕਿ ਹੋਰ ਤਾਂ ਠੀਕ ਹੈ, ਪਰ ਜੇ ਮੈਂ ਸਰੀਰ ਛੱਡ ਗਿਆ ਤਾਂ ਇਸ ਹਿਰਨ ਦੇ ਮਾਸੂਮ ਬੱਚੇ ਦੀ ਦੇਖ ਰੇਖ ਕੌਣ ਕਰੇਗਾ ? ਕਪਿਲ ਮੁਨੀ ਦੇ ਸਾਰੇ ਸਿੱਖ ਸੇਵਕ, ਕਪਿਲ ਨੂੰ ਬਿਸਤਰ ਵਿਚ ਪਿਆ ਦੇਖ ਕੇ ਇਕੱਠੇ ਹੋ ਗਏ। ਕਪਿਲ ਆਪਣੇ ਆਖ਼ਰੀ ਸਾਹ ਗਿਣ ਰਿਹਾ ਸੀ, ਪਰ ਅੰਤ ਸਮੇਂ ਸੋਚਦਾ ਹੈ ਕਿ ਹੋਰ ਤਾਂ ਸਭ ਠੀਕ ਹੈ, ਪਰ ਇਸ ਮਾਸੂਮ ਬੱਚੇ ਨੂੰ ਪਤਾ ਨਹੀਂ ਮੇਰੇ ਤੋਂ ਬਾਅਦ ਕੋਈ ਸੰਭਾਲੇਗਾ ਕਿ ਨਹੀਂ। ਇਸ ਚਿੰਤਾ ਵਿਚ ਹੀ ਸੀ ਕਿ ਕਪਿਲ ਮੁਲੀ ਦੇ ਸੁਆਸ ਟੁੱਟ ਗਏ।

ਹੁਣ ਕਪਿਲ ਮੁਨੀ ਤਾਂ ਚਲਾ ਗਿਆ, ਪਰ ਸਾਰੇ ਸਿੱਖ ਸੇਵਕ ਆਸ਼ਰਮ ਦੇ ਸੰਖਾਂ ਤੇ ਘੜਿਆਲਾਂ ਵੱਲ ਦੇਖਣ ਲੱਗੇ। ਉਹ ਆਪਣੇ ਆਪ ਵੱਜਣਗੇ, ਪਰ ਕੋਈ ਘੜਿਆਲ ਨਾ ਵੱਜਿਆ ਤੇ ਨਾ ਹੀ ਕਿਸੇ ਸੰਖ ਵਿੱਚੋਂ ਆਵਾਜ਼ ਆਈ। ਸਾਰੇ ਚੇਲੇ ਬੜੇ ਦੁਖੀ ਹੋਏ ਕਿ ਇਹ ਘੜਿਆਲ ਤੇ ਸੰਖ ਵੱਜਦੇ ਕਿਉਂ ਨਹੀਂ ? ਕਿਉਂਕਿ ਸਭ ਸਿੱਖ ਸੇਵਕਾਂ ਨੂੰ ਪੂਰਨ ਭਰੋਸਾ ਸੀ ਕਿ ਸਾਡਾ ਗੁਰੂ ਕਪਿਲ ਮੁਨੀ ਪੂਰਨ ਗੁਰੂ ਹੈ ਅਤੇ ਉਹ ਜਨਮ ਮਰਨ ਦਾ ਪੂਰਾ ਗਿਆਨੀ ਹੈ। ਉਸ ਦਾ ਕਿਹਾ ਹੋਇਆ ਕਦੇ ਝੂਠ ਨਹੀਂ ਹੋ ਸਕਦਾ। ਇਹ ਘੜਿਆਲ ਤੇ ਸੰਖ ਜ਼ਰੂਰ ਵੱਜਣਗੇ। ਕਈ ਦਿਨਾਂ ਤੱਕ ਸਾਰੇ ਸਿੱਖ ਸੇਵਕ ਕਪਿਲ ਦੀ ਲਾਸ਼ ਰੱਖ ਕੇ ਸੋਗ ਮਨਾਉਂਦੇ ਰਹੇ ਅਤੇ ਆਸ਼ਰਮ ਦੇ ਸੰਖਾਂ ਤੇ ਘੜਿਆਲਾਂ ਦੀ ਤਰਫ਼ ਦੇਖਦੇ ਰਹੇ ਕਿ ਕਦੋਂ ਵੱਜਣਗੇ ? ਇਹ ਕਥਾ ਬੜੀ ਵੱਡੀ ਹੈ, ਪਰ ਮੈਂ ਏਥੇ ਹੀ ਮੁੱਕਦੀ ਗੱਲ ਕਰ ਦਿਆਂ ਕਿ ਅਖ਼ੀਰ ਓਥੇ ਨਾਰਦ ਪਹੁੰਚਿਆ ਤੇ ਉਸ ਨੇ ਕਪਿਲ ਮੁਨੀ ਦੇ ਸਾਰੇ ਸਿੱਖ ਸੇਵਕਾਂ ਨੂੰ ਦੱਸਿਆ ਕਿ ਇਹ ਘੜਿਆਲ ਤੇ ਸੰਖ ਨਹੀਂ ਵੱਜਣੇ। ਚੇਲੇ ਕਹਿਣ ਲੱਗੇ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਕਿ "ਇਹ ਹੋ ਨਹੀਂ ਸਕਦਾ, ਕਿਉਂਕਿ ਸਾਡਾ ਗੁਰੂ ਸਾਨੂੰ ਕਹਿ ਕੇ ਗਿਆ ਹੈ ਕਿ ਮੇਰੀ ਮੁਕਤੀ ਦੀ ਇਹੀ ਨਿਸ਼ਾਨੀ ਹੋਵੇਗੀ। ਆਸ਼ਰਮ ਦੇ ਸਾਰੇ ਘੜਿਆਲ ਆਪਣੇ ਆਪ ਵੱਜਣਗੇ। ਸਾਡਾ ਗੁਰੂ ਕਪਿਲ ਪੂਰਨ ਸੀ ਤੇ ਹੋ ਨਹੀਂ ਸਕਦਾ ਕਿ ਉਸ ਦਾ ਕਿਹਾ ਹੋਇਆ ਪੂਰਾ ਨਾ ਹੋਵੇ।" ਨਾਰਦ ਨੇ ਸਮਝਾਇਆ ਕਿ ਇਹ ਘੜਿਆਲ ਸੰਖ ਤਾਂ ਹੀ ਵੱਜਣਗੇ ਜੇ ਤੁਹਾਡਾ ਗੁਰੂ ਮੁਕਤ ਹੋਇਆ ਹੋਵੇ ਪਰ ਉਹ ਮੁਕਤ ਨਹੀਂ ਹੋਇਆ, ਬਲਕਿ ਕਿਸੇ ਹਰਨੀ ਦੇ ਗਰਭ ਵਿਚ ਹਿਰਨ ਬਣ ਕੇ ਚਲਾ ਗਿਆ ਹੈ। ਹੁਣ ਕਪਿਲ ਦੀ ਲਾਸ਼ ਦੁਆਲੇ ਘੜਿਆਲ ਦੇ ਵੱਜਣ ਦੀ ਆਸ ਵਿਚ ਬੈਠੇ ਰਹਿਣਾ ਬੇਵਕੂਫੀ ਹੈ। ਹੁਣ ਇਸ ਲਾਸ਼ ਦਾ ਸਸਕਾਰ ਕਰ ਦਿਉ। ਅਖ਼ੀਰ ਤੇ ਸਾਰੇ ਸਿੱਖ ਸੇਵਕਾਂ ਨੂੰ ਇਹ ਯਕੀਨ ਕਰਨਾ ਹੀ ਪਿਆ ਕਿ ਉਹਨਾਂ ਦਾ ਗੁਰੂ ਕਪਿਲ ਮੁਕਤ ਨਹੀਂ ਹੋਇਆ।

ਕਪਿਲ ਮੁਨੀ ਦੀ ਸੁਰਤ ਨੂੰ ਹੋਰ ਕਿਸੇ ਨੇ ਨਹੀਂ ਰੋਕਿਆ, ਕੇਵਲ ਇਸ ਮ੍ਰਿਗ ਦੇ ਬੱਚੇ ਦੇ ਮੋਹ ਦੀ ਤੰਦ ਨੇ ਉਸ ਦੀ ਸੁਰਤ ਨੂੰ ਬੰਧਨ ਪਾ ਲਿਆ। ਹੋਰ ਬੰਧਨ ਸਾਰੇ ਹੀ ਕਪਿਲ ਨੇ ਇਕ ਇਕ ਕਰ ਕੇ ਤੋੜ ਦਿੱਤੇ ਸਨ, ਪਰ ਮੋਹ ਦੇ ਬੰਧਨ ਨੇ ਬਾਰੀਕ ਤੰਦ ਬਣ ਕੇ ਸੁਰਤ ਨੂੰ ਬੰਨ੍ਹ ਰੱਖਿਆ ਹੈ। ਹੁਣ ਜੇ ਵਿਚਾਰ ਕੀਤੀ ਜਾਵੇ ਤਾਂ ਕਪਿਲ ਨੂੰ ਤਾਂ ਇਕ ਮ੍ਰਿਗ ਦੇ ਬੱਚੇ ਦਾ ਮੋਹ ਹੀ ਮੁਕਤ ਨਹੀਂ ਹੋਣ ਦੇਂਦਾ ਤੇ ਅਸੀਂ ਤਾਂ ਪਤਾ ਨਹੀਂ ਕਿੰਨੇ ਮੋਹ ਵਿਚ ਗ੍ਰਸੇ ਹੋਏ ਹਾਂ।

**ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਆਲੇ॥ ੧॥**
**ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ॥**

(ਪੰਨਾ ੧੧2)

ਸੂਹੀ ਮਹਲਾ 5 ॥ ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥ ਮਿਥਿਆ ਮੋਹ ਬੰਧਹਿ ਨਿਤ ਪਾਰਚ॥ ੧ ॥ ਮਾਧਵੇ ਭਜੁ ਦਿਨ ਨਿਤ ਰੈਣੀ॥ ਜਨਮੁ ਪਦਾਰਥੁ ਜੀਤਿ ਹਰਿ ਸਰਣੀ॥ ੧ ॥ ਰਹਾਉ॥ ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥ 2 ॥ ਭਰਣ ਪੋਖਣ ਸੰਗਿ ਅਉਧ ਬਿਹਾਣੀ॥ ਜੈ ਜਗਦੀਸ ਕੀ ਗਤਿ ਨਹੀ ਜਾਣੀ॥ 3 ॥ ਸਰਣਿ ਸਮਰਥ ਅਗੋਚਰ ਸੁਆਮੀ॥ ਉਧਰੁ ਨਾਨਕ ਪ੍ਰਭੁ ਅੰਤਰਜਾਮੀ॥ 4 ॥ 27 ॥ 33 ॥

ਪਦ ਅਰਥ :- ਬਹਤੀ ਜਾਤ=ਉਮਰ ਦੀ ਨਦੀ ਵਹਿੰਦੀ ਜਾ ਰਹੀ ਹੈ। ਦ੍ਰਿਸਟਿ=ਨਿਗਾਹ, ਧਿਆਨ। ਮਿਥਿਆ=ਨਾਸਵੰਤ। ਮਿਥਿਆ ਮੋਹ ਪਾਰਚ=ਨਾਸ਼ਵੰਤ ਪਦਾਰਥਾਂ ਦੇ ਮੋਹ ਦੇ ਬਾਨ੍ਹਣੂ। ਬੰਧਹਿ=ਤੂੰ ਬੰਨ੍ਹਦਾ ਹੈਂ।੧। ਮਾਧਵੇ=(ਮਾ-ਧਵ, ਮਾਇਆ ਦਾ ਪਤੀ) ਪਰਮਾਤਮਾ ਨੂੰ। ਭਜੁ=ਸਿਮਰਦਾ ਰਹੁ। ਰੈਣੀ=ਰਾਤ। ਜੀਤ=ਜਿੱਤ ਲੈ।੧।ਰਹਾਉ। ਦੋਊ ਕਰ=ਦੋਵੇਂ ਹੱਥ। ਦੋਊ ਕਰ ਝਾਰਤ=ਦੋਵੇਂ ਹੱਥ

ਝਾੜਦਿਆਂ, ਦੋਵੇਂ ਹੱਥ ਧੋ ਕੇ, ਅੱਗਾ ਪਿੱਛਾ ਸੋਚਣ ਤੋਂ ਬਿਨਾਂ। ਰਿਦ=ਹਿਰਦੇ ਵਿਚ। ਤਿਲੁ=ਰਤਾ ਭਰ ਸਮੇਂ ਲਈ।੨। ਭਰਣ ਪੋਖਣ=ਪਾਲਣ ਪੋਸਣ। ਸੰਗਿ=ਨਾਲ। ਅਉਧ=ਉਮਰ। ਜੈ ਜਗਦੀਸ=ਜਗਤ ਦੇ ਈਸ਼ (ਮਾਲਕ) ਦੀ ਜੈ ਹੋਵੇ। ਗਤਿ=ਆਤਮਿਕ ਅਵਸਥਾ, ਆਤਮਿਕ ਅਨੰਦ ਦੀ ਅਵਸਥਾ।੩। ਸਰਮਥ=ਹੇ ਸਭ ਤਾਕਤਾਂ ਦੇ ਮਾਲਕ ! ਅਗੋਚਰ=ਹੇ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ ਰਹਿਣ ਵਾਲੇ ! ਉਧਰੁ=(ਮੈਨੂੰ ਵਿਕਾਰਾਂ ਤੋਂ) ਬਚਾ ਲੈ।੪।

ਅਰਥ :- (ਹਜ਼ੂਰ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ !) ਤੇਰੀ ਉਮਰ ਨਦੀ ਵਾਂਗ ਵਹਿੰਦੀ, ਭਾਵ ਗੁਜ਼ਰਦੀ ਜਾ ਰਹੀ ਹੈ (ਪਰ ਤੂੰ ਕਦੇ ਇਸ ਗੱਲ ਵੱਲ) ਧਿਆਨ ਨਹੀਂ ਦਿੰਦਾ। (ਤੂੰ) ਨਿਤ ਹੀ ਸੰਬੰਧੀਆਂ ਤੇ ਪੁੱਤਰਾਂ ਧੀਆਂ ਦੇ ਝੂਠੇ ਮੋਹ ਵਿਚ ਬਝਿਆ ਰਹਿੰਦਾ ਹੈਂ 'ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰ ਬਾਧੇ॥੧॥ (ਹੇ ਭਾਈ ! ਐ ਮਨੁੱਖ !) ਮਾਇਆ ਦੇ ਪਤੀ (ਪ੍ਰਭੂ ਪਰਮੇਸ਼ਰ) ਦਾ ਦਿਨ ਰਾਤ (ਨਾਮ) ਸਿਮਰਨਾ ਕਰ। (ਇਸ ਤਰ੍ਹਾਂ ਫਿਰ ਤੂੰ) ਹਰੀ ਦੀ ਸ਼ਰਨ ਵਿਚ (ਰਹਿ ਕੇ ਆਪਣਾ) ਜਨਮ ਪਦਾਰਥ ਜਿੱਤ ਲੈ।੧। ਰਹਾਉ।(ਹੇ ਭਾਈ ! ਤੂੰ) ਦੋਵੇਂ ਹੱਥ ਝਾੜਦਿਆਂ ਭਾਵ- ਬੇਫ਼ਿਕਰ ਹੋ ਕੇ ਵਿਸ਼ੇ-ਵਿਕਾਰ ਕਰਦਾ ਹੈਂ। ਇਕ ਛਿਨ ਲਈ ਵੀ ਪਰਮੇਸ਼ਰ ਦਾ (ਅਮੋਲਕ) ਨਾਮ ਤੇਰੇ ਹਿਰਦੇ ਵਿਚ ਨਹੀਂ ਟਿਕਦਾ।੨। (ਹੇ ਭਾਈ ! ਸਰੀਰ ਦੇ) ਪਾਲਣ ਪੋਸ਼ਣ ਵਿਚ ਤੇਰੀ ਉਮਰ ਗੁਜ਼ਰ ਗਈ ਹੈ। ਤੂੰ ਜਗਤ ਦੇ ਮਾਲਕ ਦੀ, ਜਿਸ ਦੀ ਸਾਰੇ ਜੈ ਜੈ ਕਾਰ ਹੋ ਰਹੀ ਹੈ, ਇਹ ਸਿਫ਼ਤਿ-ਸਾਲਾਹ ਕਰਨ ਵਾਲੀ ਹਾਲਤ ਨਹੀਂ ਸਮਝੀ।੩। ਹੇ ਭਾਈ ! ਪ੍ਰਭੂ ਅੱਗੇ ਇਉਂ ਜੋਦੜੀ ਕਰ, ਹੇ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ ਰਹਿਣ ਵਾਲੇ ਮਾਲਕ ! ਹੇ ਅੰਤਰਜਾਮੀ ਪ੍ਰਭੂ ! (ਮੈਂ ਤੇਰੀ) ਸ਼ਰਨ ਆਇਆ ਹਾਂ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਅੰਤਰਜਾਮੀ ! ਕਿਰਪਾ ਕਰਕੇ ਤੂੰ ਮੈਨੂੰ ਪਾਪਾਂ ਵਿਕਾਰਾਂ ਵਾਲੇ ਸੰਸਾਰ ਸਮੁੰਦਰ ਤੋਂ ਬਚਾਅ ਲੈਣਾ ਕਰੋ।੪।੨੭।੩੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

★★★

ਸ੍ਰੀ ਮੁਖਵਾਕ ਨੰਬਰ ੧3 4 (ਆਦਿ ਅੰਗ 744)

## ਸੂਹੀ ਮਹਲਾ 5 ॥

ਸਾਧਸੰਗਿ ਤਰੈ ਭੈ ਸਾਗਰੁ ॥ ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥ ੧ ॥ ਸਿਮਰਿ ਸਿਮਰਿ ਜੀਵਾ ਨਾਰਾਇਣ॥ ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ॥ ੧ ॥ ਰਹਾਉ॥ ਜੀਵਨ ਪਦਵੀ ਹਰਿ ਕਾ ਨਾਉ। ਮਨੁ ਤਨੁ ਨਿਰਮਲੁ ਸਾਚੁ ਸੁਆਉ॥ 2 ॥ ਆਠ ਪਹਰ ਪਾਰਬ੍ਰਹਮੁ ਧਿਆਈਐ॥ ਪੂਰਬਿ ਲਿਖਤੁ ਹੋਇ ਤਾ ਪਾਈਐ॥ 3 ॥ਸਰਣਿ ਪਏ ਜਪਿ ਦੀਨ ਦਇਆਲਾ॥ਨਾਨਕੁ ਜਾਚੈ ਸੰਤ ਰਵਾਲਾ॥ 4 ॥ 2 8 ॥ 3 4 ॥

## ਪ੍ਰਾਕ੍ਥਨ :

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ੍ਰੀ ਮੁਖਵਾਕ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਹਜ਼ੂਰ ਨੇ ਆਦਿ ਵਿਚ ਸੰਗਤ ਦੀ ਮਹਿਮਾ ਦਰਸਾਈ ਹੈ।

## ਵਿਸ਼ਾ — ਸਾਧਸੰਗਿ ਤਰੈ ਭੈ ਸਾਗਰੁ ॥

ਮਨੁੱਖ ਨੂੰ ਜੀਵਨ ਦੀ ਸਫਲਤਾ ਪ੍ਰਾਪਤ ਕਰਨ ਵਾਸਤੇ ਗੁਰੂ ਦੀ ਸੰਗਤ ਕਰਨੀ ਜ਼ਰੂਰੀ ਹੈ, ਕਿਉਂਕਿ ਹਜ਼ੂਰ ਦਾ ਫ਼ੁਰਮਾਨ ਹੈ ਕਿ ਸੰਗਤ ਕੀਤੇ ਬਿਨਾਂ ਸੰਸਾਰ ਅੰਦਰ ਕੋਈ ਵੀ ਤਰਿਆ ਨਹੀਂ।

**ਖੋਜਤ ਖੋਜਤ ਸੁਨੀ ਇਹ ਸੋਇ॥ ਸਾਧਸੰਗਤਿ ਬਿਨੁ ਤਰਿਓ ਨ ਕੋਇ॥**

(ਅੰਗ 373)

ਗੁਰਮਤਿ ਰਾਹੀਂ ਗੁਰੂ ਸਾਹਿਬ ਜੀ ਦੇ ਬਖ਼ਸ਼ੇ ਸਿਧਾਂਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰਬਾਣੀ ਨਿਤਨੇਮ, ਕਥਾ ਕੀਰਤਨ ਸੁਣਨ ਸਮੇਂ ਇਕੱਠੇ ਹੋਇ ਮਾਈ ਭਾਈ ਨੂੰ ਸਤਿ-ਸੰਗਤਿ ਜਾਂ ਸਾਧ ਸੰਗਤ ਨਾਂ ਨਾਲ ਸੰਬੋਧਤ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਜਗਿਆਸੂ ਦੀ ਰੁਚੀ ਵੈਰਾਗ ਸਹਿਤ ਗੁਰੂ ਚਰਨਾਂ ਨਾਲ ਜੁੜੀ ਹੁੰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਤਾਂ ਸਤਿ ਸੰਗਤਿ ਦੀ ਮਹਿਮਾ ਕਥਨ ਕਰਦਿਆਂ ਕਿਹਾ ਹੈ ਕਿ ਪਾਰਸ ਦੀ ਛੋਹ ਨਾਲ ਜਿਸ ਤਰ੍ਹਾਂ ਮਨੂਰ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਪਤਿਤ ਮਨੁੱਖ ਵੀ ਸਤਿਸੰਗਤ ਕਰਨ ਨਾਲ ਪਵਿੱਤਰ ਹੋ ਜਾਂਦਾ ਹੈ, ਕਿਉਂਕਿ ਗੁਰੂ ਮਤਿ ਧਾਰਨ ਕਰਨ ਨਾਲ ਉਨ੍ਹਾਂ ਦੀ ਸ਼ੁੱਧੀ ਅਵੱਸ਼ ਹੀ ਹੋ ਜਾਂਦੀ ਹੈ।

**ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ**
**ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ॥** (ਅੰਗ ੧297)

ਵਿਦਵਾਨ ਪੁਰਸ਼ਾਂ ਨੇ ਸੰਗਤ ਦੀ ਵਿਆਖਿਆ ਕਰਦਿਆਂ ਚਾਰ ਤਰ੍ਹਾਂ ਦੀ ਸੰਗਤ ਦਰਸਾਈ ਹੈ—

੧. ਸੰਗਤ ੨. ਸਾਧਸੰਗਤਿ ੩. ਕੁਸੰਗਤ ੪. ਸਤਿਸੰਗਤ।

(੧) **ਸੰਗਤ** :- ਇਸ ਤੋਂ ਭਾਵ ਹੈ ਇਕੱਠ, ਸਭਾ, ਮਜਲਿਸ, ਦੋ ਚੀਜ਼ਾਂ ਦਾ ਮਿਲਾਪ, ਜਿਸ ਕਰਕੇ ਜੀਵਨ ਵਿਚ ਕੋਈ ਲਾਭ ਜਾਂ ਹਾਨੀ ਨਾ ਹੋਵੇ, ਉਹ ਹੈ ਸੰਗਤ।

(੨) **ਸਾਧਸੰਗਤਿ** :- ਭਲੇ ਪੁਰਸ਼ਾਂ ਦੀ ਸੰਗਤ, ਜਿਨ੍ਹਾਂ ਸਤਿ ਪੁਰਸ਼ਾਂ ਨਾਲ ਮਿਲ ਕੇ ਪਰਉਪਕਾਰ, ਭਜਨ ਸਿਮਰਨ, ਕਥਾ ਕੀਰਤਨ, ਨਿਸ਼ਕਾਮ ਸੇਵਾ ਵਿਚ ਲੱਗ ਕੇ ਜੀਵਨ ਉੱਚਾ ਹੋ ਜਾਵੇ।

(੩) **ਕੁਸੰਗਤ** :- ਜਿਨ੍ਹਾਂ ਕੁਸੰਗੀਆਂ ਮਨਮੁਖਾਂ ਨਾਲ ਮਿਲ ਕੇ ਪੁਰਖ ਚੰਗੇ ਸੁਭਾਅ ਨੂੰ ਵਿਗਾੜ ਲਵੇ, ਆਪਣੀ ਕੁਲ ਦੀ ਲਾਜ ਛੱਡ ਦੇਵੇ, ਸ਼ੁੱਭ ਗੁਣਾਂ ਨੂੰ ਛੱਡ ਦੇਵੇ, ਨਖਿਧ ਕਰਮ ਕਰਨ ਲੱਗ ਜਾਵੇ, ਉਹ ਕੁਸੰਗਤ ਹੈ।

(੪) **ਸਤਿਸੰਗਤ** :- ਜਿਨ੍ਹਾਂ ਨਾਲ ਮਿਲਿਆਂ ਸਤਿ ਸਰੂਪ ਦੀ (ਸੰ) ਭਲੀ ਪ੍ਰਕਾਰ (ਗਤਿ) ਪ੍ਰਾਪਤ ਹੋ ਜਾਵੇ, ਉਸ ਦਾ ਨਾਮ ਸਤਿਸੰਗਤ ਹੈ। ਇਸ ਸੰਬੰਧ ਵਿਚ ਹਜ਼ੂਰ ਨੇ ਗੁਰਬਾਣੀ ਅੰਦਰ ਇਸ ਪ੍ਰਕਾਰ ਕਥਨ ਕੀਤਾ ਹੈ :

**ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥** (ਅੰਗ 72)

ਅਸਲ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੁਭਾਇਮਾਨ ਇਕੱਠ ਦਾ ਨਾਮ ਸਤਿਸੰਗਤਿ ਹੈ, ਜਿੱਥੇ ਕਥਾ ਕੀਰਤਨ ਜਾਂ ਗੁਰਬਾਣੀ ਦਾ ਪਾਠ ਹੁੰਦਾ ਹੋਵੇ, ਨਾਮ ਜਪਿਆ ਜਾਂਦਾ ਹੋਵੇ (ਅਥਵਾ) ਭਲੇ ਪੁਰਸ਼ਾਂ ਦਾ ਸੰਗ ਜੋ ਝੂਠ ਤੇ ਮਾਇਆ ਚੋਂ ਕੱਢ ਕੇ ਸਤਿ ਤੇ ਵਾਹਿਗੁਰੂ ਵਿਚ ਲਗਾਵੇ।

**ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥** (ਅੰਗ ੧60)

**ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ॥**
**ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ॥**

(ਅੰਗ 73੧)

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ॥**

(ਅੰਗ ੧06)

ਅਰਥ :- ਭਲੇ ਪੁਰਸ਼ਾਂ ਦੀ ਸੰਗਤ ਕਰਨ ਵਾਲਿਆਂ ਦੇ ਮੁਖ ਉਜਲੇ ਹੁੰਦੇ ਹਨ। ਨਿੰਦਕਾਂ ਨੂੰ ਕਿਤੇ ਢੋਈ ਨਹੀਂ ਮਿਲਦੀ।

**ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ॥** (ਅੰਗ 38੧)

**ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ॥ ਸੰਗਤਿ ਕਰਤ ਸੰਤੋਖੁ ਮਨਿ ਪਾਇਆ॥**

(ਅੰਗ 889)

ਨੇਕ ਪੁਰਸ਼ਾਂ ਦੀ ਸੰਗਤ ਕਰਨ ਵਾਲੇ ਨੂੰ ਪ੍ਰਮੇਸ਼ਰ ਚੇਤੇ ਆਉਂਦਾ ਹੈ ਅਤੇ ਨਾਮ ਜਪਣ ਨਾਲ ਮਨ ਵਿਚ ਸੰਤੋਖ ਪ੍ਰਾਪਤ ਹੁੰਦਾ ਹੈ।

**ਓਇ ਜਾਗਤ ਰਹਹਿ ਨ ਸੂਤੇ ਦੀਸਹਿ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ॥**

(ਅੰਗ ੧025)

ਸੰਗਤ ਕਰਨ ਵਾਲੇ ਗਿਆਨੀ ਜਾਗਰਤ ਅਵਸਥਾ ਵਿਚ ਜਾਗਦੇ ਹਨ। ਅਵਿੱਦਿਆ ਦੀ ਨੀਂਦ ਵਿਚ ਉਹ ਕਦੇ ਸੁੱਤੇ ਨਜ਼ਰ ਨਹੀਂ ਆਉਂਦੇ। ਐਸੇ ਭਲੇ ਪੁਰਸ਼ਾਂ ਦੀ ਸੰਗਤ ਤਾਰ ਦਿੰਦੀ ਹੈ, ਉਹ ਨਾਮ ਦੀ ਮਹਿਮਾ ਦੱਸ ਕੇ ਨਾਮ ਵਿਚ ਜੋੜ ਦੇਂਦੇ ਹਨ।

**ਸਤਿਗੁਰ ਸਾਧਸੰਗਤਿ ਹੈ ਨੀਕੀ ਮਿਲਿ ਸੰਗਤਿ ਰਾਮੁ ਰਵੀਜੈ॥**
**ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ॥ 7॥** (ਅੰਗ ੧324)

ਸਾਧ ਸਰੂਪ ਸਤਿਗੁਰਾਂ ਦੀ ਸੰਗਤ ਸੁੰਦਰ ਹੈ। ਉਸ ਵਿਚ ਮਿਲ ਕੇ ਨਾਮ ਦਾ ਜਪਣਾ ਪ੍ਰਾਪਤ ਹੁੰਦਾ ਹੈ। ਗੁਰ ਕਿਰਪਾ ਨਾਲ ਪ੍ਰੇਮ ਰੂਪੀ ਰਤਨ, ਗਿਆਨ ਰੂਪੀ ਜਵੇਹਰ ਅਤੇ ਸ਼ੁੱਧਤਾ ਰੂਪੀ ਮੋਤੀ ਅੰਦਰੋਂ ਹੀ ਪ੍ਰਾਪਤ ਹੋ ਜਾਂਦੇ ਹਨ।

**ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍॥**
**ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨਿ੍॥ 30॥** (ਅੰਗ ੧੪੧੬)

ਸ੍ਰੇਸ਼ਟ ਗੁਰੂ ਦੀ ਸੰਗਤ ਵਿਚ ਮਿਲ ਕੇ ਨਾਮ ਰੂਪੀ ਹੀਰਾ, ਪ੍ਰੇਮ ਰੂਪੀ ਰਤਨ ਲੱਭ ਪੈਂਦੇ ਹਨ। ਹਜ਼ੂਰ ਕਥਨ ਕਰਦੇ ਹਨ ਕਿ ਅਮੋਲਕ ਨਾਮ ਰੂਪੀ ਲਾਲ ਨੂੰ ਉਹ ਪ੍ਰਾਪਤ ਕਰ ਲੈਂਦੇ ਹਨ, ਜੋ ਗੁਰਮੁਖ ਗੁਰੂ ਦੇ ਸਨਮੁਖ ਹੋ ਕੇ ਖੋਜਦੇ ਹਨ।

**ਅਨਾਥਾ ਨਾਥ ਭਗਤ ਭੈ ਮੇਟਨ॥ ਸਾਧਸੰਗਿ ਜਮਦੂਤ ਨ ਭੇਟਨ॥ 2॥**

(ਅੰਗ 760)

ਵਾਹਿਗੁਰੂ ਜੀ ਦਾ ਗ਼ਰੀਬ ਨਿਵਾਜ ਬਿਰਦ ਆਪਣੇ ਭਗਤਾਂ ਦੇ ਭੈ ਨੂੰ ਦੂਰ ਕਰਨ ਵਾਲਾ ਹੈ, ਉਸ ਦੇ ਪਿਆਰਿਆਂ ਦੀ ਸੰਗਤ ਕਰਨ ਵਾਲਿਆਂ ਦੇ ਜਮ ਨੇੜੇ ਨਹੀਂ ਆਉਂਦੇ।

**ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ॥ 2॥**

(ਅੰਗ ੧300)

ਹਜ਼ੂਰ ਕਥਨ ਕਰਦੇ ਹਨ ਕਿ ਸਾਧੂਆਂ ਦੀ ਸੰਗਤ ਕਰਨ ਵਾਲਿਆਂ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ। ਉਹ ਸਹਜਿ ਅਵਸਥਾ ਵਿਚ ਸਮਾ ਜਾਂਦੇ ਹਨ।

**ਸੰਤ ਤੁਝੀ ਤਨੁ ਸੰਗਤਿ ਪ੍ਰਾਨ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥ ੧॥**
**ਸੰਤ ਚੀ ਸੰਗਤਿ ਸੰਤ ਕਥਾ ਰਸੁ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥ ੧॥ ਰਹਾਉ॥**

(ਅੰਗ 486)

ਸੰਤ ਵਾਹਿਗੁਰੂ ਜੀ ਦਾ ਸਰੂਪ ਹਨ ਅਤੇ ਸੰਗਤ ਪ੍ਰਾਣਾਂ ਦੀ ਤਰ੍ਹਾਂ ਪਿਆਰੀ ਹੈ। ਸੰਤ ਜਨ ਪ੍ਰਮੇਸ਼ਰ ਦਾ ਸਰੂਪ ਹਨ, ਸਤਿਗੁਰ ਦੇ ਗਿਆਨ ਨੂੰ ਜਾਣਦੇ ਹਨ। ਭਗਤ ਜੀ ਕਹਿੰਦੇ ਹਨ ਕਿ ਵਾਹਿਗੁਰੂ ਜੀ ! ਸੰਤ ਦੀ ਸੰਗਤ, ਸੰਤਾਂ ਦੀ ਕਥਾ ਦਾ ਰਸ ਅਤੇ ਸੰਤਾਂ ਨਾਲ ਪ੍ਰੇਮ ਕਰਨ ਦੀ ਬਖਸ਼ਿਸ਼ ਕਰੋ ਜੀ।

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥ 2॥**

(ਅੰਗ 486)

ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਇਕੱਠੀਆਂ ਮਿਲ ਕੇ ਰਹਿੰਦੀਆਂ ਹਨ, ਇਸ ਤਰ੍ਹਾਂ ਸਤਿਸੰਗਤ ਵਿਚ ਮਿਲ ਕੇ ਰਹੀਏ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥**
**ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ॥ 8 ॥**

(ਅੰਗ ੧੩੧੬)

ਸਤਿਸੰਗਤ ਗੁਰੂ ਜੀ ਦੀ ਪਾਠਸ਼ਾਲਾ ਹੈ ਜਿੱਥੇ ਹਰੀ ਦੀ ਪ੍ਰਾਪਤੀ ਦੇ ਸ਼ੁਭ ਗੁਣ ਸਿਖੀਦੇ ਹਨ। ਉਹ ਰਸਨਾ ਧੰਨ ਧੰਨ ਹੈ ਜੋ ਨਾਮ ਜੱਪਦੀ ਹੈ। ਗੁਰੂ ਰੂਪੀ ਪਾਂਧਾ ਵੀ ਧੰਨ ਹੈ, ਜਿਸ ਨਾਲ ਮਿਲ ਕੇ ਹਰੀ ਦਾ ਜਸ ਰੂਪੀ ਲੇਖਾ ਲਿਖਿਆ ਹੈ, ਲਿਖਣ ਵਾਲੇ ਹੱਥ ਵੀ ਧੰਨ ਹਨ।

**ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ॥** (ਅੰਗ ੧424)

ਜੋ ਪੁਰਸ਼ ਸਤਿਸੰਗਤ ਵਿਚ ਮਿਲ ਕੇ ਗੁਰੂ ਦੀ ਸੇਵਾ ਕਰਦੇ ਹਨ, ਉਹਨਾਂ ਨੂੰ ਹਰੀ ਨੇ ਆਪਣੇ ਨਾਲ ਮੇਲ ਲਿਆ ਹੈ, ਗੁਰੂ ਨੇ ਮਿਲਾਏ ਹਨ।

**ਦੂਜੈ ਭਾਇ ਦੁਸਟਾ ਕਾ ਵਾਸਾ॥ ਭਉਦੇ ਫਿਰਹਿ ਬਹੁ ਮੋਹ ਪਿਆਸਾ॥**
**ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ॥**

(ਅੰਗ ੧068)

ਦੁਸ਼ਟਾਂ ਦਾ ਦ੍ਵੈਤ ਵਿਚ ਪ੍ਰੇਮ ਹੈ, ਤ੍ਰਿਸ਼ਨਾਲੂ ਮੋਹ ਵਿਚ ਘਿਰੇ ਹੋਏ ਮਾਇਆ ਵਾਸਤੇ ਭੌਂਦੇ ਫਿਰਦੇ ਹਨ। ਕੁਸੰਗਤ ਕਰਨ ਵਾਲੇ ਸਦਾ ਦੁੱਖ ਹੀ ਦੁੱਖ ਭੋਗਦੇ ਹਨ।

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥** (ਅੰਗ ੧੩੭੧)

ਭਗਤ ਕਬੀਰ ਜੀ ਕਹਿੰਦੇ ਹਨ ਕਿ ਮਾਇਆ ਦੇ ਉਪਾਸ਼ਕਾਂ ਦੀ ਸੰਗਤ ਨਾ ਕਰੋ। ਖੋਟਿਆਂ ਦੀ ਸੰਗਤ ਤੋਂ ਦੂਰ ਹੀ ਰਿਹਾ ਕਰੋ। ਕਾਲਖ ਵਾਲੇ ਬਰਤਨ ਨੂੰ ਛੋਹਣ ਨਾਲ ਕਾਲਖ ਦਾ ਦਾਗ਼ ਲੱਗ ਜਾਂਦਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਸਵੱਈਆਂ ਅੰਦਰ ਸਤਿ ਸੰਗਤ ਦੀ ਮਹਿਮਾ ਦਾ ਕਥਨ ਇਸ ਤਰ੍ਹਾਂ ਕੀਤਾ ਹੈ :

**ਸਤਿ ਬਿਨੁ ਸੰਜਮ ਨ ਪਤਿ ਬਿਨੁ ਪੂਜਾ ਹੋਇ, ਸਚ ਬਿਨੁ ਸੋਚ ਨ ਜਨੇਊ ਜਤ ਹੀਨ ਹੈ॥**
**ਬਿਨ ਗੁਰ-ਦੀਖਿਆ ਗਿਆਨ, ਬਿਨੁ ਦਰਸਨ ਧਿਆਨ, ਭਾਉ ਬਿਨੁ ਭਗਤਿ ਨ ਕਥਨੀ ਭੈ ਭੀਨ ਹੈ॥**
**ਸਾਂਤਿ ਨ ਸੰਤੋਖ ਬਿਨੁ, ਸੁਖੁ ਨ ਸਹਿਜ ਬਿਨੁ, ਸਬਦ ਸੁਰਤਿ ਬਿਨੁ ਪ੍ਰੇਮ ਨ ਪ੍ਰਬੀਨ ਹੈ॥**
**ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ, ਬਿਨੁ ਸਾਧ ਸੰਗਤਿ ਨ ਰੰਗ ਲਿਵਲੀਨ ਹੈ॥ ੨੧੫ ॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

**ਜਪ ਤਪ ਸੰਜਮ ਸਾਧਨਾ ਹਠ ਨਿਗ੍ਰਹ ਕਰਣੇ।**
**ਵਰਤ ਨੇਮ ਤੀਰਥ ਘਣੇ ਅਧਿਆਤਮ ਧਰਣੇ।**
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਦੇਵੀ ਦੇਵਾ ਦੇਹੁਰੇ ਪੂਜਾ ਪਰਵਰਣੇ।**
**ਹੋਮ ਜਗ ਬਹੁ ਦਾਨ ਕਰਿ ਮੁਖ ਵੇਦ ਉਚਰਣੇ।**
**ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ।**
**ਗੁਰਮੁਖਿ ਸੁਖ ਫਲ ਸਾਧਸੰਗਤਿ ਮਿਲ ਦੁਤਰੁ ਤਰਣੇ॥ ੧2॥**

(ਵਾਰ 38, ਪਉੜੀ ੧2, ਭਾ: ਗੁਰਦਾਸ ਜੀ)

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨਿੰਨ ਸਿੱਖ ਕਵੀ ਮਨਸੁਖ ਆਪਣੀ ਲਿਖਤ ਪੰਚ ਤੰਤ੍ਰ ਵਿਚ ਲਿਖਦਾ ਹੈ, ਇਹ ਪੰਚ ਤੰਤ੍ਰ ਗ੍ਰੰਥ ਸੰਮਤ ੧੭੪੧ ਵਿਚ ਲਿਖਿਆ ਗਿਆ ਹੈ :

**ਕਲਿਜੁਗ ਜਬੈ ਅਨੀਤ ਚਲਾਈ। ਨਾਨਕ ਰੂਪ ਧਰਯੋ ਹਰਿ ਆਈ।**
**ਚਾਰੋ ਵਰਨ ਸਿਖ ਤਬ ਕੀਨੇ। ਕ੍ਰਿਪਾਵੰਤ ਹੁਇ ਇਹ ਫਲ ਦੀਨੇ।**
**ਦਯਾ ਧਰਮ ਪ੍ਰਾਤਹ ਇਸਨਾਨ। ਸਤਯ ਵਚਨ ਔ ਪ੍ਰੀਤ ਸੁ ਦਾਨ।**
**ਸਾਧਸੰਗਤਿ ਹੋਯੋ ਤਿਹ ਨਾਮ। ਸਬ ਮਿਲ ਪਾਵਹਿ ਤਹਿ ਬਿਸਰਾਮ।**
**ਕਲਿ ਕੇ ਦੂਤ ਤਹਾਂ ਜੋ ਆਵਹਿਂ। ਸਾਧ ਸੰਗਤਿ ਮੇ ਠੋਰ ਨ ਪਾਵਹਿਂ।**

(ਗੁਰਮਤਿ ਮਾਰਤੰਡ, ਭਾਗ ਪਹਿਲਾ)

**ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ। ਅਸਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ।**
**ਨਦੀਆ ਨਾਲੇ ਵਾਹੜੇ ਮਿਲਿ ਗੰਗ ਗੰਗੋਵੈ। ਪਤਿਤ ਉਧਾਰਣੁ ਸਾਧਸੰਗੁ ਪਾਪਾਂ ਮਲ ਧੋਵੈ।**
**ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ। ਆਪੇ ਆਪ ਵਰੱਤਦਾ ਗੁਰਮੁਖ ਅਲੋਵੈ॥ ੧6॥**

(ਭਾ: ਗੁਰਦਾਸ ਜੀ, ਵਾਰ 2, ਪਉੜੀ ੧6)

ਮਾੜੀ ਸੰਗਤ ਮਾੜਾ ਕਰ ਦੇਂਦੀ ਹੈ। ਚੰਗੀ ਸੰਗਤ ਚੰਗਾ ਕਰ ਦੇਂਦੀ ਹੈ। ਇਹ ਤਾਂ ਸੰਗਤ ਦਾ ਫਲ ਹੈ। ਫਿਰ ਮਨੁੱਖੀ ਮਨ ਹੈ ਕਿ ਪੰਛੀ ਦੀ ਤਰ੍ਹਾਂ ਇਧਰ ਉਧਰ ਉੱਡਦਾ ਹੈ। ਸੰਗਤ ਦੇ ਅਸਰ ਨੂੰ ਕਬੂਲਦਾ ਹੈ। ਕਬੀਰ ਸਾਹਿਬ ਦਾ ਕਥਨ ਹੈ :

**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥**
**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥** (ਅੰਗ ੧369)

## ਸਾਖੀ—ਜੋ ਜੈਸੀ ਸੰਗਤ ਮਿਲੈ

ਇਕ ਵਾਰ ਇਕ ਕਹਾਣੀ ਅਖ਼ਬਾਰ ਵਿਚ ਛਪੀ ਸੀ ਕਿ ਇਕ ਚੰਗੇ ਅਮੀਰ ਸ਼ਾਹੂਕਾਰ ਦੇ ਘਰ ਇਕ ਬੱਚਾ ਜਨਮਿਆ। ਜਨਮ ਦਿਨ 'ਤੇ ਹੀ ਉਸ ਸ਼ਾਹੂਕਾਰ ਨੇ ਕਿਸੇ ਸੁਨਿਆਰੇ ਤੋਂ ਇਕ ਸੁੰਦਰ ਕੰਗਣ ਬਣਵਾ

ਕੇ ਉਸ ਬੱਚੇ ਨੂੰ ਪਹਿਨਾਇਆ। ਅਜੇ ਉਹ ਬੱਚਾ ਡੇਢ ਸਾਲ ਦਾ ਹੀ ਹੋਇਆ ਸੀ ਕਿ ਉਸ ਨੂੰ ਕਿਸੇ ਥਾਂ ਤੋਂ ਭੇੜੀਆ ਚੁੱਕ ਕੇ ਲੈ ਗਿਆ। ਉਹ ਬੱਚਾ ਉਸ ਭੇੜੀਏ ਨੇ ਪਾਲ ਲਿਆ।

ਇਕ ਦਿਨ ਇਨ੍ਹਾਂ ਭੇੜੀਆਂ ਦਾ ਝੁੰਡ (ਗਰੁਪ) ਕਿਸੇ ਜੰਗਲ 'ਚੋਂ ਨਿਕਲ ਕੇ ਕਿਸੇ ਪਗਡੰਡੀ ਉਪਰ ਆ ਗਿਆ। ਕਿਸੇ ਆਦਮੀ ਨੇ ਜੋ ਉਸ ਜੰਗਲ ਦੇ ਹੀ ਇਲਾਕੇ ਦਾ ਰਹਿਣ ਵਾਲਾ ਸੀ, ਉਸ ਝੁੰਡ ਨੂੰ ਵੇਖਿਆ। ਭੇੜੀਆਂ ਦੇ ਗਰੁਪ ਵਿਚ ਉਸ ਨੂੰ ਇਕ ਮਨੁੱਖੀ ਸਰੀਰ ਵਰਗਾ ਜਾਨਵਰ ਦਿੱਸਿਆ, ਜੋ ਪਸ਼ੂਆਂ ਵਾਂਗ ਚੌਹਾਂ ਹੀ ਹੱਥਾਂ ਪੈਰਾਂ ਉਪਰ ਚੱਲਦਾ ਸੀ। ਉਸ ਨਵੇਂ ਜਾਨਵਰ ਨੂੰ ਵੇਖ ਕੇ ਉਸ ਆਦਮੀ ਦੀ ਉਤਸੁਕਤਾ ਉਹਨੂੰ ਹੋਰ ਵੇਖਣ ਲਈ ਵੱਧ ਗਈ। ਉਸ ਆਦਮੀ ਦੀ ਕਈ ਦਿਨਾਂ ਦੀ ਮਿਹਨਤ ਤੋਂ ਬਾਅਦ ਉਸ ਜਾਨਵਰ ਨੂੰ ਕਾਬੂ ਕਰ ਲਿਆ ਗਿਆ। ਜਾਨਵਰ ਤਾਂ ਨਹੀਂ ਸੀ, ਪਰ ਪਸ਼ੂਆਂ ਦੀ ਸੰਗਤ ਕਰ ਕੇ ਉਹ ਪਸ਼ੂਆਂ ਵਾਂਗ ਹੀ ਚੀਕਦਾ ਸੀ, ਪਸ਼ੂਆਂ ਵਾਂਗ ਹੀ ਚਲਦਾ ਸੀ ਤੇ ਪਸ਼ੂਆਂ ਵਾਂਗ ਹੀ ਵਿਵਹਾਰ ਕਰਦਾ ਸੀ। ਸ਼ਕਲ ਸੂਰਤ ਕਰਕੇ ਉਹ ਆਦਮੀ ਸੀ।

ਕਹਿੰਦੇ ਹਨ, ਉਸ ਦੇ ਹੱਥ ਦੀ ਕਲਾਈ ਵਿਚ ਫਸੇ ਹੋਏ ਕੰਗਣ ਉਪਰ ਕਿਸੇ ਦੀ ਨਿਗਾਹ ਪੈ ਗਈ। ਹੈਰਾਨੀ ਨਾਲ ਉਸ ਦੇ ਕੰਗਣ ਨੂੰ ਵੇਖਿਆ ਗਿਆ। ਪਹਿਲਾਂ ਤਾਂ ਇਸ ਹੈਰਾਨਗੀ ਦੀ ਹੱਦ ਨਹੀਂ ਸੀ ਕਿ ਇਹ ਆਦਮੀ ਦੀ ਸ਼ਕਲ ਦਾ ਪਸ਼ੂ ਹੈ ਜਾਂ ਜਾਨਵਰ। ਇਹ ਭੇੜੀਆਂ ਦੀ ਸੰਤਾਨ ਕਿਵੇਂ ਹੋ ਗਿਆ। ਪਰ ਜਦੋਂ ਉਸ ਦੀ ਕਲਾਈ ਵਿਚ ਇਕ ਕੀਮਤੀ ਕੰਗਣ ਵੇਖਿਆ ਗਿਆ ਅਤੇ ਉਸ ਕੰਗਣ ਨੂੰ ਉਤਾਰ ਕੇ ਕਿਸੇ ਸੁਨਿਆਰੇ ਤੋਂ ਪਰਖ ਕਰਾਈ ਗਈ ਤਾਂ ਉਸ ਕੰਗਣ ਉਪਰ ਕਿਸੇ ਸ਼ਹਿਰ ਦੇ ਸੁਨਿਆਰੇ ਦਾ ਨਾਮ ਉਕਰਿਆ ਹੋਇਆ ਸੀ। ਜਦੋਂ ਉਸ ਸੁਨਿਆਰੇ ਕੋਲ ਪਹੁੰਚ ਕੀਤੀ ਗਈ ਤਾਂ ਸਾਰੇ ਭੇਦ ਦਾ ਪਤਾ ਲੱਗ ਗਿਆ ਕਿ ਕਿਵੇਂ ਇਹ ਕੰਗਣ ਬਣਿਆ ਅਤੇ ਕਿਵੇਂ ਇਹ ਆਦਮ ਜਾਤ ਪਸ਼ੂ ਬਣਿਆ। ਸੋ ਸੰਗਤ ਦਾ ਅਸਰ ਬਹੁਤ ਹੈ।

## ਸਾਖੀ—ਤੋਤੇ ਦੀ

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥**

(ਅੰਗ ੭੭੧)

ਇਕ ਸਾਧੂ ਨੇ ਕਿਸੇ ਸ਼ਰਧਾਲੂ ਦੇ ਘਰ ਜਾਣਾ ਸੀ। ਉਹ ਸਾਧੂ ਜਦੋਂ ਆਪਣੇ ਸ਼ਰਧਾਲੂ ਦੇ ਘਰ ਵਿਚ ਪ੍ਰਵੇਸ਼ ਹੋਇਆ ਤਾਂ ਕਿਸੇ ਨੇ 'ਜੀ ਆਇਆਂ' ਆਖਿਆ। ਜੀ ਆਇਆਂ ਦੀ ਅਵਾਜ਼ ਉਸ ਸਾਧੂ ਨੇ ਸੁਣੀ, ਪਰ ਕਹਿਣ ਵਾਲਾ ਕੋਈ ਨਜ਼ਰ ਨਾ ਆਇਆ। ਉਸ ਸਾਧੂ ਨੇ ਹੈਰਾਨ ਹੋ ਕੇ ਇਧਰ ਉਧਰ ਦੇਖਿਆ। ਪਰ ਜਦੋਂ ਡਿਉੜੀ ਦੀ ਛੱਤ ਵੱਲ ਉੱਪਰ ਵੇਖਿਆ ਤਾਂ ਛੱਤ ਨਾਲ ਇਕ ਪਿੰਜਰਾ ਲਟਕਦਾ ਸੀ ਤੇ ਪਿੰਜਰੇ ਵਿਚ ਇਕ ਤੋਤਾ 'ਜੀ ਆਇਆਂ' ਕਹਿ ਰਿਹਾ ਸੀ।

ਇਹ ਮਹਿਮਾਨ ਦੇ ਸੁਆਗਤਮ ਦਾ ਮਨੁੱਖੀ ਫ਼ਰਜ਼ ਨਿਭਾਉਣ ਵਾਲਾ ਪੰਛੀ ਕਿਵੇਂ ਸਿਖ ਗਿਆ? "ਸੰਗਤ ਕਰਕੇ!" ਜੋ ਪੰਛੀ ਚਿਰ ਤੱਕ ਮਨੁੱਖੀ ਸੰਗਤ ਵਿਚ ਰਹੇਗਾ, ਉਸ ਵਿਚ ਮਨੁੱਖਾਂ ਵਾਲੇ ਗੁਣ ਆ

ਜਾਣਗੇ। ਜੋ ਮਨੁੱਖ ਚਿਰ ਤਕ ਪਸ਼ੂਆਂ ਵਿਚ ਰਹੇਗਾ, ਉਸ ਵਿਚ ਪਸ਼ੂਆਂ ਦੇ ਲੱਛਣ ਆ ਜਾਣਗੇ। ਜਿਹੜੇ ਪਸ਼ੂ ਪੰਛੀ ਮਨੁੱਖੀ ਸੰਗਤ ਵਿਚ ਰਹਿੰਦੇ ਹਨ, ਉਨ੍ਹਾਂ ਦੇ ਸੁਭਾਅ ਦਾ, ਜੰਗਲੀ ਜਾਨਵਰਾਂ ਨਾਲੋਂ ਬਹੁਤ ਫ਼ਰਕ ਹੁੰਦਾ ਹੈ। ਜੰਗਲੀ ਬੜੇ ਖ਼ੂੰਖ਼ਾਰ ਅਤੇ ਜ਼ਹਿਰੀਲੇ ਹੁੰਦੇ ਹਨ। ਪਾਲਤੂ ਜਾਨਵਰ ਬੜੇ ਨਰਮ, ਹਲੀਮ ਤੇ ਆਗਿਆਕਾਰ ਹੁੰਦੇ ਹਨ। ਇਹ ਗਊਆਂ, ਮੱਝਾਂ ਜੋ ਸਾਰੀ ਉਮਰ ਦੁੱਧ, ਦਹੀਂ ਤੇ ਮੱਖਣ ਵਰਗੀਆਂ ਨਿਆਮਤਾਂ ਬਖ਼ਸ਼ਦੀਆਂ ਹਨ, ਉਹ ਮਾਰ-ਖੌਰੇ ਬਲਦਾਂ ਦੀ ਹੀ ਸੰਤਾਨ ਹਨ। ਮਨੁੱਖੀ ਸੰਗਤ ਦਾ ਸਦਕਾ ਹੀ ਇਨ੍ਹਾਂ ਦੇ ਸੁਭਾਅ ਵਿਚ ਫ਼ਰਕ ਆਇਆ ਹੈ। ਸਿਖਾਏ ਹੋਏ ਹਾਥੀ ਅਤੇ ਘੋੜੇ ਮਨੁੱਖ ਦੇ ਕਿੰਨੇ ਹੀ ਕਾਰਜ ਸੰਵਾਰਦੇ ਹਨ। ਅਤਿ ਖ਼ਤਰਨਾਕ ਚੀਤੇ ਅਤੇ ਸ਼ੇਰ ਸਰਕਸ ਵਿਚ ਲੋਕਾਂ ਦਾ ਮਨੋਰੰਜਨ ਕਰਦੇ ਹਨ। ਸਭ ਸੰਗਤ ਦੀ ਕਰਾਮਾਤ ਹੈ। ਇਹ ਸੰਗਤ ਦਾ ਫਲ ਹੈ। ਜਿਹੋ ਜਿਹੀ ਸੰਗਤ ਮਿਲ ਗਈ, ਉਹੋ ਜਿਹਾ ਹੀ ਜੀਵਨ ਬਣੇਗਾ। ਖੋਟੀ ਸੰਗਤ ਵਿਚ ਬੈਠ ਕੇ ਇਨਸਾਨ ਦੀ ਜੀਵਨ-ਰਾਸ ਬਰਬਾਦ ਹੋ ਜਾਂਦੀ ਹੈ। ਕਬੀਰ ਸਾਹਿਬ ਜੀ ਆਪਣੀ ਰਚਨਾ ਦੁਆਰਾ ਚੰਗੀ ਬੁਰੀ ਸੰਗਤ ਦਾ ਵਰਨਣ ਕਰਦੇ ਹਨ :

**ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥** (ਅੰਗ ੧367)

ਇਕ ਨੇਕ ਸੰਤ ਪੁਰਸ਼ ਦੇ ਘਰ ਦੀ ਰਖਵਾਲੀ ਕਰਨ ਵਾਲੀ ਕੁੱਤੀ ਚੰਗੀ ਹੈ, ਪਰ ਸਾਕਤ (ਬੁਰੇ) ਆਦਮੀ ਦੀ ਮਾਂ ਵੀ ਨਹੀਂ ਚੰਗੀ। ਕਿਉਂ ?:

ਸੂਹੀ ਮਹਲਾ 5 ॥ ਸਾਧਸੰਗਿ ਤਰੈ ਭੈ ਸਾਗਰੁ ॥ ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥ ੧ ॥ ਸਿਮਰਿ ਸਿਮਰਿ ਜੀਵਾ ਨਾਰਾਇਣ॥ ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ॥ ੧ ॥ ਰਹਾਉ॥ ਜੀਵਨ ਪਦਵੀ ਹਰਿ ਕਾ ਨਾਉ॥ ਮਨੁ ਤਨੁ ਨਿਰਮਲੁ ਸਾਚੁ ਸੁਆਉ॥ 2 ॥ ਆਠ ਪਹਰ ਪਾਰਬ੍ਰਹਮੁ ਧਿਆਈਐ॥ ਪੂਰਬਿ ਲਿਖਤੁ ਹੋਇ ਤਾ ਪਾਈਐ॥ 3 ॥ ਸਰਣਿ ਪਏ ਜਪਿ ਦੀਨ ਦਇਆਲਾ॥ ਨਾਨਕੁ ਜਾਚੈ ਸੰਤ ਰਵਾਲਾ॥ 4 ॥ 28 ॥ 34 ॥

ਪਦ ਅਰਥ :- ਸਾਧਸੰਗਿ=ਗੁਰੂ ਦੀ ਸੰਗਤ ਵਿਚ। ਤਰੈ=ਪਾਰ ਲੰਘ ਜਾਂਦਾ ਹੈ। ਸਾਗਰੁ=(ਸੰਸਾਰ) ਸਮੁੰਦਰ। ਸਿਮਰਿ=ਸਿਮਰ ਕੇ। ਰਤਨਾਗਰੁ=ਰਤਨਾਂ ਦੀ ਖਾਣਿ।੧। ਜੀਵਾ=ਜੀਵਾਂ, ਮੈਂ ਆਤਮਿਕ ਜੀਵਨ ਹਾਸਲ ਕਰ ਰਿਹਾ ਹਾਂ। ਸੋਗ=ਗ਼ਮ। ਸਭਿ=ਸਾਰੇ। ਮਿਲਿ=ਮਿਲ ਕੇ। ਤਜਾਇਣ=ਤਜੇ ਜਾਂਦੇ ਹਨ।੧।ਰਹਾਉ। ਪਦਵੀ=ਦਰਜਾ, ਪਿਆਰ। ਸਾਚੁ=ਸਦਾ-ਥਿਰ ਪ੍ਰਭੂ (ਦਾ ਮਿਲਾਪ)। ਸੁਆਉ=ਸੁਆਰਥ, ਜ਼ਿੰਦਗੀ ਦ ਨਿਸ਼ਾਨਾ।੨। ਧਿਆਈਐ=ਸਿਮਰਨਾ ਚਾਹੀਦਾ ਹੈ। ਪੂਰਬਿ=ਪੂਰਬਲੇ ਜਨਮ ਵਿਚ।੩। ਜਪਿ=ਜਪ ਕੇ। ਨਾਨਕ ਜਾਚੈ=ਨਾਨਕੁ ਮੰਗਦਾ ਹੈ। ਰਵਾਲਾ=ਚਰਨ ਧੂੜ।੪।

ਅਰਥ :- (ਹੇ ਭਾਈ !) ਮੈਂ ਸਤਿਸੰਗਤ ਵਿਚ ਮਿਲ ਕੇ ਸੰਸਾਰ ਸਾਗਰ ਨੇ ਤਰਨਾ ਕੀਤਾ ਹੈ, ਜਿਸ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸੰਸਾਰ ਸਾਗਰ ਵਿਚ ਜਨਮ ਮਰਨ ਰੂਪ ਭੈਦਾਇਕ ਜਲ ਭਰਿਆ ਹੋਇਆ ਹੈ। ਅਸਾਂ ਨੇ ਰਤਨਾਂ ਦੀ ਖਾਨ ਹਰੀ ਪ੍ਰਭੂ ਦੇ ਨਾਮ** *ਨੂੰ* **ਸਿਮਰਿ=ਸਿਮਰਨਾ ਭਾਵ ਜਪ***ਣਾ* **ਕੀਤਾ ਹੈ।***੧***। ਨਾਰਾ***ਇਣ***=ਪ੍ਰਮਾਤਮਾ ਦੇ ਨਾਮ** *ਨੂੰ* **ਸਿਮਰਿ ਸਿਮਰਿ=ਜਪ-ਜਪ ਕੇ ਅਸੀਂ ਜੀਵੰਦੇ ਹਾਂ। (ਹੇ ਭਾਈ** *!***) (ਪਰਮੇਸ਼ਰ ਦੇ ਨਾਮ ਦੀ ਬਰਕਤ ਨਾਲ) ਮੇਰੇ ਸਾਰੇ ਦੁੱਖ, ਰੋਗ, ਗ਼ਮ ਨਾਸ਼ ਹੋ ਗਏ ਹਨ (ਅਤੇ) ਪੂਰੇ ਗੁਰੂ** *ਨੂੰ* **ਮਿਲ ਕੇ ਪਾਪ ਤਿਆਗ ਦਿੱਤੇ ਹਨ।***੧***। ਰਹਾਉ।(ਹੇ ਭਾਈ** *!***) ਹਰੀ ਦਾ ਨਾਮ (ਸਿਮਰਨ ਦੀ ਆਤਮਿਕ) ਜੀਵਨ ਦੀ (ਪ੍ਰਾਪਤੀ ਦਾ** *ਉ***ੱਤਮ) ਦਰਜਾ ਹੈ। (ਨਾਮ ਸਿਮਰਨ ਨਾਲ) ਮਨ ਤੇ ਸਰੀਰ ਪਵਿੱਤਰ ਹੋ ਜਾਂਦੇ ਹਨ, (ਅਤੇ ਇਹੋ ਹੀ ਜੀਵਨ ਦਾ) ਸੱਚਾ ਨਿਸ਼ਾਨਾ ਹੈ।** *੨***। (ਹੇ ਭਾਈ** *!***) ਪਰਮੇਸ਼ਰ** *ਨੂੰ* **ਅੱ***ਠੇ* **ਪਹਿਰ ਧਿਆ***ਉਣਾ* **ਚਾਹੀਦਾ ਹੈ। ਪਰ ਇਹ ਦਾਤਿ ਜੇ ਪਹਿਲਾਂ (ਧੁਰ) ਤੋਂ (ਭਾਗਾਂ ਵਿਚ) ਲੇਖ (ਲਿਖਿਆ ਹੋਵੇ) ਤਾਂ ਹੀ ਪਾਈਦੀ ਹੈ।***੩***। (ਹੇ ਭਾਈ** *!* **ਜੋ) ਦੀਨ ਦਿਆਲ (ਪ੍ਰਭੂ ਦਾ ਨਾਮ) ਜਪ ਕੇ (***ਉ***ਸ ਪ੍ਰਮਾਤਮਾ ਦੀ ਸ਼ਰਨ ਵਿਚ ਪੈ ਗਏ ਹਨ। ਨਾਨਕ (ਗੁਰੂ ਜੀ** *ਉ***ਚਾਰਨ ਕਰਦੇ ਹਨ) (ਕਿ ਦਾਸ** *ਉ***ਹਨਾਂ) ਸੰਤ ਜਨਾਂ ਦੀ ਚਰਨ ਧੂੜ ਮੰਗਦਾ ਹੈ।** *੪।੨੮।੩੪*।

**ਨਾਨਕ ਦਾਸੁ ਇਹੈ ਸੁਖ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧35 (ਆਦਿ ਅੰਗ 745)

ਸੂਹੀ ਮਹਲਾ 5 ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ॥ ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ॥ ੧ ॥ ਰਹਾਉ॥ ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ॥ ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ॥ ੧ ॥ ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ॥ ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ॥ 2 ॥ 3 ॥ 43 ॥

# ਪ੍ਰਾਕ੍ਰਥਨ :

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਸੱਚ ਦੇ ਸੂਰਜ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗੁ ਅੰਦਰ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੈ। ਸ਼ਬਦ ਦੇ ਆਦਿ ਵਿਚ ਮਾਇਆ ਦੀ ਪ੍ਰਬਲਤਾ ਦੱਸੀ ਹੈ।

## ਵਿਸ਼ਾ — ਮਾਇਆ ਕਿਸ ਨੋ ਆਖੀਐ

ਮਾਇਆ ਕਿਸ ਨੂੰ ਕਹਿੰਦੇ ਹਨ ? ਮਾਇਆ ਕਰਮ ਕੀ ਕਰਦੀ ਹੈ ? ਇਸ ਦਾ ਨਿਰਣਾ ਹਜ਼ੂਰ ਨੇ ਗੁਰਬਾਣੀ ਅੰਦਰ ਇਸ ਤਰ੍ਹਾਂ ਕੀਤਾ ਹੈ :

**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥**
**ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥**

(ਅੰਗ 67)

ਡਾ: ਭਾਈ ਵੀਰ ਸਿੰਘ ਜੀ ਨੇ ਮਾਇਆ ਦੇ ਸੰਬੰਧ ਵਿਚ ਇਸ ਤਰ੍ਹਾਂ ਲਿਖਿਆ ਹੈ — ਮਾਇਆ (ਸੰ:) ਸੰਸਕ੍ਰਿਤ, ਮਾਯਾ। ਪੰਜਾਬੀ, ਮਾਇਆ।

੧. ਕਪਟ ਛਲ, ੨. ਭੁਲੇਵਾ, ੩. ਦਾਰਸ਼ਨਿਕ ਵਿੱਦਿਆ ਵਿਚ ਇਹ ਭੁਲੇਵਾ ਜੋ ਜਗਤ ਦੀ ਅਣਹੋਂਦ ਵਿਚ ਹੋਂਦ ਦਿਖਾ ਰਿਹਾ ਹੈ। ਜਗਤ ਹੈ ਨਹੀਂ; ਇਕ ਬ੍ਰਹਮ ਪਸਰ ਰਿਹਾ ਹੈ, ਇਹ ਫਿਰ ਜੋ ਸਾਰਾ ਜਗਤ ਨਜ਼ਰ ਆ ਰਿਹਾ ਹੈ, ਇਹ ਮਾਇਆ ਹੈ। ੪. ਤੀਸਰੇ ਗੁਰੂ ਜੀ ਭਗਤੀ ਮਾਰਗ ਵਿੱਚੋਂ ਮਾਇਆ ਦਾ ਇਹ ਲੱਛਣ ਲਿਖਦੇ ਹਨ :

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**

(ਅੰਗ ੯2੧)

ਇਹ ਮਾਇਆ ਹੀ ਹੈ ਜੋ ਜਗਿਆਸੂ ਨੂੰ ਪ੍ਰਮੇਸ਼ਰ ਦੇ ਧਿਆਨ ਵਿੱਚੋਂ ਉਖੇੜਦੀ ਹੈ ਤੇ ਮੋਹ ਵਿਚ ਰੱਖਦੀ ਹੈ। ਵਾਹਿਗੁਰੂ ਭਾਵਨਾ ਤੋਂ ਉਖੜ ਕੇ, ਦੂਈ ਭਾਵਨਾ ਵਿਚ ਜੋ ਮਨ ਦੀ ਅਵਸਥਾ ਹੈ ਸੋ ਮਾਯਾ ਹੈ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਭਾਈ ਵੀਰ ਸਿੰਘ ਜੀ)

ਮਾਇਆ ਵਿਦਵਾਨਾਂ ਨੇ ਤਿੰਨ ਤਰ੍ਹਾਂ ਦੀ ਮੰਨੀ ਹੈ : ੧. ਜੜ੍ਹ ਮਾਇਆ, ੨. ਚੇਤਨ ਮਾਇਆ, ੩. ਅਗਿਆਨ ਰੂਪ ਮਾਇਆ।

(੧) ਜਿਹੜੀ 'ਜੜ੍ਹ' ਮਾਇਆ ਹੈ, ਇਸ ਨੂੰ ਡਾਲਰ, ਦਮੜੇ, ਸੋਨਾ, ਚਾਂਦੀ, ਹੀਰੇ ਰਤਨ ਆਦਿ ਕਹਿ ਸਕਦੇ ਹਾਂ।

(੨) ਜਿਹੜੀ 'ਚੇਤਨ' ਮਾਇਆ ਹੈ, ਇਸ ਤੋਂ ਭਾਵ ਹੈ ਕਿ ਜਿਸ ਵਿਚ ਵਾਹਿਗੁਰੂ ਦੀ ਹੈ ਚੇਤਨ ਸ਼ਕਤੀ ਉਸ ਵਿਚ ਸਮੁੱਚੇ ਪਸ਼ੂ, ਜਿਵੇਂ ਹਾਥੀ, ਘੋੜੇ ਤੇ ਪੰਛੀ, ਖ਼ਾਸ ਕਰ ਕੇ ਇਸਤਰੀ ਨੂੰ ਚੇਤਨ ਮਾਇਆ ਕਹਿ ਦਿੰਦੇ ਹਨ।

(੩) ਅਗਿਆਨ ਵਿਚ ਮਾਇਆ ਦਾ ਰੂਪ ਹਉਮੈ ਤੇ ਭਰਮ ਅਤੇ ਮਮਤਾ ਵੀ ਮਾਇਆ ਹੈ।

ਇਹ ਤਿੰਨ ਤਰ੍ਹਾਂ ਦੀ ਮਾਇਆ ਹੈ, ਪਰ ਵੇਦਾਂਤ ਮੱਤ ਵਾਲਿਆਂ ਨੇ ਜਿਹੜੀ ਨੌਂ ਜੁਗਤੀਆਂ ਨਾ ਸਹਾਰੇ, ਉਸ ਨੂੰ ਅਨਰ ਬਚਨੀ ਮਾਇਆ ਮੰਨਿਆ ਹੈ। ਨੌਂ ਜੁਗਤੀਆਂ ਹਨ — ੧. ਨਾ ਸੱਤ ਹੈ, ੨. ਨਾ ਅਸੱਤ ਹੈ, ੩. ਨਾ ਸੱਤ ਅਸੱਤ ਉਭੈ ਹੈ, ੪. ਨਾ ਭਿੰਨ ਹੈ, ੫. ਨਾ ਅਭਿੰਨ ਹੈ, ੬. ਨਾ ਭਿੰਨ ਅਭਿੰਨ ਉਭੈ ਹੈ, ੭. ਨਾ ਸੁਵੈਵ ਹੈ, ੮. ਨਾ ਨਿਰਵੈਵ ਹੈ, ੯. ਨਾ ਸੁਵੈਵ ਨਿਰਵੈਵ ਉਭੈ ਹੈ, ਭਾਵ ਦੋਵੇਂ ਨਹੀਂ। ਸੱਤ ਅਸੱਤ ਦਾ ਵਿਰੋਧ ਦਿਨ ਰਾਤ ਵਾਂਗ ਹੈ। ਜੇ ਰਾਤ ਹੈ ਤਾਂ ਦਿਨ ਨਹੀਂ; ਜੇ ਦਿਨ ਹੈ ਤਾਂ ਰਾਤ ਨਹੀਂ। ਇਸੇ ਤਰ੍ਹਾਂ ਜੇ ਸੱਤ ਹੈ ਤਾਂ ਅਸੱਤ ਨਹੀਂ; ਜੇ ਅਸੱਤ ਹੈ ਤਾਂ ਸੱਤ ਨਹੀਂ। ਸੱਤ ਤੇ ਅੱਸਤ ਦੋਵੇਂ ਇਕੱਠੇ ਵੀ ਨਹੀਂ ਕਹੇ ਜਾ ਸਕਦੇ। ਜੇ ਬ੍ਰਹਮ ਤੋਂ ਭਿੰਨ ਕਹੀਏ ਤਾਂ ਮਾਇਆ ਕਿਤੇ ਪ੍ਰਤੀਤ ਨਹੀਂ ਹੁੰਦੀ। ਜੇ ਅਭਿੰਨ ਕਹੀਏ ਤਾਂ ਵੀ ਬਣਦੀ ਨਹੀਂ। ਬ੍ਰਹਮ ਸੱਤ ਚੇਤੰਨ ਅਨੰਦ ਰੂਪ ਹੈ। ਮਾਇਆ ਅਸੱਤ ਜੜ੍ਹ ਦੁੱਖ ਰੂਪ ਹੈ ਤੇ ਭਿੰਨ ਅਭਿੰਨ ਦੋਵੇਂ ਵੀ ਕਹੀ ਨਹੀਂ ਜਾ ਸਕਦੀ।

ਨਿਰਵੈਵ ਅੰਗਾਂ ਤੋਂ ਰਹਿਤ ਕਹੀਏ ਤਾਂ ਸਾਰਿਆਂ ਸਰੀਰਾਂ ਦੇ ਅੰਗ ਦਿੱਸਦੇ ਹਨ। ਜੇ ਸਵੈਵੀ ਕਹੀਏ ਤਾਂ ਸਾਰੇ ਅੰਗ ਚਿਖਾ ਵਿਚ ਸੜ ਜਾਂਦੇ ਹਨ। ਦੋਵੇਂ ਇਸ ਕਰਕੇ ਕਹੇ ਨਹੀਂ ਜਾ ਸਕਦੇ। ਇਹ ਨੌਂ ਜੁਗਤੀਆਂ ਜੋ ਨਾ ਸਹਾਰੇ, ਅਨਰ ਬਚਨੀ ਮਾਇਆ ਹੈ। ਮਾਇਆ ਬੜੀ ਮੋਹਣੀ ਹੈ, ਕਿਉਂਕਿ ਇਸ ਨੇ ਤਾਂ ਬਿਨਾਂ ਦੰਦਾਂ ਤੋਂ ਹੀ ਜੱਗ ਨੂੰ ਖਾਧਾ ਹੋਇਆ ਹੈ। ਇਕ ਤਾਂ ਪ੍ਰਤੱਖ ਸਿਆਣੇ ਵਿਦਵਾਨਾਂ ਨੇ ਮਾਇਆ ਦਾ ਕਰਮ ਇਹ ਵੀ ਦੱਸਿਆ ਹੈ ਕਿ ਇਹ ਨਾ ਹੋਣ ਵਾਲੀ ਗੱਲ ਨੂੰ ਕਰ ਵਿਖਾਲਦੀ ਹੈ। ਹੋਣ ਵਾਲੀ ਗੱਲ ਨੂੰ ਬਿਲਕੁਲ ਨਾ ਹੋਣ ਵਾਲੀ ਕਰ ਦਿੰਦੀ ਹੈ। ਮਾਇਆ ਦਾ ਇਹ ਰੂਪ ਹੈ। ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਕਰ ਦਿੰਦੀ ਹੈ।

**ਜੋ ਅਨਹੋਤੀ ਬਾਤ ਕੋ ਹੋਤੀ ਕਰ ਦਿਖਲਾਇ। ਅਰ ਹੋਤੀ ਬਾਤ ਕਾ ਤਾਕਾ ਲੋਪ ਕਰਾਇ।**
**ਤਾਕਾ ਲੋਪ ਕਰਾਇ ਯਹਿ ਮਾਇਆ ਕਾ ਰੂਪ। ਸਾਚੁ ਕੋ ਝੂਠ ਦਿਖਾਏ, ਝੂਠ ਕੋ ਸਾਚ ਸਰੂਪ।**

(ਲੌਕਿਕ ਪ੍ਰਮਾਣ)

ਸ੍ਰੀ ਗੁਰੂ ਅਮਰਦਾਸ ਜੀ ਨੇ ਮਾਇਆ ਦਾ ਸਰੂਪ ਇਸ ਤਰ੍ਹਾਂ ਦਰਸਾਇਆ ਹੈ ਕਿ ਇਹ ਮਾਇਆ ਹੀ ਹੈ ਜੋ ਵਾਹਿਗੁਰੂ ਜੀ ਨੂੰ ਭੁੱਲ ਜਾਣਾ ਹੈ।

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥**
**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥**

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**
**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**
**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ॥ 29 ॥** (ਅੰਗ 92੧)

ਸ੍ਰੀ ਗੁਰੂ ਅਮਰਦਾਸ ਜੀ ਇਸ ਪਉੜੀ ਵਿਚ ਦੱਸਦੇ ਹਨ ਕਿ ਜਿਸ ਵੇਲੇ ਜੀਵ ਜਨਮ ਲੈ ਲੈਂਦਾ ਹੈ, ਫਿਰ ਇਸ ਦੀ ਲਿਵ ਪ੍ਰਮੇਸ਼ਰ ਨਾਲੋਂ ਟੁੱਟ ਜਾਂਦੀ ਹੈ, ਕਿਉਂਕਿ ਮਾਇਆ ਦਾ ਹੁਕਮ ਇਸ 'ਤੇ ਵਰਤ ਜਾਂਦਾ ਹੈ ਅਤੇ ਉਸ ਨਾਲ ਮੋਹ ਹੋ ਜਾਂਦਾ ਹੈ। ਜਦੋਂ ਇਹ ਮਾਇਆ ਵਿਚ ਖਚਿੱਤ ਹੋ ਜਾਂਦਾ ਹੈ ਤਾਂ ਵਾਹਿਗੁਰੂ ਵੱਲੋਂ ਇਸ ਦੀ ਲਿਵ ਟੁੱਟ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਇਕ ਕਬਿੱਤ ਬੜਾ ਸੁੰਦਰ ਲਿਖਿਆ ਹੈ। ਨਦੀ ਤੋਂ ਬਾਹਰ ਦੀ ਅੱਗ ਤਾਂ ਨਦੀ ਦੇ ਪਾਣੀ ਨਾਲ ਬੁੱਝ ਜਾਂਦੀ ਹੈ, ਪਰ ਨਦੀ ਵਿਚ ਜਾਂਦੀ ਬੇੜੀ ਨੂੰ ਅੱਗ ਲੱਗ ਜਾਵੇ ਤਾਂ ਕਿਵੇਂ ਬੁਝਾਈਏ ? ਬਾਹਰ ਦੀ ਅਪਦਾ ਤੋਂ ਬਚਣ ਵਾਸਤੇ ਕਿਸੇ ਕਿਲ੍ਹੇ ਦੀ ਓਟ ਲਈਦੀ ਹੈ, ਪਰ ਜੇ ਕਿਲ੍ਹੇ ਵਿਚ ਹੀ ਲੁੱਟੇ ਗਏ, ਫਿਰ ਬਚਾਉ ਕਿਥੇ ਹੋਵੇਗਾ ? ਚੋਰਾਂ ਦਾ ਡਰ ਕਰ ਕੇ ਰਾਜੇ ਦੀ ਸ਼ਰਨ 'ਚ ਜਾਈਦਾ ਹੈ, ਪਰ ਰਾਜਾ ਹੀ ਮਾਰੇ, ਫੇਰ ਕਿਸ ਨੇ ਸਹਾਇਤਾ ਕਰਨੀ ਹੈ ? ਇਸੇ ਤਰ੍ਹਾਂ ਮਾਇਆ ਤੋਂ ਬਚਣ ਵਾਸਤੇ ਗੁਰਦੁਆਰੇ ਜਾਈਦਾ ਹੈ। ਜੇ ਗੁਰਦੁਆਰੇ ਹੀ ਮਾਇਆ ਬਿਆਪੇ, ਫੇਰ ਬਚਾਅ ਕਿਥੇ ? ਅੱਜ ਮਾਇਆ ਪਿੱਛੇ ਗੁਰਦੁਆਰਿਆਂ ਵਿਚ ਵਾਧੂ ਝਗੜੇ ਹਨ। ਭਾਈ ਸਾਹਿਬ ਕਥਨ ਕਰਦੇ ਹਨ :

**ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥** (ਅੰਗ ੧੧60)

**ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥**
**ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥**
(ਅੰਗ 643)

**ਮੋਹਨੀ ਮੋਹਿ ਲੀਏ ਤ੍ਰੈ ਗੁਨੀਆ॥ ਲੋਭਿ ਵਿਆਪੀ ਝੂਠੀ ਦੁਨੀਆ॥**
**ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ॥ ੧॥**
(ਅੰਗ ੧004)

ਧੰਨ ਪਰਮ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿਰੀਰਾਗੁ ਅੰਦਰ ਪਹਿਲਾ ਪ੍ਰਸ਼ਨ ਕੀਤਾ ਹੈ ਕਿ ਮਾਇਆ ਕਿਸ ਨੂੰ ਕਹਿੰਦੇ ਹਨ ਤੇ ਮਾਇਆ ਦਾ ਕਰਮ ਕੀ ਹੈ ਭਾਵ ਮਾਇਆ ਕੀ ਕਰਦੀ ਹੈ ? ਉੱਤਰ ਵਿਚ ਦੱਸਿਆ ਹੈ ਕਿ ਵਾਹਿਗੁਰੂ ਜੀ ਨੂੰ ਭੁੱਲ ਜਾਣਾ ਹੀ ਮਾਇਆ ਹੈ। ਹਉਮੈ ਦੇ ਸਹਿਤ ਜੀਵ ਕਰਮ ਕਰਦਾ ਹੈ, ਇਸ ਕਰ ਕੇ ਜੀਵ ਦੁੱਖ ਸੁੱਖ ਵਿਚ ਬੰਨ੍ਹਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗੁ ਵਿਚ ਮਾਇਆ ਦੇ ਕਰਮ ਬਾਰੇ ਵਿਸਥਾਰ ਸਹਿਤ ਇਸ ਤਰ੍ਹਾਂ ਦੱਸਿਆ ਹੈ :

**ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥**
**ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ ਹਮ ਆਈ ਵਸਗਤਿ ਗੁਰ ਪਰਸਾਦੇ॥ ੧॥**

**ਐਸਾ ਦੇਖਿ ਬਿਮੋਹਿਤ ਹੋਏ॥ ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਿਨ ਧ੍ਰੋਹੇ॥ ੧॥ ਰਹਾਉ॥**
**ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥ ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ॥**
**ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥ ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥ 2॥**
**ਤਪੁ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥**
**ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥ 3॥**
**ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥**
**ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ॥ 4॥**

(ਅੰਗ 370)

## ਸਾਖੀ—ਮਾਇਆ ਦਾ ਚਲਿੱਤ੍ਰ

ਇਕ ਸਮੇਂ ਮਾਇਆ ਇਸਤ੍ਰੀ ਰੂਪ ਧਾਰ ਕੇ ਹੱਥਾਂ ਵਿਚ ਸੰਗਲ ਤੇ ਜੇਵਰੀ ਲੈ ਕੇ ਜੰਗਲ ਵਿਚ ਆਈ ਤੇ ਇਕ ਤਪੱਸਵੀ ਨੂੰ ਮਿਲੀ। ਉਸ ਤਪੱਸਵੀ ਨੇ ਪੁੱਛਿਆ ਕਿ ਹੇ ਦੇਵੀ ! ਇਹ ਹੱਥ ਵਿਚ ਸੰਗਲ ਤੇ ਜੇਵਰੀਆਂ ਕਿਸ ਵਾਸਤੇ ਫੜੀਆਂ ਹੋਈਆਂ ਹਨ ? ਤਾਂ ਮਾਇਆ ਨੇ ਕਿਹਾ, ਹੇ ਤਪੱਸਵੀ ! ਜੋ ਆਪਣੇ ਆਪ ਨੂੰ ਬੜੇ ਬੜੇ ਮਹਾਤਮਾ ਤਪੱਸਵੀ ਅਖਵਾਉਂਦੇ ਹਨ, ਤਿਨ੍ਹਾਂ ਵਾਸਤੇ ਸੰਗਲ ਲਿਆਂਦੇ ਹਨ ਅਤੇ ਜੋ ਛੋਟੇ-ਛੋਟੇ ਸੰਤ ਹਨ, ਉਹਨਾਂ ਦੇ ਫਸਾਵਣੇ ਲਈ ਇਹ ਜੇਵਰੀਆਂ ਲਿਆਂਦੀਆਂ ਹਨ। ਤਾਂ ਤਪੱਸਵੀ ਨੇ ਕਿਹਾ, ਮੇਰੇ ਵਾਸਤੇ ਵੀ ਲਿਆਂਦਾ ਈ ? ਮਾਇਆ ਨੇ ਕਿਹਾ, ਤੇਰੇ ਜਿਹੇ ਟੱਟੂਆਂ ਵਾਸਤੇ ਮੈਂ ਕੀ ਲਿਆਉਣਾ ਸੀ, ਤੇਰੇ ਉਪਰ ਤਾਂ ਰੱਸੀ ਤੋਂ ਬਿਨਾਂ ਹੀ ਮੈਂ ਚੜ੍ਹ ਸਕਦੀ ਹਾਂ। ਤਪੱਸਵੀ ਨੇ ਕ੍ਰੋਧ ਨਾਲ ਆਪਣਾ ਚਿਮਟਾ ਬੜੇ ਜ਼ੋਰ ਨਾਲ ਮਾਇਆ ਦੇ ਮੱਥੇ ਪੁਰ ਮਾਰਿਆ ਤੇ ਕਹਿਣ ਲੱਗਾ, ਮੈਨੂੰ ੧੨ ਸਾਲ ਤਪੱਸਿਆ ਕਰਦੇ ਨੂੰ ਹੋਏ ਹਨ, ਤੂੰ ਮੈਨੂੰ ਕੈਸੇ ਛਲ ਸਕਦੀ ਹੈਂ ? ਤਦੋਂ ਮਾਇਆ ਉਸ ਵੇਲੇ ਤਾਂ ਗੁਪਤ ਹੋ ਗਈ, ਪ੍ਰੰਤੂ ਕੁਝ ਕੁ ਮਹੀਨਿਆਂ ਮਗਰੋਂ ਮਾਇਆ ਸੁੰਦਰ ਲੜਕੀ ਦਾ ਰੂਪ ਧਾਰ ਕੇ ਰਾਤ ਵੇਲੇ ਤਪੱਸਵੀ ਦੀ ਕੁਟੀਆ ਪਾਸ ਆ ਕੇ ਰੋਵਣ ਲੱਗੀ। ਤਪੱਸਵੀ ਜੀ ਕੁਟੀਆ ਤੋਂ ਬਾਹਰ ਨਿਕਲ ਕੇ ਕਹਿਣ ਲੱਗੇ, ਦੇਵੀ ! ਤੂੰ ਕੌਣ ਹੈਂ ਤੇ ਕਿਉਂ ਰੁਦਨ ਕਰਦੀ ਹੈਂ ? ਮਾਇਆ ਨੇ ਕਿਹਾ, ਜੀ ਮੈਂ ਆਪਣੇ ਮਾਤਾ ਪਿਤਾ ਦੇ ਨਾਲ ਆਪਣੇ ਨਾਨਕਿਆਂ ਦੇ ਨਗਰ ਜਾ ਰਹੀ ਸਾਂ। ਮੇਰੇ ਮਾਤਾ ਪਿਤਾ ਅੱਗੇ ਨਿਕਲ ਗਏ ਹਨ ਤੇ ਮੈਂ ਇਕੱਲੀ ਰਹਿ ਗਈ ਹਾਂ। ਮੈਂ ਸੁਣਿਆ ਹੋਇਆ ਹੈ ਕਿ ਸੰਤ ਮਹਾਤਮਾ ਦਇਆਵਾਨ ਹੁੰਦੇ ਹਨ। ਆਪ ਕਿਰਪਾ ਕਰ ਕੇ ਮੈਨੂੰ ਨਾਨਕੇ ਪਹੁੰਚਾ ਦੇਵੋ। ਤਪੱਸਵੀ ਦੇ ਮਨ ਵਿਚ ਦਇਆ ਆ ਗਈ ਅਤੇ ਉਸ ਲੜਕੀ ਨੂੰ ਨਾਲ ਲੈ ਕੇ ਤੁਰ ਪਿਆ। ਰਸਤੇ ਵਿਚ ਮਾਇਆ ਕਹਿਣ ਲੱਗੀ, ਆਪ ਮੇਰੀ ਉਂਗਲੀ ਪਕੜ ਲਵੋ, ਕਿਉਂਕਿ ਇਸ ਜੰਗਲ ਵਿਚ ਗਿੱਦੜ ਆਦਿ ਬੋਲਦੇ ਹਨ ਤੇ ਮੈਨੂੰ ਬੜਾ ਡਰ ਲੱਗਦਾ ਹੈ ਤਾਂ ਤਪੱਸਵੀ ਨੇ ਉਂਗਲੀ ਪਕੜ ਲੀਤੀ। ਜਿਸ ਵੇਲੇ ਅੱਗੇ ਗਏ ਤਾਂ ਮਾਇਆ ਨੇ ਆਪਣੀ ਸ਼ਕਤੀ ਨਾਲ ਇਕ ਨਦੀ ਰਚ ਲੀਤੀ। ਮਾਇਆ ਨੇ ਕਿਹਾ, ਮੈਂ ਨਦੀ ਵਿਚ ਡੁੱਬ

ਜਾਵਾਂਗੀ। ਮੈਨੂੰ ਆਪ ਚੁੱਕ ਕੇ ਪਾਰ ਲੰਘਾ ਦੇਵੋ ਤਾਂ ਤਪੱਸਵੀ ਦੇ ਮਨ ਵਿਚ ਦਇਆ ਆ ਗਈ। ਮਾਇਆ ਨੂੰ ਮੌਢਿਆਂ ਪਰ ਚੁੱਕ ਲੀਤਾ। ਜਲ ਡੂੰਘਾ ਸੀ। ਜਦ ਨਦੀ ਦੇ ਵਿਚਕਾਰ ਗਏ ਤਾਂ ਮਾਇਆ ਤਪੱਸਵੀ ਨੂੰ ਅੱਡੀਆਂ ਮਾਰਦੀ ਹੋਈ ਟੱਟੂ ਦੀ ਤਰ੍ਹਾਂ ਪ੍ਰੇਰਣ ਲੱਗੀ ਅਤੇ ਮੁਖ ਤੋਂ ਕਿਹਾ, ਦੇਖ ਤਪੱਸਵੀ, ਤੈਨੂੰ ਮੈਂ ਸੰਗਲ ਤੇ ਜੇਵਰੀ ਤੋਂ ਬਿਨਾਂ ਟੱਟੂ ਬਣਾ ਲਿਆ ਹੈ। ਤਪੱਸਵੀ ਨੇ ਉਸੇ ਵੇਲੇ ਮਾਇਆ ਨੂੰ ਥੱਲੇ ਸਿੱਟ ਦਿੱਤਾ। ਉਸ ਵੇਲੇ ਨਾ ਹੀ ਮਾਇਆ ਰਹੀ ਤੇ ਨਾ ਹੀ ਨਦੀ ਰਹੀ। ਤਪੱਸਵੀ ਅਸਚਰਜ ਹੋ ਕੇ ਸੋਚੀਂ ਪੈ ਗਿਆ ਕਿ ਇਹ ਕੀ ਹੋ ਗਿਆ।

**ਸੂਹੀ ਮਹਲਾ 5 ॥ ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ॥ ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ॥ ੧ ॥ ਰਹਾਉ॥ ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ॥ ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ॥੧ ॥ ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ॥ ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ॥ 2 ॥ 3 ॥ 43 ॥**

ਪਦ ਅਰਥ :- ਜਿਨਿ=ਜਿਸ (ਮਾਇਆ) ਨੇ। ਮੋਹੇ=ਮੋਹ ਲਏ ਹਨ। ਬ੍ਰਹਮੰਡ=ਸਾਰੀ ਸ੍ਰਿਸ਼ਟੀ। ਖੰਡ=ਸਾਰੇ ਦੇਸ਼। ਤਾਹੂ ਮਹਿ=ਉਸੇ ਵਿਚ ਹੀ। ਪਾਉ=ਮੈਂ ਪੈ ਰਿਹਾ ਹਾਂ। ਬਿਖਈ=ਵਿਕਾਰੀ।੧। ਰਹਾਉ। ਜਾ ਤੇ=ਜਿਸ (ਮਾਇਆ ਪਾਸੋਂ। ਜਾਉ=ਜਾਉਂ, ਮੈਂ ਜਾਂਦਾ ਹਾਂ। ਲਪਟਾਉ=ਲਪਟਾਉਂ।੧। ਕਰੁਣਾ=ਤਰਸ। ਕਰੁਣਾਪਤੇ=ਹੇ ਤਰਸ ਦੇ ਮਾਲਕ ! ਗਾਉ=ਗਾਉਂ। ਸਮਾਉ=ਸਮਾਉਂ, ਮੈਂ ਲੀਨ ਰਹਾਂ।੨।

ਅਰਥ :- (ਹੇ ਪੂਰਨ ਪ੍ਰਭੂ ਪ੍ਰਮਾਤਮਾ ਜੀ !) (ਮਾਇਆ) ਨੇ (ਸਾਰੀ) ਸ੍ਰਿਸ਼ਟੀ, ਸਾਰੇ ਧਰਤੀ ਦੇ ਹਿੱਸੇ (ਸਾਰੇ ਦੇਸ਼) ਮੋਹ ਲਏ ਹਨ, (ਅਤੇ ਮੈਂ ਭੀ) ਉਸੇ (ਮਾਇਆ) ਵਿਚ ਪੈ (ਭਾਵ ਫਸ) ਰਿਹਾ ਹਾਂ। (ਹੇ ਵਾਹਿਗੁਰੂ ! ਮੈਨੂੰ) ਆਪਣਾ ਨਾਮ ਬਖ਼ਸ਼ੋ, ਮੈਨੂੰ ਇਸ ਵਿਕਾਰੀ ਜੀਵ ਨੂੰ (ਮਾਇਆ ਤੋਂ) ਬਚਾਅ ਲਵੋ।੧। ਰਹਾਉ। (ਹੇ ਪ੍ਰਭੂ !) ਜਿਸ ਮਾਇਆ ਤੋਂ ਕੋਈ (ਜੀਵ) ਸੁਖੀ ਨਹੀਂ, (ਮੈਂ) ਉਸ (ਮਾਇਆ) ਦੇ ਪਿੱਛੇ ਜਾਂਦਾ ਹਾਂ। ਜੋ (ਮਾਇਕੀ ਪਦਾਰਥ) ਸਾਰਿਆਂ ਨੂੰ ਛੱਡ ਜਾਂਦੇ ਹਨ, (ਮੈਂ) ਮੁੜ-ਮੁੜ ਉਨ੍ਹਾਂ ਨਾਲ ਹੀ ਚਿੰਬੜ ਰਿਹਾ ਹਾਂ।੧। ਹੇ ਕਰੁਣਾਪਤੇ= ਦਇਆ ਦੇ ਮਾਲਕ ! (ਮੇਰੇ 'ਤੇ) ਮਿਹਰ ਕਰੋ, (ਤਾਂ ਜੋ) ਹੇ ਹਰੀ ! (ਮੈਂ) ਤੇਰੇ ਗੁਣ ਗਾਉਂਦਾ ਰਹਾਂ। ਹੇ ਪ੍ਰਭੂ ! ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੇਰੀ ਤਾਂ ਤੇਰੇ ਪਾਸ ਇਹ ਬੇਨਤੀ (ਹੈ ਕਿ ਮੈਂ) ਸਾਧ ਸੰਗਤ ਵਿਚ ਸਮਾਅ ਜਾਵਾਂ।੨।੩।੪੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧36 (ਆਦਿ ਅੰਗ 746)

## ਰਾਗੁ ਸੂਹੀ ਮਹਲਾ 5 ਘਰੁ 5 ਪੜਤਾਲ

## ੴ ਸਤਿਗੁਰ ਪ੍ਰਸਾਦਿ ॥

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥ ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ਰਹਾਉ॥ ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿੰਨ ਕਰੀਆ॥ ਵਿਚਿ ਮਨ ਕੋਟਵਰੀਆ॥ ਨਿਜ ਮੰਦਰਿ ਪਿਰੀਆ॥ ਤਹਾ ਆਨਦ ਕਰੀਆ॥ ਨਹ ਮਰੀਆ ਨਹ ਜਰੀਆ॥੧॥ ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ॥ ਬਿਖਨਾ ਘਿਰੀਆ॥ ਅਬ ਸਾਧੂ ਸੰਗਿ ਪਰੀਆ॥ ਹਰਿ ਦੁਆਰੈ ਖਰੀਆ॥ ਦਰਸਨੁ ਕਰੀਆ॥ ਨਾਨਕ ਗੁਰ ਮਿਰੀਆ॥ ਬਹੁਰਿ ਨ ਫਿਰੀਆ॥ 2 ॥੧॥ 44 ॥

# ਪ੍ਰਾਕ੍ਥਨ :

ਇਹ ਸ਼ਬਦ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੈ। ਸ਼ਬਦ ਦੇ ਆਦਿ ਵਿਚ ਪੜਤਾਲ ਆਇਆ ਹੈ ਜਿਸ ਦਾ ਭਾਵ ਹੈ, ਜਿਸ ਦੇ ਗਾਉਣ ਵਿਚ ਤੁਕ-ਤੁਕ 'ਤੇ ਤਾਲ ਪਰਤਦਾ ਜਾਂਦਾ ਹੋਵੇ ਸੋ ਕਹੀਏ ਪੜਤਾਲ।

## ਵਿਸ਼ਾ — ਪ੍ਰੀਤਿ ਪ੍ਰੀਤਿ ਗੁਰੀਆ

ਅਕਾਲ ਪੁਰਖ ਵਾਹਿਗੁਰੂ ਜੀ ਦੀਆਂ ਦਾਤਾਂ ਵਿਚੋਂ ਪ੍ਰੇਮ ਇਕ ਉਸ ਦੀ ਮਹਾਨ ਦੇਣ ਹੈ। ਰੱਬੀ ਗੁਣਾਂ ਵਿਚੋਂ ਪ੍ਰੇਮ ਸ਼੍ਰੋਮਣੀ ਹੈ। ਜਿਸ ਤਰ੍ਹਾਂ ਬਰਾਤ ਲਾੜੇ ਤੋਂ ਬਿਨਾਂ ਸੋਭਦੀ ਨਹੀਂ, ਇਸੇ ਤਰ੍ਹਾਂ ਹਰੇਕ ਕਰਮ ਪ੍ਰੇਮ ਤੋਂ ਬਿਨਾਂ ਫਿੱਕਾ ਹੈ। ਪ੍ਰੇਮ ਕਰ ਕੇ ਪ੍ਰਮੇਸ਼ਰ ਵੱਲ ਚਲਿਆ ਹਰ ਕਦਮ ਸਫਲਾ ਹੁੰਦਾ ਹੈ। ਪ੍ਰੇਮ ਕੋਈ ਗੁਣ ਨਹੀਂ, ਸਗੋਂ ਆਂਤ੍ਰਿਕ ਅਵਸਥਾ ਹੈ। ਗੁਣ ਤਾਂ ਸਿੱਖਿਆ ਜਾ ਸਕਦਾ ਹੈ, ਪਰ ਪ੍ਰੇਮ ਤਾਂ ਸਿਰਫ਼ ਗੁਰੂ ਦੀ ਬਖ਼ਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਜਿਸ ਨੂੰ ਉਹ ਪ੍ਰਾਪਤ ਹੋ ਗਿਆ, ਉਹ ਆਤਮਿਕ ਰਸ ਨਾਲ ਤ੍ਰਿਪਤ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਪਵਿੱਤਰ ਬਚਨ ਹਨ :

**ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥**

(ਬਾਰਹਮਾਹਾ, ਅੰਗ ੧35)

ਇਸ ਲਈ ਅੱਜ ਤੱਕ ਭਾਵੇਂ ਪ੍ਰੇਮ ਬਾਰੇ ਬੜਾ ਹੀ ਕੁਝ ਲਿਖਿਆ ਜਾ ਚੁੱਕਿਆ ਹੈ ਤੇ ਪ੍ਰੇਮ ਦੀਆਂ ਕਹਾਣੀਆਂ ਦਾ ਅੰਤ ਨਹੀਂ ਆਉਂਦਾ, ਪਰ ਪ੍ਰੇਮ ਦਾ ਸਾਰਾ ਝੁਕਾਉ ਈਸ਼ਵਰ ਦੀ ਅਰਾਧਨਾ ਵੱਲ ਹੀ ਹੈ। ਭਾਵੇਂ ਈਸ਼ਵਰ ਨਿਰਾਕਾਰ ਹੋਵੇ, ਭਾਵੇਂ ਸਾਕਾਰ ਰੂਪ ਵਿਚ ਹੋਵੇ, ਈਸ਼ਵਰ ਨਾਲ ਪ੍ਰੇਮ ਕਰੋ। ਪ੍ਰੇਮਾ-ਭਗਤੀ ਕਰੋ। ਪ੍ਰੇਮਾ-ਭਗਤੀ ਦੇ ਮਾਰਗ ਨੂੰ ਬਿਹੰਗ ਮਾਰਗ ਕਿਹਾ ਹੈ। ਜਿਸ ਤਰ੍ਹਾਂ ਪੰਛੀ ਛੇਤੀ ਨਾਲ ਆਪਣੀ ਮੰਜ਼ਿਲ 'ਤੇ ਜਾ ਪੁੱਜਦਾ ਹੈ, ਇਸੇ ਤਰ੍ਹਾਂ ਪ੍ਰੇਮੀ, ਪ੍ਰੇਮਾ-ਭਗਤੀ ਦੇ ਪਰਾਂ ਨਾਲ ਕਰਮ-ਕਾਂਡੀ ਤੋਂ ਪਹਿਲਾਂ ਹੀ ਆਪਣੇ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਮੰਜ਼ਿਲ 'ਤੇ ਜਾ ਪੁੱਜਦਾ ਹੈ। ਕਰਮ-ਕਾਂਡੀ ਮਾਰਗ ਨੂੰ ਕੀਟੀ ਮਾਰਗ ਕਿਹਾ ਗਿਆ ਹੈ, ਜਿਸ ਤਰ੍ਹਾਂ ਕੀੜੀ ਨੂੰ ਦਰੱਖ਼ਤ ਦੀ ਜੜ੍ਹ ਤੋਂ ਟਾਹਣੀਆਂ ਪੱਤਿਆਂ ਰਾਹੀਂ ਸਿਖਰ 'ਤੇ ਪਹੁੰਚਣਾ ਬੜਾ ਮੁਸ਼ਕਲ ਹੈ। ਪੰਛੀ ਉਡਾਰੀ ਮਾਰ ਕੇ ਦਰੱਖ਼ਤ ਦੇ ਸਿਖਰ ਜਾ ਪੁੱਜਦਾ ਹੈ। ਇਸ ਕਰ ਕੇ ਪ੍ਰੇਮ ਨੂੰ ਇਕ ਬਿਹੰਗ ਮਾਰਗ ਦੱਸਿਆ ਹੈ।

ਭਾਈ ਨੰਦ ਲਾਲ ਜੀ ਪ੍ਰੇਮ ਦੀ ਜਾਚਨਾ ਕਰਦੇ ਹਨ :

**ਦਰ ਦਿਲਿ ਗੋਯਾ ਹਵਾਇ ਸ਼ੌਕ ਬਖ਼ਸ਼।**
**ਬਰ ਜ਼ੁਬਾਨਸ ਜੋਗ ਇ ਅਜ਼ ਜੌਕ ਬਖ਼ਸ਼॥ 507॥**

(ਭਾ: ਨੰਦ ਲਾਲ ਗ੍ਰੰਥਾਵਲੀ, ਕ੍ਰਿਤ ਡਾ: ਗੰਡਾ ਸਿੰਘ, ਅੰਗ ੧36)

ਅਰਥ :- ਹੇ ਅਕਾਲ ਪੁਰਖ ! ਗੋਯਾ ਦੇ ਦਿਲ ਵਿਚ ਪ੍ਰੇਮ ਦੀ ਚਾਹ ਬਖ਼ਸ਼, ਗੋਯਾ ਦੀ ਜੀਭ ਪੁਰ ਆਪਣੇ ਚਾਉ ਦਾ ਇਕ ਕਿਣਕਾ ਬਖ਼ਸ਼।

**ਤਾਂ ਨਾ ਬਾਸ਼ਦ ਵਿਰਦਿ ਆਂ ਜੁਜ਼ ਯਾਦ ਹੱਕ।**
**ਤਾਂ ਨ ਖ਼ਾਨਦ ਗ਼ੈਰ ਹੱਕ ਦੀਗਰ ਸਬਕ॥ 508॥**

ਤਾਂ ਜੋ ਰੱਬ ਦੀ ਯਾਦ ਤੋਂ ਛੁੱਟ ਹੋਰ ਦੂਜਾ ਸਿਮਰਨ ਨਾ ਕਰੇ, ਤਾਂ ਜੋ ਰੱਬ ਦੇ ਪ੍ਰੇਮ ਤੋਂ ਬਿਨਾਂ ਹੋਰ ਦੂਜਾ ਕੋਈ ਸਬਕ ਨਾ ਪੜ੍ਹੇ।

**ਐ ਜੁਰੇ ਦਿਲ ਕਾਦਰੋ ਸੌਕਰ ਬਵਦ। ਦਰ ਹਕੀਕਤ ਸਾਹਿਬ ਯੌਕਸ ਬਵਦ।**

ਅਦਭੁੱਤ ਹੈ ਉਹ ਮਨ ਜੋ ਉਸ ਦੇ ਪ੍ਰੇਮ ਵਿਚ ਮਗਨ ਹੈ, ਪਰ ਜੇ ਵਾਸਤਵ ਵਿਚ ਉਸ ਵਾਹਿਗੁਰੂ ਜੀ ਦਾ ਪ੍ਰੇਮੀ ਹੋਵੇ।

**ਇਸ਼ਕੇ ਮੌਲਾ ਮਰ ਤੁਰਾ ਮੌਲਾ ਕੁਨਦ। ਦਰਦੋ ਆਲਮ ਬਿਹਤਰ ਮੌਲਾ ਕੁਨਦ।**

ਅਕਾਲ ਪੁਰਖ ਦਾ ਪ੍ਰੇਮ ਤੈਨੂੰ ਉਸ ਦਾ ਸਰੂਪ ਹੀ ਕਰ ਦੇਵੇਗਾ, ਦੋਹਾਂ ਲੋਕਾਂ ਵਿਚ ਸ੍ਰੇਸ਼ਟ ਅਤੇ ਸ਼੍ਰੋਮਣੀ ਬਣਾ ਦੇਵੇਗਾ।

ਪ੍ਰਭੂ ਦੇ ਪਿਆਰਿਆਂ ਦੀ ਜੀਵਨ-ਜੁਗਤੀ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ। ਉਹ ਬਿਖਮ ਪੈਂਡਿਆਂ ਦੇ ਪਾਂਧੀ ਹੁੰਦੇ ਹਨ। ਲੋਭ, ਲਾਲਚ, ਅਹੰਕਾਰ, ਦੁਨਿਆਵੀ ਵਾਸ਼ਨਾਵਾਂ ਤੋਂ ਅਭਿੱਜ ਰਹਿੰਦੇ ਹਨ। ਇਸ ਵਿਚ ਕੋਈ ਸੰਦੇਹ ਵਾਲੀ ਗੱਲ ਨਹੀਂ ਕਿ ਇਹ ਤਾਂ ਖੰਡੇ ਦੀ ਤਿੱਖੀ ਧਾਰ, ਜੋ ਵਾਲ ਨਾਲੋਂ ਵੀ ਬਰੀਕ ਹੈ, ਉਸ 'ਤੇ ਚੱਲਣ ਵਾਲੀ ਗੱਲ ਹੈ। ਦੁਨਿਆਵੀ ਵਾਸ਼ਨਾਵਾਂ ਵਿਚ ਫਸ ਕੇ ਆਮ ਪ੍ਰਾਣੀ ਦਾ ਮਨ ਕਿਸੇ ਵੇਲੇ ਵੀ ਡੋਲ ਸਕਦਾ ਹੈ, ਪਰ ਜਿਨ੍ਹਾਂ ਨੇ ਆਪਣੀ ਡੋਰੀ ਪ੍ਰਭੂ 'ਤੇ ਛੱਡੀ ਹੋਈ ਹੈ, ਉਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਗੁਰੂ ਦੀ ਕਿਰਪਾ ਨਾਲ ਸੁਭਾਵਕ ਹੀ ਖ਼ਤਮ ਹੋ ਜਾਂਦੀਆਂ ਹਨ :

**ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥**
**ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥**

(ਅੰਗ 794)

ਪ੍ਰੇਮ ਤੋਂ ਭਾਵ ਹੈ ਪਿਆਰ ਸਨੇਹ, ਨੇਕੀ ਸੱਚ ਆਦਿ। ਦੁਨਿਆਵੀ ਅਤੇ ਅਧਿਆਤਮਿਕ ਪੱਖ ਤੋਂ ਇਹ ਸਭ ਤੋਂ ਉੱਤਮ ਮਾਰਗ ਹੈ। ਇਹ ਬਿਖਮ ਅਤੇ ਕਠਿਨ ਮਾਰਗ ਹੈ, ਜਿਸ 'ਤੇ ਆਮ ਮਨੁੱਖ ਨਹੀਂ ਚੱਲ ਸਕਦਾ। ਸੁੱਖ, ਦੁੱਖ, ਭੁੱਖ, ਤ੍ਰਿਸ਼ਨਾਵਾਂ ਨੂੰ ਤਿਆਗ ਕੇ ਹੀ ਇਸ ਮਾਰਗ ਦੇ ਪਾਂਧੀ ਬਣਿਆ ਜਾ ਸਕਦਾ ਹੈ। ਇਥੇ ਹਰ ਅਵਸਥਾ ਵਿਚ ਸਾਧਕ ਪ੍ਰਭੂ ਦੀ ਰਜ਼ਾ ਜਾਂ ਭਾਣੇ ਵਿਚ ਰਹਿੰਦਾ ਹੋਇਆ ਆਪਣਾ ਤਨ, ਮਨ ਭਾਵ ਸਭ ਕੁਝ ਪਿਆਰੇ ਪ੍ਰਭੂ ਤੋਂ ਨਿਛਾਵਰ ਕਰ ਦਿੰਦਾ ਹੈ। ਭਾਵੇਂ ਸਰੀਰ ਦੇ ਟੋਟੇ ਟੋਟੇ ਕਿਉਂ ਨਾ ਕਰ ਦਿੱਤੇ ਜਾਣ, ਜਿਸ ਤਰ੍ਹਾਂ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕੱਟਿਆ ਗਿਆ ਅਤੇ ਸ਼ਾਹਬਾਜ਼ ਸਿੰਘ ਤੇ ਸੁਬੇਗ

ਸਿੰਘ ਜੀ ਨੂੰ ਚਰਖੜੀਆਂ 'ਤੇ ਚਾੜ੍ਹ ਦਿੱਤਾ ਤਾਂ ਵੀ ਇਨ੍ਹਾਂ ਦਾ ਦਿਲ ਨਹੀਂ ਡੋਲਿਆ ਸੀ। ਐਸੇ ਗੁਰਸਿੱਖ ਸੇਵਕ ਦੀ ਲਿਵ ਪ੍ਰਭੂ ਚਰਨਾਂ ਵਿਚ ਹੀ ਇਕਸਾਰ ਜੁੜੀ ਰਹਿੰਦੀ ਹੈ :

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ 2 ॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ 3 ॥**
**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ 4 ॥**
**ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ 5 ॥**
**ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ 6 ॥**

(ਅੰਗ 757)

ਤੀਸਰੇ ਗੁਰਦੇਵ ਗੁਰੂ ਅਮਰਦਾਸ ਜੀ ਨੇ ਪ੍ਰੇਮਾ ਭਗਤੀ ਵਿਚ ਭਿੱਜੇ ਭਗਤਾਂ ਦੀ ਚਾਲ ਨਿਰਾਲੀ ਕਥਨ ਕੀਤੀ ਹੈ :

**ਭਗਤਾ ਕੀ ਚਾਲ ਨਿਰਾਲੀ॥**
**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**
**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥**
**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥**
**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥ ੧੪ ॥**

(ਅੰਗ ੯੧੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੜੇ ਸੁੰਦਰ ਬਚਨ ਹਨ। ਦਸਮੇਸ਼ ਜੀ ਆਖਦੇ ਹਨ ਕਿ ਮੈਂ ਸੱਚ ਆਖਦਾ ਹਾਂ, ਸਾਰੇ ਧਿਆਨ ਸਹਿਤ ਸੁਣੋ। ਜਿਸ ਮਨੁੱਖ ਨੇ ਕਰਮ-ਕਾਂਡ ਅਤੇ ਵਿਸ਼ੇ ਭੋਗਾਂ ਦਾ ਰਾਹ ਛੱਡ ਕੇ ਪ੍ਰਭੂ ਨਾਲ ਪ੍ਰੇਮ ਕੀਤਾ, ਕੇਵਲ ਉਸ ਨੇ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ।

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ ਲੋਕ ਗਯੋ ਪਰਲੋਕ ਗਵਾਇਓ॥**
**ਬਾਸੁ ਕੀਓ ਬਿਖਿਆਨ ਸੋਂ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ॥**
**ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ 9 ॥**

(ਤ੍ਵਪ੍ਰਸਾਦਿ ਸ੍ਵਯੇ ਪਾ: ੧੦)

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਰਮ-ਕਾਂਡ ਦਾ ਖੰਡਨ ਕਰਦਿਆਂ ਫ਼ੁਰਮਾਉਂਦੇ ਹਨ ਕਿ ਐ ਮਨੁੱਖ ! ਕੀ ਹੋਇਆ ਜੇਕਰ ਤੂੰ ਦੋਵੇਂ ਅੱਖਾਂ ਮੀਟ ਕੇ, ਬਗਲ-ਸਮਾਧੀ ਲਾ ਕੇ (ਚਿਰੰਕਾਲ) ਬੈਠ

ਰਿਹਾ। ਜੇਕਰ ਕੋਈ ਮਨੁੱਖ ਸੱਤਾਂ ਸਮੁੰਦਰਾਂ ਤੱਕ ਭਾਵ ਸਾਰੀ ਪ੍ਰਿਥਵੀ ਦੇ (ਤੀਰਥਾਂ 'ਤੇ) ਇਸ਼ਨਾਨ ਕਰਦਾ ਫਿਰਿਆ ਤਾਂ ਕੀ ਹੋਇਆ। ਅਜਿਹੇ ਮਨੁੱਖ ਦਾ ਇਹ ਲੋਕ ਤਾਂ ਕਰਮ-ਕਾਂਡਾਂ ਵਿਚ ਰੁੱਝ ਕੇ ਵਿਅਰਥ ਗਿਆ ਤੇ ਉਸ ਨੇ ਸਿਮਰਨ ਭਜਨ ਤੋਂ ਖੁੰਝ ਕੇ ਪ੍ਰਲੋਕ ਵੀ ਗਵਾ ਲਿਆ। ਹਜ਼ੂਰ ਕਹਿੰਦੇ ਹਨ, ਮੈਂ ਸੱਚ ਕਹਿੰਦਾ ਹਾਂ, ਸਾਰੇ ਸੁਣ ਲਉ। ਜਿਸ ਨੇ ਵੀ (ਪ੍ਰਭੂ) ਨਾਲ ਪ੍ਰੇਮ ਕੀਤਾ ਹੈ, ਉਸ ਨੇ ਪਰਮਾਤਮਾ ਨੂੰ ਪਾਇਆ ਹੈ।

ਭਾਈ ਗੁਰਦਾਸ ਜੀ ਨੇ ਗੁਰਸਿੱਖ ਦੀ ਗੁਰੂ ਨਾਲ ਪ੍ਰੀਤੀ ਦਾ ਕਥਨ ਕਰਦਿਆਂ ਆਪਣੀਆਂ ਵਾਰਾਂ ਵਿਚ ਇਹ ਦੁਨਿਆਵੀ ਪ੍ਰੀਤੀਆਂ ਦਾ ਕੁਝ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

**ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।**
**ਚਕਵੀ ਸੂਰਜ ਹੇਤ ਹੈ, ਮਿਲਿ ਹੋਨਿ ਸੁਖਾਲੇ।**
**ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।**
**ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।**
**ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।**
**ਪੀਰ ਮੁਰੀਦਾ ਪਿਰਹੜੀ ਓਹੁ ਨਿਭਹੈ ਨਾਲੇ॥ 4॥**

(ਵਾਰ 27, ਪਉੜੀ 4)

ਧਾਰਮਿਕ ਗ੍ਰੰਥਾਂ ਦੇ ਅੰਦਰ ਆਤਮਕ ਮਾਰਗ ਦੇ ਪਾਂਧੀਆਂ ਤੇ ਪ੍ਰਭੂ ਦੀ ਭਗਤੀ ਕਰਨ ਵਾਲਿਆਂ ਦਾ ਜਿੱਥੇ ਜ਼ਿਕਰ ਆਉਂਦਾ ਹੈ, ਉਥੇ ਪ੍ਰਭੂ ਦੀ ਭਗਤੀ ਵੀ ਨੌਂ ਪ੍ਰਕਾਰ ਦੀ ਕਥਨ ਕੀਤੀ ਹੈ :

**ਸ੍ਰਵਣ ਸਿਮਰਨ, ਕੀਰਤਨ, ਪਾਦਸੇਵ ਅਰਚਾਨ।**
**ਦਾਸਾਂ ਸਖਪਣ ਬੰਦਨਾ ਸਰਬ ਨਿਬੇਦਨ ਜਾਣ।**

ਗੁਰਬਾਣੀ ਦਾ ਵੀ ਫ਼ੁਰਮਾਨ ਹੈ—ਭਗਤ ਨਵੈ ਪ੍ਰਕਾਰਾ। ਜਿੱਥੇ ੯ ਤਰ੍ਹਾਂ ਦੀ ਭਗਤੀ ਹੈ, ਉਥੇ ਇਹ ੯ ਪ੍ਰਕਾਰ ਦੀ ਭਗਤੀ ਨਾਲੋਂ ਉੱਤਮ ਇਕ ਪ੍ਰੇਮਾ ਭਗਤੀ ਵੀ ਹੈ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਭੀ ਕੀਤਾ ਹੈ :

**ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।**
**ਸੂਰਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।**

(ਵਾਰ 7, ਪਉੜੀ ੧੭)

**ਅਥਵਾ : ਨਉ ਭਗਤੀ ਨਉ ਭਗਤਿ ਕਰਿ ਗੁਰਮੁਖਿ ਪ੍ਰੇਮ ਭਗਤਿ ਲਿਵਲਾਈ।**
**ਨਉ ਗ੍ਰਿਹ ਸਾਧ ਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।**

(ਵਾਰ 7, ਪਉੜੀ 9)

ਐਸੀ ਪ੍ਰੇਮਾ ਭਗਤੀ ਕਰਨ ਵਾਲੇ ਬੇਅੰਤ ਸੰਤ, ਭਗਤ, ਗੁਰਸਿੱਖ ਹੋਏ ਹਨ। ਜਿੱਥੇ ਭਗਤ ਸੈਣਿ ਜੀ ਦਾ ਜ਼ਿਕਰ ਆਉਂਦਾ ਹੈ :

**ਪ੍ਰੇਮ ਭਗਤਿ ਰਾਤੀ ਕਰੈ ਭੁਲਕੇ ਰਾਜ ਦੁਆਰੈ ਜਾਈ॥**

(ਵਾਰ ੧0, ਪਉੜੀ ੧6)

ਉਥੇ ਭਾਈ ਗੁਰਦਾਸ ਜੀ ਨੇ ਭਗਤ ਜੈਦੇਵ ਜੀ ਜਿਨ੍ਹਾਂ ਦੇ ਸੰਬੰਧ ਵਿਚ ਗੁਰਬਾਣੀ ਦਾ ਫ਼ੁਰਮਾਨ ਹੈ :

''ਜੈਦੇਵ ਤਿਆਗਿਓ ਅਹੰਮੇਵ'' ਇਹਨਾਂ ਨੂੰ ਵੀ ਪ੍ਰੇਮਾ ਭਗਤੀ ਵਿਚ ਲੱਗਿਆ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਦਰਸਾਇਆ ਹੈ :

**ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋੁਵਿੰਦ ਸਹਜ ਧੁਨਿ ਗਾਵੈ।**<br>
**ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।**<br>
**ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।**<br>
**ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।**<br>
**ਅਖਰ ਪੜ੍ਹਿ ਪਰਤੀਤਿ ਕਰਿ ਹੋੁਇ ਵਿਸਮਾਦੁ ਨ ਅੰਗਿ ਸਮਾਵੈ।**<br>
**ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।**<br>
**ਗੀਤ ਗੋੁਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।**<br>
**ਭਗਤਿ ਹੇਤਿ ਪਰਗਾਸੁ ਕਰਿ ਹੋੁਇ ਦਇਆਲੁ ਮਿਲੈ ਗਲਿ ਲਾਵੈ।**<br>
**ਸੰਤ ਅਨੰਤ ਨ ਭੇਦੁ ਗਣਾਵੈ॥ ੧0॥** (ਵਾਰ ੧0, ਪਉੜੀ ੧0)

ਐਸੇ ਸੱਚੇ ਪ੍ਰਭੂ ਦੇ ਪ੍ਰੇਮ ਤੋਂ ਵਾਂਝਿਆਂ ਕਪਟ ਵਾਲੇ ਪ੍ਰੇਮ ਨੂੰ ਭਾਈ ਗੁਰਦਾਸ ਜੀ ਨੇ ਇਕ ਕਬਿੱਤ ਵਿਚ ਲਾਹਨਤ ਪਾਈ ਹੈ ਅਤੇ ਦੁਨਿਆਵੀ ਪ੍ਰੀਤੀ ਦਾ ਜ਼ਿਕਰ ਕਰ ਕੇ ਆਪ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ :

**ਪ੍ਰੇਮ ਰਸ ਬਸਿ ਹੁਇ ਪਤੰਗ ਸੰਗਮ ਨ ਜਾਨੈ,**<br>
**ਬਿਰਹ ਬਿਛੋਹ ਮੀਨ ਹੋਇ ਨ ਮਰਿ ਜਾਨੇ ਹੈ॥**<br>
**ਦਰਸ ਧਿਆਨ ਜੋਤਿ ਮੈ, ਨ ਹੁਇ ਜੋਤੀ ਸਰੂਪ,**<br>
**ਚਰਨ ਬਿਮੁਖ ਹੋਇ, ਪ੍ਰਾਨ ਠਹਿਰਾਨੇ ਹੈ॥**<br>
**ਮਿਲਿ ਬਿਛਰਤ ਗਤਿ ਪ੍ਰੇਮ ਨ ਬਿਰਹ ਜਾਨੀ,**<br>
**ਮੀਨ ਅਉ ਪਤੰਗ ਮੋਹਿ ਦੇਖਤ ਲਜਾਨੇ ਹੈ॥**<br>
**ਮਾਨਸ ਜਨਮੁ ਧ੍ਰਿਗੁ, ਧੰਨੁ ਹੈ ਤ੍ਰਿਗਦ ਜੋਨਿ,**<br>
**ਕਪਟ ਸਨੇਹ ਦੇਹ, ਨਰਕ ਨ ਮਾਨੇ ਹੈ॥ ੧4॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਪਰ ਪ੍ਰਭੂ ਦੇ ਸੱਚੇ ਪ੍ਰੇਮ ਵਿਚ ਜੋ ਗੁਰਮੁਖਿ ਭਿੱਜਿਆ ਹੋਇਆ ਹੈ, ਐਸੇ ਪ੍ਰੇਮਾ ਭਗਤੀ ਪਰਾਇਣ

ਗੁਰਮੁਖਿ ਦੇ ਸੰਬੰਧ ਵਿਚ ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰੇਮੀ ਜਨ ਭਾਵੇਂ ਆਪਣੇ ਆਪ ਨੂੰ ਛੁਪਾ ਕੇ ਰੱਖੇ, ਪਰ ਸੰਸਾਰਿਕ ਲੋਕ ਉਸ ਦੇ ਦਰਸ਼ਨਾਂ ਦੇ ਚਾਹਵਾਨ, ਉਸ ਦੇ ਦਰ ਉੱਤੇ ਵਿਆਕੁਲ ਹੋ ਕੇ ਦਰਸ਼ਨਾਂ ਲਈ ਪੁਕਾਰਦੇ ਰਹਿੰਦੇ ਹਨ :

**ਜੈਸੇ ਤਉ ਮਿਠਾਈ ਰਾਖੀਐ ਛੁਪਾਇ ਜਤਨ ਕੈ,**
**ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ॥**
**ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ,**
**ਪ੍ਰਗਟਿ ਪਤੰਗ ਤਾ ਮੈ ਸਹਜਿ ਸਮਾਤ ਹੈ॥**
**ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ,**
**ਮਧੁਕਰ ਮਧੁ ਅਚਵਨ ਤਹ ਜਾਤ ਹੈ॥**
**ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤ ਪ੍ਰੇਮ,**
**ਸਕਲ ਸੰਸਾਰ ਤਿਹਿ ਦੁਆਰ ਬਿਲਲਾਤ ਹੈ॥ ੫੧੦॥**

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਇਸ ਸੰਬੰਧ ਵਿਚ ਗੁਰਬਾਣੀ ਦੇ ਵੱਖ-ਵੱਖ ਪ੍ਰਮਾਣ ਹੇਠ ਲਿਖੇ ਅਨੁਸਾਰ ਹਨ :

੧. **ਚਾਤ੍ਰਿਕੁ ਚਾਹਤ ਮੇਹੁ॥** (ਅੰਗ ੮੩੮)

2. **ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥** (ਅੰਗ 708)

## ਸਾਖੀ—ਭਾਈ ਸਾਧੂ ਤੇ ਰੂਪ ਚੰਦ

ਸਿੱਖ ਇਤਿਹਾਸ ਵਿਚ ਪ੍ਰੇਮੀ ਗੁਰਸਿੱਖਾਂ ਦੀਆਂ ਬਹੁਤ ਸਾਰੀਆਂ ਗਾਥਾਵਾਂ ਹਨ। ਇਸ ਸੰਬੰਧ ਵਿਚ ਇਕ ਕਥਾ ਭਾਈ ਸਾਧੂ ਅਤੇ ਭਾਈ ਰੂਪ ਚੰਦ ਜੀ ਦੀ ਅੰਕਿਤ ਹੈ। ਇਹ (ਭਾਈ ਸਾਧੂ ਅਤੇ ਭਾਈ ਰੂਪ ਚੰਦ) ਪਿੰਡ ਬਡਾ ਘਰ ਦੇ ਰਹਿਣ ਵਾਲੇ ਸਨ।

**ਘਰਿ ਬਡੇ ਇਕ ਗ੍ਰਾਮ ਮਹਿ ਗੁਰਸਿੱਖ ਬਸਹਿ ਤਿਖਾਣ।**
**ਰਾਮਦਾਸ ਸਤਿਗੁਰੂ ਤੇ ਸਿੱਖੀ ਧਰੀ ਮਹਾਨ।**

ਇਲਾਕਾ ਤਰਨ ਤਾਰਨ ਦੇ ਵਸਨੀਕ ਭਾਈ ਆਕਲ ਸਿੱਖ ਨੇ ਅਨਜਾਣਪੁਣੇ ਵਿਚ ਤੁਕਲਾਨੀ ਦੇ ਵਸਨੀਕ ਸੁਲਤਾਨੀਏ (ਸੁਲਤਾਨ ਨੂੰ ਮੰਨਣ ਵਾਲੇ) ਭਾਈ ਸਾਦੇ ਦੇ ਪੁੱਤਰ ਸਾਧੂ (ਸੱਧੂ) ਨੂੰ ਆਪਣੀ ਪੁੱਤਰੀ ਸੂਰਤੀ ਵਿਆਹ ਦਿੱਤੀ। ਸਿੱਖ ਦੀ ਪੁੱਤਰੀ ਆਪਣੇ ਪਤੀ ਨੂੰ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਪਾਸ ਡਰੋਲੀ ਆਈ। ਗੁਰੂ ਸਾਹਿਬ ਨੇ ਸਾਧੂ ਨੂੰ ਸਿੱਖ ਬਣਾਇਆ, ਅਤੇ ਗੁਰਮੁਖ ਪਦਵੀ ਬਖ਼ਸ਼ੀ।

ਸਾਧੂ ਦੇ ਘਰ ਸੰਮਤ ੧੬੭੧ ਵਿਚ ਇਕ ਪੁੱਤਰ ਨੇ ਜਨਮ ਲਿਆ, ਜਿਸ ਨੂੰ ਸਤਿਗੁਰੂ ਦੇ ਹਜ਼ੂਰ ਮਾਤਾ-ਪਿਤਾ ਲੈ ਕੇ ਪੁੱਜੇ। ਛੇਵੇਂ ਸਤਿਗੁਰੂ ਜੀ ਨੇ ਚਰਨਾਂਮ੍ਰਿਤ ਦੇ ਕੇ ਬਾਲਕ ਦਾ ਨਾਮ ਰੂਪ ਚੰਦ ਰੱਖਿਆ।

ਵੱਡੇ ਹੋ ਕੇ ਪਿਤਾ ਪੁੱਤਰ ਦੋਵੇਂ ਆਪਣੀ ਕਿਰਤ ਕਰਦੇ ਸਨ। ਇਕ ਵਾਰੀ ਦੋਵੇਂ ਪਿਤਾ-ਪੁੱਤਰ ਲੱਕੜਾਂ ਵੱਢ ਰਹੇ ਸਨ। ਗਰਮੀ ਦਾ ਮੌਸਮ ਸੀ। ਕੋਲ ਪਾਣੀ ਪੀਣ ਵਾਸਤੇ ਕੂੰਨਾ ਭਰ ਕੇ ਦਰੱਖ਼ਤ ਦੇ ਨਾਲ ਟੰਗ ਦਿੱਤਾ। ਹਵਾ ਨਾਲ ਜਲ ਠੰਡਾ ਹੋ ਗਿਆ। ਪਿਤਾ-ਪੁੱਤਰ ਤ੍ਰੇਹ ਲੱਗਣ ਤੋਂ ਜਦ ਪਾਣੀ ਪੀਣ ਲਈ ਵੇਖਿਆ ਤਾਂ ਜਲ ਬਹੁਤ ਠੰਡਾ ਵੇਖ ਕੇ ਕਹਿਣ ਲੱਗੇ ਕਿ ਇਹ ਤਾਂ ਸਤਿਗੁਰੂ ਜੀ ਦੇ ਛਕਣ ਯੋਗ ਹੈ। ਸ੍ਰੀ ਗੁਰੂ ਪੰਥ ਪ੍ਰਕਾਸ਼' ਦੇ ਕਰਤਾ ਮਹਾਂ ਕਵੀ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

**ਇਕ ਦਿਨ ਰੂਪਾ ਸਾਧੂ ਖਾਤੀ, ਬੇਟਾ ਬਾਪ ਗਏ ਬਨ ਬਢਣ ਬਾਢ।**
**ਕੂੰਨਾ ਭਰ ਜਲ ਦਾ ਸੰਗ ਲੀਓ, ਕੀਓ ਲਟਕਾਵਨ ਤਰ ਸੋ ਠਾਂਢ॥ ੭॥**

(ਸ੍ਰੀ ਗੁਰੂ ਪੰਥ ਪ੍ਰਕਾਸ਼)

**ਅਤੀ ਸਰਦ ਪਿਖ ਕਹਿਓ ਦੋਹਨ ਤਬ, ਇਹ ਜਲ ਤਾਂ ਹੈ ਗੁਰ ਕੇ ਜੋਗ।**
**ਐਸੇ ਜਲ ਦੇ ਪੀਵਨ ਲਾਇਕ, ਹਮ ਗਰੀਬ ਨਹਿ ਕਿਰਤੀ ਲੋਗ।**
**ਜੋ ਉਤਮ ਬਸਤ ਅਹਿ ਜਗ, ਸੋ ਸਭ ਲਾਇਕ ਸਤਿਗੁਰ ਕੇਰ।**

ਸਤਿਗੁਰੂ ਜੀ ਨਮਿੱਤ ਦੋਵੇਂ ਪਿਤਾ-ਪੁੱਤਰ ਬੇਨਤੀਆਂ ਕਰਨ ਲੱਗੇ। ਭਾਵੇਂ ਦੋਹਾਂ ਨੂੰ ਕਿੰਨੀ ਹੀ ਪਿਆਸ ਲੱਗੀ ਸੀ, ਜਿਸ ਦਾ ਜ਼ਿਕਰ ਭਾਈ ਸਾਹਿਬ ਜੀ ਨੇ ਕੀਤਾ ਹੈ :

**ਜਦਯਪਿ ਮਰਨ ਤਕ ਭਏ ਤ੍ਰਿਖਾ ਕਰ ਤਊ ਭੀ ਪੀਉ ਨ ਜਲ ਫੇਰ।**
**ਬਾਰੰਬਾਰ ਚਿਤਵੈ ਸਤਿਗੁਰੂ ਕੋ, ਕਹੈ ਛਕੋ ਕਿਤ ਤੇ ਗੁਰ ਆਨ।**
**ਉਤ ਦਿਸ ਖਿਚ ਪ੍ਰੇਮ ਨੇ ਕੀਨੀ ਸਰਬੱਗ ਗੁਰੂ ਲੀਨੋ ਸਭ ਜਾਨ।**

ਇਧਰ ਅੰਤਰਜਾਮੀ ਸਤਿਗੁਰੂ ਜੀ ਨੂੰ ਪ੍ਰੇਮ ਨੇ ਐਸਾ ਖਿੱਚਿਆ ਕਿ ਸਤਿਗੁਰੂ ਜੀ ਭਾਈ ਕੀ ਡਰੋਲੀ ਤੋਂ ਤੀਹ ਕੋਹ ਤੋਂ ਜਲ ਛਕਣ ਲਈ ਹਜ਼ੂਰ ਉਨ੍ਹਾਂ ਪਾਸ ਪਹੁੰਚੇ। ਜਿਸ ਤਰ੍ਹਾਂ ਕੋਈ ਪਿਆਸਾ ਪਾਣੀ ਮੰਗਦਾ ਹੈ, ਸਤਿਗੁਰੂ ਜੀ ਇਸ ਤਰ੍ਹਾਂ ਜਲ ਮੰਗ ਰਹੇ ਹਨ :

**ਚਲ ਡਰੋਲੀਓ ਏਕਲ ਧਾਇ। ਦਾਸਨ ਰਖਿਆ ਹੇਤਿ ਉਮਾਹਿ।**
**ਪਹੁੰਚੇ ਤੀਸ ਕੋਸ ਤਿਮ ਛਿਨ ਮਹਿ। ਮਿਸ ਸ਼ਿਕਾਰ ਕਿਨ ਲਖਿਓ ਨ ਭੇਤ।**
**ਆਇ ਦੂਰ ਸ਼ਿਕਾਰ ਕਰਤ ਹਮ। ਜਲ ਨਹਿ ਮਿਲਤ ਲਗੀ ਅਤਿ ਪਿਆਸ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਗੁਰ ਬਿਲਾਸ ਪਾ: ਛੇਵੀਂ ਦੇ ਕਰਤਾ ਨੇ ਵੀ ਇਸ ਤਰ੍ਹਾਂ ਜ਼ਿਕਰ ਕੀਤਾ ਹੈ :

**ਦਯਾ ਸਿੰਧ ਬਹੁਰੋ ਕਹਾ ਮੋਹਿ ਤ੍ਰਿਖਾ ਬਹੁ ਜਾਨ।**
**ਮੋ ਕੋ ਨੀਰ ਅਚਾਵੀਏ ਆਪ ਅਚੌ ਸੁਖ ਮਾਨ।**

## ਚੌਪਈ

**ਸਾਧੂ ਕੂੰਨਾ ਹਾਥ ਗਹਾਇਓ। ਕਿਰਪਾ ਸਿੰਧ ਕੌ ਨੀਰ ਅਚਾਇਓ।**
**ਪਾਸੇ ਸੀਤ ਨੀਰ ਅਤਿ ਲੀਯੋ। ਰੂਪ ਚੰਦ ਸੁਤ ਕੋ ਪੁਨ ਦੀਓ।**

(ਗੁਰ ਬਿਲਾਸ ਪਾ: 6)

ਸਤਿਗੁਰੂ ਜੀ ਨੂੰ ਦਰੱਖ਼ਤ ਹੇਠ ਬਸਤਰ ਉੱਪਰ ਬਿਠਾ ਕੇ ਪ੍ਰੇਮ ਨਾਲ ਭਾਈ ਸਾਧੂ ਨੇ ਕੂੰਨੇ 'ਚੋਂ ਜਲ ਛਕਾਇਆ। ਉਪਰੰਤ ਦੋਵੇਂ ਪਿਤਾ-ਪੁੱਤਰ ਨੇ ਸੀਤਲ ਜਲ ਆਪ ਛਕਿਆ। ਸਤਿਗੁਰੂ ਜੀ ਪ੍ਰਸੰਨ ਹੋ ਕੇ ਬਖ਼ਸ਼ਿਸ਼ਾਂ ਕੀਤੀਆਂ। ਲੰਗਰ ਚਲਾਉਣ ਲਈ ਹੁਕਮ ਕੀਤਾ। ਲੰਗਰ 'ਚ ਗਿੱਲਾ ਬਾਲਣ ਬਲ ਜਾਣ ਦਾ ਭੀ ਵਰ ਦਿੱਤਾ, ਸੋ ਇਹਨਾਂ ਨੇ ਪ੍ਰੇਮ ਨਾਲ ਹੀ ਤੀਹ ਕੋਹ ਤੋਂ ਜਲ ਛਕਣ ਲਈ ਗੁਰਦੇਵ ਨੂੰ ਖਿੱਚਿਆ, ਬਖ਼ਸ਼ਿਸ਼ਾਂ ਪਾਈਆਂ ਸਨ। ਭਾਈ ਗੁਰਦਾਸ ਜੀ ਵੀ ਕਥਨ ਕਰਦੇ ਹਨ :

**ਪੀਰ ਮੁਰੀਦਾ ਪਿਰਹੜੀ ਉਹ ਨਿਬਹੈ ਨਾਲੇ।**

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਭੀ ਜ਼ਿਕਰ ਕੀਤਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ ਇਹਨਾਂ ਕੋਲੋਂ ਜਲ ਛਕ ਕੇ ਪ੍ਰਸੰਨ ਹੋ ਕੇ ਇਕ ਖੰਡਾ ਇਹਨਾਂ ਨੂੰ ਬਖ਼ਸ਼ਿਆ ਅਤੇ ਲੰਗਰ ਵਰਤਾਉਣ ਲਈ ਇਕ ਕੜਛਾ ਭਾਈ ਰੂਪ ਚੰਦ ਨੂੰ ਪ੍ਰਦਾਨ ਕੀਤਾ। ਇਹ ਦੋਵੇਂ ਹੁਣ ਬਾਗੜੀਆਂ ਪਿੰਡ ਵਿਖੇ ਸਨਮਾਨ ਨਾਲ ਰੱਖੇ ਹੋਏ ਹਨ। ਭਾਈ ਰੂਪ ਚੰਦ ਜੀ ਦੇ ਸਪੁੱਤਰ ਭਾਈ ਪਰਮ ਸਿੰਘ ਅਤੇ ਧਰਮ ਸਿੰਘ ਜੀ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਅਤੇ ਦਸਮੇਸ਼ ਪਿਤਾ ਜੀ ਦੀ ਸੇਵਾ ਵਿਚ ਹਾਜ਼ਰ ਰਹੇ। ਪਰਮ ਸਿੰਘ ਦਾ ਦੇਹਾਂਤ ਅਬਚਲ ਨਗਰ ਵਿਖੇ ਹੋਇਆ।

ਰਾਗੁ ਸੂਹੀ ਮਹਲਾ 5 ਘਰੁ 5 ਪੜਤਾਲ ੴ ਸਤਿਗੁਰ ਪ੍ਰਸਾਦਿ ॥ ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥ ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥ ੧ ॥ ਰਹਾਉ ॥ ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿੰਨ ਕਰੀਆ ॥ ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥ ੧ ॥ ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥ ਬਿਖਨਾ

ਘਿਰੀਆ॥ਅਬ ਸਾਧੂ ਸੰਗਿ ਪਰੀਆ॥ਹਰਿ ਦੁਆਰੈ ਖਰੀਆ॥ਦਰਸਨੁ ਕਰੀਆ॥ ਨਾਨਕ ਗੁਰ ਮਿਰੀਆ॥ ਬਹੁਰਿ ਨ ਫਿਰੀਆ॥ *2* ॥ ੧॥ *44* ॥

ਪਦ ਅਰਥ :- ਪ੍ਰੀਤਿ ਪ੍ਰੀਤਿ=ਪ੍ਰੀਤਾਂ ਵਿਚੋਂ ਪ੍ਰੀਤਿ। ਗੁਰੀਆ=ਵੱਡੀ। ਮਨ=ਹੇ ਮਨ ! ਲੇਖੈ=ਲੇਖੇ ਵਿਚ, ਪ੍ਰਵਾਨ। ਅਵਰੁ=ਕੋਈ ਹੋਰ (ਉੱਤਮ)। ਮਨਹਿ=ਮਨ ਵਿੱਚੋਂ। ਦੁਬਿਧਾ=ਡਾਂਵਾਂਡੋਲ ਹਾਲਤ। ਕੁਰੀਆ=ਪਗਡੰਡੀ, ਰਸਤਾ।੧।ਰਹਾਉ। ਨਿਰਗੁਨ=ਮਾਇਆ ਦੇ ਤਿੰਨ ਗੁਣਾਂ ਤੋਂ ਨਿਰਲੇਪ। ਹਰੀਆ=ਪਰਮਾਤਮਾ। ਸਰਗੁਨ ਧਰੀਆ=ਮਾਇਆ ਦੇ ਤਿੰਨ ਗੁਣਾਂ ਵਾਲਾ ਸਰੂਪ ਧਾਰਿਆ। ਭਿੰਨ=ਵੱਖ। ਕੋਟਵਰੀਆ=ਕੋਤਵਾਲ। ਨਿਜ ਮੰਦਰਿ=ਆਪਣੇ ਮੰਦਰ ਵਿਚ। ਜਰੀਆ=ਬੁਢੇਪਾ।੧।

ਕਿਰਤਨਿ=ਇਸ ਕੀਤੇ ਹੋਏ ਜਗਤ ਵਿਚ, ਰਚੇ ਹੋਏ ਸੰਸਾਰ (ਦੇ ਮੋਹ) ਵਿਚ। ਜੁਰੀਆ=ਜੁੜਿਆ ਹੋਇਆ। ਪਰ ਕਉ=ਪਰਾਏ (ਧਨ) ਨੂੰ। ਹਿਰੀਆ=ਤੱਕਦਾ ਹੈ। ਬਿਖਨਾ=ਵਿਸ਼ਿਆਂ ਨਾਲ। ਸੰਗਿ=ਸੰਗਤਿ ਵਿਚ। ਪਰੀਆ=ਆ ਪਿਆ ਹੈ। ਦੁਆਰੈ=ਦਰ 'ਤੇ। ਗੁਰ ਮਿਰੀਆ=ਗੁਰੂ ਨੂੰ ਮਿਲਿਆ। ਬਹੁਰਿ=ਮੁੜ।੨। ਬੀਜ ਰੂਪ ਮੰਡਲ ਕੀਤਾ ਹੈ, ੧=ਇਕ ਪ੍ਰਮਾਤਮਾ ਓ =ਸਰਬ ਦਾ ਪ੍ਰਕਾਸ਼ਕ ਸਤਿਗੁਰ ਪ੍ਰਸਾਦਿ=ਸਦਾ ਸਤ ਸਰੂਪ ਹੈ, ਜੋ ਗੁਰੂ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

ਅਰਥ :- (ਹੇ ਭਾਈ !) ਪ੍ਰੀਤਾਂ ਵਿੱਚੋਂ ਮੋਹਣ ਵਾਲੇ ਪਿਆਰੇ ਵਾਹਿਗੁਰੂ ਹਰੀ ਦੀ ਪ੍ਰੀਤ ਮਹਾਨ ਹੈ। ਹੇ ਮਨ ! (ਤੂੰ) ਇਕ ਗੋਬਿੰਦ ਦਾ (ਨਾਮ) ਜਪ, (ਕਿਉਂਕਿ) ਹੋਰ ਕੋਈ (ਕੰਮ) ਲੇਖੇ ਵਿਚ ਨਹੀਂ ਪੈਣਾ, ਇਸ ਲਈ ਤੂੰ ਸੰਤਾਂ ਦੀ (ਚਰਨੀ) ਲੱਗ (ਅਤੇ) ਮਨ ਵਿਚ (ਜੋ) ਦ੍ਵੈਤ-ਭਾਵ ਦੀ ਪਗਡੰਡੀ ਹੈ, (ਉਹ) ਛੱਡ ਦੇ।੧। ਰਹਾਉ।

(ਹੇ ਭਾਈ ! ਉਹ) ਪ੍ਰਮਾਤਮਾ (ਜੋ) ਤਿੰਨਾਂ ਗੁਣਾਂ ਤੋਂ ਨਿਰਲੇਪ ਹੈ (ਉਸ ਨੇ ਹੀ) ਤਿੰਨਾਂ ਗੁਣਾਂ ਵਾਲਾ ਸਰੂਪ ਧਾਰਿਆ ਹੋਇਆ ਹੈ, (ਫਿਰ ਉਸ ਨੇ) ਅਨੇਕਾਂ (ਸਰੀਰ ਰੂਪੀ) ਕੋਠੜੀਆਂ ਵੱਖ-ਵੱਖ (ਰੂਪ ਰੰਗ ਦੀਆਂ) ਬਣਾ ਦਿੱਤੀਆਂ ਹਨ। (ਉਸ ਪ੍ਰਭੂ ਪ੍ਰਮਾਤਮਾ ਨੇ ਹਰੇਕ ਦੇਹ ਵਿਚ) ਮਨ ਨੂੰ ਕੋਤਵਾਲ ਬਣਾਇਆ ਹੈ। (ਉਹ) ਪਿਆਰਾ ਪ੍ਰਭੂ ਆਪਣੇ ਮੰਦਰਿ (ਸਰੂਪ ਵਿਚ ਰਹਿੰਦਾ ਹੈ)। ਉਥੇ (ਉਹ) ਅਨੰਦ ਮਾਣਦਾ ਹੈ। (ਉਹ) ਨਾ ਮਰਦਾ ਹੈ ਨਾ (ਉਸ ਨੂੰ) ਬੁਢੇਪਾ ਆਉਂਦਾ ਹੈ। ੧।

ਹੇ ਭਾਈ ! (ਅਸਲ ਵਿਚ ਇਹ ਮਨੁੱਖ ਪ੍ਰਮਾਤਮਾ ਦੇ) ਕੀਤੇ ਹੋਏ ਸੰਸਾਰ ਵਿਚ ਜੁੜਿਆ (ਫਸਿਆ ਹੋਣ ਕਰਕੇ) ਕਈ ਤਰ੍ਹਾਂ ਦੀਆਂ (ਜੂਨਾਂ ਵਿਚ) ਭਟਕਦਾ ਫਿਰਦਾ ਹੈ ਅਤੇ ਪਰਾਏ (ਪਦਾਰਥਾਂ ਤੇ ਰੂਪ) ਨੂੰ ਚੁਰਾਂਦਾ ਹੈ, (ਇਸ ਕਰਕੇ) ਵਿਸ਼ੇ ਵਿਕਾਰਾਂ ਵਿਚ ਘਿਰਿਆ ਰਹਿੰਦਾ ਹੈ। ਪਰ (ਹੇ ਭਾਈ !) ਹੁਣ (ਇਸ ਨੇ) ਸਾਧੂ (ਗੁਰੂ) ਦੀ ਸੰਗਤ ਵਿਚ ਪਰਵੇਸ਼ ਕਰ ਲਿਆ ਹੈ। ਜਿਸ ਨੇ ਸੰਗਤ (ਇਸ ਨੂੰ) ਹਰੀ ਦੇ ਦਰਬਾਰ

ਵਿਚ ਜਾ ਖੜਾ ਕੀਤਾ ਹੈ। ਇਥੇ ਸੰਗਤ ਰਾਹੀਂ ਪ੍ਰਭੂ ਦੇ ਦਰਬਾਰ ਵਿਚ ਆ ਕੇ ਇਸ ਨੇ ਪ੍ਰਭੂ ਦਾ ਪਾਵਨ ਦਰਸ਼ਨ ਕੀਤਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਦੋਂ ਜੀਵ ਨੂੰ) ਗੁਰੂ ਮਿਲ ਪਿਆ ਤਾਂ ਮੁੜ ਕੇ (ਮਨੁੱਖ ਅਨੇਕ ਜੂਨਾਂ ਵਿਚ) ਨਹੀਂ ਫਿਰਿਆ ਭਾਵ ਭਟਕਣਾਂ ਤੋਂ ਰਹਿਤ ਹੋ ਗਿਆ। ੨। ੧। ੪੪।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

★★★

ਸ੍ਰੀ ਮੁਖਵਾਕ ਨੰਬਰ ੧37 (ਆਦਿ ਅੰਗ 747)

## ਸੂਹੀ ਮਹਲਾ 5 ॥

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ ੧ ॥ ਸੰਤਹੁ ਸਾਗਰੁ ਪਾਰਿ ਉਤਰੀਐ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥ ੧ ॥ ਰਹਾਉ॥ ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥ ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥ 2 ॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ 3 ॥ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥ 4 ॥ 3 ॥ 50 ॥

# ਪ੍ਰਾਕ੍ਥਨ :

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗੁ ਅੰਦਰ ਸ਼ਬਦ ਉਚਾਰਨ ਕਰਕੇ ਪਾਖੰਡ ਰੂਪੀ ਕਰਮ ਦਾ ਖੰਡਨ ਕੀਤਾ ਹੈ। ਕਿਉਂਕਿ ਮਨੁੱਖ ਜੈਸੇ ਕਰਮ ਕਰਦਾ ਹੈ, ਤੈਸਾ ਹੀ ਫਲ ਮਿਲਦਾ ਹੈ।

## ਵਿਸ਼ਾ — ਕਰਮ ਧਰਮ ਪਾਖੰਡ ਜੋ ਦੀਸਹਿ

ਮਨੁੱਖ ਜਨਮ ਆਪਾਂ ਨੂੰ ਉੱਤਮ ਕਰਮ ਕਰਨ ਵਾਸਤੇ ਮਿਲਿਆ ਹੈ, ਪਰ ਜੇ ਮਨੁੱਖ ਮਾੜੇ ਕਰਮ ਕਰੇਗਾ ਤਾਂ ਉਸ ਨੂੰ ਉਸ ਦੇ ਆਪਣੇ ਕੀਤੇ ਮਾੜੇ ਕਰਮਾਂ ਦਾ ਫਲ ਭੋਗਣਾ ਪਵੇਗਾ। ਜੇ ਚੰਗੇ ਕਰਮ ਕਰੇਗਾ ਤਾਂ ਇਸ ਨੂੰ ਸੁੱਖ ਮਿਲੇਗਾ। ਜੇ ਮਾੜੇ ਕਰਮ ਕਰੇਗਾ ਤਾਂ ਇਸ ਨੂੰ ਦੁੱਖ ਮਿਲੇਗਾ। ਉਂਜ ਜਿਹੋ ਜਿਹੇ ਕਰਮ ਮਨੁੱਖ ਕਰਦਾ ਹੈ ਉਹੋ ਜਿਹਾ ਹੀ ਉਸ ਦਾ ਸੰਸਾਰ ਵਿਚ ਨਾਮ ਪੈ ਜਾਂਦਾ ਹੈ। ਦਸਮੇਸ਼ ਪਿਤਾ ਜੀ ਦਾ ਫ਼ੁਰਮਾਨ ਹੈ :

**ਸਾਧ ਕਰਮ ਜੋ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀ॥ ਨਾਮ ਅਸੁਰ ਤਿਨਕੋ ਸਭ ਧਰਹੀ॥**

(ਦਸਮ ਗ੍ਰੰਥ, ਬਚਿੱਤ੍ਰ ਨਾਟਕ, ਪਾ: ੧੦)

ਮਨੁੱਖ ਜਾਮੇ ਵਿਚ ਹੀ ਚੰਗੇ ਕਰਮ ਕਰ ਕੇ ਜੀਵਨ ਸਫਲਾ ਕੀਤਾ ਜਾ ਸਕਦਾ ਹੈ।

ਪੰਡਤ ਗੁਲਾਬ ਸਿੰਘ ਜੀ ਨੇ ਲਿਖਿਆ ਹੈ ਕਿ ਭਾਵੇਂ ਮਨੁੱਖ ਪੁੰਨ ਕਰਮ ਕਰਦਾ ਹੈ, ਭਾਵੇਂ ਪਾਪ ਕਰਦਾ ਹੈ, ਦੋਵੇਂ ਹੀ ਬੰਧਨ ਰੂਪ ਹਨ। ਇਕ ਮਨੁੱਖ ਨੂੰ ਲੋਹੇ ਦੀਆਂ ਬੇੜੀਆਂ ਨਾਲ ਬੰਨ੍ਹ ਦਿੱਤਾ ਜਾਵੇ ਅਤੇ ਦੂਜੇ ਮਨੁੱਖ ਨੂੰ ਸੋਨੇ ਦੀਆਂ ਬੇੜੀਆਂ (ਜ਼ੰਜੀਰਾਂ) ਨਾਲ ਬੰਨ੍ਹ ਦਿੱਤਾ ਜਾਵੇ, ਪਰ ਹਨ ਤਾਂ ਦੋਵੇਂ ਹੀ ਬੰਧਨ ਰੂਪ।

**ਪਾਪ ਕਰਮ ਹੈ ਲੋਹ ਕੀ ਪੁੰਨ ਸੁਵਰਨ ਕੀ ਜਾਨ॥**
**ਦੋਨੋ ਬੰਧਨ ਰੂਪ ਹੈਂ ਨਿਹਚੇ ਲੇਹੁ ਪਛਾਨ॥** (ਮੋਖਸ਼ ਪੰਥ)

ਮਨੁੱਖੀ ਸਰੀਰ ਕਰਮ ਜੋਨੀ ਹੈ, ਇਸ ਤੋਂ ਬਿਨਾਂ ਬਾਕੀ ਪਸ਼ੂ ਆਦਿ ਜੂਨਾਂ ਨੂੰ ਭੋਗ ਜੂਨੀ ਮੰਨਿਆ ਹੈ। ਚੰਗੇ ਕਰਮ ਕਰ ਕੇ ਮਨੁੱਖ ਗੁਰੂ (ਪ੍ਰਮੇਸ਼ਰ) ਦੇ ਨੇੜੇ ਹੋ ਜਾਂਦਾ ਹੈ ਅਤੇ ਮਾੜੇ ਕਰਮ ਕਰ ਕੇ ਹੀ ਦੂਰ ਹੋ ਜਾਂਦਾ ਹੈ। ਮਾੜੇ ਕਰਮ ਕਰ ਕੇ ਮਨੁੱਖ ਬੰਧਨਾਂ ਵਿਚ ਫਸ ਜਾਂਦਾ ਹੈ। ਚੰਗੇ ਕਰਮ ਕਰ ਕੇ ਜੀਵ ਦਾ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਕਰਮ ਇਕ ਬੀਜ ਹੈ, ਨੀਅਤ ਧਰਤੀ ਹੈ।

ਚੰਗਾ ਕਰਮ ਚੰਗਾ ਬੀਜ ਹੈ, ਮਾੜਾ ਕਰਮ ਭੈੜਾ ਬੀਜ ਹੈ। ਕਰਮ ਚੰਗਾ ਹੈ, ਨੀਅਤ ਚੰਗੀ ਨਹੀਂ ਤਾਂ ਬੀਜ ਕੱਲਰੀ ਧਰਤੀ ਵਿਚ ਜਾ ਪਿਆ, ਪਰ ਮਨੁੱਖ ਦੀ ਨੀਅਤ ਚੰਗੀ ਹੋਵੇ, ਕਰਮ ਚੰਗਾ ਨਾ ਹੋਵੇ ਤਾਂ ਇਸ ਪਾਸ ਚੰਗੀ ਧਰਤੀ ਤਾਂ ਹੈ, ਪਰ ਬੀਜ ਚੰਗਾ ਨਹੀਂ। ਵੇਖਣ ਵਿਚ ਆਇਆ ਹੈ ਕਿ ਚੰਗਾ ਬੀਜ ਤਾਂ

ਕਈਆਂ ਪਾਸ ਹੁੰਦਾ ਹੈ, ਪਰ ਚੰਗੀ ਧਰਤੀ ਕਿਸੇ-ਕਿਸੇ ਪਾਸ ਹੁੰਦੀ ਹੈ।

ਮਨੁੱਖ ਧਾਰਮਿਕ ਤੌਰ 'ਤੇ ਕੋਈ ਕਰਮ ਕਰਦਾ ਹੈ। ਗੁਰੂ ਨੂੰ ਮਸਤਕ ਟੇਕਣਾ ਇਕ ਚੰਗਾ ਕਰਮ (ਬੀਜ) ਹੈ, ਪਰ ਨੀਅਤ ਨਹੀਂ ਤਾਂ ਸਿਰ ਨਿਵਾਣਾ ਬੇ-ਅਰਥ ਹੋ ਜਾਂਦਾ ਹੈ।

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥**

(ਆਸਾ ਦੀ ਵਾਰ, ਅੰਗ 470)

**ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥**

(ਸਿਰੀਰਾਗੁ ਮ: ੧ ਪਹਰੇ ਘਰੁ ੧, ਅੰਗ 78)

**ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥**

(ਗਉੜੀ ਵਾਰ ਮ: 4, ਅੰਗ 308)

ਜ਼ਮੀਨ ਵਿਚ ਸੁੱਟੇ ਬੀਜ ਨੇ ਸਮੇਂ ਅਨੁਸਾਰ ਉਗਣਾ ਹੈ, ਚਾਹੇ ਉਹ ਸਿੱਧਾ ਤੇ ਚਾਹੇ ਉਹ ਪੁੱਠਾ ਸੁੱਟਿਆ ਜਾਵੇ।

**ਸੀਧਾ ਪੂਠਾ ਉਗਵੈ ਬੀਜ ਪੜੈ ਜੋ ਖੇਤ ॥**

ਬੀਜ ਲਈ ਜ਼ਮੀਨ ਹਰਾ ਕਰਨ ਤੇ ਫੈਲਾਅ ਦਾ ਆਧਾਰ ਹੈ, ਪਰ ਫੁੱਲ ਪੱਤਿਆਂ ਦੀ ਰੰਗਤ ਬੀਜ ਤੋਂ ਪੈਦਾ ਹੋਵੇਗੀ। ਜਿਸ ਤਰ੍ਹਾਂ ਦਾ ਬੀਜ ਹੈ, ਉਸ ਨੇ ਉਸੇ ਰੂਪ ਵਿਚ ਆ ਕੇ ਫੈਲਣਾ ਹੈ। ਇਸੇ ਤਰ੍ਹਾਂ ਕਰਮਾਂ ਦੀ ਧਰਤੀ—ਸਰੀਰ ਵਿਚ, ਜਿਸ ਕਰਮ ਦਾ ਬੀਜ ਸੁੱਟਣਾ ਹੈ, ਉਸ ਨੇ ਉਸੇ ਰੰਗਤ-ਵਾਸ਼ਨਾ ਅਨੁਸਾਰ ਹਰਾ ਹੋਣਾ ਹੈ। ਮਹਾਤਮਾ ਬੁੱਧ ਦੇ ਖ਼ਿਆਲ ਅਨੁਸਾਰ ''ਸੁੱਟਿਆ ਗਿਆ ਬੀਜ ਕਦੇ ਨਾ ਕਦੇ ਜ਼ਰੂਰ ਪੁੰਗਰਦਾ ਹੈ। ਨੇਕੀ ਤੇ ਬਦੀ, ਪਿਆਰ ਅਰ ਘਿਰਣਾ ਤੇ ਸਭ ਕਰਮ ਫਲ ਦੀ ਆਸ਼ਾ ਵਾਲੇ ਮੁੜ ਫੁਟ ਪੈਂਦੇ ਹਨ। ਫਲ ਖੱਟੇ ਜਾਂ ਮਿੱਠੇ ਉਨ੍ਹਾਂ ਦੇ ਪੱਤੇ ਕਾਲੇ ਜਾਂ ਚਿੱਟੇ ਕਰਮਾਂ ਅਨੁਸਾਰ ਹੁੰਦੇ ਹਨ।''

ਕਰਮਾਂ ਨੇ ਲਿਖੇ ਅਨੁਸਾਰ ਫਲ ਦੇਣਾ ਹੈ, ਉਹ ਹਰ ਹਾਲਤ ਵਿਚ ਮਿਲ ਜਾਣਾ ਹੈ :

**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥**

(ਬਾਰਹ ਮਾਹਾ, ਅੰਗ ੧34)

**ਜੋ ਕਿਛ ਲੇਖੁ ਲਿਖਿਯੋ ਬਿਧਨਾ ਸੋ ਪਾਈਅਤ ਮਿਸਰ ਜੂ ਸ਼ੰਕ ਨਿਵਾਰੇ ॥**

(ਸ੍ਰੀ ਦਸਮ ਗ੍ਰੰਥ)

ਲੇਖਾਂ ਨੂੰ ਕਰਮ ਨਹੀਂ ਲਿਖਦੇ। ਕਰਮਾਂ ਉੱਤੇ ਹੁਕਮੀ ਦਾ ਅੰਕਸ਼ ਹੋਣ 'ਤੇ ਹੁਕਮੀ ਲਿਖਦਾ ਹੈ :

**ਨਾਨਕ ਹੁਕਮੀ ਲਿਖੀਐ ਲੇਖੁ ॥**

(ਵਾਰ ਆਸਾ ਮ: ੧, ਅੰਗ 466)

ਇਨ੍ਹਾਂ ਲੇਖਾਂ ਦੇ ਲਿਖਣ ਲਈ ਕਿਸੇ ਕਾਗ਼ਜ਼, ਸਿਆਹੀ ਤੇ ਕਲਮ ਦੀ ਲੋੜ ਨਹੀਂ ਪੈਂਦੀ।

**ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥**

(ਮਲਾਰ ਵਾਰ ਮ: ੧, ਅੰਗ ੧280)

**ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥**

(ਗਉੜੀ ਬਾਵਨ ਅੱਖਰੀ ਮ: 5, ਸਲੋਕੁ 55, ਅੰਗ 26੧)

ਗੁਰੂ ਜੀ ਕਰਮ ਨੂੰ ਤਾਂ ਮੰਨਦੇ ਹਨ, ਪਰ ਇਸ ਨੂੰ ਅਟੁੱਟ ਤੇ ਬਲਵਾਨ ਨਹੀਂ ਮੰਨਦੇ। ਇਹ ਦੋ ਤਾਕਤਾਂ ਕੇਵਲ ਹੁਕਮੀ ਦੇ ਹੁਕਮ ਵਿਚ ਹਨ, ਜਿਨ੍ਹਾਂ ਦਾ ਨਿਰਣਾ ਬਾਣੀ ਵਿਚ ਥਾਂ-ਥਾਂ ਮਿਲਦਾ ਹੈ। ਕਰਮ ਆਪਣੇ ਆਪ ਵਿਚ ਮੁਰਦਾ ਹਨ ਤੇ ਹੁਕਮ ਸੱਤਾ ਅਨੁਸਾਰ ਹਰਕਤਸ਼ੀਲ ਅਤੇ ਹੁਕਮ ਅਧੀਨ ਹਨ, ਪਰ ਫਿਰ ਵੀ ਸਰੀਰ ਦੇਣ ਲਈ ਦਾਤਾ ਹਨ। ਕਰਮ ਸਰੀਰ ਵਿਚ ਜ਼ਮੀਨ ਦੇ ਬੀਜ ਵਾਂਗ ਟਿਕਿਆ ਰਹਿੰਦਾ ਹੈ।

ਕਰਮ ਦੀ ਧਰਤੀ ਸਰੀਰ ਵਿਚ ਬੀਜੇ ਅਨੁਸਾਰ ਫਲ ਮਿਲਦਾ ਹੈ। ਚਾਹੇ ਚੰਗਾ ਮਾੜਾ ਕਰਮ ਕਰਨ ਰੂਪੀ ਕੁਝ ਬੀਜੇ।

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ 23॥**

(ਸਲੋਕੁ ਸ਼ੇਖ ਫ਼ਰੀਦ, ਅੰਗ ੧379)

ਭਗਤ ਫਰੀਦ ਜੀ ਦਾ ਸੁੰਦਰ ਕਥਨ ਹੈ ਕਿ ਭੁੱਲ ਦਾ ਸ਼ਿਕਾਰ ਜ਼ਿਮੀਂਦਾਰ, ਦਾਖਾਂ ਖਾਣ ਦੀ ਇੱਛਾ ਨਾਲ ਕਿੱਕਰ ਬੀਜ ਕੇ ਉਸ ਦੇ ਫਲ ਤੁੱਕਿਆਂ ਵਿਚੋਂ, ਦਾਖਾਂ ਦਾ ਸੁਆਦ ਨਹੀਂ ਲੈ ਸਕਦਾ। ਇਸੇ ਤਰ੍ਹਾਂ ਉੱਨ ਕੱਤਣ ਦੇ ਬਦਲੇ ਰੇਸ਼ਮ ਮਿਲਣਾ ਔਖਾ ਹੈ। ਇਲਾਹੀ ਸੁੱਖ ਦੀ ਇੱਛਾ ਰੱਖਦਿਆਂ ਗਿਰਾਵਟ ਦੇ ਕੰਮ, ਉਹ ਸੁੱਖ ਨਹੀਂ ਦੇ ਸਕਦੇ :

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥**

(ਅੰਗ ੧34)

(ਅਥਵਾ)

**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥**

(ਬਾਰਹਮਾਹਾ ਮਾਂਝ ਮ: 5, ਅੰਗ ੧34)

ਮਨੁੱਖ ਦੀ ਖ਼੍ਵਾਹਿਸ਼ ਕੁਝ ਕਰਮ ਕਰਨ 'ਤੇ ਨਿਰਭਰ ਕਰਦੀ ਹੈ। ਜੋ ਜਿਹੋ ਜਿਹਾ ਕਰਮ ਕਰਨਾ ਹੈ, ਉਸ ਨੂੰ ਉਸੇ ਤਰ੍ਹਾਂ ਦਾ ਹੀ ਫਲ ਮਿਲਣਾ ਹੈ। ਗੁਰੂ ਸਾਹਿਬ ਨਤੀਜਾ ਵੀ ਕਰਮਾਂ 'ਤੇ ਛੱਡ ਰਹੇ ਹਨ, ਪਰ ਜੀਵ ਪਾਖੰਡ ਰੂਪ ਕਰਮਾਂ ਦੇ ਕਰਨ ਵਿਚ ਰੱਤਾ ਹੈ।

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ॥

**ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥**
**ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥ ੧॥**
**ਭਰਮੇ ਭੂਲੀ ਰੇ ਜੈ ਚੰਦਾ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ॥ ੧॥ ਰਹਾਉ॥**
**ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥**
**ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥ 2॥**
**ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥**
**ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ॥ 3॥**
**ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥**
**ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥ 4॥ ੧॥**

(ਅੰਗ 525)

## ਸਾਖੀ—ਪਖੰਡੀ ਸਾਧੂ ਦੀ

ਜਗਤ ਤਾਰਕ ਸਤਿਗੁਰੂ ਜੀ ਨੇ ਉਦਾਸੀਆਂ ਤੋਂ ਵਾਪਸ ਆ ਕੇ ਕਰਤਾਰਪੁਰ ਵਸਾਇਆ ਹੈ। ਕਰਤਾਰਪੁਰ ਵਿਚ ਸੁੰਦਰ ਮਕਾਨ ਬਣਵਾਏ ਹਨ। ਨਾਲ ਹੀ ਸੁੰਦਰ ਧਰਮਸ਼ਾਲਾ ਵੀ ਬਣਵਾਈ ਹੈ। ਉਸ ਧਰਮਸ਼ਾਲਾ ਵਿਚ ਸਤਿਗੁਰੂ ਜੀ ਬੈਠਦੇ ਹਨ। ਦਿਨ ਰਾਤ ਭਾਰੀ ਕੀਰਤਨ ਹੁੰਦਾ ਹੈ। ਸ਼ਬਦ ਗਾਏ ਜਾਂਦੇ ਹਨ। ਫਿਰ ਗੁਰਬਾਣੀ ਦੀ ਵੀਚਾਰ ਹੁੰਦੀ ਹੈ। ਸਤਿਗੁਰੂ ਜੀ ਉਥੇ ਹੀ ਖੇਤੀ ਕਰਨ ਲੱਗ ਪਏ ਹਨ। ਜਦ ਖੇਤੀ ਪੱਕ ਜਾਂਦੀ ਤਾਂ ਸਾਰੀ ਫ਼ਸਲ ਗੁਰਸਿੱਖ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਉਂਦੇ ਸਨ। ਫਿਰ ਉਸ ਦਾ ਸਤਿਗੁਰੂ ਜੀ ਲੰਗਰ ਚਲਾਉਂਦੇ ਸਨ।

**ਬਨੀ ਬਹੁਤ ਨੀਕੀ ਧਰਮਸਾਲਾ। ਬੈਠਹਿ ਤਿਹ ਕੇ ਬੀਚ ਕ੍ਰਿਪਾਲਾ।**
**ਨਿਸ ਬਾਸੁਰ ਹ੍ਵੈ ਕੀਰਤਨ ਭਾਰੀ। ਪਾਛਹਿ ਸਬਦ ਪੁਨ ਕਰਹਿਂ ਬਿਚਾਰੀ।**

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਅਧਿਆਇ 30)

ਹੁਣ ਕੋਈ ਵੀ ਭੁੱਖਾ ਨਹੀਂ ਰਹਿੰਦਾ। ਦਿਨ ਰਾਤ ਲਗਾਤਾਰ ਲੰਗਰ ਚਲਦਾ ਹੈ। ਬਹੁਤੇ ਲੋਗ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਂਦੇ ਹਨ। ਦਰਸ਼ਨ ਕਰ ਕੇ ਮਨ ਬਾਂਛਤ ਫਲ ਪਾਉਂਦੇ ਹਨ। ਇਕ ਕਰਮਕਾਂਡੀ ਬ੍ਰਾਹਮਣ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਇਆ ਹੈ। ਜਿਸ ਵੇਲੇ ਉਸ ਨੇ ਮੱਥਾ ਟੇਕਿਆ ਤਾਂ ਅੰਤਰਜਾਮੀ ਸਤਿਗੁਰੂ ਜੀ ਨੇ ਜਾਣ ਲਿਆ ਕਿ ਬ੍ਰਾਹਮਣ ਭੁੱਖਾ ਹੈ। ਸਤਿਗੁਰੂ ਜੀ ਨੇ ਕਿਹਾ ਕਿ ਐ

ਬ੍ਰਾਹਮਣ ! ਜੇ ਭੁੱਖਾ ਹੈਂ ਤਾਂ ਭੋਜਨ ਛਕ ਲੈ। ਬ੍ਰਾਹਮਣ ਕਹਿਣ ਲੱਗਿਆ ਕਿ ਮੈਂ ਤਾਂ ਕਰਮ-ਕਾਂਡ ਨਾਲ ਭੋਜਨ ਸੁੱਚਮ ਦਾ ਤਿਆਰ ਕਰਦਾ ਹਾਂ, ਅਜਿਹਾ ਭੋਜਨ ਨਹੀਂ ਛਕਦਾ। ਪਹਿਲਾਂ ਮੈਂ ਧਰਤੀ ਨੂੰ ਇਕ ਹੱਥ ਡੂੰਘਾ ਪੁੱਟ ਕੇ ਉਸ 'ਤੇ ਪੋਚਾ ਦਿੰਦਾ ਹਾਂ, ਫਿਰ ਆਪਣੇ ਹੱਥੀਂ ਲੱਕੜਾਂ ਲਿਆ ਕੇ ਸੁੱਚੇ ਪਾਣੀ ਨਾਲ ਉਸ ਨੂੰ ਸਾਫ਼ ਕਰਦਾ ਹਾਂ। ਸਾਰੇ ਅੰਨ ਨੂੰ ਚੰਗੀ ਤਰ੍ਹਾਂ ਸਾਫ਼ ਕਰ ਕੇ ਆਪਣੇ ਹੱਥੀਂ ਪ੍ਰਸ਼ਾਦਾ ਤਿਆਰ ਕਰਦਾ ਹਾਂ। ਤੁਹਾਡਾ ਤਿਆਰ ਕੀਤਾ ਸਾਡੇ ਕਿਸੇ ਕੰਮ ਨਹੀਂ ਹੈ।

ਸਤਿਗੁਰੂ ਜੀ ਕਹਿਣ ਲੱਗੇ, ਐ ਬ੍ਰਾਹਮਣ ! ਸੁੱਕੀ ਰਸਤ ਲੈ ਲੈ ਅਤੇ ਉਸ ਦਾ ਆਪਣੇ ਹੱਥੀਂ ਤਿਆਰ ਕਰ ਕੇ ਭੋਜਨ ਛਕ ਲਵੀਂ। ਬ੍ਰਾਹਮਣ ਨੇ ਸੁੱਕੀ ਰਸਤ ਲੈ ਲਈ ਹੈ। ਧਰਤੀ ਨੂੰ ਪੁੱਟਣ ਲੱਗਾ ਹੈ। ਧਰਤੀ ਵਿਚੋਂ ਹੱਡੀਆਂ ਨਿਕਲ ਆਈਆਂ ਹਨ। ਹੋਰ ਥਾਂ ਧਰਤੀ ਪੁੱਟਣ ਲੱਗਾ। ਉਥੋਂ ਵੀ ਹੱਡੀਆਂ ਨਿਕਲ ਆਈਆਂ। ਉਸ ਨੂੰ ਅਪਵਿੱਤਰ ਜਾਣ ਕੇ ਹੋਰ ਥਾਂ ਚਲਾ ਗਿਆ। ਜਿਥੇ ਵੀ ਪੁੱਟਦਾ, ਉਥੇ ਹੀ ਹੱਡੀਆਂ ਨਿਕਲ ਆਉਂਦੀਆਂ ਹਨ। ਮਨੁੱਖ ਦੇਖ ਕੇ ਹੈਰਾਨ ਹੋ ਰਹੇ ਸਨ।

**ਨਿਕਸ ਅਸਤ ਸੁ ਜਾਨ ਅਪਾਵਨ॥ ਤਿਹ ਗਯੋ ਔਰ ਹੀ ਥਾਵਨ॥**
**ਜਹਾਂ ਖੁਨਹਿ ਤਹਿ ਅਸਤੀ ਨਿਕਸੈਂ॥ ਹੇਰਿ ਹੇਰਿ ਨਰ ਤਹਿ ਕੌ ਬਿਕਸੈਂ॥**

ਸਾਰਾ ਦਿਨ ਧਰਤੀ ਪੁੱਟਦਾ ਰਿਹਾ। ਇਕ ਤਾਂ ਭੁੱਖਾ ਸੀ, ਦੂਜੀ ਥਕਾਵਟ ਨਾਲ ਵਿਆਕੁਲ ਹੋ ਗਿਆ। ਵਿਆਕੁਲ ਹੋ ਕੇ ਸਤਿਗੁਰੂ ਜੀ ਕੋਲ ਆਇਆ ਤੇ ਬੇਨਤੀ ਕੀਤੀ, ਜੀ ਕ੍ਰਿਪਾ ਕਰ ਕੇ ਜਿਥੇ ਤੁਹਾਡਾ ਭੋਜਨ ਤਿਆਰ ਹੈ, ਉਹੀ ਦੇ ਦਿਉ। ਸਤਿਗੁਰੂ ਜੀ ਤੁਸੀਂ ਸਮਰੱਥ ਹੋ। ਮੈਂ ਤੁਹਾਡੀ ਆਗਿਆ ਨਹੀਂ ਮੰਨੀ, ਇਸੇ ਕਰ ਕੇ ਮੇਰੀ ਇਹ ਹਾਲਤ ਹੋ ਗਈ ਹੈ। ਸਤਿਗੁਰੂ ਜੀ ਨੇ ਕਿਹਾ ਕਿ ਐ ਬ੍ਰਾਹਮਣ ! ਮੁੱਖੋਂ ਵਾਹਿਗੁਰੂ ਕਹਿ ਕੇ ਭੋਜਨ ਛੱਕ ਲੈ। ਜਦ ਭੋਜਨ ਛੱਕ ਕੇ ਹਜ਼ੂਰੀ ਵਿਚ ਆਇਆ ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ :

**ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥**
**ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦੁਧ ਸਿਉ ਗਾਡਿ॥**
**ਰੇ ਮਨ ਲੇਖੈ ਕਬਹੂ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ॥**

(ਅੰਗ ੧੧68)

ਸੁਣ ਕੇ ਬ੍ਰਾਹਮਣ ਨੇ ਹੱਥ ਜੋੜੇ ਹਨ ਤੇ ਗੁਰੂ ਕਾ ਸਿੱਖ ਬਣ ਗਿਆ ਹੈ ਤੇ ਨਾਮ ਜਪਣ ਲੱਗਿਆ ਹੈ।

**ਭਯੋ ਸਿੱਖ ਸਤਿਗੁਰੂ ਕੋ ਨਾਮ ਜਪਤਿ ਜਗਦੀਸ॥**
**ਭਾਉ ਭਗਤਿ ਕੀ ਉਰ ਲਿਵ ਲਾਗੀ॥ ਸਤਿਨਾਮ ਸਿਮਰਨ ਰਤਿ ਜਾਗੀ॥**
**ਗੁਰ ਕਰੁਨਾ ਕੋ ਪਾਇ ਬਿਸਾਲਾ॥ ਭਰਮ ਸਰਬ ਨਾਸਯੋ ਤਤਕਾਲਾ॥**

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਧਿਆਇ ੧30)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸਲੋਕੁ ਮ: 3 ॥**

**ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥**
**ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥**
**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥**
**ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥**
**ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥ ੧॥**

(ਅੰਗ 593)

ਹੁਣ ਸ੍ਰੀ ਮੁਖਵਾਕ ਅੱਗੇ ਪੜ੍ਹਨਾ ਸੁਣਨਾ ਕਰੀਏ ਅਤੇ ਇਸ ਦੇ ਅਰਥਾਂ ਵੱਲ ਧਿਆਨ ਦੇਣਾ ਕਰੀਏ।

ਸੂਹੀ ਮਹਲਾ 5 ॥ ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ ੧ ॥ ਸੰਤਹੁ ਸਾਗਰੁ ਪਾਰਿ ਉਤਰੀਐ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥ ੧ ॥ ਰਹਾਉ॥ ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥ ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥ 2 ॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ 3 ॥ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥ 4 ॥ 3 ॥ 50 ॥

ਪਦ ਅਰਥ :- ਕਰਮ ਧਰਮ=(ਤੀਰਥ-ਇਸ਼ਨਨ ਆਦਿਕ ਮਿਥੇ ਹੋਏ) ਧਾਰਮਿਕ ਕੰਮ। ਪਾਖੰਡ=ਵਿਖਾਵੇ ਦੇ ਕੰਮ। ਤਿਨ=ਉਹਨਾਂ ਨੂੰ। ਜਾਗਾਤੀ=ਮਸੂਲੀਆ। ਨਿਰਬਾਣ=ਰਹਿਤ ਹੋ ਕੇ। ਵਾਸਨਾ=ਕਾਮਨਾ। ਕਰਤੇ ਕਾ=ਕਰਤਾਰ ਦਾ। ਨਿਮਖ=ਅੱਖ ਝਮਕਣ ਜਿਤਨ ਸਮਾਂ। ਜਿਤੁ=ਜਿਸ ਦੇ ਰਾਹੀਂ, ਜਿਸ ਕੀਰਤਨ ਦੀ ਰਾਹੀਂ। ਛੂਟੈ=(ਮਨੁੱਖ ਵਿਕਾਰਾਂ ਤੋਂ) ਬਚ ਜਾਂਦਾ ਹੈ। ੧। ਸਾਗਰੁ=(ਸੰਸਾਰ) ਸਮੁੰਦਰ। ਉਤਰੀਐ=ਲੰਘ ਜਾਈਦਾ ਹੈ। ਕੋ=ਕੋਈ ਮਨੁੱਖ। ਪਰਸਾਦੀ=ਕਿਰਪਾ ਨਾਲ। ੧।ਰਹਾਉ। ਕੋਟਿ=ਕ੍ਰੋੜਾਂ। ਮਜਨ=ਇਸ਼ਨਾਨ। ਕਲਿ ਮਹਿ=ਜਗਤ ਵਿਚ। ਸੰਗਿ=ਸੰਗਤਿ ਵਿਚ। ਕਰਿ ਲੀਜੈ=ਕਰ ਲਿਆ ਜਾਂਦਾ ਹੈ।੨। ਕਤੇਬ=ਸਾਮੀ ਮਤਾਂ ਦੇ ਧਰਮ-ਪੁਸਤਕ (ਕੁਰਾਨ, ਅੰਜੀਲ, ਜੰਬੂਰ, ਤੌਰੇਤ)। ਸਭਿ=ਸਾਰੇ। ਪੜ੍ਹਿਆ=ਨਿਰੇ ਪੜ੍ਹਨ ਨਾਲ। ਮੁਕਤਿ=ਵਿਕਾਰਾਂ ਤੋਂ ਖਲਾਸੀ। ਏਕੁ ਅਖਰੁ=ਇਕ ਨਾਸ ਤੋਂ ਰਹਿਤ ਪ੍ਰਭੂ। ਗੁਰਮੁਖਿ=ਗੁਰੂ ਦੀ ਸ਼ਰਨ ਪੈ ਕੇ। ਸੋਈ=ਸੋਭਾ।੩। ਉਧਰੈ=(ਵਿਕਾਰਾਂ ਤੋਂ) ਬਚ ਜਾਂਦਾ ਹੈ।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਕਲਿ ਮਹਿ=ਜਗਤ ਵਿਚ। ਘਟਿ ਘਟਿ=ਹਰੇਕ ਸਰੀਰ ਵਿਚ। ਮਾਝਾ=ਵਿਚ। ੪।

ਅਰਥ :- (ਹੇ ਭਾਈ ! ਜਿਹੜੇ) ਕਰਮ-ਕਾਂਡ ਧੂਣੀਆਂ ਤਾਉਣੀਆਂ, ਜਲ ਧਾਰੇ ਕਰਨੇ ਆਦਿ ਵਿਖਾਵੇ ਦੇ ਕੰਮ ਅਤੇ ਧਰਮ ਦੇ ਮਿਥੇ ਹੋਏ ਕਰਮ, (ਆਦਿ) ਦਿੱਸਦੇ ਹਨ, ਉਹਨਾਂ (ਸਾਰਿਆਂ) ਨੂੰ ਮਸੂਲ ਲੈਣ ਵਾਲਾ ਜਮ ਲੁੱਟ ਲੈਂਦਾ ਹੈ। (ਇਸ ਲਈ ਤੁਸੀ) ਵਾਸ਼ਨਾ ਰਹਿਤ ਹੋ ਕੇ ਕਰਤਾ ਪੁਰਖ ਦਾ ਕੀਰਤਨ (ਜੱਸ) ਕਰੋ, ਜਿਸ (ਪ੍ਰਭੂ ਦਾ) ਅੱਖ ਝਮਕਣ ਜਿਤਨੇ ਸਮੇਂ ਲਈ ਨਾਮ ਸਿਮਰਦਿਆਂ (ਮਨੁੱਖ ਵਿਕਾਰਾਂ ਤੋਂ ਅਤੇ ਜਨਮ ਮਰਨ ਤੋਂ) ਤੇ ਜਮਾਂ ਦੇ ਡਰ ਤੋਂ ਛੁਟ ਜਾਂਦਾ ਹੈ।

**ਜੋ ਜਨੁ ਕਰੈ ਕੀਰਤਨ ਗੋਪਾਲ॥**
**ਤਿਸੁ ਕਉ ਪੋਹਿ ਨ ਸਕੈ ਜਮਕਾਲ॥੧॥** (ਅੰਗ 867)

ਹੇ ਸੰਤ ਜਨੋਂ ! (ਕੀਰਤਨ ਰਾਹੀਂ ਹੀ ਅਥਵਾ) ਨਾਮ ਸਿਮਰਨ ਕਰਨ ਵਾਲੇ ਗੁਰਮੁਖਾਂ ਦੀ ਸੰਗਤ ਕਰਕੇ) ਸੰਸਾਰ ਸਾਗਰ ਤੋਂ ਤਰ ਸਕੀਦਾ ਹੈ। ਜੇ ਕੋਈ (ਮਨੁੱਖ) ਸੰਤ ਜਨਾਂ ਦੇ ਉਪਦੇਸ਼ਾਂ ਨੂੰ (ਜੀਵਨ ਵਿਚ) ਕਮਾਉਂਦਾ ਹੈ, ਉਹ (ਮਨੁੱਖ) ਗੁਰੂ ਦੀ ਕਿਰਪਾ ਨਾਲ (ਸੰਸਾਰ ਸਾਗਰ ਤੋਂ) ਪਾਰ ਹੋ ਜਾਂਦਾ ਹੈ :

**ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥**
**ਸੁਨਤ ਕਮਾਵਤ ਹੋਤ ਉਧਾਰ॥ ਆਪ ਤਰੈ ਲੋਕਹ ਨਿਸਤਾਰ॥ ੧॥ ਰਹਾਉ॥**

(ਹੇ ਭਾਈ !) ਇਸ ਕਲਿਜੁਗ ਵਿਚ ਕੂੜਾਂ ਤੀਰਥਾਂ ਦੇ ਇਸ਼ਨਾਨ ਕਰਦਿਆਂ (ਵੀ ਮਨੁੱਖ ਹਉਮੈ ਦੀ) ਮੈਲ ਨਾਲ ਲਿਬੜ ਜਾਂਦਾ ਹੈ। (ਹਾਂ, ) ਜਿਹੜਾ (ਮਨੁੱਖ) ਸਾਧ ਸੰਗਤ ਵਿਚ (ਬੈਠ ਕੇ) ਹਰੀ ਦੇ ਗੁਣ ਗਾਉਂਦਾ ਹੈ, ਉਹ (ਮਨੁੱਖ) ਆਪਣੇ ਮਨ ਅਤੇ ਜੀਵਨ ਨੂੰ ਪਵਿੱਤਰ ਕਰ ਲੈਂਦਾ ਹੈ।੨।

ਹੇ ਭਾਈ ! ਜੋ ਵੇਦ, ਕਤੇਬ, ਸਿਮ੍ਰਿਤੀਆਂ (ਅਤੇ) ਸ਼ਾਸਤਰ ਹਨ, ਇਨ੍ਹਾਂ ਦੇ ਪੜ੍ਹਨ ਨਾਲ (ਵਿਕਾਰਾਂ ਤੋਂ) ਛੁਟਕਾਰਾ ਨਹੀਂ ਹੁੰਦਾ। ਜਿਹੜਾ (ਮਨੁੱਖ) ਗੁਰੂ ਦੁਆਰਾ ਇਕ ਨਾਸ ਤੋਂ ਰਹਿਤ (ੴ) ਪ੍ਰਮਾਤਮਾ ਦਾ ਜੋ ਜਾਪ ਜਪਦਾ ਹੈ, ਉਸ ਦੀ ਲੋਕ ਪ੍ਰਲੋਕ ਵਿਚ ਨਿਰਮਲ ਸੋਭਾ ਹੁੰਦੀ ਹੈ।੩।

(ਹੇ ਭਾਈ !) ਖੱਤ੍ਰੀਆਂ, ਬ੍ਰਾਹਮਣਾਂ, ਸ਼ੂਦਰਾਂ ਤੇ ਵੈਸ਼ਾਂ, ਚੌਹਾਂ ਵਰਨਾਂ ਨੂੰ (ਪਰਮਾਤਮਾ ਦੇ ਨਾਮ ਸਿਮਰਨ ਦਾ ਇਹ) ਸਾਂਝਾ ਉਪਦੇਸ਼ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਮਨੁੱਖ) ਗੁਰੂ ਦੁਆਰਾ ਨਾਮ ਜਪਦਾ ਹੈ, ਭਾਵ ਗੁਰੂ ਦੇ ਦਿੱਤੇ ਗੁਰਮੰਤਰ ਦਾ ਜਾਪ ਕਰਦਾ ਹੈ, ਉਹ ਕਲਜੁਗ ਵਿਚ ਵਿਸ਼ੇ ਵਿਕਾਰਾਂ ਤੋਂ ਬਚ ਜਾਂਦਾ ਹੈ (ਅਤੇ ਉਸ ਨੂੰ) ਘਟਾਂ ਘਟਾਂ ਵਿਚ (ਵੱਸਦਾ ਪਰਮੇਸ਼ਰ ਦਿੱਸ ਪੈਂਦਾ ਹੈ) ।੪।੩।੫੦।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧38 (ਆਦਿ ਅੰਗ 748)

## ਸੂਹੀ ਮਹਲਾ 5 ॥

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥੧ ॥ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ॥ ੧ ॥ ਰਹਾਉ॥ ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥ ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ॥2 ॥ ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥ ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥3 ॥ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ॥ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ॥ 4 ॥ 4 ॥ 5੧ ॥

## ਪ੍ਰਾਕ੍ਥਨ :

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗੁ ਅੰਦਰ ਸ਼ਬਦ ਉਚਾਰਨ ਕਰ ਕੇ ਪ੍ਰਭੂ ਪਿਆਰਿਆਂ ਦੀ ਮਹਿਮਾ ਦਰਸਾਈ ਹੈ।

## ਵਿਸ਼ਾ — ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ

ਹਰੀ ਪ੍ਰਭੂ ਪ੍ਰਮਾਤਮਾ ਦੇ ਸੰਤਾਂ ਦੀ ਮਹਿਮਾ ਹਜ਼ੂਰ ਨੇ ਕੀਤੀ ਹੈ ਕਿ ਹਰੀ ਦੇ ਸੰਤਾਂ ਦੇ ਸੱਦਰਸ ਦੁਨੀਆਂ ਅੰਦਰ ਕੋਈ ਵੀ ਨਹੀਂ ਹੈ।

ਧਾਰਮਿਕ ਦੁਨੀਆਂ ਵਿਚ ਸੰਤ ਸਰਵੋਤਮ ਮੰਨਿਆ ਹੈ, ਕਿਉਂਕਿ ਸੰਤ ਪੂਰਨ ਪਦ ਹੈ। ਜਿਸ ਤਰ੍ਹਾਂ ਨਿੱਕੀ ਜਿਹੀ ਪਾਣੀ ਦੀ ਬੂੰਦ ਸਮੁੰਦਰ ਵਿਚ ਪੈ ਕੇ ਸਮੁੰਦਰ ਹੋਣ ਦਾ ਮਾਣ ਪ੍ਰਾਪਤ ਕਰ ਲੈਂਦੀ ਹੈ, ਇਸੇ ਤਰ੍ਹਾਂ ਪੂਰਨ ਬ੍ਰਹਮ ਰੂਪੀ ਸਮੁੰਦਰ ਵਿਚ ਅਭੇਦ ਹੋਏ ਪਰਮੇਸ਼ਰ ਦੇ ਪਿਆਰਿਆਂ ਨੂੰ ਸੰਤ ਕਿਹਾ ਜਾਂਦਾ ਹੈ। ਅਜਿਹੇ ਸੰਤਾਂ ਦਾ ਜੀਵਨ-ਆਧਾਰ ਨਾਮ ਹੈ। ਪੰਚਮ ਗੁਰਦੇਵ ਨੇ ਸਹਿਸਕ੍ਰਿਤੀ ਸਲੋਕਾਂ ਅੰਦਰ ਕਿਹਾ ਹੈ :

**ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ ॥**
**ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਯਤੇ ॥ 26 ॥**

(ਅੰਗ ੧356)

ਸੰਤ ਸ੍ਰੇਸ਼ਟ ਧਰਮ ਦੇ ਧਾਰਨੀ, ਕੇਵਲ ਪ੍ਰਭੂ ਦੇ ਜਸ ਦਾ ਉਚਾਰਨ ਕਰਦੇ ਰਹਿੰਦੇ ਹਨ। ਨਾਰਾਇਣ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਰੂਪ ਹੈ। ਉਸ ਪ੍ਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਪੀਂਦੇ ਹੋਏ ਸੰਤ ਤ੍ਰਿਪਤ ਨਹੀਂ ਹੁੰਦੇ ਭਾਵ ਨਾਮ ਦੀ ਪਿਆਸ ਹਮੇਸ਼ਾ ਬਣੀ ਰਹਿੰਦੀ ਹੈ ਅਤੇ ਸੰਤ ਜਨਾਂ ਦੀ ਰਹਿਤ ਤੇ ਪ੍ਰਭੂ ਪਿਆਰੇ ਸੰਤ ਜਨਾਂ ਦਾ ਜੀਵਨ-ਆਧਾਰ ਇਕ ਪ੍ਰਮਾਤਮਾ ਦਾ ਨਾਮ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਸ ਸੰਬੰਧ ਵਿਚ ਸੁੰਦਰ ਫ਼ੁਰਮਾਨ ਹੈ :

**ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥**
**ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥ ੧ ॥**
**ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥ ੧ ॥ ਰਹਾਉ ॥**
**ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥**
**ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ 2 ॥**
**ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥**
**ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥ 3 ॥**
**ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥**

**ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥ 4 ॥ 37 ॥**

(ਅੰਗ 392)

**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥**

(ਅੰਗ 540)

ਧੰਨ ਗੁਰੂ ਨਾਨਕ ਦੇਵ ਜੀ ਨੇ ਸੋਦਰੁ ਅੰਦਰ ਸਾਰੀ ਕੁਦਰਤ ਤੇ ਕੁਦਰਤ ਅੰਦਰ ਰਚੇ ਦੇਵਤੇ ਅਤੇ ਮਨੁੱਖ ਸਾਰਿਆਂ ਨੂੰ ਹਰੀ ਕੀਰਤਨ ਕਰਦੇ ਦਰਸਾਇਆ ਹੈ :

**ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥**
**ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**

(ਰਹਰਾਸਿ ਸਾਹਿਬ)

ਆਸਾ ਦੀ ਵਾਰ ਅੰਦਰ ''ਭੈ ਵਿਚਿ ਪਵਣੁ ਵਹੈ ਸਦ ਵਾਉ'' ਸਲੋਕ ਉਚਾਰ ਕੇ ਸਾਰੀ ਕੁਦਰਤ ਨੂੰ ਭੈਅ ਵਿਚ ਕੰਮ ਕਰਦੀ ਦੱਸਿਆ ਹੈ। ਕੁਦਰਤ 'ਕਰਤਾ' ਤੋਂ ਨਿਖੜ ਕੇ ਨਹੀਂ ਚਲ ਰਹੀ, ਉਹ ਇਸ ਦਾ 'ਕਾਦਰ' ਵੀ ਹੈ, ਉਸ ਦੀ ਚਲਾਈ ਚਲਦੀ ਹੈ। ਫਿਰ ਉਹ ਇਸ ਵਿਚ ਪੂਰਨ ਵਿਆਪਕ ਹੈ। ਇਸ ਲਈ ਕੁਦਰਤ 'ਕਾਦਰ' ਤੋਂ ਅਲੱਗ ਨਹੀਂ ਹੈ।

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥** (ਅੰਗ 463)

ਅਤੇ ਇਸ ਤਰ੍ਹਾਂ ਵੀ ਉਚਾਰਨ ਕੀਤਾ ਹੈ— ''ਕੁਦਰਤਿ ਕਰਿ ਕੈ ਵਸਿਆ ਸੋਇ॥'' ਸੋ ਕਾਦਰ ਨੇ ''ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥'' ਇਸ ਦੇ ਜ਼ੱਰੇ ਜ਼ੱਰੇ ਵਿਚ ਆਪ ਆਪਣਾ ਨਿਵਾਸ ਕੀਤਾ ਹੋਇਆ ਹੈ। ਹਾਂ, ਵਿਸਮਾਦ ਰੰਗ ਵਿਚ ਰੰਗੇ ਨੂੰ ਕੁਦਰਤ ਕਾਦਰ ਦੇ ਗੁਣ ਗਾ ਰਹੀ, ਨਾਮ ਜੱਪ ਰਹੀ ਪ੍ਰਤੱਖ ਨਜ਼ਰ ਆ ਰਹੀ ਹੈ। ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ :

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥**

(ਅੰਗ ੧265)

ਸ੍ਰੀ ਗੁਰੂ ਅਮਰਦਾਸ ਜੀ ਦੇ ਅੰਮ੍ਰਿਤ ਬਚਨ ਹਨ :

**ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥** (ਅੰਗ ੧420)

ਸੋ ਇਸ ਤਰ੍ਹਾਂ ਸਿਮਰਨ, ਸਿਫਤ-ਸਾਲਾਹ ਕੁਦਰਤ ਦਾ ਜ਼ੱਰਰਾ-ਜ਼ੱਰਰਾ ਸਹਿਜ ਭਾਵ ਵਿਚ ਕਰ ਰਿਹਾ ਹੈ, ਪਰ ਜੋ ਸੰਤ ਭਗਤ ਪ੍ਰੇਮਾ ਭਗਤੀ ਵਿਚ ਆ ਕੇ ਸਿਮਰਨ ਕਰਦੇ ਹਨ, ਉਹ ਵਾਹਿਗੁਰੂ ਜੀ ਦੇ ਦਰ ਪਰਵਾਨ ਹੁੰਦੇ ਹਨ, ਨਹੀਂ ਤਾਂ ਅੱਜ ਸੰਸਾਰ ਅੰਦਰ ਭੇਖਧਾਰੀ ਸੰਤ ਬਹੁਤ ਮਿਲਦੇ ਹਨ। ਸਰੀਰ ਉੱਪਰ ਲਿਬਾਸ ਸੰਤਾਂ ਦਾ ਧਾਰਨ ਕਰ ਕੇ ਅਤੇ ਗਲ੍ਹ ਵਿਚ ਤੇ ਹੱਥਾਂ ਵਿਚ ਵੱਡੀਆਂ-ਵੱਡੀਆਂ ਮਾਲਾ ਫੜ ਲੈਂਦੇ ਹਨ। ਇਸ ਵਿਖਾਵੇ ਦੇ ਲਿਬਾਸ ਨੂੰ ਵੇਖ ਕੇ ਸੰਸਾਰੀ ਲੋਕਾਂ ਦਾ ਉਨ੍ਹਾਂ ਉਪਰ ਪੂਰਨ ਵਿਸ਼ਵਾਸ ਬੱਝ ਜਾਂਦਾ ਹੈ।

ਸੰਸਾਰ ਅੰਦਰ ਲੋਕਾਂ ਦਾ ਵਿਸ਼ਵਾਸ ਬਣਾ ਕੇ ਠੱਗਣ ਲਈ ਕਈਆਂ ਨੇ ਸਰੀਰ ਉੱਪਰ ਧਰਮ ਦਾ ਲਿਬਾਸ ਧਾਰਿਆ, ਜਿਨ੍ਹਾਂ ਵਿਚ ਸੱਜਣ ਠੱਗ ਵਰਗਿਆਂ ਦੇ ਨਾਮ ਹਨ।

**ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥** (ਅੰਗ 476)

ਕਿਸ ਤਰ੍ਹਾਂ ਸਮਝ ਪਵੇ ਕਿ ਇਹ ਅਸਲ ਸੰਤ ਹੈ ਜਾਂ ਸੱਜਣ ਠੱਗ ਹੈ। ਭਾਈ ਗੁਰਦਾਸ ਜੀ ਪਾਸੋਂ ਇਕ ਵਾਰ ਗੁਰਸਿੱਖਾਂ ਨੇ ਪੁੱਛਿਆ ਸੀ, ਜੀ ਕ੍ਰਿਪਾ ਕਰ ਕੇ ਦੱਸੋ, ਕਿਸ ਤਰ੍ਹਾਂ ਪਛਾਣ ਕਰੀਏ ਕਿ ਇਹ ਅਸਲ ਸੰਤ ਹੈ ਜਾਂ ਅਸੰਤ ਹੈ ? ਤਾਂ ਭਾਈ ਸਾਹਿਬ ਜੀ ਨੇ ਬਚਨ ਕਹੇ ਸਨ, ਜੋ ਉਨ੍ਹਾਂ ਦੀ ਬਾਣੀ ਅੰਦਰ ਅੰਕਿਤ ਹੈ :

**ਗੁਛਾ ਹੋਇ ਧ੍ਰਿਕਾਨੂਆ ਕਿਉ ਵੁੜੀਐ ਦਾਖੈ।**
**ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।**
**ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ।**
**ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ।**
**ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ।**
**ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ॥ ੧7॥**

(ਵਾਰ 35, ਪਉੜੀ ੧7)

ਭਾਈ ਸਾਹਿਬ ਕਹਿੰਦੇ ਹਨ ਕਿ ਜਿਵੇਂ ਅੱਕ ਨੂੰ ਲੱਗਿਆ ਫਲ ਦਾਖਾਂ ਨਹੀਂ ਹੋ ਸਕਦੀਆਂ। ਮੁਲੰਮੇ ਦਾ ਗਹਿਣਾ ਅਸਲ ਸੋਨਾ ਜਾਂ ਸੁੱਚਾ ਜ਼ੇਵਰ ਨਹੀਂ ਹੋ ਸਕਦਾ। ਅੱਕ ਦਾ ਕੌੜਾ ਫਲ ਅੰਬ ਕਿਸ ਤਰ੍ਹਾਂ ਬਣ ਸਕਦਾ ਹੈ, ਇਸੇ ਤਰ੍ਹਾਂ ਸਾਧ ਤੇ ਅਸਾਧ ਦੀ ਪਛਾਣ 'ਕਰਤੂਤ' ਕਰਮ ਕਰ ਕੇ ਜਾਂ ਫਿਰ 'ਸੁਭਾਖੈ' ਬੋਲੀ ਕਰ ਕੇ ਉਸੇ ਵੇਲੇ ਹੋ ਜਾਂਦੀ ਹੈ, ਪਰ ਜੋ ਅਸਲ ਸੰਤ ਕਰਨੀ ਕਥਨੀ ਦੇ ਪੂਰੇ ਹਨ ਅਤੇ ਸੂਰਬੀਰ ਬਚਨ ਕੇ ਬਲੀ ਹਨ, ਹਰ ਟਾਈਮ ਨਾਮ ਰੰਗ ਵਿਚ ਰੰਗੇ ਹੋਏ ਸੁਆਸ-ਸੁਆਸ ਸਿਮਰਨ ਕਰਦੇ ਹਨ।

ਭਾਈ ਗੁਰਦਾਸ ਜੀ ਨੇ ਅਜਿਹੇ ਸੰਤਾਂ ਦੇ ਸੰਬੰਧ ਵਿਚ ਬਹੁਤ ਸੁੰਦਰ ਬਚਨ ਕਹੇ ਹਨ। ਮੱਛੀ ਜਲ ਵਿਚ ਰਹਿੰਦੀ ਕਦੇ ਤ੍ਰਿਪਤ ਹੋਈ ਹੈ ? ਮੱਛੀ ਨੇ ਕਦੇ ਕਿਹਾ ਹੈ ਕਿ ਮੈਂ ਜਲ ਵਿਚ ਰਹਿ ਕੇ ਤ੍ਰਿਪਤ ਹੋ ਗਈ ਹਾਂ, ਹੁਣ ਜਲ ਵਿਚ ਨਹੀਂ ਰਹਿਣਾ ? ਉਸ ਦਾ ਜੀਵਨ-ਆਧਾਰ ਹੀ ਜਲ ਹੈ। ਪਤੰਗੇ ਨੇ ਕਦੇ ਕਿਹਾ ਹੈ ਕਿ ਮੈਂ ਦੀਪਕ ਦੇ ਪ੍ਰਕਾਸ਼ ਕੋਲ ਨਹੀਂ ਜਾਣਾ, ਤ੍ਰਿਪਤ ਹੋ ਗਿਆ ਹਾਂ ? ਪਤੰਗਾ ਮੁੜ-ਮੁੜ ਕੇ ਦੀਪਕ ਦੇ ਪ੍ਰਕਾਸ਼ ਪਾਸ ਜਾਂਦਾ ਰਹਿੰਦਾ ਹੈ, ਜਿੰਨਾ ਚਿਰ ਉਹ ਕੁਰਬਾਨ ਨਹੀਂ ਹੋ ਜਾਂਦਾ। ਭੌਰਾ ਫੁੱਲ ਦੀ ਸੁਗੰਧੀ ਲਈ ਓਨਾ ਚਿਰ ਮੰਡਰਾਉਂਦਾ ਰਹਿੰਦਾ ਹੈ, ਜਿੰਨਾ ਚਿਰ ਜੀਵਨ ਹੈ। ਅੰਤ ਫੁੱਲ ਉੱਪਰ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਪੰਛੀ ਦਾ ਜੀਵਨ-ਆਧਾਰ ਹੈ ਆਕਾਸ਼ ਦੀ ਉਡਾਰੀ। ਆਕਾਸ਼ ਵਿਚ ਉਡਾਰੀ ਲਾਉਂਦਾ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਪੰਛੀ ਅਨੰਦ ਮਾਣਦਾ ਹੈ। ਮੋਰ ਬੱਦਲ ਦੀਆਂ ਕਾਲੀਆਂ ਘਟਾਵਾਂ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ ਅਤੇ ਪਪੀਹਾ ਸ੍ਵਾਂਤੀ ਬੂੰਦ ਲਈ ਪ੍ਰਿਉ-ਪ੍ਰਿਉ ਦਾ ਰਟਨ ਰਟਦਾ ਹੈ। ਹਿਰਨ ਘੰਡੇ ਹੇੜੇ ਦੇ ਸ਼ਬਦ ਸੁਨਣ ਨਾਲ ਪ੍ਰੀਤੀ ਕਰਦਾ ਹੈ। ਐਸੇ ਹੀ ਸੰਤ ਜਨ ਹਨ। ਉਨ੍ਹ ਦੇ ਰੋਮ-ਰੋਮ ਵਿਚ, ਸਰੀਰਕ ਅੰਗ-ਅੰਗ ਵਿਚ ਨਾਮ ਦੀ ਪ੍ਰੀਤ ਲੱਗੀ ਰਹਿੰਦੀ ਹੈ ਅਤੇ ਨਾਮ ਦੀ ਪਿਆਸ ਬਣੀ ਰਹਿੰਦੀ ਹੈ।

**ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,**
**ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥**
**ਕੁਸਮ ਸੁਬਾਸ ਜੈਸੋ ਤ੍ਰਿਪਤ ਨ ਮਧੁਪ ਕਉ,**
**ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥**
**ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,**
**ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥**
**ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,**
**ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥ *424*॥**

(ਕਬਿੱਤ ਸਵੱਈਏ, ਭਾਈ ਗੁਰਦਾਸ ਜੀ)

ਐਸੇ ਸੰਤਜਨਾਂ ਦੀ ਸੇਵਾ ਅਤੇ ਸੰਗਤ ਕਰਨ ਵਾਸਤੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਸਿੱਖਾਂ ਨੂੰ ਉਪਦੇਸ਼ ਦਿੱਤਾ ਹੈ। ਗੁਰਪ੍ਰਤਾਪ ਸੂਰਜ ਗ੍ਰੰਥ ਅੰਦਰ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਕਥਨ ਕੀਤਾ ਹੈ :

**ਸੰਤਨ ਕੀ ਸੇਵਾ ਨਿਤ ਕਰੀਅਹਿ। ਛਾਦਨ ਭੋਜਨ ਤੇ ਸੁਖ ਧਰੀਅਹਿ॥ ੧3 ॥**
**ਪੰਥ ਸੁਖੈਨ ਬਤਾਇ ਸੁ ਦੇਤ। ਭਗਤ ਗਯਾਨ ਕੋ ਦ੍ਰਿੜ ਕਰ ਲੇਤ॥ ੧4 ॥**
**ਸੁਨਿ ਬੂਝਿਯੋ ਕਿਮ ਸੰਤ ਪਛਾਨੋ। ਜਿਸ ਤੇ ਪਿਖ ਕਰ ਸੇਵਾ ਠਾਨੋ।**
**ਤਬਿ ਸਤਿਗੁਰ ਬਿਧ ਤਾਹਿ ਬਤਾਈ। ਇਕ ਨਿਰਪ ਨੇ ਅਭਿਲਾਖ ਉਠਾਈ॥ ੧5 ॥**
**ਕਿਮ ਹੇਰਹਿ ਹੰਸਨ ਕੋ ਨੈਨ। ਖਗ ਗਨ ਕੋ ਸੇਵਨਿ ਕਰ ਐਨ।**
**ਬ੍ਰਿੰਦ ਚੋਗ ਸਭਿ ਬਿਧ ਕੀ ਪਾਵੈ। ਦੇਸ ਬਿਦੇਸਨ ਤੇ ਖਗ ਆਵੈ॥ ੧6 ॥**
**ਤਬ ਹੰਸਨ ਕੀ ਜੋਰੀ ਆਇ। ਆਪਨ ਸਰੂਪ ਸੋ ਦੀਨ ਦਿਖਾਇ॥ ੧8 ॥**
**ਤਿਮ ਤੂੰ ਸਭ ਕੀ ਸੇਵਾ ਠਾਨ। ਮਿਲਹਿ ਆਇ ਜੋ ਦੇ ਬ੍ਰਹਮ ਗਯਾਨ॥ 2੧ ॥**

(ਰਾਸਿ *5*, ਅੰਸੂ *43*)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਸੰਤਾਂ ਦੀ ਪ੍ਰੀਤੀ ਦਾ ਜ਼ਿਕਰ ਕੀਤਾ ਹੈ :
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸਲੋਕ ॥

**ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥**
**ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ ॥**
**ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥ ੧ ॥**
**ਮੁਖ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ ॥**
**ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥ 2 ॥**

ਪਉੜੀ ॥

**ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥**
**ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥**
**ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥**
**ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥**
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਆਘਾਵੈ ॥ 2 ॥** (ਅੰਗ 708)

**ਤੇਰਾ ਜਨੁ ਰਾਮ ਰਸਾਇਣਿ ਮਾਤਾ ॥**
**ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥ ੧ ॥ ਰਹਾਉ ॥**
**ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨ ਖਾਤਾ ॥**
**ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ ॥ ੧ ॥**
**ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥**
**ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥ 2 ॥**

(ਅੰਗ 532)

ਐਸੇ ਹਰੀ ਪ੍ਰਭੂ ਦੇ ਸੰਤ, ਭਗਤ, ਗੁਰਸਿੱਖ ਜੋ ਕੁਝ ਕਰਦੇ ਹਨ, ਉਹ ਹਰੀ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਪ੍ਰਮਾਤਮਾ ਉਹਨਾਂ ਦੇ ਕੀਤੇ ਨੂੰ ਪ੍ਰਵਾਨ ਕਰਦਾ ਹੈ।

## ਸਾਖੀ—ਭਾਈ ਬੁੱਧੂ ਤੇ ਲੱਖੂ

ਭਾਈ ਬੁੱਧੂ ਲਾਹੌਰ ਵਿਚ ਰਿਹਾ ਕਰਦਾ ਸੀ। ਇਕ ਦਿਨ ਸਤਿਗੁਰਾਂ ਦੇ ਦਰਸ਼ਨ ਕਰਨ ਸ੍ਰੀ ਅੰਮ੍ਰਿਤਸਰ ਸਾਹਿਬ ਆਇਆ। ਨਮਸਕਾਰ ਕਰ ਕੇ ਬੇਨਤੀ ਕੀਤੀ, "ਮਹਾਰਾਜ ਜੀ ! ਬਹੁਤ ਕਰਜ਼ਾ ਲੈ ਕੇ ਆਵਾ ਤਿਆਰ ਕੀਤਾ ਹੈ, ਆਪ ਕਿਰਪਾ ਕਰੋ, ਆਵਾ ਪੱਕਾ ਨਿਕਲੇ।" ਹਜ਼ੂਰ ਨੇ ਕਿਹਾ, "ਭਾਈ ! ਜਾ ਕੇ ਗੁਰੂ ਕੀਆਂ ਸੰਗਤਾਂ ਨੂੰ ਲੰਗਰ ਛਕਾਵੀਂ; ਕਾਰਜ ਰਾਸ ਹੋਵੇਗਾ।" ਘਰ ਜਾ ਕੇ ਭਾਈ ਬੁੱਧੂ ਨੇ ਸੁੰਦਰ ਲੰਗਰ ਤਿਆਰ

ਕਰਵਾਇਆ ਅਤੇ ਬਹੁਤ ਸਾਰੀਆਂ ਸੰਗਤਾਂ ਨੂੰ ਬੁਲਾਇਆ। ਜਦੋਂ ਸਾਰੀਆਂ ਸੰਗਤਾਂ ਲੰਗਰ ਛਕ ਰਹੀਆਂ ਸਨ ਤਾਂ ਇਕ ਗੁਰੂ ਦਾ ਪ੍ਰੇਮੀ, ਨਾਮ ਬਾਣੀ ਦਾ ਅਭਿਆਸੀ ਭਾਈ ਲੱਖੂ ਗੁਰਸਿੱਖ ਸੰਤ ਜੋ ਸ੍ਰੀ ਜਪੁ ਜੀ ਸਾਹਿਬ ਜੀ ਦੇ ੨੧ ਪਾਠ ਹਰ ਰੋਜ਼ ਕਰਿਆ ਕਰਦਾ ਸੀ, ਭਾਈ ਬੁੱਧੂ ਜੀ ਦੇ ਘਰ ਆਇਆ। ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਜ਼ਿਕਰ ਇਸ ਪ੍ਰਕਾਰ ਆਇਆ ਹੈ :

**ਸਹਿ ਸਿਖਨ ਪ੍ਰਸ਼ਾਦਿ ਕਰਿ, ਛਕਵਾਯੋ ਧਰਿ ਆਸ।**
**ਆਵਾ ਪੱਕੈ ਨਵਾ ਹਵੈ, ਕਰਵਾਈ ਅਰਦਾਸ॥ ੧2 ॥**
**ਲੱਖੂ ਨਾਮ ਸਿਖ ਗੁਰ ਗੌਰੈ। ਰਹਿਤ ਮਸਤ ਇਕ ਵੀਚ ਲਹੌਰੈ।**
**ਸੋਭੀ ਤਿਸੀ ਸਮੇਂ ਤਹਿ ਆਯੋ। ਪੰਗਤ ਮੈਂ ਵਹਿ ਜਾਨ ਨਾ ਪਾਯੋ॥ ੧3 ॥**

(ਸ੍ਰੀ ਗੁਰ ਪੰਥ ਪ੍ਰਕਾਸ਼)

ਇਹ ਸੋਚ ਕੇ ਕਿ ਚਲੋ ਗੁਰੂ ਕੀਆਂ ਸੰਗਤਾਂ ਦੇ ਦਰਸ਼ਨ ਕਰਾਂਗੇ ਅਤੇ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦਾ ਵੀ ਛਕ ਲਵਾਂਗੇ। ਇਸ ਨੇ ਆਪਣਾ ਇਹ ਨਿਯਮ ਰੱਖਿਆ ਹੋਇਆ ਸੀ ਕਿ ਜਿਹੜੀ ਮਾਈ ਹਰ ਰੋਜ਼ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਕੇ ਪ੍ਰਸ਼ਾਦਾ ਤਿਆਰ ਕਰੇ, ਉਸ ਹੱਥੋਂ ਪ੍ਰਸ਼ਾਦਾ ਛਕਣਾ ਹੈ, ਜਾਂ ਗੁਰੂ ਕੇ ਨਮਿਤ ਜੋ ਲੰਗਰ ਚੱਲਦਾ ਹੋਵੇ, ਉਸ ਵਿੱਚੋਂ ਪ੍ਰਸ਼ਾਦਾ ਸੰਗਤ ਵਿਚ ਬੈਠ ਕੇ ਛਕਣਾ ਹੈ। ਇਸ ਤਰ੍ਹਾਂ ਕਈਆਂ ਬੀਬੀਆਂ ਨੇ ਨਿਤਨੇਮ ਨਾਲੋਂ ਹੋਰ ਵੱਧ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਭਾਈ ਲੱਖੂ ਨੂੰ ਪ੍ਰਸ਼ਾਦਾ ਛਕਾਵਾਂਗੀਆਂ। ਇਹ ਭਾਈ ਲੱਖੂ ਲਿਵ ਵਾਲਾ ਸਿੱਖ ਸੀ।

ਜਦ ਭਾਈ ਲੱਖੂ ਦਰਵਾਜ਼ੇ ਤੋਂ ਅੰਦਰ ਜਾਣ ਲੱਗਾ ਤਾਂ ਭਾਈ ਬੁੱਧੂ ਨੇ ਉਥੇ ਹੀ ਰੋਕ ਲਿਆ। ਕਿਹਾ, "ਅੰਦਰ ਸੰਗਤਾਂ ਪ੍ਰਸ਼ਾਦਾ ਛਕ ਰਹੀਆਂ ਹਨ, ਜਿਤਨਾ ਚਿਰ ਸੰਗਤਾਂ ਪ੍ਰਸ਼ਾਦਾ ਨਾ ਛਕ ਲੈਣ, ਉਤਨਾ ਚਿਰ ਹੋਰ ਕਿਸੇ ਨੂੰ ਅੰਦਰ ਨਹੀਂ ਜਾਣ ਦੇਣਾ।" ਜਦੋਂ ਸੰਗਤਾਂ ਨੇ ਪ੍ਰਸ਼ਾਦਾ ਛਕ ਲਿਆ ਤਾਂ ਅੰਦਰ ਅਰਦਾਸ ਹੋਈ, "ਹੇ ਸੱਚੇ ਪਾਤਸ਼ਾਹ ਜੀ ! ਭਾਈ ਬੁੱਧੂ ਨੇ ਆਪ ਜੀ ਦੀਆਂ ਸੰਗਤਾਂ ਨੂੰ ਲੰਗਰ ਛਕਾਉਣ ਦੀ ਸੇਵਾ ਕੀਤੀ ਹੈ, ਇਸ ਦਾ ਆਵਾ ਪੱਕਾ ਰਹੇ :

**ਕਰ ਕੀਰਤਨ ਭਜਨ, ਪ੍ਰਸਾਦਿ ਸਭ ਸੰਗਤ ਪਾਇਆ।**
**ਹੋ ਸਭ ਪਾਛੈ ਏਕ ਸਿਖ ਅਤਿ ਤਹਾ ਆਇਆ।** (ਮਹਿਮਾ ਪ੍ਰਕਾਸ਼)

ਪਰ ਬਾਹਰ ਬੂਹੇ ਵਿਚ ਬੈਠੇ ਭਾਈ ਲੱਖੂ ਗੁਰਸਿੱਖ ਸੰਤ ਜੀ ਨੇ ਕਿਹਾ :

**ਸੁਨਿ ਸਿਖ ਲੱਖੂ ਊਚ ਉਬਾਚਾ। ਬੁਧੂ ਰਹਯੋ ਪਚਾਵਾ ਕਾਚਾ।**
**ਹੇਰ ਛੁਧਾਤੁਰ ਦਿਅ ਨ ਅਹਾਰਾ। ਨਹਿ ਪਾਕਹਿ ਭਾ ਦੋਸ ਉਦਾਰਾ॥ 24 ॥**

(ਸ੍ਰੀ ਗੁਰੂ ਪੰਥ ਪ੍ਰਕਾਸ਼)

"ਆਵਾ ਪਿੱਲਾ ਰਹੇ।" ਇਸ ਤਰ੍ਹਾਂ ਬਚਨ ਕਰ ਕੇ ਚਲਿਆ ਗਿਆ। ਭਾਵੇਂ ਫਿਰ ਭਾਈ ਬੁੱਧੂ ਨੇ ਬੜਾ

ਲੱਭਿਆ, ਪਰ ਭਾਈ ਲੱਖੂ ਨਾ ਮਿਲਿਆ।

ਜਦੋਂ ਬਾਅਦ ਵਿਚ ਨਮੂਨੇ ਮਾਤਰ ਆਵੇ ਵਿਚੋਂ ਕੁਝ ਇੱਟਾਂ ਕੱਢ ਕੇ ਵੇਖੀਆਂ ਤਾਂ ਪਿੱਲੀਆਂ ਨਿਕਲੀਆਂ। ਫਿਰ ਹਜ਼ੂਰ ਦੇ ਚਰਨਾਂ ਵਿਚ ਪਹੁੰਚ ਕੇ ਬੇਨਤੀ ਕੀਤੀ, ''ਜੀ ! ਆਪ ਨੇ ਬਚਨ ਕੀਤਾ ਸੀ ਕਿ ਸੰਗਤ ਨੂੰ ਭੋਜਨ ਛਕਾਵੀਂ, ਆਵਾ ਪੱਕ ਜਾਵੇਗਾ। ਮੈਂ ਆਪ ਜੀ ਦਾ ਬਚਨ ਮੰਨ ਕੇ ਸੰਗਤ ਨੂੰ ਭੋਜਨ ਵੀ ਛਕਾਇਆ, ਪਰ ਆਵਾ ਫਿਰ ਵੀ ਪਿੱਲਾ ਰਹਿ ਗਿਆ ਹੈ, ਮੈਂ ਤਾਂ ਕਰਜ਼ਾ ਮੋੜਦਾ ਹੀ ਮਰ ਜਾਵਾਂਗਾ।'' ਤਾਂ ਹਜ਼ੂਰ ਨੇ ਕਿਹਾ, ''ਕੋਈ ਨਿਰਾਸਾ ਤਾਂ ਨਹੀਂ ਸੀ ਮੁੜਿਆ ? ਸਾਰੀਆਂ ਸੰਗਤਾਂ ਪ੍ਰਸੰਨ ਕੀਤੀਆਂ ਸਨ ?'' ਭਾਈ ਬੁੱਧੂ ਜੀ ਨੇ ਕਿਹਾ, ''ਹੋਰ ਤਾਂ ਸਾਰੀਆਂ ਸੰਗਤਾਂ ਪ੍ਰਸੰਨ ਹੋ ਗਈਆਂ ਸਨ, ਪਰ ਇਕ ਸਿੱਖ ਨੂੰ ਲੇਟ ਆਉਣ ਕਰ ਕੇ ਅੰਦਰ ਨਹੀਂ ਆਉਣ ਦਿੱਤਾ ਸੀ, ਮੈਂ ਕਿਹਾ ਪਹਿਲਾਂ ਕਿਉਂ ਨਹੀਂ ਆਇਆ ? ਤਾਂ ਮਹਾਰਾਜ ਜੀ ! ਉਹ ਸਿੱਖ ਇਹ ਕਹਿ ਕੇ ਵਾਪਸ ਚਲਾ ਗਿਆ, ਆਵਾ ਪਿੱਲਾ ਰਹੇਗਾ।'' ਹਜ਼ੂਰ ਨੇ ਕਿਹਾ, ''ਭਾਈ ! ਆਵਾ ਤਾਂ ਤੇਰਾ ਹੁਣ ਪਿੱਲਾ ਹੀ ਰਹੇਗਾ, ਕਿਉਂਕਿ ਅਸੀਂ ਭਾਈ ਲਖੂ ਗੁਰਸਿੱਖ ਸੰਤ ਦੇ ਕਹੇ ਹੋਏ ਬਚਨ ਨੂੰ ਨਹੀਂ ਮੋੜ ਸਕਦੇ, ਪਰ ਵਿਕਣਗੀਆਂ ਪੱਕੀਆਂ ਇੱਟਾਂ ਦੇ ਭਾਅ ਹੀ।'' ਸੋ, ਬਰਸਾਤ ਹੋਣ ਕਰ ਕੇ ਸੰਮਨ ਦੇ ਬੁਰਜ ਦੀ ਕੰਧ ਡਿੱਗ ਪਈ ਸੀ। ਉਹ ਕੰਧ ਬਣ ਰਹੀ ਸੀ, ਪੱਕੀਆਂ ਦੇ ਭਾਅ ਸਾਰੀਆਂ ਇੱਟਾਂ ਖ਼ਰੀਦ ਲਈਆਂ। ਸਾਰਾ ਕਰਜ਼ਾ ਵੀ ਲੱਥ ਗਿਆ ਅਤੇ ਲਾਭ ਵੀ ਬੜਾ ਪ੍ਰਾਪਤ ਹੋਇਆ।

> ਸੂਹੀ ਮਹਲਾ 5 ॥ ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥ ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥ ੧ ॥ ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ ਭਗਤਾ ਬਨਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥ ੧ ॥ ਰਹਾਉ ॥ ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥ ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਨਿ ਮਿਲਾਵੈ ॥ 2 ॥ ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥ ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥ 3 ॥ ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥ ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥4 ॥ 4 ॥ 5੧ ॥

ਪਦ ਅਰਥ :- ਰੰਗਿ=ਰੰਗ ਵਿਚ। ਰਾਤੇ=ਰੰਗੇ ਹੋਏ, ਤਦਾਕਾਰ ਹੋਇ। ਪਰਾਤੇ=ਪਛਾਣੇ, ਸਾਂਝ ਪਾ ਲਈ।੧। ਜੇਵਡੁ=ਜੇਡਾ, ਬਰਾਬਰ ਦਾ। ਸਿਉ=ਨਾਲ। ਜਲਿ=ਜਲ ਵਿਚ। ਥਲਿ=ਧਰਤੀ ਵਿਚ। ਮਹੀਅਲਿ=ਮਹੀ ਤਲਿ, ਧਰਤੀ ਦੇ ਤਲ ਉੱਤੇ, ਪੁਲਾੜ ਵਿਚ, ਆਕਾਸ਼ ਵਿਚ।੧।ਰਹਾਉ। ਕੋਟਿ ਅਪ੍ਰਾਧੀ=ਕਰੋੜਾਂ ਪਾਪ ਕਰਨ ਵਾਲਾ। ਸੰਗਿ=ਸੰਗਤਿ ਵਿਚ। ਉਭਰੈ=ਵਿਕਾਰਾਂ ਤੋਂ ਬਚ ਜਾਂਦਾ ਹੈ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਨੇੜਿ=ਦੇ ਨੇੜੇ। ਸਿਉ=ਨਾਲ। ਆਨਿ=ਲਿਆ ਕੇ।੨। ਕਰਿ=ਕਰ ਕੇ, ਧਾਰ ਕੇ। ਤੇ=ਤੋਂ, ਪਾਸੋਂ।੩। ਮਹਿਮਾ=ਵਡਿਆਈ। ਕੇਤਕ=ਕਿਤਨੀ ਕੁ। ਭਾਨੇ=ਚੰਗੇ ਲੱਗੇ। ਸਭ ਤੇ=ਸਾਰੀ ਲੁਕਾਈ ਤੋਂ। ਨਿਕਾਨੇ=ਬੇ-ਮੁਥਾਜ।੪।

ਅਰਥ :- ਪ੍ਰਭੂ ਪਿਆਰੇ ਸੰਤ ਜਨ ਜੋ ਕੁਝ ਭੀ ਕਰਤਬ ਕਰਦੇ ਹਨ, ਪ੍ਰਭ=ਵਾਹਿਗੁਰੂ ਜੀ ਉਹੀ ਕੁਝ ਮਾਨਹਿ=ਮੰਨ ਲੈਂਦਾ ਹੈ, (ਕਿਉਂਕਿ) ਉਇ=ਉਹ ਸੰਤ ਜਨ ਰਾਮ ਦੇ ਨਾਮ ਦੇ ਰੰਗਿ=ਪ੍ਰੇਮ ਵਿਚ ਰਾਤੇ=ਤਦਾਕਾਰ, ਭਾਵ ਭਿੱਜੇ ਹੋਏ ਹਨ। ਜਿਨ੍ਹਾਂ ਨੇ ਪ੍ਰਭੂ ਦੇ ਚਰਨਾਂ ਦਾ ਧਿਆਨ ਕਰਨਾ, ਪਰਾਤੇ=ਪਛਾਣਿਆ ਹੈ, ਉਨ੍ਹਾਂ ਦੀ ਸੋਭਾ ਸਭ ਥਾਂਵਾਂ 'ਤੇ (ਪ੍ਰਗਟ ਹੁੰਦੀ ਹੈ)।੧।

ਹੇ ਮੇਰੇ ਰਾਮ ਦੇ (ਪਿਆਰੇ !) ਹਰੀ ਦੇ ਸੰਤਾਂ ਦੇ ਬਰਾਬਰ ਦਾ (ਸੰਸਾਰ ਵਿਚ ਹੋਰ) ਕੋਈ ਨਹੀਂ ਹੈ। ਭਗਤਾਂ ਦੀ ਆਪਣੇ ਪ੍ਰਭੂ ਨਾਲ (ਸੱਚੀ ਪ੍ਰੀਤ) ਬਣ ਗਈ ਹੈ, (ਉਹ ਪ੍ਰਭੂ) ਪਾਣੀ ਵਿਚ, ਧਰਤੀ ਵਿਚ ਤੇ ਪੁਲਾੜ ਵਿਚ (ਭਾਵ ਹਰ ਥਾਂ ਉੱਤੇ ਵਿਆਪਕ) ਹੈ।੧। ਰਹਾਉ।

(ਹੇ ਭਾਈ !) ਕ੍ਰੋੜਾਂ ਪਾਪਾਂ ਦੇ ਕਰਨ ਵਾਲਾ (ਮਨੁੱਖ) ਸੰਤਾਂ ਦਾ ਸੰਗ ਕਰ ਕੇ (ਪਾਪਾਂ ਤੋਂ) ਬਚ ਜਾਂਦਾ ਹੈ, (ਉਸ ਦਾ ਉਧਾਰ ਹੋ ਜਾਂਦਾ ਹੈ), ਜਮ ਉਸ ਦੇ ਨੇੜੇ ਨਹੀਂ ਆਉਂਦਾ। (ਕੋਈ ਮਨੁੱਖ ਪਰਮਾਤਮਾ ਵੱਲੋਂ) ਜਨਮਾਂ ਜਨਮਾਂ ਦਾ ਵਿਛੁੜਿਆ ਹੋਵੇ, ਉਸ ਦਾ ਹਰੀ ਨਾਲ ਲਿਆ ਕੇ ਮੇਲ ਕਰਾ ਦਿੰਦਾ ਹੈ।੨।

(ਹੇ ਭਾਈ !) ਜਿਹੜਾ (ਮਨੁੱਖ) ਸੰਤਾਂ ਦੀ ਸ਼ਰਨ ਆਉਂਦਾ ਹੈ (ਉਸ ਦਾ) ਮਾਇਆ-ਮੋਹ, ਭਟਕਣਾ ਤੇ ਡਰ ਦੂਰ ਹੋ ਜਾਂਦਾ ਹੈ। (ਮਨੁੱਖ) ਜਿਹੋ ਜਿਹਾ ਮਨੋਰਥ (ਆਪਣੇ ਸਾਹਮਣੇ ਰੱਖ ਕੇ ਹਰੀ ਨੂੰ) ਸਿਮਰਦਾ ਹੈ, ਉਹੀ ਮਨੋਰਥ ਸੰਤਾਂ ਤੋਂ ਪ੍ਰਾਪਤ ਕਰ ਲੈਂਦਾ ਹੈ।੩।

(ਹੇ ਭਾਈ ! ਪਰਮੇਸ਼ਰ ਦੇ ਸੰਤ ਜੋ) ਪ੍ਰਭੂ ਨੂੰ ਚੰਗੇ ਲੱਗ ਗਏ ਹਨ, (ਮੈਂ ਉਨ੍ਹਾਂ) ਜਨਾਂ ਦੀ ਕਿਤਨੀ ਵਡਿਆਈ ਵਰਣਨ ਕਰਾਂ, ਭਾਵ ਬੇਅੰਤ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜਿਨ੍ਹਾਂ (ਮਨੁੱਖਾਂ) ਨੂੰ (ਪੂਰਨ) ਸਤਿਗੁਰੂ ਮਿਲ ਪਿਆ ਹੈ, ਉਹ ਸਾਰਿਆਂ ਤੋਂ ਬੇ-ਮੁਹਤਾਜ ਹੋ ਗਏ ਹਨ।੪।੪।੫੧।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧39 (ਆਦਿ ਅੰਗ 749)

## ਸੂਹੀ ਮਹਲਾ 5 ॥

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥ ੧ ॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ 2 ॥ ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ 3 ॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ 4 ॥ ੧0 ॥ 57 ॥

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

# ਪ੍ਰਾਕ੍ਥਨ :

ਇਹ ਸ੍ਰੀ ਮੁਖਵਾਕ ਸੂਹੀ ਰਾਗੁ ਅੰਦਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਅੰਦਰ ਹਜ਼ੂਰ ਨੇ ਪ੍ਰਭੂ ਸੇਵਕ ਨੂੰ ਭੈਅ-ਡਰ ਤੋਂ ਰਹਿਤ ਦੱਸਿਆ ਹੈ।

## ਵਿਸ਼ਾ — ਤੇਰੇ ਸੇਵਕ ਕਉ ਭਉ ਕਿਛੁ ਨਾਹੀ

ਪਹਿਲਾਂ ਸੇਵਕ ਦੇ ਸੰਬੰਧ ਵਿਚ ਵਿਚਾਰ ਕਰ ਕੇ, ਫੇਰ ਭੈਅ-ਡਰ ਦੇ ਸੰਬੰਧ ਵਿਚ ਵੀ ਵਿਚਾਰ ਕਰਾਂਗੇ।

ਸੇਵਕ ਕਿਸ ਨੂੰ ਕਹਿੰਦੇ ਹਨ ? ਸੇਵਕ ਉਸ ਨੂੰ ਕਹਿੰਦੇ ਹਨ ਜੋ ਗੁਰੂ ਦੀ ਸੇਵਾ ਕਰਨ ਵਾਲਾ ਹੈ, ਗੁਰੂ ਦੇ ਘਰ ਅੰਦਰ ਰਹਿੰਦਾ ਹੋਇਆ, ਗੁਰੂ ਸਾਹਿਬ ਜੀ ਦੇ ਹਰ ਹੁਕਮ ਨੂੰ ਮਨ ਅੰਦਰ ਮੰਨਦਾ ਹੈ। ਮਾਣ-ਹੰਕਾਰ ਤੋਂ ਰਹਿਤ ਹੋ ਕੇ ਸੇਵਾ ਤੇ ਸਿਮਰਨ ਕਰਨ ਵਿਚ ਤਤਪਰ ਰਹਿੰਦਾ ਹੈ :

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥**
**ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥**
**ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥**
**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥**

(ਅੰਗ 286)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਸੇਵਕ ਦੀ ਪਰਿਭਾਸ਼ਾ ਦਰਸਾਉਣ ਲਈ 'ਸੇਵਕ' ਦਾ ਜੀਵਨ ਬਿਰਛ ਜੈਸਾ ਕਥਨ ਕੀਤਾ ਹੈ। ਸੇਵਕ ਦਾ ਜੀਵਨ ਬਿਰਛ ਦੀ ਤਰ੍ਹਾਂ ਪਰਉਪਕਾਰੀ ਹੁੰਦਾ ਹੈ। ਬਿਰਛ ਹਰ ਕਿਸੇ ਨੂੰ ਛਾਉਂ ਦਿੰਦਾ ਹੈ। ਕੋਈ ਰੋੜੇ ਮਾਰੇ, ਉਸ ਨੂੰ ਭੀ ਫਲ ਦਿੰਦਾ ਹੈ। ਦਰੱਖ਼ਤ ਨੂੰ ਕੋਈ ਕੱਟਦਾ ਹੈ ਤਾਂ ਉਹ ਉਸ ਦਾ ਭੀ ਕਾਰਜ ਕਰ ਦਿੰਦਾ ਹੈ, ਨਾਲ ਲੋੜ ਪਵੇ ਤਾਂ ਉਸ ਕੱਟਣ ਵਾਲੇ ਨੂੰ ਨਦੀ ਤੋਂ ਵੀ ਪਾਰ ਕਰ ਦਿੰਦਾ ਹੈ।

**ਅਉਗੁਣ ਕੀਤੇ ਗੁਣ ਕਰੈ ਸਹਜਿ ਸੁਭਾਉ ਤਰੋਵਰ ਹੰਦਾ।**
**ਵਢਣ ਵਾਲਾ ਛਾਉ ਬਹਿ ਚੰਗੇ ਦਾ ਮੰਦਾ ਚਿਤਵੰਦਾ।**
**ਫਲ ਦੇ ਵਟ ਵਗਾਇਆਂ ਵਢਣ ਵਾਲੇ ਤਾਰਿ ਤਰੰਦਾ।**
**ਬੇਮੁਖ ਫਲ ਨ ਪਾਇਦੇ ਸੇਵਕ ਫਲ ਅਣਗਣਤ ਫਲੰਦਾ।**
**ਗੁਰਮੁਖਿ ਵਿਰਲਾ ਜਾਣੀਐ, ਸੇਵਕੁ ਸੇਵਕ ਸੇਵ ਕਰੰਦਾ।**
**ਜਗੁ ਜੋਹਾਰੇ ਚੰਦ ਨੋ ਸਾਇਰ ਲਹਰਿ ਅਨੰਦੁ ਵਧੰਦਾ।**
**ਜੋ ਤੇਰਾ ਜਗੁ ਤਿਸ ਦਾ ਬੰਦਾ॥ ੧੧॥** (ਵਾਰ 26, ਪਉੜੀ ੧੧)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸੱਚੀ ਸਰਕਾਰ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ (ਪ੍ਰਭੂ) ਵਾਹਿਗੁਰੂ ਜੀ ਨਾਲ "ਸੇਵਕ" ਦੀ ਅਭੇਦਤਾ ਇਸ ਤਰ੍ਹਾਂ ਮਾਝ ਰਾਗੁ ਅੰਦਰ ਪ੍ਰਗਟ ਕੀਤੀ ਹੈ :

**ਓਤਿ ਪੋਤਿ ਸੇਵਕ ਸੰਗਿ ਰਾਤਾ॥ ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ॥**
**ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥ ੧॥**
**ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥**
**ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥ 2॥**
**ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ॥ ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ॥**
**ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥ 3॥**
**ਅਪੁਨੈ ਠਾਕੁਰਿ ਜੋ ਪਹਿਰਾਇਆ॥ ਬਹੁਰਿ ਨ ਲੇਖਾ ਪੁਛਿ ਬੁਲਾਇਆ॥**
**ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ॥ 4॥**

(ਅੰਗ ੧੦੧)

ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੰਗ ਦੀ ਵਾਰ ਅੰਦਰ ਕਥਨ ਕੀਤਾ ਹੈ ਕਿ ਸੇਵਕ ਉਸ ਨੂੰ ਆਖਣਾ ਚਾਹੀਦਾ ਹੈ ਜੋ ਆਪਣਾ ਸਿਰ ਗੁਰੂ ਅੱਗੇ ਭੇਟਾ ਕਰ ਦਿੰਦਾ ਹੈ। ਸੇਵਾ ਸਿਮਰਨ ਕਰਦਾ ਹੋਇਆ ਗੁਰ-ਸ਼ਬਦ ਨੂੰ ਹਮੇਸ਼ਾ ਹਿਰਦੇ ਵਿਚ ਵਸਾ ਰੱਖਦਾ ਹੈ ਅਤੇ ਸਤਿਗੁਰੂ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦਾ ਹੈ। ਅਗਲੇ ਸ਼ਬਦ ਅੰਦਰ ਤਨ ਮਨ ਵੀ ਭੇਟਾ ਕਰਨ ਵਾਲਾ ਦੱਸਿਆ ਹੈ :

**ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥**
**ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥** (ਅੰਗ ੧247)
**ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥**
**ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥** (ਅੰਗ 28)

ਭਾਈ ਗੁਰਦਾਸ ਜੀ ਨੇ ਅੱਠਵੀਂ ਵਾਰ ਅੰਦਰ 'ਸੇਵਕ' ਨੂੰ ਸੇਵਾ ਦੀ ਕਾਰ ਇਸ ਤਰ੍ਹਾਂ ਨਿੰਮ੍ਰਤਾ ਸਹਿਤ ਹੋ ਕੇ ਕਰਦਾ ਦੱਸਿਆ ਹੈ :

**ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।**
**ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।**
**ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।**
**ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।**
**ਸਬਦਿ ਸੁਰਤਿ ਲਿਵਲੀਣੁ ਹੋਇ ਦਰਗਹ ਮਾਣ ਨਿਮਾਣਾ ਪਾਏ।**

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਚਲਣੁ ਜਾਣਿ ਅਜਾਣੁ ਹੋਇ ਆਸਾ ਵਿਚਿ ਨਿਰਾਸੁ ਵਲਾਏ।**
**ਗੁਰਮੁਖਿ ਸੁਖ ਫਲੁ ਅਲਖੁ ਲਖਾਏ॥ 24॥** (ਵਾਰ 8, ਪਉੜੀ 24)

ਪੰਚਮ ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਮਾਣ ਹੰਕਾਰ ਅੰਦਰ ਘਿਰਿਆ ਮਨੁੱਖ ਸੇਵਕ ਨਹੀਂ ਹੋ ਸਕਦਾ, ਕਿਉਂਕਿ ਹੰਕਾਰੀ ਮਨੁੱਖ ਸੇਵਾ ਨਹੀਂ ਕਰ ਸਕਦਾ। ਸੇਵਾ ਹਮੇਸ਼ਾ ਨਿਰਹੰਕਾਰੀ ਹੀ ਕਰ ਸਕਦਾ ਹੈ।

**ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥**
**ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥ 2॥** (ਅੰਗ 5੧)

ਭੈਅ ਪੰਜਾਬੀ ਭਾਸ਼ਾ ਦਾ ਸ਼ਬਦ ਹੈ, ਸੰਸਕ੍ਰਿਤ ਵਿਚ ਇਸ ਦਾ ਰੂਪ ਹੈ 'ਭਯ'। ਇਸ ਦੇ ਸਮ ਅਰਥਾਂ ਵਿਚ ਹੋਰ ਨਾਮ ਹਨ—ਡਰ, ਖ਼ੌਫ਼, ਸਹਿਮ, ਭਉ। ਇਕ ਸੰਸਾਰਿਕ ਭੈਅ ਅਤੇ ਦੂਜਾ ਵਾਸਤਵਿਕ ਪ੍ਰਮਾਤਮਾ ਦਾ ਭੈਅ ਹੈ। ਪਹਿਲਾ ਸੰਸਾਰਿਕ ਭੈਅ ਖ਼ਤਰਿਆਂ, ਦੁੱਖਾਂ, ਤਕਲੀਫ਼ਾਂ ਤੋਂ ਪੈਦਾ ਹੁੰਦਾ ਹੈ। ਇਸ ਨੂੰ ਦੁਨਿਆਵੀ ਭੈਅ ਜਾਂ ਸਾਧਾਰਨ ਭੈਅ ਵੀ ਕਿਹਾ ਜਾ ਸਕਦਾ ਹੈ। ਦੂਸਰਾ ਵਾਸਤਵਿਕ ਭੈਅ ਹੈ। ਇਸ ਦਾ ਸੰਬੰਧ ਪ੍ਰਮਾਤਮਾ ਦੇ ਹੁਕਮ, ਰਜ਼ਾ ਜਾਂ ਭਾਣੇ ਵਿਚ ਚੱਲਣ ਨਾਲ ਹੈ। ਇਸ ਵਿਚ ਆਪਣੀ ਤੁੱਛਤਾ ਅਤੇ ਆਪਣੇ ਵਿਚ ਦੋਸ਼ ਵੇਖਣ ਦੀ ਰੁੱਚੀ ਦਾ ਸਥਾਨ ਵੀ ਹੈ। ਇਸ ਵਾਸਤਵਿਕ ਭੈਅ ਨੂੰ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਨਿਰਮਲ ਭਉ ਦੱਸਿਆ ਹੈ :

**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥**

(ਅੰਗ 774)

ਸੰਸਾਰ ਅੰਦਰ ਹਰ ਇਕ ਮਨੁੱਖ ਕਿਸੇ ਨਾ ਕਿਸੇ ਸੰਸਾਰਿਕ ਡਰ ਵਿਚ ਗ੍ਰਸਿਆ ਹੋਇਆ ਹੈ। ਕਮਜ਼ੋਰ (ਮਾੜਾ) ਮਨੁੱਖ ਤਕੜੇ ਤੋਂ ਡਰਦਾ ਹੈ। ਛੋਟੇ ਦੇਸ਼ਾਂ ਨੂੰ ਵੱਡੇ ਦੇਸ਼ਾਂ ਦਾ ਡਰ ਬਣਿਆ ਰਹਿੰਦਾ ਹੈ। ਵੱਡੇ-ਵੱਡੇ ਅਹੁਦਿਆਂ 'ਤੇ ਬੈਠਿਆਂ ਨੂੰ ਆਪਣੀਆਂ ਕੁਰਸੀਆਂ ਖੁੱਸ ਜਾਣ ਦਾ ਡਰ ਖਾਈ ਜਾਂਦਾ ਹੈ। ਚੋਰ, ਧਾੜਵੀ ਜਾਂ ਸਮਾਜ-ਵਿਰੋਧੀ ਮਨੁੱਖ ਕਾਨੂੰਨ ਦੇ ਸ਼ਿਕੰਜੇ ਤੋਂ ਡਰਦੇ ਹਨ। ਇਥੋਂ ਤੱਕ ਕਿ ਮਨੁੱਖ ਕਈ ਭਿਆਨਕ ਖ਼ੂੰਖ਼ਾਰ ਜਾਨਵਰਾਂ ਤੋਂ ਵੀ ਡਰਦਾ ਹੈ। ਇਹਨਾਂ ਸਾਰਿਆਂ ਤੋਂ ਉੱਪਰ ਹੈ ਕਿਸੇ ਅਣਹੋਣੀ ਘਟਨਾ ਜਾਂ ਮੌਤ ਦਾ ਡਰ। ਸੰਸਾਰ ਅੰਦਰ ਵਿਦਵਾਨਾਂ ਨੇ ਸੱਤ ਤਰ੍ਹਾਂ ਦਾ ਭੈ ਕਥਨ ਕੀਤਾ ਹੈ :

**ਯਹ ਭੈ, ਪ੍ਰਲੋਕ ਭੈ, ਜਨਮ ਬੇਦਨਾ ਜਾਤਿ॥**
**ਅਨਰੱਖਿਆ ਅਰ ਗੁਪਤ ਭੈ ਅਕਸਮਾਤ੍ਰ ਭੈ ਸਾਤ॥**

ਇਸ ਦਾ ਨਿਰਣਾ ਵਿਸਥਾਰ ਸਹਿਤ ਪੜ੍ਹੋ, ਦਾਸ ਦੀ ਲਿਖੀ ਪੁਸਤਕ 'ਮੁਖਵਾਕ ਪ੍ਰਕਾਸ਼' ਭਾਗ ਦੂਜਾ, ਪੰਨਾ ੧੨੨ 'ਤੇ। ਇਸ ਲਈ ਅਸਲ ਵਿਚ ਇਹ ਦੁਨਿਆਵੀ ਡਰ ਸਾਰੇ ਉਨ੍ਹਾਂ ਮਨੁੱਖਾਂ ਨੂੰ ਲੱਗਦੇ ਹਨ, ਜਿਨ੍ਹਾਂ ਦੇ ਮਨ ਅੰਦਰ ਕੋਈ ਖੋਟ ਜਾਂ ਕੋਈ ਕੁਕਰਮ ਹੁੰਦਾ ਹੈ। ਸੱਚ ਦੇ ਮਾਰਗ 'ਤੇ ਚੱਲਣ ਵਾਲੇ ਪਾਂਧੀਆਂ ਨੂੰ ਡਰ ਕਿਸ ਗੱਲ ਦਾ ? ਪ੍ਰਭੂ ਨਾਲ ਜੁੜਿਆਂ ਜਿਥੇ ਸਾਰੇ ਕਲ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ,
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਉਥੇ ਮਨ ਵਿਚੋਂ ਡਰ ਤੇ ਸਹਿਮ ਸਭ ਦੂਰ ਹੋ ਜਾਂਦਾ ਹੈ। ਇਸ ਲਈ ਮੰਦ ਕਰਮੀ ਮਨੁੱਖ ਹਮੇਸ਼ਾ ਡਰਦਾ ਰਹਿੰਦਾ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

**ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥**
**ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ॥** (ਅੰਗ 84)

ਇਸਲਾਮ ਧਰਮ ਅਨੁਸਾਰ, 'ਕੁਰਾਨ ਸ਼ਰੀਫ਼' ਵਿਚ ਖ਼ੁਦਾ ਤੋਂ ਡਰਦੇ ਰਹਿਣ ਲਈ ਮਨੁੱਖ ਨੂੰ ਚੇਤਾਵਨੀ ਦਿੱਤੀ ਗਈ ਹੈ ਅਤੇ ਕਿਹਾ ਹੈ ਕਿ ਮਾੜੇ ਕਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸਲਾਮ ਧਰਮ ਵਿਚ ਰੱਬ ਦਾ ਸੰਕਲਪ 'ਜਬਾਰ' (ਜਬਰ ਵਾਲਾ) ਅਤੇ 'ਕਹਾਰ' (ਕਹਿਰ ਵਾਲਾ) ਹੈ, ਜਿਸ ਤੋਂ ਭੈਅ ਦੀ ਉੱਤਪਤੀ ਹੋਣੀ ਸੁਭਾਵਿਕ ਹੈ। ਗੁਰਬਾਣੀ ਅਨੁਸਾਰ ਰੱਬ ਦਾ ਜੋ ਭੈਅ ਦੱਸਿਆ ਹੈ, ਇਸ ਤੋਂ ਭਾਵ ਹੈ ਕਿ ਸੰਸਾਰਿਕ ਕਾਰਜ-ਵਿਧਾਨ ਦੇ ਅਨੁਸ਼ਾਸਨ ਜਾਂ ਮਰਯਾਦਾ ਵਿਚ ਰਹਿਣਾ ਅਤੇ ਉਸ ਦੇ ਹੁਕਮ ਨੂੰ ਸਿਰ ਮੱਥੇ ਮੰਨ ਕੇ ਉਸ ਅਨੁਸਾਰ ਚਲਣਾ ਹੈ, ਕਿਉਂਕਿ ਉਸ ਦੇ ਹੁਕਮ ਵਿਚ ਸਭ ਸੰਸਾਰਿਕ ਗਤੀ-ਵਿਧੀ, ਸਾਰੀ ਮਖ਼ਲੂਕ ਅਦਬ ਸਤਿਕਾਰ ਵਿਚ ਖੜੋਤੀ ਪਾਲਣਾ ਕਰਨ ਲਈ ਤਤਪਰ ਹੈ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਭਾਵ ਨੂੰ ਪ੍ਰਗਟ ਕਰਦਿਆਂ ਆਸਾ ਕੀ ਵਾਰ ਅੰਦਰ ਅੰਮ੍ਰਿਤ ਬਚਨ ਉਚਾਰਣ ਕੀਤੇ ਹਨ :

**ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥**
**ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥**
**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥**
**ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥**
**ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥**
**ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ੧॥**

(ਅੰਗ 464)

**ਅਥਵਾ : ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ**
**ਸੋ ਡਰੈ ਜਿਨਿ ਪਾਪ ਕਮਤੇ ਰਾਮ॥**
**ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ**
**ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥**

(ਅੰਗ 540)

ਅਸਲ ਵਿਚ ਮਨ ਵਿਚ ਪ੍ਰਮਾਤਮਾ ਦਾ ਡਰ ਅਤੇ ਅਦਬ ਸਤਿਕਾਰ ਵੱਸ ਜਾਣ ਨਾਲ ਦੁਨਿਆਵੀ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਡਰ ਦੂਰ ਹੋ ਜਾਂਦੇ ਹਨ, ਪਰੰਤੂ ਜੇਕਰ ਮਨ ਅੰਦਰ ਪ੍ਰਮਾਤਮਾ ਦਾ ਡਰ ਨਹੀਂ ਵਸਿਆ ਤਾਂ ਦੁਨਿਆਵੀ ਡਰ ਆ ਘੇਰਦੇ ਹਨ, ਨਿਰਭਉ ਪ੍ਰਭੂ ਨੂੰ ਮਨ ਵਿਚ ਵਸਾਉਣ ਨਾਲ ਹੀ ਸੰਸਾਰਿਕ ਡਰ ਭੈਅ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ :

**ਡਡਾ ਡਰ ਉਪਜੇ ਡਰੁ ਜਾਈ॥ ਤਾ ਡਰ ਮਹਿ ਡਰੁ ਰਹਿਆ ਸਮਾਈ॥**
**ਜਉ ਡਰ ਡਰੈ ਤ ਫਿਰਿ ਡਰੁ ਲਾਗੈ॥ ਨਿਡਰ ਹੂਆ ਡਰੁ ਉਰ ਹੋਇ ਭਾਗੈ॥**

(ਅੰਗ 34੧)

ਪਰ ਜਿੰਨੀ ਦੇਰ ਮਨੁੱਖ ਅਤੇ ਪ੍ਰਮਾਤਮਾ ਦੇ ਵਿਚਕਾਰ ਵਿੱਥ ਬਣੀ ਰਹਿੰਦੀ ਹੈ, ਓਨਾ ਚਿਰ ਮਨੁੱਖ ਦੁੱਖ, ਰੋਗ ਦੇ ਫ਼ਿਕਰਾਂ ਤੋਂ ਸਹਿਮ-ਸਹਿਮ ਕੇ ਝੂਰਦਾ ਰਹਿੰਦਾ ਹੈ। ਮਨੁੱਖ ਨੂੰ ਜਦੋਂ ਅਨੁਭਵ ਹੋ ਜਾਂਦਾ ਹੈ ਕਿ ਪ੍ਰਮਾਤਮਾ ਕਣ-ਕਣ ਵਿਚ ਵਿਆਪਕ ਹੈ, ਉਸ ਨੂੰ ਸਭ ਦਾ ਫ਼ਿਕਰ ਹੈ ਤਾਂ ਜੀਵ ਦੇ ਮਨ ਵਿਚੋਂ ਭੈਅ ਜਾਂ ਖ਼ੌਫ਼ ਨਿਕਲ ਜਾਂਦਾ ਹੈ :

**ਡਰੁ ਚੂਕਾ ਦੇਖਿਆ ਭਰਪੂਰਿ॥** (ਅੰਗ ੧86)

ਜੇ ਗਹੁ ਨਾਲ ਸੋਚਿਆ ਜਾਏ ਤਾਂ ਗੁਰਮਤਿ ਵਿਚ ਸਿੱਖੀ ਸਰੂਪ ਵਾਲੇ ਸੰਕਲਪ ਦਾ ਇਹ ਮੂਲ ਆਧਾਰ ਹੈ, ਜੋ ਗੁਰਦੇਵ ਨੇ ਗੁਰਸਿੱਖੀ ਪਹਿਲੇ ਜਾਮੇ ਵਿਚ ਹੀ ਬਖ਼ਸ਼ੀ। ਜਦੋਂ ਜਗਤ ਗੁਰੂ ਬਾਬੇ ਨੇ ਲੋਕਾਈ ਨੂੰ ਸੱਦਾ ਦਿੱਤਾ ਸੀ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥**

(ਅੰਗ ੧4੧2)

**ਅਥਵਾ : ਡਰ ਡਰਿ ਮਰੈ ਨ ਬੂਡੈ ਕੋਇ॥ ਨਿਡਰੁ ਬੂਡਿ ਮਰੈ ਪਤਿ ਖੋਇ॥**

(ਅੰਗ 840)

ਪ੍ਰਭੂ ਦੇ ਨਿਰਮਲ ਭਉ ਵਿਚ ਰਹਿਣ ਵਾਲੇ ਪ੍ਰਾਣੀ ਸੰਸਾਰਿਕ ਡਰ ਤੋਂ ਡਰ ਕੇ ਆਤਮਿਕ ਮੌਤ ਨਹੀਂ ਸਹੇੜਦੇ, ਉਹ ਦੁਨਿਆਵੀ ਡਰਾਂ ਤੋਂ ਉੱਪਰ ਹੁੰਦੇ ਹਨ। ਦੂਜੇ ਬੰਨੇ ਜੋ ਪ੍ਰਮਾਤਮਾ ਦੇ ਭੈਅ ਵਿਚ ਨਹੀਂ ਰਹਿੰਦੇ, ਉਹ ਸਦਾ ਡਰਦੇ ਰਹਿੰਦੇ ਹਨ :

ਗਉੜੀ ਮਹਲਾ ੧॥

**ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥**
**ਤੁਧੁ ਬਿਨੁ ਦੂਜੀ ਨਾਹੀ ਜਾਇ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ॥ ੧॥**

(ਅੰਗ ੧5੧)

ਹਜ਼ੂਰ ਇਸ ਸ੍ਰੀ ਮੁਖਵਾਕ ਅੰਦਰ ਫ਼ੁਰਮਾਨ ਕਰਦੇ ਹਨ ਕਿ :
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ੧ ॥** (ਅੰਗ 750)

ਹਜ਼ੂਰ ਅਰੰਭ ਵਿਚ ਉਚਾਰਨ ਕਰਦੇ ਹਨ :

**ਜਿਸ ਕੇ ਸਿਰ ਊਪਰ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥** (ਅੰਗ 749)

## ਸਾਖੀ—ਸੋ ਦੁਖੁ ਕੈਸਾ ਪਾਵੈ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀਚੰਦ ਅਤਿਅੰਤ ਈਰਖਾਲੂ ਸੀ। ਜਿਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੰਪੂਰਨ ਹੋ ਗਿਆ, ਉਸ ਸਮੇਂ ਸਿੱਖੀ ਦਾ ਪ੍ਰਚਾਰ ਬਹੁਤ ਫੈਲ ਚੁੱਕਾ ਸੀ। ਉਸ ਸਮੇਂ ਸੰਮਤ ੧੬੬੧ ਬਿ. ਨੂੰ ਦੀਵਾਨ ਚੰਦੂ ਲਾਲ ਸ਼ਾਹੀ ਖੱਤਰੀ (ਹੇਹਰੇ ਪਿੰਡ ਵਾਲਾ, ਜੋ ਬਾਦਸ਼ਾਹੀ ਨੌਕਰ ਹੋ ਕੇ ਦਿੱਲੀ ਵਿਚ ਵਸਦਾ ਸੀ), ਉਸ ਦੇ ਭੇਜੇ ਨਾਈ ਬ੍ਰਾਹਮਣ ਉਸ ਦੀ ਬੇਟੀ ਦਾ ਨਾਤਾ ਕਰਨ ਲਈ ਘਰ-ਘਰ ਵੇਖਦੇ ਹੋਏ ਅੰਮ੍ਰਿਤਸਰ ਆ ਪਹੁੰਚੇ। ਗੁਰੂ ਜੀ ਦਾ ਸੁਜਸ, ਦਰਬਾਰ ਦੀ ਆਮਦਨੀ ਤੇ ਰੌਣਕ ਦੇਖ ਕੇ ਗੁਰੂ ਜੀ ਦੇ ਸਪੁੱਤਰ ਸ੍ਰੀ ਹਰਿਗੋਬਿੰਦ ਜੀ ਨੂੰ ਪਸੰਦ ਕਰ ਗਏ ਤੇ ਏਹੋ ਗੱਲ ਚੰਦੂ ਨੂੰ ਜਾ ਦੱਸੀ। ਚੰਦੂ ਨੇ ਕੁੜਮਾਈ ਦਾ ਸ਼ਗਨ ਤੋਰਨ ਸਮੇਂ ਹੰਕਾਰ ਨਾਲ ਬ੍ਰਾਹਮਣ ਨੂੰ ਏਹ ਗੱਲ ਆਖੀ ਕਿ ਤੁਸਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਈ ਹੈ, ਪਰ ਹੱਛਾ ਮੇਰੀ ਧੀ ਸਿੱਖਾਂ ਦੀ ਮਾਤਾ ਤਾਂ ਕਹਾਏਗੀ (ਹੋਣਹਾਰ ਪ੍ਰਬਲ ਹੈ)। ਏਹ ਹੰਕਾਰ ਵਾਲਾ ਕੁਬੋਲ ਦਿੱਲੀ ਦੇ ਸਿੱਖਾਂ ਨੇ ਸੁਣ ਕੇ ਬਹੁਤ ਬੁਰਾ ਮੰਨਿਆ ਤੇ ਗੁਰੂ ਜੀ ਪਾਸ ਬੇਨਤੀ ਲਿਖ ਭੇਜੀ ਕਿ ਏਸ ਪਾਪੀ ਦੀ ਲੜਕੀ ਦਾ ਨਾਤਾ ਨਹੀਂ ਲੈਣਾ ਚਾਹੀਦਾ। ਏਸ ਨੇ ਗੁਰੂ ਘਰ ਨੂੰ ਮੋਰੀ ਤੇ ਆਪਣੇ ਆਪ ਨੂੰ ਚੁਬਾਰਾ ਕਿਹਾ ਹੈ।

**ਬਾਬੇ ਬੁਢੇ ਅਰ ਗੁਰਦਾਸ। ਇਤਿਆਦਕ ਸਿਖ ਥੇ ਜੋ ਖਾਸ।**
**ਚਿਠੀ ਸਭ ਕੌ ਗੁਰੂ ਸੁਣਾਈ। ਸਭ ਨੇ ਕਹਿਓ ਨਾ ਲੇਹੁ ਸਗਾਈ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਜਦੋਂ ਚਿੱਠੀ ਅਤੇ ਚੰਦੂ ਲਾਲ ਦੇ ਲਾਗੀ ਗੁਰੂ ਸਾਹਿਬ ਪਾਸ ਪਹੁੰਚੇ ਤਾਂ ਗੁਰੂ ਜੀ ਨੇ ਸੰਗਤ ਦਾ ਬਚਨ ਮੰਨ ਕੇ ਚੰਦੂ ਦੀ ਲੜਕੀ ਦਾ ਸਾਕ ਨਾ ਲਿਆ। ਏਸ ਤੋਂ ਚੰਦੂ ਆਪਣੀ ਬੇਇੱਜ਼ਤੀ ਤੇ ਨਿਰਾਦਰੀ ਸਮਝ ਕੇ ਗੁਰੂ ਜੀ ਦਾ ਵੈਰੀ ਬਣ ਗਿਆ। ਏਹ ਸੁਣ ਕੇ ਤਾਂ ਪ੍ਰਿਥੀਏ ਦੇ ਘਰ ਘਿਉ ਦੇ ਦੀਵੇ ਬਲ ਗਏ। ਸੁਲਹੀ ਖ਼ਾਂ ਵੀ ਉਦੋਂ ਦਿੱਲੀ ਦੇ ਵਿਚ ਸੀ। ਸੋ, ਪ੍ਰਿਥੀਆ ਭੀ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਕਰਦਾ ਹੋਇਆ ਦਿੱਲੀ ਜਾ ਪਹੁੰਚਿਆ। ਇਕ ਹੋਰ ਹਾਕਮ ਸੁਲਬੀ ਖ਼ਾਂ, ਜੋ ਸੁਲਹੀ ਖ਼ਾਂ ਦਾ ਭਤੀਜਾ ਸੀ, ਉਹ ਭੀ ਨਾਲ ਰਲ ਗਿਆ। ਫਿਰ ਤਾਂ ਪੂਰੀ ਚੰਡਾਲ ਚੌਕੜੀ ਬਣ ਗਈ। ਚੰਡਾਲ ਚੌਕੜੀ ਦਾ ਪ੍ਰਮਾਣ ਭੀ ਗੁਰਬਾਣੀ ਵਿਚ ਆਇਆ ਹੈ :

**ਯਥਾ—ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥**

(ਸੋਰਠਿ ਮ: 3, ਅੰਗ 60੧)

ਅਤੇ ਸਾਰਿਆਂ ਨੇ ਸਲਾਹ ਗੁੰਦ ਕੇ ਗੁਰੂ ਜੀ ਤੋਂ ਜਾਇਦਾਦ ਤੇ ਆਮਦਨੀ ਵੰਡਾਉਣ ਵਾਸਤੇ ਪ੍ਰਿਥੀਚੰਦ ਤੋਂ ਬਾਦਸ਼ਾਹ ਪਾਸ ਅਰਜ਼ੀ ਦਿਵਾ ਦਿੱਤੀ। ਜੋ ਵਜ਼ੀਰ ਖ਼ਾਂ ਦੇ ਬਾਦਸ਼ਾਹ ਨੂੰ ਸਮਝਾਉਣੇ ਪਰ ਗੁਰੂ ਜੀ ਨੂੰ ਤਾਂ ਕੁਝ ਨਾ ਕਿਹਾ ਪਰ ਅਰਜ਼ੀ ਖ਼ਾਰਜ ਨਾ ਹੋਈ। ਇਸ ਪ੍ਰਿਥੀ ਚੰਦ ਨੂੰ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ :

**ਪ੍ਰਿਥੀਏ ਕਉ ਸੁਲਹੀ ਦੀਵਾਈ। ਹੇਹਰੈ ਬਸਯੋ ਪ੍ਰਿਥੀ ਸਸ ਜਾਈ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਇਹ ਦੋ ਪਿੰਡ ਅਹੇਰ ਪਿੰਡ ਤੇ ਦੂਜਾ ਕਦੇਰ ਪਿੰਡ, ਇਹ ਦੋਵੇਂ ਪਿੰਡ ਚੌਦਾਂ ਹਜ਼ਾਰ ਵਿੱਘੇ ਦਾ ਰਕਬਾ ਪੁਰਾਣੀ ਸੰਨਤ ਦੇ ਲਿਹਾਜ਼ ਨਾਲ ਦਿਵਾ ਦਿੱਤਾ ਤੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਨਾਲ ਕਦੇ ਭੀ ਪ੍ਰਿਥੀ ਚੰਦ ਕੋਈ ਝਗੜਾ ਨਹੀਂ ਕਰੇਗਾ, ਦਾ ਬੇਦਾਵਾ ਲਿਖਾ ਦਿੱਤਾ। ਵਜ਼ੀਰ ਖ਼ਾਂ ਨੇ ਆਪਣੀ ਸਮਝ ਵਿਚ ਸਦਾ ਲਈ ਇਹ ਝਗੜਾ ਮੁਕਵਾ ਦਿੱਤਾ, ਕਿਉਂਕਿ ਵਜ਼ੀਰ ਖ਼ਾਂ, ਜਿਸ ਦਾ ਜਲੋਧਰ ਦਾ ਰੋਗ ਗੁਰੂ ਕਿਰਪਾ ਨਾਲ ਹਟਿਆ ਸੀ, ਗੁਰੂ ਘਰ ਦਾ ਉਹ ਪ੍ਰੇਮੀ ਸੀ। ਭਾਵੇਂ ਪ੍ਰਿਥੀਚੰਦ ਨੂੰ ਗੁਰੂ ਚੱਕ (ਅੰਮ੍ਰਿਤਸਰ) ਦੀ ਆਮਦਨੀ ਨਾਲੋਂ ਭੀ ਬਹੁਤੀ ਆਮਦਨੀ ਦੇ ਪਿੰਡ ਮਿਲ ਗਏ, ਪਰ ਉਸ ਨੇ ਫੇਰ ਭੀ ਸਬਰ ਨਾ ਕੀਤਾ।

**ਪ੍ਰਿਥੀ ਚੰਦ ਬੇਸਬਰ ਨੇ, ਤਉ ਭੀ ਸਬਰ ਨ ਕੀਨ।**
**ਆਮਦਨੀ ਪ੍ਰਭਤਾ ਘਨੀ ਗੁਰ ਕੀ ਪਿਖ ਹ੍ਵੈ ਖੀਨ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਕਿਉਂਕਿ ਉਹਦੀ ਇਸਤਰੀ ਕਹਿੰਦੀ ਸੀ ਕਿ ਜਗੀਰ ਭਾਵੇਂ ਕਿਤਨੀ ਭੀ ਮਿਲ ਗਈ, ਪਰ ਸਿੱਖੀ ਸੇਵਕੀ ਤੋਂ ਵਾਂਝੇ ਰਹਿ ਗਏ। ਇਸ ਲਈ ਕੋਈ ਐਸਾ ਚਾਰਾ ਕਰੋ ਕਿ ਜਿਸ ਨਾਲ ਮੇਰਾ ਪੁੱਤਰ ਗੁਰੂ ਸਦਾਏ, ਪਰ ਹੁਣ ਪ੍ਰਿਥੀਚੰਦ ਬੇਦਾਵਾ ਲਿਖ ਆਇਆ ਸੀ, ਕੁਛ ਕਰ ਨਹੀਂ ਸੀ ਸਕਦਾ। ਇਸ ਲਈ ਚੰਦੂ ਤੇ ਸੁਲਹੀ ਖ਼ਾਂ ਦੀ ਸਲਾਹ ਨਾਲ ਆਪਣੇ ਪੁੱਤਰ ਮਿਹਰਵਾਨ ਤੋਂ ਇਹ ਦਾਅਵਾ ਕਰਾ ਦਿੱਤਾ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਜਦੋਂ ਸੰਤਾਨ ਨਹੀਂ ਸੀ, ਉਹਨਾਂ ਮੈਨੂੰ ਗੋਦ ਲਿਆ ਸੀ, ਆਪਣਾ ਮੁਤਬੰਨਾ ਪੁੱਤਰ ਬਣਾਇਆ ਸੀ। ਹੁਣ ਉਹਨਾਂ ਦੇ ਘਰ ਪੁੱਤਰ ਹਰਿਗੋਬਿੰਦ ਪੈਦਾ ਹੋ ਗਿਆ ਹੈ, ਉਸ ਨੂੰ ਗੁਰਿਆਈ ਦੇਣੀ ਚਾਹੁੰਦੇ ਹਨ ਤਾਂ ਤੇ ਅੱਧੀ ਸਿੱਖੀ ਸੇਵਕੀ ਮੈਨੂੰ ਮਿਲਣੀ ਚਾਹੀਦੀ ਹੈ। ਇਸ ਸਮੇਂ ਜਹਾਂਗੀਰ ਬਾਦਸ਼ਾਹ ਦੇ ਨਾਲ ਵਜ਼ੀਰ ਖ਼ਾਂ ਤਾਂ ਦੱਖਣ ਵੱਲ ਚਲਾ ਗਿਆ ਸੀ। ਸੁਲਹੀ ਖ਼ਾਂ ਤੇ ਚੰਦੂ ਲਾਲ ਨੇ ਛਲ ਕਰ ਕੇ ਵੱਡੀ ਅਦਾਲਤ ਵਿਚ ਡਿਗਰੀ ਕਰਾ ਦਿੱਤੀ। ਸੁਲਬੀ ਖ਼ਾਂ ਜੋ ਸੁਲਹੀ ਖ਼ਾਂ ਦੇ ਵੱਡੇ ਭਰਾ ਦਾ ਲੜਕਾ, ਭਾਵ ਭਤੀਜਾ ਸੀ, ਉਸ ਨੂੰ ਇਹ ਹੁਕਮ ਦੇ ਕੇ ਤੋਰਿਆ ਕਿ ਗੁਰੂ ਚੱਕ ਜਾ ਕੇ ਸਿੱਖੀ ਵੰਡਵਾ ਦਿਓ। ਪ੍ਰਿਥੀ ਚੰਦ ਇਹ ਹੁਕਮ ਸੁਣ ਕੇ ਬੜਾ ਖ਼ੁਸ਼ ਹੋਇਆ। ਘਰ ਵਿਚ ਕਰਮੋਂ ਨੇ ਭੀ ਲੱਡੂ ਵੰਡੇ ਤੇ ਉਧਰ ਜਦ ਸੌ ਸਵਾਰ ਸਮੇਤ ਸੁਲਬੀ ਖ਼ਾਂ ਸਿੱਖੀ ਵੰਡਾਉਣ ਦਾ ਬਹਾਨਾ ਪਾ ਕੇ ਚੰਦੂ ਦੁਸ਼ਟ ਦੇ ਕਹਿਣ 'ਤੇ ਸਤਿਗੁਰੂ ਜੀ ਉੱਤੇ ਵਾਰ ਕਰਨ ਦੀ ਨੀਯਤ ਧਾਰ ਕੇ ਦਿੱਲੀ ਤੋਂ ਚੜ੍ਹ ਆਇਆ ਤਾਂ ਦੂਜੇ ਪਾਸੇ ਗੁਰੂ ਕੇ ਸਿੱਖ ਭਾਈ ਬਿੱਧੀ ਚੰਦ, ਭਾਈ ਕਲਿਆਣਾ, ਭਾਈ

ਸਾਲੋ, ਭਾਈ ਕੇਦਾਰਾ, ਭਾਈ ਮੁਕੰਦਾ, ਭਾਈ ਆਲਾ ਜੀ, ਭਾਈ ਬਹਿਲੋ, ਭਾਈ ਭਗਤੂ, ਭਾਈ ਗੁਰਦਾਸ ਆਦਿਕ ਸਿੱਖਾਂ ਨੇ ਗੁਰੂ ਜੀ ਨੂੰ ਸੁਲਬੀ ਖ਼ਾਂ ਦਾ ਮੁਕਾਬਲਾ ਕਰਨ ਲਈ ਰਾਇ ਦਿੱਤੀ। ਉਹ ਸਿੱਖਾਂ ਦੀ ਰਾਇ ਗੁਰੂ ਅਰਜਨ ਸਾਹਿਬ ਜੀ ਨੇ ਆਪਣੀ ਅੰਮ੍ਰਿਤ ਮਈ ਗੁਰਬਾਣੀ ਵਿਚ ਵੀ ਉਚਾਰਨ ਕੀਤੀ ਹੈ :

**ਯਥਾ—ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥**
**ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥ ੧॥**

(ਅੰਗ ੩੭੧)

ਇਹ ਤਿੰਨ ਤਰ੍ਹਾਂ ਦੀ ਸਲਾਹ ਸਿੱਖਾਂ ਨੇ ਦਿੱਤੀ—(੧) ਆਪਣੇ ਵੱਲੋਂ ਇਕ ਚਿੱਠੀ ਭੇਜੀ ਜਾਏ। (੨) ਕੁਝ ਸਿੱਖਾਂ ਨੇ ਕਿਹਾ ਕਿ ਦੋ ਸਿੱਖ ਗੁਰੂ ਘਰ ਦੇ ਪੱਖ ਨੂੰ ਸਪੱਸ਼ਟ ਕਰਨ ਵਾਸਤੇ ਭੇਜੇ ਜਾਣ। ਚਿੱਠੀ ਨਾਲੋਂ ਜ਼ਿਆਦਾ ਚੰਗੀ ਗੱਲ ਹੋਵੇਗੀ। (੩) ਕੁਝ ਸਿੱਖਾਂ ਨੇ ਕਿਹਾ ਕਿ ਸਾਨੂੰ ਬਚਾਅ ਲਈ ਸੁਲਹੀ ਖ਼ਾਂ ਦਾ ਮੁਕਾਬਲਾ ਕਰਨ ਵਾਸਤੇ ਸ਼ਸਤ੍ਰਧਾਰੀ ਹੋ ਕੇ ਉਪਾਅ ਕਰਨਾ ਚਾਹੀਦਾ ਹੈ। ਸਤਿਗੁਰੂ ਨੇ ਚੁੱਪ ਹੋ ਕੇ ਸਾਰਿਆਂ ਦੀ ਰਾਇ ਸੁਣੀ ਤੇ ਜਦੋਂ ਸਿੱਖਾਂ ਨੇ ਗੁਰੂ ਅਰਜਨ ਸਾਹਿਬ ਜੀ ਦੀ ਰਾਇ ਪੁੱਛੀ ਤਾਂ ਹਜ਼ੂਰ ਨੇ ਕਿਹਾ ਕਿ ਸਭ ਕੁਝ ਛੱਡ ਕੇ ਪ੍ਰਮਾਤਮਾ ਨੂੰ ਧਿਆਓ, ਉਹ ਆਪ ਹੀ ਰੱਖਿਆ ਕਰੇਗਾ। ਅਕਾਲ ਪੁਰਖ ਦੀ ਕੁਦਰਤ ਐਸੀ ਹੋਈ ਕਿ ਸੁਲੱਬੀ ਖ਼ਾਂ ਜਦੋਂ ਬਿਆਸਾ ਕਿਨਾਰੇ ਪਹੁੰਚਿਆ ਤਾਂ ਜਲੰਧਰ ਦੇ ਸਈਅਦ ਹਸਨ ਅਲੀ ਖ਼ਾਂ ਨੇ ਉਸ ਤੋਂ ਆਪਣੀ ਤਨਖ਼ਾਹ ਮੰਗੀ, ਜੋ ਦੋ ਸਾਲ ਦੀ ਉਸ ਵੱਲ ਬਾਕੀ ਸੀ। ਉਸ ਨੇ ਹੰਕਾਰ ਵਿਚ ਸਈਅਦ ਨੂੰ ਗਾਲ੍ਹ ਕੱਢੀ। ਉਸ ਨੇ ਖਿੱਚ ਕੇ ਐਸੀ ਤਲਵਾਰ ਸੁਲਬੀ ਖ਼ਾਂ ਦੇ ਧੌਣ 'ਤੇ ਮਾਰੀ ਕਿ ਸਿਰ ਲਾਹ ਸੁਟਿਆ ਤੇ ਆਪ ਦੌੜ ਕੇ ਜੰਗਲ ਵਿਚ ਜਾ ਵੜਿਆ। ਸਰਦਾਰ ਤੋਂ ਬਿਨਾਂ ਫ਼ੌਜ ਸਾਰੀ ਦੌੜ ਗਈ। ਪ੍ਰਿਥੀਚੰਦ ਨੇ ਇਹ ਹਾਲ ਸੁਣ ਕੇ ਬਹੁਤ ਪਛਤਾਵਾ ਕੀਤਾ ਤੇ ਰੋਂਦਾ ਹੋਇਆ ਸੁਲਹੀ ਖ਼ਾਂ ਪਾਸ ਲਾਹੌਰ ਪਹੁੰਚਿਆ ਤੇ ਆਖਣ ਲੱਗਾ ਕਿ ਮੇਰੇ ਭਰਾ ਗੁਰੂ ਅਰਜਨ ਦੇਵ ਜੀ ਨੇ ਆਪਣੇ ਕਿਸੇ ਆਦਮੀ ਤੋਂ, ਜੋ ਉਨ੍ਹਾਂ ਪਾਸ ਬੜੇ-ਬੜੇ ਧਾੜਵੀ ਰਹਿੰਦੇ ਹਨ, ਮੇਰੇ ਪਖੀ ਸਮਝ ਕੇ ਤੇਰੇ ਭਤੀਜੇ ਸੁਲਬੀ ਖ਼ਾਂ ਨੂੰ ਮਰਵਾ ਦਿੱਤਾ ਹੈ। ਸੁਲਹੀ ਖ਼ਾਂ ਨੂੰ ਭਤੀਜੇ ਮਰਨ ਕਰ ਕੇ ਬੜਾ ਹੀ ਸੱਲ, ਭਾਵ ਦੁੱਖ ਲੱਗਾ ਤੇ ਬੜੇ ਕ੍ਰੋਧ ਵਿਚ ਆ ਗਿਆ ਤੇ ਪ੍ਰਿਥੀ ਚੰਦ ਅੱਗ 'ਤੇ ਤੇਲ ਪਾਉਣ ਵਾਂਗੂੰ ਉਸ ਨੂੰ ਭੜਕਾਉਂਦਾ ਰਿਹਾ। ਉਹ ਬੜੀ ਤੇਜ਼ੀ ਨਾਲ ਆਪਣੇ ਭਤੀਜੇ ਦਾ ਬਦਲਾ ਲੈਣ ਲਈ ਪ੍ਰਿਥੀ ਚੰਦ ਦਾ ਪੱਖੀ ਹੋ ਕੇ ਅਹੇਰ ਪਿੰਡ ਪ੍ਰਿਥੀਏ ਪਾਸ ਜਾ ਉਤਰਿਆ। ਇਹ ਸੁਣ ਸਿੱਖ ਘਬਰਾਏ ਤੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਸੁਲਹੀ ਆਪਣੇ ਤਕ ਨਹੀਂ ਪਹੁੰਚ ਸਕੇਗਾ। ਉਧਰ ਸੁਲਹੀ ਖ਼ਾਂ ਤੇ ਪ੍ਰਿਥੀ ਚੰਦ ਦੋਵੇਂ ਕਈ ਤਰ੍ਹਾਂ ਦੇ ਪਾਪ ਚਿਤਵਦੇ, ਸ਼ਿਕਾਰ ਖੇਡਦੇ ਆਉਂਦੇ ਹੋਏ ਆਵਾ ਦੇਖਣ ਲਈ ਉਥੇ ਪਹੁੰਚੇ ਤਾਂ ਸੁਲਹੀ ਖ਼ਾਂ ਦਾ ਘੋੜਾ ਐਸਾ ਤ੍ਰਬਕਿਆ ਕਿ ਪਹਿਲੀ ਛਾਲ ਨਾਲ ਹੀ ਆਵੇ ਉੱਤੇ ਜਾ ਚੜ੍ਹਿਆ ਤੇ ਦੂਜੀ ਛਾਲ ਨਾਲ ਘੜੰਮ ਦੇ ਕੇ ਆਵੇ ਵਿਚ ਡਿੱਗ ਪਿਆ, ਜਿਥੇ ਅੱਗ ਵਿਚ ਸੜ ਕੇ ਉਸ ਦੀ ਮੌਤ ਹੋ ਗਈ ਤੇ ਪ੍ਰਿਥੀ ਚੰਦ ਰੋ ਧੋ ਕੇ ਘਰ ਜਾ ਬੈਠਾ। ਇਸ ਸੰਬੰਧ ਵਿਚ ਪੰਚਮ ਗੁਰਦੇਵ ਜੀ ਨੇ ਸ਼ਬਦ ਉਚਾਰਨ ਕੀਤਾ :

**ਸੁਲਹੀ ਤੇ ਨਾਰਾਇਣ ਰਾਖੁ ॥**
**ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ॥**
**ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥**
**ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥**
**ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥**
**ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ 2 ॥ ੧8 ॥**

(ਅੰਗ 825)

ਸੂਹੀ ਮਹਲਾ 5 ॥ ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥ ੧ ॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ 2 ॥ ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ 3 ॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ 4 ॥ ੧0 ॥ 57 ॥

ਪਦ ਅਰਥ :- ਸੁਆਮੀ=ਹੇ ਸੁਆਮੀ ! ਬੋਲ ਨ ਜਾਣੈ=ਬੋਲਣਾ ਨਹੀਂ ਜਾਣਦਾ। ਮਦਿ=ਅਹੰਕਾਰ ਵਿਚ। ਮਾਤਾ=ਮਸਤ। ਮਰਣ=ਮੌਤ, ਮੌਤ ਦਾ ਸਹਿਮ। ਚੀਤਿ=ਚਿੱਤ ਵਿਚ।੧। ਰਾਮ ਰਾਇ=ਹੇ ਪ੍ਰਭੂ ਪਾਤਿਸ਼ਾਹ ! ਕਉ=ਨੂੰ। ਨੇਰੇ=ਨੇੜੇ।੧।ਰਹਾਉ। ਤੇਰੈ ਰੰਗਿ=ਤੇਰੇ ਪ੍ਰੇਮ ਵਿਚ। ਰਾਤੇ=ਰੰਗੇ ਹੋਏ। ਨਾਸਾ=ਦੂਰ ਹੋ ਜਾਂਦਾ ਹੈ। ਬਖਸ=ਬਖ਼ਸ਼ਸ਼। ਦਿਲਾਸਾ=ਭਰੋਸਾ, ਤਸੱਲੀ।੨। ਧਿਆਇਨਿ= ਧਿਆਉਂਦੇ ਹਨ। ਪਾਇਨਿ=ਪਾਉਂਦੇ ਹਨ। ਆਰਾਧਹਿ=ਆਰਾਧਦੇ ਹਨ। ਭਰਵਾਸੇ=ਆਸਰੇ ਨਾਲ। ਪੰਚ ਦੁਸਟ=ਕਾਮਾਦਿਕ ਪੰਚ ਵੈਰੀ। ਲੈ=ਫੜ ਕੇ। ਸਾਧਹਿ=ਵੱਸ ਵਿਚ ਕਰ ਲੈਂਦੇ ਹਨ ।੩। ਗਿਆਨੁ = ਆਤਮਕ ਜੀਵਨ ਦੀ ਸੂਝ। ਧਿਆਨੁ=ਸੁਰਤਿ ਜੋੜਨ ਦੀ ਜਾਚ। ਨ ਜਾਣਾ=ਨਹੀਂ ਸਾਂ ਜਾਣਦਾ। ਜਿਨਿ=ਜਿਸ (ਗੁਰੂ) ਨੇ।੪।

ਅਰਥ :- (ਹੇ ਭਾਈ !) ਜਿਸ ਦੇ ਸਿਰ ਉਪਰ ਸੁਆਮੀ ਪ੍ਰਮਾਤਮਾ ਰੱਖਿਆ ਕਰਨ ਵਾਲਾ ਹੈ, ਉਹ ਪੁਰਸ਼ ਕਿਸ ਤਰ੍ਹਾਂ ਦੁੱਖ ਪਾ ਸਕਦਾ ਹੈ, ਭਾਵ ਕੋਈ ਦੁੱਖ ਨਹੀਂ ਪਾ ਸਕਦਾ। ਜੋ ਮਾਇਆ ਦੇ ਹੰਕਾਰ ਵਿਚ

ਮਸਤ ਹੋਇਆ ਹੈ ਅਤੇ ਜਿਸ ਨੂੰ ਮਰਣਾ ਭੀ ਚੇਤੇ ਨਹੀਂ ਆਉਂਦਾ, ਭਾਵ ਮੌਤ ਦਾ ਡਰ ਭੁੱਲ ਗਿਆ ਹੈ, ਉਹ ਪੁਰਸ਼ ਤਾਂ ਹੰਕਾਰ ਸਹਿਤ ਬੋਲਦਾ ਹੈ ਅਤੇ ਸ਼ੁੱਭ ਬਚਨ ਬੋਲਣਾ ਨਹੀਂ ਜਾਣਦਾ।੧।

ਹੇ ਮੇਰੇ ਰਾਮ ਰਾਜੇ ਵਿਆਪਿਕ ਵਾਹਿਗੁਰੂ ! ਤੂੰ (ਆਪਣੇ) ਸੰਤਾਂ ਦਾ (ਸਹਾਈ) ਹੈਂ (ਅਤੇ) ਸੰਤ ਤੇਰੇ (ਆਸਰੇ ਰਹਿੰਦੇ ਹਨ)। (ਹੇ ਪ੍ਰਭੂ !) ਤੇਰੇ ਸੇਵਕ ਨੂੰ ਕਿਸੇ ਦਾ ਡਰ ਭੈਅ ਨਹੀਂ ਹੈ ਅਤੇ ਨਾ ਹੀ (ਮੌਤ ਦਾ) ਡਰ ਉਸ ਨੂੰ ਲੱਗਦਾ ਹੈ (ਅਤੇ) ਨਾ ਹੀ ਜਮ ਉਸ ਦੇ ਨੇੜੇ ਢੁਕਦਾ ਹੈ।੧। ਰਹਾਉ।

ਹੇ ਮਾਲਕ ! ਜਿਹੜੇ (ਮਨੁੱਖ) ਤੇਰੇ ਪ੍ਰੇਮ ਵਿਚ ਰੰਗੇ ਹੋਏ ਹਨ, ਉਨ੍ਹਾਂ ਦਾ ਜੰਮਣ ਮਰਨ ਦਾ ਦੁੱਖ ਨਾਸ ਹੋ ਗਿਆ ਹੈ। (ਹੇ ਪ੍ਰਭੂ !) ਤੇਰੀ ਬਖ਼ਸ਼ਿਸ਼ ਨੂੰ ਕੋਈ ਮੇਟ ਨਹੀਂ ਸਕਦਾ (ਕਿਉਂਕਿ ਉਨ੍ਹਾਂ ਨੂੰ) ਸਤਿਗੁਰੂ ਦਾ ਦਿਲਾਸਾ (ਪ੍ਰਾਪਤ ਹੋ ਗਿਆ ਹੈ)।੨।

(ਹੇ ਪ੍ਰਭੂ ! ਤੇਰੇ ਸੰਤ) ਨਾਮ ਨੂੰ ਧਿਆਉਂਦੇ ਹੋਏ ਅੱਠੇ ਪਹਿਰ ਤੈਨੂੰ ਅਰਾਧਦੇ ਹਨ, (ਅਤੇ ਆਤਮਿਕ ਅਨੰਦ ਦਾ) ਸੁਖ ਫਲ ਪਾਉਂਦੇ ਹਨ। (ਉਹ) ਤੇਰੀ ਸ਼ਰਨ ਵਿਚ, ਤੇਰੇ ਭਰੋਸੇ ਵਿਚ, ਪੰਜਾਂ ਕਾਮਾਦਿਕਾਂ ਵੈਰੀਆਂ ਨੂੰ ਸਾਧ ਲੈਂਦੇ ਹਨ (ਭਾਵ ਕਾਬੂ ਕਰ ਲੈਂਦੇ ਹਨ।੩।

(ਹੇ ਪ੍ਰਭੂ !) ਮੈਂ (ਤੇਰੇ ਸ਼ਬਦ ਦਾ) ਗਿਆਨ ਤੇ ਸ਼ਬਦ ਵਿਚ ਸੁਰਤਿ ਜੋੜਨ ਦਾ ਧਿਆਨ (ਆਦਿ) ਕੋਈ ਸ੍ਰੇਸ਼ਟ ਕਰਮ ਕਰਨਾ ਨਹੀਂ ਜਾਣਦਾ (ਅਤੇ) ਨਾ ਹੀ (ਮੈਂ) ਤੇਰੀ (ਹਸਤੀ ਦੀ) ਸੋਝੀ ਜਾਣਦਾ ਹਾਂ (ਭਾਵ ਮੈਂ ਅਨਜਾਣ ਹਾਂ)। ਇਕ ਇਹੋ ਗੱਲ ਜਾਣਦਾ ਹਾਂ ਕਿ ਸਭ ਤੋਂ ਵੱਡਾ ਸਤਿਗੁਰੂ ਨਾਨਕ (ਮੈਨੂੰ ਮਿਲ ਪਿਆ) ਜਿਸ ਨੇ (ਆਪਣੀ) ਸ਼ਕਤੀ (ਵਰਤਾ ਕੇ) ਮੇਰੀ (ਲਾਜ) ਰੱਖ ਲਈ ਹੈ।੪।੧੦।੫੭।

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ॥**
**ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ॥**

(ਅੰਗ 702)

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੪੦ (ਆਦਿ ਅੰਗ ੭੫੧)

## ਸੂਹੀ ਮਹਲਾ ੧ ਕਾਫੀ ਘਰੁ ੧੦

### ੧ਓ ਸਤਿਗੁਰ ਪ੍ਰਸਾਦਿ ॥

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥ ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥ ੧ ॥ ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥ ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥ ੧ ॥ ਰਹਾਉ ॥ ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥ ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥ ੨ ॥ ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥ ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥ ੩ ॥ ਮੂਰਖ ਮਨ ਸਮਝਾਇ ਆਖਉ ਕੇਤੜਾ ॥ ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥ ੪ ॥ ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥ ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥ ੫ ॥ ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥ ੬ ॥ ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥ ੭ ॥ ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥ ੮ ॥ ੧ ॥ ੩ ॥

## ਪ੍ਰਾਕ੍ਥਨ :

ਇਹ ਪਾਵਨ ਸ਼ਬਦ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਹਜ਼ੂਰ ਨੇ ਮਨੁੱਖਾ ਜਨਮ ਦੀ ਉੱਤਮਤਾ ਦਰਸਾਈ ਹੈ।

## ਵਿਸ਼ਾ — ਮਾਣਸ ਜਨਮੁ ਦੁਲੰਭੁ ਹੈ

ਮਨੁੱਖਾ ਜਨਮ ਸਾਰੀਆਂ ਚਉਰਾਸੀ ਲੱਖ ਜੂਨਾਂ ਤੋਂ ਉੱਤਮ ਹੈ, ਕਿਉਂਕਿ ਇਸ ਜਨਮ ਵਿਚ ਚੇਤੰਨਤਾ ਅਤੇ ਬਿਬੇਕ ਬੁੱਧੀ ਹੋਣ ਦੇ ਕਾਰਨ ਬਾਕੀ ਜੂਨਾਂ ਨਾਲੋਂ ਇਸ ਨੂੰ ਉੱਤਮ ਦੱਸਿਆ ਹੈ। ਗੁਰਦੇਵ ਦਾ ਫ਼ੁਰਮਾਨ ਹੈ :

**ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥**

(ਅੰਗ ੧075)

ਗੁਰਬਾਣੀ ਦੇ ਕਥਨ ਅਨੁਸਾਰ ਬਹੁਤ ਸਾਰੇ ਕਈ ਜਨਮ ਭਟਕ-ਭਟਕ ਦੇ ਆਖ਼ਰ ਇਹ ਮਨੁੱਖਾ ਦੇਹ ਮਿਲੀ ਹੈ। ਇਸ ਦੇਹੀ ਨੂੰ ਪਾ ਕੇ ਹੀ ਸਿਮਰਨ ਰਾਹੀਂ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ :

**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥** (ਅੰਗ 63੧)

ਪਰ ਐਸੀ ਉੱਤਮ ਮਨੁੱਖ ਦੇਹੀ ਦੀ ਰਚਨਾ ਪ੍ਰਮੇਸ਼ਰ ਨੇ ਕਿਸ ਤਰ੍ਹਾਂ ਕੀਤੀ ਹੈ, ਇਸ ਦਾ ਜ਼ਿਕਰ ਗੁਰਬਾਣੀ ਅੰਦਰ ਵਿਸਥਾਰ ਸਹਿਤ ਇਸ ਪ੍ਰਕਾਰ ਹੈ :

**ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ॥** (ਅੰਗ 706)

ਧੰਨ ਹੈ ਓਹ ਸ਼ਕਤੀਮਾਨ ਵਾਹਿਗੁਰੂ ਜੀ ਜਿਸ ਨੇ ਸਭ ਤੋਂ ਪਹਿਲਾਂ ਇਸ ਜੀਵ ਦੀ ਰਚਨਾ ਕਰਨ ਲੱਗਿਆਂ, ਮਾਤਾ ਦੀ ਰਕਤ ਅਤੇ ਪਿਤਾ ਦੀ ਬਿੰਦ ਦੁਆਰਾ ਮਾਤਾ ਦੇ ਉਦਰ ਅੰਦਰ ਇਸ ਦੀ ਹੋਂਦ ਕਾਇਮ ਕੀਤੀ।

**ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥** (ਅੰਗ 706)
**ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥** (ਅੰਗ 63)
**ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥** (ਅੰਗ 336)

ਇਸ ਰਕਤ ਬਿੰਦ ਤੋਂ ਮਾਂ ਦੇ ਪੇਟ ਵਿਚ ਬੱਚੇ ਦਾ ਵਜੂਦ ਕਾਇਮ ਕਰ ਕੇ ਇਸ ਵਿਚ ਜੀਵਨ ਕਲਾ ਪਾ ਦਿੱਤੀ। ਬੱਚੇ ਦੇ ਨਾੜੂਏ ਰਾਹੀਂ, ਮਾਤਾ ਦੀ ਖਾਧੀ ਹੋਈ ਖ਼ੁਰਾਕ ਦਾ ਆਹਾਰ ਬਣਾ ਕੇ ਬੱਚੇ ਦੀ ਪਾਲਣਾ ਕੀਤੀ ਹੈ। ਨੌਂ ਮਹੀਨੇ ਮਾਤਾ ਦੇ ਉਦਰ ਵਿਚ ਪੁੱਠਾ ਲਟਕਿਆ ਮਾਤਾ ਦੀ ਜਠਰ ਅਗਨੀ ਰੂਪ ਅਗਨਿ ਕੁੰਡ

ਅਤੇ ਨਰਕ ਘੋਰ ਉਦਰ ਵਿਚ ਇਸ ਦੀ ਰੱਖਿਆ ਕੀਤੀ :

**ਅਗਨਿ ਕੁੰਡ ਵਿਚਿ ਰਖਿਅਨਿ ਨਰਕ ਘੋਰ ਮਹਿੰ ਉਦਰੁ ਮੰਝਾਰਾ।**

(ਭਾ: ਗੁਰਦਾਸ ਜੀ, ਵਾਰ 37, ਪਉੜੀ 6)

ਗੁਰਬਾਣੀ ਅਨੁਸਾਰ ਮਾਤਾ ਦੇ ਉਦਰ ਵਿਚ ਪੁੱਠਾ ਲਟਕਦਾ ਸਵਾਸ-ਸਵਾਸ ਵਾਹਿਗੁਰੂ ਜੀ ਦਾ ਸਿਮਰਨ ਕਰਦਾ ਸੀ, ਜਿਸ ਸਿਮਰਨ ਦਾ ਸਦਕਾ ਇਸ ਨੂੰ ਜਠਰ ਅਗਨੀ ਦਾ ਸੇਕ ਪੋਹ ਨਹੀਂ ਸਕਿਆ।

ਸਲੋਕ ॥

**ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥**
**ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ ॥ ੧ ॥**
**ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥**
**ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥ 2 ॥**

ਪਉੜੀ ॥

**ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥**
**ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥**
**ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ ॥**
**ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥**
**ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥ 2 ॥** (ਅੰਗ 706)
**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**
**ਰਕਤ ਕਿਰਮ ਮਹਿ ਨਹੀ ਸੰਘਾਰਿਆ ॥**
**ਅਪਨਾ ਸਿਮਰਨੁ ਦੇ ਪ੍ਰਤਿਪਾਲਿਆ ਓਹੁ ਸਗਲ ਘਟਾ ਕਾ ਮਾਲਕਾ ॥**

(ਅੰਗ ੧084)

ਮਾਤਾ ਦੇ ਉਦਰ ਵਿਚ ਇਹ ਜੀਵ ਪੁੱਠਾ ਲਟਕਦਾ ਸਵਾਸ-ਸਵਾਸ ਵਾਹਿਗੁਰੂ ਜੀ ਦਾ ਸਿਮਰਨ ਕਰਦਾ ਸੀ, ਐਸੇ ਅਗਨਿ ਕੁੰਡ ਵਿਚ ਜਿੱਥੇ :

**ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ ॥**

(ਅੰਗ 640)

ਪ੍ਰਭੂ ਇਸ ਦੀ ਰੱਖਿਆ ਕਰਦਾ ਹੈ। ਪਰ ਮਾਤਾ ਦੇ ਕੀਤੇ ਪਰਉਪਕਾਰ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ, ਕਿਉਂਕਿ ਸਭ ਤੋਂ ਪਹਿਲਾਂ ਉਸ ਕਾਦਰ ਦੀ ਕੁਦਰਤ ਨੂੰ ਦੇਖਣ ਦਾ ਸੁਭਾਗ ਪੁੱਤਰ ਨੂੰ ਮਾਤਾ ਪਿਤਾ

ਦੇ ਸੰਬੰਧ ਰਾਹੀਂ ਮਿਲਿਆ ਹੈ। ਮਾਤਾ ਪਿਤਾ ਦੇ ਸੰਬੰਧ ਦੀ ਅੰਸ਼ ਹਰ ਮਨੁੱਖੀ ਸਰੀਰ ਅੰਦਰ ਮੌਜੂਦ ਹੈ। ਇਕ ਲੰਬੀ ਘਾਲਣਾ ਹੈ ਮਾਤਾ ਦੇ ਰੂਪ ਵਿਚ ਇਸਤਰੀ ਦੀ ਜਨਮ ਮਰਨ ਦੀ ਖੇਡ ਅੰਦਰੋਂ ਇਕ ਨਵੀਂ ਮੂਰਤ ਨੂੰ ਪ੍ਰਗਟ ਕਰਨਾ।

ਪਰ ਇਹ ਮਨੁੱਖ ਜਿਸ ਸਮੇਂ ਮਾਤਾ ਦੇ ਉਦਰ ਵਿਚ ਸੀ, ਉਸ ਦੁੱਖ ਦੇ ਕਾਲ ਵਿਚ ਇਸ ਦੀ ਸੁਰਤ ਪ੍ਰਭੂ-ਚਰਨਾਂ ਵਿਚ ਜੁੜੀ ਹੋਈ ਸੀ। ਮਾਂ ਦੇ ਪੇਟ ਤੋਂ ਬਾਹਰ ਆਉਂਦਿਆਂ ਹੀ ਜਨਮ ਲੈਣ ਸਾਰ ਇਸ ਨੂੰ ਪ੍ਰਮਾਤਮਾ ਭੁੱਲ ਗਿਆ :

**ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ॥**

(ਅੰਗ 93)

**ਅਥਵਾ: ਵਿਚਹੁ ਗਰਭੈ ਨਿਕਲਿ ਆਇਆ॥**
**ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥** (ਅੰਗ ੧007)

ਇਸ ਸਾਰੇ ਪ੍ਰਸੰਗ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਕਥਨ ਕੀਤਾ ਹੈ :

**ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ।**
**ਪਾਣੀ ਦਾ ਕਰਿ ਪੁਤਲਾ ਉਡੈ ਨ ਪਉਣੁ ਖੁਲੇ ਨਉਂ ਦੁਆਰਾ।**
**ਅਗਨਿ ਕੁੰਡ ਵਿਚਿ ਰਖਿਅਨਿ ਨਰਕ ਘੋਰ ਮਹਿੰ ਉਦਰੁ ਮੰਝਾਰਾ।**
**ਕਰੈ ਉਰਧ ਤਪੁ ਗਰਭ ਵਿਚਿ ਚਸਾ ਨ ਵਿਸਰੈ ਸਿਰਜਣਹਾਰਾ।**
**ਦਸੀ ਮਹੀਨੀਂ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ।**
**ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ।**
**ਸਾਹੋਂ ਵਿਛੁੜਿਆ ਵਣਜਾਰਾ॥ 6 ॥** (ਵਾਰ 37, ਪਉੜੀ 6)

ਸੂਰਦਾਸ ਕਵੀ ਦਾ ਬਹੁਤ ਸੁੰਦਰ ਕਥਨ ਹੈ ਕਿ ਮਾਂ ਨੇ ਪੁੱਤਰ ਨੂੰ ਜਨਮ ਦੇਣਾ ਹੈ ਤਾਂ ਇਹ ਤਿੰਨ ਤਰ੍ਹਾਂ ਦੇ ਪੁੱਤਰਾਂ ਨੂੰ ਜਨਮ ਦੇਵੇ—ਇਕ ਪ੍ਰਭੂ ਦਾ ਭਗਤ, ਦੂਜਾ ਦਾਨੀ, ਤੀਸਰਾ ਸੂਰਮਾ ਹੋਵੇ, ਨਹੀਂ ਤਾਂ ਮਾਂ ਬਾਂਝ ਰਹੇ ਤਾਂ ਚੰਗੀ ਹੈ। ਇਹਨਾਂ ਤਿੰਨਾਂ ਤੋਂ ਬਿਨਾਂ ਹੋਰ ਨਾਸਤਕ, ਨਾਮਹੀਣ, ਮਨਮੁਖ ਨੂੰ ਜਨਮ ਨਾ ਦੇਵੇ :

**ਜਨਨੀ ਜਨੈ ਤਾਂ ਭਗਤ ਜਨ ਕੈ ਦਾਤਾ ਕੈ ਸੂਰ।**
**ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ।** (ਸਮੁੰਦਰੀ ਗ੍ਰੰਥ)

ਪੰਡਿਤ ਗੁਲਾਬ ਸਿੰਘ ਜੀ ਨੇ ਵੀ ਇਹੀ ਸਿਧਾਂਤ ਪ੍ਰਗਟ ਕੀਤਾ ਹੈ ਕਿ ਭਗਤ, ਸੂਰਮਾ, ਦਾਨੀ ਇਹਨਾਂ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਤਿੰਨਾਂ ਤੋਂ ਬਿਨਾਂ ਹੋਰ ਕੀੜਿਆਂ ਜੈਸੇ ਬੱਚਿਆਂ ਨੂੰ ਜਨਮ ਦੇ ਕੇ ਮਾਂ ਆਪਣੀ ਜੁਆਨੀ ਬੇਅਰਥ ਨਾ ਗਵਾਏ।

**ਹਰਿ ਨਾਮ ਭਜੇ ਭੀਤਰ ਸੇ, ਜਨਨੀ ਸੁਤ ਯਾ ਬਿਧਿ ਕੌ ਉਪਜਾਏ।**

**ਅਥਵਾ :- ਜਨਨੀ ਸੁਤ ਸੋਇ ਜਨੇ, ਰਣ ਭੀਤਰ ਜੋ ਅਰਿ ਕੇ ਦਲ ਘਾਏ।**
**ਸਿਰ ਲੈ ਧਨ ਦਾਨ ਕਰੈ ਜਗ ਮੈਂ ਸੁਭ, ਕੈ ਜਨਨੀ ਸੁਤ ਜੋ ਨਿਪਜਾਏ।**
**ਇਹ ਤੀਨ ਬਿਨਾ ਕ੍ਰਿਮ ਕੇ ਸੁਤ ਕੇ ਹਿਤ, ਜੋਵਨ ਨਾਹਿ ਅਕਾਜ ਗਵਾਏ।**

(ਭਾਵਰਸਾਮ੍ਰਿਤ ਸ੍ਵੈਯੇ ੧੧੪)

**ਅਥਵਾ : ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥**
**ਬਿਧਵਾ ਕਸ ਨ ਭਈ ਮਹਤਾਰੀ॥** (ਅੰਗ 328)

**ਅਥਵਾ : ਜਿਹ ਨਰ ਰਾਮ ਭਗਤਿ ਨਹਿ ਸਾਧੀ॥**
**ਜਨਮਤ ਕਸ ਨ ਮੁਓ ਅਪਰਾਧੀ॥** (ਅੰਗ 328)

**ਅਥਵਾ : ਪ੍ਰੇਮ ਸੁ ਨੀਰ ਵਹੈ ਜਸ ਗਾਵਤ ਨਾਚਤ ਦੇਵ ਚਲੇ ਸਭ ਅੰਗਾ।**
**ਸਹੈ ਖਗ ਜਾਇ ਰਣ ਮੈ ਭਲੀ ਬਿਧਿ ਸਿਉ ਲਹੂ ਸੁ ਘਾਬ ਚਲੇ ਅਰ ਢੰਗਾ।**
**ਬਿਧਿ ਦੋਇ ਪੂਤ ਜਣੇ ਜਨਨੀ ਜਗਿ ਔਰ ਸਭੇ ਸੁਤ ਕੀਟ ਪਤੰਗਾ।**

(ਅਧਿਆਤਮ ਰਸਾਇਣ)

**ਅਥਵਾ :- ਮਾਂ ਗਭਣਿ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ।**
**ਕੁਪੁਤਹੁੰ ਧੀ ਚੰਗੇਰੜੀ ਪਰ ਘਰ ਜਾਇ ਵਸਾਇ ਨ ਆਈ।**
**ਧੀਅਹੁੰ ਸੱਪ ਸਕਾਰਥਾ ਮਾਉ ਜਣੇਂਦੀ ਜਣਿ ਜਣਿ ਖਾਈ।**
**ਮਾਂ ਡਾਇਣ ਧੰਨੁ ਧੰਨੁ ਹੈ ਕਪਟੀ ਪੁਤੈ ਖਾਇ ਅਘਾਈ।**

(ਵਾਰ 37, ਪਉੜੀ 24)

ਇਥੋਂ ਤੱਕ ਇਹ ਮਾਂ ਨੂੰ ਪ੍ਰੇਰਣਾ ਕੀਤੀ ਗਈ ਹੈ ਕਿ ਮਾਂ ਐਸੇ ਚੰਗੇ ਪੁੱਤਰ ਨੂੰ ਜਨਮ ਦੇਵੇ ਜੋ ਮਾਂ ਬਾਪ ਦਾ ਨਾਮ ਰੋਸ਼ਨ ਕਰੇ ਅਤੇ ਪੁੱਤਰ ਨੂੰ ਵੀ ਮਾਂ ਦੇ ਝੱਲੇ ਹੋਏ ਕਸ਼ਟ ਭੁਲਣੇ ਨਹੀਂ ਚਾਹੀਦੇ ਕਿਉਂਕਿ ਮਾਂ ਦੀ ਬਹੁਤ ਬੜੀ ਘਾਲ ਹੈ। ਗਰਭ ਵਿਚ ਪਾਲਣਾ ਤੋਂ ਲੈ ਕੇ ਆਪਣੇ ਜੀਵਨ ਦੇ ਅਖ਼ੀਰ ਤੱਕ ਮਮਤਾ ਦੀ ਮਾਰੀ ਮਾਂ ਪੁੱਤਰ ਪੁਤ੍ਰੀ ਦੀ ਖ਼ਾਤਰ ਕੀ ਕੁਝ ਕਰਦੀ ਹੈ। ਇਸ ਕਰ ਕੇ ਵਾਕਿਆ ਹੀ ਮਾਪਿਆਂ ਦੇ ਇਸ ਕਰਜ਼ੇ ਨੂੰ ਚੁਕਾਇਆ ਨਹੀਂ ਜਾ ਸਕਦਾ। ਮਾਤਾ ਦੀ ਘਾਲਣਾ ਕਿੰਨੀ ਕਠਨ ਹੈ, ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦਰਸਾਈ ਹੈ :

**ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ।**
**ਰਸ ਕਸ ਖਾਇ ਨਿਲਜ ਹੋਇ ਛੁਹ ਛੁਹ ਧਰਣਿ ਧਰੈ ਪਗ ਧਾਰੇ।**
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।**
**ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।**
**ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।**
**ਛਾਦਨੁ ਭੋਜਨੁ ਪੋਖਿਆ ਭਦਣਿ ਮੰਗਣਿ ਪੜ੍ਹਨਿ ਚਿਤਾਰੇ।**
**ਪਾਂਧੇ ਪਾਸਿ ਪੜ੍ਹਾਇਆ ਖਟਿ ਲੁਟਾਇ ਹੋਇ ਸੁਚਿਆਰੇ।**
**ਉਰਿਣਤ ਹੋਇ ਭਾਰੁ ਉਤਾਰੇ॥ ੧੦॥** (ਵਾਰ 37, ਪਉੜੀ ੧੦)

ਜਨਮ ਕਾਲ ਤੋਂ ਪਿੱਛੋਂ ਬਚਪਨ ਵਿਚ ਬਹੁਤਾ ਜੀਵਨ ਬੱਚੇ ਦਾ ਮਾਂ ਦੀ ਗੋਦ ਵਿਚ ਹੀ ਬਤੀਤ ਹੁੰਦਾ ਹੈ। ਸਭ ਤੋਂ ਪਹਿਲਾਂ ਸੰਸਾਰ ਦੇ ਅੰਦਰ ਸੰਸਾਰਿਕ ਜੀਆਂ ਦੀ ਪਛਾਣ ਵਿਚੋਂ ਬੱਚਾ ਮਾਂ ਦੀ ਪਛਾਣ ਪਹਿਲਾਂ ਕਰਦਾ ਹੈ। ਜਾਂ ਇਸ ਤਰ੍ਹਾਂ ਕਹਿ ਲਵੋ ਕਿ ਜਨਮ ਲੈਣ ਤੋਂ ਬਾਅਦ ਬੱਚੇ ਨੂੰ ਮਾਂ ਦੇ ਦੁੱਧ ਦੀ ਸਮਝ ਪਹਿਲਾਂ ਹੁੰਦੀ ਹੈ। ਉਸ ਉਪਰੰਤ ਮਾਂ ਦੀ, ਫੇਰ ਬਾਪ ਦੀ ਪਛਾਣ ਬੱਚਾ ਕਰਦਾ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

**ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥**

(ਅੰਗ ੧37)

ਉਹ ਵਿਰਲੀਆਂ ਸੁਭਾਗੀਆਂ ਮਾਤਾਵਾਂ ਹੁੰਦੀਆਂ ਹਨ, ਜੋ ਬਚਪਨ ਤੋਂ ਹੀ ਆਪਣੇ ਬੱਚੇ ਨੂੰ ਪ੍ਰਮਾਤਮਾ ਦੇ ਨਾਮ ਜੱਪਣ ਦੀ ਪ੍ਰੇਰਨਾ ਕਰਦੀਆਂ ਹਨ। ਵੈਸੇ ਤਾਂ ਸਿਆਣਿਆਂ ਦਾ ਕਥਨ ਹੈ ਕਿ ਜਿਸ ਸਮੇਂ ਤੋਂ ਬੱਚਾ ਮਾਤਾ ਦੇ ਉਦਰ ਵਿਚ ਹੁੰਦਾ ਹੈ, ਉਸ ਸਮੇਂ ਤੋਂ ਹੀ ਬੱਚੇ ਉਪਰ ਮਾਂ ਦੀ ਕਰਮ ਕਿਰਿਆ ਦਾ ਅਸਰ ਪੈਂਦਾ ਹੈ। ਬਹੁਤ ਸਾਰੇ ਕਰਣੀ ਕਥਨੀ ਦੇ ਪੂਰੇ, ਸੰਤਾਂ, ਮਹਾਂਪੁਰਖਾਂ, ਗੁਰਮੁਖਾਂ ਦੇ ਜੀਵਨ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਗੁਰਮੁਖਾਂ ਦੀਆਂ ਮਾਤਾਵਾਂ ਉਹਨਾਂ ਦੇ ਜਨਮ ਤੋਂ ਪਹਿਲਾਂ ਕਈ-ਕਈ ਸੁਖਮਨੀ ਸਾਹਿਬ ਜੀ ਦੇ ਅਤੇ ਜਪੁ ਜੀ ਸਾਹਿਬ ਜੀ ਦੇ ਪਾਠ ਕਰਦੀਆਂ ਰਹਿੰਦੀਆਂ ਸਨ। ਜਨਮ ਤੋਂ ਪਿੱਛੋਂ ਭੀ ਐਸੇ ਗੁਰਸਿੱਖਾਂ ਦੀਆਂ ਮਾਤਾਵਾਂ ਬਾਣੀ ਦੀਆਂ ਲੋਰੀਆਂ ਦੇ ਦੇ ਕੇ ਹੀ ਆਪਣੇ ਬੱਚੇ ਨੂੰ ਪਾਲਦੀਆਂ ਸਨ। ਬਾਪ ਨਾਲੋਂ ਬੱਚਾ ਮਾਂ ਦਾ ਅਸਰ ਵੱਧ ਕਬੂਲਦਾ ਹੈ। ਭਗਤ ਪ੍ਰਹਿਲਾਦ ਜੀ ਦਾ ਬਾਪ ਤਾਂ ਰਾਖਸ਼ ਬੁੱਧੀ ਦਾ ਧਾਰਨੀ ਸੀ, ਪਰ ਭਗਤ ਜੀ ਦੀ ਮਾਤਾ 'ਕਿਆਧੂ' ਬੜੀ ਉੱਤਮ ਕਰਨੀ ਤੇ ਭਾਵਨਾ ਵਾਲੀ ਸੀ, ਜਿਸ ਦਾ ਸਦਕਾ ਪ੍ਰਹਿਲਾਦ ਦ੍ਰਿੜ੍ਹ ਇਰਾਦੇ ਦੇ ਨਾਲ ਪ੍ਰਭੂ ਦਾ ਭਗਤ ਪ੍ਰਸਿੱਧ ਹੋਇਆ। ਇਸੇ ਤਰ੍ਹਾਂ ਭਗਤ ਧ੍ਰੂ ਜੀ ਦਾ ਜੀਵਨ ਜਦ ਪੜ੍ਹਦੇ ਹਾਂ ਤਾਂ ਭਗਤ ਜੀ ਦੀ ਮਾਤਾ ਦੀ ਹੀ ਬਚਪਨ ਵਿਚ ਇਹ ਪ੍ਰੇਰਨਾ ਧ੍ਰੂ ਨੂੰ ਹੋਈ ਸੀ। ਜਿਸ ਸਮੇਂ ਮਤਰੇਈ ਮਾਂ ਨੇ ਧ੍ਰੂ ਨੂੰ ਬਾਪ ਦੀ ਗੋਦ ਵਿਚੋਂ ਬਾਹੋਂ ਫੜ ਕੇ ਉਠਾ ਦਿੱਤਾ ਤਾਂ ਰੋਂਦਿਆਂ ਧ੍ਰੂ ਨੇ ਮਾਂ ਨੂੰ ਕਿਹਾ ਕਿ 'ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ ?' ਅੱਗੋਂ ਮਾਂ ਦੀ ਉੱਤਮ ਸਿੱਖਿਆ ਸੀ, ਜਿਸ ਸਦਕਾ ਭਗਤ ਧ੍ਰੂ ਜੀ ਦਾ ਜੀਵਨ ਪਲਟ ਗਿਆ ਕਿ 'ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।'

ਇਸ ਸਿੱਖਿਆ ਨੂੰ ਧਾਰਨ ਕਰਕੇ ਭਗਤ ਧ੍ਰੂ ਕਿੱਡਾ ਵੱਡਾ ਭਗਤ ਹੋਇਆ। ਗੁਰਬਾਣੀ ਵਿਚ ਹਜ਼ੂਰ ਦਾ ਫ਼ੁਰਮਾਨ ਹੈ :

**ਪਾਂਚ ਬਰਖ ਕੌ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥**

(ਅੰਗ 999)

ਇਸੇ ਤਰ੍ਹਾਂ ਭਗਤ ਫ਼ਰੀਦ ਜੀ ਦੀ ਮਾਤਾ ਫ਼ਰੀਦ ਨੂੰ ਬਚਪਨ ਵਿਚ ਨਮਾਜ਼ ਪੜ੍ਹਨ ਦੀ ਪ੍ਰੇਰਨਾ ਦੇਣ ਲਈ ਸ਼ੱਕਰ ਦੀ ਪੁੜੀ ਮੁਸੱਲੇ ਦੇ ਥੱਲੇ ਰੱਖ ਦਿਆ ਕਰਦੀ ਸੀ। ਫ਼ਰੀਦ ਨੂੰ ਕਹਿੰਦੀ ਕਿ ਪੁੱਤਰ, ਨਮਾਜ਼ ਪੜ੍ਹ ਤਾਂ ਖ਼ੁਦਾ ਤੈਨੂੰ ਖਾਣ ਨੂੰ ਸ਼ੱਕਰ ਦੇਵੇਗਾ। ਨਮਾਜ਼ ਪੜ੍ਹਨ ਪਿਛੋਂ ਸ਼ੱਕਰ ਖਾ ਕੇ ਫ਼ਰੀਦ ਖ਼ੁਸ਼ ਹੋ ਜਾਂਦਾ। ਕੁਝ ਸਮਾਂ ਮਾਤਾ ਫ਼ਰੀਦ ਨੂੰ ਇਸ ਤਰ੍ਹਾਂ ਪ੍ਰੇਰਨਾ ਦਿੰਦੀ ਰਹੀ। ਇਕ ਦਿਨ ਫਿਰ ਐਸਾ ਨਾਮ ਮਿੱਠਾ ਲੱਗ ਆਇਆ, ਜਿਸ ਨਾਮ ਰਸ ਨੂੰ ਪਾ ਕੇ ਭਗਤ ਫ਼ਰੀਦ ਜੀ ਨੇ ਕਹਿ ਦਿੱਤਾ :

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥** (ਅੰਗ ੧379)

ਐਸੇ ਨਾਮ ਜਪਣ ਵਾਲੇ ਸੰਤ, ਭਗਤ, ਗੁਰਮੁਖ ਜਨਾਂ ਦਾ ਮਨੁੱਖਾ ਜਨਮ ਧਾਰਨਾ ਸਫਲਾ ਹੈ।

**ਆਇਆ ਸਫਲ ਤਾਹੂ ਕਉ ਗਨੀਐ॥ ਜਾਸੁ ਰਸਨ ਹਰਿ ਹਰਿ ਮੁਖ ਭਨੀਐ॥**

(ਅੰਗ 252)

## ਸਾਖੀ—ਬਾਬਾ ਬੁੱਢਾ ਜੀ

ਬਾਬਾ ਬੁੱਢਾ ਜੀ ਦਾ ਜਨਮ ਸੰਨ ੧੫੦੬, ੨੨ ਅਕਤੂਬਰ ਨੂੰ ਅੰਮ੍ਰਿਤਸਰ ਤੋਂ ੧੮ ਕਿਲੋਮੀਟਰ ਉਤਰ-ਪੂਰਵ ਵੱਲ ਇਕ ਪਿੰਡ ਕੱਥੂਨੰਗਲ ਵਿਖੇ ਹੋਇਆ ਸੀ। ਆਪ ਜੀ ਦੇ ਪਿਤਾ ਜੀ ਦਾ ਨਾਮ ਭਾਈ ਸੁੱਘਾ ਸੀ, ਜੋ ਰੰਧਾਵਾ ਗੋਤ ਦੇ ਸਨ ਅਤੇ ਮਾਤਾ ਜੀ ਦਾ ਨਾਮ ਮਾਈ ਗੌਰਾਂ ਸੀ। ਆਪ ਆਪਣੇ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਬਚਪਨ ਦਾ ਆਪ ਜੀ ਦਾ ਨਾਮ 'ਬੂੜਾ' ਸੀ। ਆਪ ਨੇ ਕਿਰਤ ਕਰਦਿਆਂ ਹੋਇਆਂ ਬਾਰ੍ਹਾਂ ਸਾਲ ਆਪਣੇ ਮਾਤਾ-ਪਿਤਾ ਨਾਲ ਬਤੀਤ ਕੀਤੇ। ਬਾਬਾ ਜੀ ਦਾ ਜਿਸ ਸਮੇਂ ਗੁਰਦੇਵ ਨਾਲ ਮੇਲ ਹੋਇਆ, ਪਿੰਡ ਕੱਥੂਨੰਗਲ ਦੀ ਜੂਹ ਵਿਚ ਇਕ ਬ੍ਰਿਛ ਥੱਲੇ ਬੈਠੇ ਗੁਰਦੇਵ ਸ਼ਬਦ ਗਾ ਰਹੇ ਸਨ। ਮਰਦਾਨਾ ਕੋਲ ਬੈਠਾ ਰਬਾਬ ਵਜਾ ਰਿਹਾ ਸੀ। ਬਾਬਾ ਬੁੱਢਾ ਜੀ ਬਾਰ੍ਹਾਂ ਸਾਲ ਦੀ ਉਮਰ ਵਿਚ ਖੇਤਾਂ ਵਿਚ ਮਾਲ ਚਾਰ ਰਹੇ ਸਨ। ਸ਼ਬਦ ਦੀ ਧੁਨੀ ਸੁਣ ਕੇ ਉਸ ਬਾਲ ਉਮਰ ਵਿਚ ਬਾਬਾ ਬੁੱਢਾ ਗੁਰੂ ਜੀ ਵੱਲ ਖਿੱਚਿਆ ਆਇਆ। ਹਜ਼ੂਰ ਨੂੰ ਸ਼ਰਧਾ ਨਾਲ ਮੱਥਾ ਟੇਕ ਕੇ ਸਾਮ੍ਹਣੇ ਬੈਠ ਗਿਆ। ਸ਼ਬਦ ਦਾ ਭੋਗ ਪਿਆ ਤਾਂ ਬਾਬਾ ਜੀ ਨੇ ਬਾਲਕ ਰੂਪ ਵਿਚ ਹੱਥ ਜੋੜ ਕੇ ਕਿਹਾ, "ਮਹਾਰਾਜ ! ਕੋਈ ਸੇਵਾ ਬਖ਼ਸ਼ੋ, ਕੋਈ ਰਾਹ ਦੱਸੋ, ਜਿਵੇਂ ਮੇਰਾ ਜਨਮ ਮਰਣ ਕੱਟਿਆ ਜਾਵੇ।"

"ਹੇ ਬਾਲਕ !" ਗੁਰਦੇਵ ਨੇ ਮਿੱਠਾ ਮਿੱਠਾ ਮੁਸਕਰਾਉਂਦਿਆਂ ਕਿਹਾ, "ਏਸੇ ਉਮਰ ਵਿਚ ਤੂੰ ਅਜੇ ਬਾਲਕ ਹੈਂ, ਤੈਨੂੰ ਇਹ ਬੁੱਧ ਕਿਥੋਂ ਪ੍ਰਾਪਤ ਹੋਈ ਹੈ ?" "ਮਹਾਰਾਜ !" ਬਾਲਕ ਨੇ ਬੜੀ ਗੰਭੀਰਤਾ ਨਾਲ ਕਿਹਾ, "ਇਕ ਦਿਨ ਸਾਡੇ ਪਿੰਡ ਮੁਗ਼ਲ ਆਣ ਉਤਰੇ ਸਨ, ਨਾਲੇ ਉਨ੍ਹਾਂ ਕੱਚੀਆਂ ਖੇਤੀਆਂ ਵੱਢ ਲਈਆਂ,

ਨਾਲੇ ਪੱਕੀਆਂ ਤੇ ਡੱਡਰੀਆਂ। ਤਾਂ ਮੇਰੇ ਮਨ ਵਿਚ ਆਈ ਕਿ ਇਨ੍ਹਾਂ ਡਾਢਿਆਂ ਦਾ ਹੱਥ ਕਿਸੇ ਨੇ ਨਹੀਂ ਫੜਿਆ ਤਾਂ ਜਮਾਂ ਦਾ ਹੱਥ ਕਿਸ ਨੇ ਫੜਨਾ ਹੈ।'' ਇਹ ਸੁਣ ਹਜ਼ੂਰ ਨੇ ਕਿਹਾ, ''ਤੂੰ ਤਾਂ ਬੁੱਢਿਆਂ ਜੈਸੀਆਂ ਗੱਲਾਂ ਕਰਦਾ ਹੈਂ। ਤੂੰ ਤੇ ਬੁੱਢਾ ਹੈਂ। ਤੇਰੀ ਅਕਲ ਤੇ ਮੱਤ ਬੁੱਢਿਆਂ ਜੈਸੀ ਹੈ। ਤੇਰੀ ਉਮਰ ਬਹੁਤ ਵਧੇਗੀ ਤੇ ਤੇਰੀ ਬੁੱਧੀ ਵੀ ਨਿਰੰਕਾਰ ਨਾਲ ਜੁੜੇਗੀ। ਸੰਗਤ ਦੀ ਸੇਵਾ ਕਰਿਆ ਕਰ। ਕਲਿਆਣ ਹੋਵੇਗੀ।'' ਓਸੇ ਦਿਨ ਤੋਂ ਉਹ ਬਾਲਕ ਗੁਰੂ ਜੋਗਾ ਹੋ ਗਿਆ। ਮਾਪਿਆਂ ਤੋਂ ਆਗਿਆ ਲੈ ਕੇ ਉਹ ਕਰਤਾਰਪੁਰ ਜਾ ਰਿਹਾ। ਸੰਗਤ ਵਿਚ ਉਸ ਦਾ ਨਾਮ 'ਬੂੜੇ' ਦੀ ਥਾਂ 'ਬਾਬਾ ਬੁੱਢਾ' ਪ੍ਰਸਿੱਧ ਹੋ ਗਿਆ। ਇਸੇ ਲਈ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ ਉਹ 'ਬਾਬਾ ਬੁੱਢਾ ਜੀ' ਹੋਏ। ਭਾਈ ਗੁਰਦਾਸ ਜੀ ਦੇ ਬਚਨ ਹਨ :

**ਬੂੜਾ ਬੁਢਾ ਇਕ ਮਨ ਧਿਆਵੈ॥**

ਭਾਵ ਕਿ ਬਾਬਾ ਬੁੱਢਾ ਜੀ ਇਕ ਮਨ ਇਕਾਗਰ ਹੋ ਕੇ ਵਾਹਿਗੁਰੂ ਜੀ ਦੇ ਧਿਆਨ ਵਿਚ ਜੁੜੇ ਰਹਿੰਦੇ ਸਨ।

**ਸ਼ਾਦੀ** :- ਬਾਬਾ ਜੀ ਦੀ ਸ਼ਾਦੀ ੨੦ ਸਾਲ ਦੀ ਉਮਰ ਵਿਚ ੧੫੮੩ ਬਿ. ਨੂੰ ਪਿੰਡ ਅਚਲ (ਬਟਾਲੇ) ਦੇ ਸਮਰਾਹ ਗੋਤ ਦੀ ਸਪੁੱਤਰੀ ਮਿਰੋਯਾਂ ਜੀ ਨਾਲ ਹੋਈ।

**ਸੰਤਾਨ** :- ਬਾਬਾ ਜੀ ਦੇ ਚਾਰ ਪੁੱਤਰ ਸਨ :

੧. ੧੫੮੫ ਬਿ. ਨੂੰ ਭਾਈ ਸੁਧਾਰੀ ਜੀ ਦਾ ਜਨਮ ਹੋਇਆ।

੨. ੧੫੮੮ ਬਿ. ਨੂੰ ਭਾਈ ਭਿਖਾਰੀ ਜੀ ਦਾ ਜਨਮ ਹੋਇਆ।

੩. ੧੫੯੦ ਬਿ. ਨੂੰ ਭਾਈ ਮਹਿਮੂ ਜੀ ਦਾ ਜਨਮ ਹੋਇਆ।

੪. ੧੫੯੩ ਬਿ. ਨੂੰ ਭਾਈ ਭਾਨਾ ਜੀ ਦਾ ਜਨਮ ਹੋਇਆ।

ਗੁਰ-ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ''ਬਾਬਾ ਬੁੱਢਾ ਜੀ'' ਨੂੰ ਇਹ ਬਚਨ ਵੀ ਕਹੇ ਸਨ :

**ਮੈ ਤੈਥੋ ਕਦੇ ਓਲੇ ਨਾ ਹੋਸਾ॥**

ਭਾਵ ਕਿ ਮੈਂ ਤੇਰੇ ਤੋਂ ਕਦੇ ਦੂਰ ਨਹੀਂ ਹੋਵਾਂਗਾ। ਅਖ਼ੀਰਲੇ ਸਮੇਂ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਧਰਤੀ ਦੇ ਉੱਤੇ 'ਸੇਵਕ' ਦੀ ਪਰਖ ਕੀਤੀ ਤਾਂ ਉਸ ਵਕਤ ''ਭਾਈ ਲਹਿਣਾ'' ਜੀ ਪੂਰਨ ਰੂਪ ਵਿਚ ਪੂਰੇ ਉਤਰੇ ਅਤੇ ਗੁਰੂ ਜੀ ਨੇ ਉਹਨਾਂ ਨੂੰ ਆਪਣਾ ਰੂਪ ਅਸਥਾਪਨ ਕਰ ਦਿੱਤਾ। ਇਤਿਹਾਸ ਇਹ ਵੀ ਦੱਸਦਾ ਹੈ ਕਿ ਜਿਥੇ ਆਪਣਾ ਦੂਜਾ ਰੂਪ 'ਗੁਰੂ ਅੰਗਦ ਦੇਵ ਜੀ' ਨੂੰ ਬਣਾਇਆ, ਉਥੇ ਗੁਰਿਆਈ ਦਾ ਤਿਲਕ 'ਬਾਬਾ ਬੁੱਢਾ' ਜੀ ਨੇ ਲਗਾਇਆ ਸੀ। ਗੁਰੂ ਅੰਗਦ ਦੇਵ ਜੀ ਬਖ਼ਸ਼ਿਸ਼ਾਂ ਪ੍ਰਾਪਤ ਕਰ ਕੇ ਕਰਤਾਰਪੁਰ ਤੋਂ ਗੁਰੂ ਨਾਨਕ ਸਾਹਿਬ ਦੀ ਆਗਿਆ ਲੈ ਕੇ ਖਡੂਰ ਸਾਹਿਬ ਗਏ। ਕਿਹਾ ਜਾਂਦਾ ਹੈ ਕਿ ਫਿਰ ਗੁਰੂ ਅੰਗਦ ਦੇਵ ਜੀ ਵੈਰਾਗ-ਮਈ ਅਵਸਥਾ ਵਿਚ ਕਿੰਨੀ ਦੇਰ ਤੱਕ ਅਲੋਪ ਰਹੇ।

ਜਿਸ ਵੇਲੇ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਦੀ ਧਰਤੀ 'ਤੇ ਜੋਤੀ ਜੋਤਿ ਸਮਾ ਗਏ ਤਾਂ ਗੁਰੂ ਅੰਗਦ ਦੇਵ ਜੀ ਅਲੋਪ ਸਨ ਅਤੇ ਉਹਨਾਂ ਨੇ ਮਾਤਾ ਵੈਰਾਈ ਨੂੰ ਕਿਹਾ ਸੀ ਕਿ ਕਿਸੇ ਨੂੰ ਇਹ ਨਹੀਂ ਦੱਸਣਾ ਕਿ ਅਸੀਂ ਅੰਦਰ ਅਲੋਪ ਹੋ ਕੇ ਬੈਠੇ ਹਾਂ। ਫਿਰ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਬਿਹਬਲ ਹੋ ਗਈਆਂ ਸਨ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਆਪਣਾ ਰੂਪ ਦੇ ਗਏ ਹਨ। ਬਾਬਾ ਜੀ, ਤੁਸੀਂ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕਰੋ ਤਾਂ ਫਿਰ ਬਾਬਾ ਬੁੱਢਾ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਪ੍ਰਗਟ ਹੋ ਕੇ ਲੋਕਾਂ ਦਾ ਭਲਾ ਕਰੋ। ਫਿਰ ਗੁਰੂ ਅੰਗਦ ਦੇਵ ਜੀ ਨੇ ਬਾਬਾ ਬੁੱਢਾ ਜੀ ਦੀ ਬੇਨਤੀ ਪ੍ਰਵਾਨ ਕਰ ਕੇ ਪ੍ਰਗਟ ਹੋ ਕੇ ਸੰਗਤ ਨੂੰ ਨਿਵਾਜਿਆ ਸੀ :

**ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥**
**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥** (ਅੰਗ ੧50)

ਫਿਰ ਗੁਰੂ ਅੰਗਦ ਦੇਵ ਜੀ ਨੇ ਕਲਯੁਗੀ ਜੀਵਾਂ ਨੂੰ ਤਾਰਿਆ ਤੇ ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਤੀਸਰਾ ਰੂਪ ਪ੍ਰਗਟ ਕੀਤਾ ਅਤੇ ਗੁਰੂ ਅਮਰਦਾਸ ਮਹਾਰਾਜ ਜੀ ਨੂੰ ਜਦੋਂ ਗੁਰਿਆਈ-ਗੱਦੀ ਗੁਰੂ ਅੰਗਦ ਦੇਵ ਜੀ ਨੇ ਦਿੱਤੀ ਤਾਂ ਉਸ ਸਮੇਂ ਵੀ ਗੁਰਿਆਈ ਦਾ 'ਤਿਲਕ' 'ਬਾਬਾ ਬੁੱਢਾ ਜੀ' ਪਾਸੋਂ ਹੀ ਲਗਵਾਇਆ। ਇਸੇ ਤਰ੍ਹਾਂ ਗੁਰੂ ਸੰਗਤ ਜੀ ! ਛੇਵੇਂ ਪਾਤਿਸ਼ਾਹ ਤੱਕ ਜੋ ਗੁਰਿਆਈ ਦਾ ਤਿਲਕ ਲੱਗਾ, ਇਸ ਦਾ ਸਤਿਕਾਰ ਬਾਬਾ ਬੁੱਢਾ ਜੀ ਨੂੰ ਹੀ ਦਿੱਤਾ ਗਿਆ, ਭਾਵ ਉਹਨਾਂ ਕੋਲੋਂ ਹੀ ਸਭ ਨੂੰ ਤਿਲਕ ਲਗਵਾਇਆ। ਇਸ ਲਈ ਮਹਾਨ ਸੇਵਕਾਂ ਵਿੱਚੋਂ ਖ਼ੁਸ਼ੀਆਂ ਤੇ ਸੇਵਾ ਪ੍ਰਾਪਤ ਕਰਨ ਵਾਲੇ ਬਾਬਾ ਬੁੱਢਾ ਜੀ ਸਨ। ਇਤਿਹਾਸ ਵਿਚ ਇਹ ਵੀ ਲਿਖਿਆ ਹੈ ਕਿ ਜਿਸ ਵੇਲੇ ਅੰਮ੍ਰਿਤਸਰ ਸਾਹਿਬ ਦੀ ਚੋਣ ਕਰਨ ਦੀ ਵਾਰੀ ਆਈ, ਉਸ ਵੇਲੇ ਵੀ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਭੇਜਿਆ ਸੀ। ਕਿਉਂਕਿ ਬਾਬਾ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਰਹਿਮਤਾਂ ਪ੍ਰਾਪਤ ਕੀਤੀਆਂ ਸਨ ਤੇ ਉਹਨਾਂ ਨੂੰ ਇਸ ਜਗ੍ਹਾ ਬਾਰੇ ਕਾਫ਼ੀ ਕੁਝ ਪਤਾ ਸੀ ਅਤੇ ਜੇਕਰ ਕਦੇ ਮਾਤਾ ਗੰਗਾ ਜੀ ਨੇ ਪੁੱਤਰ ਦੀ ਪ੍ਰਾਪਤੀ ਵਾਸਤੇ ਬੇਨਤੀ ਕੀਤੀ ਸੀ ਬੀੜ ਸਾਹਿਬ ਜਾ ਕੇ ਤਾਂ ਬਾਬਾ ਬੁੱਢਾ ਜੀ ਨੇ ਉਸ ਵੇਲੇ ਇਹ ਬਚਨ ਕੀਤੇ ਸਨ, ਐਸਾ ਬਲੀ ਸਾਹਿਬਜ਼ਾਦਾ ਪੈਦਾ ਹੋਵੇਗਾ ਕਿ ਉਹ ਜ਼ਾਲਮਾਂ ਦੇ ਸਿਰ ਇੰਝ ਭੰਨੇਗਾ, ਜਿਸ ਤਰ੍ਹਾਂ ਅਸੀਂ ਪਿਆਜ਼ (ਗੰਡਾ) ਭੰਨਿਆ ਹੈ। ਉਹਨਾਂ ਦੀਆਂ ਤਲਵਾਰਾਂ ਵੀ ਇਸ ਤਰ੍ਹਾਂ ਚਮਕਣਗੀਆਂ, ਜਿਸ ਤਰ੍ਹਾਂ ਆਕਾਸ਼ ਵਿਚ ਬਿਜਲੀ ਚਮਕਦੀ ਹੈ ਅਤੇ ਉਹਨਾਂ ਦੇ ਨਗਾਰੇ ਇਸ ਤਰ੍ਹਾਂ ਵੱਜਣਗੇ, ਜਿਸ ਤਰ੍ਹਾਂ ਬੱਦਲ ਗੱਜ ਰਿਹਾ ਹੈ। ਇਹ ਵੀ 'ਬਾਬਾ ਬੁੱਢਾ ਜੀ' ਦੇ ਬਚਨ ਸਨ ਅਤੇ ਗੁਰੂ ਅਰਜਨ ਦੇਵ ਜੀ ਨੇ 'ਪਹਿਲਾ ਹੈੱਡ ਗ੍ਰੰਥੀ' 'ਬਾਬਾ ਬੁੱਢਾ ਜੀ' ਨੂੰ ਹੀ ਚੁਣਿਆ :

**ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥** (ਅੰਗ 292)

ਫਿਰ ਬਾਬਾ ਬੁੱਢਾ ਜੀ ਹੀ ਗੁਰੂ ਗ੍ਰੰਥ ਸਾਹਿਬ ਜੀ ਸਿਰ 'ਤੇ ਰੱਖ ਕੇ ਰਾਮਸਰ ਤੋਂ ਹਰਿਮੰਦਰ ਸਾਹਿਬ ਲੈ ਕੇ ਆਏ ਸਨ। ਪਿੱਛੇ ਗੁਰੂ ਅਰਜਨ ਦੇਵ ਜੀ ਚੌਰ ਸਾਹਿਬ ਕਰਦੇ ਆਏ ਸਨ ਅਤੇ 'ਗੁਰੂ ਗ੍ਰੰਥ ਸਾਹਿਬ ਜੀ' ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ ਸੀ।

**ਅਦਬ ਸੰਗ ਤਬਿ ਗ੍ਰਿੰਥ ਸੁ ਖੋਲ੍ਹਾ। ਲੇ ਅਵਾਜ਼ ਬੁੱਢਾ ਮੁਖ ਬੋਲਾ॥ 33 ॥**

ਸੂਹੀ ਮਹਲਾ 5 ॥

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥** (ਅੰਗ 783)

ਇਸ ਤਰ੍ਹਾਂ ਭਾਦਰੋਂ ਸੁਦੀ ਏਕਮ ੧੬੬੧ ਬਿ. ਦੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਬਾਬਾ ਬੁੱਢਾ ਜੀ ਨੂੰ ਪ੍ਰਮੁੱਖ ਗ੍ਰੰਥੀ ਦੀ ਪਦਵੀ 'ਤੇ ਸਥਾਪਨ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗ੍ਰੰਥੀ ਦੀ ਪਦਵੀ ਦੀ ਪ੍ਰਥਾ ਸ਼ੁਰੂ ਕੀਤੀ ਸੀ।

ਬਾਬਾ ਜੀ ਨੇ ਗੁਰੂ ਘਰ ਵਿਚ ਬੜਾ ਮਾਣ ਪਾਇਆ। ਪਹਿਲੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਸਹਿਬ ਤਕ ਦਰਸ਼ਨ ਕਰਨ ਦਾ ਸੁਭਾਗ ਬਾਬਾ ਬੁੱਢਾ ਜੀ ਨੂੰ ਪ੍ਰਾਪਤ ਹੋਇਆ। ਭਾਈ ਸਾਹਿਬ ਦੇ ਬਚਨ ਹਨ — 'ਬੂੜਾ ਬੁਢਾ ਇਕ ਮਨ ਧਿਆਵੈ।' ਸਤਿਕਾਰਯੋਗ ਬਾਬਾ ਬੁੱਢਾ ਜੀ ਨੇ ਆਪਣਾ ਅੰਤਲਾ ਸਮਾਂ ਨੇੜੇ ਆਇਆ ਜਾਣ ਕੇ ਸਤਿਗੁਰੂ ਜੀ ਪਾਸ ਬੇਨਤੀ ਕਰ ਭੇਜੀ। ਸਤਿਗੁਰੂ ਜੀ ਸਾਰੇ ਕੰਮ ਛੱਡ ਕੇ ਉਹਨਾਂ ਕੋਲ ਪਿੰਡ ਰਮਦਾਸ ਜਾ ਪਹੁੰਚੇ। ਬਾਬਾ ਬੁੱਢਾ ਜੀ ਨੇ ਗੁਰਦੇਵ ਦੇ ਚਰਨਾਂ 'ਤੇ ਨਮਸਕਾਰ ਕੀਤੀ ਤੇ ਆਪਣੇ ਪੁੱਤਰ ਭਾਈ ਭਾਨਾ ਜੀ ਦੀ ਬਾਂਹ ਗੁਰੂ ਮਹਾਰਾਜ ਨੂੰ ਫੜਾਈ ਤੇ ਕਿਹਾ, "ਸੱਚੇ ਪਾਤਸ਼ਾਹ ! ਇਸ ਦੇ ਸਿਰ ਉੱਤੇ ਮੇਹਰ ਭਰਿਆ ਹੱਥ ਰੱਖਣਾ।"

ਇਸ ਤਰ੍ਹਾਂ ਬੇਨਤੀ ਕਰ ਕੇ ੧੪ ਮਘਰ, ਸੰਮਤ ੧੬੮੮ ਨੂੰ ਬਾਬਾ ਬੁੱਢਾ ਜੀ ਪਿੰਡ ਰਮਦਾਸ ਵਿਚ ਪਰਲੋਕ ਸਿਧਾਰ ਗਏ। ਗੁਰੂ ਮਹਾਰਾਜ ਨੇ ਆਪਣੇ ਹੱਥੀਂ ਬਾਬਾ ਜੀ ਦਾ ਅੰਤਮ ਸਸਕਾਰ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਛੇ ਗੁਰੂ ਸਾਹਿਬਾਂ ਨੂੰ ਗੁਰਿਆਈ ਗੱਦੀ ਦਾ ਤਿਲਕ ਲਾਵਣ ਦਾ ਸਤਿਕਾਰ ਪ੍ਰਾਪਤ ਹੋਇਆ ਹੈ।

**ਮਾਨਸ ਜਨਮ ਦੁਲੰਭ ਗੁਰਮੁਖ ਪਾਇਆ॥**

ਗੁਰਮਤਿ ਦੇ ਆਸ਼ੇ ਅਨੁਸਾਰ, ਮਾਨਸ ਜਨਮ ਦੁਲੰਭ ਨੂੰ ਪਾ ਕੇ ਸਫਲਾ ਕਰਨ ਵਾਲੇ, ਗੁਰਮੁਖ ਉੱਚੀ ਕਰਨੀ ਅਵੱਸਥਾ ਦੇ ਧਾਰਨੀ ਐਸੇ ਬ੍ਰਹਮ ਗਿਆਨੀ, ਗੁਰਮੁਖ, ਬਾਬਾ ਬੁੱਢਾ ਜੀ ਦਾ ਮਨੁੱਖ ਜਨਮ ਲੈਣਾ ਸਫਲਾ ਹੈ।

ਸੂਹੀ ਮਹਲਾ ੧ ਕਾਫੀ ਘਰੁ ੧0 ੧ਓ ਸਤਿਗੁਰ ਪ੍ਰਸਾਦਿ॥

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥ ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥ ੧ ॥ ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥ ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ॥ ੧ ॥ ਰਹਾਉ॥ ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ॥ ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ॥ 2 ॥ ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ॥ ਤੂੰ ਵਸਹਿ

**ਮਨ ਮਾਹਿ ਸਹਜੇ ਰਸਿ ਰਸੈ ॥ *3* ॥ ਮੂਰਖ ਮਨ ਸਮਝਾਇ ਆਖਉ ਕੇਤੜਾ ॥ ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥ *4* ॥ ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥ ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥ *5* ॥ ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥ *6* ॥ ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥ *7* ॥ ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥ *8* ॥ ੧ ॥ *3* ॥**

**ਪਦ ਅਰਥ** :- ਮਾਣਸ ਜਨਮੁ=ਮਨੁੱਖਾ ਜਨਮ। ਦੁਲੰਭੁ=ਦੁਰਲੱਭ, ਬੜੀ ਮੁਸ਼ਕਲ ਨਾਲ ਮਿਲਣ ਵਾਲਾ। ਪਾਇਆ=ਕਦਰ ਪਾਈ। ਚੁਲੰਭੁ=ਗੂੜ੍ਹਾ ਲਾਲ। ੧। ਵਖਰੁ=ਵਪਾਰ ਦਾ ਸੌਦਾ। ਸਚੁ=ਸਦਾ ਥਿਰ ਨਾਮ। ਲੈ=ਲੈ ਕੇ। ਦਰਬਾਰਿ=ਪ੍ਰਭੂ ਦੀ ਹਜ਼ੂਰੀ ਵਿਚ। ਭੈ=ਡਰ, ਅਦਬ ਵਿਚ ਰਹਿ ਕੇ।੧।ਰਹਾਉ। ਮਨਿ=ਮਨ ਵਿਚ। ਤਨਿ=ਸਰੀਰ ਦੀ ਰਾਹੀਂ। ਸਲਾਹਿ=ਸਲਾਹ ਕੇ। ਲਾਲਿ=ਲਾਲ ਰੰਗ ਵਿਚ। ਰਤਾ=ਰੰਗਿਆ ਗਿਆ।੨। ਹਉ=ਮੈਂ। ਸਾਰਿ=ਸੰਭਾਲ ਕੇ। ਤੂ ਵਸੈ-ਤੂੰ ਹੀ ਤੂੰ ਦਾ ਬੋਲ ਵੱਸ ਪਏ। ਸਹਜੇ=ਸਹਿਜ ਵਿਚ, ਅਡੋਲ ਆਤਮਕ ਅਵਸਥਾ ਵਿਚ। ਰਸਿ=(ਨਾਮ) ਅੰਮ੍ਰਿਤ ਨਾਲ। ਰਸੈ=ਰਸਦਾ ਹੈ, ਭਿੱਜਦਾ ਹੈ, ਰਚਦਾ ਹੈ।੩। ਮਨ=ਹੇ ਮਨ ! ਆਖਉ=ਮੈਂ ਆਖਾਂ। ਕੇਤੜਾ=ਕਿਤਨਾ ਕੁ। ਗੁਰਮੁਖਿ=ਗੁਰੂ ਦੇ ਸਨਮੁਖ ਹੋ ਕੇ। ਗਾਇ=ਗਾ ਕੇ। ਰੰਗਿ=ਰੰਗ ਵਿਚ। ਰੰਗੇਤੜਾ=ਰੰਗਿਆ ਜਾ। ੪। ਰਿਦੈ=ਹਿਰਦੇ ਵਿਚ। ਸਮਾਲਿ=ਸਾਂਭ। ਸੰਤਾਪਣਾ=ਕਲੇਸ਼ ਦੇ ਸਕਦਾ। ੫। ਰੰਗੁ=(ਨਾਮ ਦੀ) ਲਾਲੀ। ਮਰਸੀ=ਆਤਮਿਕ ਜੀਵਨ ਗਵਾ ਬੈਠੇਗਾ। ਵਿਡਾਣਾ=ਓਪਰਾ, ਨਿਖਸਮਾ। ਭੰਗੁ=ਤੋਟ, ਵਿਛੋੜਾ। ੬। ਲਾਹਾ=ਲਾਭ। ਆਣਿਆ=ਲਿਆਂਦਾ। ਨਿਰਬਾਣੁ=ਵਾਸ਼ਨਾ ਰਹਿਤ ਪ੍ਰਭੂ। ੭। ਭਾਵਸੀ=ਚੰਗੀ ਲੱਗੇ, ਪਸੰਦ ਆਵੇ। ਮੈ-ਮੈਨੂੰ, ਮੇਰੇ ਹਿਰਦੇ ਵਿਚ। ਗਾਵਸੀ=ਗਾਵੇਗਾ। ੮।

ਇਸ ਅਸਟਪਦੀ ਦੇ ਸਿਰਲੇਖ ਉੱਤੇ 'ਕਾਫੀ ਘਰੁ ੧੦' ਅੰਕਿਤ ਹੈ, ਜਿਸ ਦਾ ਭਾਵ ਇਹ ਹੈ ਕਿ ਇਸ ਦਾ ਗਾਇਨ ਸੂਹੀ ਰਾਗ ਅਤੇ ਕਾਫੀ ਦੀ ਸੰਧੀ ਕਰ ਕੇ ਕਰਨਾ ਹੈ। ਵੈਸੇ ਸ਼ੁੱਧ ਅਤੇ ਕੋਮਲ ਦੋਵੇਂ ਲੱਗਦੇ ਹਨ। ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸ਼ੁੱਧ ਹਨ। ਪੰਚਮ ਵਾਦੀ ਅਤੇ ਖੜਜ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਾਫੀ ਵੱਖਰੀ ਨਹੀਂ ਲਿਖੀ ਗਈ, ਆਸਾ ਤਿਲੰਗ, ਸੂਹੀ ਅਤੇ ਮਾਰੂ ਨਾਲ ਮਿਲਾ ਕੇ ਲਿਖੀ ਗਈ ਹੈ। ਕਾਫੀ ਦੇ ਹੋਰ ਭੇਦਾਂ ਲਈ ਵੇਖੋ ਮਹਾਨ ਕੋਸ਼ ਪੰਨਾ ੨੩੯। ਅੱਗੇ ਅੱਖਰੀ ਅਰਥਾਂ ਵੱਲ ਧਿਆਨ ਦੇਈਏ ਜੀ :

**ਅਰਥ** :- (ਹੇ ਭਾਈ !) ਮਨੁੱਖਾ ਜਨਮ ਦੁਰਲਭ ਹੈ, ਬੜੀ ਮੁਸ਼ਕਿਲ ਨਾਲ ਮਿਲਣ ਵਾਲਾ ਹੈ (ਅਤੇ)

ਗੁਰੂ ਦੁਆਰਾ ਹੀ ਗੁਰਮੁਖਾਂ ਨੇ ਸਫਲ ਕਰਨਾ ਪਾਇਆ ਹੈ। ਜੇ ਸਤਿਗੁਰਾਂ ਨੂੰ (ਇਸ ਜੀਵ ਦਾ ਜੀਵਨ) ਚੰਗਾ ਲੱਗ ਜਾਵੇ (ਤਾਂ ਮਨੁੱਖੀ) ਮਨ ਅਤੇ ਸਰੀਰ (ਨਾਮ-ਰੰਗ ਨਾਲ) ਗੂੜ੍ਹਾ ਲਾਲ ਹੋ ਜਾਂਦਾ ਹੈ।੧।

(ਹੇ ਭਾਈ ! ਜਿਹੜਾ ਮਨੁੱਖ ਪਰਮੇਸ਼ਰ ਦੇ ਨਾਮ ਦਾ) ਸੱਚ ਰੂਪੀ ਸੌਦਾ ਲੈ ਕੇ (ਉਹ ਮਨੁੱਖੀ ਜੀਵਨ ਨੂੰ ਇਥੋਂ ਸਵਾਰ ਕੇ) ਚਲਦਾ ਹੈ। (ਉਹ) ਸਤਿਗੁਰ ਦੇ ਸ਼ਬਦ ਦੁਆਰਾ (ਪ੍ਰਭੂ ਪ੍ਰਮੇਸ਼ਰ ਦੇ ਭੈਅ ਵਿਚ ਰਹਿ ਕੇ (ਰੱਬੀ) ਦਰਬਾਰ ਵਿਚ ਇੱਜ਼ਤ ਪਾਉਂਦਾ ਹੈ।੧। ਰਹਾਉ।

(ਹੇ ਭਾਈ ! ਜਿਹੜਾ ਮਨੁੱਖ) ਮਨ ਤੇ ਸਰੀਰ ਕਰ ਕੇ ਸੱਚੇ (ਪਰਮੇਸ਼ਰ) ਨੂੰ ਸਲਾਹ ਕੇ (ਉਸ ਦੇ ਗੁਣ ਗਾਇਨ ਕਰ ਕੇ) ਸੱਚੇ (ਪਰਮੇਸ਼ਰ ਦੇ) ਮਨ ਵਿਚ ਚੰਗਾ ਲੱਗ ਗਿਆ ਹੈ, (ਉਸ ਨੇ) ਪੂਰਾ ਗੁਰੂ ਪ੍ਰਾਪਤ ਕਰ ਲਿਆ (ਅਤੇ ਪ੍ਰਭੂ ਦੇ) ਲਾਲ (ਰੰਗ) ਵਿਚ ਰੰਗੀਜ ਕੇ (ਉਸ ਦਾ) ਮਨ ਪਤੀਜ ਗਿਆ ਹੈ।੨।

(ਹੇ ਵਾਹਿਗੁਰੂ ਜੀ ! ਜੇ ਮੇਰੇ) ਅੰਦਰ ਤੂੰ ਵਸ ਜਾਵੇਂ ਤਾਂ ਮੈਂ (ਤੇਰੇ) ਗੁਣ ਯਾਦ ਕਰ ਕੇ ਜੀਉਂਦਾ ਰਹਾਂ। (ਹੇ ਪ੍ਰਭੂ !) ਤੂੰ (ਮੇਰੇ) ਮਨ ਵਿਚ ਵਸ ਜਾਵੇਂ (ਤਾਂ ਇਸ ਦੇ ਫਲਸਰੂਪ) ਸਹਿਜੇ ਹੀ (ਮੇਰਾ ਮਨ ਨਾਮ ਦੇ) ਰਸ ਵਿਚ ਰਸਦਾ ਰਹੇਗਾ (ਭਾਵ ਅਨੰਦ ਮਾਣਦਾ ਰਹੇਗਾ।੩।

(ਹੇ ਮੇਰੇ) ਮੂਰਖ ਮਨ ! (ਮੈਂ ਤੈਨੂੰ) ਕਿਤਨਾ ਸਮਝਾ ਕੇ ਵਾਰ ਵਾਰ ਇਹ ਆਖਣਾ ਕਰਾਂ। (ਕਿ ਤੂੰ) ਗੁਰੂ ਦੁਆਰਾ ਪਰਮੇਸ਼ਰ ਦੇ ਗੁਣ ਗਾ ਕੇ ਗੁਰਮੁਖ ਬਣ ਕੇ ਪ੍ਰੇਮ-ਰੰਗ ਵਿਚ ਰੰਗਿਆ ਜਾ (ਭਾਵ ਆਪਣਾ ਜਨਮ ਸਵਾਰ ਲੈ)।੪।

(ਹੇ ਭਾਈ ! ਤੂੰ) ਹਰ ਰੋਜ਼ (ਨਿਤਾ ਪ੍ਰਤਿ) ਆਪਣੇ ਪ੍ਰੀਤਮ (ਪਿਆਰੇ) ਨੂੰ ਯਾਦ ਕਰ। ਜੇ (ਤੂੰ ਪ੍ਰਭੂ ਭਗਤੀ ਦੇ ਸ਼ੁਭ) ਗੁਣ ਨਾਲ ਲੈ ਕੇ ਚਲੇਂਗਾ ਤਾਂ (ਤੈਨੂੰ ਜੀਵਨ-ਮਾਰਗ ਵਿਚ ਕਿਸੇ ਪ੍ਰਕਾਰ ਦਾ) ਦੁੱਖ ਸੰਤਾਪ ਨਹੀਂ ਲੱਗੇਗਾ।੫।

(ਹੇ ਭਾਈ !) ਮਨਮੁਖ ਮਨ ਦੇ ਮਗਰ ਤੁਰਨ ਵਾਲਾ (ਜੀਵ) ਭਰਮ ਵਿਚ ਭੁਲਿਆ ਪਿਆ ਹੈ (ਜਿਸ ਕਰ ਕੇ) ਉਸ ਨੂੰ (ਨਾਮ ਦਾ ਰੱਤਾ ਭਰ) ਰੰਗ ਨਹੀਂ (ਚੜ੍ਹਿਆ)। (ਉਹ) ਦੁਖੀ (ਪਰੇਸ਼ਾਨ) ਹੋ ਕੇ ਮਰੇਗਾ, ਕਿਉਂਕਿ (ਉਸ ਦੇ) ਮਨ ਤੇ ਸਰੀਰ ਵਿਚ (ਸਿਮਰਨ ਭਜਨ ਕਰਨ ਵਿਚ) ਵਿਘਨ (ਪਿਆ ਰਹਿੰਦਾ ਹੈ)।੬।

(ਹੇ ਭਾਈ ! ਜਿਸ ਨੇ) ਗੁਰੂ ਦੀ (ਦੱਸੀ ਹੋਈ ਭਗਤੀ ਰੂਪ) ਕਾਰ ਕਮਾ ਕੇ (ਹਿਰਦੇ ਰੂਪੀ) ਘਰ ਵਿਚ ਲਾਭ (ਖੱਟ) ਲਿਆ ਹੈ। (ਇਹ ਜਾਣੋ ਕਿ ਉਸ ਨੇ) ਗੁਰੂ ਦੀ ਬਾਣੀ ਦੁਆਰਾ (ਗੁਰੂ ਦੇ) ਸ਼ਬਦ ਵਿਚ (ਜੁੜ ਕੇ) ਨਿਰਬਾਣੁ=ਵਾਸ਼ਨਾ ਰਹਿਤ (ਪ੍ਰਭੂ) ਨੂੰ ਪਛਾਣ ਲਿਆ ਹੈ।੭।

(ਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ !) ਨਾਨਕ ਦੀ ਇਕ ਜੋਦੜੀ ਹੈ ਜੇ ਤੈਨੂੰ ਚੰਗੀ ਲੱਗੇ ਤਾਂ ਮੇਰੇ ਹਿਰਦੇ ਵਿਚ ਨਾਮ ਸਿਮਰਨ ਦਾ ਨਿਵਾਸ ਦੇ ਦਿਓ, ਜਿਸ ਕਰਕੇ ਹਰ ਵੇਲੇ ਹਰੀ ਦੇ ਗੁਣ ਗਾਉਂਦਾ ਰਹਾਂ।੮।੧।੩।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੪੧ (ਆਦਿ ਅੰਗ 753)

## ਰਾਗੁ ਸੂਹੀ ਮਹਲਾ 3 ਘਰੁ ੧ ਅਸਟਪਦੀਆ

## ੧ੴ ਸਤਿਗੁਰ ਪ੍ਰਸਾਦਿ ॥

ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥ ੧ ॥ ਰਹਾਉ ॥ ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥ ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥ ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥ 2 ॥ ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥ ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥ 3 ॥ ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥ ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥ ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥ ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥ 4 ॥ ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥

ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ॥ 5 ॥ ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ॥ ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ॥ ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ॥ 6 ॥ ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ॥ ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ॥ ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ॥ ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ॥ 7 ॥ ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥ ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ॥ ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ॥ ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ॥ 8 ॥੧॥

## ਪ੍ਰਾਕ੍ਰਥਨ :

ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਪਾਵਨ ਸ੍ਰੀ ਮੁਖਵਾਕ ਸੂਹੀ ਰਾਗੁ ਅੰਦਰ ਅਸਟਪਦੀਆਂ ਦੇ ਸਿਰਲੇਖ ਹੇਠ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਦੂਸਰੀ ਪੰਗਤੀ ਅੰਦਰ ਗੁਰੂ ਦੇ ਸ਼ਬਦ ਨੂੰ 'ਮਹਾ ਰਸੁ ਮੀਠਾ' ਦੱਸਿਆ ਹੈ।

## ਵਿਸ਼ਾ — ਗੁਰ ਕਾ ਸਬਦੁ ਮਹਾ ਰਸੁ ਮੀਠਾ

ਸੰਸਾਰ ਅੰਦਰ ਖਾਣ ਅਤੇ ਪੀਣ ਵਾਲੀਆਂ ਬਹੁਤ ਸਾਰੀਆਂ ਵਸਤੂਆਂ ਮਿੱਠੀਆਂ ਹਨ, ਜੋ ਮਨੁੱਖ ਨੂੰ ਖਾਣ ਤੇ ਪੀਣ ਸਮੇਂ ਬਹੁਤ ਹੀ ਸੁਆਦਿਸਟ ਲੱਗਦੀਆਂ ਹਨ। ਸੁਆਦਾਂ ਵਿਚ ਘਿਰੇ ਹੋਏ ਮਨੁੱਖ ਨੂੰ ਇਨ੍ਹਾਂ ਮਿੱਠੀਆਂ ਤੇ ਸੁਆਦਿਸ਼ਟ ਵਸਤੂਆਂ ਨਾਲੋਂ ਵੀ ਵਿਸ਼ੇ ਰਸ ਮਨੁੱਖ ਨੂੰ ਮਿੱਠੇ ਤੇ ਪਿਆਰੇ ਲੱਗਦੇ ਹਨ। ਵਿਕਾਰਾਂ ਨੂੰ ਕੁਕਰਮੀ ਮਨੁੱਖ ਮਿੱਠੇ ਜਾਣ ਕਰ ਭੋਗਦਾ ਹੈ, ਪਰ ਅੰਤ ਨੂੰ ਭਰਥਰੀ ਜੀ ਦੇ ਕਥਨ ਅਨੁਸਾਰ, ਇਹ ਆਪ ਭੋਗਿਆ ਜਾਂਦਾ ਹੈ।

**ਭੁਗਤਾ ਜਾਨ ਭੋਗ ਕੋ ਭੋਗੇ। ਉਲਟਾ ਭੋਗੋ ਭੋਗਿਓ ਮੋਹਿ।** (ਵੈਰਾਗੁ ਸੱਤਕ)

ਪਰ ਹਜ਼ੂਰ ਫ਼ੁਰਮਾਉਂਦੇ ਹਨ ਕਿ ਐ ਮਨੁੱਖ ! ਅੰਤ ਸਮੇਂ ਇਹ ਸਾਰੇ ਪਦਾਰਥ ਤੇਰੇ ਵਾਸਤੇ ਦੁਖਦਾਈ ਬਣ ਜਾਣੇ ਹਨ :

**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥** (ਬਾਰਹ ਮਾਹਾ)

ਪਰ ਸਾਕਤ ਪੁਰਸ਼ ਦੀ ਤਾਂ ਇਥੇ ਭੀ ਐਸੀ ਹਾਲਤ ਹੈ, ਜੈਸੇ ਹਜ਼ੂਰ ਦਾ ਫ਼ੁਰਮਾਨ ਹੈ :

**ਅੰਮ੍ਰਿਤ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥**

(ਅੰਗ 892)

ਪਰ ਗੁਰਬਾਣੀ ਸਾਰੀ ਅੰਮ੍ਰਿਤ ਨਾਲ ਭਰਪੂਰ ਹੈ। ਗੁਰੂ ਰਾਮਦਾਸ ਜੀ ਦਾ ਸੁੰਦਰ ਫ਼ੁਰਮਾਨ ਹੈ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥**
**ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖ ਗੁਰੂ ਨਿਸਤਾਰੇ॥** (ਅੰਗ 982)

ਇਹ ਗੁਰਬਾਣੀ ਅੰਮ੍ਰਿਤ ਰੂਪ ਮਿੱਠੀ ਹੈ, ਪਰ ਹਰ ਕਿਸੇ ਨੂੰ ਮਿੱਠੀ ਨਹੀਂ ਲੱਗਦੀ, ਜਿਸ 'ਤੇ ਮਾਲਕ ਦੀ ਬਖ਼ਸ਼ਿਸ਼ ਹੈ, ਉਸ ਨੂੰ ਹੀ ਗੁਰਬਾਣੀ ਮਿੱਠੀ ਲੱਗਦੀ ਹੈ। ਮਹਾਂ ਪੁਰਖ ਇਥੇ ਇਕ ਅਲੰਕਾਰ ਸੁਣਾਇਆ ਕਰਦੇ ਸਨ ਜੋ ਇਸ ਪ੍ਰਕਾਰ ਹੈ :

### ਕੀੜੀ ਦਾ ਅਲੰਕਾਰ

ਇਕ ਕੀੜੀ ਨੇ ਮਿਸ਼ਰੀ ਦਾ ਪਹਾੜ ਵੇਖਿਆ। ਖਾ ਕੇ ਬਹੁਤ ਖ਼ੁਸ਼ ਹੋਈ। ਉਸ ਨੇ ਬਾਕੀ ਕੀੜੀਆਂ

ਨੂੰ ਆ ਕੇ ਕਿਹਾ, ਮੈਂ ਮਿਸ਼ਰੀ ਦਾ ਅੱਤ ਮਿੱਠਾ ਪਹਾੜ ਦੇਖ ਕੇ ਆਈ ਹਾਂ, ਆਓ ! ਤੁਸੀਂ ਵੀ ਚੱਲ ਕੇ ਖਾਓ।' ਸੁਣ ਕੇ ਕੀੜੀਆਂ ਨਾਲ ਤੁਰ ਪਈਆਂ। ਉਹ ਵਿਚਾਰੀਆਂ ਲਿੱਦ ਵਿਚ ਭਰਮਦੀਆਂ ਫਿਰਦੀਆਂ ਰਹੀਆਂ ਅਤੇ ਉਨ੍ਹਾਂ ਦੇ ਮੂੰਹ ਵਿਚ ਲਿੱਦ ਦੇ ਡੱਕੇ ਸਨ ਇਸ ਕਰ ਕੇ ਮਿੱਠੇ ਦਾ ਰਸ ਕਿਸੇ ਨੂੰ ਵੀ ਨਾ ਆਇਆ। ਪਹਿਲੀ ਕੀੜੀ ਸਮਝ ਗਈ ਕਿ ਇਨ੍ਹਾਂ ਦੇ ਮੂੰਹ ਵਿਚ ਲਿੱਦ ਦੇ ਡੱਕੇ ਹਨ, ਸੋਚ ਕੇ ਸਭਨਾਂ ਨੂੰ ਪਾਨੀ ਦੇ ਕੰਢੇ 'ਤੇ ਲੈ ਕੇ ਗਈ ਜਿਸ ਨਾਲ ਮੂੰਹ ਵਿਚੋਂ ਲਿੱਦ ਦੇ ਡੱਕੇ ਨਿਕਲ ਕੇ ਸਾਫ਼ ਹੋ ਗਏ ਤਾਂ ਫਿਰ ਉਨ੍ਹਾਂ ਨੂੰ ਬਹੁਤ ਅਨੰਦ ਤੇ ਰਸ ਆਇਆ। ਉਹ ਕਦੇ ਵੀ ਛੱਡ ਨਾ ਸਕੀਆਂ।

ਇਸੇ ਤਰ੍ਹਾਂ ਸਤਿਗੁਰੂ ਜੀ ਨੇ ਸਰਬੋਤਮ ਧੁਰ ਦੀ ਬਾਨੀ ਉਚਾਰਣ ਕੀਤੀ, ਜੋ ਅੰਮ੍ਰਿਤ ਅਨੰਦ ਦੇ ਦੇਣ ਵਾਲੀ ਹੈ। *ਯਥਾ :*

**ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥ ਜਿਨਿ ਪੀਤੀ ਤਿਸੁ ਮੋਖ ਦੁਆਰ॥ 5॥**

(ਅੰਗ ੧275)

ਸੋ ਗੁਰਬਾਣੀ ਨਾਮੀ ਮਿਸ਼ਰੀ ਦਾ ਪਹਾੜ ਹੈ। ਨਿਮ੍ਰਤਾ, ਗ਼ਰੀਬੀ ਤੇ ਭਗਤੀ ਸਹਿਤ ਜੀਵ ਉਹ ਪਹਿਲੀ ਕੀੜੀ ਵਾਂਗ ਹਨ। ਉਨ੍ਹਾਂ ਨੂੰ ਗੁਰਬਾਣੀ ਵਿਚੋਂ ਅੰਮ੍ਰਿਤ ਅਨੰਦ ਆਇਆ ਹੈ। ਦੂਜੀਆਂ ਕੀੜੀਆਂ ਇਹ ਸੰਸਾਰੀ ਜੀਵ ਹਨ। ਵਿਸ਼ੇ ਵਾਸ਼ਨਾ ਰੂਪ ਲਿੱਦ ਦੇ ਡੱਕਿਆਂ ਨਾਲ ਅੰਤਹਕਰਣ ਰੂਪੀ ਮੂੰਹ ਭਰੇ ਪਏ ਹਨ। ਉਨ੍ਹਾਂ ਨੂੰ ਵੈਰਾਗ ਰੂਪੀ ਪਾਣੀ ਨਾਲ ਸਾਫ਼ ਕੀਤਾ ਤਾਂ ਬ੍ਰਹਮਾਨੰਦ ਰਸ ਆਇਆ ਫਿਰ ਕਦੇ ਛੱਡ ਨਹੀਂ ਸਕੇ। ਸੋ ਗੁਰਬਾਣੀ ਹੈ ਅੰਮ੍ਰਿਤ ਰੂਪ, ਧਾਰੋ ਰਿਦੇ, ਮਾਣੋ ਬ੍ਰਹਮਾਨੰਦ ਰਸ।

**੧. ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ॥**
**ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ॥**

(ਗਉੜੀ ਕੀ ਵਾਰ ਮ: 5, ਅੰਗ 32੧)

**2. ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥**
**ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥**
**ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥ ੧॥**

(ਸਿਰੀ ਰਾਗੁ ਮ: ੧, ਅੰਗ ੧6)

**3. ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ 27॥**

(ਸਲੋਕ ਫਰੀਦ, ਅੰਗ ੧379)

## ਸਾਖੀ—ਭਗਤ ਫ਼ਰੀਦ ਜੀ ਦੀ

ਜਦੋਂ ਫਰੀਦ ਦੀ ਮਾਤਾ ਨੇ ਕਿਹਾ, "ਫ਼ਰੀਦ ! ਨਿਮਾਜ਼ ਪੜ੍ਹਿਆ ਕਰ।" ਇਸ ਨੇ ਬੱਚਿਆਂ ਦੇ

ਸੁਭਾਅ ਮਤਾਬਿਕ ਪੁੱਛਿਆ, 'ਮਾਤਾ ! ਜਿਹੜਾ ਨਿਮਾਜ਼ ਪੜ੍ਹੇ, ਉਸ ਨੂੰ ਕੀ ਮਿਲਦਾ ਹੈ ?'' ਮਾਤਾ ਨੇ ਕਿਹਾ, ''ਖ਼ੁਦਾ ਉਸ ਨੂੰ ਸ਼ੱਕਰ ਦਿੰਦਾ ਹੈ।'' ਇਉਂ ਮਾਤਾ ਹਰ ਰੋਜ਼ ਪਹਿਲਾਂ ਹੀ ਮੁਸੱਲੇ ਹੇਠ ਸ਼ੱਕਰ ਦੀ ਪੁੜੀ ਰੱਖ ਦਿਆ ਕਰੇ ਤੇ ਜਦੋਂ ਫ਼ਰੀਦ ਜੀ ਨਿਮਾਜ਼ ਪੜ੍ਹ ਕੇ ਹਟਿਆ ਕਰਨ, ਤਾਂ ਉਦੋਂ ਫ਼ਰੀਦ ਸਾਹਿਬ ਨੂੰ ਸ਼ੱਕਰ ਦੀ ਪੁੜੀ ਮਿਲ ਜਾਇਆ ਕਰੇ। ਬਹੁਤ ਸਮਾਂ ਐਸਾ ਹੁੰਦਾ ਰਿਹਾ। ਇਕ ਦਿਨ ਦੀ ਗੱਲ ਹੈ ਕਿ ਮਾਤਾ ਨੂੰ ਸ਼ੱਕਰ ਰੱਖਣ ਦਾ ਚੇਤਾ ਭੁੱਲ ਗਿਆ। ਉਧਰੋਂ ਫ਼ਰੀਦ ਸਾਹਿਬ ਮੁਸੱਲਾ ਚੁੱਕ ਕੇ ਸ਼ੱਕਰ ਵੇਖਣ ਲੱਗੇ ਤਾਂ ਖ਼ੁਦਾ ਨੇ ਐਸੀ ਕਿਰਪਾ ਕੀਤੀ ਕਿ ਮੁਸੱਲੇ ਹੇਠ ਸ਼ੱਕਰ ਹੀ ਸ਼ੱਕਰ ਵਿਛਾ ਦਿੱਤੀ। ਫ਼ਰੀਦ ਖਾਂਦਾ-ਖਾਂਦਾ ਰੱਜ ਗਿਆ, ਚੁੱਕਦਾ-ਚੁੱਕਦਾ ਹੰਭ ਗਿਆ, ਮੂੰਹ ਮੁੜ ਗਿਆ। ਜਦ ਦੂਜੇ ਦਿਨ ਮਾਂ ਨੇ ਫਿਰ ਸ਼ੱਕਰ ਰੱਖੀ ਤਾਂ ਕਹਿਣ ਲੱਗੇ, 'ਮਾਤਾ ! ਮੈਂ ਸ਼ੱਕਰ ਨਹੀਂ ਖਾਣੀ, ਮੈਂ ਤਾਂ ਖੰਡ ਖਾਣੀ ਹੈ।'' ਇਉਂ ਖੰਡ, ਮਿਸ਼ਰੀ, ਸ਼ਹਿਦ ਆਦਿ ਸਾਰੇ ਮਿੱਠੇ ਖਵਾ-ਖਵਾ ਕੇ ਮਾਤਾ ਨੇ ਪ੍ਰਮੇਸ਼ਰ ਦਾ ਨਿਮਾਜ਼ੀ ਬਣਾਇਆ।

ਭਗਤ ਫ਼ਰੀਦ ਜੀ ਹਮੇਸ਼ਾ ਬੰਦਗੀ ਵਿਚ ਜੁੜੇ ਰਹਿੰਦੇ ਸਨ। ਜਦ ਬਾਹਰ ਜੰਗਲ ਵਿਚ ਤਪ ਕਰਦਿਆਂ ਬਹੁਤ ਸਮਾਂ ਬਤੀਤ ਹੋ ਗਿਆ ਤਾਂ ਇਕ ਵਾਰ ਬਹੁਤ ਵਰ੍ਹਿਆਂ ਬਾਅਦ ਘਰ ਆਏ ਤਾਂ ਮਾਤਾ ਨੇ ਸ਼ੱਕਰ, ਖੰਡ, ਸ਼ਹਿਦ ਆਦਿਕ ਸਾਰੀਆਂ ਮਿੱਠੀਆਂ ਚੀਜ਼ਾਂ ਖਾਣ ਨੂੰ ਦਿੱਤੀਆਂ ਸਨ ਅਤੇ ਪੁੱਛਿਆ ਸੀ, ''ਫ਼ਰੀਦ ! ਮੈਨੂੰ ਦੱਸ, ਜਿਹੜੀਆਂ ਤੂੰ ਇਹ ਸਾਰੀਆਂ ਮਿੱਠੀਆਂ ਚੀਜ਼ਾਂ ਖਾਧੀਆਂ ਹਨ, ਇਨ੍ਹਾਂ ਚੋਂ ਕਿਹੜੀ ਚੀਜ਼ ਵਿਚ ਰੱਬ ਦੇ ਭਜਨ ਵਰਗਾ ਸੁਆਦ ਹੈ ?'' ਤਾਂ ਫ਼ਰੀਦ ਸਾਹਿਬ ਨੇ ਕਿਹਾ, 'ਹੇ ਮਾਤਾ ! ਆਪੋ ਆਪਣੀ ਜਗ੍ਹਾ ਚੀਜ਼ਾਂ ਤਾਂ ਇਹ ਸਾਰੀਆਂ ਹੀ ਮਿੱਠੀਆਂ ਹਨ, ਪਰ ਮੈਂ ਤੈਨੂੰ ਸੱਚ ਦੱਸਦਾ ਹਾਂ ਕਿ ਜਿਹੋ ਜਿਹਾ ਰੱਬ ਦੇ ਭਜਨ ਦਾ ਸੁਆਦ ਆਇਆ ਹੈ, ਉਥੇ ਕੋਈ ਵੀ ਚੀਜ਼ ਨਹੀਂ ਪੁੱਜ ਸਕਦੀ, ਕਿਉਂਕਿ ਬਾਹਰਲੀਆਂ ਮਿੱਠੀਆਂ ਚੀਜ਼ਾਂ ਜਦੋਂ ਖਾ ਕੇ ਹਟੀਦਾ ਹੈ ਤਾਂ ਥੋੜ੍ਹੀ ਦੇਰ ਮਗਰੋਂ ਮੂੰਹ ਫਿੱਕਾ-ਫਿੱਕਾ ਜਿਹਾ ਹੋ ਜਾਂਦਾ ਹੈ, ਪਰ ਨਾਮ ਦੀ ਮਿਠਾਸ ਸਦਾ ਹੀ ਰਹਿੰਦੀ ਹੈ।

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ॥**
**ਸਭੈ ਵਸਤੂ ਮਿਠੀਆਂ ਰਬ ਨ ਪੁਜਨ ਤੁਧੁ ॥** (ਅੰਗ ੧379)

ਇਹ ਮਿਠਾਸ ਉਨ੍ਹਾਂ ਨੂੰ ਆਉਂਦੀ ਹੈ, ਜਿਨ੍ਹਾਂ ਨੇ ਸਾਧਸੰਗਤ ਦੁਆਰਾ ਜ਼ਬਾਨ ਨਾਲ ਪ੍ਰਮੇਸ਼ਰ ਦੇ ਨਾਮ ਦਾ ਭਜਨ ਕੀਤਾ ਹੈ। *ਯਥਾ :*

**ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥** (ਗਉੜੀ ਸੁਖਮਨੀ ਮ: 5, ਅੰਗ 263)

ਸ੍ਰੀ ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ ਹੈ, ਜਦੋਂ ਮਹਾਰਾਜ ਰਸਨਾ 'ਤੇ ਵੱਸ ਜਾਂਦੇ ਹਨ ਤਾਂ ਪ੍ਰਮੇਸ਼ਰ ਦੇ ਨਾਮ ਦਾ ਇਤਨਾ ਅਨੰਦ ਆਉਂਦਾ ਹੈ ਕਿ ਮਾਨੋ ਸਾਰੇ ਹੀ ਰਸ ਮੂੰਹ ਨੂੰ ਲੱਗ ਗਏ ਹੋਣ, ਭਾਵ—ਪ੍ਰਮੇਸ਼ਰ ਦੇ ਭਜਨ ਦਾ ਸੁਆਦ ਸਾਰੇ ਰਸਾਂ-ਕਸਾਂ ਨਾਲੋਂ ਵੀ ਵੱਧ ਆਉਣ ਲੱਗ ਪੈਂਦਾ ਹੈ। *ਯਥਾ :*

**ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ ਗਾਵੈ ॥**

(ਗਉੜੀ ਬੈਰਾਗਣਿ ਮ: 4, ਅੰਗ ੧66)

ਪਰ ਜੇ ਨਾਮ ਹਿਰਦੇ ਵਿਚ ਹੀ ਵੱਸ ਗਿਆ, ਫਿਰ ਤਾਂ ਕੀ ਮਹਿਮਾ ਹੈ :

**ਰਿਦੈ ਵਸੈ ਤਾ ਠੰਢਾ ਥੀਵੈ॥** (ਮਾਰੂ ਮ: 5, ਅੰਗ ੧078)

ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਤਾਂ ਹੀ ਭਗਤ ਜਨ ਨਾਮ ਰੂਪੀ ਭੋਜਨ ਛਕਦੇ ਹਨ। ਯਥਾ :

**ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਣੁ ਭਗਤਿ ਬਡਾਈ॥**
**ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ॥ 2 ॥**

(ਸਾਰਗ ਮ: 3, ਅੰਗ ੧233)

ਰਾਗੁ ਸੂਹੀ ਮਹਲਾ 3 ਘਰੁ ੧ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ॥ ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ॥ ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ॥ ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ॥ ੧ ॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ॥ ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥ ੧ ॥ ਰਹਾਉ ॥ ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ॥ ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ॥ ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ॥ ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ॥ 2 ॥ ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ॥ ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ॥ ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ॥ ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ॥ 3 ॥ ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥ ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥ ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥ ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ॥ 4 ॥

ਪਦ ਅਰਥ :- ਨਾਮੈ ਹੀ ਤੇ=ਨਾਮ ਤੋਂ ਹੀ। ਨ ਜਾਪੈ=ਨਹੀਂ ਜਾਣਿਆ ਪਛਾਣਿਆ ਜਾ ਸਕਦਾ। ਚੀਨਸਿ ਨਾਹੀ ਆਪੈ=ਆਪਣੇ ਮੂਲ ਨੂੰ ਪਛਾਣਦਾ ਨਹੀਂ ਹੈ। ਨ ਸੰਤਾਪੈ=ਨਹੀਂ ਸਤਾਉਂਦਾ।੧। ਜਿਨਿ-ਜਿਸ (ਗੁਰੂ) ਨੇ। ਸਾਚੇ ਸਿਉ=ਸੱਚੇ ਨਾਲ। ਚੀਨ੍ਹਿ=ਪਛਾਣ ਕੇ। ਆਤਮੁ=ਆਪਣਾ ਆਪ। ਸਹਜੇ=ਗਿਆਨ (ਅਵਸਥਾ) ਵਿਚ।੧।ਰਹਾਉ। ਜੀਉ=ਜਿੰਦ। ਪਿੰਡੁ=ਸਰੀਰ। ਉਪਜੈ=ਪੈਦਾ ਹੁੰਦਾ ਹੈ। ਮੋਹਿ=ਮੋਹ

ਵਿਚ।੨। ਚਾਲੈ=ਚਲਦਾ ਹੈ। ਸਤਿਗੁਰ ਭਾਏ=ਸਤਿਗੁਰੂ ਦੇ ਭਾਣੇ ਵਿਚ। ਮੰਨਿ=ਮਨ ਵਿਚ।੩। ਅਲਿਪਤੁ=ਨਿਰਲੇਪ। ਸਹਜਿ ਸੁਭਾਏ=ਅਡੋਲ ਅਵਸਥਾ ਵਿਚ, ਸੁਭਾਵਿਕ ਹੀ। ਬਿਖੁ=ਜ਼ਹਿਰ। ਜਮਕਾਲਿ=ਜਮਕਾਲ ਨੇ। ਬਾਧਾ=ਬੰਨ੍ਹਿਆ ਹੈ। ਦਾਧਾ=ਸਾੜਿਆ ਹੈ। ੪।

ਅਰਥ :- (ਹੇ ਭਾਈ ! ਪ੍ਰਭੂ ਦੇ) ਨਾਮ ਤੋਂ ਹੀ ਸਭ ਕੁਝ ਜੋ (ਸੰਸਾਰ ਅੰਦਰ) ਦਿੱਸ ਰਿਹਾ ਹੈ (ਇਹ) ਹੋਂਦ ਵਿਚ ਆਇਆ ਹੈ (ਪਰ) ਨਾਮ ਗੁਰੂ ਤੋਂ ਬਿਨਾਂ ਨਹੀਂ ਜਾਣਿਆ ਜਾ ਸਕਦਾ। ਗੁਰੂ ਦਾ ਸ਼ਬਦ ਅਤਿਅੰਤ ਮਿੱਠਾ ਹੈ (ਪਰ) ਚੱਖੇ ਤੋਂ ਬਿਨਾਂ (ਧਾਰਨ ਕੀਤੇ ਤੋਂ ਬਿਨਾਂ ਉਸ ਦਾ) ਸੁਆਦ ਪਤਾ ਨਹੀਂ ਲੱਗਦਾ। (ਮਨੁੱਖ ਨੇ) ਕਉਡੀ (ਮਾਇਆ) ਦੇ ਬਦਲੇ (ਆਪਣਾ) ਜੀਵਨ (ਵਿਅਰਥ) ਗੁਆ ਲਿਆ (ਅਤੇ ਇਹ) ਆਪਣੇ (ਸਰੂਪ ਨੂੰ ਅਥਵਾ) ਮੂਲ ਨੂੰ ਨਹੀਂ ਪਛਾਣਦਾ। (ਹਾਂ, ਜੋ) ਗੁਰੂ ਦੇ ਭਾਣੇ ਨੂੰ ਮੰਨ ਕੇ ਚਲਣ ਵਾਲਾ (ਮਨੁੱਖ) ਹੈ, ਉਹ ਇਕੋ (ਪਰਮਾਤਮਾ) ਨੂੰ ਜਾਣਦਾ ਹੈ, (ਭਾਵ ਉਸ ਨਾਲ ਆਪਣੀ ਜੀਵਨ-ਸਾਂਝ ਪਾਉਂਦਾ ਹੈ, ਜਿਸ ਕਰਕੇ ਉਸ ਨੂੰ) ਹਉਮੈ ਦਾ ਦੁੱਖ ਨਹੀਂ ਸਤਾਉਂਦਾ ਭਾਵ ਓਹ ਹਉਮੈ ਤੋਂ ਰਹਿਤ ਹੋ ਜਾਂਦਾ ਹੈ।੧।

ਹਜ਼ੂਰ ਕਿਰਪਾ ਕਰਦੇ ਹਨ, ਕਿ ਹੇ ਭਾਈ ! ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸ (ਗੁਰੂ) ਨੇ ਮੇਰੀ ਸੁਰਤਿ ਸੱਚੇ (ਪ੍ਰਭੂ) ਨਾਲ ਜੋੜ ਦਿੱਤੀ ਹੈ। (ਗੁਰੂ ਦਾ) ਸ਼ਬਦ (ਉਪਦੇਸ਼ ਸੁਣ) ਸਮਝ ਕੇ (ਮੇਰੇ ਹਿਰਦੇ ਵਿਚ) ਨਿਜ-ਸਰੂਪ ਦਾ ਪ੍ਰਕਾਸ਼ ਹੋ ਗਿਆ ਹੈ (ਅਤੇ ਮੈਂ) ਸਹਿਜ (ਅਵਸਥਾ) ਵਿਚ ਲੀਨ ਹੋ ਗਿਆ ਹਾਂ, (ਸੁਭਾਵਿਕ ਹੀ ਪ੍ਰਮੇਸ਼ਵਰ ਵਿਚ ਸਮਾ ਗਿਆ ਹਾਂ)।੧। ਰਹਾਉ।

(ਹੇ ਭਾਈ !) ਗੁਰਮੁਖ ਜਨ ਪਰਮੇਸ਼ਰ ਦੇ ਗੁਣ ਗਾਉਂਦਾ ਹੈ, ਗੁਰਮੁਖ ਹੀ (ਸ਼ਬਦ-ਭੇਦ ਨੂੰ) ਸਮਝਦਾ ਹੈ (ਅਤੇ) ਗੁਰਮੁਖ ਹੀ ਸ਼ਬਦ (ਗੁਰ-ਉਪਦੇਸ਼) ਨੂੰ ਵੀਚਾਰਦਾ ਹੈ। (ਇਸ ਦੇ ਫਲਸਰੂਪ) ਜਿੰਦ, ਸਰੀਰ (ਅਤੇ ਹੋਰ) ਸਭ ਕੁਝ (ਗੁਰੂ ਤੋਂ ਨਵੇਂ ਸਿਰਿਉਂ) ਪੈਦਾ ਹੁੰਦਾ ਹੈ (ਭਾਵ ਨਵਾਂ ਗੁਰਮੁਖ ਜਨਮ ਮਿਲਦਾ ਹੈ ਅਤੇ) ਗੁਰੂ (ਸਿੱਖ ਦੇ ਸਾਰੇ) ਕਾਰਜ ਸਵਾਰਦਾ ਹੈ। (ਪਰ) ਅੰਨ੍ਹਾ ਅਗਿਆਨੀ ਮਨਮੁਖ ਅਗਿਆਨਤਾ ਵਾਲੇ ਕੰਮ ਹੀ ਕਰਦਾ ਹੈ (ਅਤੇ) ਸੰਸਾਰ ਵਿਚ (ਵਿਸ਼ੇ ਰੂਪ) ਜ਼ਹਿਰ ਹੀ ਕਮਾਉਂਦਾ ਹੈ। ਜਿਸ ਦੇ ਫਲਸਰੂਪ ਉਹ ਪਿਆਰੇ ਗੁਰੂ ਤੋਂ ਬਿਨਾਂ ਮਾਇਆ ਦੇ ਮੋਹ ਵਿਚ (ਫਸਿਆ ਹੋਇਆ) ਸਦਾ ਦੁੱਖ ਪਾਉਂਦਾ ਹੈ।੨।

(ਹੇ ਭਾਈ !) ਸੇਵਕ ਉਹੀ ਹੈ ਜਿਹੜਾ (ਆਪਣੇ) ਸਤਿਗੁਰਾਂ ਦੀ ਸੇਵਾ ਕਰਦਾ ਹੋਵੇ (ਅਤੇ) ਸਤਿਗੁਰੂ ਦੇ ਭਾਣੇ ਵਿਚ ਚਲਦਾ ਹੋਵੇ। (ਉਸ ਪ੍ਰਭੂ ਦਾ) ਸਦਾ ਥਿਰ ਰਹਿਣ ਵਾਲਾ ਸ਼ਬਦ (ਉਸ ਦੀ) ਸੱਚੀ ਸਿਫ਼ਤਿ-ਸਾਲਾਹ (ਆਪਣੇ) ਮਨ ਵਿਚ ਵਸਾਏ। (ਉਹ) ਗੁਰੂ ਦੁਆਰਾ ਸੱਚੀ ਬਾਣੀ ਉਚਾਰਦਾ ਰਹੇ, (ਇਸ ਤਰ੍ਹਾਂ ਉਸ ਦੇ ਹਿਰਦੇ) ਵਿਚੋਂ ਹਉਮੈ ਚਲੀ ਜਾਵੇਗੀ। (ਜੋ) ਆਪ ਦਾਤਾ ਹੈ (ਉਸ ਦਾ) ਕਰਮ (ਫ਼ਜ਼ਲ) ਸੱਚਾ ਹੈ, (ਜਿਸ ਨੂੰ ਪ੍ਰਾਪਤ ਹੁੰਦਾ ਹੈ, ਉਹ) ਸੱਚਾ ਸ਼ਬਦ ਭਾਵ ਉਪਦੇਸ਼ (ਆਪ ਸੁਣਦਾ ਤੇ ਹੋਰਨਾਂ ਨੂੰ) ਸੁਣਾਉਂਦਾ ਹੈ।੩।

ਹੇ ਭਾਈ ! ਗੁਰਮੁਖ (ਨਾਮ-ਸਿਮਰਨ ਦੀ) ਕਮਾਈ ਕਰਦਾ ਹੈ, ਗੁਰਮੁਖ (ਨਾਮ ਧਨ) ਖਟਦਾ ਹੈ (ਅਤੇ) ਗੁਰਮੁਖ (ਹੋਰਨਾਂ ਨੂੰ ਵੀ ਪ੍ਰਭੂ ਦਾ) ਨਾਮ ਜਪਾਉਂਦਾ ਹੈ। ਗੁਰੂ ਦੇ (ਬਖ਼ਸ਼ੇ ਹੋਏ) ਸਹਜਿ (ਗਿਆਨ)

ਅਵਸਥਾ ਵਿਚ ਸੁਭਾਵਿਕ ਹੀ ਸੱਚੇ (ਨਾਮ ਦੇ) ਰੰਗ ਵਿਚ ਰੰਗਿਆ ਹੋਇਆ ਹੈ ਅਤੇ (ਸੰਸਾਰ ਤੋਂ) ਨਿਰਲੇਪ ਰਹਿੰਦਾ ਹੈ। (ਭੈੜਾ) ਮਨਮੁਖ (ਪੁਰਸ਼) ਸਦਾ ਹੀ ਝੂਠ ਬੋਲਦਾ ਹੈ, (ਮਾਇਆ ਮੋਹ ਤੇ ਵਿਸ਼ੇ ਵਿਕਾਰਾਂ ਦਾ) ਜ਼ਹਿਰ ਬੀਜਦਾ ਹੈ ਤੇ ਜ਼ਹਿਰ ਹੀ ਖਾਂਦਾ ਹੈ। ਤ੍ਰਿਸ਼ਨਾ ਦਾ ਸੜਿਆ ਹੋਇਆ (ਮਨਮੁਖ ਜਿਸ ਨੂੰ) ਜਮਕਾਲ ਨੇ (ਸੰਗਲਾਂ ਨਾਲ) ਬੰਨ੍ਹਿਆ ਹੋਇਆ ਹੈ, ਗੁਰੂ ਤੋਂ ਬਿਨਾਂ (ਉਸ ਨੂੰ) ਕੌਣ ਛੁਡਾਏ ? (ਭਾਵ ਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਛੁਡਵਾ ਸਕਦਾ)।੪।

**ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ॥ ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ॥ 5 ॥ ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥ ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ॥ ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ॥ 6 ॥ ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥ ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥ ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥ ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥ 7 ॥ ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥ ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ॥ ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ॥ ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ॥ 8 ॥ ੧ ॥**

**ਪਦ ਅਰਥ** :- ਨਾਵਣੁ=ਇਸ਼ਨਾਨ। ਅਠਸਠਿ=ਅਠਾਹਠ। ਗੁਰ ਸਬਦਿ ਦਿਖਾਏ=ਗੁਰੂ ਸ਼ਬਦ ਵਿਚ ਹੀ ਵਿਖਾ ਦਿੰਦਾ ਹੈ। ਤਿਤੁ ਨਾਤੈ=ਉਸ ਵਿਚ ਨਾਤਿਆਂ। ਮਲੁ ਜਾਏ=(ਹਉਮੈ ਦੀ) ਮੈਲ ਲਹਿ ਜਾਂਦੀ ਹੈ।੫। ਤਿਸੁ ਕੇਰਾ=ਉਸ (ਗੁਰੂ) ਦਾ। ਦੁਰਮਤਿ=ਖੋਟੀ ਮਤ ਹੋਣ ਕਰਕੇ। ਸਾਖੀ=ਸਿਖਿਆ। ਸਤਿ ਕਰਿ=ਸੱਚ ਕਰਕੇ।੬। ਗੁਰ ਕੈ ਭਾਇ=ਗੁਰੂ ਦੇ ਪ੍ਰੇਮ ਪਿਆਰ ਵਿਚ।੭। ਵਿਚਹੁ=(ਹਿਰਦੇ) ਅੰਦਰੋਂ।੮।੧।

**ਅਰਥ** :- (ਹੇ ਭਾਈ ! ਗੁਰੂ ਦਾ ਸ਼ਬਦ) ਸੱਚਾ ਤੀਰਥ ਹੈ (ਜੋ ਨਾਮ ਰੂਪੀ ਜਲ ਨਾਲ ਭਰਿਆ ਹੋਇਆ ਹੈ ਅਥਵਾ ਸ਼ੁਭ ਗੁਣਾਂ ਰੂਪੀ ਜਲ ਨਾਲ ਭਰਿਆ ਹੋਇਆ ਹੈ), ਇਸ ਸੱਚੇ ਸਰੋਵਰ ਵਿਚ ਇਸ਼ਨਾਨ (ਕਰਨ ਦੀ ਜਾਚ) ਗੁਰਮੁਖ ਨੂੰ (ਸਤਿਗੁਰੂ) ਆਪ ਸਮਝਾਉਂਦਾ ਹੈ। ਅਠਾਹਠ ਤੀਰਥ ਗੁਰੂ (ਆਪਣੇ) ਸ਼ਬਦ ਵਿਚ ਹੀ (ਸਿੱਖ ਨੂੰ) ਵਿਖਾ ਦਿੰਦਾ ਹੈ, (ਕਿਉਂਕਿ ਤੀਰਥ ਨਾਵਣ ਜਾਉ ਤੀਰਥ ਨਾਮ ਹੈ) ਉਸ (ਤੀਰਥ ਵਿਚ)

ਇਸ਼ਨਾਨ ਕਰਨ ਨਾਲ (ਪਾਪਾਂ, ਵਿਕਾਰਾਂ ਤੇ ਹਉਮੈ ਦੀ) ਮੈਲ ਲਹਿ ਜਾਂਦੀ ਹੈ। (ਗੁਰੂ ਦਾ) ਸ਼ਬਦ ਸੱਚਾ ਥਿਰ ਰਹਿਣ ਵਾਲਾ ਹੈ (ਜੋ) ਸਦਾ ਹੀ ਪਵਿੱਤਰ (ਜਲ) ਹੈ, ਉਸ ਨੂੰ ਨਾ (ਵਿਕਾਰਾਂ ਦੀ) ਮੈਲ ਲੱਗਦੀ ਹੈ, (ਨਾ ਹਉਮੈ ਦੀ) ਮੈਲ ਕੋਈ ਲਾ ਸਕਦਾ ਹੈ। (ਪ੍ਰਭੂ ਦੀ) ਸਿਫ਼ਤ ਸੱਚੀ ਹੈ, ਸ਼ਲਾਘਾ ਸੱਚੀ ਹੈ (ਅਤੇ) ਪੂਰੇ ਗੁਰੂ ਤੋਂ ਕੋਈ ਗੁਰਮੁਖ ਜਨ ਇਹ ਵਸਤੂ (ਅਥਵਾ ਸੱਚ ਸਰੂਪ ਨੂੰ) ਪ੍ਰਾਪਤ ਕਰ ਲੈਂਦਾ ਹੈ।੫।

ਹਜ਼ੂਰ ਕਿਰਪਾ ਕਰਦੇ ਹਨ ਕਿ (ਹੇ ਭਾਈ !) ਸਰੀਰ ਤੇ ਮਨ ਸਭ ਕੁਝ ਉਸ ਹਰੀ ਦਾ ਹੈ, ਪਰ ਖੋਟੀ ਮਤਿ ਹੋਣ ਕਰ ਕੇ (ਜੀਵ ਇਹ ਗੱਲ) ਨਹੀਂ ਆਖ ਸਕਦਾ। (ਜਦੋਂ ਪਰਮਾਤਮਾ ਦਾ) ਹੁਕਮ ਹੁੰਦਾ ਹੈ, ਤਾਂ (ਇਸ ਦੇ) ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ (ਅਤੇ ਇਸ ਦਾ ਮਨ) ਨਿਰਮਲ ਹੋ ਜਾਂਦਾ ਹੈ। (ਫਿਰ ਇਹ) ਗੁਰੂ ਦੀ (ਅੰਮ੍ਰਿਤ) ਸਿਖਿਆ ਸਹਜੇ ਹੀ ਚਖ ਲੈਂਦਾ ਹੈ ਭਾਵ ਗ੍ਰਹਿਣ ਕਰ ਲੈਂਦਾ ਹੈ (ਜੋ) ਤ੍ਰਿਸ਼ਨਾ ਦੀ ਅੱਗ ਬੁਝਾ ਦਿੰਦੀ ਹੈ। (ਜਦੋਂ) ਇਹ ਜੀਵ ਗੁਰੂ ਦੇ ਸ਼ਬਦ ਵਿਚ ਰੰਗਿਆ ਜਾਂਦਾ ਹੈ, ਅਡੋਲ ਅਵਸਥਾ ਵਿਚ ਮਸਤ ਹੋ ਜਾਂਦਾ ਹੈ (ਤਾਂ) ਸਹਿਜ (ਆਤਮਿਕ ਅਵਸਥਾ) ਵਿਚ ਲੀਨ ਹੋਇਆ ਰਹਿੰਦਾ ਹੈ।੬।

(ਹੇ ਭਾਈ ! ਐਸਾ ਮਨੁੱਖ) ਪਿਆਰੇ ਗੁਰੂ ਦੇ ਭਾਣੇ ਅਨੁਸਾਰ ਹਰੀ ਦਾ ਨਾਮ ਸੱਚ ਕਰ ਕੇ ਜਾਣਦਾ ਹੈ। ਸੱਚੇ ਨਾਮ ਦੇ ਪਿਆਰ ਕਰ ਕੇ ਗੁਰੂ ਤੋਂ ਸੱਚੀ ਵਡਿਆਈ ਪ੍ਰਾਪਤ ਕਰ ਲਈਦੀ ਹੈ। ਇਕ ਸੱਚਾ ਪ੍ਰਭੂ ਸਾਰਿਆਂ ਵਿਚ (ਵਿਆਪਿਕ ਹੋ ਕੇ) ਵਰਤ ਰਿਹਾ ਹੈ, ਪਰ ਕੋਈ ਵਿਰਲਾ ਹੀ ਇਸ ਵਿਚਾਰ ਨੂੰ (ਵਿਚਾਰ ਕੇ) ਸਮਝਦਾ ਹੈ। (ਅਜੇਹੇ ਮਨੁੱਖ ਨੂੰ ਜਦੋਂ ਪ੍ਰਭੂ ਆਪ ਹੀ ਆਪਣੇ ਨਾਲ) ਮਿਲਾ ਲੈਂਦਾ ਹੈ ਅਤੇ (ਉਸ ਉੱਤੇ) ਬਖ਼ਸ਼ਿਸ਼ ਕਰਦਾ ਹੈ, ਤਾਂ ਸੱਚੀ ਭਗਤੀ ਦੁਆਰਾ (ਉਸ ਦਾ ਜਨਮ) ਸਵਾਰ ਦਿੰਦਾ ਹੈ (ਭਾਵ ਉਸ ਨੂੰ ਸੱਚਾ ਬਣਾ ਦਿੰਦਾ ਹੈ)। ੭।

(ਉਹ) ਤਿੰਨਾਂ ਕਾਲਾਂ ਵਿਚ ਸੱਚਾ ਪ੍ਰਭੂ ਪ੍ਰਮਾਤਮਾ ਸਭ ਵਿਚ ਵਰਤਦਾ ਹੈ (ਪਰ) ਇਸ ਵਿਚਾਰ ਨੂੰ ਕੋਈ ਵਿਰਲਾ ਗੁਰਮੁਖਿ (ਪੁਰਸ਼) ਹੀ ਜਾਣਦਾ ਹੈ। ਗੁਰਮੁਖ ਆਪਣਾ ਆਪ (ਭਾਵ ਮੂਲ) ਪਛਾਣਦਾ ਹੈ (ਇਸ ਲਈ ਉਸ ਨੂੰ ਸੋਝੀ ਹੁੰਦੀ ਹੈ ਕਿ) ਜੰਮਣ, ਮਰਣਾ (ਪ੍ਰਭੂ ਦੇ) ਹੁਕਮ ਅਨੁਸਾਰ ਹੀ ਵਰਤਦਾ ਹੈ। (ਜੇ ਕੋਈ ਮਨੁੱਖ) ਨਾਮ ਨੂੰ ਧਿਆਏ ਤਾਂ ਹੀ (ਉਹ) ਸਤਿਗੁਰੂ ਨੂੰ ਚੰਗਾ ਲੱਗਦਾ ਹੈ, ਫਿਰ ਉਹ ਜੋ (ਵਸਤੂ ਆਪਣੇ ਮਨ ਵਿਚ) ਇੱਛਦਾ ਹੈ, ਓਹੋ ਫਲ ਪ੍ਰਾਪਤ ਕਰ ਲੈਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਹੜਾ (ਮਨੁੱਖ ਆਪਣੇ ਅੰਦਰੋਂ) ਆਪਾ-ਭਾਵ ਗੁਆ ਲੈਂਦਾ ਹੈ, ਉਸ ਦਾ ਸਭ ਕੁਝ (ਕੀਤਾ ਕਰਮ ਧਰਮ ਅਤੇ ਜੀਵਨ ਸਫਲ) ਹੋ ਜਾਂਦਾ ਹੈ। ੮। ੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧42 (ਆਦਿ ਅੰਗ 755)

## ਰਾਗੁ ਸੂਹੀ ਮਹਲਾ 3 ਘਰੁ ੧0

## ੧ੴ ਸਤਿਗੁਰ ਪ੍ਰਸਾਦਿ ॥

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥ ੧ ॥ ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥ ੧ ॥ ਰਹਾਉ ॥ ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥ 2 ॥ ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥ 3 ॥ ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ 4 ॥ ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ 5 ॥ ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ 6 ॥ ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥ ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥ 7 ॥ ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥ 8 ॥ ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥ ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥ 9 ॥ ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥ ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥ ੧0 ॥ ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ

ਨਿਹਾਲਿ॥ ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ॥੧੧॥ ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ॥ ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ॥੧੨॥ ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ॥ ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ॥੧੩॥ ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ॥ ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ॥੧੪॥ ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ॥ ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ॥੧੫॥ ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥੧੬॥ ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ॥ ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ॥੧੭॥ ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ॥੧੮॥ ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ॥੧੯॥ ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ॥੨੦॥ ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ॥੨੧॥ ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ॥ ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ॥੨੨॥ ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ॥ ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ॥੨੩॥ ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ॥ ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ॥੨੪॥ ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ॥ ਅਵਗਣ ਵਿਕਣਿ ਪਲ੍ਹਰਨਿ ਗੁਣ ਕੀ ਸਾਝ ਕਰੰਨ੍ਹਿ॥੨੫॥ ਗੁਣ

ਕੀ ਸਾਞ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥ ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥ ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥ ੨੭ ॥ ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ ॥ ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥ ੨੮ ॥ ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥ ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥ ੨੯ ॥ ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ ॥ ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥ ੩੦ ॥ ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥ ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥ ੩੧ ॥ ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥ ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥ ੩੨ ॥ ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥ ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥ ੩੩ ॥ ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥ ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥ ੩੪ ॥ ੧ ॥ ੩ ॥

## ਪ੍ਰਾਕ੍ਥਨ :

ਇਹ ਪਾਵਨ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਹ ਮੁਖਵਾਕ ਦਸਵੇਂ ਘਰੁ ਸੁਰਤਾਲ ਵਿਚ ਉਚਾਰਨ ਕੀਤਾ ਹੈ। ਆਦਿ ਵਿਚ ਵਸਤੂ ਨਿਰਦੇਸ਼ ਮੰਗਲ ਹੈ। ਇਕ ਅਦੁੱਤੀ ਬ੍ਰਹਮ ਓ ਸਰਬ ਕਾਲ ਪ੍ਰਕਾਸ਼ਕ ਸਤਿ ਨਾਸ਼ ਰਹਿਤ, ਗੁਰ-ਚੇਤਨ ਸਰੂਪ ਪ੍ਰਸਾਦਿ=ਅਨੰਦ ਸਰੂਪ ਉਸ ਸਤਿ ਚਿਤ ਅਨੰਦ ਸਰੂਪ ਦੀ ਪ੍ਰਾਪਤੀ ਗੁਰ ਪ੍ਰਸਾਦਿ=ਗੁਰੂ ਕਿਰਪਾ ਨਾਲ ਹੁੰਦੀ ਹੈ।

## ਵਿਸ਼ਾ — ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥

ਸੰਸਾਰ ਸਾਰਾ ਹੀ ਚਲਾਇਮਾਨ ਹੈ, ਇਥੇ ਕੋਈ ਵੀ ਸਦਾ ਸਥਿਰ ਨਹੀਂ ਹੈ। ਕਿਉਂਕਿ ਆਪੋ ਆਪਣੀ ਵਾਰੀ ਤੇ ਆਪਣੇ ਸਮੇਂ ਅਨੁਸਾਰ, ਇਸ ਫ਼ਾਨੀ ਸੰਸਾਰ ਵਿਚੋਂ ਸਭ ਨੇ ਹੀ ਤੁਰ ਜਾਣਾ ਹੈ। ਇਥੇ ਜੋ ਵੀ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਜ਼ਰੂਰ ਚਲੇ ਜਾਣਾ ਹੈ। ਅਬਿਨਾਸੀ ਸਦਾ ਥਿਰ ਰਹਿਣ ਵਾਲਾ ਤਾਂ ਇਕ ਪ੍ਰਮਾਤਮਾ ਹੀ ਹੈ। ਉਹ ਅਬਿਨਾਸੀ ਪ੍ਰਮਾਤਮਾ ਹੀ ਇਕ ਐਸਾ ਹੈ। ਜਦੋਂ ਜੀਵਾਂ ਦਾ ਅੰਤ ਸਮਾਂ ਆਉਂਦਾ ਹੈ ਤਾਂ ਸਾਰੇ ਸੰਗੀ ਸਾਥ ਛੱਡ ਜਾਂਦੇ ਹਨ ਅਤੇ ਜੀਵ ਨੂੰ ਇਕੱਲਿਆਂ ਹੀ ਜਾਣਾ ਪੈਂਦਾ ਹੈ। ਅਜਿਹੇ ਸਮੇਂ ਇਕ ਪ੍ਰਮਾਤਮਾ ਹੀ ਸਹਾਈ ਹੁੰਦਾ ਹੈ।

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥** (ਅੰਗ 474)

**ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ॥**
**ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥**
**ਭੀ ਸਚਾ ਸਾਲਾਹਣਾ ਸਚੈ ਬਾਨਿ ਪਿਆਰੁ॥** (ਅੰਗ 63)

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥**
ਅਥਵਾ : **ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥**

(ਅੰਗ ੧429)

ਅਥਵਾ : **ਜਾਤਿ ਵਰਨ ਤੁਰਕ ਅਰੁ ਹਿੰਦੂ॥ ਪਸੁ ਪੰਖੀ ਅਨਿਕ ਜੋਨਿ ਜਿੰਦੂ॥**
**ਸਗਲ ਪਾਸਾਰੁ ਦੀਸੈ ਪਾਸਾਰਾ॥ ਬਿਨਸਿ ਜਾਇਗੋ ਸਗਲ ਆਕਾਰਾ॥**

(ਅੰਗ 237)

ਅਥਵਾ : **ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥**

**ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥ ੧॥**
**ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ੧॥ ਰਹਾਉ॥**

(ਅੰਗ 793)

ਵੱਖ-ਵੱਖ ਜਾਤਾਂ, ਵਰਗਾਂ ਦੇ ਪ੍ਰਾਣੀ, ਪਸ਼ੂ-ਪੰਛੀ, ਹੋਰ ਅਨੇਕਾਂ ਜੂਨਾਂ ਦੇ ਜੀਵ ਅਤੇ ਇਹ ਜਗਤ-ਪਸਾਰਾ ਜੋ ਦਿੱਸ ਰਿਹਾ ਹੈ, ਆਖ਼ਿਰ ਨੂੰ ਸਭ ਨਾਸ਼ ਹੋ ਜਾਣ ਵਾਲੇ ਹਨ। ਇਹ ਜਗਤ ਮਾਨੋਂ ਇਕ ਰੇਤ ਦੇ ਘਰ ਬਣੇ ਹੋਏ ਵਾਂਗ ਖਿਨ ਭੰਗਰ ਹੈ। ਜਿਵੇਂ ਮੀਂਹ ਨਾਲ ਕਾਗ਼ਜ਼ ਨੂੰ ਗਲਦਿਆਂ ਦੇਰ ਨਹੀਂ ਲੱਗਦੀ, ਇਸੇ ਪ੍ਰਕਾਰ ਇਨ੍ਹਾਂ ਸਰੀਰ ਰੂਪੀ ਘਰਾਂ ਤੇ ਸੰਸਾਰ ਦੇ ਨਾਸ਼ ਹੋਣ ਲੱਗਿਆਂ ਦੇਰ ਨਹੀਂ ਲੱਗਦੀ :

**ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥**
**ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧॥**
**ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥**
**ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥**
**ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥**
**ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ 2॥**
**ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥**
**ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥ 3॥**

(ਅੰਗ 808)

**ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥**
**ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ 3॥**
**ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥**
**ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥** (ਅੰਗ 64)

ਸ੍ਰੀ ਗੁਰੂ ਤੇਗ ਬਹਾਦਰ ਜੀ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਪ੍ਰਾਣੀ ਨੂੰ ਸਮਝਾ ਰਹੇ ਹਨ ਕਿ ਸਾਰਾ ਜਗਤ ਮਾਨੋਂ ਧੂੰਏਂ ਦੇ ਪਹਾੜ ਵਾਂਗ ਹੈ। ਇਸ ਸਾਰੇ ਧੂੰਏ ਦੇ ਪਹਾੜ ਨੂੰ ਇਕ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ। ਫਿਰ ਹੇ ਪ੍ਰਾਣੀ ! ਤੂੰ ਕੀ ਸਮਝ ਕੇ ਜਗਤ ਨੂੰ ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ। ਆਪ ਜੀ ਦੇ ਬਚਨ ਹਨ ਕਿ ਇਸ ਜਗਤ ਤੋਂ ਤੁਰਨ ਲੱਗਿਆਂ ਧਨ, ਇਸਤਰੀ ਜਾਂ ਹੋਰ ਕੋਈ ਜਾਇਦਾਦ ਨਾਲ ਨਹੀਂ ਜਾਂਦੀ। ਕੇਵਲ ਪ੍ਰਭੂ ਦੀ ਕੀਤੀ ਹੋਈ ਭਗਤੀ ਹੀ ਨਾਲ ਨਿਭਣ ਵਾਲੀ ਹੈ :

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ ੧॥**
**ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥ 2॥**

**ਇਕ ਭਗਤਿ ਨਾਰਾਇਨ ਹੋਇ ਸੰਗਿ॥ ਕਹੁ ਨਾਨਕ ਭਜੁ ਤਿਹ ਏਕ ਰੰਗਿ॥ 3 ॥**

(ਅੰਗ ੧੧86)

ਅਥਵਾ :

**ਊਚੇ ਮੰਦਰ ਸਾਲ ਰਸੋਈ॥**
**ਏਕ ਘਰੀ ਫੁਨਿ ਰਹਨੁ ਨ ਹੋਈ॥ ੧॥**
**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥**
**ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥** (ਅੰਗ 794)

ਇਸ ਝੂਠੀ ਦੁਨੀਆਂ ਦੀ ਝੂਠੀ ਸ਼ਲਾਘਾ ਕਰਨੀ ਛੱਡ ਕੇ ਉਸ ਪਰੀਪੂਰਨ ਪ੍ਰਮਾਤਮਾ ਦੀ ਸਿਫ਼ਤ ਸ਼ਲਾਘਾ ਕਰਿਆ ਕਰੀਏ।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥** (ਜਪੁ ਜੀ ਸਾਹਿਬ)

ਸਾਲਾਹੀ=ਸਲਾਹੁਣ ਵਾਲੇ ਮਹਾਤਮਾ, ਪਰਮਾਤਮਾ ਨੂੰ ਸਲਾਹੁੰਦੇ ਤਾਂ ਹਨ, ਪਰ ਏਤੀ ਸੁਰਤਿ=ਇਤਨੀ ਉਹ ਵੀ ਗਿਆਤ ਨਹੀਂ ਪਾਉਂਦੇ ਕਿ ਪਰਮੇਸ਼ਰ ਦੇ ਗੁਣ ਕਿਤਨੇ ਹਨ।

ਅੱਗੇ ਦ੍ਰਿਸ਼ਟਾਂਤ ਦੇਂਦੇ ਹਨ, ਜਿਸ ਤਰ੍ਹਾਂ :

**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥** (ਜਪੁ ਜੀ ਸਾਹਿਬ)

ਨਦੀਆਂ ਅਤੇ ਵਾਹ=ਵਾਹੜੇ (ਨਾਲੇ) ਆਦਿਕ ਸਮੁੰਦਰ ਵਿਚ ਪੈਂਦੇ ਹਨ ਪ੍ਰੰਤੂ ਸਮੁੰਦਰ ਦਾ ਅੰਤ ਨਹੀਂ ਜਾਣ ਸਕਦੇ। ਏਸੇ ਤਰ੍ਹਾਂ ਨਦੀਆਂ ਵਾਂਗ ਵੱਡੇ ਮਹਾਤਮਾ, ਵਾਹੜਿਆਂ ਸਮਾਨ ਛੋਟੇ ਮਹਾਤਮਾ, ਪਰਮੇਸ਼ਰ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ।

ਅਥਵਾ : ਸਾਲਾਹੀ=ਸਲਾਹੁਣੇ ਜੋਗ ਅਕਾਲ ਪੁਰਖ ਨੂੰ ਸਲਾਹ ਕੇ ਜੋ ਮਹਾਤਮਾ ਉਸ ਨਾਲ ਅਭੇਦ ਹੋਏ ਹਨ, ਉਹ ਇਤਨੀ ਗਿਆਤ ਨਹੀਂ ਪਾਉਂਦੇ ਕਿ ਅਸੀਂ ਵੱਖਰੇ ਹੋ ਜਾਵਾਂਗੇ। ਜਿਕੁਰ ਨਦੀਆਂ ਅਤੇ ਨਾਲੇ ਇਕ ਵਾਰ ਸਮੁੰਦਰ ਵਿਚ ਪੈ ਜਾਣ ਤਾਂ ਫਿਰ ਉਹ ਵੱਖਰਾ ਹੋਣਾ ਨਹੀਂ ਜਾਣਦੇ।

*ਯਥਾ* : **ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ॥**
**ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥**

(ਵਾਰ ਰਾਮਕਲੀ, ਅੰਗ 947)

ਤਥਾ : **ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ॥**
**ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ॥**

(ਵਾਰ ਗੂਜਰੀ, ਅੰਗ 524)

**ਅਥਵਾ : ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥**

(ਜਪੁ ਜੀ ਸਾਹਿਬ)

ਸਲਾਹੁਣ ਵਾਲਾ ਹੋ ਕੇ ਓਨਾ ਚਿਰ ਉਸ ਪ੍ਰਮਾਤਮਾ ਨੂੰ ਸਲਾਹੀ ਹੀ ਸਲਾਹੀ ਜਾਵੇ, ਜਿੰਨਾ ਚਿਰ ਬਿਰਤੀ ਇਕਾਗਰ ਨਹੀਂ ਹੁੰਦੀ, ਅਰਥਾਤ ਬ੍ਰਹਮਾਕਾਰ ਬਿਰਤੀ ਨਹੀਂ ਹੁੰਦੀ।

ਅੱਗੇ ਦ੍ਰਿਸ਼ਟਾਂਤ ਸੁਣੋ :

**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥** (ਜਪੁ ਜੀ ਸਾਹਿਬ)

ਨਦੀਆਂ ਅਤੇ ਵਾਹੜੇ (ਨਾਲੇ) ਜਦ ਤਕ ਸਮੁੰਦਰ ਵਿਚ ਨਹੀਂ ਪੈਂਦੇ ਤਦ ਤਕ ਉਹਨਾਂ ਦਾ ਖੜਬਰਾਟ (ਰੌਲਾ) ਜਾਣਿਆ ਜਾਂਦਾ ਹੈ। ਇਸੀ ਪ੍ਰਕਾਰ ਜਿੰਨਾ ਚਿਰ ਬਿਰਤੀ ਬ੍ਰਹਮਾਕਾਰ ਨਹੀਂ ਹੋ ਜਾਂਦੀ ਓਨਾ ਚਿਰ ਭਜਨ ਸਿਮਰਨ ਕਰਨੇ ਰੂਪੀ ਖੜਬਰਾਟ ਹੈ। ਕਲਗੀਧਰ ਦਸਮੇਸ਼ ਪਿਤਾ ਜੀ ਨੇ ਦਸਮ ਗ੍ਰੰਥ ਸਾਹਿਬ ਜੀ ਵਿਖੇ ਇਕ 'ਅਕਾਲ ਉਸਤਤ' ਨਾਮੇ ਬਾਣੀ ਉਚਾਰੀ ਹੈ, ਜਿਸ ਵਿਖੇ ਨਿਰੋਲ ਇਕ ਅਕਾਲ ਪੁਰਖ ਦੀ ਹੀ ਸਿਫਤ ਸ਼ਲਾਘਾ ਕੀਤੀ ਹੈ ਅਤੇ ਸ਼ਲਾਘਾ ਉਸਤਤੀ ਕਰਦਿਆਂ ਜਦ ਇਥੋਂ ਤਕ ਪੁੱਜੇ ਕਿ :

**ਜਲਸ ਤੁਹੀ॥ ਥਲਸ ਤੁਹੀ॥ ਨਦਿਸ ਤੁਹੀ॥ ਨਦਸ ਤੁਹੀ॥ 63॥**
**ਬ੍ਰਿਛਸ ਤੁਹੀ॥ ਪਤਸ ਤੁਹੀ॥ ਛਿਤਸ ਤੁਹੀ॥ ਉਰਧਸ ਤੁਹੀ॥ 64॥**
**ਭੁਜਸ ਤੁਅੰ॥ ਭਜਸ ਤੁਅੰ॥ ਰਟਸ ਤੁਅੰ॥ ਠਟਸ ਤੁਅੰ॥ 65॥**
**ਜਿਮੀ ਤੁਹੀ॥ ਜਮਾ ਤੁਹੀ॥ ਮਕੀ ਤੁਹੀ॥ ਮਕਾ ਤੁਹੀ॥ 66॥**
**ਅਭੂ ਤੁਹੀ॥ ਅਭੈ ਤੁਹੀ॥ ਅਛੂ ਤੁਹੀ॥ ਅਛੈ ਤੁਹੀ॥ 67॥**
**ਜਤਸ ਤੁਹੀ॥ ਬ੍ਰਤਸ ਤੁਹੀ॥ ਗਤਸ ਤੁਹੀ॥ ਮਤਸ ਤੁਹੀ॥ 68॥**
**ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ 69॥**
**ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ 70॥**

(ਦਸਮ ਗ੍ਰੰਥ ਸਾਹਿਬ, ਅੰਗ ੧੬-੧੭)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਚਾਰਨ ਕਰਦੇ ਹਨ ਕਿ ਹੇ ਪ੍ਰਮਾਤਮਾ ! ਤੂੰ ਹੀ ਜਲ ਰੂਪ ਹੈਂ। ਤੂੰ ਹੀ ਥਲ ਰੂਪ ਹੈਂ। ਤੂੰ ਹੀ ਨਦਿਸ=ਸਮੁੰਦਰ ਰੂਪ ਹੈਂ। ਤੂੰ ਹੀ (ਨਦਸ) ਬ੍ਰਹਮ ਨਦ ਰੂਪ ਹੈਂ। ਤੂੰ ਹੀ ਬ੍ਰਿਛ ਰੂਪ ਹੈਂ। ਤੂੰ ਹੀ ਪੱਤੇ ਰੂਪ ਹੈਂ। ਤੂੰ ਹੀ ਪ੍ਰਿਥਵੀ ਰੂਪ ਹੈਂ। ਤੂੰ ਹੀ ਉਰਧਸ=ਆਕਾਸ਼ ਰੂਪ ਹੈਂ। ਤੂੰ ਹੀ ਭਜਨੇ ਯੋਗ ਹੈਂ ਮਨ ਕਰ ਕੇ। ਤੂੰ ਹੀ ਭਜਨੇ ਯੋਗ ਹੈਂ ਬਾਣੀ ਕਰ ਕੇ। ਤੂੰ ਹੀ ਰਟਨੇ ਯੋਗ ਹੈਂ ਸਰੀਰ ਕਰ ਕੇ। ਤੂੰ ਹੀ ਸਭ ਬਾਵਾਂ ਦੇ ਬਨਾਉਣ ਵਾਲਾ ਹੈਂ। ਜਿਮੀ=ਪ੍ਰਿਥਵੀ ਰੂਪ ਭੀ ਤੂੰ ਹੀ ਹੈਂ। ਜਮਾ=ਆਕਾਸ਼ ਰੂਪ ਭੀ ਤੂੰ ਹੀ ਹੈਂ। ਮਕੀ=ਮਕਾਨ ਰੂਪ ਭੀ ਤੂੰ ਹੀ ਹੈਂ। ਮਕਾ=ਮਕਾਨਾਂ ਵਾਲੇ ਮਨੁੱਖ ਰੂਪ ਭੀ ਤੂੰ ਹੀ ਹੈਂ। ਅਭੂ=ਅਸਚਰਜ ਰੂਪ ਭੀ ਤੂੰ ਹੀ ਹੈਂ। ਨਿਰਖੌਫ ਰੂਪ ਭੀ ਤੂੰ ਹੀ ਹੈਂ। ਛੂਤ ਛਾਤ ਤੋਂ ਰਹਿਤ ਭੀ ਤੂੰ ਹੀ ਹੈਂ। ਨਾਸ ਤੋਂ ਰਹਿਤ ਭੀ ਤੂੰ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਹੀ ਹੈਂ। ਜਤਿੰਦਰੇ ਰੂਪ ਭੀ ਤੂੰ ਹੀ ਹੈਂ। ਬਰਤ ਰੂਪ ਭੀ ਤੂੰ ਹੀ ਹੈਂ। (ਗਤਸ) ਗਤੀ ਰੂਪ ਭੀ ਤੂੰ ਹੀ ਹੈਂ। (ਮਤਸ) ਮੱਛੀ ਤੇ ਮਤੀ ਰੂਪ ਭੀ ਤੂੰ ਹੀ ਹੈਂ। ਤਾਂ ਅਭਿਆਸ ਅੰਦਰ ਇਸਥਿਤ ਹੋ ਕੇ ਜਿਸ ਦੀਆਂ ਸਿਫ਼ਤਾਂ ਦਾ ਅੰਤ ਨਹੀਂ ਅਤੇ ਨਾ ਹੀ ਕਹਿਣ ਦਾ ਅੰਤ ਹੈ।

ਧਾਰਮਿਕ ਗ੍ਰੰਥਾਂ ਅੰਦਰ ਚਾਰਾਂ ਯੁੱਗਾਂ ਦੀ ਉਮਰ ਇਸ ਤਰ੍ਹਾਂ ਲਿਖੀ ਮਿਲਦੀ ਹੈ :

੧. ਸਤਿਜੁਗ ਦੀ ਉਮਰ ੧੭ ਲੱਖ ੨੮ ਹਜ਼ਾਰ ਸਾਲ ਹੈ।

੨. ਤਰੇਤਾ ਯੁੱਗ ਦੀ ਉਮਰ ੧੨ ਲੱਖ ੯੬ ਹਜ਼ਾਰ ਸਾਲ ਹੈ।

੩. ਦੁਆਪਰ ਯੁੱਗ ਦੀ ਉਮਰ ੮ ਲੱਖ ੬੪ ਹਜ਼ਾਰ ਸਾਲ ਹੈ।

੪. ਕਲਿਜੁਗ ਦੀ ਉਮਰ ੪ ਲੱਖ ੩੨ ਹਜ਼ਾਰ ਸਾਲ ਹੈ।

**ਸੱਤ੍ਰਿਹ ਲਾਖ ਹਜ਼ਾਰ ਅਠਾਈਸ ਹੈ ਯੁੱਗ ਸਤ ਚਹੁੰ ਪਗੁ ਜਾਨੋ।**
**ਬਾਰਹਿ ਲਾਖ ਹਜ਼ਾਰ ਛਿਆਨਵੇਂ ਤੇਤਾ ਤਹਾਂ ਪਗ ਤੀਨ ਬਖਾਨੋ।**
**ਆਠਹਿ ਲਾਖ ਹਜ਼ਾਰ ਜੋ ਚੌਸਠ ਦਵਾਪਰ ਦਵੈ ਪਗ ਧਰਮ ਕੇ ਮਾਨੋ।**
**ਚਾਰ ਲਾਖ ਬਤੀਸ ਹਜ਼ਾਰ ਕੋ ਹੈ ਕਲਿ ਏਕ ਪਗੈ ਠਹਰਾਨੋ॥ 39॥**

(ਅਧਿਆਤਮ ਪ੍ਰਕਾਸ਼)

ਤ੍ਰਿਤਾਲੀ ਲੱਖ ੨੦ ਹਜ਼ਾਰ ਸਾਲ ਬੀਤ ਜਾਣ ਤੋਂ ਚਾਰਾਂ ਯੁੱਗਾਂ ਦੀ ਇਕ ਚੌਕੜੀ ਬਣਦੀ ਹੈ। ਇਸ ਤਰ੍ਹਾਂ ਦੀ ਹਜ਼ਾਰ ਚੌਕੜੀ ਬੀਤ ਜਾਣ ਤੋਂ ਬ੍ਰਹਮਾ ਜੀ ਦਾ ਇਕ ਦਿਨ ਬਣਦਾ ਹੈ। ਜਿਸ ਤਰ੍ਹਾਂ ਬ੍ਰਹਮਾ ਦਾ ਦਿਨ ਹੈ, ਇਸੇ ਤਰ੍ਹਾਂ ਦੀ ਬ੍ਰਹਮਾ ਦੀ ਰਾਤ ਦੱਸੀ ਹੈ :

**ਲਾਖ ਤਿਤਾਲੀ ਵਰਖ ਅਰੁ, ਬੀਤੇ ਬੀਸ ਹਜਾਰ।**
**ਏਕ ਚੌਕੜੀ ਯੁਗਨ ਕੀ ਤੋਕੋ ਕਹਯੋ ਬਿਚਾਰ।**
**ਐਸੀ ਐਸੀ ਚੌਕੜੀ ਯੁਗ ਜਬ ਜਾਇ ਹਜਾਰ।**
**ਬ੍ਰਹਮਾ ਜੂਕੋ ਏਕ ਦਿਨ ਤਬ ਕਹੀਯਤ ਨਿਰਧਾਰ।**

ਇਸ ਤਰ੍ਹਾਂ ਜਿਸ ਸਮੇਂ ਚਾਰਾਂ ਯੁੱਗਾਂ ਦੀ ਇਕ ਚੌਕੜੀ ਪੂਰੀ ਹੋ ਜਾਂਦੀ ਹੈ ਤਾਂ ਬ੍ਰਹਮਾ ਦਾ ਦਿਨ ਪੂਰਾ ਹੋ ਕੇ ਰਾਤ ਆ ਜਾਂਦੀ ਹੈ। ਮਾਤ ਲੋਕ ਵਿਚ ਉਸ ਸਮੇਂ ਅਵਾਂਤ੍ਰ ਪਰਲੋ ਆਉਂਦੀ ਹੈ।

ਮਹਾਂ ਪਰਲੋ ਬ੍ਰਹਮਾ ਜੀ ਦੇ ਮਰਨ ਸਮੇਂ ਹੁੰਦੀ ਹੈ :

**ਮਹਾਂ ਪਰਲੋ ਹਵੈ ਮਰਨ ਤੇ, ਯਹੈ ਬਾਤ ਨਿਰਧਾਰ।**
**ਸ੍ਰਿਸਟ ਰਹੇ ਦਿਨ ਕੇ ਉਦੇ, ਰਾਤ ਪ੍ਰਲ ਹਵੈ ਜਾਤ।**

ਇਸ ਲਈ ਇਹ ਸਾਰੇ ਛੋਟੇ ਵੱਡੇ ਦੇਵਤੇ ਵੀ ਉਸ ਅਬਿਨਾਸੀ ਪ੍ਰਭੂ ਦੇ ਲਿਖੇ ਸਮੇਂ ਅਨੁਸਾਰ ਮਰ ਜਾਂਦੇ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਹਨ। ਸਾਰੇ ਅਵਤਾਰ ਵੀ ਉਸ ਅਬਿਨਾਸੀ ਪ੍ਰਭੂ ਦੇ ਹੁਕਮ ਅਨੁਸਾਰ ਜੰਮਦੇ ਮਰਦੇ ਰਹਿੰਦੇ ਹਨ।

**ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵ ਜੂ ਅਵਤਰਾ॥**
**ਕਾਲ ਪਾਇ ਕਰ ਬਿਸਨੁ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥**

(ਚੌਪਈ ਸਾਹਿਬ, ਦਸਮ ਗ੍ਰੰਥ ਸਾਹਿਬ)

**ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ,**
**ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥**
**ਬ੍ਰਹਮਾ ਅਰ ਬਿਸਨ ਕੇਤੇ, ਬੇਦ ਅਉ ਪੁਰਾਨ ਕੇਤੇ,**
**ਸਿਮ੍ਰਤ ਸਮੂਹਨ ਕੇ ਹੁਏ ਹੁਏ ਬਿਤਏ ਹੈਂ॥**
**ਮੋਨਦੀ ਮੋਦਾਰ ਕੇਤੇ, ਅਸਨੀ ਕੁਮਾਰ ਕੇਤੇ,**
**ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥**
**ਪੀਰ ਔ ਪੈਕਾਂਬਰ ਕੇਤੇ, ਗਨੇ ਨ ਪਰਤ ਏਤੇ,**
**ਭੂਮ ਹੀ ਤੇ ਹੋਇ ਕੇ ਫਿਰ ਭੂਮ ਹੀ ਮਿਲਏ ਹੈਂ॥**

(ਦਸਮ ਗ੍ਰੰਥ ਸਾਹਿਬ)

ਧਾਰਮਿਕ ਗ੍ਰੰਥਾਂ ਅੰਦਰ ਚਾਰ ਤਰ੍ਹਾਂ ਦੀ ਪਰਲੋ ਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ—ਪਰਲਉ ਜਾਂ ਪ੍ਰਲਯ ਦਾ ਭਾਵ ਹੈ ਚੰਗੀ ਤਰ੍ਹਾਂ ਲੀਨ ਹੋਣਾ, ਲੈ ਨੂੰ ਹੋਣਾ। ਪੁਰਾਣਾਂ ਵਿਚ ਪ੍ਰਲਯ ਦਾ ਅਰਥ ਹੈ ਸੰਸਾਰ ਦਾ ਲੀਨ ਹੋਣਾ। ਵਿਸ਼ਨੂੰ ਪੁਰਾਣ ਦੇ ਅੰਸ਼ ੧ ਅਧਿਆਏ ੭ ਵਿਚ ਲੇਖ ਹੈ ਕਿ ਜੀਵ ਦੇ ਨਿਤਯ ਮਰਨ ਦਾ ਨਾਮ ਨਿਤਯ ਪ੍ਰਲਯ, ਬ੍ਰਹਮਾ ਦੇ ਸੌਣ ਪੁਰ ਨੈਮਿਤਿਕ ਪ੍ਰਲਯ, ਬ੍ਰਹਮਾ ਦੇ ਮਰਨ ਪੁਰ ਪ੍ਰਾਕਿਤਕ ਪ੍ਰਲਯ, ਗਯਾਨ ਦੁਆਰਾ ਆਤਮ ਵਿਚ ਲੀਨ ਹੋਣ ਤੋਂ ਆਤਯੰਤਿਕ ਪ੍ਰਲਯ ਹੁੰਦੀ ਹੈ। (ਮਹਾਨ ਕੋਸ਼)

ਚਾਰ ਤਰ੍ਹਾਂ ਦੀ ਪਰਲਉ ਕਿਸ ਨੂੰ ਕਹਿੰਦੇ ਹਨ ?-

੧. ਨਿਤ ਪਰਲਉ—ਜਿਹੜਾ ਸੌਂ ਜਾਣਾ ਹੈ, ਇਸ ਨੂੰ ਨਿਤ ਪਰਲੋ ਕਥਨ ਕੀਤਾ ਹੈ।

੨. ਨਮਿਤ ਪਰਲਉ—ਕਰਤੇ ਨੇ ਜੋ ਉਮਰ ਮਨੁੱਖ ਨੂੰ ਦਿੱਤੀ ਹੈ, ਉਸ ਨੂੰ ਭੋਗ ਕੇ ਜਦ ਮਨੁੱਖ ਸਰੀਰ ਛੱਡਦਾ ਹੈ ਭਾਵ ਮਰਦਾ ਹੈ, ਉਸ ਨੂੰ ਨਮਿਤ ਪਰਲੋ ਦੱਸਿਆ ਹੈ।

੩. ਅਵਾਂਤ੍ਰ ਪਰਲਉ—ਜਿਸ ਸਮੇਂ ਮਾਤ ਲੋਕ ਦੇ ਸਾਰੇ ਜੀਅ ਜੰਤ ਖ਼ਤਮ ਹੋ ਜਾਂਦੇ ਹਨ। ਸਾਰੀ ਧਰਤੀ ਉਪਰ ਜਲ ਹੀ ਜਲ ਹੋ ਜਾਂਦਾ ਹੈ, ਇਸ ਸਮੇਂ ਬ੍ਰਹਮਪੁਰੀ, ਵਿਸ਼ਨੂ ਪੁਰੀ, ਸ਼ਿਵਪੁਰੀ, ਇੰਦ੍ਰਪੁਰੀ ਆਦਿ ਲੋਕ ਕਾਇਮ ਰਹਿੰਦੇ ਹਨ, ਸਿਰਫ ਮਾਤ ਲੋਕ ਦੇ ਜੀਅ ਜੰਤ ਖ਼ਤਮ ਹੋ ਜਾਂਦੇ ਹਨ। ਇਸ ਨੂੰ ਅਵਾਂਤ੍ਰ ਪਰਲੋ ਕਥਨ ਕੀਤਾ ਹੈ।

੪. ਮਹਾਂ ਪਰਲਉ—ਜਿਸ ਸਮੇਂ ਸਾਰੀਆਂ ਪੁਰੀਆਂ ਦੇ ਦੇਵਤੇ, ਅਵਤਾਰਾਂ, ਪੀਰਾਂ, ਪੈਗ਼ੰਬਰਾਂ ਤੇ ਮਾਤ

ਲੋਕ ਦੇ ਜੀਆਂ ਦੇ ਕਰਮ ਫਲ ਦੇਣ ਨੂੰ ਸ਼ਾਂਤ ਹੋ ਜਾਂਦੇ ਹਨ ਤਾਂ ਸਾਰੇ ਜੀਵ ਧਰਤੀ ਉੱਤੇ ਲਯ ਹੋ ਜਾਂਦੇ ਹਨ। ਧਰਤੀ ਪਾਣੀ ਵਿਚ ਲਯ ਹੋ ਜਾਂਦੀ ਹੈ, ਪਾਣੀ ਅਗਨੀ ਵਿਚ, ਅਗਨੀ ਹਵਾ ਵਿਚ, ਹਵਾ ਅਕਾਸ਼ ਵਿਚ, ਅਕਾਸ਼ ਮਾਇਆ ਵਿਚ ਅਤੇ ਮਾਇਆ ਤਿਲ ਰੂਪ ਹੋ ਕੇ ਅੰਤ ਨੂੰ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ। ਇਸ ਨੂੰ ਮਹਾਂ ਪਰਲੋ ਕਹਿੰਦੇ ਹਨ। ਇਸ ਸਮੇਂ ਤਿੰਨੇ ਲੋਕ ਤੇ ਸਾਰੀਆਂ ਪੁਰੀਆਂ ਖ਼ਤਮ ਹੋ ਜਾਂਦੀਆਂ ਹਨ, ਕਿਉਂਕਿ ਕਰਤੇ ਅਬਿਨਾਸੀ ਪੁਰਖ ਪ੍ਰਮਾਤਮਾ ਨੇ ਜਿਸ ਤਰ੍ਹਾਂ ਮਨੁੱਖਾਂ ਦੀਆਂ ਉਮਰਾਂ ਲਿਖੀਆਂ ਹਨ, ਇਸੇ ਤਰ੍ਹਾਂ ਬ੍ਰਹਮਾ ਆਦਿ ਸਭ ਦੇਵਤਿਆਂ ਦੀਆਂ ਉਮਰਾਂ ਭੀ ਲਿਖੀਆਂ ਮਿਲੀਆਂ ਹਨ।

**ਬ੍ਰਹਮਾ ਜੂਕੇ ਜਨਮ ਤੇ ਪ੍ਰਗਟ ਹੋਤ ਸੰਸਾਰ।**
**ਮਹਾਂ ਪ੍ਰਲਯ ਹਵੈ ਮਰਨ ਤੇ ਯਹੈ ਬਾਤ ਨਿਰਧਾਰ।** (ਅਧਿਆਤਮ ਪ੍ਰਕਾਸ਼)

ਬ੍ਰਹਮਾ ਦੇ ਇਕ ਦਿਨ ਨੂੰ ਕਲਪ ਕਹਿੰਦੇ ਹਨ। ਇਸ ਬ੍ਰਹਮਾ ਦੇ ਇਕ ਦਿਨ ਵਿਚ ਚੌਦਾਂ ਇੰਦ੍ਰ ਰਾਜ ਕਰ ਕੇ ਖ਼ਤਮ ਹੋ ਜਾਂਦੇ ਹਨ।

**ਬ੍ਰਹਮਾ ਹੀ ਕੇ ਦਿਵਸ ਕੋ ਕਲਪ ਕਹੇਂ ਸਭ ਤਾਤ।**
**ਜਾਂ ਮਹਿ ਚੌਦਹਿ ਇੰਦ੍ਰ ਹਵੈ, ਰਾਜ ਕਰਤ ਮਿਟ ਜਾਤ।** (ਅਧਿਆਤਮ ਪ੍ਰਕਾਸ਼)

**ਚਉਦਹ ਇੰਦ੍ਰ ਵਿਣਾਸੁ ਕਾਲਿ ਬ੍ਰਹਮੇ ਦਾ ਇਕੁ ਦਿਵਸੁ ਵਿਹਾਵੈ।**
**ਧੰਧੇ ਹੀ ਬ੍ਰਹਮਾ ਮਰੈ ਲੋਮਸ ਦਾ ਇਕੁ ਰੋਮ ਛਿਜਾਵੈ।**

(ਵਾਰ ੧੨, ਪਉੜੀ ੧੦)

**ਓਪਤਿ ਪਰਲਉ ਖਿਨ ਮਹਿ ਕਰਤਾ॥** (ਅੰਗ 387)

**ਜਿਨਿ ਕੀਏ ਰੰਗ ਅਨਿਕ ਪਰਕਾਰ॥ ਓਪਤਿ ਪਰਲਉ ਨਿਮਖ ਮਝਾਰ॥**

(ਅੰਗ 862)

**ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ॥ 2॥** (ਅੰਗ ੧੧8੬)

ਸੰਪ੍ਰਦਾਈ ਵੀਚਾਰ—ਦੋ ਮਨੁੱਖ ਇਕੱਠੇ ਆਪਸ ਵਿਚ ਬਹਿਸ ਰਹੇ ਸਨ। ਇਕ ਇਸ ਦੁਨੀਆਂ ਦੀ, ਇਥੋਂ ਦੇ ਸੋਹਣੇ ਮਕਾਨਾਂ ਮੰਦਰਾਂ ਦੀ ਸਿਫ਼ਤ ਕਰ ਰਿਹਾ ਸੀ। ਦੂਸਰਾ ਸ੍ਵਰਗ ਦੇ ਸੁੱਖਾਂ ਦੀ ਸ਼ਲਾਘਾ ਕਰ ਰਿਹਾ ਸੀ। ਝੂਠੀ ਰਚਨਾ ਦੀ ਝੂਠੀ ਸਿਫ਼ਤ ਸ਼ਲਾਘਾ ਵਿਚ ਲੱਗਿਆਂ ਨੂੰ ਵੇਖ ਕੇ ਹਜ਼ੂਰ ਨੇ ਇਸ ਸ਼ਬਦ ਰਾਹੀਂ ਉਪਦੇਸ਼ ਬਖ਼ਸ਼ਿਆ ਹੈ :

ਰਾਗੁ ਸੂਹੀ ਮਹਲਾ 3 ਘਰੁ ੧੦ ੧ੴ ਸਤਿਗੁਰ ਪ੍ਰਸਾਦਿ॥

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥ ੧॥ ਵਾਹੁ ਮੇਰੇ ਸਾਹਿਬਾ ਵਾਹੁ॥ ਗੁਰਮੁਖਿ ਸਦਾ

ਸਲਾਹੀਐ ਸਚਾ ਵੇਪਰਵਾਹੁ ॥ ੧ ॥ ਰਹਾਉ ॥ ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥ 2 ॥ ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥ 3 ॥ ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ 4 ॥ ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ 5 ॥ ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ 6 ॥ ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥ ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥ 7 ॥ ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥ 8 ॥ ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥ ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥ 9 ॥ ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥ ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥ ੧0 ॥ ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥ ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥ ੧੧ ॥ ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥ ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥ ੧2 ॥

ਪਦ ਅਰਥ :- ਦੁਨੀਆ ਨ ਸਾਲਾਹਿ=ਦੁਨੀਆਂ ਦੀ ਖ਼ੁਸ਼ਾਮਦ, ਵਡਿਆਈ ਨਾ ਕਰ। ਮਰਿ ਵੰਞਸੀ=ਮਰ ਜਾਵੇਗੀ। ਖਾਕੁ ਥੀਈ=ਮਿੱਟੀ ਹੋ ਜਾਵੇਗੀ। ਗੁਰਮੁਖਿ=ਗੁਰੂ ਦੇ ਰਾਹੀਂ। ਕੇਰੀ=ਦੀ। ਦਝਿ=ਸੜ ਕੇ। ਮਰੰਨਿ=ਮਰਦੇ ਹਨ। ਮਾਰੀਅਹਿ=ਮਰ ਜਾਂਦੇ ਹਨ। ਵੇਲਾ=(ਮਨੁੱਖਾ ਜਨਮ ਦਾ) ਸਮਾਂ, ਮੌਕਾ। ਸਕਾਰਥਾ=ਸਫਲ। ਸਹਜੇ=ਆਤਮਕ ਅਡੋਲਤਾ ਵਿਚ। ਸੁਖਿ=ਸੁਖ (ਅਨੰਦ) ਵਿਚ। ਦੂਜੈ ਭਾਇ=ਦ੍ਵੈਤ ਭਾਵ ਵਿਚ। ਤਿਸਨਾ=ਤ੍ਰਿਸ਼ਨਾ। ਨ ਉਤਰੈ=ਨਹੀਂ ਲਹਿੰਦੀ। ਅਨਦਿਨੁ=ਰਾਤ ਦਿਨ। ਜਲਤ ਫਿਰੰਨਿ=ਸੜਦੇ ਫਿਰਦੇ ਹਨ। ਦੁਸਟਾ ਨਾਲਿ=ਭੈੜਿਆਂ ਚੰਦਰਿਆਂ ਨਾਲ। ਕੁਟੰਬ ਸਿਉ=ਪਰਵਾਰ ਸਮੇਤ। ਕੁਲ=ਖ਼ਾਨਦਾਨ। ਡੋਬੰਨਿ=ਡੋਬ ਲੈਂਦੇ ਹਨ। ਕਰੰਨਿ=ਕਰਦੇ ਹਨ। ਨਰਕੇ ਘੋਰਿ=ਭਿਆਨਕ ਨਰਕ ਵਿਚ। ਪਵੰਨਿ=ਪੈਂਦੇ ਹਨ। ਏ ਮਨ=ਹੇ ਮਨ ! ਜੈਸਾ ਸੇਵਹਿ=ਜਿਹੋ ਜਿਹੇ ਦੀ ਸੇਵਾ (ਪੂਜਾ) ਕਰਦਾ ਹੈਂ। ਤੈਸਾ ਹੋਵਹਿ=ਉਹੋ ਜਿਹਾ ਬਣ ਜਾਏਂਗਾ। ਤੇਹੇ ਕਰਮ ਕਮਾਇ=ਓਹੋ ਜਿਹੇ ਕਰਮ ਕਮਾ ਕੇ। ਕਿਤੈ

ਪਰਥਾਇ=ਕਿਸੇ ਅਰਥ ਜਾਂ ਲਾਭ ਹਿਤ। ਤਿਲ ਨ ਤਮਾਇ=ਰੱਤਾ ਭਰ ਲਾਲਚ ਨਹੀਂ ਹੈ। ਗੁਣਕਾਰੀ=ਗੁਣ ਕਰਨ ਵਾਲੇ। ਸੰਘਰੈ=ਇਕੱਠਾ ਕਰਦੇ ਹਨ। ਅਵਰਾ=ਹੋਰਨਾਂ ਨੂੰ। ਉਪਦੇਸੇਨਿ=ਉਪਦੇਸ਼ ਦਿੰਦੇ ਹਨ। ਦੇਸੀ=ਦੇਵੇਗਾ। ਸੰਬਾਹਿ=ਪਹੁੰਚਾ ਕੇ। ਧਣੀ=ਮਾਲਕ। ਨਦਰਿ ਨਿਹਾਲਿ=ਨਜ਼ਰ ਨਾਲ ਭਾਵ ਅੱਖਾਂ ਖੋਲ੍ਹ ਕੇ ਵੇਖ। ਸਮਾਲਿ=ਯਾਦ ਕਰ। ਸਬਦਿ=ਸ਼ਬਦ ਦੁਆਰਾ।

ਅਰਥ :- (ਹੇ ਭਾਈ ! ਤੂੰ ਝੂਠੀ) ਦੁਨੀਆਂ ਦੀ (ਝੂਠੀ) ਖ਼ੁਸ਼ਾਮਦ ਨਾ ਕਰ ਜੋ ਮਰ ਜਾਏਗੀ (ਭਾਵ ਨਾਸ਼ ਹੋ ਜਾਵੇਗੀ)। ਲੋਕਾਂ ਦੀ ਸ਼ਲਾਘਾ ਵੀ ਨ ਕਰ ਜੋ ਮਰ ਕੇ ਮਿੱਟੀ ਹੋ ਜਾਣਗੇ।੧।

(ਹੇ ਭਾਈ ਗੁਰਮੁਖ ਉਸ ਪ੍ਰਭੂ ਦੀ ਸਦਾ ਇਸ ਤਰ੍ਹਾਂ ਸ਼ਲਾਘਾ ਕਰਦੇ ਹਨ) ਕਿ ਹੇ ਮੇਰੇ ਮਾਲਕ ਪ੍ਰਭੂ ਜੀ ! ਤੂੰ ਅਸਚਰਜ ਤੇ ਸਾਲਾਹੁਣ ਯੋਗ ਹੈਂ। (ਹੇ ਭਾਈ !) ਸਦਾ ਥਿਰ ਰਹਿਣ ਵਾਲਾ ਤੇ ਵੇਪਰਵਾਹ (ਪ੍ਰਭੂ ਹੈ ਅਥਵਾ ਉਸ ਨੂੰ) ਗੁਰੂ ਦੁਆਰਾ ਸਦਾ ਸਲਾਹੁਣਾ ਚਾਹੀਦਾ ਹੈ।੧। ਰਹਾਉ।

(ਹੇ ਭਾਈ !) ਇਹ ਝੂਠੀ ਦੁਨੀਆਂ ਦੀ ਦੋਸਤੀ (ਪਿੱਛੇ) ਮਨਮੁਖ (ਜੀਵ) ਸੜ ਮਰਦੇ ਹਨ। ਉਹ ਜਮ ਰਾਜ ਦੇ ਦਰ ਉੱਤੇ ਬੱਧੇ ਹੋਏ ਮਾਰੇ ਜਾਂਦੇ ਹਨ (ਅਤੇ ਮੁੜ ਕੇ ਮਨੁੱਖਾ ਜਨਮ ਦਾ) ਸਮਾਂ (ਮੌਕਾ) ਨਹੀਂ ਪ੍ਰਾਪਤ ਕਰ ਸਕਦੇ।੨।

ਪ੍ਰਭੂ ਪਿਆਰੇ ਗੁਰਮੁਖਾਂ ਦਾ ਜਨਮ ਸਫਲ ਹੁੰਦਾ ਹੈ (ਕਿਉਂਕਿ ਉਹ) ਸੱਚੇ (ਵਾਹਿਗੁਰੂ) ਦੇ ਸ਼ਬਦ ਵਿਚ ਲੱਗ ਜਾਂਦੇ ਹਨ (ਭਾਵ ਜੁੜ ਜਾਂਦੇ ਹਨ)। ਉਨ੍ਹਾਂ ਦੇ (ਹਿਰਦੇ ਵਿਚ) ਪਰਮਾਤਮਾ ਪ੍ਰਕਾਸ਼ਮਾਨ ਹੈ (ਅਤੇ ਉਹ) ਅਡੋਲ ਅਵਸਥਾ ਦੇ (ਆਤਮਿਕ) ਸੁਖ ਵਿਚ (ਲੀਨ) ਰਹਿੰਦੇ ਹਨ।੩।

(ਮਨਮੁਖਾਂ ਦਾ ਜ਼ਿਕਰ ਚੱਲਿਆ ਹੈ, ਉਹਨਾਂ ਨੇ) ਗੁਰੂ ਦਾ ਸ਼ਬਦ (ਉਪਦੇਸ਼) ਭੁਲਾ ਦਿੱਤਾ ਹੈ (ਅਤੇ ਉਹ) ਦ੍ਵੈਤ ਭਾਵ ਵਿਚ ਰਚੇ ਰਹਿੰਦੇ ਹਨ। (ਉਨ੍ਹਾਂ ਦੀ ਮਾਇਕ ਪਦਾਰਥਾਂ ਦੀ) ਤ੍ਰਿਸ਼ਨਾ ਤੇ ਭੁੱਖ ਨਹੀਂ ਲਹਿੰਦੀ, ਦਿਨ ਰਾਤ (ਤ੍ਰਿਸ਼ਨਾ ਦੀ ਅੱਗ ਵਿਚ) ਸੜਦੇ ਫਿਰਦੇ ਰਹਿੰਦੇ ਹਨ।੪।

ਮਨਮੁਖ ਜੀਵ (ਉਹ) ਭੈੜਿਆਂ ਦੁਸ਼ਟਾਂ ਚੰਦਰਿਆਂ ਨਾਲ ਦੋਸਤੀ (ਪਾਂਦੇ ਹਨ ਅਤੇ) ਸੰਤਾਂ (ਸਤਿਪੁਰਸ਼ਾਂ) ਨਾਲ ਵੈਰ ਕਰਦੇ ਹਨ। (ਉਹ) ਆਪ ਆਪਣੇ ਪਰਵਾਰ ਸਮੇਤ (ਸੰਸਾਰ ਸਮੁੰਦਰ ਵਿਚ) ਡੁੱਬ ਜਾਂਦੇ ਹਨ (ਅਤੇ ਆਪਣੀਆਂ) ਸਾਰੀਆਂ ਕੁੱਲਾਂ ਨੂੰ ਡੋਬ ਲੈਂਦੇ ਹਨ।੫।

ਸੰਸਾਰ ਅੰਦਰ ਕਿਸੇ ਮਨੁੱਖ ਦੀ ਵੀ ਨਿੰਦਿਆ ਕਰਨੀ ਚੰਗੀ ਨਹੀਂ ਹੁੰਦੀ (ਪਰ) ਆਪ-ਹੁਦਰੇ ਮੂਰਖ (ਦੂਜਿਆਂ ਦੀ ਨਿੰਦਿਆ) ਕਰਦੇ ਹਨ। ਓਹਨਾਂ ਨਿੰਦਕਾਂ ਦੇ (ਲੋਕ ਪਰਲੋਕ ਵਿਚ) ਮੂੰਹ ਕਾਲੇ ਹੁੰਦੇ ਹਨ (ਅਤੇ ਅੰਤ ਨੂੰ ਓਹ) ਘੋਰ ਨਰਕ ਵਿਚ ਪੈਂਦੇ ਹਨ।੬।

ਹੇ ਮੇਰੇ ਪਿਆਰੇ ਮਨ ! ਜਿਹੋ ਜਿਹੇ ਦੀ ਤੂੰ ਸੇਵਾ ਕਰਦਾ ਹੈਂ, ਉਹੋ ਜਿਹੇ ਕਰਮ ਕਮਾ ਕੇ (ਤੂੰ) ਉਹੋ ਜਿਹਾ ਬਣ ਜਾਵੇਂਗਾ। (ਇਹ ਕੁਦਰਤੀ ਨਿਯਮ ਹੈ ਕਿ) ਆਪ ਬੀਜ ਕੇ (ਭਾਵ ਆਪ ਕੰਮ ਕਰਕੇ) ਆਪ ਹੀ (ਉਸ ਦਾ ਚੰਗਾ ਮੰਦਾ ਫਲ) ਖਾਣਾ ਪੈਂਦਾ ਹੈ, (ਇਸ ਦੇ ਉਲਟ) ਹੋਰ ਕੁਝ ਆਖਿਆ ਨਹੀਂ ਜਾ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸਕਦਾ।੭।

(ਹੇ ਭਾਈ !) ਪ੍ਰਭੂ ਪਿਆਰੇ ਮਹਾਂ ਪੁਰਸ਼ਾਂ ਦਾ ਬੋਲਣਾ (ਬਚਨ) ਕਿਸੇ ਪ੍ਰਸੰਗ ਅਨੁਸਾਰ (ਕਿਸੇ ਨ ਕਿਸੇ ਪ੍ਰਤੀ ਉਚਾਰਨ) ਹੁੰਦਾ ਹੈ। ਉਹ (ਮਹਾਂ ਪੁਰਸ਼) ਅੰਮ੍ਰਿਤ (ਨਾਮ ਦੇ ਰਸ ਨਾਲ) ਪੂਰੀ ਤਰ੍ਹਾਂ ਭਰੇ ਹੋਏ ਹੁੰਦੇ ਹਨ (ਅਤੇ) ਉਹਨਾਂ ਨੂੰ ਰਤਾ ਭਰ (ਕਿਸੇ ਦੁਨਿਆਵੀ ਪਦਾਰਥ ਦਾ) ਲਾਲਚ ਨਹੀਂ ਹੁੰਦਾ।੮।

(ਹੇ ਭਾਈ ! ਪਰਉਪਕਾਰ) ਗੁਣ ਕਰਨ ਵਾਲੇ (ਪਰਉਪਕਾਰੀ ਗੁਰਮੁਖ ਹਮੇਸ਼ਾ) ਸ਼ੁਭ ਗੁਣ ਇਕੱਠੇ ਕਰਦੇ ਹਨ (ਅਤੇ) ਹੋਰਨਾਂ ਨੂੰ (ਗੁਣ ਇਕੱਠੇ ਕਰਨ ਦਾ ਹੀ) ਉਪਦੇਸ਼ ਦਿੰਦੇ ਹਨ। ਉਹ (ਮਨੁੱਖ) ਵੱਡੇ ਭਾਗਾਂ ਵਾਲੇ ਹਨ ਜਿਹੜੇ ਉਹਨਾਂ ਨੂੰ ਮਿਲ ਕੇ (ਭਾਵ ਦਰਸ਼ਨ ਕਰ ਕੇ ਉਨ੍ਹਾਂ ਦੀ ਸੰਗਤਿ ਵਿਚ) ਮਿਲ ਕੇ ਰਹਿੰਦੇ ਹਨ (ਅਤੇ) ਦਿਨ ਰਾਤ (ਪਰਮੇਸ਼ਰ ਦਾ) ਨਾਮ ਲੈਂਦੇ (ਜਪਦੇ) ਰਹਿੰਦੇ ਹਨ।੯।

(ਹੇ ਭਾਈ !) ਜਿਸ ਅਕਾਲ ਪੁਰਖ ਪ੍ਰਮਾਤਮਾ ਨੇ ਸ੍ਰਿਸ਼ਟੀ ਪੈਦਾ ਕੀਤੀ ਹੈ, (ਉਹ ਸਭ ਜੀਆਂ ਨੂੰ) ਰਿਜ਼ਕ (ਪਹੁੰਚਾਉਂਦਾ ਹੈ ਅਤੇ ਪਹੁੰਚਾਏਗਾ)। ਸੱਚਾ ਵਾਹਿਗੁਰੂ ਆਪ ਹੀ (ਜੋ ਸਭ ਦਾ) ਮਾਲਕ ਹੈ, ਇਕੋ ਇਕ ਦਾਤਾ ਹੈ।੧੦।

(ਹੇ ਭਾਈ !) ਉਹ ਸਦਾ ਥਿਰ ਰਹਿਣ ਵਾਲਾ (ਪ੍ਰਭੂ) ਤੇਰੇ ਨਾਲ ਹੈ, (ਤੂੰ) ਗੁਰੂ ਦੁਆਰਾ ਆਪਣੀਆਂ (ਆਤਮਿਕ) ਅੱਖਾਂ ਖੋਲ੍ਹ ਕੇ ਉਸ ਨੂੰ (ਚੰਗੀ ਤਰ੍ਹਾਂ) ਵੇਖਣਾ ਕਰ। ਤਾਂ ਫੇਰ ਉਹ ਆਪ ਹੀ ਬਖ਼ਸ਼ ਕੇ (ਤੈਨੂੰ ਆਪਣੇ ਨਾਲ) ਮੇਲ ਲਵੇਗਾ, (ਇਸ ਲਈ ਤੂੰ) ਉਸ ਪ੍ਰਭੂ ਨੂੰ (ਸਦਾ ਹਿਰਦੇ ਵਿਚ) ਯਾਦ ਰੱਖ।੧੧।

(ਹੇ ਭਾਈ !) ਮਨ ਮੈਲਾ ਹੈ (ਤੇ) ਸੱਚ (ਸਰੂਪ ਪ੍ਰਭੂ) ਸਦਾ ਪਵਿੱਤਰ ਹੈ, (ਉਸ ਨੂੰ ਮੈਲਾ ਜੀਵ ਆਪਣੇ ਆਪ) ਕਿਸ ਤਰ੍ਹਾਂ ਮਿਲ ਸਕਦਾ ਹੈ। ਪਰ ਜੇ ਪ੍ਰਭੂ ਮੇਲੇ ਤਾਂ (ਜੀਵ ਗੁਰੂ ਦੇ) ਸ਼ਬਦ ਦੁਆਰਾ (ਆਪਣੀ) ਹਉਮੈ ਸਾੜ ਕੇ ਮਿਲ ਸਕਦਾ ਹੈ।੧੨।

ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥ ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥ ੧3 ॥ ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥ ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥ ੧4 ॥ ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥ ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥ ੧5 ॥ ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥ ੧6 ॥ ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ॥ ੧7 ॥ ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥ ੧8 ॥ ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਕਮਾਵਣਾ ਕੋਇ ਨ ਮੇਟਣਹਾਰ ॥ ੧੯ ॥ ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥ ੨੦ ॥ ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥ ੨੧ ॥ ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ ॥ ੨੨ ॥ ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥ ੨੩ ॥**

ਪਦ ਅਰਥ :- ਧ੍ਰਿਗੁ=ਫਿਟਕਾਰ ਜੋਗ।੧੩। ਮਿਲਿ ਰਹਾ=ਮਿਲਿਆ ਰਹਾਂ। ਰਖਾ=ਮੈਂ ਰੱਖਾਂ। ਉਰ ਧਾਰਿ=ਹਿਰਦੇ ਵਿਚ ਟਿਕਾ ਕੇ।੧੪। ਪਿਆਰਿ=ਪਿਆਰ ਦੁਆਰਾ। ਪਿਰੁ ਸਾਲਾਹੀ=ਪਤੀ (ਪਰਮੇਸ਼ਰ) ਨੂੰ ਸਲਾਹੁੰਦੀ ਹੈ। ਸੋਭਾਵੰਤੀ=ਸ਼ੋਭਾ ਵਾਲੀ। ਨਾਰਿ=ਇਸਤਰੀ।੧੫। ਕਠੋਰ=ਕਰੜਾ, ਸਖ਼ਤ। ਨਿਕੋਰ=ਨਿਰੋਲ।੧੬। ਵਣਜਾਰੇ=ਵਣਜ, ਵਪਾਰ ਕਰਨ ਵਾਲੇ। ਓਥੈ=ਉਸ (ਸੱਚੇ ਦਰਬਾਰ) ਵਿਚ। ਨਾ ਟਿਕੰਨਿ=ਨਹੀਂ ਟਿਕਦੇ, ਠਹਿਰਦੇ। ਪਚੰਨਿ=ਸੜਦੇ, ਨਾਸ਼ ਹੁੰਦੇ ਹਨ।੧੮। ਪਇਐ ਕਿਰਤਿ=ਪਈ ਹੋਈ ਕਿਰਤ ਅਨੁਸਾਰ।੧੯। ਸਾਲਾਹੀ=ਸਲਾਹੁੰਦਾ ਹੈ। ਮਨਿ=ਮਨ ਵਿਚ।੨੦। ਵਡ=ਵੱਡਾ। ਠਾਕਿ ਰਹਾਇ=ਰੋਕ ਕੇ ਰੱਖਦਾ ਹੈ।੨੧। ਸਾਲਾਹੀ=ਮੈਂ ਸਲਾਹੁੰਦਾ ਹਾਂ। ਲਾਗਾ ਪਾਇ=ਮੈਂ ਪੈਰੀਂ ਲੱਗਾਂ। ਸਉਪੀ=ਮੈਂ ਅਰਪ ਦਿਆਂ, ਭੇਟਾ ਕਰ ਦਿਆਂ। ਧਰੀ=ਮੈਂ ਧਰ ਦਿਆਂ, ਰੱਖ ਦਿਆਂ। ਆਪੁ ਗਵਾਇ=ਆਪਾ ਭਾਵ ਦੂਰ ਕਰ ਕੇ।੨੨। ਖਿੰਚੋਤਾਣਿ=ਖਿੱਚਾ ਖਿਚੀ ਵਿਚ। ਵਿਗੁਚੀਐ=ਖ਼ਰਾਬ ਹੋਈਦਾ ਹੈ।

ਅਰਥ :- (ਹੇ ਭਾਈ ! ਜੇ) ਉਹ ਸੱਚਾ ਸ਼ਾਹ (ਪਤੀ) ਪ੍ਰਮਾਤਮਾ ਵਿਸਰ ਜਾਵੇ ਤਾਂ ਸੰਸਾਰ ਵਿਚ ਜੀਉਣਾ ਫਿਟਕਾਰ ਜੋਗ ਹੈ। ਗੁਰੂ ਦੀ ਸਿੱਖਿਆ ਦਾ ਵੀਚਾਰ ਕਰਨ ਨਾਲ ਭਾਵ ਉਸ 'ਤੇ ਅਮਲ ਕਰਨ ਨਾਲ (ਉਹ ਪ੍ਰਭੂ ਆਪਣੀ) ਨਦਰ ਕਰਦਾ ਹੈ, ਫਿਰ ਜੀਵ ਦੇ ਹਿਰਦੇ (ਚੋਂ ਪ੍ਰਭੂ) ਭੁੱਲਦਾ ਨਹੀਂ ਹੈ।੧੩।

(ਹੇ ਭਾਈ ! ਜੇਕਰ) ਸਤਿਗੁਰੂ (ਮੈਨੂੰ ਆਪਣੇ ਨਾਲ) ਮੇਲੇ ਤਾਂ (ਮੈਂ) ਉਸ ਨਾਲ ਮਿਲਿਆ ਰਹਿ ਸਕਦਾ ਹਾਂ (ਅਤੇ) ਸੱਚ ਸਰੂਪ ਪ੍ਰਭੂ ਨੂੰ ਹਿਰਦੇ ਵਿਚ ਟਿਕਾ ਕੇ ਰੱਖ ਸਕਦਾ ਹਾਂ। ਗੁਰੂ ਦੇ ਹਿਤ ਤੇ ਪਿਆਰ ਦੁਆਰਾ (ਜੋ ਪ੍ਰਭੂ ਦੇ ਚਰਨਾਂ ਨਾਲ) ਮਿਲਿਆ ਹੋਇਆ ਹੋਵੇ, (ਉਹ ਉਸ ਪ੍ਰਭੂ ਨਾਲੋਂ) ਕਦੇ ਵੀ ਨਹੀਂ ਵਿਛੜ ਸਕਦਾ।੧੪।

(ਇਸ ਸੰਸਾਰ ਅੰਦਰ ਜਿਹੜੀ ਜੀਵ-ਇਸਤਰੀ) ਗੁਰੂ ਦੇ ਸ਼ਬਦ ਵਿਚ (ਸੁਰਤਿ ਜੋੜ ਕੇ) ਵੀਚਾਰ ਦੁਆਰਾ ਆਪਣੇ ਪਤੀ-(ਪਰਮੇਸ਼ਰ) ਨੂੰ ਸਲਾਹੁੰਦੀ ਹੈ। ਪ੍ਰਭੂ ਦੀ ਸਿਫਤ ਦੁਆਰਾ (ਉਸ ਨੇ ਹੀ ਪਤੀ) ਪ੍ਰੀਤਮ ਨੂੰ ਮਿਲ ਕੇ (ਸਦੀਵੀ) ਸੁਖ ਪਾਇਆ ਹੈ (ਅਤੇ ਉਹ) ਇਸਤਰੀ ਸੋਭਾ ਵਾਲੀ ਹੈ।੧੫।

(ਹੇ ਭਾਈ !) ਮਨਮੁਖਾਂ ਦਾ ਮਨ (ਪ੍ਰਭੂ ਦੇ ਪ੍ਰੇਮ ਵਿਚ) ਨਹੀਂ ਭਿਜਦਾ (ਕਿਉਂਕਿ ਉਹ ਮਨਮੁਖ)

ਚਿਤ ਕਰ ਕੇ ਮੈਲੇ ਤੇ ਕਠੋਰ ਹੁੰਦੇ ਹਨ। (ਜਿਵੇਂ) ਸੱਪ ਨੂੰ ਦੁੱਧ ਪਿਲਾਈਏ ਤਾਂ (ਵੀ ਉਸ ਦੇ) ਅੰਦਰ ਨਿਕੋਰ=ਨਿਰੋਲ ਜ਼ਹਿਰ (ਟਿਕੀ ਰਹਿੰਦੀ ਹੈ, ਤਿਵੇਂ ਮਨਮੁਖ ਦੇ ਅੰਦਰ ਮਾਇਆ ਦੀ ਜ਼ਹਿਰ ਜਮ੍ਹਾਂ ਹੁੰਦੀ ਹੈ)।੧੬।

(ਹੇ ਭਾਈ ! ਜਦ ਸੰਸਾਰ ਅੰਦਰ ਸਭ ਕੁਝ) ਪ੍ਰਭੂ ਆਪ ਹੀ ਕਰ ਰਿਹਾ ਹੈ (ਫਿਰ) ਕਿਸ ਨੂੰ (ਚੰਗਾ ਮੰਦਾ) ਆਖੀਏ ? (ਸਭ ਨੂੰ) ਬਖ਼ਸ਼ਣ ਵਾਲਾ (ਵੀ ਪ੍ਰਭੂ) ਆਪ ਹੈ। ਜਦੋਂ ਗੁਰੂ ਦੇ ਸ਼ਬਦ (ਅਭਿਆਸ) ਨਾਲ (ਜੀਵ-ਇਸਤਰੀ ਦੇ ਮਨ ਦੀ) ਮੈਲ ਲਹਿ ਜਾਂਦੀ ਹੈ ਤਾਂ (ਜਾਣੋ ਉਸ ਦਾ) ਸੱਚ ਰੂਪ ਸ਼ੁਭ ਗੁਣਾਂ ਦਾ ਸ਼ਿੰਗਾਰ ਬਣਿਆ ਹੋਇਆ (ਕਾਇਮ ਰਹਿੰਦਾ ਹੈ)।੧੭।

(ਹੇ ਭਾਈ ! ਜਿਥੇ ਉਹ) ਮਾਲਕ (ਆਪ) ਸੱਚਾ ਹੈ, (ਉਥੇ ਉਸ ਦਾ) ਵਪਾਰ ਕਰਨ ਵਾਲੇ (ਸਿੱਖ ਭੀ) ਸੱਚੇ ਹਨ, ਉਸ ਥਾਂ 'ਤੇ ਝੂਠੇ (ਵਣਜਾਰੇ) ਨਹੀਂ ਠਹਿਰ ਸਕਦੇ। ਉਹ ਇਸ ਲਈ ਕਿ ਉਨ੍ਹਾਂ (ਝੂਠਿਆਂ ਨੂੰ) ਸੱਚ ਚੰਗਾ ਨਹੀਂ ਲੱਗਦਾ (ਜਿਸ ਕਰ ਕੇ ਉਹ) ਦੁੱਖ ਵਿਚ ਸੜਦੇ ਰਹਿੰਦੇ ਹਨ।੧੮।

(ਹੇ ਭਾਈ !) ਇਹ ਹਉਮੈ ਨਾਲ ਮੈਲਾ ਹੋਇਆ ਸੰਸਾਰ (ਭਟਕਦਾ) ਫਿਰਦਾ ਹੈ (ਜਿਸ ਕਾਰਨ) ਵਾਰ ਵਾਰ ਮਰਦਾ ਤੇ ਜੰਮਦਾ ਰਹਿੰਦਾ ਹੈ। (ਪਿਛਲੇ ਕੀਤੇ ਕਰਮਾਂ ਦੀ) ਪਈ ਕਿਰਤ ਅਨੁਸਾਰ (ਹੀ ਕਰਮ) ਕਮਾਉਂਦਾ ਹੈ (ਜਿਸ ਨੂੰ ਪ੍ਰਭੂ ਤੋਂ ਬਿਨਾਂ ਹੋਰ) ਕੋਈ ਮੇਟਣ ਵਾਲਾ ਨਹੀਂ ਹੈ।੧੯।

(ਹੇ ਭਾਈ ! ਮਨੁੱਖ) ਸੰਤਾਂ ਦੀ ਸੰਗਤ ਵਿਚ ਮਿਲ ਕੇ (ਟਿਕਿਆ) ਰਹੇ ਤਾਂ ਸੱਚੇ ਪ੍ਰਭੂ ਵਿਚ (ਇਸ ਦਾ) ਪਿਆਰ ਲੱਗਾ ਰਹਿੰਦਾ ਹੈ। ਸੱਚ ਨੂੰ ਸਲਾਹ ਕੇ, ਸੱਚ ਨੂੰ ਮਨ ਵਿਚ (ਰੱਖਿਆਂ ਹੀ) ਸੱਚੇ (ਪ੍ਰਭੂ) ਦੇ ਦਰ ਉੱਤੇ ਸਚਿਆਰ ਹੋ ਸਕੀਦਾ ਹੈ।੨੦।

(ਹੇ ਭਾਈ !) ਪੂਰੇ ਗੁਰੂ ਦੀ ਪੂਰੀ ਮਤਿ ਹੈ (ਇਸ ਲਈ ਜੀਵ ਗੁਰੂ ਦੀ ਮਤਿ ਅਨੁਸਾਰ) ਦਿਨ ਰਾਤ ਪ੍ਰਭੂ ਦਾ ਨਾਮ ਸਿਮਰਦਾ ਹੈ। ਇਸ ਸੰਸਾਰ ਅੰਦਰ ਹਉਮੈ ਅਤੇ ਮਮਤਾ ਦਾ ਵੱਡਾ ਰੋਗ ਹੈ, (ਗੁਰਮੁਖ ਆਪਣੇ) ਅੰਦਰੋਂ ਹੀ ਰੋਕ ਕੇ ਰੱਖਦਾ ਹੈ (ਭਾਵ ਹਉਮੈ ਨੂੰ ਨੇੜੇ ਨਹੀਂ ਲੱਗਣ ਦੇਂਦਾ)।੨੧।

(ਹੇ ਭਾਈ ! ਮੈਂ) ਆਪਣੇ ਗੁਰੂ ਨੂੰ ਸਲਾਹੁੰਦਾ ਰਹਾਂ (ਅਤੇ) ਨਿਵ ਨਿਵ ਕੇ (ਉਸ ਦੇ) ਪੈਰੀਂ (ਚਰਨੀਂ) ਲੱਗਾਂ। (ਮੈਂ ਫਿਰ ਆਪਣੇ) ਅੰਦਰੋਂ ਆਪਾ ਗੁਆ ਕੇ (ਆਪਣਾ) ਤਨ ਮਨ (ਗੁਰੂ ਦੇ) ਅੱਗੇ ਭੇਟਾ ਕਰ ਦਿਆਂ।੨੨।

(ਹੇ ਭਾਈ !) ਖਿਚਾ-ਖਿਚੀ ਵਿਚ ਖ਼ਰਾਬ ਹੋਈਦਾ ਹੈ, (ਇਸ ਕਰਕੇ ਤੂੰ) ਇਕ (ਪਰਮੇਸ਼ਰ ਨਾਲ) (ਆਪਣੀ) ਸੁਰਤਿ ਜੋੜ। (ਆਪਣੇ ਅੰਦਰੋਂ) ਹਉਮੈ, ਮੇਰਾ-ਪਨ ਦੂਰ ਕਰ ਤਾਂ ਹੀ (ਮਨ) ਸੱਚ ਵਿਚ ਸਮਾਇਆ ਰਹਿ ਸਕਦਾ ਹੈ।੨੩।

**ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥ ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥ 24 ॥ ਸੇ ਭਾਈ ਸੇ ਸਜਣਾ ਜੋ ਸਚਾ**

ਸੇਵੰਨਿ ॥ ਅਵਗਣ ਵਿਕਣਿ ਪਲ੍ਰਹਨਿ ਗੁਣ ਕੀ ਸਾਝ ਕਰੰਨਿ੍ ॥ 25 ॥ ਗੁਣ ਕੀ ਸਾਝ ਸੁਖੁ ਉਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥ 26 ॥ ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥ ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥ 27 ॥ ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਾਲਿ ॥ ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥ 28 ॥ ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ॥ ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥ 29 ॥ ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ ॥ ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ॥ 30 ॥ ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ॥ ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ॥ 3੧ ॥ ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥ ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥ 32 ॥ ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥ ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥ 33 ॥ ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥ ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥ 34 ॥ ੧ ॥ 3 ॥

ਪਦ ਅਰਥ :- ਭਾਇਰਾ=ਭਾਈ, ਭਰਾ। ੨੪। ਸੇਵੰਨਿ=ਸੇਵਦੇ (ਸਿਮਰਦੇ) ਹਨ। ਵਿਕਣਿ=ਵਿਕਣ ਵਾਲਾ। ਪਲ੍ਰਹਨਿ=ਭੋਹ ਦੇ, ਪਰਾਲੀ ਦੇ ਭਾਅ। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਦ ਅਰਥ ਕੋਸ਼ ਡਾ. ਗੁਰਚਰਨ ਸਿੰਘ) ਸੇਵੰਨਿ=ਸੇਵਦੇ, ਸਿਮਰਦੇ ਹਨ। ਕਰੰਨਿ੍=ਕਰਦੇ ਹਨ।੨੫। ਵਣੰਜਹਿ=ਵਣਜਦੇ, ਖ਼ਰੀਦਦੇ ਹਨ। ਲਾਹਾ=ਲਾਭ। ਲਏਨਿ=ਲੈਂਦੇ ਹਨ। ਰੁਪਾ=ਚਾਂਦੀ। ਸੰਚੀਐ=ਇਕੱਠਾ ਕਰੀਦਾ ਹੈ। ਮੁਠੀ=ਲੁੱਟ ਲਈ ਹੈ। ਤੋਸਾ=ਰਸਤੇ ਦਾ ਖ਼ਰਚ। ਅਖੁਟੁ=ਨਾ ਨਿਖੁਟਣ ਵਾਲਾ, ਅਮੁੱਕ। ਜਾਸਹਿ=ਜਾਵੇਂਗਾ। ਪਤਿ=ਇੱਜ਼ਤ। ਵਿਆਪਿਆ=ਫਸਿਆ ਹੋਇਆ। ਰਪੈ=ਰੰਗਿਆ ਜਾਂਦਾ ਹੈ। ਰੰਗੁਲਾ=ਰੰਗੀਲਾ, ਪ੍ਰੇਮ ਵਾਲਾ। ਅੰਕਿ=ਸਰੂਪ ਵਿਚ। ਚਿਰੀ ਵਿਛੁੰਨੇ=ਚਿਰਾਂ ਤੋਂ ਵਿਛੁੜੇ ਹੋਏ। ਖਾਨਿ ਖਰਚਨਿ=ਖਾਂਦੇ ਖਰਚਦੇ ਹਨ। ਨ ਨਿਖੁਟਈ=ਨਹੀਂ ਮੁਕਦਾ। ਰਵੰਨਿ=ਉਚਾਰਦੇ ਹਨ। ਨਾ ਸਹੰਨਿ=ਨਹੀਂ ਸਹਾਰਦੇ। ਉਬਰੇ=ਬਚ ਗਏ। ਕੇਲ ਕਰੰਨਿ=ਖੇਲ, ਅਨੰਦ, ਖ਼ੁਸ਼ੀਆਂ ਕਰਦੇ ਹਨ।੩੩। ਨ ਵਿਛੁੜਹਿ=ਨਹੀਂ ਵਿਛੜਦੇ ਹਨ। ਜਿ=ਜਿਹੜੇ। ਮਿਲੇ ਰਹੰਨਿ=ਮਿਲੇ ਰਹਿੰਦੇ ਹਨ। ਸਚੁ ਲਹੰਨਿ=ਸੱਚ

ਨੂੰ ਲੱਭ ਲੈਂਦੇ ਹਨ।੩੪।

ਅਰਥ :- (ਹੇ ਭਾਈ ! ਜਿਹੜੇ ਮਨੁੱਖ) ਸਤਿਗੁਰੂ ਨੂੰ ਮਿਲੇ ਹਨ, ਓਹ (ਸਾਡੇ) ਭਾਈ ਹਨ, (ਉਹ) ਸੱਚੇ (ਪ੍ਰਭੂ ਦੇ) ਸ਼ਬਦ ਵਿਚ ਲੱਗਦੇ ਹਨ (ਭਾਵ ਉਸ ਪ੍ਰਭੂ ਨਾਲ ਆਪਣਾ ਚਿਤ ਜੋੜਦੇ ਹਨ)। (ਜਿਹੜੇ ਮਨੁੱਖ) ਸੱਚੇ ਵਿਚ ਲੀਨ ਹੋ ਜਾਂਦੇ ਹਨ, ਉਹ ਪ੍ਰਭੂ ਨਾਲੋਂ ਕਦੇ ਨਹੀਂ ਵਿਛੜਦੇ (ਅਤੇ ਉਹ ਸੱਚੇ ਪ੍ਰਭੂ) ਦੇ ਦਰਬਾਰ ਵਿਚ (ਸ਼ੋਭਨੀਕ) ਦਿੱਸਦੇ ਹਨ।੨੪।

ਓਹ (ਸਾਡੇ) ਭਰਾ, ਉਹ ਸੱਜਣ ਹਨ ਜੋ ਸੱਚੇ (ਪਰਮੇਸ਼ਰ) ਨੂੰ ਸੇਵਂਦੇ (ਸਿਮਰਦੇ) ਹਨ। ਪਲਰਨਿ ਦਾ ਅਰਥ ਡਾਕਟਰ ਗੁਰਚਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਦ ਅਰਥ ਕੋਸ਼ ਵਿਚ, ਭੋਹ ਦੇ ਪਰਾਲੀ ਦੇ ਭਾਅ ਲਿਖਿਆ ਹੈ, ਉਸ ਅਨੁਸਾਰ ਇਹ ਅਰਥ ਬਣਦਾ ਹੈ, ਅਵਗੁਣ ਵਿਕਣਿ ਪਲ੍ਰਨਿ=ਪਰਾਲੀ ਦੀ ਤਰ੍ਹਾਂ ਨਿਕੰਮੇ ਵਿਕਣ ਵਾਲੇ (ਜਾਣ ਕੇ ਅਵਗੁਣਾਂ ਦਾ ਤਿਆਗ ਕਰਕੇ) ਸ਼ੁਭ ਗੁਣਾਂ ਦੀ ਸਾਂਝ (ਭਾਵ ਦੈਵੀ) ਗੁਣਾਂ ਦੀ ਸਾਂਝ ਕਰਦੇ ਹਨ।੨੫।

(ਹੇ ਭਾਈ !) ਗੁਣਾਂ ਦੀ ਸਾਂਝੀਵਾਲਤਾ ਨਾਲ (ਆਤਮਿਕ) ਸੁਖ ਪੈਦਾ ਹੁੰਦਾ ਹੈ (ਇਸ ਲਈ ਉਹ) ਸੱਚੀ ਭਗਤੀ ਕਰਦੇ ਹਨ। ਗੁਰੂ ਦੇ ਸ਼ਬਦ ਨਾਲ (ਉਹ) ਸੱਚ ਰੂਪ ਨਾਮ ਵਣਜਦੇ ਹਨ (ਅਤੇ ਸਚੁ ਨਾਮ ਰੂਪੀ) ਲਾਭ ਪ੍ਰਾਪਤ ਕਰਦੇ ਹਨ।੨੬।

(ਹੇ ਭਾਈ !) ਪਾਪ (ਕਰਮ) ਕਰ ਕੇ ਸੋਨਾ ਚਾਂਦੀ (ਆਦਿ ਧਨ) ਇਕੱਠਾ ਕਰੀਦਾ ਹੈ (ਪਰ ਸੰਸਾਰ ਤੋਂ) ਚਲਣ ਸਮੇਂ (ਕਿਸੇ) ਦੇ ਨਾਲ ਨਹੀਂ ਜਾਂਦਾ। ਨਾਮ ਤੋਂ ਬਿਨਾਂ ਹੋਰ (ਜੋ ਕੁਝ ਵੀ ਹੈ ਉਹ ਕਿਸੇ ਦੇ) ਨਾਲ ਨਹੀਂ ਜਾਵੇਗਾ, (ਸੱਚ ਜਾਣੋ) ਜਮਕਾਲ ਨੇ ਸਾਰੀ (ਸ੍ਰਿਸ਼ਟੀ ਹੀ) ਲੁੱਟ ਲਈ ਹੈ।੨੭।

(ਹੇ ਭਾਈ !) ਮਨ ਦੇ (ਜੀਵਨ ਸਫ਼ਰ ਦਾ) ਖ਼ਰਚਾ ਪਰਮੇਸ਼ਰ ਦਾ ਨਾਮ ਹੈ, ਇਸ ਨੂੰ ਹਿਰਦੇ ਵਿਚ ਸੰਭਾਲ ਕੇ ਰੱਖ। ਇਹ ਖ਼ਰਚ ਮੁੱਕਣ ਵਾਲਾ ਨਹੀਂ, ਗੁਰਮੁਖਾਂ ਦੇ ਨਾਲ (ਦਰਗਾਹ ਵਿਚ) ਜਾਂਦਾ ਹੈ।੨੮।

ਹੇ ਮਨ ! (ਤੂੰ ਪਰਮਾਤਮਾ) ਤੋਂ ਭੁੱਲਾ ਹੋਇਆ ਹੈਂ (ਜੇ ਇਸੇ ਤਰ੍ਹਾਂ ਭੁੱਲਿਆ ਰਿਹਾ ਤਾਂ ਸੰਸਾਰ ਤੋਂ ਆਪਣੀ) ਇੱਜ਼ਤ ਗੁਆ ਕੇ ਜਾਵੇਂਗਾ। ਇਹ ਸੰਸਾਰ ਦੂਜੇ ਭਾਵ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਹੈ, (ਇਸ ਨਾਲੋਂ ਮੋਹ ਤੋੜ ਕੇ) ਗੁਰੂ ਦੀ ਸਿੱਖਿਆ 'ਤੇ ਟੁਰ ਕੇ ਸਚੁ (ਪ੍ਰਭੂ) ਨੂੰ ਸਿਮਰ।੨੯।

(ਹੇ ਭਾਈ !) ਪ੍ਰਮਾਤਮਾ ਦੀ (ਕਿਸੇ ਤੋਂ) ਕੀਮਤ ਨਹੀਂ ਪੈ ਸਕਦੀ ਹੈ ਅਤੇ ਨਾ ਹੀ ਹਰੀ ਦਾ ਸੰਪੂਰਨ ਜਸ ਲਿਖਿਆ ਜਾ ਸਕਦਾ ਹੈ। (ਜਿਹੜਾ ਜੀਵ) ਗੁਰੂ ਦੇ ਸ਼ਬਦ ਦੁਆਰਾ (ਆਪਣਾ) ਮਨ ਤੇ ਸਰੀਰ (ਨਾਮ ਦੇ ਰੰਗ ਵਿਚ) ਰੰਗ ਲੈਂਦਾ ਹੈ, (ਉਹ) ਹਰੀ ਨਾਲ ਲੀਨ ਹੋਇਆ ਰਹਿੰਦਾ ਹੈ।੩੦।

(ਹੇ ਭਾਈ !) ਉਹ (ਮੇਰਾ) ਮਾਲਕ ਰੰਗੀਲਾ ਹੈ, ਸਹਿਜ ਸੁਭਾਵਕ ਹੀ (ਜਗਿਆਸੂ ਦਾ ਮਨ ਪ੍ਰੇਮ ਨਾਲ) ਰੰਗ ਦੇਂਦਾ ਹੈ। (ਜੀਵ)-ਇਸਤਰੀ ਦੀ (ਜਿੰਦ ਉੱਤੇ ਪ੍ਰੇਮਾ-ਭਗਤੀ ਦਾ) ਰੰਗ ਤਾਂ ਚੜ੍ਹਦਾ ਹੈ ਜਦੋਂ (ਉਹ) ਪ੍ਰਭੂ-ਪਤੀ ਦੇ ਅੰਕਿ=ਸਰੂਪ ਵਿਚ ਸਮਾਅ ਜਾਂਦੀ ਹੈ।੩੧।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਹੇ ਭਾਈ !) ਜੋ (ਜੀਵ) ਸਤਿਗੁਰੂ ਨੂੰ ਸੇਂਵਦੇ (ਸਿਮਰਦੇ) ਹਨ, (ਉਹ) ਚਿਰਾਂ ਦੇ ਵਿਛੁੜੇ ਹੋਏ ਭੀ (ਪ੍ਰਭੂ ਨੂੰ ਆ) ਮਿਲਦੇ ਹਨ। (ਉਨ੍ਹਾਂ ਦੇ ਹਿਰਦੇ) ਅੰਦਰ ਨੌਂ ਨਿੱਧੀਆਂ ਰੂਪ ਨਾਮ ਹੈ, (ਉਹ ਉਸੇ ਨਾਮ ਨੂੰ ਜਪਣ ਜਪਾਉਣ ਰੂਪ) ਖਾਂਦੇ ਖ਼ਰਚਦੇ ਹਨ (ਫਿਰ ਵੀ) ਮੁਕਦਾ ਨਹੀਂ ਹੈ, (ਉਹ) ਹਰੀ ਦੇ ਗੁਣ ਅਡੋਲ ਅਵਸਥਾ ਵਿਚ ਉਚਾਰਦੇ ਹਨ।੩੨।

(ਹੇ ਭਾਈ !) ਉਹ ਨਾ ਜੰਮਦੇ ਹਨ, ਨਾ ਮਰਦੇ ਹਨ (ਅਤੇ) ਨਾ ਹੀ ਉਹ ਦੁੱਖ ਸਹਾਰਦੇ ਹਨ। (ਜੋ ਜੀਵ) ਗੁਰੂ ਨੇ ਰੱਖੇ ਹਨ, ਉਹ (ਆਵਾਗਉਣ ਦੇ ਦੁੱਖ ਤੋਂ) ਬਚ ਗਏ ਹਨ, ਇਸ ਕਰਕੇ ਉਹ ਪਰਮਾਤਮਾ ਨਾਲ (ਮਿਲ ਕੇ ਆਤਮਿਕ) ਅਨੰਦ ਮਾਣਦੇ ਹਨ।੩੩।

(ਹੇ ਭਾਈ !) ਜਿਹੜੇ ਦਿਨ ਰਾਤ (ਪ੍ਰਭੂ ਨਾਲ) ਮਿਲੇ ਰਹਿੰਦੇ ਹਨ, (ਉਹ) ਸੱਜਣ (ਕਦੇ ਭੀ ਪ੍ਰਭੂ ਨਾਲੋਂ) ਵਿਛੜਦੇ ਨਹੀਂ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਇਸ ਜਗਤ ਵਿਚ (ਅਜਿਹੇ) ਵਿਰਲੇ ਮਨੁੱਖ ਹੀ (ਪ੍ਰਗਟ ਤੌਰ 'ਤੇ) ਜਾਣੇ ਜਾਂਦੇ ਹਨ (ਜੋ) ਸੱਚ ਰੂਪ (ਪਰਮਾਤਮਾ) ਨੂੰ ਲੱਭ ਲੈਂਦੇ ਹਨ।੩੪।੧।੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਿਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧43 (ਆਦਿ ਅੰਗ 757)

## ਰਾਗੁ ਸੂਹੀ ਅਸਟਪਦੀਆ ਮਹਲਾ 4 ਘਰੁ 2

## ੧ੴ ਸਤਿਗੁਰ ਪ੍ਰਸਾਦਿ ॥

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥ ਦਰਸਨੁ ਹਰਿ ਦੇਖਣ ਕੈ ਤਾਈ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ 2 ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ 3 ॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ 4 ॥ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ 5 ॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ 6 ॥ ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ॥ 7 ॥ ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ॥ 8 ॥ ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥ 9 ॥ ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ॥੧0 ॥ ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥ ੧੧ ॥ ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥ ੧2 ॥ ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧3 ॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥੧4 ॥ ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥੧5 ॥ ਜਿਉ ਧਰਤੀ ਸੋਭ ਕਰੇ

ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥੧੬॥ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥੧੭॥ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ॥੧੮॥ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥੧੯॥ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥੨੦॥ ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ॥੨੧॥ ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥੨੨॥ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥੨੩॥ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ॥੨੪॥ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥੨੫॥ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥੨੬॥ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥੨੭॥ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥੨੮॥ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥੨੯॥ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥੩੦॥ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥੩੧॥ ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥੩੨॥੧॥

## ਪ੍ਰਾਕ੍ਥਨ :

ਇਹ ਪਾਵਨ ਮੁਖਵਾਕ ਸ੍ਰੀ ਗੁਰੂ ਰਾਮਦਾਸ ਜੀ ਦਾ ਸੂਹੀ ਰਾਗੁ ਅੰਦਰ ਦੂਸਰੇ ਘਰ ਸੁਰਤਾਲ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦਾ ਸਿਰਲੇਖ ਅਸਟਪਦੀਆ ਹੈ, ਪਰ ਇਸ ਸ਼ਬਦ ਦੀਆਂ ਪਉੜੀਆਂ ੩੨ ਹਨ। ਵਸਤੂ ਨਿਰਦੇਸ਼ ਮੰਗਲ ਹਜ਼ੂਰ ਨੇ ਕੀਤਾ ਹੈ ੧ —ਇਕ ਅਦੁੱਤੀ ਬ੍ਰਹਮ ਓਁ ਸਰਬ ਦਾ ਪ੍ਰਕਾਸ਼ਕ ਸਤਿ —ਸਦਾ ਸਥਿਰ ਨਾਸ਼ ਰਹਿਤ ਗੁਰ ਪ੍ਰਸਾਦਿ —ਗੁਰੂ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

## ਵਿਸ਼ਾ —ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ

ਜੀਵ ਇਕ ਨਹੀਂ, ਅਨੰਤ ਜਨਮਾਂ ਤੋਂ ਪ੍ਰਭੂ ਤੋਂ ਵਿਛੜਿਆ ਹੋਇਆ ਹੈ। ਇਸ ਸੰਬੰਧ ਵਿਚ ਭਗਤ ਰਵਿਦਾਸ ਜੀ ਦਾ ਸੁੰਦਰ ਫ਼ੁਰਮਾਣ ਹੈ :-

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥**
**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥** (ਅੰਗ 694)

(ਅਥਵਾ) ਹਜ਼ੂਰ ਦਾ ਗੁਰਬਾਣੀ ਅੰਦਰ ਕਥਨ ਹੈ :

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥**
**ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥**

(ਅੰਗ ੧76)

ਹੁਣ ਮਨੁੱਖਾ ਜਨਮ ਮਿਲਣ ਦੀ ਵਾਰੀ ਹੈ, ਪਰ ਵਿਛੜਿਆਂ ਤਾਂ ਦੁੱਖ ਹੀ ਦੁੱਖ ਝੱਲਣੇ ਪੈਂਦੇ ਹਨ, ਕਿਉਂਕਿ ਕਰਤੇ ਦੀ ਕੀਤੀ ਰਚਨਾ ਨੂੰ ਜਦ ਅਸੀਂ ਤਕਦੇ ਹਾਂ ਕਿ ਕਰਤੇ ਦੀ ਕੁਦਰਤ ਦਾ ਅਸੂਲ ਹੈ ਕਿ ਜਿਵੇਂ ਦਰੱਖ਼ਤ ਨਾਲੋਂ ਟੁੱਟੀ ਹੋਈ ਟਾਹਣੀ ਸੁੱਕ ਸੜ ਜਾਂਦੀ ਹੈ; ਦਰਿਆਵਾਂ-ਨਦੀਆਂ ਦਾ ਪਾਣੀ ਉਛਾਲ ਨਾਲ ਕੰਢਿਆਂ ਤੋਂ ਬਾਹਰ ਟੋਇਆਂ ਵਿਚ ਡਿੱਗ ਪੈਣ ਕਰ ਕੇ ਕੁਝ ਸਮੇਂ ਬਾਅਦ ਹੀ ਤਰੱਕ ਜਾਂਦਾ ਹੈ; ਉਸ ਵਿਚ ਦੁਰਗੰਧ ਆਉਣੀ ਸ਼ੁਰੂ ਹੋ ਜਾਂਦੀ ਹੈ; ਉਹ ਪਾਣੀ ਪਸ਼ੂਆਂ-ਜਾਨਵਰਾਂ ਦੇ ਪੀਣ ਯੋਗ ਵੀ ਨਹੀਂ ਰਹਿੰਦਾ, ਇੰਜ ਹੀ ਡਾਲੀ ਨਾਲੋਂ ਟੁੱਟਾ ਹੋਇਆ ਫੁੱਲ ਆਪਣਾ ਸੁਹੱਪਣ ਤੇ ਮਹਿਕ ਗੁਆ ਬੈਠਦਾ ਹੈ, ਨੇਸਤੋ ਨਾਬੂਦ ਹੋ ਜਾਂਦਾ ਹੈ, ਇਸੇ ਤਰ੍ਹਾਂ ਹੀ ਨਾਮ-ਬਾਣੀ ਦੇ ਰਸ ਤੋਂ ਵਿਹੂਣਾ, ਪ੍ਰਭੂ ਨਾਲੋਂ ਵਿਛੜਿਆ ਹੋਇਆ ਮਨੁੱਖ ਅਨੇਕਾਂ ਤਰ੍ਹਾਂ ਦੇ ਸੰਤਾਪ ਭੋਗਦਾ ਦੁੱਖਾਂ ਅੰਦਰ ਤੜਪਦਾ ਰਹਿੰਦਾ ਹੈ। ਸ਼ਾਇਦ ਇਸੇ ਕਰ ਕੇ ਹੀ ਗੁਰਮਤਿ ਦੀਆਂ ਰਮਜ਼ਾਂ ਨੂੰ ਸਮਝਣ ਤੇ ਸਮਝਾਉਣ ਵਾਲੇ ਸੰਤ ਕਵੀ ਭਾਈ ਵੀਰ ਸਿੰਘ ਜੀ ਨੇ ਫੁੱਲ ਤੋੜਨ ਵਾਲੇ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਕਿਹਾ ਸੀ :

**ਡਾਲੀ ਨਾਲੋਂ ਤੋੜ ਨਾ ਸਾਨੂੰ, ਅਸਾਂ ਹਟ ਮਹਿਕ ਦੀ ਲਾਈ।**
**ਲੱਖ ਗਾਹਕ ਜੇ ਸੁੰਘੇ ਆ ਕੇ, ਖ਼ਾਲੀ ਇਕ ਨਾ ਜਾਈ।**
**ਜੇ ਤੂੰ ਇਕੱਲਾ ਤੋੜ ਲੈ ਗਿਉਂ, ਇਕ ਜੋਗਾ ਰਹਿ ਜਾਸਾਂ।**
**ਉਹ ਵੀ ਪਲਕ ਝਲਕ ਦਾ ਮੇਲਾ, ਰੂਪ ਮਹਿਕ ਖਿੰਡ ਜਾਈ।**

ਇਕ ਦਿਨ ਭਗਤ ਕਬੀਰ ਸਾਹਿਬ ਜੀ ਸਮੁੰਦਰ ਕਿਨਾਰੇ ਚਲੇ ਗਏ। ਬੜੀਆਂ ਲਹਿਰਾਂ ਸਮੁੰਦਰ ਵਿਚੋਂ ਉਠ ਰਹੀਆਂ ਸਨ। ਕੰਢਿਆਂ ਨਾਲ ਟਕਰਾ-ਟਕਰਾ ਕੇ ਵਾਪਸ ਚਲੀਆਂ ਜਾਂਦੀਆਂ ਸਨ। ਇੰਜ ਲਗਾਤਾਰ ਹੋ ਰਿਹਾ ਸੀ। ਇਕ ਲਹਿਰ ਇਕ ਸੰਖ ਨੂੰ ਸਮੁੰਦਰ 'ਚੋਂ ਬਾਹਰ ਕਿਨਾਰੇ 'ਤੇ ਸੁੱਟ ਗਈ। ਭਗਤ ਕਬੀਰ ਜੀ ਦੇ ਮਨ ਵਿਚ ਸੰਖ ਪ੍ਰਤੀ ਤਰਸ ਆਇਆ। ਉਨ੍ਹਾਂ ਨੇ ਸੰਖ ਨੂੰ ਸਮੁੰਦਰ ਅੰਦਰ ਹੀ ਸੁੱਟ ਦਿੱਤਾ। ਦੂਜੀ ਲਹਿਰ ਨੇ ਫਿਰ ਸੰਖ ਬਾਹਰ ਸੁੱਟ ਦਿੱਤਾ ਤਾਂ ਭਗਤ ਕਬੀਰ ਜੀ ਨੇ ਸੰਖ ਨੂੰ ਸੰਬੋਧਨ ਹੋ ਕੇ ਫ਼ੁਰਮਾਇਆ :

**ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥**
**ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ॥**

(ਸਲੋਕ ਕਬੀਰ ਜੀ, ਅੰਗ ੧੩੭੧)

ਆਪ ਜੀ ਕਹਿੰਦੇ ਹਨ ਕਿ ਹੇ ਸਮੁੰਦਰ ਤੋਂ ਵਿਛੁੜੇ ਸੰਖ ! ਸਮੁੰਦਰ ਵਿਚ ਹੀ ਟਿਕਿਆ ਰਹੁ, ਨਹੀਂ ਤਾਂ ਸੂਰਜ ਚੜ੍ਹਦੇ ਸਾਰ ਮੰਦਰਾਂ 'ਚ ਧਾਹਾਂ ਮਾਰੇਂਗਾ। ਇਥੇ ਹੀ ਟਿਕਿਆ ਰਹਿ। ਗੱਲ ਸੰਖ ਤੇ ਸਮੁੰਦਰ ਦੀ ਨਹੀਂ, ਸਗੋਂ ਮਨੁੱਖ ਅਤੇ ਪ੍ਰਭੂ ਦੀ ਹੈ। ਵਿਕਾਰਾਂ ਦੀਆਂ ਲਹਿਰਾਂ ਮਨੁੱਖ ਨੂੰ ਪ੍ਰਮਾਤਮਾ ਤੋਂ ਦੂਰ ਸੁੱਟ ਦਿੰਦੀਆਂ ਹਨ। ਰੱਬੀ ਪੁਰਸ਼ਾਂ ਦੀ ਚਿਤਾਵਨੀ ਹੈ ਕਿ ਐ ਮਨੁੱਖ ! ਰੱਬੀ ਯਾਦ ਵਿਚ ਜੁੜਨਾ ਲੋਚ, ਨਹੀਂ ਤਾਂ ਵਿਕਾਰਾਂ ਦੇ ਥਪੇੜੇ ਬੜੇ ਪੀੜਾਂ ਵਾਲੇ ਹਨ। ਸਮੁੰਦਰ 'ਚ ਰਹਿੰਦਿਆਂ ਸੰਖ ਮੌਜਾਂ ਮਾਣਦਾ ਹੈ, ਪਰ ਬਾਹਰ ਆ ਕੇ ਧਾਹਾਂ ਮਾਰਦਾ ਹੈ।

ਅਸਲ ਵਿਚ ਮਨੁੱਖ ਆਪਣੇ ਦੁੱਖਾਂ ਦਾ ਕਾਰਨ ਸਮਝਣ ਦੀ ਬਜਾਇ ਹੋਰ ਜ਼ਿਆਦਾ ਬਾਹਰਮੁਖੀ ਹੋ ਕੇ ਭਟਕ ਜਾਂਦਾ ਹੈ। ਇਹ ਦੁੱਖ ਹਨ—ਮੂਲ ਪ੍ਰਮਾਤਮਾ ਨੂੰ ਵਿਸਰਨ ਕਰਕੇ। ਜਦ ਕੋਈ ਵਡਭਾਗਾ ਗੁਰਮੁਖ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਪ੍ਰੇਮ ਭਾਵਨਾ ਸਹਿਤ ਪੜ੍ਹਦਾ, ਸੁਣਦਾ ਤੇ ਦਿਲ 'ਚ ਵਸਾਉਂਦਾ ਹੈ ਤਾਂ ਉਸ ਦਾ ਜੀਵਨ ਸਫਲ ਅਤੇ ਸੁਹੇਲਾ ਹੋ ਜਾਂਦਾ ਹੈ। ਪਰ ਜਿਨ੍ਹਾਂ ਨੂੰ ਪ੍ਰਮੇਸ਼ਰ ਭੁੱਲ ਗਿਆ ਹੈ, ਉਨ੍ਹਾਂ ਲਈ ਪੰਜਾਬੀ ਦੇ ਮਹਾਨ ਸ਼ਾਇਰ, ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਕਹਿਣਾ ਹੈ ਕਿ ਕੋਲੇ ਉੱਪਰ ਜੋ ਕਾਲਖ ਹੁੰਦੀ ਹੈ, ਉਹ ਇਸ ਕਰ ਕੇ ਹੈ ਕਿ ਕੋਲਾ ਅੰਗਿਆਰਾਂ ਤੋਂ ਦੂਰ ਜੁ ਹੋ ਗਿਆ। ਵਿਛੜਿਆਂ ਕਾਲਖਾਂ ਹੀ ਤਾਂ ਆ ਘੇਰਦੀਆਂ ਹਨ। ਸਭੇ ਰੋਗ-ਵਿਕਾਰ ਰੱਬੀ ਯਾਦ ਨੂੰ ਵਿਸਾਰਨ ਕਰ ਕੇ ਹੀ ਤਾਂ ਵਿਆਪਦੇ ਹਨ। ਜੇਕਰ ਦੁਬਾਰਾ ਕੋਲੇ ਨੂੰ ਅੰਗਿਆਰਾਂ ਉਪਰ ਰੱਖ ਦੇਈਏ ਤਾਂ ਭਾਈ ਸਾਹਿਬ ਕਹਿੰਦੇ ਹਨ ਕਿ ਸਾਰੀ ਕਾਲਖ ਸਿਰਫ਼ ਦੂਰ ਹੀ ਨਹੀਂ ਹੋਏਗੀ, ਸਗੋਂ ਖੁੱਸਿਆ ਹੋਇਆ ਅਨੰਦ ਖੇੜਾ ਵੀ ਵਾਪਸ ਮਿਲ ਜਾਂਦਾ ਹੈ :

**ਸਾਬਣ ਲਾ ਲਾ ਧੋਤਾ ਕੋਲਾ ਦੁੱਧ ਦਹੀਂ ਵਿਚ ਪਾਇਆ।**
**ਖੁੰਬੇ ਚਾੜ੍ਹ ਰੰਗਣ ਭੀ ਧਰਿਆ ਰੰਗ ਨ ਓਸ ਵਟਾਇਆ।**
**ਵਿਛੁੜ ਕੇ ਕਾਲਖ ਜੋ ਆਈ ਬਿਨ ਮਿਲਿਆਂ ਨਹੀਂ ਲਹਿੰਦੀ।**
**ਅੰਗ ਅੱਗ ਤੇ ਲਾ ਕੇ ਵੇਖੋ ਚੜ੍ਹਦਾ ਰੂਪ ਸਵਾਇਆ।**

ਪ੍ਰਭੂ ਨੂੰ ਵਿਸਾਰ ਕੇ, ਹਰੀ ਮੂਲ ਰੂਪ ਪ੍ਰਮਾਤਮਾ ਤੋਂ ਦੂਰ ਜਾ ਕੇ ਅਤੇ ਮੁੱਢ ਨਾਲੋਂ ਟੁੱਟ ਕੇ ਜੀਵ ਦੀ ਜੋ ਹਾਲਤ ਹੁੰਦੀ ਹੈ, ਵਿਸਥਾਰ ਸਹਿਤ ਆਪ ਨੇ ਇਸ ਸੰਬੰਧ ਵਿਚ ਪੜ੍ਹ ਸੁਣ ਲਿਆ ਹੈ। ਇਸ ਮੁਖਵਾਕ ਅੰਦਰ ਗੁਰਦੇਵ ਨੇ ਉਸ ਪਿਆਰੇ ਪ੍ਰਭੂ ਪ੍ਰਮਾਤਮਾ ਨਾਲ ਮਿਲਾਉਣ ਦੀ ਗੱਲ ਕੀਤੀ ਹੈ :

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥ ੧॥**
**ਦਰਸਨ ਹਰਿ ਦੇਖਣ ਕੈ ਤਾਈ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥ ੧॥ ਰਹਾਉ॥**

## ਸਾਖੀ—ਭਾਈ ਲੱਧੇ ਦੇ ਸੱਤਾ ਤੇ ਬਲਵੰਡ ਨੂੰ ਗੁਰੂ ਨਾਲ ਮਿਲਾਉਣ ਦੀ

ਜਿਸ ਸਮੇਂ ਸੱਤੇ ਤੇ ਬਲਵੰਡ ਨੂੰ ਹੰਕਾਰ ਹੋਣ 'ਤੇ ਅਤੇ ਗੁਰੂ ਜੀ ਦੀ ਨਿੰਦਿਆ ਕਰਨ ਕਰ ਕੇ ਉਸ ਦਾ ਫਲ ਸਰੀਰ 'ਤੇ ਕੁਸਟ ਹੋ ਗਿਆ ਸੀ, ਉਸ ਸਮੇਂ ਉਹ ਗੁਰੂ ਜੀ ਨੂੰ ਮਿਲਣ ਵਾਸਤੇ ਤੜਫ ਰਹੇ ਸਨ। ਗੁਰੂ ਜੀ ਦਾ ਹੁਕਮ ਸੁਣ ਕੇ ਸਭ ਕੋਈ ਡਰਦੇ ਸਨ ਤਾਂ ਪਰਉਪਕਾਰੀ ਭਾਈ ਲੱਧਾ ਜੀ ਨੇ ਇਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨਾਲ ਮਿਲਾਇਆ ਸੀ। ਇਹ ਸਾਰਾ ਪ੍ਰਸੰਗ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਇਸ ਤਰ੍ਹਾਂ ਦਿੱਤਾ ਹੈ :

ਸੱਤਾ ਤੇ ਬਲਵੰਡ ਦੋ ਰਬਾਬੀ ਗੁਰੂ ਅਰਜਨ ਸਾਹਿਬ ਜੀ ਦੇ ਦੀਵਾਨ ਵਿਚ ਕੀਰਤਨ ਕਰਿਆ ਕਰਦੇ ਸਨ। ਗੁਰੂ ਜੀ ਦੇ ਅੱਗੇ ਹਰ ਰੋਜ਼ ੫੦੦(ਪੰਜ ਸੌ) ਰੁਪਏ ਦੇ ਲਗਭਗ ਪੂਜਾ ਆ ਜਾਇਆ ਕਰਦੀ ਸੀ। ਸੱਤੇ ਬਲਵੰਡ ਦੀ ਭੈਣ ਦਾ ਵਿਆਹ ਹੋਣ ਲੱਗਾ ਤਾਂ ਉਨ੍ਹਾਂ ਨੇ ਆ ਕੇ ਆਖਿਆ ਕਿ ਮਹਾਰਾਜ ! ਮਾਇਆ ਚਾਹੀਦੀ ਹੈ। ਗੁਰੂ ਸਾਹਿਬ ਨੂੰ ਕਿਹਾ ਜੀ, ਕੱਲ ਨੂੰ ਜੋ ਪੂਜਾ ਆਵੇ ਸੋ ਸਾਨੂੰ ਮਿਲੇ। ਗੁਰੂ ਸਾਹਿਬ ਨੇ ਕਿਹਾ, ਹੱਛੀ ਬਾਤ ਹੈ, ਕੱਲ ਦੀ ਪੂਜਾ ਤੁਸਾਂ ਹੀ ਲੈਣੀ। ਅਗਲੇ ਭਲਕ ਵੱਡੀ ਸਵੇਰ ਤੋਂ ਹੀ ਆ ਕੇ ਕੀਰਤਨ ਕਰਨ ਲੱਗੇ ਤੇ ਦਿਨ ਦੁਪਹਿਰ ਹੋਣ ਤੱਕ ਕਰਦੇ ਰਹੇ, ਪਰ ਉਨ੍ਹਾਂ ਦੀ ਕਿਸਮਤ ਨੂੰ ੧੦੦) ਮਸਾਂ ਹੀ ਆਇਆ। ਗੁਰੂ ਸਾਹਿਬ ਨੇ ਓਹੋ ਪੂਜਾ ਉਨ੍ਹਾਂ ਨੂੰ ਦੇ ਦਿੱਤੀ, ਜਿਸ ਪਰ ਓਹ ਬੜੇ ਖਿਝੇ ਤੇ ਮਨ ਵਿਚ ਆਖਣ ਲੱਗੇ ਕਿ ਗੁਰੂ ਜੀ ਨੇ ਸਿੱਖਾਂ ਨੂੰ ਰੋਕ ਕੇ ਸਾਡੀ ਮਾਇਆ ਰੋਕ ਦਿੱਤੀ ਹੈ। ਸੜਦੇ ਕੁੜ੍ਹਦੇ ਘਰ ਨੂੰ ਤੁਰ ਗਏ। ਜਦ ਸਵੇਰੇ ਕੀਰਤਨ ਦਾ ਵੇਲਾ ਹੋਇਆ ਤਾਂ ਨਾ ਆਏ। ਗੁਰੂ ਜੀ ਨੇ ਇਕ ਸਿੱਖ ਭੇਜਿਆ ਕਿ ਜਾ ਕੇ ਸੱਤੇ ਬਲਵੰਡ ਨੂੰ ਬੁਲਾਵੇ, ਪਰ ਉਹ ਤਾਂ ਵੀ ਨਾ ਆਏ। ਗੁਰੂ ਜੀ ਨੇ ਹੋਰ ਸਿੱਖ ਭੇਜੇ, ਪਰ ਉਹ ਫਿਰ ਭੀ ਨਾ ਆਏ ਤੇ ਸਗੋਂ

ਕਠੋਰ ਤੇ ਬਹੁਤ ਅਯੋਗ ਬਚਨ ਬੋਲੇ। ਫੇਰ ਗੁਰੂ ਸਾਹਿਬ ਆਪ ਉਨ੍ਹਾਂ ਦੇ ਘਰ ਗਏ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਵੀ ਬਹੁਤ ਅਯੋਗ ਬਚਨ ਕਹੇ ਤੇ ਇਹ ਭੀ ਆਖਿਆ ਕਿ ਤੁਸੀਂ ਸਾਡੇ ਹੀ ਬਣਾਏ ਹੋਏ ਗੁਰੂ ਹੋ ਅਤੇ ਗੁਰੂ ਨਾਨਕ ਦੇਵ ਜੀ ਮਰਦਾਨੇ ਕਰਕੇ ਹੀ ਗੁਰੂ ਜਾਣੇ ਗਏ ਸਨ। ਜੇ ਮਰਦਾਨਾ ਨਾ ਹੁੰਦਾ ਤਾਂ ਉਨ੍ਹਾਂ ਨੂੰ ਕੌਣ ਜਾਣਦਾ, ਇਸ ਲਈ ਗੁਰੂ ਨਾਨਕ ਦੇਵ ਤੋਂ ਲੈ ਕੇ ਸਾਰੇ ਗੁਰੂ ਸਾਡੇ ਹੀ ਬਣਾਏ ਹੋਏ ਹਨ। ਜੇ ਅਸੀਂ ਕੀਰਤਨ ਨਾ ਕਰਦੇ ਤਾਂ ਗੁਰੂਆਂ ਨੂੰ ਕੌਣ ਜਾਣਦਾ ਸੀ।

ਗੁਰੂ ਅਰਜਨ ਦੇਵ ਜੀ ਨੂੰ ਆਪਣੀ ਬਾਬਤ ਤਾਂ ਕੋਈ ਰੰਜ ਨਹੀਂ ਆਇਆ ਸੀ, ਪਰ ਜਦ ਉਨ੍ਹਾਂ ਦੁਸ਼ਟਾਂ ਨੇ ਵੱਡੇ ਗੁਰੂਆਂ ਦੀ ਨਿੰਦਾ ਤੇ ਅਯੋਗ ਬਚਨਾਂ ਨਾਲ ਨਿਰਾਦਰੀ ਕੀਤੀ ਤਾਂ ਗੁਰੂ ਸਾਹਿਬ ਜਰ ਨਾ ਸਕੇ ਤੇ ਆਖਿਆ, 'ਜਾਓ ਗੁਰ ਨਿੰਦਕੋ, ਤੁਸਾਂ ਗੁਰੂ ਨਾਨਕ ਜੀ ਮਹਾਰਾਜ ਦੀ ਨਿੰਦਾ ਕੀਤੀ ਹੈ। ਹੰਕਾਰੀਓ ਦੁਸਟੋ, ਤੁਸੀਂ ਗੁਰੂ ਦੀ ਨਿੰਦਿਆ ਕਰਨ ਦਾ ਫਲ ਭੋਗੋਗੇ। ਇਹ ਕਹਿ ਕੇ ਗੁਰੂ ਜੀ ਮੁੜ ਆਏ। ਸੰਗਤ ਵਿਚ ਆ ਕੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਸਰੰਦੇ ਫੜੋ ਤੇ ਸ਼ਬਦ ਗਾਓ। ਗੁਰੂ ਸਾਹਿਬ ਦੇ ਵਾਕ ਨਾਲ ਹੀ ਸੂਧੇ ਸਾਦੇ ਸਿੱਖਾਂ ਨੂੰ ਤੁਰੰਤ ਰਾਗ ਦਾ ਗਿਆਨ ਹੋ ਆਇਆ ਤੇ ਸ਼ਬਦ ਗਾਵਣ ਲੱਗੇ।

ਇਸੇ ਵੇਲੇ ਹੀ ਗੁਰੂ ਜੀ ਨੇ ਹੁਕਮ ਦਿੱਤਾ ਕਿ ਕੋਈ ਸਿੱਖ ਸਾਡੇ ਪਾਸ ਸੱਤੇ ਬਲਵੰਡ ਦੀ ਅਰਜ਼ ਨਾ ਕਰੇ, ਜੋ ਅਰਜ਼ ਕਰੇਗਾ ਉਸ ਦਾ ਮੂੰਹ ਕਾਲਾ ਤੇ ਨੀਲੇ ਪੈਰ ਕਰ ਕੇ ਗਲ ਵਿਚ ਜੁੱਤੀਆਂ ਦਾ ਹਾਰ ਪਾ ਕੇ ਖੋਤੇ ਉੱਪਰ ਚੜ੍ਹਾ ਕੇ ਸਾਰੇ ਅੰਮ੍ਰਿਤਸਰ ਦੇ ਗਿਰਦੇ ਫੇਰਿਆ ਜਾਵੇਗਾ। ਉਧਰ ਦੋਹਾਂ ਰਬਾਬੀਆਂ ਨੂੰ ਓਸੇ ਵੇਲੇ ਕੋਹੜ ਹੋ ਗਿਆ। ਬੜੇ ਲਾਚਾਰ ਹੋ ਗਏ। ਕੋਈ ਭੀ ਗੁਰੂ ਜੀ ਤੋਂ ਡਰਦਾ ਅਰਜ਼ ਨਾ ਕਰ ਸਕੇ। ਓੜਕ ਭਾਈ ਲੱਧਾ ਜੋ ਪਰਉਪਕਾਰੀ ਸੀ, ਉਸ ਨੇ ਸੱਤੇ ਬਲਵੰਡ ਨੂੰ ਅਤੀ ਦੁੱਖੀ ਦੇਖ ਕੇ ਅਰਜ਼ ਕਰਨ ਵਾਸਤੇ ਆਪਣਾ ਉਹੋ ਰੂਪ ਬਣਾਇਆ ਜੋ ਗੁਰੂ ਜੀ ਦਾ ਹੁਕਮ ਸੀ, ਅਰਥਾਤ ਲਾਹੌਰੋਂ ਹੀ ਖੋਤੇ ਉੱਪਰ ਚੜ੍ਹ, ਮੂੰਹ ਕਾਲਾ ਤੇ ਜੁੱਤੀਆਂ ਦਾ ਹਾਰ ਗਲ ਵਿਚ ਪਾ ਕੇ ਗੁਰੂ ਜੀ ਪਾਸ ਆ ਕੇ ਅਰਜ਼ ਕੀਤੀ। ਜਿਸ ਪਰ ਗੁਰੂ ਜੀ ਬੜੇ ਖ਼ੁਸ਼ ਹੋਏ ਤੇ ਬਚਨ ਕੀਤਾ, ਜਿਸ ਮੂੰਹ ਨਾਲ ਇਨ੍ਹਾਂ ਰਬਾਬੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਤਿੰਨਾਂ ਗੁਰੂਆਂ ਦੀ ਨਿੰਦਾ ਕੀਤੀ ਹੈ, ਓਸੇ ਮੂੰਹ ਨਾਲ ਉਸਤਤੀ ਕਰਨ ਤਾਂ ਰੋਗ ਹਟੇਗਾ। ਤਦ ਸੱਤੇ ਤੇ ਬਲਵੰਡ ਨੇ ਗੁਰੂ ਜੀ ਦੇ ਜੱਸ ਦੀ ਵਾਰ (ਜੋ ਰਾਮਕਲੀ ਰਾਗ ਵਿਚ ਲਿਖੀ ਹੈ) ਉਚਾਰਣ ਕੀਤੀ ਅਤੇ ਜਿਉਂ-ਜਿਉਂ ਉਚਾਰਦੇ ਗਏ, ਤਿਉਂ-ਤਿਉਂ ਕੁਸ਼ਟ ਹਟਦਾ ਗਿਆ। ਗੱਲ ਕਾਹਦੀ, ਇਸ ਵਾਰ ਦੇ ਉਚਾਰਨ ਨਾਲ ਹੀ ਉਹ ਨਵੇਂ ਨਿਰੋਏ ਹੋ ਗਏ। ਉਸ ਵਕਤ ਗੁਰੂ ਅਰਜਨ ਦੇਵ ਜੀ ਨੇ ਵਰ ਦਿੱਤਾ ਕਿ ਜੋ ਸਿੱਖ ਇਸ ਵਾਰ ਨੂੰ ਸ਼ਰਧਾ ਨਾਲ ਰੋਜ਼ ਇਸ਼ਨਾਨ ਕਰ ਕੇ ਪੜ੍ਹੇ ਸੁਣੇਗਾ, ਉਸ ਦੇ ਸਭ ਰੋਗ ਦੂਰ ਹੋਣਗੇ।

**ਰਾਗੁ ਸੂਹੀ ਅਸਟਪਦੀਆ ਮਹਲਾ 4 ਘਰੁ 2 ੧ੳ ਸਤਿਗੁਰ ਪ੍ਰਸਾਦਿ ॥ ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥ ੧ ॥**

**ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ 2 ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ 3 ॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ 4 ॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ 5 ॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ 6 ॥ ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥ 7 ॥ ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥ 8 ॥ ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥ 9 ॥ ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥ ੧0 ॥ ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥ ੧੧ ॥ ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥ ੧2 ॥**

ਪਦ ਅਰਥ :- ਤਿਸੁ ਪਹਿ=ਉਸ ਪਾਸ। ਆਪੁ ਵੇਚਾਈ=ਆਪਣਾ ਆਪ ਵੇਚ ਦਿਆਂ।੧। ਤਾਈ=ਵਾਸਤੇ। ਕਿਰਪਾ ਕਰਹਿ=(ਜੇ ਤੂੰ) ਕਿਰਪਾ ਕਰੇਂ। ਮੇਲਹਿ=ਤੂੰ ਮੇਲ ਦੇਵੇਂ।੧।ਰਹਾਉ। ਧਿਆਈ=ਮੈਂ ਧਿਆਵਾਂ, ਸਿਮਰਾਂ।੨। ਇਤ ਹੀ=ਇਸ ਤਰ੍ਹਾਂ। ਰਾਜਾ=ਮੈਂ ਰੱਜ ਜਾਵਾਂ। ਮਨਾਈ=ਮੈਂ ਮਨਾਵਾਂ।੩। ਕਾਟਿ=ਕੱਟ ਕੇ। ਅਰਪੀ=ਮੈਂ ਭੇਟਾ ਕਰ ਦਿਆਂ। ਆਪੁ=ਆਪਣਾ ਆਪ। ਜਲਾਈ=ਮੈਂ ਸਾੜ ਦਿਆਂ।੪। ਜੋ ਦੇਵਹਿ=ਜੋ ਤੂੰ ਦੇਵੇਂ। ਖਾਈ=ਮੈਂ ਖਾਵਾਂ।੫। ਕਾਢਿ=ਕੱਢ ਕੇ। ਧਰੀ=ਮੈਂ ਧਰ ਦਿਆਂ। ਚਰਣਾ ਤਲਿ=ਚਰਨਾਂ ਦੇ ਤਲੇ, ਹੇਠਾਂ। ਮਤ ਪਾਈ=ਸ਼ਾਇਦ (ਗੁਰੂ ਨੂੰ) ਪਾ ਲਵਾਂ।੭। ਪਾਸਿ=(ਆਪਣੇ) ਕੋਲ। ਬਹਾਲਹਿ=ਬਿਠਾ ਲਵੇਂ। ਧਿਆਈ=(ਤੈਨੂੰ) ਧਿਆਉਂਦਾ ਰਹਾਂ।੮। ਛੋਡਿ ਨ ਜਾਈ=ਛੋਡ ਕੇ ਕਿਤੇ ਨਾ ਜਾਵਾਂ।੯। ਤੁਧੁ ਵਲਿ ਰਹੈ=ਤੇਰੇ ਨਾਲ (ਬਣੀ ਰਹੇ)। ਕੋਈ ਕਿਹੁ ਆਖਉ=ਕੋਈ ਕੁਝ ਪਿਆ ਮੈਨੂੰ ਆਖੇ।੧੦। ਵਾਰਿ ਵਾਰਿ=ਬਾਰ ਬਾਰ।੧੧। ਤਉ ਦਰਸਨ=ਤੇਰੇ ਦਰਸ਼ਨ।੧੨।

ਅਰਥ :- (ਹੇ ਭਾਈ ! ਜੇ) ਕੋਈ (ਸੱਜਣ) ਮੇਰਾ ਪ੍ਰੀਤਮ ਪ੍ਰਭੂ ਲਿਆ ਕੇ ਮੈਨੂੰ ਮਿਲਾ ਦੇਵੇ ਤਾਂ ਉਸ ਪਾਸ ਮੈਂ ਆਪਣਾ ਆਪ ਵੇਚ ਦਿਆਂਗਾ ਅਰਥਾਤ ਉਸ ਦੇ ਬਚਨਾਂ ਅਨੁਸਾਰ ਚੱਲਾਂਗਾ। ੧।

ਹੇ ਹਰੀ ਪ੍ਰਭੂ ਜੀ ! (ਤੇਰਾ) ਦਰਸ਼ਨ ਕਰਨ ਲਈ (ਮੈਂ ਸਭ ਕੁਝ ਕਰਨ ਲਈ ਤਿਆਰ ਹਾਂ)। (ਜੇ ਤੂੰ) ਕਿਰਪਾ ਕਰੇਂ ਤਾਂ (ਮੈਨੂੰ) ਸਤਿਗੁਰੂ ਮਿਲਾ ਦੇਵੇਂ (ਫਿਰ ਮੈਂ ਤੇਰਾ) ਹਰਿ ਹਰਿ ਨਾਮੁ ਸਿਮਰਦਾ ਰਹਾਂ।੧। ਰਹਾਉ। (ਹੇ ਪ੍ਰਭੂ ਪ੍ਰਮਾਤਮਾ ! ਜੇ ਤੂੰ ਕਰਮਾਂ ਅਨੁਸਾਰ) ਸੁਖ ਦੇਵੇਂਗਾ ਤਾਂ ਮੈਂ ਤੈਨੂੰ ਸਿਮਰਾਂਗਾ (ਅਤੇ) ਦੁੱਖ ਵਿਚ ਭੀ ਤੈਨੂੰ ਧਿਆਉਂਦਾ ਰਹਾਂਗਾ। ੨।

(ਹੇ ਪ੍ਰਭੂ ਪ੍ਰਮਾਤਮਾ ! ਜੇ ਤੂੰ ਮੈਨੂੰ ਕਰਮਾਂ ਅਨੁਸਾਰ) ਭੁੱਖ ਦੇਵੇਂਗਾ ਤਾਂ ਇਸ (ਭੁੱਖ) ਵਿਚ ਹੀ ਮੈਂ ਰਜਿਆ ਰਹਾਂਗਾ (ਅਤੇ) ਦੁੱਖ ਵਿਚ ਸੁੱਖ ਮਨਾਵਾਂਗਾ (ਭਾਵ ਤੇਰੀ ਰਜ਼ਾ ਵਿਚ ਰਾਜ਼ੀ ਰਹਾਂਗਾ)। ੩।

(ਹੇ ਅਕਾਲ ਪੁਰਖ ਪ੍ਰਭੂ ਜੀ ! ਤੇਰੇ ਦਰਸ਼ਨਾਂ ਲਈ ਮੈਂ ਆਪਣਾ) ਸਰੀਰ (ਅਤੇ) ਮਨ ਕੱਟ ਕੱਟ ਕੇ ਸਭ ਭੇਟਾ ਕਰ ਦਿਆਂਗਾ, ਆਪਣੇ ਆਪ ਨੂੰ ਅੱਗ ਵਿਚ ਸਾੜ ਦਿਆਂਗਾ। ੪।

(ਹੇ ਵਾਹਿਗੁਰੂ ਜੀ ! ਤੇਰੀ ਕਿਰਪਾ ਨਾਲ ਮੈਂ ਤੇਰੀਆਂ ਸੰਗਤਾਂ ਨੂੰ) ਪੱਖਾ ਝਲਾਂ, (ਉਨ੍ਹਾਂ ਦੇ ਇਸ਼ਨਾਨ ਪਾਨ ਲਈ) ਪਾਣੀ ਢੋਵਾਂ, ਜੋ ਕੁਝ (ਖਾਣ ਨੂੰ ਤੂੰ) ਦੇਵੇਂ; ਓਹੀ (ਕੁਝ ਮੈਂ) ਖਾਵਾਂ। ੫।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਗ਼ਰੀਬ ਤੇਰੇ ਦਰ ਉੱਤੇ ਢਹਿ ਪਿਆ ਹਾਂ, (ਮੈਨੂੰ ਆਪਣੇ) ਨਾਲ ਮੇਲ ਲਵੋ, (ਇਸ ਵਿਚ ਵੀ) ਤੇਰੀ ਵਡਿਆਈ (ਹੀ ਹੋਵੇਗੀ)। ੬।

ਹੇ ਪ੍ਰਭੂ ! (ਜੋ ਲੋੜ ਪਵੇ ਤਾਂ ਮੈਂ ਆਪਣੀਆਂ) ਅੱਖਾਂ ਕੱਢ ਕੇ (ਗੁਰੂ ਦੇ) ਚਰਨਾਂ ਹੇਠ ਰੱਖ ਦਿਆਂ। ਸਾਰੀ ਧਰਤੀ ਉੱਤੇ ਫਿਰ ਕੇ (ਭਾਲ ਕਰਾਂ) ਮਤਾਂ (ਮੈਂ) ਗੁਰੂ ਨੂੰ ਪਾ ਲਵਾਂ। (ਅਥਵਾ) ਸਾਰੀ ਧਰਤੀ ਫਿਰ ਕੇ ਗੁਰਾਂ ਪਾਸੋਂ ਇਹ ਮਤ=ਸਿਖਿਆ ਪਾਈ ਹੈ, ਅਰਥਾਤ ਗੁਰਾਂ ਤੋਂ ਇਤਨੀ ਸ਼ਰਧਾ ਪ੍ਰਾਪਤ ਹੋਈ ਹੈ, ਜਿਸ ਸ਼ਰਧਾ ਕਰਕੇ ਮੈਂ ਪ੍ਰਤੱਖ ਅੱਖਾਂ ਕੱਢ ਕੇ ਆਪ ਜੀ ਦੇ ਚਰਨਾਂ ਹੇਠ ਰੱਖਦਾ ਹਾਂ।੭।

(ਹੇ ਪ੍ਰਭੂ !) ਜੇ (ਤੂੰ ਮੈਨੂੰ ਆਪਣੇ) ਕੋਲ ਬਿਠਾ ਲਵੇਂ ਤਾਂ ਤੈਨੂੰ ਸਿਮਰਦਾ ਰਹਾਂ। ਹਾਂ, ਜੇ ਮਾਰ ਕੇ (ਮੈਨੂੰ ਆਪਣੇ ਦਰ ਤੋਂ ਬਾਹਰ) ਕੱਢ ਦੇਵੇਂ ਤਾਂ ਭੀ ਮੈਂ ਤੈਨੂੰ ਧਿਆਉਂਦਾ ਰਹਾਂ। ੮।

(ਹੇ ਪ੍ਰਭੂ ! ਜੇ ਲੋਕ ਇਹ ਭਾਵਨਾ ਵੇਖ ਕੇ ਮੇਰੀ) ਸ਼ਲਾਘਾ ਕਰਨ ਤਾਂ (ਇਹ) ਤੇਰੀ ਹੀ ਵਡਿਆਈ ਹੋਵੇਗੀ। ਹਾਂ, ਜੇ (ਲੋਕ ਮੈਨੂੰ) ਨਿੰਦਣ ਤਾਂ (ਵੀ ਮੈਂ ਤੈਨੂੰ) ਛੱਡ ਕੇ ਕਿਸੇ ਹੋਰ ਪਾਸ ਨਹੀਂ ਜਾਵਾਂਗਾ। ੯।

(ਹੇ ਪ੍ਰਭੂ !) ਜੇ ਤੇਰੇ ਵੱਲ (ਮੇਰੀ ਪ੍ਰੀਤੀ) ਬਣੀ ਰਹਿੰਦੀ ਹੈ ਤਾਂ ਕੋਈ ਕੁਝ ਭੀ ਪਿਆ ਆਖੇ (ਮੈਂ ਉਸ ਦੀ ਪਰਵਾਹ ਨਹੀਂ ਕਰਾਂਗਾ ਪਰ) ਤੇਰੇ ਵਿਸਰਿਆਂ ਮੈਂ ਮਰ ਜਾਵਾਂਗਾ। ੧੦।

(ਹੇ ਪ੍ਰਭੂ ! ਮੈਂ ਆਪਣੇ) ਗੁਰੂ ਤੋਂ ਵਾਰ ਵਾਰ ਸਦਕੇ ਜਾਵਾਂ, ਸੰਤ ਗੁਰੂ ਦੇ ਚਰਨਾਂ 'ਤੇ ਪੈ ਕੇ (ਉਸ ਗੁਰੂ ਨੂੰ) ਮਨਾਵਾਂ ਭਾਵ ਪ੍ਰਸੰਨ ਕਰਾਂ। ੧੧।

(ਨਾਨਕ ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਦਾਸ ਨਿਮਾਣਾ ਹੇ ਹਰੀ ! ਤੇਰੇ ਦਰਸ਼ਨਾਂ ਵਾਸਤੇ ਬਉਰਾ ਹੋਇਆ ਫਿਰਦਾ ਹਾਂ। ੧੨।

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩ ॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪ ॥ ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫ ॥ ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ

ਮਿਲਿ ਬਿਗਸਾਈ ॥ ੧੬ ॥ ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥ ੧੭ ॥ ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥ ੧੮ ॥ ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥ ੧੯ ॥ ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥ ੨੦ ॥ ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥ ੨੧ ॥ ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥ ੨੨ ॥ ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥ ੨੩ ॥ ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥ ੨੪ ॥ ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥ ੨੫ ॥ ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥ ੨੬ ॥ ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥ ੨੭ ॥ ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥ ੨੮ ॥ ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥ ੨੯ ॥ ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥ ੩੦ ॥ ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥ ੩੧ ॥ ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥ ੩੨ ॥ ੧ ॥

ਪਦ ਅਰਥ :- ਝਖੜੁ=ਤੇਜ਼ ਹਨੇਰੀ। ਝਾਗੀ=ਮੈਂ ਝੱਲਾਂ, ਝਾਗਦਾ ਹੋਇਆ। ਜਾਈ=ਜਾਂਦਾ ਹੈ। ਬਹੁ ਖਾਰਾ=ਬਹੁਤ ਖਾਰਾ (ਖਾਰੇ ਪਾਣੀ ਵਾਲਾ)। ਗੁਰ ਪਹਿ=ਗੁਰੂ ਦੇ ਕੋਲ। ਜਾਈ=ਜਾਂਦਾ ਹੈ। ਸੋਭ ਕਰੇ=ਸੋਹਣੀ ਲੱਗਦੀ ਹੈ। ਬਿਗਸਾਈ=ਪ੍ਰਸੰਨ ਹੁੰਦਾ ਹੈ। ਹੋਇ=ਹੋ ਕੇ। ਵਰਤਾ=ਚੱਲਾਂ। ਬੁਲਾਈ=ਬੁਲਾਵਾਂ। ਪਾਈ=ਮੈਂ ਪਾਵਾਂ। ਤੂਹੈ ਹੋਵਹਿ=ਤੇਰਾ ਰੂਪ ਹੋ ਜਾਂਦੇ ਹਨ। ਭੰਡਾਰ=ਖ਼ਜ਼ਾਨਾ। ਹਰਿ=ਹੇ ਹਰੀ !। ਦੇਵਾਈ=ਦਿਵਾਉਂਦਾ ਹੈਂ। ਨਿਹਫਲ=ਵਿਅਰਥ। ਜਾਗਾਈ=ਮੈਂ ਜਗਾਵਾਂ। ਦਾਸਨਿ ਦਾਸੁ=ਦਾਸਾਂ ਦਾ ਦਾਸੁ। ਕਰਾਈ=ਬਣਾ ਲਈ। ਬੋਲਹਿ=ਬੋਲਦੇ ਹਨ। ਥਾਇ ਨ ਪਾਈ=ਪਰਵਾਨ ਕਰਦਾ ਹੈ। ਪਾਲਾ=ਸਖ਼ਤ ਸਰਦੀ। ਕਕਰੁ ਵਰਫ ਵਰਸੈ=ਕਕਰ ਅਤੇ ਬਰਫ਼ ਵਸਦੀ (ਪੈਂਦੀ) ਹੋਵੇ। ਜਾਈ= ਜਾਂਦਾ ਹੈ। ਦੇਖਉ=ਮੈਂ ਵੇਖਦਾ ਹਾਂ। ਵਿਚਿ ਅਖੀ=ਅੱਖਾਂ ਵਿਚ। ਗੁਰ ਪੈਰ=ਗੁਰੂ ਦੇ ਚਰਨ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਧਰਾਈ=ਧਾਰੀ (ਟਿਕਾਈ) ਰੱਖਦਾ ਹਾਂ।੨੮। ਉਪਾਵ=ਜਤਨ। ਥਾਇ ਪਾਈ=ਥਾਇ ਪਾਉਂਦਾ ਹੈ, ਕਬੂਲ ਕਰਦਾ ਹੈ।੨੯। ਅਰਾਧੀ=ਮੈਂ ਸਿਮਰਾਂ। ਮੇਰੇ ਸਾਈ=ਹੇ ਮੇਰੇ ਮਾਲਕ !।੩੦। ਤ੍ਰਿਪਤਿ ਅਘਾਈ=ਮੈਂ ਪੂਰਨ ਤੌਰ 'ਤੇ ਰਜ ਜਾਂਦਾ ਹਾਂ।੩੧। ਜਤ ਕਤ=ਜਿਥੇ ਕਿਥੇ। ਤਤ=ਓਥੇ। ਗੁਸਾਈ=ਮਾਲਕ, ਵਾਹਿਗੁਰੂ।੩੨।

ਅਰਥ :- (ਹੇ ਪ੍ਰਭੂ ! ਤੇਰਾ ਦਰਸ਼ਨ ਕਰਨ ਲਈ ਜੇ) ਝੱਖੜ (ਝੁਲਦਾ ਹੋਵੇ), ਮੀਂਹ ਵਸਦਾ ਹੋਵੇ, (ਇਹ ਔਖ) ਝੱਲਦਾ ਹੋਇਆ ਫਿਰ ਵੀ (ਸਿੱਖ) ਗੁਰੂ ਵੇਖਣ (ਭਾਵ ਦਰਸ਼ਨਾਂ) ਲਈ ਜਾਂਦਾ ਹੈ। ੧੩।

ਜੇ ਬਹੁਤ ਖਾਰਾ ਸਮੁੰਦਰ ਸਾਗਰ (ਲੰਘਣਾ ਪਵੇ ਤਾਂ ਉਸ ਨੂੰ) ਲੰਘ ਕੇ ਭੀ ਗੁਰੂ ਦਾ ਸਿੱਖ ਗੁਰੂ ਪਾਸ ਪਹੁੰਚ ਜਾਂਦਾ ਹੈ। ੧੪।

ਜਿਵੇਂ ਪ੍ਰਾਣੀ ਪਾਣੀ ਤੋਂ ਬਿਨਾਂ ਮਰਦਾ ਹੈ, ਤਿਵੇਂ ਸਿੱਖ ਗੁਰੂ ਦੇ ਮਿਲਾਪ ਤੋਂ ਬਿਨਾਂ ਮਰ ਜਾਂਦਾ ਹੈ। ੧੫।

ਜਿਵੇਂ ਜਦੋਂ ਮੀਂਹ ਵੱਸਦਾ ਹੈ ਤਾਂ ਧਰਤੀ ਹਰਿਆਲੀ ਕਰਕੇ ਸੋਹਣੀ ਲੱਗਣ ਲੱਗ ਪੈਂਦੀ ਹੈ, ਤਿਵੇਂ ਸਿੱਖ ਗੁਰੂ ਨੂੰ ਮਿਲ ਕੇ ਖਿੜ ਪੈਂਦਾ ਹੈ (ਪ੍ਰਸੰਨ ਹੁੰਦਾ) ਹੈ। ੧੬।

(ਹੇ ਪ੍ਰਭੂ ! ਕਿਰਪਾ ਕਰ ਤਾਂਕਿ) ਮੈਂ (ਗੁਰੂ ਪਰਮੇਸ਼ਰ ਦੇ) ਸੇਵਕਾਂ ਦਾ ਸੇਵਕ ਹੋ ਕੇ ਵਰਤਾਂ ਭਾਵ ਉਸ ਦੀ ਆਗਿਆ ਵਿਚ (ਚੱਲਾਂ ਅਤੇ ਉਨ੍ਹਾਂ ਅੱਗੇ) ਬੇਨਤੀਆਂ ਕਰ ਕਰ ਕੇ ਬੁਲਾਵਾਂ। ੧੭।

(ਗੁਰਦੇਵ ਉਚਾਰਨ ਕਰਦੇ ਹਨ ਕਿ) ਨਾਨਕ (ਦਾਸ ਦੀ) ਹਰੀ ਪ੍ਰਭੂ ਪਾਸ (ਇਹ) ਬੇਨਤੀ ਹੈ ਕਿ ਗੁਰੂ ਨਾਲ ਮਿਲ ਕੇ ਗੁਰੂ ਦਾ (ਬਖ਼ਸ਼ਿਆ ਹੋਇਆ ਆਤਮਿਕ) ਸੁਖ ਪ੍ਰਾਪਤ ਕਰਾਂ। ੧੮।

(ਹੇ ਪ੍ਰਭੂ !) ਤੂੰ ਆਪੇ ਗੁਰੂ ਹੈਂ; ਆਪ ਹੀ ਚੇਲਾ (ਸਿੱਖ) ਹੈਂ; (ਮੈਂ) ਗੁਰੂ ਨੂੰ ਵਿਚ ਵਿਚੋਲਾ ਪਾ ਕੇ ਉਸ ਰਾਹੀਂ ਤੈਨੂੰ ਹੀ ਧਿਆਵਾਂਗਾ। ੧੯।

(ਹੇ ਪ੍ਰਭੂ !) ਜੋ ਤੈਨੂੰ ਸੇਂਵਦੇ ਹਨ, ਉਹ ਤੇਰਾ ਰੂਪ ਹੀ ਹੋ ਜਾਂਦੇ ਹਨ, ਤੂੰ (ਸਦਾ ਹੀ ਆਪਣੇ) ਸੇਵਕਾਂ ਦੀ ਪੈਜ ਰੱਖਦਾ ਹੈਂ। ੨੦।

ਹੇ ਹਰੀ ! ਤੇਰੇ ਭਗਤੀ ਦੇ ਭੰਡਾਰੇ ਭਰੇ ਹੋਏ ਹਨ, ਜੋ ਮਨੁੱਖ ਤੈਨੂੰ ਚੰਗਾ ਲੱਗਦਾ ਹੈ, ਉਸ ਨੂੰ ਤੂੰ ਦੇਂਦਾ ਹੈਂ।੨੧।

(ਹੇ ਪ੍ਰਭੂ !) ਜਿਸ (ਸੇਵਕ ਨੂੰ) ਦੇਂਦਾ ਹੈਂ ਓਹੀ ਸੇਵਕ (ਭਗਤੀ ਦਾ ਖ਼ਜ਼ਾਨਾ) ਪਾਉਂਦਾ ਹੈ, ਹੋਰ ਸਭ ਸਿਆਣਪ ਤੇ ਚਤਰਾਈ ਵਿਅਰਥ ਹੈ। ੨੨।

(ਹੇ ਪ੍ਰਭੂ ! ਕਿਰਪਾ ਕਰ) ਮੈਂ ਆਪਣੇ ਗੁਰੂ ਨੂੰ ਮਨ ਬਾਣੀ ਸਰੀਰ ਦੁਆਰਾ ਸਿਮਰ-ਸਿਮਰ ਕੇ (ਅਗਿਆਨਤਾ ਵਿਚ) ਸੁੱਤਾ (ਹੋਇਆ) ਮਨ ਜਗਾਉਂਦਾ ਰਹਾਂ। ੨੩।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਗੁਰੂ ਜੀ ਉਚਾਰਨ ਕਰਦੇ ਹਨ ਕਿ) ਨਾਨਕ ਵਿਚਾਰਾ (ਤੈਥੋਂ) ਇਕ ਦਾਨ ਮੰਗਦਾ ਹੈ, ਹੇ ਹਰੀ ! (ਤੂੰ ਮੈਨੂੰ ਆਪਣੇ) ਦਾਸਾਂ ਦਾ ਦਾਸ ਬਣਾ ਲਈਂ। ੨੪।

(ਹੇ ਭਾਈ !) ਜੇ ਗੁਰੂ (ਮੈਨੂੰ ਮੇਰਾ ਕਸੂਰ ਵੇਖ ਕੇ ਜਾਂ ਉਂਝ ਪਿਆਰ ਨਾਲ) ਝਿੜਕ ਦੇਵੇ ਤਾਂ ਗੁਰੂ ਦਾ (ਝਿੜਕਾਂ ਭਰਿਆ ਬੋਲ ਮੈਨੂੰ) ਮਿੱਠਾ ਲੱਗਦਾ ਰਹੇ। ਹਾਂ, ਜੇ (ਗੁਰੂ ਮੇਰੀ ਭੁੱਲ) ਬਖ਼ਸ਼ ਦੇਵੇ ਤਾਂ (ਇਹ) ਗੁਰੂ ਦੀ (ਆਪਣੀ) ਵਡਿਆਈ ਹੈ। ੨੫।

ਗੁਰਮੁਖ (ਗੁਰੂ ਦੇ ਪਿਆਰੇ ਜੋ) ਬੋਲਦੇ ਹਨ, ਉਹ (ਬੋਲ ਵਾਹਿਗੁਰੂ) ਥਾਇ ਪਾਉਂਦਾ ਹੈ (ਭਾਵ ਕਬੂਲ ਕਰਦਾ ਹੈ ਪਰ) ਮਨਮੁਖਾਂ ਦਾ (ਬੋਲਿਆ ਹੋਇਆ) ਰਤਾ ਭਰ ਭੀ ਥਾਇ ਨਹੀਂ ਪੈਂਦਾ।੨੬।

ਭਾਵੇਂ ਸਖ਼ਤ ਸਰਦੀ ਅਤੇ ਕੱਕਰ ਬਰਫ਼ ਪੈਂਦੀ ਹੋਵੇ, ਤਾਂ ਵੀ ਗੁਰੂ ਦਾ ਸਿੱਖ ਗੁਰਦੇਵ ਦੇ ਦਰਸ਼ਨ ਕਰਨ ਲਈ ਜਾਂਦਾ ਹੈ।੨੭।

ਹਜ਼ੂਰ ਕਹਿੰਦੇ ਹਨ ਕਿ ਮੈਂ ਤਾਂ ਸਾਰਾ ਦਿਨ ਤੇ ਰਾਤ ਆਪਣੇ ਗੁਰੂ ਨੂੰ ਵੇਖਦਾ ਹਾਂ ਅਤੇ ਆਪਣੀਆਂ ਅੱਖਾਂ ਵਿਚ ਗੁਰੂ ਦੇ ਚਰਨ ਟਿਕਾਈ ਰੱਖਦਾ ਹਾਂ।੨੮।

ਮੈਂ ਤਾਂ ਆਪਣੇ ਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਅਨੇਕਾਂ ਜਤਨ ਕਰਦਾ ਹਾਂ, ਪਰ ਗੁਰੂ ਜੀ ਉਹ ਜਤਨ ਥਾਂ ਪਾਉਂਦਾ ਹੈ, ਜੋ ਗੁਰੂ ਨੂੰ ਚੰਗਾ ਲੱਗਦਾ ਹੈ।੨੯।

ਹੇ ਮੇਰੇ ਪ੍ਰਭੂ ਜੀ ! ਇਹ ਕਿਰਪਾ ਕਰੋ ਕਿ ਮੈਂ ਦਿਨ ਰਾਤ ਆਪਣੇ ਗੁਰੂ ਜੀ ਦੇ ਸ਼ਬਦ ਰੂਪੀ ਚਰਨ ਸਿਮਰਦਾ ਰਹਾਂ।੩੦।

ਨਾਨਕ (ਗੁਰੂ ਜੀ ਸੁੰਦਰ ਉਚਾਰਨ ਕਰਦੇ ਹਨ ਕਿ) ਮੇਰੀ ਤਾਂ ਜਿੰਦ ਤੇ ਸਰੀਰ (ਸਭ ਕੁਝ ਗੁਰੂ ਹੀ ਹੈ, ਮੈਂ ਗੁਰੂ ਨੂੰ ਮਿਲ ਕੇ ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋਂ ਰੱਜ ਜਾਂਦਾ ਹਾਂ।੩੧।

ਨਾਨਕ ਗੁਰੂ ਜੀ ਸੁੰਦਰ ਫ਼ੁਰਮਾਨ ਕਰਦੇ ਹਨ ਕਿ ਮੇਰਾ ਪ੍ਰਭੂ ਹਰਿ ਥਾਂ ਪਰੀਪੂਰਨ ਹੋ ਰਿਹਾ ਹੈ, ਤੇ ਜਿਥੇ-ਜਿਥੇ ਮੈਂ ਵੇਖਦਾ ਹਾਂ, ਉਥੇ ਉਥੇ ਹੀ ਉਹ ਪ੍ਰਭੂ ਪ੍ਰਿਥਵੀ ਦਾ ਮਾਲਕ ਪ੍ਰਮਾਤਮਾ ਮੈਨੂੰ ਦਿੱਸਦਾ ਹੈ।੩੨।੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧44 (ਆਦਿ ਅੰਗ 760)

ਰਾਗੁ ਸੂਹੀ ਮਹਲਾ 5 ਘਰੁ 3
ੴ ਸਤਿਗੁਰ ਪ੍ਰਸਾਦਿ ॥

ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥ ੧ ॥ ਚਰਣ ਕਮਲ ਸਰਣਾਇ ਨਰਾਇਣ ॥ ਦੀਨਾ ਨਾਥ ਭਗਤ ਪਰਾਇਣ ॥ ੧ ॥ ਰਹਾਉ ॥ ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧਸੰਗਿ ਜਮਦੂਤ ਨ ਭੇਟਨ ॥ 2 ॥ ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥ 3 ॥ ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥ 4 ॥ ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥ 5 ॥ ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥ 6 ॥ ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ ਕੇਵਲ ਨਾਮੁ ਭਗਤਿ ਰਸੁ ਦੀਨਾ ॥ 7 ॥ ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥ 8 ॥ ੧ ॥ 2 ॥

## ਪ੍ਰਾਕ੍ਰਥਨ :

ਪੰਚਮ ਗੁਰਦੇਵ ਸੂਹੀ ਰਾਗੁ ਅੰਦਰ ਸ਼ਬਦ ਉਚਾਰਨ ਕਰ ਕੇ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਇਹ ਸ਼ਬਦ ਤੀਜੇ ਘਰ ਸੁਰਤਾਲ ਵਿਚ ਉਚਾਰਿਆ ਹੈ।

## ਵਿਸ਼ਾ — ਏਤ ਮੋਹਿ ਡੂਬਾ ਸੰਸਾਰੁ

ਮੋਹ ਬੜਾ ਹੀ ਪ੍ਰਬਲ ਹੈ, ਵੱਡੇ ਵੱਡੇ ਵਲੀ ਪੁਰਖ ਇਸ ਮੋਹ ਵਿਚ ਘਿਰ ਗਏ ਹਨ। ਇਸ ਕਰਕੇ ਜਦੋਂ ਮੋਹ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਇਕ ਗੱਲ ਬੜੀ ਪ੍ਰਤੱਖ ਹੈ ਕਿ ਮਨੁੱਖੀ ਮਨ 'ਤੇ ਭਰਮ ਦਾ ਪਰਦਾ ਪਿਆ ਹੋਇਆ ਹੈ ਜਿਸ ਕਾਰਨ ਉਹ ਸਾਰੀਆਂ ਵਸਤਾਂ, ਜੋ ਉਸ ਨੂੰ ਦਾਤੇ ਵੱਲੋਂ ਪ੍ਰਾਪਤ ਹੋਈਆਂ ਹਨ, ਇਨ੍ਹਾਂ ਨੂੰ ਆਪਣੀਆਂ ਸਮਝੀ ਬੈਠਾ ਹੈ। ਮਨੁੱਖ ਅੰਦਰ ਕੁਟੰਬ ਭਾਵ ਪੁੱਤਰਾਂ-ਧੀਆਂ, ਇਸਤ੍ਰੀ ਆਦਿ ਨਾਲ ਹਰ ਵੇਲੇ ਮੋਹ ਬਣਿਆ ਰਹਿੰਦਾ ਹੈ। ਪ੍ਰਾਣੀ ਇਨ੍ਹਾਂ ਨੂੰ ਆਪਣੇ ਸਮਝ ਕੇ ਸਦਾ ਭੁਲੇਖੇ ਵਿਚ ਪਿਆ ਰਹਿੰਦਾ ਹੈ। ਉਸ ਨੂੰ ਇਸ ਗੱਲ ਦੀ ਸੋਝੀ ਨਹੀਂ ਰਹਿੰਦੀ ਕਿ ਸਭ ਦਾਤਾਂ ਤਾਂ ਪ੍ਰਭੂ ਦਾਤੇ ਪਾਸੋਂ ਨਸੀਬ ਹੋਈਆਂ ਹਨ। ਪਤਾ ਨਹੀਂ ਕਿਸ ਵੇਲੇ ਕਿਸ ਦਾਤ ਨੂੰ ਉਹ ਮਾਲਕ ਵਾਪਸ ਲੈ ਲਵੇਗਾ। ਜਿਸ ਸਮੇਂ ਦਾਤਾ ਕਿਸੇ ਆਪਣੀ ਦਿੱਤੀ ਦਾਤ ਨੂੰ ਵਾਪਸ ਲੈ ਲੈਂਦਾ ਹੈ ਤਾਂ ਮਨੁੱਖ ਸੋਗ ਦੇ ਗਹਿਰੇ ਸਾਗਰ ਵਿਚ ਡੁੱਬ ਜਾਂਦਾ ਹੈ। ਜਿੰਨੀ ਪਿਆਰੀ ਵਸਤੂ, ਜਿਸ ਵਿਚ ਮਨੁੱਖ ਦਾ ਵੱਧ ਮੋਹ ਪਿਆ ਹੋਵੇ, ਉਹ ਚਲੀ ਜਾਵੇ ਤਾਂ ਉਤਨਾ ਹੀ ਇਹ ਜੀਵ ਵੱਧ ਸੋਗ ਦੇ ਗਹਿਰੇ ਸਾਗਰ ਵਿਚ ਡੁੱਬਦਾ ਹੈ ਅਤੇ ਇਸੇ ਤਰ੍ਹਾਂ ਮਾਇਆ ਅਤੇ ਹੋਰ ਵਸਤਾਂ ਹਨ ਜਿਸ ਨੂੰ ਮਨੁੱਖ ਸੁੱਖਾਂ ਦੇ ਸਾਧਨ ਸਮਝ ਕੇ ਇਨ੍ਹਾਂ ਵਿਚ ਮੋਹ ਪਾ ਲੈਂਦਾ ਹੈ ਅਤੇ ਫਿਰ ਕਿਸੇ ਹਾਲਤ ਵਿਚ ਇਨ੍ਹਾਂ ਤੋਂ ਵੱਖ ਹੋਣ ਲਈ ਤਿਆਰ ਨਹੀਂ ਹੁੰਦਾ। ਇੰਞ ਮੌਤ ਨੂੰ ਭੁਲਾ ਕੇ, ਪਰਮਾਤਮਾ ਨਾਲ ਪਿਆਰ ਪਾਉਣ ਦੀ ਥਾਂ ਮਨੁੱਖ ਮੋਹ-ਮਾਇਆ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਗੁਰੂ ਅਮਰਦਾਸ ਜੀ ਦੇ ਰਾਗੁ ਸੂਹੀ ਵਿਚ ਬੜੇ ਸੁੰਦਰ ਬਚਨ ਹਨ :

**ਮੋਹੁ ਕੂੜੁ ਕੁਟੰਬੁ ਹੈ ਮਨਮੁਖ ਮੁਗਧੁ ਰਤਾ॥**
**ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ॥**
**ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ॥** (ਅੰਗ 787)

ਅਥਵਾ :

**ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ॥**
**ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ॥**

(ਰਾਗ ਗਉੜੀ ਕੀ ਵਾਰ ਮ: 4, ਅੰਗ 305)

**ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥**
**ਗਣ ਗੰਧਰਬ ਦੇਵ ਮਾਨੁਖ੍ਹੰ ਪਸੁ ਪੰਖੀ ਬਿਮੋਹਨਹ॥**

(ਅੰਗ ੧358)

ਅਰਥ :- ਸ੍ਰੀ ਗੁਰੂ ਜੀ ਕਹਿੰਦੇ ਹਨ, ਹੇ ਮੋਹ ! ਤੂੰ ਕੈਸਾ ਹੈਂ ? ਰਣਭੂਮੀ ਵਿਚ ਤੂੰ ਅਜਿਤ ਸੂਰਮਾ ਹੈਂ, ਕਿਉਂਕਿ ਜੋ ਅਤਿਸੈ ਕਰ ਕੇ ਵੱਡੇ ਬਲਵਾਨ ਪੁਰਸ਼ ਹਨ, ਉਹਨਾਂ ਨੂੰ ਭੀ ਤੂੰ ਮਰਦਨ ਕੀਤਾ ਹੈ ਤੇ ਜੋ ਗੁਣ ਗੰਧਰਬ ਤੇ ਦੇਵਤੇ, ਮਨੁਸ਼, ਪਸ਼ੂ, ਪੰਛੀ ਆਦਿਕ ਹਨ, ਸਭ ਨੂੰ ਤੂੰ ਮੋਹਿਤ ਕੀਤਾ ਹੋਇਆ ਹੈ।

ਇਕ ਕਵੀ ਦਾ ਬਹੁਤ ਸੁੰਦਰ ਕਥਨ ਹੈ ਮੋਹ ਦੇ ਸੰਬੰਧ ਵਿਚ ਕਿ ਇਹ ਮਨੁੱਖ ਕਿਸ ਤਰ੍ਹਾਂ ਸੰਬੰਧੀਆਂ ਅਤੇ ਧੰਧਿਆਂ ਵਿਚ ਖੱਚਤ ਹੁੰਦਾ ਹੈ।

**ਸ੍ਵੈਯਾ : ਮਾਤ ਪਿਤਾ ਯੁਵਤੀ ਸੁਤ ਬੰਧਵ, ਆਇ ਮਿਲਯੋ ਇਨ ਸੇ ਸਨਬੰਧਾ।**
**ਸਾਰਥ ਕੇ ਅਪਨੇ ਸਬ ਸੌ ਯੇਹ, ਜਾਨਤ ਨਾਹਿ ਨ ਅੰਧ ਕੌ ਅੰਧਾ।**
**ਕਰਮ ਅਕਰਮ ਕਰੈ ਤਿਨ ਕੇ ਹਿਤ, ਭਾਰ ਧਰੈ ਨਿਤ ਆਪਣੇ ਕੰਧਾ।**
**ਅੰਤ ਵਿਛੋਹ ਭਯੋ ਸਭ ਸੌਂ ਪੁਨਿ, ਯਾਹੀ ਤੇ ਸੁੰਦਰ ਹੈ ਜਗ ਧੰਧਾ।**

(ਦ੍ਰਿਸ਼ਟਾਂਤ ਸਾਗਰ, ਪੰਨਾ ੧37)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗੁ ਗਉੜੀ ਬਾਵਨ ਅੱਖਰੀ ਵਿਚ ਫ਼ੁਰਮਾਨ ਹੈ ਕਿ ਮਾਇਆ ਨੇ ਹਰੇਕ ਜੀਵ ਦੇ ਹਿਰਦੇ ਵਿਚ ਆਪਣਾ ਮੋਹ ਟਿਕਾਈ ਰੱਖਿਆ ਹੈ। ਇਹ ਮੋਹ ਐਨਾ ਪ੍ਰਬਲ ਹੈ ਕਿ ਇਸ ਮਿੱਠੇ ਮੋਹ ਵਿਚ ਫਸ ਕੇ ਮਨੁੱਖ ਵੱਖ-ਵੱਖ ਜੂਨਾਂ ਵਿਚ ਭਟਕਦਾ ਰਹਿੰਦਾ ਹੈ :

**ਮੋਹ ਮਗਨ ਮੀਠ ਜੋਨਿ ਫਾਸੇ॥**
**ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ॥**
**ਆਪਨ ਮੋਹ ਘਟੇ ਘਟਿ ਦੀਨੇ॥** (ਅੰਗ 25੧)

ਸਿਰੀ ਰਾਗੁ ਕੀ ਵਾਰ ਮਹਲਾ 4 ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਸੇਧ ਦੇ ਰਹੇ ਹਨ ਕਿ ਮਾਲਕ ਪ੍ਰਭੂ ਨਾਲ ਪ੍ਰੀਤੀ ਪਾਉਣ ਤੋਂ ਬਿਨਾਂ ਬਾਕੀ ਸਭ ਮਾਇਆ ਦਾ ਪਿਆਰ ਹੀ ਹੈ ਅਤੇ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨ ਕਦੀ ਪ੍ਰਭੂ ਦੇ ਸਿਮਰਨ ਵਿਚ ਨਹੀਂ ਜੁੜ ਸਕਦਾ :

**ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ॥**
**ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ॥** (ਅੰਗ 83)

ਅਸਲ ਵਿਚ ਪ੍ਰਭੂ ਦੇ ਨਾਮ ਤੋਂ ਸੱਖਣਾ ਸਾਰਾ ਜਗਤ ਮੋਹ ਅਤੇ ਸੋਗ ਵਿਚ ਫਸਿਆ ਹੋਇਆ ਹੈ। ਕੇਵਲ ਉਸ ਦੇ ਭਗਤ ਜਨ ਹੀ ਇਸ ਮੋਹ-ਮਾਇਆ ਤੋਂ ਨਿਰਲੇਪ ਰਹਿੰਦੇ ਹਨ ਭਾਵ ਉਨ੍ਹਾਂ ਨੂੰ ਸੰਬੰਧੀਆਂ ਦਾ ਮੋਹ

ਵਿਆਪਦਾ ਨਹੀਂ। ਇਸ ਸੰਬੰਧ ਵਿਚ ਭਗਤ ਰਵਿਦਾਸ ਜੀ ਦਾ ਕਿੰਨਾ ਸੁੰਦਰ ਕਥਨ ਹੈ :

**ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥**

(ਰਾਗੁ ਸੋਰਠਿ, ਅੰਗ 658)

ਸ੍ਰੀ ਗੁਰੂ ਅਮਰਦਾਸ ਜੀ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਪਿਆਰੇ ਗੁਰੂ ਦੀ ਸਿੱਖਿਆ ਨੂੰ ਮਨ ਵਿਚ ਵਸਾ ਕੇ ਰੱਖਦੇ ਹਨ। ਗੁਰਮਤਿ ਧਾਰਣ ਕਰਕੇ ਉਨ੍ਹਾਂ ਨੇ ਹਰਖ ਸੋਗ ਮੋਹ ਆਦਿ ਤਿਆਗ ਦਿੱਤਾ ਹੈ।

**ਗੁਰਮਤੀ ਹਰਿ ਮੰਨਿ ਵਸਾਇਆ॥ ਹਰਖ ਸੋਗੁ ਸਭ ਮੋਹੁ ਗਵਾਇਆ॥**

(ਅੰਗ ੧22)

ਗੁਰਇਤਿਹਾਸ ਵਿਚ ਆਏ ਜ਼ਿਕਰ ਅਨੁਸਾਰ ਹਜ਼ੂਰ ਨੇ ਸੋਗ ਦਾ ਤਿਆਗ ਕਰਨ ਦਾ ਹੁਕਮ ਕੀਤਾ ਹੈ। ਜਿਸ ਸਮੇਂ ਬਾਬਾ ਅਟੱਲ ਰਾਏ ਸਰੀਰ ਤਿਆਗ ਗਏ ਸਨ ਤਾਂ ਗੁਰੂ ਘਰ ਵਿਚ ਸੋਗ ਕਰਦਿਆਂ ਨੂੰ ਦੇਖ ਕੇ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਕਿਹਾ ਕਿ ਤੁਸੀਂ ਸਿੱਖਿਆ ਦਿਉ ਤਾਂ ਭਾਈ ਸਾਹਿਬ ਜੀ ਨੇ ਸਿੱਖਿਆ ਦਿੱਤੀ ਸੀ।

**ਅਧਿਕ ਸ਼ੋਕ ਘਰ ਮਹਿ ਜਬਿ ਭਯੋ। ਤਬਿ ਗੁਰਦਾਸ ਗੁਰੂ ਪਠਿ ਦਯੋ।**
**ਜਾਇ ਸਭਨ ਕੋ ਧੀਰਜ ਦੀਨਾ। ਨਹਿ ਰੁਦਨਹੁ ਕਰਿ ਬਦਨ ਮਲੀਨਾ॥ ੧6॥**
**ਜਗ ਖੇਤੀ ਇਹ ਪ੍ਰਭੂ ਕਰੀ ਹੈ। ਕਾਚੀ ਗਦਰੀ ਪਾਕ ਖਰੀ ਹੈ।**
**ਜਿਸ ਕੋ ਚਾਹੈ ਬਾਢ ਕਰ ਲੇਤਿ। ਇਸ ਕੋ ਸੋਕ ਕਰਹਿ ਕਿਸ ਹੇਤੁ॥ ੧7॥**
**ਸਗਰੇ ਆਪੋ ਅਪਨੀ ਵਾਰੀ। ਜਾਤਿ ਚਲੇ ਕੋ ਧੀਰ ਨ ਧਾਰੀ।**
**ਗੁਰ ਕੇ ਘਰ ਮਹਿ ਸ਼ੋਕ ਬਿਸਾਲਾ। ਚਹਿਯੰਤਿ ਨਹੀਂ ਰਹੈ ਚਿਰਕਾਲਾ॥ ੧8॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 6, ਅੰਸੂ 59)

ਗੁਰੂ ਅਮਰਦਾਸ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ :

**ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ॥ ਜਾ ਹਿਰਦੈ ਵਸਿਆ ਸਚੁ ਸੋਇ॥**

(ਅੰਗ 232)

ਮੋਹ ਵਿਚ ਫਸੇ ਹੋਏ ਜੀਵ ਦਾ ਜੋ ਅੰਤ ਹੁੰਦਾ ਹੈ, ਉਸ ਬਾਰੇ ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਦਰਸਾਇਆ ਹੈ :

**ਜਬ ਲਗੁ ਮੋਹ ਮਗਨ ਸੰਗਿ ਮਾਇ॥ ਤਬ ਲਗੁ ਧਰਮ ਰਾਇ ਦੇਇ ਸਜਾਇ॥**

(ਅੰਗ 278)

ਇਥੋਂ ਤੱਕ ਕਿ ਜੇਕਰ ਮਨ ਹੋਰ ਵਸਤਾਂ ਨਾਲ ਮੋਹ ਪਾਈ ਰੱਖਦਾ ਹੈ ਤਾਂ ਕੀਤੀ ਸੇਵਾ ਵੀ ਕਿਸੇ ਲੇਖੇ ਨਹੀਂ ਪੈਂਦੀ। ਪਰਿਵਾਰਕ ਜੀਆਂ ਨਾਲ ਪਿਆਰ ਵਧਾ ਕੇ ਪ੍ਰਾਣੀ ਮੋਹ-ਮਾਇਆ ਦੇ ਬੰਧਨਾਂ ਵਿਚ ਪੈ ਕੇ

ਪਰਮਾਤਮਾ ਨੂੰ ਮਨੋਂ ਵਿਸਾਰ ਦਿੰਦਾ ਹੈ ਜਿਸ ਕਾਰਨ ਫਿਰ ਦੁੱਖ ਹੀ ਦੁੱਖ ਭੋਗਦਾ ਹੈ। ਗੁਰਵਾਕ ਹੈ :

**ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ॥**
**ਪੁਤੁ ਕਲਤੁ ਕੁਟੰਬੁ ਹੈ ਮਾਇਅ ਮੋਹੁ ਵਧਾਇ॥**
**ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ॥**
**ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ॥**

(ਸਲੋਕ ਵਾਰਾਂ ਤੇ ਵਧੀਕ ਮ: 4, ਅੰਗ ੧422-23)

ਰਾਗੁ ਆਸਾ ਵਿਚ ਪੰਚਮ ਗੁਰਦੇਵ ਦੇ ਬਚਨ ਹਨ ਕਿ ਇਹ ਗ਼ਾਫ਼ਲ ਮਨ ਪਰਿਵਾਰ ਦੇ ਵੱਸ ਹੋ ਕੇ ਦੇਸੋਂ ਪ੍ਰਦੇਸੋਂ ਕਮਾ ਕੇ ਉਨ੍ਹਾਂ ਨੂੰ ਖੁਆਉਂਦਾ ਹੈ। ਠੱਗੀ ਮਾਰ ਕੇ ਇਕੱਤਰ ਕੀਤਾ ਹੋਇਆ ਇਹ ਧਨ ਅੰਤ ਨੂੰ ਵੈਰ-ਵਿਰੋਧ ਦਾ ਕਾਰਨ ਬਣਦਾ ਹੈ ਜਿਸ ਤੋਂ ਫਿਰ ਕੋਈ ਛੁਡਾ ਨਹੀਂ ਸਕਦਾ। ਇਸ ਲਈ ਨਾਮ ਤੋਂ ਬਿਨਾਂ ਕਿਸੇ ਹੋਰ ਨਾਲ ਮੋਹ ਪਾਉਣ ਦਾ ਕੀ ਲਾਭ, ਜਿਸ ਨਾਲ ਦੁੱਖ ਹੀ ਭੋਗਣੇ ਪੈਣ :

**ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ॥**
**ਪੁਤ੍ਰੁ ਕਲਤ੍ਰੁ ਨਿਤ ਵੇਖੈ ਵਿਗਸੈ ਮੋਹਿ ਮਾਇਆ॥**
**ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ॥**
**ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ॥**
**ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ ਜਿਤੁ ਲਗਿ ਦੁਖੁ ਪਾਇਆ॥**

(ਅੰਗ ੧249-50)

ਗੁਰੂ ਅਮਰਦਾਸ ਜੀ ਦਾ ਰਾਗੁ ਵਡਹੰਸੁ ਵਿਚ ਫ਼ੁਰਮਾਨ ਹੈ ਕਿ ਮੋਹ-ਮਾਇਆ ਵਿਚ ਫਸ ਕੇ ਪ੍ਰਾਣੀ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ :

**ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ॥** (ਅੰਗ 570)

ਮੋਹ ਅਤੇ ਹਉਮੈ ਦੇ ਕਾਰਨ ਜੀਵ ਸਹੀ ਜੀਵਨ ਤੋਂ ਭਟਕ ਕੇ ਕੁਰਾਹੇ ਪੈ ਜਾਂਦਾ ਹੈ। ਮੇਰੀ ਮਾਇਆ, ਮੇਰੀ ਮਾਇਆ ਕਰਦਾ ਆਤਮਿਕ ਜੀਵਨ ਤੋਂ ਵੀ ਹੱਥ ਧੋ ਬੈਠਦਾ ਹੈ। ਅੰਤ ਹੌਲੀ-ਹੌਲੀ ਇਹ ਸਰੀਰ ਅਤੇ ਧਨ-ਦੌਲਤ ਸਭ ਨਾਸ਼ ਹੋ ਜਾਂਦੇ ਹਨ ਅਤੇ ਫਿਰ ਮਨੁੱਖ ਪਛਤਾਉਂਦਾ ਹੈ ਜਦੋਂ ਕਿ ਸਮਾਂ ਵਿਹਾਜ ਚੁੱਕਿਆ ਹੁੰਦਾ ਹੈ। ਹੁਣ ਤਾਂ ਕੇਵਲ ਪੱਲੇ ਫਿਟਕਾਰਾਂ ਹੀ ਰਹਿ ਜਾਂਦੀਆਂ ਹਨ। ਗੁਰਵਾਕ ਹੈ :

**ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ॥**
**ਤਨੁ ਧਨੁ ਬਿਨਸੈ ਸਹਸੈ ਸਹਸਾ ਫਿਰਿ ਪਛੁਤਾਵੈ ਮੁਖਿ ਧੂਰਿ ਪਰੇ॥**

(ਰਾਗੁ ਮਾਰੂ ਮ: ੧, ਅੰਗ ੧੦੧4)

ਜੀਵ ਦਾ ਇਸ ਸੰਸਾਰ 'ਤੇ ਆਉਣਾ ਤਾਂ ਹੀ ਸਫਲਾ ਹੈ ਜੇਕਰ ਉਹ ਆਪਣੇ ਅਸਲੇ ਨੂੰ ਪਛਾਣ ਕੇ

ਮਾਲਕ ਪ੍ਰਭੂ ਵਿਚ ਅਭੇਦ ਹੋ ਸਕੇ। ਇਸ ਮਨੋਰਥ ਦੀ ਪੂਰਤੀ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਆਪਣੇ ਹਿਰਦੇ ਘਰ ਵਿਚ ਸੱਚੇ ਨਾਮ ਦਾ ਵਾਸਾ ਕਰੇ ਤਾਂ ਕਿ ਉਹ ਮੋਹ-ਮਾਇਆ, ਵਿਕਾਰਾਂ ਅਤੇ ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਪਾ ਸਕੇ। ਰਾਗੁ ਆਸਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

**ਮੋਹੁ ਕੁਟੰਬੁ ਮੋਹੁ ਸਭ ਕਾਰ॥ ਮੋਹੁ ਤੁਮ ਤਜਹੁ ਸਗਲ ਵੇਕਾਰ॥**
**ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥ ਸਾਚ ਨਾਮ ਰਿਦੇ ਰਵੈ ਸਰੀਰ॥**

(ਅੰਗ 356)

ਇਹ ਜੀਵ ਸੰਬੰਧੀਆਂ ਦੇ ਮੋਹ ਅਤੇ ਰਸਾਂ-ਕਸਾਂ ਵਿਚ ਹੀ ਮਸਤ ਰਹਿੰਦਾ ਹੈ। ਉਨ੍ਹਾਂ ਪਦਾਰਥਾਂ ਦੀ ਲਾਲਸਾ ਕਰਦਾ ਹੈ ਜੋ ਸਾਥ ਨਿਭਣ ਵਾਲੇ ਨਹੀਂ ਅਤੇ ਜੋ ਸੁਪਨਿਆਂ ਵਿਚ ਪ੍ਰਤੀਤ ਹੁੰਦੇ ਮੌਜ-ਮੇਲਿਆਂ ਵਾਂਗ ਹਨ:

**ਬਾਵਰ ਸੋਇ ਰਹੇ॥ ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ॥**
**ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿ ਮੁਖਿ ਸਤਿ ਕਹੇ॥**

(ਅੰਗ 406)

ਇਸੇ ਮੋਹ ਵਿਚ ਸਾਰਾ ਸੰਸਾਰ ਡੁੱਬਾ ਪਿਆ ਹੈ। ਕੋਈ ਵਿਰਲਾ ਮਨੁੱਖ ਹੈ ਜੋ ਗੁਰੂ ਦੇ ਦੱਸੇ ਮਾਰਗ 'ਤੇ ਚਲਦਾ ਹੋਇਆ ਇਸ ਮੋਹ ਦੇ ਭਵ-ਸਾਗਰ ਤੋਂ ਪਾਰ ਲੰਘਦਾ ਹੈ। ਇਹ ਮੋਹ ਪ੍ਰਾਣੀ ਨੂੰ ਜਨਮ ਮਰਨ ਦੇ ਗੇੜ ਵਿਚ ਪਾਈ ਰੱਖਦਾ ਹੈ। ਇਸ ਮੋਹ ਕਾਰਨ ਪ੍ਰਾਣੀ ਨਰਕਾਂ ਵਿਚ ਧੱਕਿਆ ਜਾਂਦਾ ਹੈ ਅਤੇ ਜਮਰਾਜ ਦੇ ਵਸ ਵਿਚ ਪੈਂਦਾ ਹੈ :

**ਏਤੁ ਮੋਹਿ ਡੂਬਾ ਸੰਸਾਰੁ॥ ਗੁਰਮੁਖਿ ਕੋਈ ਉਤਰੈ ਪਾਰਿ॥**
**ਏਤੁ ਮੋਹਿ ਫਿਰਿ ਜੂਨੀ ਪਾਹਿ॥ ਮੋਹਿ ਲਾਗਾ ਜਮ ਪੁਰਿ ਜਾਹਿ॥**

(ਅੰਗ 356)

'ਅੰਮ੍ਰਿਤ ਰਸ' ਭਾਗ ਪਹਿਲਾ ਵਿਚ ਗਿਆਨੀ ਸੁਰਜੀਤ ਸਿੰਘ ਜੀ ਨੇ ਇਸ ਮੋਹ ਦੇ ਸੰਬੰਧ ਵਿਚ ਇਕ ਸਾਖੀ ਦਿੱਤੀ ਹੈ :

## ਸਾਖੀ—ਮੋਹ ਵਿਚ ਫਸੇ ਬੁੱਢੇ ਦੀ

ਇਕ ਦਿਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਬਾਲੇ ਅਤੇ ਮਰਦਾਨੇ ਸਮੇਤ ਇਕ ਖੂਹ 'ਤੇ ਗਏ। ਉਥੇ ਇਕ ਬਜ਼ੁਰਗ ਆਪਣੇ ਪੁੱਤਰਾਂ ਨੂੰ ਕਹਿ ਰਿਹਾ ਸੀ, "ਤੁਸੀਂ ਕੰਮ ਬਹੁਤ ਥੋੜ੍ਹਾ ਕਰਦੇ ਹੋ, ਭੁੱਖੇ ਮਰੋਗੇ।" ਸਤਿਗੁਰਾਂ ਕਿਹਾ, "ਬਾਬਾ ! ਇਹ ਆਪੇ ਕੰਮ ਸਾਂਭ ਲੈਣਗੇ, ਤੂੰ ਹੁਣ ਸਿਮਰਨ ਭਜਨ ਕਰਨਾ ਸ਼ੁਰੂ ਕਰ ਦੇ, ਤੈਨੂੰ ਮੁਕਤ ਕਰ ਦਿਆਂਗੇ।" ਕਹਿਣ ਲੱਗਾ, "ਜੀ ! ਮੈਨੂੰ ਮੁਕਤ ਨਾ ਕਰੋ, ਮੈਂ ਤਾਂ ਘਰ ਦਾ ਬੰਨ੍ਹ ਬੈਠਾ ਹਾਂ, ਮੇਰੇ ਪਿੱਛੋਂ ਘਰ ਉੱਜੜ ਜਾਵੇਗਾ।" ਤਾਂ ਹਜ਼ੂਰ ਅੱਗੇ ਚਲੇ ਗਏ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਜਦ ਇਹ ਬਜ਼ੁਰਗ ਮਰਿਆ ਤਾਂ ਘਰ ਦਾ ਮੋਹ ਹੋਣ ਕਰ ਕੇ, ਦੁਬਾਰਾ ਫਿਰ ਉਸੇ ਘਰ ਵਿਚ ਗਾਂ ਦਾ ਵੱਛਾ ਬਣ ਕੇ ਜਨਮਿਆ, ਕਿਉਂਕਿ :

**੧. ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ॥ 6 ॥**

(ਗਉੜੀ ਮਹਲਾ 5, ਅੰਗ 242)

**2. ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**
**ਸਰਪ ਜੋਨਿ ਵਲਿ ਵਲਿ ਅਉਤਰੈ॥ ੧॥**
**ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥**
**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ॥ 2 ॥**
**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**
**ਸੂਕਰ ਜੋਨਿ ਵਲਿ ਵਲਿ ਅਉਤਰੈ॥ 3 ॥**
**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**
**ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ 4 ॥**
**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**
**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ 5 ॥ 2 ॥**

(ਗੂਜਰੀ ਤ੍ਰਿਲੋਚਨ ਜੀ, ਅੰਗ 526)

ਜਦ ਇਹ ਬਲਦ ਬਣ ਕੇ ਵਗ ਰਿਹਾ ਸੀ ਤਾਂ ਹਜ਼ੂਰ ਫਿਰ ਆਏ। ਅੰਤਰਜਾਮੀ ਸਤਿਗੁਰੂ ਜੀ ਨੇ ਇਸ ਦੀ ਸੁਰਤ ਨੂੰ ਜਗਾ ਕੇ ਕਿਹਾ, "ਤੈਨੂੰ ਹੁਣ ਮੁਕਤ ਕਰ ਦੇਈਏ ?" ਇਸ ਨੇ ਕੰਨ ਹਿਲਾ ਕੇ ਕਿਹਾ, "ਨਾ ਜੀ ! ਇਕ ਤਾਂ ਮੈਂ ਸੌ, ਦੋ-ਸੌ ਦਾ ਮਰ ਜਾਵਾਂਗਾ, ਦੂਜਾ ਮੇਰੇ ਪੁੱਤਰਾਂ ਨੂੰ ਸੌ, ਦੋ-ਸੌ ਹੋਰ ਖ਼ਰਚ ਕੇ ਇਕ ਨਵਾਂ ਬਲਦ ਲੈਣਾ ਪਵੇਗਾ।" ਸਤਿਗੁਰੂ ਜੀ ਫਿਰ ਚਲੇ ਗਏ। ਬਲਦ ਮਰ ਗਿਆ ਤੇ ਉਸੇ ਘਰ ਵਿਚ ਕੁੱਤਾ ਬਣ ਕੇ ਜਨਮਿਆ। ਸਤਿਗੁਰੂ ਜੀ ਫਿਰ ਆਏ, ਪੁਚਕਾਰ ਕੇ ਪਾਸ ਸੱਦਿਆ ਤੇ ਕਿਹਾ, "ਹੁਣ ਮੁਕਤ ਕਰ ਦੇਈਏ ? ਤੂੰ ਭੈੜੀ ਜੂਨੇ ਪਿਆ ਹੈਂ।" ਕੰਨ ਹਿਲਾ ਕੇ ਕਿਹਾ, "ਨਾ ਜੀ ! ਮੇਰੀਆਂ ਨੂੰਹਾਂ, ਪੁੱਤ ਸਾਰਾ ਦਿਨ ਕੰਮ ਕਰਦੇ ਥੱਕ ਕੇ ਸੌਂ ਜਾਂਦੇ ਹਨ ਤਾਂ ਮੈਂ ਸਾਰੀ ਰਾਤ ਕੰਧ 'ਤੇ ਬੈਠ ਕੇ ਰਾਖੀ ਕਰਦਾ ਹਾਂ।"

ਇਸੇ ਮੋਹ ਦਾ ਬੱਝਾ ਹੋਇਆ ਮਰ ਕੇ ਫਿਰ ਸੱਪ ਬਣਿਆ। ਮਕਾਨ ਵਿਚ ਸ਼ਤੀਰ 'ਤੇ ਰਹਿਣ ਲੱਗ ਪਿਆ। ਇਕ ਦਿਨ ਛੋਟੇ ਬਾਲਕ ਨੂੰ ਪੰਘੂੜੇ ਵਿਚ ਪਾ ਕੇ ਇਸ ਦੀ ਨੂੰਹ ਕਿਤੇ ਕੰਮ ਕਰਨ ਲਈ ਬਾਹਰ ਚਲੀ ਗਈ। ਪਿੱਛੋਂ ਬਾਲਕ ਰੋਣ ਲੱਗ ਪਿਆ। ਇਸ ਸੱਪ ਬਣੇ ਹੋਏ ਨੂੰ ਆਪਣੇ ਪੋਤਰੇ ਦਾ ਮੋਹ ਆਇਆ। ਛੱਤ ਤੋਂ ਉਤਰ ਕੇ ਬਾਲਕ ਦੇ ਪੰਘੂੜੇ ਵੱਲ ਆ ਰਿਹਾ ਸੀ ਤਾਂ ਰੋਂਦੇ ਬਾਲਕ ਦੀ ਆਵਾਜ਼ ਸੁਣ ਕੇ ਬਾਹਰੋਂ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਬਾਲਕ ਦਾ ਪਿਤਾ ਆ ਗਿਆ ਅਤੇ ਸੱਪ ਨੂੰ ਵੇਖ ਕੇ ਝੱਟ ਮਾਰ ਦਿੱਤਾ।

ਫਿਰ ਇਹ ਇਕ ਛੋਟਾ ਜਿਹਾ ਕੀੜਾ ਬਣ ਕੇ ਪਾਣੀ ਦੀ ਗੰਦੀ ਨਾਲੀ ਵਿਚ ਰਹਿਣ ਲੱਗ ਪਿਆ, ਜਿਧਰ ਘਰ ਦਾ ਸਾਰਾ ਧੋਣ ਆਦਿਕ ਡੁੱਲ੍ਹਦਾ ਸੀ। ਹਜ਼ੂਰ ਫਿਰ ਆਏ, ਕੀੜਾ ਬਣਿਆ ਵੇਖ ਕੇ ਕਿਹਾ, "ਮਰਦਾਨਿਆ, ਕੱਢ ਲਿਆ।" ਮਰਦਾਨੇ ਨੇ ਬਾਹਰ ਕੱਢਿਆ। ਸਤਿਗੁਰਾਂ ਕਿਹਾ, "ਹੁਣ ਮੁਕਤ ਕਰ ਦੇਈਏ ?" ਤਾਂ ਆਪਣੀ ਬੋਲੀ ਵਿਚ ਚਿਰੜ-ਚਿਰੜ ਕਰਕੇ ਬੋਲਿਆ, ਜਿਸ ਦਾ ਭਾਵ ਸੀ, "ਹਜ਼ੂਰ ! ਮੈਂ ਹੁਣ ਬਹੁਤ ਔਖਾ ਹਾਂ, ਕਿਰਪਾ ਕਰ ਕੇ ਹੁਣ ਮੈਨੂੰ ਮੁਕਤ ਕਰ ਦਿਉ।" ਤਾਂ ਹਜ਼ੂਰ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਇਸ ਨੂੰ ਮੁਕਤ ਕੀਤਾ ਅਤੇ ਇਸ ਦੇ ਪਰਿਵਾਰ ਨੂੰ ਇਹ ਸਾਰੀ ਸਾਖੀ ਸੁਣਾਈ।

(ਅੰਮ੍ਰਿਤ ਰਸ ਭਾਗ ਪਹਿਲਾ, ਪੰਨਾ 296 ਤੋਂ ਇਹ ਸਾਖੀ ਧੰਨਵਾਦ ਸਹਿਤ ਲਈ ਹੈ)

## ਸਾਖੀ—ਪਿਉ ਪੁੱਤਰ ਦੇ ਝਗੜੇ ਦੀ

ਇਕ ਬੁੱਢੇ ਪਿਤਾ ਨਾਲ ਪੁੱਤਰ ਲੜ ਪਿਆ। ਪੁੱਤਰ ਨੇ ਆਪਣੇ ਬੁੱਢੇ ਬਾਪ ਨੂੰ ਬਹੁਤ ਦੁਰਬਚਨ ਕਹੇ ਤੇ ਇਕ ਦੋ ਮੁੱਕੇ ਭੀ ਮਾਰੇ। ਉਹ ਬੁੱਢਾ ਬਾਪ ਡਿਉਢੀ ਵਿਚ ਬੈਠ ਕੇ ਡੁਸਕਾਰੇ ਭਰ ਕੇ ਰੋਣ ਲੱਗ ਪਿਆ। ਇੰਨੇ ਨੂੰ ਇਕ ਸਾਧੂ ਭਿੱਛਿਆ ਮੰਗਦਾ ਹੋਇਆ ਉਥੋਂ ਦੀ ਲੰਘਿਆ ਅਤੇ ਵੇਖਿਆ ਕਿ ਬੁੱਢਾ ਰੋਂਦਾ ਪਿਆ ਹੈ। ਸੰਤਾਂ ਨੇ ਕਿਹਾ, ਹੇ ਬਾਬਾ ! ਤੂੰ ਰੋਂਵਦਾ ਕਿਉਂ ਹੈਂ ? ਬੁੱਢੇ ਨੇ ਕਿਹਾ, ਹੇ ਸੰਤ ਜੀ ! ਜਿੰਨਾ ਮੈਂ ਧਨ ਪਦਾਰਥ ਸਾਰੀ ਉਮਰ ਵਿਚ ਕਮਾਇਆ ਸੀ, ਸੋ ਸਾਰਾ ਹੀ ਮੇਰੇ ਪੁੱਤਰਾਂ ਨੇ ਆਪਣੇ ਕਬਜ਼ੇ ਵਿਚ ਕਰ ਲੀਤਾ ਹੈ ਤੇ ਮੈਨੂੰ ਖਾਣ ਤੇ ਪਹਿਨਣ ਵਾਸਤੇ ਨਹੀਂ ਦੇਂਦੇ। ਜੇਕਰ ਮੈਂ ਉਲਾਂਭਾ ਦਿੰਦਾ ਹਾਂ ਤਾਂ ਮੈਨੂੰ ਮਾਰਨ ਨੂੰ ਪੈਂਦੇ ਹਨ। ਇਸ ਦੁੱਖ ਕਰ ਕੇ ਰੋਂਦਾ ਹਾਂ। ਮੈਂ ਇਹਨਾਂ ਨੂੰ ਬੜੀ ਮੁਸ਼ਕਿਲ ਨਾਲ ਪਾਲਿਆ ਸੀ। ਇਹਨਾਂ ਨੇ ਮੇਰੀ ਕੁਝ ਵੀ ਕਦਰ ਨਹੀਂ ਕੀਤੀ। ਸੰਤਾਂ ਨੇ ਕਿਹਾ, ਬਾਬਾ ਜੀ ! ਇਹ ਪੁੱਤਰ ਪੋਤਰੇ ਤੇ ਸਾਕ ਸੰਬੰਧੀ ਆਪਣੇ ਮਤਲਬ ਦੇ ਵਾਸਤੇ ਮਿੱਤਰ ਹਨ। ਭਾਵ—ਜਦ ਤਕ ਇਹਨਾਂ ਨੂੰ ਪਦਾਰਥ ਦੇਂਦੇ ਰਹੀਏ ਤਦ ਤਕ ਤਾਂ ਮਿੱਤਰ ਬਣੇ ਰਹਿੰਦੇ ਹਨ। ਜਦ ਪਦਾਰਥ ਪਾਸ ਨਾ ਰਹੇ, ਅਥਵਾ ਨਾ ਦੇ ਸਕੀਏ ਤਦ ਸਾਰੇ ਸੰਬੰਧੀ ਸਾਥ ਛੱਡ ਕੇ ਨੱਸ ਜਾਂਦੇ ਹਨ, ਸਗੋਂ ਉਲਟਾ ਤ੍ਰਿਸਕਾਰ ਕਰਦੇ ਹਨ। ਜਗਤ ਅੰਦਰ ਹਰ ਕੋਈ ਆਪਣੇ ਸੁਖ ਵਾਸਤੇ ਹੀ ਇਕ ਦੂਸਰੇ ਨਾਲ ਪ੍ਰੇਮ ਕਰਦੇ ਹਨ। ਜਿਸ ਸਮੇਂ ਉਸ ਨੂੰ ਉਸ ਤੋਂ ਸੁਖ ਨਾ ਮਿਲੇ, ਉਸ ਵੇਲੇ ਉਸ ਦਾ ਤਿਆਗ ਕਰ ਦੇਂਦੇ ਹਨ। ਤੂੰ ਇਹਨਾਂ ਪੁੱਤਰਾਂ ਦਾ ਘਰ ਛੱਡ ਕੇ ਸਾਡੀ ਕੁਟੀਆ ਵਿਚ ਚੱਲ, ਬਿਸ੍ਰਾਮ ਕਰ। ਅਸੀਂ ਤੈਨੂੰ ਮਧੂਕੜੀ ਲਿਆ ਕੇ ਭੋਜਨ ਛਕਾ ਦਿਆ ਕਰਾਂਗੇ ਅਤੇ ਸਰੀਰ ਕਰਕੇ ਵੀ ਤੇਰੀ ਸੇਵਾ ਕਰਾਂਗੇ, ਕਿਉਂਕਿ ਤੂੰ ਬ੍ਰਿਧ ਹੈਂ ਅਤੇ ਬਾਕੀ ਦੀ ਜਿੰਨੀ ਤੇਰੀ ਅਵਸਥਾ ਰਹਿੰਦੀ ਹੈ, ਤੂੰ ਹਰੀ ਦੀ ਭਗਤੀ ਕਰ ਕੇ ਆਪਣੀ ਆਯੂ ਨੂੰ ਸਫਲ ਕਰ ਲੈ, ਜਿਸ ਕਰ ਕੇ ਤੇਰਾ ਕਲਿਆਣ ਹੋਵੇ। ਸੰਤਾਂ ਦਾ ਬਚਨ ਸੁਣ ਕੇ ਬੁੱਢੇ ਨੂੰ ਬੜਾ ਕ੍ਰੋਧ ਆਇਆ ਤੇ ਕਹਿਣ ਲੱਗਾ ਕਿ ਸਾਡੀ ਘਰ ਦੀ ਗੱਲ ਵਿਚ ਤੈਨੂੰ ਕਿਸ ਨੇ ਚੌਧਰੀ ਬਣਾਇਆ ਹੈ ਕਿ ਤੂੰ ਮੈਨੂੰ ਘਰ ਛੱਡਣ ਦਾ ਉਪਦੇਸ਼ ਕਰਦਾ ਹੈਂ ? ਉਹ ਮੇਰੇ ਪੁੱਤਰ ਤੇ ਮੈਂ ਉਹਨਾਂ ਦਾ ਬਾਪ, ਤੂੰ ਕੌਣ ਹੈਂ ਜੋ ਮੈਨੂੰ ਇਹੋ ਜਿਹੀਆਂ ਸਲਾਹਾਂ ਦਿੰਦਾ ਹੈਂ। ਸਾਡੀ ਗੱਲ ਵਿਚ ਤੂੰ ਕਿਉਂ ਦਖ਼ਲ ਦੇਂਦਾ ਹੈਂ ? ਆਪਣੀ

ਮਧੂਕੜੀ ਮੰਗ ਕੇ ਚਲਦਾ ਹੋ। ਮੇਰੇ ਪੁੱਤਰ ਜੀਉਂਦੇ ਰਹਿਣ, ਮੈਂ ਪੁੱਤਰਾਂ ਨੂੰ ਕਿਵੇਂ ਛੱਡ ਸਕਦਾ ਹਾਂ। ਕਿਉਂਕਿ ਜੇ ਮੇਰੇ ਪੁੱਤਰ ਹੋਏ ਤਾਂ ਉਹਨਾਂ ਨੇ ਮੈਨੂੰ ਮਾਰਿਆ ਅਤੇ ਆਪਣੇ ਪੁੱਤਰ ਮਾਰਦੇ ਹੀ ਹੁੰਦੇ ਹਨ, ਇਸ ਕਰਕੇ ਮੋਹ ਐਸਾ ਹੈ ਕਿ ਪੁੱਤਰਾਂ ਦੀ ਮਾਰ ਵੀ ਚੰਗੀ ਲੱਗਦੀ ਹੈ। ਪ੍ਰੰਤੂ ਪੁੱਤਰ ਹੋਰ ਕਿਸੇ ਪਾਸੋਂ ਨਹੀਂ ਮਰਵਾ ਸਕਦੇ। ਬੁੱਢੇ ਬਾਬੇ ਦੇ ਇਹੋ ਜਿਹੇ ਬਚਨ ਸੁਣ ਕੇ ਸੰਤ ਜੀ ਚਲੇ ਗਏ।

ਰਾਗੁ ਸੂਹੀ ਮਹਲਾ 5 ਘਰੁ 3 ੧ਓ ਸਤਿਗੁਰ ਪ੍ਰਸਾਦਿ ॥

ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥ ੧ ॥ ਚਰਣ ਕਮਲ ਸਰਣਾਇ ਨਰਾਇਣ ॥ ਦੀਨਾ ਨਾਥ ਭਗਤ ਪਰਾਇਣ ॥ ੧ ॥ ਰਹਾਉ ॥ ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧਸੰਗਿ ਜਮਦੂਤ ਨ ਭੇਟਨ ॥ 2 ॥ ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥ 3 ॥ ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥ 4 ॥ ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥ 5 ॥ ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥ 6 ॥ ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ ਕੇਵਲ ਨਾਮੁ ਭਗਤਿ ਰਸੁ ਦੀਨਾ ॥ 7 ॥ ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥ 8 ॥ ੧ ॥ 2 ॥

ਪਦ ਅਰਥ :- ਮਿਥਨ=ਮਿਥਿਆ, ਝੂਠਾ। ਸੋਕ=ਸ਼ੋਕ, ਚਿੰਤਾ। ਕਰਿ ਕਿਰਪਾ=ਕਿਰਪਾ ਕਰ ਕੇ। ਉਧਰੁ=ਬਚਾ ਲਵੋ, ਤਾਰ ਲਵੋ। ਹਰਿ ਨਾਗਰ=ਹੇ ਸੋਹਣੇ ਹਰੀ !। ਭਗਤ ਪਰਾਇਣ=ਭਗਤਾਂ ਦਾ ਆਸਰਾ। ਭੈ ਮੇਟਨ=ਡਰ ਦੂਰ ਕਰਨ ਵਾਲਾ। ਸਾਧਸੰਗਿ=ਸਾਧ ਸੰਗਤ ਵਿਚ। ਨ ਭੇਟਨ=ਨਹੀਂ ਛੋਂਹਦੇ, ਨੇੜੇ ਨਹੀਂ ਢੁਕਦੇ। ਅਨੂਪ=ਜਿਸ ਦੀ ਉਪਮਾ ਨਹੀਂ ਹੋ ਸਕਦੀ, ਅਦੁੱਤੀ। ਰਵਣ ਗੁਣਾ=ਗੁਣਾਂ ਦੇ ਸਿਮਰਨ ਨਾਲ। ਰਸਨ=ਰਸਨਾ, ਜੀਭ। ਨ ਬਿਆਪੈ=ਨਹੀਂ ਵਿਆਪ ਸਕਦੀ, ਆਪਣਾ ਬਲ ਨਹੀਂ ਪਾ ਸਕਦੀ। ਪੋਹਤ ਨਾਹੀ=ਛੋਹ ਨਹੀਂ ਸਕਦੇ। ਪੰਚ ਬਟਵਾਰੇ=ਪੰਜ ਧਾੜਵੀ, ਲੁਟੇਰੇ, ਕਾਮ ਕ੍ਰੋਧ ਆਦਿਕ। ਮਨ ਬਚ ਕ੍ਰਮ=ਮਨ, ਬਚਨ ਅਤੇ ਕਰਮ (ਕਰਕੇ)। ਸਰਬ ਫਲਾ=ਸਾਰੇ ਫਲ। ਧਾਰਿ=ਧਾਰ (ਕਰ) ਕੇ। ਅਨੁਗ੍ਰਹੁ=ਕਿਰਪਾ, ਮਿਹਰ। ਪ੍ਰਭਿ=ਪ੍ਰਭੂ ਨੇ। ਆਦਿ=(ਸ੍ਰਿਸ਼ਟੀ ਦੇ) ਆਰੰਭ ਵਿਚ। ਮਧਿ=ਦਰਮਿਆਨ ਵਿਚ। ਅੰਤਿ=ਆਖ਼ੀਰ ਵਿਚ, ਭਾਵ ਹਰ ਸਮੇਂ। ਸੋਈ=ਓਹ।

ਅਰਥ :- ਹੇ ਭਾਈ ! (ਇਹ ਸੰਸਾਰ) ਝੂਠੇ ਮੋਹ, ਤ੍ਰਿਸ਼ਨਾ ਦੀ ਅੱਗ ਅਤੇ ਸ਼ੋਕ ਦਾ ਸਮੁੰਦਰ ਹੈ। (ਹੇ ਹਰੀ ! ਆਪ) ਕਿਰਪਾ ਕਰ ਕੇ (ਇਸ ਵਿਚੋਂ ਸਾਨੂੰ) ਬਚਾ ਲਵੋ। ੧।

ਹੇ ਪ੍ਰਭੂ ਗ਼ਰੀਬਾਂ ਦੇ ਮਾਲਕ ! ਹੇ ਭਗਤਾਂ ਦੇ ਆਸਰੇ ! (ਅਸੀਂ ਤੇਰੇ) ਸੋਹਣੇ ਚਰਨਾਂ ਦੀ ਸ਼ਰਨ ਵਿਚ ਆਏ ਹਾਂ।੧। ਰਹਾਉ।

(ਹੇ ਭਾਈ ! ਉਹ ਪ੍ਰਭੂ) ਨਿਥਾਵਿਆਂ ਭਾਵ ਨਿਖਸਮਿਆਂ ਦਾ ਮਾਲਕ (ਅਤੇ) ਭਗਤਾਂ ਦਾ ਡਰ ਦੂਰ ਕਰਨ ਵਾਲਾ ਹੈ। (ਉਸ ਪ੍ਰਭੂ ਦੀ) ਸਾਧ ਸੰਗਤ ਵਿਚ (ਰਹਿਆਂ) ਜਮਦੂਤ ਨਹੀਂ ਛੋਹੰਦੇ (ਭਾਵ ਮੌਤ ਦਾ ਡਰ ਨੇੜੇ ਨਹੀਂ ਆਉਂਦਾ।੨।

(ਜੋ) ਜੀਵਨ ਰੂਪ ਅਨੂਪਮ ਦਇਆਲੂ ਹੈ (ਉਸ ਦੇ) ਗੁਣ ਸਿਮਰਨ ਨਾਲ ਜਮਾਂ ਦਾ ਜਾਲ ਕੱਟਿਆ ਜਾਂਦਾ ਹੈ।੩।

(ਹੇ ਭਾਈ ! ਜੋ ਮਨੁੱਖ) ਰਸਨਾ ਨਾਲ ਹਰ ਰੋਜ਼ (ਪ੍ਰਭੂ ਦਾ) ਅੰਮ੍ਰਿਤ ਨਾਮ ਜਪਦਾ ਹੈ, (ਉਸ ਨੂੰ ਨਾ) ਰੋਗ (ਸੋਗ ਲੱਗ ਸਕਦਾ ਹੈ) ਨਾ ਮਾਇਆ ਵਿਆਪ ਸਕਦੀ ਹੈ (ਅਤੇ ਨਾ ਚੇਤੰਨ ਮਾਇਆ ਦਾ ਸੁੰਦਰ) ਰੂਪ ਮੋਹ ਸਕਦਾ ਹੈ।੪।

(ਹੇ ਭਾਈ !) ਗੋਬਿੰਦ ਦਾ ਨਾਮ ਜਪ ਕੇ (ਉਸ ਨੇ) ਸਾਰੇ ਸਾਥੀ (ਸੰਸਾਰ ਤੋਂ) ਤਾਰ ਲਏ ਹਨ। (ਉਸ ਨੂੰ) ਪੰਜ ਲੁਟੇਰੇ ਕਾਮ, ਕ੍ਰੋਧ ਆਦਿਕ ਨਹੀਂ ਛੋਹ ਸਕਦੇ।੫।

ਹੇ ਭਾਈ ! (ਜਿਹੜਾ ਮਨੁੱਖ) ਮਨ, ਬਚਨ ਅਤੇ ਕਰਮ (ਕਰ ਕੇ ਭਾਵ ਮਨ ਬਾਣੀ ਅਤੇ ਸਰੀਰ ਕਰਕੇ) ਇਕ (ਪਰਮੇਸ਼ਰ ਨੂੰ) ਧਿਆਉਂਦਾ ਹੈ। ਉਹੀ ਮਨੁੱਖ (ਜੀਵਨ ਦੇ ਸਾਰੇ) ਫਲ ਪ੍ਰਾਪਤ ਕਰਦਾ ਹੈ।੬।

ਹੇ ਭਾਈ ! ਪ੍ਰਭੂ ਨੇ (ਜਿਸ ਮਨੁੱਖ ਉੱਤੇ) ਕਿਰਪਾ ਕਰ ਕੇ ਉਸ ਨੂੰ ਆਪਣਾ ਬਣਾ ਲਿਆ ਹੈ। (ਉਸ ਨੂੰ) ਨਿਰੋਲ ਨਾਮ ਤੇ ਭਗਤੀ ਦਾ ਰਸ (ਬਖ਼ਸ਼) ਦਿੱਤਾ।੭।

(ਹੇ ਭਾਈ !) ਸ੍ਰਿਸ਼ਟੀ ਦੇ ਆਰੰਭ ਵਿਚਕਾਰ ਤੇ ਆਖ਼ੀਰ ਵਿਚ ਭਾਵ ਤਿੰਨਾ ਸਮਿਆਂ ਵਿਚ ਓਹੀ (ਇਕੋ ਇਕ) ਪ੍ਰਭੂ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਸ (ਪਰਮੇਸ਼ਰ ਤੋਂ) ਬਿਨਾਂ ਹੋਰ (ਦੂਜਾ) ਕੋਈ ਨਹੀਂ ਹੈ।੮।੧।੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ 145 (ਆਦਿ ਅੰਗ 761)

## ਸੂਹੀ ਮਹਲਾ 5 ॥

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥ ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥ ੧ ॥ ਰਹਾਉ ॥ ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥ ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ ॥ 2 ॥ ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ 3 ॥ ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥ ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥ 4 ॥ ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥ 5 ॥ ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ਹੀ ਜਨੀ ਜਪਿ ਲਇਆ ॥ 6 ॥ ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥ ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥ 7 ॥ ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ 8 ॥ 2 ॥ 5 ॥ ੧6 ॥

## ਪ੍ਰਾਕ੍ਥਨ :

ਇਹ ਪਾਵਨ ਸ਼ਬਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੂਹੀ ਰਾਗੁ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ "ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥" ਕਥਨ ਕੀਤਾ ਹੈ।

## ਵਿਸ਼ਾ — ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥

੨੭ ਸਿਮ੍ਰਿਤੀਆਂ, ੧੮ ਪੁਰਾਣ, ਚਾਰ ਵੇਦ ਹਨ। ਇਨ੍ਹਾਂ ਸਿਮ੍ਰਿਤੀਆਂ ਅਤੇ ਵੇਦਾਂ ਤੇ ਪੁਰਾਣਾਂ ਸਬੰਧੀ ਵਿਸਥਾਰ ਪੂਰਵਕ ਨਿਰਣਾ ਇਸ ਪ੍ਰਕਾਰ ਹੈ :

ਸਿਮ੍ਰਿਤੀ=ਹਿੰਦੂ ਮੱਤ ਵਿਚ ਧਰਮ ਦੀ ਅਵਸਥਾ ਪ੍ਰਗਟਾਉਣ ਵਾਲੇ ੨੭ ਗ੍ਰੰਥ ਮੰਨੇ ਗਏ ਹਨ, ਨਾਮ ਇਹ ਹਨ — ੧. ਮਨੂੰ, ੨. ਯਾਗਵਲਕ, ੩. ਵਸ਼ਿਸ਼ਟ, ੪. ਪਰਾਸਰ, ੫. ਸੰਖ, ੬. ਲਘੁ ਹਾਰੀਤ, ੭. ਬ੍ਰਿਧ ਹਾਰੀਤ, ੮. ਨਾਰਦ, ੯. ਦਖਜ, ੧੦. ਲਘੁ ਅਤ੍ਰਿ, ੧੧. ਬ੍ਰਿਧ ਅਤ੍ਰਿ, ੧੨. ਸੋਮ, ੧੩. ਯਮ, ੧੪. ਦਤ, ੧੫. ਬੁਧ, ੧੬. ਵਿਸ਼ਨ, ੧੭. ਸ਼ੁੱਕਰ, ੧੮. ਲਘੁ ਗੌਤਮ, ੧੯. ਬ੍ਰਿਧਗੌਤਮ, ੨੦. ਕਾਤਜਾਇਨ, ੨੧. ਦੇਵਲ, ੨੨. ਅਪਸਤੰਬ, ੨੩. ਬ੍ਰਿਹਸਪਤਿ, ੨੪. ਬਜਾਸ, ੨੫. ਲਿਖਿਤ, ੨੬. ਅੰਗ੍ਰਯ, ੨੭. ਧਾਤਾਤਪ। ਇਹ ੨੭ ਸਿਮ੍ਰਿਤੀਆਂ ਅਕਸਰ ਲਿਖਣੇ ਵਾਲੇ ਰਿਖੀਆਂ ਦੇ ਨਾਮਾਂ ਪਰ ਹਨ। ਸਿਮ੍ਰਿਤਿ ਦੇ ਅਰਥ ਹਨ — ਚੇਤਾ ਕਰਨਾ, ਸੁਰਤ ਯਾਂ ਸੁਰਤੀ (ਸ੍ਰੁਤਿ) ਸੋਝੀ ਜਾਂ ਗਿਆਤ ਨੂੰ ਆਖਦੇ ਹਨ। ਸੁਰਤੀ ਵੇਦ ਪਾਠੀ ਦਾ ਨਾਮ ਭੀ ਹੈ। ਯਥਾ — ਸਭਿ ਸੁਰਤੀ ਮਿਲਿ ਸੁਰਤਿ ਕਮਾਈ।'

ਨੋਟ — ਖ਼ਾਸ ਕਰ ਕੇ ਸਿਮ੍ਰਿਤੀਆਂ ੨੭ ਮੰਨੀਆਂ ਹਨ ਪਰ ਡਾ. ਰਤਨ ਸਿੰਘ ਜੱਗੀ ਅਨੁਸਾਰ ਸਿੰਮ੍ਰਿਤੀਆਂ ੩੧ ਦੱਸੀਆਂ ਹਨ । ਏਹ ਰਿਖੀਆਂ ਮੁਨੀਆਂ ਦੇ ਨਾਮਾਂ ਪਰ ਹਨ।

(ਗੁਰੂ ਗ੍ਰੰਥ ਵਿਸ਼ਵ ਕੋਸ਼)

ਵੇਦ ਦਾ ਅਰਥ ਗਿਆਨ ਹੈ, ਏਹੋ ਨਾਮ ਹਿੰਦੂ ਮੱਤ ਦੇ ਚਾਰੇ ਧਰਮ-ਗ੍ਰੰਥਾਂ ਨਾਲ ਲੱਗਦਾ ਹੈ। ਪਹਿਲਾਂ ਤਿੰਨ ਵੇਦ ਸਨ — ਅਥਰਵ (ਅਥਵਾ) ਅਥਰਵਣ ਵੇਦ ਬਹੁਤ ਪਿੱਛੋਂ ਆ ਕੇ ਬਣਿਆ ਹੈ। ਵੇਦਾਂ ਦੇ ਮੰਤ੍ਰ ਕਈ ਰਿਖੀਆਂ ਦੀ ਰਚਨਾ ਹਨ। ਜਿਨ੍ਹਾਂ ਦਾ ਨਾਮ ਕਰਤੇ ਦੀ ਸ਼ਕਲ ਵਿਚ ਆਉਂਦਾ ਹੈ, ਇਨ੍ਹਾਂ ਵਿਚੋਂ ਵਸ਼ਿਸ਼ਟ, ਵਿਸ਼੍ਵਾ ਮਿਤ੍ਰ, ਭਾਰਦ੍ਵਾਜ ਖ਼ਾਸ ਹਨ। ਪਹਿਲਾਂ ਇਨ੍ਹਾਂ ਦੇ ਮੰਤ੍ਰ ਇਕ ਦੂਜੇ ਥੀਂ ਸੁਣ ਕੇ ਕੰਠ ਕੀਤੇ ਜਾਂਦੇ ਸਨ, ਕੰਠਾਗਰਾਂ ਨੂੰ 'ਸ਼੍ਰੋਤ੍ਰਿਸ਼' ਕਿਹਾ ਜਾਂਦਾ ਸੀ ਜਿਸ ਤਰ੍ਹਾਂ ਕੁਰਾਨ ਦੇ ਕੰਠ ਕਰਨ ਵਾਲੇ ਹਾਫਿਜ਼ ਹਨ।

ਵੇਦਾਂ ਵਿਚ ਸੂਰਯ, ਇੰਦ੍ਰ, ਅਗਨੀ, ਵਾਯੂ ਆਦਿ ਅਨੇਕਾਂ ਦੇਵਤਿਆਂ ਦੀ ਪੂਜਾ ਕਰਨੀ ਲਿਖੀ ਹੋਈ ਮਿਲਦੀ ਹੈ। ਵੈਸੇ ਦੂਜੇ ਹਿੰਦੂ ਗ੍ਰੰਥਾਂ ਵਿਚ ਵੇਦਾਂ ਨੂੰ ਈਸ਼੍ਵਰ ਦੇ ਸ੍ਵਾਸ ਦੱਸਿਆ ਹੈ। ਮਨੂੰ ਸ੍ਰਿਮਿਤੀ ਦੇ ਅਧਿਆਇ ੧ 'ਤੇ ਸਲੋਕ ਤੇਈਸ ਵਿਖੇ ਦੱਸਿਆ ਹੈ ਕਿ ਵੇਦ ਅਗਨੀ ਅਤੇ ਹਵਾ ਪਾਸੋਂ ਪ੍ਰਾਪਤ ਹੋਏ ਹਨ।

ਰਿਗਵੇਦ ਪਹਿਲਾ ਗ੍ਰੰਥ ਹੈ ਜਿਸ ਦੇ ਇਕ ਹਜ਼ਾਰ ਅਠਾਈ ਸੂਤ੍ਰ ਅਤੇ ਸਾਰੇ ਦਸ ਮੰਡਲ (ਅਧਿਆਇ) ਹਨ। ਸਾਰੇ ਸ਼ਬਦਾਂ ਦੀ ਗਿਣਤੀ ੧੫੩੮੨੬ ਹੈ। ਰਿਗ (ਰਿਚ) ਦੇ ਅਰਥ ਹਨ, ਉਸਤਤਿ (ਮਹਿਮਾ)। ਇਸ ਵਿਚ ਦੇਵਤਿਆਂ ਦੀ ਮਹਿਮਾ ਹੈ।

ਦੂਜਾ ਵੇਦ ਯਜੁਰ ਹੈ। ਇਹ ਯਗ ਆਦਿ ਕਰਮ ਕਰਾਉਣੇ ਦਾ ਗ੍ਰੰਥ ਹੈ, ਇਸ ਵਿਚ ਯਗ ਆਦਿ ਕਰਮਾਂ ਦਾ ਬੰਧਾਨ ਮਿਲਦਾ ਹੈ। ਬਲਿਦਾਨ, ਹੋਮ ਕਰਨੇ ਇਸੇ ਦੀ ਵਿਧੀ 'ਤੇ ਪ੍ਰਚਲਤ ਸਨ। ਕ੍ਰਿਸ਼ਨ ਯਜੁਰ ਦੀਆਂ ੨੧੯੮ ਕੰਡਿਕਾ ਤੇ ਸ਼ੁਕਲ ਦੀਆਂ ੧੯੭੫ ਹਨ।

ਤੀਜਾ ਸ਼ਾਮ ਵੇਦ ਭਾਵ ਸਮਾਨ (ਬਰਾਬਰ, ਤੁਲਜ) ਅਰਥਾਤ ਯਕਸਾਂ ਵਜ਼ਨ ਦੇ ਮੰਤ੍ਰ। ਇਸ ਦੇ ਮੰਤ੍ਰ ਯਗਾਂ ਆਦਿ ਵਿਖੇ ਗਾਏ ਜਾਂਦੇ ਸਨ। ਇਸ ਵੇਦ ਦੇ ਸਾਰੇ ਮੰਤ੍ਰ ੧੫੪੯ ਹਨ।

ਚੌਥਾ ਅਥਰਵ (ਅਥਵਾ) ਅਥਰਵਣ ਵੇਦ ਹੈ, ਇਸ ਦਾ ਅਰਥ ਹੈ ਹਵਨ ਕਰਨੇ ਵਾਲਾ ਵੇਦ, ਇਸ ਵਿਚ ਹੋਤ੍ਰਿ ਅਤੇ ਹਵਨਾਂ ਦਾ ਲੇਖਾ ਹੈ, ਇਸ ਵੇਦ ਵਿਚ ਜਾਦੂ ਟੂਣੇ, ਮੰਤ੍ਰ ਤੰਤ੍ਰ ਆਦਿ ਬਹੁਤ ਹਨ, ਇਸ ਦੇ ਸਾਰੇ ਮੰਤ੍ਰ ੭੬੦ ਹਨ। ਯਗ ਵਿਚ ਜੋ ਮੰਤ੍ਰ ਰਿਗ ਵੇਦ ਦੇ ਗਾਵੇ ਸੋਈ ਹੋਤ੍ਰੀ ਹੈ ਅਤੇ ਯਜੁਰ ਦੀ ਮੰਤ੍ਰੀ ਅਸ੍ਵਰਯੁ, ਸ਼ਾਮ ਵੇਦ ਦਾ ਪਾਠੀ 'ਉਦਗਾਤ੍ਰਿ' ਸਾਰੇ ਵੇਦਾਂ ਦਾ ਪਾਠੀ ਬ੍ਰਹਮਾ ਕਿਹਾ ਜਾਂਦਾ ਹੈ, ਚਾਰੇ ਵੇਦਾਂ ਦਾ ਵਕਤਾ ਬ੍ਰਹਮਾ ਸ਼ਰੋਮਣੀ ਪੰਡਤ ਹੈ। ਵੇਦਾਂ ਦੇ ਕਰਤਿਆਂ ਦੇ ਨਾਮ ਅਕਸਰ ਬ੍ਰਹਮਾ, ਸਥਾਣ, ਮੁਨੂ, ਦਕ, ਭ੍ਰਿਗੁ, ਧਰਮ, ਵਸ਼ਿਸ਼ਟ ਇਕਰ ਭੀ ਹਨ। ਅੰਗਿਰਾ, ਅਤ੍ਰਿ, ਪੁਲਸਤਜ, ਪੁਲਹ ਇਸ ਪ੍ਰਕਾਰ ਦੇ ਕਈਆਂ ਦੇ ਨਾਮ ਆਉਂਦੇ ਹਨ। ਇਹੋ ਪ੍ਰਜਾਪਤਿ ਇਆ ਪ੍ਰਜਤ ਥਾਂ ਨਾਥ ਮੰਨੇ ਗਏ ਹਨ। ਕ੍ਰੀਤ, ਇੰਦਰ, ਨਾਰਦ, ਵਿਵਸ੍ਵਸ, ਸੋਮਕ੍ਰੀਤ, ਸਤਯ, ਮਰੀਚਿ ਕ੍ਰਣ ਪ੍ਰਚੇਤਾ ਇਸ ਤਰ੍ਹਾਂ ਦੇ ਨਾਮਾਂ ਦਾ ਜ਼ਿਕਰ ਭੀ ਹੈ।

ਵੇਦ ਤਿੰਨ ਭਾਗਾਂ ਵਿਚ ਵੰਡੇ ਗਏ ਹਨ—ਪਹਿਲਾ ਮੰਤ੍ਰ ਭਾਗ, ਦੂਜਾ ਬ੍ਰਾਹਮਣ, ਤੀਸਰਾ ਆਰਣਯਕ। ਮੰਤ੍ਰ ਭਾਗ ਸਰੂਪ ਹਨ, ਬ੍ਰਾਹਮਣ ਭਾਗ ਵਿਚ ਉਨ੍ਹਾਂ ਦੀ ਵਿਆਖਿਆ ਹੈ ਅਤੇ ਆਰਣਯਕ ਭਾਗ ਉਹ ਹੈ ਜਿਸ ਵਿਚ ਕਿ ਯਗ ਆਦਿ ਕਰਮ ਦੀ ਵਿਧੀ ਹੈ ਅਤੇ ਮੰਤ੍ਰਾਂ ਨੂੰ ਯੋਗ ਸਮੇਂ ਪਰ ਵਰਤਣੇ ਦਾ ਬੰਧਾਨ ਹੈ। ਕਈਆਂ ਦਾ ਖ਼ਿਆਲ ਹੈ ਕਿ ਚੌਥਾ ਅਥਰਵ ਵੇਦ, ਕਤੇਬਾਂ ਹਨ ਜਿਨ੍ਹਾਂ ਨੇ ਕਿ ਨੀਲੇ ਬਸਤ੍ਰ ਤੇ ਅੱਲ੍ਹਾ, ਖ਼ੁਦਾ ਨਾਮ ਵਰਤੇ ਹਨ। ਤੁਰਕ ਪਠਾਣੀ ਅਮਲ ਕਤੇਬਾਂ ਦਾ ਹੀ ਪ੍ਰਚਾਰ ਹੈ। ਵੇਦ ਗ੍ਰੰਥਾਂ ਨੂੰ ਚਾਰੇ ਵਰਨਾਂ ਵਿਚੋਂ ਸ਼ੂਦ੍ਰ ਨਹੀਂ ਪੜ੍ਹ ਸਕਦੇ। (ਪੜ੍ਹੋ ਪਰਾਸੁਰ ਸੰਹਿਤਾ ਅਧਿਆਇ ੨, ਵਸ਼ਿਸ਼ਟ ਸੰਹਿਤਾ ਅ: ੧੮)।

ਦਸਅਸ਼ਟ (ਅਠਾਰਾਂ) ਪੁਰਾਣ—੧. ਬ੍ਰਹਮ, ੨. ਪਦਮ, ੩. ਬ੍ਰਹਮਾਂਡ, ੪. ਅਗਨੀ, ੫. ਵਿਸ਼ਨੂੰ, ੬. ਗਰੁੜ, ੭. ਬ੍ਰਹਮ ਵੈਵਰਤ, ੮. ਭਾਗਵਤ, ੯. ਸ਼ਿਵ, ੧੦. ਲਿੰਗ, ੧੧. ਨਾਰਦ, ੧੨. ਸਕੰਧ, ੧੩. ਮਾਰਕੰਡੇ, ੧੪. ਭਵਿਖਯ, ੧੫. ਮਤਸਯ, ੧੬. ਵੈਰਾਹ, ੧੭. ਕੂਰਮ, ੧੮. ਵਾਮਨ। ਇਨ੍ਹਾਂ ਦਾ ਕਰਤਾ ਬਿਆਸ ਜੀ ਨੂੰ ਮੰਨਦੇ ਹਨ। ਇਨ੍ਹਾਂ ਵਿਚ ਰਾਜਿਆਂ , ਮਹਾਤਮਾ, ਦੇਵਤੇ ਆਦਿਕਾਂ ਦੇ ਪ੍ਰਸੰਗ ਹਨ। ਸ੍ਰਿਸ਼ਟੀ ਦੀ ਉਤਪਤੀ, ਪਰਲੋ, ਕ੍ਰਿਸ਼ਨ ਜੀ ਦੇ ਹਾਲ ਅਤੇ ਇਤਿਹਾਸਕ ਸਮਾਚਾਰ ਵੀ ਦਿੱਤੇ ਹਨ। ਬ੍ਰਹਮ ਵਿਦਿਆ ਦਾ ਹਾਲ ਭੀ ਏਹਨਾਂ ਵਿਚ ਵਰਣਨ ਹੈ।

੧. ਮਤਸਯ ਪੁਰਾਣ — ਚੌਦਾਂ ਹਜ਼ਾਰ ਸਲੋਕ।

੨. ਮਾਰਕੰਡੇਯ ਪੁਰਾਣ — ਨੌਂ ਹਜ਼ਾਰ ਸਲੋਕ।

੩. ਭਵਿੱਖਤ ਪੁਰਾਣ — ਸਾਢੇ ਚੌਦਾਂ ਹਜ਼ਾਰ ਸਲੋਕ।

੪. ਭਾਗਵਤ ਪੁਰਾਣ — ਅਠਾਰਾਂ ਹਜ਼ਾਰ ਸਲੋਕ

੫. ਬ੍ਰਹਮ ਪੁਰਾਣ — ਦਸ ਹਜ਼ਾਰ ਸਲੋਕ।

੬. ਬ੍ਰਹਮਾਂਡ ਪੁਰਾਣ—ਬਾਰ੍ਹਾਂ ਹਜ਼ਾਰ ਇਕ ਸੌ ਸਲੋਕ।

੭. ਬ੍ਰਹਮ ਵਰਤ ਪੁਰਾਣ—ਅਠਾਰਾਂ ਹਜ਼ਾਰ ਸਲੋਕ।

੮. ਵਾਮਨ ਪੁਰਾਣ—ਦਸ ਹਜ਼ਾਰ ਸਲੋਕ।

੯. ਵਾਯੂ ਪੁਰਾਣ—ਚੌਵੀ ਹਜ਼ਾਰ ਅੱਠ ਸੌ ਸਲੋਕ।

੧੦. ਵਿਸ਼ਨੂੰ ਪੁਰਾਣ—ਤੇਈ ਹਜ਼ਾਰ ਸਲੋਕ।

੧੧. ਵਰਾਹ ਪੁਰਾਣ—ਚੌਵੀ ਹਜ਼ਾਰ ਸਲੋਕ।

੧੨. ਅਗਨਿ ਪੁਰਾਣ—ਸੋਲਾਂ ਹਜ਼ਾਰ ਸਲੋਕ।

੧੩. ਨਾਰਦ ਪੁਰਾਣ—ਪੰਝੀ ਹਜ਼ਾਰ ਸਲੋਕ।

੧੪. ਪਦਮ ਪੁਰਾਣ—ਪਚਵੰਜਾ ਹਜ਼ਾਰ ਸਲੋਕ।

੧੫. ਲਿੰਗ ਪੁਰਾਣ—ਬਾਰ੍ਹਾਂ ਹਜ਼ਾਰ ਸਲੋਕ।

੧੬. ਗਰੜ ਪੁਰਾਣ—ਉੱਨੀ ਹਜ਼ਾਰ ਸਲੋਕ।

੧੭. ਕੂਰਮ ਪੁਰਾਣ—ਸਤਾਰਾਂ ਹਜ਼ਾਰ ਸਲੋਕ।

੧੮. ਸਕੰਦ ਪੁਰਾਣ—ਇੱਕੀ ਹਜ਼ਾਰ ਸਲੋਕ।

ਕੁੱਲ ਸਲੋਕ ੩੯੧੨੦੦ ਹਨ।

ਗੁਰਮਤਿ ਕਸੌਟੀ ਅਨੁਸਾਰ ੨੭ ਸਿਮ੍ਰਿਤੀਆਂ, ੧੮ ਪੁਰਾਣ ਅਤੇ ਚਾਰੇ ਵੇਦ ਨਾਮ ਤੋਂ ਬਿਨਾਂ ਸੁੰਞੀਆਂ ਹਨ-

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨ ਸਭਿ ਕੂੜ ਗਾਲੀ ਹੋਛੀਆ ॥**

(ਸੂਹੀ ਮ: 5)

**ਦਸ ਅਠ ਲੀਖੇ ਹੋਵਹਿ ਪਾਸ॥ ਚਾਰੇ ਬੇਦ ਮੁਖਾਗਰ ਪਾਠਿ॥**
**ਪੂਰਬੀ ਨਾਵੈ ਵਰਨਾਂ ਕੀ ਦਾਤਿ॥ ਵਰਤ ਨੇਮ ਕਰੈ ਦਿਨ ਰਾਤਿ॥ 2 ॥**

**ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥**
**ਕੋ ਗਿਰਹੀ ਕਰਮਾਂ ਕੀ ਸੰਧਿ॥ ਬਿਨ ਬੂਝੇ ਸਭਿ ਖੜੀਅਸਿ ਬੰਧਿ॥**

(ਅੰਗ ੧੧69)

**ਬੇਦ ਮੈ ਬਖੇਰੇ ਹੈ ਘਨੇਰੇ ਜਗਯਾਦਿ ਕਰੇ,**
**ਔਰ ਇਤਿਹਾਸ ਕ੍ਰਮ ਭ੍ਰਮ ਭੇਦ ਭਾਰ ਹੈ॥**
**ਸ੍ਰੀ ਗੁਰੂ ਗ੍ਰੰਥ ਮਾਂਹਿ ਏਕ ਭੀ ਬਖੇਰਾ ਨਾਹਿ,**
**ਕੈਵਲ ਮੁਕਤਿ ਪੰਥ ਕੇਵਲ ਉਚਾਰ ਹੈ॥**
**ਬੇਦ ਅਧਿਕਾਰ ਤੀਨ ਵਰਨ ਕੋ ਉਤਾਰੈ ਪਾਰ,**
**ਔਰ ਕੋਊ ਪਢੈ ਸੁਨੈ ਹੋਇ ਪਾਪੀ ਭਾਰ ਹੈ॥**
**ਯਾਵਤ ਹੈ ਨਰ ਨਾਰ ਦ੍ਵਜ ਤੈ ਚੰਡਾਲ ਤੱਕ,**
**ਗੁਰੂ ਗ੍ਰੰਥ ਜੀ ਤੈ ਹੋਤ ਸਭ ਕੋ ਉਧਾਰ ਹੈ॥**

(ਸ੍ਰੀ ਗੁਰੂ ਪ੍ਰੰਥ ਪ੍ਰਕਾਸ਼, ਪੂਰਬਾਰਧ ਬਿਸਰਾਮ ੧9)

**ਬੇਦ ਹੂੰ ਕਹਾ ਤ੍ਰਿਕਾਂਡ ਬਿਧਾਨਾ। ਕਠਨ ਕਰਮ ਓਪਾਸਨ ਗਯਾਨਾ।**
**ਮਹਾ ਜਤਨ ਸਾਧਕ ਇਹੁ ਸਾਧਨ। ਕਲਿ ਕੁਲ ਜਨਕੇ ਭਰਮਨਿ ਬਾਧਨ॥ 9 ॥**
**ਦੋਹਰਾ: ਸਾਸਤ੍ਰ ਵੇਦ ਕੇ ਅਰਥ ਫਲ ਜਦਪਿ ਵਿਚਾਰੈ ਧਾਰਿ॥**
**ਸ੍ਰੀ ਗੁਰੂ ਗ੍ਰੰਥ ਵਿਲਕੋਤੇ ਦੇਤ ਵੇਗ ਫਲ ਚਾਰ॥ ੧0 ॥**

(ਰਾਸਿ 7, ਅੰਸੂ 4)

## ਸਾਖੀ—ਸਭਿ ਊਪਰ ਨਾਮੁ

ਮੀਰੀ ਪੀਰੀ ਦੇ ਮਾਲਕ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ

**ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।**

(ਵਾਰ ੧, ਪਉੜੀ 48)

ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਅਖ਼ੀਰੀ ਸਿੱਖਿਆ ਦਿੱਤੀ ਸੀ ਕਿ ਉਹ ਸ਼ਸਤ੍ਰ ਸਜਾ ਕੇ ਗੱਦੀ 'ਤੇ ਬੈਠਣ। ਉਸ ਹੁਕਮ ਦੀ ਪਾਲਣਾ ਕਰਦਿਆਂ ਗੁਰਿਆਈ ਗੱਦੀ ਉੱਤੇ ਬੈਠਣ ਲੱਗਿਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਦਾ ਹੁਕਮ ਦਿੱਤਾ। ਹਜ਼ੂਰ ਨੇ ਇਕ ਤਲਵਾਰ ਖੱਬੇ ਪਾਸੇ ਪਹਿਨੀ ਤੇ ਇਕ ਸੱਜੇ ਪਾਸੇ। ਨਾਲ ਹੀ ਮਹਾਰਾਜ ਨੇ ਸੰਬੋਧਨ ਕਰਕੇ ਕਿਹਾ, 'ਸਾਧ ਸੰਗਤ! ਇਹ ਦੋ ਤਲਵਾਰਾਂ ਅਸਾਂ ਪਿਤਾ

ਗੁਰੂ ਜੀ ਦੀ ਆਗਿਆ ਅਨੁਸਾਰ ਪਹਿਨੀਆਂ ਹਨ। ਇਹਨਾਂ ਵਿਚੋਂ ਇਕ ਪੀਰੀ ਦੀ ਹੈ ਅਤੇ ਇਕ ਮੀਰੀ ਦੀ। ਧੰਨ ਕਿਰਪਾਲੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਹੋਰ ਪ੍ਰਗਟ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ :

**ਹਾੜ ਪੰਚਮੀ ਕੋ ਦਿਨ ਜਾਨਾ। ਸ੍ਰੀ ਗੁਰ ਉਦਮ ਕੀਨ ਮਹਾਨਾ।**
**ਗੁਰਦਾਸ ਬੁਢੇ ਕੋ ਲੈ ਨਿਜ ਸਾਥ। ਤਖਤ ਅਰੰਭ ਕਰ ਦੀਨਾ ਨਾਥ।**

ਸੰਨ ੧੬੦੯ ਨੂੰ ਹਜ਼ੂਰ ਨੇ ਆਪ ਆਪਣੇ ਕਰ-ਕਮਲਾਂ ਨਾਲ ਇੱਟਾਂ ਫੜਾਈਆਂ ਸਨ। ਭਾਈ ਗੁਰਦਾਸ ਜੀ ਗਾਰਾ ਅਤੇ ਬਾਬਾ ਬੁੱਢਾ ਜੀ ਉਸਾਰੀ ਕਰਦੇ ਸਨ :

**ਕਿਸੀ ਰਾਜ ਨਹਿ ਹਾਥ ਲਗਾਯੋ। ਬੁਢਾ ਓ ਗੁਰਦਾਸ ਬਣਾਯੋ।**

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਥੜ੍ਹਾ ੧੨ ਫੁੱਟ ਉੱਚਾ ਰੱਖਿਆ। ਐਲਾਨ ਕੀਤਾ ਕਿ ਅੱਜ ਤੋਂ ਸਾਡਾ ਧਰਮ ਤੇ ਰਾਜਨੀਤੀ ਇਕੱਠੇ ਸਮਝਣੇ ਚਾਹੀਦੇ ਹਨ। ਨਾਲ ਹੀ ਹਦਾਇਤ ਕੀਤੀ ਕਿ ਧਰਮ ਦੇ ਥੱਲੇ ਰਾਜਨੀਤੀ ਹੋਵੇਗੀ।

ਅੰਮ੍ਰਿਤਸਰ ਸਾਹਿਬ ਜੀ ਵਿਖੇ ਹਜ਼ੂਰ ਦੀ ਸ਼ਰਨ ਅੰਦਰ ਬੇਅੰਤ ਗੁਰਸਿੱਖ ਸੰਗਤਾਂ ਆਉਂਦੀਆਂ ਸਨ। ਹਜ਼ੂਰ ਪਾਸੋਂ ਉਪਦੇਸ਼ ਲੈ ਕੇ, ਉਸ ਅਨੁਸਾਰ ਚੱਲ ਕੇ ਜੀਵਨ ਸਫਲਾ ਕਰਦੀਆਂ ਸਨ। ਇਕ ਦਿਨ ਭਾਈ ਭਾਨੂ ਨੇ ਬੇਨਤੀ ਕਰਕੇ ਪੁੱਛਿਆ ਕਿ ਗੁਰਦੇਵ ! ਆਪ ਜੀ ਕਿਰਪਾ ਕਰ ਕੇ ਉਪਦੇਸ਼ ਬਖ਼ਸ਼ੋ। ਹਿੰਦੂ ਮੱਤ ਦੇ ਗ੍ਰੰਥਾਂ ਅੰਦਰ ਤਾਂ ਤੀਰਥ ਇਸ਼ਨਾਨ ਦੀ ਮਹਿਮਾ ਅਤੇ ਬ੍ਰਤ ਰੱਖਣੇ, ਯੱਗ ਕਰਨੇ ਤੇ ਦਾਨ ਪੁੰਨ ਕਰਨੇ ਦੱਸੇ ਹਨ। ਗੁਰੂ ਨਾਨਕ ਦੇਵ ਜੀ ਦੇ ਘਰ ਤਾਂ ਕੇਵਲ ਨਾਮ ਜਪਣਾ ਦੱਸਿਆ ਹੈ। ਇਨ੍ਹਾਂ ਸਾਧਨਾਂ ਵਿਚ ਤੇ ਨਾਮ ਜਪਣ ਵਿਚ ਕੀ ਫ਼ਰਕ ਹੈ ?

**ਬੂਝਨ ਕੀਨੇ ਜਲਧ ਬਿਬੇਕ। ਸ਼ਾਸਤ੍ਰਨਿ ਕੇ ਮਤ ਅਹੈ ਅਨੇਕ।**
**ਕੋ ਤਪ ਤੀਰਥ ਮਹਿਮਾ ਗਾਵੈ। ਕੋ ਬ੍ਰਤ ਨੇਮਨਿ ਕਰਹੁ ਬਤਾਵੈ॥ 3 ॥**
**ਜਗ ਹੋਮ ਕੋ ਕਰੈ ਬਿਸਾਲ। ਕੋ ਕਹੈ ਦਾਨ ਕਰਹੁ ਬਿਧਿ ਨਾਲ।**
**ਬਡਿਆਈ ਸਤਿਗੁਰ ਕੇ ਧਾਮ। ਕੇਵਲ ਸਿਮਰਨ ਕੋ ਸਤਿਨਾਮ॥ 4 ॥**
**ਅੰਤਰ ਇਨ ਮਹਿ ਕਿਤਕ ਬਤਾਵਹੁ। ਕਿਮ ਮਹਿਮਾ ਸਤਿਨਾਮ ਬਧਾਵਹੁ ?**
**ਸ੍ਰੀ ਮੁਖ ਤੇ ਸੁਨਿ ਬਾਕ ਬਖਾਨਾ। ਜੁਗਤ ਬਤਾਵਨਿ ਕੀਨ ਮਹਾਨਾ।**

ਸਤਿਗੁਰੂ ਜੀ ਨੇ ਦੱਸਿਆ ਕਿ ਭਾਈ ! ਜਪੁ, ਤਪੁ, ਤੀਰਥ ਇਸ਼ਨਾਨ, ਦਾਨ-ਪੁੰਨ ਆਦਿ ਕਰਮ ਜੋ ਕਰਨੇ ਹਨ, ਇਹ ਤਾਂ ਸਾਰੇ ਸਿਫ਼ਰਾਂ ਦੀ ਤਰ੍ਹਾਂ ਹਨ। ਪ੍ਰਭੂ ਪ੍ਰਮਾਤਮਾ ਦਾ ਨਾਮ ਏਕੇ ਅੰਕ ਦੀ ਤਰ੍ਹਾਂ ਹੈ। ਇਕੱਲੀਆਂ ਸਿਫ਼ਰਾਂ ਕਿਸੇ ਗਿਣਤੀ ਵਿਚ ਨਹੀਂ ਆਉਂਦੀਆਂ, ਪਰ ਇਕ ਅੰਕ ਨਾਲ ਇਕ ਸਿਫ਼ਰ ਲਗਾਉਣ ਨਾਲ ਦਸ ਬਣ ਜਾਂਦਾ ਹੈ। ਏਕੇ ਅੰਕ ਨਾਲ ਸਾਰੀਆਂ ਸਿਫ਼ਰਾਂ ਸਫਲੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਨਾਮ ਜਪਣ ਕਰ ਕੇ ਸਾਰੇ ਸਾਧਨ ਸਫਲੇ ਹੁੰਦੇ ਹਨ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸਤਿਨਾਮ ਏਕਾਂਗ ਪਛਾਨ। ਅਪਰ ਕਰਮ ਸਭਿ ਸੂੰਨ ਸਮਾਨ।**
**ਜੇ ਇਕਾਂਗ ਪੂਰਬ ਲਿਖਦੇਯ। ਸੂੰਨ ਲਗੇ ਦਸ ਗੁਨੋ ਬਧੇਯ॥ 6 ॥**
**ਜੇ ਇਕਾਂਗ ਪੂਰਬ ਲਿਖ ਨਾਹੀ। ਕੇਵਲ ਸੂੰਨ ਲਿਖਤਿ ਹੀ ਜਾਹੀ।**
**ਸੋਸਭ ਖਾਲੀ ਕੁਛ ਨਹਿਂ ਸਰੈ। ਗਿਨਤੀ ਮਹਿ ਕੋਊ ਨਹਿ ਧਰੈ॥ 7 ॥**
**ਤਿਮ ਸਤਿਨਾਮ ਬਿਨਾ ਸਭਿ ਬਾਦਿ। ਜਿਨ ਕੋ ਫਲ ਯੁਤਿ ਅੰਤ ਰੁ ਆਦਿ।**
**ਕਲਿ ਮਹਿ ਕੇਵਲ ਹੈ ਸਤਿਨਾਮ। ਇਸਤੇ ਲਹੈ ਸ੍ਰੇਯ ਸੁਖਧਾਮ॥ 9 ॥**
**ਬਿਨਾ ਨਾਮ ਤੇ ਨਹਿਂ ਛੁਟਕਾਰਾ। ਅਪਰ ਕਰਮ ਤੇ ਵਧੈ ਹੰਕਾਰਾ।**
**ਨੰਮਿਰ ਹੋਨ ਸਿਮਰਨ ਹਰਿਨਾਮ। ਲਹੈ ਅੰਤ ਕੋ ਸੁਖ ਬਿਸਰਾਮ॥ ੧0 ॥**
**ਅੰਤਰ ਇਤੋ ਜਾਨ ਮਨ ਮਾਹਿ। ਸੋ ਹੰਤਾ ਜੁਤਿ, ਇਸ ਮਹਿ ਨਾਹਿ।**
**ਭਾਨੂ ਬਹਲ ਸੁਨਤਿ ਸੁਖ ਪਾਯੋ। ਗੁਰ ਕੋ ਕਹਿਬੋ ਰਿਦੇ ਬਸਾਯੋ॥ ੧ ॥**

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 5, ਅੰਸੂ 46)

## ਸੂਹੀ ਮਹਲਾ 5 ॥

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥ ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥ ੧ ॥ ਰਹਾਉ ॥ ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥ ਸੁਖੁ ਨ ਪਾਇਨ੍ਹਿ ਮੂਲਿ ਨਾਮ ਵਿਛੁੰਨਿਆ ॥ 2 ॥ ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ 3 ॥ ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥ ਨਾਮ ਬਿਨਾ ਸੁਖੁ ਨਾਹਿ ਸਰਪਰਹਾਰਿਆ ॥ 4 ॥ ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥ 5 ॥ ਜਿਨ੍ਹ ਕਉ ਭਏ ਦਇਆਲ ਤਿਨ੍ਹ ਸਾਧੂ ਸੰਗੁ ਭਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ਹੀ ਜਨੀ ਜਪਿ ਲਇਆ ॥ 6 ॥ ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥ ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥ 7 ॥ ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ 8 ॥ 2 ॥ 5 ॥ ੧6 ॥
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਪਦ ਅਰਥ :- ਪੁਕਾਰਨਿ=ਪੁਕਾਰਦੀਆਂ ਹਨ, ਦੱਸਦੀਆਂ ਹਨ। ਗਾਲ੍ਹੀ=ਗੱਲਾਂ। ਹੋਛੀਆ=ਥੋਥੀਆਂ।੧। ਨਿਧਾਨੁ=ਖ਼ਜ਼ਾਨਾ। ਮਨਿ=ਮਨ ਵਿਚ। ਨਸੈ=ਭੱਜ ਜਾਂਦਾ ਹੈ, ਦੂਰ ਹੋ ਜਾਂਦਾ ਹੈ। ਮੋਹਿ=ਮੋਹ ਵਿਚ। ਬਾਦਿ=ਅਹੰਕਾਰ ਵਿਚ। ਸਰਪਰ=ਹਰ ਹਾਲਤ, ਜ਼ਰੂਰ। ਮੂਲਿ=ਮੂਲੋਂ ਹੀ, ਬਿਲਕੁਲ। ਵਿਛੁੰਨਿਆ=ਵਿਛੁੜੇ ਹੋਏ।੨। ਧਾਰਿ=ਟਿਕਾ ਕੇ। ਬੰਧਨਿ=(ਮੋਹ ਦੀ) ਪਕੜ ਵਿਚ। ਅਵਤਾਰ=ਜਨਮ ਲੈਂਦੇ ਹਨ। ਧੰਧਿਆ=ਧੰਧਿਆਂ ਵਿਚ।੩। ਸੋਧਤ=ਵਿਚਾਰ ਕਰਦਿਆਂ। ਸੋਧਿ=ਵਿਚਾਰ ਕੇ। ਤਤ=ਅਸਲੀਅਤ। ਸਰਪਰ=ਹਰ ਹਾਲਤ। ਹਾਰਿਆ=ਹਾਰਦੇ ਹਨ।੪। ਆਵਹਿ=(ਜਗਤ ਵਿਚ) ਆਉਂਦੇ ਹਨ। ਜਾਹਿ=(ਜਗਤ ਤੋਂ) ਜਾਂਦੇ ਹਨ। ਮਰਿ ਮਰਿ=ਮਰ ਕੇ। ਵਾਦਿ=ਝਗੜੇ ਵਿਚ। ਭਰਮਤੇ=ਭਟਕਦੇ ਫਿਰਦੇ ਹਨ। ੫। ਜਨੀ=ਜਨਾਂ ਨੇ। ੬। ਖੋਜਹਿ=ਖੋਜਦੇ ਹਨ। ਕੋਟਿ=ਕ੍ਰੋੜਾਂ। ਅਸੰਖ=ਅਨਗਿਣਤ। ਅਨੰਤ=ਬੇਅੰਤ। ਕੇ=ਕੋਈ। ਗਾਵਾ=ਮੈਂ ਗਾਉਂਦਾ ਰਹਾਂ। ੮।

ਅਰਥ :- (ਹੇ ਭਾਈ !) ੨੭ ਸਿਮ੍ਰਿਤੀਆਂ, ੪ ਵੇਦ, ੧੮ ਪੁਰਾਣ ਅਤੇ (ਧਾਰਮਿਕ) ਪੋਥੀਆਂ (ਇਹੋ ਹੀ) ਪੁਕਾਰਦੀਆਂ ਹਨ (ਕਿ ਪਰਮੇਸ਼ਰ ਦੇ) ਨਾਮ ਤੋਂ ਬਿਨਾਂ ਸਭ ਕੂੜੀਆਂ ਅਤੇ ਥੋਥੀਆਂ ਗੱਲਾਂ ਹਨ।੧।

(ਹੇ ਭਾਈ !) ਬੇਅੰਤ ਅਕਾਲ ਪੁਰਖ ਪ੍ਰਭੂ ਦੇ ਨਾਮ ਦਾ ਖ਼ਜ਼ਾਨਾ ਭਗਤਾਂ ਦੇ ਹਿਰਦੇ ਵਿਚ ਵਸਦਾ ਹੈ। ਜਨਮ ਮਰਣ ਦਾ ਮੋਹ ਅਤੇ ਦੁੱਖ (ਸਭ ਕੁਝ) ਸਾਧ (ਗੁਰੂ ਦੀ) ਸੰਗਤ ਕਰਨ ਨਾਲ ਦੂਰ ਹੋ ਜਾਂਦਾ ਹੈ।੧। ਰਹਾਉ।

(ਹੇ ਭਾਈ ! ਜੇਹੜੇ ਮਨੁੱਖ) ਮੋਹ ਵਿਚ, ਵਾਦ-ਵਿਵਾਦ ਅਤੇ ਹੰਕਾਰ ਵਿਚ ਹਨ, ਉਹ ਅਵੱਸ਼ ਹੀ ਰੋਂਦੇ ਹਨ। ਨਾਮ ਤੋਂ ਵਿਛੜੇ ਹੋਏ (ਜੀਵ) ਬਿਲਕੁਲ ਹੀ ਸੁਖ ਨਹੀਂ ਪਾ ਸਕਦੇ।੨।

(ਹੇ ਭਾਈ ! ਜਿਸ ਮਨੁੱਖ ਨੇ ਆਪਣੇ ਹਿਰਦੇ ਵਿਚ) ਮੇਰੀ ਮੇਰੀ ਭਾਵ ਹੰਗਤਾ ਮਮਤਾ ਟਿਕਾਈ ਹੋਈ ਹੈ, ਇਸ ਬੰਧਨ (ਪਕੜ) ਵਿਚ (ਉਹ ਅਤੇ) ਹੋਰ (ਸਭ ਕੋਈ) ਬੱਧਾ ਪਿਆ ਹੈ। ਮਾਇਆ ਦੇ ਧੰਧਿਆਂ ਕਰ ਕੇ (ਜੀਵ) ਨਰਕ ਸੁਰਗ ਦੇ ਗੇੜੇ ਵਿਚ ਪਏ ਰਹਿੰਦੇ ਹਨ (ਭਾਵ ਜੰਮਦੇ ਮਰਦੇ ਰਹਿੰਦੇ ਹਨ)।੩।

(ਹੇ ਭਾਈ ! ਅਸਾਂ) ਚੰਗੀ ਤਰ੍ਹਾਂ ਸੋਧ ਅਤੇ ਵਿਚਾਰ ਕੇ ਇਹ ਤੱਤ ਕੱਢਿਆ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ (ਕਿਸੇ ਨੂੰ ਵੀ) ਸੁਖ ਨਹੀਂ ਮਿਲਿਆ (ਅਤੇ) ਅਵੱਸ਼ ਹੀ (ਉਨ੍ਹਾਂ ਨੇ ਆਪਣਾ ਮਨੁੱਖਾ ਜਨਮ) ਹਾਰਿਆ ਹੈ।੪।

(ਹੇ ਭਾਈ !) (ਪਰਮੇਸ਼ਰ ਦੇ ਨਾਮ ਤੋਂ ਸਖਣੇ) ਅਨੇਕਾਂ (ਮਨੁੱਖ) ਮਰ-ਮਰ ਕੇ ਜੰਮਦੇ ਰਹਿੰਦੇ ਹਨ (ਭਾਵ ਆਵਾਗਉਣ ਦੇ ਚੱਕਰ ਵਿਚ ਪਏ ਰਹਿੰਦੇ ਹਨ)। (ਆਤਮਿਕ ਜੀਵਨ ਦੀ) ਸੋਝੀ ਤੋਂ ਬਿਨਾਂ ਸਾਰੇ (ਦੁਨਿਆਵੀ) ਝਗੜੇ ਵਿਚ (ਪੈ ਕੇ ਅਨੇਕਾਂ) ਜੂਨੀਆਂ ਵਿਚ ਭਟਕਦੇ ਫਿਰਦੇ ਹਨ।੫।

(ਹੇ ਭਾਈ !) ਜਿਨ੍ਹਾਂ (ਮਨੁੱਖਾਂ) ਉੱਤੇ ਪ੍ਰਭੂ ਦਇਆਵਾਨ ਹੋਇਆ ਹੈ, ਉਹਨਾਂ ਨੂੰ ਹੀ ਸਾਧ (ਗੁਰੂ) ਦਾ ਸੰਗ ਪ੍ਰਾਪਤ ਹੋਇਆ ਹੈ। ਹਰੀ ਦਾ (ਜੋ) ਅੰਮ੍ਰਿਤ ਨਾਮ ਹੈ, ਉਹਨਾਂ ਜਨਾਂ ਨੇ ਜਪ ਲਿਆ ਹੈ।੬।

(ਹੇ ਭਾਈ !) ਕ੍ਰੋੜਾਂ, ਅਨਗਿਣਤ, ਬੇਅੰਤ ਪ੍ਰਾਣੀ (ਪਰਮਾਤਮਾ ਨੂੰ) ਖੋਜਦੇ ਲਭਦੇ ਫਿਰਦੇ ਹਨ।

(ਪਰ) ਜਿਸ (ਮਨੁੱਖ) ਨੂੰ (ਪ੍ਰਭੂ) ਆਪ ਸੱਚੀ ਸੂਝ-ਬੂਝ ਬਖ਼ਸ਼ਦਾ ਹੈ, ਉਹ ਮਨੁੱਖ ਹੀ (ਪ੍ਰਭੂ ਦੀ) ਸੋਝੀ ਪ੍ਰਾਪਤ ਕਰਦੇ ਹਨ, ਉਹਨਾਂ ਨੂੰ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਨੇੜੇ ਤੋਂ ਨੇੜੇ ਹੈ—

**ਜਹ ਜਹ ਪੇਖਉ ਤਹ ਹਜੂਰ ਦੂਰ ਕਤਹੁ ਨ ਜਾਈ॥ 7॥**

ਨਾਨਕ ਗੁਰੂ ਜੀ ਉਚਾਰਨ ਕਰਦੇ ਹਨ ਕਿ ਮੇਰੇ ਮਨ ਅੰਦਰ ਇਹ ਚਾਉ ਹੈ ਕਿ ਦਿਨ ਰਾਤ ਤੇਰੇ ਗੁਣ ਗਾਉਂਦਾ ਰਹਾਂ। ਇਸ ਲਈ ਹੇ ਪ੍ਰਭੂ ਦਾਤਾਰ ਜੀ ! ਮੈਨੂੰ ਆਪਣਾ ਨਾਮ ਬਖ਼ਸ਼ੋ। ਮੈਨੂੰ ਤੇਰਾ ਨਾਮ ਕਦੇ ਵੀ ਭੁੱਲੇ ਨਾ, ਭਾਵ ਸੁਆਸ-ਸੁਆਸ ਸਿਮਰਦਾ ਰਹਾਂ।੮।੨।੫।੧੬।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧46 (ਆਦਿ ਅੰਗ 763)

## ਰਾਗੁ ਸੂਹੀ ਛੰਤ ਮਹਲਾ ੧ ਘਰੁ ੧
## ੧ੴ ਸਤਿਗੁਰ ਪ੍ਰਸਾਦਿ ॥

ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥ ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥ ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥ ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥ ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥ ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥ ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥ ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥ ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥ ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥ ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥2॥ ਬਾਬਾ ਲਗਨੁ ਗਣਾਇ ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥ ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥ ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥ ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥ ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥ ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥ 3 ॥ ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥ ਰਹਸੀ

ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥ ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥ ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥ 4 ॥ ੧ ॥

## ਪ੍ਰਾਕ੍ਰਥਨ :

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪਾਵਨ ਸ਼ਬਦ ਉਚਾਰਣ ਕੀਤਾ ਹੋਇਆ ਹੈ। ਇਹ ਮੁਖਵਾਕ ਹਜ਼ੂਰ ਨੇ ਸੂਹੀ ਰਾਗੁ ਅੰਦਰ ਛੰਤ ਦੇ ਸਿਰਲੇਖ ਹੇਠ ਪਹਿਲੇ ਘਰ ਸੁਰਤਾਲ ਵਿਚ ਉਚਾਰਿਆ ਹੈ। ਇਸ ਵਿਚ ਵਸਤੂ ਨਿਰਦੇਸ਼ ਮੰਗਲ ਕੀਤਾ ਹੈ। ੧=ਇਕ ਅਦਵੈਤ ਬ੍ਰਹਮ ੴ=ਸਰਬ ਦਾ ਪ੍ਰਕਾਸ਼ਕ, ਉਚਾਰਨੇ ਮਾਤਰ ਨਾਲ ਰੱਖਿਆ ਕਰਨ ਵਾਲਾ ਹੈ। ਸਤਿ=ਤਿੰਨ ਕਾਲ ਸਤਿ ਸਰੂਪ ਗੁਰ=ਚੇਤੰਨ ਪ੍ਰਸਾਦਿ=ਅਨੰਦ ਸਰੂਪ (ਅਥਵਾ) ਗੁਰਪ੍ਰਸਾਦਿ=ਗੁਰੂ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਵਿਸ਼ਾ — ਭਰਿ ਜੋਬਨਿ ਮੈ ਮਤ

ਮਨੁੱਖ ਦੀਆਂ ਤਿੰਨ ਅਵਸਥਾਵਾਂ ਹਨ— ਬਾਲ, ਜੋਬਨਿ ਅਤੇ ਬਿਰਧ। ਹਜ਼ੂਰ ਦਾ ਫ਼ੁਰਮਾਨ ਹੈ :

**ਬਾਲ ਜੁਆਨੀ ਅਰ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥**

**ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭਿ ਹੀ ਮਾਨੁ ॥** (ਅੰਗ ੧429)

ਜੁਆਨੀ ਦੀ ਉਮਰ ਵਿਚ ਜੇ ਮਨੁੱਖ ਨੂੰ ਚੰਗੀ ਸੰਗਤ ਨਹੀਂ ਮਿਲੀ ਤਾਂ ਮਨੁੱਖ ਦਾ ਜੀਵਨ ਵਿਕਾਰਾਂ ਵਿਚ ਘਿਰ ਜਾਂਦਾ ਹੈ। ਪਰ ਇਸ ਉਮਰ ਵਿਚ ਤਾਂ ਕਾਮ ਤੇ ਲੋਭ ਦੀਆਂ ਲਹਿਰਾਂ ਪਰ-ਧਨ ਤੇ ਪਰ-ਤਨ ਨਾਲ ਹਰ ਵਕਤ ਟਕਰਾਉਣ ਨੂੰ ਆਤੁਰ ਰਹਿੰਦੀਆਂ ਹਨ। ਸ਼ਕਤੀ ਇਸੇ ਟਕਰਾਓ ਵਿਚ ਹੀ ਨਾਸ਼ ਹੋਣ ਲੱਗ ਪੈਂਦੀ ਹੈ। ਦਿਨ ਰਾਤ ਇਸ ਉੱਪਰ ਪਾਗ਼ਲਪਨ ਸਵਾਰ ਰਹਿੰਦਾ ਹੈ :

**ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥** (ਅੰਗ 685)

ਜਿਵੇਂ ਕੋਈ ਨਦੀ ਹੜ੍ਹ ਤੇ ਆਈ ਹੋਵੇ, ਸਾਗਰ ਵਿਚ ਤੂਫ਼ਾਨ ਹੋਵੇ, ਪਵਨ ਨੇ ਤੀਖਨ ਵੇਗ ਧਾਰਨ ਕਰ ਲਿਆ ਹੋਵੇ, ਜੋਬਨ ਜਵਾਨੀ ਵਿਚ ਐਸੀ ਹਾਲਤ ਬਣੀ ਰਹਿੰਦੀ ਹੈ। ਕਿਸੀ ਮੰਜ਼ਿਲ ਤਕ ਪੁੱਜਣ ਦੀ ਆਸ਼ਾ, ਭਵਿੱਸ਼ ਦੀ ਚਿੰਤਾ ਆਲੇ-ਦੁਆਲੇ ਮੰਡਰਾਂਦੀ ਰਹਿੰਦੀ ਹੈ। ਜੀਵਨ ਦੀ ਸਾਰੀ ਸ਼ਕਤੀ ਧਨ ਤੇ ਜੋਬਨ ਦੀ ਪ੍ਰਕਰਮਾ ਕਰਦੀ ਹੈ :

**ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥**

**ਉਨਮਤ ਕਾਮਿ ਮਹਾ ਬਿਖੁ ਭੂਲੇ ਪਾਪੁ ਪੁੰਨੁ ਨ ਪਛਾਨਿਆ ॥**

(ਸ੍ਰੀ ਰਾਗੁ ਬਾਣੀ ਭਗਤ ਬੇਣੀ ਜੀਉ ਕੀ, ਅੰਗ 93)

**ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥**

**ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥**

(ਸਿਰੀਰਾਗੁ ਮ: ੧, ਅੰਗ 75)

ਜਿਵੇਂ ਕਿਸੇ ਨਦੀ ਦਾ ਵੇਗ ਮਾਰੂ-ਥਲ ਵਲ ਤੁਰ ਪਵੇ ਤਾਂ ਉਹ ਨਦੀ ਮਾਰੂ-ਥਲ ਦੇ ਟਿੱਬਿਆਂ ਵਿਚ ਗ਼ਰਕ ਜਾਵੇਗੀ। ਪਰ-ਤਨ, ਪਰ-ਧਨ ਦੇ ਮਾਰੂ-ਥਲ ਵਿਚ ਜੀਵਨ-ਸ਼ਕਤੀ ਤਬਾਹ ਹੋ ਕੇ ਰਹਿ ਜਾਂਦੀ ਹੈ। ਜਵਾਨੀ ਦਾ ਮੂਲ ਔਗੁਣ ਧਨ ਜੋਬਨ ਦੀ ਪ੍ਰਬਲ ਵਾਸ਼ਨਾ ਹੈ ਅਤੇ ਅਕਾਲ ਪੁਰਖ ਦੇ ਸਿਮਰਨ ਨਾਲ ਜਵਾਨੀ ਨੂੰ ਹੋਸ਼ ਮਿਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਜੋਸ਼ ਨੂੰ ਜਦ ਹੋਸ਼ ਮਿਲਦਾ ਹੈ ਤਾਂ ਇਸ ਜੋਸ਼ ਤੋਂ ਬਹੁਤ ਵੱਡੀਆਂ ਉਸਾਰੀਆਂ ਹੁੰਦੀਆਂ ਹਨ। ਜਜ਼ਬੇ ਠੰਡੇ ਪੈ ਜਾਣ ਤਾਂ ਨਾ ਹੀ ਸੇਵਾ ਹੋ ਸਕਦੀ ਹੈ ਅਤੇ ਨਾ ਹੀ ਸਿਮਰਨ ਹੋ ਸਕਦਾ ਹੈ। ਜੇਕਰ ਜਵਾਨ ਦੇ ਜਜ਼ਬਿਆਂ ਨੂੰ ਸੱਚੀ ਸੇਧ ਮਿਲ ਜਾਵੇ ਤਾਂ ਇਹ ਜੋਸ਼ ਪ੍ਰਭੂ ਦਾ ਮਿਲਾਪ ਕਰਾ ਦੇਂਦਾ ਹੈ। ਸੰਸਾਰ ਦੇ ਚੋਟੀ ਦੇ ਅਵਤਾਰੀ ਪੁਰਸ਼ਾਂ ਵਿਚੋਂ ਬਹੁਤੇ ਆਪਣੀ ਜਵਾਨੀ ਵਿਚ ਹੀ ਰੱਬੀ ਰਸ ਵਿਚ ਰੰਗੇ ਗਏ। ਸ੍ਰੀ ਰਾਮ ਚੰਦ੍ਰ, ਸ੍ਰੀ ਕ੍ਰਿਸ਼ਨ, ਮਹਾਤਮਾ ਬੁੱਧ ਤੇ ਸੁਆਮੀ ਮਹਾਂਵੀਰ, ਹਜ਼ਰਤ ਮੁਹੰਮਦ ਸਾਹਿਬ ਤੇ ਹਜ਼ਰਤ ਈਸਾ ਜੀ ਇਹ ਸਾਰੇ ਜਵਾਨੀ ਵਿਚ ਅਧਿਆਤਮਿਕਤਾ ਦੀ ਸਿਖਰ ਨੂੰ ਪੁੱਜੇ ਹਨ। ਜਵਾਨੀ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਭਰ ਦਾ ਭਰਮਨ ਕਰ ਕੇ ਜਗਤ-ਜਲੰਦੇ ਨੂੰ ਨਾਮ ਕੀਰਤਨ ਰਾਹੀਂ ਠਾਰ ਦਿੱਤਾ। ਇਸ ਸ਼ਬਦ ਅੰਦਰ ਗੁਰਦੇਵ ਨੇ ਇਸਤਰੀ ਦੇ ਰੂਪਕ ਅਲੰਕਾਰ ਦੁਆਰਾ ਉਪਦੇਸ਼ ਦਿੱਤਾ ਹੈ। ਇਕ ਅਕਾਲ ਪੁਰਖ ਹੀ ਪਤੀ ਹੈ, ਬਾਕੀ ਸਭ ਜੀਵ ਰੂਪੀ ਇਸਤ੍ਰੀਆਂ ਹਨ। ਇਥੇ ਤਾਂ ਹਜ਼ੂਰ ਨੇ ਪੇਕੇ ਵਿਚ ਜੁਆਨ ਇਸਤ੍ਰੀ ਦਾ ਜ਼ਿਕਰ ਕੀਤਾ ਹੈ। ਜਿਸ ਲੜਕੀ ਨੂੰ ਪੇਕੇ ਘਰ ਵਿਚ ਚੰਗੀ ਸਿੱਖਿਆ ਨਹੀਂ ਮਿਲੀ ਅਤੇ ਜਿਸ ਨੇ ਜੁਆਨੀ ਦੇ ਹੰਕਾਰ ਵਿਚ ਪੇਕੇ ਘਰ ਵਿਚ ਮਨ ਮਰਜ਼ੀਆਂ ਕੀਤੀਆਂ ਹਨ, ਉਹ ਲੜਕੀ ਸਹੁਰੇ ਘਰ ਵਿਚ ਪਤੀ ਦੀਆਂ ਖ਼ੁਸ਼ੀਆਂ ਪ੍ਰਾਪਤ ਨਹੀਂ ਕਰ ਸਕਦੀ। ਜਿਸ ਤਰ੍ਹਾਂ ਦੀ ਸਿੱਖਿਆ ਲੜਕੀ ਨੂੰ ਮਾਂ ਵੱਲੋਂ ਮਿਲੀ ਹੈ, ਲੜਕੀ ਨੇ ਉਸ ਅਨੁਸਾਰ ਹੀ ਚਲਣਾ ਹੈ। ਪੇਕੇ ਘਰ ਵਿਚ ਚੰਗੀ ਸਿੱਖਿਆ ਮਿਲੀ ਹੈ ਤਾਂ ਸਹੁਰੇ ਘਰ ਸੁਖ ਭੋਗਦੀ ਹੈ, ਜੇ ਮਾੜੀ ਸਿੱਖਿਆ ਮਿਲੀ ਹੈ ਤਾਂ ਦੁੱਖ ਮਿਲਦਾ ਹੈ। ਬਿਨਾਂ ਸਮਝ ਤੋਂ ਦਿੱਤੀ ਸਿੱਖਿਆ ਅਤੇ ਬਿਨਾਂ ਸਮਝਾਏ ਤੋਂ ਕਿਹਾ ਗਿਆ ਕੋਈ ਕੰਮ ਜ਼ਿੰਦਗੀ ਵਿਚ ਦੁਖਦਾਈ ਬਣ ਜਾਂਦਾ ਹੈ।

## ਸਾਖੀ — ਟੋਕਰੀ ਥੱਲੇ ਬਿੱਲੀ ਬੰਦ ਕਰਨ ਦੀ

ਇਕ ਅਨਪੜ੍ਹ ਭੋਲੀ ਮਾਂ ਨੇ ਦੁੱਧ ਨੂੰ ਜਾਗ ਲਾਉਣ ਸਮੇਂ ਹਰ ਰੋਜ਼ ਆਪਣੀ ਲੜਕੀ ਨੂੰ ਇਸ ਤਰ੍ਹਾਂ ਕਹਿਣਾ ਕਿ ਹੇ ਬੇਟਾ ! ਛੇਤੀ ਕਰ, ਬਿੱਲੀ ਫੜ ਕੇ ਟੋਕਰੀ ਥੱਲੇ ਬੰਦ ਕਰ, ਦੁੱਧ ਨੂੰ ਜਾਗ ਲਾ ਦੇਈਏ। ਲੜਕੀ ਨੇ ਦੌੜਨਾ, ਬਿੱਲੀ ਕਿਸੇ ਮੰਜੀ ਥੱਲੇ ਵੀ ਵੜੀ ਹੁੰਦੀ ਸੀ ਤਾਂ ਉਸ ਨੇ ਥੱਲਿਓਂ ਕੱਢ ਲਿਆਉਣੀ। ਆਖ਼ਰ ਬਿੱਲੀ ਵੀ ਗਿੱਝ ਗਈ ਅਤੇ ਉਸ ਦੀ ਆਦਤ ਬਣ ਗਈ ਕਿ ਰੋਜ਼ਾਨਾ ਟੋਕਰੀ ਥੱਲੇ ਕੁਝ ਚਿਰ ਜਾਣਾ ਹੀ ਹੈ। ਲੜਕੀ ਨੇ ਸਹਿਜੇ ਹੀ ਉਸ ਨੂੰ ਫੜ ਲੈਣਾ ਅਤੇ ਟੋਕਰੀ ਥੱਲੇ ਡੱਕ ਦੇਣਾ। ਹੁਣ ਲੜਕੀ ਜਵਾਨ ਹੋ ਗਈ, ਪਰ ਇਹ ਕੰਮ ਚਲਦਾ ਰਿਹਾ। ਲੜਕੀ ਦੀ ਸ਼ਾਦੀ ਹੋ ਗਈ। ਸਹੁਰੇ ਘਰ ਗਈ। ਕੁਝ ਦਿਨਾਂ ਬਾਅਦ ਸੱਸ ਨੇ ਕਿਹਾ, 'ਬੇਟਾ ! ਅੱਜ ਦੁੱਧ ਨੂੰ ਜਾਗ ਤੂੰ ਲਗਾ ਦੇ।'' ਲੜਕੀ ਬੜੀ ਖ਼ੁਸ਼ੀ ਨਾਲ ਉਛਲੀ, ਕਿਉਂਕਿ ਸਭ ਤੋਂ ਜ਼ਿਆਦਾ ਖ਼ੁਸ਼ੀ ਉਹਨੂੰ ਬਿੱਲੀ ਫੜਨ ਵਿਚ ਹੀ ਹੁੰਦੀ ਸੀ, ਕਹਿਣ ਲੱਗੀ, 'ਹਾਂ , ਮਾਂ

ਜੀ, ਮੈਂ ਦੁੱਧ ਨੂੰ ਜਾਗ ਲਗਾਵਾਂਗੀ, ਪਰ ਬਿੱਲੀ ਕਿੱਥੇ ਹੈ ?'' ਸੱਸ ਨੇ ਕਿਹਾ, ''ਬਿੱਲੀ ਦਾ ਕੀ ਮਤਲਬ ?'' ਨੂੰਹ ਨੇ ਕਿਹਾ, ''ਬਿੱਲੀ ਮੈਂ ਟੋਕਰੀ ਥੱਲੇ ਡਕਾਂਗੀ ਤਾਂ ਹੀ ਦੁੱਧ ਨੂੰ ਜਾਗ ਲੱਗੇਗਾ। ਇਸ ਤੋਂ ਬਿਨਾਂ ਤਾਂ ਦੁੱਧ ਜੰਮੇਗਾ ਹੀ ਨਹੀਂ।'' ਸੱਸ ਨੇ ਕਿਹਾ, ''ਮੇਰੀ ਸਮਝ ਵਿਚ ਨਹੀਂ ਆਇਆ ਤੂੰ ਕੀ ਕਹਿ ਰਹੀ ਹੈਂ ?'' ਉਹ ਬੱਚੀ ਕਹਿਣ ਲੱਗੀ, ''ਮਾਂ ਜੀ ! ਤੇਰੇ ਵਿਚ ਸਮਝ ਆਵੇ ਜਾਂ ਨਾ ਆਵੇ, ਕੋਈ ਜ਼ਰੂਰੀ ਨਹੀਂ ਕਿ ਹਰ ਗੱਲ ਤੇਰੀ ਸਮਝ ਵਿਚ ਆਵੇ। ਇਹ ਸਾਡੇ ਘਰ ਦੀ ਮਰਯਾਦਾ ਹੈ। ਘੱਟੋ ਘੱਟ ਪੰਦਰਾਂ ਸਾਲ ਮੈਂ ਖ਼ੁਦ ਬਿਲੀ ਫੜ ਕੇ ਇਹੋ ਕੁਝ ਕਰਦੀ ਰਹੀ ਹਾਂ। ਸਮਝਣ ਦੀ ਕੋਈ ਜ਼ਰੂਰਤ ਨਹੀਂ। ਜਦੋਂ ਦੀ ਸੁਰਤਿ ਸੰਭਾਲੀ ਹੈ, ਮੈਂ ਇਵੇਂ ਹੀ ਕਰ ਰਹੀ ਹਾਂ, ਮੇਰੀ ਮਾਂ ਆਦਿ ਅਸੀਂ ਸਭ ਇਸੇ ਤਰ੍ਹਾਂ ਕਰਦੇ ਆਏ ਹਾਂ। ਇਹੀ ਤਾਂ ਸਾਡੇ ਘਰ ਦੀ ਰੀਤੀ ਹੈ।'' ਉਸ ਬੱਚੀ ਦੀ ਸੱਸ ਲੜਾਕੀ ਨਹੀਂ ਸੀ, ਹੋਛੀ ਨਹੀਂ ਸੀ, ਕਾਹਲੀ ਨਹੀਂ ਸੀ, ਬੜੀ ਧੀਰਜ ਵਾਲੀ ਸੀ, ਵਿਚਾਰ ਵਾਲੀ ਸੀ। ਜ਼ਰੂਰ ਕਿਤੇ ਗੁਰੂ ਨਾਨਕ ਦੀ ਸੰਗਤ ਦੀ ਚਰਨ ਧੂੜ ਮੱਥੇ ਨੂੰ ਲੱਗ ਗਈ ਹੋਵੇਗੀ। ਉਹ ਕਹਿਣ ਲੱਗੀ, ''ਬੇਟਾ ! ਤੂੰ ਅੱਜ ਦੁੱਧ ਰਹਿਣ ਦੇ, ਬਿੱਲੀ ਸਾਡੇ ਘਰ ਹੈ ਨਹੀਂ ਤੇ ਜਦੋਂ ਤੱਕ ਤੂੰ ਬਿੱਲੀ ਟੋਕਰੀ ਥੱਲੇ ਨਾ ਡੱਕੀ, ਦੁੱਧ ਨੂੰ ਜਾਗ ਲੱਗਣਾ ਨਹੀਂ।'' ਨੂੰਹ ਕਹਿਣ ਲੱਗੀ, ''ਮਾਤਾ ਜੀ ! ਕਿਸੇ ਗੁਆਂਢੀ ਦੇ ਘਰੋਂ ਬਿੱਲੀ ਲੈ ਆਉ। ਤੁਸੀਂ ਮੈਨੂੰ ਲੈ ਚਲੋ, ਮੈਂ ਇਕ ਮਿੰਟ ਵਿਚ ਬਿੱਲੀ ਫੜ ਦਿਆਂਗੀ। ਮੇਰਾ ਬਿੱਲੀ ਫੜਨ ਦਾ ਅਭਿਆਸ ਹੈ।'' ਸੱਸ ਨੇ ਕਿਹਾ, ''ਕਿਸੇ ਘਰੋਂ ਕਿਉਂ ? ਚੱਲ ਮੇਰੇ ਨਾਲ ਬਿੱਲੀ ਤੁਹਾਡੇ ਘਰੋਂ ਹੀ ਲੈ ਕੇ ਆਉਂਦੇ ਹਾਂ। ਨਾਲੇ ਉਹ ਬਿੱਲੀ ਮੈਂ ਵੀ ਵੇਖਣਾ ਚਾਹੁੰਦੀ ਹਾਂ ਜਿਸ ਦਾ ਦੁੱਧ ਨੂੰ ਜਾਗ ਲੱਗਣ ਨਾਲ ਖ਼ਾਸ ਸੰਬੰਧ ਹੈ।''

ਨੂੰਹ ਨੂੰ ਨਾਲ ਲੈ ਕੇ ਉਹ ਲੜਕੀ ਦੀ ਮਾਂ ਪਾਸ ਪੁੱਜੀ ਤੇ ਪੁੱਛਿਆ, ''ਭੈਣ ਜੀ, ਦੁੱਧ ਨੂੰ ਜਾਗ ਲਗਾਉਣ ਲੱਗਿਆਂ ਬਿੱਲੀ ਟੋਕਰੀ ਥੱਲੇ ਡੱਕਣੀ ਇਹ ਤੁਹਾਡੇ ਘਰ ਦੀ ਮਰਯਾਦਾ ਹੈ ?'' ਉਸ ਨੇ ਕਿਹਾ, ''ਮਰਯਾਦਾ ਨਹੀਂ; ਲੋੜ ਹੈ ਕਿ ਬਿੱਲੀ ਦੁੱਧ ਵਿਚ ਮੂੰਹ ਨਾ ਪਾ ਜਾਵੇ, ਦੁੱਧ ਜੂਠਾ ਨਾ ਕਰ ਜਾਵੇ। ਜੇ ਤੁਹਾਡੇ ਘਰ ਬਿੱਲੀ ਨਹੀਂ ਤਾਂ ਫਿਰ ਉਥੇ ਇਹ ਖ਼ਤਰਾ ਨਹੀਂ।'' ਇਹ ਬੱਚੀ ਭੋਲੀ ਹੈ, ਇਹ ਭੋਲਾਪਨ ਕੋਈ ਚੰਗਾ ਨਹੀਂ ਹੈ। ਇਹ ਕਿਹੜੀ ਸਿਆਣਪ ਹੈ। ਇਸ ਤਰ੍ਹਾਂ ਦੀ ਸਿੱਖਿਆ ਧਾਰਣ ਵਾਲੀ ਲੜਕੀ ਨਾ ਪੇਕੇ ਘਰ ਸੁਖ ਪਾਵੇਗੀ ਅਤੇ ਨਾ ਹੀ ਸਹੁਰੇ ਘਰ। ਅਸਲ ਵਿਚ ਮਨੁੱਖ ਦੀ ਮਾਂ ਹੈ ਗੁਰੂ। ਜਿਸ ਗੁਰੂ ਨੇ ਮਾੜੀ ਸਿੱਖਿਆ ਦਿੱਤੀ ਹੈ, ਉਸ ਦੀ ਸਿੱਖਿਆ ਧਾਰਣ ਵਾਲੀ ਜੀਵ ਰੂਪ ਲੜਕੀ ਲੋਕ ਪ੍ਰਲੋਕ ਅੰਦਰ ਦੁੱਖ ਭੋਗਦੀ ਹੈ।

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥** (ਅੰਗ ੧369)

ਸ਼ੁੱਭ ਸਿੱਖਿਆ ਦਿੱਤੀ ਸੀ ਬੀਬੀ ਵੀਰੋ ਨੂੰ। ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਜੀ ਨੇ ਜਿਸ ਦਾ ਜ਼ਿਕਰ ਇਸ ਪ੍ਰਕਾਰ ਹੈ :

## ਸਾਖੀ—ਬੀਬੀ ਵੀਰੋ ਜੀ ਦਾ ਸ਼ੁਭ ਅਨੰਦ ਕਾਰਜ

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬੀਬੀ ਵੀਰੋ ਦੇ ਵਿਆਹ ਦਾ ਦਿਨ ੨੬ ਜੇਠ ਸੰਨ ੧੬੨੮ ਅਤੇ ਸੰਮਤ ਬਿਕ੍ਰਮੀ ੧੬੮੫ ਰੱਖਿਆ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਅੰਦਰ ਸੰਮਤ ੧੬੮੬

ਦਿੱਤਾ ਹੈ। ਦਿਨ ਨੀਯਤ ਕਰ ਕੇ ਭਾਈ ਧਰਮ ਚੰਦ ਜੀ ਦੇ ਪਾਸ ਵਿਆਹ ਦੇ ਦਿਨ ਦੀ ਚਿੱਠੀ ਭੇਜ ਦਿੱਤੀ। ਅੰਮ੍ਰਿਤਸਰ ਅੰਦਰ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਿਤ ਦੇ ਨਿਯਮ ਅਨੁਸਾਰ ਗੁੰਮਟਾਲੇ ਪਾਸ ਸਿੱਖਾਂ ਸਮੇਤ ਸ਼ਿਕਾਰ ਖੇਡਣ ਗਏ। ਦੇਵਨੇਤ ਨਾਲ ਸ਼ਾਹੀ ਫ਼ੌਜਾਂ ਭੀ ਸ਼ਿਕਾਰ ਖੇਡਣ ਲਈ ਨੇੜੇ ਹੀ ਉਤਰੀਆਂ ਹੋਈਆਂ ਸਨ। ਗੁਰੂ ਹਰਿਗੋਬਿੰਦ ਸਾਹਿਬ ਤੇ ਉਹਨਾਂ ਦੇ ਸਿੱਖਾਂ ਦਾ ਸ਼ਿਕਾਰ ਖੇਡਣ ਆਉਣਾ ਸ਼ਾਹੀ ਫ਼ੌਜਾਂ ਨੂੰ ਚੰਗਾ ਨਹੀਂ ਲੱਗਿਆ, ਕਿਉਂਕਿ ਉਹਨਾਂ ਲੋਗਾਂ ਨੇ ਹਿੰਦੂਆਂ ਨੂੰ ਸ਼ਸਤ੍ਰਹੀਣ ਕਰਨ ਲਈ ਸ਼ਰਈ ਹੁਕਮ ਕੀਤੇ ਹੋਏ ਸਨ। ਕੋਈ ਪਰਜਾ ਦਾ ਮਨੁੱਖ ਘੋੜੇ 'ਤੇ ਨਹੀਂ ਚੜ੍ਹ ਸਕਦਾ, ਸ਼ਿਕਾਰ ਨਹੀਂ ਖੇਡ ਸਕਦਾ। ਇਹਨਾਂ ਦੇ ਇਸ ਹੁਕਮ ਦੇ ਸਾਰਾ ਕੁਝ ਉਲਟ ਸੀ, ਜੋ ਸਤਿਗੁਰੂ ਜੀ ਕਰਦੇ ਸਨ। ਸਿੱਖ ਇਤਿਹਾਸ ਅੰਦਰ ਇਕ ਬਾਜ਼ ਦਾ ਬਹਾਨਾ ਭੀ ਜੰਗ ਹੋਣ ਦਾ ਕਾਰਨ ਦੱਸਿਆ ਹੈ। ਆਖ਼ਿਰ ਮੁਖ਼ਲਿਸ ਖ਼ਾਂ ਸੱਤ ਹਜ਼ਾਰ ਸ਼ਾਹੀ ਫ਼ੌਜ ਲੈ ਕੇ ਸਤਿਗੁਰੂ ਉੱਪਰ ਚੜ੍ਹਾਈ ਕਰਨ ਲਈ ਆਇਆ। ਅੰਮ੍ਰਿਤਸਰ ਦੀ ਧਰਤੀ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਹ ਪਹਿਲੀ ਜੰਗ ਲੜੀ। ਗੁਰੂ ਜੀ ਦੀ ਜਿੱਤ ਹੋਈ ਇਸ ਜੰਗ ਅੰਦਰ। ਮੁਖ਼ਲਿਸ ਖ਼ਾਂ ਸਤਿਗੁਰੂ ਜੀ ਦੇ ਹੱਥੋਂ ਮਾਰਿਆ ਗਿਆ। ਜੰਗ ਸਮਾਪਤ ਕਰ ਕੇ ਗੁਰੂ ਜੀ ਝਬਾਲ ਪਹੁੰਚੇ।

**ਪੁਨ ਗੁਰ ਪਹੁੰਚੇ ਝਬਾਲ ਮੈ, ਬੀਬੀ ਵੀਰੋ ਕੇਰ।**
**ਕਰਿਯੋ ਬਯਾਹਿ ਉਤਸਾਹਿ ਸਹਿ, ਦੀਨੋ ਦਾਜ ਬਗੇਰ॥ 70 ॥**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਉਥੇ ਬੀਬੀ ਵੀਰੋ ਦੇ ਅਨੰਦ ਕਾਰਜ ਕਰਨੇ ਸਨ।

**ਸਤਿਗੁਰੂ ਚਲੇ ਝਬਾਲ ਕੋ ਮਨ ਮੈਂ ਹਰਖ ਅਪਾਰ।**
**ਤਤਛਿਨ ਜਾ ਪ੍ਰਾਪਤ ਭਏ ਸਤਿਗੁਰੂ ਨਿਜ ਪ੍ਰਵਾਰ।**

(ਗੁਰ ਬਿਲਾਸ ਪਾਤਸ਼ਾਹੀ 6)

ਜੰਞ ਨੂੰ ਭੀ ਝਬਾਲ ਆਵਣ ਲਈ ਕਹਿ ਭੇਜਿਆ ਸੀ। ਜਿਸ ਵੇਲੇ ਪਤਾ ਲੱਗਿਆ ਕਿ ਜੰਞ ਨੇੜੇ ਆ ਰਹੀ ਹੈ ਤਾਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਭੇਜਿਆ ਕਿ ਜੰਞ ਨੂੰ ਲੈ ਕੇ ਆਉ, ਅੱਗੇ ਜਾ ਕੇ ਸਤਿਕਾਰ ਕਰੋ।

**ਕ੍ਰਿਪਾ ਸਿੰਧ ਐਸੇ ਸੁਨਾ, ਆਈ ਜਨੇਤ ਅਪਾਰ।**
**ਭਲੇ ਸਿੱਖ ਆਗੇ ਪਠੇ, ਤਿਨ ਕੌ ਲੈਣ ਸੁਧਾਰ।**

ਜਿਸ ਵੇਲੇ ਜੰਞ ਆ ਪਹੁੰਚੀ ਤਾਂ ਉਸ ਦਾ ਸਤਿਕਾਰ ਕੀਤਾ, ਸੇਵਾ ਕੀਤੀ। ਜਨੇਤ ਬੜੇ ਗੁਰਮੁਖ ਗੁਰਸਿੱਖਾਂ ਦੀ ਆਈ ਸੀ। ਉਹਨਾਂ ਵਿਚ ਲਾੜਾ ਭਾਈ ਸਾਧੂ ਜੀ ਸੀਲ ਸੁਭਾਅ, ਇੰਦ੍ਰੇ ਜਿੱਤ, ਬੜੀ ਸੋਭਾ ਪਾਉਂਦੇ ਸਨ।

**ਸਾਧੂ ਨਾਮ ਸੋ ਸੁੰਦਰ ਰੂਪਾ। ਮਾਨੋ ਸਭੀ ਜਗਤ ਕਾ ਭੂਪਾ।**
**ਵਿਦਿਆ ਗੁਨ ਸੁਭ ਸੀਲ ਅਪਾਰਾ। ਜਿਤ ਇੰਦ੍ਰੀ ਅਰੁ ਗਯਾਨ ਵਿਚਾਰਾ।**

ਕਿਉਂਕਿ ਸਿੱਖ ਪੁੱਛਦੇ ਸਨ ਕਿ ਜੰਞ ਕਿਥੋਂ ਆਈ ਹੈ ? ਇਤਨੇ ਚੰਗੇ ਗੁਰਸਿੱਖ ਨਾਲ ਆਏ ਹਨ।

**ਮਹਾਰਾਜ ਜੰਞ ਕਹਿ ਤੇ ਆਈ। ਜਾ ਕੀ ਸੋਭਾ ਬਰਨ ਨ ਜਾਈ।**

ਸਤਿਗੁਰੂ ਜੀ ਨੇ ਦੀਵਾਨ ਦੀ ਤਿਆਰੀ ਕਰਨ ਦਾ ਹੁਕਮ ਕੀਤਾ। ਗੁਰਸਿੱਖਾਂ ਨੇ ਗੁਰੂ ਦਾ ਹੁਕਮ ਪਾ ਕੇ ਸੁੰਦਰ ਵਿਛਾਈਆਂ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ।

**ਹਰਿ ਗੋਬਿੰਦ ਗੁਰ ਐਸ ਕਰਾਈ। ਸੁੰਦਰ ਜਗਾ ਦੀਵਾਨ ਲਗਾਈ।**
**ਮਾਣਕ ਜੜਤ ਸੁੰਦਰ ਪਲਘ ਡਸਾਯੋ।**...........
**ਗੁਰੂ ਗ੍ਰੰਥ ਤਿਹ ਉਪਰ ਧਰੇ। ਜਾਹਿ ਨਿਰਖ ਸਭ ਕਾ ਮਨ ਹਰੇ॥**

ਸਿੱਖ ਨੇ ਸਤਿਗੁਰੂ ਜੀ ਨੂੰ ਆ ਕੇ ਦੱਸਿਆ, ਜੀ ਹਜ਼ੂਰ ! ਸਾਰੀ ਤਿਆਰੀ ਹੋ ਚੁੱਕੀ ਹੈ। ਤਾਂ ਸਤਿਗੁਰੂ ਜੀ ਨੇ ਅਨੰਦ ਕਾਰਜ ਕਰਨ ਲਈ ਹੁਕਮ ਕੀਤਾ। ਜੰਞ ਚਲ ਕੇ ਲਾੜੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਮੱਥਾ ਟੇਕ ਕੇ ਬੈਠ ਗਈ ਅਤੇ ਸ਼ਬਦ ਕੀਰਤਨ ਸ਼ੁਰੂ ਹੋ ਗਿਆ। ਸਤਿਗੁਰੂ ਜੀ ਨੇ ਬੀਬੀ ਵੀਰੋ ਜੀ ਨੂੰ ਦੀਵਾਨ ਅੰਦਰ ਆਵਣ ਦਾ ਹੁਕਮ ਕੀਤਾ। ਜਿਸ ਵੇਲੇ ਬੀਬੀ ਵੀਰੋ ਜੀ ਮੱਥਾ ਟੇਕ ਕੇ ਬੈਠ ਗਈ ਤਾਂ ਮਰਯਾਦਾ ਅਨੁਸਾਰ ਅਰਦਾਸ ਕੀਤੀ, ਹੁਕਮਨਾਮਾ ਲਿਆ, ਕੀਰਤਨ ਅਤੇ ਸਾਰੀ ਮਰਯਾਦਾ ਸਤਿਗੁਰੂ ਜੀ ਨੇ ਆਪ ਪੂਰੀ ਕਰਾਈ।

**ਦੂਲਹੁ ਪੁਨ ਆਯੋ ਤਬੈ ਸੁੰਦਰ ਡੀਲ ਸੁਹਾਇ।**
**ਗੁਰੂ ਗ੍ਰੰਥ ਕਰ ਬੰਦਨਾ ਬੈਠੇ ਆਇਸ ਪਾਇ।**
**ਸਭੀ ਸਭਾ ਸੁੰਦਰ ਬਹੁ ਲਾਗੀ। ਗਾਵਣ ਸਬਦ ਪ੍ਰੇਮ ਰਸ ਪਾਗੀ।**
**ਉਚੀ ਸੁਰ ਸੋ ਸਬਦ ਸੋ ਗਾਵੈ। ਦੇਖ ਰੂਪ ਮਨ ਇੰਦ੍ਰ ਲਜਾਵੈ।**
**ਸ੍ਰੀ ਗੁਰ ਮੁਖ ਸੋ ਐਸ ਅਲਾਈ। ਬੀਬੀ ਲਿਆਵੋ ਦੇਰ ਨ ਕਾਈ।**
**ਕਰਿ ਅਰਦਾਸ ਤਿਹ ਚੂਕ ਬੰਧਾਈ। ਸੰਗਤ ਗਾਵੈ ਸਬਦ ਮਿਲਾਈ।**

(ਗੁਰ ਬਿਲਾਸ ਪਾਤਸ਼ਾਹੀ 6)

**ਸ੍ਰੀ ਗੁਰੂ ਰੀਤਿ ਐਸ ਤਬ ਕੀਨੀ। ਗੁਰ ਰਾਮਦਾਸ ਜੋ ਆਗਯਾ ਦੀਨੀ।**
**ਲਾਵਾ ਲੀਨ ਤਬੈ ਮਨੁ ਲਾਈ। ਗੁਰੂ ਗ੍ਰੰਥ ਚੌਫੇਰ ਸੁਹਾਈ।**

ਉਸ ਵੇਲੇ ਮਾਤਾ ਜੀ ਵੱਲੋਂ ਅਤੇ ਸਤਿਗੁਰੂ ਜੀ ਵੱਲੋਂ ਜੋ ਸਿੱਖਿਆ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਨੂੰ ਦਿੱਤੀ ਗਈ ਸੀ, ਇਸ ਤਰ੍ਹਾਂ ਸੀ :

**ਪਤਿ ਕੀ ਸੇਵਾ ਮਹਿ ਸਦ ਰਹੀਯੋ। ਪੁੱਤਰੀ ਸੀਖ ਹਮਾਰੀ ਲਹੀਯੋ।**

ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਨੂੰ ਸਿੱਖਿਆ ਇਸ ਪ੍ਰਕਾਰ ਦਿੱਤੀ ਗਈ :

**ਸੁਨ ਬੀਬੀ ! ਮੈਂ ਤੁਝੇ ਸੁਨਾਊਂ। ਪਤਿ ਕੀ ਮਹਿਮਾ ਕਹਿਤਕ ਗਾਊਂ।**
**ਪਤਿ ਸੇਵਕ ਕੀ ਸੇਵਾ ਸਫਲੀ। ਪਤਿ ਬਿਨ ਔਰ ਕਰੈ ਸਭ ਨਿਫਲੀ।**
**ਗੁਰਜਨ ਕੀ ਇੱਜ਼ਤ ਬਹੁ ਕਰਨੀ। ਸਾਸ ਸੇਵ ਰਿਦ ਮਾਹਿ ਸੁ ਧਰਨੀ।**
**ਸੁਨ ਪੁਤ੍ਰੀ ! ਪ੍ਰਾਨ ਤੇ ਪਯਾਰੀ। ਜਿਸ ਤੇ ਬੈਸ ਬਿਤੈ ਸੁਖਕਾਰੀ।**
**ਕੁਲ ਕੀ ਬਾਤ ਚਿਤ ਮੈ ਧਰਨੀ। ਖੋਟੀ ਸੰਗਤਿ ਨਹੀਂ ਸੁ ਕਰਨੀ।**
**ਪ੍ਰਾਤੈ ਉਠ ਕਰ ਮੱਜਨ ਕਰੀਯੋ। ਗੁਰਬਾਨੀ ਕੋ ਮੁਖ ਤੇ ਰਰੀਯੋ।**
**ਪੁਨਾ ਔਰ ਵਿਵਹਾਰ ਜੋ ਹੋਈ। ਭਲੇ ਸੰਭਾਲਹੁ ਨੀਕੇ ਸੋਈ।**
**ਮੋ ਢਿਗ ਉਪਾਲੰਭ ਨਹਿਂ ਆਵੈ। ਅਸੀ ਭਾਂਤ ਸਰਬ ਸੁਖ ਪਾਵੈ।**

ਰਾਗੁ ਸੂਹੀ ਛੰਤ ਮਹਲਾ ੧ ਘਰੁ ੧
ੴ ਸਤਿਗੁਰ ਪ੍ਰਸਾਦਿ ॥

ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥ ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥ ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥ ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥ ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥ ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥ ੧ ॥ ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥ ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥ ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥ ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥ ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥ 2 ॥ ਬਾਬਾ ਲਗਨੁ ਗਣਾਇ ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥ ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥ ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥ ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥ ਮਾਇ ਨਿਰਾਸੀ ਰੋਇ ਵਿਛੁੰਨੀ

**ਬਾਲੀ ਬਾਲੈ ਹੇਤੇ ॥ ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥ 3 ॥ ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥ ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥ ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥ ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥ 4 ॥ ੧ ॥**

ਪਦ ਅਰਥ :- ਭਰਿ ਜੋਬਨਿ=ਭਰੀ ਹੋਈ, ਭਾਵ ਪੂਰੀ ਜੁਆਨੀ ਵਿਚ। ਮੈ=ਸ਼ਰਾਬ। ਮਤ=ਮਸਤ। ਪਾਹੁਣੀ=ਪ੍ਰਾਹੁਣੀ। ਚਿਤਿ=ਹਿਰਦੇ ਵਿਚ। ਨ ਸਮਾਵਨੀ=ਨਹੀਂ ਸਮਾਉਂਦੇ, ਨਹੀਂ ਟਿਕਦੇ। ਸਾਰ=ਕਦਰ। ਵਰੁ=ਖਸਮ (ਪ੍ਰਭੂ ਪਤੀ)। ਸਹਜੁ=ਸੁਭਾਵਕ। ਰੈਣਿ ਵਿਹਾਣੀ=(ਜੀਵਨ ਰੂਪੀ) ਰਾਤ ਲੰਘ ਗਈ। ਧਨ=ਜੀਵ-ਇਸਤਰੀ। ਕੁਮਲਾਣੀ=ਕੁਮਲਾ (ਮੁਰਝਾ) ਗਈ।੧। ਬਾਣੀ=(ਹੁਕਮ ਰੂਪੀ) ਬਾਣੀ। ਮਨਸਾ=ਇੱਛਾ। ਪੂਰਿ ਰਹਿਆ ਭਰਪੂਰੇ=ਵਿਆਪਕ ਹੋ ਰਿਹਾ ਹੈ। ਸਰਬ ਸੁਹਾਗਣਿ=ਸਭ ਸੁਹਾਗਵੰਤੀਆਂ ਹਨ। ਰਾਂਡ ਨ ਮੈਲੈ ਵੇਸੇ=ਨਾ ਰੰਡੀ ਹੁੰਦੀ ਹੈ, ਨਾ ਉਸ ਦਾ ਵੇਸ (ਪਹਿਰਾਵਾ) ਮੈਲਾ ਹੁੰਦਾ ਹੈ।੨। ਲਗਨ=ਮਹੂਰਤ। ਗਣਾਇ=ਕਢਾਏ। ਵੰਞਾ=ਜਾਵਾਂ। ਸਾਹਾ=ਲਗਨ, ਮਹੂਰਤ। ਰਜਾਇ=ਰਜ਼ਾ (ਮਰਜ਼ੀ) ਅਨੁਸਾਰ। ਨ ਟਲੈ=ਨਹੀਂ ਟੱਲਦਾ, ਅਵੱਸ਼ ਵਾਪਰਦਾ ਹੈ। ਕਿਰਤੁ=ਕੀਤਾ ਹੋਇਆ ਕਰਮ। ਜਾਞੀ=ਬਰਾਤੀ ਜੋ ਜੰਞ ਵਿਚ ਸ਼ਾਮਲ ਹੁੰਦਾ ਹੈ। ਨਰਹ=ਮਨੁੱਖਾਂ ਦਾ। ਨਿਹਕੇਵਲ=ਸੁਤੰਤਰ। ਤਿਹੁ ਲੋਈ=ਤਿੰਨਾਂ ਲੋਕਾਂ ਵਿਚ। ਮਾਇ=ਮਾਂ ਭਾਵ ਮਾਇਆ। ਰੋਇ=ਰੋ ਕੇ। ਵਿਛੁੰਨੀ=ਵਿਛੁੜ ਜਾਂਦੀ ਹੈ। ਬਾਲੈ ਹੇਤੇ=ਲੜਕੇ ਦੇ ਪਿਆਰ ਕਾਰਨ। ਸੁਖ ਮਹਲੀ=ਸੁਖਾਂ ਦੇ ਮਹਿਲ ਵਿਚ।੩। ਬਾਬੁਲਿ=ਪਿਉ (ਭਾਵ ਸਤਿਗੁਰੂ) ਨੇ। ਦੂਰਿ=(ਮਾਇਆ ਦੇ ਦੇਸ਼ੋਂ ਦੂਰ) ਸਹੁਰਾ ਘਰ। ਦਿਤੜੀ=ਭੇਜ ਦਿੱਤੀ। ਘਰਿ ਪੇਈਐ=ਪੇਕੇ ਘਰ (ਭਾਵ ਮਾਤ ਲੋਕ ਵਿਚ)। ਰਹਸੀ=ਖ਼ੁਸ਼ੀ, ਪ੍ਰਸੰਨ ਹੁੰਦੀ ਹੈ। ਸੋਹੀਐ=ਸੋਭਦੀ ਹੈ। ਪਿਰਿ=ਪਤੀ ਨੇ। ਲੋੜੀ=ਚਾਹੀ। ਜੋੜੀ=ਜੋੜ ਦਿੱਤੀ, ਮਿਲਾ ਦਿੱਤੀ। ਪਰਧਾਨੇ=ਮੰਨੀ ਪ੍ਰਮੰਨੀ। ਸੁਹੇਲਾ=ਸੌਖਾ। ਗੁਰ ਗਿਆਨੇ=ਗੁਰੂ ਦੇ ਗਿਆਨ ਕਰਕੇ। ਪਲੈ=ਪਲੇ ਵਿਚ, ਉਸ ਦੇ ਪਾਸ। ਅੰਕਿ=ਅੰਕ (ਗੋਦ) ਵਿਚ। ਸਮਾਏ=ਲੀਨ ਹੋ ਜਾਂਦੀ ਹੈ ਭਾਵ ਸਮਾਅ ਜਾਂਦੀ ਹੈ।੪।

ਅਰਥ :- ਹੇ ਭਾਈ ! ਜੋ (ਜੀਵ-ਇਸਤਰੀ) ਪੇਕੇ ਘਰ ਵਿਚ (ਭਾਵ ਇਸ ਜਗਤ ਵਿਚ) ਪ੍ਰਾਹੁਣੀ ਹੈ, (ਪਰ) ਭਰੀ ਜੁਆਨੀ ਵਿਚ (ਜਿਵੇਂ ਕੋਈ ਸ਼ਰਾਬ ਦੇ ਨਸ਼ੇ ਵਿਚ ਮਸਤ ਹੁੰਦਾ ਹੈ, ਇਹ ਆਪਣੇ) ਹੰਕਾਰੀ ਮਨ ਵਿਚ ਮਸਤ ਹੋ ਕੇ ਬਿਆਪਿਕ ਬਲਿਹਾਰ ਜਾਣੇ ਯੋਗ ਰਾਮ ਨੂੰ ਭੁਲ ਰਹੀ ਹੈ। ਚਿਤ ਵਿਚ ਅਵਗਣ (ਧਾਰਨ) ਕਰ ਕੇ ਮੈਲੀ ਹੈ, ਗੁਰੂ ਤੋਂ ਬਿਨਾਂ, ਬਲਹਾਰ ਜਾਣੇ ਯੋਗ ਰਾਮ (ਪ੍ਰਭੂ ਮਿਲਾਪ ਵਾਲੇ) ਗੁਣ (ਹਿਰਦੇ ਵਿਚ) ਨਹੀਂ ਟਿਕ ਸਕਦੇ। (ਜੀਵ-ਇਸਤਰੀ ਨੇ ਪਰਮੇਸ਼ਰ ਦੇ) ਗੁਣਾਂ (ਪਰਉਪਕਾਰਾਂ) ਦੀ ਕਦਰ ਨਹੀਂ

ਜਾਣੀ, ਭਰਮ ਵਿਚ ਭੁਲੀ ਰਹੀ (ਅਤੇ) ਜੁਆਨੀ ਨੂੰ ਵਿਅਰਥ ਗੁਆ ਲਿਆ। (ਕਿਉਂਕਿ ਨਾ) ਪਤੀ ਨੂੰ, ਨਾ ਉਸ ਦੇ ਘਰ-ਬਾਰ ਨੂੰ, ਨਾ ਦਰਸ਼ਨ ਨੂੰ ਜਾਣਿਆ (ਅਤੇ) ਨਾ ਹੀ ਪਤੀ ਦਾ ਸੁਭਾਵ (ਉਸ ਨੂੰ) ਚੰਗਾ ਲੱਗਾ। (ਉਹ) ਸਤਿਗੁਰੂ ਨੂੰ ਪੁੱਛ ਕੇ (ਪਰਮੇਸ਼ਰ ਦੇ) ਮਾਰਗ 'ਤੇ ਨਹੀਂ ਟੁਰੀ, ਸੁੱਤਿਆਂ ਹੀ (ਭਾਵ ਅਗਿਆਨਤਾ ਵਿਚ ਹੀ ਅਤੇ ਮਾੜੇ ਕਰਮ ਕਰਦਿਆਂ ਹੀ ਉਸ ਦੀ ਉਮਰ ਰੂਪੀ) ਰਾਤ ਲੰਘ ਗਈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਇਹ ਜੀਵ-ਇਸਤਰੀ ਬਾਲਪਣ (ਭਾਵ ਛੋਟੀ ਉਮਰ) ਵਿਚ ਰੰਡੀ ਹੋ ਗਈ (ਅਤੇ) ਪਤੀ ਪਰਮੇਸ਼ਰ ਤੋਂ ਬਿਨਾਂ ਮੁਰਝਾ ਗਈ।੧।

ਹੇ ਭਾਈ ! ਇਸ ਤਰ੍ਹਾਂ ਬੇਨਤੀ ਕਰ ਕਿ ਹੇ (ਸਤਿਕਾਰ ਯੋਗ) ਬਾਬਾ=ਪੂਜਨੀਕ ਗੁਰਦੇਵ ! ਮੈਨੂੰ ਹਰੀ ਰੂਪ ਖਸਮ ਮਿਲਾ ਦਿਉ (ਕਿਉਂਕਿ) ਮੈਨੂੰ ਉਹ ਬਲਹਾਰ ਜਾਣੇ ਯੋਗ ਰਾਮ ਹਰੀ ਰੂਪ ਪਤੀ ਚੰਗਾ ਲੱਗਦਾ ਹੈ। (ਜਿਸ ਦੀ ਹੁਕਮ ਰੂਪੀ) ਬਾਣੀ ਤਿੰਨਾਂ ਭਵਨਾਂ ਵਿਚ (ਭਾਵ ਹਰ ਪਾਸੇ ਪਸਰ ਰਹੀ ਹੈ, ਉਹ ਬਲਹਾਰ ਜਾਣੇ ਯੋਗ ਰਾਮ ਪ੍ਰਭੂ) ਚੌਹਾਂ ਜੁਗਾਂ ਵਿਚ ਹੀ ਰਵ ਰਿਹਾ ਹੈ। ਜੋ ਤਿੰਨਾਂ ਭਵਨਾਂ ਦਾ ਮਾਲਕ (ਵਾਹਿਗੁਰੂ) ਸੁਹਾਗਵੰਤੀ-ਇਸਤਰੀ ਨੂੰ ਆਪਣੀ ਅਭੇਦਤਾ ਦਾ ਅਨੰਦ ਬਖ਼ਸ਼ਦਾ ਹੈ (ਅਤੇ ਜੋ) ਔਗੁਣਾਂ ਵਾਲੀ ਇਸਤ੍ਰੀ ਹੈ (ਉਹ ਪਤੀ ਤੋਂ) ਦੂਰ (ਰਹਿੰਦੀ ਹੈ)। (ਜੀਵ-ਇਸਤਰੀ) ਜਿਹੋ ਜਿਹੀ ਆਸ਼ਾ ਕਰਦੀ ਹੈ, (ਉਸ ਦੀ) ਉਹੋ ਜਿਹੀ ਖ਼ਾਹਿਸ਼ ਪਤੀ ਪ੍ਰਮੇਸ਼ਰ (ਵਾਹਿਗੁਰੂ ਜੀ) ਪੂਰੀ ਕਰਦਾ ਹੈ, (ਉਹ) ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ।

ਜਿਹੜੀ ਜੀਵ-ਰੂਪ ਇਸਤਰੀ ਪ੍ਰਭੂ ਪਤੀ ਦੀ ਬਣੀ ਰਹਿੰਦੀ ਹੈ, ਉਹ ਸਦਾ ਸੁਹਾਗਵੰਤੀ ਭਾਵ ਸੁਹਾਗਣ ਹੈ, ਨਾ ਉਹ ਕਦੇ ਰੰਡੀ ਹੁੰਦੀ ਹੈ, ਨਾ (ਉਸ ਦਾ) ਵੇਸ ਮੈਲਾ ਹੁੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਨੂੰ ਸੱਚਾ ਪਤੀ ਪਿਆਰਾ (ਵਾਹਿਗੁਰੂ) ਚੰਗਾ ਲੱਗਦਾ ਹੈ, (ਜੋ ਹਰੇਕ ਜੁਗ ਸਮੇਂ) ਵਿਚ ਇਕੋ ਵੇਸ (ਭਾਵ ਇਕ) ਸਮਾਨ ਹੁੰਦਾ ਹੈ।੨।

ਹੇ ਪੂਜਨੀਕ ਗੁਰੂ ਬਾਬਾ ਜੀ ! ਕਿਰਪਾ ਕਰ ਕੇ ਪ੍ਰਭੂ ਮਿਲਾਪ (ਵਿਆਹ ਦਾ) ਮਹੂਰਤ ਕਢਾਓ, (ਸੁੰਦਰ) ਅਵਸਰ ਬਣਾਓ (ਜਿਸ ਕਰ ਕੇ) ਮੈਂ ਵੀ ਸਹੁਰੇ ਘਰ (ਭਾਵ ਬਲਹਾਰ ਜਾਣੇ ਯੋਗ ਰਾਮ ਪਤੀ ਪਰਮੇਸ਼ਰ ਪਾਸ) ਜਾਵਾਂ। (ਅੱਗੋਂ ਉੱਤਰ ਮਿਲਦਾ ਹੈ ਕਿ) ਜੋ (ਰਜ਼ਾ ਦੇ) ਮਾਲਕ ਦਾ ਹੁਕਮ ਹੈ, (ਉਹੋ ਹੀ ਸਹੀ ਅਰਥਾਂ ਵਿਚ) ਸਾਹਾ (ਮਹੂਰਤ) ਹੈ। ਜੋ ਬਲਹਾਰ ਜਾਣੇ ਯੋਗ ਰਾਮ ਪ੍ਰਭੂ ਕਰਦਾ ਹੈ, ਉਸ ਦਾ ਹੁਕਮ ਨਹੀਂ ਟਲ ਸਕਦਾ (ਭਾਵ ਅੱਗੇ ਪਿੱਛੇ ਨਹੀਂ ਹੋ ਸਕਦਾ)।

ਹੇ ਭਾਈ ! (ਜੀਵ ਦੇ ਪਿਛਲੇ) ਕੀਤੇ ਕਰਮਾਂ ਅਨੁਸਾਰ ਕਰਤਾਰ ਨੇ (ਜੋ ਲੇਖ ਲਿਖ) ਕੇ ਪਾਇਆ ਹੈ (ਉਸ ਨੂੰ) ਕੋਈ (ਮਨੁੱਖ) ਮੇਟ ਨਹੀਂ ਸਕਦਾ। (ਜੋ ਪ੍ਰਭੂ) ਤਿੰਨਾਂ ਲੋਕਾਂ ਵਿਚ ਵਿਆਪਕ ਹੋ ਰਿਹਾ ਹੈ (ਅਤੇ ਸਾਰੇ) ਮਨੁੱਖਾਂ ਤੋਂ ਸੁਤੰਤਰ ਹੈ, (ਉਸ ਦਾ) ਨਾਉਂ (ਜਪਣ ਵਾਲੇ) ਸੰਤ ਜਨ ਜਾਂਞੀ (ਬਰਾਤੀ) ਹਨ।

ਜਦੋਂ ਬਾਲੀ (ਜੀਵ-ਇਸਤਰੀ) ਦਾ ਬਾਲੈ (ਵਾਹਿਗੁਰੂ ਪਤੀ) ਨਾਲ ਪ੍ਰੇਮ (ਪੈ ਗਿਆ ਤਾਂ) ਮਾਇਆ ਦਾ (ਜੀਵ-ਇਸਤਰੀ ਨਾਲੋਂ) ਵਿਛੋੜਾ ਹੋ ਗਿਆ (ਅਤੇ ਮਾਇਆ) ਨਿਰਾਸ ਹੋ ਕੇ ਰੋਣ ਲੱਗ ਪਈ। ਨਾਨਕ

(ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੋ ਜੀਵ-ਇਸਤਰੀ ਗੁਰੂ ਦੇ ਸੱਚੇ ਸ਼ਬਦ ਦੁਆਰਾ ਸੁਖਾਂ ਦੇ ਮਹਿਲ ਵਿਚ ਵਸਦੀ ਹੈ, ਗੁਰੂ ਦੀ ਚਰਨੀਂ ਲੱਗ ਕੇ ਪ੍ਰਭੂ ਨੂੰ ਸਿਮਰਦੀ ਹੈ। (ਇਸ ਤਰ੍ਹਾਂ ਵਿਆਹ ਰੂਪ ਪ੍ਰਭੂ ਪਤੀ ਦੀ ਅਭੇਦਤਾ ਦਾ ਅਨੰਦ ਮਾਣਦੀ ਹੈ)।੩।

ਹੇ ਭਾਈ ! ਬਲਹਾਰ ਜਾਣੇ ਯੋਗ ਰਾਮ ਪ੍ਰਮੇਸ਼ਰ ਸਰੂਪ ਗੁਰੂ ਰੂਪੀ ਬਾਬਲ ਨੇ (ਮਾਇਆ ਦੇ ਦੇਸ਼ ਤੋਂ) ਦੂਰ (ਸਹੁਰੇ ਘਰ ਭਾਵ ਪਰਲੋਕ) ਘਲ ਦਿੱਤੀ ਹੈ, ਇਸ ਲਈ ਮੁੜ ਕੇ ਪੇਕੇ ਘਰ (ਭਾਵ ਇਸ ਲੋਕ ਵਿਚ ਅਥਵਾ) ਜੰਮਣ-ਮਰਣ ਵਿਚ ਨਹੀਂ ਆਉਂਦੀ। ਹਰੀ ਪਤੀ ਨੂੰ (ਆਪਣੇ) ਪਾਸ (ਬੈਠਾ) ਵੇਖ ਕੇ ਖ਼ੁਸ਼ ਹੁੰਦੀ ਹੈ, (ਕਿਉਂਕਿ ਬਲਹਾਰ ਜਾਣੇ ਯੋਗ ਰਾਮ ਪ੍ਰਮੇਸ਼ਰ ਸਰੂਪ ਪ੍ਰਭੂ ਪਤੀ ਨੇ ਉਸ ਨੂੰ) ਮਾਣਿਆ ਹੈ (ਜਿਸ ਕਰ ਕੇ ਉਹ) ਘਰ ਵਿਚ ਸੋਹਣੀ ਲੱਗਦੀ ਹੈ। ਸੱਚੇ ਪ੍ਰੀਤਮ ਨੂੰ ਉਸ ਦੀ ਲੋੜ ਸੀ (ਤਾਂ ਹੀ ਉਸ ਪ੍ਰਭੂ) ਪ੍ਰੀਤਮ ਨੇ (ਉਸ ਨੂੰ ਆਪਣੇ ਨਾਲ) ਮੇਲ ਲਿਆ, ਉਸ ਦੀ ਮਤਿ ਪੂਰੀ ਹੋ ਗਈ, ਉਹ ਮੰਨੀ-ਪ੍ਰਮੰਨੀ (ਹੋ ਗਈ)। ਚੰਗੇ ਭਾਗਾਂ ਕਰ ਕੇ ਉਸ ਦਾ ਮੇਲ ਹੋ ਗਿਆ ਹੈ, ਸੁਖਦਾਈ ਥਾਂ 'ਤੇ ਉਸ (ਇਸਤਰੀ) ਦਾ ਵਾਸਾ ਹੋ ਗਿਆ ਹੈ (ਅਤੇ ਉਹ) ਗੁਰੂ ਦੇ ਗਿਆਨ ਵਾਲੀ ਗੁਣਵੰਤੀ ਬਣ ਗਈ।

ਸਤਿ ਸੰਤੋਖ ਤੇ ਸੱਚ (ਉਸ ਦੇ) ਹਿਰਦੇ ਰੂਪੀ ਪੱਲੇ ਵਿਚ ਹੈ, (ਉਹ ਸਦਾ) ਸੱਚ ਬੋਲਦੀ ਹੈ ਤੇ ਪਤੀ ਨੂੰ ਚੰਗੀ ਲੱਗਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਫਿਰ ਉਹ ਜੀਵ-ਇਸਤ੍ਰੀ) ਵਿਛੜ ਕੇ ਦੁੱਖ ਨਹੀਂ ਪਾਉਂਦੀ ਅਤੇ ਗੁਰੂ ਦੀ ਸਿੱਖਿਆ ਦੁਆਰਾ ਹਰੀ ਦੇ ਅੰਕਿ=ਸਰੂਪ ਗੋਦ ਵਿਚ ਸਮਾਅ ਜਾਂਦੀ ਹੈ।੪।੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਕ ਨੰਬਰ 147 (ਆਦਿ ਅੰਗ 765)

ੴ ਸਤਿਗੁਰ ਪ੍ਰਸਾਦਿ ॥

ਰਾਗੁ ਸੂਹੀ ਛੰਤ ਮਹਲਾ ੧ ਘਰੁ 4 ॥

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥ ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ੧ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥ ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ 2 ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ 3 ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥ ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ 4 ॥ ੧ ॥ 4 ॥

## ਪ੍ਰਾਕ੍ਥਨ :

ਪਹਿਲੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਸੂਹੀ ਰਾਗੁ ਅੰਦਰ, ਛੰਦ ਦੀ ਚਾਲ ਵਿਚ ਅਤੇ ਚੌਥੇ ਘਰੁ ਸੁਰ ਤਾਲ ਵਿਚ ਉਚਾਰਨ ਕੀਤਾ ਹੈ। ਹਜ਼ੂਰ ਨੇ ਆਰੰਭ ਵਿਚ ਵਸਤੂ ਨਿਰਦੇਸ਼ ਮੰਗਲ ਕੀਤਾ ਹੈ ੧=ਇਕ ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ ਤੇ ਉਚਾਰਨੇ ਮਾਤਰ ਨਾਲ ਰੱਖਿਆ ਕਰਨ ਵਾਲਾ ਹੈ। ਸਤਿ=ਤਿੰਨ ਕਾਲ ਨਾਸ ਰਹਿਤ, ਗੁਰ ਪ੍ਰਸਾਦਿ=ਗੁਰੂ ਕਿਰਪਾ ਨਾਲ ਸਤਿ ਚਿਤ ਅਨੰਦ ਸਰੂਪ ਦੀ ਪ੍ਰਾਪਤੀ ਹੁੰਦੀ ਹੈ।

## ਵਿਸ਼ਾ — ਕਰਤਾ ਪੁਰਖ ਤੇ ਕਿਰਤ ਕਰਨੀ

'ਜਿਨਿ ਕੀਆ' ਤੋਂ ਭਾਵ ਹੈ ਜਿਸ ਪ੍ਰਮੇਸ਼ਰ ਨੇ ਸੰਸਾਰ ਪੈਦਾ ਕੀਤਾ ਹੈ। ਸੰਸਾਰ ਦੇ ਪੈਦਾ ਕਰਨ ਵਾਲਾ ਹੋਣ ਕਰ ਕੇ ਉਸ ਪ੍ਰਮੇਸ਼ਰ ਨੂੰ 'ਕਰਤਾ' ਕਿਹਾ ਹੈ, ਕਿਉਂਕਿ ਉਹ ਸਾਰੇ ਸੰਸਾਰ ਦਾ ਕਰਤਾ ਹੈ। ਇਕੱਲਾ ਕਰਤਾ ਹੀ ਨਹੀਂ ਹੈ, 'ਕਰਤਾ ਪੁਰਖ' ਵੀ ਹੈ। ਉਸ ਕਰਤੇ ਨੂੰ ਪੁਰਖ ਇਸ ਕਰਕੇ ਕਿਹਾ ਹੈ ਕਿ ਉਹ ਸਾਰਿਆਂ ਵਿਚ ਪੂਰਨ ਹੈ। ਵੱਖ-ਵੱਖ ਸੰਸਾਰਿਕ ਵਸਤੂਆਂ ਦੇ ਕਰਤੇ ਸੰਸਾਰ ਅੰਦਰ ਮੰਨੇ ਹਨ, ਪਰ ਕੀਤੀ ਵਸਤੂ ਨੂੰ ਵੇਖ ਕੇ ਕਰਤੇ ਦਾ ਪਤਾ ਚਲਦਾ ਹੈ, ਜਿਸ ਤਰ੍ਹਾਂ ਤਸਵੀਰ ਨੂੰ ਵੇਖ ਕੇ ਮੁਸੱਵਰ ਯਾਦ ਆਉਂਦਾ ਹੈ। ਬਣੇ ਹੋਏ ਘੜਿਆਂ 'ਤੇ ਦ੍ਰਿਸ਼ਟੀ ਪੈਂਦੇ ਸਾਰ ਹੀ ਇਹ ਪਤਾ ਚਲਦਾ ਹੈ ਕਿ ਕੋਈ ਘੜਨਹਾਰ ਘੁਮਿਆਰ ਜ਼ਰੂਰ ਹੈ। ਸੁੰਦਰ ਮਨਮੋਹਣੇ ਸੰਗੇਮਰਮਰ ਦੇ ਬੁੱਤ ਨੂੰ ਵੇਖ ਕੇ ਸੰਗਤਰਾਸ਼ ਦੀ ਛਬੀ ਸਾਹਮਣੇ ਆ ਜਾਂਦੀ ਹੈ। ਸੰਸਾਰ ਦੀ ਹਰ ਕ੍ਰਿਤ ਕਿਸੇ ਕਰਤੇ ਦੇ ਆਸਰੇ 'ਤੇ ਖੜੀ ਹੈ, ਪਰ ਕ੍ਰਿਤ ਤੋਂ ਹੀ ਪਤਾ ਚਲਦਾ ਹੈ ਕਿ ਕਰਤੇ ਦੀ ਸ਼ਖ਼ਸੀਅਤ ਕੀ ਹੈ। ਸਮੂੰਹ ਜਗਤ ਇਕ ਕ੍ਰਿਤ ਹੈ ਅਤੇ ਇਹ ਕ੍ਰਿਤ ਕਿਸੇ ਮਹਾਨ ਕਰਤੇ ਤੋਂ ਨਿਕਲੀ ਹੈ। ਕਰਤੇ ਦੀ ਮਹਾਨਤਾ ਦਾ ਇਹ ਕ੍ਰਿਤ ਪ੍ਰਤੱਖ ਸਬੂਤ ਹੈ। ਕ੍ਰਿਤ ਦੀ ਦੁਨੀਆਂ ਵਿਚ ਇਹ ਇਕ ਅਜੀਬ ਨਿਯਮ ਕੰਮ ਕਰ ਰਿਹਾ ਹੈ ਕਿ ਕ੍ਰਿਤ ਹਮੇਸ਼ਾ ਕਰਤੇ ਨਾਲੋਂ ਵੱਖ ਹੋ ਜਾਂਦੀ ਹੈ। ਕ੍ਰਿਤ ਇਕ ਥਾਂ 'ਤੇ ਪਈ ਹੁੰਦੀ ਹੈ ਤੇ ਕਰਤਾ ਕਿਸੇ ਦੂਸਰੀ ਥਾਂ। ਮੁਸੱਵਰ ਆਪਣੇ ਘਰ ਬੈਠਾ ਹੁੰਦਾ ਹੈ ਤੇ ਤਸਵੀਰ ਕਿਸੇ ਹੋਰ ਦੇ ਘਰ ਹੁੰਦੀ ਹੈ। ਬੁੱਤ ਕਿਸੇ ਚੌਕ ਜਾਂ ਮੰਦਰ ਦੀ ਸ਼ੋਭਾ ਬਣਿਆ ਹੋਇਆ ਹੈ ਤੇ ਬੁੱਤ-ਘਾੜਾ ਆਪਣੇ ਘਰ ਵਿਚ ਮਸਤ ਹੈ। ਕ੍ਰਿਤ ਤੋਂ ਕਰਤੇ ਦਾ ਪਤਾ ਤਾਂ ਜ਼ਰੂਰ ਚਲਦਾ ਹੈ, ਪਰ ਕ੍ਰਿਤ ਤੇ ਕਰਤੇ ਦੀ ਦੂਰੀ ਬਹੁਤ ਹੁੰਦੀ ਹੈ। ਜਿਸ ਨੇ ਸੰਸਾਰ ਨੂੰ ਬਣਾਇਆ ਹੈ, ਉਹ ਸਿਰਫ਼ ਕਰਤਾ ਨਹੀਂ ਬਲਕਿ ਕਰਤਾ ਪੁਰਖ ਹੈ ਭਾਵ ਆਪਣੀ ਕ੍ਰਿਤ ਵਿਚ ਪੂਰਿਆ ਹੋਇਆ ਹੈ, ਬੈਠਿਆ ਹੋਇਆ ਹੈ। ਸੂਰਜ ਦੀਆਂ ਕਿਰਨਾਂ ਵਿਚ ਉਸ ਦਾ ਨੂਰ, ਚੰਦ੍ਰਮਾ ਦੀਆਂ ਕਿਰਨਾਂ ਵਿਚ ਉਸ ਦਾ ਅੰਮ੍ਰਿਤ, ਸਾਗਰ ਦੀਆਂ ਲਹਿਰਾਂ ਵਿਚ ਉਛਾਲ, ਬਨਸਪਤੀ ਤੇ ਫੁੱਲਾਂ ਵਿਚ ਮਹਿਕ ਤੇ ਪੰਛੀਆਂ ਦੀ ਚਹਿਚਹਾਟ ਵਿਚ ਉਸ ਦਾ ਸੰਗੀਤ, ਗਰਜਨਾ ਸ਼ੇਰ ਦੀ, ਨ੍ਰਿਤ ਮੋਰ ਦਾ, ਗੁੰਜਾਰ ਭੌਰੇ ਦੀ ਤੇ ਗੌਰਵਤਾ ਹਿਮਾਲਿਆ ਦੀ, ਮਾਸੂਮੀਅਤ ਹਿਰਨ ਦੀ, ਉਡਾਰੀ ਹੁਮਾ ਦੀ, ਚਮਕ ਵਿਚ ਹੀਰਾ ਤੇ ਦਮਕ ਕੰਚਨ ਦੀ, ਗ਼ਰਜ਼ ਕਿ ਕਿਥੇ ਤੱਕ ਵਰਣਨ ਕੀਤਾ ਜਾਏ, ਉਹ ਕਰਤਾ ਹਰ ਕ੍ਰਿਤ ਵਿਚ ਕਿਸੇ

ਨਵੇਂ ਰੂਪ ਵਿਚ ਬੈਠਾ ਹੋਇਆ ਹੈ। ਕ੍ਰਿਤ ਇਤਨੀ ਮਹਾਨ ਸੁੰਦਰ ਤੇ ਆਪਣੇ ਵਿਚ ਇਕ ਐਸੀ ਖਿੱਚ ਰੱਖਦੀ ਹੈ ਕਿ ਮਨੁੱਖ ਆਪਣੀ ਸੁਰਤ ਨੂੰ ਕਰਤੇ ਤੱਕ ਪਹੁੰਚਾਉਣ ਵਿਚ ਅਕਸਰ ਅਸਮਰਥ ਹੋ ਜਾਂਦਾ ਹੈ। *ਯਥਾ :*

**ਚਚਾ ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥**
**ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥**

(ਬਾਵਨ ਅਖਰੀ, ਸ੍ਰੀ ਕਬੀਰ ਜੀ, ਪੰਨਾ 340)

ਸਾਰਾ ਸੰਸਾਰ ਤੇ ਉਸ ਵਿਚ ਬੈਠੇ ਹੋਏ ਅਸੀਂ ਕਿਸੇ ਮਹਾਨ ਘਾੜੇ ਦੀ ਘੜਤ ਹਾਂ। ਆਪਣੇ ਗਹਿਰਾਈ ਵਿਚ ਕੀਤੇ ਹੋਏ ਦਰਸ਼ਨ ਹੀ ਘਾੜੇ ਦੇ ਦਰਸ਼ਨ ਹਨ :

**ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥**
**ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥** (ਅੰਗ ੧369)

ਉਰਦੂ ਦੇ ਪ੍ਰਸਿੱਧ ਸ਼ਾਇਰ ਇਕਬਾਲ ਨੇ ਵੀ ਗੁਰਬਾਣੀ ਦੇ ਇਨ੍ਹਾਂ ਖ਼ਿਆਲਾਂ ਨਾਲ ਇਕ ਸੁੰਦਰ ਨਜ਼ਮ ਰਾਹੀਂ ਅਕੀਦਤ ਪ੍ਰਗਟਾਈ ਹੈ :

**ਕਹਾ ਤਸਵੀਰ ਨੇ ਤਸਵੀਰ ਗਰ ਸੇ। ਨੁਮਾਇਸ਼ ਹੈ ਮੇਰੀ ਤੇਰੇ ਹੁਨਰ ਸੇ।**
**ਲੇਕਿਨ *ਯੇ* ਕੈਸੀ ਨਾ ਮੁਨਸਫੀ ਹੈ, ਕਿ ਤੂ ਪੋਸ਼ੀਦਾ ਹੈ ਮੇਰੀ ਨਜ਼ਰ ਸੇ।**
**ਕਹਾ ਤਸਵੀਰ ਸੇ ਤਸਵੀਰ ਗਰ ਨੇ, ਤੂ ਹੋ ਨਾ ਨਾਉਮੀਦ ਅਪਨੇ ਨਕਸ਼ ਗਰ ਸੇ।**
**ਮੇਰੇ ਦੀਦਾਰ ਕੀ ਬਸ *ਯਹੀ* ਹੈ ਸ਼ਰਤ, ਕਿ ਤੂ ਪਿਨਹਾਂ ਨਾ ਹੋ ਅਪਨੀ ਨਜ਼ਰ ਸੇ।**

ਅਸੀਂ ਖ਼ੁਦ ਵੀ ਕਿਸੇ ਮਹਾਨ ਕਰਤੇ ਦੀ ਮਹਾਨ ਕ੍ਰਿਤ ਹਾਂ। ਜੇ ਸਾਨੂੰ ਆਪਣੀ ਮਹਾਨਤਾ ਦਿੱਸ ਪਏ ਤਾਂ ਕਰਤੇ ਦੀ ਮਹਾਨਤਾ ਆਪੇ ਹੀ ਪ੍ਰਗਟ ਹੋ ਜਾਂਦੀ ਹੈ। ਕਰਤੇ ਦੇ ਸਹੀ ਦਰਸ਼ਨ ਕ੍ਰਿਤ ਤੋਂ ਬਿਨਾਂ ਹੋਣੇ ਮੁਸ਼ਕਲ ਹਨ। ਸਾਹਿਬ ਗੁਰੂ ਨਾਨਕ ਦੇਵ ਜੀ ਕੁਦਰਤ ਵਿਚ ਕਾਦਰ ਦੇ ਦਰਸ਼ਨ ਕਰਦੇ ਹਨ :

**ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥** (ਅੰਗ 435)

**ਅਥਵਾ *:* ਕਰਤੇ ਕੁਦਰਤੀ ਮੁਸਤਾਕੁ** (ਅੰਗ 724)

ਜਦ ਵੀ ਕਿਸੇ ਕ੍ਰਿਤ ਨੂੰ ਘੜੀਏ ਜਾਂ ਬਣਾਈਏ ਤਾਂ ਉਸ ਵਿਚ ਬਾਕਾਇਦਾ ਇਕ ਨਿਯਮਾਵਲੀ (ਵਿਧੀ) ਨੂੰ ਅਪਨਾਉਣਾ ਪੈਂਦਾ ਹੈ। ਜਗਤ ਦਾ ਸਾਰਾ ਜੀਵਨ ਕਿਸੇ ਤਰਤੀਬ ਵਿਧਾਂਤ 'ਤੇ ਖੜਾ ਹੈ।

**ਯਥਾ : ਪੁਤਰੀ ਤੇਰੀ ਬਿਧਿ ਕਰ ਥਾਟੀ ॥** (ਅੰਗ 374)

ਸਰੀਰ ਦਾ ਇਹ ਪੁਤਲਾ ਕਿਸੇ ਵਿਧੀ ਦੇ ਮੁਤਾਬਿਕ ਬਣਿਆ ਹੈ। ਜੇਕਰ ਵਿਧੀ ਵਿਧਾਨ ਤੇ ਵਿਧਾਨ ਦੇ ਬਣਾਉਣ ਵਾਲਾ ਨਾ ਹੋਵੇ ਤਾਂ ਸਿਰ ਥਲੇ ਹੋ ਸਕਦਾ ਹੈ, ਲੱਤਾਂ ਉਪਰ ਲੱਗ ਸਕਦੀਆਂ ਹਨ। ਦੰਦ ਸ਼ਾਇਦ ਸਿਰ 'ਤੇ ਹੋਵਣ ਤੇ ਜ਼ਬਾਨ ਸ਼ਾਇਦ ਨਸਾਂ ਵਿਚ ਹੋਵੇ। ਹਰ ਅੰਗ ਦਾ ਤਰਤੀਬ ਅਨੁਸਾਰ ਆਪਣੀ ਆਪਣੀ ਥਾਂ 'ਤੇ ਹੋਣਾ ਤੇ ਕੰਮ ਕਰਨਾ ਤਰਤੀਬ ਦੇਣ ਵਾਲੇ ਦੇ ਰੂਪ ਨੂੰ ਪ੍ਰਗਟ ਕਰਦਾ ਹੈ। ਇਕ ਸ਼ਾਇਰ

ਦਾ ਕਹਿਣਾ ਹੈ :

**ਜ਼ਿੰਦਗੀ ਕਿਆ ਹੈ ਤਰਤੀਬ ਅਨਾਸਰ ਕਾ ਜ਼ਹੂਰ।**
**ਮੌਤ ਕਿਆ ਹੈ ਇਨਹੀਂ ਅਜਜ਼ਾਂ ਕਾ ਪਰੇਸ਼ਾਂ ਹੋਨਾ।**

(ਗੁਰੂ-ਚਿੰਤਨ ਪੁਸਤਕ ਵਿਚੋਂ ਧੰਨਵਾਦ ਸਾਹਿਤ)

**ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥** (ਅੰਗ 765)

ਜਿਸ ਨੇ ਪੈਦਾ ਕੀਤਾ ਹੈ, ਉਸ ਪ੍ਰਮੇਸ਼ਰ ਨੇ ਇਸ ਦੀ ਸੰਭਾਲ ਕੀਤੀ ਹੈ। ਸੰਸਾਰੀ ਜੀਵਾਂ ਨੂੰ ਵੱਖ-ਵੱਖ ਧੰਧਿਆਂ ਭਾਵ ਕੰਮਾਂ ਕਾਜਾਂ ਵਿਚ ਲਗਾਇਆ ਹੈ। ਪਰ ਕਰਤੇ ਨੇ ਗੁਰੂ ਰੂਪ ਹੋ ਕੇ ਸਾਨੂੰ ਸੱਚੀ ਕਿਰਤ ਕਰਨੀ ਦੱਸੀ ਹੈ। ਕਿਰਤ ਕੀ ਹੈ ?

'ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ' ਗੁਰਮਤਿ ਦੇ ਮੁੱਢਲੇ ਤਿੰਨ ਪ੍ਰਮੁੱਖ ਸਿਧਾਂਤ ਹਨ। ਇਸ ਪ੍ਰਕਾਰ ਨਿਸ਼ਚੇ ਹੀ ਕਿਰਤ ਨੂੰ ਗੁਰਮਤਿ ਵਿਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਕਿਰਤ ਜਾਂ ਸੁਕ੍ਰਿਤ ਤੋਂ ਭਾਵ ਹੈ ਉਪਜੀਵਕਾ ਲਈ ਨੇਕ ਕਮਾਈ ਕਰਨੀ, ਜਿਸ ਨੂੰ ਆਮ ਤੌਰ 'ਤੇ ਧਰਮ ਦੀ ਕਮਾਈ ਜਾਂ ਦਸਾਂ ਨਹੁੰਆਂ ਦੀ ਕਮਾਈ ਵੀ ਕਿਹਾ ਜਾਂਦਾ ਹੈ ਤੇ ਫੇਰ ਇਸ ਕੀਤੀ ਹੋਈ ਕਮਾਈ ਨਾਲ ਆਪਣਾ ਤੇ ਆਪਣੇ ਪਰਿਵਾਰ ਦਾ ਨਿਰਬਾਹ ਕਰਨਾ। ਕਿਸੇ ਦਾ ਹੱਕ ਮਾਰ ਕੇ, ਜ਼ੋਰ ਜਬਰ ਆਦਿ ਦੁਆਰਾ ਕੀਤੀ ਕਮਾਈ ਕਦੀ ਕਿਰਤ ਦੀ ਕਮਾਈ ਨਹੀਂ ਹੋ ਸਕਦੀ। ਕਿਰਤ ਕਰਨ ਵਾਲੇ ਵਿਅਕਤੀ ਦੇ ਮਨ ਵਿਚ ਸਦਾ ਸ਼ਾਂਤੀ, ਖ਼ੁਸ਼ੀ ਤੇ ਖੇੜਾ ਬਣਿਆ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਭਾਵੇਂ ਪਟਵਾਰੀ ਸਨ, ਫੇਰ ਵੀ ਗੁਰੂ ਜੀ ਨੇ ਦੇਸ਼ ਦੇਸ਼ਾਂਤਰਾਂ ਦਾ ਰਟਨ ਕਰਨ ਤੋਂ ਬਾਅਦ ਆਪਣੇ ਅੰਤਲੇ ਸਾਲਾਂ ਵਿਚ ਹੱਥੀਂ ਵਾਹੀ ਕੀਤੀ, ਹਲ ਵਾਹਿਆ ਅਤੇ ਇਸ ਤੋਂ ਜੋ ਉਪਜੀਵਕਾ ਮਿਲਦੀ, ਉਸ ਨੂੰ ਲੰਗਰ ਵਿਚ ਵਰਤਾ ਦਿੰਦੇ, ਲੋੜਵੰਦਾਂ ਵਿਚ ਵੰਡ ਦਿੰਦੇ। ਆਪ ਜੀ ਦਾ ਆਸ਼ਾ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥**

(ਸਲੋਕ ਮ: ੧, ਰਾਗੁ ਸਾਰਗ ਕੀ ਵਾਰ ਮ: 4, ਅੰਗ ੧245)

ਭਾਵ ਜਿਹੜੇ ਮਨੁੱਖ ਧਰਮ ਜਾਂ ਕਿਰਤ ਕਮਾਈ ਕਰਦੇ ਹਨ ਅਤੇ ਫਿਰ ਉਸ ਦਸਾਂ ਨਹੁੰਆਂ ਦੀ ਕੀਤੀ ਹੋਈ ਕਮਾਈ ਵਿਚੋਂ ਲੋੜਵੰਦਾਂ ਨੂੰ ਦਿੰਦੇ ਹਨ, ਅਜਿਹੇ ਪ੍ਰਾਣੀ ਹੀ ਜੀਵਨ ਦੇ ਅਸਲੀ ਮਾਰਗ ਨੂੰ ਪਛਾਣਦੇ ਹਨ। ਸੱਚੀ ਜਾਂ ਸੁੱਚੀ ਕਮਾਈ ਹੀ ਦਰਗਾਹੇ ਕਬੂਲ ਹੁੰਦੀ ਹੈ :

**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥**

(ਆਸਾ ਦੀ ਵਾਰ ਮ: ੧, ਅੰਗ 472)

ਭਗਤ ਨਾਮਦੇਵ ਜੀ ਹੱਥੀਂ ਕਿਰਤ ਕਮਾਈ ਕਰਕੇ ਜੀਵਨ ਨਿਰਬਾਹ ਕਰਦੇ ਸਨ। ਆਪ ਜੀ ਦਾ ਨਿਸਚਾ ਸੀ ਕਿ ਕੰਮ-ਕਾਜ (ਕਿਰਤ) ਕਰਦਿਆਂ, ਮਨ ਪ੍ਰਭੂ ਦੀ ਭਗਤੀ ਵਿਚ ਲੀਨ ਰਹਿ ਸਕਦਾ ਹੈ—

ਹੱਥ ਕਾਰ ਵੱਲ ਚਿੱਤ ਕਰਤਾਰ ਵੱਲ :

ਆਪ ਜੀ ਦੇ ਇਸ ਸਿਧਾਂਤ ਦਾ ਪਤਾ ਇਹ ਦੋ ਸਲੋਕ ਪੜ੍ਹਨ ਤੋਂ ਲੱਗਦਾ ਹੈ :

**ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥**
**ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥ ੨੧੨॥**
**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩॥**

(ਸਲੋਕ ਭਗਤ ਕਬੀਰ ਜੀ, ਅੰਗ ੧375-76)

ਭਗਤ ਕਬੀਰ ਜੀ ਕੱਪੜਾ ਬੁਣ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਭਰਦੇ ਅਤੇ ਘਰ ਆਏ ਲੋੜਵੰਦਾਂ ਦੀਆਂ ਲੋੜਾਂ ਵੀ ਪੂਰੀਆਂ ਕਰਦੇ ਸਨ।

ਇਸੇ ਤਰ੍ਹਾਂ ਰਵਿਦਾਸ ਜੀ ਜੁੱਤੀਆਂ ਸਿਉਂ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਜੀਵਨ-ਨਿਰਬਾਹ ਕਰਦੇ ਰਹੇ ਹਨ।

ਵਿਹਲੜ ਲੋਗ, ਮਖੱਟੂ ਤੇ ਮੰਗ ਖਾਣ ਵਾਲੇ ਪਖੰਡੀ ਬਨਵਾਸੀ, ਜੋਗੀ, ਸੰਨਿਆਸੀ, ਫ਼ਕੀਰ ਆਦਿ ਸਮਾਜ ਦਾ ਕੁਝ ਵੀ ਨਹੀਂ ਸੰਵਾਰ ਸਕਦੇ। ਗੁਰੂ ਨਾਨਕ ਦੇਵ ਜੀ ਦੇ ਸਾਰਗ ਕੀ ਵਾਰ ਮ: ੪ ਵਿਚ ਬਚਨ ਹਨ :

**ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥**
**ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥**

(ਅੰਗ ੧245)

ਗੁਰੂ ਨਾਨਕ ਦੇਵ ਜੀ ਨੂੰ ਭਾਈ ਲਾਲੋ ਜੀ ਦੀ ਰੁੱਖੀ ਸੁੱਖੀ ਵਿਚੋਂ ਸਬਰ, ਸ਼ੁਕਰ ਤੇ ਸੰਤੋਖ ਨਜ਼ਰ ਆਇਆ ਸੀ। ਉਸ ਦੀ ਕੋਧਰੇ ਦੀ ਰੋਟੀ ਵਿਚ ਜੋ ਅਨੰਦ ਸੀ, ਉਹ ਮਲਕ ਭਾਗੋ ਦੇ ਮਾਲ੍ਹ ਪੂੜਿਆਂ ਵਿਚ ਨਹੀਂ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਆਪਣੇ ਹੱਥੀਂ ਮਿਹਨਤ ਕਰਦੇ ਸਨ। ਮੁੰਜ ਆਦਿ ਵੱਟ ਕੇ ਕੀਤੀ ਕਮਾਈ ਚੋਂ ਪ੍ਰਸ਼ਾਦ ਛਕਦੇ ਸਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਖੇਤੀ ਅਤੇ ਵਣਜ ਵਪਾਰ ਕੀਤਾ। ਜੇਠਾ ਜੀ (ਗੁਰੂ ਰਾਮਦਾਸ ਜੀ) ਘੁੰਗਣੀਆਂ ਵੇਚ ਕੇ ਜੀਵਨ ਨਿਰਬਾਹ ਕਰਦੇ ਰਹੇ। ਕਿਰਤ, ਸੇਵਾ ਤੇ ਨਾਮ ਸਿਮਰਨ ਦੁਆਰਾ ਗੁਰੂ ਘਰ ਵਿਚ ਪ੍ਰਵਾਨ ਹੋਏ ਅਤੇ ਉਹ ਗੁਰੂ ਰਾਮਦਾਸ ਜੀ ਬਣੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਘਾਹੀ ਵੱਲੋਂ ਆਪਣੀ ਕਿਰਤ ਕਮਾਈ ਵਿਚੋਂ ਭੇਟ ਕੀਤੀ ਕੌਡੀ ਨੂੰ ਉੱਤਮ ਭੇਟ ਸਮਝ ਕੇ ਉਸ ਨੂੰ ਗਲਵੱਕੜੀ ਵਿਚ ਲੈ ਕੇ ਕਿਹਾ ਸੀ ਕਿ ਗੁਰਮੁਖਾ, ਕਿਰਤ ਕਮਾਈ ਨਾਲ ਹੀ

ਸਿੱਖਾਂ ਵਿਚ ਮਨੋਬਲ ਤੇ ਸ਼ਕਤੀ ਆਵੇਗੀ, ਆਤਮਾ ਸ਼ੁੱਧ ਤੇ ਬਲਵਾਨ ਹੋਵੇਗੀ। ਉਹ ਕਿਸੇ ਦੇ ਅਧੀਨ ਨਹੀਂ ਰਹਿਣਗੇ, ਦਾਤੇ ਬਣਨਗੇ ਤੇ ਭੁੱਖਿਆਂ ਦੇ ਪੇਟ ਭਰਨਗੇ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਜਿਹੇ ਸਿੱਖ ਕੋਲੋਂ ਪਾਣੀ ਪੀਣਾ ਵੀ ਸਵੀਕਾਰ ਨਹੀਂ ਕੀਤਾ ਸੀ ਜਿਸ ਨੇ ਕਦੀ ਹੱਥੀਂ ਕਾਰ ਨਹੀਂ ਕੀਤੀ ਸੀ।

ਦੇਸ਼ ਦੇ ਸਮਾਜਿਕ ਢਾਂਚੇ ਨੂੰ ਵਿਕਸਤ ਤੇ ਪ੍ਰਫੁੱਲਤ ਕਰਨ ਵਿਚ ਕਿਰਤ ਦਾ ਬਹੁਤ ਵੱਡਾ ਯੋਗਦਾਨ ਹੈ। ਵਿਹਲੜਾਂ ਤੇ ਨਿਕੰਮਿਆਂ ਨਾਲ ਸਮਾਜ ਨੂੰ ਢਾਹ ਲੱਗਦੀ ਹੈ। ਆਮ ਕਹਾਵਤ ਹੈ 'ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ।'

ਗੁਰਮਤਿ ਅਨੁਸਾਰ ਕਿਰਤ ਦਾ ਇਹ ਸਿਧਾਂਤ ਪਖੰਡੀ ਸੰਤਾਂ, ਫ਼ਕੀਰਾਂ, ਸਿੱਧਾਂ, ਜੋਗੀਆਂ ਆਦਿ ਲਈ ਇਕ ਵੰਗਾਰ ਸੀ ਜੋ ਗ੍ਰਿਹਸਤੀ ਜੰਗਲਾਂ ਵਿਚ ਛੁਪ ਕੇ ਰਹਿੰਦੇ ਸਨ, ਪਰ ਸਮਾਜ ਦਾ ਕੁਝ ਵੀ ਨਹੀਂ ਸੰਵਾਰ ਸਕਦੇ ਸਨ। ਸਮਾਜ ਨੂੰ ਉਨ੍ਹਾਂ ਲਿਬਾਸਧਾਰੀ ਪਖੰਡੀਆਂ ਦਾ ਕੋਈ ਲਾਭ ਜਾਂ ਫ਼ਾਇਦਾ ਨਹੀਂ ਹੁੰਦਾ। ਇਥੋਂ ਤੱਕ ਕਿ ਪੇਟ ਦੀ ਭੁੱਖ ਮਿਟਾਉਣ ਲਈ ਉਨ੍ਹਾਂ ਨੂੰ ਗ੍ਰਹਿਸਤੀ ਕਿਰਤੀਆਂ ਦੇ ਦਰ 'ਤੇ ਆ ਕੇ ਹੀ ਫਿਰ ਮੰਗਣਾ ਪੈਂਦਾ ਹੈ :

**ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂੰ ਕੇ ਘਰਿ ਮੰਗਣਿ ਜਾਈ॥**

(ਭਾਈ ਗੁਰਦਾਸ ਜੀ, ਵਾਰ ੧, ਪਉੜੀ 40)

ਭਾਗੋ ਦੇ ਮਾਲ੍ਹ ਪੂੜਿਆਂ ਵਿਚ ਸੁਆਦ ਅਤੇ ਅਸਲ ਰਸੁ ਨਹੀਂ ਸੀ, ਕਿਉਂਕਿ ਉਹ ਹੱਕ ਹਲਾਲ ਦੀ ਕਮਾਈ ਦੇ ਬਣੇ ਹੋਏ ਨਹੀਂ ਸਨ। ਉਹ ਤਾਂ ਕਿਰਤੀਆਂ ਕਾਮਿਆਂ ਦਾ ਖ਼ੂਨ ਚੂਸ ਕੇ ਬਣਾਏ ਗਏ ਸਨ। ਦੂਜੇ ਬੰਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚ ਸੱਚ ਤੇ ਧਰਮ ਦੀ ਕੀਤੀ ਕਮਾਈ ਦਾ ਦੁੱਧ ਵਰਗਾ ਮਿੱਠਾ ਸੁਆਦ ਸੀ। ਤਾਹੀਉਂ ਤਾਂ ਭਗਤ ਫ਼ਰੀਦ ਜੀ ਕਹਿ ਰਹੇ ਹਨ :

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ 29॥** (ਅੰਗ ੧379)

ਇਸ ਤੋਂ ਉਲਟ ਜੋ ਪ੍ਰਾਣੀ ਹੇਰਾ-ਫੇਰੀ ਕਰ ਕੇ ਧਨ-ਦੌਲਤ ਇਕੱਠੀ ਕਰਦਾ ਹੈ, ਉਸ ਨੂੰ ਕੋਈ ਆਤਮਿਕ ਸੁੱਖ ਜਾਂ ਖ਼ੁਸ਼ੀ ਪ੍ਰਾਪਤ ਨਹੀਂ ਹੁੰਦੀ। ਉਹ ਤਾਂ ਸਗੋਂ ਹਰ ਵੇਲੇ ਚਿੰਤਾ, ਝੋਰਿਆਂ ਵਿਚ ਹੀ ਗ੍ਰਸਿਆ ਰਹਿੰਦਾ ਹੈ :

**ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥**

(ਰਾਗੁ ਗਉੜੀ ਮ: 5, ਅੰਗ ੧੮੮)

ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਭਾਵ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ। ਜਿੰਨੇ ਸੋਹਣੇ ਤੇ ਸੁਚੱਜੇ ਢੰਗ ਨਾਲ ਭਾਈ ਸਾਹਿਬ ਨੇ ਗੁਰਬਾਣੀ ਦੀ ਵਿਆਖਿਆ ਕੀਤੀ ਹੈ, ਇਸ ਦਾ ਹੋਰ ਕੋਈ ਸਾਨੀ ਨਹੀਂ ਹੋ ਸਕਦਾ। ਆਪ ਜੀ ਦਾ ਕਥਨ ਹੈ ਕਿ ਮਨੁੱਖਾ ਜਨਮ ਸਭ ਜੂਨਾਂ ਤੋਂ ਸਰਵੋਤਮ ਹੈ। ਇਸ ਜਨਮ ਵਿਚ ਆ ਕੇ ਜਿੱਥੇ ਪ੍ਰਾਣੀ ਨੇ ਸ਼ੁੱਭ ਕਰਮ ਕਰ ਕੇ, ਸਾਧ ਸੰਗਤ ਵਿਚ ਜਾ ਕੇ ਨਾਮ ਜਪਣਾ

ਹੈ, ਉਥੇ ਹੱਥੀਂ ਕਿਰਤ ਤੇ ਧਰਮ ਦੀ ਕਮਾਈ ਵੀ ਕਰਨੀ ਹੈ :

**ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।**
**ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ ਬੋਲਣਿ ਬਚਨ ਸਨੇਹੀ।**
**ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ॥**
**ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ॥**

(ਵਾਰ ੧, ਪਉੜੀ 3)

ਗੁਰਸਿੱਖ ਕਦੀ ਦੂਜਿਆਂ ਦਾ ਹੱਕ ਨਹੀਂ ਮਾਰਦਾ। ਕਿਸੇ ਦੇ ਧਨ ਨੂੰ ਹੱਥ ਨਹੀਂ ਲਾਉਂਦਾ। ਉਹ ਤਾਂ ਕਿਰਤ ਕਮਾਈ ਚੋਂ ਦੂਜਿਆਂ ਨੂੰ ਦੇ ਕੇ ਖ਼ੁਸ਼ ਹੁੰਦਾ ਹੈ :

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ।**
**ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ॥**

(ਵਾਰ 6, ਪਉੜੀ ੧੨)

**ਅਥਵਾ : ਕਿਰਤ ਵਿਰਤਿ ਕਰ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।**
**ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ॥**

(ਵਾਰ 40, ਪਉੜੀ ੧੧)

ਸਤਿਗੁਰੂ ਸਾਹਿਬ ਜੀ ਨੇ ਹਰ ਇਕ ਮਨੁੱਖ ਮਾਤਰ ਨੂੰ ਗੁਰਬਾਣੀ ਰਾਹੀਂ ਉਪਦੇਸ਼ ਦਿੱਤਾ ਹੈ। ਮਨੁੱਖ ਕਿਸੇ ਵੀ ਤਰ੍ਹਾਂ ਭਾਵ ਕੰਮ ਰਾਹੀਂ ਉਪਜੀਵਕਾ ਕਮਾਉਂਦਾ ਹੈ, ਉਸ ਨੂੰ ਗੁਰਮਤਿ ਅਨੁਸਾਰ "ਕਿਰਤ ਵਿਰਤ ਕਰ ਧਰਮ ਦੀ" ਇਹ ਸ਼ੁੱਭ ਸਿੱਖਿਆ ਦਿੱਤੀ ਗਈ ਹੈ। ਇਸ ਸਿਧਾਂਤ ਅਨੁਸਾਰ ਹੀ ਜੱਟ ਜ਼ਿਮੀਂਦਾਰ ਜੋ ਖੇਤੀ ਕਰਦਾ ਹੈ, ਉਸ ਨੂੰ ਗੁਰਦੇਵ ਨੇ ਇਸ ਤਰ੍ਹਾਂ ਗੁਰਬਾਣੀ ਅੰਦਰ ਖੇਤੀ ਦੇ ਅਲੰਕਾਰ ਦੁਆਰਾ ਦੋ ਸਲੋਕਾਂ ਵਿਚ ਮਨਮੁਖਿ ਤੇ ਗੁਰਮੁਖਿ ਦੀ ਵੱਖ-ਵੱਖ ਖੇਤੀ ਦਾ ਜ਼ਿਕਰ ਕਰ ਕੇ ਇਸ ਤਰ੍ਹਾਂ ਉਪਦੇਸ਼ ਦਿੱਤਾ ਹੈ :

ਸਲੋਕ ਮਹਲਾ ੧ ॥

**ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ॥**
**ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ॥**
**ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ॥**
**ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ॥ ੧॥** (ਅੰਗ 955)

(ਇਸ ਸਲੋਕ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਮਨਮੁਖ ਪੁਰਸ਼ ਦੀ ਖੇਤੀ ਦਾ ਜ਼ਿਕਰ ਕੀਤਾ ਹੈ)। ਸਾਵਣ ਰੂਪੀ ਅਤੇ ਹਾੜ ਰੂਪੀ ਦਿਨ ਜਿਸ ਤਰ੍ਹਾਂ ਤਪਦੇ ਹਨ ਤਿਵੇਂ ਮਨਮੁਖ ਪੁਰਸ਼ ਦੀ ਰਾਤ

ਕਾਮ ਭਰੀ (ਅਤੇ ਦਿਨ) ਕ੍ਰੋਧ-ਭਰਿਆ ਭਾਵ ਤਪਸ਼ ਭਰਿਆ ਹੁੰਦਾ ਹੈ। (ਇਹ ਦੋ) ਉਸ ਦੇ ਖੇਤ ਹਨ, ਇਸ ਵਿਚ ਸਾਉਣੀ ਤੇ ਹਾੜੀ ਦੀ ਫ਼ਸਲ ਪੈਦਾ ਕਰਨੀ ਹੈ, ਇਹ ਉਸ ਦੀ ਪੂੰਜੀ ਹੈ। ਲੋਭ ਰੂਪੀ ਵਤ੍ਰ ਹੈ, ਝੂਠ ਰੂਪੀ ਬੀਜ ਬੀਜਦਾ ਹੈ, ਮੋਹ ਰੂਪੀ ਹਾਲੀ, ਵਿਕਾਰ ਦੀ ਵਿਚਾਰ ਹੱਲ ਹੈ, ਵਿਕਾਰਾਂ ਦਾ ਬੋਹਲ (ਮਨਮੁਖ) ਨੇ ਬਣਾਇਆ ਹੈ, ਪਰ ਲੇਖਾ ਮੰਗਣ 'ਤੇ ਪਤਾ ਲੱਗਦਾ ਹੈ ਕਿ ਐਸਾ ਬੀਜ ਬੀਜਣ ਵਾਲਾ ਸੰਸਾਰ ਤੋਂ ਅਉਤਰਾ ਹੀ ਜਾਂਦਾ ਹੈ। ਸੰਸਾਰੀ ਲੋਗ ਐਸੀ ਖੇਤੀ (ਮਨਮੁਖਾਂ) ਵਾਲੀ ਕਰਨ ਵਿਚ ਲੱਗੇ ਹੋਏ ਸਨ। ਗੁਰਦੇਵ ਨੇ ਹੁਣ ਸਾਨੂੰ ਗੁਰਮੁਖਾਂ ਵਾਲੀ ਸੱਚੀ ਕਿਰਤ ਰੂਪੀ ਖੇਤੀ ਕਰਨੀ ਇਸ ਤਰ੍ਹਾਂ ਦੀ ਦੱਸੀ ਹੈ :

**ਮਹਲਾ ੧ ॥**

**ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ॥**
**ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ॥**
**ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ॥**
**ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ॥ *2* ॥** (ਅੰਗ *955*)

ਪ੍ਰਭੂ ਦਾ ਨਿਰਮਲ ਭੈਅ ਧਰਤੀ (ਜ਼ਮੀਨ) ਹੈ ਤੇ ਪਵਿੱਤ੍ਰਤਾ (ਸ਼ੁੱਧ ਆਚਰਨ) ਪਾਣੀ (ਨਾਲ ਸਿੰਜਣਾ ਕੀਤੀ) ਹੈ, ਸਤਿ ਸੰਤੋਖ ਦੇ ਬਲਦ ਕੀਤੇ ਹਨ। ਨਿੰਮ੍ਰਤਾ ਰੂਪੀ ਹਨ, ਚਿੱਤ ਰੂਪੀ ਹਾਲੀ ਅਤੇ ਚਿੰਤਨ ਰੂਪੀ ਵਤ੍ਰ ਹੈ, ਪ੍ਰਭੂ ਮਿਲਾਪ ਦਾ ਸਮਾਂ ਰੁੱਤ ਹੈ। ਨਾਮ ਬੀਜ ਤੇ ਹਰੀ ਦੀ ਬਖ਼ਸ਼ਿਸ਼ ਬੋਹਲ ਹੈ, ਸੰਸਾਰ ਨੂੰ ਨਾਸ਼ਵੰਤ ਜਾਣਨਾ ਤੇ ਉਸ ਦੀ ਕ੍ਰਿਪਾ ਨਾਲ ਸਭ ਵਿਛੋੜੇ ਦੂਰ ਹੁੰਦੇ ਹਨ। ਇਸੇ ਤਰ੍ਹਾਂ ਇਕ ਸ਼ਬਦ ਹੈ :

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥**
**ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ੧॥**
**ਬਾਬਾ ਮਾਇਆ ਸਾਥਿ ਨ ਹੋਇ॥**
**ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥**

(ਸੋਰਠਿ ਮ: ੧, ਅੰਗ *595*)

ਖੇਤੀ ਇਕ ਬਹੁਤ ਹੀ ਮਿਹਨਤ (ਮੁਸ਼ੱਕਤ) ਦਾ ਕੰਮ ਹੈ, ਪਰ ਦਾਨਿਆਂ (ਮਨੁੱਖਾਂ) ਨੇ ਇਸ ਖੇਤੀ ਦੇ ਕੰਮ ਨੂੰ ਸਭ ਕੰਮਾਂ ਨਾਲੋਂ ਉੱਤਮ ਦੱਸਿਆ ਹੈ। 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਕਿਹਾ ਹੈ। ਪਰ ਰਹਿਤਨਾਮਾ ਭਾਈ ਦੇਸਾ ਸਿੰਘ ਜੀ ਅਨੁਸਾਰ ਗੁਰਸਿੱਖ ਨੂੰ ਇਸ ਤਰ੍ਹਾਂ ਦੀ ਕਿਰਤ ਕਰਨ ਦੀ ਆਗਿਆ ਹੈ :

**ਖੇਤੀ ਵਣਜ ਵ ਸਿਲਪ ਬਣਾਵੈ। ਔਰ ਟਹਲ ਜੋ ਮਨ ਮੋ ਭਾਵੈ।**

# ਸਾਖੀ—ਗੁਰੂ ਨਾਨਕ ਦੇਵ ਜੀ ਨੇ ਖੇਤੀ ਕਰਨੀ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਾਂ ਨੂੰ ਧਰਮ ਦੀ ਕਿਰਤ ਕਰਨ ਦੀ ਜਾਚ ਸਿਖਲਾਉਣ ਲਈ ਆਪ ਕਰਤਾਰਪੁਰ ਸਾਹਿਬ ਜੀ ਵਿਖੇ ਖੇਤੀ ਦਾ ਕੰਮ ਕੀਤਾ ਸੀ। ਹਜ਼ੂਰ ਨੇ ਆਪ ਗੁਰਸਿੱਖਾਂ ਨੂੰ ਨਾਲ ਲਗਾ ਕੇ ਖੇਤੀ ਕੀਤੀ ਸੀ। ਹਲ ਵਾਹੁਣ ਤੇ ਬੀਜਣ ਦਾ ਕੰਮ ਅਤੇ ਖੂਹ ਤੋਂ ਪਾਣੀ ਦੇਣਾ ਫ਼ਸਲ ਨੂੰ, ਫੇਰ ਸਮੇਂ ਅਨੁਸਾਰ ਫ਼ਸਲ ਦੀ ਸੰਭਾਲ ਕਰਨੀ। ਸਤਿਗੁਰੂ ਜੀ ਆਪਣੀ ਨਿਗਰਾਨੀ ਵਿਚ ਸਾਰਾ ਕੰਮ ਆਪ ਗੁਰਸਿੱਖਾਂ ਪਾਸੋਂ ਕਰਵਾਉਂਦੇ ਸਨ। ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਜਿਸ ਸਮੇਂ ਖਡੂਰ ਸਾਹਿਬ ਤੋਂ ਚੱਲ ਕੇ, ਸਿਰ ਉੱਪਰ ਲੂਣ ਦਾ ਭਾਰ ਲੈ ਕੇ ਕਰਤਾਰਪੁਰ ਸਾਹਿਬ ਜੀ ਵਿਖੇ ਦੂਸਰੀ ਵਾਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਗਏ ਸਨ ਤਾਂ ਉਸ ਸਮੇਂ ਗੁਰੂ ਨਾਨਕ ਦੇਵ ਜੀ ਝੋਨੇ ਦੇ ਖੇਤ ਵਿਚੋਂ ਨਦੀਨ ਕਢਾ ਰਹੇ ਸਨ। ਲੂਣ ਦਾ ਭਾਰ ਮਾਤਾ ਜੀ ਪਾਸ ਰੱਖ ਕੇ ਆਪ ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਖੇਤ ਗੁਰੂ ਨਾਨਕ ਦੇਵ ਜੀ ਪਾਸ ਚੱਲੇ ਗਏ ਸਨ।

**ਸੁਣਕੈ ਬਚਨ ਲਵਣ ਕੋ ਭਾਰਾ। ਰਖਵਾਯੋ ਨਿਜ ਸਦਨ ਮਝਾਰਾ।**
**ਕਹਯੋ ਕਿਦਾਰ ਧਾਨ ਕੇ ਜਹਿਵਾ। ਕਰਵਾਵਹਿ ਕ੍ਰਿਤ ਬੈਠੇ ਤਹਿਵਾ॥ 77 ॥**

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਅਧਿ: 47)

ਖੇਤ ਪਹੁੰਚ ਕੇ ਗੁਰਦੇਵ ਦੇ ਦਰਸ਼ਨ ਕੀਤੇ ਅਤੇ ਚਰਨਾਂ 'ਤੇ ਮਸਤਕ ਟੇਕਿਆ ਤੇ ਸਾਰੇ ਗੁਰਸਿੱਖ ਝੋਨੇ ਵਿਚੋਂ ਕੱਖ ਕੱਢਦੇ ਦੇਖੇ।

ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਨੇ ਬੇਨਤੀ ਕੀਤੀ, ਜੀ ਹਜ਼ੂਰ, ਕ੍ਰਿਪਾ ਕਰ ਕੇ ਮੈਨੂੰ ਭੀ ਇਕ ਰੰਬੀ ਦਿਉ, ਤਾਂਕਿ ਮੇਰੀ ਭੀ ਦੇਹੀ ਸਫਲੀ ਹੋ ਜਾਵੇ। ਮੈਂ ਭੀ ਆਪ ਜੀ ਦੇ ਸੇਵਕਾਂ ਨਾਲ ਮਿਲ ਕੇ ਖੇਤੀ ਦਾ ਕੰਮ ਕਰਾਂ। ਇਸ ਤਰ੍ਹਾਂ ਕਹਿ ਕੇ ਰੰਬੀ ਨਾਲ ਝੋਨੇ ਵਿਚੋਂ ਨਦੀਨ ਕੱਢਣ ਲੱਗ ਪਏ ਸਨ।

**ਸਬ ਸੇਵਕ ਤਹਿ ਕ੍ਰਿਤ ਕੋ ਕਰਹੀ। ਧਾਨ ਬਿਖੈ ਤੇ ਤ੍ਰਿਣਨ ਨਿਕਰਹੀ।**
**ਤਿਨਹਿ ਬਿਲੋਕਤ ਬੋਲਯੋ ਬੈਨਾ। ਇਕ ਰੰਬੀ ਮੁਝ ਦਿਹੁ ਗੁਨਐਨਾ॥ 88 ॥**
**ਦਾਸਨ ਸਾਥ ਕਰੋਂ ਕ੍ਰਿਤ ਏਹੀ। ਸਫਲੀ ਹ੍ਵੈ ਹੈ ਸਗਰੀ ਦੇਹੀ।**
**ਅਸ ਕਹਿ ਲਾਗਯੋ ਕਰਨ ਨਿਦਾਈ। ਕਰਤ ਹੁਤੇ ਸੇਵਕ ਜਿਹ ਥਾਈ॥ 83 ॥**

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਅਧਿ: 47)

ਥੋੜ੍ਹਾ ਸਮਾਂ ਗੋਡੀ ਕੀਤੀ, ਝੋਨੇ ਵਿਚੋਂ (ਨਦੀਨ) ਕੱਢ ਦਿੱਤੇ ਤਾਂ ਗੁਰਦੇਵ ਨੇ ਗਿਲੇ-ਗਿਲੇ ਨੁਚੜਦੇ ਪਾਣੀ ਗਾਰੇ ਸਮੇਤ ਇਕ (ਬੋਝ) ਭਾਰੀ ਪੰਡ ਕੱਖਾਂ ਦੀ ਸਿਰ ਉਪਰ ਚੁਕਾ ਦਿੱਤੀ ਤੇ ਕਿਹਾ ਪੁਰਖਾ, ਪਸ਼ੂਆਂ ਮੱਝਾਂ ਆਦਿ ਵਾਸਤੇ ਧਰਮਸ਼ਾਲਾ ਲੈ ਜਾ। ਉਸ ਪੰਡ ਨੂੰ ਜਿਸ ਵੇਲੇ ਧਰਮਸ਼ਾਲਾ ਵਿਖੇ ਲਿਆ ਕੇ ਲਾਹਿਆ ਤਾਂ ਆਪ ਦੇ ਕਪੜੇ ਵੇਖ ਕੇ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਇਨ੍ਹਾਂ ਦੇ ਕਪੜੇ ਗਾਰੇ ਨਾਲ ਲਬੇੜ ਦਿੱਤੇ

ਹਨ। ਤਾਂ ਮਹਾਰਾਜ ਜੀ ਨੇ ਸਾਡੇ ਮਾਤਾ ਸੁਲੱਖਣੀ ਜੀ ਨੂੰ ਦੱਸਦਿਆਂ ਕਿਹਾ, ਇਹ ਘਾਹ ਦੀ ਪੰਡ ਨਹੀਂ ਹੈ, ਇਹ ਤਾਂ ਅਸੀਂ ਦੀਨ ਦੁਨੀਆਂ ਦਾ ਛੱਤਰ ਸਿਰ ਉੱਪਰ ਰੱਖਿਆ ਹੈ। ਇਹ ਗਾਰਾ ਨਹੀਂ; ਕੇਸਰ ਹੈ, ਇਹ ਵੱਡਾ ਭਾਗਵਾਨ ਪੁਰਖ ਹੈ।

**ਮੈ ਦੀਨ ਦੁਨੀਆਂ ਛਤਰ ਸਿਰ ਧਾਰਾ। ਵਹਿ ਕੀਚ ਜਲ ਨਹੀਂ; ਕੇਸਰ ਸਿਰ ਡਾਰਾ।**
**ਇਹ ਲਹਨਾ ਮੈਂ ਇਸ ਕੌ ਦੇਨਾ। ਕਹੌਂ ਸਤ, ਮਿਥਿਆ ਨਹੀ ਬੈਨਾ।**
**ਇਨ ਕੀ ਮੋ ਸੋ ਹੈ ਬਿਧ ਬਨੀ। ਮੇਰੇ ਰਾਜ ਕੌ ਆਇਓ ਧਨੀ।**

(ਮਹਿਮਾ ਪ੍ਰਕਾਸ਼)

ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ *4* ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥ ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ੧ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥ ਜਿੰਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ *2* ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ *3* ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥ ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ *4* ॥ ੧ ॥ *4* ॥

ਪਦ ਅਰਥ :- ਘਟਿ ਚਾਨਣਾ=ਦਿਲ ਵਿਚ ਪ੍ਰਕਾਸ਼ ਹੋ ਗਿਆ ਹੈ। ਤਨਿ=ਸਰੀਰ ਵਿਚ। ਚੰਦੋ ਦੀਪਾਇਆ=(ਗਿਆਨ ਰੂਪੀ) ਚੰਨ ਪ੍ਰਕਾਸ਼ਿਆ ਹੈ। ਦਾਨਿ ਹਰਿ ਕੈ=ਹਰੀ ਦੇ ਬਖ਼ਸ਼ੇ ਦਾਨ ਨਾਲ। ਉਠਿ ਗਇਆ=ਦੂਰ ਹੋ ਗਿਆ। ਸੋਹੈ=ਸੋਭਦੀ ਹੈ। ਪਰਖਿ=ਪਰਖ ਕੇ। ਮੋਹਣੀਐ=ਮਨ ਨੂੰ ਮੋਹ ਲੈਣ ਵਾਲੀ, ਸੁੰਦਰ ਜੀਵ ਇਸਤਰੀ ਨੇ। ਵੀਵਾਹੁ=(ਜੀਵ-ਇਸਤਰੀ) ਦਾ ਪਤੀ ਨਾਲ ਮੇਲ ਮਿਲਾਪ। ਸੋਭ ਸੇਤੀ=ਸ਼ੋਭਾ ਨਾਲ। ਪੰਚ ਸਬਦੀ=ਪੰਚ ਸ਼ਬਦਾਂ ਦੀ ਧੁਨ ਵਿਚ।੧। ਹਉ=ਮੈਂ। ਬਲਿਹਾਰੀ=ਸਦਕੇ। ਅਵਰੀਤਾ=ਅਗਿਆਨ ਦੇ ਪੜਦੇ ਤੋਂ ਰਹਿਤ। ਗਾਡਿਆ-ਗੱਡਿਆ, ਮਿਲਾਇਆ। ਮਨੁ ਲੀਅੜਾ ਦੀਤਾ=ਦਿਲ (ਇਕ ਦੂਜੇ ਨੂੰ) ਲਿਤਾ ਦਿੱਤਾ ਭਾਵ ਵਿਚਾਰ ਵਟਾਂਦਰਾ ਕੀਤਾ, ਦਿਲੀ ਸਾਂਝ ਪਾਈ। ਕਿਉ ਵੀਸਰਹਿ=ਕਿਵੇਂ ਭੁੱਲ ਜਾਣ ?। ਦਿਸਿ ਆਇਆ=ਵੇਖਿਆ, ਦੀਦਾਰ ਕੀਤਿਆਂ। ਹੋਹਿ ਰਲੀਆ=(ਆਤਮਿਕ) ਖ਼ੁਸ਼ੀਆਂ ਪ੍ਰਾਪਤ ਹੋਣ। ਜੀਅ ਸੇਤੀ=ਜਿੰਦ ਨਾਲ। ਗਹਿ ਰਹਹਿ=ਪਕੜ ਕੇ ਰੱਖਦੇ ਹਨ। ਹੋਹਿ ਨੀਤਾ ਨੀਤਾ=ਸਦਾ ਅਸਿਥਰ ਹੋਣ।੨। ਵਾਸੁਲਾ=ਸੁਗੰਧੀ ਦੇਣ ਵਾਲੀਆਂ ਵਸਤਾਂ ਦਾ ਡੱਬਾ। ਵਾਸੁ=ਸੁਗੰਧੀ। ਕਢਿ=ਕੱਢ ਕੇ। ਲਈਜੈ=ਲੈਣੀ ਚਾਹੀਦੀ ਹੈ। ਗੁਣਹ ਕੇਰੀ=ਗੁਣਾਂ ਦੀ। ਛੋਡਿ ਅਵਗਣ=ਔਗੁਣ ਤਿਆਗ ਕੇ। ਪਟੰਬਰ=ਰੇਸ਼ਮੀ ਕਪੜੇ ਭਾਵ ਕੋਮਲ ਜੀਵਨ। ਅਡੰਬਰ=ਹਾਰ ਸ਼ਿੰਗਾਰ ਭਾਵ ਗੁਣਾਂ ਰੂਪੀ ਸੱਜ ਧੱਜ। ਪਿੜੁ=ਖੇਡ ਦਾ ਮੈਦਾਨ। ਮਲੀਐ=ਮਲਣਾ ਚਾਹੀਦਾ ਹੈ ਭਾਵ ਦ੍ਰਿੜ੍ਹ ਹੋਣਾ ਚਾਹੀਦਾ ਹੈ। ਝੋਲਿ=ਝੋਲ ਕੇ, ਬੂਰ ਆਦਿ ਨੂੰ ਪਰੇ ਹਟਾ ਕੇ। ਪੀਜੈ=ਪੀਣਾ ਚਾਹੀਦਾ ਹੈ।੩। ਕਿਸੁ ਆਖੀਐ=ਕਿਸ ਪਾਸ ਸ਼ਿਕਾਇਤ ਕਰੀਏ। ਕਿਉ ਭੁਲੈ=ਕਿਵੇਂ ਭੁੱਲ ਸਕਦਾ ਹੈ ? ਭਾਵ ਨਹੀਂ ਭੁੱਲ ਸਕਦਾ। ਸੁਣੇ=ਸੁਣ ਰਿਹਾ ਹੈ। ਬਾਝੁ ਕਹਿਐ=ਬਿਨਾਂ ਆਖੇ (ਮੰਗੇ)। ਦੇਇ=ਦੇਂਦਾ ਹੈ। ਬਿਧਾਤਾ=ਲੇਖ ਲਿਖਣ ਵਾਲਾ, ਸਿਰਜਣਹਾਰ।੪।

ਅਰਥ :- (ਹੇ ਭਾਈ !) ਜਿਸ (ਵਾਹਿਗੁਰੂ) ਨੇ (ਇਹ ਸਾਰੀ ਸੰਸਾਰਿਕ ਰਚਨਾ ਰੂਪ ਜਗਤ ਪੈਦਾ) ਕੀਤਾ ਹੈ, ਉਸ ਨੇ (ਹੀ ਇਸ ਦੀ ਚੰਗੀ ਤਰ੍ਹਾਂ ਪਾਲਣਾ ਪੋਸਣਾ ਕਰਨ ਰੂਪ) ਵੇਖਿਆ ਹੈ ਭਾਵ ਇਸ ਦੀ ਸੰਭਾਲ ਕੀਤੀ ਹੈ (ਅਤੇ ਇਸ) ਜਗਤ ਰੂਪੀ ਜੀਵਾਂ ਨੂੰ (ਆਪੋ ਆਪਣੇ ਕੰਮਾਂ ਕਾਜਾਂ ਰੂਪੀ) ਧੰਧਿਆਂ ਵਿਚ ਲਾਇਆ ਹੋਇਆ ਹੈ। ਸਰੀਰ ਵਿਚ (ਜੋਤਿ ਰੂਪੀ) ਚੰਦਰਮਾ ਨੂੰ ਜਿਸ ਪ੍ਰਭੂ ਨੇ ਚਮਕਾਇਆ ਹੈ ਅਤੇ ਉਸ ਹਰੀ ਦੇ ਦਿੱਤੇ ਦਾਨ ਨਾਲ ਹੀ ਇਹ ਹੋਇਆ ਹੈ। ਜਿਸ ਹਰੀ ਦੇ ਦਿੱਤੇ ਦਾਨ ਨਾਲ (ਤੇਰੇ ਹਿਰਦੇ ਅੰਦਰ ਗੁਰਮਤਿ ਗਿਆਨ ਦਾ) ਚੰਨ ਚਮਕਿਆ ਹੈ (ਅਤੇ ਉਸ ਦੀ ਬਰਕਤ ਨਾਲ ਤੇਰੇ ਅੰਦਰੋਂ) ਦੁੱਖ (ਤੇ ਅਗਿਆਨਤਾ ਦਾ) ਹਨੇਰਾ ਦੂਰ ਹੋਇਆ ਹੈ। ਸ਼ੁੱਭ ਗੁਣਾਂ ਰੂਪੀ ਸਾਂਝ (ਉਸ ਪਤੀ) ਲਾੜੇ ਨਾਲ ਸੋਭਦੀ ਹੈ, ਜਿਸ (ਜਗਿਆਸੂ) ਇਸਤਰੀ ਨੇ ਪਰਖ ਕੇ (ਪਤੀ ਚੁਣ ਲਿਆ ਹੈ)। ਫਿਰ ਉਸ ਜੀਵ-ਇਸਤਰੀ ਦਾ ਵਿਵਾਹ ਬੜੀ ਸ਼ੋਭਾ ਨਾਲ ਪ੍ਰਭੂ-ਪਤੀ ਨਾਲ ਹੋਇਆ ਹੈ, (ਉਹ) ਵਾਹਿਗੁਰੂ ਪੰਚ ਸ਼ਬਦਾਂ ਦੀ ਧੁਨੀ ਨਾਲ (ਹਿਰਦੇ ਰੂਪੀ ਘਰ ਵਿਚ) ਆਇਆ ਹੈ। ਜਿਸ (ਪਰਮੇਸ਼ਰ) ਨੇ (ਜਗਤ ਨੂੰ) ਪੈਦਾ ਕੀਤਾ, ਉਸ ਨੇ ਹੀ ਦੇਖਿਆ, ਸੰਭਾਲਿਆ (ਭਾਵ ਪਾਲਿਆ ਪੋਸਿਆ ਅਤੇ) ਜਗਤ ਨੂੰ ਧੰਧਿਆਂ ਵਿਚ ਲਾ ਦਿੱਤਾ।੧।

ਹਜ਼ੂਰ ਕਹਿੰਦੇ ਹਨ ਕਿ ਹੇ ਭਾਈ ! ਮੈਂ (ਉਹਨਾਂ ਗੁਰਮੁਖ) ਸੱਜਣਾਂ ਮਿੱਤਰਾਂ ਤੋਂ ਸਦਕੇ ਜਾਂਦਾ ਹਾਂ

ਜੋ ਮਾਇਆ ਤੇ ਅਗਿਆਨਤਾ ਦੇ ਪ੍ਰਭਾਵ ਤੋਂ ਮੁਕਤ ਹਨ। ਜਿਨ੍ਹਾਂ ਨਾਲ (ਮੈਂ ਆਪਣਾ) ਇਹ ਸਰੀਰ ਗਡਿਆ (ਮਿਲਾਇਆ) ਹੈ, (ਉਨ੍ਹਾਂ ਤੋਂ) ਦਿਲ ਲਿਆ ਤੇ (ਆਪਣਾ ਦਿਲ ਉਨ੍ਹਾਂ ਨੂੰ) ਦਿੱਤਾ ਹੈ (ਭਾਵ ਉਨ੍ਹਾਂ ਨਾਲ ਦਿਲ ਦੀ ਸਾਂਝ ਪਾਈ ਹੈ)। ਜਿਨ੍ਹਾਂ (ਸੱਜਣਾਂ ਤੋਂ) ਦਿਲ ਲਿਆ ਤੇ ਜਿਨ੍ਹਾਂ ਨੇ ਤਨ ਮਨ ਧਨ ਭੇਟਾ ਕਰਨ ਰੂਪੀ ਦਿਲ ਦਿੱਤਾ ਹੈ, ਉਹ ਸੱਜਣ (ਮੈਨੂੰ) ਕਿਵੇਂ ਭੁੱਲ ਸਕਦੇ ਹਨ ? (ਭਾਵ ਨਹੀਂ ਭੁੱਲ ਸਕਦੇ)। ਜਿਨ੍ਹਾਂ ਦੇ ਦਰਸ਼ਨ ਕੀਤਿਆਂ (ਆਤਮਿਕ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਉਹ) ਜਿੰਦ ਨਾਲ ਪਕੜ ਕੇ ਰੱਖਦੇ ਹਨ ਭਾਵ (ਕਦੇ ਵੀ ਵਿਛੜਦੇ ਨਹੀਂ ਹਨ)। (ਉਹਨਾਂ ਵਿਚ) ਨਿਤਾ ਪ੍ਰਤੀ ਸਾਰੇ ਗੁਣ ਹੀ ਗੁਣ ਹੁੰਦੇ ਹਨ, ਇਕ ਵੀ ਅਵਗੁਣ ਨਹੀਂ ਹੁੰਦਾ। ਮੈਂ ਸਦਕੇ ਹਾਂ (ਉਹਨਾਂ) ਸੱਜਣਾਂ ਮਿੱਤਰਾਂ ਤੋਂ (ਜੋ) ਮਾਇਆ ਤੇ ਅਗਿਆਨਤਾ ਦੇ ਪ੍ਰਭਾਵ ਤੋਂ (ਰਹਿਤ) ਮੁਕਤ ਹਨ।੨।

ਹੇ ਭਾਈ ! ਜੇ ਕਿਸੇ ਮਨੁੱਖ ਕੋਲ ਸ਼ੁਭ ਗੁਣਾਂ ਰੂਪੀ ਸੁਗੰਧੀ ਦਾ ਡੱਬਾ ਹੋਵੇ (ਤਾਂ ਉਸ ਵਿਚੋਂ ਸ਼ੁੱਭ ਗੁਣਾਂ ਦੀ) ਸੁਗੰਧੀ ਪ੍ਰਾਪਤ ਕਰਨੀ ਚਾਹੀਦੀ ਹੈ। ਜੇ ਸੱਜਣਾਂ (ਮਿੱਤਰਾਂ ਪਾਸ ਸ਼ੁਭ) ਗੁਣ ਹੋਵਨ (ਤਾਂ ਆਪਸ ਵਿਚ) ਮਿਲ ਕੇ (ਉਨ੍ਹਾਂ ਸ਼ੁਭ ਗੁਣਾਂ ਦੀ) ਭਾਈਵਾਲੀ ਕਰਨੀ ਚਾਹੀਦੀ ਹੈ। (ਗੁਰਮੁਖਾਂ ਨਾਲ) ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ, ਅਵਗੁਣ ਤਿਆਗ ਕੇ (ਗੁਰੂ ਦੇ ਦੱਸੇ ਮਾਰਗ ਉੱਤੇ) ਚਲਣਾ ਚਾਹੀਦਾ ਹੈ। ਸ਼ੁਭ ਗੁਣਾਂ ਦਾ ਪਹਿਰਾਵਾ ਹਾਰ ਸ਼ਿੰਗਾਰ ਸਰੀਰ 'ਤੇ ਧਾਰ ਕੇ (ਪ੍ਰਭੂ ਪਤੀ ਦੀ ਪ੍ਰਸੰਨਤਾ ਪ੍ਰਾਪਤ ਕਰਨ ਰੂਪ) ਮੈਦਾਨ ਮਲਣਾ ਚਾਹੀਦਾ ਹੈ, (ਭਾਵ ਗੁਰਮਤਿ-ਆਦਰਸ਼ 'ਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ)। ਜਿਥੇ ਭੀ (ਸੰਗਤ ਵਿਚ) ਜਾ ਕੇ ਬੈਠੀਏ, ਭਲਾ (ਬਚਨ ਹੀ) ਆਖੀਏ, (ਸੰਸਾਰਕ ਵਿਸ਼ੇ ਵਾਸ਼ਨਾ ਦਾ ਬੂਰ) ਹਟਾ ਕੇ (ਨਾਮ ਰੂਪੀ) ਅੰਮ੍ਰਿਤ ਪੀਵੀਏ। ਸ਼ੁਭ ਗੁਣਾਂ ਦਾ ਵਾਸੁਲਾ (ਸੁਗੰਧੀ ਵਾਲਾ ਡੱਬਾ) ਹੋਵੇ, (ਉਸ 'ਚੋਂ) ਸੁਗੰਧੀ ਕੱਢ ਕੇ ਲੈ ਲੈਣੀ ਚਾਹੀਦੀ ਹੈ।੩। ਹਜ਼ੂਰ ਕਿਰਪਾ ਕਰਦੇ ਹਨ ਕਿ (ਹੇ ਭਾਈ ! ਪਰਮੇਸ਼ਰ) ਆਪ ਹੀ (ਸਭ ਕੁਝ) ਕਰ ਰਿਹਾ ਹੈ, (ਉਸ ਤੋਂ ਬਿਨਾਂ) ਹੋਰ ਕਰਨ ਵਾਲਾ ਕੋਈ ਨਹੀਂ ਹੈ। ਉਸ (ਪ੍ਰਭੂ) ਨੂੰ ਆਖਣ (ਭਾਵ ਸ਼ਿਕਾਇਤ ਕਰਨ ਲਈ) ਤਾਂ ਹੀ ਜਾਈਏ ਜੇ ਉਹ ਭੁੱਲਾ ਹੋਇਆ ਹੋਵੇ। ਜੇਕਰ ਭੁੱਲਾ ਹੋਵੇ ਤਾਂ ਜਾ ਕੇ ਕਹੀਏ ਵੀ, ਪਰ ਉਹ ਆਪ ਹੀ ਕਰਤਾਰ ਹੈ, (ਉਹ) ਕਿਵੇਂ ਭੁੱਲ ਸਕਦਾ ਹੈ ? (ਭਾਵ ਅਭੁੱਲ ਹੈ)। ਉਹ ਪ੍ਰਭੂ ਸਦ ਸੁਣਦਾ ਸਦ ਪੇਖਦਾ ਹੈ, ਅਤੇ ਆਖੇ ਬਿਨਾਂ ਹੀ (ਸਭ ਨੂੰ) ਦਾਨ ਦੇ ਰਿਹਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ) ਸਿਰਜਣਹਾਰ ਦਾਤਾਰ, ਜਗਤ ਵਿਚ (ਸਭ ਨੂੰ) ਬਿਨਾਂ ਮੰਗੇ ਹੀ ਦਾਨ ਦੇਂਦਾ ਹੈ (ਅਤੇ) ਓਹੀ ਸਦਾ ਥਿਰ ਰਹਿਣ ਵਾਲਾ ਹੈ। (ਉਹ ਪ੍ਰਭੂ ਆਪ ਸਭ ਕੁਝ) ਹੀ ਕਰ ਰਿਹਾ ਹੈ। (ਉਸ ਤੋਂ ਬਿਨਾਂ) ਹੋਰ ਕਿਸ ਨੂੰ ਆਖੀਏ (ਜਦੋਂ ਕਿ) ਹੋਰ ਕੋਈ ਕੁਝ ਕਰਨ ਦੇ ਸਮਰੱਥ ਨਹੀਂ ਹੈ। ੪। ੧। ੪।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧48 (ਆਦਿ ਅੰਗ 767)

## ਰਾਗੁ ਸੂਹੀ ਛੰਤ ਮਹਲਾ 3 ਘਰੁ 2

## ੴ ਸਤਿਗੁਰ ਪ੍ਰਸਾਦਿ ॥

ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿ ਫਲੁ ਪਾਵਹੁ ॥ ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥ ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥ ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿ ਜਨ ਪਾਵਹੁ ॥ ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥੧॥ ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ॥ ਗੁਰਮਤਿ ਸਹਜੇ ਨਾਮੁ ਧਿਆਏ ॥ ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥ ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥ ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ॥ ਸੁਣਿ ਮਨ ਭੀਨੇ ਸਹਜਿ ਸੁਭਾਏ॥ 2 ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥ ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥ ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ॥ ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥ 3 ॥ ਸਾਜਨ ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥ ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ॥ ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ॥ ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥ ਸਾਜਨ ਆਇ ਵੁਠੇ ਘਰ ਮਾਹੀ ॥ 4 ॥੧॥

# ਪ੍ਰਾਕ੍ਥਨ :

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਸ਼ਬਦ ਸੂਹੀ ਰਾਗੁ ਅੰਦਰ ਦੂਜੇ ਘਰੁ ਸੁਰਤਾਲ ਵਿਚ ਉਚਾਰਨ ਕੀਤਾ ਹੈ। ਗੁਰਦੇਵ ਨੇ ਇਥੇ ਸੰਖੇਪ ਰੂਪ ਵਿਚ ਮੰਗਲ ਕੀਤਾ ਹੈ। ੧=ਇਕ ਅਦੁੱਤੀ ਬ੍ਰਹਮ ੴ= ਸਰਬ ਦਾ ਪ੍ਰਕਾਸ਼ਕ, ਸਤਿ=ਤਿੰਨ ਕਾਲ ਸਤਿ ਸਰੂਪ ਹੈ, ਗੁਰਪ੍ਰਸਾਦਿ=ਐਸੇ ਪ੍ਰਮੇਸ਼ਰ ਪ੍ਰਭੂ ਦੀ ਪ੍ਰਾਪਤੀ ਗੁਰੂ ਕਿਰਪਾ ਨਾਲ ਹੁੰਦੀ ਹੈ। ਸੁਖ ਸਰੂਪ ਪ੍ਰਮਾਤਮਾ ਜੋ ਸੁਖ ਬਖ਼ਸ਼ਣ ਵਾਲਾ ਹੈ, ਉਸ ਦੀ ਸਿਫ਼ਤ ਸ਼ਲਾਘਾ ਦੇ ਗੀਤ ਗਾਉਣ ਦੀ ਜਾਚ ਹਜ਼ੂਰ ਨੇ ਇਸ ਸ਼ਬਦ ਵਿਚ ਸਿਖਾਈ ਹੈ।

## ਵਿਸ਼ਾ — ਏਹੁ ਸੋਹਿਲਾ ਸਬਦੁ ਸੁਹਾਵਾ

ਪ੍ਰਭੂ ਦੀ ਸਿਫ਼ਤਿ ਸ਼ਲਾਘਾ ਅਤੇ ਆਤਮਿਕ ਖ਼ੁਸ਼ੀਆਂ ਖੇੜੇ ਦੇਣ ਵਾਲਾ ਇਹ ਸੋਹਿਲਾ ਸੁਹਾਵਣਾ ਸ਼ਬਦ ਹੈ। ਇਹ ਸੋਹਿਲਾ ਖ਼ੁਸ਼ੀਆਂ ਦਾ ਗੀਤ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਘਰਾਂ ਵਿਚ ਕੁੜਮਾਈ ਅਤੇ ਵਿਆਹ ਆਦਿ ਸਮੇਂ ਭੀ ਗਾਇਆ ਜਾਂਦਾ ਹੈ :

**ਮਾਤਾ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ।**
**ਰਹਸੀ ਅੰਗ ਨ ਮਾਵਈ, ਗਾਵੈ ਸੋਹਿਲੜੇ ਸੁਖ ਹੋਈ।**
**ਵਿਗਸੀ ਪੁਤ ਵਿਆਹਿਐ, ਘੋੜੀ ਲਾਵਾਂ ਗਾਵ ਭਲੋਈ।** (ਵਾਰ 37, ਪਉੜੀ ੧੧)

(ਅਥਵਾ) : ਇਹ ਸੋਹਿਲਾ ਰੂਪੀ ਗੀਤ ਵਿਆਹ ਵੇਲੇ ਕੁੜੀ ਦੇ ਮਾਈਏ ਪੈਣ ਅਤੇ ਇਸਤਰੀਆਂ ਦੁਆਰਾ ਸੁਹਾਗ ਦੇ ਗੀਤ ਗਾਉਣ ਅਤੇ ਅਸੀਸਾਂ ਦੇਣ ਦੀ ਰਸਮ ਦੇ ਰੂਪਕ ਰਾਹੀਂ ਸੰਸਾਰ ਰੂਪੀ ਪੇਕਾ ਘਰ ਛੱਡ ਕੇ ਪਤੀ ਰੂਪ ਪ੍ਰਮਾਤਮਾ ਦੇ ਘਰ ਜਾਣ, ਇਸਤ੍ਰੀ ਜਗਿਆਸੂ ਨੂੰ ਸਤਿਸੰਗ ਵਿਚ ਬੈਠ ਕੇ ਹਰਿ ਜਸ ਰੂਪੀ ਸੁਹਾਗ ਦੇ ਗੀਤ ਗਾਉਣ ਅਤੇ ਸੁਣਨ ਲਈ ਸਿੱਖਿਆ ਦਾਇਕ ਹਨ।

ਪਰਮ ਕ੍ਰਿਪਾਲੂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਅਨੰਦ ਸਾਹਿਬ ਨਾਮੇ ਬਾਣੀ ਦੀ ਸੋਲ੍ਹਵੀਂ ਪਉੜੀ ਅੰਦਰ ਦੱਸਿਆ ਹੈ ਕਿ ਸੋਹਿਲਾ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਸੁੰਦਰ ਗੀਤਾਂ ਦਾ ਇਕ ਨਮੂਨਾ ਹੈ। ਇਸ ਸੋਹਿਲੇ ਦੀ ਸ਼ੋਭਾ ਸ਼ਬਦ ਨਾਲ ਜੁੜਨ ਕਰ ਕੇ ਹੈ, ਪਰ ਇਹ ਮਿਲਦਾ ਉਨ੍ਹਾਂ ਨੂੰ ਹੈ ਜਿਨ੍ਹਾਂ ਦੇ ਮੱਥੇ 'ਤੇ ਧੁਰੋਂ ਪ੍ਰਾਪਤੀ ਦਾ ਲੇਖ ਲਿਖਿਆ ਹੁੰਦਾ ਹੈ। ਜਿਹੜੇ ਮਨੁੱਖ ਪਰਮੇਸ਼ਰ ਦੇ ਗੁਣ ਨਹੀਂ ਗਾਉਂਦੇ, ਸਿਮਰਨ ਤੇ ਸੇਵਾ ਨਹੀਂ ਕਰਦੇ, ਇਧਰ ਓਧਰ ਤੀਰਥਾਂ 'ਤੇ ਭੌਂਦੇ ਫਿਰਦੇ ਹਨ, ਇਸ਼ਨਾਨ ਤੇ ਦਾਨ ਦਾ ਗੁਮਾਨ ਹੀ ਕਰਦੇ ਰਹਿੰਦੇ ਹਨ, ਉਹ ਘਰ ਛੱਡ ਕੇ ਬਾਹਰੋਂ ਖ਼ੁਸ਼ੀ ਲੱਭਣ ਦਾ ਜਤਨ ਕਰਦੇ ਹਨ, ਪਰ ਉਨ੍ਹਾਂ ਦੇ ਪਲੇ ਕੁਝ ਨਹੀਂ ਪੈਂਦਾ, ਉਹ ਫਿਰ-ਫਿਰ ਕੇ ਨਿਰਾਸ਼ ਹੋ ਜਾਂਦੇ ਹਨ। ਇਹ ਸੋਹਿਲਾ (ਆਤਮਿਕ ਖੇੜੇ ਦਾ ਗੀਤ ਗੁਰੂ ਦਾ) ਸ਼ਬਦ (ਬਹੁਤ) ਸੁੰਦਰ ਹੈ। ਸ਼ਬਦ (ਕਰਕੇ ਇਹ) ਸੋਹਿਲਾ ਸਦਾ ਹੀ ਸੋਹਣਾ ਹੈ (ਕਿਉਂਕਿ ਇਹ ਸ਼ਬਦ ਰੂਪੀ ਸੋਹਿਲਾ) ਸਤਿਗੁਰੂ ਦਾ ਸੁਣਾਇਆ ਹੋਇਆ ਹੈ। ਇਹ (ਸੋਹਿਲਾ) ਉਨ੍ਹਾਂ (ਸਿੱਖਾਂ) ਦੇ ਮਨ ਵਿਚ

ਵਸਿਆ ਹੈ ਜਿਨ੍ਹਾਂ ਨੂੰ ਧੁਰ ਤੋਂ ਲਿਖਿਆ ਹੋਇਆ ਪ੍ਰਾਪਤ ਹੋਇਆ ਹੈ। ਕਈ (ਮਨੁੱਖ) ਬਹੁਤ ਹੀ ਘੁੰਮਦੇ ਫਿਰਦੇ ਰਹਿੰਦੇ ਹਨ (ਅਤੇ ਵਿਹਲੀਆਂ) ਗੱਲਾਂ ਮਾਰਦੇ ਰਹਿੰਦੇ ਹਨ (ਪਰ) ਗੱਲਾਂ ਨਾਲ ਕਿਸੇ ਨੇ (ਇਹ ਸੋਹਿਲਾ) ਪ੍ਰਾਪਤ ਨਹੀਂ ਕੀਤਾ। ਨਾਨਕ (ਗੁਰੂ ਜੀ) ਉਚਾਰਨ ਕਰਦੇ ਹਨ (ਕਿ ਇਹ) ਸ਼ਬਦ ਰੂਪੀ ਸੋਹਿਲਾ (ਆਤਮਿਕ ਗੀਤ) ਸਤਿਗੁਰੂ ਜੀ ਦਾ ਸੁਣਾਇਆ ਹੋਇਆ ਹੈ।

**ਏਹੁ ਸੋਹਿਲਾ ਸਬਦੁ ਸੁਹਾਵਾ ॥**
**ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥**
**ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥**
**ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥**
**ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥ ੧੬ ॥**

ਅਨੰਦ ਸਾਹਿਬ ਦੀ ੩੯ਵੀਂ ਪਉੜੀ ਅੰਦਰ ਹਜ਼ੂਰ ਨੇ ਪ੍ਰਭੂ ਦੀ ਸਿਫਤ ਸ਼ਲਾਘਾ ਦੇ ਗੀਤ ਸੋਹਿਲੇ ਦੇ ਸੰਬੰਧ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ ਕਿ :

(ਹੇ ਗੁਰਮੁਖ ਪ੍ਰਭੂ ਪਿਆਰੇ ਭਾਈ ਜਨੋਂ !) ਇਹ ਸੱਚਾ ਸੋਹਿਲਾ (ਸਿਫਤਿ-ਸਾਲਾਹ ਦਾ ਗੀਤ) ਸੱਚੇ ਘਰ (ਭਾਵ ਸਤਿ-ਸੰਗਤ ਵਿਚ ਬੈਠ ਕੇ ਹਿਰਦੇ ਰੂਪੀ) ਘਰ (ਵਿਚ) ਗਾਉ। (ਇਹ ਸੱਚਾ) ਸੋਹਿਲਾ ਜ਼ਰੂਰ ਗਾਉ (ਪਰ ਉਸ) ਸੱਚੇ ਘਰ ਵਿਚ (ਬੈਠ ਕੇ ਗਾਉ) ਜਿਥੇ ਸਦਾ ਸੱਚ ਸਰੂਪ (ਪ੍ਰਭੂ ਦੇ ਪਿਆਰੇ) ਸਦਾ ਸੱਚ ਰੂਪੀ (ਪ੍ਰਭੂ) ਨੂੰ ਧਿਆਉਂਦੇ (ਭਾਵ ਸਿਮਰਦੇ) ਹਨ। (ਹੇ ਪ੍ਰਭੂ ਪ੍ਰਮਾਤਮਾ !) ਗੁਰੂ ਦੁਆਰਾ ਜਿਨ੍ਹਾਂ (ਗੁਰਮੁਖਾਂ) ਨੂੰ (ਤੂੰ ਆਪ) ਸਮਝਾਉਂਦਾ ਹੈਂ (ਉਹ ਓਦੋਂ ਤੈਨੂੰ) ਸੱਚ ਸਰੂਪ ਨੂੰ ਧਿਆਉਂਦੇ ਹਨ ਜਦੋਂ ਤੈਨੂੰ ਚੰਗੇ ਲੱਗਦੇ ਹਨ। (ਅਸਲ ਵਿਚ) ਇਹ ਸੱਚ ਸਰੂਪ ਪ੍ਰਭੂ ਸਭਨਾਂ ਦਾ ਮਾਲਕ ਹੈ, ਜਿਸ ਨੂੰ (ਪ੍ਰਭੂ ਆਪ ਸੱਚ) ਬਖ਼ਸ਼ ਦੇਵੇ, ਉਹ ਸੇਵਕ ਹੀ ਸੱਚ ਨੂੰ ਪਾਉਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਇਹ ਸੱਚ ਰੂਪੀ ਸੋਹਿਲਾ ਸਚੇ ਘਰਿ (ਭਾਵ ਹਿਰਦੇ ਵਿਚ ਟਿਕ ਕੇ ਉਹ ਸੇਵਕ ਹੀ) ਉਸ ਪ੍ਰਭੂ ਪ੍ਰਮਾਤਮਾ ਨੂੰ ਗਾਉਂਦਾ ਹੈ।੩੯।

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥**
**ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥**
**ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥**
**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥**
**ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥ 39 ॥**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੀ ਸੋਹਿਲਾ ਨਾਮੇ ਬਾਣੀ ਦੀ ਆਰੰਭਤਾ ਦੇ ਪਹਿਲੇ ਸ਼ਬਦ ਵਿਚ ਰਹਾਉ ਦੀਆਂ ਪੰਗਤੀਆਂ ਅੰਦਰ ਫ਼ੁਰਮਾਨ ਕੀਤਾ ਹੈ :

**ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥**
**ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥ ੧ ॥** (ਕੀਰਤਨ ਸੋਹਿਲਾ)

## ਸਾਖੀ—ਅਯਾਲੀ ਸਿੱਖ ਦੇ ਸੋਹਿਲਾ ਪੜ੍ਹਨ ਦੀ

ਜਗਤ ਜਲੰਦੇ ਨੂੰ ਤਾਰਨ ਲਈ ਸੰਨ ੧੪੬੯ ਨੂੰ ਨਿਰੰਕਾਰ ਅਕਾਲ ਪੁਰਖ ਗੁਰੂ ਨਾਨਕ ਰੂਪ ਹੋ ਕੇ ਪ੍ਰਗਟ ਹੋਏ। ਆਪ ਜੀ ਨੇ ਬਾਲ ਅਵਸਥਾ ਰਾਇ ਭੋਇ ਦੀ ਤਲਵੰਡੀ ਵਿਚ ਚੋਜ ਕਰਦਿਆਂ ਬਤੀਤ ਕੀਤੀ। ਗੁਰਦੇਵ ਨੇ ਪਰਮਾਤਮਾ ਨਾਲ ਜੋੜਨ ਵਾਸਤੇ ਜਗਤ ਜੀਆਂ ਨੂੰ ਉਪਦੇਸ਼ ਦੇਣ ਲਈ ਅਤੇ ਧਰਮ-ਕਲਾ ਨੂੰ ਸਥਾਪਿਤ ਕਰਨ ਲਈ ਦੇਸ਼ ਪ੍ਰਦੇਸ਼ ਵਿਚ ਯਾਤਰਾ-ਫੇਰੀ ਦਾ ਪ੍ਰੋਗਰਾਮ ਆਰੰਭਿਆ। ਉਹ ਮੋਦੀਖ਼ਾਨੇ ਦਾ ਤਿਆਗ ਕਰ ਕੇ ਸੁਲਤਾਨਪੁਰੋਂ ਏਮਨਾਬਾਦ, ਲਾਹੌਰ, ਗੁੱਜਰਾਂਵਾਲਾ, ਤੁਲੰਬਾ, ਪਾਕਪਟਨ ਇਤਿਆਦਿਕ ਸਥਾਨਾਂ 'ਤੇ ਹੁੰਦੇ ਹੋਏ, ਪੰਜ ਦਿਨ ਆਪਣੇ ਨਗਰ ਰਾਇ ਭੋਇ ਦੀ ਤਲਵੰਡੀ ਠਹਿਰੇ ਅਤੇ ਫਿਰ ਚਾਰ ਲੰਬੀਆਂ ਯਾਤਰਾਵਾਂ ਲਈ ਨਿਕਲ ਪਏ। ਇਹਨਾਂ ਯਾਤਰਾਵਾਂ ਨੂੰ ਉਦਾਸੀਆਂ ਕਿਹਾ ਗਿਆ ਹੈ।

ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਜਨ-ਸਾਧਾਰਨ ਵਿਚ ਇਕ ਜੋਤਿ-ਸਿਰਜਨਾ ਦੀ ਚੇਤਨਾ ਪੈਦਾ ਕੀਤੀ। ਉਨ੍ਹਾਂ ਦੱਸਿਆ ਕਿ ਦਿਖਾਵੇ ਦੇ ਕਰਮ, ਮੂਰਤੀ ਪੂਜਾ, ਪਾਠ, ਧਾਰਮਿਕ ਰੀਤਾਂ ਅਤੇ ਕਰਮ-ਕਾਂਡ ਅਧਿਆਤਮਿਕ ਜੀਵਨ-ਪੰਧ ਵਿਚ ਕਿਸੇ ਤਰ੍ਹਾਂ ਵੀ ਲਾਹੇਵੰਦ ਨਹੀਂ ਹਨ। ਇਕ ਈਸ਼ਵਰ ਦੀ ਹੋਂਦ 'ਤੇ ਦ੍ਰਿੜ੍ਹ ਨਿਸ਼ਚਾ ਕਰ ਕੇ, ਉਸ ਦੇ ਨਾਮ ਸਿਮਰਨ ਰਾਹੀਂ ਉਪਾਸ਼ਨਾ ਕਰ ਕੇ ਅਤੇ ਸਦਾਚਾਰਕ ਜੀਵਨ ਦੇ ਧਾਰਨੀ ਹੋ ਕੇ ਸਚਿਆਰ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਉਨ੍ਹਾਂ ਮਾਨਵ ਸਮਾਜ ਦੇ ਸਨਮੁਖ ਇਸ ਉਪਦੇਸ਼ ਨੂੰ ਧਾਰਣ ਕਰ ਕੇ ਸਦਾਚਾਰਕ ਜੀਵਨ ਦੇ ਧਾਰਨੀ ਹੋ ਕੇ ਸਚਿਆਰ ਪਦ ਦੀ ਪ੍ਰਾਪਤੀ ਹੋ ਸਕਦੀ ਦੱਸਿਆ ਹੈ। ਉਨ੍ਹਾਂ ਮਾਨਵ ਸਮਾਜ ਦੇ ਸਨਮੁਖ ਇਸ ਉਦੇਸ਼ ਦੀ ਪੂਰਤੀ ਲਈ ਸਤਿਸੰਗਤ ਦੀ ਸੰਸਥਾ ਕਾਇਮ ਕੀਤੀ ਅਤੇ ਬਾਣੀ ਦੇ ਪਾਠ ਕੀਰਤਨ ਨੂੰ ਸਤਿਸੰਗਤ ਵਿਚ ਨਿਤ ਦਾ ਨੇਮ ਥਾਪਿਆ। ਸੰਗਤ ਨੂੰ ਨਿਰਮਲ ਪੰਥ ਦੱਸਿਆ। ਹੁਣ ਸਿੱਖੀ ਦਾ ਪ੍ਰਚਾਰ ਕਰਨ ਲਈ ਕਰਤਾਰਪੁਰ ਬੈਠ ਕੇ ਹੀ ਮਰਯਾਦਾ ਤੋਰੀ। ਕਿਸੇ ਧਰਮ ਵਾਸਤੇ ਕੇਂਦਰੀ ਸਥਾਨ ਦੀ ਬਹੁਤ ਲੋੜ ਹੁੰਦੀ ਹੈ, ਜਿੱਥੇ ਹਾਜ਼ਰ ਹੋ ਕੇ ਸ਼ਰਧਾਲੂ ਮਨ ਦੀ ਪਿਆਸ ਬੁਝਾਅ ਸਕਣ। ਮਹਾਰਾਜ ਨੇ ਕਰਤਾਰਪੁਰ ਏਸੇ ਵਾਸਤੇ ਵਸਾਇਆ ਸੀ। ਨਵੇਂ ਸਿੱਖੀ ਧਰਮ ਵਾਸਤੇ ਨਵੇਂ ਕੇਂਦਰ ਗੁਰਦੁਆਰਿਆਂ ਦੀ ਵੀ ਬਹੁਤ ਲੋੜ ਹੁੰਦੀ ਹੈ। ਗੁਰਦੇਵ ਨੇ ਸਾਧੂਆਂ ਵਾਲਾ ਭੇਸ ਉਤਾਰ ਕੇ ਗ੍ਰਹਿਸਤੀਆਂ ਵਾਲੇ ਕੱਪੜੇ ਪਹਿਨ ਲਏ। ਭਾਈ ਗੁਰਦਾਸ ਜੀ ਲਿਖਦੇ ਹਨ :

**ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ।**
**ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।**

(ਵਾਰ ੧, ਪਉੜੀ 38)

ਉਸ ਸਮੇਂ ਵਹਿਮਾਂ ਭਰਮਾਂ ਦਾ ਬੜਾ ਜ਼ੋਰ ਸੀ। ਗੁਰਦੇਵ ਨੇ ਇਸ ਤਰ੍ਹਾਂ ਦੇ ਵਹਿਮਾਂ ਭਰਮਾ ਚੋਂ ਕੱਢਣ

ਵਾਸਤੇ ਸਾਧੂ ਭੇਖ ਤਿਆਗ ਕੇ ਗ੍ਰਿਹਸਤੀਆਂ ਵਾਲੇ ਕੱਪੜੇ ਪਹਿਨ ਲਏ ਸਨ। ਅਚੱਲ ਵਟਾਲੇ ਸ਼ਿਵਰਾਤ੍ਰੀ ਦੇ ਮੇਲੇ ਉੱਤੇ ਜੋਗੀਆਂ ਨੇ ਇਸ ਗੱਲ ਦਾ ਮਿਹਣਾ ਵੀ ਦਿੱਤਾ ਸੀ ਕਿ ਆਪ ਨੇ ਉਦਾਸੀ ਭੇਖ ਉਤਾਰ ਕੇ ਫਿਰ ਗ੍ਰਿਹਸਤੀਆਂ ਵਾਲਾ ਲਿਬਾਸ ਕਿਉਂ ਪਹਿਨ ਲਿਆ ਹੈ ? ਇਕੱਲੇ ਕੱਪੜੇ ਹੀ ਨਹੀਂ ਸਨ ਪਹਿਨੇ, ਸਗੋਂ ਗੁਰਦੇਵ ਉਸ ਵੇਲੇ ਗ੍ਰਿਹਸਤੀ-ਗੁਰੂ ਵਾਲੇ ਕਰਤਵ ਵੀ ਨਿਭਾਅ ਰਹੇ ਸਨ। ਆਪ ਬਾਹਰ ਖੇਤਾਂ ਵਿਚ ਕੰਮ ਵੀ ਕਰਾਉਂਦੇ ਤੇ ਧਰਮਸ਼ਾਲਾ ਵਿਚ ਆਈਆਂ ਸੰਗਤਾਂ ਨੂੰ ਧਰਮ-ਪ੍ਰਚਾਰ ਵੀ ਕਰਦੇ ਸਨ।

ਗੁਰੂ ਨਾਨਕ ਦੇਵ ਜੀ ਨੇ 'ਸਿੱਖ ਧਰਮ' ਦੀ ਕੁਝ ਮੁੱਢਲੀ ਮਰਯਾਦਾ ਕਾਇਮ ਕੀਤੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

**ਸੋ ਦੁਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।**

(ਵਾਰ ੧, ਪਉੜੀ 38)

ਅੰਮ੍ਰਿਤ ਵੇਲੇ ਸੰਗਤਾਂ ਮਿਲ ਕੇ 'ਜਪੁ ਜੀ ਸਾਹਿਬ' ਦਾ ਪਾਠ ਕਰਦੀਆਂ ਤੇ 'ਆਸਾ ਜੀ ਕੀ ਵਾਰ' ਦਾ ਕੀਰਤਨ ਹੁੰਦਾ। ਫਿਰ ਸੰਗਤਾਂ ਦੇ ਭਰਮ ਨਿਵਾਰਨ ਵਾਸਤੇ ਮਹਾਰਾਜ ਆਪਣੇ ਉੱਤਮ ਵਿਚਾਰ ਦੱਸਦੇ ਤੇ ਸੰਧਿਆ ਵੇਲੇ 'ਸੋਦੁਰ' (ਰਹਰਾਸਿ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਸ਼ਬਦਾਂ ) ਦਾ ਪਾਠ ਹੁੰਦਾ। ਰਾਤ ਨੂੰ ਬਿਰਾਜਨ ਸਮੇਂ 'ਕੀਰਤਨ ਸੋਹਿਲਾ' ਦੇ ਪਹਿਲੀ ਪਾਤਸ਼ਾਹੀ ਦੇ ਤਿੰਨ ਸ਼ਬਦ ਪੜ੍ਹੇ ਜਾਂਦੇ। ਅੰਮ੍ਰਿਤ ਵੇਲੇ ਦੇ ਦੀਵਾਨ ਤੇ ਰਹਰਾਸਿ ਦੇ ਪਾਠ ਪਿਛੋਂ ਸੰਗਤ ਮਿਲ ਕੇ 'ਅਰਦਾਸ' ਕਰਿਆ ਕਰਦੀ, ਜੋ ਸਦਾ ਖੜੇ ਹੋ ਕੇ ਕੀਤੀ ਜਾਂਦੀ ਸੀ। ਇਸ ਸਮੇਂ ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦਿਨ ਨੂੰ ਆਰਾਮ ਕਰ ਰਹੇ ਸਨ ਤਾਂ ਭਾਈ ਲਹਿਣਾ (ਗੁਰੂ ਅੰਗਦ ਦੇਵ ਜੀ) ਨੇ ਗੁਰਦੇਵ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨ-ਕਮਲਾਂ ਵਿਚ ਝਰੀਟਾਂ ਪਈਆਂ ਅਤੇ ਲਹੂ ਸਿੰਮਦਾ ਦੇਖਿਆ। ਹੱਥ ਜੋੜ ਬੇਨਤੀ ਕਰਕੇ ਪੁੱਛਿਆ, ਹਜ਼ੂਰ ! ਆਪ ਜੀ ਦੇ ਚਰਨ-ਕਮਲਾਂ ਵਿਚੋਂ ਲਹੂ ਸਿੰਮ ਰਿਹਾ ਹੈ, ਇਹ ਕੀ ਕਾਰਨ ਹੈ ਜੀ ? ਤਾਂ ਗੁਰਦੇਵ ਨੇ ਦੱਸਿਆ ਕਿ ਭਾਈ, ਇਕ ਅਯਾਲੀ ਬੱਕਰੀਆਂ ਚਾਰ ਰਿਹਾ ਹੈ।

**ਬੂਝਿਓ ਲਹਿਣੇ ਦ੍ਵੈ ਕਰ ਬੰਦੇ। ਕਿਸ ਬਿਧ ਕੰਟਕ ਲਗੇ ਮੁਕੰਦੇ।**
**ਸੁਣਕੈ ਸ੍ਰੀ ਗੁਰ ਗਿਰਾ ਅਲਾਈ। ਏਕ ਅਯਾਲੀ ਅਜਾ ਚਰਾਈ॥ 23 ॥**

(ਸ੍ਰੀ ਨਾਨਕ ਪ੍ਰਕਾਸ਼)

ਸਤਿਗੁਰੂ ਜੀ ਨੇ ਦੱਸਿਆ ਕਿ ਇਕ ਸਿੱਖ ਅਯਾਲੀ ਮਨ ਇਕਾਗਰ ਕਰ ਕੇ ਪ੍ਰੇਮ ਸਹਿਤ ਸੋਹਿਲਾ ਬਾਣੀ ਪੜ੍ਹਦਾ ਹੋਇਆ ਬੱਕਰੀਆਂ ਚਾਰ ਰਿਹਾ ਹੈ। ਜਿਥੇ ਬੱਕਰੀਆਂ ਚਾਰਦਾ ਹੈ, ਉਥੇ ਬਹੁਤ ਸਾਰੇ ਝਾੜ ਕੰਡੇ ਆਦਿ ਹਨ। ਉਹ ਅਯਾਲੀ ਪ੍ਰੇਮ ਸਹਿਤ ਸੋਹਿਲਾ ਬਾਣੀ ਪੜ੍ਹ ਰਿਹਾ ਹੈ। ਅਸੀਂ ਉਸ ਦੇ ਪ੍ਰੇਮ ਦੇ ਖਿੱਚੇ ਉਸ ਦੇ ਅੰਗ ਸੰਗ ਹੋ ਕੇ, ਕੰਡਿਆਂ ਦੀਆਂ ਝਰੀਟਾਂ ਆਪਣਿਆਂ ਚਰਨਾਂ ਉਪਰ ਝੱਲ ਰਹੇ ਹਾਂ, ਉਸ ਸਿੱਖ ਨੂੰ ਕੰਡੇ ਨਹੀਂ ਲੱਗਣ ਦਿੰਦੇ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਮਨ ਇਕਾਂਤ ਹ੍ਵੈ ਪ੍ਰੀਤ ਯੁਤ, ਪਢਹਿ ਸੋਹਿਲਾ ਸੋਇ।**
**ਕੰਟਕ ਝਾਰ ਵਿਸਾਲ ਯਹ, ਫਿਰਤ ਪ੍ਰੇਮ ਮਹਿ ਸੋਇ।**

ਇਹ ਸਾਡਾ ਨਿਯਮ ਹੈ ਕਿ ਪ੍ਰੇਮ ਸਹਿਤ ਪ੍ਰੇਮੀ ਜਿਥੇ ਸੋਹਿਲਾ ਪੜ੍ਹੇਗਾ, ਅਸੀਂ ਉਸ ਦੇ ਅੰਗ ਸੰਗ ਹੋਵਾਂਗੇ।

**ਪਢੈ ਸੋਹਿਲਾ ਜੋ ਕਿਤ ਜੋਊ, ਤਿਹ ਸਮੀਪ ਨਿਹਚੈ ਮੈ ਹੋਊ।**

ਇਸ ਸਮੇਂ ਤੋਂ ਹਜ਼ੂਰ ਨੇ ਹੁਕਮ ਕੀਤਾ ਕਿ ਸੋਹਿਲਾ ਬਾਣੀ ਦਾ ਪਾਠ ਰਾਤ ਨੂੰ ਅਰਾਮ ਕਰਨ ਸਮੇਂ ਪਹਿਲਾਂ ਆਪਣੇ ਪਲੰਘ 'ਤੇ ਬੈਠ ਕੇ ਕਰਿਆ ਕਰੋ।

ਰਾਗੁ ਸੂਹੀ ਛੰਤ ਮਹਲਾ 3 ਘਰੁ 2
ੴ ਸਤਿਗੁਰ ਪ੍ਰਸਾਦਿ ॥

ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿ ਫਲੁ ਪਾਵਹੁ ॥ ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥ ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥ ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿ ਜਨ ਪਾਵਹੁ ॥ ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥ ੧ ॥ ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥ ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥ ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥ ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ ॥ ਸੁਣਿ ਮਨ ਭੀਨੇ ਸਹਜਿ ਸੁਭਾਏ ॥ 2 ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥ ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥ ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ ॥ ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥ 3 ॥ ਸਾਜਨ ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥ ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ ॥ ਦਹ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ॥ ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ॥ ਸਾਜਨ ਆਇ ਵੁਠੇ ਘਰ ਮਾਹੀ॥ 4 ॥੧॥**

ਪਦ ਅਰਥ :- ਸੋਹਿਲੜਾ=(ਪ੍ਰਭੂ ਦੀ ਸਿਫਤਿ ਵਾਲਾ) ਗੀਤ। ਗੁਰਮੁਖਿ=ਗੁਰੂ ਦੁਆਰਾ। ਨਿਵਾਰੇ=ਦੂਰ ਹੁੰਦੇ ਹਨ। ਜਿਨਿ=ਜਿਸ (ਗੁਰੂ) ਨੇ। ਸਵਾਰੇ=ਸਵਾਰ ਦਿੱਤੇ। ਜਾਪਹੁ=ਜਪਿਆ ਕਰੋ। ਧਿਆਵਹੁ=ਸਿਮਰੋ।੧। ਸਹਜਿ ਸੁਭਾਏ=ਸਹਿਜ ਸੁਭਾਵਿਕ ਹੀ। ਧੁਰਿ=ਧੁਰ (ਦਰਗਾਹ) ਤੋਂ। ਭਾਗਾ=ਭੱਜ ਗਿਆ। ਅੰਦਰਹੁ=ਹਿਰਦੇ 'ਚੋਂ। ਦੁਰਮਤਿ=ਖੋਟੀ ਮਤਿ। ਦੂਜੀ=ਦ੍ਵੈਤ, ਮਾਇਆ ਵਿਚ ਪਾਉਣ ਵਾਲੀ ਸੁਰਤਿ। ਅਨਦਿਨੁ=ਰਾਤ ਦਿਨ।੨। ਨਿਸਤਾਰਾ=ਪਾਰ ਉਤਾਰਾ।੩। ਉਪਜੈ=ਉਤਪੰਨ ਹੁੰਦੀ ਹੈ। ਆਇ ਵੁਠੇ=ਆ ਵਸੇ ਹਨ। ਘਰ ਮਾਹੀ=ਹਿਰਦੇ ਵਿਚ। ਤ੍ਰਿਪਤਿ ਅਘਾਹੀ=ਪੂਰੀ ਤਰ੍ਹਾਂ ਰੱਜ ਜਾਂਦੇ ਹਨ। ਤ੍ਰਿਪਤਾਸੀ=ਰੱਜ ਗਈ। ਦਹ ਦਿਸਿ=ਦਸੀਂ ਪਾਸੀਂ। ਜੋੜਿ ਵਿਛੋੜੇ=ਜੋੜ ਕੇ ਵਿਛੋੜਦਾ ਹੈ।੪।

ਅਰਥ :- (ਹੇ ਭਾਈ !) ਪ੍ਰਭੂ ਪ੍ਰਮਾਤਮਾ ਦੀ ਸਿਫਤਿ-ਸਾਲਾਹ ਵਾਲਾ ਗੀਤ (ਜੋ ਆਤਮਿਕ) ਸੁਖ ਦਾ (ਪ੍ਰਤੀਕ ਹੈ, ਤੁਸੀਂ) ਗਾਇਨ ਕਰੋ। ਗੁਰੂ ਦੁਆਰਾ (ਤੁਸੀਂ) ਹਰੀ (ਨਾਮ ਰੂਪੀ) ਫਲ ਪਾ ਲਵੋਗੇ। ਗੁਰੂ ਰਾਹੀਂ ਹਰੀ (ਪ੍ਰਭੂ ਪ੍ਰਮਾਤਮਾ) ਦਾ ਨਾਮ ਧਿਆਓ (ਤਾਂ ਨਾਮ ਸਿਮਰਨ ਦਾ) ਫਲ ਪਾ ਲਵੋਗੇ, (ਇਸ ਨਾਲ) ਜਨਮਾਂ-ਜਨਮਾਂ ਦੇ ਦੁੱਖ ਦੂਰ ਹੋ ਜਾਵਣਗੇ। ਆਪਣੇ ਗੁਰੂ ਤੋਂ ਸਦਕੇ ਜਾਓ, ਜਿਸ ਨੇ (ਲੋਕ ਪ੍ਰਲੋਕ ਦੇ ਤੁਹਾਡੇ) ਸਾਰੇ ਕੰਮ ਸਵਾਰ ਦਿੱਤੇ ਹਨ। ਹੇ ਹਰੀ ਜਨੋਂ ! ਹਰੀ ਪ੍ਰਭੂ (ਤੁਹਾਡੇ 'ਤੇ) ਕਿਰਪਾ ਕਰੇ, (ਤੁਸੀਂ) ਹਰੀ ਦਾ (ਨਾਮ) ਜਪਦੇ ਰਹੋ, (ਇਸ ਦੀ ਬਰਕਤ ਨਾਲ ਆਤਮਿਕ) ਸੁਖ ਦਾ ਫਲ ਪਾ ਲਵੋਗੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹੇ ਭਾਈ ਜਨੋਂ ! ਸੁਣੋ, ਪ੍ਰਭੂ ਦੀ ਸਿਫਤਿ-ਸਾਲਾਹ ਦਾ (ਆਤਮਿਕ) ਸੁਖ ਵਾਲਾ ਗੀਤ ਗਾਵਣਾ ਕਰੋ।੧।

(ਹੇ ਭਾਈ ! ਜਿਨ੍ਹਾਂ ਨੇ) ਹਰੀ ਦੇ ਗੁਣਾਂ ਦੀ ਸਿਫਤਿ-ਸਾਲਾਹ ਵਾਲਾ ਗੀਤ ਸਹਿਜ ਸੁਭਾਵਿਕ ਸੁਣਿਆ, ਉਹ ਨਾਮ ਸਿਮਰਨ ਵਿਚ ਭਿੱਜ ਗਏ (ਭਾਵ ਨਾਮ ਸਿਮਰਨ ਵਿਚ ਲਿਵਲੀਨ ਹੋ ਗਏ)। ਉਨ੍ਹਾਂ ਨੇ ਗੁਰੂ ਦੀ ਮਤਿ ਦੁਆਰਾ ਸਹਜੇ ਹੀ (ਪ੍ਰਭੂ ਦਾ) ਨਾਮ ਧਿਆਇਆ। (ਹੇ ਭਾਈ !) ਉਨ੍ਹਾਂ (ਮਨੁੱਖਾਂ) ਨੂੰ ਗੁਰੂ ਮਿਲਿਆ ਜਿਨ੍ਹਾਂ ਦੇ (ਮੱਥੇ 'ਤੇ) ਧੁਰ (ਦਰਗਾਹ) ਤੋਂ (ਲੇਖ) ਲਿਖਿਆ ਹੋਇਆ ਸੀ, ਉਨ੍ਹਾਂ ਦਾ ਜਨਮ ਮਰਨ ਵਾਲਾ ਡਰ ਭੈਅ ਦੂਰ ਹੋ ਗਿਆ। (ਜਿਸ ਦਾਸ ਦੇ ਹਿਰਦੇ) 'ਚੋਂ ਖੋਟੀ ਮਤਿ ਤੇ ਦ੍ਵੈਤ ਨਾਸ਼ ਹੋ ਗਈ, ਉਹ ਦਾਸ ਪਰਮਾਤਮਾ ਦੇ (ਨਾਮ ਸਿਮਰਨ ਵਿਚ) ਜੁੜ ਗਿਆ। (ਹੇ ਭਾਈ !) ਜਿਨ੍ਹਾਂ ਉੱਤੇ ਮੇਰੇ ਸੁਆਮੀ ਨੇ ਕਿਰਪਾ ਕੀਤੀ, ਉਨ੍ਹਾਂ ਨੇ ਦਿਨ ਰਾਤ ਪਰਮੇਸ਼ਰ ਦੇ ਗੁਣ ਗਾਇਨ ਕੀਤੇ ਹਨ। ਹੇ ਮਨ ! (ਪ੍ਰਭੂ ਦੀ ਸਿਫਤਿ-ਸਾਲਾਹ ਦਾ ਗੀਤ) ਸਹਿਜ ਸੁਭਾਵਿਕ ਸੁਣ ਕੇ ਉਹ ਮਨੁੱਖ ਪ੍ਰਭੂ ਦੇ ਨਾਮ ਸਿਮਰਨ ਵਿਚ ਭਿਜ ਗਏ ਹਨ।੨।

(ਹੇ ਭਾਈ ! ਇਸ) ਕਲਿਜੁਗ ਵਿਚ ਪਰਮੇਸ਼ਰ ਦਾ ਨਾਮ ਹੀ (ਭਵਜਲ ਸੰਸਾਰ ਤੋਂ) ਪਾਰ ਉਤਾਰਾ

(ਕਰਨ ਵਾਲਾ ਹੈ)। ਗੁਰੂ ਤੋਂ (ਹੀ ਗੁਰੂ ਦੀ) ਸ਼ਬਦ ਵੀਚਾਰ (ਹਿਰਦੇ ਵਿਚ) ਉਤਪੰਨ ਹੁੰਦੀ ਹੈ। (ਜੋ ਮਨੁੱਖ) ਗੁਰੂ ਦਾ ਸ਼ਬਦ ਵੀਚਾਰਦਾ ਹੈ, (ਉਸ ਨੂੰ) ਰਾਮ ਨਾਮ ਪਿਆਰਾ (ਭਾਵ ਚੰਗਾ) ਲੱਗਦਾ ਹੈ, ਜਿਸ ਉੱਤੇ (ਪ੍ਰਭੂ) ਕਿਰਪਾ ਕਰਦਾ ਹੈ, ਉਹ (ਇਹ ਦਾਤ) ਪ੍ਰਾਪਤ ਕਰਦਾ ਹੈ। ਉਹ ਮਨੁੱਖ ਸਹਿਜੇ ਹੀ ਦਿਨ ਰਾਤ ਹਰੀ ਦੇ ਗੁਣ ਗਾਉਂਦਾ ਹੈ (ਅਤੇ ਉਹ ਆਪਣੇ) ਸਾਰੇ ਪਾਪ ਦੂਰ ਕਰ ਲੈਂਦਾ ਹੈ। (ਹੇ ਪ੍ਰਭੂ !) ਹਰੇਕ ਜੀਵ ਤੇਰਾ ਹੈ (ਅਤੇ) ਤੂੰ ਸਭ ਜੀਆਂ ਦਾ (ਮਾਲਕ ਹੈਂ; ਇਸੇ ਤਰ੍ਹਾਂ) ਮੈਂ ਤੇਰਾ (ਸੇਵਕ ਹਾਂ) ਤੂੰ ਸਾਡਾ (ਮਾਲਕ ਹੈਂ)। (ਇਸ) ਕਲਿਜੁਗ ਵਿਚ ਪਰਮੇਸ਼ਰ ਦਾ ਨਾਮ ਹੀ (ਸਭ ਜੀਵਾਂ ਦਾ ਸੰਸਾਰ ਸਾਗਰ ਤੋਂ) ਪਾਰ ਉਤਾਰਾ ਕਰਦਾ ਹੈ।੩।

ਹੇ ਭਾਈ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਰੂਪੀ ਘਰ ਵਿਚ ਸੱਜਣ (ਪ੍ਰਭੂ ਪ੍ਰਮਾਤਮਾ ਜੀ) ਆ ਵਸੇ ਹਨ, ਅਸਲ ਵਿਚ (ਉਹ) ਹੀ ਹਰੀ ਦੇ ਗੁਣ ਗਾਉਂਦੇ ਹਨ, (ਅਤੇ ਉਹ) ਪੂਰਨ ਤੌਰ 'ਤੇ (ਲੋਕ ਪ੍ਰਲੋਕ ਦੇ ਪਦਾਰਥਾਂ ਵਲੋਂ) ਰਜੇ ਰਹਿੰਦੇ ਹਨ। ਹੇ ਭਾਈ ! ਜਿਹੜੀ ਜਿੰਦ) ਹਰੀ ਦੇ ਗੁਣ ਗਾਉਂਦੀ ਹੈ (ਉਹ) ਸਦਾ ਨਾਮ ਸਿਮਰਨ ਕਰਕੇ ਤ੍ਰਿਪਤ ਹੋ ਜਾਂਦੀ ਹੈ ਅਤੇ (ਉਸ ਨੂੰ) ਮੁੜ ਕੇ ਤ੍ਰਿਸ਼ਨਾ ਨਹੀਂ ਸਤਾਉਂਦੀ। ਨਾਮ ਜਪਣ ਵਾਲੇ ਹਰੀ ਦੇ ਸੇਵਕ ਦਾ ਸਾਰੇ ਦਸੋਂ ਦਿਸ਼ਾਵਾਂ ਵਿਚ ਸਤਿਕਾਰ ਹੁੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਸ ਪ੍ਰਭੂ ਤੋਂ ਬਿਨਾਂ ਕੋਈ ਵੀ ਜੋੜਨ ਤੇ ਵਿਛੋੜਨ ਵਾਲਾ ਨਹੀਂ ਹੈ। ਉਹ ਪ੍ਰਭੂ ਪ੍ਰਮਾਤਮਾ ਜੀ ਹਿਰਦੇ ਘਰ ਵਿਚ ਆ ਵਸੇ ਹਨ, ਜਿਸ ਦਾ ਸਦਕਾ ਹੁਣ ਮਾਇਆ ਦੀ ਭੁੱਖ ਨਹੀਂ ਲੱਗਦੀ। ਅਰਥਾਤ ਇਹ ਸਭ ਪ੍ਰਮਾਤਮਾ ਦੇ ਨਾਮ ਦਾ ਪ੍ਰਤਾਪ ਹੈ, ਕਿਉਂਕਿ ਜੋ ਹਰੀ ਦਾ ਨਾਮ ਸਿਮਰਦਾ ਹੈ, (ਉਸ) ਹਰੀ ਜਨ ਦੀ ਦਸਾਂ ਪਾਸੇ (ਭਾਵ ਹਰ ਪਾਸੇ) ਪੂਜਾ-ਪ੍ਰਤਿਸ਼ਟਾ ਹੁੰਦੀ ਹੈ। ਭਾਵ ਉਸ ਦਾ ਸਾਰੇ ਸਤਿਕਾਰ ਹੁੰਦਾ ਹੈ ਅਤੇ ਹਰੀ ਆਪ ਹੀ (ਜੀਵ ਨੂੰ) ਮਾਇਆ ਵਿਚ ਜੋੜ ਕੇ (ਆਪਣੇ ਨਾਲੋਂ) ਵਿਛੋੜਦਾ ਹੈ, (ਉਸ) ਹਰੀ ਤੋਂ ਬਿਨਾਂ ਹੋਰ ਦੂਜਾ ਕੋਈ (ਅਜਿਹਾ ਸ਼ਕਤੀਵਾਨ ਨਹੀਂ ਹੈ)। (ਬੱਸ, ਹਰੀ) ਸੱਜਣ (ਵਾਹਿਗੁਰੂ ਜਿਨ੍ਹਾਂ ਦੇ) ਮਨ ਵਿਚ ਆ ਵਸੇ ਹਨ, (ਉਹ ਸਦਾ ਰੱਜੇ ਰਹਿੰਦੇ ਹਨ)। ੪। ੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ 149 (ਆਦਿ ਅੰਗ 769)

## ਸੂਹੀ ਮਹਲਾ 3 ॥

ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ ॥ ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥ ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥ ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥ ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥ ੧ ॥ ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥ ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥ ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥ ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥ ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥ ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥ 2 ॥ ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ ॥ ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥ ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ ॥ ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥ ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ ॥ ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ ॥ 3 ॥ ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥ ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ ॥ ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥ ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥ ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥ 4 ॥ 3 ॥ 4 ॥

# ਪ੍ਰਾਕ੍ਥਨ :

ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਪਾਵਨ ਸ਼ਬਦ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੀ ਦੂਸਰੀ ਪੰਗਤੀ ਅੰਦਰ ਹਜ਼ੂਰ ਨੇ ਅਚੱਲ ਰਾਜ ਦੀ ਗੱਲ ਕੀਤੀ ਹੈ।

## ਵਿਸ਼ਾ — ਨਿਹਚਲੁ ਰਾਜੁ ਸਦਾ ਹਰਿ ਕੇਰਾ

ਸੰਸਾਰ ਅੰਦਰ ਸੰਸਾਰੀ ਰਾਜਿਆਂ ਦਾ ਕਿਸੇ ਦਾ ਵੀ ਰਾਜ ਅਚੱਲ ਨਹੀਂ ਰਿਹਾ ਅਤੇ ਨਾ ਹੀ ਸੰਸਾਰ ਅੰਦਰ ਕੋਈ ਰਾਜੇ ਸਦਾ ਜੀਵਤ ਰਹੇ ਹਨ, ਕਿਉਂਕਿ ਹਜ਼ੂਰ ਦਾ ਫ਼ੁਰਮਾਨ ਹੈ :

**ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥** (ਅੰਗ 855)

ਅਥਵਾ :

**ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥**
**ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥** (ਅੰਗ 936)
**ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ ॥** (ਅੰਗ ੯੩੧)

ਇਸ ਲਈ ਸੰਸਾਰ ਅੰਦਰ ਨਾ ਹੀ ਕੋਈ ਸਰੀਰ ਕਰ ਕੇ ਸਦਾ ਰਾਜਾ ਰਿਹਾ ਹੈ ਅਤੇ ਨਾ ਕਿਸੇ ਦਾ ਸਦਾ ਰਾਜ ਕਾਇਮ ਰਿਹਾ ਹੈ। ਜਗਤ ਜੀਆਂ ਨੂੰ ਤਾਰਨ ਵਾਸਤੇ ਜਿਸ ਸਮੇਂ ਸੰਸਾਰ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਹੈ, ਉਸ ਸਮੇਂ ਇਸ ਪੰਜਾਬ ਉੱਤੇ ਲੋਧੀ ਰਾਜ ਕਰਦੇ ਸਨ। ਬਹਿਲੋਲ ਲੋਧੀ ਨਾਮ ਦਾ ਇਥੇ ਬਾਦਸ਼ਾਹ ਸੀ। ਉਸ ਦੀ ਮੌਤ ਹੋਣ ਤੋਂ ਮਗਰੋਂ ਉਸ ਦਾ ਪੁੱਤਰ ਨਿਜ਼ਾਮ ਖ਼ਾਨ, ਆਪਣਾ ਨਾਮ ਸਿਕੰਦਰ ਲੋਧੀ ਰੱਖ ਕੇ ਦਿੱਲੀ ਦਾ ਬਾਦਸ਼ਾਹ ਬਣਿਆ, ਭਾਵ ਆਪਣਾ ਨਾਮ ਸਿਕੰਦਰ ਲੋਧੀ ਰੱਖ ਕੇ ਦਿੱਲੀ ਦੇ ਤਖ਼ਤ ਉੱਪਰ ਬੈਠਾ। ਸੰਨ ੧੫੧੭ ਨੂੰ ਸਿਕੰਦਰ ਲੋਧੀ ਦੀ ਮੌਤ ਹੋਈ ਤਾਂ ਇਸ ਮਗਰੋਂ ਇਬਰਾਹੀਮ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆ। ਇਬਰਾਹੀਮ ਲੋਧੀ ਨੂੰ ਬਾਬਰ ਨੇ ੧੫੨੬ ਈ. ਵਿਚ ਪਾਣੀਪਤ ਵਿਚ ਹਰਾਇਆ। ਇਸ ਉਪਰੰਤ ਲੋਧੀਆਂ ਦਾ ਰਾਜ ਖ਼ਤਮ ਹੋਇਆ। ਦਿੱਲੀ ਦਾ ਰਾਜ ਤਖ਼ਤ ਬਾਬਰ ਨੇ ਸੰਭਾਲਿਆ। ਇਸ ਸਮੇਂ ਮੁਗ਼ਲ ਰਾਜ ਕਾਇਮ ਹੋਇਆ। ਸੰਨ ੧੫੩੦ ਵਿਚ ਬਾਬਰ ਦੀ ਮੌਤ ਹੋਈ। ਇਸ ਉਪਰੰਤ ਹੁਮਾਯੂੰ ਬਾਦਸ਼ਾਹ ਬਣਿਆ। ਹੁਮਾਯੂੰ ਉਪਰੰਤ ਅਕਬਰ ਬਾਦਸ਼ਾਹ ਸੰਨ ੧੫੫੬ ਵਿਚ ਰਾਜ ਤਖ਼ਤ 'ਤੇ ਬੈਠਾ। ਸੰਨ ੧੬੦੫ ਵਿਚ ਇਸ ਦੀ ਮੌਤ ਉਪਰੰਤ ਜਹਾਂਗੀਰ ਬਾਦਸ਼ਾਹ ਬਣਿਆ। ਸੰਨ ੧੬੨੭ ਵਿਚ ਜਹਾਂਗੀਰ ਦੀ ਮੌਤ ਉਪਰੰਤ ਸ਼ਾਹ ਜਹਾਨ ਬਾਦਸ਼ਾਹ ਬਣਿਆ। ਸੰਨ ੧੬੫੮ ਵਿਚ ਆਪਣੇ ਬਾਪ ਸ਼ਾਹਜਹਾਨ ਨੂੰ ਕੈਦ ਕਰ ਕੇ ਔਰੰਗਜ਼ੇਬ ਆਪ ਬਾਦਸ਼ਾਹ ਬਣਿਆ। ਇਸ ਤਰ੍ਹਾਂ ਹਿੰਦੁਸਤਾਨ ਦੇ ਰਾਜਿਆਂ ਦੀ ਗਿਣਤੀ ਕਰਨੀ ਕਠਨ ਹੈ। ਪਰ ਕੋਈ ਵੀ ਸਦਾ ਸਥਿਰ ਨਹੀਂ ਰਿਹਾ। ਤਦ ਹੀ ਹਜ਼ੂਰ ਨੇ ਕਿਹਾ :

**ਕੋਊ ਹਰਿ ਸਮਾਨਿ ਨਹੀ ਰਾਜਾ॥ ਏਹ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥**

(ਅੰਗ 856)

ਸਦਾ ਸਥਿਰ ਅਸਲ ਵਿਚ ਪਰੀਪੂਰਨ ਪ੍ਰਮਾਤਮਾ ਹੀ ਹੈ ਅਤੇ ਉਹ ਸਦਾ ਸਥਿਰ ਪ੍ਰਭੂ ਦਾ ਹੀ ਸਦਾ ਨਿਹਚਲ ਰਾਜ ਹੈ। ਉਸ ਅਕਾਲ ਪੁਰਖ ਰਾਜੇ ਦਾ ਹੀ ਸਭ ਉਪਰ ਹੁਕਮ ਚਲਦਾ ਹੈ। ਅਸਲ ਸੱਚਾ ਨਿਆਂਕਾਰ ਰਾਜਾ ਪ੍ਰਮਾਤਮਾ ਹੀ ਹੈ। ਇਨ੍ਹਾਂ ਉਪਰੋਕਤ ਰਾਜਿਆਂ ਦੇ ਜ਼ੁਲਮ ਦੀ ਗੱਲ ਕਰੀਏ ਤਾਂ ਇਨ੍ਹਾਂ ਨੇ ਜ਼ੁਲਮ ਦੀ ਹੱਦ ਹੀ ਟਪਾ ਦਿੱਤੀ ਸੀ। ਸੰਸਾਰ ਅੰਦਰ ਅਨੰਤ ਹੀ ਜ਼ਾਲਮ ਰਾਜੇ ਹੋਏ ਹਨ।

ਜੇ ਅਸੀਂ ਆਪਣੇ ਦੇਸ਼ ਦੇ ਪੁਰਾਣਿਕ ਇਤਿਹਾਸ ਨੂੰ ਲਈਏ ਤਾਂ ਰਾਵਣ, ਕੰਸ, ਦੁਰਯੋਧਨ ਦੇ ਜ਼ੁਲਮ ਨਾਲ ਅਸਮਾਨ ਕੰਬਦਾ ਦਿੱਸਦਾ ਹੈ। ਕਿਉਂਕਿ ਜਦ ਵੀ ਕੋਈ ਬਾਦਸ਼ਾਹ ਜ਼ਾਲਮ ਅਤਿਅੰਤ ਸ਼ਕਤੀਸ਼ਾਲੀ ਬਣ ਜਾਂਦਾ ਹੈ ਤਾਂ ਉਸ ਦੇ ਆਲੇ-ਦੁਆਲੇ ਜੀ-ਹਜ਼ੂਰੀਆਂ ਦੀ ਜਮਾਤ ਇਕੱਠੀ ਹੋ ਜਾਂਦੀ ਹੈ। ਇਨ੍ਹਾਂ ਵਿਚ ਆਮ ਸਾਧਾਰਨ ਲੋਕੀ ਤਾਂ ਹੁੰਦੇ ਹੀ ਹਨ, ਪਰ ਬੜੇ-ਬੜੇ ਕਲਮ ਦੇ ਧਨੀ, ਦੈਵੀ ਲੇਖਕ ਵੀ ਖ਼ੁਸ਼ਾਮਦੀਆ ਦੀ ਕਤਾਰ ਵਿਚ ਖੜੇ ਹੋ ਜਾਂਦੇ ਹਨ। ਸੱਤਾ ਦੇ ਮਿਲਦਿਆਂ ਹੀ ਹੁਕਮਰਾਨ ਦੇ ਅੰਦਰ ਇਕ ਕਠੋਰਤਾ ਜਨਮ ਲੈਂਦੀ ਹੈ ਤੇ ਹਾਕਮ ਨਾਲ ਸਿਰ ਮਾਰਨਾ ਪੱਥਰ ਨਾਲ ਸਿਰ ਮਾਰਨ ਦੇ ਸਮਾਨ ਹੁੰਦਾ ਹੈ। ਸੰਸਾਰ ਦੇ ਇਕ-ਤਿਹਾਈ ਰਾਜੇ ਮਹਾਰਾਜੇ ਬਾਦਸ਼ਾਹ ਲੁਟੇਰੇ ਸਨ ਜਾਂ ਲੁਟੇਰਿਆਂ ਦੀ ਸੰਤਾਨ ਸਨ। ਜਿਉਂ-ਜਿਉਂ ਇਨ੍ਹਾਂ ਲੁਟੇਰਿਆਂ ਦੀ ਤਾਕਤ ਵਧੀ, ਤਿਉਂ-ਤਿਉਂ ਇਨ੍ਹਾਂ ਦੀ ਲੁੱਟ ਤੇ ਜ਼ੁਲਮ ਵਿਚ ਵੀ ਰੱਜ ਕੇ ਵਾਧਾ ਹੋਇਆ। ਚੰਗੇਜ਼ ਖ਼ਾਨ, ਹਲਾਕੂ, ਨਾਦਰ ਸ਼ਾਹ ਤੇ ਹਿਟਲਰ ਦੇ ਜ਼ੁਲਮ, ਮੁਹੰਮਦ ਸ਼ਾਹ ਰੰਗੀਲਾ, ਜਹਾਂਗੀਰ ਤੇ ਰਾਜਿਸਥਾਨ ਦੇ ਰਜਵਾੜਿਆਂ ਦੀ ਅੱਯਾਸ਼ੀ ਤੇ ਰੋਮ ਦੇ ਬਾਦਸ਼ਾਹਾਂ ਦੀ ਬਹੁਤ ਖਾਣ ਪੀਣ ਦੀ ਵਾਦੀ ਇਨ੍ਹਾਂ ਕਾਲੀ ਕਰਤੂਤਾਂ ਨਾਲ ਇਤਿਹਾਸਕ ਗ੍ਰੰਥਾਂ ਦੇ ਪੰਨੇ ਕਾਲੇ ਹੋਏ ਪਏ ਹਨ। ਰਾਜੇ ਦਾ ਅੰਕੁਸ਼ ਤਾਂ ਸਾਰਿਆਂ 'ਤੇ ਸੀ, ਪਰ ਰਾਜੇ 'ਤੇ ਕੋਈ ਅੰਕੁਸ਼ ਨਹੀਂ ਸੀ। ਲੋਕਾਂ ਦੀ ਰਾਖੀ ਦੀ ਥਾਂ 'ਤੇ ਉਨ੍ਹਾਂ ਨੂੰ ਲੁੱਟਣਾ ਤੇ ਨਿੱਤ ਨਵੀਂ ਐਸ਼ੋ-ਇਸ਼ਰਤ ਵਾਸਤੇ ਲੋਕਾਂ ਦੀ ਅਸਮਤ 'ਤੇ ਹੱਥ ਪਾਉਣਾ ਆਮ ਗੱਲ ਸੀ। ਬੇ-ਵੱਸ ਹੋਏ ਲੋਕੀਂ ਰਾਜੇ ਨੂੰ ਨਿਹ-ਕਲੰਕ ਵੀ ਕਹਿ ਦੇਂਦੇ ਸਨ। ਧਰਮੀ ਰਾਜੇ ਦੀ ਗੱਲ ਕਰਨੀ ਹੋਵੇ ਤਾਂ ਅਸੀਂ ਮਹਾਰਾਜਾ ਰਣਜੀਤ ਸਿੰਘ ਜੀ ਦਾ ਨਾਮ ਲੈ ਸਕਦੇ ਹਾਂ। ਮਹਾਰਾਜਾ ਰਣਜੀਤ ਸਿੰਘ ਜੀ ਕਿਹੋ ਜਿਹੇ ਨਿਆਂਕਾਰੀ ਅਤੇ ਧਰਮੀ ਰਾਜੇ ਸਨ, ਇਹ ਸਾਖੀ ਪੜ੍ਹੋ :

## ਸਾਖੀ—ਮਹਾਰਾਜਾ ਰਣਜੀਤ ਸਿੰਘ ਜੀ ਦੀ

ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ੨ ਨਵੰਬਰ ਈ. ਸੰਨ ੧੭੮੦ ਨੂੰ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਜੀ ਦੇ ਘਰ ਬੀਬੀ ਰਾਜ ਕੌਰ ਦੀ ਕੁੱਖੋਂ ਪਿੰਡ ਗੁੱਜਰਾਂਵਾਲੇ ਹੋਇਆ। ਇਕ ਪ੍ਰਚੱਲਿਤ ਰਵਾਇਤ ਅਨੁਸਾਰ ਆਪ ਜੀ ਦਾ ਜਨਮ ਨਾਨਕੇ ਘਰ ਪਿੰਡ ਬਡਰੁਖਾਂ (ਜ਼ਿਲ੍ਹਾ ਸੰਗਰੂਰ) ਵਿਖੇ ਹੋਇਆ ਦੱਸਿਆ ਹੈ । ਬਚਪਨ ਵਿਚ ਚੇਚਕ ਦੇ ਨਿਕਲਣ ਕਰ ਕੇ ਇਨ੍ਹਾਂ ਦੀ ਖੱਬੀ ਅੱਖ ਜਾਂਦੀ ਰਹੀ ਸੀ। ਮਹਾਰਾਜਾ

ਰਣਜੀਤ ਸਿੰਘ ਜੀ ਦੀ ਬਚਪਨ ਵਿਚ ਹੀ ਸ਼ਸਤ੍ਰ-ਅਭਿਆਸ ਕਰਨ ਦੀ ਖ਼ਾਸ ਰੁਚੀ ਸੀ, ਜਿਸ ਕਰ ਕੇ ਆਪ ਜੀ ਚੰਗੇ ਸ਼ਸਤ੍ਰ ਤੇ ਅਸਤ੍ਰ ਚਲਾਉਣ ਵਿਚ ਪੂਰਨ ਨਿਪੁੰਨ ਸਨ। ਚੰਗੇ ਤੋਂ ਚੰਗੇ ਘੋੜੇ ਦੀ ਅਸਵਾਰੀ ਕਰ ਕੇ ਖ਼ੁਸ਼ ਹੁੰਦੇ ਸਨ। ਦਸ ਸਾਲ ਦੀ ਉਮਰ ਵਿਚ ਆਪ ਜੀ ਨੇ ਉਸ ਸਮੇਂ ਯੁੱਧ ਵਿਚ ਹਿੱਸਾ ਲਿਆ, ਜਦੋਂ ਸਰਦਾਰ ਮਹਾਂ ਸਿੰਘ ਜੀ ਦਾ ਭੰਗੀ ਮਿਸਲ ਦੇ ਸਰਦਾਰਾਂ ਨਾਲ ਯੁੱਧ ਹੋਇਆ ਸੀ। ਇਨ੍ਹਾਂ ਦੀ ਸ਼ਾਦੀ ਸੰਨ ੧੭੯੬ ਈ. ਨੂੰ ਮਹਿਤਾਬ ਕੌਰ ਨਾਲ ਹੋਈ। ਮਹਿਤਾਬ ਕੌਰ ਦੇ ਪਿਤਾ ਦਾ ਨਾਮ ਸਰਦਾਰ ਗੁਰਬਖ਼ਸ਼ ਸਿੰਘ ਅਤੇ ਮਾਤਾ ਦਾ ਨਾਮ ਸਦਾ ਕੌਰ ਸੀ। ਸਰਦਾਰ ਗੁਰਬਖ਼ਸ਼ ਸਿੰਘ ਜੀ ਬਟਾਲੇ ਤੋਂ ਦੋ ਕੋਹ ਦੱਖਣ ਵੱਲ 'ਅਚਲ' ਦੇ ਮੈਦਾਨ ਵਿਚ, ਰਾਮਗੜ੍ਹੀਆ ਸ੍ਰ. ਜੱਸਾ ਸਿੰਘ ਤੇ ਸ਼ੁਕਰਚੱਕੀਆ ਸ੍ਰ. ਮਹਾਂ ਸਿੰਘ ਵੱਲੋਂ ਘਨੱਈਆ ਮਿਸਲ ਉਪਰ ਕੀਤੇ ਹਮਲੇ ਦਾ ਟਾਕਰਾ ਕਰਦਿਆਂ ਚੜ੍ਹਾਈ ਕਰ ਗਏ ਸਨ।

ਘਨੱਈਆ ਮਿਸਲ ਦੀ ਰਾਣੀ ਸਦਾ ਕੌਰ ਦੀ ਭਰਪੂਰ ਮਦਦ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੰਮਤ ਬਿਕ੍ਰਮੀ ੧੮੫੬, ਸੰਨ ੧੭੯੯ ਈ. ਨੂੰ ਲਾਹੌਰ ਉੱਤੇ ਕਬਜ਼ਾ ਕੀਤਾ। ਸੰਮਤ ਬਿਕ੍ਰਮੀ ੧੮੫੮ ਸੰਨ ੧੮੦੧ ਈ. ੧੨ ਅਪ੍ਰੈਲ ਵਿਸਾਖੀ ਵਾਲੇ ਦਿਨ ਆਪ ਨੂੰ ਕੌਮ ਵੱਲੋਂ 'ਮਹਾਰਾਜਾ' ਪਦ ਦੇ ਕੇ ਸਨਮਾਨਿਆ ਗਿਆ। (ਖ਼ਾਲਸਾ ਰਾਜ ਦੇ ਉਸਰੱਈਏ, ਪੰਨਾ ੨੮)

ਵਿਸਾਖੀ ਵਾਲੇ ਦਿਨ ਲਾਹੌਰ ਵਿਚ ਖ਼ਾਲਸੇ ਦੇ ਸਜੇ ਦਰਬਾਰ ਅੰਦਰ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ-ਤਿਲਕ ਲਗਾਉਣਾ ਕੀਤਾ।

(ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਅੰਗ ੧484)

ਮਹਾਰਾਜਾ ਸਾਹਿਬ ਨੇ ਆਪਣੀ ਸੂਰਵੀਰਤਾ, ਦੂਰਦਰਸ਼ਤਾ ਤੇ ਸੁਚੱਜੇ ਢੰਗ ਨਾਲ ਜਿਸ ਪਾਸੇ ਨੂੰ ਵੀ ਕਦਮ ਵਧਾਏ, ਕਾਮਯਾਬੀ ਨੇ ਆਪ ਜੀ ਦੇ ਪੈਰ ਚੁੰਮੇ। ਲਾਹੌਰ 'ਤੇ ਕਬਜ਼ਾ ਕਰਨ ਤੋਂ ਮਗਰੋਂ ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ ਵੱਲ ਨੂੰ ਵਧਣਾ ਸ਼ੁਰੂ ਕੀਤਾ। ਸਹਿਜੇ-ਸਹਿਜੇ ਜਿੱਤ ਪ੍ਰਾਪਤ ਕਰ ਕੇ ਤਿੱਬਤ ਤੋਂ ਸਿੰਧ ਅਤੇ ਸਤਲੁਜ ਤੋਂ ਖ਼ੈਬਰ ਤੱਕ ਆਪਣਾ ਰਾਜ ਕਾਇਮ ਕੀਤਾ।

ਮਹਾਰਾਜਾ ਸਾਹਿਬ ਨੇ ਮੁਲਕੀ ਪ੍ਰਬੰਧ ਸੋਹਣੇ ਢੰਗ ਨਾਲ ਚਲਾਉਣ ਲਈ ਆਪਣੇ ਰਾਜ ਨੂੰ ਚਾਰ ਸੂਬਿਆਂ ਵਿਚ ਵੰਡ ਦਿੱਤਾ ਸੀ : (੧) ਸੂਬਾ ਲਾਹੌਰ (੨) ਸੂਬਾ ਮੁਲਤਾਨ (੩) ਸੂਬਾ ਕਸ਼ਮੀਰ (੪) ਸੂਬਾ ਪਿਸ਼ਾਵਰ। ਇਨ੍ਹਾਂ ਸੂਬਿਆਂ ਦੇ ਪ੍ਰਬੰਧ ਨੂੰ ਅੱਗੋਂ ਇਕ ਸੂਬੇ ਨੂੰ ਪ੍ਰਗਣਿਆਂ (ਜ਼ਿਲ੍ਹਿਆਂ) ਵਿਚ ਅਤੇ ਇਕ ਜ਼ਿਲ੍ਹੇ ਨੂੰ ਤਹਿਸੀਲਾਂ ਵਿਚ ਵੰਡ ਕੇ ਹਰ ਇਕ ਤਹਿਸੀਲ ਵਿਚ ਲਗਭਗ ੧੦੦ ਪਿੰਡਾਂ ਦਾ ਇਲਾਕਾ ਰੱਖਿਆ ਸੀ। ਸੂਬੇ ਦੇ ਵੱਡੇ ਹਾਕਮ ਦਾ ਨਾਮ ਗਵਰਨਰ ਹੁੰਦਾ ਸੀ।

ਖ਼ਾਲਸਾ ਰਾਜ ਸਮੇਂ ਚੋਰੀਆਂ ਡਾਕੇ ਹੋਣੇ ਬਿਲਕੁਲ ਹੀ ਬੰਦ ਸਨ। ਪਰਜਾ ਦਾ ਹਰ ਇਕ ਆਦਮੀ ਆਪਣੀ ਫ਼ਰਿਆਦ ਸਿੱਧੀ ਮਹਾਰਾਜਾ ਸਾਹਿਬ ਪਾਸ ਪਹੁੰਚਾ ਸਕਦਾ ਸੀ। ਕਿਲ੍ਹੇ ਦੇ ਦਰਵਾਜ਼ੇ ਦੇ ਬਾਹਰ ਇਕ ਸੰਦੂਕੜੀ ਹੁੰਦੀ ਸੀ, ਜਿਸ ਵਿਚ ਫ਼ਰਿਆਦੀ ਆਪਣੀ ਦਰਖ਼ਾਸਤ ਆਪ ਪਾ ਸਕਦਾ ਸੀ। ਇਸ ਸੰਦੂਕੜੀ ਦੀ ਚਾਬੀ ਮਹਾਰਾਜਾ ਜੀ ਪਾਸ ਹੁੰਦੀ ਸੀ। ਫ਼ਰਿਆਦੀ ਨੂੰ ਸੱਦ ਕੇ ਉਸ ਦੀ ਪੂਰੀ ਗੱਲ ਸੁਣੀ

ਜਾਂਦੀ ਸੀ ਅਤੇ ਤੁਰੰਤ ਹੀ ਛੇਤੀ ਪੂਰੀ ਪੁੱਛ ਪੜਤਾਲ ਕੀਤੀ ਜਾਂਦੀ ਸੀ। ਮਹਾਰਾਜਾ ਸਾਹਿਬ ਪੂਰੇ-ਪੂਰੇ ਨਿਆਂਕਾਰੀ ਸਨ। ਖ਼ਾਲਸਾ ਰਾਜ ਸਮੇਂ ਕਿਸੇ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਂਦਾ ਸੀ।

ਪਿਸ਼ਾਵਰ ਦੇ ਗਵਰਨਰ ਨੇ ਅਮੀਰ ਚੰਦ ਦਾ ਘਰ ਜੰਗੀ ਲੋੜ ਦੇ ਪੂਰਾ ਕਰਨ ਲਈ ਫ਼ੌਜੀ ਹਾਤੇ ਵਿਚ ਮਿਲਾ ਲਿਆ ਤਾਂ ਇਸ ਗੱਲ ਦਾ ਮਹਾਰਾਜਾ ਸਾਹਿਬ ਨੂੰ ਪਤਾ ਲੱਗਿਆ। ਉਸ ਸਮੇਂ ਮਹਾਰਾਜਾ ਸਾਹਿਬ ਜੀ ਨੇ ੧੫੦੦੦ ਰੁਪਏ ਗਵਰਨਰ ਦੀ ਤਲਬ ਵਿਚੋਂ ਕੱਟ ਕੇ ਅਮੀਰ ਚੰਦ ਦਾ ਘਰ ਉਸੇ ਜਗ੍ਹਾ ਵਿਚ ਬਣਾ ਕੇ ਦਿੱਤਾ ਸੀ।

ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਅਚੁੱਕ ਸ਼ਰਧਾ ਸੀ। ਇਹ ਇਤਿਹਾਸਕ ਗਵਾਹੀ ਹੈ ਕਿ ਉਨ੍ਹਾਂ ਸਾਰੀ ਉਮਰ ਸ੍ਰੀ ਦਰਬਾਰ ਸਾਹਿਬ ਵੱਲ ਪਿੱਠ ਨਹੀਂ ਕੀਤੀ। ਜਿਥੇ ਬੈਠਦੇ, ਸੰਭਾਲ ਕਰਦਿਆਂ ਪੁੱਛ ਲੈਂਦੇ ਸਨ ਕਿ ਮੇਰੀ ਪਿੱਠ ਤਾਂ ਦਰਬਾਰ ਸਾਹਿਬ ਵੱਲ ਨਹੀਂ ਹੋ ਗਈ। ਮਗਰੋਂ ਇਕ ਕੁਰਸੀ ਵੀ ਬਣਵਾ ਲਈ ਸੀ ਜੋ ਆਪਣੇ ਆਪ ਮੁੜ ਜਾਂਦੀ ਸੀ ਅਤੇ ਮੂੰਹ ਸ੍ਰੀ ਦਰਬਾਰ ਸਾਹਿਬ ਵੱਲ ਹੋ ਜਾਂਦਾ ਸੀ। (ਖ਼ਾਲਸੇ ਦੀ ਵਾਸੀ, ਪੰਨਾ 277)

ਸਿੱਖ ਰਾਜ ਦੀ ਸਥਾਪਤੀ ਤੋਂ ਹੀ ਜਲੌ ਦਾ ਇਤਿਹਾਸ ਆਰੰਭ ਹੁੰਦਾ ਹੈ। ਉਸ ਤੋਂ ਪਹਿਲਾਂ ਦੀ ਕੋਈ ਵਡਮੁੱਲੀ ਵਸਤੂ ਨਹੀਂ ਹੈ। ਸਿੱਖ ਰਾਜ ਦੇ ਆਉਣ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਨੂੰ ਸੁਨਹਿਰੀ ਕੀਤਾ ਗਿਆ ਤੇ ਸੰਗਮਰਮਰ ਨਾਲ ਸਜਾਇਆ ਗਿਆ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨ ਚਮਕਣ ਲੱਗੀ ਤਾਂ ਸਿੱਖ ਸਰਦਾਰਾਂ ਅਤੇ ਰਾਜਿਆਂ ਵੱਲੋਂ ਵਡਮੁੱਲੇ ਪਦਾਰਥਾਂ ਦੇ ਚੜ੍ਹਾਵੇ ਚੜ੍ਹਨ ਲੱਗੇ ਸਨ, ਪਰ ਸਭ ਤੋਂ ਵੱਧ ਕੀਮਤੀ ਵਡਮੁੱਲਾ ਤੇ ਵਧੇਰੇ ਮਾਤਰਾ ਵਿਚ ਜਲੌ ਦਾ ਸਾਮਾਨ ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਹੀ ਸਮੇਂ-ਸਮੇਂ ਸਿਰ ਭੇਟਾ ਕੀਤਾ ਜਾਂਦਾ ਰਿਹਾ ਹੈ।

ਗੂੜ੍ਹੇ ਲਾਲ ਰੰਗ ਦੀ ਮਖ਼ਮਲ ਦੀ ਬਣੀ ਹੋਈ ਇਕ ਬਹੁਤ ਹੀ ਸੁੰਦਰ ਕੀਮਤੀ ਚਾਨਣੀ ਸੀ ਜਿਸ ਉੱਪਰ ਸੁਨਹਿਰੀ ਤਿੱਲੇ ਨਾਲ ਬਹੁਤ ਚੰਗੀ ਕਾਰੀਗਰੀ ਦੁਆਰਾ ਸੁੰਦਰ ਕਢਾਈ ਕੀਤੀ ਹੋਈ ਸੀ। ਰੰਗ-ਬਰੰਗੇ ਵਡਮੁੱਲੇ ਮੋਤੀਆਂ ਦੀਆਂ ਝਾਲਰਾਂ ਸਨ ਤੇ ਕੀਮਤੀ ਰਤਨ ਜੜ੍ਹੇ ਹੋਏ ਸਨ। ਕੱਪੜੇ ਦੀ ਕੋਈ ਜਗ੍ਹਾ ਖ਼ਾਲੀ ਨਹੀਂ ਸੀ, ਜਿਥੇ ਕਿ ਕਢਾਈ ਨਾ ਕੀਤੀ ਹੋਵੇ ਜਾਂ ਮੋਤੀ ਜਾਂ ਕੀਮਤੀ ਰਤਨ ਨਾ ਜੜ੍ਹਿਆ ਹੋਵੇ। ਵਿਚਕਾਰ ਸੁੰਦਰ ਕੀਮਤੀ ਹੀਰੇ ਤੇ ਰਤਨ ਵੀ ਜੜ੍ਹੇ ਹੋਏ ਸਨ। ਉਸ ਸਮੇਂ ਇਸ ਦੀ ਕੀਮਤ ਇਕ ਲੱਖ ਰੁਪਏ ਤੋਂ ਘੱਟ ਨਹੀਂ ਸੀ।

ਇਹ ਚਾਨਣੀ ਰਿਆਸਤ ਹੈਦਰਾਬਾਦ ਦੱਖਣ ਦੇ ਮੁਸਲਮਾਨ ਨਜ਼ਾਮ ਦੀਨ ਵੱਲੋਂ ਮਿੱਤ੍ਰਤਾ ਦੀ ਨਿਸ਼ਾਨੀ ਦੇ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਭੇਟ ਕੀਤੀ ਗਈ ਸੀ। ਰੀਪੋਰਟ ਸ੍ਰੀ ਦਰਬਾਰ ਸਾਹਿਬ, (ਪੰਨਾ ੪੩) ਅਨੁਸਾਰ ਮਹਾਰਾਜਾ ਸਾਹਿਬ ਜੀ ਨੇ ਇਸ ਨੂੰ ਰਾਮ ਬਾਗ਼ ਵਿਖੇ ਲਵਾਇਆ ਤੇ ਹੇਠਾਂ ਬੈਠ ਕੇ ਜਦ ਉਪਰ ਨਿਗਾਹ ਮਾਰੀ ਤਾਂ ਚਾਨਣੀ ਦੀ ਸੁੰਦਰਤਾ, ਸ਼ਾਨ, ਚਮਕ-ਦਮਕ ਤੇ ਉਸ ਨੂੰ ਬੇ-ਕੀਮਤੀ ਦੇਖ ਕੇ ਕਹਿਣ ਲੱਗੇ ਕਿ ਇਹ ਚਾਨਣੀ ਵਡਮੁੱਲੀ ਸੁਗਾਤ ਤਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ

ਦਰਬਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਲਾਇਕ ਹੈ। ਮੈਂ ਇਸ ਨੂੰ ਵਰਤਣ ਦਾ ਹੱਕ ਨਹੀਂ ਰੱਖਦਾ। ਉਸੇ ਵੇਲੇ ਚਾਨਣੀ ਉਤਰਵਾ ਕੇ ਮਹਾਰਾਜਾ ਰਣਜੀਤ ਸਿੰਘ ਜੀ ਆਪ ਚਾਨਣੀ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਮੈਂ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੀ ਭੇਟਾ ਕਰਨ ਆਇਆ ਹਾਂ ਤਾਂ ਜੱਥੇਦਾਰ ਸਾਹਿਬ ਨੇ ਹੁਕਮ ਕੀਤਾ ਕਿ ਜਿਹੜੀ ਵਸਤੂ ਕਿਸੇ ਮਨੁੱਖ ਦੀ ਵਰਤੀ ਹੋਵੇ, ਉਹ ਗੁਰੂ ਜੀ ਦੀ ਭੇਟਾ ਨਹੀਂ ਚੜ੍ਹ ਸਕਦੀ। ਜੇ ਆਪ ਨੇ ਇਹ ਗੁਰੂ ਦੀ ਭੇਟਾ ਕਰਨੀ ਸੀ ਤਾਂ ਫਿਰ ਆਪ ਕਿਉਂ ਇਸ ਦੇ ਹੇਠ ਬੈਠੇ ? ਮਹਾਰਾਜਾ ਸਾਹਿਬ ਨੇ ਹੱਥ ਜੋੜ ਕੇ ਆਪਣੇ ਵੱਲੋਂ ਹੋਈ ਸਖ਼ਤ ਗ਼ਲਤੀ ਦੀ ਮੁਆਫ਼ੀ ਮੰਗੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਹਾਰਾਜੇ ਨੂੰ ਦੋ ਪਿੰਡ ਸ੍ਰੀ ਦਰਬਾਰ ਸਾਹਿਬ ਦੇ ਨਾਮ ਲੁਆਉਣ ਦੀ ਤਨਖ਼ਾਹ ਲਾ ਕੇ ਬਖ਼ਸ਼ ਦਿੱਤਾ ਗਿਆ ਤੇ ਚਾਨਣੀ ਰੱਖ ਲਈ ਗਈ।

ਮਹਾਰਾਜਾ ਸਾਹਿਬ ਨੇ ਪਿੰਡ ਭਨੌੜੀ, ਜ਼ਿਲ੍ਹਾ ਕਾਂਗੜਾ ਅਤੇ ਪਿੰਡ ਨਰੈਣਪੁਰ, ਜ਼ਿਲ੍ਹਾ ਗੁਰਦਾਸਪੁਰ ਸਦਾ ਲਈ ਇਸ ਤਨਖ਼ਾਹ ਵਜੋਂ ਦਰਬਾਰ ਸਾਹਿਬ ਦੇ ਨਾਮ ਜਗੀਰ ਲਗਵਾ ਦਿੱਤੀ ਜੋ ਹੁਣ ਤੱਕ ਵੀ ਜਾਰੀ ਹੈ।

ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਮੁਆਫ਼ੀ ਮੰਗ ਲਈ ਤੇ ਲੱਗੀ ਤਨਖ਼ਾਹ ਵੀ ਪੂਰੀ ਕਰ ਦਿੱਤੀ, ਪਰ ਫਿਰ ਵੀ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਨਹੀਂ ਲਗਵਾਈ ਗਈ। ਹਾਂ, ਇਤਨਾ ਜ਼ਰੂਰ ਹੈ ਕਿ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਖ਼ਜ਼ਾਨੇ ਉਪਰ ਲੱਗਦੀ ਰਹੀ। ਕਿਹਾ ਜਾਂਦਾ ਹੈ ਕਿ ਜਦ ਲਾਰਡ ਕਰਜ਼ਨ ਭਾਰਤ ਆਇਆ ਤਾਂ ਉਸ ਨੂੰ ਕਿਸੇ ਰਾਜੇ ਨੇ ਇਹੋ ਜਿਹੀ ਚਾਨਣੀ ਭੇਟਾ ਕੀਤੀ। ਜਦ ਉਸ ਨੇ ਵਲੈਤ ਜਾ ਕੇ ਦਿਖਾਈ ਤਾਂ ਉਥੇ ਅਫ਼ਵਾਹ ਫੈਲ ਗਈ ਕਿ ਇਹ ਸ੍ਰੀ ਦਰਬਾਰ ਸਾਹਿਬ ਦੀ ਚਾਨਣੀ ਹੈ, ਪਿੱਛੋਂ ਇਸ ਅਫ਼ਵਾਹ ਦਾ ਖੰਡਨ ਹੋ ਗਿਆ।

ਪ੍ਰਿੰਸ ਆਫ਼ ਵੇਲਜ਼ ਦੇ ਅੰਮ੍ਰਿਤਸਰ ਆਉਣ ਸਮੇਂ ਉਸ ਵੇਲੇ ਦੇ ਸਰਬਰਾਹ ਨੇ ਇਹ ਚਾਨਣੀ ਘੰਟਾ-ਘਰ ਦੇ ਕੋਲ ਲਗਵਾਈ ਤੇ ਇਸ ਹੇਠ ਕੁਰਸੀਆਂ ਡਾਹ ਕੇ ਪ੍ਰਿੰਸ ਆਫ਼ ਵੇਲਜ਼, ਡੀ.ਸੀ. ਤੇ ਹੋਰ ਅਫ਼ਸਰ ਬੈਠੇ ਤੇ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਸਿੰਘ ਸਾਹਿਬਾਨ, ਗ੍ਰੰਥੀ ਸਿੰਘਾਂ ਤੇ ਪੁਜਾਰੀਆਂ ਨੇ ਇਸ ਦੀ ਵਿਰੋਧਤਾ ਕੀਤੀ, ਪਰ ਸਰਬਰਾਹ ਨੇ ਉਹਨਾਂ ਦੀ ਇਕ ਨਾ ਸੁਣੀ। ਉਸ ਦਿਨ ਤੋਂ ਬਾਅਦ ਫਿਰ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਖ਼ਜ਼ਾਨੇ ਉੱਪਰ ਲਾਉਣੀ ਭੀ ਬੰਦ ਕਰ ਦਿੱਤੀ ਗਈ। ਲੱਕੜ ਦੇ ਸ਼ੀਸ਼ਿਆਂ ਦਾ ਇਕ ਬਕਸਾ ਬਣਾ ਕੇ ਚਾਨਣੀ ਨੂੰ ਤਹਿ ਕਰ ਕੇ ਦਰਸ਼ਨਾਂ ਹਿਤ ਬਕਸੇ ਵਿਚ ਇਕ ਡੰਡੇ ਉਪਰ ਲਟਕਾ ਦਿੱਤੀ ਗਈ। ਜ਼ਿਆਦਾ ਪੁਰਾਣੀ ਹੋਣ ਕਰ ਕੇ ਫਿਰ ਇਸ ਚਾਨਣੀ ਨੂੰ ਵਿਖਾਉਣ ਵਾਸਤੇ ਨਹੀਂ ਸੀ ਕੱਢਿਆ ਜਾਂਦਾ, ਕਿਉਂਕਿ ਐਸਾ ਕਰਨ ਨਾਲ ਮੋਤੀ, ਹੀਰੇ ਤੇ ਰਤਨ ਹੱਥ ਲੱਗੇ ਹੀ ਕਿਰ-ਕਿਰ ਪੈਂਦੇ ਸਨ।

੪, ੫ ਤੇ ੬ ਜੂਨ ੧੯੮੪ ਈ. ਦੇ ਨੀਲਾ ਤਾਰਾ ਘੱਲੂਘਾਰੇ ਸਮੇਂ ਭਾਰਤੀ ਫ਼ੌਜ ਵੱਲੋਂ ਟੈਂਕਾਂ ਦਾ ਗੋਲਾ ਵੱਜ ਕੇ ਇਹ ਚਾਨਣੀ ਸੜ ਕੇ ਸੁਆਹ ਹੋ ਗਈ। ਜਲੋਂ ਦਾ ਬਾਕੀ ਸਾਮਾਨ ਲੋਹੇ ਦੇ ਸ਼ਟਰ ਵਿਚ ਬੰਦ ਹੋਣ

ਕਰ ਕੇ ਬਚ ਗਿਆ। ਚਾਨਣੀ ਦੀ ਰਾਖ ਬੋਰੀਆਂ ਵਿਚ ਪਾ ਕੇ ਤੋਸ਼ੇਖ਼ਾਨੇ ਵਿਚ ਰੱਖੀ ਹੋਈ ਹੈ। ਬਹੁਤ ਕੀਮਤੀ ਸੁੱਚੇ ਮੋਤੀਆਂ ਦਾ ਜੜਾਊ ਸੇਹਰਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਸਪੁੱਤਰ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਵਿਆਹ ਦੇ ਸਮੇਂ ਇਕ ਲੱਖ, ਬੱਤੀ ਹਜ਼ਾਰ ਚਾਰ ਸੌ (੧੩੨੪੦੦) ਰੁਪਏ ਦਾ ਬਣਵਾਇਆ ਸੀ। ਇਸ ਵਿਚ ੧੦੮ ਸੁੱਚੇ ਮੋਤੀ ਹਨ, ਜਿਨ੍ਹਾਂ ਦਾ ਮੁੱਲ ਉਸ ਸਮੇਂ ਇਕ ਲੱਖ ਰੁਪਏ ਸੀ। ਇਸ ਦੀਆਂ ਪੈਂਤੀ ਲੜੀਆਂ ਹਨ। ਸ਼ਹਿਜ਼ਾਦਾ ਸ਼ੇਰ ਸਿੰਘ ਨੇ ਸੁੰਦਰ ਕੀਮਤੀ ਸੇਹਰਾ ਇਹ ਕਹਿ ਕੇ ਨਹੀਂ ਬੰਨ੍ਹਿਆ ਕਿ ਇਸ ਦੇ ਮੈਂ ਲਾਇਕ ਨਹੀਂ ਹਾਂ, ਇਹ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਦਰਬਾਰ ਸਾਹਿਬ ਵਿਚ ਹੀ ਸੋਭਾ ਪਾਵੇਗਾ। ਸ਼ਹਿਜ਼ਾਦੇ ਨੇ ਆਪ ਆ ਕੇ ਸ੍ਰੀ ਦਰਬਾਰ ਸਾਹਿਬ ਭੇਟਾ ਕੀਤਾ ਸੀ। ਸੁਨਹਿਰੀ ਮੁੱਠ ਤੇ ਠੋਕਰ ਵਾਲੀ ਇਕ ਤਲਵਾਰ ਮਹਾਰਾਜਾ ਰਣਜੀਤ ਸਿੰਘ ਜੀ ਦੀ ਹੈ। ਇਸ ਤਲਵਾਰ ਦੀ ਮੁੱਠ ਸੋਨੇ ਦੀ ਹੈ ਅਤੇ ਇਸ ਵਿਚ ਹੀਰੇ ਜੜ੍ਹੇ ਹੋਏ ਹਨ।

ਸੁਨਹਿਰੀ ਪੱਤਰੇ ਤੇ ਚਿੱਤ੍ਰਕਾਰੀ ਸਹਿਤ ਚਾਰ ਜੋੜੀਆਂ ਹਨ, ਭਾਵ ਅੱਠ ਤਖ਼ਤੇ ਹਨ। ਇਕ ਜੋੜੀ ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ, ਦੂਜੀ ਮਹਾਰਾਜਾ ਖੜਕ ਸਿੰਘ ਜੀ ਦੀ ਮਾਤਾ ਵੱਲੋਂ, ਤੀਜੀ ਮਹਾਰਾਜਾ ਖੜਕ ਸਿੰਘ ਜੀ ਵੱਲੋਂ, ਚੌਥੀ ਕੰਵਰ ਨੌਨਿਹਾਲ ਸਿੰਘ ਜੀ ਦੀ ਮਾਤਾ ਵੱਲੋਂ ਭੇਟ ਕੀਤੀਆਂ ਗਈਆਂ ਹਨ। ਹੁਣ ਇਹ ਸੁਨਹਿਰੀ ਜੋੜੀਆਂ ਗੁਰਪੁਰਬ ਸਮੇਂ ਜਲੌ ਸਜਾਉਣ ਸਮੇਂ ਲਗਾਈਆਂ ਜਾਂਦੀਆਂ ਹਨ।

ਇਹ ਸਾਰੀਆਂ ਬਹੁ-ਮੁੱਲੀਆਂ ਵਸਤੂਆਂ ਸਮੇਂ-ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭੇਟਾ ਕੀਤੀਆਂ ਹਨ। ਇਨ੍ਹਾਂ ਦੀ ਗੁਰਦੁਆਰਿਆਂ ਪ੍ਰਤੀ ਅਥਾਹ ਸ਼ਰਧਾ ਸੀ। ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਖ਼ਾਲਸਾ ਰਾਜ ਸਮੇਂ ਹੀ ਗੁਰਦੁਆਰਿਆਂ ਦੇ ਲੰਗਰ ਤੇ ਸੇਵਾ ਸੰਭਾਲ ਵਾਸਤੇ ਜਾਇਦਾਦਾਂ ਲਗਾਈਆਂ ਗਈਆਂ ਹਨ। ਇਕ ਪ੍ਰਚਿੱਲਤ ਗਾਥਾ ਅਨੁਸਾਰ ਇਕ ਵਾਰ ਮਹਾਰਾਜਾ ਜੀ ਸ਼ਾਮਾਂ ਦੇ ਸਮੇਂ ਹਜ਼ੂਰ ਸਾਹਿਬ ਪਹੁੰਚੇ। ਉਥੇ ਰਾਤ ਨੂੰ ਦਸਮੇਸ਼ ਜੀ ਦੇ ਦਰਬਾਰ ਸਾਹਿਬ ਅੰਦਰ ਹਨੇਰਾ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਅੰਦਰ ਜਲ ਭਰ ਆਇਆ ਤੇ ਆਪਣੇ ਆਪ ਨੂੰ ਅੰਦਰੋਂ ਅੰਦਰੀਂ ਲਾਹਨਾਤਾਂ ਪਾਵਣ ਲੱਗੇ ਕਿ ਜਿਸ ਕਲਗੀਧਰ ਨੇ ਰਣਜੀਤ ਸਿੰਘ ਤੈਨੂੰ ਰਾਜ ਭਾਗ ਬਖ਼ਸ਼ਿਆ ਹੈ, ਉਸ ਸਤਿਗੁਰੂ ਦੇ ਅਸਥਾਨ 'ਤੇ ਹਨੇਰਾ ਹੋਵੇ ਤੇ ਤੇਰੇ ਮਹਿਲਾਂ ਅੰਦਰ ਰੌਸ਼ਨੀ, ਧਿਰਕਾਰ ਹੈ ਤੇਰੇ ਜੀਵਨ ਨੂੰ। ਇਸ ਤਰ੍ਹਾਂ ਕਹਿੰਦਿਆਂ ਉੱਚੀ ਉੱਚੀ ਰੋਣ ਲੱਗ ਪਏ ਅਤੇ ਸਹਿਜ ਨਾਲ ਗੁਰਦੇਵ ਦੇ ਅਸਥਾਨ 'ਤੇ ਜੋ ਸੇਵਕ ਸੇਵਾ ਕਰਦਾ ਸੀ, ਉਸ ਪਾਸੋਂ ਹਨੇਰੇ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ, ਜੀ ਕੋਈ ਆਮਦਨ ਦਾ ਸਾਧਨ ਨਹੀਂ ਹੈ, ਸੰਗਤਾਂ ਘੱਟ ਆਉਂਦੀਆਂ ਹਨ, ਇਸੇ ਕਰ ਕੇ ਪਾਵਨ ਅਸਥਾਨ ਦੀ ਇਮਾਰਤ ਵੀ ਕੋਈ ਬਣੀ ਨਹੀਂ। ਇਕ ਪ੍ਰਚਲਿਤ ਕਹਾਵਤ ਹੈ, ਇਤਿਹਾਸ ਅੰਦਰ ਕਿਤੇ ਇਹ ਪ੍ਰਸੰਗ ਨਹੀਂ ਆਇਆ। ਕਹਿੰਦੇ ਹਨ ਕਿ ਉਸ ਸਮੇਂ ਸੇਵਾਦਾਰ ਨੇ ਕਿਹਾ, ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ ਕਿ ਜੋ ਮੇਰਾ ਇਥੇ ਅਸਥਾਨ ਬਣਾਏਗਾ, ਉਸ ਦਾ ਕੁਝ ਨਹੀਂ ਰਹੇਗਾ। ਕਹਿੰਦੇ ਹਨ, ਮਹਾਰਾਜਾ ਜੀ ਨੇ ਸੁਣ ਕੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਥੋਂ ਸਾਰਾ ਸਰਬੰਸ ਵਾਰ ਦਿੱਤਾ। ਚਾਰੇ ਸਾਹਿਬਜ਼ਾਦੇ, ਦੋ ਸਰਹੰਦ ਦੀਆਂ ਨੀਹਾਂ ਅੰਦਰ,

ਦੋ ਚਮਕੌਰ ਦੀ ਗੜ੍ਹੀ ਅੰਦਰ ਸ਼ਹੀਦ ਕਰਾ ਲਏ। ਪਿਤਾ ਗੁਰੂ ਤੇਗ਼ ਬਹਾਦਰ ਜੀ ਨੇ ਚਾਂਦਨੀ ਚੌਕ ਅੰਦਰ ਸੀਸ ਦੇ ਦਿੱਤਾ। ਜਿਸ ਗੁਰੂ ਨੇ ਸਾਥੋਂ ਸਭ ਕੁਝ ਕੁਰਬਾਨ ਕਰ ਦਿੱਤਾ ਹੈ, ਉਸ ਗੁਰੂ ਦਾ ਸੇਵਕ ਰਣਜੀਤ ਸਿੰਘ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸਥਾਨ ਦੀ ਸੇਵਾ ਕਰਾਏਗਾ, ਮੇਰਾ ਭਾਵੇਂ ਕੁਝ ਨਾ ਰਹੇ। ਮਹਾਰਾਜਾ ਜੀ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤਖ਼ਤ ਸਾਹਿਬ ਦੀ ਸੇਵਾ ਕਰਵਾਈ ਅਤੇ ਉਸ ਅਸਥਾਨ ਦੇ ਨਾਮ ਜਾਇਦਾਦ ਲਗਵਾਈ ਲੰਗਰ ਤੇ ਸੇਵਾ ਸੰਭਾਲ ਕਰਨ ਵਾਸਤੇ। ਇਸ ਤਰ੍ਹਾਂ ਦੀ ਭਾਵਨਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਮਨ ਵਿਚ ਸੀ ਗੁਰੂਆਂ ਪ੍ਰਤੀ ਤੇ ਗੁਰੂ ਸਾਹਿਬਾਨ ਦੇ ਆਸਣ ਗੁਰਦੁਆਰਿਆਂ ਪ੍ਰਤੀ। ਮਹਾਰਾਜਾ ਰਣਜੀਤ ਸਿੰਘ ਜੀ ਮਹਾਨ ਦਾਨੀ ਸਨ, ਜਿਸ ਕਰ ਕੇ ਜਨਤਾ ਆਪ ਜੀ ਨੂੰ ਪਾਰਸ ਕਹਿ ਕੇ ਸੱਦਦੀ ਸੀ।

ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਲਿਖਿਆ ਹੈ ਕਿ ਇਕ ਵਾਰ ਮਹਾਰਾਜਾ ਸਾਹਿਬ ਜੀ ਦੀ ਸਵਾਰੀ ਲਾਹੌਰ ਸ਼ਹਿਰ ਵਿਚੋਂ ਦੀ ਲੰਘ ਰਹੀ ਸੀ ਤਾਂ ਇਕ ਬਿਰਧ ਮਾਈ ਦੌੜੀ ਆਈ, ਜਿਸ ਦੇ ਹੱਥ ਵਿਚ ਇਕ ਲੋਹੇ ਦਾ ਭਾਰੀ ਤਵਾ ਫੜਿਆ ਸੀ। ਇਹ ਮਾਈ ਬੜੇ ਹੱਠ ਨਾਲ ਦਰਸ਼ਕਾਂ ਦੇ ਇਕੱਠ ਨੂੰ ਤੇਜ਼ੀ ਨਾਲ ਲੰਘਦੀ ਹੋਈ ਸ਼ੇਰੇ ਪੰਜਾਬ ਤੱਕ ਜਾ ਪਹੁੰਚੀ, ਪਰ ਇਥੇ ਇਸ ਮਾਈ ਨੂੰ ਚੋਬਦਾਰ ਨੇ ਸ਼ੇਰੇ ਪੰਜਾਬ ਪਾਸ ਜਾਣ ਤੋਂ ਰੋਕ ਦਿੱਤਾ। ਮਾਈ ਨੇ ਰੌਲਾ ਪਾਇਆ ਕਿ ਮੈਨੂੰ ਰੋਕਦੇ ਕਿਉਂ ਹੋ ? ਤਾਂ ਇਸ ਦੀ ਅਵਾਜ਼ ਸੁਣ ਕੇ ਮਹਾਰਾਜਾ ਸਾਹਿਬ ਨੇ ਘੋੜਾ ਰੋਕ ਕੇ ਕਿਹਾ ਕਿ ਅੰਮਾ, ਤੂੰ ਕੀ ਕਹਿਣਾ ਚਾਹੁੰਦੀ ਏਂ ? ਛੇਤੀ ਦੱਸ। ਕਹਿੰਦੇ ਹਨ ਕਿ ਮਾਈ ਇਸ ਸਮੇਂ ਹੋਰ ਅੱਗੇ ਹੋਈ ਤੇ ਜਾਂਦਿਆਂ ਹੀ ਆਪਣਾ ਕਾਲਾ ਤਵਾ ਮਹਾਰਾਜੇ ਦੇ ਪੈਰਾਂ ਨਾਲ ਮੱਲਣ ਲੱਗ ਪਈ। ਇਸ ਮਾਈ ਦੀ ਇਸ ਬੇ-ਅਦਬੀ ਨੂੰ ਕਰਮਚਾਰੀਆਂ ਨੇ ਮਹਾਰਾਜਾ ਦੀ ਹੱਤਕ ਸਮਝ ਕੇ ਮਾਈ ਨੂੰ ਧੱਕੇ ਮਾਰਨੇ ਚਾਹੇ, ਪਰ ਮਹਾਰਾਜਾ ਨੇ ਕਰਮਚਾਰੀਆਂ ਨੂੰ ਰੋਕ ਕੇ ਮਾਈ ਤੋਂ ਪੁੱਛਿਆ, ਅੰਮਾ ! ਇਹ ਤੂੰ ਕੀ ਕੀਤਾ ਹੈ ? ਅਗੋਂ ਮਾਈ ਬੜੀ ਸ਼ਰਧਾ ਨਾਲ ਬੋਲੀ ਤੇ ਕਿਹਾ ਕਿ ਸਰਕਾਰ ! ਲੋਕੀਂ ਆਖਦੇ ਹਨ ਕਿ ਸਾਡਾ ਮਹਾਰਾਜਾ ਪਾਰਸ ਹੈ ਅਤੇ ਪਾਰਸ ਨਾਲ ਲੋਹਾ ਛੋਹ ਜਾਏ ਤਾਂ ਸੋਨਾ ਹੋ ਜਾਂਦਾ ਹੈ, ਮੈਂ ਗ਼ਰੀਬਣੀ ਹਾਂ, ਆਪਣੇ ਬੁਢਾਪੇ ਦੇ ਗੁਜ਼ਾਰੇ ਲਈ ਆਪਣਾ ਲੋਹੇ ਦਾ ਤਵਾ ਸੋਨੇ ਦਾ ਬਣਾਉਣਾ ਚਾਹੁੰਦੀ ਹਾਂ, ਤਾਂ ਜੋ ਬਾਕੀ ਰਹਿੰਦਾ ਜੀਵਨ ਸੁੱਖੀ ਗੁਜ਼ਾਰਾਂ। ਮਹਾਰਾਜਾ ਜੀ ਇਹ ਸੁਣ ਕੇ ਅੱਗੋਂ ਖਿੜ-ਖਿੜ ਕਰ ਕੇ ਹੱਸ ਪਏ ਤੇ ਤੋਸ਼ਾਖ਼ਾਨੀਏ ਨੂੰ ਹੁਕਮ ਦਿੱਤਾ ਕਿ ਮਾਈ ਦੇ ਤਵੇ ਨਾਲ ਬਰਾਬਰ ਸੋਨਾ ਤੋਲ ਕੇ ਮਾਈ ਨੂੰ ਦੇ ਦੇਵੋ। ਉਸੇ ਵੇਲੇ ਹੁਕਮ ਦੀ ਪਾਲਣਾ ਕੀਤੀ ਗਈ ਤੇ ਮਾਈ ਅਸੀਸਾਂ ਦਿੰਦੀ ਘਰ ਨੂੰ ਚੱਲੀ ਗਈ।

(ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਲੇਖਕ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ, ਪੰਨਾ ੧੪੧)

ਪ੍ਰਿੰਸੀਪਲ ਸਤਬੀਰ ਸਿੰਘ ਜੀ ਲਿਖਦੇ ਹਨ :

**ਤਖਤ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।**

ਜੋ ਰਾਜਾ, ਸਰਕਾਰ ਇਨਸਾਫ਼ ਦੀ ਤੱਕੜੀ ਵਿਚ ਪਾਸਕੂ ਨਾ ਪੈਣ ਦੇਵੇ, ਉਹ ਹੀ ਅਸਲ ਵਿਚ ਰਾਜਾ

ਹੈ, ਸਰਕਾਰ ਹੈ। ਸਰਕਾਰ ਕੈਸੀ ਹੋਵੇ, ਇਸ ਦੀ ਇਕ ਝਾਕੀ ਸੁਣਨ ਨਾਲ ਸੰਬੰਧ ਰੱਖਦੀ ਹੈ। ਇਕ ਰਾਤ ਦੁਨੀਆਂ ਦੀ ਨਜ਼ਰ ਵਿਚ ਛੋਟੀ ਜਾਤ ਦੀ ਇਸਤਰੀ ਆਪਣੇ ਰੋਂਦੇ ਬੱਚੇ ਨੂੰ ਲੋਰੀ ਦੇ ਰਹੀ ਸੀ ਤਾਂਕਿ ਉਹ ਚੁਪ ਕਰ ਜਾਵੇ। ਲੋਰੀ ਦੇ ਅੱਖਰ ਇਹ ਸਨ :

**ਆਕੜ ਮੁੰਡਿਆ, ਆਕੜ। ਰਣਜੀਤ ਤੇਰਾ ਚਾਕਰ।**
**ਸਦਾ ਤੇਰੀ ਦਾਈ। ਮਹਿਤਾਬ ਕੌਰ ਦੌੜਦੀ ਆਈ।**

ਲੰਘਦੇ ਪਿਆਦੇ ਨੇ ਸ਼ਿਕਾਇਤ ਕੀਤੀ ਕਿ ਮਾਈ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਖ਼ਾਨਦਾਨ ਦੀ ਬੇਅਦਬੀ ਕਰ ਰਹੀ ਹੈ। ਸਰਕਾਰ ਨੂੰ ਚਾਕਰ, ਉਹਨਾਂ ਦੀ ਸੱਸ ਨੂੰ ਖਿਡਾਵੀ ਤੇ ਘਰਵਾਲੀ ਨੂੰ ਸੇਵਾਦਾਰਨੀ ਕਹਿ ਕੇ ਪੁਕਾਰਦੀ ਹੈ। ਜਦ ਉਸ ਔਰਤ ਨੂੰ ਦਰਬਾਰ ਵਿਚ ਪੇਸ਼ ਕੀਤਾ ਗਿਆ ਤਾਂ ਮਹਾਰਾਜਾ ਨੇ ਲੋਰੀ ਸੁਣਾਉਣ ਲਈ ਕਿਹਾ। ਉਸ ਨੇ ਝਿਜਕਦਿਆਂ ਝਿਜਕਦਿਆਂ ਲੋਰੀ ਸੁਣਾਈ ਤਾਂ ਤਖ਼ਤ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਥੱਲੇ ਆ ਗਏ ਤੇ ਕਹਿਣ ਲੱਗੇ—ਤੂੰ ਸਮਝੀ ਏਂ ਮਾਂ, ਅਸਲ ਵਿਚ ਸਰਕਾਰ ਕੈਸੀ ਹੋਣੀ ਚਾਹੀਦੀ ਹੈ। ਸਰਕਾਰ ਨੂੰ ਨੌਕਰ ਹੀ ਹੋਣਾ ਫੱਬਦਾ ਹੈ। ਜੋ ਸਰਕਾਰ ਮਾਲਕ ਬਣਨ ਦੀ ਕੋਸ਼ਿਸ਼ ਕਰਦੀ ਹੈ, ਉਹ ਸਰਕਾਰ ਨਹੀਂ। ਘਰ ਵਾਲਿਆਂ, ਸੰਬੰਧੀਆਂ, ਰਿਸ਼ਤੇਦਾਰਾਂ ਨੂੰ ਨਿਮਰਤਾ ਵਿਚ ਹੀ ਰਹਿਣਾ ਚਾਹੀਦਾ ਹੈ। ਧਨ ਦੀ ਥੈਲੀ ਦੇ ਕੇ ਉਸ ਔਰਤ ਨੂੰ ਵਿਦਾ ਕੀਤਾ ਸੀ।

(ਖ਼ਾਲਸੇ ਦੀ ਵਾਸੀ, ਪੰਨਾ 273)

ਇਕ ਵਾਰ ਮਹਾਰਾਜਾ ਰਣਜੀਤ ਸਿੰਘ ਜੀ ਜੇਹਲਮ ਦੇ ਇਲਾਕੇ ਵਿਚ ਪਿੰਡਾਂ ਦਾ ਦੌਰਾ ਕਰ ਰਹੇ ਸਨ। ਇਕ ਪਿੰਡ ਵਿਚ ਦੀ ਜਿਸ ਸਮੇਂ ਮਹਾਰਾਜਾ ਸਾਹਿਬ ਜੀ ਲੰਘਣ ਲੱਗੇ ਤਾਂ ਇਕ ਵੱਟਾ (ਰੋੜਾ) ਆ ਕੇ ਇਨ੍ਹਾਂ ਦੇ ਲੱਗਿਆ। ਨਾਲ ਦੇ ਸਿਪਾਹੀ ਸਾਰੇ ਭੈ ਭੀਤ ਹੋ ਗਏ ਕਿ ਰੋੜਾ ਕਿਸ ਨੇ ਮਾਰਿਆ ਹੈ। ਇਧਰ ਉਧਰ ਦੇਖਣ ਲੱਗੇ ਤਾਂ ਇਕ ਥੇਹ ਉੱਪਰ ਬੱਚੇ ਬੇਰੀ ਦੇ ਦਰੱਖ਼ਤ ਨੂੰ ਰੋੜੇ ਮਾਰਦੇ ਨਜ਼ਰ ਪਏ। ਸਿਪਾਹੀ ਬੱਚਿਆਂ ਨੂੰ ਪਕੜ ਕੇ ਮਹਾਰਾਜਾ ਸਾਹਿਬ ਪਾਸ ਲੈ ਗਏ। ਬੱਚੇ ਬਹੁਤ ਡਰ ਗਏ ਅਤੇ ਬੱਚਿਆਂ ਨੂੰ ਮਹਾਰਾਜਾ ਸਾਹਿਬ ਨੇ ਪੁੱਛਿਆ ਕਿ ਤੁਸੀਂ ਰੋੜਾ ਕਿਉਂ ਮਾਰਿਆ ਹੈ ? ਤਾਂ ਡਰਦੇ ਬੱਚੇ ਚੁੱਪ ਹੋ ਗਏ ਤੇ ਅੱਗੋਂ ਕੁਝ ਨਹੀਂ ਦੱਸਿਆ, ਪਰ ਮਹਾਰਾਜਾ ਜੀ ਨੇ ਪਿਆਰ ਨਾਲ ਬੱਚਿਆਂ ਨੂੰ ਪੁੱਛਿਆ ਤਾਂ ਇਕ ਬੱਚੇ ਨੇ ਦੱਸਿਆ, ਜੀ, ਇਸ ਨਾਲ ਦੇ ਬੱਚੇ ਨੇ ਰੋੜਾ ਮਾਰਿਆ ਤਾਂ ਤੁਹਾਡੇ ਆ ਕੇ ਵੱਜਿਆ ਹੈ। ਫਿਰ ਪਿਆਰ ਨਾਲ ਪੁੱਛਿਆ ਕਿ ਰੋੜਾ ਕਿਉਂ ਮਾਰਿਆ ਸੀ ? ਤਾਂ ਬੱਚਿਆਂ ਨੇ ਦੱਸਿਆ, ਜੀ ਅਸੀਂ ਬੇਰੀ ਤੋਂ ਬੇਰ ਝਾੜਨ ਵਾਸਤੇ ਰੋੜੇ ਮਾਰਦੇ ਸੀ। ਇਕ ਰੋੜਾ ਇਸ ਬੱਚੇ ਦਾ ਮਾਰਿਆ ਬੇਰੀ ਨੂੰ ਨਾ ਲੱਗਾ ਤੇ ਅੱਗੇ ਆ ਕੇ ਤੁਹਾਨੂੰ ਆ ਲੱਗਿਆ ਹੈ। ਮਹਾਰਾਜਾ ਰਣਜੀਤ ਸਿੰਘ ਜੀ ਨੇ ਸੋਚਿਆ ਕਿ ਜੜ੍ਹ ਦਰੱਖ਼ਤ ਰੋੜਾ ਖਾ ਕੇ ਮਿੱਠਾ ਫਲ ਦਿੰਦਾ ਹੈ, ਮਨਾਂ ! ਤੈਨੂੰ ਤਾਂ ਕਲਗੀਧਰ ਨੇ ਬਾਦਸ਼ਾਹੀ ਬਖ਼ਸ਼ੀ ਹੈ। ਉਸ ਸਮੇਂ ਮਹਾਰਾਜਾ ਜੀ ਨੇ ਉਸ ਬੱਚੇ ਦੇ ਮਾਤਾ ਪਿਤਾ ਨੂੰ ਸੱਦ ਕੇ ਦੋ ਪਿੰਡ ਦਿੱਤੇ—ਇਕ ਬੁੱਢਣ ਤੇ ਇਕ ਨਾਲ ਦਾ ਹੋਰ ਪਿੰਡ ਦਿੱਤਾ ਅਤੇ ਨਾਲ ਦੇ ਬੱਚਿਆਂ ਨੂੰ ਦੋ-ਦੋ ਮੋਹਰਾਂ ਸਾਰਿਆਂ ਨੂੰ ਦਿੱਤੀਆਂ। (ਅਮੀਰ ਭੰਡਾਰ, ਸੈਂਚੀ ਦਸਵੀਂ, ਪੰਨਾ ੪੦੯)

ਮਹਾਰਾਜਾ ਸਾਹਿਬ ਪਾਸ ਫ਼ੌਜ ਦੀ ਗਿਣਤੀ ਕੁਝ ਲੱਖ ਤੋਂ ਵੱਧ ਸੀ, ਜਿਸ ਵਿਚ ਤੀਹ ਹਜ਼ਾਰ ਘੋੜ ਸਵਾਰ ਸਨ, ੨੮੮ ਤੋਪਾਂ ਦਾ ਇਕ ਵੱਡਾ ਤੋਪਖ਼ਾਨਾ ਸੀ। ਫ਼ੌਜ ਚਾਰ ਤਰ੍ਹਾਂ ਦੀ ਸੀ—ਪੈਦਲ, ਘੋੜ ਸਵਾਰ, ਤੋਪਖ਼ਾਨਾ ਅਤੇ ਫ਼ੌਜ-ਏ-ਖ਼ਾਸ। ਅਕਾਲ ਸੈਨਾ ਇਸ ਤੋਂ ਵੱਖਰੀ ਸੀ। ਮਹਾਰਾਜਾ ਸਾਹਿਬ ਨੇ ਸਰਕਾਰੀ ਸਿੱਕੇ ਉਪਰ ਆਪਣਾ ਨਾਮ ਨਹੀਂ ਲਿਖਵਾਇਆ, ਸਗੋਂ ਇਹ ਉਕਤੀ ਲਿਖੀ ਸੀ :

**ਅਕਾਲ ਪੁਰਖ ਜੀ ਸਹਾਯ, ਦੇਗੋ ਤੇਗ ਫ਼ਤਹ ਨੁਸਰਤ ਬੇਦਰੰਗ।**
**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।**

ਸ਼ਾਹ ਮੁਹੰਮਦ ਨੇ ਆਪਣੇ ਰਚੇ ਜੰਗਨਾਮੇ ਵਿਚ ਲਿਖਿਆ ਹੈ :

**ਮਹਾਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾ ਗਿਆ।**
**ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ, ਜੰਮੂ, ਕਾਂਗੜਾ ਕੋਟ ਨਿਵਾ ਗਿਆ।**
**ਹੋਰ ਦੇਸ਼ ਲਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾ ਗਿਆ।**
**ਸ਼ਾਹ ਮੁਹੰਮਦਾ ਜਾਣੋ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾ ਗਿਆ।**

ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਸਮੇਂ ਪੰਜਾਬ ਤੋਂ ਜੱਥਾ ਲਾਹੌਰ, ਪਾਕਿਸਤਾਨ ਗਿਆ, ਜਿਸ ਵਿਚ ਪ੍ਰਿੰਸੀਪਲ ਸਤਬੀਰ ਸਿੰਘ ਜੀ ਵੀ ਸਨ। ਉਹ ਲਿਖਦੇ ਹਨ ਕਿ ਇਸ ਬਰਸੀ ਸਮੇਂ ਸਜੇ ਦੀਵਾਨ ਵਿਚ ਫ਼ਕੀਰ ਅਜ਼ੀਜ਼ਉਦ ਦੀਨ ਦੇ ਪੋਤਰੇ ਕਰਨਲ ਇਸਤਗ਼ਾਰ ਖ਼ਾਨ ਨੇ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਦੇ ਗੁਣਾਂ 'ਤੇ ਰੌਸ਼ਨੀ ਪਾਈ। ਉਨ੍ਹਾਂ ਦੱਸਿਆ ਕਿ ਉਹ ਜਾਗਦੇ ਵੀ ਸ਼ਬਦ ਦੀ ਧੁਨੀ ਨਾਲ ਸਨ ਤੇ ਬਿਸ੍ਰਾਮ ਵੀ ਅਬਾਦਤ ਕਰ ਕੇ ਕਰਦੇ ਸਨ। ਇਹ ਸੱਚ ਹੈ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਜਿਸ ਸਮੇਂ ਸ਼ਾਹੀ ਕਿਲ੍ਹੇ ਵਿਚ ਜੇਤੂ ਦੀ ਸ਼ਕਲ ਵਿਚ ਦਾਖ਼ਲ ਹੋਏ ਸਨ ਤਾਂ ਉਨ੍ਹਾਂ ਦੇ ਕੰਨੀਂ ਚਾਰ ਅਵਾਜ਼ਾਂ ਪਈਆਂ ਸਨ : ਇਕ 'ਅੰਮ੍ਰਿਤ ਵੇਲਾ ਨਾ ਖੁੰਝਾਈਂ', ਦੂਜਾ, 'ਲੋਕਾਂ ਦਾ ਬਣ ਕੇ ਰਹਿਣਾ,' ਤੀਜਾ, 'ਸਭ ਨੂੰ ਇਕੋ ਨਜ਼ਰ ਨਾਲ ਜਾਣੀਂ' ਅਤੇ ਚੌਥਾ 'ਮਨ ਮਰਜ਼ੀ ਨਾ ਕਰੀਂ ਅਤੇ ਫ਼ਕੀਰ ਭਰਾਵਾਂ ਦਾ ਆਦਰ ਕਰੀਂ।' ਇਸ ਲਈ ਇਹ ਸੱਚ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਸਾਰੀ ਉਮਰ ਅੰਮ੍ਰਿਤ ਵੇਲਾ ਨਹੀਂ ਖੁੰਝਾਇਆ। ਸਵੇਰੇ ਅੰਮ੍ਰਿਤ ਵੇਲੇ ਜਾਗਦੇ ਤੇ ਇਸ਼ਨਾਨ ਕਰ ਕੇ "ਮੂਲ ਮੰਤਰ ਤੇ ਗੁਰਮੰਤਰ" ਦਾ ਸਿਮਰਨ ਕਰਦੇ। ਉਪਰੰਤ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਖ਼ਾਲਸੇ ਨੂੰ ਬਖ਼ਸ਼ਿਆ ਨਿਤਨੇਮ ਪੰਜ ਬਾਣੀਆਂ ਦਾ ਪਾਠ ਮਹਾਰਾਜਾ ਰਣਜੀਤ ਸਿੰਘ ਜੀ ਬੋਲ ਕੇ ਪ੍ਰੇਮ ਸਹਿਤ ਕਰਦੇ ਸਨ ਅਤੇ ਫਿਰ ਜੋ ਬਿਕ੍ਰਮੀ ਸੰਮਤ ੧੭੫੧ ਵਿਚ ਹੱਥ ਲਿਖਤ ਸਰੂਪ ਲਿਖਿਆ ਗਿਆ ਸੀ, ਉਸ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲੈ ਕੇ ਤੇ ਕੁਝ ਸਮਾਂ ਬੈਠ ਕੇ ਹਰ ਰੋਜ਼ ਪਾਠ ਸੁਣਦੇ ਸਨ। ਇਸ ਆਪਣੇ ਹਰ ਰੋਜ਼ ਦੇ ਨਿਤਨੇਮ ਉਪਰੰਤ ਮਹਾਰਾਜਾ ਰਣਜੀਤ ਸਿੰਘ ਜੀ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਆਪਣੀਆਂ ਅੱਖਾਂ ਨੂੰ ਛੁਹਾ ਕੇ ਫਿਰ ਹੀ ਰਾਜ ਦਰਬਾਰ ਦੇ ਕਾਰਜਾਂ 'ਤੇ ਜਾਂਦੇ ਸਨ।

(ਖ਼ਾਲਸੇ ਦੀ ਵਾਸੀ, ਪੰਨਾ ੨੮੪)

ਸੂਹੀ ਮਹਲਾ 3 ॥

ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ॥ ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ ॥ ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥ ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ॥ ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥ ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥ ੧ ॥ ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥ ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥ ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥ ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥ ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ॥ ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ॥ 2 ॥ ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ ॥ ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥ ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ॥ ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ॥ ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ॥ ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ॥ 3 ॥ ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ॥ ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ॥ ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ॥ ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ॥ ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ॥ ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ॥ 4 ॥ 3 ॥ 4 ॥

ਪਦ ਅਰਥ :- ਸੋਹਾਗੁ=ਪਤੀ ਪ੍ਰਾਪਤੀ ਦਾ ਸੁਭਾਗ। ਨਿਹਚਲੁ=ਕਦੇ ਨਾ ਹਿਲਣ ਵਾਲਾ, ਅਚਲ, ਅਸਥਿਰ। ਕੇਰਾ=ਦਾ। ਗੁਰਮੁਖਿ=ਗੁਰੂ ਦੁਆਰਾ। ਗੁਰਮਤੀ=ਗੁਰੂ ਦੀ ਸਿੱਖਿਆ ਰਾਹੀਂ। ਕੰਤੈ ਰਾਵੈ=ਪਤੀ

ਪ੍ਰਾਪਤੀ ਦਾ ਸੰਜੋਗ ਮਾਣਦੀ ਹੈ। ਮਨਿ ਮਾਨਿਐ=ਜੇ ਮਨ ਪਤੀਜ ਜਾਵੇ। ਪਾਵਹਿ=ਤੂੰ ਪਾ ਲਵੇਂਗੀ। ਹੋਵਹਿ=ਤੂੰ ਹੋਵੇਂਗੀ। ਮੈਲਾ ਵੇਸੁ=ਰੰਡੇਪੇ ਵਾਲਾ ਮੈਲਾ ਪਹਿਰਾਵਾ। ਗੁਰਮੁਖਿ=ਗੁਰੂ ਦੀ ਸਿੱਖਿਆ ਅਨੁਸਾਰ ਚਲਣ ਵਾਲੀ ਇਸਤਰੀ। ਕਰਣੀ ਕਾਰ=(ਗੁਰੂ ਵੱਲੋਂ ਦੱਸੀ) ਕਰਨ ਜੋਗ ਕਾਰ। ਸਾਚੀ ਸੋਭਾ=ਸਦਾ ਕਾਇਮ ਰਹਿਣ ਵਾਲੀ ਵਡਿਆਈ। ਕਰੇ=ਕਰ। ਪਛਾਤਾ=ਪਛਾਣਿਆ, ਸਾਂਝ ਪਾਈ। ਮਹਲੀ=ਜੀਵ- ਇਸਤਰੀ। ਮਹਲੁ=ਪ੍ਰਭੂ ਦਾ ਮਹੱਲ (ਟਿਕਾਣਾ)। ਸਾ ਧਨ ਬਾਲੀ=ਅੰਞਾਣ ਜੀਵ-ਇਸਤਰੀ। ਮੰਨਿ=ਮਨ ਵਿਚ। ਪੂਰਬਿ=ਪਹਿਲੇ ਜਨਮ ਵਿਚ। ਸੇਜ=ਹਿਰਦੇ ਰੂਪ ਸੇਜ। ਭਾਣੀ=ਚੰਗੀ ਲੱਗੀ। ਖੋਈ=ਦੂਰ ਕੀਤੀ। ਸਚਿ=ਸੱਚ ਵਿਚ। ਕਰਤੈ=ਕਰਤਾਰ ਨੇ। ਨਵੈ ਨਿਧਿ=ਨੌਂ ਖ਼ਜ਼ਾਨੇ।

ਅਰਥ :- (ਹੇ ਭਾਈ ! ਸੁਹਾਗ ਦੀ ਪ੍ਰਾਪਤੀ ਲਈ) ਜੇ ਜੀਵ-ਇਸਤਰੀ ਚੌਹਾਂ ਜੁਗਾਂ ਵਿਚ ਫਿਰਦੀ ਰਹੇ (ਤਾਂ ਵੀ) ਸਤਿਗੁਰੂ ਪਤੀ ਦੇ ਮਿਲਾਪ ਤੋਂ ਬਿਨਾਂ (ਇਸ ਦਾ) ਸੁਹਾਗ-ਭਾਗ (ਕਾਇਮ) ਨਹੀਂ ਰਹਿ ਸਕਦਾ। ਅਸਲ ਵਿਚ ਉਸ ਹਰੀ ਪ੍ਰਭੂ ਪ੍ਰਮਾਤਮਾ ਦਾ ਰਾਜ ਭਾਗ ਅਤੇ (ਪ੍ਰਤਾਪ) ਅਸਥਿਰ ਸਦਾ ਕਾਇਮ ਹੈ, ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ (ਸੰਸਾਰ ਅੰਦਰ ਅਟੱਲ ਰਾਜ ਵਾਲਾ) ਨਹੀਂ ਹੈ। ਉਸ ਤੋਂ ਬਿਨਾਂ ਹੋਰ ਕੋਈ (ਪੱਕਾ) ਨਹੀਂ, ਉਹ (ਆਪ ਹੀ) ਸਦਾ ਕਾਇਮ ਰਹਿਣ ਵਾਲਾ ਹੈ (ਅਤੇ) ਗੁਰਮੁਖ (ਜੀਵ-ਇਸਤਰੀ) ਨੇ ਉਸ ਇਕ (ਪਰਮਾਤਮਾ) ਨੂੰ ਜਾਣਿਆ ਹੈ। (ਜਦੋਂ) ਗੁਰੂ ਦੀ ਸਿੱਖਿਆ ਦੁਆਰਾ ਮਨ ਮੰਨ ਗਿਆ ਤਾਂ ਜੀਵ-ਇਸਤਰੀ ਤੇ ਪਤੀ ਪਰਮਾਤਮਾ ਦਾ (ਪਰਸਪਰ) ਮਿਲਾਪ ਹੋ ਗਿਆ। ਜਦੋਂ (ਜੀਵ-ਇਸਤਰੀ ਨੂੰ) ਸਤਿਗੁਰੂ ਮਿਲ ਪਿਆ ਤਾਂ (ਉਸ ਨੇ) ਹਰੀ ਦਾ (ਨਾਮ) ਪ੍ਰਾਪਤ ਕਰ ਲਿਆ ਅਤੇ ਹਰੀ ਦੇ ਨਾਮ (ਸਿਮਰਨ) ਤੋਂ ਬਿਨਾਂ (ਕਿਸੇ ਦੀ ਵੀ ਮੋਹ-ਮਾਇਆ ਦੇ ਬੰਧਨਾਂ ਤੋਂ) ਮੁਕਤੀ ਨਹੀਂ ਹੁੰਦੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜੇ ਜੀਵ-ਇਸਤਰੀ ਦਾ) ਮਨ (ਪ੍ਰਭੂ ਦੇ ਸਿਮਰਨ ਵਿਚ) ਪਤੀਜ ਜਾਏ ਤਾਂ ਹੀ ਜੀਵ-ਇਸਤਰੀ ਪ੍ਰਭੂ ਪਤੀ ਦੇ ਸੰਜੋਗ ਦਾ ਅਨੰਦ ਮਾਣ ਸਕਦੀ ਹੈ (ਅਤੇ ਆਤਮਿਕ) ਸੁਖ ਨੂੰ (ਪ੍ਰਾਪਤ) ਹੋ ਸਕਦੀ ਹੈ।੧।

ਹਜ਼ੂਰ ਕਹਿੰਦੇ ਹਨ ਕਿ ਹੇ ਇਆਣੀ ਜੀਵ-ਇਸਤਰੀਏ ! ਸਤਿਗੁਰੂ ਨੂੰ ਸੇਵ, (ਇਸ ਤਰ੍ਹਾਂ) ਪ੍ਰਭੂ-ਪਤੀ ਨੂੰ ਪਾ ਲਵੇਂਗੀ। (ਤੂੰ) ਸਦਾ ਲਈ ਸੁਹਾਗਵੰਤੀ ਹੋ ਜਾਵੇਂਗੀ, ਫਿਰ (ਤੇਰਾ) ਵੇਸ ਕਦੇ ਵੀ ਮੈਲਾ (ਭਾਵ ਰੰਡੇਪੇ ਵਾਲਾ) ਨਹੀਂ ਹੋਵੇਗਾ। ਫਿਰ ਤੇਰਾ ਮੈਲਾ ਵੇਸ ਨਹੀਂ ਹੋਵੇਗਾ, (ਪਰ ਇਸ ਭੇਦ ਨੂੰ) ਗੁਰੂ ਦੁਆਰਾ ਕੋਈ (ਵਿਰਲਾ ਮਨੁੱਖ) ਹੀ ਸਮਝਦਾ ਹੈ (ਕੌਣ ? ਜਿਸ ਨੇ ਆਪਣੀ) ਹੰਗਤਾ ਨੂੰ ਮਾਰ ਕੇ (ਸੱਚ ਸਰੂਪ) ਨੂੰ ਪਛਾਣ ਲਿਆ ਹੋਵੇ। (ਜੋ ਜੀਵ-ਇਸਤਰੀ ਗੁਰੂ ਦੀ ਦੱਸੀ ਹੋਈ) ਕਰਨ ਜੋਗ ਕਾਰ ਕਮਾਉਂਦੀ ਹੈ (ਉਹ ਗੁਰੂ ਦੇ) ਸ਼ਬਦ ਵਿਚ ਸਮਾਅ ਜਾਂਦੀ ਹੈ (ਅਤੇ ਉਸ ਨੇ ਆਪਣੇ ਹਿਰਦੇ) ਅੰਦਰ ਇਕ ਪ੍ਰਭੂ ਪ੍ਰਮਾਤਮਾ ਨੂੰ ਜਾਣ ਪਛਾਣ ਲਿਆ ਹੁੰਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲੀ ਜੀਵ-ਇਸਤਰੀ ਦਿਨ ਰਾਤ ਆਪਣੇ ਪ੍ਰਭੂ ਨੂੰ ਸਿਮਰਦੀ ਹੈ (ਅਤੇ ਉਸ ਦੀ) ਲੋਕ ਪਰਲੋਕ ਵਿਚ ਸਦਾ ਕਾਇਮ ਰਹਿਣ ਵਾਲੀ ਸੱਚੀ ਸ਼ੋਭਾ ਹੁੰਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ) ਜੀਵ-ਇਸਤਰੀ ਉਸ ਪ੍ਰਭੂ-ਪਤੀ ਦੀ ਅਭੇਦਤਾ ਦਾ ਅਨੰਦ ਮਾਣਦੀ ਹੈ, ਜੋ ਪ੍ਰਭੂ ਹਰ ਥਾਂ ਪੂਰਨ ਵਿਆਪਕ ਹੋ ਰਿਹਾ ਹੈ।੨।

ਗੁਰੂ ਜੀ ਕਹਿੰਦੇ ਹਨ ਕਿ ਹੇ ਅੰਞਾਣ ਇਸਤਰੀਏ ! ਗੁਰੂ ਦੀ (ਦੱਸੀ ਹੋਈ ਭਗਤੀ ਰੂਪੀ) ਕਾਰ ਕਰ, (ਗੁਰੂ ਤੈਨੂੰ) ਪ੍ਰਭੂ-ਪਤੀ ਪ੍ਰਮਾਤਮਾ ਨਾਲ ਮਿਲਾ ਦੇਵੇਗਾ। (ਜਿਹੜੀ) ਜੀਵ-ਇਸਤਰੀ ਹਰੀ ਦੇ ਪ੍ਰੇਮ-ਰੰਗ ਵਿਚ ਰੰਗੀ ਰਹਿੰਦੀ ਹੈ, (ਉਹ) ਪਿਆਰੇ ਪ੍ਰੀਤਮ ਨੂੰ ਮਿਲ ਕੇ (ਆਤਮਿਕ) ਸੁਖ ਪਾਉਂਦੀ ਹੈ। ਪ੍ਰਭੂ-ਪ੍ਰੀਤਮ ਨੂੰ ਮਿਲ ਕੇ (ਆਤਮਿਕ) ਸੁਖ ਪਾਉਂਦੀ ਹੋਈ (ਉਹ) ਸਦਾ ਥਿਰ ਸਰੂਪ ਪ੍ਰਭੂ ਪ੍ਰਮਾਤਮਾ ਵਿਚ ਸਮਾਅ ਜਾਂਦੀ ਹੈ, ਜੋ ਸੱਚ ਸਰੂਪ (ਪ੍ਰਭੂ) ਸਭ ਥਾਵਾਂ 'ਤੇ ਵਿਅਪਕ ਹੋ ਕੇ ਵਰਤ ਰਿਹਾ ਹੈ। (ਉਹ ਜੀਵ-ਇਸਤਰੀ) ਸਦਾ ਰਹਿਣ ਵਾਲਾ ਸੱਚਾ ਸ਼ਿੰਗਾਰ ਦਿਨ ਰਾਤ ਕਰੀ ਰੱਖਦੀ ਹੈ (ਅਤੇ) ਸਦਾ ਥਿਰ ਪ੍ਰਭੂ ਵਿਚ ਸਮਾਈ ਰਹਿੰਦੀ ਹੈ। ਉਸ ਜੀਵ-ਇਸਤਰੀ ਨੇ ਉਸ ਸੁਖਦਾਤੇ ਭਾਵ ਸੁਖ ਦੇਣ ਵਾਲੇ ਹਰੀ ਨੂੰ ਗੁਰੂ ਸ਼ਬਦ ਦੁਆਰਾ ਪਛਾਣ ਲਿਆ ਹੈ (ਅਤੇ ਉਸ ਨੂੰ ਹਰੀ ਨੇ ਆਪਣੇ ਅਭੇਦ ਨਿਹਚੇ ਰੂਪ) ਗਲ ਨਾਲ ਲਾ ਲਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ ! ਜਿਸ) ਜੀਵ-ਇਸਤਰੀ ਨੇ ਗੁਰੂ ਦੀ ਸਿੱਖਿਆ ਧਾਰਨ ਕਰ ਕੇ (ਮਾਲਕ ਦਾ) ਸਰੂਪ ਪਛਾਣਿਆ ਹੈ, (ਉਹ) ਪ੍ਰਭੂ-ਪਤੀ ਦਾ ਮਿਲਾਪ ਪ੍ਰਾਪਤ ਕਰ ਲੈਂਦੀ ਹੈ।੩।

ਹਜ਼ੂਰ ਕਿਰਪਾ ਕਰਦੇ ਹਨ ਕਿ (ਹੇ ਭਾਈ ! ਜਿਹੜੀ ਜੀਵ-ਇਸਤਰੀ) ਮੇਰੇ ਪ੍ਰਭੂ ਨੇ ਆਪ (ਆਪਣੇ ਨਾਲ) ਮਿਲਾ ਲਈ ਹੈ, (ਉਹ) ਇਆਣੀ ਇਸਤਰੀ ਧੁਰ (ਦਰਗਾਹ) ਤੋਂ (ਉਸ ਨੇ) ਆਪ ਮੇਲੀ ਹੈ। (ਉਸੇ ਜੀਵ-ਇਸਤਰੀ ਦੇ) ਹਿਰਦੇ ਵਿਚ ਗੁਰਮਤਿ ਦੁਆਰਾ (ਇਹ) ਚਾਨਣ ਹੋ ਗਿਆ ਹੈ ਕਿ ਪ੍ਰਭੂ ਪਰਮਾਤਮਾ ਸਭ ਥਾਈਂ ਵਿਆਪਕ ਹੋ ਰਿਹਾ ਹੈ। ਪ੍ਰਭੂ ਸਭ ਥਾਵਾਂ 'ਤੇ ਵਿਆਪਕ ਹੋ ਰਿਹਾ ਹੈ, (ਉਸ ਜੀਵ-ਇਸਤਰੀ ਨੇ ਇਹ ਗੁਰ ਸਿੱਖਿਆ ਆਪਣੇ) ਮਨ ਵਿਚ ਵਸਾ ਲਈ ਹੈ, (ਮਾਨੋ ਉਸ ਨੇ) ਪੂਰਬ ਲਿਖੇ ਅਨੁਸਾਰ (ਪਿਆਰੇ ਪ੍ਰੀਤਮ ਪ੍ਰਭੂ ਦਾ ਮਿਲਾਪ) ਪ੍ਰਾਪਤ ਕਰ ਲਿਆ ਹੈ। (ਉਹ ਜੀਵ-ਇਸਤਰੀ ਜਿਸ ਨੇ) ਹਿਰਦੇ ਰੂਪੀ ਅਤੇ ਅੰਤਸ਼ਕਰਣ ਰੂਪੀ ਸੇਜਾ ਉੱਤੇ ਸੱਚ ਰੂਪੀ (ਸ਼ੁਭ ਗੁਣਾਂ ਦਾ) ਸ਼ਿੰਗਾਰ ਬਣਾਇਆ ਹੈ (ਉਹ ਜੀਵ-ਇਸਤਰੀ ਮੇਰੇ ਪ੍ਰਭੂ ਨੂੰ ਚੰਗੀ ਲੱਗ ਗਈ ਹੈ)। (ਉਹ) ਜੀਵ-ਇਸਤਰੀ ਪਵਿੱਤਰ ਹੈ (ਜਿਸ ਨੇ) ਗੁਰਮਤਿ ਦੁਆਰਾ ਹਉਮੈ ਦੀ ਮੈਲ ਦੂਰ ਕਰ ਦਿੱਤੀ ਹੈ ਅਤੇ ਸੱਚ ਸਰੂਪ ਵਿਚ ਸਮਾਅ ਗਈ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਕਰਤਾਰ ਨੇ ਆਪ ਹੀ (ਉਹ ਜੀਵ-ਇਸਤਰੀ ਆਪਣੇ ਨਾਲ) ਮਿਲਾ ਲਈ ਹੈ (ਅਤੇ ਉਸ ਨੇ ਪ੍ਰਭੂ ਪ੍ਰਮਾਤਮਾ ਦਾ) ਅੰਮ੍ਰਿਤ ਰੂਪੀ ਨਾਮ (ਜੋ) ਨੌਂ ਨਿੱਧਾਂ (ਨਾਲੋਂ ਵੀ) ਅਮੋਲਕ ਹੈ, ਉਸ ਨੂੰ ਪਾ ਲਿਆ ਹੈ।੪।੩।੪।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਮੁਖਵਾਕ ਨੰਬਰ ੧50 (ਆਦਿ ਅੰਗ 773)

## ਸੂਹੀ ਮਹਲਾ 3 ॥

ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥ ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥ ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥ ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥ ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥ ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥ ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥ ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥ ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ॥ ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥ ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥ ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥ 2 ॥ ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ ॥ ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ ॥ ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ ॥ ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥ ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ ॥ ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ ॥ 3 ॥ ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥ ਗੁਰਮਤੀ

ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ॥ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ॥ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ॥ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ॥ ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ॥ *4* ॥ *5* ॥ *6* ॥

## ਪ੍ਰਾਕ੍ਰਥਨ :

ਇਹ ਸ੍ਰੀ ਮੁਖਵਾਕ ਸ੍ਰੀ ਗੁਰੂ ਅਮਰਦਾਸ ਜੀ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਹਜ਼ੂਰ ਨੇ ਵਾਹਿਗੁਰੂ ਰੂਪੀ ਸ੍ਰੇਸ਼ਟ ਪ੍ਰਭੂ ਪਤੀ ਨੂੰ ਪਾ ਕੇ ਸੋਹਾਗਣ ਹੋਣ ਦਾ ਢੰਗ ਸਿਖਾਇਆ ਹੈ।

## ਵਿਸ਼ਾ—ਪੁਤ੍ਰਵੰਤੀ ਸੀਲਵੰਤਿ ਸੋਹਾਗਣਿ

ਮਨੁੱਖਤਾ ਦੇ ਦੋ ਅੰਗ ਹਨ—ਇਕ ਮਰਦ ਅਤੇ ਦੂਜੀ ਇਸਤਰੀ। ਪਰ ਵਾਹਿਗੁਰੂ ਜੀ ਨੇ ਮਰਦ ਨੂੰ ਸਰੀਰਕ ਪੱਖੋਂ ਇਸਤਰੀ ਨਾਲੋਂ ਬਲਵਾਨ ਅਤੇ ਸਾਹਸੀ ਤੇ ਦ੍ਰਿੜ੍ਹ ਬਣਾਇਆ ਹੈ। ਇਸਤਰੀ ਵਿਚ ਇਹ ਗੁਣ ਖ਼ਾਸ ਹਨ—ਸ਼ਰਮ, ਸੰਕੋਚ, ਸ਼ਰਧਾ, ਵਿਸ਼ਵਾਸ। ਇਹ ਇਸਤਰੀ ਦੇ ਸੁਭਾਵਿਕ ਗੁਣ ਹਨ, ਪਰ ਪੁਰਸ਼ ਵਿਚ ਵਿਚਾਰ, ਦ੍ਰਿੜ੍ਹਤਾ, ਸਰੀਰਕ ਬਲ ਅਤੇ ਨਿਡਰਤਾ ਇਹ ਗੁਣ ਹਨ। ਗ੍ਰਿਹਸਤ ਧਰਮ ਸਭ ਤੋਂ ਉੱਤਮ ਧਰਮ ਹੈ। ਇਸ ਵਿਚ ਇਕ ਪਵਿੱਤਰ ਤੇ ਆਦਰ ਯੋਗ ਜੀਵਨ ਜਿਉਣ ਦਾ ਸੱਚਾ ਅਤੇ ਪ੍ਰਤੱਖ ਸੁਭਾਅ ਪ੍ਰਗਟ ਹੈ। ਗ੍ਰਿਹਸਤ ਵਿਚ ਸਹਿਨਸ਼ੀਲਤਾ, ਧੀਰਜ, ਨਿੰਮ੍ਰਤਾ, ਦ੍ਰਿੜ੍ਹਤਾ, ਦਲੇਰੀ, ਪੁੰਨ ਦਾਨ ਆਦਿ ਗੁਣ ਪ੍ਰਾਪਤ ਹੁੰਦੇ ਹਨ। ਗ੍ਰਿਹਸਤ ਅੰਦਰ ਰਹਿੰਦਿਆਂ ਦੁਨਿਆਵੀ ਫ਼ਰਜ਼ਾਂ ਨੂੰ ਸਹਿਜੇ ਹੀ ਨਿਭਾਉਂਦਿਆਂ ਆਪਣੇ ਆਪ ਦੀ ਪਛਾਣ ਕਰਨਾ ਅਤੇ ਸਰੀਰਕ ਸਵਾਦਾਂ ਤੋਂ ਉੱਚੇ ਉਠ ਕੇ ਆਤਮਿਕ ਅਨੰਦ ਵੱਲ ਪੁਲਾਂਘਾਂ ਪੁੱਟਣ ਨਾਲ ਹੀ ਅੱਗੇ ਵਧਿਆ ਜਾ ਸਕਦਾ ਹੈ। ਆਪਣੇ ਪਤੀ ਨੂੰ ਪ੍ਰਸੰਨ ਕਰ ਲੈਣ ਵਾਲੀ ਹੀ ਸੁਹਾਗਣ ਹੈ। ਸੁਹਾਗਣ ਦੇ ਸੰਬੰਧ ਵਿਚ ਗੁਰਬਾਣੀ ਦੇ ਬੇਅੰਤ ਪ੍ਰਮਾਣ ਇਸ ਪ੍ਰਕਾਰ ਹਨ :

**ਸਾ ਗੁਣਵੰਤੀ ਸਾ ਵਡਭਾਗਣਿ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥**
**ਰੂਪਵੰਤਿ ਸਾ ਸੁਘੜਿ ਬਿਚਖਣਿ॥ ਜੋ ਧਨ ਕੰਤ ਪਿਆਰੀ ਜੀਉ॥ 2 ॥**
**ਅਚਾਰਵੰਤਿ ਸਾਈ ਪਰਧਾਨੇ॥ ਸਭ ਸਿੰਗਾਰ ਬਣੇ ਤਿਸੁ ਗਿਆਨੇ॥**
**ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ॥ 3 ॥**

(ਮਾਝ ਮ: 5, ਅੰਗ 97)

ਆਪਣੇ ਪਤੀ ਦੀ ਸੇਵਾ ਕਰਨੀ ਸਭ ਤੋਂ ਮੁੱਖ ਧਰਮ ਸਮਝਣਾ :

**ਹੋਇ ਨਿਮਾਣੀ ਸੇਵ ਕਮਾਵਹਿ ਤ ਪ੍ਰੀਤਮ ਹੋਵਹਿ ਮਨ ਪਿਆਰੀ॥ ੧॥....**
**ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥ 2 ॥**

(ਅੰਗ 377)

ਪਤੀ ਅਥਵਾ ਹੋਰ ਸੰਬੰਧੀਆਂ ਨੂੰ ਕੌੜਾ ਨਹੀਂ ਬੋਲਣਾ। ਮਿੱਠੇ ਬਚਨ ਬੋਲ ਕੇ ਪਤੀ ਦਾ ਮਨ ਪ੍ਰਸੰਨ ਰੱਖਣਾ। ਸਤਿਗੁਰੂ ਸਾਹਿਬ ਜੀ ਉਪਦੇਸ਼ ਦਿੰਦੇ ਹਨ :

**ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ॥**
**ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥**

(ਸਿਰੀਰਾਗੁ ਮ: ੧, ਅੰਗ ੩੧)

ਆਪਣੇ ਪਤੀ ਤੋਂ ਬੇਮੁਖ ਇਸਤ੍ਰੀਆਂ ਨੂੰ ਅਉਗਣਹਾਰੀਆਂ ਦੁਹਾਗਣਾਂ ਕਿਹਾ ਜਾਂਦਾ ਹੈ। ਉਹ ਸੁਹਾਗਣੀਆਂ ਨਹੀਂ ਕਹਾ ਸਕਦੀਆਂ :

**ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ॥**
**ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ॥** (ਅੰਗ 689)
**ਦੋਹਾਗਣੀ ਕਿਆ ਨੀਸਾਣੀਆ॥**
**ਖਸਮਹੁ ਘੁਥੀਆ ਫਿਰਹਿ ਨਿਮਾਣੀਆ॥**
**ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥** (ਅੰਗ 75)

ਆਪਣੇ ਪਤੀ ਦੇ ਦੁੱਖ-ਸੁੱਖ ਨਾਲ ਆਪਣਾ ਦੁੱਖ-ਸੁੱਖ ਸਮਝਣਾ। ਪਤੀ ਨਾਲ ਦੁੱਖ ਕੱਟਣਾ ਸੁੱਖ ਤੋਂ ਵੱਧ ਕੇ ਜਾਨਣਾ। ਜੈਸੇ ਸਤਿਗੁਰੂ ਸਾਹਿਬ ਜੀ ਦਾ ਪਾਵਨ ਫ਼ੁਰਮਾਣ ਹੈ :

**ਰੂਖੋ ਭੋਜਨੁ ਭੂਮ ਸੈਨ ਸਖੀ ਪ੍ਰਿਅ ਸੰਗ ਸੂਖ ਬਿਹਾਤ॥** (ਅੰਗ ੧306)
**ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥**
**ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥** (ਅੰਗ ੧425)

ਭਾਵ :- ਇਕ ਪਤੀ ਦੀ ਪ੍ਰਸੰਨਤਾ ਤੋਂ ਬਿਨਾ ਇਸਤਰੀ ਦਾ ਸੁਹੱਪਣਪਣਾ ਨਿਸਫਲ ਹੈ। ਘਰ ਦਾ ਚੰਗਾ ਨਿਰਬਾਹ ਚਲਾਉਣ ਲਈ ਵਿੱਦਿਆ ਦਾ ਹੁਨਰ ਸਿੱਖਣ ਦਾ ਜਤਨ ਕਰਨਾ। ਗੁਰੂ ਸਾਹਿਬ ਜੀ ਦਾ ਪਾਵਨ ਉਪਦੇਸ਼ ਹੈ :

**ਕਢਿ ਕਸੀਦਾ ਪਹਿਰਹਿ ਚੋਲੀ ਤਾ ਤੁਮ੍ ਜਾਣਹੁ ਨਾਰੀ॥**
**ਜੇ ਘਰੁ ਰਾਖਹਿ ਬੁਰਾ ਨਾ ਚਾਖਹਿ ਹੋਵਹਿ ਕੰਤਿ ਪਿਆਰੀ॥**

(ਅੰਗ ੧੧੭੧)

ਕਈ ਬੇਸਮਝ ਅੰਧ-ਵਿਸ਼ਵਾਸੀ ਇਸਤ੍ਰੀਆਂ ਆਪਣੇ ਪਤੀ ਨੂੰ ਵੱਸ (ਅਧੀਨ) ਕਰਨ ਲਈ ਅਨੇਕ ਜਤਨ ਕਰਦੀਆਂ ਹਨ ਅਤੇ ਮੰਤਰ, ਜੰਤਰ, ਟੂਣੇ ਟਾਮਣ ਉੱਤੇ ਨਿਸਚਾ ਕਰਦੀਆਂ ਹਨ, ਪਰ ਗੁਰੂ ਸਾਹਿਬ ਵੱਲੋਂ ਪਤੀ ਨੂੰ ਪ੍ਰਸੰਨ ਤੇ ਵੱਸ ਵਿਚ ਕਰਨ ਲਈ ਇਹ ਸ਼ੁੱਭ ਸਿੱਖਿਆ ਦਿੱਤੀ ਗਈ ਹੈ :

**ਗੁਣ ਕਾਮਣ ਕਰਿ ਕੰਤੁ ਰੀਝਾਇਆ॥**
**ਵਸਿ ਕਰ ਲੀਨਾ ਗੁਰਿ ਭਰਮੁ ਚੁਕਾਇਆ॥** (ਅੰਗ 737)

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣ ਸੁ ਮਣੀਆ ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤ ਵਸਿ ਆਵੈ ਕੰਤੁ॥** (ਅੰਗ ੧384)
**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤਾ॥** (ਅੰਗ ੧384)
**ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥**
**ਜੋ ਕਿਛੁ ਕਰੇ ਸੁ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥**
**ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥**
**ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥**
**ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥**

(ਤਿਲੰਗ ਮ: ੧, ਅੰਗ 722)

ਚੰਗੀਆਂ ਨੇਕ ਬੱਚੀਆਂ ਚੰਗੇ ਖ਼ਿਆਲਾਂ ਨਾਲ ਪੱਟੀ ਵਾਲੇ ਰਾਜੇ ਦੂਨੀ ਚੰਦ ਦੀ ਲੜਕੀ ਬੀਬੀ ਰਜਨੀ ਜੈਸੀਆਂ ਅਤੇ ਬਾਬਾ ਆਕਲ ਦੀ ਪੁੱਤਰੀ ਜੈਸੀਆਂ ਗੁਰੂ ਸਾਹਿਬ ਦੀ ਸੰਗਤ ਵਾਂਗ ਸੇਵਾ ਕਰ ਕੇ ਪਤੀ ਅਤੇ ਸੱਸ-ਸਹੁਰੇ ਦਾ ਮਨ ਜਿੱਤ ਕੇ ਉਹਨਾਂ ਨੂੰ ਗੁਰਮੁਖ ਬਣਾਉਂਦੀਆਂ ਹਨ। ਸੇਵਾ ਕਰਦਿਆਂ ਮਨ ਅੰਦਰ ਹੰਕਾਰ ਨਹੀਂ ਕਰਨਾ। ਹਉਮੈ ਛੱਡ ਕੇ ਹੀ ਪਤੀ ਪ੍ਰੇਮ ਦੇ ਰਸਤੇ ਚਲਿਆ ਜਾ ਸਕਦਾ ਹੈ।

**ਐ ਬੁਲਫਜ਼ੂਲ ਗੋਯਾ ! ਅਜ਼ ਇਸ਼ਕੇ ਓ ਮਜ਼ਨ ਦਮ।**
**ਕੋ ਪਾ ਨਿਹਦ ਦਰੀਂ ਰਾਹ ਆਂ ਰਾ ਕਿ ਸਰ ਨ ਬਾਸ਼ਦ।** (ਗ਼ਜ਼ਲ 3੧)
**ਸਤਿ ਸੰਤੋਖੁ ਸਦਾ ਸਚੁ ਪਲੈ ਸਚ ਬੋਲੈ ਪਿਰ ਭਾਏ॥**
**ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥**

(ਸੂਹੀ ਛੰਤ, ਅੰਗ 764)

ਉਹਨਾਂ ਨੂੰ ਹੀ ਸੁਹਾਗਣਾਂ ਮੰਨਿਆ ਗਿਆ ਹੈ ਜੋ ਆਪਣੇ ਪਤੀ ਦੇ ਸਨਮੁਖ ਰਹਿੰਦੀਆਂ ਹਨ :

**ਨਾਨਕ ਸੋਹਾਗਣਿ ਕਾ ਕਿਆ ਚਿਹਨ ਹੈ**
**ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥** (ਅੰਗ 785)

ਜੋ ਆਪਣੇ ਪਤੀ ਦੇ ਪ੍ਰੇਮ ਵਿਚ ਰੰਗੀ ਹੋਈ ਹੈ, ਉਹ ਸੋਭਾ ਵਾਲੀ ਇਸਤਰੀ ਹੈ। ਗੁਰਬਾਣੀ ਅੰਦਰ ਐਸੀ ਇਸਤਰੀ ਨੂੰ ਗੁਣਵੰਤੀ, ਸੋਭਾਵੰਤੀ, ਸੁਹਾਗਣ ਆਦਿ ਸ਼ਬਦਾਂ ਨਾਲ ਸਤਿਗੁਰੂ ਸਾਹਿਬਾਨ ਤੇ ਭਗਤਾਂ ਨੇ ਸਤਿਕਾਰ ਦਿੱਤਾ ਹੈ। ਸ਼ੁੱਭ ਗੁਣਾਂ ਤੋਂ ਸੱਖਣੀ ਜੋ ਪਤੀ ਦੀ ਆਗਿਆਕਾਰੀ ਨਹੀਂ ਹੈ, ਉਸ ਨੂੰ ਅਉਗਣਵੰਤੀ, ਕੁਚੱਜੀ, ਕੁਲੱਖਣੀ, ਨਾਰੀ ਵਿਚ ਕੁਨਾਰ, ਦੁਹਾਗਣ ਆਦਿ ਸ਼ਬਦਾਂ ਨਾਲ ਫਿਟਕਾਰਿਆ ਹੈ, ਪਰ ਹਉਮੈ ਨੂੰ ਤਿਆਗ ਕੇ ਜਿਥੇ ਆਪਣੇ ਪਤੀ ਦੀ ਪ੍ਰਸੰਨਤਾ ਪ੍ਰਾਪਤ ਕਰਨੀ ਹੈ, ਉਥੇ ਪ੍ਰਭੂ ਪਤੀ ਪ੍ਰਮੇਸ਼ਰ

ਦੀ ਆਗਿਆਕਾਰ ਹੋ ਕੇ ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਉਪਦੇਸ਼ ਗੁਰੂ ਸਾਹਿਬ ਜੀ ਨੇ ਇਸ ਤਰ੍ਹਾਂ ਦਿੱਤਾ ਹੈ :

**ਵਡਹੰਸੁ ਮਹਲਾ 3 ਛੰਤ ੴ ਸਤਿਗੁਰ ਪ੍ਰਸਾਦਿ॥**

**ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ॥**
**ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ॥**
**ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ॥**
**ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ॥**
**ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ॥**
**ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ॥ ੧॥**

(ਅੰਗ 56)

ਪ੍ਰਭੂ-ਪਤੀ ਦੀ ਪ੍ਰਾਪਤੀ ਦੀ ਇੱਛਾ ਰੱਖਣ ਵਾਲੀ ਜੀਵ-ਇਸਤਰੀ ਨੂੰ ਉਪਦੇਸ਼ ਦਿੱਤਾ ਹੈ ਕਿ ਪ੍ਰਭੂ ਪਤੀ ਨੂੰ ਪਾਵਣਾ ਹੈ ਤਾਂ ਗੁਰ-ਉਪਦੇਸ਼ ਰਾਹੀਂ ਪਤੀ ਦੀ ਸੇਵਾ ਕਰੋ, ਕਿਉਂਕਿ ਸੰਸਾਰ ਅੰਦਰ ਉਹ ਇਸਤਰੀ ਹੀ ਸੁਹਾਗਣ ਮੰਨੀ ਜਾਂਦੀ ਹੈ ਜੋ ਆਪਣੇ ਪਤੀ ਦੀ ਆਗਿਆਕਾਰ ਹੈ ਤੇ ਪਤੀ ਦੀ ਸੇਵਾ ਵਿਚ ਤਤਪਰ ਰਹਿੰਦੀ ਹੈ। ਇਸੇ ਤਰ੍ਹਾਂ ਪ੍ਰਭੂ ਪਤੀ ਪ੍ਰਸੰਨ ਤਦ ਹੀ ਹੋਵੇਗਾ ਜੇ ਉਸ ਦੀ ਸੇਵਾ ਤੇ ਸਿਮਰਨ ਵਿਚ ਜੀਵ-ਇਸਤਰੀ ਜੁੜੀ ਰਹੇਗੀ। ਸੇਵਾ ਤੇ ਸਿਮਰਨ ਵੀ ਗੁਰੂ ਦੇ ਉਪਦੇਸ਼ ਅਨੁਸਾਰ ਕੀਤਿਆਂ ਸਫਲਾ ਹੁੰਦਾ ਹੈ। ਸੰਸਾਰ ਅੰਦਰ ਪਤਿਬ੍ਰਤਾ ਇਸਤਰੀ ਜੋ ਹਮੇਸ਼ਾ ਦੁੱਖ ਸੁੱਖ ਵਿਚ ਪਤੀ ਦੇ ਸਾਥ ਰਹਿੰਦੀ ਹੈ, ਉਸ ਨੂੰ ਸਤਿਕਾਰਿਆ ਜਾਂਦਾ ਹੈ। ਇਸੇ ਤਰ੍ਹਾਂ ਪ੍ਰਭੂ-ਦਰਬਾਰ ਵਿਚ ਉਨ੍ਹਾਂ ਨੂੰ ਸਤਿਕਰ ਮਿਲਦਾ ਹੈ ਜੋ ਗੁਰੂ ਰਾਹੀਂ ਸੇਵਾ ਸਿਮਰਨ ਕਰਦੀਆਂ ਹਨ।

## ਵਡਹੰਸੁ ਮਹਲਾ 3 ॥

**ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ॥**
**ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥**
**ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ॥**
**ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ॥**
**ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ॥**
**ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ॥ ੧॥**

(ਅੰਗ 583)

## ਸਾਖੀ —ਪਤੀ ਦੀ ਆਗਿਆਕਾਰਣ ਸੁਹਾਗਣ ਦੀ

ਜੋ ਇਸਤ੍ਰੀਆਂ ਆਪਣੇ ਜਤ, ਸਤ, ਇਖ਼ਲਾਕ ਵਿਚ ਪੂਰਨ ਰਹਿੰਦੀਆਂ ਹਨ, ਉਹਨਾਂ ਉਪਰ ਉਹਨਾਂ ਦੇ ਪਤੀ ਦੀ ਪੂਰਨ ਪ੍ਰਸੰਨਤਾ ਹੁੰਦੀ ਹੈ ਤੇ ਨਾਲ ਹੀ ਉਹਨਾਂ ਨੂੰ ਸੰਸਾਰ ਵਿਚ ਮਾਣ ਸਤਿਕਾਰ ਵੀ ਮਿਲਦਾ ਹੈ ਤੇ ਪ੍ਰਮੇਸ਼ਰ ਵਾਹਿਗੁਰੂ ਜੀ ਵੀ ਉਹਨਾਂ ਨੂੰ ਕੁਝ ਆਪਣੀਆਂ ਬਖ਼ਸ਼ਿਸ਼ਾਂ ਦੇ ਖ਼ਜ਼ਾਨਿਆਂ ਵਿਚੋਂ ਦਾਤ ਬਖ਼ਸ਼ਦਾ ਹੈ। ਸਿੱਖ ਇਤਿਹਾਸ ਵਿਚ ਐਸੀਆਂ ਅਨੇਕ ਬੀਬੀਆਂ ਦਾ ਜ਼ਿਕਰ ਮਿਲਦਾ ਹੈ। ਇਸੇ ਤਰ੍ਹਾਂ ਕਲਗੀਧਰ ਜੀ ਦੇ ਇਤਿਹਾਸ (ਤਵਾਰੀਖ਼ ਗੁਰੂ ਖਾਲਸਾ) ਵਿਚ ਜ਼ਿਕਰ ਮਿਲਦਾ ਹੈ ਕਿ ਇਕ ਵਾਰੀ ਸਤਿਗੁਰੂ ਜੀ ਨੇ ਭਰੇ ਇਕੱਠ ਵਿਚ ਬਚਨ ਕੀਤਾ, 'ਕੋਈ ਐਸੀ ਬੀਬੀ ਹੈ ਜੋ ਮਨ, ਬਾਣੀ, ਸਰੀਰ ਕਰ ਕੇ ਪੂਰਨ ਜਤ-ਸਤ ਵਿਚ ਪ੍ਰਪੱਕ ਹੋਵੇ ਤੇ ਜਿਸ ਨੇ ਕਦੇ ਵੀ ਆਪਣੇ ਪਤੀ ਦਾ ਮੂੰਹ ਨਾ ਫਿਟਕਾਰਿਆ ਹੋਵੇ ? ਉਸ ਵੇਲੇ ਇਕ ਬੀਬੀ ਨੇ ਭਰੇ ਦੀਵਾਨ ਵਿਚ ਖਲੋ ਕੇ ਬੇਨਤੀ ਕੀਤੀ, ਗ਼ਰੀਬ ਨਿਵਾਜ਼ ਸੱਚੇ ਪਾਤਸ਼ਾਹ ! ਆਪ ਜੀ ਦੀ ਮੇਰੇ 'ਤੇ ਰਹਿਮਤ ਹੈ। ਤੁਹਾਡੀ ਕ੍ਰਿਪਾ ਨਾਲ ਮੈਂ ਜਤ, ਸਤ ਵਿਚ ਪ੍ਰਪੱਕ ਹਾਂ ਅਤੇ ਅੱਜ ਤੱਕ ਕਦੇ ਵੀ ਆਪਣੇ ਪਤੀ ਦਾ ਮੂੰਹ ਨਹੀਂ ਫਿਟਕਾਰਿਆ। ਉਸ ਬੀਬੀ ਨੇ ਸਤਿਗੁਰਾਂ ਦੇ ਪੁੱਛਣ 'ਤੇ ਸਾਰੀ ਆਪਣੇ ਜੀਵਨ ਦੀ ਵਾਰਤਾ ਦੱਸੀ ਕਿ ਪਾਤਸ਼ਾਹ ਜੀ ! ਅਸੀਂ ਕਈ ਭੈਣਾਂ ਸਾਂ, ਪਰ ਭਰਾ ਕੋਈ ਨਹੀਂ ਸੀ। ਸਾਡੇ ਘਰ ਜਾਇਦਾਦ, ਪਦਾਰਥ ਬਹੁਤ ਸਨ। ਸਾਡੇ ਪਿਤਾ ਦੇ ਚੜ੍ਹਾਈ ਕਰਨ ਤੋਂ ਮਗਰੋਂ ਹਾਕਮਾਂ ਨੇ ਸਭ ਕੁਝ ਜ਼ਬਤ ਕਰ ਲਿਆ ਅਤੇ ਕਿਹਾ ਕਿ ਜੋ ਇਸਤਰੀ (ਜੋ ਸਾਡੀ ਮਾਂ ਸੀ) ਦੇ ਪੇਟ ਵਿਚ ਬੱਚਾ ਹੈ, ਜੇਕਰ ਉਹ ਲੜਕਾ ਹੋਇਆ ਤਾਂ ਸਭ ਕੁਝ ਵਾਪਿਸ ਦੇ ਦਿੱਤਾ ਜਾਵੇਗਾ।

ਪ੍ਰਮੇਸ਼ਰ ਵਾਹਿਗੁਰੂ ਜੀ ਦੀ ਕਿਰਪਾ ਨਾਲ ਲੜਕਾ (ਸਾਡਾ ਭਰਾ) ਪੈਦਾ ਹੋਣ ਨਾਲ ਸਾਡਾ ਸਭ ਕੁਝ ਵਾਪਿਸ ਮਿਲ ਗਿਆ। ਸਾਡੀ ਜਾਇਦਾਦ ਵੀ ਮਿਲ ਗਈ। ਪਹਿਲਾਂ ਲੋਕਾਂ ਦੇ ਘਰਾਂ ਵਿਚ ਦਿਨ ਕੱਟੀ ਕਰਦੇ ਸੀ। ਉਸ ਦੇ ਜਨਮ ਹੋਣ 'ਤੇ ਮਕਾਨ ਵੀ ਮਿਲ ਗਿਆ। ਉਸ ਦਿਨ ਤੋਂ ਸਤਿਗੁਰੂ ਜੀ ! ਮੈਂ ਮਨ ਵਿਚ ਦ੍ਰਿੜ੍ਹ ਨਿਸਚਾ ਕਰ ਲਿਆ ਕਿ ਅੱਜ ਤੋਂ ਮੈਂ ਕਦੀ ਵੀ ਮਰਦ ਦਾ ਮੂੰਹ ਨਹੀਂ ਫਿਟਕਾਰਾਂਗੀ। ਇਹ ਸੁਣ ਕੇ ਸਤਿਗੁਰੂ ਜੀ ਨੇ ਬੀਬੀ ਨੂੰ ਸ਼ਾਬਾਸ਼ ਦਿੱਤੀ ਤੇ ਬਹੁਤ ਬਖ਼ਸ਼ਿਸ਼ਾਂ ਕੀਤੀਆਂ। ਉਸ ਦੇ ਪਤੀਬ੍ਰਤਾ ਧਰਮ ਦੀ ਮਹਾਨਤਾ ਸੰਗਤਾਂ ਨੂੰ ਦਰਸਾਉਣ ਲਈ ਲੋਹਗੜ੍ਹ ਸਾਹਿਬ ਦੇ ਸਾਹਮਣੇ ਇਕ ਸੁੱਕਾ ਬੋਹੜ ਸੀ। ਸਤਿਗੁਰੂ ਜੀ ਨੇ ਹੁਕਮ ਕੀਤਾ, ਬੇਟਾ ! ਜਾ ਉਸ ਸੁੱਕੇ ਬੋਹੜ ਥੱਲੇ ਪਰਦਾ ਕਰ ਕੇ ਇਸ਼ਨਾਨ ਕਰ ਕੇ ਜਪੁ ਜੀ ਸਾਹਿਬ ਦਾ ਪਾਠ ਕਰ। ਉਸ ਬੀਬੀ ਨੇ ਸਤਿਗੁਰੂ ਜੀ ਦਾ ਬਚਨ ਮੰਨ ਕੇ ਜਦ ਇਸੇ ਤਰ੍ਹਾਂ ਕੀਤਾ ਤਾਂ ਉਹ ਸੁਕਿਆ ਬੋਹੜ ਵੀ ਹਰਾ ਹੋ ਗਿਆ।

(ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 672, ਪ੍ਰਕਾਸ਼ਕ ਭਾ: ਚਤਰ ਸਿੰਘ ਜੀਵਨ ਸਿੰਘ)

ਸੂਹੀ ਮਹਲਾ 3 ॥ ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ
ਲਾਏ ਰਾਮ ॥ ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ
॥ ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ

ਪਿਆਰੀ ॥ ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥ ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥ ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥ ੧ ॥ ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥ ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥ ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥ ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥ ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥ ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥ *2* ॥ ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ ॥ ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ ॥ ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ ॥ ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥ ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ ॥ ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ ॥ *3* ॥ ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥ ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ ॥ ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ ॥ ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥ ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥ *4* ॥ *5* ॥ *6* ॥

ਪਦ ਅਰਥ :-ਵਰੁ=ਪਤੀ। ਬਾਲੜੀਏ=ਅੰਞਾਣ ਬੇਸਮਝ ਜੀਵ-ਇਸਤ੍ਰੀਏ। ਹੋਵਹਿ=ਹੋ ਜਾਵੇਗਾ। ਹਰਿ ਜੀਉ=ਪ੍ਰਭੂ (ਪਤੀ)। ਨ ਜਾਏ=ਜੰਮਦਾ ਨਹੀਂ ਹੈ। ਸਹਜਿ ਸੁਭਾਏ=ਸਹਜ ਸੁਭਾਵਿਕ ਭਾਵ ਸੁਤੇ ਸਿਧ ਹੀ। ਸਾ ਧਨ=ਜੀਵ-ਇਸਤਰੀ। ਕੰਤੁ=ਪਤੀ। ਜਿਨ-ਜਿਸ ਪ੍ਰਭੂ ਨੇ। ਆਪੇ=ਆਪ ਹੀ। ਆਪੁ=ਆਪਣੇ ਆਪ ਨੂੰ। ਉਪਾਇਆ=ਪੈਦਾ ਕੀਤਾ। ਰਾਵੇ=ਭੋਗੇ। ਮਸਤੀ=ਮਸਤ ਰਹਿੰਦੀ ਹੈ। ਗੁਰਮਤੀ=ਗੁਰੂ ਦੀ ਸਿੱਖਿਆ ਦੁਆਰਾ। ਤਿਤੁ ਤਨਿ=ਉਸ ਸਰੀਰ ਵਿਚ। ਮੈਲੁ=(ਵਿਕਾਰਾਂ ਦੀ) ਮੈਲ। ਰਾਤੀ=ਰਤੀ ਹੋਈ। ਆਪੁ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਗਵਾਏ=ਆਪਾ ਭਾਵ ਦੂਰ ਕਰੇ ਭਾਵ ਹਉਮੈ ਨੂੰ ਦੂਰ ਕਰੇ। ਰੰਗਿ ਰਾਤੀ=ਪ੍ਰੇਮ ਦੇ ਰੰਗ ਵਿਚ ਰੰਗੀ ਗਈ ਹੈ। ਰੰਗਿ ਰਾਤੜੀਏ=ਹੇ ਪ੍ਰੇਮ ਵਿਚ ਰੰਗੀ ਹੋਈ ਜੀਵ-ਇਸਤ੍ਰੀਏ। ਮਹਲੁ=ਟਿਕਾਣਾ, ਸਰੂਪ। ਜਿਨਿ=ਜਿਸ (ਜੀਵ-ਇਸਤਰੀ) ਨੇ। ਆਪੁ=ਆਪਾ ਭਾਵ ਹੰਕਾਰ। ਚੁਕਾਇਆ=ਦੂਰ ਕੀਤਾ। ਰਵੈ=ਸਿਮਰਦੀ ਹੈ। ਕਾਮਣਿ ਮਨਿ=ਜੀਵ-ਇਸਤਰੀ ਦੇ ਮਨ ਵਿਚ। ਸਾਜਨ=(ਹਰੀ) ਸੱਜਣ। ਉਰਿ ਧਾਰੇ=ਹਿਰਦੇ ਵਿਚ ਧਾਰ (ਟਿਕਾ) ਕੇ। ਕਰਮ ਬਿਧਾਤਾ=ਕਰਮਾਂ ਦਾ ਫਲ ਦੇਣ ਵਾਲਾ। ਮੁਰਾਰੇ=ਮੁਰ ਆਦਿ ਦੈਂਤ ਰਾਖਸ਼ ਨੂੰ ਮਾਰਨ ਵਾਲਾ ਕ੍ਰਿਸ਼ਨ ਭਾਵ ਵਾਹਿਗੁਰੂ। ਸਵਾਰੇ=ਸੰਵਾਰ ਕੇ।

ਅਰਥ :- ਹੇ ਅੰਞਾਣ ਬੇਸਮਝ ਜੀਵ-ਇਸਤਰੀਏ ! ਜੇਕਰ ਤੂੰ ਪ੍ਰਭੂ-ਪਤੀ ਦਾ ਮਿਲਾਪ ਚਾਹੁੰਦੀ ਹੈਂ ਤਾਂ ਫਿਰ (ਤੂੰ) ਹਰੀ ਪ੍ਰਭੂ ਦੇ ਚਰਨਾਂ ਨਲ (ਆਪਣਾ) ਚਿਤ ਜੋੜ ਲੈ। (ਫਿਰ ਤੂੰ) ਸਦਾ ਲਈ ਸੋਹਾਗਵੰਤੀ ਹੋ ਜਾਵੇਂਗੀ, (ਕਿਉਂਕਿ ਉਹ) ਪ੍ਰਭੂ-ਪਤੀ ਵਾਹਿਗੁਰੂ ਜੀ ਨਾ ਮਰਦਾ ਹੈ, ਨਾ ਜੰਮਦਾ ਹੈ। (ਜਿਹੜੀ ਜੀਵ-ਇਸਤਰੀ) ਗੁਰੂ ਵਾਲੇ ਸ਼ਾਂਤ ਤੇ ਅਡੋਲ ਸੁਭਾਓ (ਦੁਆਰਾ ਹਰੀ ਪ੍ਰਭੂ ਪਤੀ ਦੀ ਬਣਦੀ ਹੈ ਜੋ ਹਰੀ ਪ੍ਰਭੂ ਪਤੀ ਨਾ ਮਰਦਾ ਹੈ ਅਤੇ ਨਾ ਜੰਮਦਾ ਹੈ, ਜੋ ਜੀਵ-ਇਸਤਰੀ ਉਸ ਦੀ ਬਣਦੀ ਹੈ, ਉਹ ਇਸਤਰੀ ਪ੍ਰਭੂ-ਪਤੀ ਨੂੰ ਪਿਆਰੀ ਲੱਗਦੀ ਹੈ। ਸੱਚ ਦੀ ਪ੍ਰਾਪਤੀ ਰੂਪੀ ਸੰਜਮ ਦੁਆਰਾ ਉਹ ਸਦਾ ਨਿਰਮਲ ਹੈ (ਅਤੇ) ਗੁਰ-ਸ਼ਬਦ ਦੁਆਰਾ ਸ਼ੁਭ ਗੁਣਾਂ ਦਾ ਸ਼ਿੰਗਾਰ ਕਰਦੀ ਹੈ। (ਹੇ ਭਾਈ !) ਮੇਰਾ ਪ੍ਰਭੂ ਸੱਚਾ ਹੈ, ਸਦਾ ਥਿਰ ਰਹਿਣ ਵਾਲਾ ਹੈ, ਜਿਸ ਨੇ ਆਪ ਹੀ ਆਪਣੇ ਆਪ ਨੂੰ ਪੈਦਾ ਕੀਤਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਜੀਵ-ਇਸਤਰੀ ਸਦਾ ਆਪਣੇ ਪਤੀ-ਪ੍ਰਮੇਸ਼ਰ ਦੀ ਪ੍ਰਾਪਤੀ ਦਾ ਅਨੰਦ ਮਾਣਦੀ ਹੈ, ਜਿਸ ਨੇ ਗੁਰੂ ਦੇ ਚਰਨਾਂ (ਭਾਵ ਸ਼ਬਦ) ਵਿਚ (ਆਪਣਾ) ਚਿਤ ਜੋੜਿਆ ਹੈ।੧।

ਹੇ ਅੰਞਾਣ ਬੇਸਮਝ ਜੀਵ-ਇਸਤਰੀਏ ! (ਜਿਸ ਜੀਵ-ਇਸਤਰੀ ਨੇ ਆਪਣੇ) ਪ੍ਰਭੂ ਪਤੀ ਨੂੰ ਪਾ ਲਿਆ ਹੈ, (ਉਹ) ਦਿਨ ਰਾਤ ਸਹਿਜ ਆਤਮਿਕ ਅਡੋਲ ਅਵਸਥਾ ਵਿਚ ਮਸਤ ਰਹਿੰਦੀ ਹੈ। ਉਹ ਗੁਰੂ ਦੀ ਸਿੱਖਿਆ (ਲੈ ਕੇ ਆਪਣੇ) ਮਨ ਵਿਚ (ਆਤਮਿਕ) ਖੇੜਾ (ਅਨੰਦ ਮਾਣਦੀ) ਹੈ ਅਤੇ ਉਸ ਦੇ ਸਰੀਰ ਵਿਚ ਰਤਾ ਭਰ ਵੀ (ਵਿਸ਼ੇ ਆਦਿ ਵਿਕਾਰਾਂ ਦੀ) ਮੈਲ ਨਹੀਂ ਹੁੰਦੀ। ਉਸ ਦੇ ਸਰੀਰ ਵਿਚ (ਹਉਮੈ ਤੇ ਵਿਕਾਰਾਂ ਦੀ) ਮੈਲ ਨਹੀਂ ਰਹਿੰਦੀ, (ਉਹ ਆਪਣੇ) ਪ੍ਰਭੂ ਦੇ ਪ੍ਰੇਮ ਵਿਚ ਰੰਗੀ ਰਹਿੰਦੀ ਹੈ ਅਤੇ ਮੇਰਾ ਪ੍ਰਭੂ (ਉਸ ਨੂੰ ਪੂਰਨ ਗੁਰੂ ਨਾਲ) ਮੇਲ ਕੇ (ਆਪਣੇ ਨਾਲ) ਮਿਲਾ ਲੈਂਦਾ ਹੈ। (ਉਹ ਜੀਵ-ਇਸਤਰੀ ਆਪਣੇ) ਅੰਦਰੋਂ ਹਉਮੈ ਨੂੰ ਦੂਰ ਕਰ ਕੇ ਦਿਨ ਰਾਤ ਆਪਣੇ ਪ੍ਰਭੂ ਨੂੰ ਸਿਮਰਦੀ ਰਹਿੰਦੀ ਹੈ। (ਉਸ ਜੀਵ-ਇਸਤਰੀ ਨੇ) ਗੁਰੂ ਦੀ ਮਤਿ ਸਿੱਖਿਆ ਦੁਆਰਾ (ਪ੍ਰਭੂ ਪਤੀ ਨੂੰ) ਪਾਇਆ ਹੈ ਅਤੇ ਗੁਰੂ ਨੇ ਸਹਿਜ (ਅਵਸਥਾ) ਵਿਚ ਇਸਥਿਤ ਕਰਕੇ ਉਸ ਦਾ ਪ੍ਰਭੂ ਪਤੀ ਨਾਲ ਮੇਲ ਕਰਾਇਆ ਹੈ, ਇਸ ਲਈ ਉਹ ਆਪਣੇ ਪਿਆਰੇ ਪ੍ਰੀਤਮ ਦੇ (ਪ੍ਰੇਮ ਰੰਗ ਵਿਚ) ਰੰਗੀ ਰਹਿੰਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ ਨੂੰ) ਨਾਮ ਪ੍ਰਾਪਤ ਹੋ ਜਾਂਦਾ ਹੈ, ਇੱਜ਼ਤ ਮਿਲ (ਜਾਂਦੀ ਹੈ ਅਤੇ ਉਹ ਪ੍ਰੀਤਮ ਦੇ) ਪ੍ਰੇਮ ਵਿਚ ਰੰਗੀ ਹੋਈ ਪ੍ਰਭੂ ਨੂੰ ਸਿਮਰਦੀ ਰਹਿੰਦੀ ਹੈ।੨।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਹੇ ਪ੍ਰਭੂ ਪ੍ਰਮਾਤਮਾ ਦੇ ਪ੍ਰੇਮ ਵਿਚ ਰੰਗੀ ਹੋਈ ਜੀਵ-ਇਸਤਰੀਏ ! (ਜਿਹੜੀ ਇਸਤਰੀ ਪ੍ਰਭੂ) ਪਤੀ ਨੂੰ ਸਿਮਰਦੀ ਹੈ ਭਾਵ ਪ੍ਰੇਮ ਨਲ ਯਾਦ ਕਰਦੀ ਹੈ, ਉਸ (ਜੀਵ-ਇਸਤਰੀ) ਨੇ ਹੀ ਪਤੀ (ਪਰਮੇਸ਼ਰ) ਦਾ ਮਹਿਲ ਪਾਇਆ ਹੈ।

ਉਹ ਸਹੁ (ਪ੍ਰਭੂ ਪਤੀ) ਅਤਿ ਪਵਿੱਤਰ ਸਰੂਪ ਦਾਤਾ (ਉਸ ਨੂੰ) ਮਿਲਦਾ ਹੈ ਜਿਸ ਨੇ (ਆਪਣੇ) ਵਿਚੋਂ ਹੰਕਾਰ ਦੂਰ ਕੀਤਾ ਹੈ। ਜਦੋਂ ਹਰੀ ਨੂੰ ਚੰਗਾ ਲੱਗਾ ਤਾਂ ਜੀਵ-ਇਸਤਰੀ ਪ੍ਰਭੂ ਪਤੀ ਦੇ ਮਨ ਵਿਚ ਚੰਗੀ ਲੱਗ ਪਈ, (ਫਿਰ ਉਸ ਦੇ ਮਨ) ਵਿਚੋਂ (ਪ੍ਰਮਾਤਮਾ ਨੇ ਮਾਇਆ ਦਾ) ਮੋਹ ਦੂਰ ਕਰ ਦਿੱਤਾ। (ਉਹ) ਦਿਨ ਰਾਤ ਸੱਚੇ ਪ੍ਰਭੂ-ਪਤੀ ਦੇ ਗੁਣ ਗਾਉਂਦੀ ਹੈ (ਅਤੇ) ਪ੍ਰਭੂ ਦੀ ਅਕਥ ਕਥਾ ਨੂੰ ਕਥਦੀ ਹੈ (ਭਾਵ ਸਿਫਤਿ-ਸਾਲਾਹ ਕਰਦੀ ਰਹਿੰਦੀ) ਹੈ। ਚਾਰੇ ਜੁਗਾਂ ਵਿਚ ਇਕੋ ਸੱਚਾ (ਪਰਮੇਸ਼ਰ ਵਾਹਿਗੁਰੂ ਜੀ) ਵਰਤ ਰਿਹਾ ਹੈ ਅਤੇ ਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਕਿਸੇ (ਮਨੁੱਖ) ਨੇ (ਉਸ ਪ੍ਰਭੂ ਪ੍ਰਮਾਤਮਾ ਦਾ) ਮਿਲਾਪ ਪ੍ਰਾਪਤ ਨਹੀਂ ਕੀਤਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਜੀਵ-ਇਸਤਰੀ ਪ੍ਰਭੂ ਦੇ) ਪ੍ਰੇਮ ਵਿਚ ਰੰਗੀ ਹੈ, (ਜੋ ਪ੍ਰਭੂ ਦਾ ਪ੍ਰੇਮ ਨਾਲ) ਸਿਮਰਨ ਕਰਦੀ ਹੈ ਅਤੇ ਜਿਸ ਨੇ (ਆਪਣੀ) ਚਿਤ (ਬ੍ਰਿਤੀ ਪਰਮੇਸ਼ਰ ਦੇ ਚਰਨਾਂ) ਨਾਲ ਜੋੜੀ ਹੈ।੩।

ਉਸ ਕਾਮਣ ਜੀਵ-ਇਸਤਰੀ ਨੂੰ ਪਿਆਰੇ ਸਾਜਨ (ਪ੍ਰਭੂ-ਪਤੀ) ਜੀ ਮਿਲ ਪਏ ਹਨ, ਜਿਸ ਕਰਕੇ (ਉਸ ਦੇ) ਮਨ ਵਿਚ (ਪ੍ਰਭੂ-ਪਤੀ ਦਾ) ਸੋਹਿਲਾ (ਆਤਮਿਕ ਅਨੰਦ ਬਣਿਆ ਰਹਿੰਦਾ ਹੈ)। ਗੁਰੂ ਦੀ ਦਿੱਤੀ ਮਤਿ ਉੱਤੇ ਚਲਿਆਂ (ਉਸ ਦਾ) ਮਨ ਪਵਿੱਤਰ ਹੋਇਆ ਹੈ (ਅਤੇ ਉਸ ਨੇ) ਹਰੀ ਨੂੰ (ਆਪਣੇ) ਹਿਰਦੇ ਵਿਚ ਧਾਰ ਕੇ ਰੱਖਿਆ ਹੋਇਆ ਹੈ। (ਉਹ ਆਪਣੇ ਮਨੁੱਖਾ ਜਨਮ ਦਾ) ਕਾਰਜ ਸਵਾਰ ਲਵੇਗੀ, (ਕਿਉਂਕਿ ਉਸ ਨੇ) ਗੁਰੂ ਦੀ ਦਿੱਤੀ ਮਤਿ ਸਿੱਖਿਆ ਦੁਆਰਾ ਹਰੀ ਪ੍ਰਮਾਤਮਾ ਨੂੰ ਹਿਰਦੇ ਵਿਚ ਧਾਰਣ ਕਰਕੇ, ਉਸ ਹਰੀ ਸਰੂਪ ਨੂੰ ਜਾਣ ਲਿਆ ਹੈ। (ਉਹ ਆਖਦੀ ਹੈ ਕਿ) ਪ੍ਰੀਤਮ ਨੇ ਮੇਰਾ ਮਨ ਮੋਹ ਲਿਆ ਹੈ (ਅਤੇ ਉਸ ਨੇ) ਕਰਮਾਂ ਦਾ ਫਲ ਦੇਣ ਵਾਲਾ ਬਿਧਾਤਾ=ਵਾਹਿਗੁਰੂ ਪਾ ਲਿਆ ਹੈ। ਸਤਿਗੁਰੂ ਦੀ ਸੇਵਾ ਕਰ ਕੇ (ਉਸ ਜੀਵ-ਇਸਤਰੀ ਨੇ) ਸਦਾ (ਆਤਮਿਕ) ਸੁਖ ਪਾਇਆ ਹੈ (ਅਤੇ) ਮੁਰਾਰੀ=ਮੁਰ ਆਦਿ ਦੈਂਤਾਂ ਦਾ ਨਾਸ ਕਰਨ ਵਾਲਾ ਵਾਹਿਗੁਰੂ (ਉਸ ਦੇ) ਮਨ ਵਿਚ ਵਸ ਗਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜੀਵ-ਇਸਤਰੀ ਨੇ) ਗੁਰੂ ਦੇ ਸ਼ਬਦ ਦੁਆਰਾ (ਆਪਣਾ ਜੀਵਨ) ਸਵਾਰ ਲਿਆ ਹੈ, ਆਪਣੇ ਗੁਰੂ ਨੇ (ਉਸ ਇਸਤਰੀ ਨੂੰ ਪ੍ਰਭੂ ਪਤੀ ਨਾਲ) ਮਿਲਾ ਦਿੱਤਾ ਹੈ।੪।੫।੬।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੫੧ (ਆਦਿ ਅੰਗ 773)

## ਸੂਹੀ ਮਹਲਾ 4 ॥

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥ ੧ ॥ ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥ 2 ॥ ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥ 3 ॥ ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ

ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ *4* ॥ *2* ॥

## ਪ੍ਰਾਕ੍ਰਥਨ :

ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਇਸ ਸ੍ਰੀ ਮੁਖਵਾਕ ਅੰਦਰ ਚਾਰ ਲਾਵਾਂ ਉਚਾਰਨ ਕਰ ਕੇ ਸਿੱਖਿਆ ਬਖ਼ਸ਼ਿਸ਼ ਕੀਤੀ ਹੈ। ਇਨ੍ਹਾਂ ਚਾਰ ਲਾਵਾਂ ਦੁਆਰਾ ਹੀ ਸਿੱਖ ਧਰਮ ਅੰਦਰ ਬੱਚੇ ਬੱਚੀ ਦਾ ਅਨੰਦ ਕਾਰਜ ਕੀਤਾ ਜਾਂਦਾ ਹੈ। ਇਸ ਮਰਯਾਦਾ ਨਾਲ ਹੀ ਬੱਚੀ ਬੱਚਾ ਗ੍ਰਿਹਸਤ ਧਰਮ ਅੰਦਰ ਪ੍ਰਵੇਸ਼ ਕਰਦਾ ਹੈ। ਗ੍ਰਿਹਸਤ ਧਰਮ ਸਾਰੇ ਧਰਮਾਂ ਨਾਲੋਂ ਉੱਤਮ ਹੈ।

## ਵਿਸ਼ਾ — ਕਬੀਰ ਜਉ ਗ੍ਰਿਹੁ ਕਰਹਿ ਤ ਧਰਮ ਕਰੁ

'ਗ੍ਰਿਹਸਤ' ਸ਼ਬਦ 'ਗ੍ਰਿਹ+ਸਤ' ਦੋ ਸ਼ਬਦਾਂ ਦਾ ਸੁਮੇਲ ਹੈ। ਵੇਖਣ ਵਿਚ ਭਾਵੇਂ ਇਹ ਚਾਰ ਅੱਖਰਾਂ ਦਾ ਜੋੜ ਹੈ, ਪਰ ਅਸਲੋਂ ਇਹ ਇਕ ਘੜੇ ਵਿਚ ਬੰਦ ਸਮੁੰਦਰ ਵਾਂਗ ਹੈ। ਸੋ ਆਓ ਗਹੁ ਨਾਲ ਤੱਕੀਏ ਕਿ ਉਹ ਕਿਵੇਂ ? 'ਗ੍ਰਿਹ' ਤੋਂ ਭਾਵ ਹੈ — ਘਰ ਜਾਂ ਪਰਿਵਾਰ ਅਤੇ 'ਸਤ' ਤੋਂ ਭਾਵ ਹੈ ਸੱਚ, ਪਵਿੱਤਰ, ਜ਼ਿੰਦਗੀ, ਧਰਮ, ਆਦਰ, ਪੂਜਯ, ਪ੍ਰਤੱਖ, ਵਿਦਯਮਾਨ, ਕਸਮ, ਸੁਭਾਅ, ਜੀਵਨ, ਪੁੰਨ, ਪਾਰਬ੍ਰਹਮ, ਵਾਹਿਗੁਰੂ। (ਮਹਾਨ ਕੋਸ਼)

ਭਾਈ ਗੁਰਦਾਸ ਜੀ ਨੇ ਗ੍ਰਿਹਸਤ ਧਰਮ ਦੀ ਮਹਾਨਤਾ ਦੱਸਦਿਆਂ ਬੜੇ ਸੁੰਦਰ ਬਚਨ ਕਹੇ ਹਨ। ਜਿਸ ਤਰ੍ਹਾਂ ਨਦੀਆਂ, ਨਹਿਰਾਂ, ਦਰਿਆਵਾਂ ਆਦਿਕ ਵਿਚੋਂ ਸਮੁੰਦਰ, ਪਹਾੜਾਂ ਵਿਚੋਂ ਸੁਮੇਰ ਪਰਬਤ ਵੱਡਾ ਹੈ, ਜਿਵੇਂ ਬ੍ਰਿਛਾਂ ਵਿਚੋਂ ਚੰਦਨ ਦਾ ਬੂਟਾ ਵੱਡਾ ਹੈ, ਧਾਤਾਂ ਵਿਚੋਂ ਸੋਨਾ ਬੜਾ ਉੱਤਮ ਕਰਕੇ ਮੰਨਿਆ ਜਾਂਦਾ ਹੈ, ਜਿਸ ਤਰ੍ਹਾਂ ਪੰਛੀਆਂ ਵਿਚੋਂ ਹੰਸ, ਮ੍ਰਿਗ ਆਦਿ ਜੰਗਲੀ ਜਾਨਵਰਾਂ ਵਿਚੋਂ ਬੱਬਰ ਸ਼ੇਰ, ਰਾਗਾਂ ਵਿਚੋਂ ਸ੍ਰੀਰਾਗੁ ਤੇ ਪੱਥਰਾਂ ਵਿਚੋਂ ਪਾਰਸ ਸ੍ਰੇਸ਼ਟ ਹੈ, ਉਸੇ ਤਰ੍ਹਾਂ ਗਿਆਨਾਂ ਵਿਚੋਂ ਗੁਰੂ ਦਾ ਗਿਆਨ, ਧਿਆਨਾਂ ਵਿਚੋਂ ਗੁਰੂ ਦਾ ਧਿਆਨ। ਭਾਈ ਗੁਰਦਾਸ ਜੀ ਸੰਸਾਰ ਦੇ ਕੁੱਲ ਧਰਮਾਂ ਵਿਚੋਂ ਗ੍ਰਿਹਸਤ ਧਰਮ ਨੂੰ ਸਰਬੋਤਮ ਕਹਿੰਦੇ ਹਨ :

**ਜੈਸੇ ਸਰ ਸਰਿਤਾ ਸਕਲ ਮੈ ਸਮੁੰਦਰ ਬਡੋ,**
**ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ॥**
**ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,**
**ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ॥**
**ਪੰਛੀਅਨਿ ਮੈ ਹੰਸੁ ਮ੍ਰਿਗਰਾਜਨ ਮਹਿ ਸਾਰਦੂਲ,**
**ਰਾਗਨ ਮੈ ਸ੍ਰੀ ਰਾਗੁ ਪਾਰਸ ਪਖਾਨ ਹੈ।**
**ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ,**
**ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥ 376॥**

(ਕਬਿੱਤ ਸਵੱਯੇ, ਭਾ: ਗੁਰਦਾਸ)

ਇਸੇ ਤਰ੍ਹਾਂ ਭਾਈ ਸਾਹਿਬ ਜੀ ਹੋਰ ਬੜੇ ਸੁੰਦਰ ਦ੍ਰਿਸ਼ਟਾਂਤ ਦਿੰਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਛਿਲਕਿਆਂ ਵਿਚ ਹੁੰਦਾ ਹੋਇਆ ਚਾਵਲ ਬੀਜਿਆ ਜਾਵੇ ਤਾਂ ਉਗ ਕੇ ਹਜ਼ਾਰਾਂ ਗੁਣਾਂ ਹੋ ਕੇ ਚਾਵਲ ਰੂਪੀ ਬਹੁਤ ਦੇਹਾਂ ਧਾਰ ਕੇ ਜੀਵਾਂ 'ਤੇ ਰੋਜ਼ੀ ਰੂਪੀ ਪਰਉਪਕਾਰ ਕਰਦਾ ਹੈ। ਛਿਲਕਿਆਂ ਵਿਚ ਹੁੰਦਾ ਹੋਇਆ ਚਾਵਲ ਨਿਰਵਿਘਨ ਰਹਿੰਦਾ ਹੈ, ਘੁਣ ਨਹੀਂ ਲੱਗਦਾ। ਬਹੁਤ ਦੇਰ ਤੱਕ ਰੱਖਿਆ ਰਹਿੰਦਾ ਹੈ, ਖ਼ਰਾਬ ਨਹੀਂ ਹੁੰਦਾ, ਪਰ ਛਿਲਕਿਆਂ ਵਿਚੋਂ ਨਿਕਲ ਕੇ ਚਾਵਲ ਟੋਟੇ-ਟੋਟੇ ਹੋ ਜਾਂਦਾ ਹੈ, ਬਦਸ਼ਕਲ ਹੋ ਜਾਂਦਾ ਹੈ, ਸੁਆਦ ਵਿਚ ਫ਼ਰਕ ਪੈ ਜਾਂਦਾ ਹੈ :

**ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋ,**
**ਦੇਹ ਧਾਰਿ ਕਰਤ ਹੈ ਪਰਉਪਕਾਰ ਜੀ॥**
**ਤੁਸ ਮੈ ਤੰਦੁਲ ਨਿਰਬਿਘਨ, ਨ ਲਾਗੈ ਘੁਨ,**
**ਰਾਖੈ ਰਹੇ ਚਿਰੰਕਾਲ, ਹੋਤ ਨ ਬਿਕਾਰ ਜੀ॥**
**ਤੁਸ ਮੈ ਨਿਕਸਿ ਹੋਇ ਭਗਨ ਮਲੀਨ ਰੂਪ,**
**ਸ੍ਵਾਦ ਕਰਵਾਇ, ਰਾਧੇ ਰਹੇ ਨ ਸੰਸਾਰ ਜੀ॥**
**ਗੁਰ ਉਪਦੇਸ ਗੁਰਸਿਖ ਗ੍ਰਿਹ ਮੈ ਬੈਰਾਗੀ,**
**ਗ੍ਰਿਹ ਤਜ ਬਨਖੰਡ ਹੋਤ ਨ ਉਧਾਰ ਜੀ॥੧੨੧॥**

(ਕਬਿੱਤ ਸਵੱਯੇ, ਭਾ : ਗੁਰਦਾਸ)

ਸੋ ਇਸੇ ਪ੍ਰਕਾਰ ਅਨੇਕਾਂ ਭੇਖ ਵਰਨ ਆਸ਼੍ਰਮ ਗ੍ਰਿਹਸਤ ਵਿੱਚੋਂ ਹੀ ਪੈਦਾ ਹੁੰਦੇ ਹਨ। ਜਿਸ ਤਰ੍ਹਾਂ ਮੱਛ, ਕੱਛੂ, ਬਗਲਾ, ਹੰਸ, ਮੋਤੀ, ਅੰਮ੍ਰਿਤ ਅਤੇ ਜ਼ਹਿਰ, ਸਮੁੰਦਰ ਹੀ ਇਹਨਾਂ ਦਾ ਮੂਲ ਮੰਨਿਆ ਹੈ। ਇਸੇ ਤਰ੍ਹਾਂ ਜਿੰਦਰਾ, ਕੁੰਜੀ, ਤਲਵਾਰ, ਸੰਜੋਅ ਇਹਨਾਂ ਦਾ ਅਧਾਰ (ਮੂਲ) ਭੀ ਲੋਹਾ ਹੀ ਹੈ। ਫੇਰ ਜਿਸ ਤਰ੍ਹਾਂ ਭਾਂਡੇ ਮਿੱਟੀ ਦੇ ਵੱਖਰੇ-ਵੱਖਰੇ ਬਣਾ ਕੇ ਵੱਖਰੀਆਂ-ਵੱਖਰੀਆਂ ਵਸਤੂਆਂ ਵਿਚ ਪਾਈਆਂ ਜਾਂਦੀਆਂ ਹਨ, ਪਰ ਭਾਂਡਿਆਂ ਦਾ ਮੂਲ ਇਕ ਮਿੱਟੀ ਹੀ ਹੈ, ਇਸ ਤਰ੍ਹਾਂ ਖਟ ਦਰਸ਼ਨ, ਚਾਰ ਵਰਨ, ਚਾਰ ਆਸ਼ਰਮ ਇਹਨਾਂ ਸਾਰਿਆਂ ਦਾ ਅਧਾਰ (ਮੂਲ ਇਕ ਗ੍ਰਿਹਸਤ ਧਰਮ ਹੈ)।

**ਜੈਸੇ ਮਛ ਕਛ ਬਗ ਹੰਸ ਮੁਕਤਾ ਪਖਾਨ, ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਸੈ ਜਾਨੀਐ॥**
**ਜੈਸੇ ਤਾਰੋ ਤਾਰੀ ਆਇ ਆਰਸੀ ਸਨਾਹ ਸ਼ਸਤ੍ਰ, ਲੋਹ ਏਕ ਸੇ ਅਨੇਕ ਰਚਨਾ ਬਖਾਨੀਐ॥**
**ਭਾਂਜਨ ਬਿਬਿਧ ਜੈਸੇ ਹੋਤ ਇਕ ਮ੍ਰਿਤਕਾ ਸੈ, ਖੀਰ ਨੀਰ ਬਿੰਜਨਾਦਿ ਅਉਖਧ ਸਮਾਨੀਐ॥**
**ਤੈਸੇ ਦਰਸਨ ਬਹੁ ਬਰਨ ਆਸ੍ਰਮ ਧਰਮ, ਸਕਲ ਗ੍ਰਿਹਸਤ ਕੀ ਸਾਖਾ ਉਨਮਾਨੀਐ॥ 375 ॥**

(ਕਬਿੱਤ ਸਵੱਯੇ, ਭਾ: ਗੁਰਦਾਸ)

ਸੋ ਸ੍ਰਿਸ਼ਟੀ ਦੇ ਆਦਿ ਤੋਂ ਲੈ ਕੇ ਬ੍ਰਹਮਾ, ਵਿਸ਼ਨੂੰ, ਸ਼ਿਵ ਅਤੇ ਅਵਤਾਰ, ਪੀਰ, ਪੈਗੰਬਰ ਆਦਿ

ਦੁਨੀਆਂ ਦੇ ਪ੍ਰਸਿੱਧ ਮਹਾਂ ਪੁਰਖ ਭੀ ਗ੍ਰਿਹਸਤੀ ਹੋਏ ਹਨ। ਅਚੱਲ ਵਟਾਲੇ ਭੰਗਰ ਨਾਥ ਨੇ ਗੁਰੂ ਨਾਨਕ ਦੇਵ ਜੀ ਨੂੰ ਕਹਿਆ ਸੀ— 'ਭੇਖ ਉਤਾਰ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤ ਚਲਾਈ'। ਧੰਨ ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਸੀ ਜਿਸ ਨੂੰ ਸੁਣ ਕੇ ਸਿੱਧ ਨਿਰੁੱਤਰ ਹੋ ਗਏ ਸਨ। ਸਿੱਧਾਂ ਨੂੰ ਕੋਈ ਜਵਾਬ ਨਹੀਂ ਆਇਆ ਸੀ :

**ਨਾਨਕ ਆਖੇ 'ਭੰਗਰਿਨਾਥ ! ਤੇਰੀ ਮਾਉ ਕੁਚਜੀ ਆਹੀ।**
**ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।**
**ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂੰ ਕੇ ਘਰਿ ਮੰਗਣ ਜਾਈ।**
**ਬਿਨੁ ਦਿਤੇ ਕਛੁ ਹਥਿ ਨ ਆਈ'॥ 40 ॥** (ਵਾਰ ੧, ਪਉੜੀ 40)

ਸੋ ਸਿੱਖ ਮੱਤ ਵਿਚ ਗ੍ਰਿਹਸਤ ਆਸ਼ਰਮ ਦੀ ਭਾਰੀ ਮਹਿਮਾ ਹੈ। ਜੋ ਗ੍ਰਿਹਸਤੀ ਧਰਮ ਦੀ ਕਿਰਤ ਕਰਦੇ ਹੋਏ ਆਪਣਾ ਜੀਵਨ ਨਿਰਵਾਹ ਕਰਦੇ ਹਨ, ਪਰਉਪਕਾਰ ਲਈ ਸੇਵਾ ਕਰਦੇ ਅਤੇ ਸੰਸਾਰ ਦੇ ਵਿਹਾਰਾਂ ਨੂੰ ਚੰਗੀ ਤਰ੍ਹਾਂ ਨਿਭਾਉਂਦੇ ਹੋਏ ਹਰ ਵੇਲੇ ਕਰਤਾਰ ਨੂੰ ਯਾਦ ਰੱਖਦੇ ਹਨ, ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਉੱਤਮ ਕਿਹਾ ਹੈ। ਇਕ ਗ੍ਰਿਹਸਤੀ ਹੀ ਹਨ ਜਿਥੇ ਬ੍ਰਹਮਚਾਰੀ, ਬਾਨਪ੍ਰਸਤੀ ਅਤੇ ਸੰਨਿਆਸੀ ਬਿਰਤੀ ਵਾਲੇ ਸਾਧੂ-ਸੰਤਾਂ ਦੀ ਪੇਟ ਪੂਰਤੀ ਭਾਵ ਪੇਟ ਪੂਜਾ ਹੁੰਦੀ ਹੈ। ਸਤਿਗੁਰੂ ਜੀ ਦੇ ਪਵਿੱਤਰ ਬਚਨ ਹਨ :

**ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥**
**ਸਬਦਿ ਰਤੇ ਤਿਨਾ ਸੋਝੀ ਪਾਈ ਦੂਜੇ ਭਰਮ ਭੁਲਾਇ॥** (ਅੰਗ 587)

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥**
**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥**

(ਅੰਗ ੧377)

**ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥**

(ਅੰਗ 66੧)

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥** (ਅੰਗ 522)

ਇਸ ਲਈ ਜਿਹੜੇ ਲੋਕ ਗ੍ਰਿਹਸਤ ਨੂੰ ਛੱਡ ਕੇ ਬਾਹਰ ਭਟਕਦੇ ਹਨ, ਉਹਨਾਂ ਲਈ ਇਕ ਕਵੀ ਜੀ ਦਾ ਬੜਾ ਹੀ ਸੁੰਦਰ ਕਥਨ ਹੈ :

**ਕਾਹੇ ਕੋ ਤੂ ਘਰ ਛੋਡਾ, ਕਾਹੇ ਕੋ ਘਰਨਿ ਛੋਡੀ,**
**ਕਾਹੇ ਕੋ ਇੱਜ਼ਤ ਖੋਈ ਦਰਵੇਸ਼ ਬਾਨੇ ਕੀ।**
**ਕਾਹੇ ਕੋ ਤੂੰ ਨੰਗਾ ਹੂਆ, ਕਾਹੇ ਕੋ ਬਿਭੂਤ ਲਾਈ,**

**ਕਿਨੇ ਸੀਖ ਦਈ ਤੁਝੈ ਜੰਗਲ ਮੇਂ ਜਾਨੇ ਕੀ।**
**ਆਦਤ ਕੋ ਛੋਡ ਦੇਤਾ, ਪਰੇਸ਼ਾਨ ਮਤ ਹੋਤਾ,**
**ਸੀਖ ਸੁਨ ਲੇਤਾ ਤੂ ਚਤਰ ਸਿੰਘ ਰਾਣੇ ਕੀ।**
**ਗੋਸ਼ਾ ਜਾਏ ਏਕ ਲੇਤਾ, ਖਾਨੇ ਕੋ ਖ਼ੁਦਾਇ ਦੇਤਾ,**
**ਜਾਤੀ ਮਿਟ ਚਿੰਤਾ, ਰੇ ਫ਼ਕੀਰ, ਖਾਨੇ ਦਾਨੇ ਕੀ।**

ਅਥਵਾ :

**ਰੇ ਮਨ ਐਸੋ ਕਰ ਸੰਨਿਆਸਾ॥**
**ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥ ੧॥ ਰਹਾਉ॥**

(ਸ਼ਬਦ ਹਜ਼ਾਰੇ, ਪਾ: ੧੦)

ਇਸ ਪ੍ਰਵੇਸ਼ ਗ੍ਰਿਹਿਸਤ ਧਰਮ ਅੰਦਰ ਬੱਚੇ ਬੱਚੀ ਦਾ ਅਨੰਦ ਕਾਰਜ ਗੁਰੂ ਰਾਮਦਾਸ ਜੀ ਦੀਆਂ ਚਾਰ ਲਾਵਾਂ ਦਾ ਪਾਠ ਕਰਕੇ ਹੀ ਹੁੰਦਾ ਹੈ।

ਲਾਵ=ਲਾਵ ਸ਼ਬਦ ਦੇ ਕਈ ਪ੍ਰਚਲਤ ਅਰਥ ਹਨ, ਜਿਵੇਂ ਕਿ ੧. ਪ੍ਰਕਰਮਾ, ੨. ਸਿੱਖਿਆ, ੩. ਭੂਮਿਕਾ, ੪. ਲਗਨ।

ਪੰਜਾਬੀ ਲਾਂਵ ਤੋਂ ਭਾਵ ਰਸੀ। ਲਾਂਵ ਪਦ ਲੂ ਧਾਤੂ ਤੋਂ ਬਣਿਆ ਹੈ। ਸੰਸਕ੍ਰਿਤ ਵਿਚ ਲਾਂਵ ਤੋਂ ਭਾਵ ਕੱਟਣਾ, ਫੁੱਲ ਦਾ ਤੋੜਨਾ। ਭਾਵ ਵਿਆਹ ਹੋਣ ਨਾਲ ਲੜਕੀ ਮਾਪਿਆਂ ਤੋਂ ਫੁੱਲ ਵਾਂਗ ਜੁਦਾ ਹੋ ਕੇ ਪਤੀ ਦੀ ਹੋ ਜਾਂਦੀ ਹੈ ਅਤੇ ਉਹ ਕਿਰਿਆ ਜਿਸ ਨਾਲ ਪਤੀ-ਪਤਨੀ ਦਾ ਵਿਸ਼ੇਸ਼ ਸੰਬੰਧ ਹੋਰਾਂ ਨਾਲੋਂ ਟੁੱਟ ਕੇ ਕੇਵਲ ਪਤੀ ਪਰਮੇਸ਼ਰ ਨਾਲ ਪੱਕਾ ਹੋ ਜਾਂਦਾ ਹੈ।

## ਅਨੰਦ ਮੈਰਿਜ ਐਕਟ

ਗੁਰਸਿੱਖੀ ਮਾਰਗ ਵਿਚ ਇਸ ਅਨੰਦ ਕਾਰਜ ਵਾਲੇ ਮਹਾਨ ਗੁਰਮਤਿ ਵਿਰਸੇ ਨੂੰ, ਜਦੋਂ ਕਿ ਪੰਥ ਪੂਰੀ ਤਰ੍ਹਾਂ ਭੁੱਲ ਚੁੱਕਾ ਸੀ ਅਤੇ ਸਭ ਪਾਸੇ ਬ੍ਰਾਹਮਣੀ ਰੀਤੀ ਅਨੁਸਾਰ, ਵੇਦੀ ਦੇ ਫੇਰਿਆਂ ਨਾਲ ਸਾਰੇ ਸਿੱਖਾਂ ਦੇ ਅਨੰਦ ਕਾਰਜ ਹੋ ਰਹੇ ਸਨ, ਸਿੱਖ ਆਗੂਆਂ ਦੀ ਮਹਾਨ ਘਾਲਣਾ ਅਤੇ ਕੁਰਬਾਨੀਆਂ ਦੇ ਸਿੱਟੇ ਵਜੋਂ ਅਨੰਦ ਮੈਰਿਜ ਐਕਟ ੧੯੦੮ ਸਿੱਖ ਕਾਨੂੰਨ ਦੀ ਸ਼ਕਲ ਵਿਚ ਹੋਂਦ ਵਿਚ ਆਇਆ। ਟਿੱਕਾ ਰਿਪੁਦਮਨ ਸਿੰਘ ਆਫ਼ ਨਾਭਾ ਨੇ ਜਦ ਸਿੱਖ ਰੀਤੀ ਨੂੰ ਸੁਰੱਖਿਅਤ ਕਰਨ ਵਾਸਤੇ ਆਵਾਜ਼ ਉਠਾਈ ਤਾਂ ਸਭ ਤੋਂ ਪਹਿਲਾਂ ਸਮਾਜਿਕ ਪੱਧਰ 'ਤੇ ਇਸ ਦਾ ਕਰੜਾ ਵਿਰੋਧ ਆਪਣੇ ਹੀ ਪਿਤਾ ਮਹਾਰਾਜਾ ਹੀਰਾ ਸਿੰਘ ਤੋਂ ਪ੍ਰਾਪਤ ਹੋਇਆ। ਸ. ਸੁੰਦਰ ਸਿੰਘ ਜੀ ਮਜੀਠੀਆ ਨੇ ਇਸ ਝੰਡੇ ਨੂੰ ਕਾਨੂੰਨ ਬਣਨ ਤੀਕ ਪੱਕੇ ਹੱਥੀਂ ਪਕੜਿਆ ਅਤੇ ਸਾਰੀਆਂ ਔਕੜਾਂ ਨੂੰ ਖਿੜੇ ਮੱਥੇ ਸਹਾਰਿਆ।

ਸਿੱਖਾਂ ਦੇ ਇਸ ਵਿਰਸੇ ਨੂੰ ਮੁੜ ਸੁਰਜੀਤ ਕਰਨ ਵਿਚ ਉਸ ਸਮੇਂ ਦੀਆਂ ਸਿੱਖ ਸੁਧਾਰਕ ਲਹਿਰਾਂ, ਨਿਰੰਕਾਰੀ ਲਹਿਰਾਂ ਅਤੇ ਨਾਮਧਾਰੀ ਲਹਿਰਾਂ ਦਾ ਬੜਾ ਯੋਗਦਾਨ ਹੈ, ਭਾਵੇਂ ਇਹ ਦੋਵੇਂ ਲਹਿਰਾਂ ਬਾਅਦ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖੀ ਦੇ ਮੂਲ ਆਦਰਸ਼ਾਂ ਤੋਂ ਟੁੱਟ ਕੇ ਸਖਸ਼ੀ ਪੂਜਾ ਅਤੇ ਗੁਰੂ-ਡੰਮ੍ਹ ਦੇ ਚਿੱਕੜ ਵਿਚ ਫਸ ਗਈਆਂ ਹਨ।

ਮੂਲ ਰੂਪ ਵਿਚ ਵੇਦੀ ਦੇ ਵਿਆਹ ਦੀ ਬ੍ਰਾਹਮਣੀ ਰੀਤ ਦਾ ਤਿਆਗ ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਦੇ ਸਮੇਂ ਤੋਂ ਹੀ ਕਰ ਦਿੱਤਾ ਗਿਆ ਸੀ, ਪਰ ਸਮੇਂ ਦੇ ਪ੍ਰਭਾਵ ਕਾਰਨ ਜਿਥੇ ਹੋਰ ਅਨੇਕਾਂ ਬ੍ਰਾਹਮਣੀ ਰੀਤਾਂ ਨੇ ਸਿੱਖ ਧਰਮ ਨੂੰ ਆਪਣੀ ਜਕੜ ਵਿਚ ਲੈ ਲਿਆ, ਉਥੇ ਸਿੱਖ ਰਾਜ ਸਮੇਂ ਵੀ ਮਨਮਤਿ ਵਿਆਹ ਸਮੇਂ ਵਰਤੀ ਗਈ। ਸਾਡੇ ਹੱਥਲੇ ਲੇਖ ਦਾ ਵਿਸ਼ਾ ਜਿਥੇ ਅਨੰਦ ਕਾਰਜ ਦਾ ਇਤਿਹਾਸ ਲਿਖਣਾ ਹੈ ਅਤੇ ਅਨੰਦ ਕਾਰਜ ਦਾ ਅਸਲੀ ਰੂਪ ਸਿੱਖਾਂ ਵਿਚ ਪ੍ਰਗਟ ਕਰਨਾ ਹੈ, ਉਥੇ ਨਾਲ ਹੀ ਇਹ ਵੀ ਸਪੱਸ਼ਟ ਕਰਨਾ ਹੈ ਕਿ ਕਿਹੜੀਆਂ ਕੁਰੀਤੀਆਂ ਤੇ ਗੁਰਮਤਿ ਵਿਰੋਧੀ ਬ੍ਰਾਹਮਣੀ ਰੀਤਾਂ ਹਨ, ਜਿਨ੍ਹਾਂ ਤੋਂ ਬਚਣਾ ਸਾਡੇ ਵਾਸਤੇ ਅਤਿ ਜ਼ਰੂਰੀ ਹੈ। ਫਿਰ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਨੰਦ ਮੈਰਿਜ ਐਕਟ ਅਨੁਸਾਰ ਅਨੰਦ ਕਾਰਜ ਆਪਣੇ ਆਪ ਵਿਚ ਸਿੱਖ ਕਾਨੂੰਨ (Sikh-Law) ਹੈ ਅਤੇ ਕਿਸੇ ਦੇ ਢੰਗ ਦੀ ਬਦਲਵੀਂ ਸ਼ਕਲ ਨਹੀਂ। ਅੱਜ ਵਿਦੇਸ਼ ਜਾਣ ਸਮੇਂ ਲੜਕੇ ਲੜਕੀ ਨੂੰ ਕੋਰਟ ਮੈਰਿਜ ਦੀ ਥਾਂ ਅਨੰਦ ਕਾਰਜ ਨਾਲ ਹੀ ਪ੍ਰਵਾਨਗੀ ਹੋਣੀ ਚਾਹੀਦੀ ਹੈ। ਇਹ ਅਨੰਦ ਕਾਰਜ ਦੀ ਮਰਯਾਦਾ ਇਸ ਪ੍ਰਕਾਰ ਹੈ :

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ ਪਾਤ, ਗੋਤ ਵਿਤਕਰੇ ਦੇ ਹੋਣਾ ਚਾਹੀਦਾ ਹੈ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ ਅਨੰਦ ਰੀਤੀ ਨਾਲ ਕਰਨਾ ਚਾਹੀਦਾ ਹੈ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰ ਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) ਅਨੰਦ ਕਾਰਜ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ; ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ ਕਾਰਜ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮੱਤ ਹੈ। ਕੋਈ ਦਿਨ, ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿੱਸੇ, ਨੀਯਤ ਕਰ ਲੈਣਾ ਚਾਹੀਦਾ ਹੈ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ

ਜੰਡੀ ਵੱਢਣੀ, ਭੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮੱਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ-ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫਤਹਿ' ਗਜਾਈ ਜਾਵੇ। ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਗ੍ਰੰਥੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਦੇਵੇ।

ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਦੇਵੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਧਾਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕੁਰ ਗ੍ਰਿਹਸਤ ਧਰਮ ਨਿਭਾਉਂਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕਮਿਕ ਹੋਣਾ ਦ੍ਰਿੜ੍ਹਾਏ। ਦੋਹਾਂ ਨੇ ਇਸ ਸੰਯੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਭਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਯੋਗ ਦੇ ਰਾਹੀਂ ਪਵਿੱਤਰ ਤੇ ਗੁਰਮੁੱਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ-ਆਪਣੇ ਵੱਖੋ-ਵੱਖਰੇ ਗ੍ਰਿਹਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਸਭ ਤੋਂ ਵਧੀਕ ਚੰਗਾ ਜਾਣ ਕੇ ਹੀ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗਨੀ ਜਾਣ ਕੇ ਹਰ ਅਵਸਥਾ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਕੇ ਛਕਣਾ ਹੈ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬ੍ਰਤ ਧਰਮ ਵਿਚ ਪੱਕੇ ਰਹਿਣਾ ਹੈ।

ਇਸ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦੇ ਮਾਲਕ ਸਮਝਣਾ, ਦੁੱਖ ਸੁੱਖ, ਦੇਸ-ਪ੍ਰਦੇਸ ਵਿਚ ਆਪਣੇ ਪਤੀ-ਬ੍ਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਸਮਾਨ ਜਾਨਣਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ

ਮੱਥਾ ਟੇਕਣ। ਫਿਰ ਲੜਕੀ ਦੇ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਗ੍ਰੰਥੀ ਸਿੰਘ 'ਸੂਹੀ ਮਹਲਾ ੪' ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦੇ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਇਸ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਤੇ ਕੰਨਿਆ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਬੈਠ ਜਾਣ। ਖਾਲਸਾ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ ਦੇ ਪੰਨਾ 337 'ਤੇ ਲਿਖਿਆ ਹੈ ਕਿ ਭੁਜੰਗੀ ਭੁਜੰਗਣ ਮੱਥਾ ਟੇਕ ਕੇ ਸਤਿਗੁਰੂ ਜੀ ਦੇ ਸਨਮੁਖ ਸਜਣ, ਪਰ ਸਿੱਖ ਰਹਿਤ ਮਰਯਾਦਾ ਅੰਦਰ ਖਲੋ ਕੇ ਲਾਵਾਂ ਸੁਣਨ ਲਈ ਕਿਹਾ ਹੈ। ਚਾਰ ਲਾਵਾਂ ਤੋਂ ਉਪਰੰਤ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਾਰਜ ਕਰਾਉਣ ਵਾਲਾ ਗ੍ਰੰਥੀ ਸਿੰਘ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਙ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

(ਚ) ਲੜਕੇ ਜਾਂ ਲੜਕੀ ਦਾ ਸੰਯੋਗ ਪੈਸਾ ਲੈ ਕੇ ਨਾ ਕਰੇ।

(ਛ) ਜੇ ਲੜਕੀ ਦੇ ਮਾਪੇ ਕਦਾਂਚਿ ਸਬੱਬ ਪਾਇ ਕੇ ਲੜਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖ਼ਾਲਸੇ ਨੂੰ ਖਾਣਾ ਖਵਾਲਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਨੇ ਬਖ਼ਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੈਂ ਰਲ ਕੇ ਖਾਂਦੇ ਰਹਿਣ, ਇਸੇ ਵਾਸਤੇ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।

(ਜ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਯੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਝ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉੱਤੇ ਦੱਸੀ ਹੈ।

(ਞ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।

(ਟ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ। ਸੰਖੇਪ ਰੂਪ ਵਿਚ ਚਾਰ ਲਾਵਾਂ ਅੰਦਰ ਸਿੱਖਿਆ ਇਸ ਪ੍ਰਕਾਰ ਹੈ।

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਸੂਹੀ ਰਾਗਣੀ ਅੰਦਰ ਚਾਰ ਲਾਵਾਂ ਉਚਾਰਨ ਕਰ ਕੇ ਸਾਡੇ 'ਤੇ ਬਖ਼ਸ਼ਿਸ਼ ਕੀਤੀ ਹੈ। ਜਿਥੇ ਇਹਨਾਂ ਲਾਵਾਂ ਦੁਆਰਾ ਅਨੰਦ ਕਾਰਜ ਦੀ ਮਰਯਾਦਾ ਸੰਪੂਰਨ ਹੁੰਦੀ ਹੈ, ਉਥੇ ਵਾਹਿਗੁਰੂ ਰੂਪੀ ਪਤੀ ਦੀ ਗ੍ਰਿਹਸਤ ਵਿਚ ਰਹਿ ਕੇ ਪ੍ਰਾਪਤੀ ਕਰਨ ਦਾ ਭੀ ਉਪਦੇਸ਼ ਦਿੱਤਾ ਹੈ।

ਲਾਵ — ਲਾਵ ਦਾ ਭਾਵ ਹੈ ਵਿਆਹ ਸਮੇਂ ਪ੍ਰਕਰਮਾ (ਪ੍ਰਣ) ਸਤਿਗੁਰੂ ਜੀ ਅਤੇ ਸੰਗਤ ਦੀ ਹਾਜ਼ਰੀ

ਵਿਚ ਲੜਕੀ ਅਤੇ ਲੜਕੇ ਵੱਲੋਂ ਪ੍ਰਣ ਕੀਤਾ ਗਿਆ ਹੈ ਕਿ ਅੱਜ ਤੋਂ ਅਸੀਂ ਦੁੱਖ-ਸੁੱਖ ਅੰਦਰ ਇਕੱਠੇ ਰਹਾਂਗੇ।

ਲਾਵ ਦਾ ਭਾਵ ਇਹ ਭੀ ਹੈ ਕਿ ਪਤੀ ਪਤਨੀ ਦੀਆਂ ਪ੍ਰੇਮ ਦੀਆਂ ਗੰਢਾਂ ਐਸੀਆਂ ਪੱਕੀਆਂ ਪੈ ਜਾਂਦੀਆਂ ਹਨ ਜੋ ਜੀਵਨ ਦੇ ਉਤਰਾਅ-ਚੜ੍ਹਾਅ ਅਤੇ ਆਚਾਰ ਵਿਹਾਰ ਵਿਚ ਪ੍ਰਪੱਕ ਨਿੱਭਦੀਆਂ ਹਨ।

**ਪਹਿਲੀ ਲਾਵ** — ਇਸ ਅੰਦਰ ਸਤਿਗੁਰੂ ਜੀ ਦੇ ਦੱਸੇ ਧਰਮ-ਉਪਦੇਸ਼ ਦੁਆਰਾ ਵਾਹਿਗੁਰੂ ਜੀ ਦੇ ਗਿਆਨ ਧਿਆਨ ਵਿਚ ਪ੍ਰਵਿਰਤ ਹੋਣਾ ਹੈ ਅਤੇ ਤੁਸਾਂ ਦੋਹਾਂ ਨੇ ਰਲ ਕੇ ਜੀਵਨ ਦਾ ਸਫ਼ਰ ਤਹਿ ਕਰਨਾ ਹੈ। ਸੁੱਖ-ਦੁੱਖ, ਅਮੀਰੀ-ਗ਼ਰੀਬੀ, ਤੰਦਰੁਸਤੀ, ਬੀਮਾਰੀ ਸਮੇਂ ਇਕ ਦੂਜੇ ਨੂੰ ਪੂਰਾ ਸਾਥ ਦੇਣਾ ਹੈ।

**ਦੂਜੀ ਲਾਵ** — ਗੁਰੂ ਕ੍ਰਿਪਾ ਨਾਲ ਤੁਸੀਂ ਸਾਰੇ ਭਰਮ ਭਉ ਨਵਿਰਤ ਕਰ ਕੇ ਅਤੇ ਨਿਰਭਉ ਹੋ ਕੇ ਹਉਮੈ ਦੀ ਮੈਲ ਤੋਂ ਰਹਿਤ ਹੋਣਾ ਹੈ ਅਤੇ ਆਪਣੇ ਜੀਵਨ ਦੇ ਹਰ ਪਲ ਨੂੰ ਸਾਂਝੇ ਕਰਦਿਆਂ ਪ੍ਰਭੂ ਦੇ ਨਿਰਮਲ ਭੈਅ ਵਿਚ ਰਹਿ ਕੇ ਨਾਮ ਜਪਣਾ ਹੈ ਅਤੇ ਪਾਰਬ੍ਰਹਮ ਨਿਕਟ ਕਰਿ ਪੇਖ, ਦੀ ਅਵਸਥਾ ਬਣਾਉਣੀ ਹੈ।

**ਤੀਜੀ ਲਾਵ** — ਵੈਰਾਗ ਅਤੇ ਚਾਉ ਦੀ ਅਨੰਦਮਈ ਅਵਸਥਾ ਦਾ ਪ੍ਰਤੀਕ ਹੈ ਅਤੇ ਭਲੇ ਪੁਰਸ਼ਾਂ ਦੀ ਸੰਗਤ ਕਰਦਿਆਂ, ਸਹਿਜ ਵਿਚ ਵਿਚਰਦਿਆਂ ਆਪਣੇ ਲੋਕ ਅਤੇ ਪ੍ਰਲੋਕ ਨੂੰ ਸਫਲਾ ਕਰਨਾ ਹੈ ਅਤੇ ਫਿਰ ਵੈਰਾਗ ਤੇ ਖੇੜਾ ਹਮੇਸ਼ਾ ਬਣਿਆ ਰਹਿੰਦਾ ਹੈ।

**ਚੌਥੀ ਲਾਵ** — ਦੋ ਪੁਰਸ਼ਾਂ ਦੇ ਮਿਲਣ ਵਾਂਗ ਸੰਗਤ ਕਰਦਿਆਂ ਅਤੇ ਸ਼ੁੱਭ ਗੁਣਾਂ ਦੀ ਸੰਭਾਲ ਕਰਦਿਆਂ ਆਪਣੇ ਸਾਂਝੇ ਭਰਤਾ (ਪਤੀ) ਸ੍ਰੀ ਅਕਾਲ ਪੁਰਖ ਨਾਲ ਆਤਮਿਕ ਤੌਰ 'ਤੇ ਇਕਮਿਕ ਹੋਣਾ ਹੈ, ਜਿਸ ਦੇ ਲੜ ਸਾਨੂੰ ਸਾਡੇ ਧਰਮ-ਗੁਰੂ ਨੇ ਲਾਇਆ ਹੈ।

ਏਕ ਜੋਤ ਦੋਇ ਮੂਰਤੀ — ਇਸ ਪ੍ਰਕਾਰ ਜੀਵਨ ਭਰ ਵਿਚਰਦਿਆਂ ਤੁਹਾਡੇ ਸਰੀਰ ਭਾਵੇਂ ਦੋ ਹਨ, ਪਰ ਦੋਹਾਂ ਦੀ ਵਿਚਾਰਧਾਰਾ ਦੀ ਸਾਂਝ ਇਕ ਜੋਤ ਵਾਂਗ ਦਿਖਾਈ ਦੇਵੇ। ਇਸੇ ਤਰ੍ਹਾਂ ਸੁਰਤੀ ਕਰ ਕੇ ਆਪਣੇ ਸਾਂਝੇ ਭਰਤਾ ਪਰਮ ਜੋਤ ਪਰਮੇਸ਼ਰ ਨਾਲ ਇਕਮਿਕ ਰਹਿਣ ਵਾਲਿਆਂ ਨੂੰ ਹੀ ਗੁਰੂ ਸਾਹਿਬ ਜੀ ਨੇ ਸਫਲ ਪਤੀ-ਪਤਨੀ ਕਿਹਾ ਹੈ।

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥** (ਅੰਗ 788)

ਅਤੇ ਮਾਇਕੀ ਪਦਾਰਥਾਂ, ਵਿਸ਼ੇ ਵਾਸ਼ਨਾ ਤੋਂ ਰਹਿਤ ਹੋ ਕੇ ਸਹਿਜ ਅਵਸਥਾ ਦੇ ਧਾਰਨੀ ਬਣ ਕੇ

**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥**

(ਅੰਗ 774)

ਦੀ ਪ੍ਰਾਪਤੀ ਕਰ ਕੇ ਲੋਕ ਸੁਖੀ ਪਰਲੋਕ ਸੁਹੇਲੇ ਬਣੀਏ।

ਸਤਿਕਾਰਯੋਗ ਸੰਤ ਹਰੀ ਸਿੰਘ ਰੰਧਾਵੇ ਵਾਲਿਆਂ ਅਨੁਸਾਰ, ਇਨ੍ਹਾਂ ਲਾਵਾਂ ਦੀ ਉਥਾਨਕਾ ਇਸ

ਪ੍ਰਕਾਰ ਹੈ :

ਇਕ ਵਾਰ ਐਸਾ ਹੋਇਆ ਕਿ ਇਕ ਗ੍ਰਿਹਸਤੀ ਪਰਿਵਾਰ ਦੀ ਲੜਕੀ ਵਿਆਹੁਣ ਯੋਗ ਹੋ ਗਈ ਤਾਂ ਗ਼ਰੀਬੀ ਦੇ ਕਾਰਨ ਉਹਨਾਂ ਨੂੰ ਹੋਰਾਂ ਨਾਲੋਂ ਅਧਿਕ ਚਿੰਤਾ ਹੋਈ। ਪ੍ਰਮੇਸ਼ਰ ਦੀ ਪ੍ਰੇਰਨਾ ਅਨੁਸਾਰ ਇਹਨਾਂ ਨੂੰ ਇਕ ਲੜਕੇ ਦੀ ਦੱਸ ਪੈ ਗਈ। ਲੜਕੇ ਦੇ ਮਾਂ-ਬਾਪ ਨਾਲ ਮਿਲ ਕੇ ਆਪਣੀ ਗ਼ਰੀਬੀ ਦੀ ਹਾਲਤ ਦੱਸੀ ਤੇ ਕਿਹਾ ਕਿ ਮੈਂ ਕੇਵਲ ਲੜਕੀ ਹੀ ਦੇ ਸਕਦਾ ਹਾਂ, ਮੇਰੇ ਕੋਲ ਦੇਣ ਨੂੰ ਹੋਰ ਕੁਝ ਨਹੀਂ ਹੈ। ਲੜਕੇ ਦੇ ਮਾਂ-ਬਾਪ ਬੜੇ ਚੰਗੇ ਸੁਭਾਅ ਦੇ ਸਨ। ਉਨ੍ਹਾਂ ਨੂੰ ਦਾਜ-ਦਹੇਜ ਦਾ ਲਾਲਚ ਨਹੀਂ ਸੀ, ਉਹਨਾਂ ਨੂੰ ਕੇਵਲ ਸੁਸ਼ੀਲ ਕੰਨਿਆ ਚਾਹੀਦੀ ਸੀ। ਉਨ੍ਹਾਂ ਨੂੰ ਯੋਗ ਕੰਨਿਆ ਮਿਲ ਗਈ ਤੇ ਇਨ੍ਹਾਂ ਨੂੰ ਯੋਗ ਵਰ। ਦੋਨਾਂ ਧਿਰਾਂ ਨੇ ਮਿਲ ਕੇ ਵਿਆਹ ਦਾ ਦਿਨ ਮੁਕੱਰਰ ਕਰ ਲਿਆ। ਲੜਕੀ ਦੇ ਪਿਤਾ ਨੇ ਇਕ ਫੇਰੇ ਕਰਾਉਣ ਵਾਲੇ ਬ੍ਰਾਹਮਣ ਪ੍ਰੋਹਿਤ ਨੂੰ ਘਰ ਸੱਦ ਕੇ ਬੇਨਤੀ ਕੀਤੀ ਕਿ ਮੇਰੀ ਲੜਕੀ ਦਾ ਫਲਾਣੇ ਦਿਨ ਵਿਆਹ ਹੈ, ਇਸ ਲਈ ਮੇਰੇ ਗ਼ਰੀਬ ਦਾ ਕਾਰਜ ਆਪ ਨੇ ਹੀ ਸੰਪੂਰਨ ਕਰਾਉਣਾ ਹੈ। ਲੜਕੀ ਦਾ ਵਿਆਹ, ਭਾਵ ਫੇਰੇ ਯੋਗ ਢੰਗ ਨਾਲ ਤੁਸੀਂ ਕਰਵਾ ਦੇਣੇ। ਇਹ ਸੁਣ ਕੇ ਲਾਲਚੀ ਪ੍ਰੋਹਿਤ ਨੇ ਕਿਹਾ ਕਿ ਮੈਂ ਫੇਰੇ ਕਰਾਉਣ ਦੇ ੨੫ ਰੁਪਏ ਲਵਾਂਗਾ। ਉਸ ਗ਼ਰੀਬ ਪੁਰਸ਼ ਨੇ ਕਿਹਾ ਕਿ ਪੰਡਿਤ ਜੀ ! ਮੈਂ ਗ਼ਰੀਬ ਹਾਂ, ਮੇਰੇ ਕੋਲੋਂ ਕੁਝ ਘੱਟ ਲੈ ਲਵੋ, ਪਰ ਪੰਡਿਤ ਕਹਿਣ ਲੱਗਾ ਕਿ ਅਸੀਂ ਇਸ ਤੋਂ ਘੱਟ ਨਹੀਂ ਲੈਂਦੇ। ਅਖ਼ੀਰ ਗ਼ਰੀਬ ਪੁਰਸ਼ ਨੇ ਹਾਂ ਕਰ ਦਿੱਤੀ। ਜਦੋਂ ਵਿਆਹ ਦਾ ਮੁਕੱਰਰ ਕੀਤਾ ਦਿਨ ਆ ਪਹੁੰਚਿਆ ਤੇ ਬਰਾਤ ਬੂਹੇ 'ਤੇ ਆ ਗਈ ਤਾਂ ਫੇਰਿਆਂ ਲਈ ਪ੍ਰੋਹਿਤ ਨੂੰ ਸੱਦਿਆ ਤਾਂ ਉਹ ਆਪਣੀ ਜ਼ਬਾਨ ਤੋਂ ਮੁਕਰ ਗਿਆ ਤੇ ਕਹਿਣ ਲੱਗਾ ਕਿ ਮੈਂ ਪੰਜਾਹ ਰੁਪਏ ਲੈ ਕੇ ਫੇਰੇ ਕਰਵਾਵਾਂਗਾ। ਉਹ ਗ਼ਰੀਬ ਪੁਰਸ਼ ਬਹੁਤ ਕਲਪਿਆ, ਪਰ ਉਸ ਸਮੇਂ ਲੋਕਾਂ ਵਿਚ ਇਤਨੀ ਹਿੰਮਤ ਨਹੀਂ ਸੀ ਕਿ ਬ੍ਰਾਹਮਣ ਨੂੰ ਕੁਝ ਕਹਿ ਸਕਦੇ, ਕਿਉਂਕਿ ਬ੍ਰਾਹਮਣਾਂ ਨੇ ਲੋਕਾਂ ਨੂੰ ਦਿਮਾਗ਼ੀ ਗ਼ੁਲਾਮੀ ਵਿਚ ਜਕੜਿਆ ਹੋਇਆ ਸੀ। ਇਸ ਲਈ ਲੋਕਾਂ ਨੇ ਇਸ ਗ਼ਰੀਬ ਦੀ ਮਦਦ ਨਾ ਕੀਤੀ। ਕੁਦਰਤੀ ਇਕ ਗੁਰੂ ਦਾ ਸਿੱਖ ਉਸ ਕਾਰਜ ਵਿਚ ਪਹੁੰਚਿਆ ਹੋਇਆ ਸੀ। ਉਸ ਨੇ ਕਿਹਾ ਕਿ ਭਾਈ, ਸੋਢੀ ਸੁਲਤਾਨ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਦਰਬਾਰ ਪਹੁੰਚ ਕੇ ਬੇਨਤੀ ਕਰ, ਤੇਰਾ ਕਾਰਜ ਸਤਿਗੁਰੂ ਜੀ ਸੰਪੂਰਨ ਕਰ ਦੇਣਗੇ। ਇਹ ਗ਼ਰੀਬ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਪਹੁੰਚਿਆ ਤੇ ਸਾਰੀ ਵਾਰਤਾ ਕਹਿ ਸੁਣਾਈ ਕਿ ਮਹਾਰਾਜ ! ਬ੍ਰਾਹਮਣ ਫੇਰੇ ਕਰਾਉਣ ਦੇ ੨੫ ਰੁਪਏ ਕਹਿ ਕੇ ੫੦ ਰੁਪਏ ਮੰਗਦਾ ਹੈ, ਮੈਂ ਤਾਂ ਗ਼ਰੀਬੀ ਕਾਰਨ ਲੜਕੀ ਨੂੰ ਵੀ ਜੋ ਦਾਜ ਦੇਣਾ ਚਾਹੁੰਦਾ ਸੀ, ਨਹੀਂ ਦੇ ਸਕਿਆ। ਬ੍ਰਾਹਮਣ ਨੂੰ ਪੰਜਾਹ ਰੁਪਏ ਕਿਥੋਂ ਦਿਆਂ ? ਇਹ ਉਹ ਸਮਾਂ ਸੀ, ਜਦੋਂ ਇਕ ਰੁਪਏ ਦੀ ਮਣ ਕਣਕ ਆ ਜਾਂਦੀ ਸੀ। ਇਤਨਾ ਕਹਿ ਕੇ ਉਹ ਗ਼ਰੀਬ ਰੋ ਪਿਆ। ਇਹ ਸੁਣ ਕੇ ਸਤਿਗੁਰੂ ਜੀ ਵੈਰਾਗ ਵਿਚ ਆਏ ਕਿ ਬ੍ਰਾਹਮਣ ਐਸੇ ਲੁਟੇਰੇ ਹੋ ਗਏ ਹਨ ? ਇਸੇ ਲਈ ਮੇਰੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਕਥਨ ਕੀਤਾ ਹੈ :

**ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥**
**ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰੇ ਜਨਮੁ ਗਇਆ॥**

(ਆਸਾ ਮ: 3, ਅੰਗ 435)

ਐਸੇ ਬ੍ਰਾਹਮਣਾਂ ਦੇ ਲਾਲਚੀ ਅਤੇ ਦੁਸ਼ਟ ਸੁਭਾਅ ਪ੍ਰਤੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਵੀ ਉਚਾਰਨ ਕੀਤਾ ਹੈ :

**ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥**

(ਆਸਾ ਮ: 5, ਅੰਗ 372)

ਸੋ, ਗੁਰੂ ਰਾਮਦਾਸ ਜੀ ਨੇ ਜਦੋਂ ਸਾਰੀ ਗੱਲ ਸੁਣ ਲਈ ਤਾਂ ਬਾਬਾ ਬੁੱਢਾ ਜੀ, ਭਾਈ ਜੇਠਾ ਜੀ, ਭਾਈ ਪੈੜਾ ਜੀ, ਭਾਈ ਲੰਗਾਹ ਜੀ, ਭਾਈ ਗੁਰਦਾਸ ਜੀ ਅਤੇ ਭਾਈ ਸਾਲ੍ਹੋ ਜੀ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਇਹ ਬ੍ਰਾਹਮਣ ਬਹੁਤ ਅਨਰਥ ਕਰ ਰਹੇ ਹਨ। ਇਨ੍ਹਾਂ ਤੋਂ ਲੋਕਾਂ ਦਾ ਖਹਿੜਾ ਛੁਡਾਓ, ਬਲਕਿ ਕਈ ਭੋਲੇ-ਭਾਲੇ ਸਿੱਖ ਵੀ ਇਨ੍ਹਾਂ ਦੇ ਜਾਲ ਵਿਚ ਫਸਦੇ ਹਨ, ਕਿਉਂਕਿ ਗੁਰੂ ਨਾਨਕ ਸਾਹਿਬ ਦੇ ਵਿਆਹ ਵਾਲਾ ਤਰੀਕਾ ਅਜੇ ਬਹੁਤਾ ਪ੍ਰਚਲਿਤ ਨਹੀਂ ਹੋਇਆ। ਸ਼ਬਦ ਦੀਆਂ ਪ੍ਰਕਰਮਾਂ ਕਰਨ ਦਾ ਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਬੰਨ੍ਹੇ ਵਿਆਹ ਦੇ ਨਿਯਮ ਨੂੰ ਮੁਕੰਮਲ ਰੂਪ ਦੇਣ ਲਈ ਉਸ ਗ਼ਰੀਬ ਪੁਰਸ਼, ਜਿਸ ਨੇ ਸਤਿਗੁਰਾਂ ਦੇ ਚਰਨਾਂ ਵਿਚ ਕਾਰਜ ਦੀ ਸੰਪੂਰਨਤਾ ਲਈ ਬੇਨਤੀ ਕੀਤੀ ਸੀ ਅਤੇ ਉਸ ਨੇ ਸਿੱਖੀ ਦੀ ਜਾਚਨਾ ਵੀ ਕੀਤੀ ਤੇ ਗੁਰੂ ਦੀ ਕਿਰਪਾ ਕਰਕੇ ਸਿੱਖ ਸਜਿਆ। ਸਿੱਖਾਂ ਦੇ ਕਹਿਣ ਤੋਂ ਕਿ ਸਤਿਗੁਰੂ ਜੀ ! ਕੋਈ ਐਸੀ ਬਾਣੀ ਰਚ ਦਿਓ, ਜਿਸ ਨਾਲ ਸਾਡੇ ਬੱਚਿਆਂ ਦੇ ਵਿਆਹ ਵੀ ਹੋਣ ਤੇ ਪ੍ਰਮਾਤਮਾ ਦੇ ਮਿਲਾਪ ਦੀ ਸਿੱਖਿਆ ਵੀ ਪ੍ਰਾਪਤ ਹੋਵੇ। ਤਾਂ ਸਤਿਗੁਰੂ ਜੀ ਨੇ ਉਸ ਗ਼ਰੀਬ ਸਿੱਖ ਨੂੰ ਕਿਹਾ ਕਿ ਤੁਸੀਂ ਦੋਵੇਂ ਪਰਿਵਾਰ ਲੜਕੇ ਅਤੇ ਲੜਕੀ ਵਾਲੇ ਮੇਰੇ ਕੋਲ ਆ ਜਾਵੋ। ਦੋਵੇਂ ਧਿਰਾਂ ਆਪਣੇ ਬੱਚਿਆਂ ਨੂੰ ਲੈ ਕੇ ਪਹੁੰਚ ਗਈਆਂ। ਸਤਿਗੁਰੂ ਜੀ ਨੇ ਲਾਵਾਂ ਦੀ ਬਾਣੀ ਉਚਾਰਨ ਕੀਤੀ ਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀਆਂ ਪ੍ਰਕਰਮਾਂ ਕਰ ਕੇ ਗ਼ਰੀਬ ਸਿੱਖ ਦਾ ਕਾਰਜ ਸੰਪੂਰਨ ਕੀਤਾ। ਉਸੇ ਸਮੇਂ ਜਦੋਂ ਇਹ ਸਾਰਾ ਕੌਤਕ ਵਰਤਿਆ ਤਾਂ ਉਥੇ ਇਕ ਬ੍ਰਹਮ ਗਿਆਨ ਦਾ ਅਧਿਕਾਰੀ ਜਗਿਆਸੂ ਬੈਠਾ ਸੀ, ਉਸ ਨੇ ਬੇਨਤੀ ਕੀਤੀ ਕਿ ਜੀਵ ਰੂਪ ਇਸਤਰੀ ਦਾ ਪਤੀ ਪ੍ਰਮਾਤਮਾ ਨਾਲ ਮਿਲਾਪ ਕਿਵੇਂ ਹੋਵੇ। ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ 'ਤੇ ਇਹ ਅੰਮ੍ਰਿਤ ਬਾਣੀ ਉਚਾਰਨ ਕੀਤੀ, ਜਿਸ ਦਾ ਅੰਤਰੀਵ ਭਾਵ ਜਗਿਆਸੂ ਪ੍ਰਤੀ ਅਤੇ ਬਾਹਰ ਭਾਵ ਗ਼ਰੀਬ ਸਿੱਖ ਦੀ ਪੁੱਤਰੀ ਦੇ ਵਿਆਹ ਦੇ ਨਾਲ ਹੈ। ਇਥੋਂ ਹੀ ਸਿੱਖਾਂ ਵਿਚ ਵਿਆਹ ਵੇਲੇ ਲਾਵਾਂ ਦੀ ਰੀਤ ਪ੍ਰਚਲਿਤ ਹੋਈ। (ਗੁਰਵਾਕ ਚਾਨਣ, ਭਾਗ ਦੂਜਾ, ਪੰਨਾ ੧੮੬)

ਸੂਹੀ ਮਹਲਾ 4 ॥ ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ

ਆਰੰਭੁ ਕਾਜੁ ਰਚਾਇਆ ॥ ੧ ॥ ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥ 2 ॥ ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥ 3 ॥ ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ 4 ॥ 2 ॥

ਪਦ ਅਰਥ :- ਲਾਵ=ਵਿਆਹ ਸਮੇਂ ਫੇਰੇ, ਜਿਸ ਦੁਆਰਾ ਲੜਕੀ ਦਾ ਸੰਬੰਧ ਪੇਕੇ ਘਰ ਨਾਲੋਂ ਤੋੜ ਕੇ ਸਹੁਰੇ ਘਰ (ਪਤੀ) ਨਾਲ ਜੋੜਿਆ ਜਾਂਦਾ ਹੈ। ਦ੍ਰਿੜਾਇਆ=ਨਿਸਚੇ ਕਰਾਇਆ ਹੈ। ਬਾਣੀ=(ਗੁਰੂ ਦੀ) ਬਾਣੀ, ਵਾਕ। ਦ੍ਰਿੜਹੁ=(ਹਿਰਦੇ ਵਿਚ) ਪੱਕਾ ਕਰੋ। ਤਜਾਇਆ=ਤਿਆਗੇ ਜਾਂਦੇ ਹਨ। ਸਿਮ੍ਰਿਤਿ= ਸਿਮ੍ਰਿਤੀਆਂ। ਕਿਲਵਿਖ=ਪਾਪ। ਵਡਭਾਗੀ=ਵੱਡੇ ਭਾਗਾਂ ਵਾਲਾ ਮਨੁੱਖ। ਮਨਿ=ਮਨ ਵਿਚ। ਆਰੰਭੁ=ਮੁੱਢ। ਕਾਜੁ=ਵਿਆਹ।੧। ਨਿਰਭਉ ਭੈ=ਭੈ ਤੋਂ ਰਹਿਤ ਨਿੱਡਰ। ਹੋਇ=ਹੋ ਜਾਂਦਾ ਹੈ। ਗਵਾਇਆ=ਦੂਰ ਕੀਤਾ। ਨਿਰਮਲ ਭਉ=ਪਵਿੱਤਰ ਡਰ। ਹਦੂਰੇ=ਹਾਜ਼ਰ ਨਾਜ਼ਰ। ਆਤਮ ਰਾਮੁ=ਪ੍ਰਭੂ ਵਿਆਪਕ । ਪਸਾਰਿਆ=ਵਿਆਪਕ ਹੋਇਆ ਹੈ। ਸਰਬ=ਸਭ (ਜੀਆਂ ਵਿਚ)। ਰਹਿਆ ਭਰਪੂਰੇ=ਭਰਪੂਰ ਹੋ ਰਿਹਾ ਹੈ।

ਮੰਗਲ=ਖ਼ੁਸ਼ੀ ਦੇ ਗੀਤ। ਚਲਾਈ=ਟੋਰੀ। ਅਨਹਦ ਸਬਦ ਵਜਾਏ=ਇਕ ਰਸ ਸ਼ਬਦ ਦੇ ਵਾਜੇ ਵਜੇ ਹਨ।੨। ਮੁਖਿ ਬੋਲੀ=ਮੂੰਹ ਤੋਂ ਉਚਾਰਨ ਕੀਤੀ। ਹਰਿ ਬਾਣੀ=ਪ੍ਰਭੂ ਦੀ ਬਾਣੀ। ਅਕਥ ਕਹਾਣੀ=ਅਕੱਥ ਪ੍ਰਭੂ ਦੀ ਸਿਫਤਿ-ਸਾਲਾਹ। ਧੁਨਿ=ਹਰੀ (ਵਾਹਿਗੁਰੂ) ਦੀ ਧੁਨੀ। ਉਪਜੀ=ਉਠੀ। ਮਸਤਕਿ=ਮੱਥੇ ਉੱਤੇ। ਭਾਗੁ=ਚੰਗਾ ਭਾਗ।੩। ਸਹਜੁ=ਚੌਥਾ ਪਦ। ਗੁਰਮੁਖਿ=ਗੁਰੂ ਦੁਆਰਾ। ਸੁਭਾਇ=ਸ੍ਰੇਸ਼ਟ ਪ੍ਰੇਮ ਵਿਚ। ਮਨ ਚਿੰਦਿਆ ਫਲੁ=ਮਨ ਦਾ ਚਿਤਵਿਆ ਫਲ। ਨਾਮਿ=ਨਾਮ ਦੁਆਰਾ। ਵਜੀ ਵਾਧਾਈ=ਵਧਾਈ ਮਿਲੀ। ਠਾਕੁਰਿ=ਮਾਲਕ ਨੇ। ਕਾਜੁ ਰਚਾਇਆ=ਵਿਆਹ ਰਚਾਇਆ, ਆਰੰਭਿਆ। ਧਨ=ਇਸਤਰੀ। ਵਿਗਾਸੀ=ਖ਼ੁਸ਼ ਹੋਈ।੪।

ਅਰਥ :- (ਸ੍ਰੀ ਗੁਰੂ ਰਾਮਦਾਸ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਬਲਿ ਰਾਮ ਜੀਉ !) ਪਰਮੇਸ਼ਰ ਨੇ (ਜੀਵ-ਇਸਤਰੀ ਨੂੰ) ਕਰਮਾਂ ਵਿਚ ਪਰਵਿਰਤ ਹੋਣ ਲਈ (ਜੋ ਉਪਦੇਸ਼) ਦ੍ਰਿੜ੍ਹ ਕਰਵਾਇਆ ਹੈ, (ਉਹ ਵਿਆਹ ਦੀ) ਪਹਿਲੀ ਲਾਂਵ ਹੈ (ਜਿਸ ਦਾ ਵੇਰਵਾ ਇਸ ਪ੍ਰਕਾਰ ਹੈ) :

(ਹੇ ਭਾਈ ! ਤੁਸੀਂ ਮਨ ਵਿਚ ਇਹ) ਧਰਮ ਦ੍ਰਿੜ੍ਹ ਕਰੋ ਕਿ (ਤੁਹਾਡੇ ਲਈ ਬਲਿਰਾਮ ਜੀਉ ਪ੍ਰਭੂ ਸਰੂਪ ਗੁਰੂ ਸਾਹਿਬ ਜੀ ਦੀ) ਬਾਣੀ ਹੀ ਬ੍ਰਹਮਾ ਦਾ ਵੇਦ ਹੈ ਅਤੇ (ਜਿਸ ਮਨੁੱਖ ਨੇ ਇਸ ਗੁਰ ਉਪਦੇਸ਼ 'ਤੇ ਅਮਲ ਕੀਤਾ ਹੈ, ਉਸ ਮਨੁੱਖ ਨੇ ਪਾਪਾਂ ਦਾ ਤਿਆਗ ਕਰ ਦਿੱਤਾ ਹੈ। (ਤੁਸੀਂ) ਪਰਮੇਸ਼ਰ ਦਾ ਨਾਮ ਸਿਮਰੋ, (ਇਹ ਪ੍ਰਭੂ ਦਾ ਸਿਮਰਨ ਕਰਨ ਰੂਪੀ ਸੱਚਾ) ਧਰਮ ਦ੍ਰਿੜ੍ਹ ਕਰੋ ਅਤੇ ਜੋ ਗੁਰੂ ਨੇ ਨਾਮ ਦ੍ਰਿੜ੍ਹ ਕਰਵਾਇਆ ਹੈ (ਤੁਹਾਡੇ ਲਈ ਇਹੋ ਹੀ 27) ਸਿਮ੍ਰਤੀਆਂ (ਦਾ ਪੜ੍ਹਨਾ ਵਿਚਾਰਨਾ ਹੈ ਅਤੇ ਗੁਰ ਸਿਧਾਂਤ ਅਨੁਸਾਰ ਤਾਂ ਸਿਮ੍ਰਿਤਿ ਬੇਦ ਪੁਰਾਣ ਪੁਕਾਰਣ ਪੋਥੀਆਂ॥ ਨਾਮ ਬਿਨਾਂ ਸਭਿ ਕੂੜ ਕਾਲੀ ਹੋਛੀਆਂ॥ ਹਨ)।

(ਹੇ ਭਾਈ !) ਪੂਰੇ ਗੁਰੂ ਸਤਿਗੁਰੂ ਨੂੰ (ਸਦਾ) ਸਿਮਰੋ ਅਤੇ ਜਿਸ ਨੇ ਸਿਮਰਿਆ ਹੈ, ਉਸ ਨੇ ਸਾਰੇ ਛੋਟੇ ਮੋਟੇ ਪਾਪਾਂ ਨੂੰ ਦੂਰ ਕਰ ਦਿੱਤਾ ਹੈ। ਜਿਸ (ਮਨੁੱਖ) ਦੇ ਮਨ ਵਿਚ (ਗੁਰੂ ਨੇ) ਹਰੀ ਦਾ (ਨਾਮ) ਮਿੱਠਾ ਲਾ ਦਿੱਤਾ ਹੈ, ਉਸ ਵੱਡੇ ਭਾਗਾਂ ਵਾਲੇ ਪੁਰਸ਼ ਨੂੰ ਸਹਿਜ (ਆਤਮਿਕ ਅਡੋਲ ਅਵਸਥਾ) ਦਾ ਅਨੰਦ (ਪ੍ਰਾਪਤ) ਹੋ ਗਿਆ ਹੈ। ਜਨੁ=ਦਾਸ ਨਾਨਕ ਗੁਰੂ ਜੀ ਉਚਾਰਨ ਕਰਦੇ ਹਨ (ਕਿ ਜੀਵ-ਇਸਤਰੀ ਦਾ) ਪਤੀ ਪ੍ਰਭੂ ਵਿਚ ਪ੍ਰਵਿਰਤ ਹੋਣ ਲਈ ਜੋ ਵਿਆਹ ਰੂਪੀ ਕਾਜ ਰਚਾਇਆ ਹੈ (ਉਸ ਦਾ) ਆਰੰਭ (ਇਹ) ਪਹਿਲੀ ਲਾਵ ਹੈ।੧।

ਹੇ ਭਾਈ ! ਦੂਜੀ ਲਾਵ (ਇਹ ਹੈ ਕਿ ਬਲਿ ਰਾਮ ਜੀਉ) ਪਰਮਾਤਮਾ (ਜੀਵ-ਇਸਤਰੀ ਨੂੰ) ਸਤਿਗੁਰੂ ਪੁਰਖ ਨਾਲ ਮਿਲਾਉਂਦਾ ਹੈ। (ਜੀਵ-ਇਸਤਰੀ ਦਾ) ਮਨ (ਦੁਨਿਆਵੀ) ਡਰ ਤੋਂ ਨਿਡਰ ਹੋ ਜਾਂਦਾ ਹੈ ਅਤੇ (ਜਿਹੜੀ ਜੀਵ-ਇਸਤਰੀ ਨਿਰਭਉ ਹੋਈ ਹੈ, ਉਸ ਨੇ ਬਲਿ ਰਾਮ ਜੀਉ ਪ੍ਰਮਾਤਮਾ ਦੀ ਕਿਰਪਾ ਨਾਲ ਆਪਣੇ ਅੰਦਰੋਂ) ਹਉਮੈ ਦੀ ਮੈਲ ਨੂੰ ਦੂਰ ਕਰ ਦਿੱਤਾ ਹੈ। (ਜਿਸ ਨੇ ਪਰਮਾਤਮਾ ਦਾ) ਪਵਿੱਤਰ ਡਰ (ਆਪਣੇ ਹਿਰਦੇ ਵਿਚ) ਧਾਰਨ ਕਰ ਲਿਆ ਹੈ, (ਉਸ ਨੇ) ਹਰੀ ਦੇ ਗੁਣਾਂ ਨੂੰ ਗਾਇਨ ਕੀਤਾ ਹੈ (ਅਤੇ ਉਹ ਜੀਵ-ਇਸਤਰੀ) ਪਰਮਾਤਮਾ ਨੂੰ ਹਾਜ਼ਰ-ਨਾਜ਼ਰ (ਅੰਗ-ਸੰਗ) ਵੇਖਦੀ ਹੈ। (ਉਹ) ਪਰਮਾਤਮਾ ਸਭ

ਵਿਚ ਰਮਿਆ ਹੋਇਆ ਹੈ, ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ। (ਉਹ ਜੀਵ-ਇਸਤ੍ਰੀ) ਅੰਦਰ ਤੇ ਬਾਹਰ ਇਕ ਹਰੀ ਪ੍ਰਭੂ ਨੂੰ ਵੇਖਦੀ ਹੈ (ਅਤੇ) ਹਰੀ ਜਨਾਂ ਨਾਲ ਮਿਲ ਕੇ (ਪਰਮੇਸ਼ਰ ਦੀਆਂ ਸਿਫਤਾਂ ਦੇ) ਖ਼ੁਸ਼ੀ ਭਰੇ ਗੀਤ ਗਾਉਂਦੀ ਹੈ। ਜਨ=ਦਾਸ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੁਣ ਵਿਆਹ ਦੀ) ਦੂਜੀ ਲਾਂਵ ਚਲਾਈ ਭਾਵ ਸ਼ੁਰੂ ਕੀਤੀ ਹੈ (ਅਤੇ ਜਿਸ ਕਰਕੇ ਹੁਣ ਜੀਵ-ਇਸਤਰੀ) ਦੇ ਅੰਦਰ ਅਨਹਦ ਸ਼ਬਦ ਦੇ (ਵਾਜੇ) ਵੱਜ ਰਹੇ ਹਨ।੨।

ਹੁਣ ਤੀਸਰੀ ਲਾਵ ਰਾਹੀਂ ਹਜ਼ੂਰ ਉਪਦੇਸ਼ ਦੇਂਦੇ ਹਨ ਕਿ ਤੀਜੀ ਲਾਵ ਦਾ ਭਾਵ ਇਹ ਹੈ ਕਿ ਵੈਰਾਗਵਾਨਾਂ ਦੇ ਮਨ ਵਿਚ (ਉਸ ਬਲਿਰਾਮ ਪ੍ਰਭੂ ਦੇ) ਮਿਲਾਪ ਲਈ (ਆਤਮਿਕ) ਉਤਸ਼ਾਹ (ਪੈਦਾ) ਹੋ ਆਇਆ ਹੈ। (ਜਿਨ੍ਹਾਂ ਨੂੰ) ਹਰੀ ਦੇ ਸੰਤ ਜਨਾਂ ਦਾ ਮਿਲਾਪ (ਪ੍ਰਾਪਤ ਹੁੰਦਾ ਹੈ, ਉਨ੍ਹਾਂ ਵੱਡੇ ਭਾਗਾਂ ਵਾਲਿਆਂ ਨੇ ਉਸ ਬਲਿਰਾਮ ਜੀਉ ਹਰੀ-ਪਰਮੇਸ਼ਰ ਨੂੰ ਪਾਇਆ ਹੈ। (ਉਨ੍ਹਾਂ ਨੇ) ਪਵਿੱਤਰ ਹਰੀ ਨੂੰ ਪਾਇਆ ਹੈ, ਹਰੀ ਦੇ ਗੁਣਾਂ ਨੂੰ ਗਾਇਨ ਕੀਤਾ ਹੈ (ਅਤੇ ਆਪਣੇ) ਮੂੰਹ ਚੋਂ (ਸਤਿਗੁਰੂ ਦੀ ਅੰਮ੍ਰਿਤ) ਬਾਣੀ ਉਚਾਰੀ ਹੈ। ਉਹਨਾਂ ਨੇ ਵੱਡੇ ਭਾਗਾਂ ਨਾਲ ਸੰਤ ਜਨਾਂ ਦਾ (ਸੰਗ) ਪ੍ਰਾਪਤ ਕੀਤਾ ਹੈ, (ਇਸ ਲਈ) ਅਕਥ ਪ੍ਰਭੂ ਦੀ (ਪ੍ਰੇਮ) ਕਹਾਣੀ ਵਰਣਨ ਕਰਨੀ ਚਾਹੀਦੀ ਹੈ। (ਇਸ ਦੀ ਬਰਕਤ ਨਾਲ) ਹਿਰਦੇ ਵਿਚ ਹਰਿ ਹਰਿ=ਵਾਹਿਗੁਰੂ ਵਾਹਿਗੁਰੂ (ਨਾਮ ਜਪਣ ਦੀ) ਧੁਨੀ ਪੈਦਾ ਹੋ ਜਾਂਦੀ ਹੈ, (ਪਰ) ਪਰਮਾਤਮਾ ਦਾ (ਨਾਮ ਉਦੋਂ) ਜਪਿਆ ਜਾਂਦਾ ਹੈ, (ਜਦ) ਮਸਤਕ ਉੱਤੇ ਚੰਗਾ ਭਾਗ (ਲਿਖਿਆ ਹੋਵੇ)। ਦਾਸ ਨਾਨਕ ਗੁਰੂ ਜੀ ਤੀਜੀ ਲਾਂਵ ਉਚਾਰਨ ਕਰਦੇ ਹਨ (ਜਿਸ ਨਾਲ ਜੀਵ-ਇਸਤਰੀ ਦੇ) ਮਨ ਵਿਚ ਵੈਰਾਗ ਪੈਦਾ ਹੋ ਜਾਂਦਾ ਹੈ।੩।

ਹਜ਼ੂਰ ਨੇ ਚੌਥੀ ਲਾਂਵ ਦੀ (ਇਹ ਅਵਸਥਾ ਦੱਸੀ ਹੈ ਕਿ ਜਦੋਂ ਜੀਵ-ਇਸਤਰੀ ਦੇ) ਮਨ ਵਿਚ ਸਹਿਜ (ਪ੍ਰਭੂ ਦਾ ਤੱਤ ਗਿਆਨ) ਹੋ ਗਿਆ, (ਉਸ ਨੇ ਉਸ ਬਲਿਰਾਮ ਜੀਉ) ਹਰੀ (ਵਰੁ ਭਾਵ ਪ੍ਰਭੂ ਪਤੀ ਨੂੰ) ਪਾ ਲਿਆ। ਗੁਰੂ ਰਾਹੀਂ (ਉਸ ਬਲਿਰਾਮ ਜੀਉ ਪ੍ਰਭੂ ਪਤੀ ਉਸ ਨੂੰ) ਸੁਭਾਵਿਕ ਮਿਲ ਪਿਆ, (ਜਿਸ ਨੇ) ਮਨ ਤੇ ਸਰੀਰ ਵਿਚ ਹਰੀ ਦਾ (ਨਾਮ) ਮਿੱਠਾ ਲਾ ਦਿੱਤਾ। (ਉਸ ਜੀਵ-ਇਸਤਰੀ ਨੂੰ) ਹਰੀ ਦਾ (ਨਾਮ) ਮਿੱਠਾ ਲਾਇਆ, (ਇਉ) ਮੇਰੇ ਪ੍ਰਭੂ ਨੂੰ ਚੰਗਾ ਲੱਗ ਗਿਆ (ਅਤੇ ਉਸ ਨੇ) ਦਿਨ ਰਾਤ ਹਰੀ ਦੇ (ਨਾਮ ਵਿਚ ਆਪਣੀ) ਸੁਰਤਿ ਜੋੜੀ ਰੱਖੀ। (ਉਸ ਨੇ) ਮਨ-ਚਿਤਵਿਆ ਫਲ (ਆਪਣਾ) ਸੁਆਮੀ (ਕੰਤ) ਪਾ ਲਿਆ (ਅਤੇ) ਹਰੀ ਦੇ ਨਾਮ ਦੁਆਰਾ (ਉਸ ਨੂੰ ਹਿਰਦੇ ਵਿਚ) ਵਧਾਈ ਮਿਲੀ। (ਹੇ ਭਾਈ !) ਹਰੀ ਪ੍ਰਭੂ ਮਾਲਕ ਨੇ (ਜੀਵ-ਇਸਤਰੀ ਦਾ) ਵਿਆਹ ਰੂਪੀ ਕਾਜੁ ਰਚਾਇਆ (ਅਤੇ ਜਗਿਆਸੂ ਰੂਪ) ਇਸਤਰੀ ਨਾਮ (ਸਿਮਰਨ) ਦੁਆਰਾ (ਆਪਣੇ) ਹਿਰਦੇ ਵਿਚ ਖ਼ੁਸ਼ ਹੋਈ। ਦਾਸ ਨਾਨਕ (ਗੁਰੂ ਜੀ ਨੇ ਇਹ ਵਿਆਹ ਦੀ) ਚੌਥੀ ਲਾਂਵ ਉਚਾਰਨ ਕੀਤੀ ਹੈ ਕਿ ਨਾਸ ਤੋਂ ਰਹਿਤ ਪ੍ਰਭੂ-ਪਤੀ ਪ੍ਰਮਾਤਮਾ ਨੂੰ ਪਾ ਲਿਆ ਹੈ, ਜੋ ਜੰਮਣ ਮਰਣ ਤੋਂ ਰਹਿਤ ਹੈ।੪।੨।

## ਵਿਆਖਿਆ ਤੇ ਸਾਰੰਸ਼

## ਬੱਚੇ ਬੱਚੀ ਨੂੰ ਸ਼ੁੱਭ ਸਿੱਖਿਆ

ਗੁਰਮਤਿ ਅਨੁਸਾਰ ਸਿੱਖਿਆ ਇਸ ਪ੍ਰਕਾਰ ਹੈ :

ਵਰ ਨੂੰ ਉਪਦੇਸ਼—ਹੇ ਗੁਰੂ ਕੇ ਲਾਲ ਗੁਰਮੁਖ ! ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤੇਰਾ ਅਨੰਦ ਕਾਰਜ ਇਸ ਭਾਗ ਭਰੀ ਬੀਬੀ ਨਾਲ ਹੋਇਆ ਹੈ, ਤੂੰ ਇਸ ਨੂੰ ਆਪਣੀ ਧਰਮ ਪਤਨੀ ਸਮਝ ਕੇ ਸਦਾ ਇਸ ਨਾਲ ਪ੍ਰੇਮ ਦਾ ਵਰਤਾਓ ਕਰਨਾ, ਇਸ ਦੇ ਭਲੇ ਵਾਸਤੇ ਤਨ, ਮਨ, ਧਨ ਤੋਂ ਜਤਨ ਕਰਨਾ, ਇਸ ਦੇ ਸੁੱਖ ਦੁੱਖ ਨੂੰ ਆਪਣਾ ਸੁੱਖ ਦੁੱਖ ਜਾਣਨਾ, ਕਿਉਂਕਿ ਇਹ ਸਭ ਸੰਬੰਧੀਆਂ ਦਾ ਆਸਰਾ ਪਰਨਾ ਛੱਡ ਕੇ ਤੇਰੇ ਲੜ ਲੱਗੀ ਹੈ। ਹੁਣ ਤੇਰੇ ਤੋਂ ਬਗੈਰ ਹੋਰ ਕੋਈ ਇਸ ਦਾ ਹਿੱਤੂ ਅਤੇ ਸੁਖਦਾਈ ਨਹੀਂ ਹੈ। ਜੇ ਤੂੰ ਪਤੀ-ਧਰਮ ਦੀ ਪੂਰੀ ਪਾਲਣਾ ਨਹੀਂ ਕਰੇਂਗਾ ਤਾਂ ਸਤਿਗੁਰੂ ਜੀ ਦੇ ਹਜ਼ੂਰ ਦੇਣਦਾਰ ਬਣੇਂਗਾ। ਜਿਸ ਤਰ੍ਹਾਂ ਇਸਤਰੀ ਨੂੰ ਪਤੀਬ੍ਰਤ ਧਰਮ ਮੁੱਖ ਹੈ, ਉਸੇ ਤਰ੍ਹਾਂ ਪਤੀ ਨੂੰ ਇਸਤਰੀ ਬ੍ਰਤ ਧਾਰਨ ਕਰਨ ਦੀ ਆਗਿਆ ਹੈ। ਜੋ ਪੁਰਖ ਪਰ-ਇਸਤਰੀ ਵੱਲ ਮੈਲੀ ਨਜ਼ਰ ਨਾਲ ਦੇਖਦਾ ਹੈ, ਉਸ ਨੂੰ ਬਹੁਤ ਭਾਰੀ ਸਜ਼ਾ ਮਿਲਦੀ ਹੈ। ਸਤਿਗੁਰੂ ਜੀ ਪਾਵਨ ਬਾਣੀ ਅੰਦਰ ਕਥਨ ਕਰਦੇ ਹਨ :

**ਪਰ ਤ੍ਰਿਆ ਰਾਵਣ ਜਾਹਿ ਸੇਈ ਤਾ ਲਾਜੀਅਹਿ॥** (ਅੰਗ ੧362)

**ਵਾ— ਤਕਹਿ ਨਾਰਿ ਪਰਾਈਆ ਲੁਕ ਅੰਦਰਿ ਠਾਣੀ॥**
**ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥** (ਅੰਗ 3੧5)

**ਅਥਵਾ—ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥**
**ਚਿਤ੍ਰ ਗੁਪਤ ਜਬ ਲੇਖ ਮਾਂਗੈ ਤਬ ਕਉਣ ਪੜਦਾ ਤੇਰਾ ਢਾਕੈ॥** (ਅੰਗ 6੧6)

**ਵਾ— ਪਰ ਘਰੁ ਜੋਹੈ ਹਾਣੋ ਹਾਣਿ॥** (ਅੰਗ 94੧)

ਸੋ ਇਸੀ ਪ੍ਰਕਾਰ :

**ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥** (ਅੰਗ ੧੧64)

**ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ ਲਪਟਾਨਾ॥**
(ਅੰਗ ੧੧65)

**ਜੈਸਾ ਸੰਗ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥** (ਅੰਗ 403)

ਇਸਤਰੀ-ਬ੍ਰਤ ਧਰਮ ਧਾਰਨ ਬਾਬਤ ਭਾਈ ਗੁਰਦਾਸ ਜੀ ਸੁੰਦਰ ਸ਼ੁਭ ਸਿੱਖਿਆ ਦਿੰਦੇ ਹਨ, ਜੋ ਹਮੇਸ਼ਾ ਮਨ ਵਿਚ ਵਸਾਉਣੀ ਚਾਹੀਦੀ ਹੈ :

**ਦੇਖਿ ਪਰਾਈਆ ਚੰਗੀਆਂ ਮਾਂਵਾਂ ਭੈਣਾਂ ਧੀਆਂ ਜਾਣੈ।**

(ਭਾ: ਗੁਰਦਾਸ ਜੀ, ਵਾਰ 6)

**ਹਉ ਤਿਸ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।**

(ਭਾ: ਗੁਰਦਾਸ ਜੀ, ਵਾਰ 29, ਪਉੜੀ ੧੧)

**ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ॥** (ਵਾਰ 6, ਪਉੜੀ 8)

ਹੇ ਗੁਰੂ ਦੇ ਲਾਲ ਗੁਰਮੁਖਿ ਪਿਆਰੇ ! ਜਿਸ ਤਰ੍ਹਾਂ ਹੋਰ ਅਨੇਕਾਂ ਮੱਤਾਂ ਵਾਲੇ ਇਸਤਰੀ ਨੂੰ ਤੁੱਛ ਮੰਨਦੇ ਹਨ, ਪਰ ਸਿੱਖ ਧਰਮ ਵਿਚ ਇਸਤਰੀ ਪਤੀ ਦਾ ਅੰਗ ਹੈ। ਅੰਮ੍ਰਿਤ ਦੀ ਅਧਿਕਾਰਨ, ਪੂਰੀ ਸਲਾਹਕਾਰ, ਵਿੱਦਿਆ ਗਿਆਨ ਦੀ ਸਾਂਝੀਵਾਲ, ਗ੍ਰਿਹਸਤ ਧਰਮ ਦੀ ਗੱਡੀ ਚਲਾਉਣ ਲਈ ਬਰਾਬਰ ਦਾ ਪਹੀਆ ਹੈ। ਗੁਰੂ ਨਾਨਕ ਸਾਹਿਬ ਜੀ ਦਾ ਹੁਕਮ ਹੈ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥** (ਅੰਗ 473)

ਲੜਕੀ ਨੂੰ ਉਪਦੇਸ਼—ਹੇ ਸਪੁੱਤਰੀ ! ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤੇਰਾ ਅਨੰਦ ਕਾਰਜ ਇਸ ਵਰ ਨਾਲ ਹੋਇਆ ਹੈ। ਤੈਨੂੰ ਚਾਹੀਦਾ ਹੈ ਕਿ ਇਸ ਨੂੰ ਆਪਣਾ ਮਾਲਕ ਪਤੀ ਮੰਨ ਕੇ ਗੁਰੂ ਸਾਹਿਬ ਦੇ ਇਨ੍ਹਾਂ ਬਚਨਾਂ ਅਨੁਸਾਰ ਮਨੋਂ-ਤਨੋਂ ਆਪਣੇ ਪਤੀ ਦੇ ਪ੍ਰੇਮ ਭਾਉ ਵਿਚ ਰਹੀਂ:

**ਸਾ ਗੁਣਵੰਤੀ ਸਾ ਵਡਭਾਗਣਿ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥**
**ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ॥ 2॥**
**ਅਚਾਰਵੰਤਿ ਸਾਈ ਪਰਧਾਨੇ॥ ਸਭ ਸਿੰਗਾਰ ਬਣੇ ਤਿਸੁ ਗਿਆਨੇ॥**
**ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ॥ 3॥**

(ਮਾਝ ਮ: 5, ਅੰਗ 97)

ਪਤੀ ਦੀ ਸੇਵਾ ਕਰਨੀ ਸਭ ਤੋਂ ਮੁਖ ਧਰਮ ਸਮਝਣਾ :

**ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨ ਪਿਆਰੀ॥....**
**ਦਾਸਨ ਕੀ ਹੋਇ ਦਾਸਿ ਦਾਸਰੀ, ਤਾ ਪਾਵਹਿ ਸੋਭਾ ਹਰਿ ਦੁਆਰੀ॥**

(ਅੰਗ 377)

ਪਤੀ ਅਥਵਾ ਹੋਰ ਸੰਬੰਧੀਆਂ ਨੂੰ ਕੌੜਾ ਨਹੀਂ ਬੋਲਣਾ। ਮਿੱਠੇ ਬਚਨ ਬੋਲ ਕੇ ਪਤੀ ਦਾ ਮਨ ਪ੍ਰਸੰਨ ਰੱਖਣਾ। ਸਤਿਗੁਰੂ ਉਪਦੇਸ਼ ਦਿੰਦੇ ਹਨ :

**ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਧਾਰਿ॥**
**ਮਿਠਾ ਬੋਲਹਿ ਨਿਵ ਚਲਹਿ ਸੇਜੈ ਰਵੈ ਭਤਾਰ॥**

(ਸਿਰੀਰਾਗੁ ਮ: ੧, ਅੰਗ 377)

ਹੇ ਸੁਭਾਗ ਬੀਬੀ ! ਤੁਸਾਂ ਸਹੁਰੇ ਘਰ ਜਾ ਕੇ ਸੁਘੜਾਂ ਵਾਂਗੂੰ ਮਾਪਿਆਂ ਦਾ ਨਾਮ ਰੌਸ਼ਨ ਕਰਨਾ ਹੈ। ਨੇਕ ਬੱਚੀਆਂ ਚੰਗੇ ਖ਼ਿਆਲਾਂ ਨਾਲ ਪੱਟੀ ਵਾਲੇ ਰਾਜੇ ਦੁਨੀ ਚੰਦ ਦੀ ਲੜਕੀ ਬੀਬੀ ਰਜਨੀ ਵਾਂਗ ਸੇਵਾ ਕਰ ਕੇ ਪਤੀ ਅਤੇ ਸੱਸ-ਸਹੁਰੇ ਦਾ ਮਨ ਜਿੱਤ ਕੇ ਉਸ ਨੂੰ ਗੁਰਮੁਖ ਬਣਾਉਂਦੀਆਂ ਹਨ। ਸੇਵਾ ਕਰਦਿਆਂ ਮਨ ਅੰਦਰ ਹੰਕਾਰ ਨਹੀਂ ਕਰਨਾ। ਹਉਮੈ ਛੱਡ ਕੇ ਹੀ ਪਤੀ-ਪ੍ਰੇਮ ਦੇ ਰਸਤੇ ਚਲਿਆ ਜਾ ਸਕਦਾ ਹੈ।

**ਐ ਬੁਲਫ਼ਜ਼ੂਲ ਗੋਯਾ ਅਜ਼ ਇਸ਼ਕੇ ਓ ਮਜ਼ਨੇ ਦਮ।**
**ਕੋ ਪਾ ਨਿਹਦ ਦਰੀਂ ਰਾਹ ਆਂ ਰਾ ਕਿ ਸਰ ਨ ਬਾਸ਼ਦ॥** (ਗ਼ਜ਼ਲ 32)

**ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥**
**ਜੋ ਕਿਛੁ ਕਰੇ ਸੁ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥**
**ਜਾ ਕੇ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥**
**ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥**
**ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥**

(ਤਿਲੰਗ ਮ: ੧, ਅੰਗ 722)

ਅਥਵਾ :

**ਭਰਤਾ ਕਹੈ ਸੁ ਮਾਨੀਐ, ਏਹੁ ਸੀਗਾਰੁ ਬਣਾਇ ਰੀ॥** (ਅੰਗ 400)

ਮਾਂ-ਬਾਪ ਤੋਂ ਵੱਖਰੇ ਰਹਿ ਕੇ ਕਿਰਤਿ-ਵਿਰਤਿ ਕਰਦਿਆਂ ਗ੍ਰਿਹਸਤ ਚਲਾਉਣਾ ਗੁਨਾਹ ਨਹੀਂ, ਪਰ ਮਾਂ-ਬਾਪ 'ਤੇ ਝੂਠੇ ਦੋਸ਼ ਲਗਾ ਕੇ ਲੜਾਈ ਝਗੜਾ ਕਰ ਕੇ ਸੇਵਾ ਸੰਭਾਲ ਛੱਡ ਦੇਣ ਵਾਲੇ ਕਦੇ ਧਰਮ ਦੇ ਤੱਤ ਨੂੰ ਨਹੀਂ ਜਾਣ ਸਕਦੇ। ਭਾਵੇਂ ਜਿੰਨਾ ਮਰਜ਼ੀ ਲੋਕਾਚਾਰ ਕਰਦੇ ਫਿਰਨ :

**ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।**
**ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।**
**ਮਾਂ ਪਿਉ ਪਰਹਰਿ ਕਰੈ ਪੂਜ ਦੇਵੀ ਦੇਵ ਨ ਸੇਵ ਕਮਾਣੀ।**
**ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣਵਾਣੀ।**
**ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।**
**ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।**
**ਗੁਰ ਪਰਮੇਸਰੁ ਸਾਰੁ ਨ ਜਾਣੀ॥ ੧3 ॥** (ਵਾਰ 37, ਪਉੜੀ ੧3)

ਪਤੀ ਪਾਸ ਹਮੇਸ਼ਾ ਸੱਚ ਬੋਲਣਾ। ਇਸ ਲਈ ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਝੂਠ ਬੋਲਦੀਆਂ ਹਨ, ਉਹ ਗੁਰੂ ਦੇ ਬਚਨਾਂ ਦੀ ਉਲੰਘਣਾ ਕਰਦੀਆਂ ਹਨ।

**ਸਤੁ ਸੰਤੋਖੁ ਸਦਾ ਸਚੁ ਪਲੈ ਸਚ ਬੋਲੈ ਪਿਰ ਭਾਏ॥**
**ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥** (ਸੂਹੀ ਛੰਤ,ਅੰਗ 764)

ਅਸਲ ਵਿਚ ਉਹਨਾਂ ਨੂੰ ਹੀ ਸੁਹਾਗਣਾਂ ਮੰਨਿਆ ਗਿਆ ਹੈ ਜੋ ਪਤੀ ਦੇ ਸਨਮੁਖ ਰਹਿੰਦੀਆਂ ਹਨ।

**ਨਾਨਕ ਸੋਹਾਗਣਿ ਕਾ ਕਿਆ ਚਿਹਨ ਹੈ,**
**ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥** (ਅੰਗ 785)

ਪਰ ਪਤੀ ਤੋਂ ਬੇਮੁਖ ਇਸਤ੍ਰੀਆਂ ਨੂੰ ਅਉਗਣਹਾਰੀਆਂ ਦੁਹਾਗਣਾਂ ਕਿਹਾ ਜਾਂਦਾ ਹੈ, ਉਹ ਸੁਹਾਗਣੀਆਂ ਨਹੀਂ ਕਹਾ ਸਕਦੀਆਂ।

**ਝੂਠੁ ਅਲਾਵੈ ਕਾਮਿ ਨ ਆਵੈ, ਨਾ ਪਿਰੁ ਦੇਖੈ ਨੈਣੀ॥**
**ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ॥**

(ਧਨਾਸਰੀ ਛੰਤ ਮ: ੧, ਅੰਗ 689)

**ਦੋਹਾਗਣੀ ਕਿਆ ਨੀਸਾਣੀਆ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ॥**
**ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥** (ਅੰਗ 72)

ਪਤੀ ਦੇ ਦੁੱਖ-ਸੁੱਖ ਨਾਲ ਆਪਣਾ ਦੁੱਖ-ਸੁੱਖ ਸਮਝਣਾ। ਪਤੀ ਨਾਲ ਦੁੱਖ ਕੱਟਣਾ ਸੁੱਖ ਤੋਂ ਵੱਧ ਕੇ ਜਾਨਣਾ। ਜਿਵੇਂ ਗੁਰੂ ਕਾ ਬਚਨ ਹੈ :

**ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥** (ਅੰਗ ੧306)
**ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥**
**ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥** (ਅੰਗ ੧425)

ਭਾਵ—ਪਤੀ ਦੀ ਪ੍ਰਸੰਨਤਾ ਤੋਂ ਬਿਨਾਂ ਇਸਤਰੀ ਦਾ ਸੁਹੱਪਣ ਨਿਸਫਲ ਹੈ। ਘਰ ਦਾ ਚੰਗਾ ਨਿਰਬਾਹ ਚਲਾਉਣ ਲਈ ਵਿੱਦਿਆ-ਹੁਨਰ ਸਿੱਖਣ ਦਾ ਜਤਨ ਕਰਨਾ। ਗੁਰ-ਉਪਦੇਸ਼ ਹੈ :

**ਕਢਿ ਕਸੀਦਾ ਪਹਿਰਹਿ ਚੋਲੀ ਤਾ ਤੁਮ ਜਾਣਹੁ ਨਾਰੀ॥**
**ਜੇ ਘਰਿ ਰਾਖਹਿ ਬੁਰਾ ਨਾ ਚਾਖਹਿ ਹੋਵਹਿ ਕੰਤਿ ਪਿਆਰੀ॥** (ਅੰਗ ੧੧੭੧)

ਕਈ ਅੰਧ-ਵਿਸ਼ਵਾਸੀ ਇਸਤ੍ਰੀਆਂ ਪਤੀ ਨੂੰ ਵੱਸ ਵਿਚ ਭਾਵ (ਅਧੀਨ) ਕਰਨ ਲਈ ਅਨੇਕਾਂ ਜਤਨ ਕਰਦੀਆਂ ਹਨ, ਮੰਤਰ, ਜੰਤ੍ਰ, ਟੂਣੇ, ਟਾਮਣ ਪਰ ਨਿਸਚਾ ਕਰਦੀਆਂ ਹਨ, ਪਰ ਗੁਰੂ ਸਾਹਿਬ ਵੱਲੋਂ ਪਤੀ ਨੂੰ ਪ੍ਰਸੰਨ ਤੇ ਵੱਸ ਵਿਚ ਕਰਨ ਲਈ ਇਹ ਸ਼ੁੱਭ ਸਿੱਖਿਆ ਹੈ :

**ਗੁਣ ਕਾਮਣਿ ਕਰਿ ਕੰਤ ਰੀਝਾਇਆ॥**
**ਵਸਿ ਕਰ ਲੀਨਾ ਗੁਰਿ ਭਰਮੁ ਚੁਕਾਇਆ॥** (ਅੰਗ ੧੧੭੧)

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥**

(ਅੰਗ ੧੩੮੪)

*ਉੱਤਰ :*

**ਨਿਵਣੁ ਸੁ ਅਖਰੁ, ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥** (ਅੰਗ ੧੩੮੪)

ਸਾਰੇ ਉਪਦੇਸ਼ ਦਾ ਨਿਚੋੜ ਇਹ ਹੈ ਕਿ ਤੁਸੀਂ ਦੋਵੇਂ ਇਕ ਰੂਪ ਬਣ ਕੇ ਰਹੋ। ਧਾਰਮਿਕ ਤੇ ਵਿਵਹਾਰਕ ਗੱਲਾਂ ਵਿਚ ਤੁਹਾਡਾ ਪਰਸਪਰ ਵਿਰੋਧ ਨਾ ਹੋਵੇ। ਗੁਰਮਤਿ ਅਨੁਸਾਰ ਭਰਤਾ ਤੇ ਇਸਤਰੀ ਉਹ ਹਨ ਜਿਨ੍ਹਾਂ ਦਾ ਇਸ਼ਟ-ਉਪਾਸ਼ਨਾ-ਸਿਧਾਂਤ ਇਕ ਹੋਣ। ਮਨ ਇਕ ਹੋ ਗਿਆ ਹੋਵੇ, ਜਿਸ ਤਰ੍ਹਾਂ ਸਤਿਗੁਰੂ ਸਾਹਿਬ ਜੀ ਦੇ ਬਚਨ ਹਨ :

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥** (ਅੰਗ ੭੮੮)

ਅਥਵਾ :

**ਆਸਾ ਇਸਟ ਉਪਾਸਨਾ, ਖਾਨ ਪੀਣ ਪਹਿਰਾਣ॥**
**ਤੁਲਸੀ ਜਾ ਮਹਿ ਖਟ ਮਿਲੈ ਸੋਈ ਮਿਲਿਆ ਜਾਣ॥**

ਬੱਚੇ ਅਤੇ ਬੱਚੀ ਦੇ ਅਨੰਦ ਕਾਰਜ ਸਮੇਂ ਸਤਿਗੁਰੂ ਜੀ ਦੀ ਹਜ਼ੂਰੀ ਅੰਦਰ ਗਦੇਲਾ ਜਾਂ ਚਾਦਰ ਵਿਛਾਉਣੀ ਉਚਿਤ ਨਹੀਂ।

**ਗੁਰਮੁਖਿ ਬੈਸਹੁ ਸਫਾ ਵਿਛਾਇ॥**

ਇਸ ਉਪਦੇਸ਼ ਨੂੰ ਹੀ ਹਿਰਦੇ ਅੰਦਰ ਧਾਰਨਾ ਚਾਹੀਦਾ ਹੈ। ਲੜਕੀ ਲੜਕੇ ਦੇ ਬੈਠਿਆਂ ਹੀ (ਬਿਨਾਂ ਪ੍ਰਕਰਮਾਂ ਕੀਤਿਆਂ) ਅਨੰਦ ਕਾਰਜ ਕਰਾਉਣੇ ਅਯੋਗ ਹਨ। ਗੁਰਬਾਣੀ ਵਿਚ ਸਪੱਸ਼ਟ ਸ਼ਬਦਾਂ ਵਿਚ ਅੰਕਿਤ ਹੈ :

**ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥** (ਅੰਗ ੭੭੩)

ਲੜਕੀ ਨੂੰ ਪ੍ਰਕਰਮਾਂ ਸਮੇਂ ਸਹਾਰਾ ਦੇ ਕੇ ਤੋਰਨਾ ਚੰਗਾ ਨਹੀਂ। ਸਹਾਰਾ ਤਾਂ ਹੀ ਦੇਈਦਾ ਹੈ ਜੇਕਰ ਲੜਕੀ ਵਿਚ ਤੁਰਨ ਦੀ ਯੋਗਤਾ ਨਾ ਹੋਵੇ, ਸਗੋਂ ਆਪਣੇ ਆਪ ਸਤਿਗੁਰੂ ਜੀ ਦੀਆਂ ਪ੍ਰਕਰਮਾਂ ਕਰ ਕੇ (ਸਫਲ ਚਰਨ ਪਰਿਦੱਖਣਾ ਕਰ ਕੇ) ਜੀਵਨ ਸਫਲਾ ਕਰਨਾ ਚਾਹੀਦਾ ਹੈ। ਸਿਹਰਾ, ਕਲਗੀ ਬੰਨ੍ਹ ਕੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਜਾਣਾ ਮਨਮੱਤ ਹੈ।

ਸਿਹਰਾ ਕਲਗੀ ਖੋਲ੍ਹ ਕੇ ਗੁਰੂ ਸਾਹਿਬ ਜੀ ਦੇ ਰੁਮਾਲਿਆਂ ਉੱਪਰ ਜਾਂ ਦਰਬਾਰ ਸਾਹਿਬ ਅੰਦਰ ਟੰਗਣਾ ਗੁਰੂ ਮਰਯਾਦਾ ਦੇ ਉਲਟ ਹੈ। ਮਿਲਣੀ ਸਮੇਂ ਜੋੜੇ ਪਾ ਕੇ ਅਰਦਾਸ ਕਰਨੀ ਅਤੇ ਸ਼ਬਦ ਪੜ੍ਹਨੇ ਗੁਰਬਾਣੀ ਦੀ ਘੋਰ ਬੇਅਦਬੀ ਹੈ।

**ਜਿਨ ਭੈ ਅਦਬ ਨਾ ਬਾਣੀ ਧਾਰਾ॥ ਜਾਨੋ ਸੋ ਨਹਿ ਸਿਖ ਹਮਾਰਾ॥**

ਅਨੰਦ ਕਾਰਜ ਹੋਣ ਤੋਂ ਮਗਰੋਂ ਲੜਕੀ ਲੜਕੇ ਉੱਪਰ ਫੁੱਲ ਸੁੱਟਣੇ ਮਨਮੱਤ ਹੈ। ਲੜਕੀ ਲੜਕੇ ਨੂੰ ਸ਼ਗਨ ਦੇਣ ਸਮੇਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੱਚੇ-ਬੱਚੀ ਦੇ ਸਿਰ 'ਤੇ ਹੱਥ ਧਰਨਾ ਅਤੇ ਸਤਿਗੁਰੂ ਜੀ ਵੱਲ ਕੰਡ ਕਰਨੀ ਅਤੇ ਗਲ੍ਹ ਵਿਚ ਸਿਹਰੇ ਪਾਉਣੇ ਮਨਮੱਤ ਹੈ। ਇਹ ਰਸਮ ਗੁਰੂ ਜੀ ਦੀ ਹਜ਼ੂਰੀ ਤੋਂ ਬਾਹਰ ਹੋਣੀ ਚਾਹੀਦੀ ਹੈ। ਕੋਈ ਨਸ਼ੇ ਦਾ ਸੇਵਨ ਕਰ ਕੇ ਸਤਿਗੁਰੂ ਜੀ ਦੀ ਹਜ਼ੂਰੀ ਅੰਦਰ ਜਾਣਾ ਘੋਰ ਪਾਪ ਹੈ।

ਮੈਰਿਜ ਪੈਲਸ ਅੰਦਰ ਅਨੰਦ ਕਾਰਜ ਕਰਵਾਉਣੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਹੈ। ਅਨੰਦ ਕਾਰਜ ਗੁਰਦੁਆਰਾ ਸਾਹਿਬ ਅੰਦਰ ਹੀ ਹੋਣੇ ਚਾਹੀਦੇ ਹਨ।

ਅੰਮ੍ਰਿਤਧਾਰੀ ਸਿੰਘ ਅਤੇ ਸਿੰਘਣੀਆਂ ਨੂੰ ਵਿਆਹ ਸਮੇਂ ਭੋਜਨ ਛਕਣ ਸਮੇਂ ਸੁਚੇਤ ਹੋਣ ਦੀ ਜ਼ਰੂਰਤ ਹੈ। ਬਹੁਤੀਆਂ ਥਾਵਾਂ 'ਤੇ ਭੋਜਨ ਤਿਆਰ ਕਰਨ ਵਾਲੇ ਹਲਵਾਈ ਤੇ ਛਕਾਉਣ ਵਾਲੇ ਪਤਿਤ, ਸਿਰਗੁੰਮ ਤੇ ਨੜੀਮਾਰ ਹੁੰਦੇ ਹਨ। ਕਈ ਥਾਈਂ ਸ਼ਰਾਬ ਟੇਬਲਾਂ ਉੱਪਰ ਰੱਖੀ ਹੁੰਦੀ ਹੈ ਅਤੇ ਉਨ੍ਹਾਂ ਟੇਬਲਾਂ ਉੱਪਰ ਹੀ ਖਾਣਾ ਪਰੋਸ ਕੇ ਰੱਖਿਆ ਹੁੰਦਾ ਹੈ। ਮੂੰਹ ਵਿਚ ਪਾਨ ਰੱਖ ਕੇ ਵਰਤਾਉਣ ਵਾਲੇ ਬੱਈਏ ਰੱਖੇ ਹੁੰਦੇ ਹਨ, ਕਿਉਂਕਿ ਅਜੋਕੇ ਸਮੇਂ ਅੰਦਰ ਨੌਜਵਾਨਾਂ ਨੂੰ ਸ਼ਰਾਬ ਪੀਣ ਅਤੇ ਪਾਨ ਖਾਣ ਦੀ ਭੈੜੀ ਆਦਤ ਹੁੰਦੀ ਹੈ। ਅਜਿਹੇ ਪਲੀਤ ਭੋਜਨਾਂ ਤੋਂ ਬਚਣਾ ਚਾਹੀਦਾ ਹੈ। ਕਈ ਵਿਆਹ ਪਾਰਟੀਆਂ ਵਿਚ ਮਾਸ ਸ਼ਰਾਬ ਦੀ ਖੁੱਲ੍ਹੀ ਵਰਤੋਂ ਕੀਤੀ ਜਾਂਦੀ ਹੈ। ਅੰਮ੍ਰਿਤਧਾਰੀ ਸਿੰਘਾਂ ਨੂੰ ਇਸ ਤਰ੍ਹਾਂ ਦੇ ਮੈਰਿਜ ਪੈਲਸ ਵਿਚ ਵਿਆਹ-ਪਾਰਟੀਆਂ ਸਮੇਂ ਖਾਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

## ਸਾਖੀ—ਦਾਜ ਬਾਰੇ ਬੀਬੀ ਖੜਗ ਕੌਰ ਜੀ

**ਹਰਿ ਪ੍ਰਭਿ ਮੇਰੇ ਬਾਬੁਲਾ ਹਰਿ ਦੇਵਹੁ ਦਾਨ ਮੈ ਦਾਜੋ॥** (ਅੰਗ ੭੮)

ਅਜੋਕੇ ਸਮੇਂ ਅੰਦਰ ਹਰ ਇਕ ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਉਹ ਆਪਣੀ ਬੱਚੀ ਨੂੰ ਉਸ ਦੀ ਸ਼ਾਦੀ ਸਮੇਂ ਦਿੱਤੇ ਜਾਣ ਵਾਲੇ ਦਾਜ ਦੀ ਬਜਾਏ ਉਸ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲ ਕੇ ਗੁਰਬਾਣੀ ਦੇ ਸਿਧਾਂਤ ਅਨੁਸਾਰ ਦਾਜ ਦੇਵੇ, ਜਿਸ ਤਰ੍ਹਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਸੁਪਤਨੀ ਬੀਬੀ ਖੜਗ ਕੌਰ ਨੂੰ ਉਸ ਦੇ ਮਾਤਾ-ਪਿਤਾ ਵੱਲੋਂ ਬਚਪਨ ਤੋਂ ਗੁਰਮੁਖੀ ਰਹਿਣੀ-ਬਹਿਣੀ ਦੀ ਸਿੱਖਿਆ ਦਾ ਦਾਜ ਦਿੱਤਾ ਗਿਆ ਸੀ।

ਰਾਣੀ ਖੜਗ ਕੌਰ ਦਾ ਜਨਮ ਇਕ ਸਿੱਖ ਰਈਸ ਘਰਾਣੇ ਅੰਦਰ ਹੋਇਆ ਸੀ। ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਗੁਰਮੁਖੀ ਦੇ ਅੱਖਰਾਂ ਵਿਚ ਇਤਨਾ ਯੋਗ ਬਣਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਲ ਅਤੇ ਸ਼ੁੱਧ ਪਾਠ ਆਪ ਦੇ ਬਰਾਬਰ ਕਰਨ ਦਾ ਕੋਈ ਸਾਨੀ ਨਹੀਂ ਸੀ। ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪਾਠ ਇਸ ਤਰ੍ਹਾਂ ਕਰਨਾ ਸਿਖਾਇਆ ਕਿ ਹਰ ਛੰਦ ਨੂੰ ਛੰਦ ਦੀ ਚਾਲ ਵਾਂਗ ਪੜ੍ਹਨਾ। ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਰਥ ਵੀ ਬੜੀ ਮਿਹਨਤ ਨਾਲ ਪੜ੍ਹਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਭੀ ਕਰਵਾ ਦਿੱਤੇ। ਭਾਈ ਗੁਰਦਾਸ ਜੀ ਦੀ ਸਾਰੀ ਬਾਣੀ ਦੇ ਅਰਥ ਭੀ ਸਰਲ ਕਰਾ ਦਿੱਤੇ। ਇਥੋਂ ਤੱਕ ਕਿ ਭਾਈ ਨੰਦ ਲਾਲ ਜੀ ਦੀ ਰਚਨਾ ਪੜ੍ਹਾਉਣ ਲਈ ਬੀਬੀ ਜੀ ਨੂੰ ਫ਼ਾਰਸੀ 'ਚ ਭੀ ਨਿਪੁੰਨ ਕਰ ਦਿੱਤਾ। ਆਪ ਦੇ ਪਿਤਾ ਦੇ ਮਿੱਤਰ ਇਕ ਨਿਹੰਗ ਸਿੰਘ ਸਨ, ਜਿਨ੍ਹਾਂ ਦਾ ਨਾਮ ਭਾਈ ਗੁਰਮੁਖ ਸਿੰਘ ਸੀ ਅਤੇ ਜੋ ਨਾਮ ਬਾਣੀ ਦੇ ਰਸੀਏ ਸਨ। ਉਨ੍ਹਾਂ ਬਚਪਨ ਤੋਂ ਬੀਬੀ ਨੂੰ ਕੁੱਛੜ ਚੁੱਕ ਕੇ ਖਿਡਾਇਆ ਸੀ। ਉਹਨਾਂ ਤੋਂ ਬੀਬੀ ਨੂੰ ਸ਼ਸਤ੍ਰ ਵਿੱਦਿਆ ਵਿਚ ਅਜਿਹਾ ਯੋਗ ਬਣਾਇਆ ਕਿ ਚੰਗੇ ਤੋਂ ਚੰਗਾ ਸਿਪਾਹੀ ਭੀ ਆਪ ਦੇ ਸਾਹਮਣੇ ਟਿਕ ਨਹੀਂ ਸਕਦਾ ਸੀ। ਖੜਗ ਚਲਾਉਣ ਵਿਚ ਆਪਣਾ ਨਾਂ ਖੜਗ ਕੌਰ ਰੱਖ ਕੇ ਸਾਬਿਤ ਕਰ ਦਿੱਤਾ। ਬੀਬੀ ਜੀ ਆਪ ਅੜਬ ਤੋਂ ਅੜਬ ਘੋੜੇ ਨੂੰ ਵੱਸ ਕਰ ਕੇ ਸਵਾਰੀ ਕਰ ਲੈਂਦੇ ਸਨ।

ਆਪ ਬੀਬੀ ਜੀ ਉੱਚੇ-ਸੁੱਚੇ ਜੀਵਨ ਦਾ ਇਕ ਨਮੂਨਾ ਸਨ। ਬੀਬੀ ਜੀ ਨੂੰ ਨਿਤਨੇਮ ਦੀਆਂ ਪੰਜ ਬਾਣੀਆਂ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ, ਅਕਾਲ ਉਸਤਤਿ, ਸ੍ਰੀ ਆਸਾ ਜੀ ਦੀ ਵਾਰ ਕੰਠ ਸਨ। ਨਿਹੰਗ ਸਿੰਘ ਸ਼ਸਤਰ ਵਿੱਦਿਆ ਤੋਂ ਇਲਾਵਾ ਰਾਗ ਦੇ ਬੜੇ ਮਾਹਿਰ ਸਨ। ਉਨ੍ਹਾਂ ਨੇ ਬੀਬੀ ਜੀ ਨੂੰ ਭੀ ਐਸਾ ਰਾਗ 'ਚ ਮਾਹਿਰ ਕੀਤਾ ਕਿ ਸੁਣਨ ਵਾਲੇ ਸਹਿਜੇ ਹੀ ਸਮਾਧੀ ਸਥਿਤ ਹੋ ਜਾਂਦੇ ਸਨ।

ਇਸ ਪ੍ਰਕਾਰ ਗੁਰਬਾਣੀ ਅਨੁਸਾਰ ਸਾਨੂੰ ਆਪਣੀਆਂ ਬੱਚੀਆਂ ਨੂੰ ਬਚਪਨ ਤੋਂ ਹੀ ਗੁਰਮਤਿ ਦੀ ਪੜ੍ਹਾਈ ਅਤੇ ਗੁਰਮੁਖੀ ਜੀਵਨ ਦੀ ਸਿੱਖਿਆ ਦਾ ਦਾਜ ਦੇਣਾ ਚਾਹੀਦਾ ਹੈ, ਜਿਸ ਦਾਜ ਨਾਲ ਇਕੱਲੇ ਸਹੁਰੇ ਘਰ ਵਿਚ ਹੀ ਸੋਭਾ ਪ੍ਰਾਪਤ ਨਹੀਂ ਹੋਵੇਗੀ, ਸਗੋਂ ਗੁਰੂ ਰਾਮਦਾਸ ਜੀ ਫ਼ਰਮਾਂਦੇ ਹਨ ਕਿ ਖੰਡਾ-ਬ੍ਰਹਿਮੰਡਾਂ ਅੰਦਰ ਸ਼ੋਭਾ ਹੋਵੇਗੀ।

**ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥**
**ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥**
**ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਖਾਇਆ॥**
**ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥**
**ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥**
**ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥** (ਅੰਗ 78)

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਮੁਖਵਾਕ ਨੰਬਰ ੧52 (ਆਦਿ ਅੰਗ 775)

## ਰਾਗੁ ਸੂਹੀ ਛੰਤ ਮਹਲਾ 4 ਘਰੁ 3

## ੧ੴ ਸਤਿਗੁਰ ਪ੍ਰਸਾਦਿ ॥

ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥ ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ ॥ ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ ॥ ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ ॥ ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ ॥ ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥੧॥ ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ ॥ ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ ॥ ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ ॥ ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ ॥ ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ ॥ ਨਾਨਕ ਸੋ ਪ੍ਰਭੁ ਸਬਦੇ ਜਾਪੈ ਅਹਿਨਿਸਿ ਨਾਮੁ ਧਿਆਏ ॥ 2 ॥ ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥ ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥ ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥ ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥ ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ ॥ 3 ॥ ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ ॥ ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ॥ ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ

ਸਮਾਵੈ ॥ ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ ॥ ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥ ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥ 4 ॥੧॥ 4 ॥

# ਪ੍ਰਾਕ੍ਥਨ :

ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਇਹ ਪਾਵਨ ਸ੍ਰੀ ਮੁਖਵਾਕ ਸੂਹੀ ਰਾਗੁ ਅੰਦਰ ਤੀਜੇ ਘਰੁ ਸੁਰਤਾਲ ਵਿਚ ਉਚਾਰਿਆ ਹੋਇਆ ਹੈ ਅਤੇ ਬੀਜ ਰੂਪ ਮੰਗਲ ਕੀਤਾ ਹੈ, ੧=ਇਕ ਅਦੁੱਤੀ ਬ੍ਰਹਮ ਓ =ਸਰਬ ਦਾ ਪ੍ਰਕਾਸ਼ਕ, ਉਚਾਰਨੇ ਮਾਤਰ ਸੇ ਰੱਖਿਆ ਕਰਨ ਵਾਲਾ ਸਤਿ=ਤਿੰਨ ਕਾਲ ਨਾਸ ਰਹਿਤ ਹੈ। ਗੁਰਪ੍ਰਸਾਦਿ=ਗੁਰ ਚੇਤੰਨ ਪ੍ਰਸਾਦਿ ਅਨੰਦ ਸਰੂਪ ਉਸ ਸਤਿ ਚਿਤ ਅਨੰਦ ਸਰੂਪ ਦੀ ਪ੍ਰਾਪਤੀ ਗੁਰ ਕਿਰਪਾ ਨਾਲ ਹੁੰਦੀ ਹੈ। ਇਸ ਦੇ ਅਰੰਭ ਵਿਚ ਗੁਰਦੇਵ ਨੇ "ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ॥" ਕਿਹਾ ਹੈ।

## ਵਿਸ਼ਾ — ਆਵਹੋ ਸੰਤ ਪਿਆਰਿਹੁ

ਧਾਰਮਿਕ ਦੁਨੀਆਂ ਵਿਚ ਸੰਤ ਸਰਵੋਤਮ ਮੰਨਿਆ ਹੈ, ਕਿਉਂਕਿ ਸੰਤ ਪੂਰਨ ਪਦ ਹੈ। ਜਿਸ ਤਰ੍ਹਾਂ ਨਿੱਕੀ ਜਿਹੀ ਪਾਣੀ ਦੀ ਬੂੰਦ ਸਮੁੰਦਰ ਵਿਚ ਪੈ ਕੇ ਸਮੁੰਦਰ ਹੋਣ ਦਾ ਮਾਣ ਪ੍ਰਾਪਤ ਕਰਦੀ ਹੈ, ਇਸੇ ਤਰ੍ਹਾਂ ਪੂਰਨ ਬ੍ਰਹਮ ਰੂਪ ਸਮੁੰਦਰ ਵਿਚ ਅਭੇਦ ਹੋਏ ਪ੍ਰਭੂ ਪਰਮੇਸ਼ਰ ਦੇ ਪਿਆਰਿਆਂ ਨੂੰ ਸੰਤ ਕਿਹਾ ਜਾਂਦਾ ਹੈ। ਐਸੇ ਸੰਤਾਂ ਦਾ ਜੀਵਨ-ਆਧਾਰ ਨਾਮ ਹੈ। ਪੰਚਮ ਗੁਰਦੇਵ ਨੇ ਸਹਸਕ੍ਰਿਤੀ ਸਲੋਕਾਂ ਅੰਦਰ ਕਿਹਾ ਹੈ :

**ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ॥**
**ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਯਤੇ॥ 26॥** (ਅੰਗ ੧356)

ਭਾਈ ਗੁਰਦਾਸ ਜੀ ਨੇ ਐਸੇ ਸੰਤਾਂ ਦੇ ਸੱਚੇ ਪ੍ਰੇਮ ਦੇ ਸੰਬੰਧ ਵਿਚ ਬਹੁਤ ਸੁੰਦਰ ਬਚਨ ਕਹੇ ਹਨ। ਮੱਛੀ ਜਲ ਵਿਚ ਰਹਿੰਦੀ ਕਦੇ ਤ੍ਰਿਪਤ ਹੋਈ ਹੈ ? ਮੱਛੀ ਨੇ ਕਦੇ ਕਿਹਾ ਹੈ ਕਿ ਮੈਂ ਜਲ ਵਿਚ ਰਹਿ ਕੇ ਤ੍ਰਿਪਤ ਹੋ ਗਈ ਹਾਂ, ਹੁਣ ਜਲ ਵਿਚ ਨਹੀਂ ਰਹਿਣਾ। ਉਸ ਦਾ ਜੀਵਨ-ਆਧਾਰ ਹੀ ਜਲ ਹੈ। ਪਤੰਗੇ ਨੇ ਕਦੇ ਕਿਹਾ ਹੈ ਕਿ ਮੈਂ ਦੀਪਕ ਦੇ ਪ੍ਰਕਾਸ਼ ਕੋਲ ਨਹੀਂ ਜਾਣਾ, ਤ੍ਰਿਪਤ ਹੋ ਗਿਆ ਹਾਂ। ਪਤੰਗਾ ਮੁੜ-ਮੁੜ ਕੇ ਦੀਪਕ ਦੇ ਪ੍ਰਕਾਸ਼ ਪਾਸ ਜਾਂਦਾ ਰਹਿੰਦਾ ਹੈ, ਜਿੰਨਾ ਚਿਰ ਉਹ ਕੁਰਬਾਨ ਨਹੀਂ ਹੋ ਜਾਂਦਾ। ਭੌਰਾ ਫੁੱਲ ਦੀ ਸੁਗੰਧੀ ਲਈ ਓਨਾ ਚਿਰ ਮੰਡਰਾਉਂਦਾ ਰਹਿੰਦਾ ਹੈ, ਜਿੰਨਾ ਚਿਰ ਜੀਵਨ ਹੈ। ਅੰਤ ਫੁੱਲ ਉੱਪਰ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਪੰਛੀ ਦਾ ਜੀਵਨ-ਅਧਾਰ ਹੈ ਆਕਾਸ਼ ਦੀ ਉਡਾਰੀ। ਆਕਾਸ਼ ਵਿਚ ਉਡਾਰੀ ਲਾਉਂਦਾ ਪੰਛੀ ਅਨੰਦ ਮਾਣਦਾ ਹੈ। ਮੋਰ ਬੱਦਲ ਦੀਆਂ ਕਾਲੀਆਂ ਘਟਾਵਾਂ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ ਅਤੇ ਪਪੀਹਾ ਸ੍ਵਾਂਤੀ ਬੂੰਦ ਲਈ ਪ੍ਰਿਉ-ਪ੍ਰਿਉ ਦਾ ਰਟਨ ਰਟਦਾ ਹੈ। ਹਿਰਨ ਘੰਡੇਹੇੜੇ ਦੇ ਸ਼ਬਦ ਸੁਨਣ ਨਾਲ ਪ੍ਰੀਤੀ ਕਰਦਾ ਹੈ। ਐਸੇ ਹੀ ਪ੍ਰਭੂ ਪ੍ਰਮੇਸ਼ਰ ਦੇ ਪਿਆਰੇ ਸੰਤ ਜਨ ਹਨ। ਉਨ੍ਹਾਂ ਦੇ ਰੋਮ-ਰੋਮ ਵਿਚ, ਸਰੀਰਕ ਅੰਗ-ਅੰਗ ਵਿਚ ਨਾਮ ਦੀ ਪ੍ਰੀਤ ਲੱਗੀ ਅਤੇ ਨਾਮ ਦੀ ਪਿਆਸ ਬਣੀ ਰਹਿੰਦੀ ਹੈ।

ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,
ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥
ਕੁਸਮ ਸੁਬਾਸ ਜੈਸੋਂ ਤ੍ਰਿਪਤ ਨ ਮਧੁਪ ਕਉ,
ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥
ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,
ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥
ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,
ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥ 424॥

(ਕਬਿੱਤ ਸਵੱਈਏ ਭਾ: ਗੁਰਦਾਸ ਜੀ)

ਸਮਰੱਥ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਤਾਂ ਦੀ ਪ੍ਰੀਤੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਸਲੋਕ ॥

ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥
ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥
ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ॥ ੧॥
ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥
ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ॥ 2॥

ਪਉੜੀ॥ ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ੧2॥ (ਅੰਗ 708)

ਤੇਰਾ ਜਨੁ ਰਾਮ ਰਸਾਇਣਿ ਮਾਤਾ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ॥ ੧॥ ਰਹਾਉ॥
ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ ॥
ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ॥ ੧॥
ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥

**ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥ 2॥**

(ਅੰਗ 532)

ਸੰਤ ਸ੍ਰੇਸ਼ਟ ਧਰਮ ਦੇ ਧਾਰਨੀ, ਕੇਵਲ ਪ੍ਰਭੂ ਦੇ ਜਸ ਦਾ ਉਚਾਰਨ ਕਰਦੇ ਰਹਿੰਦੇ ਹਨ। ਨਾਰਾਇਣ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਰੂਪ ਹੈ। ਉਸ ਪ੍ਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਪੀਂਦੇ ਹੋਏ ਸੰਤ ਤ੍ਰਿਪਤ ਨਹੀਂ ਹੁੰਦੇ ਭਾਵ ਨਾਮ ਦੀ ਪਿਆਸ ਹਮੇਸ਼ਾ ਬਣੀ ਰਹਿੰਦੀ ਹੈ ਅਤੇ ਸੰਤ ਜਨਾਂ ਦੀ ਰਹਿਤ ਤੇ ਪ੍ਰਭੂ ਪਿਆਰੇ ਸੰਤ ਜਨਾਂ ਦਾ ਜੀਵਨ-ਆਧਾਰ ਇਕ ਪ੍ਰਮਾਤਮਾ ਦਾ ਨਾਮ ਹੈ। ਜਗਤ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਸ ਸੰਬੰਧ ਵਿਚ ਸੁੰਦਰ ਫ਼ੁਰਮਾਨ ਹੈ :

**ਆਠ ਪਹਰ ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ ਮੀਠਾ ਮਾਨੈ॥**
**ਏਕੁ ਨਾਮੁ ਸੰਤਨ ਆਧਾਰੁ॥ ਹੋਇ ਰਹੇ ਸਭ ਕੀ ਪਗ ਛਾਰੁ॥ ੧॥**
**ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥ ੧॥ ਰਹਾਉ॥**
**ਵਰਤਣਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮ॥**
**ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥ 2॥**
**ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥**
**ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥ 3॥**
**ਤਾ ਕਾ ਸੰਗੁ ਬਾਛਹਿ ਸੁਰਦੇਵ॥ ਅਮੋਘ ਦਰਸੁ ਸਫਲ ਜਾ ਕੀ ਸੇਵ॥**
**ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥ 4॥ 37॥ 88॥**

(ਅੰਗ 392)

ਅਸਲ ਵਿਚ ਜੋ ਸੰਤ ਭਗਤ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਆ ਕੇ ਸਿਮਰਨ ਕਰਦੇ ਹਨ, ਉਹ ਵਾਹਿਗੁਰੂ ਜੀ ਦੇ ਦਰ ਪਰਵਾਨ ਹੁੰਦੇ ਹਨ, ਨਹੀਂ ਤਾਂ ਅੱਜ ਸੰਸਾਰ ਅੰਦਰ ਭੇਖਧਾਰੀ ਸੰਤ ਬਹੁਤ ਮਿਲਦੇ ਹਨ। ਸਰੀਰ ਉੱਪਰ ਲਿਬਾਸ ਸੰਤਾਂ ਦਾ ਧਾਰਨ ਕਰ ਕੇ ਅਤੇ ਗਲ ਵਿਚ ਤੇ ਹੱਥਾਂ ਵਿਚ ਵੱਡੀਆਂ-ਵੱਡੀਆਂ ਮਾਲਾ ਫੜ ਲੈਂਦੇ ਹਨ, ਜਿਸ ਵਿਖਾਵੇ ਦੇ ਲਿਬਾਸ ਨੂੰ ਵੇਖ ਕੇ ਸੰਸਾਰੀ ਲੋਕਾਂ ਦਾ ਉਨ੍ਹਾਂ ਉੱਪਰ ਪੂਰਨ ਵਿਸ਼ਵਾਸ ਬੱਝ ਜਾਂਦਾ ਹੈ। ਸੰਸਾਰ ਅੰਦਰ ਲੋਕਾਂ ਦਾ ਵਿਸ਼ਵਾਸ ਬਣਾ ਕੇ ਠੱਗਣ ਲਈ ਕਈਆਂ ਨੇ ਸਰੀਰ ਉੱਪਰ ਧਰਮ ਦਾ ਲਿਬਾਸ ਧਾਰਿਆ ਹੋਇਆ ਹੈ, ਜਿਨ੍ਹਾਂ ਵਿਚ ਸੱਜਣ ਠੱਗ ਵਰਗਿਆਂ ਦੇ ਨਾਮ ਹਨ। ਕਿਸ ਤਰ੍ਹਾਂ ਸਮਝ ਪਵੇ ਕਿ ਇਹ ਅਸਲ ਸੰਤ ਹੈ ਜਾਂ ਸੱਜਣ ਠੱਗ ਹੈ। ਭਾਈ ਗੁਰਦਾਸ ਜੀ ਪਾਸੋਂ ਇਕ ਵਾਰ ਗੁਰਸਿੱਖਾਂ ਨੇ ਪੁੱਛਿਆ ਸੀ, ਜੀ ਕ੍ਰਿਪਾ ਕਰ ਕੇ ਦੱਸੋ, ਕਿਸ ਤਰ੍ਹਾਂ ਪਛਾਣ ਕਰੀਏ ਕਿ ਇਹ ਅਸਲ ਸੰਤ ਹੈ ਜਾਂ ਅਸੰਤ ਹੈ। ਤਾਂ ਭਾਈ ਸਾਹਿਬ ਜੀ ਨੇ ਬਚਨ ਕਹੇ ਸਨ, ਜੋ ਉਨ੍ਹਾਂ ਦੀ ਬਾਣੀ ਅੰਦਰ ਇਸ ਪ੍ਰਕਾਰ ਅੰਕਿਤ ਹੈ :

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਗੁਛਾ ਹੋਇ ਧ੍ਰਿਕਾਨੂਆ ਕਿਉ ਵੁੜੀਐ ਦਾਖੈ।**
**ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।**
**ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ।**
**ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ।**
**ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ।**
**ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ ॥ ੧੭ ॥**

(ਵਾਰ 35, ਪਉੜੀ ੧੭)

ਭਾਈ ਸਾਹਿਬ ਜੀ ਕਹਿੰਦੇ ਹਨ ਕਿ ਅੱਕ ਨੂੰ ਲੱਗਿਆ ਫਲ ਦਾਖਾਂ ਨਹੀਂ ਹੋ ਸਕਦੀਆਂ। ਮੁਲੰਮੇ ਦਾ ਗਹਿਣਾ ਅਸਲ ਸੋਨਾ ਜਾਂ ਸੁੱਚਾ ਜ਼ੇਵਰ ਨਹੀਂ ਹੋ ਸਕਦਾ। ਅੱਕ ਦਾ ਕੌੜਾ ਫਲ ਅੰਬ ਕਿਸ ਤਰ੍ਹਾਂ ਬਣ ਸਕਦਾ ਹੈ ? ਇਸੇ ਤਰ੍ਹਾਂ ਸਾਧ ਤੇ ਅਸਾਧ ਦੀ ਪਛਾਣ 'ਕਰਤੂਤ' ਕਰਮ ਕਰ ਕੇ ਜਾਂ ਫਿਰ 'ਸੁਭਾਖੈ' ਬੋਲੀ ਕਰ ਕੇ ਉਸੇ ਵੇਲੇ ਹੋ ਜਾਂਦੀ ਹੈ, ਪਰ ਜੋ ਅਸਲ ਸੰਤ ਕਰਨੀ ਕਥਨੀ ਦੇ ਪੂਰੇ ਹੁੰਦੇ ਹਨ ਅਤੇ ਸੂਰਬੀਰ ਬਚਨ ਕੇ ਬਲੀ ਹੁੰਦੇ ਹਨ, ਉਹ ਹਰ ਟਾਈਮ ਨਾਮ ਰੰਗ ਵਿਚ ਰੰਗੇ ਹੋਏ ਪ੍ਰਭੂ ਦਾ ਸ੍ਵਾਸ-ਸ੍ਵਾਸ ਸਿਮਰਨ ਕਰਦੇ ਰਹਿੰਦੇ ਹਨ।

## ਸਾਖੀ—ਇਕ ਜੱਟ ਦੇ ਸਿਮਰਨ ਦੀ

ਡਾ: ਭਾਈ ਵੀਰ ਸਿੰਘ ਜੀ ਨੇ 'ਗੁਰਮੁਖ ਸਿੱਖਿਆ' ਵਿਚ ਇਕ ਥਾਂ ਜ਼ਿਕਰ ਕੀਤਾ ਹੈ ਕਿ ਲੁਧਿਆਣੇ ਤੋਂ ੬-੭ ਮੀਲ ਇਕ ਪਿੰਡ ਵਿਚ ਇਕ ਜੱਟ ਜ਼ਿਮੀਦਾਰ ਦੇ ਖੂਹ ਉੱਪਰ ਨਾਮ ਰੰਗ ਵਿਚ ਰੰਗੀ ਹੋਈ ਰੱਬੀ ਰੂਹ ਪੂਰਨ ਸੰਤ ਮਹਾਤਮਾ ਆ ਪਹੁੰਚਿਆ। ਗਰਮੀ ਦੇ ਦਿਨ ਸਨ। ਇਸ ਸਾਧੂ ਨੂੰ ਪਾਣੀ ਦੀ ਬਹੁਤ ਪਿਆਸ ਲੱਗੀ ਸੀ ਤਾਂ ਉਸ ਸਮੇਂ ਬਲਦ ਹਲਟ ਨੂੰ ਚਲਾ ਰਹੇ ਸਨ, ਪਿੱਛੇ ਗਾਧੀ 'ਤੇ ਬੈਠੇ ਜੱਟ ਨੇ ਹਲਟ ਰੋਕ ਕੇ ਸਾਧੂ ਨੂੰ ਨਮਸਕਾਰ ਕੀਤੀ ਤੇ ਵਿਚਾਰਿਆ ਕਿ ਸਾਧੂ ਹੈ, ਇਸ ਨੂੰ ਫੋਕਾ ਪਾਣੀ ਕੀ ਪਿਲਾਵਾਂ ? ਖੂਹ 'ਤੇ ਜੱਟ ਦੀ ਗਾਂ ਬੱਝੀ ਹੋਈ ਸੀ। ਇਸ ਨੇ ਗਾਂ ਦਾ ਦੁੱਧ ਚੋ ਕੇ ਦੁੱਧ ਦੀ ਲੱਸੀ ਬਣਾ ਕੇ ਨਾਮ ਰੱਤੜੇ ਸਾਧੂ ਨੂੰ ਛਕਾਇਆ। ਮਹਾਤਮਾ ਪ੍ਰਸੰਨ ਹੋ ਗਿਆ, ਅਸੀਸ ਦਿੱਤੀ ਅਤੇ ਕਹਿਣ ਲੱਗਿਆ, ਚੌਧਰੀ, ਤੈਨੂੰ ਕਿਵੇਂ ਪਤਾ ਸੀ ਕਿ ਮੈਂ ਭੁੱਖਾ ਵੀ ਹਾਂ। ਮੈਂ ਪਾਣੀ ਮੰਗਿਆ ਸੀ ਤੇ ਤੂੰ ਮੈਨੂੰ ਕੱਚੀ ਲੱਸੀ ਪਿਲਾ ਦਿੱਤੀ। ਜੱਟ ਨੇ ਉੱਤਰ ਦਿੱਤਾ ਕਿ ਆਪ ਰੱਬ ਦੇ ਪਿਆਰੇ ਫ਼ਕੀਰ ਹੋ। ਮੇਰੇ ਪਾਸ ਜੋ ਸੀ ਉਹ ਹਾਜ਼ਰ ਕਰ ਦਿੱਤਾ ਹੈ। ਇਹ ਸੁਣ ਕੇ ਫ਼ਕੀਰ ਵਿਸਮਾਦ ਰੰਗ ਵਿਚ ਆ ਗਿਆ ਤੇ ਕਹਿਣ ਲੱਗਾ, ਵਾਹ-ਵਾਹ ! ਤੇਰੇ ਪਾਸ ਜੋ ਤੂੰ ਚੰਗੀ ਚੀਜ਼ ਸਮਝੀ, ਮੈਨੂੰ ਅਰਪ ਦਿੱਤੀ। ਮੇਰੇ ਪਾਸ ਜੋ ਸਭ ਤੋਂ ਚੰਗੀ ਚੀਜ਼ ਹੈ, ਉਹ ਮੈਂ ਤੈਨੂੰ ਦਿੰਦਾ ਹਾਂ :

ਕਹੁ ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਜੱਟ ਨੇ ਰਸਨਾ ਨਾਲ ਕਿਹਾ :

ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !

ਮਹਾਤਮਾ ਨੇ ਕਿਹਾ, ਬਸ ਇਹ ਕਹੀ ਚੱਲ ਅਤੇ ਇਸ ਤਰ੍ਹਾਂ ਦੇਖ ਰੰਗ ਵਾਹਿਗੁਰੂ ਸਾਈਂ ਪ੍ਰਮਾਤਮਾ ਦੇ ਕਿ ਇਸ ਵਾਹਿਗੁਰੂ ਵਾਹਿਗੁਰੂ ਨੂੰ ਵੀ ਫਲ ਲੱਗਦੇ ਹਨ। ਇਹ ਕਹਿ ਕੇ ਰੰਗ ਰੱਤੜੇ ਮਹਾਤਮਾ ਜੀ ਤਾਂ ਚਲੇ ਗਏ ਅਤੇ ਜੱਟ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜੱਪਣ ਲੱਗ ਪਿਆ। ਉਸ ਨੂੰ ਹੋਰ ਗੱਲਾਂ ਵਿਸਰ ਗਈਆਂ, ਇਕ ਵਾਹਿਗੁਰੂ ਨਾਮ ਦੀ ਰਟ ਲੱਗ ਗਈ। ਦਿਨ ਰਾਤ ਵਾਹਿਗੁਰੂ-ਵਾਹਿਗੁਰੂ ਰਸਨਾ ਨਾਲ ਜੱਪਦਾ ਰਹਿੰਦਾ। ਕੁਝ ਸਮੇਂ ਬਾਅਦ ਪਿੰਡ ਦੇ ਲੋਕਾਂ ਨੇ ਦੇਖਿਆ ਕਿ ਜੋ ਮੂੰਹੋਂ ਕਹਿੰਦਾ ਹੈ, ਸੱਚ ਹੋ ਜਾਂਦਾ ਹੈ। ਹੋਰ ਲੋਕ ਤਾਂ ਖੇਤਾਂ ਵਿਚ ਹਲ ਵਾਹੁੰਦੇ, ਸੁਹਾਗਾ ਦਿੰਦੇ, ਨਦੀਨ ਕੱਢਦੇ, ਫਿਰ ਬੀਜ ਬੀਜਦੇ ਸਨ, ਪਰ ਇਹ ਜੱਟ ਆਪਣੇ ਖੇਤ ਵਿਚ ਇਕ ਵਾਰ ਹਲ ਵਾਹ ਕੇ ਵਾਹਿਗੁਰੂ-ਵਾਹਿਗੁਰੂ ਕਰਦਾ ਬੀਜ ਬੀਜ ਦਿੰਦਾ ਤਾਂ ਇਸ ਦੀ ਖੇਤੀ ਹੋਰਨਾਂ ਨਾਲੋਂ ਵੱਧ ਫਲਦੀ ਤੇ ਅਨਾਜ ਵੱਧ ਪੈਦਾ ਕਰਦੀ ਸੀ। ਆਖ਼ਿਰ ਸਹਿਜੇ-ਸਹਿਜੇ ਇਸ ਦੀ ਲੋਕਾਂ ਵਿਚ ਚਰਚਾ ਹੋਣ ਲੱਗ ਪਈ ਕਿ ਜੋ ਬਚਨ ਇਹ ਕਰਦਾ ਹੈ, ਪੂਰਾ ਹੋ ਜਾਂਦਾ ਹੈ। ਇਸ ਨੂੰ ਵਾਕ ਸਿਧੀ ਫੁਰ ਆਈ ਹੈ। ਲੋਕ ਇਸ ਪਾਸ ਮਨੌਤਾਂ ਮੰਨਣ ਆਉਣ ਲੱਗ ਪਏ। ਇਹ ਜੋ ਸਹਿਜ ਸੁਭਾਅ ਕਹਿ ਦੇਵੇ, ਉਹ ਸੱਚ ਹੋ ਜਾਏ, ਪਰ ਇਹ ਦਿਨ ਰਾਤ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜੱਪਦਾ ਰਹਿੰਦਾ ਸੀ। ਪੰਡਿਤ ਈਸ਼ਰ ਸਿੰਘ ਜੀ ਬੜੇ ਮਸ਼ਹੂਰ ਵਿਦਵਾਨ ਹੋਏ ਹਨ। ਆਪ ਨਿਰਮਲੇ ਸੰਤ ਸਨ। ਚਾਰੇ ਵੇਦਾਂ ਦੇ ਵਕਤੇ ਤੇ ਗੁਰੂ ਘਰ ਦੇ ਸ਼ਰਧਾਲੂ ਹੋਏ ਹਨ। ਕਹਿੰਦੇ ਹਨ ਕਿ ਆਪ ਜੀ ਨੂੰ ਮਹਾਰਾਜਾ ਨਾਭਾ ਹੀਰਾ ਸਿੰਘ ਜੀ ਨੇ ਇਕ ਵੇਰ ਇਕ ਲੱਖ ਰੁਪਇਆ ਭੇਟ ਕਰਨਾ ਚਾਹਿਆ, ਪਰ ਆਪ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਸਰਦਾਰਾਂ ਨੇ ਕਿਹਾ, ਸੁਆਮੀ ਜੀ, ਪ੍ਰਵਾਨ ਕਰ ਲਵੋ। ਮਹਾਰਾਜਾ ਹੀਰਾ ਸਿੰਘ ਜੀ ਵਰਗਾ ਇਸ ਸਮੇਂ ਕੋਈ ਦਾਨੀ ਨਹੀਂ ਹੈ। ਇਹ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਜਲਾਲ ਵਿਚ ਆ ਗਏ ਅਤੇ ਕਿਹਾ, ਈਸ਼ਰ ਸਿੰਘ ਵਰਗਾ ਕੋਈ ਵਿਰਕਤ ਤਿਆਗੀ ਸਾਧੂ ਵੀ ਨਹੀਂ ਹੈ। ਜੇ ਹਰਿਦੁਆਰ ਤੋਂ ਨਾਭੇ ਤੱਕ ਹੀਰਾ ਸਿੰਘ ਸੜਕ 'ਤੇ ਮੋਹਰਾਂ ਵਿਛਾ ਦੇਵੇ, ਈਸ਼ਰ ਸਿੰਘ ਉਹਨਾਂ ਵੱਲ ਤਕੇਗਾ ਵੀ ਨਹੀਂ। ਇਸ ਪੰਡਿਤ ਈਸ਼ਰ ਸਿੰਘ ਪਾਸ ਕਿਸੇ ਨੇ ਇਸ ਜੱਟ ਦੀ ਸਿਫਤ ਕਰ ਦਿੱਤੀ ਕਿ ਖੂਹ 'ਤੇ ਬੈਠਾ, ਜੱਟ ਵਾਹਿਗੁਰੂ ਵਾਹਿਗੁਰੂ ਕਰਦਾ ਰਹਿੰਦਾ ਹੈ। ਮੁੱਖ ਤੋਂ ਜੋ ਕਹਿੰਦਾ ਹੈ, ਸੱਚ ਹੋ ਜਾਂਦਾ ਹੈ। ਇਹ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਉਸ ਜੱਟ ਦੇ ਦਰਸ਼ਨ ਕਰਨ ਚੱਲੇ ਗਏ। ਤਾਂ ਆਪ ਨੇ ਜੱਟ ਨੂੰ ਮਿਲ ਕੇ ਜੋ ਸੁਣਿਆ ਸੀ, ਠੀਕ ਵੇਖਿਆ। ਪੰਡਿਤ ਜੀ ਜੱਟ ਨੂੰ ਕਹਿਣ ਲੱਗੇ ਕਿ ਭਾਈ ! ਤੂੰ ਵਾਹਿਗੁਰੂ ਵਾਹਿਗੁਰੂ ਕਿਉਂ ਕਰਦਾ ਹੈਂ ? ਜੱਟ ਨੇ ਕਿਹਾ ਕਿ ਮੇਰੇ ਮੁਰਸ਼ਦ ਨੇ ਇਹ ਦੱਸਿਆ ਸੀ, ਸੋ ਕਰੀ ਜਾਂਦਾ ਹਾਂ। ਮੈਨੂੰ ਕੀ ਪਤਾ ਹੈ ਕਿ ਮੈਂ ਕਿਉਂ ਕਰਦਾ ਹਾਂ ? ਪੰਡਿਤ ਜੀ ਨੇ ਪੁੱਛਿਆ ਕਿ ਜੇ ਤੂੰ ਵਾਹਿਗੁਰੂ-ਵਾਹਿਗੁਰੂ ਕਰਨਾ ਛੱਡ ਦੇਵੇਂ ਤਾਂ ਕੀ ਹੋਵੇ ? ਜੱਟ ਬਿਹਬਲ ਹੋ ਕੇ ਕਹਿਣ ਲੱਗਾ, ਜੇ ਮੈਂ ਵਾਹਿਗੁਰੂ-ਵਾਹਿਗੁਰੂ ਕਰਨਾ ਛੱਡਾਂ ਤਾਂ ਮੈਂ ਮਰਦਾ ਹਾਂ। ਮੈਂ ਹੁਣ ਵਾਹਿਗੁਰੂ ਨਾਮ ਤੋਂ ਬਿਨਾਂ ਜੀ ਨਹੀਂ ਸਕਦਾ :

**ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥**
**ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ॥** (ਅੰਗ 40)

ਇਹ ਜਵਾਬ ਸੁਣ ਕੇ ਪੰਡਿਤ ਈਸ਼ਰ ਸਿੰਘ ਨੇ ਜੱਟ ਨੂੰ ਨਮਸਕਾਰ ਕੀਤੀ। ਵਾਹਿਗੁਰੂ ਨਾਮ ਜਪਣ ਵਾਲੇ ਦਾ ਇਉਂ ਨਾਮ ਜੀਵਨ-ਆਧਾਰ ਬਣ ਜਾਂਦਾ ਹੈ :

**ਬ੍ਰਹਮ ਗਿਆਨੀ ਕੈ ਨਾਮੁ ਆਧਾਰੁ॥** (ਸੁਖਮਨੀ ਸਾਹਿਬ)

**ਰਾਗੁ ਸੂਹੀ ਛੰਤ ਮਹਲਾ 4 ਘਰੁ 3 ੧ੴ ਸਤਿਗੁਰ ਪ੍ਰਸਾਦਿ॥ ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ॥ ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ॥ ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ॥ ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ॥ ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ॥ ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ॥੧॥ ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ॥ ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ॥ ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ॥ ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ॥ ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ॥ ਨਾਨਕ ਸੋ ਪ੍ਰਭੁ ਸਬਦੇ ਜਾਪੈ ਅਹਿਨਿਸਿ ਨਾਮੁ ਧਿਆਏ॥ 2॥ ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ॥ ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ॥ ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ॥ ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ॥ ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ॥ 3॥ ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ॥ ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ॥ ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ॥ ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ॥ ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ॥ ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ॥ 4॥੧॥ 4॥**

ਪਦ ਅਰਥ :- ਗਾਵਹ=ਅਸੀਂ ਗਾਵੀਏ। ਗੁਰਮੁਖਿ=ਗੁਰੂ ਦੁਆਰਾ। ਘਰਿ=ਹਿਰਦੇ ਵਿਚ। ਘਨੇਰੇ=ਬੇਅੰਤ, ਬਹੁਤ ਹੀ। ਸਭ ਥਾਈ=ਸਭ ਥਾਵਾਂ ਵਿਚ। ਜਪੀ=ਮੈਂ ਜਪਾਂ, ਭਾਵ ਸਿਮਰਾਂ। ਸਾਲਾਹੀ=ਮੈਂ ਸਾਲਾਹਵਾਂ। ਲਿਵ ਲਾਈ=ਮੈਂ ਲਿਵ ਲਾਵਾਂ। ਰਿਦ ਪੂਜਾ=ਹਿਰਦੇ ਦੀ ਪੂਜਾ।੧। ਸਚੁ=ਸਦਾ ਥਿਰ ਰਹਿਣ ਵਾਲਾ ਪਰਮੇਸ਼ਰ। ਅਹਿਨਿਸਿ=ਦਿਨ ਰਾਤ।੨। ਦੁਤਰੁ=ਜਿਸ ਤੋਂ ਪਾਰ ਲੰਘਣਾ ਔਖਾ ਹੈ। ਮਮਤਾ=ਮੈਂ ਮੇਰੀ, ਅਪਣਤ। ਚਤੁਰਾਈ=ਚਾਲਾਕੀ ਭਰੀ ਸਿਆਣਪ। ਥਾਇ ਨ ਪਾਈ=ਪਰਵਾਨ ਨਹੀਂ ਹੁੰਦੀ। ਬਿਰਥਾ=ਵਿਅਰਥ, ਨਿਸਫਲ। ਜਮ ਮਗਿ=ਜਮ ਰਾਜ ਦੇ ਰਸਤੇ ਉੱਤੇ। ਬੇਲੀ=ਸਾਥੀ, ਮਦਦਗਾਰ। ਸੁਤੁ=ਪੁੱਤਰ।੩। ਹਉ ਪੂਛਉ=ਮੈਂ ਪੁੱਛਦਾ ਹਾਂ। ਕਿਨ ਬਿਧਿ=ਕਿਸ ਤਰੀਕੇ ਨਾਲ। ਭਾਇ=ਭਾਣੇ (ਰਜ਼ਾ) ਵਿਚ। ਇਵ=ਇਸ ਤਰ੍ਹਾਂ। ਵਡਭਾਗੀ=ਵੱਡੇ ਭਾਗਾਂ ਨਾਲ। ਸਚਿ ਨਾਮਿ=ਸਦਾ ਸੱਚ ਵਾਲੇ ਨਾਮ ਵਿਚ। ਮਤਿ ਪਰਗਾਸੁ ਭਈ=ਬੁਧੀ ਰੌਸ਼ਨ ਹੋ ਗਈ। ਮਨੁ ਮਾਨਿਆ=ਮਨ ਪਤੀਜ ਗਿਆ। ਜੋਤੀ=(ਪ੍ਰਭੂ ਦੀ) ਜੋਤ ਵਿਚ। ਜੋਤਿ=(ਜੀਵ ਦੀ) ਜੋਤਿ, ਜਿੰਦ।

ਅਰਥ :- ਹੇ ਭਾਈ ! ਪ੍ਰਭੂ ਦੇ ਪਿਆਰ ਵਾਲੇ ਸੰਤ ਜਨੋਂ ! ਆਓ (ਅਸੀਂ ਮਿਲ ਕੇ) ਪਰਮਾਤਮਾ ਦੇ ਗੁਣ ਗਾਈਏ। ਗੁਰੂ ਦੁਆਰਾ ਮਿਲ ਕੇ (ਪ੍ਰਭੂ ਦੇ ਚਰਨਾਂ ਵਿਚ) ਰਹਿਣਾ ਚਾਹੀਦਾ ਹੈ, (ਜਿਸ ਦੀ ਬਰਕਤ ਨਾਲ ਹਿਰਦੇ ਰੂਪੀ) ਘਰ ਵਿਚ ਬੇਅੰਤ (ਆਤਮਿਕ ਨਾਮ ਸਿਮਰਨ) ਸ਼ਬਦ ਦੇ ਵਾਜੇ ਵਜਦੇ ਹਨ। ਹੇ ਪ੍ਰਭੂ ਪ੍ਰਮਾਤਮਾ ! ਤੇਰੇ ਨਾਮ ਰੂਪੀ ਬੇਅੰਤ ਸ਼ਬਦ ਹਨ (ਅਤੇ) ਤੂੰ ਕਰਤਾ (ਪੁਰਖ) ਸਭ ਥਾਵਾਂ ਵਿਚ (ਵਿਆਪਕ ਹੈਂ। ਮੇਰੇ 'ਤੇ ਕਿਰਪਾ ਕਰ ਕਿ) ਮੈਂ ਦਿਨ ਰਾਤ (ਤੇਰਾ ਨਾਮ) ਜੱਪਾਂ, ਸਦਾ ਤੈਨੂੰ ਸਲਾਹੁੰਦਾ ਰਹਾਂ (ਅਤੇ) ਸਦਾ ਥਿਰ ਰਹਿਣ ਵਾਲੇ ਸੱਚੇ ਨਾਮ ਸ਼ਬਦ ਵਿਚ (ਆਪਣੀ) ਲਿਵ ਲਾਈ ਰੱਖਾਂ। (ਹੇ ਭਾਈ ! ਜਿਹੜਾ ਮਨੁੱਖ) ਰਾਮ ਨਾਮ (ਸਿਮਰਨ) ਨੂੰ ਹਿਰਦੇ ਦੀ ਪੂਜਾ ਬਣਾਉਂਦਾ ਹੈ, (ਉਹ) ਦਿਨ ਰਾਤ (ਪ੍ਰਭੂ ਦੇ) ਪ੍ਰੇਮ ਵਿਚ ਰੰਗਿਆ ਹੁੰਦਾ ਹੈ (ਅਤੇ ਉਹ ਸਹਿਜ ਆਤਮਿਕ ਅਡੋਲ ਅਵਸਥਾ) ਵਿਚ ਟਿਕਿਆ ਰਹਿੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਮਨੁੱਖ) ਗੁਰੂ ਦੁਆਰਾ ਇਕ (ਪਰਮੇਸ਼ਰ) ਨੂੰ ਹੀ ਪਛਾਣਦਾ ਹੈ, ਹੋਰ ਕਿਸੇ ਦੂਜੇ ਨੂੰ ਨਹੀਂ ਜਾਣਦਾ।੧।

(ਹੇ ਭਾਈ !) ਉਹ ਅੰਤਰਜਾਮੀ ਪ੍ਰਭੂ ਪ੍ਰਮਾਤਮਾ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ। (ਜੋ ਮਨੁੱਖ ਗੁਰੂ ਦੇ ਸ਼ਬਦ ਉਪਦੇਸ਼ ਦੁਆਰਾ (ਪ੍ਰਭੂ ਨੂੰ) ਸਿਮਰਦਾ ਹੈ, (ਉਸ ਨੂੰ) ਮੇਰਾ ਮਾਲਕ ਸੁਆਮੀ ਸਭ ਵਿਚ ਵਿਆਪਕ ਹੋ ਰਿਹਾ (ਦਿੱਸਦਾ ਹੈ)। ਮੇਰਾ ਪ੍ਰਭੂ ਜੋ ਹਰੇਕ ਦੇ ਦਿਲ ਦੀ ਜਾਨਣ ਵਾਲਾ ਅੰਤਰਜਾਮੀ ਹੈ, ਉਹ ਹਰੇਕ ਸਰੀਰ ਵਿਚ ਵਿਆਪਕ ਹੈ। ਗੁਰੂ ਦੀ ਸਿੱਖਿਆ ਰਾਹੀਂ ਸਦਾ ਥਿਰ ਪ੍ਰਭੂ ਪ੍ਰਮਾਤਮਾ ਨੂੰ ਪ੍ਰਾਪਤ ਕਰੀਦਾ ਹੈ (ਅਤੇ) ਅਡੋਲ ਅਵਸਥਾ ਵਿਚ ਟਿੱਕ ਜਾਈਦਾ ਹੈ, ਉਸ ਤੋਂ ਬਿਨਾਂ ਹੋਰ ਕੋਈ (ਭੀ ਅੰਤਰਜਾਮੀ ਅਤੇ ਵਿਆਪਕ) ਨਹੀਂ ਹੈ।

(ਹੇ ਭਾਈ ! ਪ੍ਰਭੂ ਦੀ ਕਿਰਪਾ ਨਾਲ) ਜੇ ਮੈਂ ਉਸ ਮਾਲਕ ਨੂੰ ਚੰਗਾ ਲੱਗ ਜਾਵਾਂ (ਤਾਂ) ਸਹਿਜ ਵਿਚ (ਟਿਕ ਕੇ ਉਸ ਪ੍ਰਭੂ ਦੇ) ਗੁਣ ਗਾਇਨ ਕਰਾਂ ਅਤੇ (ਫਿਰ ਉਹ ਆਪੇ ਹੀ (ਆਪਣੇ ਨਾਲ) ਮਿਲਾ ਲਵੇਗਾ।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਪ੍ਰਭੂ (ਗੁਰੂ ਦੇ) ਸ਼ਬਦ ਦੁਆਰਾ ਜਾਣਿਆ ਜਾ ਸਕਦਾ ਹੈ ਅਤੇ (ਜਿਹੜਾ ਮਨੁੱਖ ਨਾਮ ਨੂੰ ਸਿਮਰੇ, (ਉਹ ਇਸ ਭੇਦ ਨੂੰ ਜਾਣ ਸਕਦਾ ਹੈ)।੨।

(ਹਜ਼ੂਰ ਸਮਝਾਉਂਦੇ ਹਨ ਕਿ ਹੇ ਭਾਈ !) ਇਹ ਸੰਸਾਰ (ਸਮੁੰਦਰ) ਤਰਨਾ ਬਹੁਤ ਔਖਾ ਹੈ, ਆਪ-ਹੁਦਰਾ (ਮਨਮੁਖ ਮਨੁੱਖ ਇਸ ਤੋਂ) ਪਾਰ ਨਹੀਂ ਪਹੁੰਚ ਸਕਦਾ। ਉਸ ਮਨਮੁਖ ਦੇ ਮਨ ਅੰਦਰ ਹੰਕਾਰ, ਮੈਂ-ਮੇਰੀ ਤੇ ਕਾਮ-ਕ੍ਰੋਧ (ਅਤੇ) ਚਲਾਕੀ ਵਾਲੀ ਸਿਆਣਪ (ਆਦਿ ਅਉਗਣ ਟਿਕੇ ਹੋਏ ਹੁੰਦੇ ਹਨ। (ਹੇ ਭਾਈ ! ਜਿਸ ਦੇ) ਅੰਦਰ ਐਸੀ ਚਾਲਾਕੀ ਹੈ, (ਉਹ ਪ੍ਰਭੂ ਦੇ ਸੱਚੇ ਦਰਬਾਰ ਵਿਚ) ਪਰਵਾਨ ਨਹੀਂ ਹੁੰਦਾ, (ਜਾਣੋ, ਉਸ ਨੇ ਆਪਣਾ ਮਨੁੱਖਾ) ਜਨਮ ਵਿਅਰਥ ਹੀ ਗੁਆ ਲਿਆ ਹੈ। (ਉਹ) ਜਮ ਦੇ ਰਸਤੇ ਜਾਂਦਾ ਹੈ (ਅਤੇ ਮੂੰਹ 'ਤੇ) ਜਮਾਂ ਦੀਆਂ ਚੋਟਾਂ ਭਾਵ ਮਾਰਾਂ ਖਾਂਦਾ ਹੈ ਅਤੇ ਅਜਿਹਾ ਮਨੁੱਖ ਅੰਤ ਸਮੇਂ ਪਛਤਾਉਂਦਾ ਹੋਇਆ ਹੀ (ਸੰਸਾਰ ਤੋਂ ਚਲਾ) ਗਿਆ ਹੈ। (ਹੇ ਭਾਈ !) ਪੁੱਤਰ, ਪਰਿਵਾਰ ਤੇ ਭਰਾ (ਸਭ ਸਾਕ ਸੰਬੰਧੀ ਐਵੇਂ ਹੀ ਹਨ ਤੇ ਅਸਲ ਵਿਚ) ਨਾਮ ਤੋਂ ਬਿਨਾਂ (ਪਰਲੋਕ ਵਿਚ ਇਨ੍ਹਾਂ ਸੰਬੰਧੀਆਂ ਵਿਚੋਂ) ਕੋਈ ਵੀ ਬੇਲੀ (ਸਾਥੀ) ਨਹੀਂ ਬਣਦਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਇਹ ਸਾਰਾ ਸੰਸਾਰ) ਮਾਇਆ ਦੇ ਮੋਹ ਦਾ ਹੀ ਖਿਲਾਰਾ ਹੈ, ਅੱਗੇ (ਪਰਲੋਕ ਚਲਣ ਵੇਲੇ ਕੁਝ ਵੀ) ਨਾਲ ਨਹੀਂ ਜਾਂਦਾ।੩।

(ਹਜ਼ੂਰ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ !) ਮੈਂ ਆਪਣੇ ਸੱਚੇ ਸਤਿਗੁਰੂ ਤੋਂ (ਜੋ ਨਾਮ ਦਾ) ਦਾਤਾ ਹੈ, (ਇਹ ਪੁੱਛਿਆ ਹੈ ਕਿ) ਔਖਾ ਤਰਿਆ ਜਾਣ ਵਾਲਾ ਸੰਸਾਰ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ ? ਹੁਣ (ਅੱਗੋਂ ਗੁਰੂ ਤਰਫੋਂ ਉੱਤਰ ਮਿਲਿਆ ਹੈ ਕਿ) ਸਤਿਗੁਰੂ ਦੇ ਭਾਣੇ ਵਿਚ ਚਲੋ, ਜੀਊਂਦੇ ਜੀਅ ਇਉਂ ਜੀਵਤ ਭਾਵ ਤੋਂ ਮਰਿਆ ਜਾਂਦਾ ਹੈ। ਜੀਵਤ ਭਾਵ ਤੋਂ ਮਰੀਏ ਤਾਂ ਸੰਸਾਰ ਸਮੁੰਦਰ ਤੋਂ ਸੌਖਿਆਂ ਤਰ ਸਕੀਦਾ ਹੈ। ਜੋ ਗੁਰਮੁਖ ਹੈ, ਉਹ ਪ੍ਰਭੂ ਦੇ) ਨਾਮ ਵਿਚ ਲੀਨ ਹੁੰਦਾ ਹੈ। ਵੱਡੇ ਭਾਗਾਂ ਨਾਲ (ਉਸ ਨੇ) ਪੂਰਾ ਪੁਰਖ (ਪ੍ਰਭੂ ਪ੍ਰਮਾਤਮਾ) ਪਾ ਲਿਆ ਹੁੰਦਾ ਹੈ ਅਤੇ ਉਹ ਸੱਚ ਵਾਲੇ ਨਾਮ ਵਿਚ (ਆਪਣੀ) ਸੁਰਤਿ ਜੋੜਦਾ ਹੈ। (ਉਸ ਦੀ) ਬੁੱਧੀ ਰੌਸ਼ਨ ਹੋ ਗਈ ਹੈ (ਅਤੇ ਉਸ ਦਾ) ਮਨ ਪਰਮਾਤਮਾ ਦੇ (ਨਾਮ ਵਿਚ) ਪਤੀਜ ਗਿਆ ਹੈ (ਅਤੇ ਉਸ ਨੂੰ) ਸੱਚੀ ਵਡਿਆਈ (ਮਿਲ ਗਈ) ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ ਨੇ ਗੁਰੂ ਦੇ) ਸ਼ਬਦ ਦੁਆਰਾ ਪ੍ਰਭੂ ਨੂੰ ਪਾਇਆ ਹੈ, (ਗੁਰੂ ਨੇ ਉਸ ਨੂੰ ਪ੍ਰਭੂ ਪ੍ਰਮਾਤਮਾ) ਮਿਲਾਇਆ ਹੈ (ਅਤੇ ਉਸ ਜੀਵ ਦੀ) ਜੋਤਿ (ਪ੍ਰਭੂ ਦੀ ਪਰਮ) ਜੋਤਿ ਵਿਚ ਮਿਲਾ ਦਿੱਤੀ ਹੈ। ੪। ੧। ੪।

ਵਾਹਿਗੁਰੂ ਜੀ ਕੀ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧53 (ਆਦਿ ਅੰਗ 776)

## ਸੂਹੀ ਮਹਲਾ 4 ਘਰੁ 5

## ੴ ਸਤਿਗੁਰ ਪ੍ਰਸਾਦਿ ॥

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈ ਆਸੇ ॥ ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ ॥ ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥ ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥ ੧ ॥ ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ ॥ ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥ ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ ॥ ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ ॥ 2 ॥ ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥ ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥ ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ ॥ ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥ 3 ॥ ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥ ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥ 4 ॥ ੧ ॥ 5 ॥

## ਪ੍ਰਾਕ੍ਥਨ :

ਸ੍ਰੀ ਗੁਰੂ ਰਾਮਦਾਸ ਜੀ ਦਾ ਇਹ ਪਾਵਨ ਸ਼ਬਦ ਸੂਹੀ ਰਾਗੁ ਅੰਦਰ ਪੰਜਵੇਂ ਘਰੁ ਸੁਰਤਾਲ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਦੂਸਰੀ ਪੰਗਤੀ ਅੰਦਰ ਹਜ਼ੂਰ ਨੇ ਪੂਰਨ ਗੁਰੂ ਨੂੰ ਮਨੁ ਤਨੁ ਅਰਪਣ ਭਾਵ ਭੇਟਾ ਕਰਨ ਦਾ ਉਪਦੇਸ਼ ਦਿੱਤਾ ਹੈ।

## ਵਿਸ਼ਾ — ਹਉ ਮਨੁ ਤਨੁ ਦੇਵਾ ਸਤਿਗੁਰੈ

ਇਸ ਮਨੁੱਖ ਦਾ ਤਨੁ, ਮਨੁ ਅਤੇ ਧਨੁ ਸਭ ਕੁਝ ਉਸ ਵਾਹਿਗੁਰੂ ਦਾ ਦਿੱਤਾ ਹੋਇਆ ਹੈ, ਪਰ ਅਫ਼ਸੋਸ ! ਅਗਿਆਨਤਾ ਕਾਰਨ ਮਨੁੱਖ ਇਹ ਸਭ ਕੁਝ ਆਪਣਾ ਮੰਨੀ ਬੈਠਾ ਹੈ, ਜਦ ਕਿ ਇਸ ਦਾ ਆਪਣਾ ਕੁਝ ਵੀ ਨਹੀਂ ਹੈ। ਇਸ ਨੂੰ ਇਹ ਸਭ ਕੁਝ ਪ੍ਰਮਾਤਮਾ ਨੇ ਦਿੱਤਾ ਹੋਇਆ ਹੈ। ਇਸ ਲਈ ਇਸ ਮਨੁੱਖ ਨੂੰ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ, ਜੈਸੇ ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਨ ਹੈ :

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥** (ਅੰਗ ੧375)

ਧਨਾਸਰੀ ਮਹਲਾ 5 ॥

**ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ॥**
**ਤਿਨ ਹੀ ਸੁਣਿਆ ਦੁਖੁ ਸੁਖ ਮੇਰਾ ਤਉ ਬਿਧਿ ਨੀਕੀ ਖਟਾਨੀ॥ ੧॥**
**ਜੀਅ ਕੀ ਏਕੈ ਹੀ ਪਹਿ ਮਾਨੀ॥**
**ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ॥ ਰਹਾਉ॥**
**ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ॥**
**ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥ 2॥**
**ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ॥**
**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥ 3॥**
**ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ॥**
**ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ॥ 4॥ 5॥**

(ਅੰਗ 672)

ਇਸ ਸੁੰਦਰ ਸਰੀਰ ਵਿਚ ਵਾਹਿਗੁਰੂ ਨੇ ਮਨ ਬਣਾਇਆ ਹੈ। ਮਨ ਦਾ ਭਾਵ ਹੈ ਸਾਰੀਆਂ ਦਿਮਾਗ਼ੀ

ਤਾਕਤਾਂ, ਗਿਆਨ-ਸ਼ਕਤੀਆਂ। ਜਿਸ ਸਰੀਰ ਦੇ ਅੰਦਰ ਦਿਮਾਗ਼ੀ ਤਾਕਤਾਂ ਤੇ ਗਿਆਨ-ਸ਼ਕਤੀਆਂ ਨਹੀਂ ਹਨ, ਉਸ ਮਨੁੱਖ ਨੂੰ ਪਾਗ਼ਲ ਕਿਹਾ ਜਾ ਸਕਦਾ ਹੈ, ਕਿਉਂਕਿ ਮਨ ਅਸਲ ਵਿਚ ਆਤਮਾ ਅਤੇ ਇੰਦ੍ਰਿਆਂ ਦੇ ਵਿਚਕਾਰ ਇਕ ਚੇਤੰਨ ਸੱਤਾ ਦਾ ਨਾਮ ਹੈ। ਇਸ ਦੇ ਸਮੁਦਾਏ ਨੂੰ ਅਸੀਂ ਸੰਕਲਪ, ਵਿਕਲਪ, ਸਮਝ, ਸਿਆਣਪ, ਇੱਛਾ, ਵੀਚਾਰ, ਅੰਤਸ਼ਕਰਨ ਆਦਿ ਕਹਿੰਦੇ ਹਾਂ। ਇਹ ਸਾਰੇ ਮਨ ਵਿਚ ਆ ਜਾਂਦੇ ਹਨ। ਇਸ ਮਨ ਤੋਂ ਬਿਨਾਂ ਸਰੀਰ ਕਿਸੇ ਕੰਮ ਨਹੀਂ ਤੇ ਮਨੁੱਖ ਕੁਝ ਵੀ ਕਰ ਨਹੀਂ ਸਕਦਾ। ਇਸੇ ਕਰ ਕੇ ਗੁਰਦੇਵ ਨੇ ਇਸ ਮਨ ਨੂੰ ਰਤਨ, ਜਵਾਹਰ, ਮਾਣਕ ਇਨ੍ਹਾਂ ਨਾਲੋਂ ਵੀ ਅਮੋਲਕ ਕਹਿ ਦਿੱਤਾ ਹੈ :

**ਇਹੁ ਮਨੁ ਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥** (ਅੰਗ 754)

ਇਸ ਅਮੋਲਕ ਮਨ ਨੂੰ ਇਸੇ ਕਰਕੇ ਹੀ ਗੁਰਦੇਵ ਨੇ ਜੋਤ ਸਰੂਪ ਕਿਹਾ ਹੈ :

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥** (ਅੰਗ 44੧)

ਜਿਸ ਵਾਹਿਗੁਰੂ ਨੇ ਸਰੀਰ ਪੈਦਾ ਕੀਤਾ ਹੈ, ਮਨ ਵੀ ਉਸੇ ਦਾ ਹੀ ਦਿੱਤਾ ਹੋਇਆ ਹੈ। ਮਨੁੱਖ ਕਿਤਨਾ ਵੀ ਵੱਡਾ ਕਿਉਂ ਨਾ ਹੋਵੇ ਪਰ ਦੁਨਿਆਵੀ ਧਨ ਦੀ ਇਕੱਤਰਤਾ ਲਈ ਕੋਈ ਕਾਰਜ ਆਰੰਭ ਕਰਦਾ ਹੈ ਤਾਂ ਕਾਰਜ ਦੀ ਸਫਲਤਾ ਲਈ ਗੁਰੂ ਪ੍ਰਮੇਸ਼ਰ ਦਾ ਆਸਰਾ ਲੈਂਦਾ ਹੈ ਕਿ ਹੇ ਪ੍ਰਭੂ ! ਇਸ ਕਾਰਜ ਵਿਚੋਂ ਮੈਨੂੰ ਬਹੁਤਾ ਧਨ ਪ੍ਰਾਪਤ ਹੋਵੇ। ਉਸ ਦੀ ਸਫਲਤਾ ਕਰਨ ਵਾਲਾ ਵੀ ਪ੍ਰਮਾਤਮਾ ਹੈ, ਕਿਉਂਕਿ ਪ੍ਰੇਮ ਨਾਲ ਜੋ ਮਨੁੱਖ ਪ੍ਰਭੂ ਦਾ ਆਸਰਾ ਲੈ ਕੇ ਕੰਮ ਕਰਦਾ ਹੈ, ਉਸ ਕਾਰਜ ਦੀ ਸਫਲਤਾ ਹੋਣ 'ਤੇ ਧਨ ਪਾ ਕੇ ਮਨੁੱਖ ਮਾਲੋ ਮਾਲ ਹੋ ਜਾਂਦਾ ਹੈ। ਗੁਰਦੇਵ ਦਾ ਕਥਨ ਹੈ :

**ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥** (ਅੰਗ 595)

ਤੀਸਰੇ ਗੁਰਦੇਵ ਗੁਰੂ ਅਮਰਦਾਸ ਜੀ ਦਾ ਵੀ ਸੁੰਦਰ ਫ਼ੁਰਮਾਨ ਹੈ ਕਿ ਪ੍ਰਭੂ ਪਿਆਰੇ ਮਨੁੱਖ ਤਨ, ਮਨ ਅਤੇ ਧਨ ਸਭ ਕੁਝ ਗੁਰੂ ਨੂੰ ਅਰਪਣ ਕਰ ਕੇ, ਗੁਰੂ ਦੇ ਹੁਕਮ ਮੰਨਣ ਵਿਚ ਆਪਣੇ ਆਪ ਨੂੰ ਢਾਲ ਕੇ ਹੀ ਜੀਵਨ ਦੀ ਸਫਲਤਾ ਸਮਝਦਾ ਹੈ :

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥**

(ਅਨੰਦੁ ਸਾਹਿਬ, ਅੰਗ ੭੧੮)

**ਅਥਵਾ : ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ॥**

(ਅੰਗ 406)

**ਅਥਵਾ: ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥** (ਅੰਗ 866)

**ਅਥਵਾ: ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ।**
**ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।**
**ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।**

**ਹਥੀਂ ਕਿਰਤਿ ਕਮਾਂਵਦਾ ਪਗਿ ਚਲੈ ਸੁਜਾਣਾ।**
**ਦੇਹੀ ਅੰਦਰਿ ਇਕੁ ਮਨੁ ਇੰਦ੍ਰੀ ਪਰਵਾਣਾ।**
**ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਮਾਣਾ॥ ੧੪ ॥**

(ਵਾਰ 2, ਪਉੜੀ ੧੪)

## ਸਾਖੀ—ਰਾਜੇ ਜਨਕ ਨੂੰ ਗਿਆਨ ਦੇਣ ਦੀ

ਇਕ ਅਸ਼ਟਾਵੱਕਰ ਰਿਖੀ ਸੀ, ਜਿਸ ਦੇ ਸਰੀਰ ਵਿਚ ਅੱਠ ਬਲ ਪੈਂਦੇ ਸਨ। ਆਪਣੇ ਨਾਨਕੇ ਘਰ ਰਹਿ ਕੇ ਵਿੱਦਿਆ ਪੜ੍ਹਦਾ ਸੀ। ਅੱਠ ਸਾਲ ਬਾਅਦ ਜਦ ਆਪਣੇ ਘਰ ਆਇਆ ਤਾਂ ਆਪਣੀ ਮਾਤਾ ਨੂੰ ਪੁੱਛਿਆ ਕਿ ਪਿਤਾ ਜੀ ਕਿਥੇ ਹਨ ? ਤਾਂ ਮਾਤਾ ਨੇ ਕਿਹਾ ਕਿ ਪੁੱਤਰ, ਤੇਰੇ ਪਿਤਾ ਨੂੰ ਤਾਂ ਅੱਠ ਸਾਲ ਹੋ ਗਏ ਹਨ, ਜੋ ਜਨਕ ਰਾਜੇ ਦੀ ਕੈਦ ਵਿਚ ਹੈ। ਉਸ ਨੇ ਕੈਦ ਦਾ ਕਾਰਨ ਪੁੱਛਿਆ ਕਿ ਕਿਉਂ ਕੈਦ ਵਿਚ ਹੈ ? ਮਾਤਾ ਨੇ ਦੱਸਿਆ ਕਿ ਰਾਜੇ ਜਨਕ ਦਾ ਕੋਈ ਭਰਮ ਨਹੀਂ ਦੂਰ ਕਰ ਸਕਿਆ ਸੀ ਤਾਂ ਉਸ ਨੇ ਸਾਰੇ ਵਿਦਵਾਨ ਜੇਲ੍ਹ ਅੰਦਰ ਡੱਕ ਦਿੱਤੇ ਸਨ। ਅਸ਼ਟਾਵੱਕਰ ਨੇ ਰਾਜੇ ਦੇ ਭਰਮ ਦਾ ਸਾਰਾ ਪਤਾ ਕੀਤਾ। ਇਕ ਦਿਨ ਰਾਜੇ ਜਨਕ ਨੂੰ ਸੁਪਨਾ ਆਇਆ ਸੀ ਕਿ ਉਹ ਕਿਸੇ ਰਾਜੇ ਪਾਸੋਂ ਹਾਰ ਖਾ ਕੇ ਗਰਮੀ ਦੀ ਰੁੱਤ ਵਿਚ ਨੰਗੇ ਪੈਰੀਂ ਗਰਮ ਰੇਤੇ ਦੇ ਟਿੱਬਿਆਂ ਵਿਚ ਦੀ ਸੜਦਾ-ਭੁੱਜਦਾ, ਤਪਦਾ ਹੋਇਆ, ਇਕ ਅਜਿਹੇ ਥਾਂ ਪਹੁੰਚਿਆ, ਜਿਥੇ ਸਦਾ ਵਰਤ ਲੱਗਾ ਹੋਇਆ ਸੀ। ਭੋਜਨ ਦੀ ਜਾਚਨਾ ਕਰਨ ਤੋਂ ਵਰਤਾਵੇ ਨੇ ਕਿਹਾ, 'ਬਰਤਨ ਲਿਆ।' ਜਦ ਬਰਤਨ ਲੈਣ ਘੁਮਿਆਰ ਪਾਸ ਗਿਆ ਤਾਂ ਉਸ ਨੇ ਮਾਇਆ ਮੰਗੀ। ਰਾਜੇ ਨੇ ਕਿਹਾ, "ਮੈਂ ਗ਼ਰੀਬ ਹਾਂ, ਮੇਰੇ ਪਾਸ ਕੁਝ ਨਹੀਂ।" ਤਾਂ ਘੁਮਿਆਰ ਨੇ ਤਰਸ ਕਰ ਕੇ ਇਕ ਪਿੱਲਾ ਜਿਹਾ ਤਿੜਕਿਆ ਹੋਇਆ ਪਿਆਲਾ ਦੇ ਦਿੱਤਾ। ਰਾਜੇ ਨੇ ਸਦਾ ਵਰਤ ਵਿੱਚੋਂ ਪਿਆਲੇ ਵਿਚ ਖਿਚੜੀ ਪੁਆ ਕੇ ਖਾਣੀ ਸ਼ੁਰੂ ਕੀਤੀ। ਇਤਨੇ ਚਿਰ ਨੂੰ ਭਿੜਦੇ ਹੋਏ ਦੋ ਸਾਨ੍ਹਾਂ ਦੀ ਫੇਟ ਰਾਜੇ ਨੂੰ ਆ ਲੱਗੀ, ਜਿਸ ਨਾਲ ਪਿਆਲਾ ਟੁੱਟ ਗਿਆ ਅਤੇ ਗਰਮ-ਗਰਮ ਖਿਚੜੀ ਪੈਰਾਂ 'ਤੇ ਪੈ ਗਈ, ਤਦੋਂ ਰਾਜੇ ਨੂੰ ਜਾਗ ਆ ਗਈ। ਜਾਗ ਕੇ ਆਪਣੇ ਆਪ ਨੂੰ ਮਹਿਲਾਂ ਵਿਚ ਪਲੰਘ 'ਤੇ ਪਿਆ ਹੋਇਆ ਰਾਜ-ਭਾਗ ਦਾ ਮਾਲਕ ਦੇਖ ਰਿਹਾ ਹੈ। ਇਹ ਭਰਮ ਅੱਠ ਸਾਲ ਪਿਆ ਰਿਹਾ। ਇਸ ਭਰਮ ਨੂੰ ਦੂਰ ਕਰਨ ਲਈ ਰਿਖੀ, ਮੁਨੀ, ਬੜੇ-ਬੜੇ ਵਿਦਵਾਨ, ਜੋਤਸ਼ੀ ਆਦਿਕ ਇਕੱਠੇ ਕਰ ਲਏ। ਪੁੱਛਣ 'ਤੇ "ਇਹ ਸੱਚਾ ਕਿ ਉਹ ਸੱਚਾ।" ਇਸ ਪ੍ਰਸ਼ਨ ਦਾ ਕੋਈ ਵੀ ਉੱਤਰ ਨਾ ਦੇ ਸਕਿਆ ਤਾਂ ਸਾਰੇ ਰਾਜੇ ਕੈਦ ਕਰ ਲਏ ਸਨ। ਇਹ ਸੁਣ ਕੇ ਅਸ਼ਟਾਵੱਕਰ ਸਿੱਧਾ ਜਨਕਪੁਰੀ ਨੂੰ ਚੱਲ ਪਿਆ। ਜਿਥੇ ਰਾਜੇ ਦੀ ਅਸਵਾਰੀ ਆ ਰਹੀ ਸੀ, ਉਥੇ ਸਾਹਮਣੇ ਆ ਖਲੋਤਾ। ਜਦ ਨੌਕਰਾਂ ਨੇ ਰਸਤਾ ਵਿਹਲਾ ਕਰਨ ਲਈ ਪਿੱਛੇ ਹੱਟਣ ਨੂੰ ਕਿਹਾ ਤਾਂ ਅਸ਼ਟਾਵੱਕਰ ਕਹਿਣ ਲੱਗਾ, "ਮੈਂ ਰਾਜੇ ਦਾ ਭਰਮ ਮੇਟਣ ਵਾਸਤੇ ਆਇਆ ਹਾਂ, ਪਿੱਛੇ ਨਹੀਂ ਹਟਾਂਗਾ।"

ਨੌਕਰਾਂ ਨੇ ਕਿਹਾ, "ਅੱਗੇ ਤਾਂ ਕਿਸੇ ਪਾਸੋਂ ਭਰਮ ਦੂਰ ਨਹੀਂ ਹੋਇਆ, ਤੂੰ ਕਿਧਰੋਂ ਬ੍ਰਹਮਾ ਦਾ ਅਵਤਾਰ ਆ ਗਿਆ ਹੈਂ ?" ਇੰਨੇ ਚਿਰ ਨੂੰ ਰਾਜੇ ਜਨਕ ਦੀ ਅਸਵਾਰੀ ਨੇੜੇ ਆ ਗਈ।

ਜਦੋਂ ਰਾਜੇ ਦੀ ਨਿਗ੍ਹਾ ਉਸ ਪਾਸੇ ਪਈ ਤਾਂ ਝਗੜੇ ਦਾ ਕਾਰਨ ਪੁੱਛਿਆ। ਨੌਕਰਾਂ ਨੇ ਕਿਹਾ, "ਜੀ ਇਹ ਪਿੱਛੇ ਨਹੀਂ ਹਟਦਾ। ਕਹਿੰਦਾ ਹੈ ਕਿ ਮੈਂ ਰਾਜੇ ਦਾ ਭਰਮ ਦੂਰ ਕਰਨ ਆਇਆ ਹਾਂ।" ਤਾਂ ਰਾਜੇ ਜਨਕ ਨੇ ਕਿਹਾ, "ਬੜੀ ਚੰਗੀ ਗੱਲ ਹੈ। ਮੈਂ ਤਾਂ ਐਸਾ ਪੁਰਸ਼ ਲੱਭਦਾ ਹੀ ਹਾਂ, ਚਲੋ ਸਭਾ ਲਗਾਉ" ਅਤੇ ਅਸ਼ਟਾਵੱਕਰ ਨੂੰ ਬੇਨਤੀ ਕੀਤੀ, "ਜੀ, ਸਭਾ ਲਗਾਉਂਦੇ ਹਾਂ, ਆਪ ਜੀ ਸਭਾ ਵਿਚ ਆ ਕੇ ਰਾਜੇ ਦਾ ਭਰਮ ਦੂਰ ਕਰੋ।"

ਸਭਾ ਲੱਗ ਗਈ, ਅਸ਼ਟਾਵੱਕਰ ਜਾਣ ਬੁੱਝ ਕੇ ਕੁਝ ਦੇਰ ਨਾਲ ਆਇਆ। ਜਿਤਨੇ ਵਿਦਵਾਨ ਸਭਾ ਵਿਚ ਬੈਠੇ ਸਨ, ਇਸ ਦੇ ਸਰੀਰ ਵੱਲ ਵੇਖ ਕੇ ਹੱਸ ਪਏ। ਹੱਸਦਿਆਂ ਨੂੰ ਵੇਖ ਕੇ ਅਸ਼ਟਾਵੱਕਰ ਨੇ ਕਿਹਾ, "ਹੇ ਰਾਜਨ ! ਇਹ ਚਮਿਆਰ ਕਿਸ ਲਈ ਇਕੱਠੇ ਕੀਤੇ ਹਨ ?" ਰਾਜੇ ਨੇ ਕਿਹਾ, "ਇਹ ਚਮਿਆਰ ਨਹੀਂ ਹਨ, ਬੜੇ-ਬੜੇ ਵਿਦਵਾਨ ਹਨ।" ਤਾਂ ਅਸ਼ਟਾਵਕਰ ਨੇ ਕਿਹਾ, "ਜੋ ਚੰਮ ਦੀ ਪਰਖ ਕਰੇ, ਉਹ ਚਮਿਆਰ ਹੀ ਹੁੰਦਾ ਹੈ। ਇਨ੍ਹਾਂ ਨੇ ਮੇਰੇ ਚੰਮ (ਸਰੀਰ) ਦੀ ਪਰਖ ਕੀਤੀ ਹੈ ਕਿ ਅੱਠ ਵੱਲ ਪੈਂਦੇ ਹਨ। ਇਹ ਸੋਚ ਰਹੇ ਹਨ ਕਿ ਇਹ ਕਿਧਰੋਂ ਰਾਜੇ ਦਾ ਭਰਮ ਦੂਰ ਕਰੇਗਾ ? ਮੇਰੀ ਆਤਮਾ ਵਿਚ ਤੇ ਮੇਰੇ ਗਿਆਨ ਵਿਚ ਤਾਂ ਕੋਈ ਵੱਲ ਨਹੀਂ ਹੈ।"

ਰਾਜੇ ਨੇ ਕਿਹਾ, "ਮੈਨੂੰ ਘੋੜੇ ਦੀ ਕਾਠੀ ਦੀ ਰਕਾਬ ਵਿਚ ਪੈਰ ਪਾਉਂਦਿਆਂ-ਪਾਉਂਦਿਆਂ ਪ੍ਰਮੇਸ਼ਰ ਦਾ ਗਿਆਨ ਬਖ਼ਸ਼ੋ।" ਅਸ਼ਟਾਵੱਕਰ ਨੇ ਕਿਹਾ, "ਜਦ ਕਿਸੇ ਨੂੰ ਗੁਰੂ ਧਾਰਨ ਕਰਨਾ ਹੋਵੇ ਤਾਂ ਤਨ, ਮਨ, ਧਨ ਅਰਪਣ ਕਰੀਦਾ ਹੈ।" ਰਾਜੇ ਨੇ ਕਿਹਾ, "ਚੰਗਾ, ਮੈਂ ਤਨ, ਮਨ, ਧਨ ਆਪ ਜੀ ਨੂੰ ਅਰਪਣ ਕੀਤਾ।" ਫਿਰ ਰਾਜਾ ਜਦ ਘੋੜੇ 'ਤੇ ਚੜ੍ਹਨ ਲੱਗਾ ਤਾਂ ਅਸ਼ਟਾਵੱਕਰ ਨੇ ਰੋਕ ਦਿੱਤਾ ਤੇ ਕਿਹਾ, "ਹੇ ਰਾਜਨ ! ਕਿਸ ਦੇ ਹੁਕਮ ਨਾਲ ਚੜ੍ਹਨ ਲੱਗਾ ਹੈਂ ?" ਰਾਜੇ ਨੇ ਕਿਹਾ, "ਜੀ ! ਮੇਰਾ ਮਨ ਕਹਿੰਦਾ ਹੈ।" ਅਸ਼ਟਾਵੱਕਰ ਨੇ ਕਿਹਾ, "ਮਨ ਤਾਂ ਤੂੰ ਮੈਨੂੰ ਦੇ ਚੁੱਕਾ ਹੈਂ, ਇਸ ਨੂੰ ਕਿਉਂ ਵਰਤਦਾ ਹੈਂ ? ਤਨ ਵੀ ਮੈਨੂੰ ਦੇ ਚੁੱਕਾ ਹੈਂ, ਇਸ ਨੂੰ ਕਿਉਂ ਵਰਤਦਾ ਹੈਂ ਅਤੇ ਘੋੜਾ, ਧਨ ਵਿਚ ਆ ਗਿਆ ਹੈ। ਜੋ ਤੂੰ ਮੈਨੂੰ ਪਹਿਲਾਂ ਹੀ ਅਰਪਣ ਕਰ ਚੁੱਕਾ ਹੈਂ ?" ਇਹ ਕਹਿ ਕੇ ਕਿਰਪਾ ਦ੍ਰਿਸ਼ਟੀ ਕਰ ਦਿੱਤੀ। ਕਿਰਪਾ ਦ੍ਰਿਸ਼ਟੀ ਨਾਲ ਜਦ ਮਨ ਦਾ ਫੁਰਨਾ ਰੁਕਿਆ ਤਾਂ ਝੱਟ ਹੀ ਰਾਜੇ ਨੂੰ ਗਿਆਨ ਹੋ ਗਿਆ, ਅਵਿੱਦਿਆ ਰੂਪ ਨੀਂਦ ਦੂਰ ਹੋ ਗਈ, ਗਿਆਨ ਰੂਪ ਜਾਗ੍ਰਤਾ ਪ੍ਰਾਪਤ ਹੋ ਗਈ।

ਅਸ਼ਟਾਵੱਕਰ ਨੇ ਫਿਰ ਦਿਬ-ਦ੍ਰਿਸ਼ਟੀ ਨਾਲ ਸੁਪਨੇ ਦੀ ਵੀ ਸਾਰੀ ਗੱਲ ਦੱਸ ਦਿੱਤੀ। ਕਿਹਾ ਕਿ ਰਾਜਨ ਅੱਜ ਤੋਂ ਅੱਠ ਸਾਲ ਪਹਿਲਾਂ ਤੈਨੂੰ ਸੁਪਨਾ ਆਇਆ ਸੀ, ਉਸ ਵਿਚ ਤੂੰ ਆਪਣੇ ਆਪ ਨੂੰ ਭਿਖਾਰੀ ਅਤੇ ਕੰਗਾਲ ਵੇਖਿਆ ਸੀ।

ਫਿਰ ਜਾਗ ਕੇ ਰਾਜ-ਭਾਗ ਦਾ ਮਾਲਕ ਵੇਖਿਆ। ਹੇ ਰਾਜਨ ! ਨਾ ਇਹ ਰਾਜ-ਭਾਗ ਸੱਚ ਹੈ ਅਤੇ ਨਾ ਹੀ ਉਹ ਸੁਪਨਾ ਸਤਿ ਸੀ। ਜੋ ਸੁਪਨੇ ਵਿਚ ਵੇਖਿਆ, ਉਹ ਸਭ ਝੂਠ ਸੀ। ਜੋ ਰਾਜ-ਭਾਗ, ਫ਼ੌਜਾਂ, ਖ਼ਜ਼ਾਨੇ, ਸੰਸਾਰ ਵੇਖ ਰਿਹਾ ਹੈਂ, ਇਹ ਵੀ ਸਭ ਮਿਥਿਆ ਹੈ, ਪਰ ਸੱਚ ਕੀ ਹੈ ? ਮਿਥਿਆ ਕੀ ਹੈ ? ਇਸ

ਦੀ ਸਮਝ, ਮਨੁੱਖ ਨੂੰ ਤਦ ਹੀ ਹੁੰਦੀ ਹੈ, ਜਦ ਮਨੁੱਖ ਤਨ, ਮਨ ਅਤੇ ਧਨ ਸਭ ਕੁਝ ਗੁਰੂ ਨੂੰ ਅਰਪਣ ਕਰਦਾ ਹੈ, ਇਸ ਵਿਚ ਆਪਣੀ ਅਪਣੱਤ ਨਹੀਂ ਜਣਾਉਂਦਾ, ਕਿਉਂਕਿ ਅਸਲ ਵਿਚ ਇਸ ਦਾ ਆਪਣਾ ਕੁਝ ਵੀ ਨਹੀਂ ਹੈ। ਜਿਸ ਤਰ੍ਹਾਂ ਇਹ ਸਥੂਲ ਸਰੀਰ (ਤਨ) ਵਾਹਿਗੁਰੂ ਨੇ ਬਣਾਇਆ ਹੈ, ਇਸ ਵਿਚ ਮਨ ਜੀਵਨ-ਕਲਾ (ਜਿੰਦ) ਵੀ ਵਾਹਿਗੁਰੂ ਜੀ ਨੇ ਪਾਈ ਹੈ। ਇਸ ਕਰ ਕੇ ਜਿਸ ਪ੍ਰਮੇਸ਼ਰ ਨੇ ਤਨ ਤੇ ਮਨ ਦਿੱਤਾ ਹੈ, ਮਨੁੱਖ ਨੂੰ ਧਨ ਵੀ ਉਸ ਪ੍ਰਮੇਸ਼ਰ ਨੇ ਦਿੱਤਾ ਹੈ। ਗੁਰਦੇਵ ਜੀ ਦਾ ਸੁੰਦਰ ਫ਼ੁਰਮਾਨ ਹੈ :

**ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ॥** (ਅੰਗ 619)

(ਅਥਵਾ) **ਜਿਸ ਕਾ ਤਨੁ ਮਨੁ ਧਨੁ ਸਭ ਤਿਸ ਕਾ ਸੋਈ ਸੁਘੜੁ ਸੁਜਾਨੀ॥**
**ਤਿਨ ਹੀ ਸੁਣਿਆ ਦੁਖੁ ਸੁਖ ਮੇਰਾ ਤਉ ਬਿਧਿ ਨੀਕੀ ਖਟਾਨੀ॥**

(ਅੰਗ 671)

ਸੂਹੀ ਮਹਲਾ 4 ਘਰੁ 5 ੧ੴ ਸਤਿਗੁਰ ਪ੍ਰਸਾਦਿ ॥ ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥ ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ ॥ ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥ ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥ ੧ ॥ ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ ॥ ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥ ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ ॥ ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ ॥ 2 ॥ ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥ ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥ ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ ॥ ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥ 3 ॥ ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥ ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥ 4 ॥ ੧ ॥ 5 ॥

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਪਦ ਅਰਥ :- ਬੁਝਿ ਗਈਆਸੇ=ਬੁੱਝ ਗਈ ਹੈ। ਗੁਣਤਾਸੇ=ਗੁਣਾਂ ਦੇ ਖ਼ਜ਼ਾਨੇ। ਵਡਭਾਗੀ=ਵੱਡੇ ਭਾਗਾਂ ਨਾਲ। ਨਾਮਿ=ਨਾਮ ਦੁਆਰਾ। ਦਸਾਹਾ=ਮੈਂ ਪੁੱਛਦੀ ਹਾਂ। ਵਿਗਾਸੇ=ਖਿੜਾਉ ਆ ਗਿਆ ਹੈ। ਚਿਰੀ ਵਿਛੁੰਨਿਆ=ਹੇ ਚਿਰਾਂ ਦੇ ਵਿਛੁੜੇ ਹੋਏ। ਮਿਲੁ=ਮਿਲੋ। ਸਬਦਿ ਗੁਰੂ=ਗੁਰੂ ਦੇ ਸ਼ਬਦ ਉਪਦੇਸ਼ ਰਾਹੀਂ। ਨਾਹਾ=ਖਸਮ। ਉਡੀਣੀਆ=ਉਦਾਸ। ਮੀਨੁ=ਮੱਛੀ। ਮਰਾਹਾ=ਮਰ ਜਾਂਦੀ ਹੈ। ਨਾਮਿ=ਨਾਮ ਵਿਚ। ਦਹ ਦਿਸਿ=ਦਸ ਦਿਸ਼ਾਵਾਂ—ਪੂਰਬ, ਪੱਛਮ, ਉੱਤਰ, ਦੱਖਣ, ਅਗਨਿ ਕੋਣ, ਇਸਾਨ ਕੋਣ, ਨੈਰਤ ਕੋਣ, ਵੈਣ ਕੋਣ, ਧਰਤੀ ਤੇ ਅਕਾਸ਼। ਚਲਿ ਚਲਿ=ਦੌੜ ਦੌੜ ਕੇ। ਭਰਮਿਆ=ਭਟਕਦਾ। ਅਨਤਾ=ਅਨੰਤ, ਬਹੁਤ ਹੀ। ਧਨੁ=ਮਾਲ, ਦੌਲਤ। ਧਰਿ=ਧਰਤੀ ਵਿਚ। ਬਿਖੁ=ਜ਼ਹਿਰ, ਭਾਵ (ਮਾਇਕੀ ਪਦਾਰਥ। ਭਾਲਣ=ਲੱਭਣ। ਪਚਿ=ਸੜ ਕੇ। ਮੋਹਨੁ=ਮਨ ਮੋਹਣਾ। ਪਾਇ ਕਰੇ=ਪਾ ਕੇ। ਪ੍ਰੇਮ ਬਾਣੀ=ਪ੍ਰੇਮ ਦੇ ਬਾਣਾਂ ਭਾਵ ਪ੍ਰੇਮ ਦੇ ਤੀਰਾਂ ਨਾਲ। ਮੇਰੈ ਹਿਰਦੈ=ਮੇਰੇ ਹਿਰਦੇ ਵਿਚ। ਸੁਧਿ ਬੁਧਿ=ਸੂਝ ਬੂਝ। ਵਿਸਰਿ ਗਈ=ਭੁੱਲ ਗਈ। ਚਿੰਤ=ਚਿੰਤਾ। ਸਾਧਾਰਿਆ=ਆਸਰੇ ਸਹਿਤ। ਖਿਨੁ ਖਿਨੁ=ਛਿਨ ਛਿਨ ਭਾਵ ਹਰ ਵੇਲੇ, ਹਰ ਟਾਈਮ।

ਅਰਥ :- ਹੇ ਪ੍ਰਮਾਤਮਾ ਦੇ ਸੰਤ ਜਨੋਂ ! ਮੈਨੂੰ ਮੇਰਾ ਪਿਆਰਾ ਪੂਰਨ ਗੁਰੂ ਮਿਲਿਆ ਹੈ (ਜਿਸ ਦੀ ਮਿਹਰ ਤੇ ਕਿਰਪਾ ਨਾਲ) ਮੇਰੀ ਮਾਇਕੀ ਸੰਸਾਰਿਕ ਪਦਾਰਥਾਂ ਦੀ ਤ੍ਰਿਸ਼ਨਾ ਬੁਝ ਗਈ ਹੈ। (ਜਿਹੜਾ ਸਤਿਗੁਰੂ ਸਾਰੇ) ਗੁਣਾਂ ਦੇ ਖ਼ਜ਼ਾਨੇ ਪ੍ਰਭੂ ਪ੍ਰਮਾਤਮਾ ਨਾਲ ਮਿਲਾਉਂਦਾ ਹੈ, ਮੈਂ (ਆਪਣਾ) ਮਨ ਤੇ ਤਨ (ਉਸ) ਸਤਿਗੁਰੂ ਅੱਗੇ ਭੇਟਾ ਕਰਦਾ ਹਾਂ। ਗੁਰੂ ਸਾਹਿਬ ਜੀ ਧੰਨ ਧੰਨ ਸਲਾਹੁਣ ਯੋਗ ਮਹਾਂਪੁਰਖ ਹਨ, ਅਤੇ ਉਸ ਗੁਰੂ ਸਾਹਿਬ ਜੀ ਨੂੰ ਸ਼ਾਬਾਸ਼ ਹੈ (ਜਿਹੜਾ) ਮੈਨੂੰ ਹਰੀ ਪ੍ਰਭੂ ਦੀ ਦੱਸ ਪਾ ਰਿਹਾ ਹੈ। ਨਾਨਕ (ਗੁਰੂ ਜੀ ਦਾਸਾ ਭਾਵ ਧਾਰ ਕੇ ਆਖਦੇ ਹਨ ਕਿ) ਵੱਡੇ ਭਾਗਾਂ ਨਾਲ (ਮੈਂ) ਪਰਮਾਤਮਾ ਨੂੰ ਪਾਇਆ ਹੈ (ਅਤੇ) ਨਾਮ ਵਿਚ (ਜੁੜਨ ਕਰ ਕੇ ਮੈਨੂੰ ਆਤਮਿਕ) ਖ਼ੁਸ਼ੀ ਅਤੇ ਖੇੜਾ ਆ ਗਿਆ ਹੈ।੧।

(ਹੇ ਸੰਤ ਜਨੋਂ !) ਮੈਨੂੰ ਮੇਰਾ ਪਿਆਰਾ ਗੁਰੂ ਸੱਜਣ ਮਿਲਿਆ ਹੈ ਤੇ ਮੈਂ (ਉਸ ਤੋਂ) ਪ੍ਰਭੂ ਪਰਮਾਤਮਾ ਦੇ (ਮਿਲਾਪ ਦਾ) ਮਾਰਗ=ਰਸਤਾ ਪੁੱਛਦੀ ਹਾਂ। (ਮੈਂ ਪ੍ਰਭੂ-ਪਤੀ ਪਾਸ ਇਸ ਤਰ੍ਹਾਂ ਬੇਨਤੀ ਕਰਦੀ ਹਾਂ ਕਿ) ਹੇ ਪ੍ਰਭੂ ਪਿਆਰੇ ! ਮੇਰੇ ਘਰ (ਹਿਰਦੇ) ਵਿਚ ਆ ਕੇ ਵਸੋ, ਮੈਂ ਚਿਰਾਂ ਤੋਂ ਵਿਛੁੜੀ ਹੋਈ ਨੂੰ ਗੁਰੂ ਦੇ ਸ਼ਬਦ ਰਾਹੀਂ ਆ ਮਿਲੋ। (ਹੇ ਪ੍ਰਭੂ-ਪਤੀ !) ਜਿਵੇਂ ਪਾਣੀ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ, ਮੈਂ ਤੈਥੋਂ ਬਿਨਾਂ ਬਹੁਤ ਉਦਾਸ ਰਹਿੰਦੀ ਹਾਂ। ਨਾਨਕ (ਗੁਰੂ ਜੀ ਦਾਸਾ ਭਾਵ ਧਾਰ ਕੇ ਉਚਾਰਨ ਕਰਦੇ ਹਨ ਕਿ) ਵੱਡੇ ਭਾਗਾਂ ਨਾਲ (ਜਿਨ੍ਹਾਂ ਨੇ) ਪ੍ਰਭੂ ਪਤੀ ਨੂੰ ਸਿਮਰਿਆ ਹੈ, ਉਹ (ਪਰਮਾਤਮਾ ਦੇ) ਨਾਮ ਵਿਚ ਹੀ ਲੀਨ ਹੋ ਗਏ ਹਨ।੨।

(ਹੇ ਭਾਈ ! ਜੋ) ਆਪ-ਹੁਦਰੇ ਮਨਮੁਖ ਮਨੁੱਖ ਹਨ, ਉਨ੍ਹਾਂ ਦਾ ਮਨ (ਮਾਇਆ ਦੀ ਖ਼ਾਤਰ) ਭਟਕਣਾ ਵਿਚ ਪੈ ਕੇ ਦਸੋਂ-ਦਿਸ਼ਾਵਾਂ ਵੱਲ ਦੌੜ ਰਿਹਾ ਹੈ, (ਮਾਲਕ ਨੇ ਉਸ ਮਨਮੁਖ ਨੂੰ) ਭਰਮ ਵਿਚ ਭੁਲਾਇਆ ਹੋਇਆ ਹੈ। (ਉਹ) ਹਰ ਰੋਜ਼ (ਆਪਣੇ) ਮਨ ਵਿਚ (ਮਾਇਆ) ਦੀ ਆਸਾ ਕਰਦਾ ਰਹਿੰਦਾ ਹੈ, ਤੇ (ਉਸ ਨੇ ਆਪਣੇ) ਮਨ ਅੰਦਰ ਤ੍ਰਿਸ਼ਨਾ ਰੂਪੀ ਭੁੱਖ ਨੂੰ ਬਹੁਤਾ ਲਾਇਆ ਹੋਇਆ ਹੈ। (ਤ੍ਰਿਸ਼ਨਾਲੂ)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਮਨੁੱਖ ਅਨਗਿਣਤ ਧਨ ਧਰਤੀ ਵਿਚ ਦੱਬਿਆ ਹੋਇਆ ਰੱਖਦਾ ਹੈ, (ਫਿਰ ਵੀ ਤ੍ਰਿਸ਼ਨਾ ਦਾ ਬੱਧਾ ਹੋਇਆ ਹੋਰ) ਮਾਇਆ ਰੂਪ (ਜ਼ਹਿਰ) ਦੀ ਭਾਲ ਕਰਦਾ ਫਿਰਦਾ ਹੈ। ਨਾਨਕ (ਗੁਰੂ ਜੀ ਦਾਸਾ ਭਾਵ ਧਾਰ ਕੇ ਉਚਾਰਨ ਕਰਦੇ ਹਨ ਕਿ ਹੇ ਭਾਈ !) ਤੂੰ ਪਰਮਾਤਮਾ ਦੀ ਨਾਮ ਰੂਪੀ ਸਿਫਤਿ=ਸਾਲਾਹ ਕਰਿਆ ਕਰ, ਕਿਉਂਕਿ ਨਾਮ ਤੋਂ ਬਿਨਾਂ (ਸਾਰਾ ਸੰਸਾਰ ਹੀ) ਤ੍ਰਿਸ਼ਨਾ ਦੀ ਅੱਗ ਵਿਚ ਸੜ ਸੜ ਕੇ ਮਰ ਗਿਆ ਹੈ।੩।

(ਹੇ ਭਾਈ ! ਅਤੀ ਸੁੰਦਰ) ਸੋਹਣੇ ਤੇ ਮਨ-ਮੋਹਣ ਵਾਲੇ ਗੁਰੂ ਨੂੰ ਮਿਲਣ 'ਤੇ ਮੇਰਾ ਮਨ ਉਸ ਦੇ ਪ੍ਰੇਮ ਰੂਪੀ ਤੀਰਾਂ ਨੇ ਵਿੰਨ੍ਹ ਦਿੱਤਾ ਹੈ। ਮੇਰੇ ਹਿਰਦੇ ਵਿੱਚੋਂ ਚਿੰਤਾ ਵਾਲੀ ਸੂਝ-ਬੂਝ ਖ਼ਤਮ ਹੋ ਗਈ ਹੈ, (ਭਾਵ ਨਾਮ ਦੀ ਮਸਤੀ ਆ ਗਈ ਹੈ ਅਤੇ) ਮੈਂ ਮਨ ਦੀ ਆਸ਼ਾ ਤੇ ਚਿੰਤਾ ਨੂੰ ਭੁਲਾ ਦਿੱਤਾ ਹੈ। ਹੁਣ ਮੇਰੇ ਅੰਦਰ ਪ੍ਰੇਮ ਦੀ ਪੀੜਾ ਹੈ, (ਪਰ) ਗੁਰੂ ਦਾ ਦਰਸ਼ਨ ਕਰ ਕੇ ਮੇਰਾ ਮਨ ਆਸਰੇ ਸਹਿਤ (ਧੀਰਜ ਵਾਲਾ) ਹੋ ਗਿਆ ਹੈ। ਨਾਨਕ (ਗੁਰੂ ਜੀ ਦਾਸਾ ਭਾਵ ਧਾਰ ਕੇ ਉਚਾਰਨ ਕਰਦੇ ਹਨ ਕਿ) ਹੇ ਪ੍ਰਭੂ ! (ਮੇਰੇ) ਵੱਡੇ ਭਾਗਾਂ ਕਰ ਕੇ (ਤੂੰ ਮੈਨੂੰ) ਆ ਕੇ ਮਿਲ, (ਮੈਂ ਤੇਰੇ ਤੋਂ) ਛਿਨ-ਛਿਨ (ਕਾਲ ਤੋਂ ਅਤੇ ਹੇ ਪ੍ਰਭੂ ! ਤੈਥੋਂ) (ਬਾਰ-ਬਾਰ) ਸਦਕੇ ਜਾਂਦਾ ਹਾਂ।੪।੧।੫।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧54 (ਆਦਿ ਅੰਗ 777)

## ਸੂਹੀ ਮਹਲਾ 5 ॥

ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥ ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥ ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥ ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥ ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥ ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥ ੧ ॥ ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥ ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥ ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥ ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੁ ਹਮਾਰਾ ॥ ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ ॥ ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥ 2 ॥ ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥ ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥ ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥ ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥ ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥ 3 ॥ ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥ ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥ ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥ ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥ 4 ॥ 2 ॥

## ਪ੍ਰਾਕ੍ਰਥਨ :

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਵਿਚ ਹਰੀ ਦੇ ਚਰਨਾਂ ਦਾ ਜ਼ਿਕਰ ਕੀਤਾ ਹੈ। ਗੁਰਬਾਣੀ ਅੰਦਰ ਹਰੀ ਦੇ (ਅਥਵਾ) ਗੁਰੂ ਸਾਹਿਬ ਜੀ ਦੇ ਚਰਨਾਂ ਕੰਵਲਾਂ ਦੀ ਬੇਅੰਤ ਮਹਿਮਾ ਕਹੀ ਹੈ :

## ਵਿਸ਼ਾ — ਗੁਰ ਕੇ ਚਰਨ ਜੀਅ ਕਾ ਨਿਸਤਾਰਾ

ਗੁਰਮਤਿ ਦੇ ਪਾਂਧੀ, ਗੁਰ-ਇਤਿਹਾਸ ਦੇ ਲੇਖਕ ਸਾਰੇ ਸਿਆਣੇ ਕਵੀ ਜਨਾਂ ਨੇ ਜਿਥੇ ਕਿਤੇ ਪੂਰਨ ਗੁਰੂ ਦੇ ਚਰਨਾਂ ਦਾ ਜ਼ਿਕਰ ਕੀਤਾ ਹੈ, ਉਥੇ ਸਤਿਕਾਰ ਸਹਿਤ ਚਰਨ-ਕਮਲ ਸ਼ਬਦ ਹਰ ਥਾਂ ਵਰਤਿਆ ਹੈ, ਕਿਉਂਕਿ ਕੰਵਲ ਫੁੱਲ ਕੋਮਲ, ਸੁੰਦਰ ਤੇ ਸੁਗੰਧੀ ਸਹਿਤ ਜਲ ਤੋਂ ਨਿਰਲੇਪ ਖਿੜਿਆ ਹੋਇਆ ਮਨੁੱਖੀ ਮਨਾਂ ਨੂੰ ਮੋਹਿਤ ਕਰਦਾ ਹੈ। ਸਤਿਗੁਰੂ ਸਾਹਿਬ ਜੀ ਦੇ ਪਾਵਨ ਚਰਨ-ਕਮਲਾਂ ਦੀ ਸਿਫ਼ਤ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕੀਤੀ ਹੈ ਕਿ ਗੁਰੂ ਸਾਹਿਬ ਜੀ ਦੇ ਚਰਨ-ਕਮਲਾਂ ਦੀ ਮਹਿਮਾ ਸਮਝ ਸੋਝੀ ਤੋਂ ਪਰ੍ਹੇ ਹੈ, ਗੁਰੂ ਕੇ ਚਰਨ ਕਮਲ ਬਹੁਤ ਹੀ ਅਸਚਰਜ ਰੂਪ ਹਨ। ਉਨ੍ਹਾਂ (ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਨੂੰ) ਮੇਰੀ ਬਾਰ-ਬਾਰ ਨਮਸਕਾਰ ਹੈ। (ਸਮੁੱਚੀ ਦੁਨੀਆਂ ਭਰ ਦੀ ਕੋਮਲਤਾ ਤੋਂ ਵੀ ਉਹ ਕੋਮਲ ਹਨ, ਫੇਰ ਸ਼ੀਤਲਤਾ ਕਰ ਕੇ ਅਤੀ ਸ਼ੀਤਲ, ਠੰਢਕਾ ਦੇਣ ਵਾਲੇ ਹਨ। ਉਨ੍ਹਾਂ ਦੀ ਸੁਗੰਧੀ ਦੇ ਤੁਲ ਕੋਈ ਹੋਰ ਸੁਗੰਧੀ ਨਹੀਂ ਹੈ। (ਜਿਸ ਗੁਰੂ ਦੇ ਅਨਿੰਨ ਸੇਵਕ) ਨੇ ਸਤਿਗੁਰੂ ਦੇ ਚਰਨ-ਕਮਲਾਂ ਦੇ ਸਿੰਘਾਸਨ 'ਤੇ ਆਸਨ ਜਮਾ ਕੇ, ਨਿਜ ਸਰੂਪ ਵਿਚ ਟਿਕ ਕੇ ਸਹਿਜ ਸਮਾਧੀ ਲਾਈ ਹੈ, (ਭਾਵ, ਜਿਸ ਗੁਰੂ ਦੇ ਸਨਮੁਖ ਗੁਰਸਿੱਖ ਨੇ ਸਤਿਗੁਰੂ ਦੇ ਚਰਨ-ਕਮਲਾਂ ਦੇ ਧਿਆਨ ਵਿਚ ਜੁੜ ਕੇ ਨਾਮ-ਸਿਮਰਨ ਦੀ ਅਖੰਡਾਧਾਰ ਘਾਲ ਕਮਾਈ ਕੀਤੀ ਹੈ) ਉਸ ਗੁਰਸਿੱਖ ਦੇ ਨਾਮ ਅੰਮ੍ਰਿਤ ਰਸ ਭੁੰਚਣ ਦਾ ਸਵਾਦ ਅਲੌਕਿਕ ਹੈ, (ਜਿਸ ਦਾ ਕਥਨ) ਪਹੁੰਚ ਤੋਂ ਪਰ੍ਹੇ ਹੈ। ਸੁੰਦਰਤਾ ਕਰ ਕੇ (ਸਤਿਗੁਰੂ ਦੇ ਚਰਨ-ਕਮਲਾਂ ਦੀ ਸੁੰਦਰਤਾ ਬੇਮਿਸਾਲ ਹੈ, ਉਸ ਨੂੰ ਬਿਆਨ ਕਰਨ ਵਾਸਤੇ ਮਨ ਕਾਮਨਾ ਥੱਕ ਜਾਂਦੀ ਹੈ, ਚਰਨ ਕਮਲਾਂ ਦੀ ਵਡਿਆਈ ਦੀ ਕਥਾ ਕਹੀ ਨਹੀਂ ਜਾ ਸਕਦੀ, ਇਹ ਕੌਤਕ ਹੈਰਾਨ ਤੋਂ ਹੈਰਾਨ ਕਰ ਦੇਣ ਵਾਲਾ ਹੈ।

**ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ, ਅਤਿ ਅਸਚਰਜ-ਮੈ ਨਮੋ ਨਮੋ ਨਮ ਹੈ॥**
**ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ, ਬਾਸਨਾ ਸੁਬਾਸੁ ਤਾਸੁ ਦੁਤੀਆ ਨ ਸਮ ਹੈ॥**
**ਸਹਜ ਸਮਾਧਿ ਨਿਜ ਆਸਨ ਸਿੰਘਾਸਨ, ਸ੍ਵਾਦ ਬਿਸਮਾਦ ਰਸ ਗੰਮਿਤਾ ਅਗਮ ਹੈ॥**
**ਰੂਪ ਕੈ ਅਨੂਪ ਰੂਪ, ਮਨ ਮਨਸਾ ਥਕਤ, ਅਕਥ ਕਥਾ ਬਿਨੋਦ ਬਿਸਮੈ ਬਿਸਮ ਐ॥ *80*॥**

(ਭਾ: ਗੁਰਦਾਸ ਜੀ, ਕਬਿੱਤ ਸਵੱਯੇ)

ਐਸੇ ਗੁਰੂ ਦੇ ਚਰਨ ਕਮਲ ਕੋਮਲ ਤੋਂ ਕੋਮਲ, ਸੀਤਲ ਤੋਂ ਸੀਤਲ ਤੇ ਬਿਸਮਾਦ ਰੱਸ ਨੂੰ ਭੁੰਚਦਾ

ਹੋਇਆ ਸਹਜ ਸਮਾਧਿ ਦੇ ਸਿੰਘਾਸਨ 'ਤੇ ਆਸਨ ਲਾਈ ਬੈਠੇ ਭਾਈ ਗੋਂਦਾ ਜੀ ਦਾ ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ। ਜਿੰਨਾ ਚਿਰ ਸਹਜ ਸਮਾਧਿ ਵਿਚ ਭਾਈ ਗੋਂਦਾ ਜੀ ਬੈਠਾ ਰਿਹਾ, ਓਨਾ ਚਿਰ ਸੱਤਮ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਲੰਗਰ ਛੱਕਣ ਨਹੀਂ ਗਏ ਸਨ।

## ਸਾਖੀ—ਭਾਈ ਗੋਂਦੇ ਸਿੱਖ ਦੀ

ਸਤਿਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਹਾਰਾਜ ਨੇ ਭਾਈ ਗੋਂਦੇ ਨੂੰ ਕਾਬਲ ਵਿਚ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਭੇਜਿਆ ਸੀ। ਉਸ ਨੇ ਉਥੇ ਰਹਿ ਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਉਸ ਦਾ ਹਰ ਰੋਜ਼ ਦਾ ਨਿਯਮ ਸੀ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਗੁਰੂ ਸਰੂਪ ਦੇ ਧਿਆਨ ਵਿਚ ਮਗਨ ਹੋਣਾ। ਇਕ ਦਿਨ ਇਸ ਨੇ ਅੰਮ੍ਰਿਤ ਵੇਲੇ ਨਿਯਮ ਅਨੁਸਾਰ ਗੁਰੂ ਸਰੂਪ ਦਾ ਧਿਆਨ ਧਰਿਆ ਅਤੇ ਧਿਆਨ ਰਾਹੀਂ ਮਨ ਰੂਪ ਹੱਥਾਂ ਨਾਲ ਇਸ ਨੇ ਗੁਰੂ ਸਾਹਿਬ ਜੀ ਦੇ ਚਰਨ ਪਕੜ ਲਏ ਸਨ। ਚਾਰ ਪਹਿਰ ਇਸ ਤਰ੍ਹਾਂ ਸਤਿਗੁਰੂ ਜੀ ਦੇ ਧਿਆਨ 'ਚ ਮਗਨ ਸਮਾਧੀ ਵਿਚ ਬੈਠਾ ਰਿਹਾ। ਉਧਰ ਕੀਰਤਪੁਰ ਸਾਹਿਬ ਸਤਿਗੁਰੂ ਜੀ ਵੀ ਚਾਰ ਪਹਿਰ ਉਠੇ ਨਹੀਂ। ਪ੍ਰਸ਼ਾਦਾ ਤਿਆਰ ਹੋਣ ਤੇ ਲਾਂਗਰੀਆਂ ਦੇ ਬਾਰ-ਬਾਰ ਬੇਨਤੀ ਕਰਨ ਤੋਂ ਸਤਿਗੁਰੂ ਜੀ ਨੇ ਦੱਸਿਆ ਸੀ ਕਿ ਭਾਈ ! ਕਾਬਲ ਵਿਚ ਇਕ ਸਿੱਖ ਭਾਈ ਗੋਂਦਾ ਜੀ ਨੇ ਧਿਆਨ ਰਾਹੀਂ ਸਾਡੇ ਚਰਨ ਪਕੜ ਰੱਖੇ ਹਨ। ਜੇ ਅਸੀਂ ਉਠਦੇ ਹਾਂ ਤੇ ਉਸ ਤੋਂ ਚਰਨ ਛੁਡਾਉਂਦੇ ਹਾਂ ਤਾਂ ਉਸ ਦੀ ਸਮਾਧੀ ਖੁੱਲ੍ਹਦੀ ਹੈ ਅਤੇ ਉਸ ਨੂੰ ਖੇਦ ਪੁੱਜਦਾ ਹੈ।

**ਕਾਬਲ ਮਹਿ ਗੋਂਦਾ ਸਿਖ ਰਹੇ। ਧਰੇ ਧਯਾਨ ਦੋਨੋਂ ਪਦ ਗਹੇ।**
**ਕਿਸ ਬਿਧ ਤਿਸ ਤੇ ਚਰਨ ਛੁਡਾਵੌਂ। ਬਿਨਾ ਛੁਟੇ ਕਿਮ ਲੰਗਰ ਜਾਵੌਂ॥ 26 ॥**
**ਰਹਯੋ ਉਡੀਕਤ ਛੋਰਹਿ ਮੋਹੀ। ਦਿੜ੍ਹ ਗਹਿ ਰਾਖਯੋ ਤਯਾਗ ਨ ਹੋਹੀ॥**
**ਜਬ ਸੰਧਿਆ ਹੋਈ ਦਿਨ ਗਯੋ। ਤਬਿ ਗੋਂਦਾ ਊਠਤ ਤਹਿ ਭਯੋ॥ 27 ॥**

(ਗੁਰਪ੍ਰਤਾਪ ਸੂਰਜ ਗ੍ਰੰਥ)

ਜਿਸ ਵੇਲੇ ਭਾਈ ਗੋਂਦਾ ਜੀ ਸਮਾਧੀ 'ਚੋਂ ਉੱਠਿਆ ਤਾਂ ਸਤਿਗੁਰੂ ਸਾਹਿਬ ਜੀ ਨੇ ਉਠ ਕੇ ਲੰਗਰ ਛਕਿਆ ਸੀ। ਗੁਰਸਿੱਖਾਂ ਦੇ ਪੁੱਛਣ 'ਤੇ ਸਤਿਗੁਰੂ ਜੀ ਨੇ ਦੱਸਿਆ ਸੀ ਕਿ ਅਸੀਂ ਇਸ ਲਈ ਨਹੀਂ ਉਠੇ, ਕਿਉਂਕਿ ਭਾਈ ਗੋਂਦੇ ਨੇ ਧਿਆਨ ਰਾਹੀਂ ਸਾਡੇ ਚਰਨ ਫੜ ਰੱਖੇ ਸਨ।

ਐਸੇ ਗੁਰੂ ਕੇ ਚਰਨ-ਕਮਲਾਂ ਦੇ ਸੁਆਦ ਬਿਸਮਾਦ ਰਸ ਭੁੰਚਨ ਵਾਲੇ ਗੁਰਸਿੱਖ ਦੀ (ਅਵਸਥਾ) ਪਤੰਗੇ ਦੀ ਦੀਪਕ ਨਾਲ ਪ੍ਰੀਤੀ, ਹਰਨ ਦੀ ਘੰਡੇਹੇੜੇ ਦੇ ਸ਼ਬਦ ਸੁਣਨ ਨਾਲ ਤੇ ਭੌਰੇ ਦੇ ਫੁੱਲ ਦੀ ਸੁਗੰਧੀ ਵਿਚ ਲੀਨ ਹੋਣ ਵਾਂਗ, ਗੁਰਸਿੱਖ ਦਾ ਮਨ ਰੂਪ ਭੌਰਾ ਗੁਰਦੇਵ ਦੇ ਚਰਨ-ਕਮਲਾਂ ਦੇ ਪ੍ਰੇਮ ਰਸ ਤੇ ਅਤਮ ਰਸ ਦੇ ਸੁੱਖ ਰੂਪੀ ਡੱਬੇ ਵਿਚ ਸਮਾਅ ਜਾਂਦਾ ਹੈ।

**ਲੋਚਨ ਪੰਤਗ ਦੀਪ ਦਰਸ ਦੇਖਨ ਗਏ, ਜੋਤੀ ਜੋਤਿ ਮਿਲਿ ਪੁਨਿ ਉਤਰ ਨ ਆਨੇ ਹੈ॥**
**ਨਾਦ ਬਾਦ ਸੁਨਬੇ ਕਉ ਸ੍ਰਵਨ ਹਰਨ ਗਏ, ਸੁਨਿ ਧੁਨਿ ਥਕਤ ਭਏ ਨ ਬਹੁਰਾਨੇ ਹੈ॥**
**ਚਰਨ ਕਮਲ ਮਕਰੰਦ ਰਸਿ ਰਸਿਕ ਹੁਇ, ਮਨ ਮਧੁਕਰ ਸੁਖ ਸੰਪਟ ਸਮਾਨੇ ਹੈ॥**
**ਰੂਪ ਗੁਨ ਪ੍ਰੇਮ ਰਸ ਪੂਰਨ ਪਰਮ ਪਦ, ਆਨ ਗਿਆਨ ਧਿਆਨ ਰਸ ਭਰਮ ਭੁਲਾਨੇ ਹੈ॥ *੪੩੧* ॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਜਿਸ ਗੁਰਮੁਖ ਗੁਰਸਿੱਖ ਦਾ ਮਨ (ਗੁਰੂ ਸਾਹਿਬ ਜੀ ਦੇ ਚਰਨ-ਕਮਲਾਂ) ਦਾ ਭੌਰਾ ਬਣ ਗਿਆ ਹੈ, ਉਹ ਗੁਰਮੁਖ (ਗੁਰਸਿੱਖ ਭੌਰਾ) ਗੁਰੂ ਸਾਹਿਬ ਜੀ ਦੇ ਚਰਨ-ਕਮਲਾਂ ਦਾ ਅੰਨਿਨ ਸੇਵਕ ਗੁਰ ਉਪਦੇਸ਼ ਨੂੰ ਕਮਾ ਕੇ ਮੋਖਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਉਹ ਗੁਰੂ ਦੇ ਚਰਨਾਂ ਨੂੰ ਛੱਡ ਨਹੀਂ ਸਕਦਾ, ਕਿਉਂਕਿ ਗੁਰੂ ਦੇ ਚਰਨ-ਕਮਲਾਂ ਨੂੰ ਛੱਡਣ ਵਾਲੇ ਦੀ ਦਸ਼ਾ ਐਸੀ ਹੈ ਜੈਸੇ ਮਾਨ ਸਰੋਵਰ ਨੂੰ ਤਿਆਗ ਕੇ ਹੰਸ ਛੱਪੜ 'ਤੇ ਜਾ ਬੈਠੇ ਤਾਂ ਉਹ ਹੰਸਾਂ ਦੀ ਕੁਲ ਨੂੰ ਲਜਾਵਾਨ ਕਰਦਾ ਹੈ। ਜੈਸੇ ਮੱਛੀ ਪਾਣੀ ਤੋਂ ਵਿਛੜ ਕੇ ਜਿਉਂਦੀ ਰਹੇ ਤਾਂ ਉਸ ਦੀ ਪਾਣੀ ਨਾਲ ਸੱਚੀ ਪ੍ਰੀਤੀ ਨਹੀਂ ਹੈ। ਜੈਸੇ ਪਪੀਹਾ ਸ੍ਵਾਂਤੀ ਬੂੰਦ ਤਿਆਗ ਕੇ ਹੋਰ ਜਲ ਪਾਨ ਕਰੇ ਤਾਂ ਉਹ ਆਪਣੇ ਟੱਬਰ ਨੂੰ ਕਲੰਕਤ ਕਰਦਾ ਹੈ। ਐਸੇ ਹੀ ਕੋਈ ਵੀ ਮਨੁੱਖ ਗੁਰੂ ਸਾਹਿਬ ਜੀ ਦੇ ਚਰਨ-ਕਮਲਾਂ ਦਾ ਤਿਆਗ ਕਰ ਕੇ ਹੋਰਾਂ ਦੇਵੀ ਦੇਵਤੇ ਤੇ ਪਖੰਡੀ ਗੁਰੂਆਂ ਦਾ ਪ੍ਰੇਮੀ ਬਣ ਕੇ ਮੁਕਤੀ ਨਹੀਂ ਪਾ ਸਕਦਾ, ਪਰ ਸੱਚਾ ਗੁਰਸਿੱਖ ਤਾਂ "ਚਰਨ ਕਮਲ ਅਲਿ ਗੁਰਸਿੱਖ ਮੋਖ ਹੁਇ॥" ਗੁਰੂ ਦੇ ਚਰਨਾਂ ਦਾ ਭੌਰਾ ਬਣ ਕੇ ਹੀ ਮੁਕਤੀ ਪ੍ਰਾਪਤ ਕਰਦਾ ਹੈ। ਗੁਰੂ ਨੂੰ ਛੱਡ ਕੇ ਹੋਰ ਕਿਸੇ ਦੀ ਦਿੱਤੀ ਮੁਕਤੀ ਨੂੰ ਗੁਰਸਿੱਖ ਪ੍ਰਵਾਨ ਨਹੀਂ ਕਰਦਾ।

**ਮਾਨਸਰ ਤਿਆਗਿ ਆਨ ਸਰ ਜਾਏ ਬੈਠੇ ਹੰਸੁ,**
**ਖਾਇ ਜਲ-ਜੰਤ ਹੰਸ ਬੰਸਹਿ ਲਜਾਵਈ॥**
**ਸਲਿਲ ਬਿਛੋਹ ਭਏ ਜੀਅਤ ਜਉ ਰਹੈ ਮੀਨ,**
**ਕਪਟ ਸਨੇਹ ਕੈ ਸਨੇਹੀ ਨ ਕਹਾਵਈ॥**
**ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ,**
**ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ॥**
**ਚਰਨ ਕਮਲ ਅਲਿ ਗੁਰਸਿਖ ਮੋਖਿ ਹੁਇ,**
**ਆਨ ਦੇਵ ਸੇਵਕ ਹੁਇ ਮੁਕਤਿ ਨ ਪਾਵਈ॥ *463* ॥**

(ਕੱਬਿਤ ਸੱਵਯੇ, ਭਾ: ਗੁਰਦਾਸ ਜੀ)

ਸੂਹੀ ਮਹਲਾ *5* ॥ ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ॥ ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ

ਤਿਸ ਕੈ ਬਲਿ ਰਾਮ ਜੀਉ॥ ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥ ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥ ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥ ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥ ੧ ॥ ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥ ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥ ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥ ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੁ ਹਮਾਰਾ ॥ ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ ॥ ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥ 2 ॥ ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥ ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥ ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥ ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥ ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥ 3 ॥ ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥ ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥ ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥ ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥ 4 ॥ 2 ॥

ਪਦ ਅਰਥ :- ਤੁਸਿ ਕੈ=ਤੁਠ ਕੇ। ਬਾਬੁਲੁ=ਪਿਤਾ (ਪ੍ਰਭੂ ਪ੍ਰਮਾਤਮਾ)। ਸਮਰਥਾ=ਸਰਬ ਸ਼ਕਤੀਵਾਨ। ਸਿਮਰਤ=ਸਿਮਰਦਿਆਂ। ਭਉਜਲੁ=ਸੰਸਾਰ ਸਮੁੰਦਰ। ਪਾਰਿ ਉਤਾਰਾ=ਪਾਰ ਕਰਨ ਵਾਲਾ। ਆਦਿ=ਸ੍ਰਿਸ਼ਟੀ ਦੇ ਆਰੰਭ ਤੋਂ। ਜੁਗਾਦਿ=ਜੁੱਗਾਂ ਦੇ ਆਰੰਭ ਤੋਂ। ਕਰਿ ਕਰਿ=ਕਰ ਕਰ ਕੇ। ਜੀਵਾ=ਜੀਉਂਦਾ ਹਾਂ। ਮਨਿ ਤਨਿ=ਮਨ ਤੇ ਤਨ ਕਰ ਕੇ। ਪੀਵਾ=ਪੀਂਦਾ ਹਾਂ।੧। ਕਿਉ ਵਿਛੋੜਾ ਥੀਵਈ=ਕਿਵੇਂ ਵਿਛੋੜਾ ਹੋ ਸਕਦਾ ਹੈ ? ਤੁਝਹਿ ਤੇ=ਤੇਰੇ ਤੋਂ। ਸਫਲ=ਸਹਿਤ ਫਲਾਂ ਦੇ ਭਾਵ ਹਰੇਕ ਫਲ ਦੇਣ ਵਾਲਾ।੨। ਸੰਮ੍ਲਿਆ=ਸੰਮਾਲਿਆ, ਯਾਦ ਕੀਤਾ। ਸਚੁ ਥਾਨੁ=ਅਸਲੀ ਟਿਕਾਣਾ (ਭਾਵ ਪ੍ਰਭੂ)।

ਮਹਤੁ=ਵਡਿਆਈ। ਗਾਉ=ਤੁਸੀਂ ਗਾਓ। ਪ੍ਰਾਣ ਪ੍ਰੀਤਮ=ਪ੍ਰਾਣਾਂ (ਸੁਆਸਾਂ) ਦਾ ਪਿਆਰਾ ਪ੍ਰੀਤਮ। ਸੁਭ ਦਿਵਸੁ=ਚੰਗੇ ਦਿਨ। ਗਹਿ=ਪਕੜ ਕੇ। ਅੰਤਰਜਾਮੀ=ਦਿਲ ਦੀ ਜਾਨਣ ਵਾਲਾ। ਵਜਹਿ=ਵੱਜਦੇ ਹਨ। ਅਨਹਦਾ=ਇਕ ਰਸ, ਨਿਰੰਤਰ। ਝੁਣਕਾਰੇ=ਧੁਨੀ, ਮਿਨੀ ਸੁਰ ਨਾਲ। ਸੁਣਿ=ਸੁਣ ਕੇ।੩। ਉਪਜਿਆ=ਪੈਦਾ ਹੋ ਗਿਆ। ਤਤੁ ਗਿਆਨੁ=ਅਸਲੀ ਜੀਵਨ ਦੀ ਸੂਝ ਬੂਝ ਵਾਲਾ ਤੱਤ ਗਿਆਨ। ਸਾਹੁਰੈ=ਸਹੁਰੇ ਘਰ ਭਾਵ ਪਰਲੋਕ ਵਿਚ। ਪੇਈਐ=ਪੇਕੇ ਘਰ ਭਾਵ ਇਸ ਲੋਕ ਵਿਚ। ਬ੍ਰਹਮੈ ਬ੍ਰਹਮੁ ਮਿਲਿਆ=ਜੀਵਾਤਮਾ ਨੂੰ ਪਰਮਾਤਮਾ ਮਿਲਿਆ ਹੈ। ਬਿਸਮੁ=ਅਸਚਰਜ ਰੂਪ। ਪੇਖੈ=ਵੇਖਦਾ ਹੈ। ਨਦਰੀ ਆਇਆ=ਦਿੱਸਿਆ। ਜਲਿ=ਪਾਣੀ ਵਿਚ। ਥਲਿ=ਸੁੱਕੀ ਧਰਤੀ ਵਿਚ। ਮਹੀਅਲਿ=ਧਰਤੀ ਤੇ ਅਸਮਾਨ ਦੇ ਵਿਚਕਾਰ ਪੁਲਾੜ ਵਿਚ। ਚਲਤ=ਕੌਤਕ। ਨਾ ਜਾਹੀ ਲਖਣੇ=ਬਿਆਨ ਨਹੀਂ ਕੀਤੇ ਜਾ ਸਕਦੇ।੪।

ਅਰਥ :- (ਹੇ ਭਾਈ ! ਪ੍ਰਭੂ ਸਰੂਪ, ਬਲਿਹਾਰੇ ਜਾਣ ਜੋਗ) ਸਤਿਗੁਰੂ ਨੇ ਪ੍ਰਸੰਨ ਹੋ ਕੇ (ਮੈਨੂੰ) ਪਰਮੇਸ਼ਰ ਦੇ ਸੋਹਣੇ ਚਰਨਾਂ ਦੀ ਓਟ ਫੜਾ ਦਿੱਤੀ ਹੈ। ਹਰੀ ਪ੍ਰਮਾਤਮਾ ਜੋ ਬਲਿਹਾਰ ਜਾਣੇ ਯੋਗ ਹੈ, ਉਸ ਦੇ ਅੰਮ੍ਰਿਤ (ਨਾਮ) ਨਾਲ ਭੰਡਾਰ ਭਰੇ ਪਏ ਹਨ ਅਤੇ ਉਸ ਸਦਕੇ ਜਾਣ ਜੋਗ ਸਾਰੇ ਪਦਾਰਥ ਜਾਣੋ ਉਸ (ਪ੍ਰਭੂ ਦੇ) ਘਰ ਵਿਚ ਹੀ ਹਨ। ਮੇਰਾ ਪਿਤਾ (ਪਰਮੇਸ਼ਰ) ਵੱਡਾ ਸ਼ਕਤੀਵਾਨ ਹੈ (ਅਤੇ ਆਪ ਹੀ) ਸਭ ਕਾਰਨਾਂ ਦੇ ਕਰਨ ਵਲਾ ਹੈ। ਜਿਸ (ਪ੍ਰਭੂ ਦਾ ਨਾਮ) ਸਿਮਰਦਿਆਂ ਕੋਈ ਦੁੱਖ ਨਹੀਂ ਲੱਗਦਾ, (ਓਹ) ਸੰਸਾਰ ਸਾਗਰ ਤੋਂ ਪਾਰ ਲੰਘਾ ਦਿੰਦਾ ਹੈ। (ਹੇ ਭਾਈ !) ਉਹ ਪ੍ਰਭੂ ਪ੍ਰਮਾਤਮਾ ਆਦਿ ਜੁਗਾਦਿ ਤੋਂ (ਆਪਣੇ) ਭਗਤਾਂ ਦਾ ਰਖਵਾਲਾ ਹੈ, (ਮੈਂ ਉਸ ਦੀ) ਵਡਿਆਈ ਕਰ ਕਰ ਕੇ ਜੀਉਂਦਾ ਹਾਂ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ ਪਰਮੇਸ਼ਰ ਦਾ) ਨਾਮ ਬਹੁਤ ਹੀ ਮਿੱਠਾ ਰੱਸ ਹੈ, ਮੈਂ ਦਿਨ ਰਾਤ ਮਨ ਕਰ ਕੇ, ਤਨ ਕਰ ਕੇ (ਉਸ ਅੰਮ੍ਰਿਤ ਨਾਮ ਰਸ ਨੂੰ) ਪੀਂਦਾ ਹਾਂ।੧।

(ਹੇ ਭਾਈ ! ਜਿਸ ਵੇਲੇ) ਹਰੀ ਆਪ ਹੀ (ਜੀਵ ਨੂੰ ਆਪਣੇ ਨਾਲ) ਮਿਲਾ ਲਵੇ, (ਫਿਰ ਉਸ ਜੀਵ) ਦਾ (ਬਲਿਹਾਰ ਜਾਣੇ ਜੋਗ ਪ੍ਰਭੂ ਨਾਲੋਂ) ਕਿਵੇਂ ਵਿਛੋੜਾ ਹੋ ਸਕਦਾ ਹੈ ? (ਭਾਵ ਉਸ ਦਾ ਫਿਰ ਸਦੀਵੀ ਮਿਲਾਪ ਬਣਿਆ ਰਹਿੰਦਾ ਹੈ)। (ਹੇ ਬਲਿਹਾਰ ਜਾਣੇ ਜੋਗ ਪ੍ਰਭੂ !) ਜਿਸ (ਮਨੁੱਖ) ਨੂੰ ਤੇਰੀ ਟੇਕ ਹੈ, ਉਹ ਸਦੀਵ ਕਾਲ ਜੀਉਂਦਾ ਰਹਿੰਦਾ ਹੈ। ਹੇ ਸੱਚੇ ਸਿਰਜਣਹਾਰ ਪ੍ਰਭੂ ! ਤੇਰੀ ਟੇਕ ਤੇਰੇ ਪਾਸੋਂ ਹੀ ਪ੍ਰਾਪਤ ਕੀਤੀ ਹੈਂ। (ਤੂੰ) ਇਹੋ ਜਿਹਾ ਸਾਡਾ ਸੱਚਾ ਮਾਲਕ ਹੈਂ, ਜਿਸ ਪਾਸੋਂ ਕਦੇ ਕੋਈ ਖ਼ਾਲੀ ਨਹੀਂ ਜਾਂਦਾ (ਭਾਵ ਮਨ-ਬਾਂਛਤ ਫਲ ਪ੍ਰਾਪਤ ਕਰ ਕੇ ਹੀ ਜਾਂਦਾ ਹੈ)। (ਹੇ ਪ੍ਰਭੂ !) ਤੇਰੇ ਸੰਤ ਜਨਾਂ ਨਾਲ ਮਿਲ ਕੇ (ਅਸਾਂ ਆਪ ਜੀ ਦੀ) ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਹੈ, ਜਿਸ ਕਰ ਕੇ ਦਿਨ ਰਾਤ ਤੁਹਾਡੀ ਆਸ ਹੀ (ਲੱਗੀ ਰਹਿੰਦੀ ਹੈ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਦਾਸ ਤੈਥੋਂ ਸਦਾ) ਕੁਰਬਾਨ ਹਾਂ ਅਤੇ (ਹੇ ਪ੍ਰਭੂ ! ਤੇਰੀ ਕਿਰਪਾ ਨਾਲ) ਮੈਨੂੰ ਪੂਰਨ ਗੁਰੂ ਮਿਲਿਆ ਹੈ (ਜਿਸ ਦਾ) ਦਰਸ਼ਨ ਸਫਲਾ ਹੈ ਭਾਵ ਸਭ ਫਲ ਦੇਣ ਵਾਲਾ ਹੈ।੨।

(ਹੇ ਭਾਈ ! ਜਿਸ ਮਨੁੱਖ ਨੇ) ਅਸਲੀ ਟਿਕਾਣਾ (ਭਾਵ ਸਦਾ ਸਥਿਰ ਬਲਿਹਾਰ ਜਾਣੇ ਜੋਗ ਪ੍ਰਭੂ

ਨੂੰ) ਯਾਦ ਕੀਤਾ ਹੈ, (ਉਸ ਨੂੰ) ਸੱਚਾ ਮਾਣ ਤੇ ਵਡਿਆਈ ਮਿਲੀ ਹੈ। ਦਇਆ ਦਾ ਸੋਮਾ ਸਤਿਗੁਰੂ ਮਿਲਿਆ ਤਾਂ ਅਬਿਨਾਸੀ ਬਲਿਹਾਰ ਜਾਣੇ ਜੋਗ ਪ੍ਰਭੂ ਦੇ ਗੁਣਾਂ ਨੂੰ ਗਾਵਣਾ ਕੀਤਾ ਹੈ। ਹੁਣ (ਮੈਂ) ਪ੍ਰਾਣਾਂ (ਸੁਆਸਾਂ) ਦੇ ਪਿਆਰੇ ਮਾਲਕ ਗੋਬਿੰਦ ਦੇ ਗੁਣ ਨਿਤ ਨਿਤ ਗਾਉਂਦਾ ਹਾਂ। (ਹੇ ਭਾਈ ! ਹੁਣ ਅਸਲ ਜੀਵਨ ਦੇ) ਚੰਗੇ ਦਿਨ ਆਏ ਹਨ , ਤਾਂ ਪ੍ਰਭੂ ਨੇ ਪਕੜ ਕੇ (ਆਪਣੇ) ਗਲੇ ਨਾਲ ਲਾ ਲਿਆ ਹੈ ਅਤੇ ਦਿਲ ਦੀਆਂ ਜਾਣਨ ਵਾਲਾ ਅੰਤਰਜਾਮੀ ਪ੍ਰਭੂ ਮਿਲ ਪਿਆ ਹੈ। (ਹੁਣ ਸਾਡੇ ਹਿਰਦੇ ਅੰਦਰ) ਸਤ ਸੰਤੋਖ (ਆਦਿ ਸ਼ੁਭ ਗੁਣ ਪਰਵੇਸ਼ ਕਰ ਗਏ ਹਨ, ਜਿਸ ਕਰਕੇ ਹੁਣ ਇਹ ਆਤਮਿਕ ਮੰਡਲ ਵਿਚ) ਝੁਣਕਾਰੇ=ਮਿਠੀ ਸੁਰ ਨਾਲ ਇਕ ਰੱਸ ਵੱਜਣ ਵਾਲੇ ਨਾਮ ਰੂਪ ਵਾਜੇ ਸਹਿਜੇ ਵੱਜਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ) ਸਭ ਕੁਝ ਕਰਨਹਾਰ (ਪ੍ਰਭੂ ਪੁਰਖ ਦਾ ਅਨਹਦ ਸ਼ਬਦ) ਸੁਣ ਕੇ ਸਾਡੇ ਸਾਰੇ ਡਰ ਦੂਰ ਹੋ ਗਏ ਹਨ।੩।

(ਹੇ ਭਾਈ ! ਜਦੋਂ) ਅਸਲ ਯਥਾਰਥ ਗਿਆਨ ਪੈਦਾ ਹੋ ਗਿਆ ਤਾਂ ਲੋਕ-ਪਰਲੋਕ ਵਿਚ ਬਲਿਹਾਰ ਜਾਣੇ ਜੋਗ ਇਕ ਪਰਮੇਸ਼ਰ ਨੂੰ (ਵਿਆਪਕ ਹੋਇਆ ਵੇਖਿਆ)। ਬ੍ਰਹਮ (ਰੂਪੀ ਜੀਵ, ਜਿਸ ਦਾ ਅਸਲ ਸਰੂਪ ਬ੍ਰਹਮ ਹੈ), ਨੂੰ ਬਲਿਹਾਰ ਜਾਣੇ ਜੋਗ ਬ੍ਰਹਮ ਮਿਲ ਪਿਆ (ਤਾਂ ਉਸ ਵਾਹਿਗੁਰੂ ਜੋਤਿ ਵਿਚ ਜੋਤਿ ਰਲ ਗਈ। (ਅਜਿਹਾ ਮਨੁੱਖ ਬ੍ਰਹਮ ਰੂਪ ਹੋਇਆ ਤੇ ਹਰ ਥਾਂ) ਅਸਚਰਜ ਰੂਪ ਪ੍ਰਭੂ ਨੂੰ ਵੇਖਦਾ ਹੈ। (ਜੋ) ਅਸਚਰਜ ਸੁਣੀਦਾ ਸੀ (ਉਸ ਨੂੰ) ਅਸਚਰਜ ਰੂਪ (ਪ੍ਰਭੂ) ਵਿਖਾਈ ਦਿੱਤਾ। (ਉਹ ਵਾਹਿਗੁਰੂ) ਪਾਣੀ ਵਿਚ, ਸੁੱਕੀ ਧਰਤੀ ਵਿਚ ਅਤੇ ਪੁਲਾੜ ਅਤੇ ਘਟਾਂ ਘਟਾਂ ਵਿਚ ਸਮਾਅ ਰਿਹਾ ਹੈ। ਜਿਸ (ਕਰਤਾ ਪੁਰਖ) ਤੋਂ (ਜੀਵ) ਪੈਦਾ ਹੋਇਆ ਸੀ, ਉਸ ਵਿਚ ਸਮਾਅ ਗਿਆ ਹੈ ਅਤੇ (ਉਸ ਪ੍ਰਭੂ ਦੇ ਕੌਤਕਾਂ ਅਥਵਾ ਨਾਮ ਦੀ) ਕੀਮਤ ਨਹੀਂ ਕਹੀ ਜਾ ਸਕਦੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ !) ਜਿਸ (ਪਰਮੇਸ਼ਰ) ਦੇ ਕੌਤਕ ਨਹੀਂ ਲਖੇ ਜਾ ਸਕਦੇ ਅਤੇ ਨਾ ਹੀ ਬਿਆਨ ਕੀਤੇ ਜਾ ਸਕਦੇ ਹਨ, (ਤੂੰ) ਉਸ ਨੂੰ ਸਿਮਰ।੪।੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ 155 (ਆਦਿ ਅੰਗ 779-80)

## ਰਾਗੁ ਸੂਹੀ ਛੰਤ ਮਹਲਾ 5 ਘਰੁ 3

## ੧ਓ ਸਤਿਗੁਰ ਪ੍ਰਸਾਦਿ ॥

ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥ ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥ ੧ ॥ ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥ ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥ ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ ॥ ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥ ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥ 2 ॥ ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ ॥ ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ ॥ ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥ ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥ ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥ ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ ॥ 3 ॥ ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਾ ਰਾਮ ॥ ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਾ ਰਾਮ ॥ ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥ ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥ ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਾ ॥ ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਾ ॥ 4 ॥ ੧ ॥ 4 ॥

## ਪ੍ਰਾਕ੍ਰਥਨ :

ਸੂਹੀ ਰਾਗੁ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਉਚਾਰਨ ਕੀਤਾ ਹੋਇਆ ਇਹ ਪਾਵਨ ਸ਼ਬਦ ਸੂਹੀ ਰਾਗੁ ਦੇ ਤੀਸਰੇ (ਘਰੁ) ਸੁਰਤਾਲ ਅੰਦਰ ਉਚਾਰਨ ਕੀਤਾ ਹੈ। ਹਜ਼ੂਰ ਨੇ ਵਸਤੂ ਨਿਰਦੇਸ਼ਕ ਮੰਗਲ ਕੀਤਾ ਹੈ। ੧=ਅਦੁੱਤੀ, ਬ੍ਰਹਮ ੴ=ਸਰਬ ਦਾ ਪ੍ਰਕਾਸ਼ਕ, ਸਤਿ=ਤਿੰਨ ਕਾਲ ਸਤ ਸਰੂਪ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ ਹੈ, ਪਰ ਸਤਿ ਚਿਤ ਅਨੰਦ ਸਰੂਪ ਗੁਰੂ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਵਿਸ਼ਾ — ਤੂੰ ਸਾਗਰੋ ਰਤਨਾਗਰੋ

ਸਾਗਰੋ ਦਾ ਅਰਥ ਹੈ ਸਮੁੰਦਰ ਅਤੇ ਰਤਨਾਗਰੋ ਦਾ ਅਰਥ ਹੈ ਰਤਨਾਂ ਦੀ ਖਾਣ, ਭਾਵ ਰਤਨਾਂ ਦਾ ਖ਼ਜ਼ਾਨਾ। ਪੰਚਮ ਗੁਰਦੇਵ ਇਸ ਸ਼ਬਦ ਅੰਦਰ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਤੂੰ ਸਮੁੰਦਰ ਦੀ ਤਰ੍ਹਾਂ ਬੇਅੰਤ ਸ਼ੁਭ ਗੁਣਾਂ ਰੂਪੀ ਰਤਨਾਂ ਦਾ ਖ਼ਜ਼ਾਨਾ ਹੈਂ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਕ ਕਬਿੱਤ ਵਿਚ ਗੁਰਬਾਣੀ ਰੂਪੀ ਸਾਗਰ ਦੀ ਸਿਫ਼ਤ ਕਰਦਿਆਂ ਵੱਖ-ਵੱਖ ਸਮੁੰਦਰ 'ਚੋਂ ਨਿਕਲਣ ਵਾਲੀਆਂ ਕੀਮਤੀ ਵਸਤੂਆਂ ਅਤੇ ਪਰਬਤਾਂ ਦੇ ਵਿੱਚੋਂ ਨਿਕਲਣ ਵਾਲੇ ਕੀਮਤੀ ਚਮਕੀਲੇ ਹੀਰੇ ਰਤਨ, ਜੰਗਲ ਬਨਸਪਤੀ ਵਿੱਚੋਂ ਕੀਮਤੀ ਵਸਤੂਆਂ ਦੱਸ ਕੇ, "ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ" ਇਸ ਤਰ੍ਹਾਂ ਕਹਿ ਕੇ ਗੁਰਬਾਣੀ ਗੁਰੂ ਦੀ ਮਹਿਮਾ ਕੀਤੀ ਹੈ :

**ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ,**
**ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ॥**
**ਜੈਸੇ ਪਰਬਤ ਹੀਰਾ ਮਾਨਕ ਪਾਰਸ ਸਿਧ,**
**ਖਨਵਾਰਾ ਖਨਿ ਜਗ ਵਿਖੈ ਪ੍ਰਗਟਾਵਈ॥**
**ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ,**
**ਸੋਧ ਕੈ ਸੁਬਾਸੀ ਸੁਭਾਸ ਬਿਹਸਾਵਈ॥**
**ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ,**
**ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥ 546॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

**ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥**
**ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥**

(ਅੰਗ 40)

**ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥**

(ਅੰਗ 880)

ਜਿਸ ਤਰ੍ਹਾਂ ਪੁਰਾਣਿਕ ਗ੍ਰੰਥਾਂ ਅੰਦਰ ਸਮੁੰਦਰ ਵਿਚੋਂ ਚੌਦਾਂ ਰਤਨਾਂ ਦੇ ਨਿਕਲਣ ਦਾ ਜ਼ਿਕਰ ਹੈ, ਪਰ ਗੁਰਬਾਣੀ ਰੂਪ ਸਾਗਰ ਤਾਂ ਸ਼ੁਭ ਗੁਣਾਂ ਰੂਪ ਰਤਨਾਂ ਦਾ ਅਥਾਹ ਖ਼ਜ਼ਾਨਾ ਹੈ।

**ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥**
**ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥**
**ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥**
**ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥**
**ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥**
**ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥**

(ਅੰਗ 442)

ਗੁਰਬਾਣੀ ਰੂਪ ਸਾਗਰ ਵਿਚੋਂ ਇਕ ਕਵੀ ਨੇ ਇਨ੍ਹਾਂ ਚੌਦਾਂ ਰਤਨਾਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

**ਲੱਛਮੀ ਰੂਪ ਭਗਤੀ ਹੈ, ਆਤਮਾ ਵਿਚਾਰ ਮਣੀ,**
**ਰੰਭਾ ਪ੍ਰਮੇਸ਼ਰ ਕੀ ਕੀਰਤੀ ਵਿਚਾਰ ਹੈ।**
**ਪ੍ਰੇਮ ਰੂਪ ਮਦਰਾ, ਨਾਮ ਜਪ ਅੰਮ੍ਰਿਤ,**
**ਰਾਗ ਦਾ ਅਲਾਪਨਾ ਸੰਖ ਦਾ ਅਕਾਰ ਹੈ।**
**ਵੈਰਾਗ ਰੂਪ ਹਸਤੀ, ਸੰਗਤ ਕਲਪ ਬ੍ਰਿਛ,**
**ਸ਼ਾਂਤੀ ਕਾਮਧੇਨ, ਸਤਿਗੁਰੂ ਵੈਦ ਰਾਜ ਹੈ।**
**ਦਾਨ ਰੂਪ ਚੰਦ੍ਰਮਾ, ਸੱਚ ਬੋਲ ਧਨੁੱਖ,**
**ਸੰਤਾਂ ਕੀ ਨਿੰਦਾ ਬਿਖ, ਗਿਆਨ ਰੂਪ ਬਾਜ ਹੈ।**

ਮੋਤੀਆਂ ਬਾਰੇ ਅਤੇ ਰਤਨਾਂ ਦੇ ਪ੍ਰਗਟ ਹੋਣ ਬਾਰੇ ਜ਼ਿਕਰ ਹੈ ਕਿ ਮੋਤੀ ਸਮੁੰਦਰ ਵਿਚੋਂ ਨਿਕਲਦੇ ਹਨ। ਸਮੁੰਦਰ ਦੀਆ ਖਾੜੀਆਂ ਵਿੱਚੋਂ ਨਿਕਲਣ ਵਾਲੀਆਂ ਸਿੱਪਾਂ ਵਿੱਚੋਂ ਮੋਤੀ ਨਿਕਲਦੇ ਹਨ, ਜਿਨ੍ਹਾਂ ਦੀਆਂ ਵੱਖ-ਵੱਖ ਕੀਮਤਾਂ ਹੁੰਦੀਆਂ ਹਨ। ਹੀਰੇ, ਲਾਲ, ਪੰਨੇ, ਨੀਲਮ ਆਦਿਕ ਕੀਮਤੀ ਰਤਨ ਪਹਾੜਾਂ ਵਿੱਚੋਂ ਨਿਕਲਦੇ ਹਨ। ਇਹਨਾਂ ਦੇ ਵਜ਼ਨ, ਸੁੰਦਰਤਾ ਤੇ ਚਮਕ-ਦਮਕ ਅਨੁਸਾਰ ਮੁੱਲ ਪੈਂਦਾ ਹੈ। ਚਿੱਟੇ ਰੰਗ ਦੇ ਕੀਮਤੀ ਤੇ ਚਮਕੀਲੇ ਪੱਥਰ ਨੂੰ ਹੀਰਾ ਕਹਿੰਦੇ ਹਨ। ਹੀਰਿਆਂ ਵਿਚੋਂ ਸਭ ਤੋਂ ਭਾਰਾ, ਸੁੰਦਰ, ਚਮਕੀਲਾ, ਬਹੁਕੀਮਤੀ ਕੋਹਿਨੂਰ ਹੀਰਾ ਹੈ। ਲਾਲ ਰੰਗ ਦੇ ਕੀਮਤੀ ਪੱਥਰ ਨੂੰ ਲਾਲ ਕਹਿੰਦੇ ਹਨ। ਛੋਟਾ ਟੁਕੜਾ ਹੋਵੇ ਤਾਂ ਮਾਣਕ ਤੇ ਇਸ ਨਾਲੋਂ ਛੋਟੀ ਟੁਕੜੀ ਨੂੰ ਲਾਲੜੀ ਤੇ ਚੂੰਨੀ ਕਹਿੰਦੇ ਹਨ। ਨੀਲੇ ਰੰਗ ਦੇ ਸੁੰਦਰ ਕੀਮਤੀ

ਪੱਥਰ ਨੂੰ ਨੀਲਮ ਕਹਿੰਦੇ ਹਨ।

ਸੰਸਾਰ ਦੇ ਅੰਦਰ ਰਤਨ ਲਾਲ ਬਹੁਤ ਵੱਡਮੁੱਲੇ ਤੇ ਬਹੁਤ ਕੀਮਤੀ ਹਨ, ਪਰ ਫਿਰ ਭੀ ਹਰ ਰਤਨ ਦੀ ਕੀਮਤ ਪੈ ਜਾਂਦੀ ਹੈ। ਕੀਮਤੀ ਰਤਨਾਂ ਵਿੱਚੋਂ ਕੋਹਿਨੂਰ ਹੀਰਾ ਬਹੁਤ ਵੱਡਮੁੱਲਾ ਤੇ ਕੀਮਤੀ ਮੰਨਿਆ ਗਿਆ ਹੈ। ਕੋਹਿਨੂਰ ਬਾਰੇ ਜ਼ਿਕਰ ਆਉਂਦਾ ਹੈ ਕਿ ਕੋਹਿਨੂਰ ਹੀਰਾ ਇਕ ਪ੍ਰਸਿੱਧ ਹੀਰਾ ਹੈ ਜੋ ਨੂਰ (ਪ੍ਰਕਾਸ਼) ਦਾ ਕੋਹ (ਪਹਾੜ) ਮੰਨਿਆ ਗਿਆ ਹੈ। ਇਸ ਦੀ ਬਾਬਤ ਬਹੁਤ ਕਲਪਨਾ ਕਰਦੇ ਹਨ ਕਿ ਪਹਿਲਾਂ ਕਰਣ ਅਤੇ ਅਰਜੁਨ ਪਾਸ, ਫਿਰ ਬਿਕ੍ਰਮਾਦਿਤ ਪਾਸ ਰਿਹਾ, ਪਰ ਇਤਿਹਾਸ ਦਾ ਕੋਈ ਪ੍ਰਬਲ ਪ੍ਰਮਾਣ ਨਹੀਂ ਮਿਲਦਾ। ਜੋ ਪ੍ਰਸਿੱਧ ਗੱਲ ਗ੍ਰੰਥਾਂ ਵਿਚ ਹੈ, ਉਹ ਇਉਂ ਹੈ ਕਿ ਕੋਹਿਨੂਰ ਹੀਰਾ ਫਰਵਰੀ ਸੰਨ ੧੬੨੮ ਵਿਚ ਮੀਰ ਜੁਮਲਾ ਗੋਲਕੁੰਡਾ ਦੇ ਬਾਦਸ਼ਾਹ ਅਬਦੁੱਲਾ ਕੁੱਤਬ ਸ਼ਾਹ ਦੇ ਵਜ਼ੀਰ ਨੇ ਸ਼ਾਹਜਹਾਂ ਦੀ ਭੇਟਾ ਕੀਤਾ, ਪਰ ਇਹ ਭੀ ਜ਼ਿਕਰ ਹੈ, ਬਾਬਰ ਲਿਖਦਾ ਹੈ ਕਿ ਇਬਰਾਹੀਮ ਲੋਧੀ ਦੀ ਸਹਾਇਤਾ ਕਰਨ ਵਾਲੇ ਗਵਾਲੀਅਰ ਦੇ ਹਿੰਦੂ ਰਾਜਾ ਦੇ ਪਰਿਵਾਰ ਤੋਂ ਇਹ ਹੀਰਾ ਸੰਨ ੧੫੨੬ ਵਿਚ ਹਮਾਯੂੰ ਨੂੰ ਆਗਰੇ ਤੋਂ ਪ੍ਰਾਪਤ ਹੋਇਆ ਹੈ।

ਦੂਸਰਾ ਇਹ ਭੀ ਜ਼ਿਕਰ ਹੈ ਕਿ ਜਨਵਰੀ ਸੰਨ ੧੭੩੯ ਵਿਚ ਦਿੱਲੀ ਦੀ ਲੁੱਟ ਸਮੇਂ ਇਕ ਹੀਰਾ ਨਾਦਰ ਸ਼ਾਹ ਦੇ ਕਬਜ਼ੇ ਆਇਆ ਅਤੇ ਨਾਦਰ ਸ਼ਾਹ ਨੇ ਇਸ ਦਾ ਨਾਂ ਕੋਹਿਨੂਰ ਥਾਪਿਆ। ੮ ਜੂਨ ੧੭੪੭ ਨੂੰ ਇਹ ਰਤਨ ਨਾਦਰ ਸ਼ਾਹ ਦੇ ਪੋਤੇ ਸ਼ਾਹ ਰੁੱਖ ਮਿਰਜ਼ਾ ਤੋਂ ਅਹਿਮਦਸ਼ਾਹ ਦੁਰਾਨੀ ਦੇ ਹੱਥ ਲੱਗਾ। ੧ ਜੂਨ ੧੮੧੩ ਨੂੰ ਸ਼ਾਹ-ਸ਼ੁਜਾਹ ਅਮੀਰ ਕਾਬਲ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਾਪਤ ਕੀਤਾ। ਇਸ ਉਪਰੰਤ ੩੦ ਮਾਰਚ ਸੰਨ ੧੮੪੯ ਨੂੰ ਪੰਜਾਬ ਪੁਰ ਕਬਜ਼ਾ ਕਰ ਕੇ, ਲਾਰਡ ਡਲਹੌਜ਼ੀ (**Dalhousie**) ਨੇ ੭ ਦਸੰਬਰ ਨੂੰ ਨਾਬਾਲਗ ਦਲੀਪ ਸਿੰਘ ਦੇ ਖ਼ਜ਼ਾਨੇ ਤੋਂ ਆਪਣੇ ਕਬਜ਼ੇ ਵਿਚ ਕੀਤਾ ਅਤੇ ੬ ਅਪ੍ਰੈਲ ੧੮੫੦ ਈ. ਨੂੰ ਕਰਨਲ ਮੈਕਸਨ (**Col. Macson**) ਹੱਥ ਮੁੰਬਈ ਤੋਂ ਜਹਾਜ਼ **Medea** ਵਿਚ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਨੂੰ ਭੇਜਿਆ ਗਿਆ, ਜੋ ਤਿੰਨ ਜੁਲਾਈ ਨੂੰ ਮਹਾਰਾਣੀ ਦੇ ਹੱਥ ਪਹੁੰਚਿਆ।

ਇਸ ਦਾ ਪਹਿਲਾਂ ਤੋਲ ੩੧੯ ਰੱਤੀ ਸੀ। ਹੁਣ ਤਰਾਸ਼ਣ ਤੋਂ ੧੦੨ ਰੱਤੀ ਰਹਿ ਗਿਆ ਹੈ। ਵਲਾਇਤ ਦੇ ਰਤਨ-ਪ੍ਰੀਖਿਅਕਾਂ ਨੇ ਇਸ ਦਾ ੩੦ ਲੱਖ ਪੌਂਡ ਮੁੱਲ ਪਾ ਦਿੱਤਾ ਹੈ। ਇਸ ਤਰ੍ਹਾਂ ਸੰਸਾਰਕ ਰਤਨ ਦੀ ਕੀਮਤ ਪੈ ਜਾਂਦੀ ਹੈ।

ਜਿਸ ਤਰ੍ਹਾਂ ਅੱਜ ਤੋਂ ਕਿਤਨਾ ਸਮਾਂ ਪਹਿਲਾਂ ਇੰਗਲੈਂਡ ਦੇ ਮਾਹਿਰਾਂ ਨੇ ੩੦ ਲੱਖ ਪੌਂਡ ਕੀਮਤ ਕੋਹਿਨੂਰ ਹੀਰੇ ਦੀ ਪਾਈ ਸੀ, ਇਸ ਤਰ੍ਹਾਂ ਹੋਰ ਭੀ ਰਤਨਾਂ ਦੀ ਕੀਮਤ ਦੇ ਜ਼ਿਕਰ ਮਿਲਦੇ ਹਨ। ਇਕ ਤਾਨੇਸ਼ਾਹ ਸੀ, ਉਸ ਪਾਸ ਕੀਮਤੀ ਰਤਨ ਸੀ। ਉਸ ਰਤਨ ਦੀ ਕੀਮਤ ਔਰੰਗਜ਼ੇਬ ਨੇ ਜਾਨਣੀ ਚਾਹੀ। ਆਖ਼ਰ ਵੱਡਮੁੱਲੀ ਕੋਈ ਭੀ ਵਸਤੂ ਹੋਵੇ, ਮਨੁੱਖ ਉਸ ਦੀ ਕੀਮਤ ਜ਼ਰੂਰ ਜਾਨਣਾ ਚਾਹੁੰਦਾ ਹੈ। ਉਸ ਨੂੰ ਪਤਾ ਲੱਗ ਜਾਵੇ ਕਿ ਇਸ ਤਾਨੇਸ਼ਾਹ ਪਾਸ ਕਿਤਨੀ ਕੀਮਤ ਦੀ ਇਹ ਵਸਤੂ ਹੈ। ਰਾਜਿਆਂ-ਮਹਾਰਾਜਿਆਂ ਪਾਸ ਹੀਰੇ-ਰਤਨ ਹੋਇਆ ਕਰਦੇ ਸਨ, ਪਰ ਉਹਨਾਂ ਨੂੰ ਪਤਾ ਹੁੰਦਾ ਸੀ ਕਿ ਮੇਰੇ ਪਾਸ ਇਹ ਇਤਨੀ ਕੀਮਤ

ਦੇ ਹੀਰੇ ਹਨ।

## ਸਾਖੀ—ਔਰੰਗਜ਼ੇਬ ਤੇ ਤਾਨੇ ਸ਼ਾਹ ਦੇ ਜੰਗ ਦੀ

ਦਿੱਲੀ ਦੀ ਸੰਗਤ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਦੇ ਪਾਸੋਂ ਪੁੱਛਣ 'ਤੇ ਦਸਮੇਸ਼ ਗੁਰੂ ਜੀ ਨੇ ਇਸ ਤਰ੍ਹਾਂ ਦੱਸਿਆ ਕਿ ਔਰੰਗਜ਼ੇਬ ਬਾਦਸ਼ਾਹ ਦਾ ਤਾਨਾ ਸ਼ਾਹ ਨਾਲ ਜੰਗ ਕਿਸ ਕਾਰਨ ਕਰ ਕੇ ਹੋਇਆ ਹੈ। ਤਾਨਾਸ਼ਾਹ ਦਾ ਅਸਲ ਨਾਮ ਅਬੂ ਹੁਸੈਨ ਸੀ। ਇਹ ਗੋਲਕੁੰਡਾ (ਦੱਖਣ) ਦੇ ਸਿੰਘਾਸਨ ਪੁਰ ਸੰਨ ੧੬੭੨ ਵਿਚ ਬੈਠਾ ਸੀ। ਇਸ ਪਾਸ ਇਕ ਬਹੁਤ ਵੱਡਮੁੱਲਾ ਰਤਨ ਸੀ ਜੋ ਇਸ ਦੀ ਮੁੰਦਰੀ ਵਿਚ ਜੜਤਕਾਰੀ ਕੀਤਾ ਹੋਇਆ ਸੀ। ਔਰੰਗਜ਼ੇਬ ਦੀ ਸਮੁੱਚੀ ਦਿੱਲੀ ਦੀ ਸਲਤਨਤ ਨਾਲੋਂ ਤਿੰਨ ਗੁਣਾ ਵੱਧ ਕੀਮਤ ਦਾ ਇਹ ਰਤਨ ਸੀ ਜਿਸ ਨੂੰ ਪ੍ਰਾਪਤ ਕਰਨ ਵਾਸਤੇ ਅਤੇ ਦੱਖਣ ਗੋਲਕੁੰਡੇ 'ਤੇ ਆਪਣਾ ਕਬਜ਼ਾ ਕਰਨ ਲਈ ਔਰੰਗਜੇਬ ਨੇ ਤਾਨਾਸ਼ਾਹ ਨਾਲ ਜੰਗ ਲੜਿਆ।

**ਛਾਪ ਆਪਨੀ ਮਹਿਂ ਸੋ ਰਾਖਤਿ। ਤਿਸ ਲੈਬੇ ਹਿਤ ਇਹ ਅਭਿਲਾਖਤਿ।**
**ਤਾਨੇਸ਼ਾਹ ਉਭਾਰਯੋ ਹਾਥ। ਜਿਸ ਮਹਿ ਰਤਨ ਮੁੰਦਰੀ ਸਾਥ।**
**ਸਲਤਨਤ ਦਿੱਲੀ ਕੀ ਤ੍ਰੈ ਗੁਨੀ। ਤਉ ਨ ਇਸ ਕੀ ਕੀਮਤ ਪੁਨੀ।**
**ਅਹੈ, ਅਮੋਲਾ ਹੋਇ ਨ ਮੋਲ। ਦ੍ਵੈਦਸ਼ ਰੰਚਕ ਭਰ ਲੱਖ ਤੋਲ।**

ਸੰਨ ੧੬੮੭ ਵਿਚ ਔਰੰਗਜ਼ੇਬ ਨੇ ਤਾਨਾਸ਼ਾਹ ਨੂੰ ਜਿੱਤ ਕੇ ਦੌਲਤਾਬਾਦ ਵਿਚ ਕੈਦ ਕੀਤਾ ਸੀ। ਗੋਲਕੁੰਡਾ ਦਿੱਲੀ ਰਾਜ ਨਾਲ ਮਿਲ ਗਿਆ ਸੀ। ਤਾਨਾ ਸ਼ਾਹ ਦੀ ਮੌਤ ਸੰਨ ੧੭੦੪ ਵਿਚ ਹੋਈ ਸੀ। ਇਹ ਕੁਤਬਸ਼ਾਹੀ ਬੰਸ ਦਾ ਅੰਤਮ ਬਾਦਸ਼ਾਹ ਸੀ ਅਤੇ ਔਰੰਗਜ਼ੇਬ ਬਾਦਸ਼ਾਹ ਨੇ ਤਾਨਾਸ਼ਾਹ ਨਾਲ ਜੰਗ ਲੜਨ ਤੋਂ ਪਹਿਲਾਂ ਜੋ ਤਾਨਾਸ਼ਾਹ ਪਾਸ ਰਤਨ ਸੀ, ਉਸ ਦੀ ਪਰਖ ਕਰ ਕੇ ਕੀਮਤ ਜਾਣਨ ਲਈ ਇਕ ਪਾਰਖੂ ਜੌਹਰੀ ਭੇਜਿਆ ਸੀ। ਜੌਹਰੀ ਜਿਸ ਵੇਲੇ ਤਾਨਾਸ਼ਾਹ ਪਾਸ ਗਿਆ ਤਾਂ ਕਈ ਕਦਮਾਂ ਦੀ ਦੂਰੀ ਤੋਂ ਹੀ ਰਤਨ ਦਾ ਪ੍ਰਤਿਬਿੰਬ ਜੌਹਰੀ ਦੇ ਜਾਮੇ ਉੱਪਰ ਪਿਆ ਸੀ, ਜਿਸ ਅਕਸ ਨੂੰ ਦੇਖ ਕੇ ਰਤਨ ਦੀ ਕੀਮਤ ਪਰਖ ਕੇ ਜੌਹਰੀ ਨੇ ਔਰੰਗਜ਼ੇਬ ਨੂੰ ਦੱਸੀ ਸੀ। ਤਾਂ ਹੀ ਬਾਦਸ਼ਾਹ ਨੇ ਇਹ ਕੀਮਤੀ ਰਤਨ ਲੈਣ ਵਾਸਤੇ ਜੰਗ ਲੜਿਆ ਸੀ।

**ਜਾਮਾ ਹੁਤੋ ਜੌਹਰੀ ਗਰੇ। ਤਿਹ ਪ੍ਰਤਿਬਿੰਬ ਆਨਿ ਤਿਹ ਪਰੇ।**
**ਪਿਖ ਪ੍ਰਕਾਸ਼ ਕੋ ਪਰਖਿਯੋ ਨੀਕੋ। ਮੋਲ ਤੋਲ ਜਾਨਿਯੋ ਤਿਸਹੀ ਕੋ।**

ਰਾਗੁ ਸੂਹੀ ਛੰਤ ਮਹਲਾ 5 ਘਰੁ 3 ੧ੴ ਸਤਿਗੁਰ ਪ੍ਰਸਾਦਿ ॥ ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥ ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ

ਧਿਆਈ ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥ ੧ ॥ ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥ ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥ ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ ॥ ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥ ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥ 2 ॥ ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ ॥ ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ ॥ ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥ ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥ ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥ ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ ॥ 3 ॥ ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਾ ਰਾਮ ॥ ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਾ ਰਾਮ ॥ ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥ ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥ ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਾ ॥ ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਾ ॥ 4 ॥ ੧ ॥ 4 ॥

ਪਦ ਅਰਥ :- ਬੈਰਾਗਰੋ=ਵੈਰਾਗ ਵਾਲਾ। ਮੈ ਜੇਹੀ=ਮੇਰੇ ਵਰਗੀਆਂ। ਘਣ=ਬਹੁਤ, ਅਣਗਿਣਤ। ਚੇਰੀ=ਚੇਲੀਆਂ, ਦਾਸੀਆਂ। ਸਾਗਰੋ=ਸਮੁੰਦਰ। ਰਤਨਾਗਰੋ=ਰਤਨਾਕਰ, ਰਤਨਾਂ ਦੀ ਖਾਨ, ਰਤਨਾਂ ਦਾ ਖ਼ਜ਼ਾਨਾ। ਹਉ=ਮੈਂ। ਸਾਰ=ਕਦਰ। ਵਡ ਦਾਣਾ=ਵੱਡਾ ਸਿਆਣਾ। ਮਿਹਰੰਮਤਿ=ਮਿਹਰ, ਕਿਰਪਾ। ਸਾਂਈ=ਹੇ ਸਾਈਂ ! (ਮਾਲਕ)। ਸਾ=ਅਜੇਹੀ। ਧਿਆਈ=ਮੈਂ ਧਿਆਵਾਂ। ਰੇਣ ਹੋਵੀਜੈ=(ਚਰਨ) ਧੂੜ ਹੋ ਜਾ।੧। ਗਹਿਰ=ਗਹਿਰਾ, ਡੂੰਘਾ। ਬਹੁਰੀਆ=ਵਹੁਟੀ, ਇਸਤਰੀ। ਇਤਨੀਕ ਲਹੁਰੀਆ=ਇਤਨੀ ਛੋਟੀ, ਭਾਵ ਬਹੁਤ ਛੋਟੀ। ਸੁਜਾਨਾ=ਸਿਆਣਾ। ਅੰਮ੍ਰਿਤ ਦ੍ਰਿਸਟਿ=ਅੰਮ੍ਰਿਤ ਦ੍ਰਿਸਟੀ, ਅੰਮ੍ਰਿਤ ਭਰੀ (ਨਿਗਾਹ)। ਨਿਮਖ=ਅੱਖ ਝਮਕਣ ਜਿਤਨਾ ਸਮਾਂ। ਪ੍ਰਭ=ਹੇ ਪ੍ਰਭੂ !। ਮਾਨਾ=ਮਾਣਾ। ਚਰਣਹ ਸਰਨੀ=ਚਰਨਾਂ ਦੀ ਸ਼ਰਨ ਹਾਂ। ਦਾਸਹ ਦਾਸੀ=ਦਾਸਾਂ ਦੀ ਦਾਸੀ ਹਾਂ। ਮਨਿ ਮਉਲੈ=ਮਨ ਦੇ ਖਿੜਨ ਨਾਲ। ਹਰੀਆ=ਹਰਾ ਭਰਾ। ਭਾਵਨ=ਮਰਜ਼ੀ।੨। ਮਾਣਾ=ਮਾਣ, ਫ਼ਖ਼ਰ। ਤਾਣਾ=ਤਾਣ, ਜ਼ੋਰ, ਬਲ। ਸੁਰਤਿ=ਸੋਝੀ।

ਮਤਿ=ਅਕਲ। ਚਤੁਰਾਈ=ਸਿਆਣਪ। ਤੂੰ ਜਾਣਾਇਹਿ=ਤੂੰ ਜਣਾਉਂਦਾ (ਸਮਝਾਉਂਦਾ) ਹੈਂ। ਜਾਣਾ=ਮੈਂ ਸਮਝ ਸਕਦੀ ਹਾਂ। ਸਿਰੰਦੇ=ਸਿਰਜਣਹਾਰ ਦੀ। ਰਾਹੀ=ਰਾਹਾਂ ਵਿਚ। ਫਾਥੀ=ਫਸੀ। ਮਾਇਆ ਫੰਦੇ=ਮਾਇਆ ਦੀ ਫਾਹੀ ਵਿਚ। ਗੁਣਵੰਤੀ-ਗੁਣਾਂ ਵਾਲੀ।੩। ਵਾਰੀ ਵੰਞਾ=ਕੁਰਬਾਨ ਜਾਵਾਂ। ਘੋਲੀ ਵੰਞਾ=ਸਦਕੇ ਜਾਵਾਂ। ਪਰਬਤ=ਪਹਾੜ ਵਰਗਾ। ਬਲਿ ਜਾਈ=ਬਲਿਹਾਰ ਜਾਂਦੀ ਹਾਂ। ਜਿਨਿ=ਜਿਸ ਨੇ। ਮਿਟੇ ਅੰਧਾਰੇ=(ਮਾਇਆ ਮੋਹ ਦੇ) ਹਨੇਰੇ ਦੂਰ ਹੋ ਗਏ। ਤਜੇ ਬਿਕਾਰੇ=ਵਿਕਾਰ ਛੱਡ ਦਿੱਤੇ। ਮਨੁ ਮਾਨਾ=ਮਨ ਪਤੀਜ ਗਿਆ। ਭਾਣੀ=ਚੰਗੀ ਲੱਗੀ। ਭਈ ਨਿਕਾਣੀ=ਬੇ-ਮੁਥਾਜ ਹੋ ਗਈ ਹਾਂ। ਅਮੋਲੀ=ਅਮੋਲਕ। ਭਾਰਾ ਤੋਲੀ=ਭਾਰੇ ਤੋਲ ਵਾਲੀ। ਮੁਕਤੀ=(ਬੰਧਨਾਂ ਤੋਂ) ਛੁਟਕਾਰਾ। ਜੁਗਤਿ=(ਜੀਵਨ)-ਜਾਚ। ਦਰੁ=ਰਸਤਾ। ਖੋਲ੍ਹਾ=ਖੁੱਲ੍ਹ ਗਿਆ ਹੈ। ਓਲ੍ਹਾ=ਪਰਦਾ।੪।੧।੪।

ਅਰਥ :- (ਹੇ ਪ੍ਰਭੂ ਵਾਹਿਗੁਰੂ ਜੀ !) ਤੂੰ ਸਾਡਾ ਮਾਲਕ ਹੈਂ, ਤੂੰ ਵੈਰਾਗ ਵਾਲਾ (ਇੱਛਾ ਰਹਿਤ ਹੈ), ਮੇਰੇ ਵਰਗੀਆਂ ਅਨਗਿਣਤ (ਤੇਰੀਆਂ) ਦਾਸੀਆਂ ਹਨ। ਤੂੰ ਸਮੁੰਦਰ (ਭਾਵ ਅਥਾਹ ਸ਼ੁੱਭ ਗੁਣਾਂ ਰੂਪੀ) ਰਤਨਾਂ ਦਾ ਖਜ਼ਾਨਾ ਹੈਂ (ਪਰ) ਮੈਂ ਤੇਰੀ ਸਾਰ ਸੰਭਾਲ, ਕਦਰ ਕਰਨੀ ਨਹੀਂ ਜਾਣੀ। (ਹੇ ਮੇਰੇ ਮਾਲਕ ਪ੍ਰਭੂ !) ਮੈਂ ਤੇਰੀ ਸਾਰ ਸੰਭਾਲ ਕਰਨ ਰੂਪੀ ਕਦਰ ਨਹੀਂ ਜਾਣਦੀ, ਤੂੰ ਵੱਡਾ ਸਿਆਣਾ ਹੈਂ ਅਤੇ ਹੇ ਸਾਈਂ ! (ਮੇਰੇ ਉੱਤੇ) ਆਪਣੀ ਮਿਹਰ ਕਰ। (ਮੇਰੇ 'ਤੇ) ਕਿਰਪਾ ਕਰ (ਤੇ) ਅਜਿਹੀ ਮਤ (ਅਕਲ) ਬਖ਼ਸ਼ ਕਿ ਮੈਂ ਅੱਠੇ ਪਹਿਰ ਤੈਨੂੰ ਧਿਆਉਂਦੀ (ਸਿਮਰਦੀ) ਰਹਾਂ।

(ਹੁਣ ਹਜ਼ੂਰ ਬਖ਼ਸ਼ਿਸ਼ ਦੇ ਘਰ ਵਿਚ ਆ ਕੇ ਸਿੱਖਿਆ ਦੇਂਦੇ ਹਨ ਕਿ ਹੇ ਭਾਈ !) ਹੰਕਾਰ ਨਹੀਂ ਕਰਨਾ ਚਾਹੀਦਾ (ਸਾਰਿਆਂ ਦੇ ਚਰਨਾਂ ਦੀ) ਧੂੜ ਬਣੇ ਰਹਿਣਾ ਚਾਹੀਦਾ ਹੈ ਤਾਂ ਤੇਰੀ ਗਤੀ ਹੋ ਸਕੇਗੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ) ਮਾਲਕ ਸਭ ਤੋਂ ਉਪਰ (ਭਾਵ ਉੱਚਾ ਹੈ ਅਤੇ) ਮੇਰੇ ਜਿਹੀਆਂ ਅਣਗਿਣਤ (ਉਸ ਦੀਆਂ) ਦਾਸੀਆਂ ਹਨ।੧।

(ਹੇ ਪ੍ਰਭੂ ਵਾਹਿਗੁਰੂ ਜੀ !) ਤੂੰ ਗਉਹਰ=ਮੋਤੀ ਦੀ ਤਰ੍ਹਾਂ ਸ਼ੁੱਧ ਸਰੂਪ ਤੇ ਅਮੋਲਕ ਹੈਂ, ਅਤੀ ਡੂੰਘਾ ਤੇ ਗੰਭੀਰ ਹੈਂ ਅਤੇ ਤੂੰ ਮੇਰਾ ਪਤੀ ਹੈਂ, ਮੈਂ ਤੇਰੀ ਇਸਤਰੀ (ਵਤ ਮੂਰਖ ਤੇ ਹੋਛੀ ਹਾਂ)। (ਤੁਸੀਂ) ਵੱਡੇ, ਵੱਡਿਆਂ ਨਾਲੋਂ ਭੀ ਵੱਡੇ (ਅਤੇ) ਬਹੁਤ ਉੱਚੇ ਹੋ (ਅਤੇ) ਮੈਂ ਇਤਨੀ ਜਿਹੀ ਭਾਵ ਬਹੁਤ ਹੀ ਛੋਟੀ ਹਾਂ। (ਹੇ ਪ੍ਰਭੂ !) ਮੈਂ ਕੁਝ ਭੀ ਨਹੀਂ ਹਾਂ, ਇਕੋ ਤੂੰ ਹੀ (ਸਭ ਕੁਝ) ਹੈਂ, (ਤੂੰ) ਆਪ ਹੀ ਆਪ ਸਭ ਕੁਝ ਜਾਣਨ ਵਾਲਾ ਹੈਂ। ਹੇ ਪ੍ਰਭੂ ! ਅੱਖ ਝਮਕਣ ਜਿਤਨੇ ਸਮੇਂ ਲਈ ਭਾਵ ਤੇਰੀ ਥੋੜੀ ਜਿਹੀ ਅੰਮ੍ਰਿਤ-ਦ੍ਰਿਸ਼ਟੀ ਨਾਲ ਮੈਂ ਜੀਉਂਦੀ ਹਾਂ (ਅਤੇ) ਇਸੇ ਵਿਚ ਮੈਂ ਸਾਰੇ (ਆਤਮਿਕ) ਰੰਗ, ਅਨੰਦ ਰਸ ਮਾਣਦੀ ਹਾਂ। (ਹੇ ਪ੍ਰਭੂ ਮੇਰੇ ਮਾਲਕ ਜੀ ! ਮੈਂ ਤੇਰੇ) ਚਰਨਾਂ ਦੀ ਸ਼ਰਣ ਵਿਚ ਹਾਂ, (ਤੇਰੇ) ਦਾਸਾਂ ਦੀ ਦਾਸੀ ਹਾਂ ਅਤੇ ਮੇਰੇ ਮਨ ਦੇ ਪ੍ਰਫੁੱਲਤ ਹੋਣ ਨਾਲ (ਮੇਰਾ) ਸਰੀਰ ਭੀ ਹਰਾ-ਭਰਾ ਹੋ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ ! ਉਹ) ਮਾਲਕ ਸਾਰਿਆਂ (ਜੀਵਾਂ) ਵਿਚ ਸਮਾਇਆ ਹੋਇਆ ਹੈ (ਅਤੇ ਉਹ ਪ੍ਰਭੂ) ਆਪਣੀ ਮਰਜ਼ੀ ਕਰਦਾ ਹੈ।੨।

(ਹੇ ਪ੍ਰਭੂ ਮੇਰੇ ਮਾਲਕ ਜੀ !) ਮੇਰਾ ਤੇਰੇ ਉੱਤੇ ਮਾਣ (ਫ਼ਖ਼ਰ) ਹੈ, ਤੂੰ ਹੀ ਮੇਰਾ ਤਾਣ (ਸਹਾਰਾ) ਹੈਂ।

(ਜੋ ਮੇਰੇ ਅੰਦਰ) ਸੁਰਤਿ=ਗਿਆਤ, ਸੋਝੀ, ਅਕਲ, ਸਿਆਣਪ ਹੈ, (ਉਹ ਸਭ) ਤੇਰੀ (ਬਖ਼ਸ਼ੀ ਹੋਈ ਹੈ), ਤੂੰ ਜੋ ਕੁਝ ਜਣਾਉਂਦਾ (ਸਮਝਾਉਂਦਾ) ਹੈਂ ਤਾਂ ਹੀ ਕੋਈ ਜਾਣ (ਸਮਝ) ਸਕਦਾ ਹੈ। (ਹੇ ਭਾਈ !) ਓਹੀ (ਮਨੁੱਖ ਜੀਵਨ ਦਾ ਸਹੀ ਰਸਤਾ) ਸਮਝਦਾ ਹੈ, ਓਹੀ (ਪ੍ਰਭੂ ਨੂੰ) ਪਛਾਣ ਸਕਦਾ ਹੈ, ਜਿਸ ਉੱਤੇ ਸਿਰਜਣਹਾਰ (ਦਾਤਾਰ ਦੀ) ਨਦਰਿ=ਕਿਰਪਾ ਦ੍ਰਿਸ਼ਟੀ ਹੋਵੇ। ਮਨਮੁਖ (ਜੀਵ-ਇਸਤਰੀ) ਬਹੁਤ ਰਾਹਾਂ 'ਤੇ ਭੁੱਲਦੀ ਫਿਰਦੀ ਹੈ (ਅਤੇ) ਮਾਇਆ ਦੇ ਬੰਧਨਾਂ ਵਿਚ ਫਸੀ ਪਈ ਹੈ। (ਅਸਲ ਵਿਚ ਜਿਹੜੀ ਜੀਵ-ਇਸਤਰੀ) ਪ੍ਰਭੂ-ਪਤੀ ਨੂੰ ਚੰਗੀ ਲੱਗ ਗਈ ਹੈ, ਓਹੀ (ਸ੍ਰੇਸ਼ਟ) ਗੁਣਾਂ ਵਾਲੀ ਹੈ (ਅਤੇ) ਉਸ ਨੇ ਹੀ ਸਾਰੇ (ਆਤਮਿਕ) ਰੰਗ=ਅਨੰਦਾਂ ਨੂੰ ਮਾਣਿਆ ਹੈ। ਨਾਨਕ ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਮੇਰੇ ਮਾਲਕ ! ਤੂੰ ਹੀ ਮੇਰੇ ਮਨ ਦੀ ਟੇਕ ਹੈਂ (ਅਤੇ) ਤੂੰ ਹੀ ਮੈਂ ਨਾਨਕ ਦਾ ਮਾਣ (ਮਹੱਤ) ਹੈਂ।੩।

(ਹੇ ਪ੍ਰਭੂ ! ਵਾਹਿਗੁਰੂ ਜੀ !) ਮੈਂ (ਤੇਰੇ ਤੋਂ) ਕੁਰਬਾਨ ਜਾਂਦੀ ਹਾਂ, ਸਦਕੇ ਜਾਂਦੀ ਹਾਂ, ਤੂੰ ਪਰਬਤ (ਵਾਂਗੂੰ ਭਾਰੀ) ਮੇਰਾ ਪੜਦਾ ਹੈਂ। ਮੈਂ ਇਕ ਵਾਰ ਨਹੀਂ, ਮੈਂ ਤਾਂ ਤੇਰੇ ਤੋਂ ਲੱਖਾਂ ਵਾਰੀ ਬਲਿਹਾਰ ਜਾਂਦੀ ਹਾਂ ਜਿਸ ਨੇ (ਮੇਰੇ ਅੰਦਰੋਂ) ਭਰਮ (ਅਗਿਆਨ) ਰੂਪੀ ਪੜਦਾ ਖੋਲ੍ਹ ਦਿੱਤਾ ਹੈ। (ਮੇਰੇ ਅਗਿਆਨਤਾ ਦੇ) ਹਨੇਰੇ ਦੂਰ ਹੋ ਗਏ ਹਨ, (ਮੈਂ) ਵਿਸ਼ੇ-ਵਿਕਾਰ ਤਿਆਗ ਦਿੱਤੇ ਅਤੇ ਮਾਲਕ ਨਾਲ (ਮੇਰਾ) ਮਨ ਮੰਨ ਗਿਆ ਭਾਵ ਪਤੀਜ ਗਿਆ ਹੈ। ਮੈਂ ਪ੍ਰਭੂ ਜੀ ਨੂੰ ਚੰਗੀ ਲੱਗ ਗਈ ਹਾਂ, (ਦੁਨੀਆਂ ਵੱਲੋਂ) ਬੇ-ਮੁਥਾਜ ਹੋ ਗਈ ਹਾਂ ਅਤੇ (ਮੇਰਾ ਮਨੁੱਖਾ) ਜਨਮ ਸਫਲ ਹੋ ਗਿਆ ਹੈ, ਮੈਂ (ਦਰਗਾਹ ਵਿਚ) ਪਰਵਾਨ ਹੋ ਗਈ ਹਾਂ। (ਹੁਣ ਮੇਰੀ ਜ਼ਿੰਦਗੀ) ਅਮੋਲਕ ਹੋ ਗਈ ਹੈ ਤੇ ਮੈਂ ਭਾਰੇ ਤੋਲ ਵਾਲੀ ਹੋ ਗਈ ਹਾਂ, (ਭਾਵ ਸ਼ੁੱਭ ਗੁਣਾਂ ਨਾਲ ਭਰਪੂਰ ਹੋ ਗਈ ਹਾਂ) ਅਤੇ (ਸੰਸਾਰ ਦੇ ਬੰਧਨਾਂ ਤੋਂ) ਮੈਂ ਮੁਕਤ ਹੋ ਗਈ ਹਾਂ, ਤੇ ਸੰਸਾਰ ਵਿਚ ਨਿਰਲੇਪ ਰਹਿਣ ਦੀ) ਜੀਵਨ-ਜਾਚ ਦਾ ਰਸਤਾ (ਮੇਰੇ ਲਈ) ਖੁੱਲ੍ਹ ਗਿਆ ਹੈ। ਨਾਨਕ ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ ! (ਦੁੱਖਾਂ ਰੂਪੀ ਝੱਖੜ ਹਨੇਰੀਆਂ ਤੋਂ ਬਚਾਉਣ ਵਾਲਾ ਤੂੰ) ਮੇਰਾ ਆਸਰਾ ਹੈਂ, (ਇਸ ਲਈ ਮੈਂ ਹੁਣ ਹਰ ਪ੍ਰਕਾਰ ਦੇ) ਭੈ ਤੋਂ ਰਹਿਤ ਹੋ ਗਈ ਹਾਂ।੪।੧।੪।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧56 (ਆਦਿ ਅੰਗ 780)

## ਸੂਹੀ ਮਹਲਾ 5 ॥

ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥ ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥ ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥ ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥ ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥ ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥ ੧ ॥ ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥ ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥ ਹਰਿ ਧੂੜੀ ਨਾਈਐ ਪ੍ਰਭੁ ਧਿਆਈਐ ਬਾਹੁੜਿ ਜੋਨਿ ਨ ਆਈਐ ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥ ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥ ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥ 2 ॥ ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥ ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮ ਪਦ ਪਾਏ ਰਾਮ ॥ ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥ ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥ ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥ ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥ 3 ॥ ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥ ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ ॥ ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥ ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥ ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥ ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥ 4 ॥ 2 ॥ 5 ॥

## ਪ੍ਰਾਕ੍ਕਥਨ :

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ੍ਰੀ ਮੁਖਵਾਕ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਅਰੰਭ ਵਿਚ ਹਜ਼ੂਰ ਨੇ ਸਤਿਗੁਰੂ ਪੂਰੇ ਦਾ ਜ਼ਿਕਰ ਕੀਤਾ ਹੈ, ਕਿਉਂਕਿ ਸੰਸਾਰ ਅੰਦਰ ਅਧੂਰੇ ਗੁਰੂ ਬਹੁਤ ਬਣੇ ਫਿਰਦੇ ਹਨ।

## ਵਿਸ਼ਾ — ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ

ਗੁਰੂ ਕਿਸ ਨੂੰ ਕਹਿੰਦੇ ਹਨ ? ਗੁਰੂ ਦੇ ਅਰਥ ਕੋਸ਼ਾਂ ਵਿਚ ਇਸ ਪ੍ਰਕਾਰ ਆਏ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਇਸ ਤਰ੍ਹਾਂ ਕਿਹਾ ਹੈ : ਗੁਰੁ-ਗੁਰੂ, ਸੰਗਯਾ ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ। ਇਸ ਦੇ ਅਰਥ ਹਨ, ਨਿਗਲਣਾ ਅਤੇ ਸਮਝਾਉਣਾ। ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵ ਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ। (ਮਹਾਨ ਕੋਸ਼) ਅਗਯਾਨ ਵਿਨਾਸ਼ਕ, ਸੱਤਯ ਅਤੇ ਹਿੱਤ ਉਪਦੇਸ਼ ਦਾ ਨਾਉਂ ਗੁਰੂ ਹੈ, ਪਰ ਇਸ ਸ਼ਬਦ ਦੀ ਗੁਰੂ ਨਾਨਕ ਦੇਵ ਜੀ ਵਿਚ ਰੂਢੀ ਸ਼ਕਤੀ ਹੈ, ਜੋ ਕਰਤਾਰ ਵੱਲੋਂ ਸੰਸਾਰ ਮਾਤਰ ਦੇ ਉਧਾਰ ਵਾਸਤੇ ਜਗਤ-ਗੁਰੂ ਥਾਪੇ ਗਏ ਹਨ।

**ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥** (ਅੰਗ 72)

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਤਿਪਾਦਿਤ ਭਗਤੀ ਅਸਲ ਵਿਚ ਪੱਥ-ਪ੍ਰਦਰਸ਼ਕ (ਗੁਰੂ) ਦੀ ਬੜੀ ਅਹਿਮ ਦੇਣ ਹੈ। ਗੁਰੂ ਤੋਂ ਬਿਨਾਂ ਗੁਰਮਤਿ-ਭਗਤੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸੱਚ ਤਾਂ ਇਹ ਹੈ ਕਿ ਭਗਤੀ ਹੈ ਹੀ ਗੁਰੂ ਦੀ ਦੇਣ, ਗੁਰੂ ਦੇ ਉਪਦੇਸ਼ ਬਗ਼ੈਰ ਭਗਤੀ ਸਫਲੀ ਨਹੀਂ ਹੋ ਸਕਦੀ।

**ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥** (ਅੰਗ 22)

ਸ੍ਰੀ ਗੁਰੂ ਰਾਮਦਾਸ ਜੀ ਨੇ ਪੂਰਨ ਗੁਰੂ ਦੀ ਸਿਫ਼ਤ ਕਰਦਿਆਂ ਸਲੋਕ ਵਾਰਾਂ ਤੇ ਵਧੀਕ ਅੰਦਰ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ :

**ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ॥**
**ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ॥**
**ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ॥**
**ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥**
**ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ॥**
**ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ॥**

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥**
**ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ॥**

(ਅੰਗ ੧੪੨੧)

ਭਾਈ ਗੁਰਦਾਸ ਜੀ ਨੇ ਪੂਰਨ ਗੁਰੂ ਦੀ ਸਿਫ਼ਤ ਕਰਦਿਆਂ ਵਾਰ ੨੬ਵੀਂ ਅੰਦਰ ਕਿਹਾ ਹੈ ਕਿ ਪੂਰਨ ਸਤਿਗੁਰੂ ਗੁਣੀ ਨਿਧਾਨ ਅਤੇ ਔਗਣਾਂ ਨੂੰ ਬਖ਼ਸ਼ਣ ਵਾਲਾ ਹੈ ਅਤੇ ਪੂਰਾ ਵੈਦ ਹੈ। ਪੰਜਾਂ ਅਸਾਧ ਰੋਗਾਂ ਦੇ ਜੋ ਦੁਨੀਆਂ ਦੇ ਕਿਸੇ ਡਾਕਟਰ ਵੈਦ ਪਾਸੋਂ ਇਲਾਜ ਨਹੀ ਹੋ ਸਕਦੇ, ਉਨ੍ਹਾਂ ਰੋਗਾਂ ਦਾ ਗੁਰੂ ਨਿਵਾਰਣਹਾਰਾ ਹੈ। ਨਿੰਦਕ, ਦੋਖੀਆਂ ਅਤੇ ਬੇਮੁਖਾਂ ਨੂੰ ਪੂਰਨ ਨਿਰਵੈਰ ਗੁਰੂ ਤਾਰਣ ਵਾਲਾ ਹੈ। ਪੂਰਨ ਸਤਿਗੁਰੂ ਐਸਾ ਆਗੂ ਹੈ ਜੋ ਬਾਂਹ ਪਕੜ ਕੇ ਅੰਧਿਆਂ ਅਗਿਆਨੀਆਂ, ਪਖੰਡੀਆਂ, ਮੰਦ ਕਰਮੀਆਂ ਨੂੰ ਵੀ ਤਾਰ ਦਿੰਦਾ ਹੈ :

**ਸਤਿਗੁਰੁ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।**
**ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।**
**ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।**
**ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।**
**ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।**
**ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।**
**ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।**
**ਮਾਣੁ ਨਿਮਾਣੇ ਸਦ ਬਲਿਹਾਰੇ॥ ੧੭॥**

(ਵਾਰ 26, ਪਉੜੀ ੧੭)

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰ' ਪਦ ਦੀ ਵਿਆਖਿਆ ਦਾ ਇਕ ਹੋਰ ਥਾਂ ਇਸ ਤਰ੍ਹਾਂ ਵੀ ਜ਼ਿਕਰ ਕੀਤਾ ਹੈ ਕਿ ਸੰਗਯਾ-ਧਰਮ ਉਪਦੇਸ਼ਾਂ, ਧਰਮ ਦਾ ਆਚਾਰਯ :

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ** (ਜਪੁ ਜੀ)
**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥**

(ਵਾਰ ਮਾਝ ਮ: 2, ਅੰਗ ੧੫੦)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਪ੍ਰਕਾਰ ਦੇ ਗੁਰੂ ਦੱਸੇ ਹਨ :

(ੳ) ਭ੍ਰਿੰਗੀ—ਭ੍ਰਿੰਗੀ ਖ਼ਾਸ ਜਾਤ ਦੇ ਕੀੜੇ ਨੂੰ ਆਪ ਜਿਹਾ ਕਰ ਲੈਂਦਾ ਹੈ, ਪਰ ਹਰ ਕਿਸੇ ਕ੍ਰਿਮ ਨੂੰ ਨਹੀਂ।

(ਅ) ਪਾਰਸ ਗੁਰੂ—ਪਾਰਸ ਲੋਹੇ ਆਦਿ ਧਾਤਾਂ ਨੂੰ ਸੋਨਾ ਕਰਦਾ ਹੈ, ਪਰ ਪਾਰਸ ਅੱਗੋਂ ਕਿਸੇ ਧਾਤ ਨੂੰ ਪਾਰਸ ਨਹੀਂ ਕਰਦਾ।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਦ) ਬਾਬਨ ਚੰਦਨ ਗੁਰੂ—ਇਹ ਖ਼ਾਸ ਰੁੱਤ ਵਿਚ ਪਾਸ ਦੇ ਬ੍ਰਿਛਾਂ ਨੂੰ ਸੁਗੰਧੀ ਵਾਲਾ ਕਰ ਦਿੰਦਾ ਹੈ, ਪਰ ਸਾਰੀਆਂ ਰੁੱਤਾਂ ਵਿਚ ਨਹੀਂ ਅਤੇ ਬਾਂਸ ਨੂੰ ਤਾਂ ਕਿਸੇ ਵੀ ਰੁੱਤ ਵਿਚ ਸੁਗੰਧੀ ਵਾਲਾ ਨਹੀਂ ਕਰਦਾ।

(ਸ) ਦੀਪਕ ਗੁਰੂ—ਆਪਣੇ ਤੁਲ ਹੀ ਦੂਜੇ ਦੀਪਕ ਨੂੰ ਜੋਤ ਵਾਲਾ ਕਰ ਦਿੰਦਾ ਹੈ।

(ਮਹਾਨ ਕੋਸ਼, ਭਾਸ਼ਾ ਵਿਭਾਗ, ਪੰਨਾ ੪੧੭)

ਰਾਮ ਚਰਿੱਤ੍ਰ ਰਾਮਾਇਣ ਅੰਦਰ ਇਹ ਤਿੰਨ ਤਰ੍ਹਾਂ ਦੇ ਗੁਰੂ ਕਥਨ ਕੀਤੇ ਹਨ :

(ੳ) ਪਿੰਗਲਾ ਗੁਰੂ—ਜੋ ਸਾਧਨਾ ਰੂਪ ਪੈਰਾਂ ਤੋਂ ਬਿਨਾਂ ਹੈ, ਪਰ ਉਕਤੀਆਂ ਜੁਗਤੀਆਂ ਰੂਪ ਬਾਹਾਂ ਨਾਲ ਤਰਨਾ ਚਾਹੁੰਦਾ ਹੈ, ਪਰ ਤਰ ਨਹੀਂ ਸਕਦਾ, ਨਾ ਹੀ ਹੋਰ ਕਿਸੇ ਨੂੰ ਤਾਰ ਸਕਦਾ ਹੈ। ਹੋਰਨਾਂ ਨੂੰ ਉਪਦੇਸ਼ ਤਾਂ ਦਿੰਦਾ ਹੈ, ਪਰ ਆਪ ਕਮਾਈ ਤੋਂ ਸੱਖਣਾ ਹੋਣ ਕਰ ਕੇ ਕਿਸੇ 'ਤੇ ਅਸਰ ਨਹੀਂ ਕਰਦਾ।

(ਅ) ਅੰਧੁਲਾ ਗੁਰੂ—ਐਸਾ ਗੁਰੂ ਆਪ ਤਾਂ ਸਾਧਨਾ ਸੰਪੰਨ ਹੈ, ਪਰ ਗਿਆਨਵਾਨ ਨਹੀਂ ਹੈ। ਇਕ ਆਪ ਕਠਨ ਸਾਧਨ ਕੀਤੇ ਹਨ, ਕੀਤੇ ਸਾਧਨਾਂ ਦਾ ਹੋਰਨਾਂ ਨੂੰ ਢੰਗ ਤਰੀਕਾ ਦੱਸ ਸਕਦਾ ਹੈ, ਪਰ ਆਪ ਮੁਕਤੀ ਰੂਪ ਕਿਨਾਰੇ ਨੂੰ ਵੇਖਿਆ ਨਹੀਂ; ਇਸ ਤਰਫ਼ੋਂ ਆਪ ਅੰਧਾ ਹੈ।

(ੲ) ਪੂਰਨ ਗੁਰੂ—ਜੋ ਆਪ ਪੂਰਨ ਗਿਆਨਵਾਨ ਹੋਵੇ ਅਤੇ ਪੂਰਨ ਘਾਲ ਜਿਸ ਨੇ ਘਾਲੀ ਹੈ। ਐਸਾ ਗੁਰੂ ਉਕਤੀਆਂ ਜੁਗਤੀਆਂ ਨਾਲ ਅਧਿਕਾਰੀ ਨੂੰ ਉਪਦੇਸ਼ ਦੇ ਕੇ ਸ਼ੰਕਾ ਨਵਿਰਤ ਕਰ ਦਿੰਦਾ ਹੈ। ਇਹ ਜੀਵਨ ਕੋਟੀ ਦੇ ਗੁਰੂਆਂ ਦਾ ਨਿਰਣਾ ਹੈ ਅਤੇ ਅੱਗੇ ਐਸੇ ਹੋਰ ਗੁਰੂਆਂ ਦਾ ਜ਼ਿਕਰ ਇਸ ਪ੍ਰਕਾਰ ਹੈ।

ਅੱਠ ਤਰ੍ਹਾਂ ਦੇ ਹੋਰ ਗੁਰੂਆਂ ਦਾ ਨਿਰਣਾ ਸੰਤ ਸੁੰਦਰ ਦਾਸ ਜੀ ਨੇ ਗਿਆਨ ਸੁਮੁੰਦਰੀਕ ਗ੍ਰੰਥ ਅੰਦਰ ਇਸ ਤਰ੍ਹਾਂ ਕੀਤਾ ਹੈ :

(੧) ਬਿੱਲਾ ਗੁਰੂ—ਜੋ ਘੂਰ-ਘੂਰ, ਤਾੜ-ਤਾੜ ਕੇ ਉਪਦੇਸ਼ ਦੇਵੇ, ਐਸੇ ਉਪਦੇਸ਼ ਕਰਤਾ ਨੂੰ ਬਿੱਲਾ ਗੁਰੂ ਦੱਸਿਆ ਹੈ।

(੨) ਗਿੱਦੜ ਗੁਰੂ—ਜੋ ਸੇਵਕਾਂ ਨਾਲ ਧੋਖਾ ਕਰਦਾ ਹੈ, ਪਖੰਡ ਦਾ ਲਿਬਾਸ ਧਾਰ ਕੇ ਆਪਣੀ ਪੂਜਾ ਕਰਾਉਂਦਾ ਹੈ।

(੩) ਘੋੜਾ ਗੁਰੂ—ਜਿਸ ਤਰ੍ਹਾਂ ਘੋੜੇ 'ਤੇ ਸਵਾਰੀ ਕਰ ਕੇ ਸੈਰ ਕਰੀਦੀ ਹੈ, ਇਸ ਤਰ੍ਹਾਂ ਸੇਵਕਾਂ ਨੂੰ ਇਕੱਠੇ ਕਰ ਕੇ ਤੀਰਥ-ਯਾਤਰਾ 'ਤੇ ਲੈ ਜਾਣਾ ਅਤੇ ਸੇਵਕਾਂ ਪਾਸੋਂ ਖੁੱਲ੍ਹੀ ਮਾਇਆ ਇਕੱਠੀ ਕਰ ਲੈਣੀ, ਮਗਰੋਂ ਛਕੀ ਛਕਾਈ ਜਾਣੀ।

(੪) ਸ਼ੇਰ ਗੁਰੂ—ਜੋ ਆਪਣਿਆਂ ਸੇਵਕਾਂ ਦਾ ਮਾਲ ਧਨ ਸਾਰਾ ਹੀ ਹੜੱਪ ਕਰ ਜਾਂਦੇ ਹਨ ਅਤੇ ਸ਼ੇਰ ਦੀ ਤਰ੍ਹਾਂ ਸਭ ਕੁਝ ਖਾ ਜਾਂਦੇ ਹਨ।

(੫) ਭ੍ਰਿੰਗੀ ਗੁਰੂ—ਖ਼ਾਸ ਕਿਸਮ ਦੇ ਕੀੜੇ ਨੂੰ ਪਕੜ ਕੇ ਆਪਣੇ ਸਾਹਮਣੇ ਰੱਖ ਕੇ ਕੁਝ ਸਮੇਂ ਮਗਰੋਂ ਆਪਣੇ ਜੈਸਾ ਹੀ ਬਣਾ ਲੈਂਦਾ ਹੈ। ਇਸੇ ਤਰ੍ਹਾਂ ਕਿਸੇ ਖ਼ਾਸ ਉੱਤਮ ਅਧਿਕਾਰੀ ਨੂੰ ਉਪਦੇਸ਼ ਦੇ ਕੇ

ਗਿਆਨ ਦੁਆਰਾ ਆਪਣਾ ਰੂਪ ਬਣਾ ਲੈਂਦਾ ਹੈ।

(੬) ਪਾਰਸ ਗੁਰੂ—ਅੱਠਾਂ ਧਾਤਾਂ ਚੋਂ ਕਿਸੇ ਨੂੰ ਵੀ ਛੋਹ ਕੇ ਪਾਰਸ ਸੋਨਾ ਬਣਾ ਦਿੰਦਾ ਹੈ। ਇਸੇ ਤਰ੍ਹਾਂ ਜਗਿਆਸੂ ਨੂੰ ਸ਼ੁੱਧ ਸਰੂਪ ਦਾ ਗਿਆਨ ਕਰਾ ਦਿੰਦਾ ਹੈ, ਪਰ ਉਹ ਜਗਿਆਸੂ ਅੱਗੇ ਉਪਦੇਸ਼ ਦੇ ਕੇ ਹੋਰ ਕਿਸੇ ਨੂੰ ਸ਼ੁੱਧ ਸਰੂਪ ਨਹੀਂ ਬਣਾ ਸਕਦਾ।

(੭) ਚੰਦਨ ਗੁਰੂ—ਚੰਦਨ ਬਸੰਤ ਰੁੱਤ ਵਿਚ ਹੀ ਲਾਗਲੇ ਬ੍ਰਿਛਾਂ ਨੂੰ ਸੁਗੰਧਿਤ ਕਰਦਾ ਹੈ, ਪਰ ਬਾਂਸ ਨੂੰ ਬਸੰਤ ਰੁੱਤ ਵਿਚ ਭੀ ਨਹੀਂ ਕਰ ਸਕਦਾ। ਇਸੇ ਤਰ੍ਹਾਂ ਜੋ ਕਦੇ-ਕਦੇ ਉਪਦੇਸ਼ ਰਾਹੀਂ ਭਗਤੀ ਰੂਪ ਸੁਗੰਧੀ ਦਿੰਦਾ ਹੈ, ਹਮੇਸ਼ਾ ਉਪਦੇਸ਼ ਨਹੀਂ ਦਿੰਦਾ, ਉਹ ਚੰਦਨ ਗੁਰੂ ਹੈ।

(੮) ਦੀਪਕ ਗੁਰੂ—ਇਕ ਦੀਪਕ ਜੱਗ ਰਿਹਾ ਹੋਵੇ ਤੇ ਦੂਜਾ ਦੀਵਾ ਵੀ ਬੱਤੀ ਸਹਿਤ ਜੋ ਹੈ, ਉਸ ਨਲ ਲਾਇਆਂ ਉਹ ਭੀ ਜੱਗ ਪੈਂਦਾ ਹੈ, ਪ੍ਰਕਾਸ਼ ਕਰ ਦਿੰਦਾ ਹੈ। ਇਸੇ ਤਰ੍ਹਾਂ ਸ਼ਰਧਾ ਦੀ ਬੱਤੀ ਤੇ ਪ੍ਰੇਮ ਰੂਪ ਤੇਲ ਸੰਜੁਗਤ ਜੋ ਹੈ, ਉਸ ਨੂੰ ਉਪਦੇਸ਼ ਰਾਹੀਂ ਗਿਆਨ ਦਾ ਪ੍ਰਕਾਸ਼ ਜੋ ਕਰ ਦੇਵੇ, ਉਹ ਦੀਪਕ ਗੁਰੂ ਹੈ।

ਇਹ ਨਿਰਣਾ ਸਿਰਫ਼ ਜੀਵ ਕੋਟੀ ਦੇ ਗੁਰੂਆਂ ਦਾ ਹੀ ਹੈ। ਜੈਸੇ ਜੈਸੇ ਕਿਸੇ ਵਿਚ ਗੁਣ ਹਨ, ਉਸ ਤਰ੍ਹਾਂ ਦੀ ਉਸ ਨਾਲ ਤੁਲਨਾ ਦਿੱਤੀ ਹੈ। ਬਿੱਲੇ ਜੈਸੇ ਮਨੁੱਖ ਨੂੰ ਬਿੱਲਾ ਗੁਰੂ ਦੱਸ ਦਿੱਤਾ ਹੈ, ਗਿੱਦੜ ਜੈਸੇ ਧੋਖੇਬਾਜ਼ ਡਰਪੋਕ ਨੂੰ ਗਿੱਦੜ ਗੁਰੂ ਕਿਹਾ ਹੈ, ਪਰ ਪੂਰਨ ਗੁਰੂ ਤਾਂ ਜਗਤ ਜੀਆਂ ਦੀ ਕਲਿਆਣ ਕਰਨ ਵਾਸਤੇ ਨਿਰੰਕਾਰ ਆਪ ਗੁਰੂ ਨਾਨਕ ਰੂਪ ਹੋ ਕੇ ਸੰਸਾਰ ਅੰਦਰ ਆਏ ਹਨ।

## ਸਾਖੀ—ਪੂਰਨ ਗੁਰੂ ਦੀ

ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜੀਆਂ ਨੂੰ ਨਾਮ ਦਾਨ ਦੇ ਕੇ, ਸੁਲਤਾਨਪੁਰ ਰਹਿੰਦਿਆਂ ਮੋਦੀਖ਼ਾਨੇ ਵਿਚ ਬੈਠੇ ਸਭ ਦੀਆਂ ਝੋਲੀਆਂ ਤੇਰਾਂ-ਤੇਰਾਂ ਕਹਿ ਕੇ ਭਰਦਿਆਂ ਤਾਰ ਰਹੇ ਸਨ। ਇਸ ਸਮੇਂ ਭਾਈ ਮਰਦਾਨਾ ਹਜ਼ੂਰ ਦੀ ਚਰਨ ਸ਼ਰਨ ਵਿਚ ਆਇਆ ਤੇ ਦੋਵੇਂ ਹੱਥ ਜੋੜ ਗੁਰਦੇਵ ਨੂੰ ਮਸਤਕ ਟੇਕਿਆ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਹਾ, ਨਾਮ ਚੇਤੇ ਆਏ ਤੇ ਨਾਲ ਹੀ ਭਾਈ ਮਰਦਾਨੇ ਪਾਸੋਂ ਮਾਤਾ ਪਿਤਾ ਜੀ ਤੇ ਰਾਇ ਬੁਲਾਰ ਰਾਜੇ ਸਾਰਿਆਂ ਦੀ ਸੁੱਖ ਸਾਂਦ ਪੁੱਛੀ। ਭਾਈ ਮਰਦਾਨੇ ਨੇ ਨਗਰ ਰਾਇ-ਭੋਇ ਦੀ ਤਲਵੰਡੀ ਦੀ ਸਾਰੀ ਖ਼ਬਰ ਸਾਰ ਨਿੰਮ੍ਰਤਾ ਨਾਲ ਦੱਸੀ। ਫੇਰ ਗੁਰਦੇਵ ਨੇ ਭਾਈ ਮਰਦਾਨੇ ਦੇ ਆਵਣ ਦਾ ਕਾਰਨ ਪੁੱਛਿਆ ਤਾਂ ਦੋਵੇਂ ਹੱਥ ਜੋੜ ਬੇਨਤੀ ਕਰਕੇ ਦੱਸਿਆ, ਜੀ, ਮੇਰੀ ਸਪੁੱਤਰੀ ਦਾ ਵਿਆਹ ਰੱਖਿਆ ਹੈ, ਇਸ ਕਾਰਜ ਲਈ ਮੈਂ ਆਪ ਜੀ ਪਾਸ ਆਇਆ ਹਾਂ। ਕਿਉਂਕਿ ਜਿਸ ਵੇਲੇ ਮੈਂ ਆਪ ਜੀ ਪਾਸ ਪਹਿਲਾਂ ਆਇਆ ਸੀ, ਉਸ ਵੇਲੇ ਆਪ ਜੀ ਨੇ ਮੈਨੂੰ ਹੁਕਮ ਕੀਤਾ ਸੀ ਕਿ ਮਰਦਾਨਿਆ, ਅੱਜ ਤੋਂ ਬਾਅਦ ਤੈਂ ਸਾਥੋਂ ਬਿਨਾਂ ਹੋਰ ਕਿਸੇ ਪਾਸੋਂ ਕੁਝ ਮੰਗਣਾ ਨਹੀਂ ਹੈ। ਜਦ ਵੀ ਕਿਸੇ ਵਸਤੂ ਦੀ ਲੋੜ ਪਵੇ ਤਾਂ ਸਾਥੋਂ ਮੰਗੀਂ; ਅਸੀਂ ਤੇਰੀਆਂ ਲੋੜਾਂ ਪੂਰੀਆਂ ਕਰਾਂਗੇ।

ਗੁਰਦੇਵ ਹੁਣ ਮੇਰੀ ਲੜਕੀ ਦਾ ਵਿਆਹ ਰੱਖਿਆ ਹੈ, ਇਸ ਕਾਰਜ ਵਾਸਤੇ ਆਪ ਜੀ ਪਾਸੋਂ ਮੰਗਣ ਆਇਆ ਹਾਂ।

**ਸੁਣ ਜਜਮਾਨ ਬਚਨ ਤੁਮ ਭਾਖਾ। ਤਜਹੁ ਅਵਰ ਜਾਚਨ ਅਭਿਲਾਖਾ।**
**ਜਾਂਤੇ ਮਾਂਗੋ ਮੈਂ ਨਹਿ ਕੋਊ। ਤੁਮਰੋ ਬਚਨ ਚਿਤਾਰਤ ਸੋਊ॥ 30॥**
**ਔਰ ਚਲਤ ਨੀਕੀ ਗੁਜਰਾਨਾ। ਤਨੀਆ ਬਿਆਹਨ ਖਰਚ ਮਹਾਨਾ।**
**ਤਾਕੀ ਸਕਤ ਨਾ ਸਦਨ ਹਮਾਰੇ। ਜਾ ਹਿਤ ਆਇਉ ਨਿਕਟ ਤੁਮਾਰੇ॥ 31॥**

(ਸ੍ਰੀ ਨਾਨਕ ਪ੍ਰਕਾਸ਼, ਧਿ: 27)

ਪਰਮ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਭਗੀਰਥ, ਜੋ ਗੁਰੂ ਕਾ ਸਿੱਖ ਸੀ, ਉਸ ਨੂੰ ਹੁਕਮ ਕੀਤਾ ਕਿ ਵਿਆਹ ਵਾਸਤੇ ਜਿਸ-ਜਿਸ ਵਸਤੂ ਦੀ ਲੋੜ ਹੈ, ਭਾਈ ਮਰਦਾਨੇ ਪਾਸੋਂ ਲਿਖ ਲਉ। ਤਾਂ ਭਾਈ ਮਰਦਾਨੇ ਨੇ ਲੋੜ ਦੀਆਂ ਚੀਜ਼ਾਂ ਭਾਈ ਭਗੀਰਥ ਜੀ ਨੂੰ ਲਿਖਾ ਦਿੱਤੀਆਂ। ਗੁਰਦੇਵ ਨੇ ਭਾਈ ਭਗੀਰਥ ਨੂੰ ਕਿਹਾ ਕਿ ਤੂੰ ਲਾਹੌਰ ਸ਼ਹਿਰ ਜਾ। ਉਥੇ ਤੈਂ ਇਕ ਰਾਤ ਕੱਟਣੀ ਹੈ, ਇਕ ਰਾਤ ਤੋਂ ਵੱਧ ਸਮਾਂ ਨਹੀਂ ਰਹਿਣਾ। ਜੋ ਕੁਝ ਮਰਦਾਨੇ ਨੇ ਲਿਖਾਇਆ ਹੈ, ਉਹ ਸਭ ਸਾਜ਼ੋ ਸਮਾਨ ਲੈ ਕੇ ਆਉਣਾ ਹੈ। ਲਾਹੌਰ ਸ਼ਹਿਰ ਵਿਚ ਇਕ ਮਨਸੁਖ ਨਾਮ ਦਾ ਤਕੜਾ ਸ਼ਾਹੂਕਾਰ ਸੀ। ਭਾਈ ਭਗੀਰਥ ਨੇ ਸਾਮਾਨ ਦੀ ਲਿਸਟ ਮਨਸੁਖ ਸ਼ਾਹੂਕਾਰ ਨੂੰ ਦੇ ਕੇ ਕਿਹਾ ਕਿ ਲਿਸਟ ਅਨੁਸਾਰ ਸਾਰਾ ਸਾਮਾਨ ਮੈਨੂੰ ਦੇ ਦਿਉ। ਮਨਸੁਖ ਨੇ ਕਿਹਾ ਕਿ ਹੋਰ ਸਾਰਾ ਸਾਮਾਨ ਤਾਂ ਮਿਲ ਜਾਵੇਗਾ, ਪਰ ਇਕ ਜੋ ਚੂੜਾ ਲਿਖਿਆ ਹੈ, ਇਸ ਦੇ ਤਿਆਰ ਹੋਣ ਵਿਚ ਟਾਈਮ ਲੱਗੇਗਾ। ਭਾਈ ਭਗੀਰਥ ਨੇ ਸੁਣ ਕੇ ਕਿਹਾ ਕਿ ਮੈਂ ਇਕ ਰਾਤ ਹੀ ਇਥੇ ਲਾਹੌਰ ਵਿਚ ਠਹਿਰਾਂਗਾ। ਜੇ ਮੈਂ ਦੂਜੀ ਰਾਤ ਕੱਟ ਲਈ ਤਾਂ ਮੇਰਾ ਜਨਮ ਬਿਅਰਥ ਚੱਲਿਆ ਜਾਵੇਗਾ। ਮਨਸੁਖ ਕਹਿੰਦਾ ਹੈ, ਭਾਈ ਭਗੀਰਥ ਜੀ, ਇਸ ਦਾ ਕੀ ਕਾਰਨ ਹੈ, ਜਨਮ ਕਿਸ ਤਰ੍ਹਾਂ ਬਿਅਰਥ ਚਲਿਆ ਜਾਵੇਗਾ ? ਭਾਈ ਭਗੀਰਥ ਕਹਿੰਦਾ ਹੈ, ਜੀ ਮੈਨੂੰ ਮੇਰੇ ਪੂਰਨ ਗੁਰੂ ਦਾ ਹੁਕਮ ਹੈ ਕਿ ਇਕ ਰਾਤ ਹੀ ਲਾਹੌਰ ਸ਼ਹਿਰ ਵਿਚ ਕੱਟਣੀ ਹੈ। ਜੇ ਮੈਂ ਦੂਜੀ ਰਾਤ ਕੱਟ ਲਈ ਤਾਂ ਪੂਰਨ ਗੁਰੂ ਦਾ ਹੁਕਮ ਨਾ ਮੰਨਣ ਕਰ ਕੇ ਮੇਰਾ ਜਨਮ ਬਿਅਰਥ ਜਾਏਗਾ। ਮਨਸੁਖ ਕਹਿੰਦਾ ਹੈ, ਕਲਿਜੁਗ ਅੰਦਰ ਪੂਰਨ ਗੁਰੂ ਕਿੱਥੇ ਹੈ, ਕੱਚੇ ਪਖੰਡੀ ਗੁਰੂ ਤਾਂ ਬਥੇਰੇ ਹਨ। ਭਾਈ ਭਗੀਰਥ ਕਹਿੰਦਾ ਹੈ, ਜੀ, ਮੇਰੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਗੁਰੂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਤੂੰ ਸ਼ੰਕਾ ਨਾ ਕਰ। ਜਿਸ ਵੇਲੇ ਤੂੰ ਦਰਸ਼ਨ ਕਰੇਂਗਾ ਤਾਂ ਦਰਸ਼ਨ ਕੀਤਿਆਂ ਹੀ ਤੈਨੂੰ ਪਤਾ ਲੱਗੇਗਾ ਕਿ ਠੀਕ ਇਹ ਸਰਬ ਕਲਾ ਸਮਰਥ ਪੂਰਨ ਸਤਿਗੁਰੂ ਜੀ ਹਨ।

**ਸੁਨੋ ਸਾਹੁ ਮਮ ਸਤਿਗੁਰ ਪੂਰਾ। ਜਾਕੋ ਬਚਨ ਹੋਤ ਨਹਿ ਊਰਾ।**
**ਤਿਨਕੀ ਆਇਸ ਜਾਨਹੁ ਐਸੇ। ਦੂਜੀ ਨਿਸ ਪੁਰ ਰਹੁ ਨਾ ਜੈਸੇ॥ 42॥**
**ਸੁਨ ਕਰ ਮਨਸੁਖ ਬਚਨ ਬਖਾਨਾ। ਕਲੀਕਾਲ ਅਤਸੈ ਬਲਵਾਨਾ।**
**ਇਸ ਮਹਿ ਐਸੋ ਕੋਇ ਨਾ ਪੂਰਾ। ਤੂੰ ਭਾਖਤ ਜੈਸੇ ਜਸ ਰੂਰਾ॥ 43॥**

(ਸ੍ਰੀ ਨਾਨਕ ਪ੍ਰਕਾਸ਼ ਪੂਰਬਾਰਧ, ਧਿ: 27)

ਭਾਈ ਭਗੀਰਥ ਪਾਸੋਂ ਪੂਰਨ ਗੁਰੂ ਦੀ ਸਿਫ਼ਤ ਸੁਣ ਕੇ ਮਨਸੁਖ ਸ਼ਾਹੂਕਾਰ ਕਹਿੰਦਾ ਹੈ ਕਿ ਜੇ ਗੁਰੂ ਨਾਨਕ ਦੇਵ ਜੀ ਪੂਰਨ ਗੁਰੂ ਹਨ ਤਾਂ ਮੇਰੇ ਘਰਵਾਲੀ ਦਾ ਇਕ ਨਵਾਂ ਚੂੜਾ ਬਣਿਆ ਪਿਆ ਹੈ, ਜੋ ਉਸ ਨੇ ਪਹਿਨਿਆ ਨਹੀਂ ਹੈ। ਉਹ ਚੂੜਾ ਆਪਾਂ ਲੈ ਚੱਲਦੇ ਹਾਂ। ਇਸ ਚੂੜੇ ਦੀ ਕੀਮਤ ਵੀ ਮੈਂ ਨਹੀਂ ਲੈਣੀ, ਪਰ ਪੂਰਨ ਗੁਰੂ ਦੇ ਮੈਨੂੰ ਦਰਸ਼ਨ ਜ਼ਰੂਰ ਕਰਾ। ਇਸ ਤਰ੍ਹਾਂ ਭਾਈ ਭਗੀਰਥ ਤੇ ਮਨਸੁਖ ਸ਼ਾਹੂਕਾਰ ਵਿਆਹ ਦਾ ਸਾਰਾ ਸਮਾਨ ਲੈ ਕੇ ਲਾਹੌਰ ਤੋਂ ਚੱਲੇ ਹਨ। ਰਸਤੇ ਵਿਚ ਆਉਂਦਿਆਂ ਮਨਸੁਖ ਸ਼ਾਹੂਕਾਰ ਭਾਈ ਭਗੀਰਥ ਨੂੰ ਕਹਿੰਦਾ ਹੈ ਕਿ ਤੂੰ ਪਿੱਛੇ ਰਹੀਂ, ਮੈਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਮਸਤਕ ਟੇਕਾਂਗਾ। ਜੇਕਰ ਗੁਰੂ ਜੀ ਨੇ ਬਿਨਾਂ ਦੱਸਿਆਂ ਮੇਰਾ ਨਾਮ ਲੈ ਕੇ ਮੈਨੂੰ ਬੁਲਾਇਆ ਤਾਂ ਮੈਂ ਸਮਝਾਂਗਾ ਕਿ ਇਹ ਪੂਰਨ ਗੁਰੂ ਹਨ। ਭਾਈ ਭਗੀਰਥ ਜੀ ਕਹਿੰਦਾ ਹੈ ਕਿ ਤੇਰਾ ਨਾਮ ਬਿਨਾਂ ਦੱਸਿਆਂ ਜਾਣਨਾ ਤਾਂ ਗੁਰੂ ਜੀ ਵਾਸਤੇ ਇਕ ਮਾਮੂਲੀ ਗੱਲ ਹੈ। ਇਸ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਚਲੇ ਜਾ ਰਹੇ ਹਨ।

**ਮਨਸੁਖ ਕਹੇ ਲੇ ਮੁਝ ਨਾਮਾ। ਕਰਹਿ ਅਵਾਹਨ ਜੇ ਸੁਖ ਧਾਮਾ।**
**ਦ੍ਰਿੜ ਪ੍ਰਤੀਤ ਤਬ ਉਰ ਮਹਿ ਜਾਗੈ। ਸਤਿ ਜਾਨਹੁ ਮੈ ਇਹ ਦੁਖ ਦਾਗੈ॥ 56 ॥**

(ਸ੍ਰੀ ਨਾਨਕ ਪ੍ਰਕਾਸ਼ ਪੂਰਬਾਰਧ, ਧਿ: 27)

ਜਿਸ ਵੇਲੇ ਗੁਰੂ ਜੀ ਪਾਸ ਜਾ ਕੇ ਮਸਤਕ ਟੇਕਿਆ ਅਤੇ ਦਰਸ਼ਨ ਕੀਤੇ ਤਾਂ ਭਾਈ ਮਨਸੁਖ ਦਰਸ਼ਨ ਕਰ ਕੇ ਹੱਥ ਜੋੜ ਪਾਸ ਖਲੋਤਾ ਹੈ। ਪਿੱਛੋਂ ਭਗੀਰਥ ਨੇ ਆ ਮਸਤਕ ਟੇਕਿਆ ਤਾਂ ਉਸ ਵੇਲੇ ਗੁਰਦੇਵ ਨੇ ਬਚਨ ਕਹੇ। ਆਉ ਭਾਈ ਭਗੀਰਥ ਪਰਉਪਕਾਰੀ ! ਚੰਦਨ ਜੈਸਾ ਤੇਰਾ ਜੀਵਨ ਹੈ, ਪਹਿਲਾਂ ਤਾਂ ਇਸ ਦਾ ਮਨਸੁਖ ਨਾਮ ਕੱਚਾ ਹੀ ਸੀ। ਹੁਣ ਤੂੰ ਸੱਚਾ ਕਰਨ ਵਾਸਤੇ ਲੈ ਕੇ ਆਇਆ ਹੈਂ।

**ਅਬਿਲੋਕਤ ਭਏ ਉਤਪਾਲ ਲੋਚਨ। ਬਚਨ ਉਚਾਰੇ ਭ੍ਰਮਹਿ ਬਿਮੋਚਨ।**
**ਆਉ ਭਗੀਰਥ ਪਰਉਪਕਾਰੀ। ਮਨ ਮਲਿਆਗਰ ਰੀਤ ਬਿਚਾਰੀ॥ 58 ॥**
**ਪੂਰਬ ਥੋ ਮਨਸੁਖ ਇਹ ਕਾਚਾ। ਕੀਉ ਨਾਮ ਚਾਹਤ ਅਬਿਸਾਚਾ।**
**ਜਾਤੇ ਆਨਿਉ ਆਪਨੇ ਸੰਗਾ। ਧੰਨ ਸੰਤ ਮਤ ਕੀਟੀ ਭ੍ਰਿੰਗਾ॥ 59 ॥**

ਬਸ ਜਿਸ ਵੇਲੇ ਹਜ਼ੂਰ ਨੇ ਕਿਹਾ,

**ਪੂਰਬ ਥੋ ਮਨਸੁਖ ਇਹ ਕਾਚਾ॥ ਕੀਉ ਨਾਮ ਚਾਹਤ ਅਬਿਸਾਚਾ।**

ਇਹ ਬਚਨ ਸੁਣਦਿਆਂ ਸਾਰ ਮਨਸੁਖ ਸ਼ਾਹੂਕਾਰ ਗੁਰਦੇਵ ਦੇ ਚਰਨਾਂ 'ਤੇ ਢਹਿ ਪਿਆ ਅਤੇ ਮੁਖ ਤੋਂ ਪੁਕਾਰ ਉਠਿਆ ਕਿ ਸੱਚ ਮੁਚ ਹੀ ਪੂਰਨ ਸਰਬ ਕਲਾ ਸਮਰੱਥ ਗੁਰੂ ਜੀ ਹਨ। ਪੂਰਨ ਗੁਰੂ ਜੀ ਨੇ ਕ੍ਰਿਪਾ ਕਰ ਕੇ ਭਾਈ ਮਨਸੁਖ ਸ਼ਾਹੂਕਾਰ ਨੂੰ ਨਦਰੀ ਨਦਰ ਨਿਹਾਲ ਕਰ ਦਿੱਤਾ। ਇਸ ਮਨਸੁਖ ਸ਼ਾਹੂਕਾਰ ਨੇ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਨੂੰ ਪੂਰਨ ਗੁਰੂ ਦੀ ਮਹਿਮਾ ਦੱਸੀ ਸੀ।

ਸੂਹੀ ਮਹਲਾ 5 ॥ ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥ ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥ ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥ ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥ ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥ ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥ ੧ ॥ ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥ ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥ ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥ ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥ ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥ 2 ॥ ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥ ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮ ਪਦ ਪਾਏ ਰਾਮ ॥ ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥ ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥ ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥ ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥ 3 ॥ ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥ ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ ॥ ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥ ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥ ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥ ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥ 4 ॥ 2 ॥ 5 ॥

ਪਦ ਅਰਥ :- ਸੁਤ=ਪੁੱਤਰ। ਬੰਧਪ=ਸਨਬੰਧੀ, ਰਿਸ਼ਤੇਦਾਰ। ਜੀਅ=ਜਿੰਦ। ਕਲਿਆਣਾ=ਸੁਖ ਅਨੰਦ।੧। ਵਡਭਾਗੀ=ਵੱਡੇ ਭਾਗਾਂ ਨਾਲ। ਜਿਤੁ ਮਿਲਿਐ=ਜਿਸ ਦੇ ਮਿਲਿਆਂ। ਜਾਪੈ=ਪਤਾ ਲੱਗਦਾ ਹੈ। ਕਿਲਵਿਖ=ਪਾਪ। ਉਤਰਹਿ=ਲਹਿ ਜਾਂਦੇ ਹਨ। ਨਾਪੈ=ਇਸ਼ਨਾਨ ਹੁੰਦਾ ਰਹਿੰਦਾ ਹੈ। ਨਾਈਐ=

ਨਹਾਉਣਾ, ਇਸ਼ਨਾਨ ਕਰਨਾ ਚਾਹੀਦਾ ਹੈ। ਬਾਹੁੜਿ=ਮੁੜ ਕੇ। ਮਨਿ ਚਿੰਦਿਆ=ਮਨ ਵਿਚ ਚਿਤਵਿਆ। ਸੋਗ=ਸ਼ੋਕ, ਗ਼ਮ। ਸੰਤਾਪੈ=ਦੁੱਖ।੨। ਗੁਣ ਨਿਧੇ=ਗੁਣਾਂ ਦਾ ਖ਼ਜ਼ਾਨਾ। ਵਸਿ=ਵਸ ਵਿਚ। ਪਰਮ ਪਦ=ਉਚਾ ਆਤਮਿਕ ਦਰਜਾ। ਆਪੁ ਮਿਟਾਇਆ=ਆਪਾ, ਭਾਵ ਹੰਕਾਰ ਦੂਰ ਕੀਤਾ। ਭਉ ਭਾਗਾ=ਡਰ ਦੂਰ ਹੋ ਗਿਆ। ਮੁਰਾਰੀ=ਮੁਰ ਰਾਖਸ਼ ਨੂੰ ਮਾਰਨ ਵਾਲਾ ਵਾਹਿਗੁਰੂ। ਨਾਮੁ ਨਿਰੰਜਨ=ਨਿਰਲੇਪ ਪ੍ਰਭੂ ਦਾ ਨਾਮ।੩। ਮੰਗਲੋ=ਖ਼ੁਸ਼ੀ ਦੇ ਗੀਤ। ਪੁੰਨੀ=ਪੂਰੀ ਹੋ ਗਈ। ਸਬਾਈ=ਸਾਰੀ। ਰੰਗਿ=ਪ੍ਰੇਮ ਵਿਚ। ਸੇਤੀ=ਨਾਲ। ਘਨੇਰੇ=ਬਹੁਤ। ਪੂਰਿ ਰਹਿਆ=ਵਿਆਪਕ ਹੋ ਰਿਹਾ ਹੈ। ਥਾਨ ਥਨੰਤਰਿ=ਥਾਵਾਂ ਦੇ ਬਾਹਰ ਤੇ ਅੰਦਰ। ਸਾਈ=ਓਹ (ਪ੍ਰਭੂ)। ਲਾਈ=ਲਾ ਕੇ।੪।੨।੫।

ਅਰਥ :- (ਹੇ ਭਾਈ !) ਮੇਰਾ ਪੂਰਾ ਸਤਿਗੁਰੂ (ਅਸਲੀ) ਸੱਜਣ (ਪੂਰਨ) ਪੁਰਖ ਹੈ, ਉਸ ਤੋਂ ਬਿਨਾਂ ਮੈਂ ਹੋਰ (ਕਿਸੇ ਦੇਵੀ ਦੇਵਤੇ ਨੂੰ) ਨਹੀਂ ਜਾਣਦਾ ਹਾਂ। (ਹੇ ਭਾਈ ! ਪੂਰਨ ਸਤਿਗੁਰੂ ਹੀ ਮੇਰਾ) ਮਾਤਾ, ਪਿਤਾ, ਭਰਾ, ਪੁੱਤਰ, ਰਿਸ਼ਤੇਦਾਰ ਅਤੇ ਜਿੰਦ ਪ੍ਰਾਣ (ਤੋਂ ਭੀ ਵੱਧ ਹੈ, ਉਹ ਮੇਰੇ) ਮਨ ਵਿਚ ਪਿਆਰਾ ਲੱਗ ਰਿਹਾ ਹੈ। ਜਿੰਦ, ਸਰੀਰ (ਆਦਿ) ਸਭ ਕੁਝ ਉਸ (ਪ੍ਰਭੂ) ਦਾ ਦਿੱਤਾ ਹੋਇਆ ਹੈ (ਜੋ) ਸੱਚਾ ਪ੍ਰਭੂ ਸ਼ੁਭ ਗੁਣਾਂ ਨਾਲ ਭਰਪੂਰ ਹੈ। ਉਹ ਮੇਰਾ ਪ੍ਰਭੂ ਹਰੇਕ ਦੇ ਦਿਲ ਦੀ ਜਾਨਣ ਵਾਲਾ ਅੰਤਰਜਾਮੀ, ਸਭ ਵਿਚ ਵਿਆਪਕ ਹੋ ਰਿਹਾ ਹੈ। ਉਸ (ਪ੍ਰਭੂ) ਦੀ ਸ਼ਰਣ ਵਿਚ ਮੈਂ ਸਾਰੇ ਸੁਖ ਪਾਏ ਹਨ ਅਤੇ ਸਭ ਤਰ੍ਹਾਂ ਦੇ ਕਲਿਆਣਾ=ਸੁਖ ਅਨੰਦ ਪ੍ਰਾਪਤ ਹੋ ਗਏ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਉਸ) ਪ੍ਰਭੂ ਤੋਂ ਸਦਾ ਬਲਿਹਾਰ ਤੇ ਸਦਾ ਕੁਰਬਾਨ ਜਾਂਦਾ ਹਾਂ।੧।

(ਹੇ ਭਾਈ !) ਇਹੋ ਜਿਹਾ ਪੂਰਨ ਗੁਰੂ ਵੱਡੇ ਭਾਗਾਂ ਨਾਲ ਪਾਇਆ ਜਾਂਦਾ ਹੈ, ਜਿਸ (ਸਮਰੱਥ ਗੁਰੂ) ਦੇ ਮਿਲਿਆਂ ਪ੍ਰਭੂ ਜਾਣਿਆ ਜਾਂਦਾ ਹੈ। ਉਹਨਾਂ ਦੇ ਜਨਮਾਂ-ਜਨਮਾਤਰਾਂ ਦੇ ਪਾਪ ਦੂਰ ਹੋ ਜਾਂਦੇ ਹਨ, ਜੋ ਮਨੁੱਖ ਹਰੀ ਦੇ ਸੰਤਾਂ ਦੀ ਸੇਵਾ ਕਰਨ ਰੂਪੀ, ਚਰਨ-ਧੂੜੀ ਵਿਚ ਹਰ ਰੋਜ਼ ਇਸ਼ਨਾਨ ਕਰਦੇ ਹਨ। ਇਸ ਲਈ ਹਰੀ ਦੇ (ਸੰਤਾਂ ਦੀ) ਧੂੜੀ ਵਿਚ (ਭਾਵ ਸੰਗਤ ਵਿਚ) ਇਸ਼ਨਾਨ ਕਰਨਾ ਚਾਹੀਦਾ ਹੈ, ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ, (ਇਸ ਨਾਲ) ਮੁੜ ਕੇ ਜੂਨੀਆਂ ਵਿਚ ਨਹੀਂ ਆਈਦਾ। ਗੁਰੂ ਦੇ ਚਰਨਾਂ ਨਾਲ ਲੱਗ ਕੇ ਭਰਮ ਤੇ ਡਰ ਨਾਸ਼ ਹੋ ਜਾਂਦੇ ਹਨ ਅਤੇ ਮਨ ਵਿਚ ਚਿਤਵਿਆ ਫਲ ਪਾ ਲਈਦਾ ਹੈ। (ਹੇ ਭਾਈ ! ਜਿਸ ਮਨੁੱਖ ਨੇ) ਹਰ ਰੋਜ਼ ਪਰਮਾਤਮਾ ਦੇ ਗੁਣ ਗਾਏ ਹਨ, ਨਾਮ ਨੂੰ ਸਿਮਰਿਆ ਹੈ, ਉਸ ਨੂੰ ਫਿਰ ਕੋਈ ਗ਼ਮ ਤੇ ਦੁੱਖ ਨਹੀਂ ਲੱਗਦਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਪ੍ਰਭੂ (ਸਭ) ਜੀਆਂ ਦਾ ਦਾਤਾ ਹੈ, ਜਿਸ ਦਾ ਹਰ ਪਾਸੇ ਪੂਰਨ ਤੇਜ-ਪ੍ਰਤਾਪ ਹੈ।੨।

(ਹੇ ਭਾਈ !) ਹਰੀ ਸਭ ਨੂੰ ਹਰੇ ਭਰੇ ਕਰਨ ਵਾਲਾ ਹੀ ਪ੍ਰਭੂ ਪਰਮਾਤਮਾ (ਜੋ) ਸਾਰੇ ਸ਼ੁਭ ਗੁਣਾਂ ਦਾ ਖ਼ਜ਼ਾਨਾ ਹੈ ਅਤੇ (ਉਹ) ਹਰੀ ਪ੍ਰਭੂ ਜੀ ਸੰਤ ਜਨਾਂ ਦੇ ਵਸ ਵਿਚ ਆਏ ਹਨ। (ਜਿਹੜੇ ਮਨੁੱਖ) ਸੰਤ ਜਨਾਂ ਦੀ ਚਰਨੀਂ ਪੈ ਕੇ ਗੁਰੂ ਦੀ ਸੇਵਾ ਵਿਚ ਲੱਗ ਗਏ, ਉਨ੍ਹਾਂ ਨੇ ਉੱਚੇ ਆਤਮਿਕ ਦਰਜੇ ਪ੍ਰਾਪਤ ਕਰ ਲਏ। (ਹੇ ਭਾਈ ! ਜਿਨ੍ਹਾਂ ਮਨੁੱਖਾਂ ਉੱਤੇ) ਪਰਮਾਤਮਾ ਨੇ ਪੂਰੀ ਕਿਰਪਾ ਕੀਤੀ ਹੈ, (ਉਨ੍ਹਾਂ ਨੇ) ਆਪਾ ਭਾਵ ਦੂਰ

ਕਰ ਦਿੱਤਾ ਤੇ ਪਰਮ ਪਦ ਨੂੰ ਪ੍ਰਾਪਤ ਕਰ ਲਿਆ ਹੈ। (ਉਨ੍ਹਾਂ ਦਾ) ਜਨਮ ਸਫਲਾ ਹੋ ਗਿਆ ਹੈ, ਅਤੇ ਉਹਨਾਂ ਦਾ (ਹਰ ਤਰ੍ਹਾਂ ਦਾ) ਡਰ ਦੂਰ ਹੋ ਗਿਆ ਹੈ (ਇਸ ਕਰਕੇ ਉਨ੍ਹਾਂ ਨੂੰ) ਇਕ ਵਾਹਿਗੁਰੂ ਮਿਲ ਪਿਆ ਹੈ। ਜਿਸ (ਪ੍ਰਭੂ) ਦਾ (ਦਾਸ) ਸੀ, ਉਸ (ਹਰੀ) ਨੇ ਹੀ (ਆਪਣੇ ਨਾਲ) ਮੇਲ ਲਿਆ ਹੈ, (ਅਤੇ) ਜੋਤਿ ਵਾਲਾ ਜੀਵ ਭਾਵ ਜੋ ਪ੍ਰਮਾਤਮਾ ਦੀ ਜੋਤ ਸੀ, ਹੁਣ ਜੀਵ-ਆਤਮਾ ਰੂਪੀ ਜੋਤ (ਪਰਮ) ਜੋਤਿ ਪ੍ਰਮਾਤਮਾ ਵਿਚ ਸਮਾਅ ਗਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਨਿਰਲੇਪ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। (ਜਿਸ ਨੇ) ਸਤਿਗੁਰੂ ਨਾਲ ਮਿਲ ਕੇ (ਨਾਮ ਜਪਿਆ ਉਸ ਨੇ ਆਤਮਿਕ) ਸੁਖ ਪਾ ਲਿਆ ਹੈ।੩।

ਹੇ ਹਰੀ ਦੇ (ਸੰਤ) ਜਨੋਂ ! ਸਦਾ (ਵਾਹਿਗੁਰੂ ਦਾ) ਜਸ ਰੂਪ ਮੰਗਲ ਗਾਉ ਤਾਂ (ਜੋ ਗਾਉਂਦੇ ਹਨ, ਉਨ੍ਹਾਂ ਦੀਆਂ) ਸਾਰੀਆਂ ਸੰਸਾਰਿਕ ਅਤੇ ਪ੍ਰਮਾਰਥਿਕ ਇੱਛਾਵਾਂ ਪੂਰੀਆਂ ਹੋ ਗਈਆਂ ਹਨ। (ਉਹ ਸੰਤ ਜਨ) ਆਪਣੇ ਮਾਲਕ (ਜੋ) ਜਨਮ ਮਰਨ ਤੋਂ ਰਹਿਤ ਹੈ, (ਉਸ ਦੇ) ਰੰਗ ਵਿਚ ਰਤੇ ਰਹਿੰਦੇ ਹਨ। (ਜਿਸ ਮਨੁੱਖ ਨੇ ਪਰਮਾਤਮਾ ਦਾ) ਨਾਮ ਸਿਮਰਿਆ, (ਉਸ ਨੇ) ਨਾਸ਼-ਰਹਿਤ ਪ੍ਰਭੂ ਪ੍ਰਮਾਤਮਾ ਨੂੰ ਪਾ ਲਿਆ (ਅਤੇ ਉਸ ਨੇ) ਸਾਰੇ ਮਨੋਰਥ ਪ੍ਰਾਪਤ ਕਰ ਲਏ (ਭਾਵ ਉਸ ਦੇ ਸਾਰੇ ਸੰਕਲਪ ਪੂਰੇ ਹੋ ਗਏ)। (ਜੋ) ਗੁਰੂ ਦੇ ਚਰਨਾਂ ਵਿਚ ਮਨ ਲਾਵੇ (ਭਾਵ ਜੋੜੇ, ਉਸ ਨੇ ਮਾਨੋ) ਸ਼ਾਂਤ, (ਆਤਮਿਕ) ਗਿਆਨ ਅਤੇ ਬਹੁਤ ਅਨੰਦ ਪਾ ਲਏ ਹਨ। ਓਹੀ ਨਾਸ਼ ਰਹਿਤ ਪਰਮਾਤਮਾ ਘੱਟਾਂ ਘੱਟਾਂ ਵਿਚ ਵਿਆਪਕ ਹੈ ਅਤੇ ਸਭ ਥਾਵਾਂ ਦੇ ਅੰਦਰ ਤੇ ਸਭ ਥਾਵਾਂ ਦੇ ਬਾਹਰ ਵੀ ਪੂਰਨ ਹੋ ਰਿਹਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਮਨੁੱਖ) ਗੁਰੂ ਦੇ ਚਰਨਾਂ ਨਾਲ ਜੁੜ ਜਾਂਦਾ ਹੈ, ਉਸ ਦੇ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ੪। ੨। ੫॥

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧57 (ਆਦਿ ਅੰਗ 78੧)

## ਸੂਹੀ ਮਹਲਾ 5 ॥

ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥ ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥ ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥ ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥ ੧ ॥ ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥ ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥ ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥ ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥ ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥ ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥ 2 ॥ ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥ ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥ ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥ ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥ ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥ ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥ 3 ॥ ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥ ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥ ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥ ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥ ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥ ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥ 4 ॥ 4 ॥ 7 ॥

## ਪ੍ਰਾਕ੍ਥਨ :

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ। ਇਹ ਸ਼ਬਦ ਸੂਹੀ ਰਾਗੁ ਅੰਦਰ ਉਚਾਰਿਆ ਹੈ। ਸੰਪ੍ਰਦਾਈ ਵਿਦਵਾਨ ਮਹਾਂ ਪੁਰਖਾਂ ਦੇ ਕਥਨ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੇ ਰਚਣ ਦਾ ਪ੍ਰਯੋਜਨ ਇਸ ਸ਼ਬਦ ਵਿਚ ਦੱਸਿਆ ਹੈ।

## ਵਿਸ਼ਾ — ਹਰਿ ਜਪੇ ਹਰਿ ਮੰਦਰੁ ਸਾਜਿਆ

ਹਰਿਮੰਦਰ, ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਇਸ ਦਾ ਭਾਵ ਹੈ ਕਿ ਹਰੀ ਦੇ ਵਾਸ ਕਰਨ ਦਾ ਅਸਥਾਨ।

ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਹਰੀ ਦੇ ਜਸ ਕਰਨ ਦਾ ਅਸਥਾਨ ਹੈ (ਇਸ ਕਰ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਵੀ ਕਹਿੰਦੇ ਹਨ) ਹਰਿਮੰਦਰ ਸਾਹਿਬ।

*ਯਥਾ :* **ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥**

(ਅੰਗ 78੧)

ਕਵੀ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ ਪਰਮ ਕਿਰਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਹਰਿਮੰਦਰ ਸਾਹਿਬ ਜੀ ਦੀ ਨੀਂਵ ਆਪ ਆਪਣੇ ਕਰ-ਕਮਲਾਂ ਨਾਲ ਰੱਖੀ ਸੀ ਅਤੇ ਅਰਦਾਸ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਪਾਸੋਂ ਕਰਵਾਈ ਸੀ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਾਬਕਾ ਹੈੱਡ ਗ੍ਰੰਥੀ ਹਰਿਮੰਦਰ ਸਾਹਿਬ ਜੀ ਨੇ ਵੀ 'ਸੁਨਹਿਰੀ ਇਤਿਹਾਸ'' ਅੰਦਰ ਹਰਿਮੰਦਰ ਸਾਹਿਬ ਦੀ ਨੀਂਵ ਗੁਰੂ ਅਰਜਨ ਦੇਵ ਜੀ ਦੇ ਕਰ-ਕਮਲਾਂ ਦੁਆਰਾ ਰੱਖੀ ਦਰਸਾਈ ਹੈ।

ਗੁਰ-ਇਤਿਹਾਸ ਅੰਦਰ ਵੀ ਇਸ ਤਰ੍ਹਾਂ ਜ਼ਿਕਰ ਆਇਆ ਹੈ :

**ਇਮ ਅਰਦਾਸ ਕਰੀ ਬ੍ਰਿਧ ਜਬੈ। ਸ੍ਰੀ ਅਰਜਨ ਕਰ ਪੰਕਜ ਤਬੈ॥ ੧3 ॥**
**ਗਹੀ ਈਂਟ ਤਹਿਂ ਕਰੀ ਟਿਕਾਵਨ। ਮੰਦਰ ਅਵਿਚਲ ਨੀਵ ਰਖਾਵਨ॥ ੧4 ॥**

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 53)

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ੪੦ ਫੁੱਟ ਮੁਰੱਬਾ ਹੈ। ਚੁਗਿਰਦੇ ੧੩-੧੩ ਫੁੱਟ ਚੌੜੀ ਪ੍ਰਕਰਮਾ ਹੈ। ਸਣੇ ਪ੍ਰਕਰਮਾ ੬੬ ਫੁੱਟ ਮੁਰੱਬਾ ਠੋਸ ਥੜ੍ਹਾ ਹੈ, ਜਿਸ ਦੀ ਨੀਂਹ ੨੦ ਫੁੱਟ ਡੂੰਘੀ ਹੈ। ਤਿੰਨ-ਤਿੰਨ ਫੁਟ ਹੇਠ ਰੋੜੀ ਤੇ ਮਸਾਲਾ ਪਾਇਆ ਹੋਇਆ ਹੈ। ਇਸ ਦੀ ਨੀਂਵ ਗੁਰਦੇਵ ਨੇ ਆਪ ਸੰਮਤ ੧੬੪੫ ਨੂੰ ਰੱਖੀ। ਦੁਨੀਆਂ ਭਰ ਵਿਚ ਇਹ ਇਕ ਐਸਾ ਅਸਥਾਨ ਹੈ ਜਿਸ ਦਾ ਸਾਨੀ ਹੋਰ ਕੋਈ ਨਹੀਂ ਹੈ, ਕਿਉਕਿ

ਇਸ ਦੀ ਪਰਮ ਕ੍ਰਿਪਾਲੂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤਰ ਕਰ-ਕਮਲਾਂ ਨਾਲ ਸਿਰਜਨਾ ਕੀਤੀ ਹੈ। ਸਿੱਖੀ ਸ਼ਰਧਾ, ਸੇਵਾ-ਸਿਮਰਨ, ਭਗਤੀ ਤੇ ਸ਼ਕਤੀ, ਮਾਨਸਿਕ ਤ੍ਰਿਪਤੀ ਅਤੇ ਕੁਰਬਾਨੀ ਦੀ ਪ੍ਰੇਰਨਾ ਵਜੋਂ ਜਾਣੇ ਜਾਂਦੇ ਇਸ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਜਿਸ ਬਾਰੇ ਗੁਰਬਾਣੀ ਅੰਦਰ ਅੰਕਿਤ ਹੈ :

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥** (ਅੰਗ ੧੩੬੨)

ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦਾ ਸ਼੍ਰੋਮਣੀ ਕੇਂਦਰੀ ਧਾਰਮਿਕ ਅਸਥਾਨ ਹੈ। ਇਸ ਦੇ ਚਾਰ-ਚੁਫੇਰੇ ਅੰਮ੍ਰਿਤ ਦੀਆਂ ਪਵਿੱਤਰ ਲਹਿਰਾਂ ਨਾਲ ਲਹਿਰਾਉਂਦਾ ਅੰਮ੍ਰਿਤ-ਸਰੋਵਰ ਇਸ ਦੀ ਸ਼ਾਨ ਤੇ ਮਹਾਨਤਾ ਨੂੰ ਚਾਰ ਚੰਨ ਲਾਉਂਦਾ ਪ੍ਰਤੀਤ ਹੁੰਦਾ ਹੈ। ਅਸਲ ਵਿਚ ਹਰਿਮੰਦਰ ਸਾਹਿਬ ਪੰਜਾਬ ਦੀ ਧਰਤੀ 'ਤੇ ਲੱਗੀ ਹੋਈ ਇਹ ਰੱਬੀ ਮੋਹਰ ਛਾਪ ਹੈ।

ਇਹ ਸ੍ਰੀ ਹਰਿਮੰਦਰ ਸਾਹਿਬ, ਕਲਾ ਦਾ ਸੁੰਦਰ ਨਮੂਨਾ, ਇਮਾਰਤਸਾਜ਼ੀ ਦੀ ਦਿਲਕਸ਼ ਤੇ ਅਨੂਪਮ ਘਾੜਤ, ਆਤਮਿਕ ਹੁਲਾਸ ਦਾ ਸੋਮਾ, ਗੁਰਬਾਣੀ ਦੇ ਕੀਰਤਨ ਤੇ ਪਾਠ ਦੇ ਅਖੰਡ ਪ੍ਰਵਾਹ ਦੀ ਵਗਦੀ ਨਿਰਮਲ ਧਾਰਾ, ਸੇਵਾ ਤੇ ਸਿਮਰਨ ਦਾ ਸੰਗਮ ਅਤੇ ਸਿੱਖੀ ਦਾ ਰੌਸ਼ਨ-ਮੀਨਾਰ ਹੈ। ਇਹ ਸੱਚ-ਮੁੱਚ ਮਾਤ ਲੋਕ ਦਾ ਸੱਚਖੰਡ ਹੈ। ਇਹ ਇਕੱਲਾ, ਸੁੰਦਰ ਸੁਵਰਨ-ਮੰਦਰ ਜਾਂ ਗੋਲਡਨ ਟੈਂਪਲ ਹੀ ਨਹੀਂ ਹੈ, ਇਹ ਤਾਂ ਹਰਿ ਜਪੇ ਹਰਿਮੰਦਰ ਸਾਜਿਆ ਹੈ। ਇਹ ਤਾਂ ਗੁਰਬਾਣੀ ਮੰਦਰ ਹੈ, ਨਾਮ ਮੰਦਰ ਹੈ ਅਤੇ ਕੀਰਤਨ ਮੰਦਰ ਹੈ। ਗੁਰੂ ਮੰਦਰ ਹੈ, ਹਰੀ ਦਾ ਮੰਦਰ ਹੈ, ਇਹ ਰੱਬੀ ਪਿਆਰ, ਰੱਬੀ ਏਕਤਾ, ਸਮਾਨਤਾ, ਇਕ-ਸੁਰਤਾ ਅਤੇ ਮਨੁੱਖ ਮਾਤਰ ਦੇ ਪਿਆਰ ਦਾ ਕੇਵਲ ਪ੍ਰਤੀਕ ਹੀ ਨਹੀਂ, ਸਗੋਂ ਜਿਉਂਦੀ ਜਾਗਦੀ ਮੂੰਹ ਬੋਲਦੀ ਸੁੰਦਰ ਤਸਵੀਰ ਹੈ। ਇਥੋਂ ਨਾਮ ਰੂਪੀ ਰਤਨ, ਪ੍ਰੇਮ ਰੂਪੀ ਲਾਲ, ਵੈਰਾਗ ਰੂਪੀ ਮਾਣਕ, ਸ਼ੁੱਧਤਾ ਰੂਪੀ ਮੋਤੀਆਂ ਨੂੰ ਕੀਰਤਨ ਰਾਹੀਂ ਗੁਰਸਿੱਖਾਂ ਰੂਪੀ ਹੰਸ ਪ੍ਰਾਪਤ ਕਰਦੇ ਹਨ।

ਕ੍ਰਿਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਬਚਨ ਹਨ :

**ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥** (ਅੰਗ ੧੭)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਜੋ ਵੱਡਮੁੱਲੇ ਕੀਮਤੀ ਪ੍ਰਤੱਖ ਮਾਣਕ ਲਾਲ ਰਤਨ ਹਨ, ਉਹਨਾਂ ਦੇ ਦਰਸ਼ਨ ਜਲੌ ਸਜਾ ਕੇ ਵਿਸ਼ੇਸ਼ ਗੁਰਪੁਰਬਾਂ ਵਾਲੇ ਦਿਨ ਕਰਵਾਏ ਜਾਂਦੇ ਹਨ। ਜਲੌ ਬਾਰੇ ਵਿਸ਼ੇਸ਼ ਜਾਣਕਾਰੀ ਦਾਸ ਦੀ ਲਿਖੀ ਪੁਸਤਕ 'ਗੁਰ ਸਾਗਰੁ ਰਤਨੀ ਭਰਪੂਰੇ' ਪੰਨਾ ੪੫ 'ਤੇ ਪੜ੍ਹੋ।

ਹਰਿਮੰਦਰ ਸਾਹਿਬ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਰਚਿਆ ਗਿਆ ਹੈ। ਉਸ ਦੇ ਚਾਰ ਦਰਵਾਜ਼ੇ ਰੱਖੇ ਗਏ ਹਨ, ਜਿਸ ਦਾ ਭਾਵ ਸੀ ਕਿ ਇਹ ਹਰਿਮੰਦਰ ਸਾਹਿਬ ਚੌਹਾਂ ਵਰਣਾਂ, ਚੌਹਾਂ ਆਸ਼ਰਮਾਂ, ਚਾਰੇ ਦਿਸ਼ਾਵਾਂ ਤੋਂ ਆਏ ਮਨੁੱਖਾਂ ਵਾਸਤੇ ਖੁੱਲ੍ਹਾ ਹੈ। ਹੋਰਨਾਂ ਧਰਮਾਂ ਦੇ ਬਣਾਏ ਮੰਦਰ ਕੇਵਲ ਆਪਣੀਆਂ ਕੌਮਾਂ

ਵਾਸਤੇ ਸਨ। ਨੀਵੀਆਂ ਜਾਤੀਆ ਦੇ ਮਨੁੱਖਾਂ ਨੂੰ ਉਹਨਾਂ ਦੇ ਅੰਦਰ ਦਾਖ਼ਲ ਹੋਣ ਦੀ ਆਗਿਆ ਨਹੀਂ ਸੀ, ਪਰ ਇਹ ਅਸਥਾਨ ਤਾਂ ਭਗਤ ਕਬੀਰ ਜੀ ਦੇ ਕਥਨ ਅਨੁਸਾਰ ਐਸਾ ਹੈ :

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥**

(ਸਲੋਕ ਭਗਤ ਕਬੀਰ ਜੀ, ਅੰਗ ੧367)

ਇਹ ਹਰੀ ਅਕਾਲ ਪੁਰਖ ਵਾਹਿਗੁਰੂ ਜੀ ਦਾ ਮੰਦਰ ਸਾਰੀਆਂ ਜਾਤੀਆਂ ਵਾਸਤੇ, ਹਰ ਪ੍ਰਾਣੀ ਮਾਤਰ ਵਾਸਤੇ ਖੁੱਲ੍ਹਾ ਹੈ।

**ਅਥਵਾ : ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ॥**
**ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ॥**
**ਹਰਿ ਮੰਦਰੁ ਵਸਤੁ ਅਨੇਕ ਹੈ ਨਵ ਨਿਧਿ ਨਾਮ ਸਮਾਲਿ॥** (ਅੰਗ ੧੪੧੮)
**ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥** (ਅੰਗ ੧346)

## ਸਾਖੀ—ਸਰੀਰ ਮੰਦਰ ਹਰੀ ਦਾ ਘਰ ਹੈ

ਦਾਸ ਨੇ ਜਿਨ੍ਹਾਂ ਮਹਾਂਪੁਰਖਾਂ ਪਾਸੋਂ ਵਿਦਿਆ ਪ੍ਰਾਪਤ ਕੀਤੀ ਹੈ, ਉਹਨਾਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਇਹ ਪ੍ਰਸੰਗ ਖ਼ਾਲਸਾ ਜੀਵਨ ਵਿਚ, ਅਲੰਕਾਰ ਦੇ ਸਿਰਲੇਖ ਹੇਠ ਦਿੱਤਾ ਹੈ। ਗੁਰਬਾਣੀ ਅੰਦਰ ਗੁਰੂ ਜੀ ਨੇ ਮਨੁੱਖੀ ਸਰੀਰ ਨੂੰ ਵੀ ਹਰੀ ਦਾ ਮੰਦਰ ਭਾਵ ਹਰਿਮੰਦਰ ਕਿਹਾ ਹੈ :

**ਹਰਿ ਮੰਦਰੁ ਏਹੁ ਸਰੀਰ ਹੈ ਗਿਆਨਿ ਰਤਨਿ ਪਰਗਟੁ ਹੋਇ॥** (ਅੰਗ ੧346)

ਇਕ ਵਾਰੀ ਇਕ ਰਾਜੇ ਨੇ ਆਪਣੀ ਪਰਜਾ ਦੇ ਲੋਕਾਂ ਨਾਲ ਇਹ ਪ੍ਰਣ ਕੀਤਾ ਕਿ ਸਾਰੇ ਆਪੋ ਆਪਣੇ ਘਰ ਮੰਦਰ ਸਜਾਓ। ਜਿਸ ਦਾ ਘਰ ਮੇਰੇ ਪਸੰਦ ਆ ਗਿਆ, ਉਥੇ ਮੈਂ ਆਪਣਾ ਨਿਵਾਸ ਕਰ ਕੇ ਆਪਣਾ ਰਾਜ ਦਾ ਤਖ਼ਤ ਉਸ ਨੂੰ ਸਦਾ ਵਾਸਤੇ ਦੇ ਦੇਵਾਂਗਾ, ਪਰ ਜਿਸ ਦਾ ਘਰ ਮੰਦਰ ਭੱਜਾ, ਟੁੱਟਾ, ਗੰਦਾ ਮੰਦਾ, ਢੱਠਿਆ ਹੋਇਆ ਹੋਵੇਗਾ, ਉਸ ਨੂੰ ਪਕੜ ਕੇ ਉਜਾੜ ਵਿਚ ਛੱਡਿਆ ਜਾਵੇਗਾ।

ਇਹ ਸੁਣ ਕੇ ਸਾਰੇ ਲੋਕ ਚਿੱਤ ਵਿਚ ਬੜੇ ਪ੍ਰਸੰਨ ਹੋਏ। ਲੱਗੇ ਆਪੋ ਆਪਣੇ ਘਰ ਮੰਦਰ ਸੰਵਾਰਨ। ਰਾਜੇ ਨੇ ਪਰਜਾ ਦਾ ਸਿਦਕ ਪਰਖਣ ਵਾਸਤੇ ਜਾਣ ਬੁੱਝ ਕੇ ਕੁਝ ਦੇਰ ਲਾ ਦਿੱਤੀ। ਉਸ ਸਮੇਂ ਕਈਆਂ ਨੇ ਚਿੱਤ ਵਿਚ ਖ਼ਿਆਲ ਕੀਤਾ ਕਿ ਰਾਜੇ ਨੂੰ ਕਈ ਤਰ੍ਹਾਂ ਦੇ ਕਾਰ ਵਿਹਾਰ ਪ੍ਰਬੰਧ ਦੇ ਰੁਝੇਵੇਂ ਹੋਣ ਕਾਰਨ ਸ਼ਾਇਦ ਆਪਣਾ ਪ੍ਰਣ ਭੁੱਲ ਹੀ ਗਿਆ ਹੋਵੇ, ਆਵੇ ਹੀ ਨਾ। ਇਉਂ ਜਾਣ ਕੇ ਕਈਆਂ ਨੇ ਆਪਣੇ ਘਰ ਮੰਦਰ ਵਿਚ ਪਸ਼ੂ ਬੰਨ੍ਹਣੇ ਸ਼ੁਰੂ ਕਰ ਦਿੱਤੇ, ਗੋਹੇ ਪਿਸ਼ਾਬ ਨਾਲ ਖ਼ਰਾਬ ਕਰ ਦਿੱਤੇ। ਕਈਆਂ ਨੇ ਘਰ ਮੰਦਰ ਅੰਦਰ ਅੰਗੀਠੀਆਂ, ਚੁੱਲ੍ਹੇ, ਭੱਠੀਆਂ ਬਣਾ ਕੇ ਧੂੰਏਂ ਨਾਲ ਕਾਲੇ ਕਰ ਦਿੱਤੇ। ਕਈਆਂ ਨੇ ਦਰਵਾਜ਼ੇ ਭੰਨ ਦਿੱਤੇ,

ਰੌਸ਼ਨਦਾਨ ਤੇ ਕਲਸ ਤੋੜ ਭੰਨ ਦਿੱਤੇ।

ਪਰ ਇਕ ਐਸੇ ਸੂਝਵਾਨ, ਸ਼ਰਧਾਲੂ, ਅਗਿਆਕਾਰੀ ਵੀ ਸਨ, ਜਿਨ੍ਹਾਂ ਦੇ ਮਨ ਵਿਚ ਨਿਸਚਾ ਸੀ ਕਿ ਰਾਜਾ ਸਾਹਿਬ ਬੜੇ ਧਰਮੀ, ਨਿਆਂਕਾਰੀ, ਬਚਨ ਦੇ ਸੱਚੇ ਤੇ ਜੀਵਨ ਦੇ ਸੁੱਚੇ ਹਨ। ਉਹਨਾਂ ਨੂੰ ਆਪਣੇ ਪ੍ਰਣ ਦਾ ਚੇਤਾ ਤਾਂ ਜ਼ਰੂਰ ਹੋਵੇਗਾ, ਪਰ ਰਾਜ-ਪ੍ਰਬੰਧ ਦੇ ਰੁਝੇਵੇਂ ਕਰ ਕੇ ਕੁਝ ਦੇਰ ਹੋ ਗਈ ਹੋਵੇਗੀ। ਰਾਜਾ ਸਾਹਿਬ ਜ਼ਰੂਰ ਆਉਣਗੇ। ਉਸ ਦੀ ਉਡੀਕ ਵਿਚ ਸੋਹਣੇ ਪਲੰਘ ਉਪਰ ਸੋਹਣੀ ਤਲਾਈ ਤੇ ਵਿਛਾਈ ਕੀਤੀ ਅਤੇ ਸੋਹਣਾ ਸਿਰਹਾਣਾ, ਸਿਰਪੋਸ਼, ਸੋਹਣੇ ਸੁਗੰਧੀ ਵਾਲੇ ਫੁੱਲ ਤੇ ਤੋਤੇ ਲਟਕਾਏ। ਸੇਜਾ ਦੇ ਚਾਰੇ ਪਾਸੇ ਕੱਸ ਕੇ ਵੱਟ ਕੱਢੇ ਤੇ ਬਹੁਤ ਸਫ਼ਾਈ ਨਾਲ ਵਿਛਾਈ ਕੀਤੀ। ਰੌਸ਼ਨੀ ਵਾਸਤੇ ਕੌਲ ਦੀਵੇ ਦਾ ਪ੍ਰਕਾਸ਼ ਕਰ ਕੇ ਰਾਜੇ ਦੇ ਆਉਣ ਦੀ ਉਡੀਕ ਵਿਚ ਉਸ ਦਾ ਕੀਰਤਨ (ਜੱਸ) ਕਰ ਰਹੇ ਹਨ।

ਰਾਜੇ ਨੂੰ ਆਪਣੇ ਬਚਨ ਦਾ ਚੇਤਾ ਆਇਆ। ਸਾਰਿਆਂ ਦੇ ਮੰਦਰ ਵੇਖਣ ਵਾਸਤੇ ਆਪਣੇ ਵਜ਼ੀਰ, ਅਹਿਲਕਾਰ ਤੇ ਪੁਲਿਸ ਨੂੰ ਨਾਲ ਲੈ ਕੇ ਤੁਰਿਆ। ਜਦੋਂ ਜਾ ਕੇ ਇਹਨਾਂ ਸਾਰਿਆਂ ਦੇ ਭੰਨੇ ਤੋੜੇ ਤੇ ਖ਼ਰਾਬ ਕੀਤੇ ਮੰਦਰ ਤੱਕੇ ਤਾਂ ਰਾਜੇ ਨੇ ਨਾਰਾਜ਼ ਹੋ ਕੇ ਉਹਨਾਂ ਸਾਰਿਆਂ ਨੂੰ ਕੈਦ ਵਿਚ ਬੰਦ ਕਰ ਦਿੱਤਾ, ਪਰ ਜੋ ਮਾਈ ਭਾਈ ਰਾਜੇ ਦੇ ਦਰਸ਼ਨਾਂ ਦੇ ਚਾਹਵਾਨ ਸਨ ਤੇ ਉਡੀਕ ਰਹੇ ਸਨ, ਉਹਨਾਂ ਦੀ ਭਾਵਨਾ ਤੇ ਉਹਨਾਂ ਦਾ ਘਰ ਮੰਦਰ ਬੜਾ ਸਜਿਆ ਧਜਿਆ ਸੀ। ਉਹ ਮੰਦਰ ਪਸੰਦ ਕਰ ਕੇ ਰਾਜਾ ਸਾਹਿਬ ਉਸ ਸੇਜਾ 'ਤੇ ਆਪ ਬੈਠੇ ਅਤੇ ਆਪਣੇ ਰਾਜ ਭਾਗ ਦਾ ਤਖ਼ਤ ਸਦਾ ਲਈ ਉਹਨਾਂ ਨੂੰ ਬਖ਼ਸ਼ ਦਿੱਤਾ। ਇਹ ਹੈ ਦ੍ਰਿਸ਼ਟਾਂਤ ਜਿਸ ਦਾ ਸਾਰਾਂਸ਼ ਇਸ ਪ੍ਰਕਾਰ ਹੈ :

ਰਾਜਿਆਂ ਦਾ ਰਾਜਾ, ਮਹਾਰਾਜਿਆਂ ਦਾ ਮਹਾਰਾਜਾ ਸਾਹਿਬ ਪਰਮੇਸ਼ਰ ਹੈ।

*ਯਥਾ :* **ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥** (ਅੰਗ 6)

**ਰਾਜਾਨ ਰਾਜ॥ ਭਾਨਾਨ ਭਾਨ॥ ਦੇਵਾਨ ਦੇਵ॥ ਉਪਮਾ ਮਹਾਨ॥** (ਦਸਮ ਗ੍ਰੰਥ)

ਸਾਰਿਆਂ ਦਾ ਮਾਲਕ ਸੱਚਾ ਪਾਤਸ਼ਾਹ ਮਹਾਰਾਜਾ ਅਕਾਲ ਪੁਰਖ ਆਪ ਹੈ। ਉਸ ਨੇ ਸਾਰੇ ਜੀਵਾਂ ਨੂੰ ਸਰੀਰ ਰੂਪੀ ਸੋਹਣੇ ਮੰਦਰ ਦਿੱਤੇ ਹਨ ਤੇ ਪ੍ਰਣ ਕਰਾਇਆ ਹੈ ਕਿ ਜਿਹੜਾ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਵਾਰ, ਸੰਭਾਲ ਕੇ ਰੱਖੇਗਾ, ਜਿਸ ਦਾ ਮੰਦਰ (ਸਰੀਰ) ਸਾਡੇ ਪਸੰਦ ਆ ਗਿਆ, ਉਸ ਦੇ ਪਵਿੱਤਰ ਹਿਰਦੇ ਨੂੰ ਆਪਣਾ ਤਖ਼ਤ ਬਣਾ ਕੇ ਅਤੇ ਓਥੇ ਆਪਣਾ ਨਿਵਾਸ ਕਰ ਕੇ, ਉਸ ਨਿਰਮਲ ਚਿੱਤ ਆਗਿਆਕਾਰੀ ਨੂੰ ਆਪਣੇ ਸਰੂਪ ਰੂਪੀ ਤਖ਼ਤ ਦਾ ਸਦਾ ਵਾਸਤੇ ਮਾਲਕ ਬਣਾ ਦੇਵਾਂਗੇ। ਇਹ ਬਚਨ ਸੁਣ ਕੇ ਸਾਰੇ ਪ੍ਰਾਣੀ ਮਾਤਰ ਬੜੇ ਪ੍ਰਸੰਨ ਹੋਏ। ਲੱਗੇ ਆਪਣੇ ਸਰੀਰਾਂ ਤੇ ਮਨਾਂ ਨੂੰ ਸੰਵਾਰਨ ਅਤੇ ਰਾਜੇ ਨੂੰ ਉਡੀਕਣ ਪਰ ਉਹਨਾਂ ਦਾ ਸਿਦਕ ਪਰਖਣ ਵਾਸਤੇ ਪਰਮੇਸ਼ਰ ਨੇ ਕੁਝ ਦੇਰ ਲਾਈ।

ਕਈ ਬੇ-ਸਿਦਕੇ ਲੋਕਾਂ ਨੇ ਇਹ ਕਹਿ ਕੇ, 'ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ। ਖਾਓ ਪੀਓ, ਹੰਢਾਓ, ਚਾਰ ਦਿਨ ਜੀਵਨ ਹੈ ਐਸ਼ ਲੈ ਲਓ, ਵਿਸ਼ੇ ਸੁੱਖ ਮਾਣੋ, ਫਿਰ ਤਾਂ ਮਰ ਹੀ ਜਾਣਾ ਹੈ।' ਉਨ੍ਹਾਂ

ਨੇ ਹਿਰਦੇ ਰੂਪ ਮੰਦਰ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਪਸ਼ੂ ਬੰਨ੍ਹ ਲਏ। ਦੂਜਿਆਂ ਨੇ ਤੰਬਾਕੂ ਪੀ ਪੀ ਕੇ ਧੂੰਏਂ ਨਾਲ ਅੰਦਰ ਕਾਲਾ ਕਰ ਲਿਆ। ਮੂੰਹ ਵਿਚੋਂ ਵਿਸ਼ਟਾ ਨਾਲੋਂ ਵੀ ਭੈੜੀ ਬਦਬੂ ਆਉਣ ਲੱਗੀ। ਮੂੰਹ ਸਰੀਰ ਰੂਪੀ ਮੰਦਰ ਦਾ ਦਰਵਾਜ਼ਾ ਹੈ। ਜਿਵੇਂ ਦਰਵਾਜ਼ੇ ਰਾਹੀਂ ਪ੍ਰਵੇਸ਼ ਹੋ ਕੇ ਅੰਦਰਲੀਆਂ ਸਾਰੀਆਂ ਚੀਜ਼ਾਂ ਦਾ ਪਤਾ ਲੱਗ ਜਾਂਦਾ ਹੈ, ਇਸੇ ਤਰ੍ਹਾਂ ਜੋ ਚੀਜ਼ ਮੁੱਖ ਵਿਚ ਪਾਈਏ, ਉਸ ਦਾ ਸਾਰੇ ਸਰੀਰ ਵਿਚ ਪ੍ਰਵੇਸ਼ ਹੋ ਜਾਂਦਾ ਹੈ, ਇਸ ਲਈ ਮੁੱਖ ਸਰੀਰ ਰੂਪੀ ਮੰਦਰ ਦਾ ਦਰਵਾਜ਼ਾ ਮੰਨਿਆ ਹੈ।

ਕਈ ਬੇਸਮਝ ਲੋਕਾਂ ਨੇ ਮੂੰਹ, ਦਾਹੜਾ, ਮੁਛਹਿਰੇ ਮੁੰਨਣ ਰੂਪੀ ਦਰਵਾਜ਼ੇ ਹੀ ਢਾਹ ਦਿੱਤੇ। ਕਈਆਂ ਨੇ ਨੇਤਰਾਂ ਦੇ ਭਰਵੱਟੇ ਮੁਨਾਉਣ ਰੂਪੀ ਰੌਸ਼ਨਦਾਨਾਂ ਨੂੰ ਹੀ ਤੋੜ ਭੰਨ ਦਿੱਤਾ। ਕਈਆਂ ਨੇ ਸਿਰ ਦੇ ਕੇਸ, ਜੂੜਾ ਜੋ ਕਲਸ ਦੀ ਨਿਆਈਂ ਸਭ ਤੋਂ ਉੱਚਾ ਸੀ, ਕੇਸਾਂ ਨੂੰ ਕਟਾਉਣ ਰੂਪੀ ਕਲਸ ਨੂੰ ਕੱਟ ਦਿੱਤਾ। ਪਰਮੇਸ਼ਰ ਨੇ ਇਹ ਵੇਖ ਕੇ ਕਿ ਮੇਰੇ ਰਹਿਣ ਵਾਲੇ ਘਰ ਨੂੰ ਇਹਨਾਂ ਨੇ ਭੰਨ ਤੋੜ ਕੇ, ਢਾਹ ਕੇ ਬਰਬਾਦ ਕਰ ਦਿੱਤਾ ਹੈ, ਇਸ ਲਈ ਸਭ ਨੂੰ ਚੌਰਾਸੀ ਲੱਖ ਜੂਨ ਵਿਚ ਪਾ ਦਿੱਤਾ, ਪਰ ਇਕ ਉਹ ਸਿਦਕੀ ਲੋਕ ਵੀ ਸਨ, ਜਿਹੜੇ (ਪਰਮੇਸ਼ਰ) ਰਾਜੇ ਦੀ ਉਡੀਕ ਵਿਚ ਸਨ, ਉਹਨਾਂ ਨੇ ਸਰੀਰ ਰੂਪ ਮੰਦਰ ਨੂੰ ਸੋਹਣਾ ਸਵਾਰ ਕੇ ਰੱਖਿਆ।

ਯਥਾ : **ਸਾਬਤ ਸੂਰਤਿ ਦਸਤਾਰ ਸਿਰਾ॥** (ਅੰਗ ੧084)

ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਸਾਬਤ ਸੂਰਤ ਰਹੇ :

**ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥**
**ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥** (ਅੰਗ ੧372)

ਭਾਵ ਜਿਵੇਂ ਮਾਤਾ ਦੇ ਗਰਭ ਤੋਂ ਸਰੀਰ ਰੂਪੀ ਪੇੜ ਪੈਦਾ ਹੋਇਆ ਹੈ, ਜੇ ਉਸੇ ਤਰ੍ਹਾਂ ਓੜਕ ਤੱਕ ਸਾਬਤ ਸੂਰਤ ਨਿਭ ਜਾਵੇ ਤਾਂ (ਹੀਰਾ) ਮਨੁੱਖਾ ਜਨਮ ਕੀ, ਕ੍ਰੋੜਾਂ (ਰਤਨ) ਦੇਵੀ ਦੇਵਤੇ ਆਦਿ ਦੀਆਂ ਦੇਹਾਂ ਵੀ ਉਸ ਦੇ ਮੁਕਾਬਲੇ ਪੁੱਜ ਨਹੀਂ ਸਕਦੀਆਂ। ਉਹਨਾਂ ਨੇ ਅੰਤਹਕਰਨ ਮਨ, ਬੁੱਧ, ਚਿੱਤ, ਹੰਕਾਰ ਦਾ ਪਲੰਘ ਬਣਾ ਕੇ, ਇਹਨਾਂ ਦੀਆਂ ਬ੍ਰਿਤੀਆਂ ਸੇਰੂਏ ਤੇ ਬਾਹੀਆਂ ਬਣਾ ਕੇ, ਪ੍ਰੇਮ ਦੇ ਵਾਣ ਨਾਲ ਬੁਣ ਕੇ, ਉੱਪਰ ਤੁਲਤਾ ਦੀ ਤੁਲਈ, ਸਮਤਾ ਦੀ ਵਿਛਾਈ, ਮਹਾਂ ਵਾਕਾਂ ਦੇ ਸੇਜਬੰਦ, ਵਿਸ਼ਿਆਂ ਦਾ ਤਿਆਗ ਰੂਪੀ ਫੁੱਲ, ਸਤਿ ਸੰਤੋਖ ਦੇ ਤੋਤੇ ਲਟਕਾਏ ਅਤੇ ਸ਼ਬਦ ਰੂਪੀ ਦੀਵੇ ਦਾ ਪ੍ਰਕਾਸ਼ ਕੀਤਾ।

ਯਥਾ : **ਸਤਿਗੁਰ ਸਬਦਿ ਉਜਾਰੋ ਦੀਪਾ॥** (ਅੰਗ 82੧)

ਭਗਤੀ ਦਾ ਸਿਰਪੋਸ਼, ਹੰਕਾਰ ਦੀ ਨਵਿਰਤੀ ਸਰ੍ਹਾਣਾ ਬਣਾ ਕੇ ਉਸ (ਰਾਜੇ) ਦੀ ਯਾਦ ਵਿਚ ਕੀਰਤਨ ਕਰ ਰਹੇ ਹਨ।

ਯਥਾ : **ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥**
**ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥** (ਅੰਗ 764)

ਐਸੇ ਸ਼ਰਧਾਲੂਆਂ ਦੇ ਪਵਿੱਤਰ ਹਿਰਦੇ ਰੂਪੀ ਮੰਦਰ ਵਿਚ ਆਪਣਾ ਨਿਵਾਸ ਕਰ ਕੇ, ਉਹਨਾਂ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਗੁਰਮੁਖਾਂ ਨੂੰ ਸਰੂਪ ਰੂਪੀ ਤਖ਼ਤ ਦੇ ਮਾਲਕ ਸਦਾ ਵਾਸਤੇ ਬਣਾ ਦਿੱਤਾ।

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥** (ਅੰਗ 969)

**ਤਥਾ : ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥**

(ਅੰਗ ੧੧62)

ਸੂਹੀ ਮਹਲਾ 5 ॥ ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥ ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥ ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥ ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥ ੧ ॥ ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥ ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥ ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥ ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥ ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥ ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥ 2 ॥ ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥ ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥ ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥ ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥ ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥ ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥ 3 ॥ ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥ ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥ ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥ ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥ ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥ ਬਿਨਵੰਤਿ ਨਾਨਕ ਨਿਤ ਨਾਮੁ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥ 4 ॥ 4 ॥ 7 ॥**

ਪਦ ਅਰਥ :- ਹਰਿ ਜਪੇ=ਹਰੀ ਦਾ (ਨਾਮ) ਜਪਣ ਲਈ। ਮੰਦਰੁ=ਹਰੀ ਦਾ ਮੰਦਰ। ਹਰਿ ਸਾਜਿਆ=ਹਰੀ ਪ੍ਰਮਾਤਮਾ ਨੇ ਬਣਾਇਆ। ਗਾਵਹਿ=ਗਾਉਂਦੇ ਹਨ। ਸਗਲੇ=ਸਾਰੇ। ਤਜਾਵਹਿ=ਦੂਰ ਕਰ ਲੈਂਦੇ ਹਨ। ਸਹਜ ਕਥਾ=ਸਹਿਜ ਆਤਮਿਕ ਗਿਆਨ ਦੇਣ ਵਾਲੀ ਕਥਾ। ਕਥੀ=ਬਿਆਨ ਕੀਤੀ। ਅਕਥ=ਕਥਨ ਤੋਂ ਰਹਿਤ। ਭਲਾ=ਸ਼ੁੱਭ। ਸੰਜੋਗੁ=ਮਿਲਾਪ (ਦਾ ਸਮਾਂ)। ਮੂਰਤੁ=ਮਹੂਰਤ। ਅਬਿਚਲ=ਨਾ ਹਿੱਲਣ ਵਾਲੀ। ਨੀਵ=ਨੀਂਹ। ਕਲਾ=ਸੱਤਾ, ਸ਼ਕਤੀ। ਵਜਹਿ=ਵਜਦੇ ਹਨ। ਵੂਠਾ=ਵਸਿਆ ਹੈ। ਸਾਰੀ=ਸੰਭਾਲੀ। ਬਿਨਸੇ=ਨਾਸ਼ ਹੋ ਗਏ। ਗੁਰਮੁਖਿ=ਗੁਰੂ ਦੁਆਰਾ। ਨਵ ਨਿਧਿ=ਨੌਂ ਨਿੱਧੀਆਂ। ਭੰਡਾਰੇ=ਖ਼ਜ਼ਾਨੇ। ਨਾਮਿ=ਨਾਮ ਵਿਚ। ਰੰਗੁ ਲਾਗਾ=ਪਿਆਰ ਲੱਗ ਗਿਆ ਹੈ। ਤਪਤਿ=ਸਾਰੀ ਤਪਸ਼, ਸੜਨ। ਬਿਨਾਸੀ=ਨਾਸ਼ ਹੋ ਗਈ। ਢਾਠਾ=ਢਹਿ ਗਿਆ। ਰਾਸੀ=ਰਾਸ, ਭਾਵ ਠੀਕ। ਮਿਟੀ ਬਲਾਇਆ=ਬਲਾ ਮੁਕ ਗਈ, ਭਾਵ ਦੁੱਖ ਦੂਰ ਹੋ ਗਏ ਹਨ। ਸਾਚੁ ਧਰਮੁ ਪੁੰਨੁ=ਸੱਚ ਰੂਪ ਧਰਮ ਤੇ ਪੁੰਨ ਕਰਮ। ਫਲਿਆ=ਵਧਣ ਲੱਗ ਪਿਆ। ਸੋਵਤ=ਸੁਤਿਆਂ। ਬੈਸਤ=ਬੈਠਿਆਂ। ਖਲਿਆ=ਖਲੋਤਿਆਂ। ਜਲਿ=ਪਾਣੀ ਵਿਚ। ਥਲਿ=ਧਰਤੀ ਵਿਚ। ਮਹੀਅਲਿ=ਮਹੀ ਪ੍ਰਿਥਵੀ ਅਤੇ ਅਕਾਸ਼ ਅਥਵਾ ਪੁਲਾੜ ਵਿਚ। ਸੋਈ=ਓਹੀ (ਪ੍ਰਭੂ)। ਅਵਰੁ=ਹੋਰ। ਘਰੁ=ਰਹਿਣ ਦਾ ਥਾਂ। ਬਨਿਆ=ਬਣਿਆ। ਪਰਸੇ=ਛੋਹੇ, ਭੇਟੇ। ਹਰਿ ਰਾਇਆ=ਹਰੀ ਰਾਜਾ। ਸੋਹਿਆ=ਸੋਹਣਾ ਬਣ ਗਿਆ। ਸਗਲ ਇਛਾ=ਸਾਰੀਆਂ (ਇੱਛਾਵਾਂ) (ਮੁਰਾਦਾਂ)। ਪਾਈਆਂ=ਪੂਰੀਆਂ ਹੋ ਗਈਆਂ। ਮਨਿ ਵਜੀਆ ਵਾਧਾਈਆ=ਮਨ ਵਿਚ ਵਧਾਈਆਂ ਦੇ ਨਾਮ ਰੂਪੀ ਵਾਜੇ ਵਜੇ। ਸੁਖਹੁ ਗਾਮੀ=ਸੁਖ ਪਹੁੰਚਾਉਣ ਵਾਲੇ ਨੇ। ਜਿਨਿ=ਜਿਸ (ਪ੍ਰਭੂ) ਨੇ। ਬਿਨਵੰਤਿ=ਬੇਨਤੀ ਕਰਦਾ ਹੈ। ਜੀਉ ਪਿੰਡੁ=ਜਿੰਦ ਤੇ ਸਰੀਰ। ਧਾਰਿਆ=ਟਿਕਾ ਕੇ ਰੱਖਿਆ।

ਅਰਥ :- (ਹੇ ਭਾਈ !) ਹਰੀ ਪ੍ਰਭੂ ਦਾ (ਨਾਮ) ਜਪਣ ਲਈ ਹਰੀ ਪ੍ਰਭੂ ਪ੍ਰਮਾਤਮਾ ਨੇ (ਗੁਰੂ ਰੂਪ ਹੋ ਕੇ) ਇਹ ਹਰੀ ਮੰਦਰ ਸਾਹਿਬ ਬਣਾਇਆ ਹੈ, ਜਿਸ ਵਿਚ ਸੰਤ ਤੇ ਭਗਤ (ਜਨ) ਹਰੀ ਦੇ ਗੁਣ ਗਾਉਂਦੇ ਹਨ। ਆਪਣੇ ਮਾਲਕ ਪ੍ਰਭੂ ਦਾ (ਨਾਮ) (ਵਾਹਿਗੁਰੂ ਵਾਹਿਗੁਰੂ) ਸਿਮਰ-ਸਿਮਰ ਕੇ ਸਾਰੇ ਪਾਪ ਦੂਰ ਕਰਾ ਲੈਂਦੇ ਹਨ। ਪ੍ਰਭੂ ਦੀ (ਸਿਫਤਿ-ਸਾਲਾਹ ਵਾਲੀ) ਉੱਤਮ ਬਾਣੀ ਦੁਆਰਾ ਹਰੀ ਪ੍ਰਭੂ ਦੇ ਗੁਣ ਗਾ ਕੇ (ਉਨ੍ਹਾਂ ਨੇ) ਪਰਮ-ਪਦ (ਤੁਰੀਆ ਪਦ) ਪ੍ਰਾਪਤ ਕਰ ਲਿਆ ਹੈ। ਸਹਜ (ਆਤਮਿਕ ਗਿਆਨ ਦੇ ਦੇਣ ਵਾਲੀ) ਪ੍ਰਭੂ ਦੀ ਕਥਾ (ਜੋ) ਬਹੁਤ ਮਿੱਠੀ ਹੈ, (ਉਹ) ਅਕੱਥ ਕਹਾਣੀ ਕਥਨ ਕੀਤੀ ਹੈ। ਉਹ ਸੰਜੋਗ ਤੇ ਮਹੂਰਤ ਚੰਗਾ ਸੀ, ਉਹ ਪਲ ਵੀ ਸੱਚਾ ਸੀ, (ਜਦੋਂ ਸਿਰਜਣਹਾਰ ਪਰਮੇਸ਼ਰ ਨੇ ਹਰੀਮੰਦਰ ਦੀ) ਨਾ ਹਿਲਣ ਵਾਲੀ ਅਚੱਲ ਨੀਂਹ ਰਖਾ ਦਿੱਤੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਦੋਂ) ਪ੍ਰਭੂ ਵਾਹਿਗੁਰੂ ਜੀ ਦਇਆਲੂ ਹੋ ਗਏ ਤਾਂ ਸਾਰੀ ਸ਼ਕਤੀ ਦੀ ਬਿਧ (ਆਪਣੇ ਆਪ ਹੀ) ਬਣ ਗਈ।੧।

(ਹੇ ਭਾਈ ! ਉਸ ਹਿਰਦੇ ਵਿਚ) ਹਰ ਰੋਜ਼ ਅਨੰਦ ਦੇ ਵਾਜੇ ਵਜਦੇ ਹਨ, (ਜਿਥੇ) ਪਰਮੇਸ਼ਰ ਮਨ ਵਿਚ ਵਸ ਗਿਆ ਹੈ। ਗੁਰੂ ਦੁਆਰਾ (ਉਸ ਨੇ) ਸੱਚੀ ਕਰਣੀ (ਭਗਤੀ ਕਰਨੀ) ਸੰਭਾਲੀ ਹੈ, (ਜਿਸ ਕਰਕੇ)

ਭਰਮ ਤੇ ਡਰ ਨਾਸ਼ ਹੋ ਗਏ ਹਨ। ਇਕ ਰਸ ਰਹਿਣ ਵਾਲੀ ਪ੍ਰਭੂ ਦੀ ਬਾਣੀ ਪ੍ਰਭੂ ਪਿਆਰੇ ਗੁਰਮੁਖ ਨੇ ਗੁਰੂ ਰਾਹੀਂ ਬਿਆਨ ਕੀਤੀ ਹੈ ਅਤੇ (ਪਰਮਾਤਮਾ ਦਾ) ਜਸ ਸੁਣ ਸੁਣ ਕੇ (ਉਸ ਦਾ) ਮਨ ਤੇ ਸਰੀਰ ਹਰਾ-ਭਰਾ ਹੋ ਗਿਆ ਹੈ। ਸਾਰੇ ਸੁਖ ਉਸ (ਮਨੁੱਖ) ਨੂੰ ਹੀ ਪ੍ਰਾਪਤ ਹੋਏ ਹਨ, ਜਿਸ ਨੂੰ (ਪਰਮਾਤਮਾ) ਨੇ ਆਪਣਾ ਬਣਾ ਲਿਆ ਹੈ। ਉਸ ਦੇ ਘਰ ਵਿਚ ਨੌਂ ਨਿੱਧੀਆਂ ਦੇ ਭੰਡਾਰ ਭਰੇ ਹੋਏ ਹਨ, (ਕਿਉਂਕਿ ਉਸ ਦਾ ਪ੍ਰਭੂ-) ਨਾਮ ਵਿਚ ਪਿਆਰ ਲੱਗ ਗਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਸ ਦਾਸ ਦੇ ਪੂਰੇ ਭਾਗ ਹਨ, (ਉਸ ਨੂੰ ਉਹ) ਪ੍ਰਭੂ ਪ੍ਰਮਾਤਮਾ ਕਦੇ ਵੀ ਨਹੀਂ ਭੁੱਲਦਾ।੨।

(ਹੇ ਭਾਈ !) ਛਤ੍ਰਪਤੀ ਪ੍ਰਭੂ ਪ੍ਰਮਾਤਮਾ ਸੱਚੇ ਪਾਤਿਸ਼ਾਹ ਨੇ (ਆਪ ਹੀ ਸਾਰੇ ਜਗਤ ਉੱਤੇ) ਛਾਂ ਕੀਤੀ ਹੈ, (ਜਿਸ ਨਾਲ) ਸਾਰੀ ਤਪਤ ਨਾਸ਼ ਹੋ ਗਈ ਹੈ। ਦੁੱਖਾਂ ਪਾਪਾਂ ਦਾ ਡੇਰਾ ਹੀ ਢਹਿ ਗਿਆ ਹੈ (ਅਤੇ) ਸਾਰਾ ਕਾਰਜ ਰਾਸ ਆ ਗਿਆ ਹੈ। ਹਰੀ ਪ੍ਰਭੂ ਨੇ ਫ਼ੁਰਮਾਨ ਕੀਤਾ ਹੈ ਕਿ (ਮਨੁੱਖ ਨੂੰ ਦੁੱਖ ਆਦਿ ਲੱਗਣ ਵਾਲੀਆਂ) ਬਲਾਵਾਂ ਦੂਰ ਹੋ ਗਈਆਂ ਹਨ ਅਤੇ ਸੱਚ ਰੂਪ ਧਰਮ ਤੇ ਪੁੰਨ ਕਰਮ ਵੱਧਣ ਲੱਗ ਪਏ ਹਨ। (ਹੇ ਭਾਈ !) ਆਪਣਾ ਪ੍ਰਭੂ ਸੁੱਤਿਆਂ, ਬੈਠਿਆਂ, ਖਲੋਤਿਆਂ ਸਦਾ ਹੀ ਧਿਆਉਣਾ ਚਾਹੀਦਾ ਹੈ। ਗੁਣਾਂ ਦਾ ਖ਼ਜ਼ਾਨਾ, ਸੁਖਾਂ ਦਾ ਸਮੁੰਦਰ, (ਸ੍ਰਿਸ਼ਟੀ ਦਾ) ਮਾਲਕ, ਪਾਣੀ ਵਿਚ, ਧਰਤੀ ਵਿਚ, ਅਕਾਸ਼ ਅਤੇ ਪੁਲਾੜ ਵਿਚ ਓਹੀ (ਪਰੀਪੂਰਨ) ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਦਾਸ) ਉਸ ਪ੍ਰਭੂ ਦੀ ਸ਼ਰਣ ਵਿਚ ਹਾਂ, ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ (ਰਖਵਾਲਾ) ਨਹੀਂ ਹੈ।੩।

(ਹੇ ਭਾਈ ! ਮੈਂ ਜਦੋਂ) ਪ੍ਰਭੂ ਪ੍ਰਮਾਤਮਾ ਸੱਚੇ ਪਾਤਿਸ਼ਾਹ ਦੇ (ਪਵਿੱਤਰ ਚਰਨ ਕਮਲ ) ਪਰਸੇ ਤਾਂ ਮੇਰਾ ਘਰ ਸਜ ਗਿਆ ਅਤੇ (ਬਨ) ਬਾਗ਼ ਤੇ ਤਾਲਾਬ ਵੀ ਸੋਹਣਾ ਬਣ ਗਿਆ। ਮੇਰਾ ਮਨ ਸੋਹਣਾ ਬਣ ਗਿਆ, ਮਿੱਤਰ ਸੱਜਣ (ਸਾਰੇ) ਪ੍ਰਸੰਨ ਹੋ ਗਏ ਅਤੇ ਹਰੀ ਦੇ ਗੁਣਾਂ ਦੇ ਖ਼ੁਸ਼ੀਆਂ ਦੇ ਗੀਤ ਗਾਏ। ਪ੍ਰਭੂ ਦੇ ਗੁਣਾਂ ਨੂੰ ਗਾਇਨ ਕਰ ਕੇ, ਪ੍ਰਭੂ ਨੂੰ ਧਿਆ ਕੇ ਸਾਰੀਆਂ ਮੁਰਾਦਾਂ ਮਿਲ ਗਈਆਂ। ਗੁਰੂ ਦੀ ਚਰਨੀਂ ਲੱਗ ਕੇ, (ਮਾਇਆ ਮੋਹ ਦੀ ਨੀਂਦ 'ਚੋਂ) ਸਦਾ ਲਈ ਜਾਗ ਪਏ ਅਤੇ ਮਨ ਵਿਚ ਖ਼ੁਸ਼ੀਆਂ ਦੀਆਂ ਅਥਵਾ ਨਾਮ ਰੂਪੀ ਅਨੰਦ ਦੀਆਂ ਵਧਾਈਆਂ ਵੱਜੀਆਂ ਹਨ। (ਹੇ ਭਾਈ !) ਸੁਖ ਪਹੁੰਚਾਣ ਵਾਲੇ ਮਾਲਕ ਨੇ ਮਿਹਰ ਦੀ ਦ੍ਰਿਸ਼ਟੀ ਪਾ ਕੇ ਸਾਡਾ ਲੋਕ ਅਤੇ ਪਰਲੋਕ ਸਵਾਰ ਦਿੱਤਾ ਹੈ। ਨਾਨਕ (ਗੁਰੂ ਜੀ ਬੇਨਤੀ ਪੂਰਬਕ ਉਚਾਰਨ ਕਰਦੇ ਹਨ) ਕਿ ਹੇ ਭਾਈ ! ਜਿਸ (ਪ੍ਰਭੂ) ਨੇ ਜਿੰਦ ਸਰੀਰ ਨੂੰ ਆਪਣੇ ਆਸਰੇ 'ਤੇ ਟਿਕਾ ਕੇ ਰੱਖਿਆ ਹੈ, ਉਸ ਦਾ ਨਾਮ ਹਰ ਰੋਜ਼ ਜਪਣਾ ਚਾਹੀਦਾ ਹੈ।੪।੪।੭।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧58 (ਆਦਿ ਅੰਗ 783)

## ਸੂਹੀ ਮਹਲਾ 5 ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥ ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥ ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ 2 ॥ ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥ ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥ ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥ ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥ ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥ 3 ॥ ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥ ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥ 4 ॥ 7 ॥ ੧੦ ॥

## ਪ੍ਰਾਕ੍ਰਥਨ :

ਸ਼ਾਂਤੀ ਦੇ ਸੋਮੇ, ਸੱਚ ਦੇ ਸੂਰਜ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਪਾਵਨ ਸ਼ਬਦ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੈ। ਇਸ ਸ਼ਬਦ ਦੇ ਆਰੰਭ ਵਿਚ ਪ੍ਰਭੂ ਪਿਆਰਿਆਂ ਦੇ ਕਾਰਜ ਪੂਰੇ ਕਰਨ ਵਾਸਤੇ ਪ੍ਰਮਾਤਮਾ ਆਪ ਕਾਰਜ ਪੂਰਾ ਕਰਨ ਲਈ ਵਿਚ ਸ਼ਾਮਿਲ ਹੋਇਆ ਦੱਸਿਆ ਹੈ।

### ਵਿਸ਼ਾ — ਧਰਤਿ ਸੁਹਾਵੀ ਤਾਲੁ ਸੁਹਾਵਾ

ਧਰਤੀ ਤੇ ਤਾਲ ਕਿਹੜਾ ਸੁਹਾਵਣਾ ਹੈ, ਇਸ ਬਾਰੇ ਪੰਚਮ ਗੁਰਦੇਵ ਫ਼ਰਮਾਂਦੇ ਹਨ :

**ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰ ਬੈਠਾ ਆਇ॥**
**ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥**

(ਅੰਗ ੩੧੦)

ਪਰਮ ਕਿਰਪਾਲੂ ਸੋਢੀ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਜਗਤ ਜੀਆਂ ਨੂੰ ਤਾਰਨ ਵਾਸਤੇ ਅਤੇ ਜਗਤ ਜੀਆਂ ਦੇ ਪਾਪ ਦੂਰ ਕਰਨ ਲਈ, ਗਿਆਨੀ ਗਿਆਨ ਸਿੰਘ ਜੀ ਤਵਾਰੀਖ਼ ਗੁਰੂ ਖ਼ਾਲਸਾ ਦੇ ਪੰਨਾ ੩੪੪ ਅਨੁਸਾਰ ਅੰਮ੍ਰਿਤਸਰ ਸਰੋਵਰ ਦਾ ਟੱਕ ਸੰਮਤ ਬਿਕ੍ਰਮੀ ੧੬੩੦, ਸੰਨ ੧੫੭੩ ਨੂੰ ਲਾਇਆ। ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਗੁਰੂ ਰਾਮਦਾਸ ਜੀ ਅਤੇ ਬਾਬਾ ਬੁੱਢਾ ਜੀ ਸਿੱਖਾਂ ਸਮੇਤ ਅਰਦਾਸ ਕਰ ਕੇ, ਬਾਬਾ ਬੁਢਾ ਸਾਹਿਬ ਜੀ ਦੇ ਕਹਿਣ ਅਨੁਸਾਰ, ਗੁਰੂ ਰਾਮਦਾਸ ਜੀ ਨੇ ਸਰੋਵਰ ਦਾ ਪਹਿਲਾ ਟੱਕ ਆਪ ਦੁੱਖ ਭੰਜਨੀ ਬੇਰ ਪਾਸ ਲਾਇਆ ਸੀ।

**ਸ੍ਰੀ ਨਾਨਕ ਆਦਿਕ ਲੇ ਨਾਇ। ਕਰਿ ਅਰਦਾਸ ਸੀਸ ਨਿਹੁਰਾਇ॥ 4॥**
**ਬ੍ਰਿਧ ਬਚ ਤੇ ਲੇ ਖਨਨੀ ਹਾਥ। ਟਕ ਲਾਇਸ ਚਿਤਵੰਤਿ ਗੁਰੁ ਨਾਥ॥ ੧੧॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 2, ਅੰਸੂ ੧3)

ਪਰ ਕੁਝ ਨਵੀਨ ਲੇਖਕਾਂ ਨੇ ਸੰਮਤ ਬਿਕ੍ਰਮੀ ੧੬੩੪, ਸੰਨ ੧੫੭੭ ਨੂੰ ਦੁੱਖ ਭੰਜਨੀ ਬੇਰ ਦੇ ਕੋਲ, ਸਰੋਵਰ ਦਾ ਟੱਕ ਲਗਾਇਆ ਦੱਸਿਆ ਹੈ, ਜਿਸ ਦਾ ਨਾਮ ਗੁਰੂ ਜੀ ਨੇ ਅੰਮ੍ਰਿਤਸਰ ਰੱਖਿਆ।

**ਜੋ ਇਸਨਾਨ ਯਾ ਸੋ ਕਰੇ ਸਤਿਗੁਰ ਭਗਤ ਬਢਾਇ।**
**ਬਿਨ ਯਾਸ ਮੁਕਤ ਲਹੇ ਮਮ ਬਚਨ ਨਾ ਬਿਰਥਾ ਜਾਇ।** (ਮਹਿਮਾ ਪ੍ਰਕਾਸ਼)

**ਸੰਤਹੁ ਰਾਮਦਾਸ ਸਰੋਵਰੁ ਨੀਕਾ॥**
**ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥** (ਅੰਗ 623)

ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਦੁਪਹਿਰ ਨੂੰ ਹਰਿ ਕੀ ਪਉੜੀ ਵਾਲੀ

ਜਗ੍ਹਾ ਆਰਾਮ ਕੀਤਾ ਸੀ ਤੇ ਭੋਗ ਮੋਖ ਦਾ ਪ੍ਰਵਾਹ ਚਲਣ ਦਾ ਇਸ ਜਗ੍ਹਾ ਨੂੰ ਵਰ ਦਿੱਤਾ ਸੀ। ਇਹ ਰਵਾਇਤ ਭੀ ਹੈ ਕਿ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਤੋਂ ਚੱਲ ਕੇ ਇਥੇ ਆਉਂਦੇ ਤਾਂ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਤੋਂ ਚੱਲ ਕੇ ਇਸ ਜਗ੍ਹਾ ਇਕੱਠੇ ਬੈਠਦੇ ਸਨ। ਦੂਸਰਾ ਜ਼ਿਕਰ ਗੁਰੂ ਨਾਨਕ ਦੇਵ ਜੀ ਦੀਪਾਲਪੁਰ ਨੂੰ ਜਾਣ ਸਮੇਂ ਇਥੇ ਟਿਕੇ ਸਨ। ਗੁਰੂ ਅੰਗਦ ਦੇਵ ਜੀ ਨੇ ਇਸ ਅਸਥਾਨ ਨੂੰ ਪਵਿੱਤਰ ਕੀਤਾ ਸੀ, ਜਿਨ੍ਹਾਂ ਦਾ ਅੰਗੂਠਾ ਦੁੱਖ ਭੰਜਨੀ ਬੇਰੀ ਪਾਸੋਂ ਲੱਭੀ ਬੂਟੀ ਨਾਲ ਠੀਕ ਹੋਇਆ ਸੀ (ਪ੍ਰਿੰ. ਸਤਿਬੀਰ ਸਿੰਘ, ਸਾਡਾ ਇਤਿਹਾਸ)। ਗੁਰੂ ਅਮਰਦਾਸ ਜੀ ਨੇ ਆਪ ਟੱਕ ਲਗਾ ਕੇ ਚੱਕ ਰਾਮਦਾਸਪੁਰ ਵਸਾਉਣ ਦਾ ਹੁਕਮ ਕੀਤਾ ਸੀ। ਅੰਮ੍ਰਿਤ ਸਰੋਵਰ ਦਾ ਟੱਕ ਗੁਰੂ ਰਾਮਦਾਸ ਜੀ ਨੇ ਲਾਇਆ ਸੀ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਪੱਕਾ ਕੀਤਾ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਿਰਜਨਾ ਕੀਤੀ। ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਹਰਿ ਰਾਇ ਜੀ ਨੇ ਵੀ ਚਰਨ ਪਾਏ ਸਨ। ਇਕ ਲੇਖਕ ਅਨੁਸਾਰ ਸੱਤਵੇਂ ਪਾਤਸ਼ਾਹ ਜਦ ਅੰਮ੍ਰਿਤਸਰ ਸਾਹਿਬ ਆਏ ਸਨ ਤਾਂ ਇਸ ਸਮੇਂ ਅੱਠਵੇਂ ਪਾਤਸ਼ਾਹ ਜੀ ਵੀ ਨਾਲ ਅੰਮ੍ਰਿਤਸਰ ਆਏ ਸਨ। ਗੁਰੂ ਤੇਗ਼ ਬਹਾਦਰ ਜੀ ਦਾ ਪਵਿੱਤਰ ਅਸਥਾਨ ਥੜ੍ਹਾ ਸਾਹਿਬ ਹੈ। ਇਸ ਅਸਥਾਨ ਦੀ ਮਹਾਨਤਾ ਦੀਆਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਗੁਰੂ ਅਮਰਦਾਸ ਜੀ ਨੇ ਅੰਮ੍ਰਿਤ ਸਰੋਵਰ ਰਚਣ ਵਾਸਤੇ ਇਹ ਥਾਂ ਚੁਣਿਆ ਸੀ। ਆਪ ਨੇ ਇਸ ਨੂੰ ਬਣਾਉਣ ਦੀ ਸਾਰੀ ਜ਼ਿੰਮੇਵਾਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਦਿੱਤੀ ਸੀ। ਇਉਂ ਉੱਤਮ ਗੁਰਿਆਈ ਦਾ ਤਿਲਕ ਦੇ ਕੇ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਸਮੇਤ ਪਰਿਵਾਰ ਅੰਮ੍ਰਿਤਸਰ ਜਾ ਵੱਸਣ ਦਾ ਹੁਕਮ ਦਿੱਤਾ ਸੀ। ਗੁਰਦੇਵ ਦੀ ਆਗਿਆ ਦਾ ਪਾਲਣ ਕਰਦੇ ਹੋਏ ਗੁਰੂ ਰਾਮਦਾਸ ਜੀ ਹਮੇਸ਼ਾ ਵਾਸਤੇ ਅੰਮ੍ਰਿਤਸਰ ਆ ਵੱਸੇ ਸਨ।

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।**
**ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤ ਜਗਾਵੈ।**

(ਭਾ: ਗੁਰਦਾਸ ਜੀ, ਵਾਰ ੧, ਪਉੜੀ 47)

ਸਿਆਣੇ ਵਿਦਵਾਨਾਂ ਦਾ ਵਿਚਾਰ ਹੈ ਕਿ ਨਵੇਂ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਨਵੇਂ ਧਰਮ ਵਜੂਦ ਵਿਚ ਆਉਂਦੇ ਹਨ। ਕੁਝ ਰਸਮਾਂ-ਰੀਤਾਂ ਉਹ ਪੁਰਾਣੇ ਸਮਾਜ ਦੀਆਂ ਹੂ-ਬ-ਹੂ ਅਪਣਾ ਲੈਂਦੇ ਹਨ, ਕੁਝ ਦਾ ਪੂਰੀ ਤਰ੍ਹਾਂ ਵਿਰੋਧ ਕਰਦੇ ਹਨ ਤੇ ਕੁਝ ਦੀ ਕੇਵਲ ਸ਼ਕਲ-ਸੂਰਤ ਜਾਂ ਢੰਗ ਬਦਲੇ ਜਾਂਦੇ ਹਨ। 'ਤੀਰਥ' ਸ਼ਬਦ ਭਾਰਤ ਭਰ ਦੇ ਲੋਕਾਂ ਦੇ ਮਨਾਂ ਵਿਚ ਬਹੁਤ ਰਚ ਚੁੱਕਾ ਸੀ। ਅਜੇ ਤੱਕ ਵੀ ਤੀਰਥ-ਯਾਤਰਾ ਨੂੰ ਕਲਿਆਣ ਜਾਂ ਆਤਮਿਕ-ਸ਼ੁੱਧੀ ਦਾ ਸਾਧਨ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਨਾਮ ਸਿਮਰਨ ਨੂੰ ਹੀ ਸੱਚਾ 'ਤੀਰਥ' ਮੰਨਿਆ ਹੈ :

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥** (ਅੰਗ 687)

ਪਰ ਅਸਲੀ ਤੌਰ 'ਤੇ ਇਤਿਹਾਸਕ ਤੀਰਥ-ਅਸਥਾਨਾਂ ਦੀ ਮਹਾਨਤਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਸੇ ਅਸਥਾਨ ਦਾ ਪਵਿੱਤਰ ਇਤਿਹਾਸ ਹੀ ਉਸ ਦੀ ਮਾਨਤਾ ਦਾ ਕਾਰਨ ਹੁੰਦਾ ਹੈ। ਉਹ ਯਾਤਰੂ ਦੇ ਮਨ 'ਤੇ ਚੰਗਾ ਪ੍ਰਭਾਵ ਵੀ ਪਾਉਂਦਾ ਹੈ। ਆਮ ਤੀਰਥਾਂ ਨਾਲੋਂ ਤੀਰਥ ਪੂਰੇ ਸਤਿਗੁਰੂ ਦਾ ਰਚਿਆ ਗੁਰ ਤੀਰਥ ਗੁਰਸਿੱਖਾਂ ਵਾਸਤੇ ਮਹਾਨ ਹੈ। ਗੁਰੂ ਰਾਮਦਾਸ ਜੀ ਦੇ ਪਵਿੱਤਰ ਬਚਨ ਹਨ :

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥**
**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥** (ਅੰਗ 450)

ਗੁਰੂ ਸਾਹਿਬਾਂ ਦੀ ਚਰਨ-ਛੋਹ ਪ੍ਰਾਪਤ ਹੋਣ ਕਰ ਕੇ ਗੁਰੂ ਅਮਰਦਾਸ ਜੀ ਨੇ ੧੫੭੨ ਵਿਚ ਭਾਈ ਜੇਠਾ ਜੀ ਨੂੰ ਨਵਾਂ ਸ਼ਹਿਰ ਰਾਮਦਾਸਪੁਰ (ਅੰਮ੍ਰਿਤਸਰ) ਬਣਾਉਣ ਦੀ ਆਗਿਆ ਕੀਤੀ ਅਤੇ ਗੁਰੂ ਅਮਰਦਾਸ ਜੀ ਦੀ ਆਗਿਆ ਪਾ ਕੇ (ਗੁਰੂ) ਰਾਮਦਾਸ ਜੀ ਨੇ ਇਕ ਸਰੋਵਰ ਦਾ ਟੱਕ ਲਾਇਆ, ਜਿਸ ਨੂੰ ਇਸ ਵੇਲੇ ਸੰਤੋਖਸਰ ਕਹਿੰਦੇ ਹਨ। ਨਾਲ ਹੀ ਗੁਰੂ ਮਹਾਰਾਜ ਨੇ ਇਕ ਨਵਾਂ ਨਗਰ ਵਸਾਉਣ ਦੀ ਰਸਮ ਅਦਾ ਕੀਤੀ (ਮੋਹੜੀ ਗੱਡੀ) ਤੇ ਉਸ ਦਾ ਨਾਮ 'ਗੁਰੂ ਦਾ ਚੱਕ' ਧਰਿਆ। ਪਿਛੋਂ ਇਸ ਨਗਰ ਦਾ ਨਾਮ 'ਰਾਮਦਾਸਪੁਰ' ਜਾਂ 'ਚੱਕ ਰਾਮਦਾਸ' ਪੈ ਗਿਆ, ਪਰ ੧੮੮੩-੮੪ ਦੇ ਗਜ਼ਟੀਅਰ ਵਿਚ ਐਚ.ਡੀ. ਕਰੇ ਨੇ ਲਿਖਿਆ ਹੈ ਕਿ ਇਹ ਅੰਮ੍ਰਿਤਸਰ ਵਾਲੀ ਥਾਂ ਗੁਰੂ ਰਾਮਦਾਸ ਜੀ ਨੇ ਤੁੰਗ ਪਿੰਡ ਦੇ ਜ਼ਿਮੀਂਦਰ ਪਾਸੋਂ ੭੦੦ ਰੁਪੈ ਵਿਚ ਖ਼ਰੀਦੀ ਸੀ, ਪਰ ਬਰਾਊਨ ਦੇ ਬਣਾਏ ਨਕਸ਼ੇ ਵਿਚ ਗੁਰੂ ਕਾ ਚੱਕ ਤੇ ਅੰਮ੍ਰਿਤਸਰ ਦੋਵੇਂ ਨਾਮ ਮਿਲਦੇ ਹਨ। ਭਾਈ ਕੇਸਰ ਸਿੰਘ ਜੀ ਅਨੁਸਾਰ ਇਸ ਦਾ ਪਹਿਲਾ ਨਾਮ ਰਾਮਦਾਸ ਸਰ ਤੇ ਅਮਰ ਸਰ ਸਨ।

**ਦੁਇ ਨਾਮ ਤੀਰਥ ਕੇ ਪਏ ਸੰਸਾਰ।**
**ਕੋਈ ਕਹੈ ਰਾਮਦਾਸ ਸਰ।**
**ਕੋਈ ਕਹੈ ਅਮਰ ਸਰ ਉਚਾਰ।**

ਪਰ ਅੱਗੇ ਜਾ ਕੇ ਲਿਖਦੇ ਹਨ ਕਿ ਜਿਸ ਵੇਲੇ ਉਸਾਰੀ ਹੋ ਗਈ ਮਕਾਨਾਂ ਦੀ ਅਤੇ ਸੇਵਾ ਹੋ ਗਈ ਸਰੋਵਰਾਂ ਦੀ ਤਾਂ ਇਸ ਦਾ ਨਾਮ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

**ਉਸਾਰੀ ਫੇਰ ਲਵਾਈ ਅੰਮ੍ਰਿਤਸਰ।**
**ਨਾਲੇ ਸਰਿ ਬਣੇ ਨਾਲ ਬਣੇ ਨਗਰ ਵਿਚ ਘਰ।**

## ਸਾਖੀ—ਅੰਮ੍ਰਿਤਸਰ ਸਰੋਵਰ ਦੀ ਆਰੰਭਤਾ

ਪਾਵਨ ਪਵਿੱਤ੍ਰ ਅੰਮ੍ਰਿਤਸਰ ਸਰੋਵਰ ਦੀ ਆਰੰਭਤਾ ਗੁਰੂ ਰਾਮਦਾਸ ਜੀ ਨੇ ਕੀਤੀ ਸੀ। ਹਜ਼ੂਰ ਨੇ ਸੰਮਤ ੧634 ਅਤੇ ਸੰਨ ੧577 ਨੂੰ ਅਰਦਾਸ ਕਰਕੇ ਇਸ ਸਰੋਵਰ ਦਾ ਟੱਕ ਲਗਾਇਆ ਸੀ, ਜਿਸ ਦਾ ਜ਼ਿਕਰ ਗੁਰਇਤਿਹਾਸ ਅੰਦਰ ਇਸ ਪ੍ਰਕਾਰ ਆਇਆ ਹੈ :

**ਸ੍ਰੀ ਨਾਨਕ ਆਦਿਕ ਲੇ ਨਾਇ। ਕਰਿ ਅਰਦਾਸ ਸੀਸ ਨਿਹੁਰਾਇ।**
**ਬਿਰਧ ਬਚ ਤੇ ਲੇ ਖਨਨੀ ਹਾਥ। ਟੱਕ ਲਾਇਸ ਚਿਤਵਤ ਗੁਰਨਾਥ।**
**ਜਹਿ ਦੁਖ ਭੰਜਨ ਬਦਰੀ ਖਰੀ। ਤਹਿ ਤੇ ਖਨਹਿੰ ਸੁ ਆਇਸ ਕਰੀ।**
**ਆਪ ਨਿਕਟ ਬੈਠੇ ਬਚ ਕਹੈ। ਮਿਰਤਕਾ ਵਹਿਰ ਗਿਰਾਵਤਿ ਲਹੈ॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ ੧੩)

ਇਸ ਉਪਰੰਤ ਫਿਰ ਸ਼ਾਂਤੀ ਦੇ ਸੋਮੇ ਤੇ ਸੱਚ ਦੇ ਸੂਰਜ ਪਰਮ ਕਿਰਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਜਿਸ ਗੁਰੂ ਦਾ ਨਾਮ ਲੈਣ ਨਾਲ ਗਰਭ ਜੂਨ ਵਿਚ ਪੈਣ ਦਾ ਦੁੱਖ ਕੱਟਿਆ ਜਾਂਦਾ ਹੈ, ਸੰਮਤ ਬਿਕ੍ਰਮੀ ੧੬੪੩ ਨੂੰ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਆਰੰਭ ਕੀਤੀ। ਸਰੋਵਰ ਦੀ ਸੇਵਾ ਗੁਰਸਿੱਖ ਕਿਤਨੇ ਪ੍ਰੇਮ ਨਾਲ ਕਰਦੇ ਸਨ, ਇਸ ਦਾ ਜ਼ਿਕਰ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਹੈ :

**ਕਿਨਹੁ ਗਹੀ ਖਨਨੀ ਕਰ ਮਾਂਹੀ। ਖਨਹਿ ਕਰਹਿ ਬਲ ਪ੍ਰੇਮ ਉਮਾਹੀ।**
**ਕਿਨਹੁ ਟੋਕਰੀ ਸਿਰ ਪਰ ਧਰੀ। ਬਹੁਤ ਭਾਰਿ ਹਾਥਨਿ ਸੋਂ ਭਰੀ॥ 33 ॥**
**ਕੇਤਿਕ ਲੈ ਕਰਿ ਵਹਿਰ ਗਿਰਾਵਹਿ। ਕੋ ਕਹਿ ਕਰਿ ਉਤਸਾਹੁ ਵਧਾਵਹਿ।**
**ਅਤਿ ਅਨੰਦਤਾ ਉਰ ਮੈਂ ਹੋਈ। ਕਾਰ ਤਲਾਵ ਲਗੇ ਸਭਿ ਕੋਈ॥ 34 ॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 39)

(ਸੰਪ੍ਰਦਾਈ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਅਮੀਰ ਭੰਡਾਰ, ਸੈਂਚੀ ਛੇਵੀਂ ਦੇ ਪੰਨਾ 302 ਅਨੁਸਾਰ)

ਹਰਿ ਕੀ ਪਉੜੀ ਵਾਲੀ ਜਗ੍ਹਾ ਭਗਵਾਨ ਦੇਵਤਿਆਂ ਸਮੇਤ ਆਪ ਸੇਵਾ ਕਰਨ ਲਈ ਆ ਖਲੋਤਾ ਤਾਂ ਪੰਚਮ ਗੁਰਦੇਵ ਨੇ ਇਹ ਸ਼ਬਦ ਉਚਾਰਨ ਕੀਤਾ ਸੀ :

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**

(ਅੰਗ 783)

ਗੁਰਵਾਕ ਚਾਨਣ, ਭਾਗ ਦੂਜਾ, ਪੰਨਾ 234 ਤੇ 235 ਉੱਪਰ ਵੀ ਇਸ ਸ਼ਬਦ ਦੀ ਉਥਾਨਕਾ ਉਪਰੋਕਤ ਸੰਪ੍ਰਦਾਈ ਟੀਕਾ ਅਨੁਸਾਰ ਦਿੱਤੀ ਹੈ। ਇਸ ਲਈ ਜਿਸ ਸਰੋਵਰ ਦੀ ਸੇਵਾ ਆਪ ਗੁਰੂ ਸਾਹਿਬਾਨ ਨੇ ਕੀਤੀ ਕਰਾਈ ਹੋਵੇ, ਉਹ ਸਰੋਵਰ ਕਿਤਨਾ ਮਹਾਨ ਹੈ ਅਤੇ ਫਿਰ ਪੰਚਮ ਗੁਰਦੇਵ ਨੇ ਇਸ ਸਰੋਵਰ ਦੀ ਸੇਵਾ ਵਾਸਤੇ ਕਿਹਾ ਹੋਵੇ ਕਿ :

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**

(ਅੰਗ 783)

ਸ੍ਰੀ ਗੁਰੂ ਅਰਜਨ ਦੇਵ ਜੀ ਦੁੱਖ ਭੰਜਨੀ ਬੇਰੀ ਹੇਠ ਜਾਂ ਅਠਸਠ ਘਾਟ ਵਾਲੀ ਜਗ੍ਹਾ, ਜਿਥੇ ਹੁਣ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਥੜ੍ਹਾ ਬਣਿਆ ਹੈ, ਉਸ ਉਪਰ ਬੈਠ ਕੇ ਸਰੋਵਰ ਦੀ ਸੇਵਾ ਦੀ ਨਿਗਰਾਨੀ ਕਰਦੇ ਸਨ। ਬਾਬਾ ਬੁੱਢਾ ਜੀ, ਸਮੇਤ ਆਪਣੇ ਪਰਿਵਾਰ ਦੇ, ਸੇਵਾ ਕਰ ਕਰਾ ਰਹੇ ਸਨ।

**ਆਪ ਖਰੇ ਹੋਇ ਸਭਿਨ ਮਝਾਰੀ। ਕਾਰ ਕਰਾਵਹਿ ਗੁਰ ਉਪਕਾਰੀ।**
**ਦੇਖਤ ਕਾਰ ਚੌਗਨੀ ਹੋਇ। ਉਦਮ ਕਰਹਿਂ ਅਧਿਕ ਸਭਿ ਕੋਇ॥ 35 ॥**

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 39)

**ਭਾਈ ਬੁੱਢਾ ਜੁਤਿ ਪਰਵਾਰ। ਸੁਤ ਪੌਤ੍ਰਾਦਿ ਸਹਿਤ ਕਰਿ ਕਾਰੁ।...੧੭ ॥**

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 39)

ਗੁਰ ਇਤਿਹਾਸ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਸ ਵੇਲੇ ਸਰੋਵਰ ਦੀ ਸੇਵਾ ਸ਼ੁਰੂ ਕੀਤੀ, ਉਸ ਵੇਲੇ ਦੱਸਿਆ ਕਿ ਸਾਡੇ ਪਿਤਾ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਇਹ ਸੇਵਾ ਸ਼ੁਰੂ ਕੀਤੀ ਸੀ, ਪਰ ਉਸ ਸਮੇਂ ਸੇਵਾ ਸੰਪੂਰਨ ਨਹੀਂ ਹੋਈ ਸੀ। ਜਲ ਨਾਲ ਮਿਟੀ ਪੈ ਕੇ, ਉਹ ਜਗ੍ਹਾ ਸੇਵਾ ਕੀਤੀ ਵਾਲੀ ਨੀਵੀਂ ਥਾਂ ਫਿਰ ਮਿੱਟੀ ਨਾਲ ਭਰ ਗਈ ਸੀ। ਚਿੰਨ੍ਹ ਮਾਤਰ ਇਹ ਦੁੱਖ ਭੰਜਨੀ ਬੇਰੀ ਪਾਸ ਨੀਵੀਂ ਥਾਂ ਰਹਿ ਗਈ ਸੀ। ਇਸ ਤਰ੍ਹਾਂ ਦੱਸਦਿਆਂ ਪੰਚਮ ਗੁਰਦੇਵ ਨੇ ਅਰਦਾਸ ਕਰ ਕੇ ਸੇਵਾ ਸ਼ੁਰੂ ਕੀਤੀ ਸੀ।

**ਸਤਿਗੁਰ ਅਮਰਦਾਸ ਕੀ ਆਇਸੁ। ਲੇ ਪਿਤ ਹਮਰੇ ਇਹ ਠਾਂ ਆਇਸੁ।**
**ਪਾਵਣ ਤੀਰਥ ਕੋ ਬਿਦਤਾਵਨਿ। ਲਾਇ ਬ੍ਰਿੰਦ ਨਰ ਕੀਨ ਖਨਾਵਨਿ॥ 27 ॥**
**ਨਹੀ ਸੰਪੂਰਨ ਕਾਰਜਿ ਹੋਵਾ। ਗੋਇੰਦਵਾਲ ਜਾਇ ਗੁਰ ਜੋਵਾ।**
**ਪੁਨ ਜਲ ਸੋਂ ਬਹਿ ਮ੍ਰਿਤਕਾ ਪਰੀ। ਖਨੀ ਥਾਂਇ ਸੋ ਪੂਰਨ ਕਰੀ॥ 28 ॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 39)

ਤਥਾ :

**ਪੰਚਾਂਮ੍ਰਿਤ ਕਰਿਵਾਇ ਸੁ ਘਨੋ। ਕਰਿ ਅਰਦਾਸ ਨਾਮ ਗੁਰ ਭਨੋ।**
**ਨਰ ਸਮਦਾਇਨ ਮਹਿਂ ਬਰਤਾਯੋ। ਕਰਯੋ ਮਹੂਰਤਿ ਬਿਘਨ ਨਸਾਯੋ॥ 31 ॥**
**ਤੀਖਨ ਖਨਨੀ ਲੈ ਕਰਿ ਹਾਥ। ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।**
**ਸਗਰੇ ਸਿਖ ਆਗਯਾ ਕੋ ਪਾਏ। ਲਗੇ ਸੇਵ ਕੋ ਚੌਂਪ ਉਪਾਏ॥ 32 ॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 39)

ਇਸ ਲਈ ਅੰਮ੍ਰਿਤ ਸਰੋਵਰ ਦੇ ਰਚਣ ਦਾ ਉੱਦਮ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤਾ ਸੀ, ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਇਸ ਭਾਵ ਨੂੰ ਐਉਂ ਪਰਗਟ ਕੀਤਾ ਹੈ :
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ॥** (ਅੰਗ 748)

ਜਿਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰਵੋਰ ਦੀ ਸੇਵਾ ਸੰਪੂਰਨ ਕੀਤੀ ਅਤੇ ਅੰਮ੍ਰਿਤ ਸਰਵੋਰ ਦੇ ਪੌੜ ਆਦਿ ਪੱਕੇ ਹੋਣ ਦੀ ਸੇਵਾ ਸਾਰੀ ਸੰਪੂਰਨ ਹੋ ਗਈ ਤਾਂ ਉਸ ਸਮੇਂ ਛੇਤੀ ਹੀ ਵਰਖਾ ਦੇ ਨਿਰਮਲ ਜਲ ਨਾਲ ਸਰੋਵਰ ਲਬਾ-ਲਬ ਭਰ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਦੇ, ਸੁਨਹਿਰੀ ਇਤਿਹਾਸ ਦੇ ਪੰਨਾ ੫੯ ਅਨੁਸਾਰ, ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ ਇਸ ਅੰਮ੍ਰਿਤਸਰ ਸਰੋਵਰ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਆਪ ਇਸ਼ਨਾਨ ਕੀਤਾ ਸੀ। ਤੇ ਉਸ ਸਮੇਂ ਗੁਰ ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਦੀ ਮਹਿਮਾ ਕਥਨ ਕਰਦਿਆਂ ਇਹ ਪਵਿੱਤਰ ਸ਼ਬਦ ਉਚਾਰਨ ਕੀਤਾ ਸੀ :

**ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥**
**ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥** (ਅੰਗ 625)

ਇਸ ਤੋਂ ਬਿਨਾਂ ਗੁਰਦੇਵ ਨੇ ਹੋਰ ਵੀ ਕਈ ਸ਼ਬਦ ਇਸ ਪਵਿੱਤਰ ਅੰਮ੍ਰਿਤ ਸਰੋਵਰ ਦੀ ਮਹਿਮਾ ਕਥਨ ਕਰਦਿਆਂ ਉਚਾਰਨ ਕੀਤੇ ਸਨ।

**ਇਤਯਾਦਿਕ ਬਹੁ ਸ਼ਬਦ ਉਚਾਰੇ। ਲਿਖੇ ਜੁ ਹੈ ਗੁਰੁ ਗ੍ਰੰਥ ਮਝਾਰੇ।**

(ਸ੍ਰੀ ਗੁਰ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੧�8)

ਤਥਾ :

**ਸੋਰਠਿ ਰਾਗੁ ਮਝਾਰ ਬਨਾਵੈਂ। ਮਹਾਂ ਮਹਾਤਮ ਕੋ ਬਿਦਤਾਵੈਂ।**
**ਅੰਮ੍ਰਿਤਸਰਿ ਜਿਨ ਮੱਜਨ ਕੀਨਾ। ਕੋਟਿ ਜਨਮ ਕੇ ਅਘ ਕਰਿ ਛੀਨਾ॥**

(ਗੁਰੁ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 56)

ਤਥਾ :-

**ਕਹਿਓ ਮਹਾਤਮ ਆਪ ਗੁਰੁ ਸ੍ਰੀ ਮੁਖ ਸ਼ਬਦ ਉਚਾਰ।**
**ਸ੍ਰੀ ਅੰਮ੍ਰਿਤਸਰ ਮਹਿਮਾ ਅਮਿਤ ਲਿਖੀ ਗੁਰ ਗ੍ਰਿੰਥ ਮਝਾਰ॥੧੧॥**

(ਮਹਿਮਾ ਪ੍ਰਕਾਸ਼)

ਇਸ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ ਦੀ ਮਹਿਮਾ ਹਜ਼ੂਰ ਨੇ ਆਪ ਗੁਰਬਾਣੀ ਅਤੇ ਗੁਰਇਤਿਹਾਸ ਅੰਦਰ ਬੇਅੰਤ ਥਾਈਂ ਕਥਨ ਕੀਤੀ ਹੈ। ਇਹ ਅੰਮ੍ਰਿਤ ਸਰੋਵਰ ੫੦੦ ਫੁੱਟ ਲੰਬਾ, ੪੯੦ ਫੁੱਟ ਚੌੜਾ ਤੇ ੧੭ ਫੁੱਟ ਡੂੰਘਾ ਹੈ। ਕੁਲ ੧੧ ਪੌੜ ਹਨ ਇਸ ਅੰਮ੍ਰਿਤਸਰ ਸਰੋਵਰ ਦੇ। ਇਸ ਸਰੋਵਰ ਦੇ ਵਿਚਕਾਰ ਸਿੱਖ ਕੌਮ ਦੇ ਸ਼੍ਰੋਮਣੀ ਕੇਂਦਰੀ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਪੰਚਮ ਪਾਤਸ਼ਾਹ ਜੀ ਨੇ ਆਪ ਕਰਵਾਈ ਸੀ। ਇਸ ਦੀ ਸ਼ੁਰੂਆਤ ਗੁਰਦੇਵ ਨੇ ਆਪ ਅਰਦਾਸ ਕਰਕੇ ਕੀਤੀ ਸੀ।

# ਸਾਖੀ—ਪਹਿਲਾ ਪ੍ਰਕਾਸ਼ ਅਤੇ ਪਹਿਲਾ ਮੁਖਵਾਕ

ਸ੍ਰੀ ਹਰਿਮੰਦਰ ਸਾਹਿਬ ਦੀ ਸੰਪੂਰਨਤਾ ਉਪਰੰਤ ਹਜ਼ੂਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਲਈ ਅੰਮ੍ਰਿਤਸਰ ਸ਼ਹਿਰ ਦੀ ਵਸੋਂ ਤੋਂ ਕੁਝ ਦੂਰ ਚਾਟੀਵਿੰਡ ਵਾਲੇ ਪਾਸੇ ਇਕਾਂਤ ਥਾਂ ਚੁਣੀ। ਸਭ ਤੋਂ ਪਹਿਲਾਂ ਉਥੇ ਇਕ ਛੋਟਾ ਜਿਹਾ ਸਰੋਵਰ ਬਣਾਇਆ, ਜਿਸ ਦਾ ਨਾਮ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਉੱਤੇ 'ਰਾਮਸਰ' ਰੱਖਿਆ। ਇਸੇ ਸਰੋਵਰ ਦੇ ਕਿਨਾਰੇ ਬੈਠ ਕੇ ਗੁਰਦੇਵ ਨੇ ਪਾਵਨ ਬਾਣੀ 'ਸ੍ਰੀ ਸੁਖਮਨੀ' ਸਾਹਿਬ ਉਚਾਰਨ ਕੀਤੀ ਅਤੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ੴ ਤੋਂ ਆਰੰਭ ਕਰਕੇ ਜਪੁ ਜੀ ਸਾਹਿਬ ਤੋਂ ਲੈ ਕੇ ਸਾਰੀ ਬਾਣੀ ਰਾਗੁ ਮਾਲਾ ਦੀ ਸੰਪੂਰਨਤਾ ਤਰਤੀਬਵਾਰ ਇਥੇ ਹੀ ਰਾਮਸਰ ਪਵਿੱਤਰ ਅਸਥਾਨ 'ਤੇ ਹੀ ਲਿਖਵਾਈ। ਗੁਰਬਾਣੀ ਦੀ ਨਿਰੋਲਤਾ ਨੂੰ ਕਾਇਮ ਰੱਖਣਾ ਜ਼ਰੂਰੀ ਸੀ, ਕਿਉਂਕਿ ਕਈ ਕੱਚੀ ਬਾਣੀ ਉਚਾਰਨ ਕਰ ਰਹੇ ਸਨ। ਸਤਿਗੁਰੂ ਜੀ ਦੇ ਭਰਾ ਪ੍ਰਿਥੀ ਚੰਦ ਨੇ ਆਪਣੇ ਪੁੱਤਰ ਮੇਹਰਬਾਨ ਨੂੰ ਪਿੰਗਲ ਪੜ੍ਹਾਇਆ ਸੀ, ਜਿਸ ਦਾ ਸਦਕਾ ਮੇਹਰਵਾਨ ਕਵਿਤਾ ਰਚਨ ਲੱਗ ਪਿਆ ਸੀ। ਬੰਸਾਵਲੀਨਾਮਾ ਅੰਦਰ ਭਾਈ ਕੇਸਰ ਸਿੰਘ ਛਿੱਬਰ ਨੇ ਇਹ ਗੱਲ ਸਪੱਸ਼ਟ ਕੀਤੀ ਹੈ। ਉਹ ਲਿਖਦੇ ਹਨ :

**ਮਿਹਰਬਾਨ ਪੁਤ ਪ੍ਰਿਥੀਏ ਦਾ ਕਬੀਸਰੀ ਕਰੇ।**
**ਪਾਰਸੀ, ਹਿੰਦਵੀ, ਸੰਸਕ੍ਰਿਤ ਨਾਲੇ ਗੁਰਮੁਖੀ ਪੜੇ।**
**ਤਿਨ ਭੀ ਬਾਣੀ ਬਹੁਤ ਬਣਾਈ।**
**ਭੋਗ ਗੁਰੂ ਨਾਨਕ ਜੀ ਦਾ ਹੀ ਪਾਈ॥ ੧੦॥**
**ਡੂਮ ਲਗੇ ਸ਼ਬਦ ਮੀਣਿਆਂ ਦਾ ਗਾਵਨਿ।**
**ਦੂਆ ਦਰਬਾਰ ਵਡਾ ਗੁਰਿਆਈ ਦਾ ਲਗੇ ਬਣਾਵਨਿ।**
**ਮੀਣਿਆਂ ਭੀ ਪੁਸਤਿਕ ਇਕ ਗ੍ਰੰਥ ਬਣਾਇਆ।**
**ਚਹੁ ਪਾਤਸਾਹੀਆਂ ਦਾ ਸ਼ਬਦ ਬਾਣੀ ਲਿਖ ਵਿਚ ਪਾਇਆ।**
*ਯਥਾ :-* **ਇਥੇ ਸ਼ਬਦ ਕੀਰਤਨ ਕਰਨ ਸਿਖ।**
**ਡੂੰਮ ਰਬਾਬੀ ਅਤੇ ਕੱਢੇ ਹੋਏ ਉਹਨਾਂ ਨੇ ਲਏ ਰੱਖ।**
**ਇਥੇ ਕਿਸੇ ਸਿਖ ਸ਼ਬਦ ਕੀਰਤਨ ਵਿਚ ਮੇਹਰਬਾਨ ਦਾ ਪੜ੍ਹਿਆ।**
**ਸੋ ਸ੍ਰਵਣੀ ਗੁਰੂ ਅਰਜਨ ਦੇਵ ਜੀ ਦੀ ਪਰਿਆ।**

ਇਹਨਾਂ ਮੀਣਿਆਂ ਦੀ ਕੱਚੀ ਬਾਣੀ ਦਾ ਸ਼ਬਦ ਕਿਸੇ ਸਿੱਖ ਨੇ ਭੁੱਲ ਭੁਲੇਖੇ ਗੁਰੂ ਜੀ ਦੀ ਹਜ਼ੂਰੀ ਵਿਚ ਪੜ੍ਹ ਦਿੱਤਾ ਸੀ, ਜਿਸ ਨੂੰ ਸੁਣ ਕੇ ਸਤਿਗੁਰੂ ਜੀ ਹੈਰਾਨ ਹੋ ਗਏ। ਉਸ ਵੇਲੇ ਭਾਈ ਗੁਰਦਾਸ ਜੀ ਨੂੰ ਬੁਲਾ ਕੇ ਬਚਨ ਕੀਤਾ :

**ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ॥**
**ਮੀਣੇ ਪਾਦੈਨੀ ਰਲਾ ਸੋ ਵਿਚਿ ਰਲਾ ਨ ਧਰੀਏ॥**
**ਸੋ ਸਾਹਿਬ ਬਾਣੀ ਉਚਾਰਨ ਅੱਗੇ ਹੀ ਕਰਤ ਸੇ ਭਏ॥**
**ਸੋ ਭਾਈ ਗੁਰਦਾਸ ਸਭ ਇਕੱਤਰ ਕਰਾ ਲਏ॥**

(ਗੁਰ ਬਿਲਾਸ ਪਾ: 6, ਕਰਤਾ ਭਾਈ ਭਗਤ ਸਿੰਘ ਅਨੁਸਾਰ)

**ਗੁਰ ਅਰਜਨ ਮਨ ਐਸੋ ਧਰਿਯੋ॥ ਕਰ ਯਤਨ ਜਿ ਜਗ ਨਿਸਤਰਿਯੋ॥**
**ਦਸ ਮਹਿਲਾ ਤੱਕ ਰੂਪ ਹਮਾਰੇ॥ ਆਗੇ ਪੂਜਾ ਗ੍ਰਿਹ ਨਿਸਤਾਰੇ॥**
**ਤਾਂ ਬਾਣੀ ਸਭ ਇਕ ਰਚੀਯੇ॥ ਪੂਜਨੀਕ ਗੁਰੂ ਗ੍ਰੰਥ ਬਦਲੀਏ॥**

ਮਹਿਮਾ ਪ੍ਰਕਾਸ਼ ਵਿਚ ਭਾਈ ਸਰੂਪ ਦਾਸ ਭੱਲਾ ਜੀ ਨੇ ਭੀ ਜ਼ਿਕਰ ਕੀਤਾ ਹੈ :

**ਏਕ ਦਿਵਸ ਪ੍ਰਭ ਪ੍ਰਾਤਹ ਕਾਲ॥ ਦਯਾ ਕਰੇ ਪ੍ਰਭ ਦੀਨ ਦਯਾਲ॥**
**ਯੇ ਮਨ ਉਪਜੀ ਪ੍ਰਗਟਿਓ ਜਗ ਪੰਥ॥ ਤਿਹ ਕਾਰਨ ਕੀਜੈ ਅਬ ਗ੍ਰੰਥ॥**

ਸਿੱਖਾਂ ਦੀ ਭਗਤ ਮਾਲਾ ਵਿਚ ਭਾਈ ਮਨੀ ਸਿੰਘ ਜੀ ਲਿਖਦੇ ਹਨ :

**ਭਾਈ ਗੁਰਦਾਸ ਹੁਣ ਤਾਂ ਬਾਣੀ ਨੂੰ ਸਿਖ ਜਾਣਦੇ ਹੈਨ॥**
**ਅੱਗੇ ਜੋ ਹੋਵਣਗੇ ਸੋ ਪੜਨਗੇ ਨਹੀ ਸੋ ਗੁਰੂ ਦੀ ਬਾਣੀ ਕੌਣ॥**
**ਤਾ ਤੇ ਸਭ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੈ॥**
**ਤੇ ਅੱਖਰ ਭੀ ਗੁਰਮੁਖੀ ਸੁਗਮ ਕੀਜੈ॥**

ਇਉਂ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ਇਹ ਬੀੜ ਤਿਆਰ ਕਰਵਾਈ। ਧੰਨ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਲਿਜੁਗੀ ਜੀਆਂ 'ਤੇ ਤਰਸ ਕਰਕੇ ਕੱਚੀ ਬਾਣੀ ਦੀ ਰਲੌਟ ਤੋਂ, ਸੱਚੀ ਬਾਣੀ ਨੂੰ ਬਚਾਵਣ ਵਾਸਤੇ ਗ੍ਰੰਥ ਰਚਣ ਦਾ ਮਨ ਬਣਾਇਆ। ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੩ ਅਨੁਸਾਰ ਉਸ ਵੇਲੇ ਗੁਰਬਾਣੀ ਦੀਆਂ ਪੋਥੀਆਂ ਬਾਬਾ ਮੋਹਣ ਜੀ ਪਾਸ ਸਨ। ਇਸ ਕਾਰਜ ਵਾਸਤੇ ਪਹਿਲਾਂ ਭਾਈ ਗੁਰਦਾਸ ਜੀ ਨੂੰ ਭੇਜਿਆ, ਫਿਰ ਬਾਬਾ ਬੁੱਢਾ ਜੀ ਨੂੰ ਭੇਜਿਆ, ਦੋਵੇਂ ਖ਼ਾਲੀ ਵਾਪਿਸ ਆ ਗਏ ਸਨ। ਫਿਰ ਗੁਰੂ ਸਾਹਿਬ ਜੀ ਆਪ ਗਏ ਸਨ। ਬਾਬਾ ਮੋਹਣ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਪ੍ਰਾਪਤ ਕਰਕੇ, ਪਾਲਕੀ ਸਾਹਿਬ ਵਿਚ ਰੱਖ ਕੇ ਨੰਗੇ ਚਰਨੀਂ ਚੌਰ ਕਰਦਿਆਂ ਲੈ ਕੇ ਆਏ ਸਨ। ਇਸ ਪ੍ਰਸੰਗ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਵੀ ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ ਦੇ ਪੰਨਾ ੪੧੮ 'ਤੇ ਅੰਕਿਤ ਕੀਤਾ ਹੈ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਵੀ ਦਿੱਤਾ ਹੈ ਅਤੇ ਹੋਰ ਵੱਖ-ਵੱਖ ਥਾਵਾਂ ਤੋਂ ਬਾਣੀ ਨੂੰ ਇਕੱਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ, ਆਪਣੇ ਨਾਨਾ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਬਚਨ (ਦੋਹਿਤਾ ਬਾਣੀ ਕਾ ਬੋਹਿਥਾ) ਸਫਲ ਕਰਨ ਵਾਸਤੇ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਰਾਮਸਰ ਦੀ ਪਾਵਨ ਧਰਤੀ 'ਤੇ ਆਦਿ ਤੋਂ ਤਰਤੀਬਵਾਰ ਗੁਰੂ ਸਾਹਿਬ ਦੀ ਸਾਰੀ ਬਾਣੀ ਅਤੇ ਭਗਤਾਂ

ਦੀ ਬਾਣੀ, ਭੱਟਾਂ ਦੇ ਸਵੱਈਏ ਅਤੇ ਹੋਰ ਗੁਰਸਿੱਖਾਂ ਦੀ ਬਾਣੀ, ਜੋ ਧੁਰ ਕੀ ਬਾਣੀ ਦੇ ਨਾਲ ਮੇਲ ਖਾਂਦੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖਵਾਈ। ਰਾਗਮਾਲਾ ਲਿਖ ਕੇ ਲਿਖਣ ਦੇ ਕੰਮ ਨੂੰ ਸੰਪੂਰਨ ਕੀਤਾ :

**ਰਾਗਮਾਲਾ ਤਬ ਹੀ ਲਿਖੀ, ਭੋਗ ਤਾਹਿ ਪਰਿ ਠਾਨ॥ 654॥**

ਭਾਈ ਬੰਨੋ ਜੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਧਵਾਈ ਅਤੇ ਹੋਰ ਸਾਰੇ ਪ੍ਰਬੰਧ ਮੁਕੰਮਲ ਕਰਕੇ ਸੰਮਤ ੧੬੬੧ ਬਿ. ਭਾਦਰੋਂ ਸੁਦੀ ਏਕਮ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦਾ ਪ੍ਰੋਗਰਾਮ ਪੱਕਾ ਕੀਤਾ। ਗਿਆਨੀ ਗਿਆਨ ਸਿੰਘ ਜੀ ਨੇ ਇਸ ਪ੍ਰਕਾਰ ਕਥਨ ਕੀਤਾ ਹੈ :

**ਸੋਲਾ ਸੌ ਇਕਾਹਟ ਮੈ, ਗੁਰੂ ਗ੍ਰੰਥ ਕਰਿ ਤਯਾਰ,**
**ਜਿਲਦ ਬੰਧਾਂਵਨੇ ਲਹੌਰ ਮੈ ਪਠਾਯੋ ਹੈ।**
**ਭਾਈ ਬੰਨੋ ਜੀ ਕੇ ਹਾਥ ਤਾਂਹਿ ਐਸੀ ਕੀਨੀ ਬਾਤ,**
**ਦੂਸਰੋ ਗ੍ਰੰਥ ਸਾਥ ਤਯਾਰ ਕਰਿ ਲਯਾਯੋ ਹੈ।**
**ਪੇਖ ਗੁਰੂ ਕਹਯੋ ਬਿਨ ਆਗਯਾ ਤੇ ਲਿਖਵਾਯੋ,**
**ਖਾਰੀ ਬੀੜ ਯਾਂਤੇ ਨਾਮ ਯਾਹਿ ਕੌ ਰਹਾਯੋ ਹੈ।** (ਸ੍ਰੀ ਗੁਰੂ ਪੰਥ ਪ੍ਰਕਾਸ਼)

ਸੋ ਭਾਈ ਬੰਨੋ ਜੀ, ਜੋ ਦੂਸਰੀ ਬੀੜ ਤਿਆਰ ਕਰਕੇ ਲਿਆਏ ਸਨ, ਉਸ ਦਾ ਨਾਮ ਖਾਰੀ ਬੀੜ ਗੁਰੂ ਜੀ ਨੇ ਰਖਿਆ। ਸੋ ਇਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਹਿਤ ਗ੍ਰੰਥੀ ਨੀਯਤ ਕਰਨ ਸਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਵਿਚਾਰਾਂ ਕਰਨ ਲੱਗੇ। ਉਨ੍ਹਾਂ ਵਿਚਾਰਾਂ ਬਾਰੇ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਪ੍ਰਕਾਰ ਜ਼ਿਕਰ ਕੀਤਾ ਹੈ :

**ਰਿਦੈ ਬਿਚਾਰਨਿ ਸ੍ਰੀ ਗੁਰ ਕਰੈ। ਟਹਿਲ ਗ੍ਰੰਥ ਕੀ ਕੌਣ ਸੁ ਧਰੈ॥**
**ਬੇਦੀ ਤੇਹਣ ਭੱਲੇ ਬੰਸ। ਸੋਢੀ ਜੇ ਕੁਲ ਕੇ ਅਵਤੰਸ॥ 24॥**
**ਨਿਜ ਕੁਲ ਕੋ ਇਨ ਕੋ ਹੰਕਾਰਾ। ਕਰ ਨ ਸਕਹਿ ਸੇਵ ਉਦਾਰਾ॥**
**ਇਹ ਸੇਵਕ ਕੀ ਵਸਤੁ ਸਦੀਵਾ। ਨਿਰ ਹੰਕਾਰ ਜਿਨਹੁ ਮਨ ਨੀਵਾ॥ 25॥**

ਇਹਨਾਂ ਵਿਚਾਰਾਂ ਦੇ ਕਰਨ ਤੋਂ ਉਪਰੰਤ ਆਪ ਜੀ ਦੀ ਨਿਗ੍ਹਾ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਉਪਰ ਜਾ ਟਿਕੀ ਤੇ ਆਪ ਜੀ ਨੇ ਫ਼ੁਰਮਾਇਆ :

**ਸੇਵਾ ਵਿਖੇ ਨਿਪੁੰਨ ਜੋ ਹੋਇ। ਕਰੀਅਹਿ ਇਹਾਂ ਸੰਥਾਪਨਿ ਸੋਇ।**
**ਸ੍ਰੀ ਨਾਨਕਿ ਕੋ ਦਰਸਨ ਕੀਨ। ਅਸ ਬੁਢਾ ਵਿੱਚ ਸੇਵਾ ਪ੍ਰਬੀਨ॥ 29॥**

(ਰਾਸਿ 3, ਅੰਸੂ 50)

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਥਾਪਿਆ ਅਤੇ ਬਾਬਾ ਜੀ ਨੂੰ ਹੁਕਮ ਕੀਤਾ :

**ਬੁਢਾ ਨਿਜ ਸਿਰ ਪਰ ਧਰ ਗ੍ਰਿੰਥ। ਆਗੇ ਚਲਹੁ ਸੁਧਾਸਰ ਪੰਥ।**
**ਮਾਨਿ ਬਾਕ ਲੇ ਭਯੋ ਅਗਾਰੇ। ਚਮਰ ਗੁਰੂ ਅਰਜਨ ਕਰ ਧਾਰੇ॥ 29॥**
**ਸੰਖ ਅਨਿਕ ਲਘੁ ਦੁੰਦਭਿ ਬਾਜੇ। ਜੈ ਜੈ ਕਾਰ ਊਚ ਸੁਰ ਗਾਜੇ।**
**ਸੁੰਦਰ ਸ੍ਰੀ ਹਰਿਗੋਬਿੰਦ ਚੰਦ। ਸੰਗ ਚਲਿਤ ਹੋਇ ਸੋਭਿ ਬਿਲੰਦ॥ 30॥**

ਅਤੇ ਪਹਿਲਾ ਪ੍ਰਕਾਸ਼ ਜਦ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਤਾ :

**ਹਰਿ ਮੰਦਰ ਮਹਿ ਜਾਇ ਪਹੁੰਚੇ। ਰਾਗੀ ਕਰਤਿ ਰਾਗ ਸੁਰ ਊਚੇ।**
**ਮੰਜੀ ਸਹਿਤ ਗ੍ਰੰਥ ਤਹਿ ਥਾਪਿ। ਬੈਠੇ ਨਿਕਟ ਗੁਰੂ ਤਬਿ ਆਪਿ।**
**ਵਾਰ ਭੋਗ ਕੋ ਸੁਨਿ ਮਨ ਲਾਈ। ਸ੍ਰੀ ਅਰਜਨ ਪੁਨ ਗਿਰਾ ਅਲਾਈ।**
**ਬੁਢਾ ਸਾਹਿਬ ਖੋਲਹੁ ਗ੍ਰੰਥ। ਲੇਹੁ ਅਵਾਜ਼ ਸੁਨਹਿ ਸਭ ਪੰਥ।**
**ਸੁਨਿ ਗੁਰ ਬਚਨ ਰੁਚਿਰ ਮਨ ਲਾਇਕ। ਸਤਿ ਵਾਕ ਮੁਖ ਜਲਧ ਅਲਾਇਕ।**
**ਅਦਬ ਸੰਗ ਤਬਿ ਗ੍ਰੰਥ ਸੋ ਖੋਲਾ। ਲੈ ਅਵਾਜ਼ ਬੁਢਾ ਮੁਖਿ ਬੋਲਾ।**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 3, ਅੰਸੂ 50)

ਉਸ ਸਮੇਂ ਇਹ ਸ੍ਰੀ ਮੁਖਵਾਕ ਪਹਿਲਾ ਹੁਕਮਨਾਮਾ ਆਇਆ ਸੀ :

ਸੂਹੀ ਮਹਲਾ 5 ॥

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**

(ਅੰਗ 783)

ਸੂਹੀ ਮਹਲਾ 5 ॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ ੧ ॥ ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ

**ਸਵਾਈ ਰਾਮ ॥ ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ 2 ॥ ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥ ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥ ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥ ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥ ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥ 3 ॥ ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥ ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥ 4 ॥ 7 ॥ ੧0 ॥**

ਪਦ ਅਰਥ :- ਸੰਤਾ ਕੇ ਕਾਰਜਿ=ਸੰਤ (ਭਾਵ ਗੁਰੂ ਰਾਮਦਾਸ ਜੀ ਦੇ) ਕੰਮ ਲਈ। ਕਰਾਵਣਿ=ਕਰਾਉਣ ਵਾਸਤੇ। ਧਰਤਿ=ਧਰਤੀ। ਸੁਹਾਵੀ=ਸ਼ੋਭਨੀਕ। ਤਾਲੁ=ਅੰਮ੍ਰਿਤ ਸਰੋਵਰ। ਅੰਮ੍ਰਿਤ ਜਲੁ=ਅਮਰ ਕਰਨ ਵਾਲਾ ਅੰਮ੍ਰਿਤ ਜਲ। ਛਾਇਆ=ਤਲਾ ਵਿਚ ਭਰਿਆ ਗਿਆ। ਸਾਜੁ=ਉੱਦਮ। ਜੈ ਜੈ ਕਾਰੁ=ਸ਼ੋਭਾ, ਵਡਿਆਈ। ਜਗ ਅੰਤਰਿ=ਜਗਤ ਵਿਚ। ਲਾਥੇ=ਲਹਿ ਗਏ, ਦੂਰ ਹੋ ਗਏ। ਸਗਲ ਵਿਸੂਰੇ=ਸਾਰੇ ਝੋਰੇ। ਅਚੁਤ=ਕਦੇ ਨਾ ਨਾਸ਼ ਹੋਣ ਵਾਲਾ। ਅਬਿਨਾਸੀ=ਨਾਸ਼ ਤੋਂ ਰਹਿਤ। ਵੇਦ=ਵੇਦਾਂ ਨੇ। ਬਿਰਦੁ=ਕਦੀਮੀ ਸੁਭਾਉ।੧। ਨਵ ਨਿਧਿ=ਨੌਂ ਨਿੱਧੀਆਂ। ਸਿਧਿ ਰਿਧਿ=ਸਿਧੀਆਂ ਤੇ ਰਿਧੀਆਂ, ਕਰਾਮਾਤੀ ਸ਼ਕਤੀਆਂ। ਦੀਨੀ=ਦਿੱਤੀਆਂ। ਤੋਟਿ=ਕਮੀ। ਕਾਈ=ਕੋਈ, ਰਤਾ ਭਰ ਵੀ। ਖਾਤ=ਖਾਂਦਿਆਂ। ਖਰਚਤ= ਖ਼ਰਚਦਿਆਂ। ਬਿਲਛਤ=ਭੋਗਦਿਆਂ, ਮਾਣਦਿਆਂ। ਦਾਤਿ=ਬਖ਼ਸ਼ਿਸ਼। ਸਵਾਈ=ਵੱਧਦੀ ਜਾਂਦੀ ਹੈ। ਨਿਖੁਟਿ ਨ=ਮੁਕਦੀ ਨਹੀਂ। ਕੋਟਿ ਬਿਘਨ=ਕ੍ਰੋੜਾਂ ਅੜਿੱਕੇ, ਰੁਕਾਵਟਾਂ। ਉਠਿ ਨਾਠੇ=ਨੱਸ ਗਏ। ਘਨੇਰੇ=ਬਹੁਤ। ਅਚਰਜੁ=ਹੈਰਾਨ ਕਰਨ ਵਾਲੀ।੨। ਜਿਸ ਕਾ=ਜਿਸ (ਪਰਮਾਤਮਾ) ਦਾ। ਕਾਰਜੁ= (ਸਰੋਵਰ ਵਾਲਾ) ਕੰਮ। ਤਿਨ ਹੀ=ਉਸ (ਪਰਮਾਤਮਾ) ਨੇ ਹੀ। ਕੀਆ=ਕੀਤਾ ਹੈ। ਕਿਆ ਵੇਚਾਰਾ=ਕੀ ਵਿਚਾਰਾ (ਗ਼ਰੀਬ ਜਿਹਾ)। ਗਾਵਹਿ=ਗਾਉਂਦੇ ਹਨ। ਕਰਹਿ=ਕਰਦੇ ਹਨ। ਜੈਕਾਰਾ=ਵਡਿਆਈ ਦੀ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~
ਗੂੰਜ। ਗਾਇ=ਗਾ ਕੇ। ਅਨਦ=ਅਨੰਦ ਪੈਦਾ ਹੁੰਦਾ ਹੈ। ਕਿਆ ਗਨੀ=ਕੀ ਗਿਣਾਂ ? ਭਾਵ ਮੈਂ ਬਿਆਨ ਨਹੀਂ ਕਰ ਸਕਦਾ। ਮਹਾ ਨਿਰਮਲ ਚਾਰਾ=ਵੱਡਾ ਪਵਿੱਤਰ ਸ੍ਰੇਸ਼ਟ ਕੰਮ ਹੈ। ਸਬਦ ਅਧਾਰਾ=ਸ਼ਬਦ ਦਾ ਆਸਰਾ।੩। ਗੁਣ ਨਿਧਾਨ=ਗੁਣਾਂ ਦਾ ਖ਼ਜ਼ਾਨਾ। ਕਉਨੁ=ਕਿਹੜਾ (ਮਨੁੱਖ ?)। ਕਰੀਜੈ=ਕਰ ਸਕਦਾ ਹੈ। ਇਕ ਖਿਨੋ=ਇਕ ਖਿਨ ਮਾਤਰ, ਰਤਾ ਭਰ। ਉਚਰੁ=ਉਚਾਰ। ਰਸਨਾ=ਜੀਭ ਨਾਲ। ਅਨਦਿਨੋ=ਰਾਤ ਦਿਨ, ਹਰ ਰੋਜ਼। ਸੇਤੀ=ਨਾਲ। ਭੀਜੈ=ਭਿੱਜ ਜਾਂਦਾ ਹੈ। ਇਛ ਪੁੰਨੀ=ਇੱਛਾ ਪੂਰੀ ਹੋਈ।੪।

ਅਰਥ :- (ਹੇ ਪ੍ਰਭੂ ਦੇ ਪਿਆਰਿਓ ! ਉਸ ਦੇ ਪਿਆਰ ਵਾਲੇ) ਸੰਤਾਂ ਦੇ ਕੰਮ ਕਰਾਉਣ ਹਿਤ ਹਰੀ ਆਪ (ਆ) ਖਲੋਤਾ ਭਾਵ ਆਪ ਆ ਹਾਜ਼ਰ ਹੋਇਆ ਹੈ ਅਤੇ (ਇਸ ਸ੍ਰੀ ਹਰਿਮੰਦਰ ਤੇ ਅੰਮ੍ਰਿਤ ਸਰੋਵਰ ਦਾ ਆਪਣਾ) ਕੰਮ ਕਰਾਉਣ ਲਈ ਆਪ ਆਇਆ ਹੈ। (ਆਸ ਪਾਸ ਨਗਰ ਦੀ ਸਾਰੀ) ਧਰਤੀ ਸ਼ੋਭਨੀਕ ਬਣ ਗਈ ਹੈ, ਅਥਵਾ ਅੰਮ੍ਰਿਤ ਸਰੋਵਰ ਦੇ ਆਸ ਪਾਸ ਦੀ ਧਰਤੀ ਸੋਹਾਵਣੀ ਬਣ ਗਈ ਹੈ ਅਤੇ ਅੰਮ੍ਰਿਤ ਸਰੋਵਰ (ਜਿਸ) ਵਿਚ ਅੰਮ੍ਰਿਤ ਜਲ (ਭਰਿਆ ਹੋਇਆ ਹੈ), ਸੋਹਣਾ ਲੱਗ ਰਿਹਾ ਹੈ। (ਜਿਹੜਾ) ਅੰਮ੍ਰਿਤ ਜਲ ਭਰਿਆ ਗਿਆ ਹੈ (ਇਹ) ਪੂਰਾ ਸਾਜ ਕਰਾਇਆ ਹੈ (ਭਾਵ ਇਹ ਆਪਣਾ ਪ੍ਰਭਾਵ ਪਾ ਰਿਹਾ ਹੈ, ਜਿਸ ਕਰ ਕੇ ਮਨ ਦੇ) ਸਾਰੇ ਸੰਕਲਪ ਭਾਵ ਇੱਛਾਵਾਂ ਪੂਰੀਆਂ ਹੋ ਗਈਆਂ ਹਨ। ਸਾਰੇ ਜਗਤ ਵਿਚ ਜੈ ਜੈਕਾਰ ਹੋ ਰਿਹਾ ਹੈ (ਅਤੇ) ਸਾਰੇ ਝੋਰੇ ਉਤਰ ਗਏ ਹਨ। (ਇਹ ਸਾਰਾ ਕੌਤਕ ਉਸ) ਨਾ ਨਾਸ਼ ਹੋਣ ਵਾਲੇ ਸਰਬ ਵਿਆਪਕ ਪੁਰਖ ਦਾ ਹੈ (ਜਿਸ ਦਾ) ਜਸ ਵੇਦਾਂ ਤੇ ਪੁਰਾਣਾਂ ਆਦਿ ਸ਼ਾਸਤ੍ਰਾਂ ਨੇ ਭੀ ਗਾਇਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ) ਪਰਮੇਸ਼ਰ ਨੇ ਆਪਣਾ ਕਦੀਮੀ ਸੁਭਾਉ ਕਾਇਮ ਰੱਖਿਆ ਹੈ (ਅਤੇ ਅਸਾਂ ਉਸ ਦਾ) ਨਾਮ ਸਿਮਰਿਆ ਹੈ।੧।

(ਹੇ ਪ੍ਰਭੂ ਦੇ ਪਿਆਰਿਓ !) ਨੌ ਨਿੱਧੀਆਂ—(ਅਸਨ, ਬਸਨ, ਭੂ, ਕਨਕ ਰੂਨ, ਦਾਸੀ, ਚੋਬ, ਗੁਲਾਮ, ਰਥਵਾਹੇ, ਹਿੰਡੋਲੇ ਜਾਨੀਏ, ਜਹ ਨਉ ਨਿਧ ਕੇ ਹੈ ਨਾਮ) ਅਤੇ ਇਹ ਸਿਧੀਆਂ ਤੇ ਰਿਧੀਆਂ ਦੇ ਖ਼ਜ਼ਾਨੇ (ਭਾਵ ਸ਼ਕਤੀਆਂ) ਕਰਤੇ ਦੀਆਂ ਦਿੱਤੀਆਂ ਹੋਈਆਂ ਹਨ, (ਲੋੜੀਂਦੇ ਕਾਰਜ ਲਈ ਕਿਸੇ ਪ੍ਰਕਾਰ ਦੀ) ਕੋਈ ਕਮੀ ਨਹੀਂ ਆਉਂਦੀ। (ਇਸ ਦਾਤ ਨੂੰ) ਖਾਂਦਿਆਂ, ਖ਼ਰਚਦਿਆਂ (ਵੰਡਦਿਆਂ), ਰੱਸ ਮਾਣਦਿਆਂ (ਸੰਤਾਂ ਨੇ) ਸੁਖ ਪਾਇਆ ਹੈ, ਕਰਤਾ (ਪੁਰਖ) ਦੀ (ਦਿੱਤੀ ਹੋਈ) ਦਾਤ (ਦਿਨੇ ਰਾਤ) ਸਵਾਈ ਹੁੰਦੀ ਜਾ ਰਹੀ ਹੈ। (ਇਹ) ਦਾਤ ਦਿਨੋਂ ਦਿਨ ਵੱਧ ਰਹੀ ਹੈ ਅਤੇ ਇਹ ਦਾਤ ਨਿਖੁਟਿ (ਮੁਕਦੀ) ਨਹੀਂ ਹੈ (ਅਤੇ) ਸੰਤਾਂ ਨੇ ਦਿਲ ਦੀ ਜਾਣਨ ਵਾਲਾ ਪਰਮੇਸ਼ਰ ਪਾ ਲਿਆ ਹੈ। (ਇਸ ਕਾਰਜ ਵਿਚ ਜੋ) ਕਰੋੜਾਂ ਵਿਘਨ (ਅੜਿਕੇ ਪੈ ਰਹੇ ਸਨ), ਸਾਰੇ ਦੂਰ ਹੋ ਗਏ ਹਨ, ਕੋਈ ਦੁੱਖ (ਸਾਡੇ) ਨੇੜੇ ਨਹੀਂ ਆਇਆ। ਸਾਰੀ ਭੁੱਖ ਨਾਸ਼ ਹੋ ਗਈ ਹੈ, (ਹੁਣ ਹਿਰਦੇ ਵਿਚ ਪੂਰਨ) ਸ਼ਾਂਤੀ ਤੇ ਆਤਮਿਕ ਅਡੋਲ ਅਵਸਥਾ ਦੇ ਬਹੁਤ ਅਨੰਦ ਪ੍ਰਾਪਤ ਹੋ ਗਏ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਸ ਪ੍ਰਮੇਸ਼ਰ ਦੀ ਵਡਿਆਈ। ਹੈਰਾਨ ਕਰ ਦੇਣ ਵਾਲੀ ਹੈ, (ਅਸੀਂ ਉਸ) ਮਾਲਕ ਦੇ ਗੁਣ ਗਾਉਂਦੇ ਹਾਂ।੨।

(ਹੇ ਅਕਾਲ ਪੁਰਖ ਪ੍ਰਭੂ ਦੇ ਪਿਆਰਿਓ !) ਜਿਸ (ਪਰਮੇਸ਼ਰ) ਦਾ ਇਹ ਕੰਮ ਸੀ, ਉਸ (ਪ੍ਰਭੂ) ਨੇ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਆਪ ਹੀ (ਅੰਮ੍ਰਿਤ ਸਰੋਵਰ ਦਾ ਕੰਮ ਪੂਰਾ) ਕੀਤਾ ਹੈ, ਮਨੁੱਖ ਵਿਚਾਰਾ ਕੀ ਹੈ ? (ਭਾਵ ਮਨੁੱਖ ਅਸਮਰਥ ਹੈ)। (ਪਰਮੇਸ਼ਰ ਦੇ) ਭਗਤ (ਹਰਿਮੰਦਰ ਸਾਹਿਬ ਵਿਚ) ਹਰੀ ਦੇ ਗੁਣ ਗਾਉਂਦੇ ਹੋਏ ਸੋਭਦੇ ਹਨ (ਅਤੇ) ਸਦਾ (ਪ੍ਰਭੂ ਦੀਆਂ) ਵਡਿਆਈਆਂ ਦੀ ਗੂੰਜ ਪਾਉਂਦੇ ਹਨ। ਗੋਬਿੰਦ ਦੇ ਗੁਣ ਗਾ ਕੇ (ਉਨ੍ਹਾਂ ਅੰਦਰ ਆਤਮਿਕ) ਚਾਉ ਪੈਦਾ ਹੁੰਦਾ ਹੈ ਅਤੇ ਸਾਧ ਸੰਗਤ ਨਾਲ (ਪ੍ਰੀਤਿ ਬਣੀ) ਰਹਿੰਦੀ ਹੈ। ਜਿਸ ਨੇ ਇਹ ਤਾਲ (ਅੰਮ੍ਰਿਤ ਸਰੋਵਰ ਬਣਾਉਣ) ਦਾ ਉੱਦਮ ਕੀਤਾ ਹੈ, ਉਸ ਦੀ ਉਪਮਾ ਕੀ ਕੀਤੀ ਜਾਏ ? (ਭਾਵ ਉਹ ਕਥਨ ਤੋਂ ਬਾਹਰ ਹੈ)। ਗੁਰਸਿੱਖ ਨੂੰ ਕਿਸੇ ਹਿੰਦੂ ਮੱਤ ਦੇ ਤੀਰਥਾਂ 'ਤੇ ਜਾਣ ਦੀ ਲੋੜ ਨਹੀਂ ਹੈ, ਕਿਉਂਕਿ

**ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ॥**
**ਅਠਸਠਿ ਤੀਰਥ ਗੁਰ ਸਬਦਿ ਦਿਖਾਇ ਤਿਤੁ ਨਾਤੈ ਮਲੁ ਜਾਏ॥**

(ਅੰਗ 753)

(ਇਸ ਵਾਸਤੇ ਇਸ ਅੰਮ੍ਰਿਤ ਸਰੋਵਰ ਵਿਚ) ਅਠਾਹਠ ਤੀਰਥਾਂ ਦਾ (ਇਸ਼ਨਾਨ) ਪੁੰਨ ਅਤੇ ਹੋਰ ਪਵਿੱਤਰ ਕਰਮ ਸਭ ਆ ਗਏ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਸ ਮਾਲਕ ਦਾ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ਕਦੀਮੀ ਸੁਭਾਉ ਹੈ, (ਅਸਾਂ ਉਸ ਦੇ) ਸ਼ਬਦ ਦਾ ਆਸਰਾ (ਲਿਆ)।੩।

(ਹੇ ਪ੍ਰਭੂ ਦੇ ਪਿਆਰਿਓ !) ਮੇਰਾ ਪ੍ਰਭੂ ਕਰਤਾ ਪੂਰਨ ਪੁਰਖ (ਸਾਰੇ) ਸ਼ੁੱਭ ਗੁਣਾਂ ਦਾ ਖ਼ਜ਼ਾਨਾ ਹੈ, (ਉਸ ਦੀ ਪੂਰੀ) ਵਡਿਆਈ ਕੌਣ ਕਰ ਸਕਦਾ ਹੈ ? (ਭਾਵ ਕੋਈ ਨਹੀਂ ਕਰ ਸਕਦਾ)। (ਪ੍ਰਭੂ ਦੇ) ਸੰਤਾਂ ਦੀ (ਪਿਆਰੇ ਪ੍ਰਭੂ ਪਾਸ ਇਹ) ਬੇਨਤੀ ਹੈ ਕਿ ਹੇ ਸੁਆਮੀ ! (ਸਾਨੂੰ) ਨਾਮ ਰੂਪੀ ਮਹਾਨ ਅੰਮ੍ਰਿਤ ਰਸ ਦਿਓ। (ਹੇ ਸੁਆਮੀ !) ਨਾਮ ਦਿਓ (ਬਸ ਇਹੀ) ਨਾਮ ਦਾ ਦਾਨ ਕਰੋ, ਇਕ ਛਿਨ (ਰਤੀ ਭਰ ਸਮਾਂ ਭੀ ਨਾਮ ਸਾਡੇ ਮਨ ਤੋਂ) ਨਾ ਵਿਸਰੇ।

(ਅਸੀਂ ਆਪਣੀ) ਰਸਨਾ ਨਲ ਗੋਪਾਲ ਦੇ ਗੁਣਾਂ ਦਾ ਉਚਾਰਨ ਕਰੀਏ, ਰਾਤ ਦਿਨ ਸਦਾ (ਉਸ ਦੇ ਗੁਣ) ਗਾਉਂਦੇ ਰਹੀਏ। (ਹੇ ਪਿਆਰਿਓ !) ਜਿਸ (ਮਨੁੱਖ) ਦੀ ਪ੍ਰੀਤੀ ਨਾਮ ਨਾਲ ਲੱਗ ਗਈ ਹੈ, (ਉਸ ਦਾ ਮਨ ਤੇ ਤਨ ਨਾਮ) ਅੰਮ੍ਰਿਤ ਨਾਲ ਭਿੱਜ ਗਿਆ ਹੈ। ਨਾਨਕ ਗੁਰੂ ਜੀ ਬੇਨਤੀ ਪੂਰਬਿਕ ਉਚਾਰਨ ਕਰਦੇ ਹਨ (ਕਿ ਪ੍ਰਭੂ ਪ੍ਰਮਾਤਮਾ ਦਾ) ਦਰਸ਼ਨ ਕਰਕੇ (ਮੇਰੀ) ਇੱਛਾ ਪੂਰੀ ਹੋ ਗਈ ਹੈ (ਅਤੇ ਮੈਂ ਉਸ ਪ੍ਰਭੂ ਦਾ) ਦਰਸ਼ਨ ਵੇਖ ਵੇਖ ਕੇ ਜੀਉਂਦਾ ਹਾਂ।੪।੭।੧੦।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧59 (ਆਦਿ ਅੰਗ 785)

## ਸਲੋਕੁ ਮ: 3 ॥

ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ॥ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ॥ ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ॥ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥੧॥ਮ: 3 ॥ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥ ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ॥ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ॥ 2 ॥ਪਉੜੀ॥ ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ॥ ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ॥ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ॥ ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ॥ 2 ॥

## ਪ੍ਰਾਕ੍ਥਨ :

ਇਹ ਪਾਵਨ ਸ਼ਬਦ ਸੂਹੀ ਰਾਗੁ ਦੀ ਵਾਰ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਵਾਰ ਦੀ ਦੂਸਰੀ ਪਉੜੀ ਨਾਲ ਸਬੰਧਿਤ ਦੋ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਹੋਏ ਹਨ।

## ਵਿਸ਼ਾ — ਸੂਹਬ ਤਾ ਸੋਹਾਗਣੀ

ਸ੍ਰੀ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ ਕਿ ਹੇ ਸੂਹਾ ਲਿਬਾਸ ਧਾਰਨ ਵਾਲੀ ਜੀਵ ਰੂਪ ਇਸਤਰੀਏ ! ਤੂੰ ਇਸ ਵੇਸ ਨੂੰ ਛੱਡ ਦੇ ਤਾਂ ਹੀ ਤੇਰਾ ਪ੍ਰਭੂ ਪਤੀ ਨਾਲ ਪਿਆਰ ਲੱਗੇਗਾ। ਇਸ ਸੂਹੇ ਵੇਸ ਦੇ ਧਾਰਨ ਵਾਲੀ ਕਿਸੇ ਵੀ ਇਸਤਰੀ ਨੇ ਪ੍ਰਭੂ ਨੂੰ ਨਹੀਂ ਪਾਇਆ :

**ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ॥**
**ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ॥**

(ਅੰਗ 786-87)

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸਲੋਕ ਅੰਦਰ ਪਹਿਲਾਂ ਸੂਹੇ ਰੰਗ ਦਾ ਜ਼ਿਕਰ ਕਰ ਕੇ ਫਿਰ ਸੱਚੇ ਨਾਮ ਰੂਪ ਮਜੀਠੀ ਰੰਗ ਦਾ ਕਥਨ ਇਸ ਤਰ੍ਹਾਂ ਕੀਤਾ ਹੈ :

**ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ॥**
**ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ॥**
**ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ॥ 2 ॥** (ਅੰਗ 786)

ਸੰਸਾਰ ਅੰਦਰ ਰੰਗ ਭਾਵੇਂ ਕਈ ਤਰ੍ਹਾਂ ਦੇ ਹਨ, ਅਤੇ ਗੁਰਬਾਣੀ ਅੰਦਰ ਵੀ ਕਈ ਥਾਈਂ ਪ੍ਰਕਰਣ ਅਨੁਸਾਰ ਕਈ ਰੰਗਾਂ ਦਾ ਜ਼ਿਕਰ ਆਇਆ ਹੈ, ਪਰ ਵਿਸ਼ੇਸ਼ ਰੂਪ ਵਿਚ ਸੂਹਾ ਤੇ ਮਜੀਠੀ ਰੰਗ ਦਾ ਹੀ ਜ਼ਿਕਰ ਆਇਆ ਹੈ। ਇਸ ਲਈ ਵੱਖ-ਵੱਖ ਥਾਈਂ ਹੋਰਾਂ ਰੰਗਾਂ ਦਾ ਵੀ ਜ਼ਿਕਰ ਆਇਆ ਹੈ। ਸੂਹਾ ਰੰਗ ਕੱਚਾ ਰੰਗ ਹੁੰਦਾ ਹੈ, ਪਾਣੀ ਦੀ ਬੂੰਦ ਪੈਂਦਿਆਂ ਹੀ ਖਿਲਰ ਜਾਂਦਾ ਹੈ।

ਮਜੀਠੀ ਰੰਗ ਪੱਕਾ ਹੁੰਦਾ ਹੈ। ਜਿਸ ਬਸਤ੍ਰ ਨੂੰ ਮਜੀਠੀ ਰੰਗ ਚਾੜ੍ਹ ਦਿੱਤਾ ਜਾਵੇ, ਉਹ ਬਸਤ੍ਰ ਫੱਟ ਭਾਵੇਂ ਜਾਵੇ, ਪਰ ਬਸਤ੍ਰ ਨਾਲੋਂ ਰੰਗ ਨਹੀਂ ਲੱਥਦਾ। ਗੁਰਦੇਵ ਨੇ ਪ੍ਰਭੂ ਨਾਮ ਨੂੰ ਮਜੀਠੀ ਰੰਗੁ ਕਿਹਾ ਹੈ ਅਤੇ ਮਾਇਕੀ ਰੰਗ ਨੂੰ ਕਸੁੰਭਾ ਰੰਗ ਕਿਹਾ ਹੈ। ਇਹ ਸੂਹਾ ਰੰਗੁ ਚੰਚਲ ਮਨ ਵਾਲੀਆਂ ਇਸਤਰੀਆਂ ਦਾ ਲਿਬਾਸ ਹੈ, ਜਿਸ ਦਾ ਜ਼ਿਕਰ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਕੀਤਾ ਹੈ :

**ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ॥**
**ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ॥** (ਅੰਗ 786)

ਇਹ ਸੂਹਾ ਰੰਗ ਵਿਕਾਰਾਂ ਦੇ ਪੈਦਾ ਕਰਨ ਵਾਲਾ ਹੈ। ਵਿਕਾਰੀ ਜੀਵ-ਇਸਤ੍ਰੀ ਪ੍ਰਭੂ ਪਤੀ ਨੂੰ ਨਹੀਂ ਪਾ ਸਕਦੀ ਅਤੇ ਇਸ ਮਾਇਕੀ ਝੂਠੇ ਰੰਗ ਦੇ ਲੱਥਦਿਆਂ ਵੀ ਦੇਰੀ ਨਹੀਂ ਲੱਗਦੀ। ਪ੍ਰਭੂ ਪਤੀ ਨੂੰ ਛੱਡ ਕੇ ਹੋਰਾਂ ਨਾਲ ਹਿੱਤ ਕਰਨ ਵਾਲੀ ਜੀਵ-ਇਸਤਰੀ ਰੰਡੀ ਹੋ ਬੈਠਦੀ ਹੈ।

**ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ॥**
**ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ॥**
**ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ॥ 2 ॥** (ਅੰਗ 786)

ਗੁਰੂ ਅਮਰਦਾਸ ਜੀ ਨੇ ਇਹ ਦਰਸਾਇਆ ਹੈ ਕਿ ਸੂਹਾ ਵੇਸ ਉਹ ਖੋਟੇ ਲੱਖਣਾਂ ਵਾਲੀ ਇਸਤਰੀ ਪਹਿਨਦੀ ਹੈ, ਜਿਸ ਨੇ ਪ੍ਰਭੂ ਪਤੀ ਨੂੰ ਛੱਡ ਕੇ ਹੋਰਨਾਂ ਨਾਲ ਪਿਆਰ ਕੀਤਾ ਹੈ। ਉਸ ਦਾ ਕੋਈ ਸੀਲ ਸੰਜਮ ਵੀ ਨਹੀਂ ਅਤੇ ਉਹ ਹਮੇਸ਼ਾ ਝੂਠ ਬੋਲਦੀ ਹੈ। ਉਸ ਮਨਮੁਖ ਕੁਲੱਖਣੀ ਦਾ ਆਪਣਾ ਮਾੜਾ ਕਰਮ ਉਸ ਨੂੰ ਹੀ ਖ਼ੁਆਰ ਕਰਦਾ ਹੈ :

**ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥**
**ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥** (ਅੰਗ 786)

ਐਸੇ ਪ੍ਰਭੂ-ਪਤੀ ਨੂੰ ਤਿਆਗ ਕੇ ਹੋਰ ਦੇਵੀ ਦੇਵਤਿਆਂ ਨਾਲ ਹਿੱਤ ਕਰਨ ਵਾਲੀ ਜੀਵ ਰੂਪ ਇਸਤਰੀ ਧਾਰਮਿਕ ਦੁਨੀਆਂ ਦੇ ਅੰਦਰ ਵੀ ਸ਼ੋਭਾ ਨਹੀਂ ਪਾਉਂਦੀ। ਐਸੀ ਜੀਵ-ਇਸਤਰੀ ਨੂੰ ਗੁਰਦੇਵ ਨੇ ਮਨਮੁਖ ਕੁਲੱਖਣੀ ਤੇ ਕੁਨਾਰਿ ਕਹਿ ਕੇ ਦੁਰਕਾਰਿਆ ਹੈ :

**ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥**
**ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥**
**ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ॥**
**ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ॥ ੧ ॥** (ਅੰਗ 89)

ਪਰ ਵਾਹਿਗੁਰੂ ਰੂਪ ਪਤੀ ਇਸ ਦੇ ਅੰਦਰ ਹੀ ਵਸ ਰਿਹਾ ਹੈ। ਉਹ ਤਾਂ ਸਗੋਂ ਗੁਰਦੇਵ ਨੇ ਕਥਨ ਕੀਤਾ ਹੈ ਕਿ ਉਸ ਪ੍ਰਭੂ-ਪਤੀ ਦੀ ਤੇ ਜੀਵ-ਇਸਤਰੀ ਦੀ ਸੇਜਾ ਇਕੋ ਹੀ ਹੈ।

**ਏਕਾ ਸੇਜ ਵਿਛੀ ਧਨ ਕੰਤਾ॥ ਧਨ ਸੂਤੀ ਪਿਰੁ ਸਦ ਜਾਗੰਤਾ॥** (ਅੰਗ 737)

ਪਰ ਇਹ ਜੀਵ-ਇਸਤਰੀ ਗ਼ਾਫ਼ਲਤਾ ਦੀ, ਅਵਿਦਿਆ ਦੀ ਨੀਂਦ ਵਿਚ ਸੁੱਤੀ ਹੋਈ ਨੇ ਉਸ ਪ੍ਰਭੂ-ਪਤੀ ਨੂੰ ਭੁਲਾ ਦਿੱਤਾ ਹੈ। ਪ੍ਰਭੂ-ਪਤੀ ਤਾਂ ਸ਼ੁੱਭ ਗੁਣਾਂ ਕਰ ਕੇ ਹੀ ਪਾਇਆ ਜਾ ਸਕਦਾ ਹੈ, ਸਗੋਂ ਇਹ ਜੀਵ-ਇਸਤ੍ਰੀ ਅਉਗਣਹਾਰੀ ਹੋਣ ਕਰ ਕੇ ਪ੍ਰਭੂ-ਪਤੀ ਨੇ ਤਿਆਗ ਦਿੱਤੀ ਹੈ :

**ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥**
**ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥ ੧ ॥** (ਅੰਗ ੧088)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਅਥਵਾ : ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ॥**

(ਅੰਗ ੧੧97)

ਅਥਵਾ :

**ਦੋਹਾਗਣੀ ਕਿਆ ਨੀਸਾਣੀਆ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ॥**
**ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥ 7॥** (ਅੰਗ 72)

ਪਰ ਇਸ ਮਨੁੱਖ ਨੇ ਮਾਇਆ ਦਾ ਪਾਹ ਦੇ ਕੇ ਲੱਬ ਭਾਵ ਲਾਲਚ ਦੇ ਰੰਗ ਵਿਚ ਇਸ ਸਰੀਰ ਰੂਪੀ ਚੋਲੇ ਨੂੰ ਰੰਗ ਲਿਆ ਹੈ। ਐਸੇ ਮਾਇਕੀ ਰੰਗ ਵਾਲਾ ਚੋਲੜਾ ਮੇਰੇ ਪ੍ਰਭੂ-ਪਤੀ ਨੂੰ ਭਾਂਵਦਾ ਨਹੀਂ ਭਾਵ ਚੰਗਾ ਨਹੀਂ ਲੱਗਦਾ। ਪਾਹ=ਕੱਪੜੇ ਤੋਂ ਪਾਣ ਅਥਵਾ ਮਾਵਾ, (ਜੋ ਰੰਗ ਨੂੰ ਫੜਨ ਨਹੀਂ ਦਿੰਦਾ) ਕੱਢ ਕੇ, ਫਟਕੜੀ ਆਦਿ ਨਾਲ ਧੋਣਾ, ਜਿਸ ਤੋਂ ਵਸਤ੍ਰ ਰੰਗ ਜਜ਼ਬ ਕਰ ਲਵੇ, ਉਸ ਨੂੰ 'ਪਾਹ' ਆਖੀਦਾ ਹੈ। ਇਧਰ ਕਰਤਾਰ ਦੇ ਭੈਅ ਨਾਲ ਮਨ ਦੇ ਖੋਟੇ ਸੰਕਲਪ ਅਤੇ ਵਿਕਾਰਾਂ ਦੀ ਮੰਦ ਵਾਸ਼ਨਾ ਨੂੰ ਮਿਟਾ ਕੇ ਗੁਰਬਾਣੀ ਦੇ ਅਭਿਆਸ ਦੁਆਰਾ ਕੁਕਰਮਾਂ ਤੋਂ ਜੋ ਲੱਜਿਆ ਸਹਿਤ ਹੋਣਾ ਹੈ, ਅਥਵਾ ਸਰਮੁ=ਵੈਰਾਗ ਰੂਪ ਪਾਣੀ ਨਾਲ ਮਨ ਦਾ ਧੋਣਾ ਅਤੇ 'ਪਾਹ' ਦੇਣਾ ਹੈ, ਵਾਹਿਗੁਰੂ ਦੇ ਪ੍ਰੇਮ ਅਤੇ ਨਾਮ ਦੀ ਲਿਵ ਕਰ ਕੇ ਮਨ ਰੰਗੀਦਾ ਹੈ, ਸਤਿਗੁਰਾਂ ਨੇ ਇਸ ਪੱਕੇ ਰੰਗ ਨੂੰ ਮਜੀਠ ਦਾ ਰੰਗ ਗੁਰਬਾਣੀ ਵਿਚ ਵਰਣਨ ਕੀਤਾ ਹੈ।

ਕੋਰੇ ਬਸਤ੍ਰ ਨੂੰ ਰੰਗ ਨਹੀਂ ਚੜ੍ਹਦਾ, 'ਪਾਹ' ਦੇਣਾ ਪੈਂਦਾ ਹੈ। ਫਿਰ ਇਸ ਤਨ ਰੂਪੀ ਚੋਲੇ ਨੂੰ 'ਪਾਹ' ਕਿਹੜਾ ਦੇਣਾ ਹੈ ? ਅਤੇ ਰੰਗ ਕਿਹੜਾ ਚਾੜ੍ਹਨਾ ਹੈ ? ਜਿਸ ਰੰਗ ਨਾਲ ਰੰਗਿਆ ਸਰੀਰ ਰੂਪ ਚੋਲਾ ਪ੍ਰਭੂ ਪਤੀ ਨੂੰ ਭਾ ਜਾਵੇ :

**ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥**
**ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥**
**ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥ ੧॥** (ਅੰਗ 468)

ਐਸੇ ਚੋਲੇ ਦਾ ਜ਼ਿਕਰ ਆਸਾ ਰਾਗੁ ਅੰਦਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਕੀਤਾ ਹੈ :

**ਲਾਲੁ ਚੋਲਨਾ ਤੈ ਤਨਿ ਸੋਹਿਆ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ॥ ੧॥**
**ਕਵਨ ਬਨੀ ਰੀ ਤੇਰੀ ਲਾਲੀ॥ ਕਵਨ ਰੰਗਿ ਤੂੰ ਭਈ ਗੁਲਾਲੀ॥ ੧॥ ਰਹਾਉ॥**
**ਤੁਮ ਹੀ ਸੁੰਦਰਿ ਤੁਮਹਿ ਸੁਹਾਗੁ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ॥ 2॥**

(ਅੰਗ 384)

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਐਸਾ ਰੰਗ ਫਿਰ ਉਤਰਦਾ ਨਹੀਂ ਅਤੇ ਨਾ ਹੀ ਉਸ ਨਾਮ ਰੂਪੀ ਮਜੀਠੀ ਰੰਗ ਦੇ ਉਪਰ ਕੋਈ ਮਾਇਕੀ ਝੂਠਾ ਰੰਗ ਚੜ੍ਹਦਾ ਹੈ :
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ॥**
**ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ॥**
**ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ॥ 2॥** (ਅੰਗ 644)

ਅਥਵਾ :

**ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥**
**ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥** (ਅੰਗ 73੧)

ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਤੂੰ ਤਨ ਨੂੰ ਮਾਇਆ ਦਾ 'ਪਾਹ' ਦੇ ਕੇ ਲੱਬ ਭਾਵ ਲਾਲਚ ਦੇ ਰੰਗ ਵਿਚ ਰੰਗ ਲਿਆ ਹੈ।

ਹੇ ਪਿਆਰੇ ! ਇਸ ਸਰੀਰ ਨੂੰ ਮਾਇਆ (ਮੋਹ ਦੀ) ਪਾਹ ਲੱਗੀ ਹੋਈ ਹੈ (ਜਿਵੇਂ ਕਿ ਇਸ ਨੂੰ) ਲੋਭ ਵਿਚ ਰੰਗ ਲਿਆ ਹੋਵੇ। ਮੇਰੇ ਪਤੀ (ਪ੍ਰਮਾਤਮਾ) ਨੂੰ (ਮਾਇਆ ਦੇ ਪਾਹ ਤੇ ਲੋਭ ਦੇ ਰੰਗ ਵਾਲਾ) ਜੀਵਨ ਰੂਪੀ ਚੋਲਾ ਚੰਗਾ ਨਹੀਂ ਲੱਗਦਾ, (ਇਸ ਲਈ ਜੀਵ)-ਇਸਤਰੀ ਕਿਸ ਤਰ੍ਹਾਂ (ਪ੍ਰਭੂ ਪਤੀ ਦੀ) ਸੇਜਾ ਉੱਤੇ ਪਹੁੰਚੇ ? ਹੇ ਪ੍ਰਭੂ ! ਮੈਂ ਤੇਰੇ ਤੋਂ ਕੁਰਬਾਨ (ਅਤੇ) ਸਦਕੇ ਜਾਂਦਾ ਹਾਂ। (ਭਾਵ ਵਾਰ ਵਾਰ ਕੁਰਬਾਨ ਜਾਂਦਾ ਹਾਂ। ਮੈਂ ਉਹਨਾਂ ਤੋਂ ਵੀ ਕੁਰਬਾਨ ਜਾਂਦਾ ਹਾਂ, ਜੋ ਤੇਰਾ ਨਾਮ ਜੱਪਦੇ ਹਨ। ਜੋ (ਰਸਨਾ) ਦੁਆਰਾ ਤੇਰਾ ਨਾਮ ਲੈਂਦੇ ਹਨ, ਮੈਂ ਉਹਨਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ। ਹੇ ਪਿਆਰੇ ! ਜੇ ਸਰੀਰ ਨੂੰ ਰੰਗ ਵਾਲੀ ਮੱਟੀ ਬਣਾ ਲਈਏ, (ਇਸ ਸਰੀਰ ਰੂਪੀ ਮੱਟੀ ਵਿਚ ਪ੍ਰਭੂ ਦਾ) ਨਾਮ ਰੂਪ ਮਜੀਠੀ ਰੰਗ ਪਾ ਲਈਏ (ਫਿਰ ਇਸ ਜੀਵਨ ਰੂਪੀ ਚੋਲੇ ਨੂੰ) ਰੰਗਣ ਵਾਲਾ ਮਾਲਕ ਜੇ (ਨਾਮ ਵਿਚ) ਰੰਗ ਦੇਵੇ (ਤਾਂ ਐਸਾ ਅਸਚਰਜ) ਮਜੀਠੀ ਰੰਗ (ਚੜ੍ਹੇਗਾ ਜੋ ਕਦੇ ਕਿਸੇ ਨੇ ਵੇਖਿਆ ਨ ਹੋਵੇ। ਜਿਨ੍ਹਾਂ (ਜੀਵ-ਇਸਤਰੀਆਂ ਦੇ ਜੀਵਨ ਅਥਵਾ ਚੋਲੇ (ਨਾਮ ਰੰਗ ਨਾਲ) ਰੰਗੇ ਹੋਏ ਹਨ, ਪ੍ਰਭੂ ਪਤੀ (ਪ੍ਰਮਾਤਮਾ) ਉਨ੍ਹਾਂ ਦੇ ਕੋਲ ਹੀ ਵੱਸਦਾ ਹੈ। ਨਾਨਕ (ਗੁਰੂ ਜੀ ਬਖ਼ਸ਼ਿਸ਼ਾਂ ਕਰਦਿਆਂ ਉਚਾਰਨ ਕਰਦੇ ਹਨ ਕਿ) ਸਾਡੀ ਇਹ ਅਰਦਾਸ (ਬੇਨਤੀ ਹੈ ਉਸ ਪ੍ਰਭੂ ਅਗੇ ਕਿ ਰੰਗ ਰਤੜੇ ਨਾਮ ਰਸੀਆਂ ਦੀ) ਇਸ ਜੀਵ ਨੂੰ (ਪਵਿੱਤ੍ਰ ਚਰਨ) ਧੂੜੀ ਜੇ ਮਿਲ ਜਾਵੇ (ਤਾਂ ਇਸ ਦਾ ਜੀਵਨ ਸਫਲਾ ਹੋ ਜਾਵੇਗਾ)। (ਉਹ ਪ੍ਰਭੂ) ਆਪ ਹੀ (ਜੀਵ-ਇਸਤਰੀ ਨੂੰ ਸੰਵਾਰਦਾ, ਸ਼ਿੰਗਾਰਦਾ ਤੇ ਰੰਗਦਾ ਹੈ (ਤੇ) ਆਪ ਹੀ ਮਿਹਰ ਦੀ ਨਜ਼ਰ ਕਰਦਾ ਹੈ। ਨਾਨਕ (ਗੁਰੂ ਜੀ ਬਖ਼ਸ਼ਿਸ਼ ਦੇ ਘਰ ਵਿਚ ਆ ਕੇ ਉਚਾਰਨ ਕਰਦੇ ਹਨ ਕਿ) ਜੋ ਜੀਵ-ਇਸਤਰੀ (ਆਪਣੇ) ਪਤੀ ਨੂੰ ਪਿਆਰੀ ਲੱਗਦੀ ਹੈ, (ਤਾਂ) ਆਪ ਹੀ (ਪ੍ਰਭੂ ਪਤੀ) ਉਸ ਨੂੰ ਅੰਗੀਕਾਰ ਕਰਦਾ ਹੈ, (ਭਾਵ ਉਸ ਨੂੰ ਆਪਣੀ ਅਭੇਦਤਾ ਦਾ ਅਨੰਦ ਬਖ਼ਸ਼ ਦਿੰਦਾ ਹੈ।

ਤਿਲੰਗ ਮਹਲਾ ੧ ਘਰੁ 3 ੴ ਸਤਿਗੁਰ ਪ੍ਰਸਾਦਿ॥

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥**
**ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥ ੧॥**
**ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥**

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥ ੧ ॥ ਰਹਾਉ॥
ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥ 2 ॥
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥ 3 ॥
ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥ 4 ॥ ੧॥ 3 ॥

(ਅੰਗ 72੧-22)

ਲਜਾ-ਕੁਲ ਅੰਕਸੁ ਅਉ ਗੁਰ-ਜਨ ਸੀਲ ਡੀਲ,
ਕੁਲਾ-ਬਧੂ ਬ੍ਰਿਤਿ ਕੈ ਪਤਿਬ੍ਰਤ ਕਹਾਵਈ॥
ਦੁਸਟ ਸਭਾ ਸੰਜੋਗ, ਅਧਮ ਅਸਾਧ ਸੰਗ,
ਬਹੁ ਬਿਬਿਚਾਰ ਧਾਰਿ, ਗਨਿਕਾ ਬੁਲਾਵਈ॥
ਕੁਲਾ-ਬਧੂ ਸੁਤ ਕੋ ਬਖਾਨੀਅਤ ਗੋ੍ਤਾਚਾਰ,
ਗਨਿਕਾ ਸੁਅਨ ਪਿਤਾ ਨਾਮ ਕੋ ਬਤਾਵਈ॥
ਦੁਰਮਤਿ ਲਾਗਿ ਜੈਸੇ ਕਾਗ ਬਨ ਬਨ ਫਿਰੈ,
ਗੁਰਮਤਿ ਹੰਸ ਏਕ ਟੇਕ ਜਸੁ ਪਾਵਈ॥ ੧64 ॥

(ਕਬਿੱਤ ਸਵੱਯੇ, ਭਾ ਗੁਰਦਾਸ ਜੀ)

ਐਸੀ ਨਾਇਕਾ ਸੈ ਕੁਆਰ ਪਾਤ੍ਰ ਹੀ ਸੁਪਾਤ੍ਰ ਭਲੀ,
ਆਸ ਪਿਆਸੀ ਮਾਤਾ ਪਿਤਾ ਏਕੈ ਕਾਹ ਦੇਤ ਹੈ॥
ਐਸੀ ਨਾਇਕਾ ਸੈ ਦੀਨਤਾ ਕੈ ਦੁਹਾਗਨਿ ਭਲੀ,
ਪਤਿਤ ਪਾਵਨ ਪ੍ਰਿਅ ਪਾਇ ਲਾਇ ਲੇਤ ਹੈ॥
ਐਸੀ ਨਾਇਕਾ ਸੈ ਭਲੋ ਬਿਰਹਾ ਬਿਓਗ ਸੋਗ,
ਲਗਨ ਸਗਨ ਸੋਧੇ ਸਰਧਾ ਸਹੇਤ ਹੈ॥
ਐਸੀ ਨਾਇਕਾ ਮਾਤ ਗਰਭ ਹੀ ਗਲੀ ਭਲੀ,
ਕਪਟ ਸਨੇਹ ਦੁਬਿਧਾ ਜਿਉ ਰਾਹੁ ਕੇਤੁ ਹੈ॥ 450 ॥

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

## ਸਾਖੀ—ਨੌਸ਼ਹਿਰੇ ਵਾਲੇ ਸਾਹੁ ਸੁਹਾਗਣ ਦੀ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜੀਆਂ ਨੂੰ ਤਾਰਦੇ ਹੋਏ, ਨੌਸ਼ਹਿਰੇ ਪਿੰਡ ਸਾਹੁ-ਸੁਹਾਗਣ ਦੇ ਡੇਰੇ ਪਹੁੰਚੇ ਹਨ। ਇਹ ਮੁਸਲਮਾਨ ਫ਼ਕੀਰ ਸੀ। ਇਸਤਰੀਆਂ ਵਾਲੇ ਬਸਤਰ ਅਤੇ ਗਹਿਣੇ ਸਰੀਰ 'ਤੇ ਪਹਿਨਦਾ ਸੀ। ਜਿਸ ਤਰ੍ਹਾਂ ਪਤਿਬਰਤਾ ਇਸਤਰੀ ਆਪਣੇ ਪਤੀ ਦੀ ਪ੍ਰਸੰਨਤਾ ਲਈ ਆਪਣੇ ਸਰੀਰ 'ਤੇ ਹਾਰ ਸ਼ਿੰਗਾਰ ਲਗਾਉਂਦੀ ਹੈ, ਆਪਣੇ ਪਤੀ ਦੀ ਸੇਵਾ ਕਰਕੇ ਉਹ ਸੁਹਾਗਣ ਇਸਤਰੀ ਸਦਾਉਂਦੀ ਹੈ, ਇਸੇ ਤਰ੍ਹਾਂ ਇਹ ਸਾਹੁ-ਸੁਹਾਗਣ ਆਪਣੇ ਸਰੀਰ 'ਤੇ ਪਾਖੰਡ ਦਾ ਅਤੇ ਦਿਖਾਵੇ ਦਾ ਲਿਬਾਸ ਧਾਰ ਕੇ ਆਪਣੇ ਆਪ ਨੂੰ ਪ੍ਰਭੂ-ਪਤੀ ਦੀ ਇਸਤਰੀ ਸੁਹਾਗਣ ਕਹਾਉਂਦਾ ਸੀ। ਪਰ ਕਰਮ ਇਸ ਦੇ ਦੁਹਾਗਣਾਂ ਵਾਲੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਮਿਲਣਾ ਚਾਹਿਆ। ਇਸ ਦੇ ਡੇਰੇ 'ਤੇ ਬੜਾ ਭਾਰੀ ਲੋਕਾਂ ਦਾ ਇਕੱਠ ਸੀ। ਮੇਲਾ ਭਰਿਆ ਹੋਇਆ ਸੀ। ਗੁਰਦੇਵ ਨੇ ਇਸ ਦੇ ਮੁਰੀਦਾਂ ਨੂੰ ਕਿਹਾ ਕਿ ਸਾਹੁ-ਸੁਹਾਗਣ ਨੂੰ ਬੁਲਾਉ, ਅਸੀਂ ਮਿਲਣਾ ਹੈ। ਅਗੋਂ ਇਸ ਦੇ ਮੁਰੀਦਾਂ ਨੇ ਜਵਾਬ ਦਿੱਤਾ ਕਿ ਅੱਜ ਤਾਂ ਪੀਰ ਜੀ ਨੂੰ ਸਾਹੁ ਪ੍ਰਭੂ-ਪਤੀ ਦੀ ਪ੍ਰਾਪਤੀ ਹੋਣੀ ਹੈ, ਇਸ ਲਈ ਉਹ ਭੋਰੇ ਵਿਚ ਹਨ। ਉਹ ਕਿਸੇ ਮਨੁੱਖ ਨੂੰ ਅੱਜ ਨਹੀਂ ਮਿਲਦੇ। ਇਹ ਜਵਾਬ ਸੁਣ ਕੇ ਗੁਰਦੇਵ ਨੇ ਮਰਦਾਨੇ ਨੂੰ ਬਚਨ ਕੀਤਾ ਕਿ ਆਉ ਭਾਈ ਚੱਲੀਏ, ਕਰਤਾਰ ਦੀ ਐਸੀ ਹੀ ਰਜ਼ਾ ਹੈ। ਇਸ ਤਰ੍ਹਾਂ ਕਹਿ ਕੇ ਹਜ਼ੂਰ ਚੱਲੇ ਗਏ, ਪਰ ਮੇਲੇ ਵਿਚ ਥੋੜੀ ਦੇਰ ਬਾਅਦ ਹੀ ਲੋਕਾਂ ਦੀ ਆਪਸ ਵਿਚ ਲੜਾਈ ਹੋ ਪਈ। ਉਸ ਲੜਾਈ ਵਿਚ ਧੱਕੋ ਜ਼ੋਰੀ ਕਰਦਿਆਂ ਕਿਸੇ ਨੇ ਆਪਣੀ ਜਾਨ ਬਚਾਉਣ ਲਈ ਸਾਹੁ-ਸੁਹਾਗਣ ਦੇ ਭੋਰੇ ਦੇ ਦਰਵਾਜ਼ੇ ਨੂੰ ਧੱਕਾ ਮਾਰਿਆ। ਦਰਵਾਜ਼ਾ ਟੁੱਟ ਗਿਆ ਤੇ ਉਹ ਮਨੁੱਖ ਅੰਦਰ ਚਲਿਆ ਗਿਆ। ਇਸ ਮਨੁੱਖ ਦੇ ਪਿੱਛੇ ਲੋਕਾਂ ਦਾ ਇਕੱਠ ਭੋਰੇ ਵਿਚ ਚਲਿਆ ਗਿਆ, ਤਾਂ ਕੀ ਦੇਖਿਆ ਕਿ ਸਾਹੁ-ਸੁਹਾਗਣ ਇਕ ਨੌਜਵਾਨ ਇਸਤਰੀ ਨਾਲ ਬਿਭਚਾਰ ਕਰ ਰਿਹਾ ਸੀ। ਲੋਕ ਆਪਣੀ ਲੜਾਈ ਛੱਡ ਕੇ ਸਾਹੁ-ਸੁਹਾਗਣ ਦਾ ਕੁਕਰਮ ਦੇਖ ਕੇ ਇਸ ਨੂੰ ਕੁੱਟਣ ਪੈ ਗਏ। ਲੋਕਾਂ ਨੇ ਚੰਗਾ ਕੁਟਾਪਾ ਚਾੜ੍ਹਿਆ। ਇਸ ਦਾ ਕੁਕਕਮ ਸਾਰੇ ਲੋਕਾਂ ਵਿਚ ਪ੍ਰਗਟ ਹੋ ਗਿਆ। ਕਈਆਂ ਨੇ ਇਸ ਦਾ ਮੂੰਹ ਕਾਲਾ ਕਰ ਦਿੱਤਾ ਅਤੇ ਡੇਰੇ ਦਾ ਸਾਰਾ ਸਾਮਾਨ ਲੋਕ ਲੁੱਟ ਕੇ ਲੈ ਗਏ।

ਹੁਣ ਇਸ ਮੰਦ ਕਰਮੀ ਪੀਰ ਸਾਹੁ ਸੁਹਾਗਣ ਨੂੰ ਕੋਈ ਮੂੰਹ ਨਹੀਂ ਲਾਉਂਦਾ। ਮੰਗਤਿਆਂ ਨਾਲੋਂ ਵੀ ਇਸ ਦਾ ਭੈੜਾ ਹਾਲ ਹੋ ਗਿਆ। ਜਗਤ ਗੁਰੂ ਨਾਨਕ ਦੇਵ ਜੀ ਨੇ ਇਕ ਸਾਲ ਪਿੱਛੋਂ ਇਸੇ ਨੁਸ਼ਹਿਰੇ ਪਿੰਡ ਵਿਚ ਇਕ ਬਿਰਧ ਮਾਤਾ ਦੇ ਪ੍ਰੇਮ ਦੇ ਖਿੱਚੇ ਉਸ ਮਾਤਾ ਨੂੰ ਜਾ ਦਰਸ਼ਨ ਦਿੱਤੇ ਸਨ। ਹਜ਼ੂਰ ਨੇ ਉਸ ਮਾਤਾ ਨੂੰ ਪੁੱਛਿਆ ਕਿ ਇਥੇ ਇਕ ਸਾਹੁ-ਸੁਹਾਗਣ ਰਹਿੰਦਾ ਸੀ। ਬੜਾ ਭਾਰੀ ਮੇਲਾ ਲੱਗਦਾ ਸੀ। ਤਾਂ ਮਾਤਾ ਨੇ ਦੱਸਿਆ ਕਿ ਸਤਿਗੁਰੂ ਜੀ, ਉਹ ਸਾਹੁ ਸੁਹਾਗਣ ਤਾਂ ਬਿਭਚਾਰੀ ਸੀ। ਉਸ ਦਾ ਲੋਕਾਂ ਨੇ ਮੂੰਹ ਕਾਲਾ ਕਰ ਦਿੱਤਾ ਸੀ। ਉਸ ਨੂੰ ਕੋਈ ਆਪਣੇ ਮੱਥੇ ਨਹੀਂ ਲਗਾਉਂਦਾ। ਹਜ਼ੂਰ ਇਹ ਬਚਨ ਮਾਤਾ ਨਾਲ ਕਰ ਰਹੇ ਸਨ ਤਾਂ ਇਤਨੇ ਨੂੰ ਇਸ ਸਮੇਂ ਇਕ ਪਿੰਗਲਾ ਕੁਸ਼ਟੀ ਰਿੜਦਾ-ਰਿੜਦਾ ਗੁਰਦੇਵ ਪਾਸ ਆ ਪਹੁੰਚਿਆ। ਸਤਿਗੁਰੂ ਜੀ ਨੇ ਅੰਮ੍ਰਿਤ ਭਰੀ ਦ੍ਰਿਸ਼ਟੀ ਪਾ ਕੇ ਇਸ ਦਾ ਕੁਸ਼ਟ ਦੂਰ ਕਰ ਦਿੱਤਾ। ਪਿੰਗਲਾ ਠੀਕ ਹੋ ਕੇ ਗੁਰਦੇਵ ਦੀ

ਉਸਤਤੀ ਕਰਨ ਲੱਗਿਆ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਤੈਨੂੰ ਪਿੰਡ ਵਿਚ ਕੋਈ ਪੁੱਛੇ ਕਿ ਕਿਸ ਤਰ੍ਹਾਂ ਰਾਜ਼ੀ ਹੋਇਆ ਹੈਂ ਤਾਂ ਤੂੰ ਕਹੀਂ ਕਿ ਮੈਨੂੰ ਸਾਹੁ-ਸੁਹਾਗਣ ਨੇ ਠੀਕ ਕੀਤਾ ਹੈ। ਇਸ ਨੇ ਗੁਰਦੇਵ ਦਾ ਬਚਨ ਮੰਨ ਕੇ ਇਸੇ ਤਰ੍ਹਾਂ ਕੀਤਾ। ਲੋਕ ਇਸ ਪਾਸੋਂ ਇਸ ਨੂੰ ਸਾਹੁ-ਸੁਹਾਗਣ ਦੇ ਰਾਜ਼ੀ ਕਰਨ ਦੀ ਕਹਾਣੀ ਸੁਣ ਕੇ ਬੜੇ ਹੈਰਾਨ ਹੋਏ। ਇਸ ਗੱਲ ਦਾ ਪਤਾ ਸਾਹੁ-ਸੁਹਾਗਣ ਨੂੰ ਵੀ ਲੱਗਿਆ। ਸਾਹੁ-ਸੁਹਾਗਣ ਨੇ ਇਸ ਰਾਜ਼ੀ ਹੋਏ ਪਿੰਗਲੇ ਨੂੰ ਪੁੱਛਿਆ ਤਾਂ ਇਸ ਪਿੰਗਲੇ ਨੇ ਗੁਰੂ ਨਾਨਕ ਦੇਵ ਜੀ ਦਾ ਪਤਾ ਦੱਸ ਦਿੱਤਾ ਕਿ ਉਹ ਇਸ ਮਾਤਾ ਦੇ ਘਰ ਠਹਿਰੇ ਹਨ। ਇਹ ਪੀਰ ਉਸੇ ਵੇਲੇ ਸਮਝ ਗਿਆ ਕਿ ਗੁਰੂ ਨਾਨਕ ਦੇਵ ਜੀ ਉਹੀ ਹਨ, ਜੋ ਇਕ ਸਾਲ ਪਹਿਲਾਂ ਮੇਰੇ ਡੇਰੇ ਆਏ ਸਨ ਅਤੇ ਮੈਂ ਮੰਦ ਕਰਮੀ ਗੁਰੂ ਜੀ ਦੇ ਦਰਸ਼ਨ ਨਹੀਂ ਸੀ ਕਰ ਸਕਿਆ। ਉਸੇ ਵੇਲੇ ਪੀਰ ਮਾਤਾ ਦੇ ਘਰ ਜਾ ਕੇ ਗੁਰੂ ਨਾਨਕ ਦੇ ਚਰਨੀਂ ਢਹਿ ਪਿਆ ਅਤੇ ਪਿਛਲੀ ਭੁੱਲ ਦੀ ਮੁਆਫ਼ੀ ਮੰਗੀ, ਤਾਂ ਗੁਰਦੇਵ ਨੇ ਨਾਮ ਦਾਨ ਦੇ ਕੇ ਇਸ ਸਾਹੁ-ਸੁਹਾਗਣ ਨੂੰ ਤਾਰ ਦਿੱਤਾ ਸੀ।

## ਸਾਖੀ—ਨੂਰਸ਼ਾਹ ਜਾਦੂਗਰਨੀ ਦੀ

ਪਤਿਤ ਪਾਵਨ ਕਲਯੁੱਗੀ ਜੀਆਂ ਦੇ ਤਾਰਕ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸੰਮਤ ਬਿਕਰਮੀ ੧੫੬੪ (ਸੰਨ ੧੫੦੭) ਨੂੰ ਢਾਕੇ ਤੋਂ ਚੱਲ ਕੇ ੫ ਕੋਹ ਅੱਗੇ ਪਿੰਡ 'ਧਨਪੁਰ' ਜਾ ਠਹਿਰੇ ਹਨ। ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਜ਼ਿਕਰ ਹੈ ਕਿ ਇਥੇ ਬਹੁਤ ਸਾਰੀਆਂ ਜਾਦੂਗਰਨੀਆਂ ਸਨ, ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਵੀ ਆਪਣਾ ਜਾਦੂ ਕਰਕੇ ਵੱਸ ਵਿਚ ਕਰਨ ਦਾ ਯਤਨ ਕੀਤਾ ਸੀ। ਸ਼ਾਇਦ ਇਹਨਾਂ ਦਾ ਮਿਸਮਰੇਜ਼ਮ ਸਾਧਿਆ ਹੋਇਆ ਸੀ, ਜਿਸ ਨਾਲ ਬਾਹਰੋਂ ਆਏ ਬੰਦੇ ਨੂੰ ਆਪਣੇ ਵੱਸ ਵਿਚ ਕਰ ਲੈਂਦੀਆਂ ਸਨ। ਆਚਰਣਹੀਨ ਅਤੇ ਇਖ਼ਲਾਕ ਤੋਂ ਗਿਰੀਆਂ ਹੋਣ ਕਰਕੇ ਗੁਰਦੇਵ ਨੇ ਇਹਨਾਂ ਨੂੰ ਮਤਵਾਲੀਆਂ ਕੁਚਾਲੀਆਂ, ਨਿਲੱਜਾਂ ਤੇ ਭੈੜੇ ਜੀਵਨ ਵਾਲੀਆਂ ਕਹਿ ਕੇ ਧ੍ਰਿਕਾਰਦਿਆਂ ਹੋਇਆਂ, ਇਸ ਸ਼ਬਦ ਰਾਹੀਂ ਉਨ੍ਹਾਂ ਨੂੰ ਤਾਰਿਆ ਸੀ :

**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥**
**ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥**
**ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥**
**ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥**
**ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥** (ਅੰਗ 85)

ਇਹ ਸ਼ਬਦ ਸੁਣ ਕੇ ਇਹਨਾਂ ਜਾਦੂਗਰਨੀਆਂ ਦੀ ਮੁਖੀ ਨੂਰਸ਼ਾਹ ਨੇ ਸਾਰੀਆਂ ਜਾਦੂਗਰਨੀਆਂ ਸਮੇਤ ਗੁਰਦੇਵ ਦੇ ਚਰਨ ਆ ਪਕੜੇ ਅਤੇ ਬਾਰ-ਬਾਰ ਬੇਨਤੀਆਂ ਕਰਕੇ ਨੂਰਸ਼ਾਹ ਮਾਫ਼ੀਆਂ ਮੰਗਣ ਲੱਗੀ। ਤਾਂ ਸਤਿਗੁਰੂ ਸਾਹਿਬ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ ਕਿ ਪਤੀਬਰਤਾ ਔਰਤ ਲਈ ਇਹ ਚੰਗਾ ਨਹੀਂ ਕਿ :

**ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥** (ਅੰਗ 89)

ਐਸੀ ਬਿਭਚਾਰਨ ਔਰਤ ਨੂੰ ਨਾ ਇਸ ਲੋਕ ਵਿਚ ਸਤਿਕਾਰ ਅਤੇ ਨਾ ਹੀ ਪ੍ਰਲੋਕ ਵਿਚ ਢੋਈ ਮਿਲਦੀ ਹੈ। ਇਸ ਲਈ ਹੇ ਨੂਰਸ਼ਾਹ ! ਤੁਸੀਂ ਇਥੇ ਵੀ ਆਪਣੇ ਪਤੀ ਦੀ ਸੇਵਾ ਸੰਭਾਲ ਦੀ ਸਾਰ ਨਹੀਂ ਪਾਈ ਅਤੇ ਵਾਹਿਗੁਰੂ ਰੂਪੀ ਪਤੀ ਦੀ ਵੀ ਪ੍ਰਾਪਤੀ ਦੀ ਤੁਸੀਂ ਖ਼ਬਰ ਨਹੀਂ ਪਾਈ। ਹਜ਼ੂਰ ਨੇ ਇਸ ਸ਼ਬਦ ਰਾਹੀਂ ਵੀ ਸੁਮੱਤ ਦੀ ਬਖ਼ਸ਼ਿਸ਼ ਕੀਤੀ :

**ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥**
**ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥** (ਅੰਗ ੧੪੧੦)

ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੇ ਨੂਰਸ਼ਾਹ ਦਾ ਜੀਵਨ ਹੀ ਬਦਲ ਦਿੱਤਾ। ਹੱਥ ਜੋੜ ਕੇ ਨੂਰਸ਼ਾਹ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਸਾਨੂੰ ਕੋਈ ਆਪਣੀ ਨਿਸ਼ਾਨੀ ਦਰਸ਼ਨਾਂ ਵਾਸਤੇ ਬਖ਼ਸ਼ਿਸ਼ ਕਰੋ। ਤਾਂ ਹਜ਼ੂਰ ਦੇ ਹਸਤ ਕਮਲਾਂ ਵਿਚ ਉਸ ਸਮੇਂ ਬਰਛਾ ਸੀ, ਉਹ ਬਰਛਾ ਹੀ ਗੁਰਦੇਵ ਨੇ ਉਹਨਾਂ ਨੂੰ ਦੇ ਦਿੱਤਾ। ਹੁਣ ਤੱਕ ਉਹ ਬਰਛਾ ਉਥੇ ਮੌਜੂਦ ਹੈ। ਉਸ ਅਸਥਾਨ ਦਾ ਨਾਮ ਹੀ 'ਬਰਛਾ ਸਾਹਿਬ' ਹੋਇਆ ਹੈ।

ਸਲੋਕੁ ਮ: 3 ॥ ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ॥ ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ॥ ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ॥ ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥ ੧ ॥ ਮ: 3 ॥ ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥ ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ॥ ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ॥ 2 ॥ ਪਉੜੀ॥ ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ॥ ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ॥ ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ॥ ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ॥ 2 ॥

ਪਦ ਅਰਥ :- ਸਲੋਕ ਮ: ੩॥ ਸੂਹਬ=ਹੇ ਸੂਹੇ ਵੇਸ ਵਾਲੀਏ !। ਲੈਹਿ=ਲਏ। ਅਗਲਾ=ਬਹੁਤ। ਮ:੩। ਹਉ=ਮੈਂ। ਸੂਹਵੀ=ਸੂਹੇ ਵੇਸ ਵਾਲੀ। ਕਰੀ=ਕਰਦੀ ਹਾਂ। ਵੇਸੀ=ਵੇਸਾਂ ਨਾਲ। ਰਹੀ-ਰਹਿ ਗਈ, ਭਾਵ ਥੱਕ ਗਈ ਹਾਂ। ਸੋ ਥੀਐ=ਉਹੋ ਹੁੰਦਾ ਹੈ। ਇਨਿ ਬਿਧਿ=ਇਸ ਤਰੀਕੇ ਨਾਲ। ਕੰਤ-ਖਸਮ। ਪਉੜੀ॥

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸਾਜੀਅਨੁ=ਉਸ (ਵਹਿਗੁਰੂ) ਨੇ ਸ੍ਰਿਸ਼ਟੀ ਬਣਾਈ ਹੈ। ਬਹੁ ਭਿਤਿ=ਬਹੁਤ ਭਾਂਤ ਦਾ। ਕੇਤੜਾ=ਕਿਤਨਾ। ਅਲਖ=ਲਖਤਾ ਤੋਂ ਰਹਿਤ। ਅਪਾਰਾ=ਪਾਰ ਤੋਂ ਰਹਿਤ, ਬੇਅੰਤ। ਤਜਿ ਵਿਕਾਰ=ਵਿਕਾਰ ਤਿਆਗ ਕੇ। ਮੇਲਹਿ=ਮੇਲ ਲੈਂਦਾ ਹੈ।

ਅਰਥ :- ਸਲੋਕ ਮ: ੩॥ ਹੇ ਸੂਹੇ ਵਿਖਾਵੇ ਦੇ (ਪਖੰਡ ਵਾਲੇ) ਵੇਸ ਵਾਲੀਏ ! ਤੂੰ ਤਾਂ ਹੀ ਸੁਹਾਗਣਿ ਹੋ ਸਕਦੀ ਹੈਂ ਜੇ (ਪ੍ਰਭੂ-ਪਤੀ ਪਰਮੇਸ਼ਰ ਦਾ ਹੁਕਮ ਰੂਪੀ) ਸੱਚਾ ਨਾਮ ਮੰਨ ਲਵੇਂ। (ਹੇ ਭਾਈ ! ਜੇ ਤੂੰ) ਆਪਣੇ ਸਤਿਗੁਰੂ ਨੂੰ ਪ੍ਰਸੰਨ ਕਰ ਲਵੇਂ ਤਾਂ (ਤੇਰੇ) ਮੁਖੜੇ ਉੱਤੇ ਨਾਮ ਦਾ ਬਹੁਤ (ਸੁੰਦਰ) ਰੂਪ ਚੜ੍ਹ ਆਏਗਾ ਅਤੇ ਸਤਿਗੁਰੂ ਤੋਂ ਬਿਨਾਂ (ਹੋਰ) ਕੋਈ ਦੂਜਾ ਥਾਂ (ਵਸੀਲਾ) ਨਹੀਂ ਹੈ, (ਜਿਥੋਂ ਤੂੰ ਇਹੋ ਜਿਹਾ ਰੂਪ ਚੜ੍ਹਾ ਸਕੇ)। (ਹੇ ਭਾਈ !) ਤੂੰ ਇਹੋ ਜਿਹਾ ਸ਼ਿੰਗਾਰ ਬਣਾ (ਜੋ) ਕਦੇ ਮੈਲਾ ਨਾ ਹੋਵੇ, ਦਿਨ ਰਾਤ (ਤੇਰਾ ਪ੍ਰਭੂ ਨਾਲ) ਪ੍ਰੇਮ ਲਗਾ ਰਹੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸੋਹਾਗਣਿ ਇਸਤਰੀ ਦਾ ਕੀ ਲੱਛਣ ਹੈ ? (ਉੱਤਰ : ਉਸ ਦੇ ਹਿਰਦੇ) ਅੰਦਰ ਸੱਚ ਹੋਵੇ, ਭਾਵ ਸੱਚਾ ਨਾਮ ਹੋਵੇ ਅਤੇ ਮੁਖ ਉਜਲਾ ਹੋਵੇ, ਭਾਵ ਸੱਚਾ ਨਾਮ ਹੋਵੇ ਅਤੇ ਆਪਣੇ ਖਸਮ ਵਿਚ ਸਮਾਈ ਹੋਵੇ।੧।

ਮ: ੩॥ (ਹੁਣ ਜੀਵ-ਇਸਤ੍ਰੀ ਦੁਆਰਾ ਹਜ਼ੂਰ ਉਪਦੇਸ਼ ਦਿੰਦੇ ਹਨ) ਕਿ ਹੇ ਲੋਕੋ ! ਮੈਂ ਸੂਹੇ ਵੇਸ ਵਾਲੀ ਹਾਂ (ਅਤੇ ਨਿਰੋਲ) ਸੂਹਾ ਵੇਸ ਹੀ ਕਰਦੀ ਹਾਂ। (ਪਰ) ਪ੍ਰਭੂ-ਪਤੀ ਇਨ੍ਹਾਂ ਵੇਸਾਂ ਨਾਲ ਨਹੀਂ ਪਾਇਆ ਜਾ ਸਕਦਾ ਅਤੇ ਮੈਂ (ਅਨੇਕ ਪ੍ਰਕਾਰ ਦੇ) ਵੇਸ ਕਰ ਕੇ ਥੱਕ ਗਈ ਹਾਂ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਨ੍ਹਾਂ (ਇਸਤਰੀਆਂ) ਨੇ (ਆਪਣਾ) ਖਸਮ ਪ੍ਰਭੂ-ਪਤੀ ਪਾਇਆ ਹੈ, ਜਿਨ੍ਹਾਂ ਨੇ ਗੁਰੂ ਦੀ ਸਿੱਖਿਆ ਸੁਣੀ ਹੈ। (ਹੇ ਭਾਈ !) ਜੋ ਉਸ (ਪ੍ਰਭੂ-ਪਤੀ) ਨੂੰ ਭਾਉਂਦਾ ਹੈ, ਓਹੀ ਹੁੰਦਾ ਹੈ, (ਜੇ ਜੀਵ-ਇਸਤਰੀ ਇਸ ਅਵਸਥਾ 'ਤੇ ਅਪੜ ਜਾਏ ਤਾਂ) ਇਸ ਤਰੀਕੇ ਨਾਲ ਖਸਮ ਮਿਲਦਾ ਹੈ।

ਪਉੜੀ॥ (ਹੇ ਪ੍ਰਭੂ ! ਤੂੰ ਆਪਣੇ) ਹੁਕਮ ਨਾਲ ਹੀ ਇਹ (ਸਾਰੀ) ਸ੍ਰਿਸ਼ਟੀ ਬਣਾਈ ਹੈ ਅਤੇ ਕਈ ਭਾਂਤਾਂ ਦਾ ਭਾਵ ਕਈ ਤਰ੍ਹਾਂ ਦਾ ਇਹ ਸੰਸਾਰ (ਬਣਾਇਆ ਹੈ)। ਸੱਚੇ ਮਾਲਕ, ਅਪਾਰ ਪ੍ਰਭੂ ! ਤੇਰਾ ਹੁਕਮ ਕਿਤਨਾ ਵੱਡਾ ਹੈ, (ਇਹ ਕਿਸੇ ਨੂੰ) ਨਹੀਂ ਪਤਾ ਲੱਗ ਸਕਦਾ। ਹੇ ਪ੍ਰਭੂ ! ਤੂੰ ਕਈ (ਜੀਆਂ) ਨੂੰ ਗੁਰੂ ਦੇ ਸ਼ਬਦ ਵਿਚ ਜੋੜ ਕੇ (ਆਪਣੇ ਨਾਲ) ਮੇਲ ਲੈਂਦਾ ਹੈਂ। (ਜਿਹੜੇ ਜੀਵ) ਹਉਮੈ ਰੂਪ ਵਿਕਾਰ ਤਿਆਗ ਕੇ ਸੱਚ ਵਿਚ ਲੀਨ ਹੋ ਗਏ ਹਨ, ਉਹ ਪਵਿੱਤਰ ਹੋ ਗਏ ਹਨ। (ਹੇ ਪ੍ਰਭੂ ਵਾਹਿਗੁਰੂ ਜੀ !) ਜਿਸ ਨੂੰ ਤੂੰ (ਆਪਣੇ ਨਾਲ) ਮਿਲਾ ਲੈਂਦਾ ਹੈਂ; (ਸਹੀ ਅਰਥਾਂ ਵਿਚ) ਓਹੀ ਮਨੁੱਖ ਅਸਲ ਸਚਿਆਰ (ਪੁਰਸ਼) ਹੈ।੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧60 (ਆਦਿ ਅੰਗ 787)

ਸਲੋਕੁ ਮ: 2 ॥

ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥ ਮ: 2 ॥ ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥ ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥ 2 ॥ ਮ: 2 ॥ ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥ 3 ॥ ਮ: 2 ॥ ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥ 4 ॥ ਪਉੜੀ ॥ ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥ ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥ ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥ ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥ ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥ 7 ॥

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

## ਪ੍ਰਾਕ੍ਥਨ :

ਸੂਹੀ ਰਾਗੁ ਦੀ ਵਾਰ ਦੀ ਸੱਤਵੀਂ ਪਉੜੀ ਨਾਲ ਸਬੰਧਤ ਚਾਰ ਸਲੋਕ ਦੂਸਰੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ। ਹਜ਼ੂਰ ਨੇ ਦੱਸਿਆ ਹੈ ਕਿ ਦੁਨਿਆਵੀ ਧੰਧਿਆਂ ਨੂੰ ਓਹੀ ਮਨੁੱਖ ਸਹੇੜਦੇ ਹਨ, ਜੋ ਮੌਤ ਨੂੰ ਭੁਲਾ ਦਿੰਦੇ ਹਨ। ਹੱਠ ਕਰਨਾ ਗੁਰਮਤਿ ਵਿਚ ਪਰਵਾਨ ਨਹੀਂ ਹੈ :

**ਹਠ ਕਰਿ ਮਰੈ ਨ ਲੇਖੈ ਪਾਵੈ** (ਅੰਗ 226)

ਵਾਲੀ ਪਾਵਨ ਪੰਕਤੀ ਇਸ ਸਿਧਾਂਤ ਦੀ ਪ੍ਰਤੀਕ ਹੈ। ਹੱਠ ਨਾਲ ਕੀਤੇ ਕੰਮ ਦਾ ਲਾਭ ਨਾ ਆਪ ਨੂੰ ਤੇ ਨਾ ਦੂਜੇ ਨੂੰ ਹੁੰਦਾ ਹੈ। ਜੋ ਕੰਮ ਕਰਨਾ ਹੋਵੇ, ਉਹ ਖ਼ੁਸ਼ੀ ਤੇ ਨੇਕ-ਨੀਤੀ ਨਾਲ ਕਰਨਾ ਸ੍ਰੇਸ਼ਟ ਤੇ ਲਾਭਕਾਰੀ ਹੁੰਦਾ ਹੈ। ਮਨੁੱਖ ਦੇ ਮਨ ਅੰਦਰ ਧਨ ਇਕੱਠਾ ਕਰਨ ਦੀ ਬ੍ਰਿਤੀ ਪਰਬਲ ਹੁੰਦੀ ਹੈ :

**ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ॥** (ਅੰਗ ੧372)

ਪਰ ਗੁਰੂ ਅੰਗਦ ਦੇਵ ਜੀ ਉਪਦੇਸ਼ ਦਿੰਦੇ ਹਨ ਕਿ ਮਨੁੱਖ ਦੀ ਉਮਰ ਇਕ ਰਾਤ ਜਿਤਨੀ ਹੈ, ਸਵੇਰ ਹੋਣ 'ਤੇ ਉਸ ਨੇ ਅੱਗੇ ਤੁਰ ਜਾਣਾ ਹੈ। ਇਸ ਧਨ ਨੇ ਪਰਲੋਕ ਵਿਚ ਨਾਲ ਨਹੀਂ ਜਾਣਾ, ਪਛਤਾਵਾ ਹੀ ਪਲੇ ਪੈਣਾ ਹੈ।

ਇਸ ਲਈ :

**ਸੋ ਧਨੁ ਸੰਚਹੁ ਜੋ ਚਾਲੈ ਨਾਲੇ** (ਅੰਗ ੧੧੧)

ਵਾਲੇ ਗੁਰ-ਉਪਦੇਸ਼ 'ਤੇ ਅਮਲ ਕਰਨ ਦੀ ਲੋੜ ਹੈ।

## ਵਿਸ਼ਾ — ਜਿਨੀ ਚਲਣੁ ਜਾਣਿਆ

ਇਸ ਫ਼ਾਨੀ ਸੰਸਾਰ ਵਿਚੋਂ ਸਭ ਨੇ ਹੀ ਤੁਰ ਜਾਣਾ ਹੈ। ਇਥੇ ਜੋ ਵੀ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਜ਼ਰੂਰ ਚਲੇ ਜਾਣਾ ਹੈ। ਅਬਿਨਾਸੀ ਸਦਾ-ਥਿਰ ਰਹਿਣ ਵਾਲਾ ਤਾਂ ਇਕ ਪ੍ਰਮਾਤਮਾ ਹੀ ਹੈ। ਜਦੋਂ ਅੰਤ ਸਮਾਂ ਆਉਂਦਾ ਹੈ ਤਾਂ ਸਾਰੇ ਸੰਗੀ ਸਾਥ ਛੱਡ ਜਾਂਦੇ ਹਨ ਅਤੇ ਇਕੱਲਿਆਂ ਹੀ ਜਾਣਾ ਪੈਂਦਾ ਹੈ। ਅਜਿਹੇ ਸਮੇਂ ਇਕ ਪ੍ਰਮਾਤਮਾ ਹੀ ਸਹਾਈ ਹੁੰਦਾ ਹੈ :

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥**

(ਅੰਗ ੧429)

**ਅਥਵਾ : ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥**

(ਅੰਗ ੧429)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਅਥਵਾ: ਜਾਤਿ ਵਰਨ ਤੁਰਕ ਅਰੁ ਹਿੰਦੂ॥ ਪਸੁ ਪੰਖੀ ਅਨਿਕ ਜੋਨਿ ਜਿੰਦੂ॥**
**ਸਗਲ ਪਾਸਾਰੁ ਦੀਸੈ ਪਾਸਾਰਾ॥ ਬਿਨਸਿ ਜਾਇਗੋ ਸਗਲ ਆਕਾਰਾ॥**

(ਅੰਗ 237)

**ਅਥਵਾ :ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥**
**ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥ ੧॥**
**ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ੧॥ ਰਹਾਉ॥**

(ਅੰਗ 793)

ਵੱਖ ਵੱਖ ਜਾਤਾਂ, ਵਰਗਾਂ ਦੇ ਪ੍ਰਾਣੀ, ਪਸ਼ੂ-ਪੰਛੀ, ਹੋਰ ਅਨੇਕਾਂ ਜੂਨਾਂ ਦੇ ਜੀਵਾਂ ਅਤੇ ਇਹ ਜਗਤ ਪਸਾਰਾ ਜੋ ਦਿਸ ਰਿਹਾ ਹੈ, ਆਖ਼ਰ ਨੂੰ ਇਹ ਸਭ ਨਾਸ਼ ਹੋ ਜਾਣ ਵਾਲੇ ਹਨ। ਇਹ ਜਗਤ ਰਚਨਾ ਅਤੇ ਜਗਤ ਜੀਅ ਮਾਨੋ ਰੇਤ ਦੇ ਘਰ ਬਣੇ ਹੋਏ ਹਨ। ਜਿਵੇਂ ਮੀਂਹ ਨਾਲ ਕਾਗ਼ਜ਼ ਨੂੰ ਗਲਦਿਆਂ ਦੇਰ ਨਹੀਂ ਲੱਗਦੀ, ਇਸੇ ਪ੍ਰਕਾਰ ਇਨ੍ਹਾਂ ਘਰਾਂ ਦੇ ਨਾਸ਼ ਹੁੰਦਿਆਂ ਦੇਰ ਨਹੀਂ ਲੱਗਣੀ:

**ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥**
**ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧॥**
**ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥**
**ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥**
**ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥**
**ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ 2॥**
**ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥**
**ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥ 3॥** (ਅੰਗ 808)
**ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥**
**ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ 3॥**
**ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥**
**ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥ 4॥** (ਅੰਗ 64)

ਪਰ ਕਰਤੇ ਦੇ ਅਸੂਲ ਅਨੁਸਾਰ ਇਹ ਸਾਰਾ ਸੰਸਾਰ ਵਿਨਾਸ਼ ਰੂਪ ਹੈ। ਗੁਰਬਾਣੀ ਵਿਚ ਇਸ ਸਿਧਾਂਤ ਨੂੰ ਬੜੀ ਦ੍ਰਿੜ੍ਹਤਾ ਨਾਲ ਦਰਸਾਇਆ ਗਿਆ ਹੈ ਕਿ ਇਸ ਸੰਸਾਰ ਵਿਚ ਸਭ ਕੁਝ ਬਿਨਸਨਹਾਰ ਹੈ। ਇਥੇ ਇਹ ਤਾਂ ਸਭ ਚੱਲੋ ਚੱਲੀ ਦਾ ਮੇਲਾ ਹੈ। ਕੋਈ ਅੱਜ ਜਾ ਰਿਹਾ ਹੈ, ਕੋਈ ਕੱਲ ਨੂੰ ਇਸ ਸੰਸਾਰ ਤੋਂ ਤੁਰ ਜਾਵੇਗਾ। ਕਿਸੇ ਨੇ ਵੀ ਸਦਾ ਲਈ ਇਥੇ ਬੈਠੇ ਨਹੀਂ ਰਹਿਣਾ। ਫ਼ਰਕ ਸਿਰਫ਼ ਐਨਾ ਹੈ ਕਿ ਕਿਸੇ ਦੀ ਪਹਿਲਾਂ

ਵਾਰੀ ਆ ਜਾਂਦੀ ਹੈ, ਕਿਸੇ ਦੀ ਬਾਅਦ ਵਿਚ, ਪਰ ਇਹ ਅਟੱਲ ਸਚਾਈ ਹੈ ਕਿ ਜੋ ਕੁਝ ਘੜਿਆ ਹੈ, ਉਸ ਨੇ ਇਕ ਦਿਨ ਜ਼ਰੂਰ ਬਿਨਸਨਾ ਹੈ :

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥** (ਅੰਗ 474)

**ਅਥਵਾ : ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ॥**
**ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥**
**ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ॥**

(ਅੰਗ 63)

**ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥ ੧॥**
**ਸੋ ਦਿਨੁ ਆਵਨ ਲਾਗਾ॥**
**ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ॥ ੧॥ ਰਹਾਉ॥**
**ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ॥**
**ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥ 2॥**
**ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ॥**
**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ॥ 3॥ 2॥**

(ਅੰਗ 692)

ਸ੍ਰੀ ਗੁਰੂ ਤੇਗ ਬਹਾਦਰ ਜੀ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਪ੍ਰਾਣੀ ਨੂੰ ਸਮਝਾ ਰਹੇ ਹਨ ਕਿ ਸਾਰਾ ਜਗਤ ਮਾਨੋ ਧੂੰਏਂ ਦੇ ਪਹਾੜ ਵਾਂਗ ਹੈ, ਜਿਸ ਸਾਰੇ ਨੂੰ ਇਕ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ। ਫਿਰ ਹੇ ਪ੍ਰਾਣੀ ! ਤੂੰ ਕੀ ਸਮਝ ਕੇ ਜਗਤ ਨੂੰ ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ ? ਆਪ ਜੀ ਦੇ ਬਚਨ ਹਨ ਕਿ ਇਸ ਜਗਤ ਤੋਂ ਤੁਰਨ ਲੱਗਿਆਂ ਧਨ, ਇਸਤਰੀ ਜਾਂ ਹੋਰ ਕੋਈ ਜਾਇਦਾਦ ਨਾਲ ਨਹੀਂ ਜਾਂਦੀ। ਕੇਵਲ ਪ੍ਰਭੂ ਦੀ ਕੀਤੀ ਹੋਈ ਭਗਤੀ ਹੀ ਨਾਲ ਨਿਭਣ ਵਾਲੀ ਹੈ :

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ ੧॥**
**ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥ 2॥**
**ਇਕ ਭਗਤਿ ਨਾਰਾਇਨ ਹੋਇ ਸੰਗਿ॥ ਕਹੁ ਨਾਨਕ ਭਜੁ ਤਿਹ ਏਕ ਰੰਗਿ॥ 3॥**

(ਅੰਗ ੧੧86)

**ਅਥਵਾ : ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਹੋਈ॥ ੧॥**
**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥**

**ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥**

(ਅੰਗ 794)

ਇਸ ਲਈ ਸੰਸਾਰ ਅੰਦਰ ਸਭ ਕੋਈ ਆਉਣ ਜਾਣ ਵਾਲਾ ਹੈ, ਭਾਵ ਸਭ ਕੋਈ ਨਾਸ਼ਵੰਤ ਹੈ, ਕੇਵਲ ਇਕ ਪ੍ਰਮਾਤਮਾ ਹੀ ਸਦਾ ਸਥਿਰ ਰਹਿਣ ਵਾਲਾ ਹੈ। ਉਹ ਪ੍ਰਮਾਤਮਾ ਅਲੱਖ ਹੈ ਅਤੇ ਅਪਹੁੰਚ ਹੈ। ਉਹ ਪ੍ਰਮਾਤਮਾ ਸਾਰੇ ਜਗਤ ਦਾ ਰਚਨਹਾਰਾ ਹੈ, ਉਹ ਹੀ ਸਾਰੀ ਕੁਦਰਤ ਦਾ ਮਾਲਕ ਹੈ ਅਤੇ ਉਹ ਹੀ ਸਭ ਜੀਵਾਂ 'ਤੇ ਮਿਹਰ ਅਤੇ ਬਖ਼ਸ਼ਿਸ਼ ਕਰਨ ਵਾਲਾ ਹੈ :

**ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥**
**ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥ 6॥** (ਅੰਗ 64)

ਇਸ ਲਈ ਸਾਰਾ ਹੀ ਜਗ, ਚੱਲਦਾ-ਫਿਰਦਾ ਜਨਮ-ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈ। ਸਦਾ-ਥਿਰ ਰਹਿਣ ਵਾਲਾ ਉਹ ਪ੍ਰਮਾਤਮਾ ਅਤੇ ਉਸ ਦਾ ਨਾਮ ਹੀ ਹੈ :

**ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ॥** (ਅੰਗ 43੧)

**ਆਦਿ ਹੀ ਅਧਾਨ ਬਿਖੈ ਹੋਇ ਨਿਰਮਾਨ ਪ੍ਰਾਣੀ,**
**ਮਾਸ ਦਸ ਗਨਤ ਹੀ ਗਨਤ ਬਿਹਾਤ ਹੈ॥**
**ਜਨਮਤ ਸੁਤ ਸਬ ਕੁਟੰਬ ਅਨੰਦ-ਮਈ,**
**ਬਾਲ ਬੁਧਿ ਗਨਤ ਬਿਤੀਤ ਨਿਸਿ ਪ੍ਰਾਤ ਹੈ॥**
**ਪਢਤ ਬਿਵਾਹੀਅਤ ਜੋਬਨ ਮੈ ਭੋਗ ਬਿਖੈ,**
**ਬਨਜ ਬਿਉਹਾਰ ਕੇ ਬਿਥਾਰ ਲਪਟਾਤ ਹੈ॥**
**ਬਢਤਾ ਬਿਆਜ ਕਾਜ ਗਨਤ ਅਵਧ ਬੀਤੀ,**
**ਗੁਰ-ਉਪਦੇਸ ਬਿਨੁ ਜਮਪੁਰ ਜਾਤ ਹੈ॥ 24੧॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

## ਅਲੰਕਾਰ—ਆਵ ਘਟੈ ਤਨ ਛੀਜੈ

ਇਕ ਪੰਡਿਤ ਭਾਵ ਬ੍ਰਾਹਮਣ ਅਚਾਨਕ ਜੰਗਲ ਵਿਚ ਇਕ ਐਸੀ ਥਾਂ ਚਲਿਆ ਗਿਆ, ਜਿਥੇ ਇਕ ਪਾਸੇ ਜੀਵਾਂ ਨੂੰ ਫਸਾਵਣ ਲਈ ਫਾਹੀਆਂ ਲਾਈਆਂ ਹੋਈਆਂ ਸਨ। ਦੂਜੇ ਪਾਸੇ ਜੰਗਲ ਵਿਚ ਅੱਗ ਲੱਗੀ ਹੋਈ ਸੀ। ਤੀਜੇ ਪਾਸੇ ਇਕ ਡੈਣ ਲੰਮੀਆਂ-ਲੰਮੀਆਂ ਭੁਜਾਂ (ਬਾਹਾਂ) ਕਰਕੇ ਖੜੀ ਹੈ ਅਤੇ ਚੌਥੇ ਪਾਸੇ ਇਕ ਭੁੱਖਾ ਸ਼ੇਰ ਖੜਾ ਹੈ। ਪੰਡਿਤ ਘਬਰਾ ਕੇ ਜੰਗਲ ਵਿਚ ਹੀ ਰਿਹਾ ਤੇ ਇਕ ਖੂਹ ਦੇ ਪਾਸ ਇਕ ਬੋਹੜ ਦੇ ਦਰੱਖ਼ਤ ਦੀ ਲੰਮੀ ਦਾੜੀ (ਜੜ੍ਹ) ਖੂਹ ਵਿਚ ਲਮਕਦੀ ਦੇਖ ਕੇ, ਝੱਟ ਜੜ੍ਹ ਨੂੰ ਫੜ ਕੇ ਖੂਹ ਵਿਚ ਲਮਕ ਗਿਆ।

ਜਦੋਂ ਹੇਠਾਂ ਨਿਗਾਹ ਕੀਤੀ ਤਾਂ ਇਕ ਵੱਡਾ ਸੱਪ (ਅਸਰਾਲ) ਮੂੰਹ ਅੱਡੀ ਫੁੰਕਾਰੇ ਮਾਰ ਰਿਹਾ ਹੈ। ਉਪਰ ਨਿਗਾਹ ਕੀਤੀ ਤਾਂ ਉੱਤੇ ਇਕ ਮਸਤ ਹਾਥੀ ਆ ਗਿਆ। ਜਿਸ ਜੜ੍ਹ ਨਾਲ ਲਮਕਦਾ ਸੀ, ਉਸ ਨੂੰ ਮਾਖਿਉ (ਮਖਿਆਲ) ਲੱਗਾ ਹੋਇਆ ਸੀ। ਜਦ ਲਮਕਣ ਨਾਲ ਹਿਲਿਆ ਤਾਂ ਮਾਖਿਉ ਦਾ ਸ਼ਹਿਦ ਉਸ ਦੇ ਮੂੰਹ ਵਿਚ ਚੋਣ ਲੱਗ ਪਿਆ, ਫਿਰ ਕੀ ਡਿਠਾ, ਦੋ ਚੂਹੇ ਚਿੱਟਾ ਤੇ ਕਾਲਾ ਉਸ ਜੜ੍ਹ ਨੂੰ ਕੱਟ ਰਹੇ ਹਨ, ਪਰੰਤੂ ਕੀ ਕਰਦਾ ? ਇਹ ਸਭ ਕੁਝ ਜਾਣਦਾ ਹੋਇਆ ਵੀ ਸ਼ਹਿਦ ਦੇ ਮਿੱਠੇ ਰਸ ਵਿਚ ਸਭ ਕੁਝ ਭੁੱਲ ਗਿਆ। ਆਖ਼ਰ ਚੂਹਿਆਂ ਨੇ ਜੜ੍ਹ ਕੱਟ ਦਿੱਤੀ ਤੇ ਪੰਡਿਤ ਵਿਚਾਰਾ ਭਿਆਨਕ ਸੱਪ ਦੇ ਮੂੰਹ ਵਿਚ ਜਾ ਪਿਆ।

ਇਸੇ ਤਰ੍ਹਾਂ ਜੀਵ, ਪੰਡਿਤ, ਸੰਸਾਰ ਉਜਾੜ ਵਿਚ ਆਇਆ ਹੈ। ਇਕ ਪਾਸੇ ਵਾਸ਼ਨਾ ਦੀਆਂ ਫਾਹੀਆਂ ਲੱਗੀਆਂ ਹੋਈਆਂ ਹਨ। ਦੂਜੇ ਪਾਸੇ ਤ੍ਰਿਸ਼ਨਾ ਦੀ ਅੱਗ ਮੱਚ ਰਹੀ ਹੈ। ਤੀਜੇ ਪਾਸੇ ਬ੍ਰਿਧ ਅਵੱਸਥਾ ਰੂਪੀ ਡੈਣ ਲੰਮੀਆਂ ਬਾਹਵਾਂ ਕਰਕੇ ਦੌੜਦੀ ਹੋਈ ਜਵਾਨੀਆਂ ਰੂਪ ਡਾਹਣੇ ਭੰਨਦੀ ਆ ਰਹੀ ਹੈ। ਚੌਥੇ ਪਾਸੇ ਹੰਕਾਰ ਰੂਪ ਸ਼ੇਰ ਗਰਜ ਰਿਹਾ ਹੈ। ਗ੍ਰਿਹਸਤ ਬੋਹੜ ਦਾ ਦਰੱਖ਼ਤ ਹੈ, ਉਮਰ ਇਸ ਦੀ ਜੜ੍ਹ ਹੈ, ਖੂਹ ਸਰੀਰ ਹੈ, ਬਰਸ (ਵਰ੍ਹਾ) ਰੂਪ ਹਾਥੀ ਹੈ। ਦਿਨ ਰਾਤ ਚਿੱਟਾ ਤੇ ਕਾਲਾ ਚੂਹਾ ਉਮਰ ਰੂਪ ਜੜ੍ਹ ਨੂੰ ਕੱਟੀ ਜਾ ਰਿਹਾ ਹੈ :

**ਅਨਦਿਨੁ ਮੂਸਾ ਲਾਜੁ ਟੁਕਾਈ॥ ਗਿਰਤ ਕੂਪ ਮਹਿ ਖਾਹਿ ਮਿਠਾਈ॥**

(ਅੰਗ 390)

ਮਾਇਆ ਰੂਪ ਮਾਖਿਉ ਹੈ, ਵਿਸ਼ੇ ਰੂਪ ਸ਼ਹਿਦ ਹੈ, ਜਿਸ ਦੇ ਭੋਗਣ ਵਿਚ ਜੀਵ ਲੱਗਾ ਹੋਇਆ ਹੈ। ਕਾਲ ਰੂਪ ਸੱਪ ਹੈ। ਜਦ ਉਮਰ ਰੂਪੀ ਜੜ੍ਹ ਕੱਟੀ ਗਈ ਤਾਂ ਡਿੱਗ ਕੇ ਕਾਲ ਰੂਪੀ ਸਰਪ ਦੇ ਮੂੰਹ ਵਿਚ ਜਾ ਪੈਂਦਾ ਹੈ। ਸੋ ਇਸ ਤਰ੍ਹਾਂ ਜੋ ਮਨੁੱਖਾ ਜਨਮ ਲੈ ਕੇ ਸੱਪ (ਕਾਲ) ਦੇ ਮੂੰਹ ਵਿਚ ਹੀ ਡਿੱਗਣ ਜੋਗੇ ਹਨ, ਉਹ ਆਪਣਾ ਕੁਝ ਨਹੀਂ ਸਵਾਰ ਸਕਦੇ।

**ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ॥**
**ਬਿਖਿਆ ਕੈ ਧਨਿ ਸਦਾ ਦੁਖੁ ਹੋਇ॥ ਨਾ ਸਾਥਿ ਜਾਇ ਨ ਪਰਾਪਤਿ ਹੋਇ॥ ੧॥**
**ਸਾਚਾ ਧਨੁ ਗੁਰਮਤੀ ਪਾਏ॥ ਕਾਚਾ ਧਨੁ ਫੁਨਿ ਆਵੈ ਜਾਏ॥ ਰਹਾਉ॥**
**ਮਨਮੁਖਿ ਭੂਲੇ ਸਭਿ ਮਰਹਿ ਗਵਾਰ॥ ਭਵਜਲਿ ਡੂਬੇ ਨ ਉਰਵਾਰ ਨ ਪਾਰਿ॥**
**ਸਤਿਗੁਰੁ ਭੇਟੇ ਪੂਰੈ ਭਾਗਿ॥ ਸਾਚਿ ਰਤੇ ਅਹਿਨਿਸਿ ਬੈਰਾਗਿ॥ 2॥**

(ਅੰਗ 665)

## ਸਾਖੀ—ਕਾਰੂੰ ਬਾਦਸ਼ਾਹ ਦੀ

ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਆਏ ਜ਼ਿਕਰ ਅਨੁਸਾਰ ਜਗਤ ਗੁਰੂ, ਜਗਤ ਜੀਆਂ ਨੂੰ ਤਾਰਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਰੂਮ ਵਲੈਤ ਗਏ ਹਨ। ਕਵੀ ਸੰਤੋਖ ਸਿੰਘ ਜੀ ਨੇ ਗੁਰੂ ਜੀ ਦਾ ਮੇਲ ਇਥੇ ਕਾਰੂੰ ਬਾਦਸ਼ਾਹ ਨਾਲ ਹੋਇਆ ਦੱਸਿਆ ਹੈ :

**ਰੂਮ ਵਿਲਾਇਤ ਜਹਾ ਮਹਾਨਾ। ਪਾਤਸ਼ਾਹ ਕਾਰੂ ਤਿਹ ਥਾਨਾ।**
**ਤਿਨੁ ਕਉ ਸੁਖ ਦੇਨੇ ਕੇ ਹੇਤਾ। ਪੁਰ ਪਰਵਿਸ਼ੇ ਬੇਦੀ ਕੁਲਕੇਤਾ।**
**ਕਾਰੂ ਕੇਰ ਦੁਰਗ ਜਿਹ ਭਾਰੀ। ਤਿਨ ਕੇ ਬੈਠੇ ਜਾਇ ਅਗਾਰੀ।**

(ਨਾਨਕ ਪ੍ਰਕਾਸ਼ ਉਤਰਾਰਧ, ਅਧਿਆਇ-੧੬)

ਕਾਰੂੰ ਬਾਦਸ਼ਾਹ, ਵੰਸੀ ਜੰਨਸਰ (Izhar) ਦਾ ਪੁੱਤਰ ਸੀ, ਜੋ ਮਿਸਲ ਵਿਚ ਵੱਡਾ ਧਨੀ ਅਤੇ ਕੰਜੂਸਾਂ ਦਾ ਸਿਰਤਾਜ ਸੀ। ਇਸ ਦਾ ਜ਼ਿਕਰ ਕੁਰਾਨ ਵਿਚ ਵੀ ਆਇਆ ਹੈ। ਕੁਰਾਨ ਅਨੁਸਾਰ ਇਹ ਮੂਸਾ ਦੇ ਚਾਚੇ ਦਾ ਪੁੱਤਰ ਸੀ। ਯਹੂਦੀਆਂ ਦੇ ਗ੍ਰੰਥ (Talmud) ਵਿਚ ਲਿਖਿਆ ਹੈ ਕਿ ਕਾਰੂੰ ਦੇ ਖ਼ਜ਼ਾਨਿਆਂ ਦੀਆਂ ਕੁੰਜੀਆਂ ਦਾ ੩੦੦ ਖੱਚਰਾਂ ਦਾ ਬੋਝ ਸੀ।

ਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਇਸ ਕਾਰੂੰ ਬਾਦਸ਼ਾਹ ਨੇ ੪੦ ਗੰਜ ਧਨ ਦੇ ਇਕੱਠੇ ਕਰ ਲਏ ਸਨ। ਇਕ ਵਾਰ ਇਸ ਨੇ ਆਪਣੀ ਨੌਜਵਾਨ ਲੜਕੀ ਬਾਜ਼ਾਰ ਵਿਚ ਖੜੀ ਕਰਕੇ ਕਿਹਾ ਕਿ ਜੋ ਇਕ ਰੁਪਇਆ ਦੇਵੇਗਾ, ਮੈਂ ਉਸ ਨੂੰ ਆਪਣੀ ਲੜਕੀ ਦੇ ਦੇਵਾਂਗਾ। ਇਕ ਮਾਂ ਨੇ ਪੁੱਤਰ ਵੱਲੋਂ ਇਕ ਰੁਪਿਆ ਮੰਗਣ ਤੇ ਕਿਹਾ, ਪੁੱਤਰ ! ਕਾਰੂੰ ਬਾਦਸ਼ਾਹ ਨੇ ਧਨ ਇਕੱਠਾ ਕਰਨ ਲਈ ਇਤਨੇ ਪਾਪ ਕੀਤੇ ਹਨ ਕਿ ਕਿਸੇ ਪਾਸ ਇਕ ਧੇਲਾ ਵੀ ਨਹੀਂ ਛੱਡਿਆ, ਮੈਂ ਤੈਨੂੰ ਰੁਪਈਆ ਕਿਥੋਂ ਦੇਵਾਂ ? ਪੁੱਤਰ ਦੇ ਹਠ ਕਰਨ ਤੋਂ ਮਾਂ ਨੇ ਕਿਹਾ, ਤੇਰੇ ਬਾਪ ਦੇ ਮੂੰਹ ਵਿਚ ਰੁਪਈਆ ਪਾ ਕੇ ਕਬਰ ਵਿਚ ਦੱਬਿਆ ਸੀ। ਜੇ ਨਹੀਂ ਰਿਹਾ ਜਾਂਦਾ ਤਾਂ ਕਬਰ ਵਿਚੋਂ ਪੁੱਟ ਕੇ ਕੱਢ ਲੈ। ਮੁੰਡੇ ਨੇ ਇਸੇ ਤਰ੍ਹਾਂ ਕੀਤਾ। ਜਦ ਰਾਜੇ ਨੂੰ ਪਤਾ ਲੱਗਿਆ ਕਿ ਰੁਪਈਆ ਕਬਰ ਪੁੱਟ ਕੇ ਮੁਰਦੇ ਦੇ ਮੂੰਹ ਵਿਚੋਂ ਕੱਢ ਕੇ ਲਿਆਂਦਾ ਹੈ ਤਾਂ ਬਾਦਸ਼ਾਹ ਨੇ ਆਪਣੀ ਲੜਕੀ ਤਾਂ ਉਸ ਮੁੰਡੇ ਨੂੰ ਕੀ ਦੇਣੀ ਸੀ, ਸਗੋਂ ਸਾਰੀਆਂ ਕਬਰਾਂ ਪੁੱਟਾ ਕੇ ਮੁਰਦਿਆਂ ਦੇ ਮੂੰਹੋਂ ਰੁਪਈਏ ਕੱਢ ਲਏ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਠੀਕਰੀਆਂ ਇਕੱਠੀਆਂ ਕਰਨ ਦਾ ਫ਼ੁਰਮਾਨ ਦੇ ਕੇ ਸੁਮੱਤ ਬਖ਼ਸ਼ੀ ਸੀ ਕਿ ਕੁਝ ਵੀ ਨਾਲ ਨਹੀਂ ਜਾਣਾ। ਇਹ ਕੱਚਾ ਧਨ ਜੋ ਤੂੰ ੪੦ ਗੰਜ ਇਕੱਠਾ ਕੀਤਾ ਹੈ, ਇਹਨਾਂ ਠੀਕਰੀਆਂ ਜੈਸਾ ਹੀ ਹੈ। ਇਸ ਨੂੰ ਉਪਦੇਸ਼ ਦਿੰਦਿਆਂ "ਨਸੀਹਤਨਾਮਾ" ਉਚਾਰਨ ਕੀਤਾ :

**ਸੁਣ ਸ੍ਰੀ ਨਾਨਕ ਗਿਰਾ ਉਚਾਰੀ। ਦੇਨ ਨਸੀਹਤ ਸਭ ਸੁਖਕਾਰੀ।**
**ਅਥਵਾ : ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ। ਜੋ ਦੀਸੇ ਜਿਮੀ ਪਰ ਸੋ ਹੋਸੀ ਫਨਾਇ।..**
**ਚਾਲੀ ਗੰਜ ਜੋੜੇ ਨ ਰਖਿਉ ਈਮਾਨ। ਦੇਖੋ ਰੇ ਕਾਰੂ ਜੋ ਹੋਤੇ ਪ੍ਰੇਸ਼ਾਨ।**

(ਨਾਨਕ ਪ੍ਰਕਾਸ਼, ਅਧਿਆਇ-੧੬)

ਪਰ ਅਜੋਕੇ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਮਿਲਾਪ ਹਰੂਨ ਬਾਦਸ਼ਾਹ ਨਾਲ ਹੋਇਆ ਕਥਨ ਕੀਤਾ ਹੈ, ਜੋ ਕਾਰੂੰ ਬਾਦਸ਼ਾਹ ਦੀ ਗੱਦੀ 'ਤੇ ਉਸ ਸਮੇਂ ਬੈਠਾ ਸੀ। ਇਹ ਵੀ ਕਾਰੂੰ ਜੈਸਾ ਹੀ ਕੰਜੂਸ ਤੇ ਪਾਪੀ ਸੀ। ਪਰ "ਮਹਾਨ ਕੋਸ਼" ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਮੇਲ ਸੁਲਤਾਨ ਸਲੀਮ ਖ਼ਾਨ ਅੱਵਲ ਨਾਲ ਹੋਇਆ ਦੱਸਿਆ ਹੈ, ਜੋ ਉਸ ਸਮੇਂ ਕਾਰੂੰ ਬਾਦਸ਼ਾਹ ਦੀ ਰਾਜ ਗੱਦੀ 'ਤੇ ਬੈਠਾ ਸੀ। ਗੁਰੂ ਨਾਨਕ ਦੇਵ

ਜੀ ਦਾ ਕਿਸੇ ਵੀ ਨਾਮ ਦੇ ਬਾਦਸ਼ਾਹ ਨਾਲ ਮੇਲਾ ਹੋਇਆ ਹੋਵੇ। ਹਜ਼ੂਰ ਨੇ ਤਾਂ ਧਨ ਦੀ ਇਕੱਤਰਤਾ ਵਿਚ ਖਚਤ ਹੋਏ ਪਾਪੀ ਮਨੁੱਖ ਨੂੰ ਤਾਰਿਆ ਹੈ।

ਸਲੋਕੁ ਮਃ 2 ॥ ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥ ੧ ॥ ਮਃ 2 ॥ ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ॥ ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ॥ 2 ॥ਮਃ 2 ॥ ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥ 3 ॥ ਮਃ 2 ॥ ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥ 4 ॥ ਪਉੜੀ ॥ ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥ ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥ ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥ ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥ ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥ 7 ॥

ਪਦ ਅਰਥ :- ਕਿਉ ਕਰਹਿ=ਕਿਉਂ, ਕਾਹਦੇ ਲਈ ਕਰਨ ?। ਵਿਥਾਰ=ਵਿਸਥਾਰ, ਸੰਸਾਰਿਕ ਪਦਾਰਥਾਂ ਦਾ ਖਿਲਾਰਾ। ਚਲਣ ਸਾਰ=ਮਰਨ ਦੀ ਖ਼ਬਰ। ਨ ਜਾਣਨੀ=ਨਹੀਂ ਜਾਣਦੇ। ਸਵਾਰਣਹਾਰ=ਸਵਾਰਨ ਵਾਲੇ।੧। ਕਾਰਣਿ=ਵਾਸਤੇ। ਸੰਚੀਐ=ਇਕੱਠਾ ਕਰੀਦਾ ਹੈ।੨। ਸੇਤੀ ਖੁਸੀ=ਖ਼ੁਸ਼ੀ ਨਾਲ।੩। ਤਰਫ=ਧਿਰ, ਪਾਸਾ। ਨ ਜਿਪਈ=ਨਹੀਂ ਜਿੱਤ ਸਕਦੀ। ਜੇ ਬਹੁਤਾ ਘਾਲੇ=ਬੇਸ਼ਕ ਬਹੁਤੀ ਮਿਹਨਤ ਕਰਦਾ ਰਹੇ। ਸਤ ਭਾਉ ਦੇ=ਸਦਭਾਵਨਾ ਵਾਲੇ। ਕਰਤੈ=ਕਰਤਾਰ ਨੇ। ਕਾਰਣੁ=ਜਗਤ। ਫੁਨਿ=ਫੇਰ। ਗੋਈ=ਨਾਸ਼ ਕੀਤੀ। ਭਵਿ ਥਕੀ=ਫਿਰ ਕੇ ਥੱਕ ਗਈ।

ਅਰਥ :- (ਹੇ ਭਾਈ ! ਜਿਨ੍ਹਾਂ ਮਨੁੱਖਾਂ) ਨੇ ਮੌਤ ਨੂੰ ਅਟੱਲ ਜਾਣਿਆ ਹੈ, ਭਾਵ ਮਰਨਾ ਸੱਚ ਸਮਝਿਆ ਹੈ, ਉਹ ਕਾਹਦੇ ਲਈ (ਸੰਸਾਰਕ ਧੰਦਿਆਂ ਦਾ) ਖਿਲਾਰਾ ਖਿਲਾਰਨ ? (ਭਾਵ ਉਹ ਸੰਸਾਰਿਕ ਪਦਾਰਥਾਂ ਨੂੰ ਇਕੱਠਾ ਕਰਨ ਦੇ ਅਡੰਬਰਾਂ ਵਿਚ ਨਹੀਂ ਪੈਂਦੇ)। (ਹਾਂ, ਜਿਨ੍ਹਾਂ ਨੂੰ) ਮੌਤ ਦੀ ਖ਼ਬਰ ਨਹੀਂ (ਉਹ ਸੰਸਾਰ ਦੇ) ਕੰਮ ਧੰਧੇ ਸਵਾਰਨ ਵਾਲੇ ਬਣੇ ਹੋਏ ਹਨ।੧।

ਮ: ੨ ॥ ਹੇ ਭਾਈ ਕਿਉਂ ਇਕ ਰਾਤ ਲਈ (ਇਤਨਾ) ਧਨ ਇਕੱਠਾ ਕਰੀਏ (ਅਤੇ) ਸਵੇਰ ਹੋਣ 'ਤੇ ਮੌਤ ਹੀ ਹੋ ਜਾਣੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ (ਜੀਵ ਦੇ ਮਰਨ ਤੋਂ ਮਗਰੋਂ ਸੰਸਾਰ ਤੋਂ) ਟੁਰਨ ਲੱਗਿਆਂ (ਖੱਟਿਆ ਹੋਇਆ ਧਨ) ਨਾਲ ਨਹੀਂ ਚਲਦਾ, ਫਿਰ (ਜੀਵ ਨੂੰ ਉਸ ਧਨ ਦੇ ਨਾ ਨਾਲ ਜਾਣ ਦਾ) ਪਛਤਾਵਾ ਹੀ ਹੁੰਦਾ ਹੈ।੨।

ਮ: ੨॥ ਹਜ਼ੂਰ ਸਮਝ ਬਖ਼ਸ਼ਦੇ ਹਨ ਕਿ ਜੋ ਮਨੁੱਖ ਬੱਧਾ ਚੱਟੀ (ਭਾਵ ਬੇ-ਦਿਲਿਆਂ ਮਜਬੂਰ ਹੋ ਕੇ ਕੋਈ ਕੰਮ) ਕਰੇ, ਨਾ (ਉਸ ਕੰਮ ਦਾ ਆਪਣੇ ਆਪ ਨੂੰ ਕੋਈ) ਗੁਣ ਲਾਭ ਹੈ (ਅਤੇ) ਨਾ (ਹੀ ਕਿਸੇ ਹੋਰ ਨੂੰ ਕੋਈ ਲਾਭ ਪਹੁੰਚਦਾ ਹੈ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੇ ਖ਼ੁਸ਼ੀ ਨਾਲ ਕੰਮ ਕਰੀਏ ਤਾਂ ਕੰਮ ਸਵਾਰ ਲਈਦਾ ਹੈ (ਭਾਵ ਇਸ ਨਾਲ ਗੁਣ ਤੇ ਉਪਕਾਰ ਦੋਵੇਂ ਹੀ ਪ੍ਰਾਪਤ ਹੋ ਜਾਂਦੇ ਹਨ)।੩।

ਮ: ੨॥ ਹੇ ਭਾਈ ! ਜੇ (ਕੋਈ ਮਨੁੱਖ) ਬਹੁਤੀ ਮਿਹਨਤ ਕਰੇ ਤਾਂ ਵੀ ਮਨ ਦੇ ਹਠ ਕਰ ਕੇ ਕੰਮ ਕਰਨ ਵਾਲੀ ਧਿਰ ਨਹੀਂ ਜਿੱਤ ਸਕਦੀ। (ਨਾਨਕ ਗੁਰੂ ਜੀ ਉਚਾਰਨ ਕਰਦੇ ਹਨ ਕਿ ਜਗਿਆਸੂ ਗੁਰੂ ਦੇ) ਸ਼ਬਦ ਨੂੰ ਵੀਚਾਰ ਕੇ (ਵੇਖ ਲਵੇ, ਹਮੇਸ਼ਾ) ਸਦ-ਭਾਵਨਾ ਵਾਲੀ (ਧਿਰ ਹੀ) ਵਿਜੇਈ ਭਾਵ ਸਫਲਤਾ ਨੂੰ ਪ੍ਰਾਪਤ ਹੁੰਦੀ ਹੈ।੪।

ਪਉੜੀ॥ (ਹੇ ਭਾਈ !) ਜਿਸ ਕਰਤਾ ਪੁਰਖ ਨੇ (ਇਹ) ਜਗਤ (ਪੈਦਾ) ਕੀਤਾ ਹੈ, ਇਸ ਦੀ ਸਾਰ ਸੰਭਾਲ ਨੂੰ ਉਹੀ ਜਾਣਦਾ ਹੈ। ਉਸ ਨੇ ਆਪ ਹੀ ਸ੍ਰਿਸ਼ਟੀ ਪੈਦਾ ਕੀਤੀ ਹੈ, ਫਿਰ ਆਪ ਹੀ ਨਾਸ਼ ਕਰ ਦਿੱਤੀ ਹੈ। ਚਾਰੇ ਜੁਗ (ਭਾਵ ਸਾਰੀਆਂ ਦੁਨੀਆਂ) ਫਿਰ ਫਿਰ ਕੇ ਥੱਕ ਗਈ, ਕਿਸੇ ਤੋਂ (ਉਸ ਪ੍ਰਭੂ ਦੀ) ਕੀਮਤ ਨਹੀਂ ਪਾਈ ਗਈ, (ਭਾਵ ਉਹ ਬੇਅੰਤ ਹੈ)। ਸਤਿਗੁਰੂ ਨੇ (ਜਿਸ ਮਨੁੱਖ ਨੂੰ) ਇਕ (ਪ੍ਰਭੂ) ਵਿਖਾ ਦਿੱਤਾ ਹੈ, (ਉਸ ਦੇ) ਮਨ ਅਤੇ ਤਨ ਵਿਚ (ਸਦੀਵੀ ਆਤਮਿਕ) ਸੁਖ ਅਨੰਦ ਪ੍ਰਾਪਤ ਹੁੰਦਾ ਹੈ। ਗੁਰੂ ਦੇ ਸਨਮੁਖ ਹੋ ਕੇ ਕਰਤੇ ਪ੍ਰਭੂ ਨੂੰ ਸਦਾ ਹੀ ਸਲਾਹੁਣਾ ਕਰੀਏ, ਕਿਉਂਕਿ ਕਰਤਾ ਪ੍ਰਭੂ ਜੋ ਕੁਝ ਕਰਦਾ ਹੈ, ਉਹੀ ਹੁੰਦਾ ਹੈ।੭।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੬੧ (ਆਦਿ ਅੰਗ 789)

## ਸਲੋਕ ਮਃ ੧ ॥

ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥ ਖੁਲ੍ਹੇ ਹਟ ਹੋਆ ਵਾਪਾਰੁ ॥ ਜੋ ਪਹੁਚੈ ਸੋ ਚਲਣਹਾਰੁ ॥ ਧਰਮੁ ਦਲਾਲੁ ਪਾਏ ਨੀਸਾਣੁ ॥ ਨਾਨਕ ਨਾਮੁ ਲਾਹਾ ਪਰਵਾਣੁ ॥ ਘਰਿ ਆਏ ਵਜੀ ਵਾਧਾਈ ॥ ਸਚ ਨਾਮ ਕੀ ਮਿਲੀ ਵਡਿਆਈ ॥ ੧ ॥ ਮਃ ੧ ॥ ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥ ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥ 2 ॥ ਪਉੜੀ ॥ ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥ ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥ ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥ ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥ ੧3 ॥

## ਪ੍ਰਾਕ੍ਥਨ :

ਇਹ ਸ੍ਰੀ ਮੁਖਵਾਕ ਸੂਹੀ ਰਾਗੁ ਦੀ ਵਾਰ ਦੀ ਤੇਰ੍ਹਵੀਂ ਪਉੜੀ ਨਾਲ ਸਬੰਧਤ ਦੋ ਸਲੋਕ ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ।

## ਵਿਸ਼ਾ — ਜੇਤੇ ਜੀਅ ਤੇਤੇ ਵਣਜਾਰੇ

ਮਨੁੱਖਾ ਜਨਮ ਸੰਸਾਰ ਅੰਦਰ ਚੰਗੇ ਕਰਮ ਕਰਕੇ ਲਾਭ ਪ੍ਰਾਪਤ ਕਰਨ ਲਈ ਮਿਲਿਆ ਹੈ। ਇਸ ਲਈ ਪ੍ਰਮਾਤਮਾ ਨੇ ਸੂਰਜ ਤੇ ਚੰਦ੍ਰਮਾ ਦੀ ਰੌਸ਼ਨੀ ਚੰਗੇ ਕੰਮ ਕਰਨ ਲਈ ਦਿੱਤੀ ਹੈ, ਕਿ ਰੌਸ਼ਨੀ ਵਿਚ ਮਨੁੱਖ ਮਾੜੇ ਕਰਮ ਨਹੀਂ ਕਰੇਗਾ। ਸੰਸਾਰ ਵਿਚ ਚੰਦ ਤੇ ਸੂਰਜ ਦਾ ਚਾਨਣ ਹੈ, ਪਰ ਇਹਨਾਂ ਦੇ ਹੁੰਦਿਆਂ ਵੀ ਖੋਟੇ ਕਰਮ ਹੋ ਰਹੇ ਹਨ। ਜੇ ਕੋਈ ਬਹਾਨਾ ਬਣਾ ਕੇ ਆਖੇ ਕਿ ਉਸ ਦੇ ਹਾਲਾਤ ਹੀ ਇਹੋ ਜਿਹੇ ਸਨ, ਉਸ ਨੂੰ ਬੇਵੱਸ ਹੋ ਕੇ ਮਾੜਾ ਕੰਮ ਕਰਨਾ ਪਿਆ, ਇਹ ਸਰਾਸਰ ਝੂਠ ਹੋਵੇਗਾ। ਸੱਚਾਈ ਇਹ ਹੈ ਕਿ ਹਾਲਾਤ ਬੇਸ਼ੱਕ ਕਿਤਨੇ ਹੀ ਭੈੜੇ ਤੋਂ ਭੈੜੇ ਕਿਉਂ ਨਾ ਹੋ ਜਾਣ, ਜੋ ਚੰਗੇ ਮਨੁੱਖ ਹਨ, ਉਹ ਨਹੀਂ ਬਦਲਦੇ, ਹਮੇਸ਼ਾ ਚੰਗੇ ਹੀ ਰਹਿੰਦੇ ਹਨ। ਇਸ ਪ੍ਰਸੰਗ ਵਿਚ ਭਗਤ ਕਬੀਰ ਜੀ ਦਾ ਹੇਠ ਲਿਖਿਆ ਸਲੋਕ ਸਾਡੀ ਭਲੀ ਭਾਂਤ ਅਗਵਾਈ ਕਰਦਾ ਹੈ :

**ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥** (ਅੰਗ ੧373)

ਪਰ ਜੋ ਭੈੜਾ ਮਨੁੱਖ (ਅਸੰਤ) ਹੈ, ਉਸ ਨੇ ਕਦੇ ਵੀ ਚੰਗਾ ਕੰਮ ਨਹੀਂ ਕਰਨਾ, ਕਿਉਂਕਿ ਉਸ ਦੀ ਰੁਚੀ ਅਥਵਾ ਝੁਕਾਓ ਭੈੜੇ ਪਾਸੇ ਹੁੰਦਾ ਹੈ। ਗੁਰਵਾਕ ਹਨ :

**ਅਸੰਤੁ ਅਨਾੜੀ ਕਦੇ ਨ ਬੂਝੈ ॥**
**ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥**
**ਅੰਧੁ ਅਗਿਆਨੀ ਕਦੇ ਨ ਸੀਝੈ ॥** (ਅੰਗ ੧60)

ਕਾਲੀਆਂ ਰਾਤਾਂ ਅਤੇ ਦਿਨਾਂ ਦਾ ਪ੍ਰਮਾਣ ਦੇ ਕੇ ਸਾਡੀ ਸਮਝ ਲਈ ਅਤਿ ਸੁੰਦਰ ਸੇਧ ਦਿੱਤੀ ਹੈ।

ਪਰ ਇਸ ਸ਼ਬਦ ਦੇ ਅਰੰਭ ਵਿਚ ਜੋ ਦੋ ਦੀਵਿਆਂ ਦਾ ਜ਼ਿਕਰ ਗੁਰਦੇਵ ਜੀ ਨੇ ਕੀਤਾ ਹੈ, ਇਹ ਦੀਵੇ ਸੂਰਜ ਅਤੇ ਚੰਦ੍ਰਮਾ ਹਨ। ਉਨ੍ਹਾਂ ਦੇ ਚਾਨਣ ਵਿਚ ਸਮੁੱਚੇ ਜੀਵ ਵਣਜਾਰੇ ਵਣਜ ਕਰਦੇ ਹਨ। ਵਣਜ ਹਮੇਸ਼ਾ ਚਾਨਣ ਵਿਚ ਹੁੰਦਾ ਹੈ, ਹਨੇਰੇ ਵਿਚ ਵਣਜ ਨਹੀਂ ਹੁੰਦਾ। ਜਿਥੇ ਹਨੇਰਾ ਹੈ, ਉਥੇ ਸੂਰਜ ਰੂਪੀ ਦੀਵਾ ਨਹੀਂ ਹੈ, ਉਥੇ ਕੋਈ ਮਨੁੱਖ ਵਣਜ ਵੀ ਨਹੀਂ ਕਰ ਸਕਦਾ। ਜਿਥੇ ਸੂਰਜ ਹੈ, ਉਥੇ ਹਨੇਰਾ ਨਹੀਂ ਹੈ, ਜਿਥੇ ਹਨ੍ਹੇਰਾ ਹੈ, ਉਥੇ ਸੂਰਜ ਦੀ ਅਨਹੋਂਦ ਹੈ।

# ਸਾਖੀ—ਸੂਰਜ ਤੇ ਹਨੇਰੇ ਦੀ

ਇਕ ਵਾਰ ਹਨੇਰੇ ਨੇ ਭਗਵਾਨ ਕੋਲ ਜਾ ਕੇ ਪ੍ਰਾਰਥਨਾ ਕੀਤੀ ਸੀ ਕਿ ਇਹ ਤੇਰਾ ਸੂਰਜ ਮੇਰੇ ਪਿੱਛੇ ਬਹੁਤ ਬੁਰੀ ਤਰ੍ਹਾਂ ਪਿਆ ਹੋਇਆ ਹੈ। ਮੈਂ ਬਹੁਤ ਥੱਕ ਗਿਆ ਹਾਂ। ਸਵੇਰ ਤੋਂ ਮੇਰੇ ਪਿੱਛੇ ਪੈਂਦਾ ਹੈ ਅਤੇ ਸ਼ਾਮੀਂ ਮੁਸ਼ਕਲ ਨਾਲ ਮੈਨੂੰ ਛੱਡ ਕੇ ਜਾਂਦਾ ਹੈ। ਮੇਰਾ ਕਸੂਰ ਕੀ ਹੈ ? ਦੁਸ਼ਮਣੀ ਕਿਹੋ ਜਿਹੀ ਹੈ ਇਹ ? ਇਹ ਸੂਰਜ ਕਿਉਂ ਮੈਨੂੰ ਸਤਾਉਣ ਲਈ ਮੇਰੇ ਪਿੱਛੇ ਹਮੇਸ਼ਾ ਦੌੜਦਾ ਰਹਿੰਦਾ ਹੈ ? ਅਤੇ ਰਾਤ ਨੂੰ ਵੀ ਮੈਂ ਦਿਨ ਭਰ ਦੀ ਥਕਾਵਟ ਤੋਂ ਆਰਾਮ ਵੀ ਪੂਰੀ ਤਰ੍ਹਾਂ ਨਹੀਂ ਕਰ ਪਾਉਂਦਾ ਹਾਂ ਕਿ ਫਿਰ ਸਵੇਰੇ ਸੂਰਜ ਦਰ 'ਤੇ ਆ ਕੇ ਖੜ੍ਹਾ ਹੋ ਜਾਂਦਾ ਹੈ। ਫਿਰ ਨੱਸੋ ! ਫਿਰ ਭਜੋ ! ਇਹ ਅਨੰਤ ਕਾਲ ਤੋਂ ਚੱਲ ਰਿਹਾ ਹੈ। ਹੁਣ ਮੇਰੇ ਸਬਰ ਦੀ ਹੱਦ ਆ ਗਈ ਹੈ ਅਤੇ ਮੈਂ ਬੇਨਤੀ ਕਰਦਾ ਹਾਂ, ਕਿ ਇਸ ਸੂਰਜ ਨੂੰ ਸਮਝਾ ਦਿਉ।

ਕਹਿੰਦੇ ਹਨ ਕਿ ਭਗਵਾਨ ਨੇ ਸੂਰਜ ਨੂੰ ਸੱਦਿਆ ਅਤੇ ਕਿਹਾ ਕਿ ਤੂੰ ਹਨੇਰੇ ਦੇ ਪਿੱਛੇ ਕਿਉਂ ਪਿਆ ਹੈਂ ? ਕੀ ਵਿਗਾੜਿਆ ਹੈ ਹਨੇਰੇ ਨੇ ਤੇਰਾ ? ਕੀ ਹੈ ਦੁਸ਼ਮਣੀ ? ਕੀ ਹੈ ਸ਼ਿਕਾਇਤ ? ਸੂਰਜ ਕਹਿਣ ਲੱਗਿਆ, ਹਨੇਰਾ ਕਿਥੇ ਹੈ ? ਮੈਨੂੰ ਤਾਂ ਅਨੰਤ ਕਾਲ ਹੋ ਗਿਆ ਹੈ ਵਿਸ਼ਵ ਦਾ ਚੱਕਰ ਕੱਟਦਿਆਂ ਹੋਇਆਂ, ਪਰ ਹੁਣ ਤਕ ਹਨੇਰੇ ਨਾਲ ਮੇਰੀ ਕੋਈ ਮੁਲਾਕਾਤ ਨਹੀਂ ਹੋਈ। ਹਨੇਰੇ ਨੂੰ ਮੈਂ ਜਾਣਦਾ ਹੀ ਨਹੀਂ। ਕਿਥੇ ਹੈ ਹਨੇਰਾ ? ਤੁਸੀਂ ਉਸ ਨੂੰ ਮੇਰੇ ਸਾਹਮਣੇ ਬੁਲਾ ਦਿਉ ਤਾਂ ਮੈਂ ਮਾਫ਼ੀ ਵੀ ਮੰਗ ਲਵਾਂ ਅਤੇ ਅੱਗੋਂ ਲਈ ਪਛਾਣ ਲਵਾਂ ਕਿ ਉਹ ਕੌਣ ਹੈ ਤਾਂ ਜੋ ਉਸ ਦੇ ਪ੍ਰਤੀ ਕੋਈ ਗ਼ਲਤੀ ਨਾ ਹੋ ਸਕੇ।

ਭਗਵਾਨ ਪਾਸ ਸ਼ਿਕਾਇਤ ਦੀ ਇਸ ਗੱਲ ਨੂੰ ਹੋਇਆਂ ਵੀ ਅਨੰਤ ਕਾਲ ਹੋ ਗਏ। ਭਗਵਾਨ ਦੀ ਫ਼ਾਈਲ ਵਿਚ ਇਹ ਗੱਲ ਉਥੇ ਦੀ ਉਥੇ ਹੀ ਪਈ ਹੈ। ਉਹ ਹੁਣ ਤਕ ਹਨੇਰੇ ਨੂੰ ਸੂਰਜ ਦੇ ਸਾਹਮਣੇ ਨਹੀਂ ਸੱਦ ਸਕੇ ਹਨ ਅਤੇ ਨਾ ਹੀ ਸੱਦ ਸਕਣਗੇ। ਇਹ ਮਾਮਲਾ ਹੱਲ ਹੋਣ ਵਾਲਾ ਨਹੀਂ ਹੈ। ਸੂਰਜ ਦੇ ਸਾਹਮਣੇ ਹਨੇਰਾ ਕਿਵੇਂ ਬੁਲਾਇਆ ਜਾ ਸਕਦਾ ਹੈ ? ਹਨੇਰੇ ਦੀ ਕੋਈ ਹੋਂਦ ਹੀ ਨਹੀਂ ਹੈ। ਕੋਈ ਐਗਜ਼ਿਸਟੈਂਸ ਹੀ ਨਹੀਂ ਹੈ। ਹਨੇਰੇ ਦੀ ਕੋਈ ਪਾਜ਼ਿਟਿਵ, ਕੋਈ ਵਿਧਾਇਕ ਹਾਲਤ ਨਹੀਂ ਹੈ। ਹਨੇਰਾ ਤਾਂ ਸਿਰਫ਼ ਪ੍ਰਕਾਸ਼ ਦੀ ਅਣਹੋਂਦ ਦਾ ਨਾਂ ਹੈ। ਉਹ ਤਾਂ ਪ੍ਰਕਾਸ਼ ਦੀ ਗ਼ੈਰ-ਮੌਜੂਦਗੀ ਹੈ, ਉਹ ਐਬਸੈਂਸ ਹੈ, ਉਹ ਤਾਂ ਗ਼ੈਰ-ਹਾਜ਼ਰੀ ਹੈ। ਤਾਂ ਸੂਰਜ ਦੇ ਸਾਹਮਣੇ ਹੀ ਸੂਰਜ ਦੀ ਗ਼ੈਰ-ਹਾਜ਼ਰੀ ਨੂੰ ਕਿਵੇਂ ਸੱਦਿਆ ਜਾ ਸਕਦਾ ਹੈ ?

ਨਹੀਂ ! ਹਨੇਰੇ ਨੂੰ ਸੂਰਜ ਦੇ ਸਾਹਮਣੇ ਨਹੀਂ ਲਿਆਇਆ ਜਾ ਸਕਦਾ। ਸੂਰਜ ਤਾਂ ਬਹੁਤ ਵੱਡਾ ਹੈ। ਇਕ ਛੋਟੇ ਜਿਹੇ ਦੀਵੇ ਦੇ ਸਾਹਮਣੇ ਵੀ ਹਨੇਰੇ ਨੂੰ ਲਿਆਉਣਾ ਮੁਸ਼ਕਲ ਹੈ। ਦੀਵੇ ਦੀ ਰੌਸ਼ਨੀ ਦੇ ਘੇਰੇ ਵਿਚ ਹਨੇਰੇ ਦਾ ਪ੍ਰਵੇਸ਼ ਮੁਸ਼ਕਲ ਹੈ। ਦੀਵੇ ਦੇ ਨਾਲ ਸਾਹਮਣਾ ਕਰਨਾ ਮੁਸ਼ਕਲ ਹੈ। ਜਿਥੇ ਪ੍ਰਕਾਸ਼ ਹੈ, ਉਥੇ ਹਨੇਰਾ ਕਿਵੇਂ ਆ ਸਕਦਾ ਹੈ ?

ਇਸ ਸੂਰਜ ਦੀ ਰੌਸ਼ਨੀ ਵਿਚ ਸੰਸਾਰ ਅੰਦਰ ਹਰ ਇਕ ਮਨੁੱਖ ਵੱਖ-ਵੱਖ ਵਣਜ ਕਰਨ ਵਿਚ ਲੱਗਿਆ ਹੋਇਆ ਹੈ। ਕਈ ਚੰਗਾ ਵਣਜ ਕਰਦੇ ਹਨ, ਕਈ ਮਨੁੱਖ ਖੋਟਾ ਵਣਜ ਕਰਦੇ ਹਨ। ਹਜ਼ੂਰ ਦਾ

ਫ਼ੁਰਮਾਨ ਹੈ :

**ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥** (ਅੰਗ 23)

ਕਈ ਤਰ੍ਹਾਂ ਦੇ ਵਣਜ ਦਾ ਜ਼ਿਕਰ ਕਰਦਿਆਂ ਭਗਤ ਕਬੀਰ ਜੀ ਨੇ ਬੜੇ ਸੁੰਦਰ ਬਚਨ ਕਹੇ ਹਨ ਕਿ ਕਈਆਂ ਨੇ ਕਾਂਸੀ, ਤਾਂਬੇ, ਸੁਪਾਰੀਆਂ, ਲੌਂਗਾਂ ਤੇ ਹੋਰ ਐਸੇ ਝੂਠੇ ਧਨ ਦੇ ਵਣਜ ਤੇ ਪਦਾਰਥਾਂ ਨੂੰ ਇਕੱਠਿਆਂ ਕੀਤਾ ਹੈ, ਪਰ ਨਾਮ ਧਨ ਤਾਂ ਸਿਰਫ਼ ਪ੍ਰਭੂ ਪਿਆਰੇ ਹੀ ਇਕੱਤਰ ਕਰਦੇ ਹਨ :

**ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥**
**ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥ ੧॥**
**ਹਰਿ ਕੇ ਨਾਮ ਕੇ ਬਿਆਪਾਰੀ॥**
**ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥ ੧ ॥ ਰਹਾਉ॥**

(ਰਾਗੁ ਕੇਦਾਰਾ ਬਾਣੀ ਕਬੀਰ ਜੀ ਕੀ, ਅੰਗ ੧੧23)

ਪੰਚਮ ਸਤਿਗੁਰੂ ਜੀ ਨੇ ਕਥਨ ਕੀਤਾ ਹੈ ਕਿ ਐਸੇ ਵਿਰਲੇ ਮਨੁੱਖ ਹਨ ਜਿਹੜੇ ਨਾਮ ਧਨ ਇਕੱਠਾ ਕਰਨ ਦਾ ਵਪਾਰ ਵਣਜ ਕਰਨ ਵਾਲੇ ਹਨ। ਹਜ਼ੂਰ ਕਹਿੰਦੇ ਹਨ ਕਿ ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ।

**ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥**

(ਗਉੜੀ ਸੁਖਮਨੀ ਮ: 5, ਅੰਗ 283)

ਵਾਹਿਗੁਰੂ ਨੇ ਮਨੁੱਖ ਨੂੰ ਇਸੇ ਲਈ ਹੀ ਸਭ ਜੂਨਾਂ ਨਾਲੋਂ ਸ੍ਰੇਸ਼ਟ ਬਣਾਇਆ ਹੈ ਕਿ ਇਹ ਪ੍ਰਾਣੀ ਸ੍ਰੇਸ਼ਟ ਕਰਮ ਕਰ ਕੇ ਦੂਜਿਆਂ ਲਈ ਪ੍ਰੇਰਨਾ-ਸ੍ਰੋਤ ਬਣੇ। ਇਕ ਪੰਜਾਬੀ ਦੇ ਸ਼ਾਇਰ ਨੇ ਕਿੰਨਾ ਸੁੰਦਰ ਲਿਖਿਆ ਹੈ :

**ਵਾਰੀ ਤੇ ਬਲਿਹਾਰੀ ਜਾਈਏ ਨਿੱਤ ਉਹਦੀ ਸ਼ਾਨ ਤੋਂ,**
**ਜਿਸ ਦੀਆਂ ਕੁਦਰਤਾਂ ਬਣਾਇਆ ਤੁੱਛ ਬੰਦਾ ਹੈ।**
**ਅੱਡੋ ਅੱਡੀ ਹੱਡੀਆਂ ਦੇ ਜੋੜ ਜੋੜੇ ਜੁਗਤ ਨਾਲ,**
**ਕੀਤੀ ਸੁ ਸਫਾਈ ਸੁਹਣੀ ਫੇਰ ਫੇਰ ਰੰਦਾ ਹੈ।**
**ਬਾਹਰੋਂ ਚਿੱਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ,**
**ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।**
**ਬੰਦਾ ਹੋ ਕੇ ਬੰਦਾ ਕਰੇ ਬੰਦਗੀ ਤਾਂ ਬੰਦਾ ਚੰਗਾ,**
**ਬੰਦਗੀ ਬਗ਼ੈਰ ਬੰਦਾ ਗੰਦੇ ਤੋਂ ਵੀ ਗੰਦਾ ਹੈ।**

ਮਨੁੱਖ ਦੇ ਜੀਵਨ ਦਾ ਲਕਸ਼ ਤਾਂ ਪਰਮ ਅਨੰਦ ਹੀ ਸੀ, ਪਰ ਇਹ ਭੁੱਲ ਗਿਆ ਹੈ। ਗੁਰਵਾਕ ਹੈ :

**ਆਇਓ ਸੁਨਨ ਪੜਨ ਕਉ ਬਾਣੀ॥**
**ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥**

(ਸਾਰੰਗ ਮਹਲਾ 5, ਅੰਗ ੧੨੧੯)

ਆਇਆ ਤਾਂ ਪ੍ਰਾਣੀ ਨਾਮ ਜੱਪਣ ਵਾਸਤੇ ਸੀ, ਪਰ ਯਾਤਰਾ ਦੇ ਲੰਬੇ ਸਫ਼ਰ ਨੇ ਇਸ ਨੂੰ ਥਕਾਵਟ ਨਾਲ ਦੁੱਖੀ ਵੀ ਕੀਤਾ ਹੈ ਅਤੇ ਸੱਚੇ ਨਾਮ ਜੱਪਣ ਦਾ ਚੇਤਾ ਵੀ ਭੁਲਾ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਸੁੰਦਰ ਬਚਨ ਕਹੇ ਹਨ :

**ਅਸਨ ਬਸਨ ਸੰਗ ਲੀਨੇ ਅਉ ਬਚਨ ਕੀਨੇ,**
**ਜਨਮ ਲੈ ਸਾਧ ਸੰਗਿ ਸ੍ਰੀ ਗੁਰ ਅਰਾਧਿ ਹੈ॥**
**ਈਹਾਂ ਆਏ ਦਾਤਾ ਬਿਸਰਾਏ ਦਾਸੀ ਲਪਟਾਏ,**
**ਪੰਚ ਦੂਤ ਭੂਤ ਭ੍ਰਮ ਭ੍ਰਮਤ ਅਸਾਧਿ ਹੈ॥**
**ਸਾਚੁ ਮਰਨੌ ਬਿਸਾਰ, ਜੀਵਨ ਮਿਥਿਆ ਸੰਸਾਰ,**
**ਸਮਝੈ ਨ ਜੀਤ ਹਾਰ ਸੁਪਨ ਸਮਾਧਿ ਹੈ॥**
**ਅਉਸਰ ਹੁਇ ਹੈ ਬਿਤੀਤ, ਲੀਜੀਏ ਜਨੰਮ ਜੀਤ,**
**ਕੀਜੀਐ ਸਾਧ ਸੰਗਿ ਪ੍ਰੀਤਿ ਅਗਮ ਅਗਾਧਿ ਹੈ॥ 498 ॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

## ਸਾਖੀ—ਰਤਨ ਦੀ ਦਰਸ਼ਨੀ ਭੇਟਾ

ਇਕ ਦਿਨ ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਹਿੰਦਾ ਹੈ ਕਿ ਸਤਿਗੁਰੂ ਜੀ ! ਰਾਹ-ਕੁਰਾਹ ਲਈ ਫਿਰਦੇ ਹੋ। ਮੈਥੋਂ ਭੁੱਖ ਦੇ ਮਾਰੇ ਤੁਰਿਆ ਨਹੀਂ ਜਾਂਦਾ। ਸਤਿਗੁਰੂ ਜੀ ਕਹਿੰਦੇ ਹਨ, ਮਰਦਾਨਿਆ, ਪਟਨਾ ਸ਼ਹਿਰ ਨੇੜੇ ਹੈ। ਉਥੇ ਚੱਲ ਕੇ ਕੁਝ ਛੱਕ ਲਵੀਂ। ਮਰਦਾਨਾ ਕਹਿੰਦਾ ਹੈ ਸਤਿਗੁਰੂ ਜੀ ! ਕਿਹੜਾ ਕੁਝ ਪੱਲੇ ਖ਼ਰਚ ਬੰਨ੍ਹਿਆ ਹੈ ਜਿਹੜਾ ਸ਼ਹਿਰ ਵਿਚ ਦੇ ਕੇ ਕੁਝ ਖਾ ਲਵਾਂਗਾ ? ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਮਰਦਾਨਿਆ, ਫਕੀਰੀ ਸਬੂਰੀ ਹੈ। ਜੇ ਤੂੰ ਪੱਲੇ ਬੰਨ੍ਹਣਾ ਚਾਹੁੰਦਾ ਹੈਂ ਤਾਂ ਕਰਤਾਰ ਤੇਰੀ ਇੱਛਾ ਪੂਰੀ ਕਰੇਗਾ। ਥੋੜ੍ਹੀ ਦੇਰ ਬਾਅਦ ਤੁਰੇ ਜਾਂਦਿਆਂ ਨੂੰ ਰੇਤੇ ਵਿਚ ਰਤਨ ਪਿਆ ਲੱਭਿਆ। ਚਮਕਦਾ ਦੇਖ ਮਰਦਾਨਾ ਕੋਲ ਖੜ੍ਹ ਗਿਆ। ਬਾਬੇ ਆਖਿਆ, ਕਰਤਾਰ ਨੇ ਪੱਲੇ ਬੰਨ੍ਹਣ ਲਈ ਰਤਨ ਦਿੱਤਾ ਹੈ, ਪੱਲੇ ਬੰਨ੍ਹ ਲੈ।

ਇਸ ਤਰ੍ਹਾਂ ਕੌਤਕ ਕਰਦੇ ਸਤਿਗੁਰੂ ਜੀ ਤੁਰੇ ਜਾ ਰਹੇ ਹਨ। ਮਰਦਾਨਾ ਪੁੱਛਣ ਲੱਗਾ, ਸਤਿਗੁਰੂ ਜੀ ! ਸੰਤ ਲੋਕ, ਧਾਰਮਿਕ ਗ੍ਰੰਥ ਅਤੇ ਆਪ ਜੀ ਪਾਸੋਂ ਭੀ ਕਈ ਵਾਰੀ ਸੁਣਿਆ ਹੈ ਕਿ ਮਨੁੱਖ ਜਨਮ ਭੀ ਅਮੋਲਕ

ਰਤਨ ਹੈ। ਜੇ ਇਹ ਸੱਚ ਹੈ ਤਾਂ ਮਨੁੱਖ ਵਿਸ਼ੇ-ਵਿਕਾਰਾਂ ਵਿਚ ਵਿਅਰਥ ਕਿਉਂ ਜੀਵਨ ਬਰਬਾਦ ਕਰ ਰਹੇ ਹਨ ? ਭਜਨ-ਸਿਮਰਨ ਕਰਕੇ ਜੀਵਨ ਸਫ਼ਲਾ ਕਰਨਾ ਚਾਹੀਦਾ ਹੈ। ਸਤਿਗੁਰੂ ਜੀ ਨੇ ਆਖਿਆ, ਮਰਦਾਨਿਆ ! ਮਨੁੱਖ ! ਜਨਮ ਤਾਂ ਅਮੋਲਕ ਰਤਨ ਹੀ ਹੈ, ਪਰ ਮਨੁੱਖ ਨੂੰ ਕਦਰ ਨਹੀਂ, ਸਮਝ ਤੋਂ ਬਿਨਾਂ ਇਸ ਗੱਲ ਨੂੰ ਸਮਝਣ ਲਈ ਤੂੰ ਪਰੀਖਿਆ ਕਰ ਕੇ ਵੇਖ ਲੈ, ਤੇਰੇ ਪਾਸ ਰਤਨ ਹੈ। ਮਰਦਾਨਾ ਸ਼ਹਿਰ ਵਿਚ ਰਤਨ ਲੈ ਕੇ ਚਲਾ ਗਿਆ। ਇਕ ਸਬਜ਼ੀ ਦੀ ਦੁਕਾਨ 'ਤੇ ਗਿਆ ਤਾਂ ਉਸ ਨੇ ਦੋ ਮੂਲੀਆਂ ਭੀ ਨਾ ਦਿੱਤੀਆਂ। ਹਲਵਾਈ ਨੇ ਅੱਧ ਸੇਰ ਮਠਿਆਈ ਦੇਣੀ ਕਹੀ। ਕੱਪੜੇ ਦੀ ਦੁਕਾਨ 'ਤੇ ਦੋ ਗਜ਼ ਕੱਪੜਾ ਕੀਮਤ ਪਾਈ। ਭਾਈ ਮਰਦਾਨਾ ਜੀ ਬਹੁਤ ਦੁਕਾਨਾਂ 'ਤੇ ਗਏ, ਪਰ ਕਿਸੇ ਨੇ ਵੀ ਰਤਨ ਦੀ ਅਸਲ ਕੀਮਤ ਨਹੀਂ ਪਾਈ। ਜਦ ਫਿਰਦਾ-ਫਿਰਦਾ ਮਰਦਾਨਾ ਜੌਹਰੀ ਸਾਲਸ ਰਾਇ ਪਾਸ ਗਿਆ ਅਤੇ ਉਸ ਨੂੰ ਰਤਨ ਵਿਖਾਇਆ ਤਾਂ ਉਸ ਨੇ ਕਿਹਾ, ਇਸ ਰਤਨ ਦੀ ਕੀਮਤ ਕਰੋੜ ਰੁਪਏ ਕਹਿਣਾ ਵੀ ਥੋੜ੍ਹੀ ਹੈ। ਉਸ ਜੌਹਰੀ ਨੇ ੧੦੦ ਰੁਪਏ ਭਾਈ ਮਰਦਾਨਾ ਜੀ ਨੂੰ ਰਤਨ ਦੀ ਦਰਸ਼ਨੀ ਭੇਟਾ ਦਿੱਤੀ। ਜਦ ਮਰਦਾਨੇ ਨੇ ਸਤਿਗੁਰੂ ਜੀ ਪਾਸ ਆ ਕੇ ਸਾਰੀ ਕਥਾ ਸੁਣਾਈ ਤਾਂ ਹਜ਼ੂਰ ਨੇ ਕਿਹਾ ਮਰਦਾਨਿਆ ! ਤੇਰੀ ਤਸੱਲੀ ਹੋ ਗਈ ਹੈ। ਇਸੇ ਪ੍ਰਕਾਰ ਮਨੁੱਖ ਜਨਮ ਭੀ ਅਮੋਲਕ ਰਤਨ ਹੈ। ਕੋਈ ਕਦਰਦਾਨ ਹੀ ਇਸ ਦੀ ਕਦਰ ਕਰਦਾ ਹੈ। ਪਾਤਸ਼ਾਹ ਕਹਿੰਦੇ ਹਨ ਕਿ ਉਸ ਦਾ ੧੦੦ ਰੁਪਏ ਵਾਪਸ ਕਰ ਕੇ ਆ। ਜੇਕਰ ਵੇਚੀਏ ਤਾਂ ਰੱਖੀਏ, ਬਿਨਾਂ ਵੇਚੇ ਮਾਇਆ ਰੱਖਣੀ ਯੋਗ ਨਹੀਂ। ਮਰਦਾਨਾ ਮੋੜਨ ਗਿਆ ਤਾਂ ਜੌਹਰੀ ਮਾਇਆ ਵਾਪਸ ਨਹੀਂ ਲੈਂਦਾ। ਕਹਿੰਦਾ ਹੈ ਕਿ ਰਤਨ ਦੀ ਦਰਸ਼ਨ ਭੇਟਾ ਦਿੱਤੀ ਵਾਪਸ ਨਹੀਂ ਲੈਣੀ। ਆਖ਼ਰ ਜੌਹਰੀ ਦੇ ਮਨ ਵਿਚ ਸ਼ਰਧਾ ਆਈ ਕਿ ਜਿਹੜੇ ਇਹ ਮਾਇਆ ਵਾਪਸ ਕਰਦੇ ਹਨ, ਕੋਈ ਤਿਆਗੀ ਮਹਾਂਪੁਰਖ ਹਨ, ਦਰਸ਼ਨ ਕਰਨੇ ਚਾਹੀਦੇ ਹਨ। ਆਪਣੇ ਨੌਕਰ ਅੱਧਰਕੇ ਨੂੰ ਮਿਠਾਈ ਚੁਕਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਅਤੇ ਦਰਸ਼ਨ ਕਰਕੇ ਨਿਹਾਲ ਹੋਇਆ। ਸਤਿਗੁਰੂ ਜੀ ਨੇ ਸਾਲਸ ਰਾਇ ਨੂੰ ਉਪਦੇਸ਼ ਦਿੱਤਾ ਕਿ ਸਾਲਸ ਰਾਇ ! ਜਿਹੜਾ ਅਸਲ ਆਪਣਾ ਜੀਵਨ ਰੂਪੀ ਰਤਨ ਹੈ, ਉਹ ਭੀ ਪਛਾਣ ਤੇ ਉਸ ਨੂੰ ਇਥੇ ਵਿਕਾਰਾਂ ਵਿਚ ਅਜਾਈਂ ਨਾ ਗਵਾ।

**ਲਾਲੋਂ ਲਾਲ ਉਪਾਇਆ, ਲਾਲੋਂ ਲਾਲ ਦਿਸੰਨ।**
**ਜਿਨਕੇ ਲਾਲੀ ਨੈਨ ਮਹਿ, ਦੂਜਾ ਨਾ ਜਾਣੰਨ।**
**ਸੁਣ ਸਾਲਸ ਤੂੰ ਜੌਹਰੀ, ਆਪਣਾ ਲਾਲ ਪਛਾਣ।**
**ਕੂੜੇ ਲਾਲ ਨ ਗੰਢ ਬੰਨ੍ਹ, ਲੈਸੀ ਰੱਬ ਸਿਞਾਣ।**
**ਕਿੰਕਰ ਪੱਥਰ ਮੇਲ ਕੇ ਨਾਉ ਸਦਾਇਉ ਸਾਹ।**
**ਨਾਨਕ ਸਤਿਗੁਰ ਜੇ ਮਿਲੇ ਤਾ ਕਉ ਬੁਝੇ ਰਾਹ।**

(ਤਵਾਰੀਖ਼ ਗੁਰੂ ਖ਼ਾਲਸਾ)

ਇਹ ਸਤਿਗੁਰੂ ਜੀ ਦੇ ਬਚਨ ਸੁਣ ਕੇ ਉਸ ਨੂੰ ਆਪਣੇ ਜੀਵਨ ਦੀ ਸਮਝ ਪਈ। ਸਤਿਗੁਰੂ ਜੀ ਨੂੰ ਬੇਨਤੀ ਕਰਕੇ ਆਪਣੀ ਧਰਮਸਾਲਾ ਵਿਚ ਲੈ ਗਿਆ ਤੇ ਭੋਜਨ ਛਕਾਵਣ ਲਈ ਪੁੱਛਣ ਲੱਗਿਆ। ਗੁਰੂ ਜੀ !

ਮਠਿਆਈ, ਕਚੌਰੀ, ਪੂਰੀਆਂ ਜੋ ਹੁਕਮ ਹੋਵੇ, ਤਿਆਰ ਕਰੀਏ ਅਤੇ ਕੁਝ ਹੋਰ ਸੇਵਾ ਬਖ਼ਸ਼ੋ। ਬਸਤਰ ਜੋੜੇ ਆਦਿਕ ਤਿਆਰ ਕਰਵਾ ਦਿਆਂ ? ਤਾਂ ਸਤਿਗੁਰੂ ਜੀ ਨੇ ਬਚਨ ਕਹੇ :

**ਹੈ ਪ੍ਰੀਤੀ ਪਕਵਾਨ ਤੁਮਾਰਾ ਲੂਚੀ ਲੋਚਾ ਪੂਰੀ।**
**ਰਤਨਾ ਹਰ ਰਸ ਰਸੀ ਮਿਠਾਈ ਛਕ ਮਨ ਰਹੇ ਹਜ਼ੂਰੀ।**
**ਮੇਵਾ ਮਿਲਨ ਤੁਮਾਰਾ ਕਹੀਏ, ਸੱਚ ਕੇ ਬਾਗੇ ਜੋੜੇ।**
**ਨਾਨਕ ਖਾਇ ਖਾਇ ਪਹਿਨ ਅਘਾਇ ਬਿਖਿਆ ਤੇ ਮਨ ਮੋੜੇ।**

(ਤਵਾਰੀਖ਼ ਗੁਰੂ ਖ਼ਾਲਸਾ)

ਪਰ ਮਰਦਾਨੇ ਦੀ ਤੀਬਰ ਇੱਛਾ ਦੇਖ ਕੇ ਹਜ਼ੂਰ ਨੇ ਉਸ ਦਾ ਭੋਜਨ ਪ੍ਰਵਾਨ ਕੀਤਾ। ਕਾਫ਼ੀ ਸਮਾਂ ਰਹਿ ਕੇ ਸਤਿਗੁਰੂ ਜੀ ਨੇ ਉਪਦੇਸ਼ ਦੇ ਕੇ ਸੰਗਤਾਂ ਨੂੰ ਤਾਰਿਆ। ਇਸੇ ਸਾਲਸ ਰਾਇ ਦੀ ਔਲਾਦ ਵਿਚੋਂ ਫਤਹਿ ਚੰਦ ਮੈਣੀ ਖੱਤਰੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਹੋਏ ਹਨ। ਇਸ ਤਰ੍ਹਾਂ ਸਤਿਗੁਰੂ ਜੀ ਦੀ ਸੰਗਤ ਕਰਕੇ ਸਾਲਸ ਰਾਇ ਨੇ ਆਪਣੇ ਮੁਨੱਖਾ ਜਨਮ ਰੂਪੀ ਰਤਨ ਨੂੰ ਸਫ਼ਲਾ ਕੀਤਾ।

## ਸਾਖੀ—ਦੁਨੀ ਚੰਦ ਸ਼ਾਹੂਕਾਰ ਦੀ

ਬਹੁਤ ਸਾਰੇ ਮਨੁੱਖ ਸਤਿਗੁਰ ਜੀ ਨੇ ਐਸੇ ਦੇਖੇ ਸਨ ਜਿਨ੍ਹਾਂ ਨੇ ਝੂਠੇ ਵਣਜ ਵਿਚ ਲੱਗ ਕੇ ਕੱਚਾ ਤੇ ਝੂਠਾ ਧਨ ਇਕੱਠਾ ਕਰਨ ਅੰਦਰ ਮਨ ਲਾਇਆ ਹੋਇਆ ਸੀ। ਵਿਖਾਵੇ ਅਤੇ ਝੂਠੇ ਦਆਵਿਆਂ ਅੰਦਰ ਜੀਵਨ ਅਜਾਈਂ ਗੁਆ ਰਹੇ ਸਨ। ਇਕ ਪੁਰਾਤਨ ਰਿਵਾਜ ਸੀ ਕਿ ਇਕ ਲੱਖ ਰੁਪਏ ਦਾ ਮਾਲਕ ਮਨੁੱਖ ਆਪਣੇ ਚੁਬਾਰੇ ਉਪਰ ਇਕ ਝੰਡਾ ਗੱਡ ਦਿੰਦਾ ਸੀ। ਦੋ ਲੱਖ ਵਾਲਾ ਦੋ ਝੰਡੇ ਗੱਡ ਦਿੰਦਾ ਸੀ। ਇੰਜ ਦੁਨੀ ਚੰਦ ਸੇਠ ਨੇ ਸੱਤ ਝੰਡੇ ਆਪਣੇ ਚੁਬਾਰੇ ਉਪਰ ਲਗਾਏ ਸਨ। ਸਤਿਗੁਰੂ ਜੀ ਨੇ ਇਸ ਮਦਹੋਸ਼ ਮਨੁੱਖ ਨੂੰ ਜਗਾਣ ਵਾਸਤੇ ਇਕ ਸੂਈ ਦੀ ਚੋਬ ਲਗਾਈ ਸੀ, ਭਾਵ ਦੁਨੀ ਚੰਦ ਨੂੰ ਇਕ ਸੂਈ ਦਿੱਤੀ ਸੀ ਤੇ ਕਿਹਾ ਸੀ ਕਿ ਇਸ ਨੂੰ ਸਾਡੀ ਅਮਾਨਤ ਸਮਝ ਕੇ ਰੱਖ ਲੈ, ਪ੍ਰਲੋਕ ਵਿਚ ਲਵਾਂਗੇ। ਜਦ ਇਸ ਦੀ ਪਤਨੀ ਨੂੰ ਪਤਾ ਲੱਗਾ ਤਾਂ ਉਸ ਨੇ ਤੁਰੰਤ ਦੁਨੀ ਚੰਦ ਨੂੰ ਕਿਹਾ ਕਿ ਸੁਣਿਆ ਹੈ ਪਤੀ ਜੀ, ਪਰਲੋਕ ਵਿਚ ਕੁਝ ਵੀ ਨਾਲ ਨਹੀਂ ਜਾਂਦਾ। ਸੁਆਮੀ ਜੀ ! ਕਾਹਨੂੰ ਵਚਨ ਦੇ ਕੇ ਆਏ ਹੋ। ਜਾਓ ਮੋੜ ਆਉ। ਵਾਪਸ ਦੁਨੀ ਚੰਦ ਗੁਰੂ ਜੀ ਪਾਸ ਆਇਆ ਤੇ ਸੂਈ ਵਾਪਸ ਲੈ ਲੈਣ ਦੀ ਬੇਨਤੀ ਕੀਤੀ। ਤਾਂ ਮਹਾਰਾਜ ਜੀ ਨੇ ਪੁੱਛਿਆ ਕਿ ਐ ਸੇਠ ! ਤੂੰ ਸੂਈ ਕਿਉਂ ਵਾਪਸ ਕਰ ਰਿਹਾ ਏਂ ? ਕਹਿੰਦਾ ਹੈ, ਮਹਾਰਾਜ ! ਭੁੱਲ ਹੋ ਗਈ। ਬੰਦੇ ਦੇ ਨਾਲ ਤਾਂ ਪ੍ਰਲੋਕ ਵਿਚ ਦੁਨੀਆਂ ਦੀ ਕੋਈ ਵੀ ਚੀਜ਼ ਨਹੀਂ ਜਾਂਦੀ। ਤਦ ਮਹਾਰਾਜ ਜੀ ਨੇ ਕਿਹਾ ਕਿ ਸੱਤ ਝੰਡਿਆਂ ਦਾ ਕੀ ਮਤਲਬ ਹੈ ? ਇਸ ਮਾਇਆ ਨੂੰ ਕਿਵੇਂ ਨਾਲ ਲੈ ਕੇ ਜਾਵੇਂਗਾ ? ਤਦ ਦੁਨੀ ਚੰਦ ਚਰਨਾਂ ਉੱਪਰ ਢਹਿ ਪਿਆ ਸੀ। ਹਜ਼ੂਰ ਨੇ ਬਖ਼ਸ਼ਿਸ਼ ਕਰ ਕੇ ਨਿਹਾਲ ਕੀਤਾ ਸੀ।

ਸਲੋਕ ਮ: ੧॥ ਦੁਇ ਦੀਵੇ ਚਉਦਹ ਹਟਨਾਲੇ॥ ਜੇਤੇ ਜੀਅ ਤੇਤੇ ਵਣਜਾਰੇ॥ ਖੁਲ੍ਹੇ ਹਟ ਹੋਆ ਵਾਪਾਰੁ॥ ਜੋ ਪਹੁਚੈ ਸੋ ਚਲਣਹਾਰੁ॥ ਧਰਮੁ ਦਲਾਲੁ ਪਾਏ ਨੀਸਾਣੁ॥ ਨਾਨਕ ਨਾਮੁ ਲਾਹਾ ਪਰਵਾਣੁ॥ ਘਰਿ ਆਏ ਵਜੀ ਵਾਧਾਈ॥ ਸਚ ਨਾਮ ਕੀ ਮਿਲੀ ਵਡਿਆਈ॥੧॥ਮ: ੧॥ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ॥ ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ॥2॥ਪਉੜੀ॥ ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ॥ ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ॥ ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ॥ ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ॥ ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ॥੧3॥

ਪਦ ਅਰਥ :- ਦੁਇ ਦੀਵੇ=(ਚੰਦ ਤੇ ਸੂਰਜ) ਦੋ ਦੀਵੇ ਹਨ। ਚਉਦਹ=ਚੌਦਾਂ ਲੋਕ-ਸੱਤ ਪਤਾਲ ਅਤੇ ਸੱਤ ਅਕਾਸ਼ ਮੰਨੇ ਹਨ। ਵਣਜਾਰੇ=ਵਾਪਾਰੀ। ਲਾਹਾ=ਲਾਭ, ਨਫ਼ਾ। ਸੁਪੇਦਾ=ਚਿਟਿਆਂ ਦੇ। ਰਾਤੀ=ਰਾਤਾਂ। ਹੋਵਨਿ=ਹੁੰਦੀਆਂ ਹਨ। ਵੰਨ=ਰੰਗ। ਦਿਹੁ=ਦਿਨ। ਬਗਾ=ਚਿੱਟਾ। ਘਣਾ=ਬਹੁਤ। ਬਾਹਰੇ=ਬਿਨਾ। ਕਬਹਿ=ਕਦੇ ਵੀ। ਮਾਨੁ=ਇੱਜ਼ਤ, ਵਡਿਆਈ। ਕੋਟੁ=ਕਿਲ੍ਹਾ। ਖੁਆਇਅਨੁ=ਉਸ ਨੇ ਭੁਲਾਇ ਹਨ ਅਥਵਾ ਕੁਰਾਹੇ ਪਾਏ ਹਨ। ਦੁਲੰਭੁ=ਦੁਰਲਭ, ਔਖਾ ਲੱਭਣ ਵਾਲਾ। ਸੰਤਾਪੇ=ਦੁੱਖ ਪਾਉਂਦੇ ਹਨ।

ਅਰਥ :- ਸਲੋਕ ਮ: ੧॥ (ਹੇ ਭਾਈ ! ਸੰਸਾਰ ਅੰਦਰ) ਚੰਦ, ਸੂਰਜ (ਜਗਤ ਦੇ ਮਾਨੋ) ਦੋ ਦੀਵੇ ਹਨ (ਅਤੇ) ਚੌਦਾਂ ਲੋਕ-ਸੱਤ ਪਤਾਲ, ਸੱਤ ਅਕਾਸ਼ — ਇਹ ਇਸ ਸੰਸਾਰ ਅੰਦਰ ਬਾਜ਼ਾਰ ਹਨ। ਜਿਤਨੇ ਜੀਵ ਹਨ, ਉਤਨੇ ਹੀ (ਮਾਤ ਲੋਕ ਦੇ) ਵਾਪਾਰੀ ਹਨ। ਜਦੋਂ (ਜਗਤ ਰਚਨਾ ਵਿਚ) ਹੱਟ ਖੁੱਲ੍ਹੇ ਤਾਂ ਵਾਪਾਰ ਹੋਣ ਲੱਗ ਪਿਆ। ਜੋ (ਵਾਪਾਰੀ ਇਥੇ) ਪਹੁੰਚਦਾ ਹੈ, ਉਹ (ਖੋਟਾ ਖਰਾ ਵਾਪਾਰ ਕਰ ਕੇ) ਚਲਣ ਵਾਲਾ ਬਣਦਾ ਹੈ। ਧਰਮ ਰੂਪ ਦਲਾਲ (ਜੀਵਾਂ ਦੇ ਅਮਲਾਂ ਅਨੁਸਾਰ) ਨਿਸ਼ਾਨ ਪਾਈ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਪ੍ਰਭੂ ਦੇ ਹੱਟ 'ਤੇ) ਨਾਮ ਰੂਪੀ ਲਾਭ ਹੀ ਪਰਵਾਨ ਹੈ। (ਜਿਹੜੇ ਮਨੁੱਖ ਨਾਮ ਦਾ ਲਾਹਾ ਖਟ ਕੇ ਨਿਜ) ਘਰ ਵਿਚ ਆਏ (ਉਨ੍ਹਾਂ ਨੂੰ ਸਹੀ ਸਲਾਮਤਿ ਆਏ ਦੀ) ਵਧਾਈ ਮਿਲੀ ਹੈ। ਸੰਸਾਰ ਅੰਦਰ ਜਿਨ੍ਹਾਂ ਨੇ ਨਾਮ ਜਪਿਆ, ਉਨ੍ਹਾਂ ਨੂੰ ਸੱਚੇ ਨਾਮ ਦੀ ਵਡਿਆਈ ਮਿਲਦੀ ਹੈ।੧।

ਮ: ੧॥ (ਹੇ ਭਾਈ !) ਰਾਤਾਂ ਭਾਵੇਂ (ਕਿਤਨੀਆਂ ਹੀ) ਕਾਲੀਆਂ ਹੋਣ, ਚਿੱਟਿਆਂ ਦੇ ਉਹੀ ਰੰਗ (ਰਹਿੰਦੇ ਹਨ, ਭਾਵ ਸਫ਼ੈਦ ਚੀਜ਼ਾਂ ਦੇ ਸਫ਼ੈਦ ਰੰਗ ਹੀ ਰਹਿੰਦੇ ਹਨ, ਉਨ੍ਹਾਂ 'ਤੇ ਕਾਲੀਆਂ ਰਾਤਾਂ ਦਾ ਕੋਈ

ਅਸਰ ਨਹੀਂ ਪੈਂਦਾ, ਭਾਵ ਚੰਗੇ ਲੋਕ ਆਪਣਾ ਸੁਭਾਵ ਨਹੀਂ ਬਦਲਦੇ)। (ਇਸੇ ਤਰ੍ਹਾਂ) ਦਿਨ ਭਾਵੇਂ ਚਿੱਟਾ ਹੁੰਦਾ ਹੈ, ਬਹੁਤ ਤਪਦਾ ਹੈ (ਪਰ) ਕਾਲਿਆਂ ਦੇ ਰੰਗ ਕਾਲੇ ਹੀ ਰਹਿੰਦੇ ਹਨ (ਭਾਵ ਮਨੁੱਖ ਆਪਣਾ ਸੁਭਾਵ ਨਹੀਂ ਬਦਲਦੇ) ਅਤੇ ਜੋ ਮਨ ਕਰਕੇ ਕਾਲੇ ਹਨ, ਉਹ ਕਾਲੇ ਹੀ ਰਹਿੰਦੇ ਹਨ। (ਇਸੇ ਤਰ੍ਹਾਂ ਜੋ) ਅੰਨ੍ਹੇ (ਅਗਿਆਨੀ ਮਨੁੱਖ) ਅਕਲ ਤੋਂ ਹੀਣੇ ਹਨ, ਉਨ੍ਹਾਂ ਦੀ ਮਤਿ (ਅੰਨ੍ਹੀ ਹੀ) ਰਹਿੰਦੀ ਹੈ। ਨਾਂਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਹੜੇ ਮਨੁੱਖ ਪ੍ਰਭੂ ਦੀ) ਨਦਰ ਤੋਂ ਵਾਂਝੇ ਹਨ, ਉਹ (ਲੋਕ ਪਰਲੋਕ ਦੋਹਾਂ ਵਿਚ) ਕਦੇ ਵੀ ਇੱਜ਼ਤ ਮਾਨ ਤੇ ਸਤਿਕਾਰ ਨਹੀਂ ਪਾਉਂਦੇ।੨।

ਪਉੜੀ॥ ਹੇ ਭਾਈ ! ਉਸ ਸੱਚੇ ਪਰਮੇਸ਼ਰ ਨੇ ਸਰੀਰ ਰੂਪੀ ਕਿਲ੍ਹਾ ਆਪ ਹੀ ਬਣਾਇਆ ਹੈ। ਪਰ ਕਈ (ਜੀਵ) ਕਰਮਾਂ ਅਨੁਸਾਰ ਦ੍ਵੈਤ-ਭਾਵ ਵਿਚ (ਉਸ ਪ੍ਰਭੂ ਨੇ) ਕੁਰਾਹੇ ਪਾ ਦਿੱਤੇ ਹਨ, (ਉਹ) ਹਉਮੈ ਵਿਚ ਫਸੇ ਪਏ ਹਨ। ਇਹ ਮਨੁੱਖਾ ਜਨਮ ਬਹੁਤ ਔਖਾ ਲੱਭਿਆ ਸੀ, ਪਰ ਮਨਮੁਖ (ਜੀਵ) ਦੁੱਖ ਪਾਂਦੇ ਹਨ। ਜਿਸ ਨੂੰ (ਪਰਮੇਸ਼ਰ) ਵਾਹਿਗੁਰੂ ਜੀ ਆਪ ਸਮਝਾਏ, (ਇਸ ਭੇਦ ਨੂੰ) ਉਹੀ ਮਨੁੱਖ ਸਮਝੇਗਾ (ਜਾਂ) ਜਿਸ ਨੂੰ ਸਤਿਗੁਰੂ ਥਾਪੜੀ ਦੇਵੇਗਾ (ਭਾਵ ਪਿਆਰ ਕਰੇਗਾ, ਉਹੀ ਸਮਝੇਗਾ)। ਸਾਰਾ ਜਗਤ ਸੰਸਾਰ ਉਸ ਪ੍ਰਭੂ ਨੇ (ਇਕ) ਖੇਲ ਬਣਾਇਆ ਹੈ (ਅਤੇ) ਸਭ (ਥਾਂਵਾਂ 'ਤੇ) ਆਪ ਹੀ ਇਸ ਵਿਚ ਵਰਤਦਾ ਪਿਆ ਹੈ।੧੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧62 (ਆਦਿ ਅੰਗ 790)

## ਸਲੋਕ ਮਃ ੧ ॥

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥ ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥ ੧ ॥ ਮਃ ੧ ॥ ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ ॥ ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥ ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥ 2 ॥ ਪਉੜੀ ॥ ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥ ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਾਇਆ ॥ ੧4 ॥

## ਪ੍ਰਾਕ੍ਥਨ :

ਇਹ ਪਵਿੱਤਰ ਹੁਕਮਨਾਮਾ ਸੂਹੀ ਰਾਗੁ ਦੀ ਵਾਰ ਚੌਦਵੀਂ ਪਉੜੀ ਨਾਲ ਸਬੰਧਿਤ ਹੈ। ਦੋ ਸਲੋਕ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ। ਇਨ੍ਹਾਂ ਸਲੋਕਾਂ ਅੰਦਰ ਹਜ਼ੂਰ ਨੇ ਕਲਯੁਗ ਦੇ ਜੀਵਾਂ ਦੀ ਦਸ਼ਾ ਉਜਾਗਰ ਕੀਤੀ ਹੈ।

## ਵਿਸ਼ਾ — ਵੇਦੀਨਾ ਕੀ ਦੋਸਤੀ

ਧਰਮ ਹੀਣ ਮਨੁੱਖਾਂ ਦੀ ਦੋਸਤੀ, ਮਿੱਤ੍ਰਤਾ, ਪਿਆਰ, ਸੰਗਤ ਵੀ ਐਸੇ ਮਾੜੇ ਮਨੁੱਖਾ ਦੀ ਹੀ ਹੁੰਦੀ ਹੈ, ਜੋ ਧਰਮ ਤੋਂ ਸਖਣੇ ਹੁੰਦੇ ਹਨ, ਉਨ੍ਹਾਂ ਨਾਲ ਹੀ ਹੁੰਦੀ ਹੈ। ਐਸੇ ਕੁਸੰਗੀਆਂ ਦੀ ਖਾਣ ਪੀਣ ਦੀ ਸਾਂਝ ਵੀ ਧਰਮ ਹੀਣ ਮਨੁੱਖਾ ਨਾਲ ਹੀ ਹੁੰਦੀ ਹੈ, ਜੋ ਸ਼ਰਾਬੀ ਕਬਾਬੀ ਅਤੇ ਮੰਦ ਕਰਮੀ ਹੁੰਦੇ ਹਨ। ਚੋਰਾਂ, ਯਾਰਾਂ, ਵਿਭਚਾਰੀਆਂ, ਰੰਡੀਆਂ ਤੇ ਫਫਾ-ਕੁਟਣੀਆਂ ਦਾ ਆਪਸ ਵਿਚ ਮੇਲ ਹੈ, ਭਾਵ ਮੰਦੇ ਮਨੁੱਖਾਂ ਦਾ ਮੇਲ ਮੰਦਿਆਂ ਨਾਲ ਹੀ ਹੁੰਦਾ ਹੈ। ਉਨ੍ਹਾਂ ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਕੋਈ ਗਿਆਨ ਨਹੀਂ ਹੁੰਦਾ, ਕਿਉਕਿ ਉਨ੍ਹਾਂ ਦੇ ਹਿਰਦੇ ਵਿਚ ਸਦਾ ਸ਼ੈਤਾਨ ਵਸਦਾ ਹੈ।

ਕਈ ਮਨੁੱਖ ਵੇਖਣ ਵਿਚ ਤਾਂ ਧਾਰਮਿਕ ਲੱਗਦੇ ਹੁੰਦੇ ਹਨ, ਪਰ ਉਹ ਧਰਮ ਨੂੰ ਵੀ ਰੋਟੀ ਕਮਾਉਣ ਦਾ ਧੰਧਾ ਬਣਾ ਲੈਂਦੇ ਹਨ। ਸਹੀ ਅਰਥਾਂ ਵਿਚ ਨਾਮ ਦਾ ਪਿਆਰ ਹੀ ਧਰਮ ਹੈ। ਜੋਗੀ, ਮਿਰਾਸੀ, ਕਲਾਣਾ ਗਾ ਕੇ ਪੇਟ ਪੂਰਤੀ ਦਾ ਸਾਧਨ ਬਣਾਉਂਦੇ ਹਨ, ਪਰ ਉਹ ਸੱਚੇ ਹਿਰਦੇ ਨਾਲ ਪ੍ਰਭੂ ਦੀ ਸਿਫ਼ਤਿ ਨਹੀਂ ਕਰਦੇ। ਪ੍ਰਭੂ ਨੂੰ ਰੀਝਾਉਣ ਲਈ ਤਾਂ ਅਭ-ਭਗਤੀ ਭਾਵ ਪ੍ਰੇਮਾ-ਭਗਤੀ ਦੀ ਲੋੜ ਹੈ।

ਹਜ਼ੂਰ ਨੇ ਇਸ ਮੁਖਵਾਕ ਦੀ ਪਉੜੀ ਵਿਚ ਦੱਸਿਆ ਹੈ ਕਿ ਮਾਇਆ ਦਾ ਮੋਹ ਅੰਤ ਵੇਲੇ ਝੂਠਾ ਹੀ ਸਾਬਤ ਹੁੰਦਾ ਹੈ। ਗੁਰੂ ਰਾਹੀਂ ਜਦੋਂ ਇਹ ਸਮਝ ਆ ਜਾਂਦੀ ਹੈ ਕਿ ਹਰੀ ਸਭ ਪਾਸੇ ਰਵਿ ਰਿਹਾ ਹੈ ਤਾਂ ਕਲਿਆਣ ਹੁੰਦੀ ਹੈ।

ਪਰ ਮੰਦ ਕਰਮੀ ਸਾਕਤ ਮਾਇਆ ਦੇ ਉਪਾਸ਼ਕ ਹੁੰਦੇ ਹਨ। ਦਸਮੇਸ਼ ਗੁਰੂ ਜੀ ਨੇ ਐਸੇ ਮਨੁੱਖਾਂ ਨੂੰ ਡੱਡੂ 'ਤੇ ਪੱਥਰ ਅਤੇ ਜੋਕ ਵਰਗੇ ਦੱਸਿਆ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰਬਿਲਾਸ ਪਾਤਸ਼ਾਹ ੧੦ ਵਿਚ ਸਿੱਖਾਂ ਨੂੰ ਉਪਦੇਸ਼ ਦਿੰਦਿਆਂ ਸਾਕਤ ਪੁਰਸ਼ ਨੂੰ ਡੱਡੂ ਜੈਸਾ ਦੱਸਿਆ ਹੈ।

**ਜਲਜ ਸਿਵਾਲ ਦੋਉ ਜਲ ਮਾਂਹੀ। ਦਾਦੁਰ ਨੀਚ ਸਿਵਾਲ ਸੁ ਖਾਹੀ।**
**ਨਹੀ ਜਾਨ ਰਸ ਕੌਲ ਪਰਾਗਾ। ਕੀਚ ਸਵਾਲ ਡਾਂਡਿ ਰਸ ਪਾਗਾ।**
**ਕੋਟਿ ਕਲਪ ਪਾਹਨ ਜਲ ਵਸੈ। ਤਨਿਕ ਨ ਤਾਸ ਅੰਗ ਪੁਨ ਰਸੈ।**
**ਤਿਮ ਸਾਕਤ ਸੰਤਨ ਕੇ ਪਾਸਾ। ਨਿਸ ਦਿਨ ਗੁਨ ਤੇ ਰਹਿਤ ਨਿਰਾਸਾ।**

**ਗੁਣ ਕੋ ਤਯਾਗ ਔਗੁਣੈ ਗਹੈ। ਦਾਦੁਰ ਕਮਲ ਸਿਵਾਲਨ ਚਹੈ।**
**ਗਊ ਭੈਂਸ ਤਨ ਜੋਕ ਲਗਈਐ। ਛੀਰ ਨ ਗਹੈ ਰੁਧਿਰ ਕੋ ਪੀਐ।**

(ਗੁਰ ਬਿਲਾਸ ਪਾਤਸ਼ਾਹੀ ੧੦, ਅਧਿਆਇ ੧੭)

ਸਤਿਗੁਰੂ ਜੀ ਨੇ ਇਸ ਸ੍ਰੀ ਮੁਖਵਾਕ ਅੰਦਰ ਕਲਯੁੱਗ ਦੇ ਜੀਆਂ ਦੇ ਮੰਦ ਕਰਮ ਉਜਾਗਰ ਕੀਤੇ ਹਨ। ਐਸੇ ਮੰਦ ਕਰਮੀ ਜੀਵ ਤਾਂ ਸੰਸਾਰ ਅੰਦਰ ਭੂਤਨਿਆਂ ਦੀ ਤਰ੍ਹਾਂ ਹਨ :

**ਪੂਤ ਜਿਨੂਰਾ ਧੀ ਜਿਨੂਰੀ ਜੋਰੂ ਜਿਨ੍ਹਾਂ ਦਾ ਸਿਕਦਾਰਾ॥**

ਬਣ ਰਿਹਾ ਹੈ।

ਇਸ ਪ੍ਰਕਰਣ ਅਨੁਸਾਰ ਸੰਤ ਗਿਆਨੀ ਸੁਰਜੀਤ ਸਿੰਘ ਜੀ ਸੋਧੀ ਨੇ ਅੰਮ੍ਰਿਤ ਰਸ ਅੰਦਰ 'ਕਲਜੁਗ ਦੇ ਲੱਛਣ' ਸਿਰਲੇਖ ਹੇਠ ਇਸ ਪ੍ਰਕਾਰ ਇਕ ਸਾਖੀ ਦਿੱਤੀ ਹੈ :

## ਸਾਖੀ—ਕਲਿਜੁਗ ਦੇ ਲੱਛਣ

ਇਕ ਦਿਨ ਸ੍ਰੀ ਕ੍ਰਿਸ਼ਨ ਜੀ ਪਾਸੋਂ ਪਾਂਡਵਾਂ ਨੇ ਪੁੱਛਿਆ ਸੀ ਕਿ ''ਮਹਾਰਾਜ ! ਅੱਜ ਅਸੀਂ ਨਵੇਂ ਹੀ ਪੰਜ ਕੌਤਕ ਵੇਖੇ ਹਨ। ਇਕ ਨੇ ਹੰਸ ਵੇਖਿਆ, ਜਿਸ ਦੇ ਪਰਾਂ 'ਤੇ ਚਾਰ ਵੇਦ ਲਿਖੇ ਹੋਏ ਸਨ ਤੇ ਚੂੰਡਦਾ (ਖਾਂਦਾ) ਉਹ ਕਰੰਗਾਂ ਨੂੰ ਸੀ। ਦੂਜੇ ਨੇ ਇਕ ਗਊ ਆਪਣੀ ਵੱਛੀ ਨੂੰ ਚੁੰਘਦੀ ਹੋਈ ਵੇਖੀ ਹੈ। ਤੀਜੇ ਨੇ ਵੇਖਿਆ ਹੈ ਕਿ ਇਕ ਖੂਹ ਦਾ ਪਾਣੀ ਦੂਸਰੇ ਖੂਹ ਨੂੰ ਛੱਡ ਕੇ ਤੀਜੇ ਵਿਚ ਪੈ ਰਿਹਾ ਹੈ। ਚੌਥੇ ਨੇ ਇਕ ਹਾਥੀ ਵੇਖਿਆ ਹੈ, ਜਿਸ ਦੇ ਦੋ ਸੁੰਡ ਅਤੇ ਦੋ ਮੂੰਹ ਸਨ। ਇਕ ਮੂੰਹ ਨਾਲ ਉਹ ਘਾਹ ਅਤੇ ਦੂਸਰੇ ਨਾਲ ਮਾਸ ਖਾ ਰਿਹਾ ਸੀ। ਪੰਜਵੇਂ ਨੇ ਇਕ ਬੜਾ ਭਾਰੀ ਪਹਾੜ ਰਿੜ੍ਹਿਆ ਆਉਂਦਾ ਵੇਖਿਆ ਹੈ, ਜੋ ਬੜੇ-ਬੜੇ ਬ੍ਰਿਛਾਂ ਨੂੰ ਤੋੜਦਾ ਆ ਰਿਹਾ ਸੀ, ਪਰ ਇਕ ਕੱਖ ਦੇ ਆਸਰੇ ਆ ਕੇ ਰੁਕ ਗਿਆ, ਉਸ ਨੂੰ ਨਾ ਤੋੜ ਸਕਿਆ।'' ਤਾਂ ਕ੍ਰਿਸ਼ਨ ਜੀ ਨੇ ਕਿਹਾ, ''ਇਹ ਤੁਹਾਨੂੰ ਕਲਿਜੁਗ ਦੀਆਂ ਨਿਸ਼ਾਨੀਆਂ ਦਿਖਾਈਆਂ ਹਨ।''

(ੳ) ਕਲਿਜੁਗ ਵਿਚ ਹੰਸਾਂ ਦੀ ਨਿਆਈਂ ਵਿਦਵਾਨ ਲੋਕਾਂ ਨੂੰ ਚਾਰੇ ਵੇਦ ਕੰਠ ਵੀ ਹੋਣਗੇ, ਪਰ ਪਰਾਏ ਘਰਾਂ ਵਿਚ ਵਿਭਚਾਰ ਕਰਨ ਰੂਪ ਕਰੰਗ ਚੂੰਡਣਗੇ।

(ਅ) ਗਊਆਂ ਦੀ ਤਰ੍ਹਾਂ ਮਾਤਾ-ਪਿਤਾ ਹੋਣਗੇ ਜੋ ਧੀਆਂ ਦੇ ਪੈਸੇ ਲੈਣ ਰੂਪ ਦੁੱਧ ਚੁੰਘਣਗੇ।

(ੲ) ਖੂਹ ਦੀ ਤਰ੍ਹਾਂ ਆਪਣੇ ਸਕੇ-ਸੰਬੰਧੀਆਂ ਨੂੰ ਛੱਡ ਕੇ ਤੀਜਿਆਂ ਨਾਲ ਮੁਹੱਬਤ ਕਰਿਆ ਕਰਨਗੇ।

(ਸ) ਹਾਥੀ ਦੀ ਤਰ੍ਹਾਂ ਰਾਜੇ ਲੋਕ ਹੋਣਗੇ, ਜੋ ਚੋਰਾਂ ਪਾਸੋਂ ਪੈਸੇ ਲੈਣ ਰੂਪੀ ਘਾਹ ਖਾਣਗੇ ਅਤੇ ਜਿਸ ਦੀ ਚੋਰੀ ਹੋ ਗਈ ਹੋਵੇਗੀ, ਉਨ੍ਹਾਂ ਪਾਸੋਂ ਧਨ ਲੈਣ ਰੂਪੀ ਮਾਸ ਖਾਣਗੇ।

(ਹ) ਪਹਾੜ ਦੀ ਤਰ੍ਹਾਂ ਪਾਪ ਹੈ, ਇਹ ਤਪਾਂ ਰੂਪ ਬ੍ਰਿਛਾਂ ਨੂੰ ਤੋੜ ਦਿਆ ਕਰੇਗਾ, ਭਾਵ ਤਪ ਕਰਨ ਵਾਲਿਆਂ 'ਤੇ ਵੀ ਆਪਣਾ ਅਸਰ ਪਾ ਲਿਆ ਕਰੇਗਾ, ਪਰ ਨਾਮ ਰੂਪ ਤੀਲ੍ਹੇ ਦੇ ਆਸਰੇ ਖੜੋ ਜਾਇਆ

ਕਰੇਗਾ, ਭਾਵ ਨਾਮ ਜਪਣ ਵਾਲਿਆਂ 'ਤੇ ਆਪਣਾ ਅਸਰ ਨਹੀਂ ਪਾ ਸਕਿਆ ਕਰੇਗਾ, ਨਾਮ ਜਪਣ ਵਾਲੇ ਪਾਪਾਂ ਤੋਂ ਬਚੇ ਰਹਿਣਗੇ।

(ਅੰਮ੍ਰਿਤ ਰਸ, ਭਾਗ ਦੂਜਾ, ਪੰਨਾ 774)

ਕਲਯੁੱਗ ਦੇ ਐਸੇ ਮਨਮੁਖ ਸਾਕਤ ਕੁਸੰਗੀਆਂ ਦੇ ਸੰਬੰਧ ਵਿਚ ਭਗਤ ਕਬੀਰ ਜੀ ਨੇ ਬਹੁਤ ਸੁੰਦਰ ਅੰਮ੍ਰਿਤ ਬਚਨ ਕਹੇ ਹਨ ਅਤੇ ਹੋਰ ਭੀ ਗੁਰਬਾਣੀ ਅੰਦਰ ਹਜ਼ੂਰ ਦੇ ਅੰਮ੍ਰਿਤ ਬਚਨ ਇਸ ਤਰ੍ਹਾਂ ਕਹੇ ਗਏ ਹਨ :

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ ੧੩੧॥** (ਅੰਗ ੧੩੭੧)
**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥**
**ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥ 88॥** (ਅੰਗ ੧੩69)
**ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥**
**ਕੂੜਿ ਕਪਟਿ ਅਹੰਕਾਰਿ ਰੀਝਾਨਾ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ॥** (ਅੰਗ 892)

ਪੰਚਮ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ ਕਿ ਕਲਯੁੱਗੀ ਸਾਕਤ ਦਾ ਕੋਈ ਭਲਾ ਕਰੇ ਤਾਂ ਸਾਕਤ ਨੇ ਬੁਰਾ ਹੀ ਸਮਝਣਾ ਹੈ। ਸੱਚਾ ਬਚਨ ਜ਼ਹਿਰ ਦੀ ਤਰ੍ਹਾਂ ਦੁਖਦਾਈ ਲੱਗਦਾ ਹੈ। ਇਸ ਕਲਯੁੱਗੀ ਜੀਆਂ ਦਾ ਵਰਤ ਵਰਤਾਵਾ ਐਸਾ ਹੈ ਕਿ ਉਨ੍ਹਾਂ ਨੂੰ ਜਿੱਤ ਹਾਰ ਦੀ ਸਮਝ ਨਹੀ। ਅੰਮ੍ਰਿਤ ਕੌੜਾ ਲੱਗਦਾ ਹੈ ਤੇ ਜ਼ਹਿਰ ਮਿਠੀ ਸਮਝ ਕੇ ਪੀਂਦੇ ਹਨ।

**ਜੋ ਭਲਾਈ ਸੋ ਬੁਰਾ ਜਾਨੈ॥ ਸਾਚੁ ਕਹੈ ਸੋ ਬਿਖੈ ਸਮਾਨੈ॥**
**ਜਾਣੈ ਨਾਹੀ ਜੀਤ ਅਰੁ ਹਾਰ॥ ਇਹੁ ਵਲੇਵਾ ਸਾਕਤ ਸੰਸਾਰ॥ 2॥**
**ਜੋ ਹਲਾਹਲ ਸੋ ਪੀਵੈ ਬਉਰਾ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥**
**ਸਾਧਸੰਗ ਕੈ ਨਾਹੀ ਨੇਰਿ॥ ਲਖ ਚਉਰਾਸੀਹ ਭ੍ਰਮਤਾ ਫੇਰਿ॥** (ਅੰਗ ੧੮0)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਐਸੇ ਮਨਮੁਖਾਂ ਦਾ ਜ਼ਿਕਰ ਕਰਦਿਆਂ ਬਾਂਦਰ, ਕੜਛੀ, ਡੱਡੂ, ਮਿਰਗ ਤੇ ਗੁੱਜਰ ਦਾ ਦ੍ਰਿਸ਼ਟਾਂਤ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਇਸ ਸੰਬੰਧ ਵਿਚ ਬੜੇ ਸੁੰਦਰ ਬਚਨ ਕਹੇ ਹਨ :

**ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।**
**ਕੜਛੀ ਸਾਉ ਨ ਸੰਮ੍ਹਲੈ ਭੋਜਨ ਰਸੁ ਖਾਣੈ।**
**ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ।**
**ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।**

**ਗੁਜਰੁ ਗੋਰਸੁ ਵੇਚਿ ਕੈ ਖਲਿ ਸੂੜੀ ਆਣੈ।**
**ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ॥ 4॥**

(ਵਾਰ 34, ਪਉੜੀ 4)

**ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥**
**ਓਹ ਨਿਤ ਸੁਨੈ ਹਰਿ ਨਾਮੁ ਜਸੁ ਉਹ ਪਾਪ ਬਿਸਾਹਨ ਜਾਇ॥ 52॥**

(ਅੰਗ ੧367)

**੧. ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ॥**
**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ॥**

(ਅੰਗ ੧3)

**2. ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ॥**
**ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ॥**

(ਅੰਗ ੧70)

ਗੁਰਬਾਣੀ ਦੇ ਸਿਧਾਂਤ ਅਨੁਸਾਰ 'ਵੇਦੀਨਾ ਕੀ ਦੋਸਤੀ' ਦਾ ਫਲ ਅਤੇ ਚੰਗੇ ਮਾੜੇ ਸੰਗ ਦਾ ਫਲ ਮਨੁੱਖ ਨੂੰ ਜ਼ਰੂਰ ਮਿਲਦਾ ਹੈ, ਇਸ ਸਬੰਧ ਵਿਚ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਅੰਦਰ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ :

## ਸਾਖੀ—ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਸੰਗ ਦਾ ਫਲ ਦੱਸਿਆ

**ਭਈ ਅਵੱਗਯਾ ਥੋਰਨ ਪਾਸੂ। ਮਿਲਯੋ ਸਰਬ ਪੁਰ ਕੋ ਦੁਖ ਰਾਸੂ।**

(ਨਾਨਕ ਪ੍ਰਕਾਸ਼ ਉਤਰਾਰਧ, ਧਿਆਏ 29)

ਮਰਦਾਨੇ ਨੂੰ ਨਾਲ ਲੈ ਕੇ ਸੰਨ ੧੫੨੧, ਸੰਮਤ ੧੫੭੮ ਬਿਕ੍ਰਮੀ ਨੂੰ ਗੁਰਦੇਵ ਭਾਈ ਲਾਲੋ ਨੂੰ ਮਿਲਣ ਵਾਸਤੇ ਏਮਨਾਬਾਦ (ਸੈਦਪੁਰ) ਜਾ ਪਹੁੰਚੇ। ਹਜ਼ੂਰ ਨਗਰ ਤੋਂ ਬਾਹਰ ਉਸ ਥਾਂ ਜਾ ਬੈਠੇ, ਜਿੱਥੇ ਪਿੱਛੋਂ ਗੁਰਦੁਵਾਰਾ ਰੋੜੀ ਸਾਹਿਬ ਬਣਿਆ ਹੈ।

**ਨਗਰ ਏਮਨਾਬਾਦ ਪਹੂੰਚੇ। ਬੈਠੇ ਵਹਿਰ ਸਥਲ ਪਿਖ ਊਚੇ।**

ਗੁਰੂ ਜੀ ਦੇ ਆਵਣ ਦੀ ਖ਼ਬਰ ਸੁਣ ਕੇ ਭਾਈ ਲਾਲੋ ਰੋੜੀ ਸਾਹਿਬ ਦੇ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਭਾਰਤ ਦੇ ਬਹੁਤ ਸਾਰੇ ਹਿੱਸੇ ਉੱਤੇ ਲੋਧੀ ਘਰਾਣੇ ਦਾ ਰਾਜ ਰਿਹਾ ਹੈ। ੧੫੦੮ ਬਿ: ਵਿਚ ਬਹਿਲੋਲ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆ। ਉਸ ਦੇ ਪਿਛੋਂ ਸਿਕੰਦਰ ਲੋਧੀ ਤੇ ਫਿਰ ਸਿਕੰਦਰ ਦਾ ਪੁੱਤਰ ਇਬਰਾਹੀਮ ਦਿੱਲੀ ਦਾ ਬਾਦਸ਼ਾਹ ਬਣਿਆ। ਇਬਰਾਹੀਮ ਲੋਧੀ ਪਾਨੀਪਤ

ਦੀ ਪਹਿਲੀ ਲੜਾਈ ਸਮੇਂ ੧੫੨੬ ਈ: ਵਿਚ ਬਾਬਰ ਹੱਥੋਂ ਮਾਰਿਆ ਗਿਆ। ਇਸ ਤਰ੍ਹਾਂ ਦਿੱਲੀ ਉੱਤੇ ਲੋਧੀਆਂ ਦੀ ਥਾਂ ਮੁਗ਼ਲਾਂ ਦਾ ਰਾਜ ਸ਼ੁਰੂ ਹੋਇਆ।

ਲੋਧੀਆਂ ਦੇ ਅਤਿਆਚਾਰਾਂ ਬਾਰੇ 'ਤਾਰੀਖ਼ੇ ਫ਼ਰਿਸ਼ਤਾ' ਤੇ 'ਤਾਰੀਖ਼ੇ ਦਾਊਦੀ' ਦੇ ਹਵਾਲੇ ਨਾਲ ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ, ''ਸਿਕੰਦਰ ਲੋਧੀ ਨੇ ਹਿੰਦੂਆਂ ਦੇ ਬਹੁਤ ਸਾਰੇ ਮੰਦਰ ਢਾਹ ਦਿੱਤੇ ਸਨ।........ਖ਼ਾਸ ਕਰ ਮਥਰਾ ਦੇ ਮੰਦਰ ਬਿਲਕੁਲ ਤਬਾਹ ਕਰ ਦਿੱਤੇ ਗਏ। ਹਿੰਦੂ ਦੇਵਤਿਆਂ ਦੀਆਂ ਧਾਰਮਿਕ ਮੂਰਤੀਆਂ ਤੋੜ ਕੇ ਕਸਾਈਆਂ ਨੂੰ ਦਿੱਤੀਆਂ ਗਈਆਂ, ਤਾਂ ਕਿ ਉਹ ਮਾਸ ਤੋਲਣ ਵਾਸਤੇ ਮੂਰਤੀਆਂ (ਠਾਕਰਾਂ) ਨੂੰ ਵੱਟਿਆਂ ਵਜੋਂ ਵਰਤ ਸਕਣ। ਏਥੇ ਹੀ ਬੱਸ ਨਹੀਂ, ਲੋਧੀਆਂ (ਖ਼ਾਸ ਕਰ ਸਿਕੰਦਰ ਲੋਧੀ) ਦੇ ਰਾਜ ਵਿਚ ਹਜ਼ਾਰਾਂ ਬੇਗੁਨਾਹ ਹਿੰਦੂ ਤਲਵਾਰ ਦੀ ਧਾਰ ਲੰਘਾਏ ਗਏ।

ਲੋਧੀਆਂ ਦੇ ਆਪਣੇ ਘਰ ਵਿਚ ਵੀ ਇਤਫ਼ਾਕ ਨਹੀਂ ਸੀ। ਸੁਲਤਾਨਪੁਰ ਦੇ ਦੌਲਤ ਖ਼ਾਨ (ਜੋ ਲਾਹੌਰ ਦਾ ਵੀ ਸੂਬੇਦਾਰ ਸੀ) ਨੇ ਬਾਬਰ ਨੂੰ ਹਮਲਾ ਕਰਨ ਦਾ ਸੱਦਾ ਦਿੱਤਾ ਸੀ। ਬਾਬਰ ਨੇ ਪਹਿਲਾ ਹਮਲਾ ੧੫੧੯ ਈ: ਵਿਚ ਕੀਤਾ। ਸ਼ਹਿਰ ਭੇਹਰਾ ਲੁੱਟ ਕੇ ਉਹ ਵਾਪਸ ਮੁੜ ਗਿਆ ਸੀ। ਹੁਣ ਜਿਸ ਦਾ ਜ਼ਿਕਰ ਅੱਗੇ ਕਰ ਰਹੇ ਹਾਂ, ਇਹ ਉਸ ਦਾ ਤੀਜਾ ਹਮਲਾ ਸੀ, ਜੋ ੧੫੨੧ ਈ: ਵਿਚ ਹੋਇਆ। ਹਜ਼ੂਰ ਨੇ ਬਾਬਰ ਦੇ ਹਮਲੇ ਬਾਰੇ ਲਾਲੋ ਨੂੰ ਸੰਬੋਧਨ ਕਰਕੇ ਸ਼ਬਦ ਉਚਾਰਿਆ :

**ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥**

ਇਸ ਸ਼ਬਦ ਦੇ ਅਖ਼ੀਰ ਵਿਚ ਬਚਨ ਕਹੇ ਹਨ :

**ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥**

(ਅੰਗ 723)

ਇਸ ਪੰਗਤੀ ਦੀ ਵਿਆਖਿਆ ਵਿਸਥਾਰ ਸਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ ਸ੍ਰੀ ਗੁਰੂ ਨਾਨਕ ਪ੍ਰਕਾਸ਼ ਪ੍ਰਬੋਧ, ਪੰਨਾ ੨੫੬ ਤੇ। ਗੁਰਦੇਵ ਕਹਿੰਦੇ ਗਏ, ''ਭਾਈ ਲਾਲੋ ! ਜਦ ਡਾਢਾ ਨਿਤਾਣਿਆਂ ਉੱਤੇ ਧੱਕਾ ਕਰਦਾ ਹੈ ਤਾਂ ਉਸ ਦਾ ਹਿਸਾਬ ਨਿਬੇੜਨ ਵਾਸਤੇ ਕੋਈ ਹੋਰ ਸਕਤਾ ਉਸ ਉੱਤੇ ਚੜ੍ਹ ਆਉਂਦਾ ਹੈ। ਲੋਧੀਆਂ ਤੋਂ ਅੱਤਿਆਚਾਰਾਂ ਦਾ ਬਦਲਾ ਲੈਣ ਵਾਸਤੇ ਬਾਬਰ ਆ ਰਿਹਾ ਹੈ।''

ਗੁਰਦੇਵ ਦਾ ਹੁਕਮ ਮੰਨ ਕੇ ਭਾਈ ਲਾਲੋ ਤੇ ਕੁਝ ਹੋਰ ਸ਼ਰਧਾਲੂ ਘਰ ਛੱਡ ਕੇ ਦੂਰ ਜੰਗਲ ਵਿਚ ਚਲੇ ਗਏ, ਪਰ ਗੁਰੂ ਜੀ ਤੇ ਮਰਦਾਨਾ ਓਥੇ ਹੀ ਰਹੇ।

ਭੇਹਰਾ ਤੇ ਸਿਆਲਕੋਟ ਲੁੱਟ ਕੇ ਬਾਬਰ ਪੂਰੀ ਤਾਕਤ ਨਾਲ ਸੈਦਪੁਰ (ਏਮਨਾਬਾਦ) ਤੇ ਆ ਪਿਆ। ਲੋਧੀ ਮੈਦਾਨ ਵਿਚ ਹਾਰ ਗਏ। ਬਾਬਰ ਨੇ ਸਾਰਾ ਸ਼ਹਿਰ ਲੁੱਟ ਲਿਆ। ਸ਼ਹਿਰ ਦੇ ਵਾਸੀ ਕੈਦੀ ਬਣਾ ਲਏ ਗਏ। ਖ਼ਾਸ ਕਰ ਸੁੰਦਰ ਨੌਜਵਾਨ ਲੜਕੀਆਂ ਦੀ ਰੱਜ ਕੇ ਬੇਪਤੀ ਕੀਤੀ ਗਈ। ਮਹਿਲਾਂ ਵਿਚ ਜੰਮੀਆਂ

ਪਲੀਆਂ ਵਾਲਾਂ ਤੋਂ ਫੜ ਕੇ ਧੂਹੀਆਂ ਗਈਆਂ। ਇਹ ਕੁਝ ਹੁੰਦਾ ਵੇਖ ਕੇ ਗੁਰਦੇਵ ਨੂੰ ਤਰਸ ਆਇਆ। ਹਜ਼ੂਰ ਨੇ ਇਹ ਦਰਦ ਭਰੀ ਹਾਲਤ ਅਗਲੇ ਸ਼ਬਦਾਂ ਵਿਚ ਉਚਾਰਨ ਕੀਤੀ ਹੈ :

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥**
**ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥ ੧॥**
**ਆਦੇਸੁ ਬਾਬਾ ਆਦੇਸੁ॥**
**ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥ ੧॥ ਰਹਾਉ॥**

(ਅੰਗ ੪੧੭)

ਲੁੱਟਿਆ ਹੋਇਆ ਮਾਲ ਜੇਤੂਆਂ ਨੇ ਬੰਦੀਆਂ ਦੇ ਸਿਰਾਂ 'ਤੇ ਚੁਕਾ ਲਿਆ ਤੇ ਕੈਦੀਆਂ ਵਾਸਤੇ ਬਣਾਏ ਬੰਦੀ-ਘਰ ਵੱਲ ਲੈ ਤੁਰੇ। ਗੁਰੂ ਜੀ ਦੇ ਸਿਰ 'ਤੇ ਵੀ ਇਕ ਭਾਰੀ ਪੰਡ ਚੁੱਕੀ ਹੋਈ ਸੀ। ਮਰਦਾਨੇ ਦੇ ਹਵਾਲੇ ਇਕ ਅਬੈੜਾ ਘੋੜਾ ਕੀਤਾ ਗਿਆ, ਜੋ ਉਹਦੇ ਵਾਸਤੇ ਸੰਭਾਲਣਾ ਔਖਾ ਹੋ ਰਿਹਾ ਸੀ। ਬੰਦੀਖ਼ਾਨੇ ਵਿਚ ਜਾ ਕੇ ਬਹੁਤ ਸਾਰੇ ਕੈਦੀਆਂ ਨੂੰ ਦਾਣੇ ਤੇ ਆਟੇ ਵਾਸਤੇ ਚੱਕੀਆਂ ਪੀਹਣ ਉੱਤੇ ਲਾਇਆ ਗਿਆ। ਮਰਦਾਨੇ ਤੇ ਗੁਰੂ ਜੀ ਨੂੰ ਵੀ ਏਹਾ ਮੁਸ਼ੱਕਤ ਮਿਲੀ। ਦੀਨ ਦੁਨੀਆਂ ਦਾ ਮਾਲਕ ਨਿਰੰਕਾਰ ਦਾ ਭਾਣਾ ਮੰਨ ਕੇ ਬੈਠਾ ਚੱਕੀ ਪੀਹ ਰਿਹਾ ਸੀ। ਇਕ ਥਾਂ ਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਸਾਰੀਆਂ ਚੱਕੀਆਂ ਆਪੇ ਚੱਲ ਰਹੀਆਂ ਸਨ। ਬਾਬਰ ਦਾ ਜਰਨੈਲ 'ਮੀਰ ਖ਼ਾਨ' ਕੈਦੀਆਂ ਦੇ ਉਦਾਲੇ ਚੱਕਰ ਲਾ ਕੇ ਸਭ ਦੇ ਮਨ ਦੀ ਹਾਲਤ ਜਾਚਣ ਦਾ ਯਤਨ ਕਰ ਰਿਹਾ ਸੀ। ਗੁਰਦੇਵ ਨੇ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਸ਼ਬਦ ਸ਼ੁਰੂ ਕੀਤਾ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ ੧॥**
**ਕਰਤਾ ਤੂੰ ਸਭਨਾ ਕਾ ਸੋਈ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ੧॥ ਰਹਾਉ॥**
**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥** (ਅੰਗ ੩੬੦)

ਗੁਰਦੇਵ ਦੇ ਚਿਹਰੇ ਦਾ ਪ੍ਰਭਾਵ ਤੇ ਸ਼ਬਦ ਦਾ ਅਸਰ ਐਨਾ ਸੀ ਕਿ ਸਖ਼ਤ ਤੋਂ ਸਖ਼ਤ ਹਿਰਦਾ ਵੀ ਪਸੀਜ ਜਾਂਦਾ ਸੀ। 'ਮੀਰ ਖ਼ਾਨ' ਨੇ ਗੁਰਦੇਵ ਨੂੰ ਚੱਕੀ ਚਲਾਉਂਦਿਆਂ ਤੇ ਸ਼ਬਦ ਗਾਉਂਦਿਆਂ ਤਕਿਆ। ਜਿੱਥੇ ਬਾਕੀ ਸਾਰੇ ਕੈਦੀ ਦਿਲ ਹਾਰ ਚੁੱਕੇ ਸਨ, ਓਥੇ ਇਹ ਰੱਬੀ ਫ਼ਕੀਰ ਖ਼ੁਦਾ ਨੂੰ ਉਲਾਹਮੇ ਦੇ ਰਿਹਾ ਸੀ। ਇਹ ਕੁਝ ਵੇਖ ਕੇ ਖ਼ਾਨ ਕੰਬ ਉਠਿਆ। ਉਹਨੇ ਸਾਰਾ ਹਾਲ ਬਾਦਸ਼ਾਹ ਬਾਬਰ ਨੂੰ ਜਾ ਦੱਸਿਆ। ਕੁਝ ਮਿੰਟ ਸੋਚ ਕੇ ਬਾਬਰ ਆਪ ਗੁਰਦੇਵ ਨੂੰ ਵੇਖਣ ਆਇਆ। ਗੁਰਦੇਵ ਓਸੇ ਤਰ੍ਹਾਂ ਆਪਣੀ ਧੁਨ ਵਿਚ ਬੈਠੇ ਗਾ ਰਹੇ ਸਨ।

ਮਰਦਾਨਾ ਨਿਰਭੈ ਬੈਠਾ ਰਬਾਬ ਵਜਾ ਰਿਹਾ ਸੀ।

ਬਾਬਰ ਬਹੁਤ ਪ੍ਰਭਾਵਤ ਹੋਇਆ। 'ਬਾਬਰ ਕੇ ਬਾਬੇ ਮਿਲੇ, ਮਿਲ ਮਿਲ ਸਭ ਨਬਾਬ ਨਿਵਾਯਾ।' ਉਹਨੇ ਆਦਰ ਨਾਲ ਝੁਕ ਕੇ ਕਿਹਾ, ''ਵਲੀ ਅੱਲਾਹ ! ਕੋਈ ਸੇਵਾ ਬਖ਼ਸ਼ੋ।'' ਬਾਬਰ ਦਾ ਖ਼ਿਆਲ ਸੀ ਕਿ ਇਸ ਕਾਮਲ ਫ਼ਕੀਰ ਨੂੰ ਖ਼ੁਸ਼ ਕੀਤਿਆਂ, ਇਸ ਦੇ ਮੂੰਹੋਂ ਅਸੀਸ ਪ੍ਰਾਪਤ ਕੀਤੀ ਜਾ ਸਕੇਗੀ।

ਗੁਰਦੇਵ ਨੇ ਕਿਹਾ ''ਐ ਬਾਦਸ਼ਾਹ ਬਾਬਰ ! ਸਾਡੀ ਖ਼ੁਸ਼ੀ ਚਾਹੁੰਦਾ ਹੈਂ ਤਾਂ ਇਹ ਸਾਰੇ ਕੈਦੀ ਛੱਡ ਦੇਹ। ਇਹਨਾਂ ਦਾ ਲੁੱਟਿਆ ਸਾਮਾਨ ਵਾਪਸ ਕਰ ਦੇਹ। ਇਸ ਤੋਂ ਵੱਧ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ।''

ਗੁਰਦੇਵ ਦੀ ਖ਼ੁਸ਼ੀ ਹਾਸਲ ਕਰਨ ਵਾਸਤੇ ਬਾਬਰ ਨੇ ਏਮਨਾਬਾਦ ਦੇ ਸਾਰੇ ਕੈਦੀ ਛੱਡ ਦਿੱਤੇ ਤੇ ਲੁੱਟਿਆ ਸਾਮਾਨ ਵਾਪਸ ਕਰ ਦਿੱਤਾ।

**ਤਬ ਬਾਬਰ ਕਰੀ ਬੰਦ ਖਲਾਸ। ਤਹਾ ਇਮਨਾਬਾਦ ਬਸਾਇਆ ਬਾਸ।**
**ਕਰ ਬੰਦ ਖਲਾਸ ਨਗਰ ਬਸਾਇਆ। ਤਬ ਮੀਰ ਬਾਬਰ ਦਿੱਲੀ ਪਰ ਧਾਇਆ।**

(ਮਹਿਮਾ ਪ੍ਰਕਾਸ਼)

ਇਸ ਦਾ ਅਸਰ ਲੋਕਾਂ ਉੱਤੇ ਵੀ ਬੜਾ ਪਿਆ। ਆਮ ਜਨਤਾ ਨੇ ਅਸਲੀਅਤ ਭਾਵ ਸਮਝ ਲਿਆ ਕਿ ਗ਼ਰੀਬਾਂ ਦਾ ਦਰਦ ਵੰਡਾਉਣ ਵਾਲੇ ਸੱਚੇ ਦਰਦੀ ਗੁਰੂ ਨਾਨਕ ਦੇਵ ਜੀ ਹੀ ਹਨ।

ਭਾਈ ਮਰਦਾਨੇ ਨੇ ਬੇਨਤੀ ਕੀਤੀ, ਮਹਾਰਾਜ ! ਏਮਨਾਬਾਦ ਵਿਚ (ਦੋਸ਼ੀ, ਪਾਪੀ) ਥੋੜੇ ਹੋਣਗੇ ਪਰ ਸਾਰੇ ਲੋਕਾਂ ਨੂੰ ਸੰਤਾਪ ਭੋਗਣਾ ਪਿਆ। ਇਸ ਦਾ ਕੀ ਕਾਰਣ ਹੈ ?

**ਭਈ ਅਵੱਗਯਾ ਥੋਰਨ ਪਾਸੂ। ਮਿਲਯੋ ਸਰਬ ਪੁਰ ਕੋ ਦੁਖ ਰਾਸੂ।**
**ਅਸਮੰਜਸ ਮੈ ਲਖ ਮਨ ਮਾਂਹੀ। ਬੂਝਨ ਕੀਨ ਆਪ ਕੇ ਪਾਹੀ॥ 4॥**

(ਨਾਨਕ ਪ੍ਰਕਾਸ਼ ਉਤਰਾਰਧ, ਧਿ: 29)

ਹਜ਼ੂਰ ਨੇ ਕਿਹਾ ਮਰਦਾਨਿਆ, ਮਾੜੇ ਸੰਗ ਦਾ ਫਲ ਮਿਲਦਾ ਹੈ। ਪਾਪੀ ਇਸ ਪਿੰਡ ਵਿਚ ਭਾਵੇਂ ਥੋੜੇ ਸਨ ਪਰ ਸਜ਼ਾ ਸਾਰਿਆਂ ਨੂੰ ਸੰਗੀ ਹੋਣ ਕਰਕੇ ਮਿਲੀ ਹੈ। ਮਰਦਾਨੇ ਦੀ ਤਸੱਲੀ ਨਾ ਹੋਈ ਇਹ ਸੁਣ ਕੇ ਤੇ ਮਨ ਵਿਚ ਮਰਦਾਨੇ ਦਾ ਸੰਸਾ ਰਿਹਾ।

**ਮਰਦਾਨੇ ਕੇ ਮਨ ਸੰਦੇਹੂ। ਕੁਛਕ ਰਹਯੋ ਪਰ ਬੋਲ ਨ ਕੇਹੂ।**

ਕੁਝ ਸਮਾਂ ਬੀਤਣ ਤੋਂ ਬੈਠਿਆਂ ਮਰਦਾਨੇ ਨੂੰ ਆਲਸ ਆਈ। ਅੱਖਾਂ ਮੀਟੀਆਂ ਸਨ ਮਰਦਾਨੇ ਦੀਆਂ ਤਾਂ ਗੁਰਦੇਵ ਨੇ ਮਰਦਾਨੇ ਦੇ ਪੇਟ 'ਤੇ ਮਿਠਾ ਲਗਾ ਦਿੱਤਾ। ਮਿਠੇ ਉਪਰ ਕੀੜੀਆਂ ਆ ਗਈਆਂ। ਇਕ ਕੀੜੀ ਨੇ ਮਰਦਾਨੇ ਦੇ ਦੰਦੀ ਵੱਢੀ। ਮਰਦਾਨੇ ਨੇ ਬਿਨਾਂ ਦੇਖਿਆਂ ਹੱਥ ਨਾਲ ਸਾਰੀਆਂ ਕੀੜੀਆਂ ਮਸਲ ਦਿੱਤੀਆਂ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਰਦਾਨਿਆ, ਕੀ ਕਰ ਰਿਹਾ ਹੈਂ ? ਦੰਦੀ ਇਕ ਨੇ ਵੱਢੀ ਹੈ ਤੇ ਤੈਂ ਸਾਰੀਆਂ ਕੀੜੀਆਂ ਮਾਰ ਦਿੱਤੀਆਂ ਹਨ :

**ਇਕ ਪਪੀਲਕਾ ਕਾਟਯੋ ਜਬਹੀ। ਜਾਗ ਮਲੀ ਮਰਦਾਨੇ ਸਭਹੀ॥ ੧੦॥**
**ਮਰੀ ਸਰਬ ਪੁਨਿ ਲਗਯੋ ਨਿਹਾਰਨ। ਤਬ ਸ੍ਰੀ ਗੁਰ ਕਿਯ ਬਚਨ ਉਚਾਰਨ।**
**ਕਾਟਿਉ ਏਕ ਬਹੁਤ ਤੈਂ ਮਾਰੀ। ਮਰਦਾਨੇ ਉਰ ਲੇਹੁ ਬਿਚਾਰੀ॥ ੧੧॥**

(ਨਾਨਕ ਪ੍ਰਕਾਸ਼ ਉਤਾਰਧ, ਧਿ: 29)

ਇਹ ਦੇਖ ਸੁਣ ਕੇ ਮਰਦਾਨੇ ਦੀ ਤਸੱਲੀ ਹੋ ਗਈ। ਇਹ ਸਾਰਾ ਪ੍ਰਸੰਗ ਵਿਸਥਾਰ ਸਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ, ਦਸ ਗੁਰਜੋਤ, ਗੁਰਇਤਿਹਾਸ ਦਸ ਪਾਤਸ਼ਾਹੀਆਂ।

ਸਲੋਕ ਮ: ੧ ॥ ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥ ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥ ੧ ॥ ਮ: ੧ ॥ ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥ ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥ ਨਾਨਕ ਜਿਨੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ॥ 2 ॥ ਪਉੜੀ ॥ ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ॥ ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ॥ ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥ ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਾਇਆ ॥ ੧4 ॥

ਪਦ ਅਰਥ :- ਜਾਰਾ=ਵਿਭਚਾਰੀ (ਮਨੁੱਖ)। ਰੰਡੀਆ=ਵਿਭਚਾਰਨ ਇਸਤਰੀਆਂ। ਕੁਟਣੀਆ=ਵਿਭਚਾਰਨੀਆਂ, ਪੇਸ਼ਾ ਕਰਾਉਣ ਵਾਲੀਆਂ ਕੰਜਰੀਆਂ। ਵੇਦੀਨਾ ਕੀ=ਅਧਰਮੀ ਲੋਕਾਂ ਦੀ। ਗਦਹੁ=ਖੋਤੇ ਨੂੰ। ਚੰਦਨਿ=ਚੰਦਨ ਨਾਲ। ਖਉਲੀਐ=ਮਲੀਏ। ਭੀ=ਫਿਰ ਵੀ। ਸਾਹੂ=ਸੁਆਹ। ਪਾਣੁ=ਪਾਣ ਦੀ ਵਾਦੀ, ਸੁਭਾਉ। ਕੂੜੈ ਕਤਿਐ=ਕੂੜ ਦਾ (ਸੂਤ) ਕੱਤਣ ਨਾਲ। ਤਣੀਐ ਤਾਣੁ=ਤਾਣੀ ਤਣੀਦੀ ਹੈ। ਕਛੀਐ=ਕਛੀਦਾ, ਮਿਣੀਦਾ ਹੈ। ੧। ਮ: ੧॥ ਬਾਂਗਾ=ਨਿਮਾਜ਼ ਲਈ ਕੀਤੀ ਪੁਕਾਰ।੨। ਪਉੜੀ॥ ਚੁਕਾਇਓਨੁ=ਉਸ (ਪ੍ਰਭੂ) ਨੇ ਮੁਕਾਇਆ। ਨਾਮਿ=ਨਾਮ ਵਿਚ। ਸਮਾਇਆ=ਲੀਨ ਹੋਇਆ।

ਅਰਥ :- (ਹੇ ਭਾਈ ! ਕਲਿਜੁਗ ਅੰਦਰ) ਚੋਰਾਂ, ਵਿਭਚਾਰੀਆਂ, ਰੰਡੀਆਂ, ਵਿਭਚਾਰਨ ਇਸਤਰੀਆਂ ਦੀ ਆਪਣੀ ਵੱਖਰੀ ਮਜਲਸ ਸਭਾ ਲੱਗਦੀ ਹੈ। ਇਸ ਸਭਾ ਵਿਚ ਧਰਮਹੀਨ ਬੇਈਮਾਨਾਂ (ਅਧਰਮੀਆਂ) ਦੀ (ਪਰਸਪਰ) ਮਿੱਤਰਤਾ ਅਤੇ ਐਸੇ ਅਧਰਮੀਂ ਬੇ-ਦੀਨਿਆਂ ਦਾ ਖਾਣ-ਪੀਣ (ਹੁੰਦਾ ਹੈ)। (ਇਹ ਕੁਸੰਗੀ ਮੰਦ ਕਰਮੀ ਲੋਕ ਰੱਬੀ) ਸਿਫ਼ਤਾਂ ਕਰਨੀਆਂ ਨਹੀਂ ਜਾਣਦੇ, (ਕਿਉਂਕਿ ਇਹਨਾਂ ਦੇ ਮਨ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਵਿਚ ਤਾਂ ਵਿਕਾਰ) ਸਦਾ ਸ਼ੈਤਾਨ (ਕਾਮ) ਵਸਦਾ ਹੈ। ਖੋਤੇ ਨੂੰ ਚੰਦਨ (ਸੁਗੰਧੀ) ਮਲੀਏ ਤਾਂ ਭੀ ਉਸ ਦਾ ਸੁਭਾਉ (ਵਾਦੀ) ਸੁਆਹ ਵਿਚ ਪੈਣ ਦਾ ਹੁੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਕੂੜ ਦੇ ਕੱਤਣ ਨਾਲ ਕੂੜ ਦੀ ਤਾਣੀ ਹੀ ਤਣੀਦੀ ਹੈ। ਕੂੜ ਦਾ ਕਪੜਾ ਕੱਛ ਕੇ ਉਸ ਦਾ ਪਹਿਨਣਾ (ਤੇ ਪਹਿਨਣ ਦਾ) ਮਾਣ (ਕਰਨਾ ਵੀ) ਝੂਠ ਹੀ ਹੈ।੧।

ਮ: ੧॥ (ਹਜ਼ੂਰ ਨੇ ਅੱਗੇ ਮੁੱਲਾਂ, ਜੋਗੀਆਂ ਆਦਿ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ) : ਮੁੱਲਾਂ ਬਾਂਗ (ਦੇ ਕੇ, ਫ਼ਕੀਰ) ਤੂਤੀ (ਵਜਾ ਕੇ, ਜੋਗੀ) ਸਿੰਙੀ ਸੁਣਾ ਕੇ, ਮਿਰਾਸੀ (ਜਿਨ੍ਹਾਂ ਨੂੰ) ਕਲਾਣਾ (ਲੋਕਾਂ ਦੀਆਂ ਵਡਿਆਈਆ ਕਰਨੀਆਂ ਹੀ) ਮਿਲੀਆਂ ਹਨ, (ਲੋਕਾਂ ਦੇ ਘਰਾਂ ਤੋਂ ਮੰਗਦੇ ਹਨ)। ਇਸੇ ਤਰ੍ਹਾਂ ਸੰਸਾਰ ਵਿਚ) ਕਈ ਦਾਨੀ ਲੋਕ ਦਾਤੇ ਅਤੇ ਕਈ ਮੰਗਤੇ ਹਨ (ਪਰ ਹੇ ਪ੍ਰਭੂ ! ਤੇਰੇ ਦਰ ਉੱਤੇ ਤਾਂ ਕੇਵਲ) ਤੇਰਾ ਨਾਮ ਹੀ ਪਰਵਾਣ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਨ੍ਹਾਂ (ਗੁਰਮੁਖਾਂ) ਨੇ (ਤੇਰਾ ਨਾਮ) ਸੁਣ ਕੇ ਮੰਨਿਆ ਹੈ, ਮੈਂ ਉਨ੍ਹਾਂ ਤੋਂ ਕੁਰਬਾਨ (ਸਦਕੇ ਜਾਂਦਾ ਹਾਂ)।੨।

ਪਉੜੀ॥ (ਇਸ ਝੂਠੀ) ਮਾਇਆ ਦਾ ਮੋਹ ਸਭ ਝੂਠਾ ਹੈ ਅਤੇ ਜਿਹੜਾ (ਇਸ ਵਿਚ ਫਸਿਆ ਹੈ, ਉਹ ਭੀ ਝੂਠਾ ਹੋ ਗਿਆ ਹੈ। ਹਉਮੈ ਵਿਚ ਘਿਰੇ ਹੋਏ ਜੀਵ ਝੂਠੀ ਮਾਇਆ ਲਈ ਝਗੜੇ ਪਾਉਂਦੇ ਹਨ ਅਤੇ ਇਸ ਝਗੜਿਆਂ ਵਿਚ ਹੀ ਮਰ ਖਪ ਜਾਂਦੇ ਹਨ ਅਤੇ ਇਹ ਝਗੜਾ ਪ੍ਰਭੂ ਨੇ ਹੀ ਹਉਮੈ ਦਾ ਪੈਦਾ ਕੀਤਾ ਹੈ। (ਪਰ ਜੋ) ਗੁਰੂ ਅਨੁਸਾਰੀ ਸਿੱਖ ਹੈ, ਉਸ ਦਾ ਇਹ ਝਗੜਾ ਪ੍ਰਭੂ ਨੇ ਮੁਕਾਅ ਦਿੱਤਾ (ਕਿਉਂਕਿ ਉਸ ਨੂੰ ਸਾਰਿਆਂ ਵਿਚ) ਵਿਆਪਕ ਹੋ ਰਿਹਾ ਇਕ (ਪ੍ਰਭੂ ਦਿੱਸ ਪਿਆ)। (ਉਸ ਨੇ) ਸਭ ਪਾਸੇ ਆਤਮ ਰਾਮ (ਪਰਮਾਤਮਾ ਨੂੰ ਪਛਾਣ ਲਿਆ, ਇਸ ਲਈ) ਉਹ ਸੰਸਾਰ ਸਾਗਰ ਤੋਂ ਤਰ ਗਿਆ। (ਉਹ ਗੁਰਮੁਖ) ਹਰਿ ਨਾਮ ਵਿਚ ਸਮਾਅ ਗਿਆ ਹੈ (ਅਤੇ ਉਸ ਜੀਵ ਦੀ) ਜੋਤ ਪ੍ਰਮਾਤਮਾ (ਪਰਮ) ਜੋਤੀ ਪ੍ਰਮਾਤਮਾ ਵਿਚ ਸਮਾਅ ਗਈ ਹੈ।੧੪।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧63 (ਆਦਿ ਅੰਗ 79੧)

## ਸਲੋਕ ਮਃ 2 ॥

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥ ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥ ੧ ॥ ਮਃ 2 ॥ ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ ॥ ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ 2 ॥ ਪਉੜੀ ॥ ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥ ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥ ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥ ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥ ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥ 20 ॥ ੧ ॥

## ਪ੍ਰਾਕ੍ਰਥਨ :

ਇਹ ਪਾਵਨ ਸ਼ਬਦ ਸੂਹੀ ਰਾਗੁ ਦੀ ੨੦ਵੀਂ ਪਉੜੀ ਨਾਲ ਸਬੰਧਤ ਦੋ ਸਲੋਕ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ।

## ਵਿਸ਼ਾ — ਕਿਸ ਹੀ ਕੋਈ ਕੋਇ

ਸੰਸਾਰ ਦੇ ਅੰਦਰ ਕਿਸੇ ਮਨੁੱਖ ਨੇ ਕਿਸੇ ਦਾ ਆਸਰਾ ਤੱਕਿਆ ਹੈ ਅਤੇ ਕਿਸੇ ਮਨੁੱਖ ਨੇ ਕਿਸੇ ਦਾ। ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਪਾਵਨ ਬਚਨ ਹਨ ਕਿ ਕਿਸੇ ਨੇ ਤਾਂ ਸੰਸਾਰਿਕ ਮਿੱਤਰਾਂ ਦੋਸਤਾਂ ਦਾ ਤੇ ਕਿਸੇ ਨੇ ਆਪਣੇ ਪੁੱਤਰਾਂ ਧੀਆਂ ਆਦਿ ਨੂੰ ਹੀ ਸਭ ਕੁਝ ਮੰਨਿਆ ਹੈ। ਕਿਸੇ ਨੇ ਆਪਣੇ ਕੁੜਮ ਦਾ ਅਤੇ ਜਵਾਈ ਆਦਿ ਦਾ ਆਸਰਾ ਤੱਕਿਆ ਹੈ, ਕਿਸੇ ਨੇ ਸਰਦਾਰਾਂ, ਚੌਧਰੀਆਂ ਆਦਿ ਦਾ ਆਸਰਾ ਤੱਕਿਆ ਹੈ, ਪਰ ਰੱਬ ਦੇ ਪਿਆਰਿਆਂ ਨੂੰ ਤਾਂ ਸੱਚੇ ਗੁਰੂ ਪ੍ਰਮੇਸ਼ਰ ਦਾ ਆਸਰਾ ਹੀ ਹੁੰਦਾ ਹੈ।

**ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥**
**ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥**
**ਕਿਸ ਹੀ ਧੜਾ ਕੀਆ ਸਿਰਦਾਰ ਚਉਧਰੀ ਨਾਲਿ ਆਪਣੈ ਸੁਆਈ॥**
**ਹਮਾਰਾ ਧੜਾ ਹਰਿ ਰਹਿਆ ਸਮਾਈ॥**
**ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥**
**ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ,**
**ਹਰਿ ਗੁਣ ਗਾਵਾ ਅਸੰਖ ਅਨੇਕ॥੧॥**

(ਅੰਗ 366)

ਜਿਨ੍ਹਾਂ ਨੂੰ ਸੱਚੇ ਗੁਰੂ ਦਾ ਆਸਰਾ ਹੈ, ਉਹ ਆਪਣੇ ਗੁਰੂ ਤੋਂ ਬਿਨਾਂ ਰਹਿ ਨਹੀਂ ਸਕਦੇ। ਉਹ ਪ੍ਰਭੂ ਪਿਆਰੇ ਗੁਰਸਿੱਖ ਗੁਰੂ ਨੂੰ ਮਿਲਣ ਵਾਸਤੇ ਸਭ ਕਠਨਾਈਆਂ ਦਾ ਟਾਕਰਾ ਕਰਦੇ ਹੋਏ ਜਾ ਕੇ ਗੁਰੂ ਜੀ ਦੇ ਆਪ ਤਾਂ ਦਰਸ਼ਨ ਕਰਦੇ ਹੀ ਹਨ, ਸਗੋਂ ਹੋਰਨਾਂ ਨੂੰ ਵੀ ਗੁਰੂ ਸਾਹਿਬ ਜੀ ਦੇ ਚਰਨਾਂ ਦਾ ਸੇਵਕ ਬਣਾ ਦਿੰਦੇ ਹਨ।

ਜਿਸ ਤਰ੍ਹਾਂ ਭਾਈ ਪਾਰੋ ਜੀ ਇਕ ਉੱਘੇ ਗੁਰੂ ਕੇ ਸਿੱਖ ਹੋਏ ਹਨ। ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਰੋਜ਼ਾਨਾ ਡੱਲੇ ਪਿੰਡ ਤੋਂ ਗੋਇੰਦਵਾਲ ਸਾਹਿਬ ਆਉਂਦੇ ਹਨ। ਰਸਤੇ ਵਿਚ ਬਿਆਸ ਦਰਿਆ ਹੈ। ਭਾਈ ਪਾਰੋ ਜੁਲਕਾ ਜੀ ਗੁਰੂ ਆਸਰੇ ਦਰਿਆ ਦੀਆਂ ਲਹਿਰਾਂ ਨੂੰ ਪਾਰ ਕਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਧੰਨਭਾਗ ਸਮਝਦੇ ਹਨ। ਉਨ੍ਹਾਂ ਅੰਦਰ ਹਮੇਸ਼ਾ ਗੁਰੂ ਦੇ ਦੀਦਾਰ ਦੀ ਤੜਪ ਬਣੀ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਰਹਿੰਦੀ ਹੈ।

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥ ੧੩ ॥**
**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥ ੧੪ ॥**
**ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥ ੧੫ ॥**

(ਰਾਗੁ ਸੂਹੀ ਅਸਟਪਦੀਆ ਮ: 4, ਅੰਗ 757)

ਦਰਸ਼ਨ ਕਰਨ ਉਪਰੰਤ ਉਸੇ ਤਰ੍ਹਾਂ ਦਰਿਆ ਅੰਦਰ ਘੋੜੀ ਨੂੰ ਠੇਲ੍ਹ ਕੇ ਵਾਪਸ ਪਿੰਡ ਆ ਜਾਂਦੇ ਹਨ। ਦਿੱਲੀਓਂ ਲਾਹੌਰ ਨੂੰ ਜਾਂਦਾ ਫ਼ੌਜਾਂ ਦਾ ਕਾਫ਼ਲਾ ਦਰਿਆ ਦੇ ਹੜ੍ਹ ਨੂੰ ਵੇਖ ਕੇ ਰੁਕ ਗਿਆ। ਫ਼ੌਜਾਂ ਦਾ ਜਰਨੈਲ ਅੱਲ੍ਹਾ ਯਾਰ ਖਾਂ ਹੜ੍ਹ ਦੇ ਪਾਣੀ ਦੇ ਉਤਰਨ ਦੀ ਉਡੀਕ ਕਰਨ ਲੱਗਾ। ਜਿਉਂ ਹੀ ਜਰਨੈਲ ਨੇ ਭਾਈ ਪਾਰੋ ਜੁਲਕਾ ਜੀ ਨੂੰ ਰਵਾਂ-ਰਵੀਂ ਘੋੜੀ ਠੇਲ੍ਹ ਕੇ ਦਰਿਆ ਪਾਰ ਕਰਦੇ ਵੇਖਿਆ ਤਾਂ ਉਸ ਦੀ ਅਕਲ ਦੰਗ ਰਹਿ ਗਈ। ਜਦੋਂ ਭਾਈ ਸਾਹਿਬ ਵਾਪਸ ਆਏ ਤਾਂ ਜਰਨੈਲ ਨੇ ਪੁੱਛਿਆ — ਸਿੱਖਾ ! ਤੈਨੂੰ ਰੁੜ੍ਹਨ ਦਾ ਡਰ ਨਹੀਂ ਆਇਆ ? ਤਾਂ ਭਾਈ ਪਾਰੋ ਜੀ ਨੇ ਕਿਹਾ ਕਿ ਜਦ ਸਤਿਗੁਰੂ ਜੀ ਦੇ ਭਰੋਸੇ ਦੇ ਬੇੜੇ ਚੜ੍ਹ ਜਾਈਏ ਫਿਰ ਡਰ ਕਾਹਦਾ ? ਜਰਨੈਲ ਅੱਲ੍ਹਾ ਯਾਰ ਖ਼ਾਂ ਇਥੋਂ ਹੀ ਗੁਰੂ-ਚਰਨਾਂ ਦਾ ਸਾਦਿਕ ਬਣ ਜਾਂਦਾ ਹੈ। ਗੁਰੂ ਅਮਰਦਾਸ ਜੀ ਦੇ ਚਰਨਾਂ 'ਚੋਂ ਗੁਰਮਤਿ ਦਾਨ ਪਾ ਕੇ ਵਡਭਾਗਿਆਂ ਵਿਚ ਸ਼ਾਮਿਲ ਹੋ ਗਿਆ। ਤੀਜੇ ਗੁਰੂ ਜੀ ਨੇ ਪ੍ਰਚਾਰ ਦੀ ਜ਼ਿੰਮੇਵਾਰੀ ਜਦ ਗੁਰਸਿੱਖਾਂ ਨੂੰ ਬਖ਼ਸ਼ੀ ਤਾਂ ਉਨ੍ਹਾਂ ਭਾਗਸ਼ਾਲੀ ਗੁਰਸਿੱਖਾਂ ਵਿਚ ਅੱਲ੍ਹਾ ਯਾਰ ਖ਼ਾਂ ਵੀ ਸੀ।

ਭਾਈ ਪਾਰੋ ਜੀ ਨੂੰ ਭਾਈ ਸਾਹਿਬ ਗੁਰਦਾਸ ਜੀ ਨੇ ਪਰਮ ਹੰਸ ਕਰ ਕੇ ਵਾਰਾਂ ਅੰਦਰ ਲਿਖਿਆ ਹੈ :

**ਪਾਰੋ ਜੁਲਕਾ ਪਰਮਹੰਸੁ ਪੂਰੇ ਸਤਿਗੁਰ ਕਿਰਪਾ ਧਾਰੀ।....**
**ਪੂਰੈ ਸਤਿਗੁਰ ਪੈਜ ਸਵਾਰੀ॥**

(ਵਾਰ ੧੧, ਪਉੜੀ ੧੫)

ਐਸੇ ਪ੍ਰਭੂ ਪਿਆਰਿਆਂ ਦਾ ਨਿਸਚਾ ਅਡੋਲ ਹੁੰਦਾ ਹੈ। ਸੰਸਾਰੀ ਲੋਕਾਂ ਨੇ ਸੰਤਾਂ, ਭਗਤਾਂ ਨੂੰ ਨਿਹਚੇ ਤੋਂ ਡੇਗਣ ਵਾਸਤੇ ਬੜੇ ਜਤਨ ਕੀਤੇ, ਪਰ ਪ੍ਰਭੂ ਪਿਆਰੇ ਕਦੇ ਡੋਲੇ ਨਹੀਂ ਹਨ।

ਭਗਤ ਕਬੀਰ ਜੀ ਦੀ ਰੱਖਿਆ ਕੀਤੀ। ਸੱਚ ਮੂਰਤੀਮਾਨ ਕਰ ਕੇ ਗੁਰੂ ਪਰਮਾਤਮਾ ਦੇ ਭਰੋਸੇ ਅੰਦਰ ਮਨ ਨੂੰ ਟਿਕਾਉਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਅਖੌਤੀ ਜਾਤ ਦੇ ਅਭਿਮਾਨ ਅੰਦਰ ਫਸੇ ਅੰਧੇ ਮਨੁੱਖਾਂ ਦੀ ਅੱਖ ਭਗਤ ਜੀ ਨੂੰ ਪਹਿਚਾਣ ਨਾ ਸਕੀ। ਕਦੇ ਵਰਨ-ਵੰਡ ਦੀ ਉਨ੍ਹਾਂ ਵੱਲੋਂ ਨਿਰਾਦਰੀ ਕਰਨ ਦਾ ਇਲਜ਼ਾਮ ਲੱਗਾ ਅਤੇ ਕਦੇ ਸ਼ਰ੍ਹਾ ਦਾ ਅਪਮਾਨ ਕਰਨ ਦਾ ਇਲਜ਼ਾਮ ਭਗਤ ਸਿਰ ਮੜ੍ਹਿਆ। ਕਦੇ ਵਰਨ-ਵੰਡ ਦੇ ਮੁਦੱਈ ਬ੍ਰਾਹਮਣਾਂ ਤੇ ਕਦੇ ਸ਼ਰ੍ਹਾ ਦੇ ਦੀਵਾਨਿਆਂ ਨੇ ਭਗਤ ਜੀ ਨੂੰ ਜਾਨੋਂ ਮਾਰਨ ਲਈ ਖ਼ੂਨੀ ਹਾਥੀ ਅੱਗੇ ਸੁਟਵਾਇਆ। ਗਹਿਰੀ ਗੰਗਾ ਦੇ ਡੂੰਘੇ ਪਾਣੀ ਅੰਦਰ ਨੂੜ ਕੇ ਸੁੱਟਿਆ।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਇਥੇ ਵੀ ਪਰਮਾਤਮਾ ਦੇ ਗੁਪਤ ਹੱਥ ਭਗਤ ਦੇ ਸਿਰ 'ਤੇ ਰਹੇ। ਮਨ ਪਰਮਾਤਮਾ ਦੀ ਸ਼ਕਤੀ ਅੰਦਰ ਲਿਵਲੀਨ ਹੋਣ ਕਰ ਕੇ ਚਿੱਤ ਅਡੋਲ ਰਿਹਾ। ਆਪ ਜੀ ਨੇ ਆਪਣੀ ਬਾਣੀ ਵਿਚ ਕਥਨ ਕੀਤਾ ਹੈ :

**ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥**
**ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥ ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥**
**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥ 2॥**
**ਕਹਿ ਕੰਬੀਰ ਕੋਊ ਸੰਗ ਨ ਸਾਥ॥ ਜਲ ਥਲ ਰਾਖਨ ਹੈ ਰਘੁਨਾਥ॥ 3॥**

(ਭੈਰਉ ਕਬੀਰ ਜੀ, ਅੰਗ ੧੧62)

ਭਗਤ ਪ੍ਰਹਿਲਾਦ ਜੀ ਨੂੰ ਬਾਲ ਅਵਸਥਾ 'ਚ ਉਨ੍ਹਾਂ ਦੇ ਸੰਸਾਰੀ ਪਿਤਾ ਰਾਜੇ ਹਰਣਾਖਸ਼ ਨੇ ਪ੍ਰਭੂ-ਵਿਸ਼ਵਾਸ ਤੋਂ ਥਿੜਕਾਉਣ ਲਈ ਆਪਣੀ ਸਾਰੀ ਸਿਆਣਪ ਅਤੇ ਤਾਕਤ ਵਰਤੀ। ਰਾਜੇ ਹਰਣਾਖਸ਼ ਦਾ ਸਾਥ ਉਸ ਦੀ ਸਕੀ ਭੈਣ ਹੋਲਕਾ ਵੱਲੋਂ ਵੀ ਦਿੱਤਾ ਗਿਆ। ਅਕਸਰ ਸੰਸਾਰ ਵਿਚ ਕੋਈ ਵੀ ਭੂਆ ਹੋਵੇ, ਆਪਣੇ ਭਤੀਜੇ-ਭਤੀਜੀਆਂ ਦੀ ਸੁਖ ਮੰਗਦੀ ਹੈ ਪਰ ਦੁਸ਼ਟ ਭਰਾ ਦੀ ਦੁਸ਼ਟ ਭੈਣ ਭਤੀਜੇ ਨੂੰ ਜਾਨੋਂ ਮਾਰਨ ਵਾਸਤੇ ਪੂਰੀ ਮਦਦ ਕਰਦੀ ਹੈ। ਹੋਲਕਾ ਭਗਤ ਪ੍ਰਹਿਲਾਦ ਨੂੰ ਗੋਦੀ ਚੁੱਕ ਕੇ ਬਲਦੀਆਂ ਲੱਕੜਾਂ ਅੰਦਰ ਬੈਠ ਗਈ। ਹੋਲਕਾ ਸ਼ਿਵ ਜੀ ਦੀ ਉਪਾਸ਼ਕ ਸੀ। ਉਹਨੂੰ ਭਰੋਸਾ ਸੀ ਕਿ ਮੈਨੂੰ ਸ਼ਿਵ ਜੀ ਵੱਲੋਂ ਵਰ ਪ੍ਰਾਪਤ ਹੈ ਕਿ ਜਿਹੜਾ ਦੁਪੱਟਾ ਮੇਰੇ ਸਿਰ 'ਤੇ ਹੈ, ਇਹ ਮੈਨੂੰ ਸੜਨ ਨਹੀਂ ਦੇਵੇਗਾ, ਪਰ ਹੋਇਆ ਇਸ ਦੇ ਉਲਟ। ਉਹ ਦੁਪੱਟਾ ਉੱਡ ਕੇ ਪ੍ਰਹਿਲਾਦ ਦੇ ਉਪਰ ਜਾ ਪਿਆ। ਪ੍ਰਮਾਤਮ ਦੇ ਚਰਨਾਂ ਨਾਲ ਜੁੜੇ ਪ੍ਰਹਿਲਾਦ ਜੀ ਦੀ ਅਗਨੀ ਅੰਦਰ ਰੱਖਿਆ ਹੋਈ ਅਤੇ ਸ਼ਿਵ ਉਪਾਸ਼ਕ ਹੋਲਕਾ ਸੜ ਗਈ। ਹੋਲਕਾ ਦੇ ਸੜਨ ਦੀ ਖ਼ੁਸ਼ੀ 'ਚ ਹੋਲੀ ਦਾ ਤਿਉਹਾਰ ਬਣਿਆ ਕਿ ਪ੍ਰਮਾਤਮਾ ਭਗਤਾਂ ਦੀ ਸਦਾ ਰਖਵਾਲੀ ਕਰਦਾ ਹੈ। ਹੋਲਕਾ ਤੋਂ ਬਾਅਦ ਰਾਜੇ ਹਰਣਾਖਸ਼ ਨੂੰ ਵਾਹਿਗੁਰੂ ਜੀ ਨੇ ਸਜ਼ਾ ਦੇ ਕੇ ਆਪਣੇ ਕ੍ਰਿਪਾਲੂ ਬਿਰਦ ਦਾ ਪ੍ਰਗਟਾਅ ਕੀਤਾ। ਗੁਰੂ ਅਮਰਦਾਸ ਜੀ ਨੇ ਪ੍ਰਮਾਤਮਾ ਦੇ ਬਿਰਦ ਅਤੇ ਭਗਤ ਦੀ ਪ੍ਰੀਤ ਨੂੰ ਇਸ ਤਰ੍ਹਾਂ ਦਰਸਾਇਆ ਹੈ :

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥**

(ਸੋਰਠਿ ਮਹਲਾ 3, ਅੰਗ 637)

ਗੁਰੂ ਰਾਮਦਾਸ ਜੀ ਨੇ ਵੀ ਅਕਾਲ ਪੁਰਖ ਜੀ ਦੇ ਭਗਤਾਂ ਪ੍ਰਤੀ ਪ੍ਰੇਮ ਦੇ ਦਰਸ਼ਨ ਕਰਵਾਏ ਹਨ :

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥**

(ਆਸਾ ਮਹਲਾ 4, ਅੰਗ 45੧)

ਭਾਈ ਗੁਰਦਾਸ ਜੀ ਨੇ ਇਸ ਸਾਰੇ ਪ੍ਰਸੰਗ ਨੂੰ ਇਸ ਤਰ੍ਹਾਂ ਦਰਸਾਇਆ ਹੈ :

**ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।**
**ਪੜ੍ਹਨ ਪਠਾਇਆ ਚਾਟਸਾਲ ਪਾਂਧੈ ਚਿਤਿ ਹੋਆ ਅਹਿਲਾਦ।**
**ਸਿਮਰੈ ਮਨਿ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦ।**
**ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।**
**ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।**
**ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।**
**ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।**
**ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।**
**ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।**
**ਜੈ ਜੈ ਕਾਰ ਕਰਨਿ ਬ੍ਰਹਮਾਦਿ॥ 2 ॥** (ਵਾਰ ੧੦, ਪਉੜੀ ੧੨)

## ਸਾਖੀ — ਮਿਲਨੇ ਕੀ ਅਭਿਲਾਖਾ ਐਸੇ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਮ ਪਿਆਰੇ ਸੇਵਕ ਭਾਈ ਜੋਧ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣ ਕੇ ਭਾਈ ਲਹਿਣਾ ਜੀ ਦੇ ਮਨ ਅੰਦਰ ਗੁਰੂ ਜੀ ਨੂੰ ਮਿਲਣ ਦੀ ਐਸੀ ਤਾਂਘ ਪੈਦਾ ਹੋ ਗਈ ਜਿਸ ਦਾ ਜ਼ਿਕਰ ਗੁਰ ਇਤਿਹਾਸ ਅੰਦਰ ਇਸ ਤਰ੍ਹਾਂ ਆਇਆ ਹੈ :

**ਮਿਲਨੇ ਕੀ ਅਭਿਲਾਖਾ ਐਸੇ। ਮਧਕਰ ਖੋਜਤ ਪੁਸਕਰ ਜੈਸੇ।**
**ਜਿਉ ਮ੍ਰਿਗ ਪਿਆਸੋ ਜਲ ਕਉ ਚਾਹੈ। ਜਿਉ ਚਾਤ੍ਰਿਕ ਏਕ ਬੂੰਦ ਬਿਨਾ ਹੈ।**

ਸ੍ਰੀ ਗੁਰੂ ਅੰਗਦ ਦੇਵ ਜੀ ਕਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਆਏ ਸਨ, ਆਓ ਇਸ ਪ੍ਰਸੰਗ ਨੂੰ ਅਰੰਭ ਤੋਂ ਵਿਚਾਰੀਏ :

ਬਾਬਾ ਫੇਰੂ ਮੱਲ ਜੀ ਸੰਨ ੧੫੨੬ (ਸੰਮਤ ੧੫੮੩) ਨੂੰ ਚਲਾਣਾ ਕਰ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਮਰ ਉਸ ਵੇਲੇ ੨੨ ਸਾਲ ਦੀ ਸੀ। ਬਾਬਾ ਫੇਰੂ ਮੱਲ ਜੀ ਹਰ ਸਾਲ ਵੈਸ਼ਨੋ ਦੇਵੀ ਯਾਤਰਾ-ਜੱਥਾ ਲੈ ਕੇ ਜਾਇਆ ਕਰਦੇ ਸਨ ਅਤੇ ਆਪ ਜੀ ਜੱਥੇ ਦੇ ਮੁਖੀ ਹੁੰਦੇ ਸਨ। ਪਿਤਾ ਜੀ ਦੇ ਅਕਾਲ ਚਲਾਣੇ ਪਿੱਛੋਂ ਯਾਤਰਾ ਲੈ ਜਾਣ ਦੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਨੇ ਸਾਂਭ ਲਈ। ਕਰਤਾਰਪੁਰ ਰਾਵੀ ਦੇ ਕੰਢੇ ਉੱਤੇ ਖਡੂਰ ਸਾਹਿਬ ਤੋਂ ਪੈਦਲ ਜਾਣ ਵਾਲਿਆਂ ਨੂੰ ਰਸਤੇ ਵਿਚ ਹੀ ਪੈਂਦਾ ਸੀ। ਪਿਤਾ ਜੀ ਵਾਲੀ ਜ਼ਿੰਮੇਵਾਰੀ ਤਾਂ ਭਾਵੇਂ ਨਿਭਾਉਂਦੇ ਸਨ, ਯਾਤਰਾ 'ਤੇ ਜਾਂਦੇ ਸਨ, ਪਰ ਅੰਦਰ ਸ਼ਾਂਤੀ ਨਹੀਂ ਪ੍ਰਾਪਤ ਹੋਈ, ਸਗੋਂ ਬੇਚੈਨੀ ਵਧਦੀ ਗਈ। ਭਾਈ ਲਹਿਣਾ ਜੀ ਧਾਰਮਿਕ ਰੁਚੀਆਂ ਦੇ ਨਾਲ-ਨਾਲ ਧਰਮ ਦੀ ਕਿਰਤ ਵੀ ਕਰਦੇ ਸਨ। ਆਪ ਜੀ ਦੇ ਪਿਤਾ ਜੀ ਵੀ ਦੁਕਾਨ ਦਾ ਕੰਮ ਕਰਦੇ ਸਨ। ਉਹਨਾਂ ਦੇ ਅਕਾਲ ਚਲਾਣੇ ਤੋਂ ਉਪਰੰਤ ਆਪ

ਜੀ ਦੁਕਾਨ ਦਾ ਕੰਮ ਵੀ ਪੂਰਾ ਕਰਦੇ ਸਨ। ਇਕ ਵਾਰ ਗੁਰੂ ਨਾਨਕ ਦੇਵ ਜੀ ਦਾ ਸਿੱਖ ਭਾਈ ਭਾਣਾ ਜੀ ਆਪ ਜੀ ਪਾਸ ਦੋ ਆਨੇ ਦੀ ਖੰਡ ਲੈਣ ਵਾਸਤੇ ਆਇਆ ਤਾਂ ਭਾਈ ਲਹਿਣਾ ਜੀ ਨੇ ਦੋ ਆਨੇ ਦੀ ਤਿੰਨ ਸੇਰ ਖੰਡ ਦੇ ਕੇ ਇੱਕ ਮੁੱਠ ਭਰ ਵੱਧ ਪਾ ਦਿੱਤੀ। ਭਾਣਾ ਜੀ ਨੇ ਮੁੱਠੀ ਵੱਧ ਲੈਣ ਤੋਂ ਇਨਕਾਰ ਕੀਤਾ ਕਿ ਮੇਰੇ ਗੁਰੂ ਨਾਨਕ ਦੇਵ ਜੀ ਦਾ ਹੁਕਮ ਨਹੀਂ ਹੈ। ਇਹ ਸੁਣ ਕੇ ਭਾਈ ਲਹਿਣਾ ਜੀ ਦੀ ਗੁਰੂ ਨਾਨਕ ਜੀ ਪ੍ਰਤੀ ਅਤਿਅੰਤ ਹੀ ਸ਼ਰਧਾ ਹੋ ਆਈ।

ਇਨ੍ਹਾਂ ਹੀ ਦਿਨਾਂ ਵਿਚ ਸੰਨ ੧੫੩੨ (ਸੰਮਤ ੧੫੮੯) ਨੂੰ ਅਚਾਨਕ ਗੁਰੂ ਨਾਨਕ ਦੇਵ ਜੀ ਦੇ ਪਰਮ ਪਿਆਰੇ ਸੇਵਕ ਭਾਈ ਜੋਧ ਜੀ ਪਾਸੋਂ ਸ੍ਰੀ ਆਸਾ ਜੀ ਦੀ ਵਾਰ ਦੀ ਪਉੜੀ ਸੁਣੀ :

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥**
**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥**
**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥**
**ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥**
**ਕਿਛੁ ਲਾਹੇ ਉਪਰਿ ਘਾਲੀਐ॥ ੨੧॥** (ਆਸਾ ਦੀ ਵਾਰ, ਅੰਗ 474)

ਇਹ ਉਪਰੋਕਤ ਗੁਰਬਾਣੀ ਰੂਪ ਅੰਮ੍ਰਿਤ ਬਚਨ ਸ੍ਰੀ ਆਸਾ ਜੀ ਕੀ ਵਾਰ ਦੀ ਪਉੜੀ ਨੂੰ ਸੁਣਦਿਆਂ ਸਾਰ ਭਾਈ ਲਹਿਣਾ ਜੀ ਦੇ ਮਨ ਅੰਦਰ ਠੰਡ ਵਰਤ ਗਈ।

**ਤਬ ਤਿਹ ਸਿਖ ਕੇ ਪਾਸ ਤੇ, ਸ਼ਬਦ ਕੰਠ ਕਰ ਲੀਨ।**
**ਨਿਤ ਪ੍ਰਤਿ ਪਢਹੀ ਪ੍ਰੇਮ ਕਰ, ਉਪਜੈ ਭਾਉ ਨਵੀਨ।**
**ਮਿਲਨੇ ਕੀ ਅਭਿਲਾਖਾ ਐਸੇ। ਮਧਕਰ ਖੋਜਤ ਪੁਸਕਰ ਜੈਸੇ।**
**ਜਿਉ ਮ੍ਰਿਗ ਪਿਆਸੋ ਜਲ ਕੋ ਚਾਹੈ। ਜਿਉ ਚਾਤ੍ਰਿਕ ਏਕ ਬੂੰਦ ਬਿਨਾ ਹੈ।**

(ਸ੍ਰੀ ਨਾਨਕ ਪ੍ਰਕਾਸ਼, ਉਤਾਰਧਾ ਧਿਆਏ 47)

ਭਾਈ ਜੋਧ ਜੀ ਪਾਸੋਂ ਬੇਨਤੀ ਕਰਕੇ ਪੁੱਛਿਆ ਕਿ ਇਹ ਬਾਣੀ ਕਿਸ ਦੀ ਹੈ ? ਭਾਈ ਜੋਧ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਦੱਸਿਆ ਅਤੇ ਗੁਰੂ ਨਾਨਕ ਦੇਵ ਜੀ ਦਾ ਨਾਮ ਆਪ ਜੀ ਨੇ ਪਹਿਲਾਂ ਭਾਈ ਭਾਣਾ ਜੀ ਪਾਸੋਂ ਵੀ ਸੁਣਿਆ ਸੀ। ਪੁੱਛਿਆ, ਗੁਰੂ ਜੀ ਕਿਥੇ ਹਨ ? ਤਾਂ ਦਸਿਆ ਕਿ ਕਰਤਾਰਪੁਰ ਰਾਵੀ ਦੇ ਕਿਨਾਰੇ ਜੀਆਂ ਨੂੰ ਤਾਰ ਰਹੇ ਹਨ। ਤਾਂ ਭਾਈ ਲਹਿਣਾ ਜੀ ਨੇ ਉਸੇ ਵੇਲੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਇਸ ਵਾਰ ਯਾਤਰਾ ਸਮੇਂ ਰਸਤੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜ਼ਰੂਰ ਦਰਸ਼ਨ ਕਰਨੇ ਹਨ। ਸੰਗੀਆਂ ਦੇ ਨਾਲ ਜਾਂਦਿਆਂ ਭਾਈ ਲਹਿਣਾ ਜੀ ਲਈ ਇਸ ਵਾਰ ਸੰਨ ੧੫੩੨ ਨੂੰ ਜੰਮੂ ਵੱਲ ਯਾਤਰਾ ਸਮੇਂ, ਉਹ ਸੁਭਾਗ ਦਿਨ ਆ ਗਿਆ ਜਿਸ ਦਿਨ ਮਨ ਦੀ ਸ਼ਰਧਾ ਨੂੰ ਦਰਸ਼ਨਾਂ ਦਾ ਫਲ ਲੱਗਾ।

ਦਰਿਆ ਪਾਰ ਕਰਕੇ ਸੰਗੀਆਂ ਨੂੰ ਆਖਿਆ ਕਿ ਤੁਸੀ ਚੱਲੋ, ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ

ਕਰਨੇ ਹਨ। ਭਾਈ ਲਹਿਣਾ ਜੀ ਦਰਸ਼ਨਾਂ ਦੀ ਇੱਛਾ ਧਾਰ ਕੇ ਹਜ਼ੂਰ ਵੱਲ ਨੂੰ ਚੱਲੇ ਹੀ ਹਨ ਕਿ ਅੱਗੋਂ ਅੰਤਰਜਾਮੀ ਆਪ ਲੈਣ ਆਏ ਹਨ ਕਿ ਇਸ ਪੁਰਖ ਨੇ ਗੱਦੀ ਦਾ ਵਾਰਸ ਬਣਨਾ ਹੈ। ਭਾਈ ਲਹਿਣਾ ਜੀ ਨੇ ਸਤਿਗੁਰੂ ਜੀ ਪਾਸੋਂ ਹੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਰਸਤਾ ਪੁੱਛਿਆ। ਸ੍ਰੀ ਗੁਰੂ ਨਾਨਕ ਦੇਵ ਜੀ ਅਤਿ ਨਿਮਰਤਾ ਨਾਲ ਘੋੜੀ ਦੀ ਲਗਾਮ ਪਕੜ ਕੇ ਲੈ ਆਏ। ਘੋੜੀ ਬੰਨ੍ਹ ਕੇ ਅੱਗੇ ਅੰਦਰ ਜਾਣ ਦਾ ਰਸਤਾ ਦੱਸ ਕੇ ਆਪ ਜੀ ਦੂਜੇ ਦਰਵਾਜ਼ੇ ਥਾਣੀਂ ਅੰਦਰ ਜਾ ਬੈਠੇ। ਭਾਈ ਲਹਿਣਾ ਜੀ ਤੱਕ ਕੇ ਕਿ ਇਹੋ ਗੁਰੂ ਨਾਨਕ ਦੇਵ ਜੀ ਘੋੜੀ ਦੀ ਲਗਾਮ ਫੜ ਕੇ ਲੈ ਕੇ ਆਏ ਹਨ ਤਾਂ ਛੇਤੀ ਨਾਲ ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਡਿੱਗ ਪਏ। ਪਹਿਲੀ ਵਾਰੀ ਨਿਮਰਤਾ ਦੇ ਤੀਰ ਨੇ ਮਾਨੋ ਐਸਾ ਜ਼ਖ਼ਮ ਕੀਤਾ ਕਿ ਜਿਸ ਦਾ ਦਾਰੂ ਸਿਰਫ਼ ਮਿਲਾਪ ਹੀ ਸੀ। ਗੁਰੂ ਇਤਿਹਾਸ ਅੰਦਰ ਇਹ ਪ੍ਰਸੰਗ ਇਸ ਆਇਆ ਹੈ :

**ਇਨ ਕੋ ਸਿੰਘ ਪੌਰ ਦਿਖਰਾਯੋ। ਲਘ ਦਰ ਪ੍ਰਵਿਸੇ ਗੁਨ ਸੁਖਦਾਯੋ।**
**ਅੰਤਰ ਜਾਏ ਸਿੰਘਾਸਨ ਬੈਸੇ। ਧਰਿਯੋ ਸਰੀਰ ਸਾਂਤ ਰਸ ਜੈਸੇ॥ 29॥**
**ਜਬ ਸ੍ਰੀ ਲਹਿਣਾ ਅੰਤਰ ਗਯੋ। ਸ੍ਰੀ ਨਾਨਕ ਗੁਰ ਦੇਖਤ ਭਯੋ।**
**ਸ਼ਰਨ ਸ਼ਰਨ ਕਹਿ ਬੰਦਨ ਕੀਨੀ। ਅਤਿ ਸਰਧਾ ਮਹਿ ਜਿਹ ਮਤ ਭੀਨੀ॥ 30॥**
**ਬੈਠ ਪਛਾਨਿਯੋ ਹੈ ਇਹ ਸੋਈ। ਪੰਥ ਬਤਾਵਤ ਆਵਤ ਜੋਈ।**

(ਸ੍ਰੀ ਗੁਰ ਪੁਰ ਪ੍ਰਕਾਸ਼)

ਭਾਈ ਲਹਿਣਾ ਜੀ ਦੇ ਮੱਥਾ ਟੇਕਣ ਤੋਂ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਲਹਿਣਾ ਜੀ ਨੂੰ ਪੁੱਛਿਆ, ਪੁਰਖਾ ਤੇਰਾ ਨਾਮ ਕੀ ਹੈ ? ਤਾਂ ਭਾਈ ਲਹਿਣਾ ਜੀ ਨੇ ਹੱਥ ਜੋੜ ਦੱਸਿਆ ਕਿ ਹਜ਼ੂਰ, ਮੇਰਾ ਨਾਮ ਲਹਿਣਾ ਹੈ। ਗੁਰੂ ਸਾਹਿਬ ਨੇ ਕਿਹਾ, ਅੱਛਾ ਜੇ ਤੂੰ ਲਹਿਣਾ ਹੈ ਤਾਂ ਅਸੀਂ ਤੇਰਾ ਦੇਣਾ ਹੈ। ਇਨ੍ਹਾਂ ਰਮਜ਼-ਭਰੇ ਬਚਨਾਂ ਅਤੇ ਕ੍ਰਿਪਾ ਭਰੀ ਦ੍ਰਿਸ਼ਟੀ ਪਾ ਕੇ ਭਾਈ ਲਹਿਣਾ ਜੀ ਦੇ ਅੰਦਰ ਲਟ-ਲਟ ਕਰਦੀ ਜੋਤ ਜਗਾ ਦਿੱਤੀ। ਉਸ ਜੋਤ ਦੇ ਪ੍ਰਕਾਸ਼ ਨਾਲ ਆਪ ਜੀ ਨੇ ਪਛਾਣ ਲਿਆ ਕਿ ਸ੍ਰਿਸ਼ਟੀ ਦਾ ਰਚਨਹਾਰ ਨਿਰੰਕਾਰ

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਉ॥** (ਅੰਗ ੧395)

ਆਪ ਗੁਰੂ ਰੂਪ ਧਾਰ ਕੇ ਆਇਆ ਹੈ। ਭਾਈ ਲਹਿਣਾ ਜੀ ਇੱਕ ਵਾਰ ਘਰ ਜਾ ਕੇ ਸਾਰਾ ਕੰਮ ਕਾਰ ਭਾਣਜੇ ਨੂੰ ਸੌਂਪ ਕੇ ਵਾਪਸ ਕਰਤਾਰਪੁਰ ਨੂੰ ਚੱਲ ਪਏ। ਉਸ ਸਮੇਂ ਲੂਣ ਦੀ ਇੱਕ ਪੰਡ ਸਿਰ 'ਤੇ ਚੁੱਕ ਲਈ। ਕਰਤਾਰਪੁਰ ਪਹੁੰਚ ਕੇ ਮਾਤਾ ਜੀ ਪਾਸੋਂ ਹਜ਼ੂਰ ਬਾਰੇ ਪੁੱਛਿਆ। ਗੁਰਦੇਵ ਉਸ ਵੇਲੇ ਝੋਨੇ ਦੇ ਖੇਤ ਵਿਚੋਂ ਘਾਹ ਪੁਟਾ ਰਹੇ ਸਨ। ਬਾਬਾ ਲਹਿਣਾ ਜੀ ਵੀ ਖੇਤ ਵੱਲ ਚਲੇ ਗਏ। ਗੁਰੂ ਨਾਨਕ ਦੇਵ ਜੀ ਨੇ ਘਾਹ ਪੁੱਟਣ ਲਾ ਦਿੱਤਾ। ਆਪ ਜੀ ਨੇ ਕਦੇ ਖੇਤੀ ਦਾ ਕੰਮ ਨਹੀਂ ਸੀ ਕੀਤਾ। ਘਾਹ ਦੀ ਥਾਂ ਝੋਨੇ ਦੇ ਬੂਟੇ ਪੁੱਟੀ ਗਏ। ਆਖ਼ਿਰ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਘਾਹ ਦੀ ਪੰਡ ਚੁਕਾ ਦਿੱਤੀ। ਉਸ ਪੰਡ ਨੂੰ ਜਿਸ ਵੇਲੇ ਧਰਮਸ਼ਾਲਾ ਲਿਆ ਕੇ ਲਾਹਿਆ ਤਾਂ ਆਪ ਦੇ ਕਪੜੇ ਵੇਖ ਕੇ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਇਨ੍ਹਾਂ ਦੇ ਕੱਪੜੇ ਗਾਰੇ ਨਾਲ ਲਬੇੜ ਦਿੱਤੇ ਹਨ। ਮਹਾਰਾਜ ਜੀ ਨੇ ਸਾਡੇ ਮਾਤਾ ਸੁਲੱਖਣੀ ਜੀ ਨੂੰ ਦੱਸਦਿਆਂ ਕਿਹਾ,

ਇਹ ਘਾਹ ਦੀ ਪੰਡ ਨਹੀਂ, ਦੀਨ ਦੁਨੀਆਂ ਦਾ ਛੱਤਰ ਦਿੱਤਾ ਹੈ। ਚਿੱਕੜ ਨਹੀਂ, ਕੇਸਰ ਹੈ। ਇਹ ਵੱਡਾ ਭਾਗਵਾਨ ਪੁਰਖ ਹੈ :

**ਮੈਂ ਦੀਨੁ ਦੁਨੀਆਂ ਛੱਤਰ ਸਿਰ ਧਾਰਾ। ਵਾਹ ਕੀਚ ਜਲ ਨਹੀਂ, ਕੇਸਰ ਸਿਰ ਡਾਰਾ।**
**ਇਹ ਲਹਨਾ ਮੈਂ ਇਸ ਕੋ ਦੇਨਾ। ਕਹੋਂ ਸਤ, ਮਿਥਿਆ ਨਹੀਂ ਬੈਨਾ।**
**ਇਨ ਕੀ ਮੋ ਸੋ ਹੈ ਬਿਧ ਬਨੀ। ਮੇਰੇ ਰਾਜ ਕੋ ਆਇਓ ਧਨੀ।**

(ਮਹਿਮਾ ਪ੍ਰਕਾਸ਼, ਸਾਖੀ 5੧)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭਾਈ ਲਹਿਣਾ ਜੀ ਪ੍ਰਮੇਸ਼ਰ ਸਰੂਪ ਸਮਝ ਕੇ ਸੇਵਾ ਵਿੱਚ ਜੁੱਟ ਗਏ। ਸੇਵਾ ਵਿੱਚ ਨਿਹਚੇ ਨਾਲ ਤੱਤਪਰ ਹੋਏ ਸਨ। ਪਰਖ ਸਮੇਂ ਗੁਰੂ ਨਾਨਕ ਦੇਵ ਜੀ ਨੇ ਗੰਦੇ ਨਾਲੇ ਵਿਚੋਂ ਕਟੋਰਾ ਕੱਢਣ ਵਾਸਤੇ ਪਹਿਲਾਂ ਦੋਵੇਂ ਪੁੱਤਰਾਂ ਨੂੰ ਕਿਹਾ। ਉਨ੍ਹਾਂ ਇਹ ਕੰਮ ਨੀਚ ਦਾ ਕਹਿ ਕੇ ਇਨਕਾਰ ਕਰ ਦਿੱਤਾ। ਭਾਈ ਲਹਿਣਾ ਜੀ ਨੂੰ ਕਿਹਾ ਤਾਂ ਇਹਨਾਂ ਉਸੇ ਵੇਲੇ ਗੰਦੇ ਨਾਲੇ ਵਿਚੋਂ ਕਟੋਰਾ ਕੱਢ ਦਿੱਤਾ। ਮੋਈ ਚੂਹੀ ਬਾਹਰ ਸੁੱਟਣ ਲਈ ਪੁੱਤਰਾਂ ਨੂੰ ਕਿਹਾ ਤਾਂ ਦੋਵਾਂ ਨੇ ਇਨਕਾਰ ਕਰ ਦਿੱਤਾ, ਪਰ ਬਾਬਾ ਲਹਿਣਾ ਜੀ ਨੇ ਹੁਕਮ ਸੁਣਦਿਆਂ ਸਾਰ ਚੂਹੀ ਬਾਹਰ ਚੁੱਕ ਕੇ ਸੁੱਟ ਦਿੱਤੀ। ਧਰਮਸ਼ਾਲਾ ਦੀ ਢੱਠੀ ਕੰਧ ਗੁਰੂ ਜੀ ਦਾ ਹੁਕਮ ਮੰਨ ਬਣਾਈ। ਰਾਜ ਮਿਸਤ੍ਰੀਆਂ ਵਾਲਾ ਕੰਮ ਆਪ ਜੀ ਨੇ ਕਰ ਵਿਖਾਇਆ। ਅਸਲ ਵਿਚ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਨੂੰ ਹੁਕਮ ਮੰਨਣ ਰੂਪ ਭੱਠੀ ਵਿਚ ਪਾ ਕੇ ਸ਼ੁੱਧ ਕੁੰਦਨ ਬਣਾ ਰਹੇ ਸਨ। ਅੱਧੀ ਰਾਤ ਨੂੰ ਕੱਪੜੇ ਧੋਣ ਦਾ ਹੁਕਮ ਵੀ ਆਪ ਨੇ ਹੀ ਮੰਨਿਆ ਸੀ, ਸਾਹਿਬਜ਼ਾਦਿਆਂ ਨਹੀਂ ਮੰਨਿਆ। ਹੋਰ ਭਾਵੇਂ ਪਰਖ ਸਮੇਂ ਗੁਰੂ ਨਾਨਕ ਦੇਵ ਜੀ ਨੇ ਧਾਨਕ ਰੂਪ ਧਾਰਿਆ। ਕਿਤੇ ਮਾਇਆ ਰਸਤੇ ਵਿੱਚ ਖਿਲਾਰਣ ਦਾ ਕੌਤਕ ਕੀਤਾ। ਕਿਤੇ ਸੋਟੇ ਮਾਰ ਕੇ ਭਜਾਵਣ ਦੀ ਕਸਵੱਟੀ ਲਾਈ, ਜਿਸ ਕਸਵੱਟੀ ਦੇ ਤਾਅ ਨੂੰ ਬਾਕੀ ਸਿੱਖ ਸਹਿ ਨਹੀਂ ਸਕੇ, ਦੌੜ ਗਏ ਸਨ। ਮੁਰਦਾ ਖਾਣ ਦਾ ਕੌਤਕ ਵੀ ਰਚਿਆ ਪਰ ਭਾਈ ਲਹਿਣਾ ਜੀ ਹੀ ਪੂਰੇ ਉਤਰੇ। ਕਿਹਾ ਪੁਰਖਾ, ਮੁਰਦਾ ਖਾ, ਜਿਸ ਵੇਲੇ ਹੁਕਮ ਮੰਨ ਕੇ ਮੁਰਦਾ ਖਾਣ ਲਈ ਕਪੜਾ ਉਤਾਰਿਆ ਤਾਂ ਥੱਲੇ ਕੜਾਹ ਪ੍ਰਸਾਦਿ ਸੀ। ਇਹ ਪਰਖ ਦਾ ਕੌਤਕ ਸੀ।

**ਸੇਤ ਬਸਤ੍ਰ ਉਤਾਰਾ ਜਬਹੀ। ਤਿਹਾਵਲ ਪਿਖਹੀ ਤਬਹੀ।**

ਇਸ ਸਮੇਂ ਤੱਕ ਹੋਰ ਸਭ ਥਿੜਕ ਗਏ ਸਨ। ਅਖ਼ੀਰ ਧੰਨ ਕ੍ਰਿਪਾਲੂ ਗੁਰੂ ਨਾਨਕ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

**ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ॥**

(ਅੰਗ 24, ਪਉੜੀ 5)

ਅਥਵਾ : ਜਿਸ ਤਰ੍ਹਾਂ ਦੀਵੇ ਨਾਲ ਦੀਵਾ ਜਗ ਪੈਂਦਾ ਹੈ, ਇਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਛਾਤੀ ਨਾਲ ਲਗਾ ਕੇ, ਆਪਣੀ ਜੋਤ ਭਾਈ ਲਹਿਣਾ ਜੀ ਅੰਦਰ ਰੱਖ ਕੇ ਐਸਾ ਦੂਸਰਾ ਦੀਵਾ ਗੁਰੂ ਅੰਗਦ ਰੂਪ ਜਗਾਇਆ— ''ਜਨ ਦੀਪਕ ਤੇ ਦੀਪ ਜਗਾਯੋ'' ਜਿਸ ਗੁਰੂ ਜੋਤ ਦੀ ਗਿਆਨ ਰੂਪ ਰੌਸ਼ਨੀ

ਅਗਿਆਨ ਰੂਪ ਅੰਧੇਰੇ ਨੂੰ ਮੇਟਣ ਲਈ ਸਮਰੱਥ ਹੈ, ਇਸ ਰੌਸ਼ਨੀ ਦੀ ਬਰਾਬਰੀ ਸੈਂਕੜੇ ਚੰਦ੍ਰਮਾ ਅਤੇ ਹਜ਼ਾਰਾਂ ਸੂਰਜ ਵੀ ਨਹੀਂ ਕਰ ਸਕਦੇ ਹਨ। ਇਸ ਰੌਸ਼ਨੀ ਦਾ ਜ਼ਿਕਰ ਆਪ ਜੀ ਨੇ ਗੁਰੂ ਰੂਪ ਹੋ ਕੇ ਆਪਣੀ ਬਾਣੀ ਅੰਦਰ ਇਸ ਪ੍ਰਕਾਰ ਕੀਤਾ ਹੈ :

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥** (ਅੰਗ 463)

ਅਤੇ ਇਸ ਦੀਵੇ ਦਾ ਜ਼ਿਕਰ ਭਾਈ ਗੁਰਦਾਸ ਜੀ ਵਲੋਂ ਇਸ ਪ੍ਰਕਾਰ ਵੀ ਆਇਆ ਹੈ :

**ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।**
**ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।**

(ਵਾਰ 24, ਪ: 8)

ਗੁਰੂ ਨਾਨਕ ਦੇਵ ਜੀ ਨੇ ਹੁਣ ਕਿਹਾ ਕਿ ਪੁਰਖਾ, ਤੁਸੀਂ ਹੁਣ ਖਡੂਰ ਸਾਹਿਬ ਜੀ ਠਹਿਰੋ, ਆਪ ਜੀ ਹੁਕਮ ਮੰਨ ਕੇ ਚਲੇ ਤਾਂ ਗਏ, ਪਰ ਗੁਰੂ ਜੀ ਤੋਂ ਬਿਨਾਂ ਰਿਹਾ ਨਾ ਜਾਵੇ। ਉਸ ਵੇਲੇ ਆਪਣੀ ਅਵਸਥਾ ਇਸ ਸ਼ਬਦ ਵਿਚ ਪ੍ਰਗਟ ਕੀਤੀ ਹੈ :

**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥**
**ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥** (ਅੰਗ 791)

ਜਿਨ੍ਹਾਂ ਦਾ ਗੁਰੂ 'ਤੇ ਅਥਵਾ ਗੁਰਬਾਣੀ ਗੁਰੂ 'ਤੇ ਭਰੋਸਾ ਹੋ ਗਿਆ ਹੈ, ਉਹ ਗੁਰਬਾਣੀ ਬਿਨਾਂ ਰਹਿ ਨਹੀਂ ਸਕਦੇ। ਗੁਰਬਾਣੀ 'ਤੇ ਭਰੋਸੇ ਦਾ ਜ਼ਿਕਰ ''ਗੁਰੂ ਗਿਆਨ'' ਛੋਟੀ ਜਿਹੀ ਪੁਸਤਕ ਵਿਚ ਇਸ ਪ੍ਰਕਾਰ ਹੈ :

## ਸਵਾਮੀ ਨਿਤਿਆਨੰਦ ਦਾ ਗੁਰਬਾਣੀ 'ਤੇ ਭਰੋਸਾ

ਉਹਨਾਂ ਦੀ ਪੁਸਤਕ 'ਗੁਰੂ ਗਿਆਨ' ਦੇ ਪੰਨਾ 4 ਅਤੇ 5 ਦੀ ਨਕਲ ਪੁਸਤਕ 'ਗੁਰੂ ਗਿਆਨ' ਸ਼੍ਰੋਮਣੀ ਗੁ. ਪ੍ਰ. ਕਮੇਟੀ ਤੋਂ ਹਿੰਦੀ ਅਤੇ ਪੰਜਾਬੀ ਵਿਚ ਛਪੀ ਫ੍ਰੀ ਮਿਲਦੀ ਹੈ।

(ਗੁਰੂ ਗਿਆਨ ਪੁਸਤਕ ਦੇ ਲੇਖਕ ਸੁਆਮੀ ਨਿਤਿਆਨੰਦ ਜੀ ਦੇ ਅਨੁਭਵ)

ਸੁਆਮੀ ਨਿਤਿਆਨੰਦ ਜੀ ਲਿਖਦੇ ਹਨ ਕਿ ਮੇਰਾ ਜਨਮ ਬੰਗਾਲ ਕਾ ਹੈ। ਏਕ ਯੋਗੀ ਹਮਾਰੇ ਨਗਰ ਮੇਂ ਕਭੀ-ਕਭੀ ਆਇਆ ਕਰਤੇ ਥੇ। ਉਨ ਕਾ ਨਾਮ ਥਾ ਸ੍ਰੀ ਸਵਾਮੀ 'ਬ੍ਰਹਮਾ ਨੰਦ' ਜੀ। ਇਨ ਕਾ ਜੀਵਨ ਰਹੱਸਯਮਈ ਜੀਵਨ ਥਾ, ਵਾਕ-ਸਤਯਾ ਪ੍ਰਾਪਤ ਥੀ। ਜੋ ਮੂੰਹ ਸੇ ਨਿਕਲਤਾ, ਤਤਕਾਲ ਹੋ ਜਾਤਾ ਥਾ।

ਮੇਰੀ ਆਯੂ ਆਜ 135 ਸਾਲ ਸੇ ਊਪਰ ਹੈ। ਭਾਰਤ ਵਰਸ਼ ਮੇਂ ਇਨ ਜੈਸੇ ਯੋਗੀ ਬਹੁਤ ਕਮ ਦੇਖਨੇ

ਮੇਂ ਆਤੇ ਹੈਂ। ਮੇਰੇ ਪਿਤਾ ਜੀ ਕੀ ਇਨ ਪਰ ਅਤਿ ਸ਼ਰਧਾ ਥੀ। ਏਕ ਦਿਨ ਯੋਹ ਹਮਾਰੇ ਘਰ ਕੇ ਦਰਵਾਜ਼ੇ ਪਰ ਆ ਖੜੇ ਹੂਏ ਔਰ ਊਂਚੀ ਆਵਾਜ਼ ਸੇ ਕਹਾ, 'ਮੇਰੀ ਅਮਾਨਤ ਲਾਓ'। ਇਸ ਸੇ ਪਹਿਲੇ ਆਪ ਕਭੀ ਨਗਰ ਮੇਂ ਨਹੀਂ ਆਏ ਥੇ। ਉਨ ਕੋ ਦੇਖ ਕਰ ਸਾਰਾ ਪ੍ਰਵਾਰ ਚਕ੍ਰਿਤ ਰਹਿ ਗਿਆ। ਯੋਗੀ ਜੀ ਨੇ ਜੋ ਕੁਛ ਕਹਾ, ਉਸ ਨੇ ਔਰ ਭੀ ਵਿਸਮਿਤ ਕਰ ਦੀਆ। ਸਮਝਨੇ ਕੀ ਕੋਸ਼ਿਸ਼ ਕਰਨੇ ਪਰ ਭੀ ਪਿਤਾ ਜੀ ਨਾ ਸਮਝ ਸਕੇ ਕਿ ਯੋਗੀ ਜੀ ਕਿਆ ਮਾਂਗਤੇ ਹੈਂ। ਯੋਗੀ ਜੀ ਨੇ ਕੋਈ ਚੀਜ਼ ਕਭੀ ਦੀ ਹੀ ਨਹੀਂ ਥੀ, ਅਮਾਨਤ ਕੌਨ ਸੀ ਮਾਂਗਤੇ ਹੈਂ ? ਉਨਹੋਂ ਨੇ ਦੋ ਬਾਰ ਫਿਰ ਯਹੀ ਕਹਾ 'ਮੇਰੀ ਅਮਾਨਤ ਲਾਓ !' ਯੋਗੀ ਜੀ ਘਰ ਕੇ ਅੰਦਰ ਆ ਗਏ, ਆਤੇ ਹੀ ਮੇਰੇ ਕੰਧੇ ਪਰ ਹਾਥ ਰੱਖ ਕਰ ਕਹਾ ਕਿ ਯੇ ਲੜਕਾ ਮੇਰੀ ਅਮਾਨਤ ਹੈ, ਤੁਮਾਰੇ ਘਰ ਰਹਿਨੇ ਕਾ ਨਹੀਂ; ਮੁਝੇ ਦੇ ਦੋ। ਹਮ ਚਾਰ ਸਹੋਦਰ ਭਾਈ ਥੇ, ਲੇਕਿਨ ਲੜਕਾ ਦੇਨਾ ਕੋਈ ਸਹਿਜ ਬਾਤ ਨਾ ਥੀ, ਔਰ ਯੋਗੀ ਜੀ ਕੀ ਬਾਤ ਕੋ ਉਲਟਾਨਾ ਭੀ ਮੁਸ਼ਕਲ ਥਾ। ਘਰ ਕੇ ਲੋਗ ਏਕ ਦੂਸਰੇ ਕੀ ਤਰਫ ਦੇਖਨੇ ਲੱਗੇ, ਸਭ ਕੇ ਮੂੰਹ ਬੰਦ ਥੇ। ਯੋਗੀ ਜੀ ਯੇਹ ਕਹਿ ਕਰ ਕਿ ਮੇਰੀ ਅਮਾਨਤ ਜਲਦੀ ਮੇਰੇ ਪਾਸ ਪਹੁੰਚਾ ਦੋ, ਅਪਨੀ ਕੁਟੀਆ ਕੀ ਤਰਫ ਚਲੇ ਗਏ। ਸੰਧਯਾ ਕੋ ਮੇਰੀ ਮਾਤਾ ਔਰ ਪਿਤਾ ਜੀ ਯੋਗੀ ਜੀ ਕੇ ਪਾਸ ਗਏ, ਵਹਾਂ ਕਿਆ ਬਾਤ-ਚੀਤ ਹੂਈ, ਮੁਝੇ ਨਹੀਂ ਬਤਾਈ ਗਈ, ਹਾਂ, ਦੂਸਰੇ ਦਿਨ ਪ੍ਰਾਤਾਕਾਲ ਮੁਝੇ ਯੋਗੀ ਜੀ ਕੀ ਕੁਟੀਆ ਮੇਂ ਪਹੁੰਚਾ ਦੀਆ ਗਿਆ। ਛੇ ਮਾਸ ਵਹਾਂ ਰਹਿਨੇ ਕੇ ਪਸ਼ਚਾਤ ਯੋਗੀ ਜੀ ਮੁਝੇ ਸਾਥ ਲੈ ਕਰ ਵਹਾਂ ਸੇ ਚਲੇ ਗਏ।

ਯੋਗੀ ਜੀ ਸੰਸਕ੍ਰਿਤ ਕੇ ਧੁਰੰਤਰ ਵਿਦਵਾਨ ਥੇ ਔਰ ਅਪਨੇ ਸ਼ੁਭ ਕਾਮ ਕੋ ਸਾਰਥਕ ਕਰਨੇ ਵਾਲੇ ਯੋਗੀ ਥੇ। ਸਮਝਾਨੇ ਕੀ ਸਾਰੀ ਬਾਤੇਂ ਉਨਹੋਂ ਨੇ ਮੁਝੇ ਸਮਝਾਈਂ ਔਰ ਸਿਖਾਨੇ ਕੀ ਸਾਰੀ ਬਾਤੇਂ ਸਿਖਾਈਂ। ਜਿਸ ਜਗ੍ਹਾ ਔਰ ਕੋਈ ਸਿਧ ਯੋਗੀ ਦੇਖਾ, ਵਹਾਂ ਠਹਿਰ ਕਰ ਮੁਝੇ ਉਨ ਸੇ ਲਾਭ ਉਠਾਨੇ ਕਾ ਅਵਸਰ ਦੀਆ। ਮਦਰਾਸ, ਬਿਹਾਰ, ਉੜੀਸਾ, ਬੰਬਈ, ਕਾਨ੍ਹਪੁਰ, ਆਗਰਾ ਔਰ ਪ੍ਰਯਾਗਰਾਜ ਵਿਚਰਤੇ, ਤੀਰਥ ਯਾਤਰਾ ਕਰਤੇ ਪੰਜਾਬ ਮੇਂ ਆਏ। ਯਹਾਂ ਏਕ ਉਦਾਸੀ ਮਹਾਂ ਭਉ ਕੇ ਦਰਸ਼ਨ ਹੂਏ। ਵਿਚਾਰ-ਚਰਚਾ ਮੇਂ ਦਿਨ ਬੀਤਨੇ ਲੱਗੇ। ਉਦਾਸੀ ਜੀ ਕਾ ਨਾਮ ਸਵਾਮੀ ਸਤਯਾ ਨੰਦ ਜੀ ਥਾ, ਇਨਹੋਂ ਨੇ ਗੁਰੂ-ਘਰ ਕੀ ਰੀਤੀ ਔਰ ਨੀਤੀ ਕੁਛ ਐਸੇ ਢੰਗ ਸੇ ਸੁਨਾਈ ਕਿ ਸ੍ਰੀ ਸਵਾਮੀ 'ਬ੍ਰਹਮਾਨੰਦ ਜੀ' ਮੁਗਧ ਹੋ ਗਏ। ਅੰਮ੍ਰਿਤਸਰ ਗੁਰੂ-ਦਰਬਾਰ ਕੇ ਦਰਸ਼ਨ ਕਰ ਕੇ, ਉਨ ਕੀ ਆਤਮਾ ਪਰ ਕੁਛ ਇਸ ਤਰ੍ਹਾਂ ਕੇ ਪ੍ਰਭਾਵ ਪੜੇ ਕਿ ਵੋਹ 'ਗੁਰੂ-ਘਰ' ਕੇ ਹੀ ਹੋ ਗਏ। ਕੁਛ ਸਮਾਂ ਪੰਜਾਬ ਮੇਂ ਵਿਤੀਤ ਕੀਆ, ਫਿਰ ਹਰੀਦੁਆਰ ਚਲੇ ਗਏ। ਵਹਾਂ ਏਕ ਦਿਨ ਅੱਛੇ ਭਲੇ ਬੈਠੇ ਥੇ, ਕਿ ਉਨ ਕੀ ਆਂਖੋਂ ਮੇਂ ਆਂਸੂ ਆ ਗਏ। ਉਨ ਕੀ ਆਖੇਂ ਡੁਬ-ਡੁਬਾਤੀ ਦੇਖ ਕਰ ਮੈਨੇ ਕਾਰਨ ਪੂਛਾ, ਉਨਹੋਂ ਨੇ ਉੱਤਰ ਦੀਆ ਕਿ ਆਯੂ ਭਰ ਰੇਤ ਛਾਨਾ ਕੀ, ਤੱਤਵ ਵਸਤੂ ਗੁਰੂ-ਘਰ ਮੇਂ ਥੀ, ਅਬ ਏਕ ਜਨਮ ਗੁਰੂ-ਘਰ ਮੇਂ ਲੇਨਾ ਪੜੇਗਾ ਤਬ ਕਲਯਾਨ ਹੋਗੀ, ਯਹ ਕਹਿਤੇ ਉਨ੍ਹੋਂ ਨੇ ਸਰੀਰ ਛੋੜ ਦੀਆ।

ਮੈਂ ਭੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਘਰ ਕੇ 'ਵਾਹਿਗੁਰੂ' ਮੰਤਰ ਕਾ ਜਾਪ ਕਰਤਾ ਹੂੰ, ਯੋਗ ਸਾਧਨਾ ਯੋਗਾਚਾਰਿਯੋਂ ਕੇ ਪਾਸ ਬੈਠ ਕਰ ਕੀਏ ਔਰ ਸਾਲਹਾ-ਸਾਲ ਕੀਏ, ਜੋ ਆਨੰਦ ਔਰ ਸ਼ਾਂਤੀ ਮੁਝੇ ਅਬ ਪ੍ਰਾਪਤ ਹੈ, ਵਹਿ ਪਹਿਲੇ ਕਭੀ ਨਹੀਂ ਮਿਲੀ।

ਗੁਰੂ ਕਾ ਮਾਰਗ ਪੂਰਨ ਹੈ 'ਵਾਹਿਗੁਰੂ' ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ, ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਜੀ ਕੀ ਸਿਖਯਾ ਅੰਮ੍ਰਿਤ ਹੈ।

**ਗੁਰੂਬਾਨੀ ਸੇ ਬੜ੍ਹ ਕਰ ਕਲਯਾਨਕਾਰੀ ਔਰ ਕੋਈ ਨਹੀਂ।**

ਯੋਗੀ ਜੀ ਨੇ ਆਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ, ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤੱਵਯ ਹੈ। ਜੋ ਸਿਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ ਜਪਨੇ ਸੇ ਸਹਿਜ ਸੇ ਹੋ ਜਾਤੀ ਹੈ ਔਰ ਕਠਨ ਸਾਧਨਾ ਕਰਨੇ ਸੇ ਭੀ ਦੁਸ਼ਤਰ ਪ੍ਰਾਪਤ ਹੋਤੀ ਹੈ, ਯੇਹ ਸੱਤਯ ਹੈ, ਪ੍ਰੀਖਿਆ ਕੀਆ ਹੂਆ ਸੱਤਯ ਹੈ ਔਰ ਨਿਰ-ਵਿਵਾਦ ਸੱਤਯ ਹੈ।

ਮੇਰੀ ਅਵੱਸਥਾ ਪੁਸਤਕ ਲਿਖਨੇ-ਲਿਖਾਨੇ ਕੀ ਨਹੀਂ ਹੈ। ਕੁਛ ਪ੍ਰੇਮੀ ਸਜਨੋਂ ਕੀ ਪ੍ਰੇਰਨਾ ਸੇ ਅਪਨੇ ਜੀਵਨ ਮੇਂ ਦੇਖੀ ਭਾਲੀ ਬਾਤੇਂ ਭੇਂਟ ਹੈਂ। ਯਦਿ ਕਿਸੀ ਏਕ ਵਿਅਕਤੀ ਨੇ ਭੀ ਇਸ ਸੇ ਲਾਭ ਉਠਾਨੇ ਕਾ ਯਤਨ ਕੀਆ, ਤੋ ਮੇਰਾ ਪ੍ਰਿਸ਼ਰਮ ਸਫਲ ਹੋ ਜਾਵੇਗਾ।

-ਨਿਤਯਾਨੰਦ 'ਨੀਲ ਗੜ੍ਹੀ', ਰਿਖੀਕੇਸ਼

**ਸਲੋਕ ਮ: 2 ॥ ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥ ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥ ੧ ॥ ਮ: 2 ॥ ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ ॥ ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ 2 ॥ ਪਉੜੀ ॥ ਹਉ ਕੀਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥ ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥ ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥ ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥ ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥ 20 ॥ ੧ ॥**

**ਪਦ ਅਰਥ :-** ਜਾ ਲਗੁ=ਜਦ ਤੱਕ। ਚਿਤਿ ਨ ਆਵਹੀ=(ਹੇ ਪ੍ਰਭੂ ਤੂੰ) ਯਾਦ ਨਹੀਂ ਆਉਂਦਾ ਹੈਂ।੧। ਮ :੨॥ ਰਾਵਿਓ=ਸਿਮਰਦੀ ਰਹੀ। ਦੁਖਿ ਭੀ=ਦੁੱਖ ਵਿਚ ਭੀ। ਸੰਮ੍ਹਾਲਿਓਇ=ਯਾਦ ਕਰਦੇ ਰਹੋ। ਮਿਲਾਵਾ=ਮਿਲਾਪ।੨। ਪਉੜੀ॥ ਕਿਰਮ ਜੰਤੁ=ਛੋਟਾ ਜਿਹਾ ਕੀੜਾ, ਨਿਮਾਣਾ ਜੀਵ। ਅਗੰਮੁ=ਅਪਹੁੰਚ। ਲੈਹਿ ਮਿਲਾਈ=ਮਿਲਾ ਲੈਂਦਾ ਹੈ। ਬੇਲੀ=ਮਦਦਗਾਰ। ਸਖਾਈ=ਸੰਗੀ ਸਾਥੀ।੨੦।

**ਅਰਥ :-** (ਹੇ ਪ੍ਰਭੂ ਸਮਰੱਥ ਦਾਤੇ ! ਸੰਸਾਰ ਅੰਦਰ) ਕਿਸੇ ਦਾ ਕੋਈ (ਅਤੇ) ਕਿਸੇ ਦਾ ਕੋਈ (ਆਸਰਾ ਹੈ ਪਰ) ਮੈਂ ਨਿਮਾਣੀ (ਨਿਤਾਣੀ) ਦਾ ਤਾਂ ਇਕ ਤੂੰ (ਹੀ ਸੱਚਾ ਆਸਰਾ ਹੈਂ। ਮੈਂ ਉਤਨਾ ਚਿਰ) ਕਿਉਂ ਨਾ ਰੋ-ਰੋ ਕੇ ਮਰ ਜਾਵਾਂ ਜਦ ਤੱਕ (ਤੂੰ ਮੈਨੂੰ) ਚਿਤ ਵਿਚ ਯਾਦ ਨਹੀਂ ਆਉਂਦਾ (ਭਾਵ ਜਦ ਤਕ ਮੈਂ ਤੇਰਾ ਸਿਮਰਨ ਨਹੀਂ ਕਰਦਾ)।੧।

(ਸ੍ਰੀ ਗੁਰੂ ਅੰਗਦ ਦੇਵ ਜੀ ਜੀਵ-ਇਸਤਰੀ ਨੂੰ ਸਿਖਿਆ ਦੇ ਰਹੇ ਹਨ ਕਿ) ਹੇ ਜੀਵ-ਇਸਤਰੀਏ ! ਜਦੋਂ (ਸਰੀਰਕ) ਸੁੱਖ ਹੈ ਤਾਂ (ਭੀ) ਪਤੀ-ਪਰਮਾਤਮਾ ਨੂੰ ਸਿਮਰ (ਅਤੇ) ਦੁੱਖ ਵਿਚ ਭੀ ਉਸ ਪ੍ਰਮਾਤਮਾ ਨੂੰ ਯਾਦ ਕਰ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਸਿਆਣੀ ਜੀਵ-ਇਸਤਰੀਏ ! ਇਸ ਤਰ੍ਹਾਂ ਸਿਮਰਨ ਕਰਨ ਨਾਲ ਪ੍ਰਭੂ ਪਤੀ-ਪਰਮਾਤਮਾ ਦਾ ਮਿਲਾਪ ਜੀਵ-ਇਸਤਰੀ ਨਾਲ ਹੋ ਆਉਂਦਾ ਹੈ।੨।

ਪਉੜੀ॥ (ਹੇ ਪ੍ਰਭੂ ਪ੍ਰਮਾਤਮਾ !) ਮੈਂ ਕਿਰਮ ਜੰਤ (ਛੋਟਾ ਜਿਹਾ ਕੀੜਾ ਤੇਰੀ) ਕਿਹੜੀ ਸ਼ਲਾਘਾ ਕਰਾਂ, (ਕਿਉਂਕਿ) ਤੇਰੀ ਵਡਿਆਈ (ਬਹੁਤ ਹੀ) ਵੱਡੀ ਹੈ। ਤੂੰ ਦਿਆਲੂ, ਅਪਹੁੰਚ ਹੈਂ ਭਾਵ ਮਨ ਬਾਣੀ ਦੀ ਗੰਮਤਾ ਤੋਂ ਪਰੇ ਹੈਂ ਅਤੇ ਆਪਣਿਆਂ ਪਿਆਰਿਆਂ ਨੂੰ (ਤੂੰ) ਆਪ ਹੀ (ਆਪਣੇ ਨਾਲ) ਮਿਲਾ ਲੈਂਦਾ ਹੈਂ। ਮੈਨੂੰ ਤੇਰੇ ਬਿਨਾਂ (ਹੋਰ) ਕੋਈ ਸੰਸਾਰ ਅੰਦਰ ਬੇਲੀ ਨਹੀਂ ਦਿੱਸਦਾ, ਅੰਤ ਸਮੇਂ ਤੂੰ ਹੀ ਸਾਥੀ (ਹੋ ਕੇ ਬਹੁੜਦਾ ਹੈਂ)। (ਹੇ ਪ੍ਰਭੂ !) ਜੋ ਤੇਰੀ ਸ਼ਰਨ ਵਿਚ ਆਉਂਦੇ ਹਨ, ਉਨ੍ਹਾਂ ਨੂੰ ਤੂੰ (ਜਮ ਤੋਂ) ਛੁੜਾ ਲੈਂਦਾ ਹੈਂ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ ! ਉਹ ਪ੍ਰਭੂ) ਵੇਪਰਵਾਹ ਹੈ, ਉਸ ਨੂੰ ਤਿਲ ਮਾਤਰ ਵੀ ਲਾਲਚ ਨਹੀਂ ਹੈ।੨੦।੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧64 (ਆਦਿ ਅੰਗ 793)

## ਸੂਹੀ ॥

ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥ਸੰਗੁ ਚਲਤ ਹੈ ਹਮ ਭੀ ਚਲਨਾ ॥ਦੂਰਿ ਗਵਨੁ ਸਿਰ ਊਪਰਿ ਮਰਨਾ ॥੧ ॥ਕਿਆ ਤੂ ਸੋਇਆ ਜਾਗੁ ਇਆਨਾ ॥ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ੧ ॥ ਰਹਾਉ॥ ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ਸਭ ਘਟ ਭੀਤਰਿ ਹਾਟੁ ਚਲਾਵੈ ॥ਕਰਿ ਬੰਦਿਗੀ ਛਾਡਿ ਮੈ ਮੇਰਾ ॥ਹਿਰਦੈ ਨਾਮੁ ਸਮ੍ਾਰਿ ਸਵੇਰਾ ॥ 2 ॥ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹ ਦਿਸ ਅੰਧਿਆਰਾ ॥ ਕਹਿ ਰਵਿਦਾਸ ਨਿਦਾਨਿ ਦਿਵਾਨੇ ॥ਚੇਤਸਿ ਨਾਹੀ ਦੁਨੀਆ ਫਨ ਖਾਨੇ ॥ 3 ॥ 2 ॥

# ਪ੍ਰਾਕ੍ਥਨ :

ਇਹ ਸ੍ਰੀ ਮੁਖਵਾਕ ਪਾਵਨ ਸ਼ਬਦ ਭਗਤ ਰਵਿਦਾਸ ਜੀ ਦਾ ਸੂਹੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਸੰਸਾਰ ਦੀ ਅਸਥਿਰਤਾ ਦਰਸਾਈ ਹੈ। ਦੱਸਿਆ ਹੈ ਕਿ ਜਿਸ ਤਰ੍ਹਾਂ ਜੋ ਦਿਨ ਆਉਂਦਾ ਹੈ, ਉਹ ਚੱਲਿਆ ਜਾਂਦਾ ਹੈ, ਇਸੇ ਤਰ੍ਹਾਂ ਸੰਸਾਰ ਅੰਦਰ ਜੋ ਜੀਅ ਜੰਤ ਆਇਆ ਹੈ, ਉਸ ਨੇ ਚੱਲਿਆ ਜਾਣਾ ਹੈ।

## ਵਿਸ਼ਾ — ਕਰਨਾ ਕੂਚੁ ਰਹਨੁ ਥਿਰੁ ਨਾਹੀ ॥

ਇਸ ਫ਼ਾਨੀ ਸੰਸਾਰ ਵਿਚੋਂ ਸਮੇਂ ਅਨੁਸਾਰ ਸਭ ਨੇ ਹੀ ਤੁਰ ਜਾਣਾ ਹੈ। ਇਥੇ ਜੋ ਵੀ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਜ਼ਰੂਰ ਚਲੇ ਜਾਣਾ ਹੈ। ਅਬਿਨਾਸੀ ਜਾਂ ਸਦਾ-ਥਿਰ ਰਹਿਣ ਵਾਲਾ ਤਾਂ ਇਕ ਪ੍ਰਮਾਤਮਾ ਹੀ ਹੈ। ਜਦੋਂ ਅੰਤ ਸਮਾਂ ਆਉਂਦਾ ਹੈ ਤਾਂ ਸਾਰੇ ਸੰਗੀ ਸਾਥ ਛੱਡ ਜਾਂਦੇ ਹਨ ਤਾਂ ਇਸ ਜੀਵ ਨੂੰ ਇਕੱਲਿਆਂ ਹੀ ਜਾਣਾ ਪੈਂਦਾ ਹੈ। ਅਜਿਹੇ ਸਮੇਂ ਇਕ ਪ੍ਰਮਾਤਮਾ ਹੀ ਸਹਾਈ ਹੁੰਦਾ ਹੈ :

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥** (ਅੰਗ ੧429)

**ਅਥਵਾ : ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥** (ਅੰਗ ੧429)

**ਅਥਵਾ : ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥**
**ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥**
(ਅੰਗ 237)

**ਅਥਵਾ : ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥**
**ਸੰਗੁ ਚਲਤ ਹੈ ਹਮ ਭੀ ਚਲਨਾ ॥ ਦੂਰਿ ਗਵਨੁ ਸਿਰ ਊਪਰਿ ਮਰਨਾ ॥ ੧ ॥**
**ਕਿਆ ਤੂ ਸੋਇਆ ਜਾਗੁ ਇਆਨਾ ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ੧ ॥ ਰਹਾਉ ॥**
(ਅੰਗ 793)

ਸ੍ਰੀ ਗੁਰੂ ਤੇਗ ਬਹਾਦਰ ਜੀ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਪ੍ਰਾਣੀ ਨੂੰ ਸਮਝਾ ਰਹੇ ਹਨ ਕਿ ਸਾਰਾ ਜਗਤ ਮਾਨੋਂ ਧੂੰਏਂ ਦੇ ਪਹਾੜ ਵਾਂਗ ਹੈ, ਜਿਸ ਸਾਰੇ ਨੂੰ ਇਕ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ। ਫਿਰ ਹੇ ਪ੍ਰਾਣੀ ! ਤੂੰ ਕੀ ਸਮਝ ਕੇ ਜਗਤ ਨੂੰ ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ। ਆਪ ਜੀ ਦੇ ਬਚਨ ਹਨ ਕਿ ਇਸ ਜਗਤ ਤੋਂ ਤੁਰਨ ਲੱਗਿਆਂ ਧਨ, ਇਸਤਰੀ ਜਾਂ ਹੋਰ ਕੋਈ ਜਾਇਦਾਦ ਇਸ ਮਨੁੱਖ ਦੇ ਨਾਲ ਨਹੀਂ ਜਾਂਦੀ।

ਕੇਵਲ ਪ੍ਰਭੂ ਦੀ ਕੀਤੀ ਹੋਈ ਭਗਤੀ ਹੀ ਨਾਲ ਨਿਭਣ ਵਾਲੀ ਹੈ :

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ ੧॥**
**ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥ 2॥**
**ਇਕ ਭਗਤਿ ਨਾਰਾਇਨ ਹੋਇ ਸੰਗਿ॥ ਕਹੁ ਨਾਨਕ ਭਜੁ ਤਿਹ ਏਕ ਰੰਗਿ॥ 3॥**

(ਅੰਗ ੧੧86)

**ਅਥਵਾ : ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥੧॥**
**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥**

(ਅੰਗ 794)

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥** (ਅੰਗ 474)

**ਅਥਵਾ : ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ॥**
**ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥**
**ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ॥** (ਅੰਗ 63)

ਵੱਖ-ਵੱਖ ਜਾਤਾਂ, ਵਰਗਾਂ ਦੇ ਪ੍ਰਾਣੀ, ਪਸ਼ੂ-ਪੰਛੀ, ਹੋਰ ਅਨੇਕਾਂ ਜੂਨਾਂ ਦੇ ਜੀਵਾਂ ਅਤੇ ਇਹ ਜਗਤ ਪਸਾਰਾ ਜੋ ਦਿੱਸ ਰਿਹਾ ਹੈ, ਆਖ਼ਰ ਨੂੰ ਸਭ ਨਾਸ਼ ਹੋ ਜਾਣ ਵਾਲੇ ਹਨ। ਇਸ ਜਗਤ ਵਿਚ ਮਾਨੋ ਰੇਤ ਦੇ ਘਰ ਬਣੇ ਹੋਏ ਹਨ। ਜਿਵੇਂ ਮੀਂਹ ਨਾਲ ਕਾਗਜ਼ ਨੂੰ ਗਲਦਿਆਂ ਦੇਰ ਨਹੀਂ ਲੱਗਦੀ, ਇਸੇ ਪ੍ਰਕਾਰ ਇਨ੍ਹਾਂ ਘਰਾਂ ਦੇ ਨਾਸ਼ ਹੁੰਦਿਆਂ ਦੇਰ ਨਹੀਂ ਲੱਗਦੀ :

**ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥**
**ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧॥**
**ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥**
**ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥**
**ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥**
**ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ 2॥**
**ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥**
**ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥ 3॥** (ਅੰਗ 808)
**ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥**
**ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ 3॥**

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥**
**ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥** (ਅੰਗ 64)

ਇਸ ਲਈ ਸਭ ਕੋਈ ਇਸ ਸੰਸਾਰ ਅੰਦਰ ਆਉਣ ਜਾਣ ਵਾਲਾ ਹੈ, ਭਾਵ ਸਭ ਕੋਈ ਨਾਸ਼ਵੰਤ ਹੈ, ਕੇਵਲ ਇਕ ਪ੍ਰਮਾਤਮਾ ਹੀ ਸਦਾ ਕਾਇਮ ਰਹਿਣ ਵਾਲਾ ਹੈ। ਉਹ ਅਲੱਖ ਹੈ ਅਤੇ ਅਪਹੁੰਚ ਹੈ। ਸਾਰੇ ਜਗਤ ਦਾ ਰਚਨਹਾਰਾ, ਉਹ ਸਾਰੀ ਕੁਦਰਤ ਦਾ ਮਾਲਕ ਹੈ ਅਤੇ ਉਹ ਸਭ ਜੀਵਾਂ 'ਤੇ ਮਿਹਰ ਅਤੇ ਬਖ਼ਸ਼ਿਸ਼ ਕਰਨ ਵਾਲਾ ਹੈ:

**ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥**
**ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥ 6 ॥** (ਅੰਗ 64)

ਇਸ ਲਈ ਸਾਰਾ ਹੀ ਜਗ ਚੱਲਦਾ-ਫਿਰਦਾ ਹੈ, ਜਨਮ-ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈ, ਸਦਾ-ਥਿਰ ਰਹਿਣ ਵਾਲਾ ਤਾਂ ਉਹ ਪ੍ਰਮਾਤਮਾ ਦਾ ਨਾਮ ਹੀ ਹੈ:

**ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ ॥** (ਅੰਗ 431)
**ਆਦਿ ਹੀ ਅਧਾਨ ਬਿਖੈ ਹੋਇ ਨਿਰਮਾਨ ਪ੍ਰਾਨੀ,**
**ਮਾਸ ਦਸ ਗਨਤ ਹੀ ਗਨਤ ਬਿਹਾਤ ਹੈ ॥**
**ਜਨਮਤ ਸੁਤ ਸਬ ਕੁਟੰਬ ਅਨੰਦ-ਮਈ,**
**ਬਾਲ ਬੁਧਿ ਗਨਤ ਬਿਤੀਤ ਨਿਸਿ ਪ੍ਰਾਤ ਹੈ ॥**
**ਪਢਤ ਬਿਵਾਹੀਅਤ ਜੋਬਨ ਮੈ ਭੋਗ ਬਿਖੈ,**
**ਬਨਜ ਬਿਉਹਾਰ ਕੇ ਬਿਥਾਰ ਲਪਟਾਤ ਹੈ ॥**
**ਬਢਤਾ ਬਿਆਜ ਕਾਜ ਗਨਤ ਅਵਧ ਬੀਤੀ,**
**ਗੁਰ-ਉਪਦੇਸ ਬਿਨੁ ਜਮਪੁਰ ਜਾਤ ਹੈ ॥ 241 ॥**

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

**ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥ 1 ॥**
**ਸੋ ਦਿਨੁ ਆਵਨ ਲਾਗਾ ॥**
**ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥ 1 ॥ ਰਹਾਉ ॥**
**ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥**
**ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥ 2 ॥**
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ॥**
**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ॥ 3॥ 2॥**

(ਅੰਗ 692)

## ਅਲੰਕਾਰ—ਛਿਨੁ ਛਿਨੁ ਅਉਧ ਬਿਹਾਤ ਹੈ

ਮਨੁੱਖ ਕਿਸ ਤਰ੍ਹਾਂ ਮੌਤ ਰੂਪ ਸਰਾਲ ਭਾਵ ਸਰਪ ਦੇ ਮੂੰਹ ਵਿਚ ਜਾ ਪੈਂਦਾ ਹੈ, ਇਸ ਸੰਬੰਧ ਵਿਚ ਇਕ ਖਾਲਸਾ ਜੀਵਨ ਵਿਚ ਅਲੰਕਾਰ ਹੈ : ਇਕ ਪੰਡਿਤ ਅਚਾਨਕ ਜੰਗਲ ਵਿਚ ਐਸੀ ਥਾਂ ਚਲਿਆ ਗਿਆ, ਜਿਥੇ ਇਕ ਪਾਸੇ ਫਾਹੀਆਂ ਤਾਣੀਆਂ ਸਨ। ਦੂਜੇ ਪਾਸੇ ਜੰਗਲ ਵਿਚ ਅੱਗ ਲੱਗੀ ਹੋਈ ਸੀ। ਤੀਜੇ ਪਾਸੇ ਇਕ ਭਿਆਨਕ ਡੈਣ ਲੰਮੀਆਂ-ਲੰਮੀਆਂ ਭੁਜਾ (ਬਾਹਾਂ) ਕਰਕੇ ਖੜੀ ਹੈ ਅਤੇ ਚੌਥੇ ਪਾਸੇ ਇਕ ਭੁੱਖਾ ਸ਼ੇਰ ਖੜਾ ਹੈ। ਪੰਡਿਤ ਘਬਰਾ ਕੇ ਜੰਗਲ ਵਿਚ ਹੀ ਰਿਹਾ। ਉਸ ਨੇ ਇਕ ਬੋਹੜ ਦੇ ਦਰੱਖ਼ਤ ਦੀ ਲੰਮੀ ਦਾੜੀ (ਜੜ੍ਹ) ਖੂਹ ਵਿਚ ਲਮਕਦੀ ਦੇਖੀ ਤਾਂ ਝੱਟ ਜੜ੍ਹ ਨੂੰ ਫੜ ਕੇ ਖੂਹ ਵਿਚ ਲਮਕ ਗਿਆ। ਜਦੋਂ ਹੇਠਾਂ ਨਿਗਾਹ ਕੀਤੀ ਤਾਂ ਵੱਡਾ ਸੱਪ (ਅਸਰਾਲ) ਮੂੰਹ ਅੱਡੀ ਫੁੰਕਾਰੇ ਮਾਰ ਰਿਹਾ ਹੈ, ਉਪਰ ਨਿਗਾਹ ਕੀਤੀ ਤਾਂ ਉੱਤੇ ਇਕ ਮਸਤ ਹਾਥੀ ਆ ਗਿਆ। ਜਿਸ ਜੜ੍ਹ ਨਾਲ ਲਮਕਦਾ ਸੀ, ਉਸ ਨੂੰ ਮਾਖਿਉ (ਮਖਿਆਲ) ਲੱਗਾ ਸੀ। ਜਦ ਲਮਕਣ ਨਾਲ ਹਿੱਲ ਕੇ ਮਾਖਿਉ ਦਾ ਸ਼ਹਿਦ ਉਸ ਦੇ ਮੂੰਹ ਵਿਚ ਚੋਣ ਲੱਗ ਪਿਆ ਤਾਂ ਫਿਰ ਕੀ ਡਿਠਾ ਕਿ ਦੋ ਚੂਹੇ ਚਿੱਟਾ ਤੇ ਕਾਲਾ ਉਸ ਜੜ੍ਹ ਨੂੰ ਕੱਟ ਰਹੇ ਹਨ, ਪਰੰਤੂ ਕੀ ਕਰਦਾ ? ਇਹ ਸਭ ਕੁਝ ਜਾਣਦਾ ਹੋਇਆ ਵੀ ਸ਼ਹਿਦ ਦੇ ਮਿੱਠੇ ਰਸ ਵਿਚ ਸਭ ਕੁਝ ਭੁੱਲ ਗਿਆ। ਆਖ਼ਰ ਚੂਹਿਆਂ ਨੇ ਜੜ੍ਹ ਕੱਟ ਦਿੱਤੀ ਤੇ ਪੰਡਿਤ ਵਿਚਾਰਾ ਭਿਆਨਕ ਸੱਪ ਦੇ ਮੂੰਹ ਵਿਚ ਜਾ ਪਿਆ।

ਇਸੇ ਤਰ੍ਹਾਂ ਜੀਵ, ਪੰਡਿਤ, ਸੰਸਾਰ ਉਜਾੜ ਵਿਚ ਆਇਆ ਹੈ। ਇਕ ਪਾਸੇ ਵਾਸ਼ਨਾ ਦੀਆਂ ਫਾਹੀਆਂ ਲੱਗੀਆਂ ਹਨ, ਦੂਜੇ ਪਾਸੇ ਤ੍ਰਿਸ਼ਨਾ ਦੀ ਅੱਗ ਮੱਚ ਰਹੀ ਹੈ। ਤੀਜੇ ਪਾਸੇ ਬ੍ਰਿਧ ਅਵੱਸਥਾ ਰੂਪੀ ਡੈਣ ਲੰਮੀਆਂ ਬਾਹਵਾਂ ਕਰਕੇ ਦੌੜਦੀ ਹੋਈ ਜਵਾਨੀਆਂ ਰੂਪ ਡਾਹਣੇ ਭੰਨੀ ਆ ਰਹੀ ਹੈ। ਚੌਥੇ ਪਾਸੇ ਹੰਕਾਰ ਰੂਪ ਸ਼ੇਰ ਗਰਜ ਰਿਹਾ ਹੈ। ਗ੍ਰਿਹਸਤ ਬੋਹੜ ਦਾ ਦਰੱਖ਼ਤ ਹੈ, ਉਮਰ ਇਸ ਦੀ ਜੜ੍ਹ ਹੈ, ਖੂਹ ਸਰੀਰ ਹੈ, ਬਰਸ (ਵਰ੍ਹਾ) ਰੂਪ ਹਾਥੀ ਹੈ। ਦਿਨ ਰਾਤ ਚਿੱਟਾ ਤੇ ਕਾਲਾ ਚੂਹਾ ਉਮਰ ਰੂਪ ਜੜ੍ਹ ਨੂੰ ਕੱਟੀ ਜਾ ਰਹੇ ਹਨ :

**ਅਨਦਿਨੁ ਮੂਸਾ ਲਾਜੁ ਟੁਕਾਈ॥ ਗਿਰਤ ਕੂਪ ਮਹਿ ਖਾਹਿ ਮਿਠਾਈ॥**

(ਅੰਗ 390)

ਮਾਇਆ ਰੂਪ ਮਾਖਿਉ ਹੈ, ਵਿਸ਼ੇ ਰੂਪ ਸ਼ਹਿਦ ਹੈ, ਜਿਸ ਦੇ ਭੋਗਣ ਵਿਚ ਜੀਵ ਲੱਗਾ ਹੋਇਆ ਹੈ। ਕਾਲ ਰੂਪ ਸੱਪ ਹੈ। ਜਦ ਉਮਰ ਰੂਪੀ ਜੜ੍ਹ ਕੱਟੀ ਗਈ ਤਾਂ ਡਿੱਗ ਕੇ ਕਾਲ ਦੇ ਮੂੰਹ ਵਿਚ ਜਾ ਪੈਂਦਾ ਹੈ। ਸੋ ਇਸ ਤਰ੍ਹਾਂ ਜੋ ਮਨੁੱਖਾ ਜਨਮ ਲੈ ਕੇ ਸੱਪ (ਕਾਲ) ਦੇ ਮੂੰਹ ਵਿਚ ਹੀ ਡਿੱਗਣ ਜੋਗੇ ਹਨ, ਉਹ ਆਪਣਾ ਕੁਝ ਨਹੀਂ ਸਵਾਰ ਸਕਦੇ।

ਸੂਹੀ॥ ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥ ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥ ੧ ॥ ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ੧ ॥ ਰਹਾਉ॥ ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥ ਸਭ ਘਟ ਭੀਤਰਿ ਹਾਟੁ ਚਲਾਵੈ॥ ਕਰਿ ਬੰਦਿਗੀ ਛਾਡਿ ਮੈ ਮੇਰਾ॥ ਹਿਰਦੈ ਨਾਮੁ ਸਮ੍ਾਰਿ ਸਵੇਰਾ॥ 2 ॥ ਜਨਮੁ ਸਿਰਾਨੋ ਪੰਥੁ ਨ ਸਵਾਰਾ॥ ਸਾਂਝ ਪਰੀ ਦਹ ਦਿਸ ਅੰਧਿਆਰਾ॥ ਕਹਿ ਰਵਿਦਾਸ ਨਿਦਾਨਿ ਦਿਵਾਨੇ॥ ਚੇਤਸਿ ਨਾਹੀ ਦੁਨੀਆ ਫਨ ਖਾਨੇ॥ 3 ॥ 2 ॥

ਪਦ ਅਰਥ :- ਜਾਹੀ=ਚਲੇ ਜਾਂਦੇ ਹਨ। ਕੂਚੁ=ਸੰਸਾਰ ਤੋਂ ਚਲੇ ਜਾਣਾ ਹੈ। ਰਹਨੁ=ਟਿਕਾਣਾ। ਥਿਰ=ਪੱਕਾ। ਸੰਗੁ=ਸਾਥ। ਚਲਤ ਹੈ=ਜਾਂਦਾ ਪਿਆ ਹੈ। ਗਵਨੁ=ਪੈਂਡਾ।੧। ਜਗਿ=ਜਗ ਵਿਚ।੧।ਰਹਾਉ। ਜੀਉ=ਜਿੰਦ। ਅੰਬਰਾਵੈ=ਅਪੜਾਉਂਦਾ ਹੈ। ਘਟ ਭੀਤਰਿ=ਸਭ ਹਿਰਦਿਆਂ ਅੰਦਰ। ਸਮ੍ਾਰਿ ਸਵੇਰਾ=ਵੇਲੇ ਸਿਰ ਯਾਦ ਕਰ।੨। ਸਿਰਾਨੋ=ਗੁਜ਼ਰ ਰਿਹਾ ਹੈ। ਪੰਥੁ=ਜੀਵਨ ਦਾ ਰਸਤਾ। ਸਵਾਰਾ=ਸੋਹਣਾ ਨਹੀਂ ਬਣਾਇਆ। ਸਾਂਝ ਪਰੀ=ਸ਼ਾਮ ਪੈ ਗਈ। ਨਿਦਾਨਿ=ਅੰਤ ਸਮੇਂ; ਓੜਕ ਨੂੰ। ਦੀਵਾਨੇ=ਹੇ ਕਮਲੇ !। ਫਨ ਖਾਨੇ=ਫਨਾਹ ਦਾ ਘਰ ਹੈ। ੩।੨।

ਅਰਥ :- (ਹੇ ਭਾਈ ! ਸੰਸਾਰ ਅੰਦਰ ਮਨੁੱਖ ਦੇ ਜੀਵਨ ਦੇ) ਜੋ ਦਿਨ ਆਉਂਦੇ ਹਨ, ਉਹ ਦਿਨ (ਨਾਲੋ ਨਾਲ) ਗੁਜ਼ਰ ਜਾਂਦੇ ਹਨ। (ਇਸ ਤਰ੍ਹਾਂ ਇਥੇ ਕਿਸੇ ਦਾ ਵੀ) ਪੱਕਾ ਟਿਕਾਣਾ ਨਹੀਂ; (ਇਕ ਦਿਨ ਇਥੋਂ ਸਭ ਨੇ ਅਵੱਸ਼) ਕੂਚ ਕਰਨਾ ਹੈ (ਭਾਵ ਇਥੋਂ ਚਾਲੇ ਪਾ ਜਾਣੇ ਹਨ)। (ਸਾਡਾ) ਸਾਥ ਜਾ ਰਿਹਾ ਹੈ, ਅਸਾਂ ਭੀ ਚਲੇ ਜਾਣਾ ਹੈ। ਇਹ ਪੈਂਡਾ ਬਹੁਤ ਲੰਮਾ ਹੈ, ਇਸ ਲਈ ਅਸਾਂ ਦੂਰ ਜਾਣਾ ਹੈ (ਭਾਵ ਲੰਮਾ ਸਫ਼ਰ ਕਰਨਾ ਹੈ ਪਰ) ਮੌਤ ਸਿਰ ਉੱਤੇ (ਖੜੋਤੀ ਹੋਈ ਹੱਸ ਰਹੀ ਹੈ।੧। ਹੇ ਬੇਸਮਝ ! ਹੇ ਇਆਣੇ ਜੀਵ ! ਤੂੰ ਕਿਉਂ (ਅਵਿਦਿਆ ਦੀ ਨੀਂਦ ਵਿਚ) ਸੌਂ ਰਿਹਾ ਹੈਂ; (ਉਠ) ਜਾਗ ਪਓ, ਜਗਤ ਨੂੰ ਝੂਠਾ ਜਾਣ ਤੇ ਸਿਮਰਨ ਵਿਚ ਜੁੱਟ ਜਾ। ਤੂੰ ਜਗਤ ਵਿਚ (ਝੂਠੇ) ਜੀਵਨ ਨੂੰ ਸੱਚ ਕਰਕੇ ਮੰਨੀ ਬੈਠਾ ਹੈਂ।੧। ਰਹਾਉ।

(ਹੇ ਭਾਈ ! ਪ੍ਰਮੇਸ਼ਰ 'ਤੇ ਭਰੋਸਾ ਰੱਖ, ਤੂੰ ਰਿਜ਼ਕ ਦਾ ਫ਼ਿਕਰ ਛੱਡ ਦੇ)। ਜਿਸ (ਪਰਮੇਸ਼ਰ) ਨੇ ਜਿੰਦ ਦਿੱਤੀ ਹੈ, ਉਹ ਪ੍ਰਭੂ ਪ੍ਰਮੇਸ਼ਰ (ਸਾਰਿਆਂ ਨੂੰ ਹੀ) ਰਿਜ਼ਕ ਅਪੜਾਉਂਦਾ ਹੈ। ਉਹ ਪ੍ਰਮਾਤਮਾ ਤਾਂ ਸਭ ਸਰੀਰਾਂ ਵਿਚ (ਬੈਠਾ ਹੋਇਆ ਆਪ ਹੀ ਸਰੀਰ ਰੂਪੀ) ਦੁਕਾਨ ਚਲਾ ਰਿਹਾ ਹੈ (ਭਾਵ ਜਿੰਦ ਦੀ ਲੋੜ ਪੂਰਨ ਕਰਨ ਲਈ ਆਪ ਹੀ ਮਨੁੱਖ ਦੇ ਅੰਦਰ ਬੈਠਾ ਹੋਇਆ ਸਭ ਪ੍ਰਬੰਧ ਕਰ ਰਿਹਾ ਹੈ।

(ਹੇ ਭਾਈ ! ਜੋ ਤੂੰ ਅਪਣੱਤ ਧਾਰੀ ਹੈ ਉਸ) ਮੈਂ-ਮੇਰੀ (ਮੇਰ-ਤੇਰ) ਨੂੰ ਛੱਡ ਕੇ (ਪ੍ਰਭੂ ਦੀ) ਬੰਦਗੀ ਕਰ। (ਆਪਣੇ) ਹਿਰਦੇ ਵਿਚ (ਪ੍ਰਭੂ ਦਾ) ਨਾਮ ਸਵੱਖਤੇ ਹੀ ਸਿਮਰ ਲੈ (ਨਾਮ ਜਪੌ ਜੀ ਐਸੇ ਐਸੇ॥ ਧ੍ਰੂ

ਪ੍ਰਹਿਲਾਦਿ ਜਪਿਉ ਹਰਿ ਜੈਸੇ॥) ਇਸ ਤਰ੍ਹਾਂ ਹਿਰਦੇ ਵਿਚ ਪ੍ਰਭੂ ਦਾ ਨਾਮ ਸਮ੍ਹਾਰਿ ਸਵੇਰਾ।੨।

(ਹੇ ਭਾਈ ! ਤੇਰਾ) ਜਨਮ (ਵਿਅਰਥ ਹੀ) ਗੁਜ਼ਰ ਰਿਹਾ ਹੈ ਅਤੇ ਤੂੰ ਆਪਣਾ ਜੀਵਨ-ਮਾਰਗ (ਅਜੇ ਤੀਕ) ਨਹੀਂ ਸਵਾਰਿਆ (ਭਾਵ ਸੱਚ ਦੇ ਰਸਤੇ 'ਤੇ ਨਹੀਂ ਟੁਰਿਆ)। (ਜਿਸ ਵੇਲੇ ਜੀਵਨ ਦੀ) ਸ਼ਾਮ ਪੈ ਜਾਵੇਗੀ, ਦਸੀਂ ਪਾਸੇ ਹਨੇਰਾ ਹੋ ਜਾਵੇਗਾ (ਫਿਰ ਕੀ ਕਰੇਂਗਾ ?) ਭਾਵ ਫੇਰ ਤੇਰੇ ਪਾਸੋਂ ਕੁਝ ਨਹੀਂ ਹੋਣਾ।

ਭਗਤ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਕਮਲੇ ! ਝੱਲੇ ਦੀਵਾਨੇ ਪੁਰਸ਼ ! ਸੋਚ ਨਾ, ਕੁਝ ਕਰ। ਤੂੰ ਪਰਮੇਸ਼ਰ ਨੂੰ ਕਿਉਂ ਨਹੀਂ ਸਿਮਰਦਾ ? (ਇਹ ਮਨੁੱਖਾ ਜਨਮ ਸਿਮਰਨ ਕਰਨ ਵਾਸਤੇ ਹੀ ਮਿਲਿਆ ਹੈ) ਅਤੇ ਇਹ ਦੁਨੀਆਂ ਨਾਸ਼ ਭਾਵ ਫਨਾਹ ਹੋ ਜਾਣ ਵਾਲਾ ਘਰ ਹੈ।੩।੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧65 (ਆਦਿ ਅੰਗ 795)

## ਬਿਲਾਵਲੁ ਮਹਲਾ ੧ ॥

ਆਪੇ ਸਬਦੁ ਆਪੇ ਨੀਸਾਨੁ ॥ਆਪੇ ਸੁਰਤਾ ਆਪੇ ਜਾਨੁ ॥ਆਪੇ ਕਰਿ ਕਰਿ ਵੇਖੈ ਤਾਣੁ॥ ਤੂ ਦਾਤਾ ਨਾਮੁ ਪਰਵਾਣੁ॥ ੧ ॥ ਐਸਾ ਨਾਮੁ ਨਿਰੰਜਨ ਦੇਉ॥ ਹਉ ਜਾਚਿਕੁ ਤੂ ਅਲਖ ਅਭੇਉ॥ ੧ ॥ ਰਹਾਉ॥ ਮਾਇਆ ਮੋਹੁ ਧਰਕਟੀ ਨਾਰਿ ॥ਭੂੰਡੀ ਕਾਮਣਿ ਕਾਮਣਿਆਰਿ ॥ਰਾਜੁ ਰੂਪੁ ਝੂਠਾ ਦਿਨ ਚਾਰਿ ॥ਨਾਮੁ ਮਿਲੈ ਚਾਨਣੁ ਅੰਧਿਆਰਿ ॥2 ॥ਚਖਿ ਛੋਡੀ ਸਹਸਾ ਨਹੀ ਕੋਇ॥ਬਾਪੁ ਦਿਸੈ ਵੇਜਾਤਿ ਨ ਹੋਇ॥ ਏਕੇ ਕਉ ਨਾਹੀ ਭਉ ਕੋਇ॥ ਕਰਤਾ ਕਰੇ ਕਰਾਵੈ ਸੋਇ॥ 3 ॥ ਸਬਦਿ ਮੁਏ ਮਨੁ ਮਨ ਤੇ ਮਾਰਿਆ॥ ਠਾਕਿ ਰਹੇ ਮਨੁ ਸਾਚੈ ਧਾਰਿਆ॥ ਅਵਰੁ ਨ ਸੂਝੈ ਗੁਰ ਕਉ ਵਾਰਿਆ॥ ਨਾਨਕ ਨਾਮਿ ਰਤੇ ਨਿਸਤਾਰਿਆ ॥ 4 ॥ 3 ॥

## ਪ੍ਰਾਕ੍ਥਨ :

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪਾਵਨ ਸ਼ਬਦ ਬਿਲਾਵਲ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਹਜ਼ੂਰ ਨੇ "ਆਪੇ ਸਬਦੁ ਆਪੇ ਨੀਸਾਨੁ ॥" ਕਥਨ ਕੀਤਾ ਹੈ।

## ਵਿਸ਼ਾ — ਆਪੇ ਸਬਦੁ ਆਪੇ ਨੀਸਾਨੁ ॥

ਸ਼ਬਦ-ਗੁਰੂ ਦੀ ਮਹਾਨਤਾ ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸੇ ਸਰੂਪਾਂ ਅੰਦਰ ਹੀ ਗੁਰੂ ਸਾਹਿਬਾਂ ਨੇ ਦਰਸਾਈ ਹੈ। ਅਸਲ ਵਿੱਚ ਗੁਰੂ ਸਾਹਿਬ ਜੀ ਸਰੀਰ ਨਹੀਂ ਸਨ।

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥** (ਅੰਗ ੧395)

ਪਾਰਬ੍ਰਹਮ ਪ੍ਰਮੇਸ਼ਰ ਹਨ ਅਥਵਾ ਸ਼ਬਦ-ਜੋਤਿ ਹੀ ਗੁਰੂ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਵਿੱਚ ਪ੍ਰਵੇਸ਼ ਕੀਤਾ।

**ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥** (ਅੰਗ ੧395)

ਇਸੇ ਸ਼ਬਦ-ਗੁਰੂ ਦਾ ਹੀ ਜ਼ਿਕਰ ਗੁਰਦੇਵ ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸਟ ਨਾਮੇ ਬਾਣੀ ਅੰਦਰ ਕੀਤਾ ਹੈ। ਜਿਸ ਵੇਲੇ ਸਿੱਧਾਂ ਨੇ ਪਰਮ ਕ੍ਰਿਪਾਲੂ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਜੀਵਨ ਦਾ ਮੁੱਢ ਕੀ ਹੈ ? ਸਿੱਖਿਆ ਲੈਣ ਦਾ ਸਮਾਂ ਕਿਹੜਾ ਹੈ ਅਤੇ ਤੇਰਾ ਗੁਰੂ ਕਿਹੜਾ ਹੈ ਜਿਸ ਦਾ ਤੂੰ ਚੇਲਾ ਬਣਿਆ ਹੈਂ ? ਇਨ੍ਹਾਂ ਕੀਤੇ ਪ੍ਰਸ਼ਨਾਂ ਦਾ ਜ਼ਿਕਰ ਬਾਣੀ ਅੰਦਰ ਇਸ ਪ੍ਰਕਾਰ ਆਇਆ ਹੈ :

**ਕਵਣ ਮੂਲੁ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥** (ਅੰਗ 942)

ਹਜ਼ੂਰ ਨੇ ਸਿਧ ਗੋਸਟ ਨਾਮੇ ਬਾਣੀ ਦੀ ੪੪ਵੀਂ ਪਉੜੀ ਅੰਦਰ ਉੱਤਰ ਇਸ ਤਰ੍ਹਾਂ ਦਿੱਤਾ ਹੈ :

**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** (ਅੰਗ 943)

ਭਾਵ ਪ੍ਰਾਣ ਜੀਵਨ ਦਾ ਮੁੱਢ ਹਨ। ਮਨੁੱਖਾ ਜਨਮ ਹੀ ਸਤਿਗੁਰੂ ਪਾਸੋਂ ਸਿੱਖਿਆ ਲੈਣ ਦਾ ਸਮਾਂ ਹੈ। ਸ਼ਬਦ ਹੀ ਮੇਰਾ ਗੁਰੂ ਹੈ ਅਤੇ ਸੁਰਤਿ ਮੇਰੀ ਚੇਲਾ ਹੈ। ਅਸਲ ਵਿੱਚ ਸ਼ਬਦ ਤੇ ਸੁਰਤਿ ਦੇ ਸੰਜੋਗ ਦਾ ਹਰ ਕਿਸੇ ਨੂੰ ਗਿਆਨ ਨਹੀਂ ਹੈ। ਜੋ ਨਾਮ ਰਸਨਾ ਦੁਆਰਾ ਜਪਿਆ ਜਾਂਦਾ ਹੈ, ਉਹ ਹਿਰਦੇ ਵਿਚ ਪ੍ਰਵੇਸ਼ ਕਰਦਾ ਹੈ। ਹਿਰਦੇ ਵਿਚ ਇਕਾਗਰਤਾ ਆਉਣ ਨਾਲ ਸੁਰਤਿ ਟਿਕਦੀ ਹੈ। ਟਿਕੀ ਹੋਈ ਸੁਰਤਿ ਜਦੋਂ ਸ਼ਬਦ ਨਾਲ

ਸਪਰਸ਼ ਕਰਦੀ ਹੈ ਤਾਂ ਮਨ, ਸੁਰਤਿ, ਮਤਿ ਅਤੇ ਬੁੱਧੀ ਵਿਚ ਇਕ ਵਿਸਮਾਦੀ ਹਾਲਤ ਛਾ ਜਾਂਦੀ ਹੈ, ਜਿਸ ਦਾ ਅਸਲ ਰਸ ਤੇ ਰਹੱਸ, ਵਿਰਲੇ ਨਾਮ ਅਭਿਆਸ ਕਮਾਈ ਕਰਨ ਵਾਲੇ ਹੀ ਜਾਣਦੇ ਹਨ। ਸ਼ਬਦ ਸੁਰਤਿ ਦੇ ਸੰਗਮ ਦਾ ਵਰਣਨ ਅਕਥਨੀਯ ਹੈ। 'ਸਬਦ ਗੁਰੂ ਸੁਰਤਿ ਧੁਨਿ ਚੇਲਾ' ਦਾ ਸਿਧਾਂਤ ਜੋ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਦੱਸਿਆ ਹੈ, ਇਸੇ ਗੁਰੂ ਜੀ ਦੇ ਦਸੇ ਸਿਧਾਂਤ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਹੋਰ ਸਪੱਸ਼ਟ ਕੀਤਾ ਹੈ :

**ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।**
**ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।**
**ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜ ਕੂਰਮ ਹੰਸ ਵੰਸ ਨਵੇਲਾ।**
**ਬਿਰਖਹੁੰ ਫਲ ਫਲ ਤੇ ਬਿਰਖੁ ਗੁਰਸਿਖ ਸਿਖ ਗੁਰ ਮੰਤੁ ਸੁਹੇਲਾ।**
**ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।**
**ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖੁ ਆਦੇਸ ਵਹੇਲਾ।**
**ਸਿਫਤ ਸਲਾਹਣੁ ਅੰਮ੍ਰਿਤੁ ਵੇਲਾ॥ 20 ॥** (ਵਾਰ 7, ਪਉੜੀ 20)

ਅਤੇ ਹੋਰ ਇਸੇ ਸ਼ਬਦ-ਗੁਰੂ ਅਤੇ ਸੁਰਤਿ ਧੁਨਿ ਚੇਲਾ ਦੇ ਸਿਧਾਂਤ ਨੂੰ ਤੇ ਨਿਰੰਕਾਰੀ ਜੋਤਿ ਹੀ ਗੁਰੂ ਨਾਨਕ ਦੇਵ ਹੋ ਕੇ ਜੀਆਂ ਦੇ ਤਾਰਣ ਦੇ ਸਿਧਾਂਤ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਦਰਸਾਇਆ ਹੈ :

**ਗੁਰ ਸਿਖਹੁ ਗੁਰ ਸਿਖੁ ਹੈ ਪੀਰ ਪੀਰਹੁ ਕੋਈ।**
**ਸਬਦਿ ਸੁਰਤਿ ਚੇਲਾ ਗੁਰੂ ਪਰਮੇਸਰੁ ਸੋਈ।**
**ਦਰਸਨਿ ਦਿਸਟਿ ਧਿਆਨੁ ਧਰਿ ਗੁਰ ਮੂਰਤਿ ਹੋਈ।**
**ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ।**
**ਵਾਹਿਗੁਰੂ ਗੁਰਮੰਤ੍ਰੁ ਹੈ ਜਪਿ ਹਉਮੈ ਖੋਈ।**
**ਆਪਿ ਗਵਾਏ ਆਪਿ ਹੈ ਗੁਣ ਗੁਣੀ ਪਰੋਈ॥ ੧3 ॥**

(ਵਾਰ ੧3, ਪਉੜੀ 2)

**ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ।**
**ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।**
**ਚਾਰਿ ਵਰਨ ਚਾਰਿ ਮਜਹਬਾ ਚਰਣ ਕਵਲ ਸਰਣਾਗਤਿ ਆਇਆ।**
**ਪਾਰਸਿ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ।**
**ਪੈਰੀ ਪਾਇ ਨਿਵਾਇਕੈ ਹਉਮੈ ਰੋਗੁ ਅਸਾਧੁ ਮਿਟਾਇਆ।**

**ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।**
**ਪੂਰੈ ਪੂਰਾ ਥਾਟੁ ਬਣਾਇਆ॥ ੧2 ॥ ੧7॥**

ਇਸ ਵਾਸਤੇ 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਵਾਲਾ ਸਿਧਾਂਤ ਭਾਈ ਗੁਰਦਾਸ ਜੀ ਦੀਆਂ ਇਨ੍ਹਾਂ ਪਉੜੀਆਂ ਨਾਲ ਹੋਰ ਸਪੱਸ਼ਟ ਹੋ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਗੁਰੂ ਦੀ ਮਹਾਨਤਾ ਸੋਰਠਿ ਰਾਗ ਅੰਦਰ ਅਸਟਪਦੀ ਦੇ ਅੱਠਵੇਂ ਬੰਦ ਅੰਦਰ ਇਸ ਤਰ੍ਹਾਂ ਦਰਸਾਈ ਹੈ :

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥**

(ਅੰਗ 635)

ਸ਼ਬਦ-ਗੁਰੂ ਪੀਰ ਹੈ। (ਸ਼ਬਦ) ਡੂੰਘਾ ਤੇ ਸ਼ਾਂਤ ਰੂਪ ਹੈ। ਸ਼ਬਦ-(ਗੁਰੂ) ਤੋਂ ਬਿਨਾਂ ਸਾਰਾ ਸੰਸਾਰ ਪਾਗ਼ਲ ਹੋਇਆ ਫਿਰਦਾ ਹੈ।

ਸ਼ਬਦ-ਗੁਰੂ ਦੀ ਵਡਿਆਈ ਦਰਸਾਉਂਦਿਆਂ ਗੁਰਦੇਵ ਨੇ ਸਿੱਧਾਂ ਨੂੰ ਇਥੋਂ ਤੱਕ ਕਹਿ ਦਿੱਤਾ ਕਿ ਆਪਣੇ ਆਪ ਸੱਚੇ ਤੇ ਸੁੱਚੇ ਬਣ ਕੇ ਕੀ ਭਉਂਦੇ ਫਿਰਦੇ ਹੋ, ਸੱਚੇ ਗੁਰੂ ਦੇ (ਸ਼ਬਦ) ਉਪਦੇਸ਼ ਤੋਂ ਬਿਨਾਂ ਮੋਖਸ਼ ਦੀ ਪ੍ਰਾਪਤੀ ਨਹੀਂ ਹੋਣੀ। ਹਜ਼ੂਰ ਦਾ ਫ਼ੁਰਮਾਨ ਹੈ :

**ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥**

(ਅੰਗ 938)

ਪ੍ਰਭਾਤੀ ਅਸਟਪਦੀਆਂ ਅੰਦਰ ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਕਿ ਸੱਚੇ ਗੁਰੂ ਦੇ ਉਪਦੇਸ਼ ਰਾਹੀਂ ਸੱਚ ਨਾਮ ਜਪਣ ਰੂਪੀ ਕਮਾਈ ਕਰ। ਸੱਚੇ ਗੁਰੂ ਦੀ ਬਾਣੀ ਰਾਹੀਂ ਹਰੀ ਦੇ ਗੁਣ ਗਾਵੇ, ਤਦ ਇਹ ਜੀਵ ਸੱਚੇ ਦੇ ਦਰਬਾਰ ਅੰਦਰ ਸੋਭਾ ਪਾਂਵਦਾ ਹੈ ਅਤੇ ਇਸ ਨੂੰ ਅਮਰ ਪਦਵੀ ਪ੍ਰਾਪਤ ਹੋ ਜਾਂਦੀ ਹੈ। ਬਾਣੀ ਪੜ੍ਹਦਿਆਂ, ਗੁਰ ਸੇਵਾ ਕਰਦਿਆਂ ਹੀ ਭਗਤੀ ਸਫਲੀ ਹੁੰਦੀ ਹੈ। ਸੇਵਾ ਬਿਨਾਂ ਹੰਕਾਰ ਹੋ ਜਾਂਦਾ ਹੈ, ਅਤੇ ਭਗਤੀ ਸਫਲੀ ਨਹੀਂ ਹੁੰਦੀ। ਹਉਮੈ ਗੁਰ ਉਪਦੇਸ਼ ਰਾਹੀਂ ਸੇਵਾ ਸਿਮਰਨ ਕਰਕੇ ਨਵਿਰਤ ਹੁੰਦੀ ਹੈ। ਸੰਸਾਰ ਅੰਦਰ ਸ਼ਬਦ ਦੀ ਕਮਾਈ ਸਭ ਤੋਂ ਸ੍ਰੇਸ਼ਟ ਹੈ। ਸ਼ਬਦ ਤੋਂ ਬਿਨਾਂ ਸਭ ਜੀਵ ਮੋਹ ਆਦਿ ਅਗਿਆਨਤਾ ਦੇ ਹਨੇਰੇ ਅੰਦਰ ਹਨ। ਪਾਤਿਸ਼ਾਹ ਜੀ ਦੇ ਪਵਿੱਤ੍ਰ ਅੰਮ੍ਰਿਤ ਬਚਨ ਹਨ :

**ਸਚੈ ਸਬਦਿ ਸਚੁ ਕਮਾਵੈ॥ ਸਚੀ ਬਾਣੀ ਹਰਿ ਗੁਣ ਗਾਵੈ॥**
**ਨਿਜ ਘਰਿ ਵਾਸੁ ਅਮਰ ਪਦੁ ਪਾਵੈ॥ ਤਾ ਦਰਿ ਸਾਚੈ ਸੋਭਾ ਪਾਵੈ॥ 5॥**

(ਅੰਗ ੧342)

## ਸਾਖੀ—ਅਬ ਆਪ ਕੋ ਨਹੀਂ ਭੂਲੇਗਾ

ਬੰਗਾਲ ਦੇ ਇਕ ਬੜੇ ਉਚ ਕੋਟੀ ਦੇ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦਾ ਨਾਮ ਗੌਰੰਗ ਸੁਆਮੀ ਸੀ।

ਇਸ ਗੌਰੰਗ ਸੁਆਮੀ ਨੇ ੧੬-੧੭ ਸਾਲ ਦੀ ਉਮਰ ਵਿਚ ਚਾਰ ਵੇਦ, ਛੇ ਸ਼ਾਸਤਰ ਤਕਰੀਬਨ ਜ਼ੁਬਾਨੀ ਹੀ ਯਾਦ ਕਰ ਲਏ ਸਨ। ਉਸ ਦੀ ਛੋਟੀ ਉਮਰ ਅਤੇ ਵਿਦਵਤਾ ਬਨਾਰਸ ਦੇ ਲੋਗਾਂ ਨੂੰ ਹੈਰਾਨ ਕਰਦੀ ਸੀ। ਜਦੋਂ ਵੀ ਉਸ ਨੇ ਭਾਸ਼ਣ ਦੇਣਾ, ਹਜ਼ਾਰਾਂ ਲੋਗਾਂ ਨੇ ਉਥੇ ਇਕੱਠੇ ਹੋ ਕੇ ਪੂਰਨ ਸ਼ਾਂਤਮਈ ਪ੍ਰਭਾਵਾਂ ਵਿਚ ਆਪ ਦੇ ਕਥਨ ਨੂੰ ਸੁਣ ਕੇ ਮਸਤ ਹੋ ਜਾਣਾ। ਧੀਰੇ-ਧੀਰੇ ਇਹ ਭਾਸ਼ਣਾਂ ਤੋਂ ਲੰਘ ਕੇ ਚਰਚਾ ਵਾਦ ਵਿਚ ਲੱਗ ਗਏ। ਬੜੇ-ਬੜੇ ਵਿਦਵਾਨ ਪੰਡਿਤ ਇਨ੍ਹਾਂ ਦੀ ਤੇਜਮਯ ਵਿਦਿਆ ਦੇ ਸਾਹਮਣੇ ਮਾਤ ਪੈ ਗਏ ਅਤੇ ਬਨਾਰਸ ਦੇ ਮਹਾਨ ਪੰਡਿਤ ਇਨ੍ਹਾਂ ਤੋਂ ਹਾਰ ਖਾ ਗਏ। ਇਕ ਦਿਨ ਆਪ ਨੇ ਗੰਗਾ ਤੋਂ ਪਾਰ ਕੋਈ ਭਾਸ਼ਣ ਦੇਣ ਲਈ ਜਾਂ ਕਿਸੇ ਚਰਚਾ ਵਾਦ ਕਰਨ ਦੇ ਲਈ ਜਾਣਾ ਸੀ। ਆਪ ਬੇੜੇ 'ਤੇ ਸਵਾਰ ਹੋ ਗਏ। ਬੇੜਾ ਨਕੋ ਨਕ ਸਵਾਰੀਆਂ ਨਾਲ ਭਰ ਗਿਆ ਤੇ ਥੋੜੇ ਸਮੇਂ ਬਾਅਦ ਉਹ ਚੱਲ ਪਿਆ। ਜਦ ਬੇੜਾ ਚਲਿਆ ਤਾਂ ਸ੍ਰੀ ਗੌਰੰਗ ਸੁਆਮੀ ਭੀੜ ਬਹੁਤ ਹੋਣ ਕਰ ਕੇ ਉਸ ਉੱਚੇ ਅਸਥਾਨ 'ਤੇ ਚਲੇ ਗਏ ਜਿਥੇ ਮਲਾਹ ਚੱਪੂ ਮਾਰ ਕੇ ਬੇੜੇ ਨੂੰ ਚਲਾਂਦਾ ਹੈ। ਆਪ ਮਲਾਹ ਵਾਂਗੂੰ ਖੜ੍ਹੇ ਹੋ ਗਏ ਤੇ ਉਸ ਬੇੜੇ ਵੱਲ ਨਜ਼ਰ ਪਾਈ ਕਿ ਕੋਈ ਵਿਦਵਾਨ ਪੁਰਸ਼ ਵੀ ਬੇੜੇ ਵਿਚ ਹੈ ਕਿ ਨਹੀਂ। ਅਚਾਨਕ ਉਨ੍ਹਾਂ ਕੀ ਤਕਿਆ ਕਿ ਭਗਵੇ ਵੇਸ ਵਾਲਾ ਇਕ ਮਹਾਂਪੁਰਸ਼ ਬੇੜੇ ਦੇ ਦੂਜੇ ਪਾਸੇ ਆਸਣ 'ਤੇ ਅਡੋਲ ਬੈਠਾ ਹੈ। ਗੌਰੰਗ ਆਪਣੀ ਜਗ੍ਹਾ ਛੱਡ ਕੇ ਸੁਆਰੀਆਂ ਵਿਚੋਂ ਲੰਘ ਕੇ ਉਸ ਜਗ੍ਹਾ 'ਤੇ ਜਾ ਪਹੁੰਚਿਆ ਜਿਥੇ ਉਹ ਮਹਾਂਪੁਰਸ਼ ਆਪਣੇ ਰੰਗ ਵਿਚ ਰਤਾ ਹੋਇਆ ਬੈਠਾ ਸੀ। ਗੌਰੰਗ ਨੇ ਤਕਿਆ ਕਿ ਮਹਾਂਪੁਰਸ਼ ਦੇ ਨੈਣ ਬੰਦ ਹਨ। ਇਹ ਮਹਾਤਮਾ ਅਡੋਲ ਟਿਕ ਰਿਹਾ ਹੈ, ਅਦਭੁੱਤ ਹੈ ਤੇ ਪੰਜ ਕੁ ਮਿੰਟਾਂ ਦੇ ਬਾਅਦ ਸ੍ਰੀ ਗੌਰੰਗ ਸੁਆਮੀ ਨੇ ਮੋਢਾ ਹਿਲਾਇਆ। ਮੋਢਾ ਹਿਲਣ 'ਤੇ ਉਸੇ ਧਿਆਨ ਵਿਚ ਮਸਤ ਮਹਾਂਪੁਰਸ਼ਾਂ ਨੇ ਨੈਣ ਖੋਲ੍ਹੇ ਤੇ ਗੌਰੰਗ ਸੁਆਮੀ ਵੱਲ ਤਕਿਆ। ਕਹਿਣ ਲੱਗੇ, 'ਬੇਟਾ ! ਕਿਆ ਬਾਤ ਹੈ ?'' ਤਾਂ ਸ੍ਰੀ ਗੌਰੰਗ ਸੁਆਮੀ ਨੇ ਕਿਹਾ, 'ਕਿਆ ਆਪ ਮੁਝੇ ਜਾਨਤੇ ਹੈਂ ?'' ਮਹਾਤਮਾ ਨੇ ਸਿਰ ਹਿਲਾਇਆ ਕਿ ਨਹੀਂ।'' ਤਾਂ ਗੌਰੰਗ ਨੇ ਕਿਹਾ ਕਿ ਮੈਂ ਉਹ ਵਿਦਵਾਨ ਹਾਂ ਜਿਸ ਨੇ ੧੬-੧੭ ਸਾਲ ਦੀ ਉਮਰ ਵਿਚ ਸਭ ਵੇਦ ਸ਼ਾਸਤਰਾਂ ਨੂੰ ਯਾਦ ਕਰ ਲਿਆ ਹੈ। ਮਹਾਤਮਾ ਨੇ ਤੱਕਿਆ ਤੇ ਕਿਹਾ, 'ਅੱਛਾ ! ਬਹੁਤ ਅੱਛਾ ਹੂਆ।'' ਤਾਂ ਸ੍ਰੀ ਗੌਰੰਗ ਨੇ ਕਿਹਾ, 'ਸ਼ਾਸਤਰ ਵਿਧੀ ਕੇ ਅਨੁਸਾਰ ਆਪ ਮੁਝੇ ਸਤਿਕਾਰ ਦੀਜੀਏ, ਮੁਝ ਆਸਨ ਦੀਜੀਏ ਕਿਉਂਕਿ ਮੈਂ ਬਹੁਤ ਬੜਾ ਵਿਦਵਾਨ ਹੂੰ।'' ਸਾਧੂ ਨੇ ਹੰਗੂਰਾ ਭਰਿਆ 'ਅੱਛਾ ਬੇਟਾ ! ਆਪ ਮਹਾਂ ਵਿਦਵਾਨ ਹੈਂ, ਪ੍ਰੰਤੂ ਮੇਰੀ ਨਜ਼ਰ ਮੇਂ ਤੋ ਆਪ ਮੁਝੇ ਮਹਾਂ ਮੂਰਖ ਦਿਖਾਈ ਦੇ ਰਹੇ ਹੈਂ।'' ਸ੍ਰੀ ਗੌਰੰਗ ਸੁਆਮੀ ਦੀ ਜ਼ਿੰਦਗੀ ਵਿਚ ਇਹ ਪਹਿਲਾ ਅਵਸਰ ਸੀ ਕਿ ਕੋਈ ਮਨੁੱਖ ਉਸ ਨੂੰ ਮਹਾਂ ਮੂਰਖ ਕਹੇ। ਸੁਆਮੀ ਕੁੱਝ ਗ਼ੁੱਸੇ ਵਿਚ ਭਰ ਗਏ ਤੇ ਕਹਿਣ ਲੱਗੇ ਕਿ 'ਮੈਂ ਕੈਸੇ ਮੂਰਖ ਹੂੰ ? ਬਤਾਓ ਆਪ ਨੇ ਮੁਝ ਮੇਂ ਕੌਨ ਸੀ ਮੂਰਖਤਾ ਕੀ ਬਾਤ ਦੇਖੀ ਹੈ ?'' ਮਹਾਤਮਾ ਹੱਸ ਪਏ ਤੇ ਕਹਿਣ ਲੱਗੇ, 'ਬੇਟਾ ! ਬੈਠ ਜਾਓ। ਮੈਂ ਆਪ ਕੋ ਏਕ ਅੱਖਰ ਬਤਾਤਾ ਹੂੰ। ਵੋ ਆਪ ਕੋ ਕਿਸੀ ਵਕਤ ਨ ਭੂਲੇ। ਖਾਨੇ ਵਕਤ, ਸੋਨੇ ਵਕਤ, ਚਰਚਾ ਵਾਦ ਕੇ ਸਮੇਂ ਗੋਯਾ ਕਿ ਹਰ ਸਮੇਂ ਆਪ ਕੋ ਯਾਦ ਰਹੇ ਔਰ ਕਭੀ ਨਾ ਭੂਲੇ। ਜਬ ਆਪ ਐਸੇ ਉਸ ਅੱਖਸ਼ਰ ਕੋ ਯਾਦ ਕਰ ਲੋਗੇ ਤੋ ਮੈਂ ਨਾ ਸਿਰਫ਼ ਅਪਨਾ ਆਸਨ ਆਪ ਕੋ ਦੂੰਗਾ, ਬਲਕਿ ਮੈਂ ਆਪ ਕੇ ਚਰਨੋਂ ਮੈਂ ਡੰਡਵਤ ਪ੍ਰਣਾਮ ਕਰੂੰਗਾ।'' ਸ੍ਰੀ ਗੌਰੰਗ ਸੁਆਮੀ ਕਾਹਲ ਵਿਚ ਕਹਿਣ ਲੱਗੇ, 'ਬਤਾਉ ਵੋਹ ਕੌਨ ਸਾ

ਅੱਖਸ਼ਰ ਹੈ ?'' ਤਾਂ ਉਸ ਸਾਧੂ ਨੇ ਕਿਹਾ, ''ਰਾਮ।'' ਤਾਂ ਸ੍ਰੀ ਗੌਰੰਗ ਸੁਆਮੀ ਨੇ ਪੁੱਛਿਆ ਕਿ, ''ਸੁਆਮੀ ! ਯੇ ਕਿਆ ਹੈ ?'' ਆਪ ਕਹਿਨੇ ਲੱਗੇ, ''ਬੇਟਾ, ਇਸ ਕੇ ਆਗੇ ਮੈਂ ਆਪ ਕੋ ਕੁਛ ਭੀ ਨਹੀਂ ਕਹੂੰਗਾ।''

ਇਤਨੇ ਸਮੇਂ ਵਿਚ ਗੰਗਾ ਦਾ ਦੂਸਰਾ ਤਟ ਆ ਗਿਆ। ਲੋਗਾਂ ਨੇ ਬੇੜੇ ਤੋਂ ਉਤਰਨਾ ਸ਼ੁਰੂ ਕੀਤਾ ਤੇ ਨਾਲ ਹੀ ਸ੍ਰੀ ਗੌਰੰਗ ਸੁਆਮੀ ਵੀ ਉਤਰ ਗਏ। ਉਹ ਆਪਣੇ ਚਰਚਾ ਵਾਦ ਵਾਲੇ ਅਸਥਾਨ 'ਤੇ ਚਲੇ ਗਏ ਅਤੇ ਸਾਧੂ ਕਿਸੇ ਹੋਰ ਤਰਫ਼ ਚਲੇ ਗਏ। ਸ੍ਰੀ ਗੌਰੰਗ ਸੁਆਮੀ ਜਦ ਚਰਚਾ ਅਸਥਾਨ 'ਤੇ ਪਹੁੰਚੇ ਤਾਂ ਲੋਗਾਂ ਦੀਆਂ ਬੇਅੰਤ ਭੀੜਾਂ ਸਨ। ਜਾਂਦਿਆਂ ਹੀ ਆਪ ਚਰਚਾ ਵਾਦ ਵਿਚ ਉਲਝ ਗਏ। ਦੋ ਤਿੰਨ ਘੰਟੇ ਦੀ ਬਹਿਸ ਮੁਬਹਿਸੇ ਦੇ ਬਾਅਦ ਆਪ ਵਿਜਈ ਹੋ ਗਏ। ਲੋਗਾਂ ਨੇ ਜੈ ਜੈ ਕਾਰ ਦੀਆਂ ਧੁਨੀਆਂ ਕੀਤੀਆਂ। ਭੀੜਾਂ ਵਿਚ ਆਵਾਜ਼ ਨਿਕਲ ਰਹੀ ਸੀ 'ਸ੍ਰੀ ਗੌਰੰਗ ਸੁਆਮੀ ਕੀ ਜੈ ਹੋ, ਜੈ ਹੋ।'

ਰਾਤ ਨੂੰ ਜਦੋਂ ਸ੍ਰੀ ਗੌਰੰਗ ਸੁਆਮੀ ਜੀ ਇਕਾਂਤ ਹੋਏ ਤਾਂ ਅਚਾਨਕ ਹੀ ਉਨ੍ਹਾਂ ਦੇ ਕੰਨਾਂ ਵਿਚ ਇਹ ਅੱਖਰ ਗੂੰਜੇ, 'ਬੇਟਾ ! ਤੁਮ ਮਹਾਂ ਮੂਰਖ ਹੋ।' ਬੇੜੇ ਵਾਲੀ ਕਹਾਣੀ ਅੱਖਾਂ ਦੇ ਸਾਹਮਣੇ ਆ ਗਈ ਤੇ ਗੌਰੰਗ 'ਰਾਮ' ਅੱਖਰ ਨੂੰ ਯਾਦ ਕਰਨ ਲੱਗ ਪਏ। ਥੋੜ੍ਹੇ ਛਿਨਾਂ ਬਾਅਦ ਨੀਂਦ ਆ ਗਈ ਤੇ ਰਾਮ ਅੱਖਰ ਭੁੱਲ ਗਿਆ। ਸਵੇਰ ਹੋਈ, ਜਾਗੇ, ਆਪਣੀ ਸਰੀਰਕ ਕ੍ਰਿਆ ਵਿਚ ਲੱਗ ਗਏ। ਰਾਮ ਅੱਖਰ ਆਪ ਦੀ ਸਿਮਰਤੀ ਵਿਚੋਂ ਬਿਲਕੁਲ ਵਿਸਿਮਰਨ ਹੋ ਗਿਆ। ਕੁਝ ਸਮੇਂ ਬਾਅਦ ਫਿਰ ਯਾਦ ਆ ਗਿਆ। ਹਉਕਾ ਲਿਆ ਤੇ ਕਿਹਾ, ਜੋ ਉਸ ਮਹਾਤਮਾ ਨੇ ਕਿਹਾ ਸੀ ਕਿ ਗੌਰੰਗ, ਤੂੰ ਮਹਾਂ ਮੂਰਖ ਹੈਂ ਸੋ ਉਹ ਬਿਲਕੁਲ ਯਥਾਰਥ ਹੈ। ਸ੍ਰੀ ਗੌਰੰਗ ਦੇ ਅੰਦਰ ਇਕ ਮਹਾਨ ਉਦਾਸੀ ਵਾਪਰ ਗਈ ਕਿ ਮੈਂ ਕਿਤਨਾ ਮੂਰਖ ਹਾਂ, ਮੈਨੂੰ ਇਕ 'ਰਾਮ' ਦਾ ਅੱਖਰ ਯਾਦ ਨਹੀਂ ਹੁੰਦਾ। ਆਪ ਉਸੇ ਵੇਲੇ ਜੰਗਲਾਂ ਨੂੰ ਟੁਰ ਪਏ। ੧੨ ਸਾਲ ਆਪ ਇਸ ਅੱਖਰ ਨੂੰ ਦਿਨ ਅਤੇ ਰਾਤ ਪਕਾਂਦੇ ਰਹੇ, ਪਰ ਅੱਖਰ ਪੱਕ ਨਾ ਸਕਿਆ। ਘੜੀ-ਘੜੀ ਭੁੱਲ ਜਾਂਦੇ। ਉਸ ਮਹਾਂਪੁਰਸ਼ ਦੇ ਅੱਖਰ ਨੂੰ ਯਾਦ ਕਰ ਕੇ ਸ੍ਰੀ ਗੌਰੰਗ ਸੁਆਮੀ ਕਹਿਣ ਕਿ ਉਹ ਸਤਿ ਵਕਤਾ ਸਨ, ਉਹ ਯਥਾਰਥ ਵਕਤਾ ਸਨ, ਉਹ ਮੇਰੀ ਮੂਰਖਤਾ ਨੂੰ ਸਮਝਦੇ ਸਨ। ਹੇ ਪ੍ਰਭੂ ! ਇਹ ਕਿਤਨਾ ਗੌਰਵਤਾ ਵਾਲਾ ਅੱਖਰ ਹੈ ਜੋ ਮੈਨੂੰ ਭੁੱਲ ਜਾਂਦਾ ਹੈ। ਇਕ ਦਿਨ ਆਪ ਬਹੁਤ ਉਦਾਸ ਹੋਏ ਤੇ ਵਿਚਾਰ ਕੀਤੀ ਕਿ ਮੈਂ ਸ੍ਰੀ ਗੰਗਾ ਜੀ ਵਿਚ ਆਪਣੇ ਜੀਵਨ ਦਾ ਅੰਤ ਕਰ ਦਿਆਂ, ਕਿਉਂਕਿ ਮੈਂ ਆਪਣੀ ਘਾਲ ਵਿਚ ਬਹੁਤ ਹੀ ਅਸਫਲ ਰਿਹਾ ਹਾਂ। ਸੋ ਇਸ ਖ਼ਿਆਲ ਨੂੰ ਲੈ ਕੇ ਉਨ੍ਹਾਂ ਗੰਗਾ ਵੱਲ ਧਾਈ ਕੀਤੀ ਤੇ ਆਪ ਗੰਗਾ ਦੇ ਕਿਨਾਰੇ ਪਹੁੰਚ ਗਏ। ਸੋਚਣ ਲੱਗੇ ਕਿ ਜੇਕਰ ਮੈਂ ਕੰਢੇ 'ਤੇ ਖੜਾ ਹੋ ਕੇ ਛਾਲ ਮਾਰਦਾ ਹਾਂ ਤਾਂ ਸ਼ਾਇਦ ਮੈਂ ਡੁੱਬ ਨਾ ਸਕਾਂ, ਕਿਉਂਕਿ ਕੰਢੇ ਦੇ ਨੇੜੇ ਪਾਣੀ ਬਹੁਤ ਹੀ ਥੋੜ੍ਹਾ ਹੈ। ਸੋ ਮਨ ਵਿਚ ਵਿਚਾਰ ਆਈ ਕਿ ਚਲੋ ਕਿਸੇ ਬੇੜੇ 'ਤੇ ਬੈਠ ਜਾਂਦੇ ਹਾਂ ਤੇ ਜਦੋਂ ਉਹ ਬੇੜਾ ਦਰਿਆ ਦੇ ਅੱਧ ਵਿਚ ਪਹੁੰਚੇ ਤਦੋਂ ਛਾਲ ਮਾਰ ਕੇ ਆਪਣੇ ਪ੍ਰਾਣ ਦਾ ਅੰਤ ਕਰ ਲਵਾਂਗੇ। ਆਪ ਉਥੋਂ ਚਲ ਕੇ ਦਰਿਆ ਦੇ ਘਾਟ 'ਤੇ ਪਹੁੰਚੇ। ਉਥੇ ਬੇੜਾ ਚਲਣ ਨੂੰ ਤਿਆਰ ਸੀ। ਆਪ ਛਾਲ ਮਾਰ ਕੇ ਉਸ ਵਿਚ ਜਾ ਬੈਠੇ। ਉਨ੍ਹਾਂ ਨੇ ਬੇੜੇ 'ਤੇ ਝਾਤ ਪਾਈ ਤੇ ਕੀ ਤੱਕਿਆ ਕਿ ਦੂਜੇ ਪਾਸੇ ਉਹੀ ਮਹਾਤਮਾ ਬੈਠੇ ਸਨ, ਜਿਨ੍ਹਾਂ ਨੇ ਕਿ ੧੨ ਸਾਲ ਪਹਿਲੇ 'ਮਹਾਂ ਮੂਰਖ' ਕਿਹਾ ਸੀ। ਭੀੜ ਨੂੰ ਲੰਘ ਕੇ ਸ੍ਰੀ ਗੌਰੰਗ ਸੁਆਮੀ ਉਸ ਮਹਾਤਮਾ ਦੇ ਪਾਸ ਚਲੇ ਗਏ ਤੇ ਚਰਨਾਂ 'ਤੇ ਡਿੱਗ ਕੇ ਭੁੱਬਾਂ ਮਾਰ ਕੇ ਰੋਣ ਲੱਗ ਪਏ। ਨਾਲ ਕਹੀ ਜਾਣ, ''ਹੇ ਪ੍ਰਭੂ !

ਮੈਂ ਘੋਰ ਮੂਰਖ ਹੂੰ। ਮੈਂ ਮਹਾਂ ਮੂਰਖ ਹੂੰ। ੧੨ ਸਾਲ ਕਠਿਨ ਘਾਲ ਘਾਲਨੇ ਪਰ ਭੀ ਮੁਝੇ ਏਕ ਅੱਖਸ਼ਰ ਰਾਮ ਕਾ ਨਾਮ ਯਾਦ ਨਹੀਂ ਹੂਆ। ਵੋ ਮੁਝੇ ਖਾਨੇ, ਪੀਨੇ, ਸੋਨੇ, ਚਲਨੇ ਪਰ ਭੂਲ ਜਾਤਾ ਹੈ। ਮੈਂ ਠੀਕ ਮਹਾਂ ਮੂਰਖ ਹੂੰ। ਕ੍ਰਿਪਾ ਕੀਜੀਏ, ਕ੍ਰਿਪਾ ਕੀਜੀਏ, ਕ੍ਰਿਪਾ ਕੀਜੀਏ।''

ਪ੍ਰਭੂ ਰੰਗ ਵਿਚ ਮਸਤ-ਅਲ-ਮਸਤ ਸਾਧੂ ਦੇ ਰੱਬੀ ਨੈਣ ਖੁੱਲ੍ਹੇ। ਉਨ੍ਹਾਂ ਨੇ ਸ੍ਰੀ ਗੌਰੰਗ ਨੂੰ ਤੱਕਿਆ। ਸਾਰੀ ਵਾਰਤਾ ਜੋ ਬਾਰ੍ਹਾਂ ਸਾਲ ਪਹਿਲੇ ਲੰਘੀ ਸੀ, ਉਹ ਅੱਖਾਂ ਦੇ ਸਾਹਮਣੇ ਆ ਗਈ ਤੇ ਕਹਿਣ ਲੱਗੇ- 'ਬੇਟਾ ! ਅਬ ਆਪ ਕੋ ਨਹੀਂ ਭੂਲੇਗਾ' ਇਤਨੇ ਅੱਖਰਾਂ ਵਿਚ ਪਤਾ ਨਹੀਂ ਕੀ ਦਾਮਨਿਕ ਜਾਂ ਚੁੰਬਕ ਸ਼ਕਤੀ ਸੀ ਜੋ ਸ੍ਰੀ ਗੌਰੰਗ ਦੇ ਅੰਦਰ ਪ੍ਰਵੇਸ਼ ਕਰ ਗਈ। ਇਤਨੇ ਬਚਨਾਂ ਦੇ ਨਾਲ ਉਨ੍ਹਾਂ ਦੇ ਲੂੰ-ਲੂੰ ਵਿਚੋਂ ਰਾਮ ਦਾ ਨਾਮ ਨਿਕਲਣ ਲੱਗ ਪਿਆ, ਮਾਨੋਂ ਨਾਮ ਪ੍ਰਵੇਸ਼ ਕਰ ਗਿਆ। ਭਾਈ ਸਾਹਿਬ ਜੀ ਮਹਾਰਾਜ ਕਹਿਣ ਲੱਗੇ ਕਿ ਗੌਰੰਗ ਦੇ ਅੰਦਰ ਰੱਬ ਦੇ ਨਾਮ ਦੀ ਇਤਨੀ ਪ੍ਰਬਲਤਾ ਹੋ ਗਈ ਕਿ ਜਦੋਂ ਉਹ ਨਾਮ ਦੀ ਧੁਨੀ ਵਿਚ ਮਸਤ ਹੁੰਦੇ ਤਦੋਂ ਜੋ ਕੋਈ ਵੀ ਉਨ੍ਹਾਂ ਦੇ ਨਾਲ ਛੋਹ ਜਾਂਦਾ, ਉਸ ਦੇ ਅੰਦਰ ਨਾਮ ਧਸ ਜਾਂਦਾ।

ਮਹੰਤ ਕਰਮ ਚੰਦ ਜੀ ਬੜੀ ਉੱਚੀ ਉਨਮਨ ਅਵਸਥਾ ਵਿਚ ਟਿਕ ਕੇ ਸਤਿ ਪੁਰਸ਼ਾਂ ਦੇ ਬਚਨਾਂ ਨੂੰ ਸ੍ਰਵਣ ਕਰ ਰਹੇ ਸਨ। ਉਨ੍ਹਾਂ ਦੇ ਅੰਦਰ ਬੇਖ਼ੁਦੀ ਦੀ ਹਾਲਤ ਪੈਦਾ ਹੋ ਗਈ। ਪੂਰਨ ਰਸ ਵਿਚ ਪੂਰਤ ਹੋ ਕੇ ਵਿਦਾ ਹੋਏ।

> ਬਿਲਾਵਲੁ ਮਹਲਾ ੧ ॥ ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥ ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥ ੧ ॥ ਐਸਾ ਨਾਮੁ ਨਿਰੰਜਨ ਦੇਉ ॥ ਹਉ ਜਾਚਿਕੁ ਤੂ ਅਲਖ ਅਭੇਉ ॥ ੧ ॥ ਰਹਾਉ ॥ ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥ 2 ॥ ਚਖਿ ਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ ॥ ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥ 3 ॥ ਸਬਦਿ ਮੁਏ ਮਨੁ ਮਨ ਤੇ ਮਾਰਿਆ ॥ ਠਾਕਿ ਰਹੇ ਮਨੁ ਸਾਚੈ ਧਾਰਿਆ ॥ ਅਵਰੁ ਨ ਸੂਝੈ ਗੁਰ ਕਉ ਵਾਰਿਆ ॥ ਨਾਨਕ ਨਾਮਿ ਰਤੇ ਨਿਸਤਾਰਿਆ ॥ 4 ॥ 3 ॥

ਪਦ ਅਰਥ :- ਸਬਦੁ=ਸ਼ਬਦ (ਬ੍ਰਹਮ) ਰੂਪ। ਨੀਸਾਨੁ=ਪਰਵਾਨਾ। ਸੁਰਤਾ=ਸੁਣਨ ਵਾਲਾ। ਜਾਨੁ=ਜਾਨਣ ਵਾਲਾ, ਗਿਆਤਾ। ਪਰਵਾਣੁ=ਕਬੂਲ।੧। ਨਿਰੰਜਨ ਦੇਉ=ਮਾਇਆ ਤੋਂ ਨਿਰਲੇਪ ਪ੍ਰਕਾਸ਼ ਰੂਪ ਪ੍ਰਭੂ। ਅਲਖ=ਲਖਤਾ ਤੋਂ ਰਹਿਤ। ਅਭੇਉ=ਭੇਦ ਤੋਂ ਰਹਿਤ।੧।ਰਹਾਉ। ਧਰਕਟੀ ਨਾਰਿ=ਧਿਰਕਾਰੀ ਹੋਈ ਵਿਭਚਾਰਨ ਇਸਤ੍ਰੀ। ਭੂੰਡੀ=ਭੈੜੀ। ਕਾਮਣਿ=ਇਸਤ੍ਰੀ। ਕਾਮਣਿਆਰਿ=ਟੂਣੇ ਕਰਨ ਵਾਲੀ,

ਜਾਦੂਗਰਨੀ। ਦਿਨ ਚਾਰਿ=ਥੋੜੇ ਦਿਨ ਰਹਿਣ ਵਾਲੀ।੨। ਚਖਿ ਛੋਡੀ=(ਮਾਇਆ) ਚਖ ਕੇ ਛੱਡ ਦਿੱਤੀ ਹੈ (ਭਾਵ ਪਰਖ ਲਈ ਹੈ)। ਸਹਸਾ=ਭਰਮ। ਦਿਸੈ=ਦਿੱਸਦਾ ਹੋਵੇ। ਵੇਜਾਤਿ=ਹਰਾਮੀ। ਏਕੋ ਕਉ=ਇਕ ਦੀ ਪ੍ਰਾਪਤੀ ਵਾਲੇ ਨੂੰ।੩। ਸਬਦਿ=(ਗੁਰੂ ਦੇ) ਸ਼ਬਦ ਦੁਆਰਾ। ਠਾਕਿ ਰਹੇ=ਰੋਕ ਕੇ ਰੱਖਿਆ। ਸਾਚੈ=ਸੱਚੇ (ਪ੍ਰਭੂ) ਨੇ। ਧਾਰਿਆ=ਆਸਰਾ ਦਿੱਤਾ ਹੈ। ਅਵਰੁ=ਹੋਰ। ਨਾਮਿ=ਨਾਮ ਵਿਚ। ੪।

ਅਰਥ :- (ਹੇ ਭਾਈ ! ਪ੍ਰਭੂ ਪ੍ਰਮਾਤਮਾ) ਹਰੀ ਆਪ ਹੀ ਸ਼ਬਦ ਰੂਪ ਹੈ (ਅਤੇ) ਆਪ ਹੀ ਨਿਸਾਣੁ= ਪਰਵਾਨਾ (ਰੂਪ) ਹੈ। ਆਪ ਹੀ ਸੁਣਨ ਵਾਲਾ (ਅਤੇ) ਆਪ ਹੀ ਸਮਝਣ ਵਾਲਾ, (ਗਿਆਤਾ) ਹੈ। ਪ੍ਰਭੂ ਆਪ ਹੀ ਆਪਣੇ ਤਾਣੁ=ਬਲ ਸ਼ਕਤੀ ਰਾਹੀਂ (ਸ੍ਰਿਸ਼ਟੀ ਪੈਦਾ) ਕਰ ਕਰ ਕੇ (ਉਸ ਦੀ) ਦੇਖ ਭਾਲ ਕਰਦਾ ਹੈ, (ਇਹ ਉਸ ਦਾ ਮਹਾਨ) ਬਲ ਹੈ। (ਹੇ ਪ੍ਰਭੂ ਵਾਹਿਗੁਰੂ ਜੀ !) ਤੂੰ (ਸਭਨਾਂ ਜੀਆਂ ਦਾ) ਦਾਤਾ ਹੈਂ ਅਤੇ (ਸੰਸਾਰ ਵਿਚ ਕੇਵਲ) ਤੇਰਾ ਨਾਮ ਹੀ ਪ੍ਰਮਾਣਿਕ ਹੈ।੧।

ਹੇ ਮਾਇਆ ਤੋਂ ਰਹਿਤ ਨਿਰੰਜਨ, ਸ਼ੁੱਧ ਸਰੂਪ ਤੇ ਪ੍ਰਕਾਸ਼ ਰੂਪ ਪ੍ਰਭੂ ! (ਤੇਰਾ) ਨਾਮ ਇਹੋ ਜਿਹਾ ਹੈ (ਜਿਹੋ ਜਿਹਾ ਤੂੰ ਆਪ ਹੈਂ)। ਮੈਂ (ਤੇਰਾ) ਮੰਗਤਾ ਹਾਂ, ਤੂੰ ਲਖਤਾ ਤੋਂ ਪਰ੍ਹੇ ਅਤੇ ਭੇਦ ਤੋਂ ਰਹਿਤ ਹੈਂ।੧। ਰਹਾਉ।

(ਪ੍ਰਭੂ ਪਿਆਰਾ ਨਾਮ ਰਸੀਆ ਜਾਣਦਾ ਹੈ ਕਿ) ਮਾਇਆ ਤਾਂ (ਇਕ) ਧਿਰਕਟੀ=ਧਿਰਕਾਰੀ ਹੋਈ ਵਿਭਚਾਰਣ, ਭੈੜੀ ਇਸਤਰੀ ਹੈ, ਇਸ ਨਾਲ ਮੋਹ ਕਰਨਾ ਚੰਗਾ ਨਹੀਂ ਹੈ। ਇਹ ਭੂੰਡੀ=ਭੈੜੀ ਇਸਤਰੀ ਮਾਇਆ ਨਾਲ ਮੋਹ ਕਰਨਾ ਤਾਂ ਜਾਦੂ ਟੂਣੇ ਕਰਨ ਵਾਲੀ ਇਸਤ੍ਰੀ ਨਾਲ (ਮੋਹ ਕਰਨ ਵਾਂਗ ਹੈ)। (ਦੁਨੀਆਂ ਦਾ) ਰਾਜ ਤੇ ਰੂਪ ਝੂਠਾ ਥੋੜੇ ਦਿਨ ਰਹਿਣ ਵਾਲਾ ਹੈ। (ਜੇ ਹਰੀ ਦਾ) ਨਾਮ ਮਿਲ ਜਾਏ (ਤਾਂ ਮਾਇਆ ਦੇ) ਹਨੇਰੇ ਵਿਚ ਚਾਨਣ (ਭਾਵ ਰੱਬੀ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ)।੨।

(ਹੇ ਭਾਈ ! ਜਿਸ ਪ੍ਰਭੂ ਪਿਆਰੇ ਗੁਰਮੁਖ ਨੇ ਮਨ ਕਰ ਕੇ ਮਾਇਆ) ਚਖ ਕੇ (ਭਾਵ ਪਰਖ) ਕੇ ਤਿਆਗ ਦਿੱਤੀ ਹੈ), ਉਸ ਮਨ ਵਿਚ ਹੁਣ ਕੋਈ ਸ਼ੱਕ ਨਹੀਂ ਰਿਹਾ। (ਜਿਸ ਦਾ) ਪਿਤਾ ਦਿੱਸਦਾ ਹੋਵੇ, ਉਹ ਹਰਾਮੀ ਨਹੀਂ ਹੁੰਦਾ (ਭਾਵ ਜੋ ਪ੍ਰਭੂ ਪਿਤਾ ਦਾ ਪੁੱਤਰ ਸੇਵਕ ਹੈ, ਉਹ) ਵੇਜਾਤਿ ਨ ਹੋਇ। ਇਕੋ (ਹਰੀ ਪ੍ਰਮਾਤਮਾ ਸੇਵਕ ਦੇ ਸੇਵਕ ਬਣ ਜਾਣ ਵਾਲੇ) ਨੂੰ ਕੋਈ ਦੁੱਖ ਭੈਅ ਨਹੀਂ ਹੁੰਦਾ। ਉਸ ਨੂੰ ਇਹ ਨਿਸਚਾ ਹੋ ਜਾਂਦਾ ਹੈ ਕਿ ਉਹ ਕਰਤਾ ਪੁਰਖ (ਆਪ ਹੀ) ਸਭ ਕੁਝ ਕਰਦਾ (ਤੇ ਜੀਆਂ ਪਾਸੋਂ) ਕਰਾਉਂਦਾ ਹੈ।੩।

(ਹੇ ਭਾਈ ! ਗੁਰ) ਸ਼ਬਦ ਦੁਆਰਾ (ਜਿਹੜੇ ਗੁਰਮੁਖ ਮਨੁੱਖ ਜੀਵਤ-ਭਾਵ ਤੋਂ) ਮਰੇ ਹਨ, (ਉਨ੍ਹਾਂ ਨੇ ਆਪਣੇ) ਮਨ ਦੀ (ਮਨੌਤ ਨੂੰ ਮਾਰ ਲਿਆ ਹੈ, ) (ਭਾਵ ਮਨ ਨੂੰ ਜਿੱਤਿਆ) ਹੈ। ਉਹਨਾਂ ਮਨ ਨੂੰ (ਮਾਇਆ ਦੇ ਸੰਕਲਪਾਂ ਵਲੋਂ) ਰੋਕ ਕੇ ਰੱਖਿਆ ਤੇ ਸੱਚੇ (ਹਰੀ) ਵਿਚ ਟਿਕਾਇਆ ਹੈ। (ਉਨ੍ਹਾਂ ਨੂੰ ਗੁਰੂ ਤੋਂ ਬਿਨਾਂ ਸੰਸਾਰ ਸਾਗਰ ਤੋਂ ਤਾਰਨ ਵਾਲਾ) ਹੋਰ ਕੋਈ ਨਹੀਂ ਦਿੱਸਦਾ, (ਇਸ ਲਈ ਉਹ) ਗੁਰੂ ਤੋਂ ਬਲਿਹਾਰ (ਜਾਂਦੇ ਹਨ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਹੜੇ ਪ੍ਰਭੂ ਦੇ) ਨਾਮ ਵਿਚ ਰੰਗੇ ਗਏ, (ਉਨ੍ਹਾਂ ਮਨੁੱਖਾਂ) ਨੂੰ (ਗੁਰੂ ਨੇ ਸੰਸਾਰ ਸਾਗਰ ਤੋਂ) ਤਾਰ ਦਿੱਤਾ।੪।

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸ੍ਰੀ ਮੁਖਵਾਕ ਨੰਬਰ ੧66 (ਆਦਿ ਅੰਗ 797)

## ਬਿਲਾਵਲ ਮਹਲਾ 3 ॥

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ॥੧॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ ਰਹਾਉ॥ ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ॥2॥ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ॥ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ॥ 3 ॥ ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ॥ 4 ॥ 4 ॥

## ਪ੍ਰਾਕ੍ਰਥਨ :

ਇਹ ਪਾਵਨ ਸ੍ਰੀ ਮੁਖਵਾਕ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਬਿਲਾਵਲ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਗੁਰਦੇਵ ਨੇ ਨਾਮ ਦੀ ਮਹਿਮਾ ਦਰਸਾਈ ਹੈ।

## ਵਿਸ਼ਾ — ਸਾਚੇ ਨਾਮ ਕੀ ਵਡਿਆਈ

ਪੂਰਨ ਪ੍ਰਮਾਤਮਾ ਨੇ ਇਸ ਸੰਸਾਰ ਦੀ ਰਚਨਾ ਰੂਪੀ ਪੂਰਾ ਥਾਟ ਬਣਾਇਆ ਹੈ, ਭਾਵ 'ਪੂਰੇ ਕਾ ਕੀਆ ਸਭ ਕਿਛੁ ਪੂਰਾ' ਦੇ ਸਿਧਾਂਤ ਅਨੁਸਾਰ, ਫਿਰ ਇਸ ਪ੍ਰਪੰਚ ਸੰਸਾਰ ਦੇ ਅੰਦਰ 'ਸਾਚੇ ਨਾਮ ਕੀ ਵਡਿਆਈ' ਕਿਹਾ ਹੈ, ਕਿਉਂਕਿ ਨਾਮ ਦੇ ਬਰਾਬਰ ਸੰਸਾਰ ਅੰਦਰ ਹੋਰ ਕੋਈ ਵਸਤੂ ਜਾਂ ਪਦਾਰਥ ਨਹੀਂ ਹੈ। ਹੋਰ ਕਿਸੇ ਚੀਜ਼ ਦੀ ਨਾਮ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਨਾਮ ਸਭ ਤੋਂ ਸ੍ਰੇਸ਼ਟ ਹੈ :

**ਨਾਮ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥**

(ਗਉੜੀ ਸੁਖਮਨੀ ਮਹਲਾ 5, ਅੰਗ 265)

ਗੁਰੂ ਨਾਨਕ ਦੇਵ ਜੀ ਦੇ ਜਪੁ ਜੀ ਸਾਹਿਬ ਵਿਚ ਬਚਨ ਹਨ ਕਿ ਅਜਿਹਾ ਕੋਈ ਸਥਾਨ ਨਹੀਂ ਜਿੱਥੇ ਸੱਚੇ ਦਾ ਵਾਸਾ ਨਾ ਹੋਵੇ, ਭਾਵ ਸੱਚੇ ਪ੍ਰਭੂ ਦਾ ਨਾਮ ਸਰਵ-ਵਿਆਪਕ ਹੈ :

**ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥**

(ਜਪੁ ਜੀ ਸਾਹਿਬ)

ਸਾਰੇ ਜੀਅ-ਜੰਤਾਂ ਨੂੰ ਅਕਾਲ ਪੁਰਖ ਦੇ ਨਾਮ ਦਾ ਹੀ ਆਸਰਾ ਹੈ। ਸਾਰੇ ਜਗਤ, ਖੰਡਾਂ, ਬ੍ਰਹਮੰਡਾਂ ਵਿਚ ਇਕ ਪ੍ਰਭੂ ਦਾ ਨਾਮ ਹੀ ਟਿਕਿਆ ਹੋਇਆ ਹੈ। ਇਹ ਸਾਰੇ ਨਾਮ ਦੇ ਆਸਰੇ ਨਾਲ ਹੀ ਇਸਥਿਤ ਹਨ।

**ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥**

(ਰਾਗੁ ਗਉੜੀ ਸੁਖਮਨੀ ਮਹਲਾ 5, ਅੰਗ 284)

ਨਾਮ ਦੀ ਬਰਕਤ ਨਾਲ ਅਪਰਾਧੀਆਂ ਅਤੇ ਵਿਕਾਰੀਆਂ ਦੇ ਵੀ ਦੁੱਖ ਦੂਰ ਹੋ ਜਾਂਦੇ ਹਨ। ਗੁਰਵਾਕ ਹੈ :

**ਜੋ ਜੋ ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ॥**

(ਰਾਗੁ ਮਾਰੂ ਮਹਲਾ 4, ਅੰਗ 995)

ਗੁਰੂ ਤੇਗ਼ ਬਹਾਦਰ ਜੀ ਦੇ ਰਾਗੁ ਬਿਲਾਵਲੁ ਵਿਚ ਬਚਨ ਹਨ ਕਿ ਹੋਰ ਤਾਂ ਹੋਰ, ਨਾਮ ਦੀ ਬਰਕਤ ਨਾਲ ਵੇਸਵਾ ਅਤੇ ਵੇਸਵਾ ਗਾਮੀਆਂ ਦੀ ਵੀ ਮੁਕਤੀ ਹੋ ਜਾਂਦੀ ਹੈ :

**ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥**

(ਅੰਗ 830)

ਅਜਾਮਲ ਇਕ ਕੁਕਰਮੀ ਤੇ ਵੇਸਵਾ ਗਾਮੀ ਬ੍ਰਾਹਮਣ ਹੋਇਆ ਹੈ ਜਿਸ ਨੇ ਆਪਣੇ ਪੁੱਤਰ ਦਾ ਨਾਮ ਨਾਰਾਇਣ ਰੱਖਿਆ। ਇਸ ਤਰ੍ਹਾਂ ਨਾਰਾਇਣ ਨਾਰਾਇਣ ਆਖਦਿਆਂ ਉਸ ਨੂੰ ਨਾਰਾਇਣ (ਪਰਮਾਤਮਾ) ਦੇ ਨਾਮ ਦੀ ਲਗਨ ਲੱਗ ਗਈ। ਗਨਿਕਾ ਇਕ ਵੇਸਵਾ ਹੋਈ ਹੈ ਜਿਸ ਦੇ ਉਧਾਰ ਲਈ ਉਸ ਨੂੰ ਇਕ ਸਾਧੂ ਤੋਤਾ ਦੇ ਗਿਆ ਤੇ ਆਖਿਆ ਕਿ ਤੋਤੇ ਨੂੰ ਰਾਮ ਰਾਮ ਪੜ੍ਹਾਇਆ ਕਰੇ। ਰਾਮ ਰਾਮ ਕਹਿੰਦਿਆਂ ਕਹਿੰਦਿਆਂ ਉਸ ਵੇਸਵਾ ਦੀ ਰਾਮ-ਨਾਮ ਨਾਲ ਹੀ ਲਗਨ ਲੱਗ ਗਈ। ਪੰਚਮ ਗੁਰਦੇਵ ਜੀ ਦਾ ਫ਼ੁਰਮਾਨ ਹੈ :

**ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥**

(ਰਾਗੁ ਆਸਾ, ਅੰਗ 386)

ਨਾਮ ਤੋਂ ਸੱਖਣੀ ਜੀਵ-ਆਤਮਾ ਮੁਰਦੇ ਦੀ ਨਿਆਈਂ ਹੈ। ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

**ਆਖਾ ਜੀਵਾ ਵਿਸਰੈ ਮਰਿ ਜੀਉ॥** (ਅੰਗ 349)

ਸੰਸਾਰਿਕ ਝੂਠੇ ਧਨ 'ਤੇ ਪ੍ਰਾਣੀ ਕਿੰਨਾ ਮਾਣ ਕਰਦਾ ਹੈ ਜੋ ਜੀਵ ਨਾਲ ਨਿੱਭਣ ਵਾਲੀ ਵਸਤੂ ਨਹੀਂ ਹੈ। ਇਹ ਧਨ ਆਦਿ ਸਭ ਕੁਝ ਇੱਥੇ ਹੀ ਰਹਿ ਜਾਂਦਾ ਹੈ। ਭਗਤ ਕਬੀਰ ਜੀ ਦਾ ਰਾਗੁ ਭੈਰਉ ਵਿਚ ਫ਼ੁਰਮਾਨ ਹੈ ਕਿ ਜੇਕਰ ਮਨੁੱਖ ਨਾਮ ਤੋਂ ਸੱਖਣਾ ਹੈ ਤਾਂ ਉਹ ਧਨ ਹੁੰਦਿਆਂ ਵੀ ਨਿਰਧਨ ਭਾਵ ਕੰਗਾਲ ਹੈ। ਅਸਲੀ ਧਨ ਤਾਂ ਨਾਮ ਹੈ ਜਿਸ ਨੇ ਅੰਤ ਵੇਲੇ ਸਹਾਈ ਹੋਣਾ ਹੈ :

**ਕਹਿ ਕਬੀਰ ਨਿਰਧਨੁ ਹੈ ਸੋਈ॥ ਜਾ ਕੇ ਹਿਰਦੈ ਨਾਮੁ ਨ ਹੋਈ॥**

(ਅੰਗ ੧੧59)

ਪ੍ਰੰਤੂ ਅੰਮ੍ਰਿਤ ਵੇਲੇ ਪ੍ਰਭੂ ਦੇ ਨਾਮ ਵਿਚ ਜੁੜਨ ਨਾਲ ਇਕ ਨਿਵੇਕਲਾ ਸੱਚਾ ਸੁਖ ਅਨੰਦ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਵਿਚ ਬਚਨ ਹਨ :

**ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥**

ਸਾਹਿਬ ਜੀ ਆਪ ਹੀ ਉੱਤਰ ਦੇ ਰਹੇ ਹਨ :

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥** (ਅੰਗ 2)

ਨਾਮ ਮਨ ਇਕ ਚਿੱਤ ਹੋ ਕੇ ਜਪਣਾ ਚਾਹੀਦਾ ਹੈ। ਬਾਹਰੋਂ ਜੀਭ ਨਾਲ ਰਾਮ-ਰਾਮ ਕਹੀ ਜਾਣਾ ਵਿਖਾਵਾ ਹੈ ਅਤੇ ਵਿਖਾਵੇ ਨਾਲ ਪ੍ਰਭੂ ਕਦੀ ਪਸੀਜਦਾ ਨਹੀਂ। ਗੁਰਵਾਕ ਹੈ :

**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥**

(ਰਾਗੁ ਗੂਜਰੀ ਮਹਲਾ 3, ਅੰਗ 49੧)

ਇਸ ਪ੍ਰਕਾਰ ਜਿਹੜਾ ਪ੍ਰਾਣੀ ਆਪਣੇ ਹਿਰਦੇ ਵਿਚ ਨਾਮ ਨੂੰ ਵਸਾਉਂਦਾ ਹੈ, ਪਰਮਾਤਮਾ ਦੇ ਚਰਨਾਂ-ਕਮਲਾਂ ਵਿਚ ਆਪਣੇ ਮਨ ਨੂੰ ਜੋੜਦਾ ਹੈ, ਅਜਿਹੇ ਵਿਅਕਤੀ ਦੇ ਨੇੜੇ ਜਮਰਾਜ ਦੇ ਜਮਦੂਤ ਢੁੱਕ ਨਹੀਂ ਸਕਦੇ ਭਾਵ ਉਸ ਦਾ ਮਨੁੱਖਾ ਜਨਮ ਸਫਲਾ ਹੋ ਜਾਂਦਾ ਹੈ :

**ਚਰਣਾਰਬਿੰਦ ਭਜਨੰ ਰਿਦਯੰ ਨਾਮ ਧਾਰਣਹ ॥**
**ਕੀਰਤਨੰ ਸਾਧਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ ॥**

(ਸਲੋਕ ਸਹਸਕ੍ਰਿਤੀ ਮਹਲਾ 5, ਅੰਗ ੧356-57)

**ਸੇ ਅਸਥਲ ਸੋਇਨ ਚਉਬਾਰੇ ॥**

(ਰਾਗੁ ਮਾਝ ਮਹਲਾ ੧, ਅੰਗ ੧05)

ਨਾਮ ਜਪਣ ਵਾਲੇ ਦੀ ਘਾਲ ਕਮਾਈ ਤਾਂ ਸਫਲ ਹੁੰਦੀ ਹੀ ਹੈ ਪ੍ਰੰਤੂ ਉਸ ਦੀ ਸੰਗਤ ਵਿਚ ਆਉਣ ਵਾਲੇ ਵੀ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ :

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥** (ਜਪੁ ਜੀ, ਅੰਗ 8)

ਨਾਮ ਕਿਸ ਵੇਲੇ ਜਪਿਆ ਜਾਏ ? ਨਾਮ ਜਪਣ ਦਾ ਕੋਈ ਵੇਲਾ ਜਾਂ ਸਮਾਂ ਨਹੀਂ। ਉਠਦਿਆਂ-ਬੈਠਦਿਆਂ, ਕਾਰ-ਵਿਹਾਰ ਕਰਦਿਆਂ, ਪ੍ਰਾਣੀ ਦਾ ਧਿਆਨ ਹਰ ਵੇਲੇ ਕਰਤਾਰ ਨਾਲ ਲੱਗਾ ਰਹਿਣਾ ਚਾਹੀਦਾ ਹੈ :

**ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ.....**

(ਰਾਗੁ ਵਡਹੰਸ ਕੀ ਵਾਰ ਮਹਲਾ 4, ਅੰਗ 594)

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥**

(ਸਲੋਕ ਭਗਤ ਕਬੀਰ ਜੀ, ਅੰਗ ੧375)

ਜਦੋਂ ਤਾਈਂ ਸਰੀਰ ਅੰਦਰ ਸੁਆਸ ਚਲਦੇ ਹਨ, ਨਾਮ ਜਪਣਾ ਚਾਹੀਦਾ ਹੈ :

**ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ॥**
**ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ॥**

(ਸਿਰੀਰਾਗੁ ਮਹਲਾ 4, ਅੰਗ 82)

ਜੋ ਪ੍ਰਭੂ ਦੇ ਨਾਮ ਦੀ ਅਰਾਧਨਾ ਨਹੀਂ ਕਰਦੇ, ਪੰਚਮ ਪਾਤਸ਼ਾਹ ਜੀ ਨੇ ਉਨ੍ਹਾਂ ਪ੍ਰਤੀ ਬੜੇ ਸਖ਼ਤ ਸ਼ਬਦ ਵਰਤੇ ਹਨ। ਰਾਗੁ ਭੈਰਉ ਵਿਚ ਆਪ ਜੀ ਦੇ ਬਚਨ ਹਨ ਕਿ ਜੋ ਪ੍ਰਾਣੀ ਨਾਮ ਨਹੀਂ ਸਿਮਰਦੇ, ਉਨ੍ਹਾਂ ਨੂੰ ਤਾਂ ਲਾਜ ਭਾਵ ਸ਼ਰਮ ਨਾਲ ਮਰ ਜਾਣਾ ਚਾਹੀਦ ਹੈ। ਜੋ ਪ੍ਰਾਣਧਾਰੀ ਜੀਵ ਪ੍ਰਭੂ ਦੇ ਨਾਮ ਨਾਲ ਨਹੀਂ

ਜੁੜਦੇ, ਉਹ ਸੁਖ ਦੀ ਨੀਂਦ ਕਿਵੇਂ ਸੌਂ ਸਕਦੇ ਹਨ ?

**ਲਾਜ ਮਰੈ ਜੋ ਨਾਮੁ ਨ ਲੇਵੈ॥ ਨਾਮ ਬਿਹੂਨ ਸੁਖੀ ਕਿਉ ਸੋਵੈ॥**

(ਅੰਗ ੧੧48)

ਸਤਿਗੁਰਾਂ ਦਾ ਰਾਗ ਭੈਰਉ ਵਿਚ ਹੀ ਇਕ ਹੋਰ ਸੁੰਦਰ ਫ਼ੁਰਮਾਨ ਹੈ ਕਿ ਨਾਮ ਤੋਂ ਬਿਨਾਂ ਸਾਰੇ ਕਰਮ-ਕਾਂਡ ਵਿਅਰਥ ਹਨ :

**ਨਾਮ ਬਿਨਾ ਬਿਰਥੇ ਸਭਿ ਕਾਜ॥** (ਅੰਗ ੧੧40)

ਇਸੇ ਸੰਬੰਧ ਵਿਚ ਭਗਤ ਰਵਿਦਾਸ ਜੀ ਦੇ ਰਾਗੁ ਧਨਾਸਰੀ ਵਿਚ ਬਚਨ ਹਨ :

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥** (ਅੰਗ 694)

ਹਰੀ ਦਾ ਨਾਮ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ :

**ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ॥**

(ਸਾਰਗ ਕੀ ਵਾਰ ਮਹਲਾ 4, ਅੰਗ ੧239)

ਨਾਮ ਸਿਮਰਨ ਵਾਲਿਆਂ ਤੋਂ ਪ੍ਰਭੂ ਲੇਖਾ ਨਹੀਂ ਪੁੱਛਦਾ ਅਤੇ ਉਨ੍ਹਾਂ ਨੂੰ ਤਾਂ ਦਰਗਾਹ ਵਿਚ ਵੀ ਸਹਾਇਤਾ ਕਰਕੇ ਛੁਡਾ ਲੈਂਦਾ ਹੈ :

**ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ॥**

(ਸਲੋਕ ਵਾਰਾਂ ਤੇ ਵਧੀਕ ਮਹਲਾ 3, ਅੰਗ ੧420)

ਜਿਸ ਸਥਾਨ 'ਤੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ, ਉਹ ਥਾਂ ਤਾਂ ਸੋਹਣੇ ਚੁਬਾਰੇ ਆਦਿ ਸੋਭਦੇ ਹਨ।

**ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥**
**ਸੇ ਅਸਥਲ ਸੋਇਨ ਚਉਬਾਰੇ॥** (ਅੰਗ ੧05)

ਪਰਮਾਤਮਾ ਦੇ ਸਰੂਪ ਵਿਚ ਇਕ-ਮਿਕ ਹੋਣਾ ਭਾਵ ਉਸ ਵਿਚ ਅਭੇਦ ਹੋਣਾ ਮਨੁੱਖੀ ਜੀਵਨ ਦਾ ਅਸਲ ਮਨੋਰਥ ਹੈ। ਇਸ ਮੰਤਵ ਲਈ ਇਕ ਮਾਤਰ ਸਾਧਨ ਹੈ 'ਨਾਮ'। ਅਕਾਲ ਪੁਰਖ ਦਾ ਨਾਮ ਸੱਚਾ ਹੈ ਅਤੇ ਸਦਾ ਕਾਇਮ ਰਹਿਣ ਵਾਲਾ ਹੈ। ਜਿਵੇਂ 'ਸੱਚ' ਕਦੀ ਪੁਰਾਣਾ ਨਹੀਂ ਹੁੰਦਾ, ਇਸੇ ਪ੍ਰਕਾਰ 'ਨਾਮ' ਕਦੀ ਮੈਲਾ ਨਹੀਂ ਹੁੰਦਾ ਭਾਵ ਜਿਸ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਵਾਸਾ ਹੈ, ਉਸ ਹਿਰਦੇ ਨੂੰ ਵਿਕਾਰ ਆਦਿਕ ਕਦੀ ਮੈਲਾ ਨਹੀਂ ਕਰ ਸਕਦੇ। 'ਨਾਮ' ਸਦਾ ਨਵਾਂ ਤੇ ਨਰੋਆ ਰਹਿੰਦਾ ਹੈ। ਰਾਗੁ ਸਾਰਗ ਕੀ ਵਾਰ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

**ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥** (ਅੰਗ ੧248)

ਅਥਵਾ :

**ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥**

(ਰਾਗੁ ਸਾਰਗ ਕੀ ਵਾਰ ਮਹਲਾ 4, ਅੰਗ ੧239)

ਪ੍ਰਭੂ ਦਾ ਨਾਮ ਰਸ ਮਹਾਂ ਰਸ ਹੈ। ਗੁਰੂ ਅਰਜਨ ਦੇਵ ਜੀ ਬਾਕੀ ਸਾਰੇ ਰਸਾਂ, ਵਿਕਾਰਾਂ ਨੂੰ ਤਿਆਗ ਕੇ ਪ੍ਰਾਣੀ ਨੂੰ ਨਾਮ ਰਸ ਪੀਣ ਲਈ ਰਾਗੁ ਬਿਲਾਵਲੁ ਵਿਚ ਪ੍ਰੇਰਨਾ ਦੇ ਰਹੇ ਹਨ। 'ਨਾਮ' ਅੰਮ੍ਰਿਤ ਰਸ ਨਾ ਚੱਖਣ ਕਰ ਕੇ ਹੀ ਸਾਰਾ ਜਗਤ ਵਿਸ਼ੇ ਵਿਕਾਰਾਂ ਵਿਚ ਡੁੱਬ ਰਿਹਾ ਹੈ। ਤਾਂ ਫਿਰ ਜਿੰਦ ਸੁਖੀ ਕਿਵੇਂ ਰਹਿ ਸਕਦੀ ਹੈ ?

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥**
**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥**

(ਅੰਗ 802)

ਭਗਤ ਕਬੀਰ ਜੀ ਦਾ ਰਾਗੁ ਗਉੜੀ ਵਿਚ ਸੁੰਦਰ ਫ਼ੁਰਮਾਨ ਹੈ ਕਿ ਜਿਨ੍ਹਾਂ ਨੇ ਨਾਮ ਰਸ ਪੀਤਾ ਹੈ, ਉਨ੍ਹਾਂ ਨੂੰ ਹੋਰ ਸਾਰੇ ਰਸ ਵਿਸਰ ਜਾਂਦੇ ਹਨ, ਭਾਵ ਹੋਰ ਰਸ ਚੰਗੇ ਨਹੀਂ ਲੱਗਦੇ :

**ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥** (ਅੰਗ 337)

ਇਸ ਪ੍ਰਭੂ ਦੇ ਨਾਮ ਰਸ ਦਾ ਕਿਹੋ ਜਿਹਾ ਸੁਆਦ ਹੈ। ਇਹ ਤਾਂ ਜਿਸ ਨੇ ਨਾਮ ਰਸ ਚੱਖਿਆ ਹੈ, ਉਹੀ ਅਨੁਭਵ ਕਰ ਸਕਦਾ ਹੈ ਕਿ ਇਸ ਵਿਚ ਕਿੰਨਾ ਕੁ ਸੁਆਦ ਅਤੇ ਅਨੰਦ ਰਸ ਹੈ, ਪਰ ਇਸ ਅਨੰਦ ਜਾਂ ਖਿੜਾਉ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਉਸ ਗੁੰਗੇ ਪ੍ਰਾਣੀ ਵਾਂਗ ਹੈ ਜੋ ਸੁਆਦਲੇ ਭੋਜਨ ਖਾ ਕੇ ਮਨ ਹੀ ਮਨ ਵਿਚ ਖ਼ੁਸ਼ ਤਾਂ ਹੁੰਦਾ ਹੈ, ਪਰ ਇਸ ਖ਼ੁਸ਼ੀ ਜਾਂ ਸੁਆਦ ਦਾ ਗੁੰਗਾ ਹੋਣ ਕਰਕੇ ਪ੍ਰਗਟਾਵਾ ਨਹੀਂ ਕਰ ਸਕਦਾ :

**ਜਿਨਿ ਚਾਖਿਆ ਤਿਸੁ ਆਇਆ ਸਾਦੁ॥**
**ਜਿਉ ਗੂੰਗਾ ਮਨ ਮਹਿ ਬਿਸਮਾਦੁ॥**

(ਰਾਗੁ ਬਿਲਾਵਲੁ ਮਹਲਾ 5, ਅੰਗ 80੧)

ਨਾਮ ਨੂੰ ਵਿਸਾਰ ਕੇ ਜੋ ਪ੍ਰਾਣੀ ਦੁਨਿਆਵੀ ਰਸ ਭੋਗਦੇ ਹਨ, ਉਨ੍ਹਾਂ ਨੂੰ ਕਦੀ ਸੁਫਨੇ ਵਿਚ ਵੀ ਸੁਖ ਨਹੀਂ ਮਿਲ ਸਕਦਾ। ਗੁਰਵਾਕ ਹੈ :

**ਨਾਮੁ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ॥**

(ਰਾਗੁ ਗਉੜੀ ਮਹਲਾ 5, ਅੰਗ 240)

## ਸਾਖੀ—ਔਕੜ ਵੇਲੇ ਨਾਮ ਸਹਾਈ ਹੁੰਦਾ ਹੈ

ਔਕੜ ਵੇਲੇ ਨਾਮ ਸਹਾਈ ਹੁੰਦਾ ਹੈ। ਜਿਸ ਮੁਸ਼ਕਿਲ ਵਿਚ ਕੋਈ ਢੋਈ ਨਾ ਦੇ ਸਕੇ, ਨਾਮ ਰੱਖਿਆ

ਕਰਦਾ ਹੈ। ਸਿਰੀ ਰਾਗੁ ਵਿਚ ਪੰਜਵੇਂ ਪਾਤਿਸ਼ਾਹ ਦਾ ਸੁੰਦਰ ਫ਼ੁਰਮਾਨ ਹੈ :

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥** (ਅੰਗ 70)

ਨਹਿਰ ਦੇ ਮਹਿਕਮੇ ਵਿਚ ਇਕ ਸਿੱਖ ਇੰਜੀਨੀਅਰ ਸਨ। ਉਨ੍ਹਾਂ ਨੂੰ ਨਾਮ ਦੀ ਕਣੀ ਕਿਸੇ ਗੁਰਮੁਖ ਤੋਂ ਮਿਲੀ ਸੀ ਤੇ ਉਨ੍ਹਾਂ ਨੇ ਕੁਝ ਘਾਲ ਵੀ ਕੀਤੀ ਸੀ, ਪਰ ਪਿਛਲੇ ਕੁਝ ਕਰਮਾਂ ਕਰ ਕੇ ਐਸੇ ਕਾਰਨ ਹੋ ਗਏ, ਜਿਸ ਕਰਕੇ ਉਨ੍ਹਾਂ ਦੀ ਆਪਣੇ ਮਹਿਕਮੇ ਦੇ ਅਫ਼ਸਰਾਂ ਨਾਲ ਅਣਬਣ ਹੋ ਗਈ। ਆਪਸ ਦੇ ਤੁਅੱਲਕ ਬਹੁਤ ਵਿਗੜ ਗਏ। ਉਨ੍ਹਾਂ ਅਫ਼ਸਰਾਂ ਨੇ ਕਿਸੇ ਝੂਠੇ ਵਲੇਵੇਂ ਵਿਚ ਇਸ ਨੂੰ ਫਸਾ ਕੇ ਬਦਨਾਮ ਤੇ ਖ਼ੁਆਰ ਕਰਨ ਦੀ ਵਿਉਂਤ ਬਣਾਈ। ਇਨ੍ਹਾਂ ਦੀ ਸੁਰਤ, ਜੋ ਹਾਲੇ ਪੱਕੀ ਨਹੀਂ ਸੀ, ਡੋਲ ਗਈ। ਇਨ੍ਹਾਂ ਨੇ ਬਦਨਾਮੀ ਤੋਂ ਡਰਦਿਆਂ ਆਤਮਘਾਤ ਕਰਨ ਦਾ ਪੱਕਾ ਇਰਾਦਾ ਕਰ ਲਿਆ। ਨਹਿਰ 'ਤੇ ਜਾ ਕੇ ਕੋਟ ਲਾਹ ਕੇ ਰੱਖਿਆ ਤੇ ਪਾਣੀ ਵਿਚ ਛਾਲ ਮਾਰਨ ਹੀ ਲੱਗੇ ਸਨ ਕਿ ਮਨ ਦੀ ਡੂੰਘਾਈ ਵਿੱਚੋਂ ਨਾਮ ਸਫੁਰਨ ਹੋ ਗਿਆ। ਜਦ ਨਾਮ ਰਸਨਾ 'ਤੇ ਆਇਆ ਤਾਂ ਨਾਲ ਹੀ ਵਾਹਿਗੁਰੂ ਦੀ ਪ੍ਰਤੀਤੀ ਹੋ ਆਈ ਅਤੇ "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ" ਦੀ ਯਾਦ ਹੋ ਗਈ। ਜੋ ਮਾਲਕ ਸਭ ਦਾ ਰਾਖਾ ਹੈ, ਉਹ ਨਾਮ ਦੇ ਨਾਲ ਹੀ ਆ ਗਿਆ। ਹਿਰਦੇ ਵਿਚ ਆਇਆ ਕਿ ਮੈਂ ਤਾਂ ਸੱਚਾ ਹਾਂ, ਕੋਈ ਖੁਨਾਮੀ ਨਹੀਂ ਕੀਤੀ, ਮੈਂ ਕਿਉਂ ਡਰਾਂ ? ਯਾਦ ਆ ਗਈ ਤੁਕ :

**ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥** (ਅੰਗ 84)

ਬਸ, ਇਹ ਗੁਰਮੁਖ ਪਿਆਰੇ 'ਵਾਹਿਗੁਰੂ ਵਾਹਿਗੁਰੂ' ਕਰਨ ਲੱਗ ਪਏ। ਕੋਈ ਅੰਬਰੀ ਕਾਂਗ ਆਈ ਤੇ ਇਨ੍ਹਾਂ ਦੀ ਸੁਰਤ ਚੜ੍ਹਾਓ ਵਿਚ ਹੋ ਗਈ। ਉਹ ਜੋ ਭੈਅ ਲੱਗ ਰਿਹਾ ਸੀ, ਜਿਸ ਕਰ ਕੇ ਇਹ ਆਤਮਘਾਤ ਕਰਨ ਲੱਗੇ ਸਨ, ਉਹ ਹਟ ਗਿਆ ਅਤੇ ਨਾਮ ਦੇ ਆਸਰੇ ਹੋ ਕੇ ਨਿਰਭਉ ਹੋ ਗਏ। ਮਨ ਵਿਚ ਸ਼ਾਂਤੀ ਆ ਗਈ। ਇਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ। ਸਤਿਗੁਰ ਦਾ ਸ਼ੁਕਰ ਕੀਤਾ। ਓਧਰ ਉਨ੍ਹਾਂ ਅਫ਼ਸਰਾਂ ਦਾ ਸੱਚ ਉਘੜ ਆਇਆ ਤੇ ਮੁਖ਼ਾਲਫ਼ਾਂ ਦੀ ਚਾਲ ਨਿਸਫਲ ਹੋ ਗਈ। ਇਉਂ ਨਾਮ ਨੇ ਉਸ ਨੂੰ ਤੱਤੀ ਵਾਉ ਵੀ ਨਾ ਲੱਗਣ ਦਿੱਤੀ।

ਪਰਲੋਕ ਵਿਚ ਧਨ ਦੌਲਤ ਤੇ ਐਸ਼੍ਵਰਯ ਪਦਾਰਥ ਕੁਝ ਵੀ ਨਾਲ ਨਹੀਂ ਜਾਂਦਾ। ਸਿਰਫ਼ ਸਿਮਰਨ ਕੀਤਾ ਹੋਇਆ ਨਾਮ ਹੀ ਨਾਲ ਜਾਂਦਾ ਹੈ ਤੇ ਨਾਮ ਦੀ ਕਮਾਈ ਕੀਤੀ ਦਾ ਪਤਾ ਮਰਨ ਦੇ ਬਾਅਦ ਲੱਗਦਾ ਹੈ। ਨਾਮ ਵਰਗੀ ਹੋਰ ਕੋਈ ਚੀਜ਼ ਨਹੀਂ। 'ਗੁਰਬਾਣੀ ਤੇ ਨਾਮ' ਗੁਰੂ ਨਾਨਕ ਦੀ ਅਮੋਲਕ ਦਾਤ ਹੈ। 'ਗੁਰਬਾਣੀ' ਨਾਮ ਵਿਚ ਲੈ ਜਾਂਦੀ ਹੈ ਤੇ 'ਨਾਮ' ਵਾਹਿਗੁਰੂ ਵਿਚ ਸਮਾਈ ਬਖ਼ਸ਼ਦਾ ਹੈ। ਬਾਕੀ ਸਭ ਵਿਦਿਆ ਤੇ ਫ਼ਿਲਾਸਫ਼ੀਆਂ ਏਥੇ ਹੀ ਰਹਿ ਜਾਂਦੀਆਂ ਹਨ।

ਮਰਨ ਦੇ ਪਿੱਛੋਂ ਪ੍ਰਾਣੀ ਨਮਿਤ ਅਰਦਾਸ ਕਰਨੀ ਉਸ ਨੂੰ ਸੁੱਖ ਦੇਂਦੀ ਹੈ। ਉਸ ਦੀ ਰੂਹ ਦਾ ਭਲਾ ਕਰਦੀ ਹੈ। ਇਹ ਇਕ ਮਿਸਟਿਕ (ਆਤਮਾ) ਕਾਨੂੰਨ ਹੈ। ਪਿਛਲਿਆਂ ਦੀ ਕੀਤੀ ਅਰਦਾਸ ਦੀ ਹਰ ਕਿਸੇ ਨੂੰ ਲੋੜ ਹੈ। ਚਾਹੇ ਉਹ ਪਾਰਗਰਾਮੀ ਸੰਤ ਹੀ ਕਿਉਂ ਨਾ ਹੋਵੇ। ਤੀਸਰੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਹੁਕਮ ਕੀਤਾ ਸੀ :

**ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥** (ਰਾਮਕਲੀ ਸਦੁ)

(ਪੁਸਤਕ 'ਗੁਰਮੁਖ ਸਿੱਖਿਆ' ਵਿਚੋਂ ਧੰਨਵਾਦ ਸਹਿਤ)

ਬਿਲਾਵਲ ਮਹਲਾ 3 ॥ ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥ ੧ ॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ॥ ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥ 2 ॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ 3 ॥ ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ 4 ॥ 4 ॥

ਪਦ ਅਰਥ :- ਥਾਟੁ=ਠਾਠ, ਰਚਨਾ, ਬਣਾਵਟ। ਸਮਾਨਾ=ਬਰਾਬਰ, ਇਕੋ ਜਿਹਾ। ਪਰਪੰਚ=ਸੰਸਾਰ।੧। ਮਤਿ=ਅਕਲ, ਸਿੱਖਿਆ। ਸਮਾਨਾ=ਸਮਾਅ ਜਾਂਦਾ ਹੈ। ਜੀਅਹੁ=ਦਿਲੋਂ (ਸ਼ਰਧਾ ਤੇ ਪ੍ਰਤੀਤ ਨਾਲ)। ਰਵੈ=ਵੱਸ ਜਾਂਦਾ ਹੈ।੧।ਰਹਾਉ। ਚਹੁ ਜੁਗਾ ਕਾ=ਚੌਹਾਂ ਜੁੱਗਾਂ ਦਾ। ਨਿਬੇੜਾ=ਫ਼ੈਸਲਾ, ਨਿਚੋੜ। ਏਕੁ ਨਿਧਾਨਾ=ਇਕ (ਪ੍ਰਭੂ) ਦਾ ਨਾਮ। ਕਲਿ ਮਹਿ=ਕਲਜੁਗ ਵਿਚ। ਕੀਰਤਿ=(ਪ੍ਰਭੂ ਦੀ ਕੀਰਤੀ, ਸਿਫਤਿ-ਸਾਲਾਹ। ਧਰਮੁ=ਮਰਯਾਦਾ। ਗੁਰਮੁਖਿ=ਗੁਰੂ ਦੁਆਰਾ।੩। ਚੂਕੈ=ਦੂਰ ਹੋ ਜਾਂਦਾ ਹੈ। ਮਨਿ ਅਭਿਮਾਨਾ=ਮਨ ਵਿੱਚੋਂ ਅਹੰਕਾਰ। ਕਹਤ=(ਜੋ) ਕਹਿੰਦੇ (ਉਚਾਰਦੇ) ਹਨ। ਸੁਣਤ=(ਜੋ) ਸੁਣਦੇ ਹਨ। ਪਾਵਹਿ=ਪਾਉਂਦੇ ਹਨ। ਮਾਨਤ=(ਜੋ) ਮੰਨਦੇ ਹਨ। ਪਾਹਿ=ਪ੍ਰਾਪਤ ਕਰਦੇ ਹਨ।੪।

ਅਰਥ :- ਪੂਰੇ (ਪ੍ਰਭੂ ਪ੍ਰਮਾਤਮਾ ਨੇ ਇਸ ਸਾਰੀ ਸ੍ਰਿਸ਼ਟੀ ਦੀ ਬਣਾਵਟ ਦਾ) ਪੂਰਾ ਠਾਟ ਬਣਾਇਆ ਹੈ ਅਤੇ ਵੇਖੋ (ਸਭ ਜੀਆਂ ਵਿਚ) (ਈਸ਼ਵਰ ਪ੍ਰਮਾਤਮਾ) ਇਕੋ ਜਿਹਾ ਸਮਾਅ ਰਿਹਾ ਹੈ। (ਪਰ) ਇਸ ਸੰਸਾਰ ਵਿਚ ਸੱਚੇ ਨਾਮ ਦੀ ਵਡਿਆਈ ਹੈ, (ਇਸ ਲਈ ਜਤ, ਸੰਜਮ, ਤੀਰਥ-ਇਸ਼ਨਾਨ ਆਦਿਕ ਕਿਸੇ ਵੀ

ਸਾਧਨਾ ਦਾ) ਹੰਕਾਰ ਨਾ ਕਰੋ।੧।

ਸਤਿਗੁਰੂ ਦੀ (ਸਾਹਿਬ ਜੀ ਦੀ ਬਖ਼ਸ਼ੀ ਹੋਈ) ਮਤਿ ਜਿਸ (ਮਨੁੱਖ ਨੂੰ) ਮਿਲਦੀ ਹੈ, ਉਹ (ਮਨੁੱਖ ਹੀ) ਸਤਿਗੁਰੂ ਦੇ (ਉਪਦੇਸ਼) ਵਿਚ ਲੀਨ ਹੁੰਦਾ ਹੈ। ਜਿਹੜਾ (ਮਨੁੱਖ) ਇਸ ਬਾਣੀ ਨੂੰ (ਸੱਚੇ) ਦਿਲੋਂ (ਸ਼ਰਧਾ ਨਾਲ) ਸਮਝਦਾ ਹੈ, ਉਸ ਦੇ (ਹਿਰਦੇ) ਅੰਦਰ (ਪਰਮਾਤਮਾ ਦਾ) ਨਾਮ ਵੱਸ ਜਾਂਦਾ ਹੈ।੧। ਰਹਾਉ। ਹੁਣ ਚਾਰੇ ਜੁੱਗਾਂ ਦਾ ਫ਼ੈਸਲਾ ਕਰਨ ਲਈ ਪੁਰਸ਼ਾਂ ਤੇ ਮਨੁੱਖਾਂ=ਇਸਤ੍ਰੀਆਂ ਨੂੰ ਇਕ ਨਾਮ ਰੂਪੀ ਖ਼ਜ਼ਾਨਾ ਮਿਲਿਆ ਹੈ (ਅਥਵਾ) ਚੌਹਾਂ ਜੁੱਗਾਂ ਦੇ (ਤਜਰਬੇ ਚੋਂ) ਹੁਣ ਨਿਚੋੜ (ਇਹ ਨਿਕਲਿਆ ਹੈ ਕਿ) ਸਭ ਮਨੁੱਖਾਂ ਇਸਤ੍ਰੀਆਂ ਲਈ (ਸਾਰੀਆਂ ਬਰਕਤਾਂ ਦਾ) ਖ਼ਜ਼ਾਨਾ ਇਕ ਨਾਮ ਹੈ। ਜਤ ਰੱਖਣਾ, ਇੰਦ੍ਰਿਆਂ ਨੂੰ ਰੋਕਣਾ, ਤੀਰਥ (ਇਸ਼ਨਾਨ ਕਰਨਾ ਆਦਿ ਇਹ ਸਭ) ਉਨ੍ਹਾਂ (ਭਾਵ ਪਿਛਲੇ) ਜੁਗਾਂ ਦੀ ਮਰਯਾਦਾ ਸੀ (ਪਰ ਹੁਣ) ਕਲਜੁਗ ਵਿਚ ਹਰੀ ਨਾਮ ਦੀ ਸਿਫਤਿ ਕਰਨੀ ਹੀ (ਸਭ ਤੋਂ ਉੱਤਮ ਤੇ ਪ੍ਰਧਾਨ ਕਰਮ ਹੈ)।੨।

(ਹੇ ਭਾਈ ! ਤੁਸੀਂ) ਚਾਰੇ ਵੇਦਾਂ, ਅਠਾਰਾਂ ਪੁਰਾਣਾਂ ਨੂੰ (ਬੇਸ਼ਕ) ਸੋਧ ਕੇ (ਚੰਗੀ ਤਰ੍ਹਾਂ ਅਧਿਐਨ ਕਰ ਕੇ) ਵੇਖ ਲਵੋ, ਹਰੇਕ ਜੁਗ ਵਿਚ ਆਪੋ ਆਪਣਾ ਧਰਮ (ਹੀ ਪ੍ਰਧਾਨ ਰਿਹਾ) ਹੈ। ਇਸ ਸੰਸਾਰ ਵਿਚ ਆਏ ਓਹੀ (ਮਨੁੱਖ) ਪੂਰੇ ਤੇ ਪਰਵਾਣ ਹਨ ਜਿਨ੍ਹਾਂ ਨੇ ਗੁਰੂ ਦੁਆਰਾ ਹਰਿ ਹਰਿ (ਵਾਹਿਗੁਰੂ ਵਾਹਿਗੁਰੂ ਨਾਮ ਨੂੰ) ਸਿਮਰਿਆ ਹੈ।੩।

ਨਾਨਕ (ਗੁਰੂ ਜੀ) ਉਚਾਰਨ ਕਰਦੇ ਹਨ (ਕਿ ਜਿਹੜਾ ਮਨੁੱਖ) ਸੱਚੇ (ਪਰਮੇਸ਼ਰ) ਨਾਲ ਪ੍ਰੀਤਿ ਲਾਏ, (ਉਸ ਦੇ) ਮਨ ਵਿਚੋਂ ਹੰਕਾਰ ਦੂਰ ਹੋ ਜਾਂਦਾ ਹੈ। (ਫਿਰ ਨਾਮ) ਉਚਾਰਨ ਵਾਲੇ, ਸੁਣਨ ਵਾਲੇ ਸਾਰੇ ਹੀ (ਆਤਮਿਕ) ਸੁਖ ਨੂੰ ਪ੍ਰਾਪਤ ਕਰ ਲੈਂਦੇ ਹਨ (ਅਤੇ) ਮੰਨਣ ਵਾਲੇ (ਨਾਮ ਦਾ) ਖ਼ਜ਼ਾਨਾ ਪ੍ਰਾਪਤ ਕਰ ਲੈਂਦੇ ਹਨ।੪।੪।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧67 (ਆਦਿ ਅੰਗ 799)

## ਬਿਲਾਵਲੁ ਮਹਲਾ 4 ॥

ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥ ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥ ੧ ॥ ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥ ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥ ੧ ॥ ਰਹਾਉ ॥ ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥ ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥ 2 ॥ ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥ ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥ 3 ॥ ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥ ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥ 4 ॥ 4 ॥

## ਪ੍ਰਾਕ੍ਥਨ :

ਇਹ ਪਵਿੱਤਰ ਸ੍ਰੀ ਮੁਖਵਾਕ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਹ ਸ਼ਬਦ ਹਜ਼ੂਰ ਨੇ ਬਿਲਾਵਲੁ ਰਾਗੁ ਅੰਦਰ ਉਚਾਰਿਆ ਹੈ। ਇਸ ਦੇ ਆਰੰਭ ਵਿਚ ਹਜ਼ੂਰ ਨੇ ਕਿਹਾ ਹੈ, "ਆਵਹੁ ਸੰਤ ਮਿਲਹੁ ਮੇਰੇ ਭਾਈ"। ਸੰਤ ਕੌਣ ਹੋ ਸਕਦਾ ਹੈ ?

# ਵਿਸ਼ਾ—ਆਵਹੁ ਸੰਤ ਮਿਲਹੁ ਮੇਰੇ ਭਾਈ

ਸੰਤ ਦੇ ਸੰਬੰਧ ਵਿਚ ਹਜ਼ੂਰ ਦੇ ਅੰਮ੍ਰਿਤ ਬਚਨ ਹਨ :

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥**
**ਧੰਨ ਸੇ ਸੇਈ ਨਾਨਕਾ ਪੂਰਨੁ ਸੋਈ ਸੰਤੁ ॥** (ਅੰਗ ੩੧੯)

ਇਸ ਸੰਸਾਰ ਨੂੰ ਰਚ ਕੇ ਇਸ ਅੰਦਰ ਉਹ ਪ੍ਰਭੂ ਆਪ ਵੱਸ ਰਿਹਾ ਹੈ। ਹਜ਼ੂਰ ਨੇ ਇਸ ਤਰ੍ਹਾਂ ਕਥਨ ਕੀਤਾ ਹੈ ਕਿ :

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥** (ਅੰਗ 463)

ਅਤੇ ਇਸ ਤਰ੍ਹਾਂ ਵੀ ਉਚਾਰਨ ਕੀਤਾ ਹੈ ਕਿ— "ਕੁਦਰਤਿ ਕਰਿ ਕੈ ਵਸਿਆ ਸੋਇ॥" ਸੋ ਕਾਦਰ ਨੇ "ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥" ਇਸ ਦੇ ਜ਼ੱਰੇ-ਜ਼ੱਰੇ ਵਿਚ ਆਪ ਆਪਣਾ ਨਿਵਾਸ ਕੀਤਾ ਹੋਇਆ ਹੈ। ਹਾਂ, ਵਿਸਮਾਦ ਰੰਗ ਵਿਚ ਰੰਗੇ ਪ੍ਰਭੂ ਪਿਆਰੇ ਸੰਤ ਜਨ ਨੂੰ ਕੁਦਰਤ ਕਾਦਰ ਦੇ ਗੁਣ ਗਾ ਰਹੀ, ਨਾਮ ਜੱਪ ਰਹੀ ਪ੍ਰਤੱਖ ਨਜ਼ਰ ਆ ਰਹੀ ਹੈ। ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ :

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥**
(ਅੰਗ ੧265)

ਸ੍ਰੀ ਗੁਰੂ ਅਮਰਦਾਸ ਜੀ ਦੇ ਅੰਮ੍ਰਿਤ ਬਚਨ ਹਨ :

**ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥** (ਅੰਗ ੧420)
**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥**
(ਅੰਗ 540)

ਧੰਨ ਗੁਰੂ ਨਾਨਕ ਦੇਵ ਜੀ ਨੇ ਸੋਦੁਰ ਅੰਦਰ ਸਾਰੀ ਕੁਦਰਤ ਤੇ ਕੁਦਰਤ ਅੰਦਰ ਰਚੇ ਦੇਵਤੇ ਅਤੇ ਸਾਰਿਆਂ ਮਨੁੱਖਾਂ ਨੂੰ ਹਰੀ ਦਾ ਕੀਰਤਨ ਕਰਦੇ ਦਰਸਾਇਆ ਹੈ। ਆਸਾ ਦੀ ਵਾਰ ਅੰਦਰ "ਭੈ ਵਿਚਿ ਪਵਣੁ ਵਹੈ ਸਦ ਵਾਉ॥" ਸਲੋਕ ਉਚਾਰ ਕੇ ਸਾਰੀ ਕੁਦਰਤ ਨੂੰ ਭੈਅ ਵਿਚ ਕੰਮ ਕਰਦੀ ਦੱਸਿਆ ਹੈ। ਕੁਦਰਤ 'ਕਰਤਾ' ਤੋਂ ਨਿਖੜ ਕੇ ਨਹੀਂ ਚਲ ਰਹੀ, ਉਹ ਇਸ ਦਾ 'ਕਾਦਰ' ਵੀ ਹੈ, ਉਸ ਦੀ ਚਲਾਈ ਚਲਦੀ ਹੈ।

ਫਿਰ ਉਹ ਇਸ ਵਿਚ ਪੂਰਨ ਵਿਆਪਕ ਹੈ। ਇਸ ਲਈ ਕੁਦਰਤ 'ਕਾਦਰ' ਤੋਂ ਅਲੱਗ ਨਹੀਂ ਹੈ।

ਸੋ ਇਸ ਤਰ੍ਹਾਂ ਸਿਮਰਨ, ਸਿਫਤਿ-ਸਾਲਾਹ ਕੁਦਰਤ ਦਾ ਜ਼ੱਰਰਾ ਜ਼ੱਰਰਾ ਸਹਿਜ ਭਾਵ ਵਿਚ ਕਰ ਰਿਹਾ ਹੈ, ਪਰ ਜੋ ਸੰਤ ਭਗਤ ਪ੍ਰੇਮਾ ਭਗਤੀ ਵਿਚ ਆ ਕੇ ਸਿਮਰਨ ਕਰਦੇ ਹਨ, ਉਹ ਵਾਹਿਗੁਰੂ ਜੀ ਦੇ ਦਰ ਪਰਵਾਨ ਹੁੰਦੇ ਹਨ, ਨਹੀਂ ਤਾਂ ਅੱਜ ਸੰਸਾਰ ਅੰਦਰ ਭੇਖਧਾਰੀ ਸੰਤ ਬਹੁਤ ਮਿਲਦੇ ਹਨ। ਸਰੀਰ ਉੱਪਰ ਲਿਬਾਸ ਸੰਤਾਂ ਦਾ ਧਾਰਨ ਕਰ ਕੇ ਅਤੇ ਗਲ ਵਿਚ ਤੇ ਹੱਥਾਂ ਵਿਚ ਵੱਡੀਆਂ-ਵੱਡੀਆਂ ਮਾਲਾ ਫੜ ਲੈਂਦੇ ਹਨ, ਜਿਸ ਵਿਖਾਵੇ ਦੇ ਲਿਬਾਸ ਨੂੰ ਵੇਖ ਕੇ ਸੰਸਾਰੀ ਲੋਕਾਂ ਦਾ ਉਨ੍ਹਾਂ ਉੱਪਰ ਪੂਰਨ ਵਿਸ਼ਵਾਸ ਬੱਝ ਜਾਂਦਾ ਹੈ। ਸੰਸਾਰ ਅੰਦਰ ਲੋਕਾਂ ਦਾ ਵਿਸ਼ਵਾਸ ਬਣਾ ਕੇ ਠੱਗਣ ਲਈ ਕਈਆਂ ਨੇ ਸਰੀਰ ਉੱਪਰ ਧਰਮ ਦਾ ਲਿਬਾਸ ਧਾਰਿਆ ਹੋਇਆ ਹੈ, ਜਿਨ੍ਹਾਂ ਵਿਚ ਸੱਜਣ ਠੱਗ ਵਰਗਿਆਂ ਦੇ ਨਾਮ ਹਨ। ਕਿਸ ਤਰ੍ਹਾਂ ਸਮਝ ਪਵੇ ਕਿ ਇਹ ਅਸਲ ਸੰਤ ਹੈ ਜਾਂ ਸੱਜਣ ਠੱਗ ਹੈ। ਭਾਈ ਗੁਰਦਾਸ ਜੀ ਪਾਸੋਂ ਇਕ ਵਾਰ ਗੁਰਸਿੱਖਾਂ ਨੇ ਪੁੱਛਿਆ ਸੀ, ਭਾਈ ਸਾਹਿਬ ਜੀ ! ਕ੍ਰਿਪਾ ਕਰਕੇ ਦੱਸੋ, ਕਿਸ ਤਰ੍ਹਾਂ ਪਛਾਣ ਕਰੀਏ ਕਿ ਇਹ ਅਸਲ ਸੰਤ ਹੈ ਜਾਂ ਅਸੰਤ ਹੈ। ਤਾਂ ਭਾਈ ਸਾਹਿਬ ਜੀ ਨੇ ਬਚਨ ਕਹੇ ਸਨ, ਜੋ ਉਨ੍ਹਾਂ ਦੀ ਬਾਣੀ ਅੰਦਰ ਅੰਕਿਤ ਹੈ :

**ਗੁਛਾ ਹੋਇ ਧ੍ਰਿਕਾਨੂਆ ਕਿਉ ਵੂੜੀਐ ਦਾਖੈ।**
**ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।**
**ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ।**
**ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ।**
**ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ।**
**ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ ॥ ੧੭ ॥**

(ਵਾਰ 35, ਪਉੜੀ ੧੭)

ਭਾਈ ਸਾਹਿਬ ਜੀ ਕਹਿੰਦੇ ਹਨ ਕਿ ਅੱਕ ਨੂੰ ਲਗਿਆ ਫਲ ਦਾਖਾਂ ਨਹੀਂ ਹੋ ਸਕਦੀਆਂ। ਮੁਲੰਮੇ ਦਾ ਗਹਿਣਾ ਅਸਲ ਸੋਨਾ ਜਾਂ ਸੁੱਚਾ ਜ਼ੇਵਰ ਨਹੀਂ ਹੋ ਸਕਦਾ। ਅੱਕ ਦਾ ਕੌੜਾ ਫਲ ਅੰਬ ਕਿਸ ਤਰ੍ਹਾਂ ਬਣ ਸਕਦਾ ਹੈ ? ਇਸੇ ਤਰ੍ਹਾਂ ਸਾਧ ਤੇ ਅਸਾਧ ਦੀ ਪਛਾਣ "ਕਰਤੂਤ" ਕਰਮ ਕਰਕੇ ਜਾਂ ਫਿਰ "ਸੁਭਾਖੈ" ਬੋਲੀ ਕਰਕੇ ਉਸੇ ਵੇਲੇ ਹੋ ਜਾਂਦੀ ਹੈ, ਪਰ ਜੋ ਅਸਲ ਸੰਤ ਕਰਨੀ ਕਥਨੀ ਦੇ ਪੂਰੇ ਹਨ ਅਤੇ ਸੂਰਬੀਰ ਬਚਨ ਕੇ ਬਲੀ ਹਨ, ਉਹ ਹਰ ਟਾਈਮ ਨਾਮ ਰੰਗ ਵਿਚ ਰੰਗੇ ਹੋਏ ਸੁਆਸ-ਸੁਆਸ ਸਿਮਰਨ ਕਰਦੇ ਹਨ।

ਭਾਈ ਗੁਰਦਾਸ ਜੀ ਨੇ ਐਸੇ ਸੰਤਾਂ ਦੇ ਸਬੰਧ ਵਿਚ ਬਹੁਤ ਸੁੰਦਰ ਬਚਨ ਕਹੇ ਹਨ। ਮੱਛੀ ਜਲ ਵਿਚ ਰਹਿੰਦੀ ਕਦੇ ਤ੍ਰਿਪਤ ਹੋਈ ਹੈ ? ਮੱਛੀ ਨੇ ਕਦੇ ਕਿਹਾ ਹੈ ਕਿ ਮੈਂ ਜਲ ਵਿਚ ਰਹਿ ਕੇ ਤ੍ਰਿਪਤ ਹੋ ਗਈ ਹਾਂ, ਹੁਣ ਜਲ ਵਿਚ ਨਹੀਂ ਰਹਿਣਾ ? ਉਸ ਦਾ ਜੀਵਨ-ਆਧਾਰ ਹੀ ਜਲ ਹੈ। ਪਤੰਗੇ ਨੇ ਕਦੇ ਕਿਹਾ ਹੈ ਕਿ ਮੈਂ ਦੀਪਕ ਦੇ ਪ੍ਰਕਾਸ਼ ਕੋਲ ਨਹੀਂ ਜਾਣਾ, ਤ੍ਰਿਪਤ ਹੋ ਗਿਆ ਹਾਂ ? ਪਤੰਗਾ ਮੁੜ-ਮੁੜ ਕੇ ਦੀਪਕ ਦੇ ਪ੍ਰਕਾਸ਼ ਪਾਸ ਜਾਂਦਾ ਰਹਿੰਦਾ ਹੈ, ਜਿੰਨਾ ਚਿਰ ਉਹ ਕੁਰਬਾਨ ਨਹੀਂ ਹੋ ਜਾਂਦਾ। ਭੌਰਾ ਫੁੱਲ ਦੀ ਸੁਗੰਧੀ ਲਈ ਓਨਾ

ਚਿਰ ਮੰਡਰਾਉਂਦਾ ਰਹਿੰਦਾ ਹੈ, ਜਿੰਨਾ ਚਿਰ ਜੀਵਨ ਹੈ। ਅੰਤ ਫ਼ੁੱਲ ਉੱਪਰ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਪੰਛੀ ਦਾ ਜੀਵਨ-ਅਧਾਰ ਹੈ ਅਕਾਸ਼ ਦੀ ਉਡਾਰੀ। ਅਕਾਸ਼ ਵਿਚ ਉਡਾਰੀ ਲਾਉਂਦਾ ਪੰਛੀ ਅਨੰਦ ਮਾਣਦਾ ਹੈ। ਮੋਰ ਬੱਦਲ ਦੀਆਂ ਕਾਲੀਆਂ ਘਟਾਵਾਂ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ ਅਤੇ ਪਪੀਹਾ ਸ੍ਵਾਂਤੀ ਬੂੰਦ ਲਈ ਪ੍ਰਿਉ-ਪ੍ਰਿਉ ਦਾ ਰਟਨ ਰਟਦਾ ਹੈ। ਹਿਰਨ ਘੰਡੇ-ਹੇੜੇ ਦੇ ਸ਼ਬਦ ਸੁਨਣ ਨਾਲ ਪ੍ਰੀਤੀ ਕਰਦਾ ਹੈ। ਐਸੇ ਹੀ ਸੰਤ ਜਨ ਹਨ। ਉਨ੍ਹਾਂ ਦੇ ਰੋਮ-ਰੋਮ ਵਿਚ, ਸਰੀਰਕ ਅੰਗ-ਅੰਗ ਵਿਚ ਨਾਮ ਦੀ ਪ੍ਰੀਤ ਲੱਗੀ ਹੈ ਅਤੇ ਨਾਮ ਦੀ ਪਿਆਸ ਬਣੀ ਰਹਿੰਦੀ ਹੈ :

**ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,**
**ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥**
**ਕੁਸਮ ਸੁਬਾਸ ਜੈਸੇ ਤ੍ਰਿਪਤ ਨ ਮਧੁਪ ਕਉ,**
**ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥**
**ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,**
**ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥**
**ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,**
**ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥ *424*॥**

(ਕਬਿੱਤ ਸਵੱਈਏ ਭਾਈ ਗੁਰਦਾਸ ਜੀ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਸੰਤਾਂ ਦੀ ਪ੍ਰੀਤੀ ਦਾ ਜ਼ਿਕਰ ਕੀਤਾ ਹੈ :

**ਸਲੋਕ॥ ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥**
**ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥**
**ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ॥ ੧॥**
**ਮੁਖ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥**
**ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ॥ *2*॥**
**ਪਉੜੀ॥ ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥**
**ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥**
**ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥**
**ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥**
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਆਘਾਵੈ॥ *2*॥**

(ਅੰਗ *708*)

**ਤੇਰਾ ਜਨੁ ਰਾਮ ਰਸਾਇਣਿ ਮਾਤਾ॥**
**ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ॥ ੧॥ ਰਹਾਉ॥**
**ਬੈਠਤ ਹਰਿ ਹਰਿ, ਸੋਵਤ ਹਰਿ ਹਰਿ ਹਰਿ ਰਸੁ ਭੋਜਨ ਖਾਤਾ॥**
**ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ॥ ੧॥**
**ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥**
**ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥ 2॥** (ਅੰਗ 532)

ਉਪਰੋਕਤ ਗੁਰਬਾਣੀ ਦੇ ਸਿਧਾਂਤ ਅਨੁਸਾਰ ਸੰਤ ਦੀ ਐਸੀ ਉੱਤਮ ਕਰਨੀ ਹੋਣ ਕਰ ਕੇ ਧਾਰਮਿਕ ਦੁਨੀਆਂ ਵਿਚ ਸੰਤ ਸਰਵੋਤਮ ਮੰਨਿਆ ਗਿਆ ਹੈ, ਕਿਉਂਕਿ ਸੰਤ ਪੂਰਨ ਪਦ ਹੈ। ਜਿਸ ਤਰ੍ਹਾਂ ਨਿੱਕੀ ਜਿਹੀ ਪਾਣੀ ਦੀ ਬੂੰਦ ਸਮੁੰਦਰ ਵਿਚ ਪੈ ਕੇ ਸਮੁੰਦਰ ਹੋਣ ਦਾ ਮਾਣ ਪ੍ਰਾਪਤ ਕਰਦੀ ਹੈ, ਇਸੇ ਤਰ੍ਹਾਂ ਪੂਰਨ ਬ੍ਰਹਮ ਰੂਪ ਸਮੁੰਦਰ ਵਿਚ ਅਭੇਦ ਹੋਏ ਪਰਮੇਸ਼ਰ ਦੇ ਪਿਆਰਿਆਂ ਨੂੰ ਸੰਤ ਕਿਹਾ ਜਾਂਦਾ ਹੈ। ਐਸੇ ਸੰਤਾਂ ਦਾ ਜੀਵਨ-ਆਧਾਰ ਨਾਮ ਹੈ। ਪੰਚਮ ਗੁਰਦੇਵ ਨੇ ਸਹਸਕ੍ਰਿਤੀ ਸਲੋਕਾਂ ਅੰਦਰ ਕਿਹਾ ਹੈ :

**ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ॥**
**ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਯਤੇ॥ 26॥** (ਅੰਗ ੧356)

ਸੰਤ ਸ੍ਰੇਸ਼ਟ ਧਰਮ ਦੇ ਧਾਰਨੀ, ਕੇਵਲ ਪ੍ਰਭੂ ਦੇ ਜਸ ਦਾ ਉਚਾਰਨ ਕਰਦੇ ਰਹਿੰਦੇ ਹਨ। ਨਾਰਾਇਣ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਰੂਪ ਹੈ। ਉਸ ਪ੍ਰਮੇਸ਼ਰ ਦੇ ਅੰਮ੍ਰਿਤ-ਨਾਮ ਨੂੰ ਪੀਂਦੇ ਹੋਏ ਸੰਤ ਤ੍ਰਿਪਤ ਨਹੀਂ ਹੁੰਦੇ ਭਾਵ ਉਨ੍ਹਾਂ ਨੂੰ ਨਾਮ ਦੀ ਪਿਆਸ ਹਮੇਸ਼ਾ ਬਣੀ ਰਹਿੰਦੀ ਹੈ ਅਤੇ ਸੰਤ ਜਨਾਂ ਦੀ ਰਹਿਤ ਤੇ ਪ੍ਰਭੂ ਪਿਆਰੇ ਸੰਤ ਜਨਾਂ ਦਾ ਜੀਵਨ-ਆਧਾਰ ਇਕ ਪ੍ਰਮਾਤਮਾ ਦਾ ਨਾਮ ਹੀ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਸ ਸਬੰਧ ਵਿਚ ਸੁੰਦਰ ਫ਼ੁਰਮਾਣ ਹੈ :

**ਆਠ ਪਹਰ ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ ਮੀਠਾ ਮਾਨੈ॥**
**ਏਕੁ ਨਾਮੁ ਸੰਤਨ ਆਧਾਰੁ॥ ਹੋਇ ਰਹੇ ਸਭ ਕੀ ਪਗ ਛਾਰੁ॥ ੧॥**
**ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥ ੧॥ ਰਹਾਉ॥**
**ਵਰਤਣਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮ॥**
**ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥ 2॥**
**ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥**
**ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥ 3॥**
**ਤਾ ਕਾ ਸੰਗੁ ਬਾਛਹਿ ਸੁਰਦੇਵ॥ ਅਮੋਘ ਦਰਸੁ ਸਫਲ ਜਾ ਕੀ ਸੇਵ॥**
**ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥ 4॥ 37॥ 88॥**

(ਅੰਗ 392)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

# ਸਾਖੀ—ਭਾਈ ਵੀਰ ਸਿੰਘ ਜੀ ਨੂੰ ਰੱਬ ਦੀ ਲਗਨ

੭-੮-੯ ਅਪ੍ਰੈਲ ਸੰਨ ੧੯੪੪ ਸਰਗੋਧੇ ਵਿਚ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦਾ ਸਮਾਗਮ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਸਰਦਾਰ ਮਨੋਹਰ ਸਿੰਘ ਜੀ ਤੇ ਬੀਬੀ ਰਣਜੀਤ ਕੌਰ ਜੀ ਦੀ ਕੋਠੀ ਵਿਚ ਠਹਿਰੇ ਹੋਏ ਸਨ।

ਕਾਨਫ਼ਰੰਸ ਦੇ ੮ ਤਾਰੀਖ਼ ਦਾ ਸੈਸ਼ਨ ਸਮਾਪਤ ਹੋ ਚੁੱਕਾ ਸੀ। ਭਾਈ ਸਾਹਿਬ ਜੀ ਉਸ ਕੋਠੀ ਦੇ ਡਰਾਇੰਗ ਰੂਮ ਵਿਚ ਬੈਠੇ ਸਨ। ਕਮਰਾ ਗਚਾਗਚ ਸੰਗਤਾਂ ਨਾਲ ਭਰਿਆ ਹੋਇਆ ਸੀ। ਸ੍ਰੀ ਕਲਗੀਧਰ ਜੀ ਮਹਾਰਾਜ ਦੇ ਖ਼ਾਲਸੇ ਦੇ ਦੀਦਾਰੇ, ਪੰਡਾਲ ਵਿਚੋਂ ਲੈ ਕੇ, ਭਾਈ ਸਾਹਿਬ ਜੀ ਦੇ ਮੁਖੜੇ ਦੀ ਆਭਾ ਅਝੱਲਵੀਂ ਸੀ। ਆਪ ਪੂਰਨ ਖੇੜੇ ਵਿਚ ਸਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸਰਦਾਰ ਗੁਰਦਿੱਤ ਸਿੰਘ ਵੱਲ ਮੂੰਹ ਕਰ ਕੇ ਕਿਹਾ ਕਿ ਦੇਖ ਗੁਰਦਿੱਤ ਸਿੰਘ ! ਅੱਜ ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਨੂੰ ਰੱਬ ਦੇ ਪਿਆਰ ਦੀ ਲਗਨ ਕਿਸ ਤਰ੍ਹਾਂ ਲੱਗੀ ਸੀ।

'ਮੇਰੀ ਉਮਰ ੧੫ ਸਾਲ ਦੇ ਲਗਭਗ ਸੀ। ਉਨ੍ਹਾਂ ਦਿਨਾਂ ਵਿਚ ਮੈਂ ਆਪਣੇ ਨਾਨਾ ਜੀ ਦੇ ਘਰ ਹੀ ਰਹਿੰਦਾ ਸਾਂ। ਮੈਂ ਆਪਣੇ ਸਕੂਲ ਦੀ ਪੜ੍ਹਾਈ ਵੀ ਉੱਥੇ ਹੀ ਕਰਦਾ ਸਾਂ। ਮੇਰੇ ਰਹਿਣ ਲਈ, ਪੜ੍ਹਨ ਲਈ ਇਕ ਕਮਰਾ ਮੈਨੂੰ ਮਿਲਿਆ ਹੋਇਆ ਸੀ। ਉਸ ਕਮਰੇ ਵਿਚ ਮੈਂ ਸੌਂਦਾ ਵੀ ਸਾਂ ਤੇ ਪੜ੍ਹਦਾ ਵੀ ਸਾਂ।

'ਇਕ ਦਿਨ ਅਚਾਨਕ ਮੈਂ ਸਕੂਲੋਂ ਆਇਆ ਤਾਂ ਕੀ ਤਕਿਆ ਕਿ ਮੇਰੇ ਕਮਰੇ ਵਿਚ ਇਕ ਹੋਰ ਬਿਸਤਰਾ ਵੀ ਲਗਾ ਹੋਇਆ ਹੈ। ਮੈਂ ਨਾਨੀ ਜੀ ਤੋਂ ਪੁੱਛਿਆ, 'ਨਾਨੀ ਜੀ ! ਮੇਰੇ ਕਮਰੇ ਵਿਚ ਕੌਣ ਆਇਆ ਹੈ' ? ਨਾਨੀ ਜੀ ਕਹਿਣ ਲੱਗੇ, 'ਤੇਰੇ ਕਮਰੇ ਵਿਚ ਤੇਰੇ ਨਾਨਾ ਜੀ ਦੇ ਸੰਬੰਧੀ ਆਏ ਹਨ ਅਤੇ ਤੇਰੇ ਨਾਨਾ ਜੀ ਨੇ ਇਸ ਚੰਗੇ ਪੁਰਖ ਨੂੰ ਤੇਰੇ ਕਮਰੇ ਵਿਚ ਟਿਕਾਇਆ ਹੈ। ਇਹ ਕੁਝ ਦਿਨ ਰਹਿਣਗੇ'। ਸੰਧਿਆ ਪੈ ਗਈ, ਨਾਨਾ ਜੀ ਤੇ ਉਹ ਸੱਜਣ ਦਰਬਾਰ ਸਾਹਿਬ ਦੀ ਯਾਤਰਾ ਕਰ ਕੇ ਘਰ ਆਏ। ਮੈਂ ਆਪਣੇ ਕਮਰੇ ਵਿਚ ਬੈਠ ਕੇ ਪੜ੍ਹਾਈ ਕਰ ਰਿਹਾ ਸਾਂ। ਨਾਨਾ ਜੀ ਨੇ ਕਿਹਾ, 'ਲਓ ਭਾਈ ਸਾਹਿਬ, ਇਹ ਤੁਹਾਡੇ ਵਿਸ਼ਰਾਮ ਕਰਨ ਦਾ ਕਮਰਾ ਹੈ। ਆਪ ਜਿਤਨੇ ਦਿਨ ਚਾਹੋ, ਸੁਖ ਸੁਬੀਰੀ ਨਾਲ ਇਥੇ ਰਹੋ। ਇਹ ਕਾਕਾ ਤੁਹਾਡੇ ਪਾਸ ਹੈ, ਜੋ ਚੀਜ਼ ਤੁਹਾਨੂੰ ਵੇਲੇ ਕੁਵੇਲੇ ਲੋੜ ਹੋਵੇ, ਇਸ ਕਾਕੇ ਤੋਂ ਮੰਗਵਾ ਲੈਣੀ' ਤੇ ਮੈਨੂੰ ਨਾਨਾ ਜੀ ਨੇ ਕਿਹਾ, 'ਕਾਕਾ, ਇਹ ਹੜੱਪੇ ਤੋਂ ਆਏ ਹਨ, ਮੇਰੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਹਨ। ਇਹ ਅੰਦਰੋਂ ਬਾਹਰੋਂ ਪੂਰਨ ਗੁਰਸਿੱਖ ਹਨ। ਇਨ੍ਹਾਂ ਦੇ ਪਵਿੱਤਰ ਪ੍ਰਭਾਵ ਤੇਰੇ ਕਮਰੇ ਵਿਚ ਸਦਾ ਰਹਿਣਗੇ। ਤੇਰੇ ਮਨ ਨੂੰ ਇਨ੍ਹਾਂ ਦਾ ਦਰਸ਼ਨ ਕਰ ਕੇ ਮਹਾਨ ਸੁੱਖ ਮਿਲੇਗਾ। ਜੋ ਚੀਜ਼ ਇਹ ਕਹਿਣ, ਇਨ੍ਹਾਂ ਨੂੰ ਫੌਰਨ ਨਾਨੀ ਜੀ ਤੋਂ ਲਿਆ ਕੇ ਦੇ ਦੇਣੀ। ਪੁੱਤਰ, ਇਨ੍ਹਾਂ ਦੇ ਤੂੰ ਸੇਵਾ ਸਤਿਕਾਰ ਵਿਚ ਰਹੀਂ, ਅਦਬ ਵਿਚ ਰਹੀਂ'।

'ਨਾਨਾ ਜੀ ਮੈਨੂੰ ਸਮਝਾ ਕੇ ਚਲੇ ਗਏ। ਉਸ ਪੂਰਨ ਗੁਰਸਿੱਖ ਨੇ ਕੱਪੜੇ ਉਤਾਰ ਦਿੱਤੇ। ਛੋਟੀ ਦਸਤਾਰ ਅਤੇ ਚਾਦਰੇ ਨੂੰ ਲਪੇਟ ਕੇ ਉਨ੍ਹਾਂ ਨੇ ਸ੍ਰੀ ਰਹਰਾਸਿ ਸਾਹਿਬ ਜੀ ਦਾ ਪਾਠ ਬੜੇ ਰਸ ਅਤੇ ਸੁਆਦ ਵਿਚ ਕੀਤਾ।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਪਾਠ ਕਰਨ ਸਮੇਂ ਉਨ੍ਹਾਂ ਦੇ ਨੈਣ ਮਸਤ ਅਲਮਸਤ ਸਨ। ਉਨ੍ਹਾਂ ਦੇ ਮੂੰਹ 'ਤੇ ਲਾਲ ਸਿਓ ਵਾਂਗੂੰ ਲਾਲੀ ਸੀ। ਇੰਝ ਦਿੱਸਦਾ ਸੀ ਕਿ ਪਾਠ ਤਾਂ ਕਮਰੇ ਵਿਚ ਹੋ ਰਿਹਾ ਹੈ, ਪਰ ਉਨ੍ਹਾਂ ਦੀ ਰੂਹ ਕਿਸੇ ਹੋਰ ਮੰਡਲ ਵਿਚ ਹੈ। ਇਸ ਅਲੌਕਿਕ ਦਿਵਯ ਦਰਸ਼ਨ ਨੇ ਮੇਰੇ ਮਨ 'ਤੇ ਬੜਾ ਡੂੰਘਾ ਪ੍ਰਭਾਵ ਪਾਇਆ। ਮੇਰੇ ਨੈਣ ਉਨ੍ਹਾਂ ਦੇ ਮੁਖੜੇ 'ਤੇ ਟਿਕ ਗਏ। ਜਿਉਂ-ਜਿਉਂ ਮੈਂ ਉਹਨਾਂ ਵੱਲ ਤਕਦਾ ਸਾਂ, ਤਿਉਂ-ਤਿਉਂ ਮੇਰੇ ਮਨ ਵਿਚ ਤੱਕਣ ਦੀ ਵਧੀਕ ਸਿੱਕ ਹੁੰਦੀ ਜਾਂਦੀ ਸੀ। ਪਾਠ ਸਮਾਪਤ ਹੋਇਆ ਤਾਂ ਉਹ ਆਪਣੇ ਆਸਣ ਤੋਂ ਉਠ ਖਲੋਤੇ, ਗਲ੍ਹ ਵਿਚ ਉਨ੍ਹਾਂ ਨੇ ਦੁਪੱਟਾ ਪਾਇਆ ਤੇ ਉਨ੍ਹਾਂ ਮੁੰਦੇ ਨੈਣਾਂ ਨਾਲ ਹੀ ਅਰਦਾਸ ਵਿਚ ਖੜੇ ਹੋ ਗਏ। ਉਨ੍ਹਾਂ ਦਾ ਇਕ-ਇਕ ਅੱਖਰ ਮੇਰੇ ਮਨ ਨੂੰ ਖਿੱਚਦਾ ਸੀ। ਮੈਨੂੰ ਇੰਝ ਪ੍ਰਤੀਤ ਹੁੰਦਾ ਸੀ ਕਿ ਮੇਰੇ ਕਮਰੇ ਵਿਚ ਕੋਈ ਸੂਰਜੀ ਪ੍ਰਕਾਸ਼ ਪਸਰ ਰਿਹਾ ਹੈ। ਅਰਦਾਸਾ ਹੋ ਗਿਆ, ਉਨ੍ਹਾਂ ਨੇ ਮੱਥਾ ਟੇਕਿਆ, ਸਿਰ ਚੁਕਿਆ, ਪ੍ਰੰਤੂ ਅਜੇ ਵੀ ਉਨ੍ਹਾਂ ਦੇ ਨੈਣ ਮਸਤ ਅਲਮਸਤ ਸਨ। ਇਸ ਪੂਰਨ ਗੁਰਸਿੱਖ ਦਾ ਝਲਕਾਰਾ ਮੇਰੇ ਹਿਰਦੇ ਦੇ ਡੂੰਘੇ ਅਸਥਾਨ 'ਤੇ ਚਿਤਰਿਤ ਹੋ ਗਿਆ।

'ਸਵੇਰ ਹੋਈ, ਮੇਰੇ ਜਾਗਣ ਤੋਂ ਪਹਿਲਾਂ ਉਹ ਸ੍ਰੀ ਦਰਬਾਰ ਸਾਹਿਬ ਜਾ ਚੁੱਕੇ ਸਨ। ਮੈਂ ਬਸਤਾ ਲੈ ਕੇ ਸਕੂਲ ਚਲਾ ਗਿਆ ਪ੍ਰੰਤੂ ਉਨ੍ਹਾਂ ਦੀ ਰਾਤ ਵਾਲੀ ਅਦਭੁੱਤ ਮੂਰਤ ਤੇ ਸੂਰਤ ਮੇਰੇ ਮਨ ਵਿਚ ਦਰਸ਼ਨ ਦੇ ਰਹੀ ਸੀ। ਘੜੀ ਘੜੀ ਮੈਨੂੰ ਉਹ ਯਾਦ ਆਉਂਦੇ ਸਨ। ਉਨ੍ਹਾਂ ਦੀ ਪਿਆਰ ਭਰੀ ਸੂਰਤ ਮੈਨੂੰ ਖਿੱਚ ਪਾਂਦੀ ਸੀ। ਸਕੂਲ ਤੋਂ ਛੁੱਟੀ ਹੋਈ। ਰਸਤੇ ਵਿਚ ਉਨ੍ਹਾਂ ਦੀ ਸੂਰਤ ਮੇਰੇ ਨਾਲ-ਨਾਲ ਚੱਲ ਰਹੀ ਸੀ। ਮੈਂ ਘਰ ਪਹੁੰਚਿਆ ਤਾਂ ਨਾਨੀ ਜੀ ਨੇ ਦੱਸਿਆ ਕਿ ਉਹ ਦਰਬਾਰ ਸਾਹਿਬ ਗਏ ਹਨ। ਮੈਨੂੰ ਸਿਰਫ਼ ਸੰਧਿਆ ਸਮੇਂ ਹੀ ਉਨ੍ਹਾਂ ਦੇ ਦਰਸ਼ਨ ਪ੍ਰਾਪਤ ਹੁੰਦੇ ਸਨ ਜਦੋਂ ਕਿ ਉਹ ਰਹਰਾਸਿ ਸਾਹਿਬ ਦਾ ਪਾਠ ਕਰਦੇ ਸਨ।

'ਇਕ ਦਿਨ ਕੁਦਰਤ ਨਾਲ ਮੇਰੀ ਅੱਧੀ ਰਾਤ ਜਾਗ ਖੁੱਲ੍ਹੀ ਤਾਂ ਮੈਂ ਕੀ ਦੇਖਿਆ ਕਿ ਉਹ ਮਨਮੋਹਨੀ ਸੂਰਤ ਅੱਖਾਂ ਮੀਟ ਕੇ, ਚੌਕੜਾ ਮਾਰ ਕੇ, ਅਡੋਲ ਬੈਠੀ ਹੈ। ਕਮਰੇ ਵਿਚ ਹਨੇਰਾ ਸੀ, ਪਰ ਉਨ੍ਹਾਂ ਦੇ ਮਸਤਕ 'ਤੇ ਪ੍ਰਕਾਸ਼ ਦਗ-ਦਗ ਕਰ ਰਿਹਾ ਸੀ (ਨਾਮੁ ਜਪਤ ਕੋਟਿ ਸੂਰ ਉਜਾਰਾ)। ਉਸ ਤੋਂ ਬਾਅਦ ਮੇਰੇ ਮਨ ਵਿਚ ਖ਼ਿਆਲ ਆਇਆ ਕਿ ਅਗਾਂਹ ਤਕਾਂ, ਉਹ ਕੀ ਕਰਦੇ ਹਨ। ਤ੍ਰਿਪਹਿਰਾ ਵਜਿਆ, ਉਹ ਉਠ ਖਲੋਏ। ਉਨ੍ਹਾਂ ਨੇ ਖੂੰਡਾ ਹੱਥ ਵਿਚ ਲੈ ਲਿਆ। ਮੇਰੇ ਕਮਰੇ ਤੋਂ ਮਲਕੜੇ ਜਿਹੇ ਬਾਹਰ ਨਿਕਲੇ ਅਤੇ ਇਕ ਨਿੱਕਾ ਜਿਹਾ ਖੰਘੂਰਾ ਮਾਰ ਕੇ ਕਿਹਾ, 'ਗਿਆਨੀ ਜੀ, ਮੈਂ ਦਰਬਾਰ ਸਾਹਿਬ ਚਲਿਆ ਜੇ'।

'ਇਹ ਸੱਜਣ ਕੁਝ ਕੁ ਦਿਨ ਸ੍ਰੀ ਅੰਮ੍ਰਿਤਸਰ ਜੀ ਰਹੇ। ਇਨ੍ਹਾਂ ਦੀ ਰਹਿਣੀ ਬਹਿਣੀ ਅਤੇ ਕਹਿਣੀ ਦਾ ਪ੍ਰਭਾਵ ਮੇਰੇ ਉੱਪਰ ਬਹੁਤ ਹੀ ਪਿਆ। ਇਕ ਦਿਨ ਐਤਵਾਰ ਸੀ। ਮੈਂ ਘਰ ਹੀ ਸਾਂ। ੯ ਕੁ ਵਜੇ ਦਾ ਵੇਲਾ ਹੋਣਾ ਹੈ ਕਿ ਇਸ ਪੂਰਨ ਗੁਰਸਿੱਖ ਨੇ ਮੇਰੇ ਨਾਨਾ ਜੀ (ਪੰਡਤ ਹਜ਼ਾਰਾ ਸਿੰਘ ਜੀ) ਨੂੰ ਕਿਹਾ ਕਿ 'ਲਓ ਗਿਆਨੀ ਜੀ! ਅੱਜ ਸਾਡੇ ਕਮਰਕੱਸੇ ਹਨ। ਮੇਰੇ ਮਨ ਵਿਚ ਇਕ ਸਿੱਕ ਸੀ ਕਿ ਮੈਂ ਦਰਬਾਰ ਸਾਹਿਬ ਦੇ ਰਜ ਰਜ ਕੇ ਦਰਸ਼ਨ ਕਰਾਂ। ਸੋ ਗੁਰੂ ਰਾਮਦਾਸ ਪਾਤਸ਼ਾਹ ਨੇ ਮੇਹਰ ਕਰ ਕੇ ਪੂਰਨ ਕਰ ਦਿੱਤੀ'। ਇਹ ਕਹਿੰਦਿਆਂ ਉਨ੍ਹਾਂ ਨੇ ਆਪਣਾ ਲਟਰ ਪਟਰ ਸਭ ਤਿਆਰ ਕਰ ਲਿਆ। ਯੱਕੇ ਵਾਲੇ ਨੂੰ ਬੁਲਾ ਕੇ ਬੂਹੇ 'ਤੇ ਖੜਾ ਕਰ ਦਿੱਤਾ। ਗਿਆਨੀ ਜੀ ਨੂੰ ਕਹਿਣ ਲੱਗੇ, 'ਲਉ ਗਿਆਨੀ ਜੀ, ਮੈਂ ਹੁਣ ਚਲਿਆ ਹਾਂ। ਹੜੱਪੇ

ਜਾ ਕੇ ਮੈਂ ਆਪ ਨੂੰ ਖ਼ਤ ਪਾਵਾਂਗਾ। ਉਸ ਖ਼ਤ ਅਨੁਸਾਰ ਆਪ ਛੇਤੀ ਤੋਂ ਛੇਤੀ ਮੇਰੇ ਪਾਸ ਪਹੁੰਚ ਜਾਣਾ। ਢਿੱਲ ਨਹੀਂ ਕਰਨੀ। ਲਓ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਕੀ ਫ਼ਤਹਿ'।

''ਯੱਕੇ 'ਤੇ ਸਾਮਾਨ ਰੱਖ ਕੇ ਆਪ ਘਰ ਅੰਦਰ ਆ ਗਏ ਤੇ ਫਿਰ ਗੱਜ ਕੇ ਉਨ੍ਹਾਂ ਨੇ ਫ਼ਤਹਿ ਬੁਲਾਈ। ਮੈਂ ਤਕ ਕੇ ਹੈਰਾਨ ਹੋ ਰਿਹਾ ਸਾਂ। ਉਹ ਟਾਂਗੇ 'ਤੇ ਬੈਠ ਗਏ। ਥੋੜ੍ਹਾ ਜਿਹਾ ਟਾਂਗਾ ਚਲਿਆ, ਤਾਂ ਉਨ੍ਹਾਂ ਨੇ ਟਾਂਗਾ ਰੋਕ ਲਿਆ ਤੇ ਫਿਰ ਘਰ ਵਾਪਸ ਆਏ। ਗਿਆਨੀ ਜੀ ਨੂੰ ਤੀਜੀ ਵਾਰ ਗਜ ਕੇ ਬੁਲਾਇਆ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ'। ਮੈਂ ਚਕ੍ਰਿਤ ਹੋ ਗਿਆ ਕਿ ਇਹ ਸੱਜਣ ਕੀ ਕਰ ਰਿਹਾ ਹੈ, ਪਰ ਉਸ ਸਮੇਂ ਇਹ ਚੀਜ਼ ਮੇਰੀ ਸਮਝ ਤੋਂ ਬਾਹਰ ਸੀ। ਯੱਕਾ ਚਲਾ ਗਿਆ।

''ਦੋ ਚਾਰ ਦਿਨ ਬੀਤੇ ਕਿ ਹੜੱਪੇ ਤੋਂ ਇਕ ਖ਼ਤ ਆਇਆ ਕਿ ਗਿਆਨੀ ਜੀ, ਆਪ ਖ਼ਤ ਦੇਖਦਿਆਂ ਸਾਰ ਹੜੱਪੇ ਆ ਜਾਓ। ਦੂਜੀ ਭਲਕ ਗਿਆਨੀ ਜੀ ਸ੍ਰੀ ਅੰਮ੍ਰਿਤਸਰ ਤੋਂ ਹੜੱਪੇ ਚਲੇ ਗਏ। ਚੌਥੇ ਦਿਨ ਹੜੱਪੇ ਤੋਂ ਖ਼ਤ ਆਇਆ ਕਿ ਹੜੱਪੇ ਵਾਲੇ ਗੁਰੂ ਪਿਆਰੇ ਦਾ ਅਕਾਲ ਚਲਾਣਾ ਹੋ ਗਿਆ ਹੈ ਤੇ ਉਸ ਦੀ ਦਸਤਾਰਬੰਦੀ ਕਰ ਕੇ ਆਵਾਂਗੇ।

''ਨਾਨਾ ਜੀ ਹੜੱਪੇ ਤੋਂ ਵਾਪਸ ਆ ਗਏ। ਘਰ ਆ ਕੇ ਉਸ ਗੁਰੂ ਪਿਆਰੇ ਦੇ ਚਲਾਣੇ ਦਾ ਹਾਲ ਪ੍ਰਵਾਰ ਨੂੰ ਦੱਸਿਆ ਕਿ ਉਹ ਸਤਿਗੁਰੂ ਦਾ ਲਾਲ 'ਗੁਰਮੁਖਿ ਆਵੈ ਜਾਇ ਨਿਸੰਗੁ' ਵਾਂਗੂੰ ਹੱਸਦਾ ਖੇਡਦਾ ਸੰਸਾਰ ਤੋਂ ਟੁਰ ਗਿਆ।''

ਆਪ ਜੀ ਨੇ ਦੱਸਿਆ, ਕਿ 'ਮੈਂ ਨਾਨਾ ਜੀ ਨੂੰ ਪੁੱਛਿਆ ਕਿ ਮੈਨੂੰ ਦੋ ਗੱਲਾਂ ਦੀ ਸਮਝ ਨਹੀਂ ਆਈ। ਪਹਿਲੀ ਗੱਲ ਇਹ ਹੈ ਕਿ ਉਹ ਤੁਹਾਨੂੰ ਬਾਰੰਬਾਰ ਫ਼ਤਹਿ ਬੁਲਾਉਣ ਲਈ ਕਿਉਂ ਆਉਂਦਾ ਸੀ ? ਅਤੇ ਦੂਸਰਾ ਟੁਰਦਿਆਂ ਟੁਰਦਿਆਂ ਉਸ ਨੇ ਆਪ ਨੂੰ ਇਹ ਕਿਉਂ ਕਿਹਾ ਸੀ ਕਿ ਤੁਸੀਂ ਮੇਰੀ ਚਿੱਠੀ ਮਿਲਦਿਆਂ ਹੀ ਹੜੱਪੇ ਆ ਜਾਣਾ, ਦੇਰੀ ਨਹੀਂ ਕਰਨੀ।' ਨਾਨਾ ਜੀ ਹੱਸ ਕੇ ਕਹਿਣ ਲੱਗੇ ਕਿ 'ਬੇਟਾ, ਉਸ ਨੂੰ ਆਪਣੀ ਮੌਤ ਦਾ ਪਤਾ ਸੀ। ਇਸ ਲਈ ਉਹ ਬਾਰੰਬਾਰ ਫ਼ਤਹਿ ਬੁਲਾਉਂਦਾ ਸੀ ਤੇ ਮੈਨੂੰ ਆਉਣ ਲਈ ਤਾਕੀਦ ਕਰਦਾ ਸੀ'। ਮੈਂ ਹੋਰ ਵੀ ਅਸਚਰਜ ਹੋਇਆ ਅਤੇ ਨਾਨਾ ਜੀ ਨੂੰ ਪੁੱਛਿਆ ਕਿ 'ਨਾਨਾ ਜੀ, ਮੌਤ ਦਾ ਪਤਾ ਕਿਸੇ ਨੂੰ ਵੀ ਨਹੀਂ ਹੈ, ਉਸ ਨੂੰ ਆਪਣੀ ਮੌਤ ਦੀ ਲਖਤਾ ਕਿਸ ਤਰ੍ਹਾਂ ਹੋ ਗਈ' ? ਨਾਨਾ ਜੀ ਨੇ ਮੇਰੇ ਸਿਰ 'ਤੇ ਪਿਆਰ ਦਿੱਤਾ ਅਤੇ ਕਿਹਾ, 'ਬੇਟਾ ! ਜੋ ਨਾਮ ਬਾਣੀ ਦਾ ਘੁੱਟ ਕੇ ਪੱਲਾ ਪਕੜਦੇ ਹਨ ਅਤੇ ਪਵਿੱਤਰ ਕਰਮ ਸੰਸਾਰ ਵਿਚ ਕਰਦੇ ਹਨ, ਉਨ੍ਹਾਂ ਦਾ ਜੀਵ-ਆਤਮਾ ਪਵਿੱਤਰ ਅਤੇ ਨਿਰਮਲ ਹੋ ਜਾਂਦਾ ਹੈ। ਫਿਰ ਉਨ੍ਹਾਂ ਨੂੰ ਜੋ ਕੁਝ ਆਗਾਮੀ ਵਰਤਣਾ ਹੋਵੇ, ਉਸ ਦੀ ਲਖਤਾ ਹੋ ਜਾਂਦੀ ਹੈ।'

'ਇਹ ਸਨ ਅੱਖਰ, ਜਿਨ੍ਹਾਂ ਨੇ ਮੇਰੇ ਅੰਦਰ ਛੁਪੀ ਪ੍ਰਭੂ-ਲਗਨ ਨੂੰ ਉਤੇਜਿਤ ਕਰ ਦਿੱਤਾ। ਉਸ ਗੁਰਸਿੱਖ ਦੀ ਮਧੁਰ ਮੂਰਤ, ਅੰਮ੍ਰਿਤ ਵੇਲੇ ਬੁਕਲ ਮਾਰ ਕੇ ਬਹਿਣਾ, ਦਰਬਾਰ ਸਾਹਿਬ ਦੀ ਯਾਤਰਾ ਕਰਨੀ, ਰਹਰਾਸਿ ਸਾਹਿਬ ਜੀ ਦੇ ਪਾਠ ਵਿਚ ਉਸ ਦੀ ਤਦਰੂਪਤਾ ਹੋ ਜਾਣੀ, ਇਹ ਐਸੀਆਂ ਚੀਜ਼ਾਂ ਸਨ ਜਿਹੜੀਆਂ ਕਿ ਮੇਰੇ ਮਨ 'ਤੇ ਛੋਟੀ ਜਿਹੀ ਉਮਰ ਵਿਚ ਉਕਰ ਗਈਆਂ। ਮੇਰੇ ਮਨ ਅੰਦਰ ਵੀ ਇਕ ਸ਼ੌਕ ਜਿਹਾ ਪੈਦਾ

ਹੋ ਗਿਆ ਕਿ ਜੇਕਰ ਮੈਂ ਇਸੇ ਤਰ੍ਹਾਂ ਘਾਲ ਕਮਾਈ ਕਰਾਂਗਾ ਤਾਂ ਮੇਰੇ ਅੰਦਰ ਵੀ ਅਵੱਸ਼ ਪਵਿੱਤਰਤਾ ਹੋ ਜਾਵੇਗੀ ਅਤੇ ਮੈਨੂੰ ਵੀ ਆਗਾਮੀ ਮੌਤ ਦੀ ਲਖਤਾ ਹੋ ਜਾਵੇਗੀ।

"ਇਹ ਸੀ ਮੇਰੀ ਪ੍ਰਮਾਰਥਕ ਲਗਨ ਦਾ ਮੂਲ ਕਾਰਨ।" ਜਿਤਨੇ ਸ੍ਰੋਤਾ ਉਸ ਵਕਤ ਭਾਈ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਸਨ, ਉਹ ਸਾਰੇ ਇਨ੍ਹਾਂ ਬਚਨਾਂ ਨੂੰ ਸੁਣ ਕੇ ਚਕ੍ਰਿਤ ਹੋ ਰਹੇ ਸਨ। ਉਨ੍ਹਾਂ ਦੇ ਹਜ਼ੂਰੀ ਸੱਜਣਾਂ ਵਿਚ ਚੰਗੇ ਚੰਗੇ ਪ੍ਰਮਾਰਥ ਦੀ ਘਾਲਣਾ ਵਾਲੇ ਮਹਾਂਪੁਰਸ਼ ਵੀ ਬੈਠੇ ਹੋਏ ਸਨ।

(ਪੁਸਤਕ 'ਨਾਮੁ ਨ ਵਿਸਰੈ ਸੰਤ ਪ੍ਰਸਾਦਿ' ਵਿਚੋਂ ਧੰਨਵਾਦ ਸਾਹਿਤ)

**ਬਿਲਾਵਲੁ ਮਹਲਾ 4 ॥ ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥ ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥ ੧ ॥ ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥ ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥ ੧ ॥ ਰਹਾਉ ॥ ਕਾਇਆ ਨਗਰ ਮਹਿ ਰਾਮ ਰਸ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥ ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥ 2 ॥ ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥ ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥ 3 ॥ ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥ ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥ 4 ॥ 4 ॥**

ਪਦ ਅਰਥ :- ਬੋਹਿਥੁ=ਜਹਾਜ਼। ਖੇਵਟੁ=ਮਲਾਹ। ਚਾਖਿ ਦਿਖਹੁ=ਚਖ ਕੇ ਵੇਖ ਲਵੋ। ਬਿਖ ਰਸਹੁ=ਵਿਸ਼ੇ ਰਸ, ਜ਼ਹਿਰੀਲੇ ਰਸ। ਰਸਾਇਣੁ=ਰਸਾਂ ਦਾ ਘਰ। ਚਾਰਿ ਪਦਾਰਥ=ਧਰਮ, ਅਰਥ, ਕਾਮ ਅਤੇ ਮੋਖ।

ਅਰਥ :- ਹੇ ਮੇਰੇ ਭਾਈ ਪ੍ਰਭੂ ਪਿਆਰੇ ਸੰਤ ਜਨੋਂ ! (ਸਾਰੇ) ਮਿਲਹੁ, (ਆਪਸ ਵਿਚ) ਮਿਲ ਬੈਠ ਕੇ ਹਰਿ ਹਰਿ=ਪਰਮਾਤਮਾ ਦੀ (ਸਿਫਤਿ-ਸਾਲਾਹ ਵਾਲੀ) ਕਥਾ ਕਰੋ। (ਇਸ) ਕਲਜੁਗ ਵਿਚ ਹਰਿ ਹਰਿ ਪਰਮਾਤਮਾ ਦਾ ਨਾਮ (ਮਾਨੋ) ਜਹਾਜ਼ ਹੈ (ਅਤੇ ਗੁਰੂ ਇਸ ਦਾ) ਮਲਾਹ ਹੈ, (ਤੁਸੀ) ਗੁਰੂ ਦੇ ਸ਼ਬਦ ਦੁਆਰਾ (ਇਸ ਨਾਮ ਰੂਪੀ ਜਹਾਜ਼ 'ਤੇ ਸਵਾਰ ਹੋ ਕੇ ਸੰਸਾਰ-ਸਮੁੰਦਰ ਤੋਂ) ਤਰ ਜਾਓ।੧।

ਹੇ ਮੇਰੇ ਮਨ !ਹਰੀ ਪ੍ਰਭੂ ਦਾ ਨਾਮ ਤੇ ਹਰੀ ਦੇ ਗੁਣ ਉਚਾਰਦਾ ਰਹੁ (ਗਾਉਂਦਾ ਰਹੁ। ਮੱਥੇ ਉੱਤੇ ਲਿਖੇ ਲੇਖਾਂ (ਭਾਗਾਂ) ਅਨੁਸਾਰ ਪਰਮਾਤਮਾ ਦੇ ਗੁਣ ਗਾ ਕੇ ਸਾਧ ਸੰਗਤ ਨੂੰ ਮਿਲ ਕੇ ਇਸ ਪ੍ਰਪੰਚ ਸੰਸਾਰ ਤੋਂ ਪਾਰ ਲੰਘਣਾ ਕਰੋ।੧। ਰਹਾਉ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਹੇ ਭਾਈ ਗੁਰੂ ਪਿਆਰਿਓ !) ਸਰੀਰ ਰੂਪੀ ਨਗਰ (ਅਥਵਾ) ਸ਼ਹਿਰ ਵਿਚ ਪਰਮਾਤਮਾ ਦੇ ਪ੍ਰੇਮ ਦਾ ਰਾਮ ਰਸ ਉੱਤਮ ਅੰਮ੍ਰਿਤ ਹੈ, ਉਹ ਕਿਸ ਤਰ੍ਹਾਂ ਪ੍ਰਾਪਤ ਕਰੀਏ ? ਹੇ ਹਰੀ ਦੇ ਸੇਵਕੋ ! ਮੈਨੂੰ ਉਪਦੇਸ਼ ਦੇ ਕੇ ਸਮਝਾਓ। (ਉੱਤਰ-) ਸਤਿਗੁਰੂ ਦੀ ਸੇਵਾ ਕਰ ਕੇ ਹਰੀ ਦੇ ਸਫਲ ਦਰਸ਼ਨ ਪ੍ਰਾਪਤ ਕਰੋ ਅਤੇ ਉਸ ਹਰੀ ਪ੍ਰਭੂ ਨੂੰ ਮਿਲ ਕੇ ਉਸ ਦੇ ਹਰਿ ਰਸ ਅੰਮ੍ਰਿਤ ਨੂੰ ਪੀਵਣਾ ਕਰੋ।੨।

ਹੇ ਸੰਤੋ ! ਹਰੀ ਦਾ ਨਾਮ-ਅੰਮ੍ਰਿਤ (ਅਮਰ ਜੀਵਨ ਦੇਣ ਵਾਲਾ) ਮਿੱਠਾ ਅੰਮ੍ਰਿਤ ਜਲ ਹੈ, (ਇਸ ਨੂੰ) ਚਖ ਕੇ (ਇਸ ਦਾ ਸੁਆਦ) ਵੇਖੋ। (ਜਿਨ੍ਹਾਂ ਮਨੁੱਖਾਂ ਨੂੰ) ਗੁਰੂ ਦੀ ਮਤਿ ਦੁਆਰਾ ਪਰਮਾਤਮਾ ਦਾ ਨਾਮ ਮਿੱਠਾ ਲੱਗਾ, ਉਹਨਾਂ ਨੂੰ (ਮਾਇਆ ਦੇ) ਜ਼ਹਿਰੀਲੇ ਸੁਆਦ ਸਾਰੇ ਭੁੱਲ ਗਏ।੩।

ਹੇ ਸੰਤ ਜਨੋਂ ! ਪਰਮਾਤਮਾ ਦਾ ਨਾਮ ਰੂਪੀ ਰਸ ''ਰਾਮ ਨਾਮੁ ਰਸਾਇਣ'' ਹੈ, ਇਸ ਦਾ ਸੇਵਨ ਕਰੋ (ਭਾਵ ਹਰੀ ਪ੍ਰਭੂ ਦਾ ਸਿਮਰਨ ਕਰਨਾ ਕਰੋ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਗੁਰਮਤਿ ਦੁਆਰਾ ਪਰਮਾਤਮਾ ਦਾ ਨਾਮ ਸਿਮਰਨ ਕਰੋ (ਫਿਰ ਤੁਸੀਂ ਸੁਖੀ ਜੀਵਨ ਲਈ ਵੱਡੇ) ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ ਆਦਿ ਸਾਰੇ) ਪ੍ਰਾਪਤ ਕਰ ਲਵੋਂਗੇ।੪।੪।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧68 (ਆਦਿ ਅੰਗ 80੧)

## ਬਿਲਾਵਲੁ ਮਹਲਾ 5 ॥

ਸਰਬ ਕਲਿਆਣ ਕੀਏ ਗੁਰਦੇਵ ॥ ਸੇਵਕੁ ਅਪਨੀ ਲਾਇਓ ਸੇਵ ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥ ੧ ॥ ਧਰਤਿ ਪੁਨੀਤ ਭਈ ਗੁਨ ਗਾਏ॥ ਦੁਰਤੁ ਗਇਆ ਹਰਿ ਨਾਮੁ ਧਿਆਏ॥ ੧ ॥ ਰਹਾਉ॥ ਸਭਨੀ ਥਾਂਈ ਰਵਿਆ ਆਪਿ॥ ਆਦਿ ਜੁਗਾਦਿ ਜਾ ਕਾ ਵਡ ਪਰਤਾਪੁ॥ ਗੁਰ ਪਰਸਾਦਿ ਨ ਹੋਇ ਸੰਤਾਪੁ॥ 2 ॥ ਗੁਰ ਕੇ ਚਰਨ ਲਗੇ ਮਨਿ ਮੀਠੇ॥ ਨਿਰਬਿਘਨ ਹੋਇ ਸਭ ਥਾਂਈ ਵੂਠੇ॥ ਸਭਿ ਸੁਖ ਪਾਏ ਸਤਿਗੁਰ ਤੂਠੇ॥ 3 ॥ ਪਾਰਬ੍ਰਹਮ ਪ੍ਰਭ ਭਏ ਰਖਵਾਲੇ॥ ਜਿਥੈ ਕਿਥੈ ਦੀਸਹਿ ਨਾਲੇ॥ ਨਾਨਕ ਦਾਸ ਖਸਮਿ ਪ੍ਰਤਿਪਾਲੇ॥ 4 ॥ 2 ॥

## ਪ੍ਰਾਕ੍ਥਨ :

ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਹੋਏ ਇਹ ਅੰਮ੍ਰਿਤ-ਬਚਨ ਆਪ ਸੰਗਤਾਂ ਨੇ ਸ੍ਰਵਨ ਕੀਤੇ ਹਨ। ਇਹ ਪਾਵਨ ਸ੍ਰੀ ਮੁਖਵਾਕ ਹਜ਼ੂਰ ਨੇ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੈ।

## ਵਿਸ਼ਾ—ਸੇਵਕੁ ਅਪਨੀ ਲਾਇਓ ਸੇਵ॥

ਸੇਵਕ ਕਿਸ ਨੂੰ ਕਹਿੰਦੇ ਹਨ ? ਸੇਵਕ ਉਸ ਨੂੰ ਕਹਿੰਦੇ ਹਨ ਜੋ ਗੁਰੂ ਦੀ ਸੇਵਾ ਕਰਨ ਵਾਲਾ ਹੈ, ਗੁਰੂ ਦੇ ਘਰ ਅੰਦਰ ਰਹਿੰਦਾ ਹੋਇਆ, ਗੁਰੂ ਸਾਹਿਬ ਜੀ ਦੇ ਹਰ ਹੁਕਮ ਨੂੰ ਜੋ ਮਨ ਅੰਦਰ ਮੰਨਦਾ ਹੈ। ਮਾਣ-ਹੰਕਾਰ ਤੋਂ ਰਹਿਤ ਹੋ ਕੇ ਸੇਵਾ ਤੇ ਸਿਮਰਨ ਕਰਨ ਵਿਚ ਤਤਪਰ ਰਹਿੰਦਾ ਹੈ :

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥**
**ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥**
**ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥**
**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥**

(ਅੰਗ 286)

ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੰਗ ਦੀ ਵਾਰ ਅੰਦਰ ਕਥਨ ਕੀਤਾ ਹੈ ਕਿ ਸੇਵਕ ਉਸ ਨੂੰ ਆਖਣਾ ਚਾਹੀਦਾ ਹੈ ਜੋ ਆਪਣਾ ਸਿਰ ਗੁਰੂ ਅੱਗੇ ਭੇਟਾ ਕਰ ਦਿੰਦਾ ਹੈ। ਸੇਵਾ ਸਿਮਰਨ ਕਰਦਾ ਹੋਇਆ ਗੁਰ-ਸ਼ਬਦ ਹਮੇਸ਼ਾ ਹਿਰਦੇ ਵਿਚ ਵਸਾ ਰੱਖਦਾ ਹੈ ਅਤੇ ਸਤਿਗੁਰੂ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦਾ ਹੈ ਤੇ ਅਗਲੇ ਸ਼ਬਦ ਅੰਦਰ ਤਨੁ ਮਨੁ ਵੀ ਭੇਟਾ ਕਰਨ ਵਾਲਾ ਦੱਸਿਆ ਹੈ।

**ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥**
**ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥** (ਅੰਗ ੧247)
**ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥**
**ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥** (ਅੰਗ 28)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਸੇਵਕ ਦੀ ਪਰਿਭਾਸ਼ਾ ਦਰਸਾਉਣ ਲਈ 'ਸੇਵਕ' ਦਾ ਜੀਵਨ ਬ੍ਰਿਛ ਜੈਸਾ ਕਥਨ ਕੀਤਾ ਹੈ। ਸੇਵਕ ਦਾ ਜੀਵਨ ਬ੍ਰਿਛ ਦੀ ਤਰ੍ਹਾਂ ਪਰਉਪਕਾਰੀ ਹੁੰਦਾ ਹੈ। ਬ੍ਰਿਛ ਹਰ ਕਿਸੇ ਨੂੰ ਛਾਉਂ ਦਿੰਦਾ ਹੈ। ਕੋਈ ਰੋੜੇ ਮਾਰੇ, ਉਸ ਨੂੰ ਭੀ ਫਲ ਦਿੰਦਾ ਹੈ। ਦਰੱਖ਼ਤ ਨੂੰ ਕੋਈ ਕੱਟਦਾ ਹੈ ਤਾਂ ਉਹ ਉਸ ਦਾ ਭੀ ਕਾਰਜ ਕਰ ਦਿੰਦਾ ਹੈ, ਨਾਲ ਲੋੜ ਪਵੇ ਤਾਂ ਉਸ ਕੱਟਣ ਵਾਲੇ ਨੂੰ ਨਦੀ ਤੋਂ ਵੀ

ਤਾਰ ਦਿੰਦਾ ਹੈ :

**ਅਉਗੁਣ ਕੀਤੇ ਗੁਣ ਕਰੈ ਸਹਜਿ ਸੁਭਾਉ ਤਰੋਵਰ ਹੰਦਾ।**
**ਵਢਣ ਵਾਲਾ ਛਾਉ ਬਹਿ ਚੰਗੇ ਦਾ ਮੰਦਾ ਚਿਤਵੰਦਾ।**
**ਫਲ ਦੇ ਵਟ ਵਗਾਇਆਂ ਵਢਣ ਵਾਲੇ ਤਾਰਿ ਤਰੰਦਾ।**
**ਬੇਮੁਖ ਫਲ ਨ ਪਾਇਦੇ ਸੇਵਕ ਫਲ ਅਣਗਣਤ ਫਲੰਦਾ।**
**ਗੁਰਮੁਖਿ ਵਿਰਲਾ ਜਾਣੀਐ ਸੇਵਕੁ ਸੇਵਕ ਸੇਵ ਕਰੰਦਾ।**
**ਜਗੁ ਜੋਹਾਰੇ ਚੰਦ ਨੋ ਸਾਇਰ ਲਹਰਿ ਅਨੰਦੁ ਵਧੰਦਾ।**
**ਜੋ ਤੇਰਾ ਜਗੁ ਤਿਸ ਦਾ ਬੰਦਾ॥ ੧੧॥** (ਵਾਰ 26, ਪਉੜੀ ੧੧)

ਸੱਚੀ ਸਰਕਾਰ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ (ਪ੍ਰਭੂ) ਵਾਹਿਗੁਰੂ ਜੀ ਨਾਲ 'ਸੇਵਕ' ਦੀ ਅਭੇਦਤਾ ਇਸ ਤਰ੍ਹਾਂ ਮਾਝ ਰਾਗੁ ਅੰਦਰ ਪ੍ਰਗਟ ਕੀਤੀ ਹੈ :

**ਓਤਿ ਪੋਤਿ ਸੇਵਕ ਸੰਗਿ ਰਾਤਾ॥ ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ॥**
**ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥ ੧॥**
**ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥**
**ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥ 2॥**
**ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ॥ ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ॥**
**ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥ 3॥**
**ਅਪੁਨੈ ਠਾਕੁਰਿ ਜੋ ਪਹਿਰਾਇਆ॥ ਬਹੁਰਿ ਨ ਲੇਖਾ ਪੁਛਿ ਬੁਲਾਇਆ॥**
**ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ॥ 4॥**

(ਅੰਗ ੧੦੧)

ਭਾਈ ਗੁਰਦਾਸ ਜੀ ਨੇ ਅੱਠਵੀਂ ਵਾਰ ਅੰਦਰ 'ਸੇਵਕ' ਨੂੰ ਸੇਵਾ ਦੀ ਕਾਰ ਇਸ ਤਰ੍ਹਾਂ ਨਿੰਮ੍ਰਤਾ ਸਹਿਤ ਹੋ ਕੇ ਕਰਦਾ ਦੱਸਿਆ ਹੈ :

**ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।**
**ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।**
**ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।**
**ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।** (ਵਾਰ 8, ਪਉੜੀ 24)

ਸ੍ਰੀ ਗੁਰੂ ਅਮਰਦਾਸ ਜੀ ਸੇਵਾ ਦੇ ਸੰਬੰਧ ਵਿਚ ਕਿਰਪਾ ਕਰਦੇ ਹਨ ਕਿ ਹੇ ਭਾਈ ! ਜਿਹੜਾ ਮਨੁੱਖ

ਆਪਣੇ ਸਤਿਗੁਰੂ ਨੂੰ ਸੇਵਂਦਾ (ਪੂਜਦਾ) ਹੈ, ਉਸ ਨੂੰ ਸਭ ਕੋਈ ਪੂਜਦਾ ਹੈ। ਸਾਰਿਆਂ ਉਪਾਵਾਂ ਦਾ ਸ਼ਿਰੋਮਣੀ ਉਪਾਵ ਉਹ ਹੀ ਜਾਣਿਆ ਜਾਂਦਾ ਹੈ ਕਿ ਕਿਸ (ਉਪਾਵ) ਜਤਨ ਨਾਲ ਹਰੀ ਦਾ ਨਾਮ ਪ੍ਰਾਪਤ ਹੁੰਦਾ ਹੈ। ਨਾਮ ਜਪਣ ਕਰ ਕੇ ਹਿਰਦੇ ਅੰਦਰ ਸੀਤਲਤਾਈ ਭਾਵ ਠੰਡ ਤੇ ਸ਼ਾਂਤੀ ਆ ਵਸਦੀ ਹੈ ਅਤੇ ਸਦੀਵੀ ਸੁਖ ਪ੍ਰਾਪਤ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਦਾ ਨਾਮ ਜਪਣ ਦੀ ਇਹ ਵਡਿਆਈ ਹੈ ਕਿ ਉਸ ਪੁਰਸ਼ ਦਾ ਨਾਮ ਜਪਣਾ ਹੀ ਭੋਜਨ ਬਣ ਜਾਂਦਾ ਹੈ ਤੇ ਨਾਮ ਜਪਣਾ ਹੀ ਬਸਤਰ ਦਾ ਪਹਿਨਣਾ ਬਣ ਜਾਂਦਾ ਹੈ (ਅਥਵਾ) ਨਾਮ ਜਪਣ ਦੀ ਇਹ ਵਡਿਆਈ ਹੈ ਕਿ ਨਾਮ ਜਪਣ ਵਾਲੇ ਦਾ ਖਾਣਾ ਵੀ ਅੰਮ੍ਰਿਤ=ਸਫਲ ਹੈ, ਕੱਪੜਿਆਂ ਦਾ ਪਹਿਨਣਾ ਵੀ ਕਹੀਏ ਅੰਮ੍ਰਿਤ=ਸਫਲਾ ਹੈ।

ਸਲੋਕ ਮਹਲਾ 3 ॥

**ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ॥**
**ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ॥**
**ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ॥**
**ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ॥ ੧॥**

(ਅੰਗ 5੧੧)

ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਾ ਦੇ ਸੰਬੰਧ ਵਿਚ ਕਹੇ ਹੋਏ ਅੰਮ੍ਰਿਤ-ਬਚਨ ਹੋਰ ਇਸ ਪ੍ਰਕਾਰ ਹਨ :

ਗਉੜੀ ਗੁਆਰੇਰੀ ਮਹਲਾ 3 ॥

**ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥**
**ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ॥ ੧॥**
**ਏ ਮਨ ਮੇਰੇ ਭਰਮੁ ਨ ਕੀਜੈ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ॥ ੧॥ ਰਹਾਉ॥**
**ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ॥ ਆਪਿ ਉਧਰੇ ਕੁਲ ਸਗਲ ਨਿਸਤਾਰੇ॥**
**ਹਰਿ ਕਾ ਨਾਮੁ ਰਖਹਿ ਉਰ ਧਾਰੇ॥ ਨਾਮਿ ਰਤੇ ਭਉਜਲ ਉਤਰਹਿ ਪਾਰੇ॥ 2 ॥**
**ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥**
**ਅਨਹਦੁ ਵਾਜੈ ਨਿਜ ਘਰਿ ਵਾਸਾ॥ ਨਾਮਿ ਰਤੇ ਘਰ ਮਾਹਿ ਉਦਾਸਾ॥ 3 ॥**
**ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ॥**
**ਜੁਗੁ ਜੁਗੁ ਭਗਤੀ ਆਖਿ ਵਖਾਣੀ॥ ਅਨਦਿਨੁ ਜਪਹਿ ਹਰਿ ਸਾਰੰਗਪਾਣੀ॥**
**ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ॥ 4 ॥** (ਅੰਗ ੧੬੧)

**ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥**

(ਗਉੜੀ ਮ: ੧, ਅੰਗ 223)

**ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥**
**ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥**

(ਅੰਗ 307)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸੇਵਾ ਦੇ ਸੰਬੰਧ ਵਿਚ ਬਹੁਤ ਸੁੰਦਰ ਦ੍ਰਿਸ਼ਟਾਂਤ ਦੇ ਕੇ ਸਾਨੂੰ ਸਮਝਾਇਆ ਹੈ :

**੧. ਮਾਨਸਰ ਤਿਆਗਿ ਆਨ ਸਰ ਜਾਇ ਬੈਠੇ ਹੰਸੁ, ਖਾਇ ਜਲ-ਜੰਤ ਹੰਸ ਬੰਸਹਿ ਲਜਾਵਈ।**
**ਸਲਿਲ ਬਿਛੋਹ ਭਏ ਜੀਅਤ ਰਹੈ ਜਉ ਮੀਨ, ਕਪਟ ਸਨੇਹ ਕੈ ਸਨੇਹੀ ਨ ਕਹਾਵਈ।**
**ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ, ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ।**
**ਚਰਨ ਕਮਲ ਅਲਿ ਗੁਰਸਿਖ ਮੋਖ ਹੁਇ, ਆਨ ਦੇਵ ਸੇਵਕ ਹੁਇ ਮੁਕਤਿ ਨ ਪਾਵਈ॥ 463 ॥**
**2. ਜੈਸੇ ਮਾਤ ਪਿਤਾ ਪ੍ਰਤਿਪਾਲਤ ਅਨੇਕ ਸੁਤ, ਅਨਕ ਸੁਤਨ ਪੈ ਨ ਤੈਸੇ ਹੁਇ ਆਵਈ।**
**ਜੈਸੇ ਮਾਤ ਪਿਤਾ ਚਿਤ ਚਾਹਤ ਹੈ ਸੁਤਨ ਕਉ, ਤੈਸੇ ਨ ਸੁਤਨ ਚਿਤ ਚਾਹ ਉਪਜਾਵਈ।**
**ਜੈਸੇ ਮਾਤਾ ਪਿਤਾ ਸੁਤ ਸੁਖ ਦੁਖ ਸੋਗਾਨੰਦ, ਸੁਖ ਦੁਖ ਮੈ ਨ ਤੈਸੇ ਸੁਤ ਠਹਰਾਵਈ।**
**ਜੈਸੇ ਮਨ ਬਚ ਕ੍ਰਮ ਸਿਖਨੁ ਲਡਾਵੈ ਗੁਰ, ਤੈਸੇ ਗੁਰ ਸੇਵਾ ਗੁਰਸਿਖ ਨ ਹਿਤਾਵਈ॥ ੧0੧ ॥**
**3. ਜੈਸੇ ਕਛਪ ਧਰਿ ਧਿਆਨ ਸਾਵਧਾਨ ਕਰੈ, ਤੈਸੇ ਮਾਤਾ ਪਿਤਾ ਪ੍ਰੀਤਿ ਸੁਤ ਨ ਲਗਾਵਈ।**
**ਜੈਸੇ ਸਿਮਰਨ ਕਰਿ ਕੂੰਜ ਪਰਪਕ ਕਰੈ, ਤੈਸੋ ਸਿਮਰਨ ਸੁਤ ਪੈ ਨ ਬਨਿ ਆਵਈ।**
**ਜੈਸੇ ਗਊ ਬਛਰਾ ਕਉ ਦੁਗਧ ਪੀਆਇ ਪੋਖੈ, ਤੈਸੇ ਬਛੁਰਾ ਨ ਗਊ ਪ੍ਰੀਤਿ ਹਿਤੁ ਲਾਵਈ।**
**ਜੈਸੇ ਗਿਆਨ ਧਿਆਨ ਸਿਮਰਨ ਗੁਰਸਿਖ ਪ੍ਰਤਿ, ਤੈਸੇ ਕੈਸੇ ਸਿਖ ਗੁਰ ਸੇਵਾ ਠਹਰਾਵਈ॥ ੧02 ॥**

## ਸਾਖੀ—ਸੇਵਕ ਕਉ ਸੇਵਾ ਬਨਿ ਆਈ

ਸ੍ਰੀ ਗੁਰੂ ਅਮਰਦਾਸ ਜੀ ਜਿਸ ਵੇਲੇ ਇੱਕੀਵੀਂ ਵਾਰੀ ਹਰਿਦੁਆਰ ਗੰਗਾ ਦਾ ਇਸ਼ਨਾਨ ਕਰ ਕੇ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਇਕ ਬ੍ਰਹਮਚਾਰੀ ਦਾ ਮੇਲ ਹੋਇਆ। ਕੁਝ ਚਿਰ ਇਕੱਠੇ ਸੰਗ ਕੀਤਾ ਤੇ ਅਚਾਨਕ ਬ੍ਰਹਮਚਾਰੀ ਨੇ ਪੁੱਛ ਲਿਆ ਕਿ ਤੁਹਾਡੇ ਗੁਰੂ ਦਾ ਨਾਮ ਕੀ ਹੈ ? ਤਾਂ ਆਪ ਜੀ ਨੇ ਕਿਹਾ ਕਿ ਗੁਰੂ ਦੀ ਹਾਲੇ ਭਾਲ ਵਿਚ ਹਾਂ, ਕੋਈ ਗੁਰੂ ਧਾਰਨ ਨਹੀਂ ਕੀਤਾ। ਇਹ ਸੁਣ ਕੇ ਬ੍ਰਹਮਚਾਰੀ ਨੇ ਪਛਤਾਵਾ ਕੀਤਾ।

**ਨਿਗੁਰੇ ਕੋ ਸੰਗੀ ਭਯੋ, ਕਿਯ ਖਾਨ ਰੁ ਪਾਨਾ।**
**ਪੁੰਨ ਅਕਾਰਥ ਸਭ ਭਇ, ਮੁਝੇ ਚਿੰਤ ਮਹਾਨਾ॥**

(ਗੁ: ਪ੍ਰ: ਸੂ. ਗ੍ਰੰਥ, ਰਾਸਿ ੧, ਅੰਸੂ ੧4)

ਫੇਰ ਬੀਬੀ ਅਮਰੋ ਜੀ ਪਾਸੋਂ ਬਾਣੀ ਸੁਣੀ (ਗੁਰੂ) ਅਮਰਦਾਸ ਜੀ ਨੇ :

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥'** (ਅੰਗ ੯੯੦)

ਇਹ ਪ੍ਰਸੰਗ ਪੜ੍ਹੋ ਵਿਸਥਾਰ ਸਹਿਤ ਦਾਸ ਦੀ ਲਿਖੀ ਪੁਸਤਕ "ਦਸ ਗੁਰ ਜੋਤ" ਅੰਦਰ ਪੰਨਾ ੧੧੩ ਉੱਪਰ। ਆਖ਼ਿਰ ਬੀਬੀ ਅਮਰੋ ਜੀ ਰਾਹੀਂ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆ ਗਏ ਤੇ ਗੁਰੂ ਜੀ ਦੇ ਦਰਸ਼ਨ ਕਰ ਕੇ ਮਹਾਰਾਜ ਦੇ ਚਰਨਾਂ 'ਤੇ ਜਾ ਢੱਠੇ। ਗੁਰੂ ਅੰਗਦ ਦੇਵ ਜੀ ਨੇ ਉਹਨਾਂ ਨੂੰ ਚਰਨਾਂ ਤੋਂ ਉਠਾ ਕੇ ਸਤਿਕਾਰ ਨਾਲ ਆਪਣੇ ਬਰਾਬਰ ਬਿਠਾਉਣਾ ਚਾਹਿਆ, ਪਰ (ਗੁਰੂ) ਅਮਰਦਾਸ ਜੀ ਨਾ ਮੰਨੇ। ਉਹਨਾਂ ਹੱਥ ਜੋੜ ਕੇ ਕਿਹਾ, "ਮੈਂ ਰਿਸ਼ਤੇਦਾਰ ਦੀ ਹੈਸੀਅਤ ਵਿਚ ਹਾਜ਼ਰ ਨਹੀਂ ਹੋਇਆ, ਸਗੋਂ ਹਜ਼ੂਰ ਦਾ ਸਿੱਖ ਬਣਨ ਵਾਸਤੇ ਆਇਆ ਹਾਂ।" ਕਹਿੰਦੇ ਹੋਏ ਆਪ ਫਿਰ ਚਰਨਾਂ 'ਤੇ ਢਹਿ ਪਏ।

**ਚਰਨ ਗਹੇ ਸ੍ਰੀ ਅਮਰ ਤਬ, ਬੰਦਨ ਕੌ ਠਾਨੀ।**
**ਉਚਤ ਨਹੀ ਗਲ ਮਿਲਣ ਕੇ, ਲੇਹੁ ਦਾਸ ਪਛਾਨੀ।**

(ਗੁ: ਪ੍ਰ: ਸੂ. ਰਾਸ ੧, ਅੰਸੂ ੧੫)

"ਉਠੋ ਭਾਈ, ਭਲੇ ਸਮੇਂ ਆਏ ਹੋ। ਸੇਵਾ ਕਰੋ। ਜਿਸ ਨੇ ਸਿੱਖੀ ਪਾਈ ਹੈ, ਸੇਵਾ ਤੋਂ ਪਾਈ ਹੈ।" ਗੁਰੂ ਅੰਗਦ ਦੇਵ ਜੀ ਨੇ ਰਸਤਾ ਦੱਸ ਦਿੱਤਾ।

(ਗੁਰੂ) ਅਮਰਦਾਸ ਜੀ ਉਸੇ ਸਮੇਂ ਤੋਂ ਸੇਵਾ ਵਿਚ ਜੁੱਟ ਪਏ। ਆਪ ਨੇ ਸੰਨ ੧੫੪੧ ਤੋਂ ੧੫੫੨ ਤੱਕ ਖਡੂਰ ਸਾਹਿਬ ਰਹਿ ਕੇ ਸੇਵਾ ਕੀਤੀ। ਸੰਗਤ ਨੂੰ ਪੱਖਾ ਝੱਲਣਾ, ਪਾਣੀ ਪਿਆਉਣਾ, ਲੰਗਰ ਵਾਸਤੇ ਬਾਲਣ ਲਿਆਉਣਾ ਤੇ ਸੰਗਤਾਂ ਦੇ ਜੂਠੇ ਭਾਂਡੇ ਮਾਂਜਣੇ ਆਦਿ (ਗੁਰੂ) ਅਮਰਦਾਸ ਜੀ ਸੇਵਾ ਨੂੰ ਸਭ ਤੋਂ ਉੱਤਮ ਸਮਝ ਕੇ ਪੂਰੀ ਸ਼ਰਧਾ ਨਾਲ ਨਿਭਾਉਂਦੇ ਰਹੇ। ਅੱਧੀ ਰਾਤ ਉੱਠ ਕੇ ਆਪ ਬਿਆਸ ਦਰਿਆ 'ਤੇ ਜਾ ਕੇ ਉਥੋਂ ਜਲ ਦੀ ਗਾਗਰ ਭਰ ਕੇ, ਤੜਕੇ ਖਡੂਰ ਸਾਹਿਬ ਪਹੁੰਚ ਕੇ ਆਪਣੇ ਹੱਥੀਂ ਗੁਰਦੇਵ ਦੇ ਇਸ਼ਨਾਨ ਕਰਾਉਂਦੇ। ਇਹ ਸੇਵਾ ਨਿਭਾਉਂਦਿਆਂ (ਗੁਰੂ) ਅਮਰਦਾਸ ਜੀ ਨੇ ੧੨ ਸਾਲ ਤਕ ਸੇਵਾ ਕੀਤੀ :

**ਰਹੇ ਪਹਰ ਰਾਤ ਤਬ ਜਲ ਭਰ ਲਿਆਵੈ।**
**ਸਤਿਗੁਰੂ ਕੌ ਇਸਨਾਨ ਕਰਾਵੈ॥ 67॥**
**ਇਸਨਾਨ ਕਰਾਇ ਇਕੰਤ ਬਹ ਰਹੇ।**
**ਕਾਹੂ ਸੌ ਕਿਛ ਸੁਨੇ ਨ ਕਹੇ।**
**ਸਤਿਗੁਰ ਮੂਰਤ ਹਿਰਦੇ ਧਰੇ।**
**ਖਾਨ ਪਾਨ ਕਛ ਸੁਧ ਨਹੀਂ ਕਰੇ॥ 68॥**
**ਇਹ ਬਿਧ ਦੁਆਦਸ ਬਰਖ ਬਿਤਾਏ।** (ਮਹਿਮਾ ਪ੍ਰਕਾਸ਼)

ਆਪ ੬੨ ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆਏ ਸਨ।

ਅੰਤ ਸੇਵਾ ਨੂੰ ਫਲ ਲੱਗਣ ਦਾ ਸਮਾਂ ਆ ਗਿਆ। ਸਰਦੀ ਪੂਰੇ ਜੋਬਨ 'ਤੇ ਸੀ। ਮੀਂਹ ਵਰ੍ਹ ਰਿਹਾ ਸੀ ਤੇ ਠੰਡੀ ਹਵਾ, ਝੱਖੜ ਦਾ ਰੂਪ ਧਾਰੀ ਚੱਲ ਰਹੀ ਸੀ। ਪਰ (ਗੁਰੂ) ਅਮਰਦਾਸ ਜੀ ਨਿੱਤ ਵਾਂਗ ਸਿਰ 'ਤੇ ਗਾਗਰ ਉਠਾਈ ਚਲੇ ਆ ਰਹੇ ਸਨ। ਆਪ ਖਡੂਰ ਸਾਹਿਬ ਪੁੱਜੇ ਤਾਂ ਹਨੇਰੇ ਦੇ ਕਾਰਨ, ਕੁਝ ਰਾਹੋਂ ਖੁੰਝ ਗਏ। ਲਾਗੇ ਹੀ ਪਾਸੇ 'ਤੇ ਜੁਲਾਹਿਆਂ ਦਾ ਘਰ ਸੀ। (ਗੁਰੂ) ਅਮਰਦਾਸ ਜੀ ਜੁਲਾਹਿਆਂ ਦੀ ਖੱਡੀ ਵਿਚ ਜਾ ਡਿੱਗੇ, ਪਰ ਆਪ ਨੇ ਸਿਰ ਤੋਂ ਗਾਗਰ ਨਹੀਂ ਡਿੱਗਣ ਦਿੱਤੀ।

**ਤਹਾ ਆਏ ਸ੍ਰੀ ਅਮਰ ਤਬ ਪਗ ਕਿਲੇ ਲਾਗਾ।**
**ਨਿਕਟ ਗਿਰੇ ਕੁੰਭਲ ਬਿਖੈ ਨਹਿ ਸੰਭਲ ਆਗਾ।**

ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਘਰਵਾਲੀ ਨੂੰ ਬਾਹਰ ਵੇਖਣ ਵਾਸਤੇ ਕਿਹਾ। ਜੁਲਾਹੀ ਬਾਹਰ ਨਿਕਲੀ। ਉਹਨੇ ਗ਼ੁੱਸਾ ਕੱਢਦਿਆਂ ਖਰ੍ਹਵੀ ਸੁਰ ਵਿਚ ਕਿਹਾ, "ਹੈਗਾ ਏ ਉਹ ਅਮਰੂ ਨਿਥਾਵਾਂ, ਜੀਹਨੂੰ ਨਾ ਦਿਨੇ ਚੈਨ, ਨਾ ਰਾਤ ਅਰਾਮ। ਰੋਟੀ ਬਦਲੇ ਕੁੜਮਾਂ ਦੇ ਬੂਹੇ 'ਤੇ ਰੁਲਦਾ ਪਿਆ ਏ।"

"ਹੇ ਝੱਲੀਏ! ਮੈਂ ਨਿਥਾਵਾਂ ਕਿਵੇਂ ਹੋਇਆ? ਮੇਰੇ ਸਿਰ 'ਤੇ ਮੇਰਾ ਗੁਰੂ ਹੈ। ਗੁਰੂ ਵਾਲੇ ਨਿਥਾਵੇ ਨਹੀਂ ਹੁੰਦੇ।"

ਸੁਤੇ ਹੀ ਵਾਕ ਹੋ ਗਿਆ। ਜੁਲਾਹੀ ਉਸੇ ਵੇਲੇ ਝੱਲੀ ਹੋ ਗਈ। ਦਿਨ ਚੜ੍ਹੇ ਉਸ ਜੁਲਾਹੀ ਨੂੰ ਲੈ ਕੇ ਉਸ ਦੇ ਘਰ ਵਾਲਾ ਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਇਆ। ਸਾਰੀ ਕਹਾਣੀ ਸੁਣ ਕੇ ਗੁਰੂ ਅੰਗਦ ਦੇਵ ਜੀ ਦੇ ਨੇਤਰ ਜਲ ਨਾਲ ਭਰ ਆਏ।

ਹਜ਼ੂਰ ਨੇ ਸਿੰਘਾਸਣ ਤੋਂ ਉਠ ਕੇ (ਗੁਰੂ) ਅਮਰਦਾਸ ਜੀ ਨੂੰ ਛਾਤੀ ਨਾਲ ਲਾ ਲਿਆ। ਨਾਲ ਹੀ ਮਹਾਰਾਜ ਨੇ ਸੰਗਤ ਨੂੰ ਸੰਬੋਧਨ ਕਰਕੇ ਕਿਹਾ, "ਅਮਰੂ ਨਿਥਾਵਾਂ ਨਹੀਂ ਅਤੇ ਵਰ ਦਿੰਦਿਆਂ ਇਹ ਬਚਨ ਕਹੇ:

**ਹੋਇ ਕੈ ਪ੍ਰਸੰਨਯ, ਧੰਨਯ ਧੰਨਯ ਕਹਿ ਅਮਰ ਕੋ।**
**ਕਰ ਦੀਨੋ ਤਿਲਕ ਗੁਰਿਆਈ ਕੋ ਮਹਾਨ ਹੈ।**

ਅੱਜ ਤੋਂ ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਹਨ:

**ਤੁਸੀਂ ਨਿਮਾਣਿਆਂ ਦੇ ਮਾਣ ਹੋ। ਨਿਥਾਵਿਆਂ ਦੇ ਥਾਉਂ ਹੋ।**
**ਨਿਓਟਿਆਂ ਦੀ ਓਟ ਹੋ। ਨਿਧਰਿਆਂ ਦੀ ਧਰ ਹੋ।**
**ਨਿਆਸਰਿਆਂ ਕਾ ਆਸਰਾ ਹੋ। ਗਈ ਬਹੋੜ ਹੋ।**
**ਬੰਦੀ ਛੋੜ ਹੋ। ਭੰਨਣ ਘੜਨ ਸਮਰਥ ਹੋ।**

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਰਿਜਕ ਦੀ ਕੁੰਜੀ ਤੁਮਾਰੇ ਹੱਥ ਹੈ। ਪੁਰਖਾ ਜੀ ਤੁਮ ਧੰਨ ਹੋ।**

(ਮਹਿਮਾ ਪ੍ਰਕਾਸ਼ ਵਾਰਤਕ)

ਤਾਰੀਖ਼-ਇ-ਪੰਜਾਬ ਮੁਤਾਬਿਕ ਜੁਲਾਹੀ ਨੂੰ ਕਾਫ਼ੀ ਮਾਇਆ ਦੇ ਕੇ ਉਹ ਜਗ੍ਹਾ ਗੁਰੂ ਅੰਗਦ ਦੇਵ ਜੀ ਨੇ ਖ਼ਰੀਦ ਲਈ। ਜਿਸ ਕਿੱਲੀ ਨਾਲ ਚਰਨ ਛੋਹ ਕੇ ਗੁਰੂ ਅਮਰਦਾਸ ਜੀ ਡਿੱਗੇ ਸਨ, ਉਹ ਕਿੱਲੀ ਹਰੀ ਭਰੀ ਹੋ ਗਈ। ਵਰ ਦੇ ਕੇ ਬਖ਼ਸ਼ਿਸ਼ ਕਰ ਦਿੱਤੀ।

ਗੁਰੂ ਅਮਰਦਾਸ ਜੀ ਨੂੰ ਇਸ਼ਨਾਨ ਕਰਾ ਕੇ, ਨਵੀਂ ਪੁਸ਼ਾਕ ਪਹਿਨਾ ਕੇ ਗੁਰਗੱਦੀ ਉੱਤੇ ਬਿਠਾਇਆ। ਸਭ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਨੇ ਆਪ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕਿਆ। ਫਿਰ ਹੋਰ ਸੰਗਤਾਂ ਨੇ ਵੀ ਮੱਥਾ ਟੇਕਿਆ। ਇਹ ਘਟਨਾ ਸੰਨ ੧੫੫੨, ਸੰਮਤ ੧੬੦੯ ਈ. ਦੀ ਹੈ।

ਅਥਵਾ : **ਪੈਸੇ ਪੰਚ ਨਾਰੀਅਲ ਟੇਕ। ਲੈ ਬੁਢੇ ਤੇ ਜਲਧ ਬਿਬੇਕ।**
**ਠਾਂਡੇ ਭਏ ਪ੍ਰਦਛਣਾ ਦੀਨੀ। ਸ੍ਰੀ ਗੁਰ ਘਰ ਕੀ ਰੀਤਿ ਸੁ ਕੀਨੀ।**

ਗੁਰੂ ਅਮਰਦਾਸ ਜੀ ਦੇ ਗੁਰੂ ਹੋਣ ਦਾ ਐਲਾਨ ਕਰ ਦਿੱਤਾ ਗਿਆ :

**ਸੁਨ ਪੁਰਖਾ ਸ੍ਰੀ ਅਮਰ ਸੁ ਪਿਆਰੇ॥ ਅਬ ਤੁਮ ਬੈਠਹੁ ਥਾਨ ਹਮਾਰੇ॥ 8॥**
**ਰਾਜ ਜੋਗ ਕੋ ਮਹਿਦ ਸਿੰਘਾਸਨ॥ ਤਿਸ ਪਰ ਸੋਭਹੁ ਕਰਹੁ ਪ੍ਰਕਾਸਨ॥**

(ਗੁ: ਪ੍ਰ: ਸੂ: ਗ੍ਰੰਥ, ਰਾਸ ੧, ਅੰਸੂ 27)

ਅਥਵਾ :

**ਪੁਨ ਸੰਗਤ ਮਹਿ ਕਹਿਤ ਸੁਨਾਈ। ਮਮ ਸਰੂਪ ਅਬ ਇਹੈ ਸਹਾਈ।**
**ਮੋ ਮੈਂ ਇਸ ਮਹਿ ਭੇਦ ਨ ਜਾਨਹੁ। ਏਕ ਸਰੂਪ ਦੁਹਨ ਕਉ ਮਾਨਹੁ।**

ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਆਗਿਆ ਕੀਤੀ, "ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕਰਤਾਰਪੁਰ ਦੀ ਥਾਂ ਖਡੂਰ ਰਹਿਣ ਦਾ ਹੁਕਮ ਦਿੱਤਾ ਸੀ, ਉਸੇ ਕਾਰਨ, ਅਸੀਂ ਤੁਹਾਨੂੰ ਆਗਿਆ ਦੇਂਦੇ ਹਾਂ ਕਿ ਆਪ ਗੋਇੰਦਵਾਲ ਜਾ ਰਹੋ ਤੇ ਉਥੇ ਸਿੱਖੀ ਦਾ ਪ੍ਰਚਾਰ ਕਰੋ।" ਨਾਲ ਹੀ ਮਹਾਰਾਜ ਨੇ ਆਪਣੀ ਬਾਣੀ, ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਗੁਰੂ ਜੀ ਦੀ ਜਨਮ ਸਾਖੀ ਗੁਰੂ ਅਮਰਦਾਸ ਜੀ ਦੇ ਹਵਾਲੇ ਕਰ ਦਿੱਤੀ।

ਗੁਰੂ ਅਮਰਦਾਸ ਜੀ ਹੁਕਮ ਮੰਨ ਕੇ ਉਸੇ ਵੇਲੇ ਸਿਰ ਝੁਕਾ ਕੇ ਗੋਇੰਦਵਾਲ ਨੂੰ ਚਲੇ ਗਏ।

ਉਹਨਾਂ ਦਾ ਪਰਿਵਾਰ ਪਹਿਲਾਂ ਹੀ ਗੋਇੰਦਵਾਲ ਰਹਿੰਦਾ ਸੀ। ਗੁਰੂ ਅਮਰਦਾਸ ਜੀ ਓਨਾ ਚਿਰ ਸਿੰਘਾਸਣ ਲਾ ਕੇ ਨਹੀਂ ਬੈਠੇ ਜਿੰਨਾ ਚਿਰ ਗੁਰੂ ਅੰਗਦ ਦੇਵ ਜੀ ਸਰੀਰ ਕਰਕੇ ਸੰਸਾਰ ਵਿਚ ਰਹੇ। ਦੂਸਰੇ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਉੱਤੇ, ਉਸੇ ਦਿਨ ਬਾਬਾ ਬੁੱਢਾ ਜੀ ਨੇ ਗੋਇੰਦਵਾਲ ਪਹੁੰਚ ਕੇ ਗੁਰੂ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਅਮਰਦਾਸ ਜੀ ਨੂੰ ਚੇਤ ਸੁਦੀ ੪ ਤੇ ਤਿੰਨ ਵੈਸਾਖ ਸੰਮਤ ੧੬੦੯ ਬਿਕ੍ਰਮੀ, ਸੰਨ ੧੫੫੨ ਈ. ਨੂੰ ਬੇਨਤੀ ਕਰਕੇ ਗੁਰਿਆਈ ਗੱਦੀ ਰੂਪੀ ਸਿੰਘਾਸਣ 'ਤੇ ਸੁਭਾਇਮਾਨ ਹੋ ਕੇ ਸੰਗਤਾਂ ਨੂੰ ਤਾਰਣ ਲਈ ਮਨਾਇਆ।

**ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।**
**ਫੇਰਿ ਵਸਾਇਆ ਗੋਇੰਦਵਾਲੁ, ਅਚਰਜੁ ਖੇਲੁ ਨ ਲਖਿਆ ਜਾਈ।**
**ਦਾਤਿ ਜੋਤਿ ਖਸਮੈ ਵਡਿਆਈ॥'46॥** (ਵਾਰ ੧, ਪਉੜੀ 46)

ਸਤਿਗੁਰੂ ਜੀ ਸੰਗਤਾਂ ਨੂੰ ਤਾਰਣ ਲੱਗੇ। ਬੇਅੰਤ ਸੰਗਤਾਂ ਦਾ ਇਕੱਠ ਹੋਣ ਲੱਗਿਆ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦਾ ਰੂਪ ਹੀ ਹੋ ਗਏ ਹਨ।

**ਸਬਦੁ ਸੁਰਤਿ ਪਰਚਾਇ ਕੈ ਚੇਲੇ ਤੇ ਗੁਰੁ, ਗੁਰੁ ਤੇ ਚੇਲਾ।**
**ਵਾਣਾ ਤਾਣਾ ਆਖੀਐ ਸੂਤੁ ਇਕੁ ਹੁਇ ਕਪੜੁ ਮੇਲਾ।**

(ਵਾਰ 24, ਪਉੜੀ ੧੦)

ਬਿਲਾਵਲੁ ਮਹਲਾ 5॥ ਸਰਬ ਕਲਿਆਣ ਕੀਏ ਗੁਰਦੇਵ॥ ਸੇਵਕੁ ਅਪਨੀ ਲਾਇਓ ਸੇਵ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ॥੧॥ ਧਰਤਿ ਪੁਨੀਤ ਭਈ ਗੁਨ ਗਾਏ॥ ਦੁਰਤੁ ਗਇਆ ਹਰਿ ਨਾਮੁ ਧਿਆਏ॥ ੧॥ ਰਹਾਉ॥ ਸਭਨੀ ਥਾਂਈ ਰਵਿਆ ਆਪਿ॥ ਆਦਿ ਜੁਗਾਦਿ ਜਾ ਕਾ ਵਡ ਪਰਤਾਪੁ॥ ਗੁਰ ਪਰਸਾਦਿ ਨ ਹੋਇ ਸੰਤਾਪੁ॥ 2॥ ਗੁਰ ਕੇ ਚਰਨ ਲਗੇ ਮਨਿ ਮੀਠੇ॥ ਨਿਰਬਿਘਨ ਹੋਇ ਸਭ ਥਾਂਈ ਵੂਠੇ॥ ਸਭਿ ਸੁਖ ਪਾਏ ਸਤਿਗੁਰ ਤੂਠੇ॥ 3॥ ਪਾਰਬ੍ਰਹਮ ਪ੍ਰਭ ਭਏ ਰਖਵਾਲੇ॥ ਜਿਥੈ ਕਿਥੈ ਦੀਸਹਿ ਨਾਲੇ॥ ਨਾਨਕ ਦਾਸ ਖਸਮਿ ਪ੍ਰਤਿਪਾਲੇ॥ 4॥ 2॥

ਪਦ ਅਰਥ :- ਕਲਿਆਣ=ਸੁਖ ਸਾਂਦ। ਅਭੇਵ=ਭੇਦ ਤੋਂ ਰਹਿਤ। ੧। ਪੁਨੀਤ=ਪਵਿੱਤਰ। ਦੁਰਤੁ=ਪਾਪ। ਆਦਿ ਜੁਗਾਦਿ=ਸ਼ੁਰੂ ਤੋਂ ਹੀ। ਗੁਰ ਪਰਸਾਦਿ=ਗੁਰੂ ਦੀ ਕਿਰਪਾ ਨਾਲ। ਸੰਤਾਪੁ= ਦੁੱਖ। ੨। ਨਿਰਬਿਘਨ=ਬਿਨਾਂ ਕਿਸੇ ਰੁਕਾਵਟ ਦੇ। ਵੂਠੇ=ਵਸੇ। ਤੂਠੇ=ਪ੍ਰਸੰਨ ਹੋਏ।੩। ਦੀਸਹਿ=ਦਿੱਸਦਾ ਹੈ। ਪ੍ਰਤਿਪਾਲੇ=ਚੰਗੀ ਤਰ੍ਹਾਂ ਪਾਲੇ।੪।੨।

ਅਰਥ :- (ਹੇ ਭਾਈ ! ਸੱਚੇ ਪੂਜਨੀਕ) ਗੁਰਦੇਵ (ਪਿਤਾ) ਨੇ ਹਰ ਤਰ੍ਹਾਂ ਸੁਖ-ਸਾਂਦ ਕਰ ਦਿੱਤੇ ਹਨ। (ਹੁਣ) ਸੇਵਕ ਨੂੰ ਆਪਣੀ ਸੇਵਾ (ਸਿਮਰਨ ਭਗਤੀ) ਵਿਚ ਲਾ ਦਿੱਤਾ ਹੈ। ਅਲਖ ਸਰੂਪ ਜੋ ਲਖਤਾ ਤੇ ਭੇਦ ਤੋਂ ਰਹਿਤ ਪਰਮਾਤਮਾ ਹੈ, ਉਸ ਨੂੰ ਜਪ ਕੇ ਸੇਵਕ ਦੇ ਜੀਵਨ ਵਿਚ ਕਿਸੇ (ਪ੍ਰਕਾਰ ਦੀ) ਰੁਕਾਵਟ ਨਹੀਂ ਪੈਂਦੀ।੧।

(ਪ੍ਰਭੂ ਦੇ) ਗੁਣ ਗਾ ਕੇ (ਸੇਵਕ ਦਾ ਹਿਰਦਾ ਰੂਪ) ਧਰਤੀ (ਅਥਵਾ) ਪ੍ਰਤੱਖ ਧਰਤੀ ਪਵਿੱਤਰ ਹੋ ਗਈ ਹੈ। ਪਰਮਾਤਮਾ ਦਾ ਨਾਮ ਸਿਮਰ ਕੇ (ਦੁੱਖ ਰੂਪ) ਪਾਪ (ਨੱਸ) ਗਿਆ ਹੈ।੧। ਰਹਾਉ।

(ਹੇ ਭਾਈ !) ਸਭਨਾਂ ਥਾਵਾਂ 'ਤੇ (ਉਹ) ਪ੍ਰਭੂ ਆਪ ਹੀ ਵਿਆਪਕ ਹੋ ਰਿਹਾ ਹੈ। ਜਿਸ ਦਾ ਜੁੱਗਾਂ ਦੇ ਆਰੰਭ ਤੋਂ ਹੀ (ਸਦਾ ਸਦਾ ਸੱਚਾ) ਤੇਜ ਪ੍ਰਤਾਪ ਹੈ। ਉਸ ਪ੍ਰਮਾਤਮਾ ਦੀ (ਅਤੇ) ਗੁਰੂ ਦੀ ਕਿਰਪਾ ਨਾਲ ਕਿਸੇ ਪ੍ਰਕਾਰ ਦਾ ਦੁੱਖ-ਕਲੇਸ਼ (ਨੇੜੇ) ਨਹੀਂ ਢੁੱਕਦਾ।੨।

(ਹੇ ਭਾਈ !) ਗੁਰੂ ਦੇ (ਸ਼ਬਦ ਰੂਪੀ) ਚਰਨ ਮਨ ਵਿਚ ਮਿੱਠੇ ਪਿਆਰੇ ਲੱਗ ਗਏ ਹਨ। ਨਿਰਵਿਘਨ (ਰੁਕਾਵਟਾਂ ਤੋਂ ਰਹਿਤ) ਹੋ ਕੇ ਸਭ ਥਾਵਾਂ 'ਤੇ (ਸੁਖ ਸਾਂਦ ਨਾਲ) ਵੱਸ ਗਏ ਹਾਂ। ਸਤਿਗੁਰੂ ਪ੍ਰਸੰਨ ਹੋਏ (ਅਤੇ) ਸਾਰੇ ਸੁਖ ਪ੍ਰਾਪਤ ਕਰ ਲਏ।੩।

(ਹੇ ਭਾਈ !) ਪਰਮੇਸ਼ਰ (ਆਪ) ਰਖਵਾਲੇ ਹੋਏ। (ਹੁਣ) ਜਿਥੇ ਕਿਥੇ (ਭਾਵ) ਹਰ ਥਾਂ 'ਤੇ ਨਾਲ (ਹੀ ਵਸਦੇ) ਦਿੱਸਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮਾਲਕ ਪ੍ਰਭੂ ਨੇ (ਆਪਣੇ) ਦਾਸ (ਸੇਵਕ ਆਪ ਹੀ) ਚੰਗੀ ਤਰ੍ਹਾਂ ਪਾਲੇ ਹਨ। ੪।੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧69 (ਆਦਿ ਅੰਗ 80੧-02)

## ਬਿਲਾਵਲੁ ਮਹਲਾ 5 ॥

ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥ ਮੋਹਿ ਅਨਾਥ ਤੁਮਰੀ ਸਰਣਾਈ ॥ ਕਰਿ ਕਿਰਪਾ ਹਰਿ ਚਰਨ ਧਿਆਈ ॥੧ ॥ ਦਇਆ ਕਰਹੁ ਬਸਹੁ ਮਨਿ ਆਇ ॥ ਮੋਹਿ ਨਿਰਗੁਨ ਲੀਜੈ ਲੜਿ ਲਾਇ ॥ ਰਹਾਉ ॥ ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥ ਹਰਿ ਸੇਵਕ ਨਾਹੀ ਜਮ ਪੀੜ ॥ ਸਰਬ ਦੂਖ ਹਰਿ ਸਿਮਰਤ ਨਸੇ ॥ ਜਾ ਕੈ ਸੰਗਿ ਸਦਾ ਪ੍ਰਭੁ ਬਸੈ ॥ 2 ॥ ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥ ਬਿਸਰਤ ਨਾਮੁ ਹੋਵਤ ਤਨੁ ਛਾਰੁ ॥ ਪ੍ਰਭ ਚਿਤਿ ਆਏ ਪੂਰਨ ਸਭ ਕਾਜ ॥ ਹਰਿ ਬਿਸਰਤ ਸਭ ਕਾ ਮੁਹਤਾਜ ॥ 3 ॥ ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥ ਬਿਸਰਿ ਗਈ ਸਭ ਦੁਰਮਤਿ ਰੀਤਿ ॥ ਮਨ ਤਨ ਅੰਤਰਿ ਹਰਿ ਹਰਿ ਮੰਤ ॥ ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥ 4 ॥ 3 ॥

# ਪ੍ਰਾਕ੍ਥਨ :

ਬਿਲਾਵਲੁ ਰਾਗੁ ਅੰਦਰ ਪੰਚਮ ਪਾਤਸ਼ਾਹ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ੍ਰੀ ਮੁਖਵਾਕ ਹੈ। ਇਸ ਦੇ ਆਰੰਭ ਵਿਚ ਹਜ਼ੂਰ ਨੇ ਸਾਰੇ ਸੁੱਖਾਂ ਦਾ ਖ਼ਜ਼ਾਨਾ ਉਸ ਪਰੀਪੂਰਨ ਪ੍ਰਮਾਤਮਾ ਨੂੰ ਦੱਸਿਆ ਹੈ।

## ਵਿਸ਼ਾ — ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥

ਸੰਸਾਰ ਅੰਦਰ ਹਰ ਇਕ ਮਨੁੱਖ ਸੁੱਖ ਦੀ ਪ੍ਰਾਪਤੀ ਦੀ ਦੌੜ ਵਿਚ ਹੈ। ਦੁੱਖ ਵਿਚ ਘਿਰਿਆ ਹੋਇਆ ਸੰਸਾਰੀ ਮਨੁੱਖ ਸੁੱਖ ਦੀ ਪ੍ਰਾਪਤੀ ਕਰ ਕੇ ਦੁੱਖ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ, ਪਰ ਸੁੱਖ ਤੇ ਦੁੱਖ ਮਨੁੱਖੀ ਜੀਵਨ ਦੇ ਅਨਿੱਖੜਵੇਂ ਦੋ ਅੰਗ ਹਨ ਜਾਂ ਇਸ ਤਰ੍ਹਾਂ ਕਹਿ ਲਉ ਕਿ ਮਨੁੱਖੀ ਜੀਵਨ ਖ਼ੁਸ਼ੀਆਂ ਤੇ ਗ਼ਮੀਆਂ ਦਾ ਸੁਮੇਲ ਹੈ। ਕਿਸੇ ਨੂੰ ਸੁੱਖ ਬਹੁਤੇ ਹਨ ਅਤੇ ਦੁੱਖ ਥੋੜ੍ਹੇ। ਕਿਸੇ ਮਨੁੱਖ ਨੂੰ ਦੁੱਖ ਵਧੇਰੇ ਹਨ ਅਤੇ ਸੁੱਖ ਘੱਟ ਹਨ, ਪਰ ਮਨੁੱਖ ਸਦਾ ਸੁੱਖ ਹੀ ਚਾਹੁੰਦਾ ਹੈ। ਗੁਰਦੇਵ ਦਾ ਫ਼ੁਰਮਾਨ ਹੈ :

**ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥** (ਅੰਗ 57)

ਸੁੱਖ ਦੀ ਪ੍ਰਾਪਤੀ ਵਾਸਤੇ ਮਨੁੱਖ ਥਾਂ ਪਰ ਥਾਂ ਜਾ ਕੇ ਦੂਜਿਆਂ ਦੀਆਂ ਖ਼ੁਸ਼ਾਮਦਾਂ ਕਰਦਾ ਹੈ। ਇਹ ਭਰਮ ਵਿਚ ਪਿਆ ਹੋਇਆ ਮਨੁੱਖ ਇਸ ਤਰ੍ਹਾਂ ਦੇ ਝੂਠੇ ਸੁੱਖ ਦੀ ਦੌੜ ਵਿਚ ਲੱਗਿਆ ਹੋਇਆ ਹੈ, ਸਗੋਂ ਇਸ ਨੂੰ ਸੁੱਖ ਦੀ ਬਜਾਇ ਦੁੱਖ ਹੀ ਮਿਲਦਾ ਹੈ। ਪਰਮੇਸ਼ਰ ਨੂੰ ਭੁੱਲ ਕੇ ਮਨੁੱਖ ਕੁੱਤੇ ਦੀ ਤਰ੍ਹਾਂ ਦਰ-ਦਰ 'ਤੇ ਭਟਕਦਾ ਫਿਰਦਾ ਹੈ। ਪਰ ਜਿਥੋਂ ਇਸ ਨੂੰ ਅਸਲ ਸੁੱਖ ਪ੍ਰਾਪਤ ਹੋਣਾ ਹੈ, ਉਹ ਇਸ ਗ਼ਾਫ਼ਲ ਮਨੁੱਖ ਨੂੰ ਚਿਤ ਚੇਤੇ ਵਿਚ ਵੀ ਯਾਦ ਨਹੀਂ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੁੰਦਰ ਫ਼ੁਰਮਾਨ ਹੈ :

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥**

(ਅੰਗ 4੧੧)

ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਫ਼ੁਰਮਾਨ ਹੈ :

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥** (ਅੰਗ ੧428)

ਸੁੱਖ ਦੀ ਪ੍ਰਾਪਤੀ ਵਾਸਤੇ ਮਨੁੱਖ ਕੀ ਕੁਝ ਨਹੀਂ ਕਰਦਾ। ਇਥੋਂ ਤੱਕ ਕਿ ਨੈਤਿਕ ਕਦਰਾਂ ਕੀਮਤਾਂ ਨੂੰ ਇਕ ਪਾਸੇ ਰੱਖ ਕੇ ਸੁੱਖ ਲਈ ਝੂਠ ਬੋਲਦਾ ਹੈ। ਦੂਜਿਆਂ ਦੇ ਹੱਕ ਮਾਰਦਾ ਹੈ। ਹੇਰਾ-ਫੇਰੀਆਂ ਕਰਦਾ ਹੈ। ਧਨ ਦੀ ਇਕੱਤਰਤਾ ਵਿਚ ਸੁੱਖ ਸਮਝ ਕੇ ਧਨ ਇਕੱਠਾ ਕਰਨ ਲਈ ਦਿਨ-ਰਾਤ ਭੱਜਿਆ ਫਿਰਦਾ ਹੈ। ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਨ ਹੈ :

**ਬਹੁ ਪਰਪੰਚੁ ਕਰਿ ਪਰ ਧਨੁ ਲਿਆਵੈ॥**
**ਸੁਤ ਦਾਰਾ ਪਹਿ ਆਨ ਲੁਟਾਵੈ॥ ੧॥**

ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧॥ ਰਹਾਉ॥ (ਅੰਗ 656)

ਸਮੁੱਚੇ ਦੁੱਖੀ ਸੰਸਾਰ ਨੂੰ ਦੁੱਖੀ ਦੇਖ ਕੇ, ਦੁੱਖੀਆਂ ਦੀ ਪੀੜਾ ਨੂੰ ਅਨੁਭਵ ਕਰਨ ਵਾਲੇ ਅਤੇ ਸਭ ਜਗਤ ਜੀਆਂ ਨੂੰ ਸਦੀਵੀ ਸੁੱਖ ਬਖ਼ਸ਼ਣ ਵਾਲੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਜਿਨ੍ਹਾਂ ਸੰਸਾਰਿਕ ਤੇ ਸਰੀਰਿਕ ਸਹੂਲਤਾਂ ਨੂੰ ਸੁੱਖ ਸਮਝੀ ਬੈਠਾ ਹੈ, ਇਨ੍ਹਾਂ ਸਰੀਰਿਕ ਸਹੂਲਤਾਂ ਵਿਚ ਸੁੱਖ ਨਹੀਂ ਹੈ, ਸਗੋਂ ਇਨ੍ਹਾਂ ਵਿਚ ਖਚਤ ਹੋ ਕੇ ਪ੍ਰਮੇਸ਼ਰ ਨੂੰ ਭੁੱਲਣ ਕਰ ਕੇ ਅੰਤ ਨੂੰ ਦੁੱਖ ਪਾਉਣਾ ਹੁੰਦਾ ਹੈ।

ਚੋਆ ਚੰਦਨੁ ਅੰਕਿ ਚੜਾਵਉ॥
ਪਾਟ ਪਟੰਬਰ ਪਹਿਰਿ ਹਢਾਵਉ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ॥ ੧॥
ਕਿਆ ਪਹਿਰਉ ਕਿਆ ਓਢਿ ਦਿਖਾਵਉ॥
ਬਿਨੁ ਜਗਦੀਸ ਕਹਾ ਸੁਖੁ ਪਾਵਉ॥ ੧॥ ਰਹਾਉ॥
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ॥
ਲਾਲ ਨਿਹਾਲੀ ਫੂਲ ਗੁਲਾਲਾ॥
ਬਿਨੁ ਜਗਦੀਸ ਕਹਾ ਸੁਖੁ ਭਾਲਾ॥ 2॥
ਨੈਨ ਸਲੋਨੀ ਸੁੰਦਰ ਨਾਰੀ॥
ਖੋੜ ਸੀਗਾਰ ਕਰੈ ਅਤਿ ਪਿਆਰੀ॥
ਬਿਨੁ ਜਗਦੀਸ ਭਜੇ ਨਿਤ ਖੁਆਰੀ॥ 3॥
ਦਰ ਘਰ ਮਹਲਾ ਸੇਜ ਸੁਖਾਲੀ॥
ਅਹਿਨਿਸਿ ਫੂਲ ਬਿਛਾਵੈ ਮਾਲੀ॥
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ॥ 4॥ (ਅੰਗ 225)

ਪਰ ਸੰਸਾਰ ਅੰਦਰ ਸੁੱਖ ਅਤੇ ਦੁੱਖ ਮਨੁੱਖ ਨੂੰ ਪੂਰਬਲੇ ਕਰਮਾਂ ਅਨੁਸਾਰ ਹੀ ਮਿਲਦੇ ਹਨ। ਸਾਡੇ ਕਰਮਾਂ ਬਾਰੇ ਵੀ ਕਿ ਇਹ ਚੰਗੇ ਕਰਮ ਹਨ, ਜਾਂ ਮਾੜੇ ਕਰਮ ਹਨ, ਇਸ ਬਾਰੇ ਤਾਂ ਉਹੀ ਪ੍ਰਭੂ ਜਾਣਦਾ ਹੈ, ਜੋ ਕਰਮਾਂ ਅਨੁਸਾਰ ਸੁੱਖ ਅਤੇ ਦੁੱਖ ਦੇਂਦਾ ਹੈ :

ਸੁਖੁ ਦੁਖੁ ਪੁਰਬ ਜਨਮ ਕੇ ਕੀਏ॥
ਸੋ ਜਾਣੈ ਜਿਨਿ ਦਾਤੈ ਦੀਏ॥ (ਅੰਗ ੧030)

ਅਥਵਾ : ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥

(ਅੰਗ 432)

**ਦ੍ਰਿਸਟਿ ਮਹਿ ਦਰਸ ਦਰਸ ਮਹਿ ਦ੍ਰਿਸਟਿ ਦ੍ਰਿਗ,**
**ਦ੍ਰਿਸਟਿ ਦਰਸ ਅਦਰਸ ਗੁਰ ਧਿਆਨ ਹੈ॥**
**ਸਬਦ ਮਹਿ ਸੁਰਤਿ, ਸੁਰਤਿ ਮਹਿ ਸਬਦ ਧੁਨਿ,**
**ਸਬਦ ਸੁਰਤਿ ਅਗਮਿਤਿ ਗੁਰ ਗਿਆਨ ਹੈ॥**
**ਗਿਆਨ ਧਿਆਨ ਕਰਨੀ ਕੈ ਪ੍ਰਗਟਤ ਪ੍ਰੇਮ ਰਸੁ,**
**ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ॥**
**ਪਿੰਡ ਪ੍ਰਾਨ ਪ੍ਰਾਨਪਤਿ ਬੀਸ ਕੌ ਬਰਤਮਾਨ,**
**ਗੁਰਮੁਖਿ ਸੁਖ ਇਕ-ਈਸ ਮੌ ਨਿਧਾਨ ਹੈ॥ 45॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਅਗਿਆਨੀ ਮਨੁੱਖ ਧਨ ਦੌਲਤ, ਦੁਨਿਆਵੀ ਰਸਾਂ ਕਸਾਂ ਅਤੇ ਰੰਗ ਤਮਾਸ਼ਿਆਂ ਨੂੰ ਹੀ ਸੁੱਖਾਂ ਦਾ ਸਾਧਨ ਸਮਝੀ ਬੈਠਾ ਹੈ, ਜੋ ਬੜਾ ਥੋੜ੍ਹਾ ਚਿਰ ਰਹਿਣ ਵਾਲੇ ਦੁਨਿਆਵੀ ਤੁੱਛ ਸੁੱਖ ਹਨ। ਦੁਨਿਆਵੀ ਪਦਾਰਥ ਅਤੇ ਇਹਨਾਂ ਨੂੰ ਭੋਗਣ ਵਾਲੇ ਵੀ ਸਭ ਚਲਾਏਮਾਨ ਹਨ। ਭਾਵ ਸਭ ਕੁਝ ਨਾਸ਼ਵੰਤ ਹੈ। ਅਸਲ ਵਿਚ ਸਾਰੇ ਸੁੱਖਾਂ ਦਾ ਭੰਡਾਰ ਤਾਂ ਪ੍ਰਮਾਤਮਾ ਦਾ ਨਾਮ ਹੈ :

**ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥**
**ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥**

(ਅੰਗ ੧੧47)

ਅਸਲ ਵਿਚ ਸੁੱਖਾਂ ਦਾ ਕੇਂਦਰ ਤਾਂ ਪ੍ਰਭੂ ਪ੍ਰਮਾਤਮਾ ਹੈ। ਜਦ ਤੱਕ ਅਸੀਂ ਉਸ ਪ੍ਰਭੂ ਪ੍ਰਮਾਤਮਾ ਨਾਲ ਨਾ ਜੁੜੀਏ, ਸੁੱਖਾਂ ਦਾ ਨਸੀਬ ਹੋਣਾ ਮੁਸ਼ਕਿਲ ਹੈ। ਸੋ ਉਸ ਪ੍ਰਭੂ ਦਾ ਮਿਲਣਾ ਹੀ ਸੁੱਖਾਂ ਦਾ ਮਿਲਣਾ ਹੈ। ਉਸ ਨੂੰ ਭੁੱਲਣਾ ਹੀ ਮਹਾਨ ਦੁੱਖਾਂ ਵਿਚ ਘਿਰਣਾ ਹੈ। ਭਾਈ ਸਾਹਿਬ ਭਾਈ ਨੰਦ ਲਾਲ ਗੋਆ ਜੀ ਦਾ ਕਥਨ ਹੈ :

**ਗ਼ਮ ਦੇ ਬਾਸ਼ਦ ਗ਼ਫ਼ਲਤ ਅਜ਼ ਯਾਦੇ ਖ਼ੁਦਾ॥**
**ਚੀਸਤ ਸ਼ਾਦੀ-ਯਾਦ ਆ ਬ ਮੁੰਤਹਾ॥**

(ਭਾਈ ਨੰਦ ਲਾਲ ਗੋਆ)

ਉਸ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਕਰ ਕੇ ਪ੍ਰਾਣੀ ਦੀ ਪੂਰਨ ਤੌਰ 'ਤੇ ਉਸ ਸਰਬ ਵਿਆਪਕ ਪ੍ਰਮਾਤਮਾ ਦੇ ਚਰਨਾਂ ਵਿਚ ਲਿਵ ਜੁੜ ਜਾਂਦੀ ਹੈ ਅਤੇ ਮਨੁੱਖ ਦੇ ਸਾਰੇ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਹੈ। ਜੀਵਨ ਵਿਚ ਸੁੱਖ ਤੇ ਅਨੰਦ ਆ ਵੱਸਦਾ ਹੈ। ਹਰ ਥਾਂ ਉਸ ਨੂੰ ਪੂਰਨ ਵਿਆਪਕ ਪ੍ਰਭੂ ਹੀ ਦਿੱਸਦਾ ਹੈ। ਉਸ ਨੂੰ ਕੋਈ ਬੁਰਾ ਨਹੀਂ ਦਿੱਸਦਾ, ਸਭ ਭਲੇ ਹੀ ਨਜ਼ਰ ਆਉਂਦੇ ਹਨ। ਕਦੇ ਹਾਰ ਨਹੀਂ ਹੁੰਦੀ, ਸਦਾ ਜਿੱਤ ਹੀ ਹੁੰਦੀ ਹੈ :

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥** (ਅੰਗ ੧302)

ਅਸਲ ਵਿਚ ਪ੍ਰਭੂ ਨੂੰ ਭੁੱਲ ਜਾਣ ਕਰ ਕੇ ਮਨੁੱਖ ਨੂੰ ਦੁੱਖ ਵਿਆਪਦਾ ਹੈ। ਉਸ ਦਾ ਸਿਮਰਨ ਕਰਨ ਨਾਲ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਸ ਕਰ ਕੇ ਸੰਤ ਜਨ ਹਮੇਸ਼ਾ ਹਰੀ ਦੇ ਗੁਣ ਗਾਉਂਦੇ ਹਨ, ਜਿਸ ਕਰ ਕੇ ਸੰਤ ਜਨਾਂ ਨੂੰ ਹਮੇਸ਼ਾਂ ਸੁੱਖ ਅਨੰਦ ਬਣਿਆ ਰਹਿੰਦਾ ਹੈ :

**ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ॥**
**ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ॥** (ਅੰਗ ੮੧੩)

ਆਸਾ ਰਾਗੁ ਅੰਦਰ ਗੁਰਦੇਵ ਦਾ ਫ਼ੁਰਮਾਨ ਹੈ ਕਿ ਹਰੀ ਪ੍ਰਭੂ ਦੇ ਨਾਮ ਸਿਮਰਨ ਨਾਲ ਸਾਰੇ ਦੁੱਖ ਬਿਨਸ ਗਏ ਹਨ। ਹੁਣ ਘਰ ਅੰਦਰ ਅਤੇ ਘਰ ਤੋਂ ਬਾਹਰ ਭੀ ਸਭ ਥਾਂਵਾਂ ਵਿਚ ਸੁੱਖ ਪ੍ਰਾਪਤ ਹੋ ਆਇਆ ਹੈ। ਪੂਰਨ ਗੁਰੂ ਸਾਹਿਬ ਨੇ ਨਾਮ ਦ੍ਰਿੜ੍ਹ ਕਰਾਇਆ ਹੈ, ਜਿਸ ਦਾ ਸਦਕਾ ਇਹ ਸਦੀਵੀ ਤੇ ਸੱਚਾ ਸੁੱਖ ਮਿਲਿਆ ਹੈ :

**ਘਰ ਮਹਿ ਸੂਖੁ ਬਾਹਰਿ ਫੁਨਿ ਸੂਖਾ॥**
**ਹਰਿ ਸਿਮਰਤ ਸਗਲ ਬਿਨਾਸੇ ਦੂਖਾ॥ ੧॥** (ਅੰਗ 385)

ਅਥਵਾ :

**ਗੁਰਿ ਪੂਰੈ ਹਰਿ ਨਾਮੁ ਦਿੜਾਇਆ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ॥**
(ਅੰਗ 386)

ਸਿਰੀਰਾਗੁ ਅੰਦਰ ਤੀਸਰੇ ਸਤਿਗੁਰੂ ਗੁਰੂ ਅਮਰਦਾਸ ਜੀ ਦਾ ਭੀ ਫ਼ੁਰਮਾਨ ਹੈ ਕਿ ਉਨ੍ਹਾਂ ਨੂੰ ਸਦਾ ਅਨੰਦ ਤੇ ਸੁੱਖ ਪ੍ਰਾਪਤ ਹੈ, ਜਿਨ੍ਹਾਂ ਪ੍ਰਭੂ ਪਿਆਰਿਆਂ ਨੂੰ ਨਾਮ ਦਾ ਆਸਰਾ ਹੈ, ਭਾਵ ਜਿਨ੍ਹਾਂ ਦਾ ਜੀਵਨ ਆਧਾਰ ਹੀ ਨਾਮ ਬਾਣੀ ਹੈ :

**ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ॥**
**ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ॥**
(ਅੰਗ 36)

## ਸਾਖੀ—ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

ਇਕ ਅਮੀਰ ਸ਼ਾਹੂਕਾਰ ਦਾ ਇਕਲੌਤਾ ਪੁੱਤਰ ਸੀ। ਮਾਤਾ ਪਿਤਾ ਨੇ ਬੜੀਆਂ ਰੀਝਾਂ ਤੇ ਸੱਧਰਾਂ ਨਾਲ ਉਸ ਦੀ ਪਾਲਣਾ ਕੀਤੀ। ਬਹੁਤ ਪਿਆਰਾ ਹੋਣ ਦੇ ਕਾਰਣ ਉਸ ਦਾ ਨਾਮ ਹੀ ਮਾਪਿਆਂ ਨੇ ਪਰੇਮ ਚੰਦ ਰੱਖ ਦਿੱਤਾ। ਛੋਟੀ ਉਮਰ ਵਿਚ ਅਮੀਰ ਘਰਾਣੇ ਦੀ ਲੜਕੀ ਨਾਲ ਸ਼ਾਦੀ ਕਰ ਦਿੱਤੀ। ਸੰਤ ਕ੍ਰਿਪਾਲ ਸਿੰਘ

ਜੀ ਸੱਤੋ ਵਾਲੀ ਗਲੀ ਨੇ 'ਅਮੀਰ ਭੰਡਾਰ' ਵਿਚ ਇਸ ਦੀ ਪਹਿਲੀ ਸ਼ਾਦੀ ਦਾ ਜ਼ਿਕਰ ਕੀਤਾ ਹੈ, ਪਰ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਦੀ ਪਹਿਲੀ ਸ਼ਾਦੀ ਦਾ ਜ਼ਿਕਰ ਨਹੀਂ ਆਇਆ। ਸੀਹੇ ਦੀ ਪੁੱਤਰੀ ਨਾਲ ਸ਼ਾਦੀ ਕਰਨ ਦਾ ਹੀ ਜ਼ਿਕਰ ਆਇਆ ਹੈ। ਧਨ ਪਦਾਰਥ ਪਹਿਲਾਂ ਹੀ ਬੜਾ ਸੀ, ਫਿਰ ਸੁਹਰੇ ਘਰੋਂ ਵੀ ਆ ਗਿਆ। ਸਮੇਂ ਅਨੁਸਾਰ ਮਾਤਾ ਪਿਤਾ ਬੁੱਢੇ ਹੋ ਗਏ। ਸਾਵਣ ਮਹੀਨੇ ਦੇ ਡੱਡੂਆਂ ਤੇ ਮਿੱਠੇ ਉਪਰ ਮੱਖੀਆਂ ਇਕੱਠੀਆਂ ਹੋਣ ਵਾਂਗੂ ਖ਼ੁਸ਼ਾਮਦੀ ਲੋਕ ਤੇ ਯਾਰਾਂ ਦੋਸਤਾਂ ਦੀ ਢਾਣੀ ਹਮੇਸ਼ਾ ਪਾਸ ਹੀ ਬੈਠੀ ਰਿਹਾ ਕਰੇ। ਕੁਸੰਗਤ ਦੇ ਅਸਰ ਨੇ ਜੂਏ ਤੇ ਸ਼ਰਾਬ ਦੀ ਆਦਤ ਪ੍ਰਪੱਕ ਕਰ ਦਿੱਤੀ। ਸ਼ਰਾਬ ਦੇ ਆਸਰੇ ਹੋਰ ਵੀ ਸਾਰੇ ਔਗੁਣ ਆਉਣੇ ਸ਼ੁਰੂ ਹੋ ਗਏ।

ਸਰੀਰ 'ਤੇ ਕੁਸ਼ਟ ਦਾ ਰੋਗ ਸ਼ੁਰੂ ਹੋ ਗਿਆ। ਯਾਰ ਤੇ ਦੋਸਤ ਹੁਣ ਫ਼ਸਲ ਕੱਟਣ ਤੋਂ ਮਗਰੋਂ ਬਟੇਰਿਆਂ ਸਮਾਨ ਦੌੜ ਗਏ। ਹੌਲੀ ਹੌਲੀ ਦੌਲਤ ਵੀ ਸਾਥ ਛੱਡ ਗਈ। ਪਰੇਮ ਚੰਦ ਤੋਂ ਇਕੱਲਾ ਪਰੇਮਾ ਰਹਿ ਗਿਆ। ਘਰ ਦੇ ਸੰਬੰਧੀ ਵੀ ਨਫ਼ਰਤ ਕਰਨ ਲੱਗ ਪਏ। ਘਰਵਾਲੀ ਨੂੰ ਜੇ ਕੋਈ ਬਚਨ ਕਹੇ ਤਾਂ ਅੱਗੋਂ ਉਹ ਚਾਰ ਸੁਣਾਵੇ।

ਇਕ ਸਮੇਂ ਉਹ ਘਰਵਾਲੀ ਨੂੰ ਕੋਈ ਮਖ਼ੌਲ ਦਾ ਬਚਨ ਕਹਿ ਬੈਠਾ ਤਾਂ ਅੱਗੋਂ ਘਰਵਾਲੀ ਨੇ ਕਿਹਾ — ਤੂੰ ਕੀ ਬੋਲਣ ਨੂੰ ਮਰਦਾ ਹੈਂ, ਤੈਨੂੰ ਪਤਾ ਨਹੀਂ ਛੂਤ ਦੀ ਬੀਮਾਰੀ ਨਾਲ ਤੇਰਾ ਸਰੀਰ ਗਲਦਾ ਜਾ ਰਿਹਾ ਹੈ, ਹੁਣ ਅਸੀਂ ਤੇਰੀ ਛਪਰੀ ਪਿੰਡੋਂ ਬਾਹਰ ਪਾ ਕੇ ਉਥੇ ਹੀ ਛੱਡ ਆਉਣਾ ਹੈ।

ਘਰਵਾਲੀ ਦੇ ਇਹ ਬਚਨ ਇਸ ਨੂੰ ਤੀਰ ਸਮਾਨ ਲੱਗੇ। ਮਨ ਵਿਚ ਸੋਚਿਆ ਕਿ ਹੋਰ ਯਾਰ ਦੋਸਤ ਤਾਂ ਪਹਿਲਾਂ ਹੀ ਚੋਪੜੀ ਪ੍ਰੀਤੀ ਕਰਨ ਵਾਲੇ ਸਨ, ਪਰ ਘਰਵਾਲੀ ਵੀ ਅੱਜ ਇਸ ਤਰ੍ਹਾਂ ਦਾ ਬੋਲ ਬੋਲਦੀ ਹੈ। ਇਸ ਜੀਵਨ ਨਾਲੋਂ ਤਾਂ ਮਰਨਾ ਹੀ ਚੰਗਾ ਹੈ। ਚੁੱਪ ਕੀਤਾ ਘਰੋਂ ਬਾਹਰ ਨਿਕਲਿਆ ਕਿ ਕਿਸੇ ਉਜਾੜ ਵਾਲੇ ਖੂਹ ਵਿਚ ਛਾਲ ਮਾਰ ਕੇ ਮਰ ਜਾਵਾਂਗਾ।

ਜਦੋਂ ਜੰਗਲ ਵਿਚ ਪੁੱਜਾ ਤਾਂ ਇਹ ਖੂਹ ਦੀ ਮੌਣ 'ਤੇ ਜਾ ਕੇ ਬੈਠ ਗਿਆ। ਖੂਹ ਦੇ ਪਾਸ ਰਸਤਾ ਸੀ। ਗੁਰੂ ਦੇ ਸਿੱਖ ਤੀਸਰੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਨੂੰ ਜਾ ਰਹੇ ਸਨ। ਇਸ ਨੇ ਸੋਚਿਆ ਕਿ ਇਹਨਾਂ ਨੂੰ ਲੰਘ ਜਾਣ ਦਿਆਂ, ਫੇਰ ਖੂਹ ਵਿਚ ਛਾਲ ਮਾਰ ਕੇ ਮਰਾਂਗਾ, ਨਹੀਂ ਤਾਂ ਇਹ ਮੈਨੂੰ ਕੱਢ ਲੈਣਗੇ। ਜਦੋਂ ਸੰਗਤ ਪਾਸ ਪੁੱਜੀ ਤਾਂ ਇਹ ਸ਼ਬਦ ਪੜ੍ਹ ਰਹੀ ਸੀ-

**ਸਾਹਿਬੁ ਨਿਤਾਣਿਆ ਕਾ ਤਾਣੁ॥ ਨਿਮਾਣਿਆ ਕਾ ਮਾਣ ਸਾਹਿਬ॥**

(ਅੰਗ 70)

ਵਾਰ-ਵਾਰ ਸੰਗਤ ਪੜ੍ਹ ਰਹੀ ਸੀ। ਇਸ ਤੁਕ ਨੇ ਇਸ ਤੜਫਦੇ ਮਨ ਨੂੰ ਸ਼ਾਂਤ ਕੀਤਾ। ਗਹੁ ਨਾਲ ਫੇਰ ਸੁਣਿਆ, ਮਨ ਫਿਰ ਗਿਆ। ਇਤਨੇ ਨੂੰ ਸੰਗਤ ਪਾਸ ਆ ਗਈ ਤੇ ਇਸ ਨੇ ਕਿਹਾ ਕਿ ਮੇਰੇ ਵਰਗੇ ਨਿਤਾਣਿਆਂ ਦੇ ਵੀ ਤਾਣ ਹਨ ? ਸੰਗਤ ਨੇ ਕਿਹਾ, ਹਾਂ।

ਪਰੇਮੇ ਨੇ ਫੁਟ ਫੁਟ ਕੇ ਸੰਗਤ ਅੱਗੇ ਆਪਣਾ ਦੁੱਖ ਪ੍ਰਗਟ ਕੀਤਾ। ਸੰਗਤ ਨੂੰ ਤਰਸ ਆ ਗਿਆ। ਇਸ ਨੂੰ ਨਾਲ ਲੈ ਕੇ ਗੋਇੰਦਵਾਲ ਵਿਖੇ ਪੁੱਜੇ ਅਤੇ ਹਜ਼ੂਰ ਦੇ ਦਰਬਾਰ ਤੋਂ ਬਾਹਰ ਹੀ ਛੱਡ ਦਿੱਤਾ, ਜਿਥੇ ਕੁਸ਼ਟੀ ਤੇ ਹੋਰ ਰੋਗ ਵਾਲੇ ਰੋਗੀ ਬੈਠੇ ਰਹਿੰਦੇ ਸਨ। ਗੁਰੂ ਦੇ ਲੰਗਰੋਂ ਇਨ੍ਹਾਂ ਨੂੰ ਪ੍ਰਸ਼ਾਦਾ ਏਥੇ ਹੀ ਪਹੁੰਚਦਾ ਸੀ। ਇਸ ਪਰੇਮੇ ਨੇ ਗੁਰੂ ਜੀ ਦੇ ਦੂਰੋਂ ਦਰਸ਼ਨ ਕੀਤੇ, ਧੂੜ ਮਸਤਕ ਨੂੰ ਲਾਈ ਤੇ ਮਸਤੀ ਵਿਚ ਗਾਵਣ ਲੱਗ ਪਿਆ-

**ਸੁਨੋ ਜਹਾਨਾ ਕਹੋ ਬਡੇਰ। ਮੇਰਾ ਗਇਆ ਕਛੋਟਾ ਲਧਾ ਫੇਰ॥**

ਹੁਣ ਤਾਂ ਪ੍ਰੇਮਾ ਹਰ ਸਮੇਂ ਇਹੋ ਹੀ ਪੜ੍ਹਦਾ ਰਹਿੰਦਾ ਹੈ। ਸਿੱਖ ਸੁਣ ਕੇ ਬੜੇ ਪ੍ਰਸੰਨ ਹੁੰਦੇ ਤੇ ਉਸ ਦੇ ਪਾਸੋਂ ਵਾਰੰਵਾਰ ਪੜ੍ਹਾਉਂਦੇ ਹਨ ਕਿ ਫਿਰ ਕਹੁ, ਫਿਰ ਕਹੁ। ਸੁਣ ਕੇ ਸਿੱਖਾਂ ਨੂੰ ਤਰਸ ਆਉਂਦਾ ਹੈ ਤੇ ਹਜ਼ੂਰ ਪਾਸ ਬੇਨਤੀ ਕਰਦੇ ਹਨ ਕਿ ਮਹਾਰਾਜ! ਇਸ ਗ਼ਰੀਬੜੇ ਦੁਖੀ ਉਪਰ ਕਿਰਪਾ ਕਰੋ, ਪਰ ਮਹਾਰਾਜ ਸੁਣ ਕੇ ਚੁੱਪ ਕਰ ਛੱਡਦੇ।

ਕਾਫ਼ੀ ਸਮਾਂ ਬਤੀਤ ਹੋ ਗਿਆ। ਅੱਜ ਮਿਹਰਾਂ ਦੇ ਸਾਈਂ ਤਰੁੱਠੇ ਅਤੇ ਕਿਹਾ ਕਿ ਕੋਈ ਸਿੱਖ ਜਾਵੇ, ਸਾਡੇ ਇਸ਼ਨਾਨ ਵਾਲੇ ਜਲ ਵਿਚ ਪਰੇਮੇ ਦਾ ਇਸ਼ਨਾਨ ਕਰਵਾ ਕੇ ਕਿਸੇ ਕੱਪੜੇ ਵਿਚ ਲਪੇਟ ਕੇ ਸਾਡੇ ਪਾਸ ਲੈ ਆਵੇ, ਉਸ ਸਿੱਖ ਦੀ ਮਨੋ ਕਾਮਨਾ ਪੂਰੀ ਹੋਵੇਗੀ।

ਹਜ਼ੂਰ ਦਾ ਬਚਨ ਸੁਣ ਕੇ ਇਸੇ ਤਰ੍ਹਾਂ ਹੀ ਕੀਤਾ ਗਿਆ। ਉਸ ਜਲ ਵਿਚ ਇਸ਼ਨਾਨ ਕਰਵਾ ਕੇ ਗੁਰੂ ਜੀ ਪਾਸ ਲੈ ਆਏ। ਉਸ ਵੇਲੇ ਮਹਾਰਾਜ ਨੇ ਸਿੰਘਾਸਨ ਤੋਂ ਉਠ ਕੇ ਆਪਣੇ ਹੱਥੀਂ ਪ੍ਰੇਮੇ ਦਾ ਮੂੰਹ ਨੰਗਾ ਕੀਤਾ। ਜਦ ਹਜ਼ੂਰ ਦੀ ਦ੍ਰਿਸ਼ਟੀ ਪਈ ਤਾਂ ਸਰੀਰ ਕੰਚਨ ਵਰਗਾ ਸ਼ੁੱਧ ਹੋ ਗਿਆ।

ਸਿੱਖ ਦੇਖ ਕੇ ਹੈਰਾਨ ਹੋ ਗਏ। ਬੇਨਤੀ ਕੀਤੀ—ਮਹਾਰਾਜ ਜੀ! ਇਹ ਤਾਂ ਹੁਣ ਲਾੜੇ ਵਰਗਾ ਬਣ ਗਿਆ ਹੈ। ਸਤਿਗੁਰੂ ਜੀ ਕਹਿਣ ਲੱਗੇ ਕਿ ਇਹ ਵੀ ਤੁਹਾਡਾ ਬਚਨ ਪੂਰਾ ਕਰ ਦਿੰਦੇ ਹਾਂ। "ਹੈ ਕੋਈ ਅਜਿਹਾ ਸਿੱਖ ਜੋ ਇਸ ਨੂੰ ਆਪਣੀ ਪੁੱਤਰੀ ਦਾ ਨਾਤਾ ਦੇ ਦੇਵੇ? ਉਸ 'ਤੇ ਸਾਡੀ ਅਤਿਅੰਤ ਪ੍ਰਸੰਨਤਾ ਹੋਵੇਗੀ।"

ਇਹ ਗੱਲ ਸੁਣ ਕੇ ਸਾਰੇ ਸਿੱਖ ਘਬਰਾ ਗਏ ਪਰ ਇੱਕੋ ਸਿੱਖ ਨਿਤਰਿਆ ਜੋ ਉਪਲ ਗੋਤ ਦਾ ਸੀਹਾ ਖੱਤਰੀ ਸੀ। ਉਸ ਨੇ ਆਪਣੀ ਲੜਕੀ ਲਿਆ ਕੇ ਹਾਜ਼ਰ ਕਰ ਦਿੱਤੀ। ਹਜ਼ੂਰ ਨੇ ਉਸ ਬੱਚੀ ਦਾ ਪਰੇਮੇ ਨਾਲ ਅਨੰਦ ਕਾਰਜ ਕਰ ਦਿੱਤਾ ਤੇ ਸੀਹੇ ਨੂੰ ਨਿਹਾਲ ਕੀਤਾ।

ਸੀਹੇ ਦੀ ਘਰਵਾਲੀ, ਜੋ ਲੰਗਰ ਵਿਚ ਸੇਵਾ ਕਰਦੀ ਸੀ, ਜਦ ਉਸ ਨੂੰ ਪਤਾ ਲੱਗਾ ਕਿ ਮੇਰੀ ਧੀ ਕੁਸ਼ਟੀ ਨਾਲ ਵਿਆਹ ਦਿੱਤੀ ਹੈ ਤਾਂ ਉਸੀ ਵੇਲੇ ਉਹ ਦੌੜੀ ਆਈ ਤੇ ਮਹਾਰਾਜ ਦੇ ਪਾਸ ਆ ਕੇ ਰੋਣ ਲੱਗ ਪਈ ਕਿ ਮੇਰੀ ਧੀ ਇਸ ਕੁਸ਼ਟੀ ਨਾਲ ਕਿਉਂ ਵਿਆਹ ਦਿੱਤੀ ਹੈ?

ਇਹ ਗੱਲ ਸੁਣ ਕੇ ਹਜ਼ੂਰ ਨੇ ਕਿਹਾ ਕਿ ਇਹ ਲੜਕਾ ਹੁਣ ਸਾਡਾ ਪੁੱਤਰ ਹੋ ਚੁੱਕਾ ਹੈ। ਤੂੰ ਕੋਈ ਫ਼ਿਕਰ ਨਾ ਕਰ। ਅੱਜ ਤੋਂ ਤੇਰੀ ਧੀ ਦਾ ਨਾਮ 'ਮੱਥੋ' ਤੇ ਇਸ ਦਾ ਨਾਮ 'ਮੁਰਾਰੀ' ਰੱਖ ਦਿੱਤਾ ਹੈ। ਜੋ ਸਿੱਖ 'ਮੱਥੋ ਮੁਰਾਰੀ' ਦਾ ਜਾਪ ਕਰੇਗਾ, ਉਹ ਜਮਾਂ ਨੂੰ ਨਹੀਂ ਦੇਖੇਗਾ ਅਤੇ ਉਸ ਨੂੰ ਜਮਾਂ ਦੀ ਮਾਰ ਨਹੀਂ ਪਵੇਗੀ।

**ਮਥੋ ਮੁਰਾਰੀ ਸਿਮਰੈ ਨਾਮ। ਪੂਰਨ ਹੋਹਿ ਨਰਨ ਕੇ ਕਾਮ।**

(ਗੁ: ਪ੍ਰ: ਸੂ: ਗ੍ਰੰਥ, ਰਾਸ ੧, ਅੰਸੂ *60*)

ਇਉਂ ਕਹਿ ਕੇ ਮੰਜੀ ਬਖ਼ਸ਼ ਦਿੱਤੀ। ਧੰਨ ਹਨ ਗੁਰੂ ਅਮਰਦਾਸ ਜੀ *!* ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਨਾਲ ਕੁਸ਼ਟੀ ਕੁਸ਼ਟ ਰਹਿਤ ਹੋ ਕੇ ਸਿੱਖੀ ਦਾ ਪ੍ਰਚਾਰਕ ਬਣ ਗਿਆ।

ਸਿੱਖੀ ਪ੍ਰਚਾਰ ਨੂੰ ਜੱਥੇਬੰਦ ਕਰਨ ਲਈ ਗੁਰੂ ਅਮਰਦਾਸ ਜੀ ਨੇ ਦੇਸ਼ ਦੇ ਹਰ ਕੋਨੇ ਵਿਚ ੨੨ ਪ੍ਰਚਾਰ-ਮੰਜੀਆਂ ਕਾਇਮ ਕੀਤੀਆਂ। ਇਨ੍ਹਾਂ ੨੨ ਮੰਜੀਆਂ ਦੇ ਮੁਖੀਏ ਪ੍ਰਚਾਰਕਾਂ ਦੇ ਵਿਚ ਇਹ ਮੁਰਾਰੀ ਵੀ ਪ੍ਰਚਾਰਕ ਸੀ।

ਬਿਲਾਵਲੁ ਮਹਲਾ *5* ॥ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ॥ਅਗਨਤ ਗੁਣ ਠਾਕੁਰ ਪ੍ਰਭ ਤੇਰੇ॥ਮੋਹਿ ਅਨਾਥ ਤੁਮਰੀ ਸਰਣਾਈ॥ਕਰਿ ਕਿਰਪਾ ਹਰਿ ਚਰਨ ਧਿਆਈ॥ ੧ ॥ ਦਇਆ ਕਰਹੁ ਬਸਹੁ ਮਨਿ ਆਇ॥ ਮੋਹਿ ਨਿਰਗੁਨ ਲੀਜੈ ਲੜਿ ਲਾਇ॥ ਰਹਾਉ॥ ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ॥ਹਰਿ ਸੇਵਕ ਨਾਹੀ ਜਮ ਪੀੜ॥ਸਰਬ ਦੂਖ ਹਰਿ ਸਿਮਰਤ ਨਸੇ॥ ਜਾ ਕੈ ਸੰਗਿ ਸਦਾ ਪ੍ਰਭੁ ਬਸੈ॥*2* ॥ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ॥ ਬਿਸਰਤ ਨਾਮੁ ਹੋਵਤ ਤਨੁ ਛਾਰੁ॥ਪ੍ਰਭ ਚਿਤਿ ਆਏ ਪੂਰਨ ਸਭ ਕਾਜ॥ ਹਰਿ ਬਿਸਰਤ ਸਭ ਕਾ ਮੁਹਤਾਜ॥ *3* ॥ ਚਰਨ ਕਮਲ ਸੰਗਿ ਲਾਗੀ ਪ੍ਰੀਤਿ॥ ਬਿਸਰਿ ਗਈ ਸਭ ਦੁਰਮਤਿ ਰੀਤਿ॥ ਮਨ ਤਨ ਅੰਤਰਿ ਹਰਿ ਹਰਿ ਮੰਤ॥ ਨਾਨਕ ਭਗਤਨ ਕੈ ਘਰਿ ਸਦਾ ਅਨੰਦ॥ *4* ॥ *3* ॥

ਪਦ ਅਰਥ :- ਸੁਖ ਨਿਧਾਨ=ਹੇ ਸੁੱਖਾਂ ਦੇ ਖ਼ਜ਼ਾਨੇ *!*। ਮੋਹਿ=ਮੈਂ। ਭੀੜ=ਭੀੜਾਂ, ਦੁੱਖ। ਆਧਾਰੁ= ਆਸਰਾ, ਟੇਕ। ਛਾਰੁ=ਸੁਆਹ, ਭਾਵ ਸ਼ਕਤੀਹੀਣ। ਮੁਹਤਾਜ=ਵਿਚਾਰਾ, ਤਰਲੇ ਕੱਢਣ ਵਾਲਾ ਮੰਗਤਾ। ਦੁਰਮਤਿ=ਖੋਟੀ ਮਤਿ। ਰੀਤਿ=ਮਰਯਾਦਾ।

ਅਰਥ :- ਹੇ ਸਰਬ ਸੁੱਖਾਂ ਦੇ ਖ਼ਜ਼ਾਨੇ ਮੇਰੇ ਪ੍ਰੀਤਮ ਪਿਆਰੇ ਪ੍ਰਭੂ ਵਾਹਿਗੁਰੂ ਜੀ *!* ਹੇ ਠਾਕੁਰ=ਸੰਸਾਰ ਦੀ ਉੱਤਪਤੀ, ਪਾਲਣਾ ਅਤੇ ਸਹਾਇਤਾ ਕਰਨ ਵਾਲੇ ਪ੍ਰਭੂ *!* ਤੇਰੇ ਗੁਣ ਅਨਗਿਣਤ ਹਨ।

(ਹੇ ਪ੍ਰਭੂ *!* ਅਨਾਥਾਂ ਦੇ ਮਾਲਕ) ਮੈਂ ਅਨਾਥ (ਗ਼ਰੀਬ) ਤੇਰੀ ਸ਼ਰਨ ਆਇਆ ਹਾਂ। ਹੇ ਹਰੀ *!* (ਪ੍ਰਭੂ ਪ੍ਰਮਾਤਮਾ *!* ਮੇਰੇ 'ਤੇ) ਕਿਰਪਾ ਕਰ, ਮੈਂ (ਤੇਰੇ) ਚਰਨ (ਭਾਵ ਸ਼ਬਦ ਨੂੰ ਸਦਾ) ਧਿਆਵਾਂ (ਭਾਵ ਸਦਾ ਸਿਮਰਾਂਗਾ।੧।

(ਹੇ ਪ੍ਰਭੂ *!* ਮੇਰੇ ਉੱਤੇ) ਦਇਆ=ਕਿਰਪਾ ਕਰੋ (ਪ੍ਰਭੂ ਪ੍ਰਮਾਤਮਾ *!* ਮੇਰੇ) ਮਨ ਵਿਚ ਆ ਕੇ ਵਸੋ। ਮੈਂ

ਗੁਣਾਂ ਤੋਂ ਸਖਣੇ ਨੂੰ (ਆਪਣੇ) ਲੜ (ਪਲੇ ਨਾਲ) ਲਾ ਲਵੋ।੧। ਰਹਾਉ।

(ਹੇ ਭਾਈ ! ਜਦੋਂ) ਪ੍ਰਭੂ ਪ੍ਰਮਾਤਮਾ ਚਿਤ ਵਿਚ ਆ ਵਸੇ ਤਾਂ ਕਿਸ ਤਰ੍ਹਾਂ ਦੀ ਭੀੜਾ (ਦੁੱਖ) ਨੇੜੇ ਆ ਸਕਦੀ ਹੈ ? ਭਾਵ ਕੋਈ ਵੀ ਕਿਸੇ ਤਰ੍ਹਾਂ ਦੀ (ਬਿਪਤਾ ਨਹੀਂ ਪੈ ਸਕਦੀ)। ਪ੍ਰਭੂ ਦੇ ਸੇਵਕ ਨੂੰ ਜਮਾਂ ਦੀ ਪੀੜ ਨਹੀਂ (ਪੋਹ ਸਕਦੀ)। ਜਿਸ (ਮਨੁੱਖ ਦੇ) ਨਾਲ ਪ੍ਰਭੂ ਸਦਾ ਵਸਦਾ ਹੈ, ਹਰੀ ਦਾ (ਨਾਮ) ਸਿਮਰਦਿਆਂ ਜਾਣੋ (ਉਸ ਦੇ) ਸਾਰੇ ਦੁੱਖ ਦੂਰ ਹੋ ਜਾਂਦੇ ਹਨ ।੨।

(ਹੇ ਭਾਈ ! ਉਸ) ਪ੍ਰਭੂ ਪ੍ਰਮਾਤਮਾ ਦਾ ਸੱਚਾ ਨਾਮ ਮਨ ਤੇ ਸਰੀਰ ਵਿਚ ਟੇਕ (ਥੰਮ੍ਹੀ ਸਮਾਨ ਹੈ)। (ਪ੍ਰਭੂ ਦਾ) ਨਾਮ ਵਿਸਰਦਿਆਂ ਹੀ ਸਰੀਰ (ਮਾਨੋ ਸੜ ਕੇ) ਸੁਆਹ (ਭਾਵ ਸ਼ਕਤੀਹੀਨ ਹੋ ਜਾਂਦਾ ਹੈ।)। ਪ੍ਰਭੂ ਦੇ ਯਾਦ ਆਉਣ ਨਾਲ ਸਾਰੇ ਕੰਮ ਸੰਪੂਰਨ ਹੋ ਜਾਂਦੇ ਹਨ (ਸਿਰੇ ਚੜ੍ਹ ਜਾਂਦੇ ਹਨ)। (ਪਰ) ਹਰੀ ਪ੍ਰਮਾਤਮਾ ਦਾ ਨਾਮ ਵਿਸਰਦਿਆਂ ਹੀ (ਮਨੁੱਖ) ਹਰੇਕ ਦਾ ਮੁਥਾਜ, ਅਧੀਨ (ਮਾਨੋ ਮੰਗਤਾ ਬਣ ਜਾਂਦਾ ਹੈ)।੩।

(ਹੇ ਭਾਈ ! ਜਿਸ ਮਨੁੱਖ ਦੀ ਪ੍ਰਭੂ ਦੇ) ਚਰਨ-ਕਮਲਾਂ ਨਾਲ ਪ੍ਰੀਤ ਲੱਗ ਗਈ ਹੈ, (ਉਸ ਨੂੰ) ਸਾਰੀ ਖੋਟੀ ਮਤਿ, ਖੋਟੀ ਰਹੁਰੀਤੀ ਭੁੱਲ ਗਈ ਹੈ। (ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਪਰਮਾਤਮਾ ਦਾ ਨਾਮ-ਮੰਤਰ ਵਾਹਿਗੁਰੂ ਨਾਮ (ਵਸ ਜਾਂਦਾ ਹੈ), ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਨ੍ਹਾਂ) ਭਗਤਾਂ ਦੇ ਘਰ (ਹਿਰਦੇ) ਵਿਚ ਸਦਾ (ਆਤਮਿਕ) ਅਨੰਦ (ਬਣਿਆ ਰਹਿੰਦਾ ਹੈ)।੪।੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧70 (ਆਦਿ ਅੰਗ 803)

## ਬਿਲਾਵਲੁ ਮਹਲਾ 5 ॥

ਭੂਲੇ ਮਾਰਗੁ ਜਿਨਹਿ ਬਤਾਇਆ ॥ਐਸਾ ਗੁਰੁ ਵਡਭਾਗੀ ਪਾਇਆ ॥ ੧ ॥ ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥ ੧ ॥ ਰਹਾਉ ॥ ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ 2 ॥ ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥ ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥ 4 ॥ 3 ॥ 8 ॥

## ਪ੍ਰਾਕ੍ਰਥਨ :

ਬਿਲਾਵਲੁ ਰਾਗੁ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ। ਇਸ ਅੰਦਰ ਹਜ਼ੂਰ ਨੇ ਭੁੱਲੀ ਭਟਕੀ ਲੋਕਾਈ ਨੂੰ ਭਾਉ ਭਗਤੀ ਦੇ ਸਿੱਧੇ ਮਾਰਗ 'ਤੇ ਪਾਉਣ ਵਾਲੇ ਸੱਚੇ ਗੁਰੂ ਦੀ ਮਹਿਮਾ ਦਰਸਾਈ ਹੈ।

## ਵਿਸ਼ਾ — ਭੂਲੇ ਮਾਰਗੁ ਜਿਨਹਿ ਬਤਾਇਆ ॥

ਸੰਸਾਰ ਅੰਦਰ ਅਗਿਆਨਤਾ ਦੇ ਅੰਧੇਰੇ ਵਿਚ ਘਿਰੀ ਹੋਈ ਲੋਕਾਈ, ਵਹਿਮਾਂ ਭਰਮਾਂ ਵਿਚ ਪੈ ਕੇ, ਗੁਰੂ ਪ੍ਰਮੇਸ਼ਰ ਨੂੰ ਭੁੱਲ ਕੇ ਜੜ੍ਹ ਵਸਤੂਆਂ ਦੀ ਪੂਜਾ ਕਰਨ ਰੂਪ ਖੋਟੇ ਮਾਰਗ 'ਤੇ ਚੱਲ ਰਹੀ ਸੀ, ਪਰ ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਸਿੱਧਾ ਭਾਉ ਭਗਤੀ ਦਾ ਮਾਰਗ ਦੱਸਿਆ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿਚ ਲੋਕ ਵਹਿਮਾਂ ਭਰਮਾਂ ਵਿਚ ਬੁਰੀ ਤਰ੍ਹਾਂ ਗ੍ਰਸੇ ਹੋਏ ਭੁੱਲੇ ਫਿਰਦੇ ਸਨ। ਪਰਜਾ ਦੀ ਇਸ ਅਗਿਆਨਤਾ ਦੇ ਕਾਰਨ ਹੁਕਮਰਾਨ ਅਤੇ ਧਾਰਮਿਕ ਆਗੂ ਲੋਕਾਂ ਨੂੰ ਦੋਨੋਂ ਹੱਥੀਂ ਲੁੱਟ ਰਹੇ ਸਨ। ਧਾਰਮਿਕ ਰਹੁ-ਰੀਤੀਆਂ ਇਕ ਪਾਖੰਡ ਬਣ ਕੇ ਰਹਿ ਗਈਆਂ ਸਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।**

(ਵਾਰ ੧, ਪਉੜੀ 30)

**ਅਥਵਾ : ਫੋਕਟਿ ਧਰਮੀ ਭਰਮਿ ਭੁਲਾਵੈ।**

(ਵਾਰ ੧, ਪਉੜੀ ੧੮)

ਸਮੁੱਚੇ ਤੌਰ 'ਤੇ ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿਚ ਵਹਿਮ ਅਤੇ ਭਰਮ ਘਰ ਕਰ ਚੁੱਕੇ ਸਨ। ਗੁਰੂ ਸਾਹਿਬਾਨ ਨੇ ਅਜਿਹੀਆਂ ਪਰੰਪਰਾਵਾਂ ਨੂੰ ਤੋੜ ਕੇ, ਲੋਕਾਂ ਨੂੰ ਵਹਿਮ ਅਤੇ ਭਰਮ ਦੀ ਜਿੱਲ੍ਹਣ ਚੋਂ ਕੱਢਿਆ ਅਤੇ ਨਵੇਂ ਨਰੋਏ ਸਮਾਜ ਦੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਵਹਿਮਾਂ ਅਤੇ ਭਰਮਾਂ ਦਾ ਖੁੱਲ੍ਹ ਕੇ ਖੰਡਨ ਕੀਤਾ।

ਬੱਚੇ ਦੇ ਜਨਮ ਤੋਂ ਲੈ ਕੇ ਅੰਤ ਤੱਕ ਧਾਰਮਿਕ ਪਾਖੰਡ ਪ੍ਰਚਲਿਤ ਸਨ। ਸੂਤਕ ਦਾ ਵਹਿਮ ਮਾਨੋਂ ਭਰਮ ਦਾ ਪਹਿਲਾ ਕਦਮ ਸੀ, ਜਿਸ ਨੂੰ ਗੁਰੂ ਸਾਹਿਬਾਨ ਨੇ ਇਹ ਕਹਿ ਕੇ ਤੋੜਿਆ ਕਿ ਪ੍ਰਸੂਤ ਸਮੇਂ ਅਪਵਿੱਤਰਤਾ ਬਾਰੇ ਜੋ ਭਰਮ-ਭੁਲੇਖੇ ਬਣੇ ਹੋਏ ਹਨ, ਇਹ ਨਿਰਾਰਥਕ ਹਨ, ਇਹ ਨਿਰਾ ਵਹਿਮ ਹੀ ਹਨ। ਕਿਉਂਕਿ ਜੰਮਣਾ-ਮਰਨਾ ਤਾਂ ਸਭ ਅਕਾਲ ਪੁਰਖ ਦੇ ਹੁਕਮ ਵਿਚ ਹੈ। ਸੂਤਕ ਨਿਰਾ ਵਹਿਮ ਤੇ ਭਰਮ ਹੈ, ਜੋ ਮਾਇਆ ਵਿਚ ਫਸੇ ਹੋਏ ਲੋਕਾਂ ਨੂੰ ਹੀ ਲੱਗਦਾ ਹੈ। ਆਪ ਜੀ ਦੇ ਰਾਗੁ ਆਸਾ ਦੀ ਵਾਰ ਵਿਚ ਬਚਨ ਹਨ ਕਿ ਜੇਕਰ ਸੂਤਕ ਵਹਿਮ ਨੂੰ ਮੰਨ ਲਿਆ ਜਾਵੇ ਤਾਂ ਫਿਰ ਸੂਤਕ ਤਾਂ ਹਰ ਥਾਂ ਹੈ। ਅੰਨ ਦਾ ਕੋਈ ਦਾਣਾ ਵੀ ਜੀਆਂ

ਤੋਂ ਬਿਨਾਂ ਨਹੀਂ ਹੈ। ਪਾਣੀ, ਗੋਹੇ ਅਤੇ ਲੱਕੜੀ ਵਿਚ ਵੀ ਜੀਵ ਹਨ। ਇਸ ਪ੍ਰਕਾਰ ਰਸੋਈ ਵਿਚ ਤਾਂ ਹਰ ਵੇਲੇ ਸੂਤਕ ਹੀ ਪਿਆ ਰਹਿੰਦਾ ਹੈ :

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥**
**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥**
**ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ॥**

(ਰਾਗੁ ਆਸਾ ਜੀ ਕੀ ਵਾਰ ਮਹਲਾ ੧, ਅੰਗ 472)

ਪਾਣੀ ਤਾਂ ਹਰ ਕਿਸੇ ਨੂੰ ਜਿੰਦ-ਜਾਨ ਦੇਣ ਵਾਲਾ ਹੈ ਅਤੇ ਸਭ ਨੂੰ ਹਰਾ ਭਰਾ ਰੱਖਦਾ ਹੈ :

**ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥**
**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥**
**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**
**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥**
**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥**

(ਅੰਗ 472)

ਪ੍ਰਾਣੀ ਦੇ ਮਰਨ ਵੇਲੇ ਉਸ ਪਾਸ ਆਟੇ ਅਤੇ ਘਿਓ ਦੇ ਦੀਵੇ ਜਗਾ ਕੇ ਰੱਖਣਾ ਤਾਂ ਕਿ ਜਿਸ ਅਣਡਿੱਠੇ ਰਸਤੇ ਮ੍ਰਿਤਕ ਦੀ ਆਤਮਾ ਨੇ ਜਾਣਾ ਹੈ, ਇਹ ਘਿਓ ਦਾ ਦੀਵਾ ਰਸਤੇ ਵਿਚ ਚਾਨਣ ਕਰੇਗਾ, ਕਿੰਨਾ ਵੱਡਾ ਭਰਮ ਅਤੇ ਵਹਿਮ ਹੈ। ਇਕ ਦੀਵੇ ਦੀ ਰੌਸ਼ਨੀ 'ਜਿਹ ਪੈਡੈ ਮਹਾ ਅੰਧ ਗੁਬਾਰਾ॥' ਦੇ ਮਾਰਗ ਨੂੰ ਕਦੀ ਰੌਸ਼ਨਾਅ ਨਹੀਂ ਸਕਦੀ। ਉਥੇ ਤਾਂ 'ਹਰਿ ਕਾ ਨਾਮੁ ਸੰਗ ਉਜਿਆਰਾ॥'' ਦੀ ਹੀ ਰੌਸ਼ਨੀ ਪ੍ਰਕਾਸ਼ ਕਰਦੀ ਹੈ। ਗੁਰੂ ਜੀ ਨੇ ਦੱਸਿਆ ਹੈ ਕਿ ਅਸਲ ਦੀਵਾ ਤਾਂ ਪ੍ਰਭੂ ਦਾ ਨਾਮ ਹੈ ਜਿਸ ਤੋਂ ਆਤਮਿਕ ਰੌਸ਼ਨੀ ਮਿਲਣੀ ਹੈ ਅਤੇ ਫਿਰ ਜਮ ਦਾ ਡਰ ਵੀ ਮੁੱਕ ਜਾਂਦਾ ਹੈ :

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥**
**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥**

(ਰਾਗੁ ਆਸਾ ਮਹਲਾ ੧, ਅੰਗ 358)

ਇਸੇ ਤਰ੍ਹਾਂ ਸਰਾਧ ਕਰਨੇ, ਮ੍ਰਿਤਕ ਪ੍ਰਾਣੀ ਨਮਿਤ ਬਰਤਨ ਅਤੇ ਬਿਸਤਰੇ, ਕੱਪੜੇ ਆਦਿ ਹੋਰ ਵਸਤਾਂ ਦਾ ਦੇਣਾ ਅਤੇ ਮ੍ਰਿਤਕ ਦੇ ਮਨ-ਪਸੰਦ ਦੇ ਭੋਜਨ ਦੂਜਿਆਂ ਨੂੰ ਛਕਾਉਣੇ ਸਭ ਮਨਮਤਿ ਤੇ ਵਹਿਮ ਹੈ। ਇਨ੍ਹਾਂ ਤੋਂ ਪਿੱਤਰਾਂ ਨੂੰ ਕੋਈ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਨੂੰ ਇਨ੍ਹਾਂ ਦਾ ਕੋਈ ਲਾਭ ਹੁੰਦਾ ਹੈ :

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥ ੧॥**
**ਮੋ ਕਉ ਕੁਸਲੁ ਬਤਾਵਹੁ ਕੋਈ॥**
**ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ॥ ੧॥ ਰਹਾਉ॥**

(ਰਾਗੁ ਗਉੜੀ ਕਬੀਰ ਜੀ, ਅੰਗ 332)

ਭਗਤ ਕਬੀਰ ਜੀ ਦਾ ਕਥਨ ਹੈ ਕਿ ਕਿੰਨੀ ਅਜੀਬ ਗੱਲ ਹੈ ਕਿ ਲੋਕ ਜੀਉਂਦੇ ਮਾਪਿਆਂ ਦਾ ਕੋਈ ਆਦਰ ਮਾਣ ਨਹੀਂ ਕਰਦੇ, ਪਰ ਜਦੋਂ ਉਹ ਮਰ ਜਾਂਦੇ ਹਨ ਤਾਂ ਉਨ੍ਹਾਂ ਨਮਿੱਤ ਦੂਜਿਆਂ ਨੂੰ ਭੋਜਨ ਖੁਆਉਂਦੇ ਹਨ। ਵਿਚਾਰਨ ਵਾਲੀ ਤਾਂ ਇਹ ਗੱਲ ਹੈ ਕਿ ਕੀਤੇ ਸਰਾਧ ਦਾ ਭੋਜਨ ਵਿਚਾਰੇ ਪਿੱਤਰਾਂ ਪਾਸ ਕਿਵੇਂ ਪੁੱਜ ਸਕਦਾ ਹੈ ? ਭਗਤ ਜੀ, ਇਨ੍ਹਾਂ ਵਹਿਮਾਂ-ਭਰਮਾਂ ਵਿਚ ਫਸੇ ਹੋਏ ਲੋਕਾਂ ਨੂੰ ਦੇਖ ਕੇ ਕਹਿੰਦੇ ਹਨ ਕਿ ਕਿੰਨੀ ਅਗਿਆਨਤਾ ਹੈ ਅਤੇ ਭਗਤ ਜੀ ਸੁਆਲ ਕਰ ਕੇ ਕਹਿ ਰਹੇ ਹਨ ਕਿ ਮੈਨੂੰ ਕੋਈ ਦੱਸੇ ਕਿ ਪਿੱਤਰਾਂ ਨਮਿੱਤ ਸਰਾਧ ਨਾਲ ਪਿੱਛੇ ਘਰ ਵਿਚ ਸੁਖ-ਸ਼ਾਂਤੀ ਕਿਵੇਂ ਹੋ ਸਕਦੀ ਹੈ ? ਕਿੰਨੀ ਅਜੀਬ ਗੱਲ ਹੈ ਕਿ ਅਜਿਹੇ ਭਰਮ-ਭੁਲੇਖਿਆਂ ਵਿਚ ਫਸ ਕੇ ਲੋਕ ਖਪ-ਖਪ ਕੇ ਇਸ ਸੰਸਾਰ 'ਚੋਂ ਤੁਰੀ ਜਾਂਦੇ ਹਨ।

ਮੜ੍ਹੀਆਂ-ਮਸਾਣਾਂ ਅਤੇ ਕਬਰਾਂ 'ਤੇ ਜਾ ਕੇ ਮੱਥਾ ਟੇਕਣਾ, ਸੁੱਖਾਂ-ਸੁੱਖਣੀਆਂ ਅਤੇ ਮੁਰਾਦਾਂ ਮੰਗਣੀਆਂ ਸਭ ਮਨਮਤਿ ਹੈ। ਇਹ ਮਨ ਦੀ ਭਟਕਣਾ ਹੈ ਅਤੇ ਸਭ ਭਰਮ ਭੁਲੇਖੇ ਹਨ ਜਿਸ ਵਿਚ ਲੋਕਾਈ ਘਿਰ ਰਹੀ ਹੈ। ਰਾਗੁ ਆਸਾ ਜੀ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਅਗਿਆਨੀ ਮਨੁੱਖ ਪਰਮਾਤਮਾ ਨੂੰ ਮਿਲਣ ਦਾ ਸਹੀ ਮਾਰਗ ਛੱਡ ਕੇ ਮੜ੍ਹੀਆਂ ਮਸਾਣਾਂ ਵਿਚੋਂ ਪਰਮਾਤਮਾ ਨੂੰ ਭਾਲਦਾ ਫਿਰਦਾ ਹੈ :

**ਰਹੈ ਬੇਬਾਣੀ ਮੜੀ ਮਸਾਣੀ॥ ਅੰਧੁ ਨ ਜਾਣੈ ਫਿਰਿ ਪਛੁਤਾਣੀ॥** (ਅੰਗ 467)

ਥਿਤ, ਵਾਰ, ਮੱਸਿਆ, ਸੰਗਰਾਂਦ, ਪੂਰਨਮਾਸ਼ੀ ਦਾ ਵਰਤ, ਲਗਨ, ਸਾਹਾ, ਮਹੂਰਤ, ਦਿਨਾਂ-ਦਿਹਾੜਿਆਂ ਦੇ ਭਰਮ, ਜਾਦੂ-ਟੂਣੇ, ਤਾਵੀਤ, ਮੰਤਰ ਫੂਕਣੇ, ਆਟਾ-ਦਾਲਾਂ ਮਨਸਣੀਆਂ ਆਦਿ ਇਹ ਸਭ ਵਹਿਮ ਤੇ ਭਰਮ ਹਨ ਜੋ ਮਨੁੱਖ ਦੀ ਆਪਣੀ ਕਲਪਨਾ ਹੀ ਹੈ। ਗੁਰਬਾਣੀ ਵਿਚ ਇਨ੍ਹਾਂ ਵਹਿਮਾਂ-ਭਰਮਾਂ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਅਤੇ ਰੁੱਤਾਂ ਦੀ ਕੋਈ ਵੱਖਰੀ ਮਹਾਨਤਾ ਨਹੀਂ। ਦਿਨ ਜਾਂ ਰੁੱਤ ਕੋਈ ਚੰਗੀ ਮਾੜੀ ਨਹੀਂ ਹੈ :

**ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ॥**

(ਰਾਗੁ ਮਾਰੂ ਮਹਲਾ ੧, ਅੰਗ ੧੦੧੫)

ਅਥਵਾ :

**ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥**
**ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥**

(ਗਉੜੀ ਕੀ ਵਾਰ ਮਹਲਾ 5, ਅੰਗ 318)

ਸਾਰੇ ਦਿਨ, ਮਹੀਨੇ ਅਤੇ ਰੁੱਤਾਂ ਕਰਤੇ ਨੇ ਆਪ ਘੜੀਆਂ ਹਨ। ਇਸ ਲਈ ਇਨ੍ਹਾਂ ਦੇ ਲਗਨ, ਮਹੂਰਤ, ਤਾਰੇ ਡੁੱਬਣ ਅਤੇ ਚੜ੍ਹਨ ਦੇ ਚੱਕਰਾਂ ਵਿਚ ਕਿਉਂ ਪਿਆ ਜਾਵੇ ?

**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥**

(ਰਾਗੁ ਮਾਝ ਬਾਰਹਮਾਹਾ ਮਹਲਾ 5, ਅੰਗ ੧36)

**ਅਥਵਾ : ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥**

(ਰਾਗੁ ਮਾਝ ਕੀ ਵਾਰ ਮਹਲਾ ੧, ਅੰਗ ੧40)

ਇਸੇ ਤਰ੍ਹਾਂ ਗੁਰਮਤਿ ਵਿਚ ਥਿਤਾਂ ਵਾਰਾਂ ਦਾ ਵੀ ਕੋਈ ਮਹਾਤਮ ਨਹੀਂ ਹੈ। ਇਨ੍ਹਾਂ ਨੂੰ ਮਨਾਉਣ ਨਾਲ ਭਰਮ-ਭੁਲੇਖੇ ਪੈਦਾ ਹੁੰਦੇ ਹਨ ਅਤੇ ਇਹ ਮੇਰ-ਤੇਰ ਦੀ ਭਾਵਨਾ ਪੈਦਾ ਕਰਦੇ ਹਨ :

**ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥**

(ਰਾਗੁ ਬਿਲਾਵਲੁ ਮਹਲਾ 3, ਅੰਗ 843)

ਗੁਰਬਾਣੀ ਵਿਚ ਪੱਤ੍ਰੀ ਵਾਚਣਾ ਅਤੇ ਟੇਵੇ ਆਦਿ ਲਗਵਾਉਣ ਨੂੰ ਵੀ ਵਹਿਮ ਅਤੇ ਭਰਮ ਆਖਿਆ ਗਿਆ ਹੈ। ਗੁਰੂ ਅਮਰਦਾਸ ਜੀ ਦੇ ਰਾਗੁ ਮਾਰੂ ਵਿਚ ਬਚਨ ਹਨ ਕਿ ਜੋ ਲੋਕ ਪੱਤ੍ਰੀਆਂ ਪੜ੍ਹ ਕੇ ਦੂਜਿਆਂ ਨੂੰ ਭਰਮ ਭੁਲੇਖਿਆਂ ਵਿਚ ਪਾਉਂਦੇ ਹਨ, ਉਨ੍ਹਾਂ ਨੂੰ ਪਹਿਲਾਂ ਆਪਣੇ ਮਨ ਦੀ ਪੱਤ੍ਰੀ ਵਾਚਣੀ ਚਾਹੀਦੀ ਹੈ ਕਿ ਉਸ ਦੇ ਆਪਣੇ ਮਨ ਦੀ ਕੀ ਅਵਸਥਾ ਹੈ :

**ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ॥** (ਅੰਗ ੧093)

ਹਿੰਦੂ ਮੱਤ ਦੇ ਤੀਰਥ ਦੀ ਯਾਤਰਾ ਅਤੇ ਕਿਸੇ ਖ਼ਾਸ ਦਿਨ ਦਿਹਾੜੇ ਤੀਰਥਾਂ 'ਤੇ ਇਸ਼ਨਾਨ ਕਰਨ ਦਾ ਤਾਂ ਹੀ ਲਾਭ ਹੈ ਜੇਕਰ ਮਨ ਦੀ ਮੈਲ ਨੂੰ ਧੋਤਾ ਜਾਵੇ। ਤਨ ਦੀ ਸਫ਼ਾਈ ਦੇ ਨਾਲ-ਨਾਲ ਜੇਕਰ ਅੰਦਰਲੀ ਮੈਲ ਧੋਤੀ ਨਹੀਂ ਜਾਂਦੀ ਤਾਂ ਤੀਰਥਾਂ ਦੇ ਭ੍ਰਮਣ ਨਾਲ ਕਦੀ ਮੁਕਤੀ ਨਹੀਂ ਹੋ ਸਕਦੀ :

**ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ॥**
**ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥**

(ਰਾਗੁ ਆਸਾ ਭਗਤ ਕਬੀਰ ਜੀ, ਅੰਗ 484)

ਇਸ ਲਈ ਉਪਰੋਕਤ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਸੱਚਾ ਭਉ ਭਗਤੀ ਦਾ ਮਾਰਗ ਦੱਸਣ ਵਾਲੇ ਸੱਚੇ ਗੁਰੂ ਦੀ ਸਿਫਤ ਗੁਰਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ :

**ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ॥**
**ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ॥**
**ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥**
**ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ॥** (ਅੰਗ ੧42੧)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

'ਭੂਲੇ ਮਾਰਗੁ ਜਿਨਹਿ ਬਤਾਇਆ' ਦੇ ਸਿਧਾਂਤ ਅਨੁਸਾਰ ਸੱਚਾ ਸਮਰੱਥ ਗੁਰੂ ਤਾਂ 'ਬਾਹ ਪਕੜਿ ਅੰਧਲੇ ਉਧਾਰੇ' ਦੀ ਸਮਰੱਥਾ ਰੱਖਦਾ ਹੈ, ਜੋ ਭਰਮ ਵਿਚ ਭੁਲੀ ਮਨੁੱਖਤਾ ਨੂੰ ਪ੍ਰਭੂ ਪ੍ਰਮਾਤਮਾ ਦੇ ਸਿੱਧੇ ਮਾਰਗ 'ਤੇ ਪਾ ਦੇਂਦਾ ਹੈ। ਭਾਈ ਗੁਰਦਾਸ ਜੀ ਨੇ ਪੂਰਨ ਗੁਰੂ ਦੀ ਸਿਫ਼ਤ ਕਰਦਿਆਂ ਵਾਰ ੨੬ਵੀਂ ਅੰਦਰ ਕਿਹਾ ਹੈ ਕਿ ਪੂਰਨ ਸਤਿਗੁਰੂ ਗੁਣੀ ਨਿਧਾਨ ਅਤੇ ਔਗਣਾਂ ਨੂੰ ਬਖ਼ਸ਼ਣ ਵਾਲਾ ਹੈ ਅਤੇ ਪੂਰਾ ਵੈਦ ਹੈ। ਪੰਜਾਂ ਅਸਾਧ ਰੋਗਾਂ ਦੇ ਨਿਵਾਰਣਹਾਰਾ ਹੈ। ਨਿੰਦਕ, ਦੋਖੀਆਂ ਤੇ ਬੇਮੁਖਾਂ ਨੂੰ ਪੂਰਨ ਨਿਰਵੈਰ ਗੁਰੂ ਤਾਰਣ ਵਾਲਾ ਹੈ। ਪੂਰਨ ਸਤਿਗੁਰੂ ਐਸਾ ਆਗੂ ਹੈ ਜੋ ਬਾਂਹ ਪਕੜ ਕੇ ਅੰਧਿਆਂ ਨੂੰ ਵੀ ਤਾਰ ਦਿੰਦਾ ਹੈ :

**ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।**
**ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।**
**ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।**
**ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।**
**ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।**
**ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।**
**ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।**
**ਮਾਣੁ ਨਿਮਾਣੇ ਸਦ ਬਲਿਹਾਰੇ॥ ੧੭॥** (ਵਾਰ 26, ਪਉੜੀ ੧੭)

**ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ।**
**ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ।**
**ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ।**
**ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ।**
**ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ।**
**ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।**
**ਗੁਰਮੁਖਿ ਮਨ ਅਪਤੀਜੁ ਪਤੀਣਾ॥ 20॥** (ਪਉੜੀ 26, ਵਾਰ 20)

ਇਸ ਸੰਬੰਧ ਵਿਚ ਦਸਮੇਸ਼ ਪਿਤਾ ਜੀ ਦਾ ਉਪਦੇਸ਼ ਹੈ :

**ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ ਤਬ, ਖਾਲਸ ਤਾਹਿ ਨਖਾਲਸ ਜਾਨੈ॥**

(ਸ੍ਰੀ ਦਸਮ ਗ੍ਰੰਥ ਸਾਹਿਬ )
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਗੁਰੂ ਅਰਜਨ ਦੇਵ ਜੀ ਦੇ ਰਾਗੁ ਆਸਾ ਵਿਚ ਬਚਨ ਹਨ ਕਿ ਨਾਮ ਵਿਚ ਮਨ ਜੋੜਨ ਨਾਲ ਪਰਮਾਤਮਾ ਸਦਾ ਅੰਗ-ਸੰਗ ਪ੍ਰਤੀਤ ਹੋਣ ਲੱਗ ਪੈਂਦਾ ਹੈ ਅਤੇ ਮਨੁੱਖ ਦੇ ਡਰ ਅਤੇ ਵਹਿਮ ਦੂਰ ਹੋ ਜਾਂਦੇ ਹਨ :

**ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥** (ਅੰਗ 406)

ਅਥਵਾ :

**ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ ॥**

(ਰਾਗੁ ਸੋਰਠਿ, ਭਗਤ ਕਬੀਰ ਜੀ, ਅੰਗ 655)

ਰਾਗੁ ਬਸੰਤੁ ਵਿਚ ਗੁਰੂ ਰਾਮਦਾਸ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਧਾਰਮਿਕ ਵਿਖਾਵੇ ਅਤੇ ਵਹਿਮਾਂ-ਭਰਮਾਂ ਵਿਚ ਪੈ ਕੇ ਪ੍ਰਾਣੀ ਮਾਇਆ ਲਈ ਹਰ ਵੇਲੇ ਇਧਰ-ਉਧਰ ਹੱਥ ਪੈਰ ਮਾਰਦਾ ਰਹਿੰਦਾ ਹੈ, ਪ੍ਰੰਤੂ ਸਤਿਸੰਗਤ ਦੁਆਰਾ ਜਿਨ੍ਹਾਂ ਨੂੰ ਸੱਚਾ ਸੁਆਮੀ ਪਰਮਾਤਮਾ ਮਿਲ ਪੈਂਦਾ ਹੈ, ਉਸ ਦੇ ਅੰਦਰੋਂ ਵਹਿਮਾਂ-ਭਰਮਾਂ ਦਾ ਪਿਆ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ।

**ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥**
**ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥**

(ਅੰਗ ੧੧78)

## ਸਾਖੀ — ਭਾਈ ਮੰਝ ਦੀ

**ਸਾਖੀ ਸੁਨੀਏ ਮੰਝ ਕੀ, ਪ੍ਰੇਮ ਭਗਤ ਜਿਨ ਕੀਨ।**
**ਕਸਾ ਕਸੌਟੀ ਪ੍ਰੇਮ ਕੀ ਚਾਰ ਪਦਾਰਥ ਦੀਨ।** (ਮਹਿਮਾ ਪ੍ਰਕਾਸ਼)

ਹੁਸ਼ਿਆਰਪੁਰ ਦੇ ਇਲਾਕੇ ਵਿਚ ਮੰਝਕੀ ਪਿੰਡ ਦਾ ਰਹਿਣ ਵਾਲਾ ਚੌਧਰੀ, ਭਾਈ ਮੰਝ, ਜਿਸ ਦਾ ਪਹਿਲਾ ਨਾਮ 'ਤੀਰਥਾ' ਸੀ, ਇਹ ਆਪਣੇ ਘਰ ਵਿਚ ਪੀਰਖ਼ਾਨਾ ਬਣਾ ਕੇ ਸਖੀ ਸਰਵਰ ਦੀ ਪੂਜਾ ਕਰਦਾ ਹੁੰਦਾ ਸੀ। ਗਿਆਨੀ ਗਿਆਨ ਸਿੰਘ ਜੀ ਨੇ ਰਾਮਪੁਰ ਪਿੰਡ ਦੇ ਰਹਿਣ ਵਾਲਾ ਦੱਸਿਆ ਹੈ।

**ਮੰਜ ਨਾਮ ਰਜਪੂਤ ਇਕ, ਗਾਂਮ ਰਾਮ ਪੁਰ ਕੇਰ।**
**ਸੁਨਿ ਸਕਤੀ ਸਤਿਗੁਰੂ ਕੀ, ਆਯੋ ਸਰਨ ਗੁਰ ਫੇਰ ॥ 85 ॥**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਇਸ ਭਾਈ ਮੰਝ ਨੇ ਇਕ ਵਾਰ ਪੰਚਮ ਪਾਤਸ਼ਾਹ ਜੀ ਦੀ ਸਿਫਤਿ ਸੁਣੀ, ਬਾਣੀ ਪੜ੍ਹ ਕੇ ਵਿਚਾਰੀ, ਜੋ ਮਨ ਨੂੰ ਅਤਿਅੰਤ ਸ਼ਾਂਤ ਕਰਦੀ ਸੀ, ਇਸ ਦੇ ਮਨ ਅੰਦਰ ਹਜ਼ੂਰ ਦੇ ਦਰਸ਼ਨਾਂ ਦੀ ਲਾਲਸਾ ਜਾਗੀ। ਇਸ ਸਮੇਂ ਨਗਾਹੇ ਤੋਂ ਵਾਪਸ ਆਉਂਦੇ ਅੰਮ੍ਰਿਤਸਰ ਦੀ ਯਾਤਰਾ ਸਮੇਂ ਸਤਿਗੁਰਾਂ ਦੇ ਦਰਸ਼ਨ ਕੀਤੇ। ਚਰਨਾਂ

'ਤੇ ਸੀਸ ਰੱਖ ਕੇ ਮੱਥਾ ਟੇਕਿਆ ਤੇ ਸਿੱਖੀ ਦੀ ਯਾਚਨਾ ਕੀਤੀ। ਹਜ਼ੂਰ ਨੇ ਭਿਰਾਈਆਂ ਵਾਲਾ ਸਰੀਰ ਤੇ ਲਿਬਾਸ ਦੇਖ ਕੇ ਕਿਹਾ ਕਿ ਹਿੰਦੂ ਹੋ ਕੇ ਮੁਸਲਮਾਨਾਂ ਦੇ ਪੀਰਾਂ ਨੂੰ ਮੰਨਦਾ ਹੈਂ। ਤੂੰ ਆਪਣਾ ਧਰਮ ਭ੍ਰਿਸ਼ਟ ਕਰ ਲਿਆ ਹੈ। ਤੈਨੂੰ ਸਿੱਖੀ ਬੜੀ ਮਹਿੰਗੀ ਪਵੇਗੀ, ਗੁਰੂ ਦੀ ਕਸਵੱਟੀ ਵਿਚ ਪੂਰਾ ਉਤਰਨਾ ਮੁਸ਼ਕਲ ਹੋ ਜਾਵੇਗਾ। ਤਾਂ ਬੜੀ ਦੀਨਤਾ ਨਾਲ ਭਾਈ ਮੰਝ ਨੇ ਬੇਨਤੀ ਕੀਤੀ—ਮਹਾਰਾਜ ! ਹੁਣ ਤਕ ਤਾਂ ਭੁੱਲਿਆ ਰਿਹਾ ਹਾਂ, ਅੱਗੋਂ ਵਾਸਤੇ ਕਿਰਪਾ ਕਰੋ, ਮੈਨੂੰ ਭੁਲੇ ਹੋਏ ਨੂੰ ਸਿੱਧੇ ਮਾਰਗ 'ਤੇ ਪਾਉ। ਮੈਂ ਹੁਣ ਅੱਜ ਤੋਂ ਸਰਵਰ ਦੀ ਮੰਨਤਾ ਛੱਡੀ। ਸਦਾ ਹੀ ਸਿੱਖੀ ਧਾਰਾਂਗਾ, ਦੁੱਖ ਸੁੱਖ ਵਿਚ ਆਪ ਜੀ ਨੂੰ ਨਹੀਂ ਭੁੱਲਾਂਗਾ। ਹਜ਼ੂਰ ਨੇ ਸਮਝਾਇਆ ਕਿ ਸਿੱਖੀ ਪਾ ਕੇ ਆਪਾ ਭਾਵ ਨਹੀਂ ਜਨੌਣਾ ਪਵੇਗਾ, ਧਨ ਪਦਾਰਥ ਗੁਰੂ ਦਾ ਸਮਝਣਾ ਪਵੇਗਾ, ਇਹ ਸਿੱਖੀ ਖੰਡੇ ਨਾਲੋਂ ਤਿੱਖੀ ਤੇ ਵਾਲ ਨਾਲੋਂ ਬਰੀਕ ਹੈ :

**ਖੰਡੇਧਾਰ ਚਲਹਿ ਨਹਿ ਗਿਰੇ। ਸੂਖਮ ਅਧਿਕ ਕੇਸ ਤੇ ਪਰੇ।**
**ਨਹੀ ਕਮਾਇ ਸਕਹੁਗੇ ਤਾਹੀ। ਪ੍ਰਾਨਨ ਕੌ ਪਲਟਾ ਜਿਸ ਮਾਹੀ॥ 9॥**

(ਗੁ: ਪ੍ਰ: ਸੂ: ਰਾਸਿ 2)

ਤਾਂ ਮੰਝ ਨੇ ਕਿਹਾ, ਜੀ ! ਮੈਨੂੰ ਸਭ ਕੁਝ ਮਨਜ਼ੂਰ ਹੈ, ਪਰ ਸਿੱਖੀ ਜ਼ਰੂਰ ਬਖ਼ਸ਼ੋ। ਗੁਰੂ ਜੀ ਦੀ ਬਾਣੀ ਸੁਣ ਗਦ ਗਦ ਹੋ ਗਿਆ ਤੇ ਨੇਤਰਾਂ ਵਿਚੋਂ ਵੈਰਾਗ ਦਾ ਜਲ ਵਗ ਤੁਰਿਆ। ਗ਼ਰੀਬ ਨਿਵਾਜ਼ ਨੇ ਸੱਚਾ ਪਰੇਮ ਦੇਖ ਕੇ ਕਿਹਾ—ਘਰ ਜਾ ਕੇ ਪਹਿਲਾਂ ਸਰਵਰ ਦਾ ਮਕਾਨ ਢਾਹ, ਫਿਰ ਆ ਕੇ ਸਿੱਖੀ ਧਾਰਨ ਕਰੀਂ। ਗਿਆਨੀ ਗਿਆਨ ਸਿੰਘ ਜੀ ਅਨੁਸਾਰ, ਸਿੱਖ ਬਣ ਕੇ ਪੀਰਖ਼ਾਨਾ ਜੋ ਘਰ ਵਿਚ ਬਣਿਆ ਸੀ, ਉਸ ਨੂੰ ਢਾਹਿਆ।

**ਸੇਵਕ ਥਾ ਸੁਲਤਾਨ ਕਾ, ਆਈ ਤਿਸੈ ਗਿਲਾਨਿ।**
**ਸਿਖ ਹੋਇ ਤਿਨ ਜਾਇ ਘਰ, ਢਾਹਿਉ ਪੀਰ ਮਕਾਨ॥**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਸੋ ਹਜ਼ੂਰ ਦਾ ਬਚਨ ਮੰਨ ਕੇ ਅਤੇ ਮੱਥਾ ਟੇਕ ਕੇ ਘਰ ਆ ਗਿਆ। ਕਹੀ ਫੜ ਕੇ ਵੇਹੜੇ ਵਿਚ ਬਣਿਆ ਪੀਰਖ਼ਾਨਾ ਢਾਹ ਦਿੱਤਾ। ਏਧਰੋਂ ਸਤਿਗੁਰਾਂ ਨੇ ਅਜੇਹੀ ਪਰਖ ਦੀ ਕਸਵੱਟੀ ਲਾਈ ਕਿ ਉਸੇ ਦਿਨ ਤੋਂ ਹੀ ਸਭ ਕੁਝ ਨਾਸ਼ ਹੋਣ ਲੱਗ ਗਿਆ। ਘਰ ਦੇ ਡੰਗਰ ਪਸ਼ੂ ਸਭ ਮਰ ਗਏ। ਦੇਣ ਵਾਲਿਆਂ ਨੇ ਕਰਜ਼ਾ ਨਾ ਮੋੜ ਕੇ ਦਿੱਤਾ। ਥੋੜ੍ਹੇ ਦਿਨਾਂ ਵਿਚ ਹੀ ਅਤਿਅੰਤ ਗ਼ਰੀਬ ਹੋ ਗਿਆ। ਲੋਕ ਕਹਿਣ, ਇਸ ਉੱਤੇ ਸਰਵਰ ਦੀ ਕ੍ਰੋਪੀ ਹੋ ਗਈ ਹੈ, ਇਸ ਲਈ ਪੀਰ ਦੀ ਮਾਰ ਨੇ ਸਭ ਕੁਝ ਨਾਸ਼ ਕਰ ਦਿੱਤਾ ਹੈ। ਇਸ ਤਰ੍ਹਾਂ ਸ਼ਰੀਕਾਂ ਤੇ ਸੰਬੰਧੀਆਂ ਦੇ ਤਰਕ ਵਾਲੇ ਬਚਨ ਸੁਣ ਕੇ ਮੰਝ ਦਾ ਮਨ ਡੋਲਿਆ ਨਹੀਂ। ਉਸ ਨੇ ਉੱਤਰ ਦਿੱਤਾ :

ਯਥਾ :

**ਭਾਖਤ ਸੰਬੰਧੀ ਮਿਲ ਏਹੋ ਮਤਿ ਮੰਦ ਮੰਝ,**
**ਲੈ ਕੇ ਗੁਰ ਸਿੱਖੀ ਦਰਿਦ੍ਰਤਾ ਵਿਸਾਹੀ ਹੈ।**

**ਮੰਝ ਕਹਿਓ ਦਾਰਿਦ ਜੁ ਅਹੈ ਗੁਰ ਸਿਖੀ ਬੀਚ,**
**ਮੇਰੇ ਜਾਣੇ ਭਾਈ ਯਿਹ ਪੂਰੀ ਪਾਤਸ਼ਾਹੀ ਹੈ।** (ਗੁਰ ਸ਼ਬਦ ਅਲੰਕਾਰ)

ਸੰਬੰਧੀ ਕਹਿਣ ਲੱਗੇ ਕਿ ਇਹ ਪਾਗ਼ਲ ਹੋ ਗਿਆ ਹੈ। ਲੋਕਾਂ ਨੇ ਪਿੰਡ ਦੀ ਚੌਧਰ ਵੀ ਖੋਹ ਲਈ।

**ਛੀਨ ਲੀਨ ਗ੍ਰਿਹੁ ਧਨ ਸਿਰਦਾਰੀ। ਸਰਬ ਸਰੀਕਨ ਦੀਨ ਨਿਕਾਰੀ।**

(ਗੁ: ਪ੍ਰ: ਸੂ:, ਰਾਸਿ 2)

ਅਖ਼ੀਰ ਨੂੰ ਪੰਚਮ ਪਾਤਸ਼ਾਹ ਜੀ ਨੇ ਆਪਣਾ ਹੁਕਮਨਾਮਾ ਭੇਜ ਕੇ ਪਾਸ ਬੁਲਾਇਆ। ਸਮੇਤ ਪਰਵਾਰ ਦੇ ਹਜ਼ੂਰੀ ਵਿਖੇ ਪੁੱਜਾ। ਸਤਿਗੁਰਾਂ ਨੇ ਪੁੱਛਿਆ—ਦੱਸ ਮਨ ਦੀ ਕੀ ਹਾਲਤ ਹੈ ? ਕਿਹਾ ! ਆਪ ਜੀ ਦੀ ਕਿਰਪਾ ਹੈ। ਮੈਨੂੰ ਪਦਾਰਥ ਗਏ ਦਾ ਕੋਈ ਸੋਗ ਨਹੀਂ, ਆਪ ਜੀ ਮੈਨੂੰ ਨਾਮ ਦਾਨ ਅਤੇ ਪੂਰਨ ਸਿੱਖੀ ਦੀ ਦਾਤ ਬਖ਼ਸ਼ੋ। ਹਜ਼ੂਰ ਨੇ ਸਿੱਖੀ ਬਖ਼ਸ਼ ਦਿੱਤੀ। ਇਹ ਲੰਗਰ ਵਾਸਤੇ ਹਰ ਰੋਜ਼ ਜੰਗਲ ਵਿਚੋਂ ਲੱਕੜਾਂ ਲਿਆਣ ਦੀ ਸੇਵਾ ਕਰਨ ਲੱਗ ਗਿਆ। ਕਾਫ਼ੀ ਚਿਰ ਤੋਂ ਪਿੱਛੋਂ ਸਤਿਗੁਰਾਂ ਨੇ ਪੁੱਛਿਆ—ਕੀ ਕੰਮ ਕਰਦਾ ਹੁੰਦਾ ਹੈਂ ? ਮੰਝ ਨੇ ਕਿਹਾ—ਮਹਾਰਾਜ ਜੀ ! ਲੰਗਰ ਦੀ ਸੇਵਾ। ਸੇਵਾ ਦਿਨ ਰਾਤ ਕਰੀ ਜਾਂਦਾ ਹੈ, ਪਰ ਭਾਈ ਮੰਝ ਦਾ ਸਰੀਰ ਭਾਵੇਂ ਕ੍ਰਿਸ ਹੋ ਗਿਆ ਸੀ, ਪਰ ਮਨ ਭਗਤੀ ਦੇ ਰੰਗ ਤੇ ਸੇਵਾ ਦੇ ਬਲ ਨਾਲ ਬੜਾ ਪੁਸ਼ਟ ਹੋ ਗਿਆ ਸੀ। ਸਮਾਂ ਬਤੀਤ ਹੁੰਦਾ ਗਿਆ।

ਇਕ ਦਿਨ ਦਾ ਜ਼ਿਕਰ ਹੈ ਕਿ ਇਹ ਜੰਗਲ ਵਿਚ ਲੱਕੜਾਂ ਲੈਣ ਵਾਸਤੇ ਗਿਆ। ਸੁੱਕੀਆਂ ਲੱਕੜਾਂ ਦਾ ਭਾਰ ਬੰਨ੍ਹ ਕੇ ਸੀਸ 'ਤੇ ਚੁੱਕ, ਸ਼ਹਿਰ ਵੱਲ ਨੂੰ ਤੁਰ ਪਿਆ। ਰਸਤੇ ਵਿਚ ਏਹੋ ਜਿਹੀ ਹਨੇਰੀ ਚਲੀ ਕਿ ਦਿਨ ਦੀ ਰਾਤ ਬਣ ਗਈ। ਕੁਝ ਹੱਥ ਮਾਰਿਆਂ ਨਾ ਦਿੱਸੇ। ਰਸਤਾ ਕੁਰਸਤਾ ਇਕੋ ਜਿਹਾ ਹੋ ਗਿਆ। ਇਹ ਹੌਲੀ-ਹੌਲੀ ਪੈਰ ਰੱਖਦਾ ਸਿਰ 'ਤੇ ਲੱਕੜਾਂ ਦਾ ਭਾਰ ਸੰਭਾਲਦਾ ਚਲਿਆ ਆ ਰਿਹਾ ਹੈ। ਅੱਗੇ ਰਾਹ ਤੋਂ ਥੋੜ੍ਹਾ ਜਿਹਾ ਪਾਸੇ, ਇਕ ਮੌਣ੍ਹ ਤੋਂ ਬਗ਼ੈਰ (ਜੰਗਲ ਵਿਚ) ਖੂਹ ਸੀ। ਭਾਈ ਸਾਹਿਬ ਨੂੰ ਹਨੇਰੀ ਦੇ ਕਾਰਨ ਪਤਾ ਨਾ ਲੱਗਿਆ ਤੇ ਖੂਹ ਵਿਚ ਜਾ ਡਿੱਗਿਆ। ਪਰ ਇਸ ਨੇ ਲੱਕੜਾਂ ਨਾ ਡਿੱਗਣ ਦਿੱਤੀਆਂ। ਖੂਹ ਵਿਚ ਖੜਾ ਹੀ ਪੰਚਮ ਪਾਤਸ਼ਾਹ ਜੀ ਨੂੰ ਅਰਾਧਦਾ ਰਿਹਾ।

ਏਧਰ ਪੰਚਮ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਮੰਜੀ ਸਾਹਿਬ ਵਾਲੀ ਜਗ੍ਹਾ ਬੈਠੇ ਹੋਏ ਸਾਰੀ ਗੱਲ ਜਾਣ ਗਏ। ਉਸ ਸਮੇਂ ਨੰਗੇ ਚਰਨੀਂ ਖੂਹ ਵੱਲ ਇਉਂ ਆਖਦੇ ਹੋਏ ਦੌੜੇ ਕਿ "ਛੇਤੀ ਰੱਸੇ ਲੈ ਕੇ ਸਾਡੇ ਮਗਰ ਆ ਜਾਓ" ਹੈਰਾਨੀ ਸਮੇਤ ਸੰਗਤ ਰੱਸੇ ਲੈ ਕੇ ਮਗਰ ਦੌੜੀ। ਖੂਹ ਦੇ ਕੰਢੇ 'ਤੇ ਖੜੋ ਕੇ ਹੇਠਾਂ ਰੱਸਾ ਲਮਕਾ ਕੇ ਕਿਹਾ ਕਿ ਇਸ ਨੂੰ ਫੜ ਕੇ ਉੱਪਰ ਚੜ੍ਹ ਆ। ਉਸ ਨੇ ਕਿਹਾ, ਪਹਿਲਾਂ ਲੱਕੜਾਂ ਨੂੰ ਬਾਹਰ ਕੱਢੋ :

**ਕਰੀ ਮੰਝ ਇਹ ਬੇਨਤੀ, ਗੁਰ ਸਿਖਨ ਲਈ ਬਿਚਾਰ।**
**ਪ੍ਰਥਮੈ ਲਕਰੀ ਕਾਢੀਐ, ਪੁਨ ਲੀਜੈ ਮੰਝ ਨਿਕਾਰ।82।** (ਮਹਿਮਾ ਪ੍ਰਕਾਸ਼)

ਇਉਂ ਕਹਿ ਕੇ ਪਹਿਲਾਂ ਲੱਜ ਨਾਲ ਲੱਕੜਾਂ ਦਾ ਭਾਰ ਬੰਨ੍ਹਿਆ, ਫੇਰ ਆਪ ਉੱਪਰ ਆਇਆ।

**ਪਹਿਲੇ ਸੁਸਕ ਕਾਠ ਨਿਕਰਾਯੋ। ਪੁਨਾ ਨਿਕਰਿ, ਗੁਰ ਪਗ ਲਪਟਾਯੋ।**

(ਸ੍ਰੀ ਗੁਰ ਪੰਥ ਪ੍ਰਕਾਸ਼)

ਖੂਹ 'ਚੋਂ ਬਾਹਰ ਨਿਕਲ ਕੇ ਹਜ਼ੂਰ ਨੂੰ ਖੜਿਆਂ ਦੇਖ ਕੇ ਨੇਤਰਾਂ 'ਚੋਂ ਛਮਾ-ਛਮ ਜਲ ਵਹਿ ਤੁਰਿਆ। ਨਮਸ਼ਕਾਰ ਕਰ ਹੰਝੂਆਂ ਨਾਲ ਚਰਨ ਧੋ ਦਿੱਤੇ। ਮਹਾਰਾਜ ਨੇ ਘੁੱਟ ਕੇ ਛਾਤੀ ਨਾਲ ਲਾਇਆ ਤੇ ਕਿਹਾ ਕਿ ਤੇਰੀ ਸੇਵਾ ਪ੍ਰਵਾਨ ਹੋ ਗਈ ਤੇ ਇਸ ਤਰ੍ਹਾਂ ਵਰ ਦਿੱਤਾ :

**ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ।**
**ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ।**

(ਸ੍ਰੀ ਗੁਰ ਪੰਥ ਪ੍ਰਕਾਸ਼)

ਇਸ ਤੋਂ ਪਿੱਛੋਂ ਇਸ ਨੂੰ ਸਿਰੋਪਾਉ ਬਖ਼ਸ਼ ਕੇ ਗੁਰਸਿੱਖੀ ਦਾ ਪ੍ਰਚਾਰਕ ਨੀਅਤ ਕੀਤਾ ਕਿ ਤੂੰ ਅੱਜ ਤੋਂ ਗੁਰੂ ਨਮਿਤ ਲੰਗਰ ਚਲਾ, ਰਿੱਧੀਆਂ ਸਿੱਧੀਆਂ ਤੇਰੇ ਚਰਨ ਚੁੰਮਣਗੀਆਂ।

ਬਿਲਾਵਲੁ ਮਹਲਾ 5 ॥ ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥ ੧ ॥ ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥ ੧ ॥ ਰਹਾਉ ॥ ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ 2 ॥ ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥ 3 ॥ ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥4 ॥ 3 ॥ 8 ॥

ਪਦ ਅਰਥ :- ਭੂਲੇ=ਭਰਮ ਵਿਚ ਭੁੱਲੇ ਹੋਏ (ਜੀਵ ਨੂੰ)। ਮਾਰਗੁ=(ਜੀਵਨ ਦਾ ਸਹੀ ਭਾਉ ਭਗਤੀ ਦਾ) ਰਸਤਾ। ਜਿਨਹਿ=ਜਿਸ (ਗੁਰੂ) ਨੇ। ਵਡਭਾਗੀ=ਵੱਡੇ ਭਾਗਾਂ ਨਾਲ। ਚਿਤਾਰੇ=ਚਿਤਾਰ (ਯਾਦ) ਕਰ ਕੇ। ਹਿਰਦੈ=ਹਿਰਦੇ ਵਿਚ। ਕਾਮਿ=ਕਾਮ ਵਿਚ। ਲੀਨਾ=ਲਿਆ, ਵੱਸ ਵਿਚ ਕੀਤਾ ਹੈ। ਕਾਟਿ=ਕੱਟ ਕੇ। ਕਰਤ=ਕਰਦਿਆਂ। ਜਨਮੇ=ਜਨਮ ਵਿਚ। ਫੁਨਿ=ਫੇਰ, ਮੂੜਾ ਆਸ੍ਰਮੁ=ਟਿਕਾਣਾ। ਨਿਸਤਾਰਾ=ਤਾਰ ਦਿੱਤਾ।

ਅਰਥ :- (ਹੇ ਭਾਈ ! ਭਰਮ ਵਿਚ) ਭੁੱਲੇ ਹੋਏ (ਜੀਵ) ਨੂੰ ਜਿਸ (ਗੁਰੂ) ਨੇ (ਜੀਵਨ ਦਾ ਸਹੀ ਭਾਉ ਭਗਤੀ ਰੂਪ ਸਿੱਧਾ) ਰਸਤਾ ਦੱਸਿਆ ਹੈ, ਇਹੋ ਜਿਹਾ (ਪੂਰਨ) ਗੁਰੂ ਵੱਡੇ ਭਾਗਾਂ ਨਾਲ ਹੀ (ਕਿਸੇ ਮਨੁੱਖ ਨੇ) ਪਾਇਆ ਹੈ।੧।

ਹੇ ਮਨ ! (ਤੂੰ) ਪ੍ਰਭੂ ਪਰਮਾਤਮਾ ਦਾ ਨਾਮੁ ਸਿਮਰ, (ਭਾਵ ਉਸ ਪ੍ਰਭੂ ਨੂੰ) ਚਿਤਾਰਦਾ ਰਹੁ। ਕਿਉਂਕਿ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਮੇਰੇ ਹਿਰਦੇ ਵਿਚ ਪਿਆਰੇ ਗੁਰੂ ਦੇ ਚਰਨ (ਅਥਵਾ ਚਿਤ ਚਰਨ ਨਾਮੁ) ਵਸ ਰਹੇ ਹਨ (ਜਿਸ ਕਰਕੇ ਮੈਨੂੰ ਅਨੰਦ ਆ ਰਿਹਾ ਹੈ)।੧। ਰਹਾਉ।

(ਹੇ ਭਾਈ !) ਜਿਹੜਾ ਮਨ ਕਾਮ, ਕ੍ਰੋਧ, ਲੋਭ, ਮੋਹ ਨੇ (ਆਪਣੇ ਵਸ ਵਿਚ ਕਰ) ਲਿਆ ਸੀ, ਗੁਰੂ ਨੇ (ਸਾਰੇ ਮੋਹ ਮਾਇਆ ਦੇ) ਬੰਧਨ ਕੱਟ ਕੇ (ਉਸ ਨੂੰ) ਮੁਕਤ ਕਰ ਦਿੱਤਾ ਹੈ।੨।

(ਇਹ ਜੋ ਜੀਅ ਚੰਗੇ ਮਾੜੇ) ਦੁੱਖ ਸੁੱਖ ਦੇ (ਦੇਣ ਵਾਲੇ ਕਰਮ) ਕਰਦਿਆਂ ਮੁੜ-ਮੁੜ ਜੰਮਦਾ ਤੇ ਮਰਦਾ ਸੀ, (ਉਸ ਨੂੰ ਹੁਣ ਗੁਰੂ ਨੇ ਆਪਣੇ) ਚਰਨ-ਕਮਲਾਂ ਦਾ ਟਿਕਾਣਾ ਬਖ਼ਸ਼ ਦਿੱਤਾ ਹੈ।੩।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਹੜਾ) ਸੰਸਾਰ ਅੰਦਰ ਜੀਵ (ਤ੍ਰਿਸ਼ਨਾ ਦੀ) ਅੱਗ ਦੇ ਸਮੁੰਦਰ ਵਿਚ ਡੁੱਬ ਰਿਹਾ ਸੀ, ਸਤਿਗੁਰੂ ਨੇ (ਉਸ ਦੀ) ਬਾਂਹ ਪਕੜ ਕੇ (ਉਸ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦਿੱਤਾ ਹੈ।੪।੩।੮।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧7੧ (ਆਦਿ ਅੰਗ 805)

## ਬਿਲਾਵਲੁ ਮਹਲਾ 5 ॥

ਮਾਤ ਪਿਤਾ ਸੁਤ ਬੰਧਪ ਭਾਈ ॥ ਨਾਨਕ ਹੋਆ ਪਾਰਬ੍ਰਹਮੁ ਸਹਾਈ ॥ ੧ ॥ ਸੂਖ ਸਹਜ ਆਨੰਦ ਘਣੇ॥ ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ॥ ੧ ॥ ਰਹਾਉ॥ ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥ ਭਏ ਮਨੋਰਥ ਸੋ ਪ੍ਰਭੁ ਜਾਪੇ ॥ 2 ॥ ਅਰਥ ਧਰਮ ਕਾਮ ਮੋਖ ਕਾ ਦਾਤਾ ॥ ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥ 3 ॥ ਸਾਧਸੰਗਿ ਨਾਨਕਿ ਰੰਗੁ ਮਾਣਿਆ ॥ ਘਰਿ ਆਇਆ ਪੂਰੈ ਗੁਰਿ ਆਣਿਆ ॥ 4 ॥੧2 ॥੧7 ॥

## ਪ੍ਰਾਕ੍ਰਥਨ :

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਹਜ਼ੂਰ ਨੇ ਮਾਤਾ ਪਿਤਾ ਅਤੇ ਸਾਕ-ਸੰਬੰਧੀ, ਪੁੱਤਰ-ਧੀਆਂ ਸਾਰੇ ਝੂਠੇ ਦਰਸਾਏ ਹਨ, ਇਕ ਪ੍ਰਮਾਤਮਾ ਹੀ ਸਹਾਇਤਾ ਕਰਨ ਵਾਲਾ ਦੱਸਿਆ ਹੈ।

## ਵਿਸ਼ਾ — ਮਾਤ ਪਿਤਾ ਸੁਤ ਸਾਥ ਨ ਮਾਇਆ

ਸੰਸਾਰ ਅੰਦਰ ਪੂਰਬਲੇ ਕਰਮਾਂ ਦੇ ਸੰਜੋਗ ਕਰਕੇ ਮਨੁੱਖ ਦੇ ਮਾਤਾ, ਪਿਤਾ, ਪੁੱਤਰ ਅਤੇ ਸਾਕ ਸੰਬੰਧੀਆਂ ਦਾ ਮੇਲ ਬਣਿਆ ਹੈ। ਪਰ ਇਨ੍ਹਾਂ ਸਾਰਿਆਂ ਵਿਚੋਂ ਅੰਤ ਸਮੇਂ ਕੋਈ ਵੀ ਮਨੁੱਖ ਸਹਾਇਕ ਨਹੀਂ ਹੁੰਦਾ, ਹਾਂ, ਉਸ ਸਮੇਂ ਤਾਂ ਇਕ ਪਾਰਬ੍ਰਹਮ ਹੀ ਦੁੱਖ ਵਿਚ ਸਹਾਇਤਾ ਕਰਨ ਵਾਲਾ ਹੁੰਦਾ ਹੈ। ਸੰਸਾਰ ਅੰਦਰ ਧਾਰਮਿਕ ਗ੍ਰੰਥਾਂ ਦੇ ਕਥਨ ਅਨੁਸਾਰ, ਇਹ ਜੀਵ ਦੇ ਮਿੱਤਰ ਮੰਨੇ ਹਨ — ਧਨ, ਸੰਬੰਧੀ ਅਤੇ ਕਰਮ — ਪਰ ਧਨ ਦੀ ਮਿੱਤਰਤਾ ਓਨਾ ਚਿਰ ਹੈ, ਜਿੰਨਾ ਚਿਰ ਮਨੁੱਖ ਦੇ ਸਰੀਰ ਵਿਚ ਸਵਾਸ ਹਨ। ਧਨ ਨਾਲ ਮਨੁੱਖ ਆਪਣੀ ਸੇਵਾ ਕਰਾ ਸਕਦਾ ਹੈ। ਧਨ ਕਰਕੇ ਮਾਇਆ ਨਾਲ ਸਰੀਰਕ ਸੁੱਖ ਸਹੂਲਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਜਿਸ ਵੇਲੇ ਸਰੀਰ ਵਿਚੋਂ ਸਵਾਸ ਨਿਕਲ ਜਾਂਦੇ ਹਨ, ਉਸੇ ਵੇਲੇ ਹੀ ਧਨ ਦੇ ਮਾਲਕ ਹੋਰ ਬਣ ਜਾਂਦੇ ਹਨ। ਧਨ ਦੀ ਮਿੱਤਰਤਾ ਖ਼ਤਮ ਹੋ ਜਾਂਦੀ ਹੈ। ਸੰਬੰਧੀਆਂ ਦੀ ਮਿੱਤਰਤਾ ਓਨਾ ਚਿਰ ਹੈ, ਜਿੰਨਾ ਚਿਰ ਮਨੁੱਖ ਦੇ ਸਰੀਰ ਨੂੰ ਸ਼ਮਸ਼ਾਨ ਘਾਟ ਵਿਚ ਲਿਜਾ ਕੇ ਦਾਹ ਸੰਸਕਾਰ ਨਹੀਂ ਕਰ ਦਿੰਦੇ। ਇਥੇ ਸੰਬੰਧੀਆਂ ਦੀ ਮਿੱਤਰਤਾ ਭੀ ਖ਼ਤਮ ਹੋ ਜਾਂਦੀ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

**ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ॥**

(ਅੰਗ ੧੧24)

ਮਨੁੱਖ ਦੇ ਸਰੀਰ ਨੂੰ ਅਗਨ ਭੇਟ ਕਰਕੇ ਸੰਬੰਧੀ ਡੱਕੇ ਤੋੜ ਕੇ ਅੱਗ ਵਿਚ ਸੁੱਟ ਦਿੰਦੇ ਹਨ ਕਿ ਅੱਜ ਤੋਂ ਸਾਡੀ ਮਿੱਤਰਤਾ ਤੇਰੇ ਨਾਲੋਂ ਟੁੱਟ ਚੁੱਕੀ ਹੈ :

**ਜਤ੍ਰ ਮਾਇਆ ਤਤ੍ਰ ਗਛਤੀ।**

ਭਾਵ ਤੂੰ ਜਿਧਰੋਂ ਆਇਆ ਸੀ, ਉਧਰੇ ਹੀ ਚਲਿਆ ਜਾ, ਮੁੜ ਸਾਡੇ ਵੱਲ ਨਾ ਆਈਂ। ਤੀਸਰੇ ਮਨੁੱਖ ਦੇ ਕਰਮ ਮਿੱਤਰ ਹਨ। ਕਰਮ ਚੰਗੇ ਤੇ ਮਾੜੇ ਦੋ ਤਰ੍ਹਾਂ ਦੇ ਇਥੇ ਕਹੇ ਜਾ ਸਕਦੇ ਹਨ। ਕਰਮ ਮਨੁੱਖ ਦੇ ਨਾਲ ਨਿੱਭਦੇ ਹਨ। ਚੰਗੇ ਕਰਮ ਕਰੇਗਾ ਤਾਂ ਚੰਗਾ ਫਲ ਮਿਲੇਗਾ। ਮਾੜੇ ਕਰਮ ਕਰੇਗਾ ਤਾਂ ਉਸ ਦਾ ਮਾੜਾ ਫਲ ਦੁੱਖ ਮਿਲੇਗਾ। ਧਾਰਮਿਕ ਸ਼ਾਸਤਰਾਂ ਦਾ ਕਥਨ ਹੈ :

**ਅਵੱਸ ਮੇਵ ਭੁਗਤ੍ਰੰ ਕਿਰਤ ਕਰਮ ਸ਼ੁੱਭ ਅਸ਼ੁੱਭ।**

ਭਾਵ ਚੰਗੇ ਮਾੜੇ ਕਰਮਾਂ ਦਾ ਫਲ ਜ਼ਰੂਰ-ਬਰ-ਜ਼ਰੂਰ ਭੋਗਣਾ ਪੈਂਦਾ ਹੈ। ਇਸ ਕਰਕੇ ਗੁਰਬਾਣੀ ਸਾਨੂੰ ਚੰਗੇ ਕਰਮ ਕਰਨ ਲਈ ਪ੍ਰੇਰਨਾ ਕਰਦੀ ਹੈ:

**ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥** (ਅੰਗ 397)

ਅਥਵਾ:

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥** (ਜਪੁ ਜੀ ਸਾਹਿਬ)

ਇਸ ਲਈ ਸੰਸਾਰ ਦੇ ਅੰਦਰ ਸੰਸਾਰਿਕ ਸੰਬੰਧੀਆਂ ਦੇ ਸੰਬੰਧ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਦਰਸਾਇਆ ਹੈ ਕਿ ਇਹਨਾਂ ਚੋਂ ਕੋਈ ਵੀ ਮਨੁੱਖ ਦਾ ਸੱਚਾ ਮਿੱਤਰ ਨਹੀਂ ਹੈ:

**ਪ੍ਰੀਤਮ ਜਾਨਿ ਲੇਹੁ ਮਨ ਮਾਹੀ॥**
**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ ੧॥ ਰਹਾਉ॥**
**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥**
**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥ ੧॥**
**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥**
**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥ 2 ॥**
**ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥**
**ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥ 3 ॥**

(ਅੰਗ 634)

ਭਗਤ ਫ਼ਰੀਦ ਜੀ ਦਾ ਵੀ ਕਥਨ ਹੈ ਕਿ ਗੱਲਾਂ ਨਾਲ ਤਾਂ ਵੀਹ ਸੱਜਣ ਬਣ ਬੈਠਦੇ ਹਨ, ਪਰ ਵੀਚਾਰ ਅਤੇ ਪ੍ਰੀਖਿਆ ਕਰਨ ਸਮੇਂ ਇਕ ਵੀ ਨਹੀਂ ਲੱਭਦਾ। ਸੱਚੇ ਮਿੱਤਰ ਦੇ ਮਿਲਾਪ ਦੀ ਚਿੰਤਾ ਵਿਚ ਮਲੀਹ ਦੀ ਅੱਗ ਵਾਂਗ ਮਨ ਧੁਖ ਰਿਹਾ ਹੈ:

**ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥**
**ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥ 87॥** (ਅੰਗ ੧382)

(ਹੇ ਭਾਈ !) ਕੋਈ ਵਿਰਲਾ ਮਨੁੱਖ ਹੀ) ਜਾਣਦਾ ਹੈ ਕਿ ਇਸ ਸੰਸਾਰ ਅੰਦਰ (ਅਸਲੀ) ਮਿੱਤਰ ਕੌਣ ਹੈ। ਜਿਸ (ਮਨੁੱਖ ਉੱਤੇ ਪ੍ਰਭੂ) ਕਿਰਪਾਲੂ ਹੁੰਦਾ ਹੈ, (ਅਸਲ ਵਿਚ ਉਹ ਹੀ) ਇਸ ਜੁਗਤੀ ਨੂੰ ਸਮਝ ਸਕਦਾ ਹੈ (ਅਤੇ) ਉਸ ਮਨੁੱਖ ਦੀ ਹੀ ਜੀਵਨ-ਜੁਗਤੀ ਪਵਿੱਤਰ ਹੁੰਦੀ ਹੈ। ਇਸ ਲਈ (ਹੇ ਭਾਈ !) ਮਾਤਾ, ਪਿਤਾ ਅਤੇ ਘਰਵਾਲੀ (ਇਸਤਰੀ) ਤੇ ਪੁੱਤਰ ਅਤੇ ਸੰਬੰਧੀ (ਰਿਸ਼ਤੇਦਾਰ ਹੋਰ) ਪਿਆਰੇ ਮਿੱਤਰ ਭਰਾ (ਇਹ

ਸਾਰੇ) ਪਿਛਲੇ ਜਨਮਾਂ ਦੇ ਸੰਜੋਗਾਂ ਕਰ ਕੇ (ਇਥੇ ਇਕ ਦੂਜੇ ਨਾਲ) ਮਿਲੇ ਹਨ (ਪਰ ਇਨ੍ਹਾਂ ਵਿਚੋਂ) ਅੰਤ ਸਮੇਂ ਕੋਈ ਵੀ ਮਨੁੱਖ ਦੀ ਸਹਾਇਤਾ ਕਰਨ ਵਾਲਾ (ਸਾਥੀ ਨਹੀਂ ਹੈ। ਅਤੇ ਮੋਤੀਆਂ ਦੀ ਮਾਲਾ, ਸੋਨਾ, ਲਾਲ ਤੇ ਹੀਰੇ ਆਦਿ (ਇਹ ਸਾਰਾ ਕੁਝ) ਤੇ ਜੋ ਹੋਰ ਮਨ ਨੂੰ ਖ਼ੁਸ਼ ਕਰਨ ਵਾਲੀ ਮਾਇਆ ਹੈ, ਹਾਇ (ਮੇਰੀ ਮਾਇਆ, ਹਾਏ (ਮੇਰੀ ਮਾਇਆ) ਇਸ ਮਾਇਆ ਨੂੰ ਇਕੱਠੀ ਕਰਦਿਆਂ ਤੇ (ਮੇਰੀ ਮਾਇਆ, ਮੇਰੀ ਮਾਇਆ ਕਰਦਿਆਂ) ਸਾਰੀ ਉਮਰ ਬੀਤ ਗਈ ਹੈ, (ਪਰ ਇਸ ਮਾਇਆ ਨੂੰ ਪਾ ਕੇ ਅੱਜ ਤੱਕ ਕਿਸੇ ਨੂੰ) ਸੰਤੋਖ ਪ੍ਰਾਪਤ ਨਹੀਂ ਹੋਇਆ। ਇਸ ਸਿਧਾਂਤ ਨੂੰ ਪੰਚਮ ਪਾਤਸ਼ਾਹ ਜੀ ਨੇ ਜੈਤਸਰੀ ਰਾਗੁ ਅੰਦਰ ਇਸ ਤਰ੍ਹਾਂ ਦਰਸਾਇਆ ਹੈ:

## ਜੈਤਸਰੀ ਮਹਲਾ 5 ਘਰੁ 3

### ੧ੴ ਸਤਿਗੁਰ ਪ੍ਰਸਾਦਿ ॥

**ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥**
**ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ॥ ੧॥ ਰਹਾਉ॥**
**ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥ ੧ ॥**
**ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥**
**ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ॥ 2 ॥**
**ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥**
**ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ॥ 3 ॥**
**ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥**
**ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ॥ 4॥ ੧॥**

(ਅੰਗ 700)

**ਨਹੀ ਦਦਸਾਰ ਪਿਤਾ ਪਿਤਾਮਾ ਪਰ-ਪਿਤਾਮਾ, ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ॥**
**ਨਹੀ ਨਨਸਾਰ ਮਾਤਾ ਪਰ-ਮਾਤਾ ਬ੍ਰਿਧ ਪਰ-ਮਾਤਾ, ਮਾਮੂ ਮਾਮੀ ਮਾਸੀ ਔ ਮੌਸਾ ਬਿਬਿਧ ਬਿਖ੍ਯਾਤਾ ਹੈ॥**
**ਨਹੀ ਸਸੁਰਾਰ ਸਾਸੁ ਸਸੁਰਾ ਸਾਰੋ ਅਉ ਸਾਰੀ, ਨਹੀ ਬਿਰਤੀਸੁਰ ਮੈ ਜਾਚਿਕ ਨ ਦਾਤਾ ਹੈ॥**
**ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ, ਜੈਸਾ ਗੁਰਸਿਖ ਸਾਧ ਸੰਗਤਿ ਕੋ ਨਾਤਾ ਹੈ॥ ੧00 ॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

**੧. ਜਹ ਮਾਤ ਪਿਤਾ ਸੁਤ ਮੀਤ ਨ ਭਾਈ॥**
**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥** (ਅੰਗ 264)

**2. ਧਿਆਇਓ ਅੰਤਿ ਬਾਰ ਨਾਮੁ ਸਖਾ॥**
**ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ॥** (ਅੰਗ ੧੨੧੨)

**3. ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ॥** (ਅੰਗ 47)

**4. ਮਾਤ ਪਿਤਾ ਸੁਤ ਸਾਥਿ ਨ ਮਾਇਆ॥** (ਅੰਗ 804)

ਅਥਵਾ : **ਇਹ ਜਗਿ ਮੀਤੁ ਨ ਦੇਖਿਓ ਕੋਈ॥**
**ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥ ੧॥ ਰਹਾਉ॥**
**ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥**
**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥ ੧॥**
(ਅੰਗ 633)

ਭਾਈ ਗੁਰਦਾਸ ਜੀ ਦੇ ਆਪਣੀਆਂ ਵਾਰਾਂ ਅੰਦਰ ਕਥਨ ਅਨੁਸਾਰ :

**ਸਾਹੁਰੁ ਪੀਹਰੁ ਪਖ ਤ੍ਰੈ ਘਰੁ ਨਾਨੇਹਾਲਾ।**
**ਸਹੁਰਾ ਸਸੁ ਵਖਾਣੀਐ ਸਾਲੀ ਤੈ ਸਾਲਾ।**
**ਮਾ ਪਿਉ ਭੈਣਾ ਭਾਇਰਾ ਪਰਵਾਰੁ ਦੁਰਾਲਾ।**
**ਨਾਨਾ ਨਾਨੀ ਮਾਸੀਆ ਮਾਮੇ ਜੰਜਾਲਾ।**
**ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ।**
**ਪੀਰ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ॥ 7॥**
(ਵਾਰ 27, ਪਉੜੀ 7)

**5. ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ॥** (ਅੰਗ 692)

ਇਸ ਲਈ ਪੰਚਮ ਗੁਰਦੇਵ ਜੀ ਦਾ ਸੁੰਦਰ ਫ਼ੁਰਮਾਨ ਹੈ :

**ਐਸਾ ਮੀਤੁ ਕਰਹੁ ਸਭੁ ਕੋਇ॥ ਜਾ ਤੇ ਬਿਰਥਾ ਕੋਇ ਨ ਹੋਇ॥** (ਅੰਗ ੧੯5)

## ਸਾਖੀ — ਨਾਨਕ ਹੋਆ ਪਾਰਬ੍ਰਹਮੁ ਸਹਾਈ

ਇਕ ਬਾਦਸ਼ਾਹ ਸੀ। ਉਸ ਦੇ ਕੋਈ ਪੁੱਤਰ ਨਹੀਂ ਸੀ ਹੋਇਆ। ਪੁੱਤਰ ਦੀ ਪ੍ਰਾਪਤੀ ਵਾਸਤੇ ਬਾਦਸ਼ਾਹ ਨੇ ਬਹੁਤ ਯਤਨ ਕੀਤੇ ਸਨ। ਬਹੁਤ ਸਾਰੇ ਪੀਰਾਂ ਫ਼ਕੀਰਾਂ ਦੀ ਮੰਨਤਾ ਕੀਤੀ। ਬੜੇ ਸਿਆਣੇ ਕਹਿਲਾਉਣ ਵਾਲੇ ਮਨੁੱਖਾਂ ਦੇ ਪਾਸੋਂ ਪੁੱਤਰ ਦੀ ਪ੍ਰਾਪਤੀ ਦਾ ਉਪਾਅ ਪੁੱਛਿਆ। ਹਰ ਕਿਸੇ ਦਾ ਦੱਸਿਆ ਹੋਇਆ ਉਪਾਅ,

ਵੈਦਾਂ, ਹਕੀਮਾਂ ਦੀਆਂ ਦੱਸੀਆਂ ਹੋਈਆਂ ਦਵਾਈਆਂ, ਬੂਟੀਆਂ, ਪਾਖੰਡੀ ਸਾਧੂ, ਸੰਤਾਂ ਦੇ ਦੱਸੇ ਤਵੀਤ ਧਾਗੇ ਕਰਾ ਕਰਾ ਕੇ ਥੱਕ ਗਿਆ ਅਤੇ ਦੇਵੀ ਦੇਵਤਿਆਂ ਦੀਆਂ ਮੰਨ ਮਨੌਤਾਂ ਕਰਦਾ ਹੋਇਆ, ਪੁੱਤਰ ਵਾਸਤੇ ਇਹਨਾਂ ਦੀ ਆਰਾਧਨਾ ਕਰਕੇ ਵੀ ਥੱਕ ਗਿਆ ਕਿਉਂਕਿ ਇਹ ਤਾਂ ਸਭ ਪ੍ਰਮਾਤਮਾ ਦੇ ਹੱਥ ਵੱਸ ਹੈ। ਬਾਦਸ਼ਾਹ ਨੇ ਆਖ਼ਿਰ ਨੂੰ ਸਿਆਣੇ ਜੋਤਸ਼ੀਆਂ ਦੇ ਪਾਸੋਂ ਪੁੱਤਰ-ਪ੍ਰਾਪਤੀ ਦਾ ਉਪਾਅ ਪੁੱਛਿਆ ਤਾਂ ਜੋਤਸ਼ੀਆਂ ਨੇ ਦੱਸਿਆ ਕਿ ਰਾਜਨ ! ਕਿਸੇ ਮਨੁੱਖ ਦੀ ਦੇਵੀ ਨੂੰ ਬਲੀ ਦਿੱਤੀ ਜਾਵੇ ਪਰ ਜਿਸ ਦੀ ਬਲੀ ਦੇਣੀ ਹੈ, ਉਸ ਦੇ ਪਰਿਵਾਰ ਦੇ ਜੀਅ ਉਸ ਦੀ ਖ਼ੁਸ਼ ਹੋ ਕੇ ਦੇਵੀ ਨੂੰ ਬਲੀ ਦੇਣ ਅਤੇ ਉਹ ਮਨੁੱਖ ਆਪ ਵੀ ਆਪਣੀ ਬਲੀ ਦੇਣ ਲਈ ਖ਼ੁਸ਼ ਹੋਵੇ। ਤਾਂ ਰਾਜੇ ਨੇ ਸ਼ਹਿਰ ਵਿਚ ਸਾਰੇ ਲੋਕਾਂ ਨੂੰ ਕਿਹਾ ਕਿ ਜਿਹੜਾ ਮਨੁੱਖ ਦੇਵੀ ਦੀ ਬਲੀ ਦੇਣ ਵਾਸਤੇ ਆਪਣੇ ਆਪ ਨੂੰ ਦੇਵੇਗਾ, ਮੈਂ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ। ਇਸੇ ਹੀ ਸ਼ਹਿਰ ਵਿਚ ਇਕ ਨੌਜਵਾਨ ਸਤਿਸੰਗੀ ਸੀ, ਜੋ ਦਿਨ ਰਾਤ ਸੇਵਾ ਸਿਮਰਨ ਵਿਚ ਲੱਗਿਆ ਰਹਿੰਦਾ ਸੀ। ਇਸ ਦੇ ਮਾਪੇ ਬਹੁਤ ਗ਼ਰੀਬ ਸਨ। ਉਹ ਆਪਣੇ ਲੜਕੇ ਨੂੰ ਵਿਹਲੜ ਸਮਝਦੇ ਸਨ। ਬਾਦਸ਼ਾਹ ਦਾ ਹੁਕਮ ਸੁਣ ਕੇ ਉਹਨਾਂ ਸੋਚਿਆ ਕਿ ਆਪਣੀ ਗ਼ਰੀਬੀ ਦੂਰ ਹੋ ਸਕਦੀ ਹੈ। ਇਸ ਵਿਹਲੜ ਪੁੱਤਰ ਨੂੰ ਗਲੋਂ ਲਾਹ ਕੇ ਅਤੇ ਮੂੰਹ ਮੰਗਿਆ ਧਨ ਲੈ ਕੇ ਆਪਣੀ ਗ਼ਰੀਬੀ ਦੂਰ ਕਰੀਏ। ਇਹ ਵਿਚਾਰ ਕਰ ਕੇ ਬਾਦਸ਼ਾਹ ਨੂੰ ਆਪਣਾ ਲੜਕਾ ਦੇਵੀ ਦੀ ਬਲੀ ਵਾਸਤੇ ਦੇ ਦਿੱਤਾ। ਬਾਦਸ਼ਾਹ ਨੇ ਉਸ ਲੜਕੇ ਨੂੰ ਕਿਹਾ ਕਿ ਕਾਕਾ ! ਤੈਨੂੰ ਦੇਵੀ ਦੀ ਬਲੀ ਚੜ੍ਹਾਉਣਾ ਹੈ, ਇਸ ਲਈ ਜੋ ਤੇਰੀ ਅੰਤਮ ਇੱਛਾ ਹੈ, ਉਹ ਦੱਸ। ਤਾਂ ਉਹ ਲੜਕਾ ਕਹਿਣ ਲੱਗਾ, ਜੀ, ਮੇਰੀ ਅੰਤਮ ਇੱਛਾ ਖੁਲ੍ਹੇ ਵਹਿੰਦੇ ਦਰਿਆ ਦੇ ਜਲ ਵਿਚ ਇਸ਼ਨਾਨ ਕਰਨ ਦੀ ਹੈ। ਦਰਿਆ ਬਾਦਸ਼ਾਹ ਦੇ ਮਹਿਲਾਂ ਦੇ ਨਜ਼ਦੀਕ ਹੀ ਵਹਿੰਦਾ ਸੀ। ਬਾਦਸ਼ਾਹ ਨੇ ਆਪਣੇ ਸਿਪਾਹੀ ਦੇ ਕੇ ਲੜਕੇ ਨੂੰ ਦਰਿਆ ਵਿਚ ਇਸ਼ਨਾਨ ਕਰਨ ਲਈ ਭੇਜ ਦਿੱਤਾ। ਨਾਲ ਹੀ ਸਿਪਾਹੀਆਂ ਨੂੰ ਕਿਹਾ ਕਿ ਤੁਸੀਂ ਪਹਿਰਾ ਰੱਖਣਾ ਹੈ, ਪਰ ਕਿਸੇ ਗੱਲੋਂ ਇਸ ਨੂੰ ਰੋਕਣਾ ਨਹੀਂ, ਭਾਵ ਨਾਰਾਜ਼ ਨਹੀਂ ਕਰਨਾ। ਬਾਦਸ਼ਾਹ ਮਹਿਲਾਂ ਉੱਪਰ ਖਲੋ ਕੇ ਵੇਖਣ ਲੱਗ ਪਿਆ। ਲੜਕੇ ਨੇ ਦਰਿਆ ਵਿਚ ਇਸ਼ਨਾਨ ਕਰਕੇ ਚਾਰ ਢੇਰੀਆਂ ਮਿੱਟੀ ਦੀਆਂ ਬਣਾਈਆਂ। ਪਹਿਲਾਂ ਇਕ ਢੇਰੀ ਢਾਹ ਦਿੱਤੀ, ਫਿਰ ਦੂਸਰੀ ਤੇ ਫਿਰ ਤੀਸਰੀ ਢੇਰੀ ਢਾਹ ਦਿੱਤੀ। ਚੌਥੀ ਢੇਰੀ ਦੀ ਪਰਿਕਰਮਾ ਕਰਕੇ, ਨੇਤਰ ਮੀਟ ਕੇ ਅਤੇ ਪ੍ਰਮੇਸ਼ਰ ਦਾ ਧਿਆਨ ਧਰ ਕੇ ਸਿਰ ਝੁਕਾਅ ਦਿੱਤਾ। ਇਹ ਸਾਰਾ ਕੁਝ ਬਾਦਸ਼ਾਹ ਨੇ ਆਪਣੇ ਮਹਿਲਾਂ ਉਪਰ ਆਪ ਖੜੇ ਨੇ ਆਪਣੇ ਅੱਖੀਂ ਲੜਕੇ ਨੂੰ ਚਾਰ ਢੇਰੀਆਂ ਬਣਾਉਂਦਿਆਂ ਦੇਖਿਆ ਅਤੇ ਤਿੰਨ ਢੇਰੀਆਂ ਢਾਹੀਆਂ ਤੇ ਚੌਥੀ ਦੀ ਪਰਿਕਰਮਾ ਕਰਕੇ ਮਸਤਕ ਟੇਕਦੇ ਨੂੰ ਦੇਖਿਆ ਸੀ। ਬਾਦਸ਼ਾਹ ਦੇ ਮਨ ਅੰਦਰ ਸ਼ੱਕ ਪੈ ਗਿਆ ਕਿ ਇਸ ਲੜਕੇ ਨੇ ਚਾਰ ਢੇਰੀਆਂ ਬਣਾ ਕੇ ਤਿੰਨ ਢਾਹ ਦਿੱਤੀਆਂ ਤੇ ਇਕ ਰੱਖ ਕੇ ਉਸ ਨੂੰ ਸਿਰ ਝੁਕਾਇਆ ਹੈ। ਕਿਤੇ ਐਸਾ ਨਾ ਹੋਵੇ ਕਿ ਇਸ ਨੇ ਕੋਈ ਮੰਤਰ-ਜੰਤਰ ਪੜ੍ਹ ਦਿੱਤਾ ਹੋਵੇ ਅਤੇ ਇਸ ਦੀ ਬਲੀ ਦੇਣ ਤੋਂ ਵੀ ਮੇਰੇ ਪੁੱਤਰ ਨਾ ਹੋਵੇ। ਵਾਪਸ ਆਏ ਲੜਕੇ ਨੂੰ ਢੇਰੀਆਂ ਬਾਰੇ ਚੰਗੀ ਤਰ੍ਹਾਂ ਪੁੱਛਿਆ ਤਾਂ ਲੜਕੇ ਨੇ ਦੱਸਿਆ ਕਿ ਬਾਦਸ਼ਾਹ ਹਜ਼ੂਰ ! ਮਨੁੱਖ ਦੇ ਸੰਸਾਰ ਵਿਚ ਚਾਰ ਮਿੱਤਰ ਮੰਨੇ ਗਏ ਹਨ—(੧) ਪਹਿਲੇ ਪਰਿਵਾਰ ਦੇ ਜੀਅ, ੨. ਦੂਸਰੇ ਰਾਜੇ ਲੋਕ, ੩. ਤੀਜੇ ਦੇਵੀ ਦੇਵਤੇ ਅਤੇ ੪. ਚੌਥਾ ਅਸਲ ਮਿੱਤਰ ਪ੍ਰਮਾਤਮਾ ਹੈ। ਇਸ ਕਰਕੇ ਪਹਿਲੇ ਮਿੱਤਰ

ਪਰਿਵਾਰ ਦੇ ਜੀਆਂ ਨੇ ਲਾਲਚ ਵੱਸ ਹੋ ਕੇ ਮੈਨੂੰ ਵੇਚ ਦਿੱਤਾ ਹੈ। ਦੂਸਰੇ ਮਿੱਤਰ ਤੁਸੀਂ ਪੁੱਤਰ ਦੀ ਪ੍ਰਾਪਤੀ ਲਈ ਦੇਵੀ ਨੂੰ ਪ੍ਰਸੰਨ ਕਰਨ ਵਾਸਤੇ ਮੈਨੂੰ ਮਾਰਨ ਨੂੰ ਤਿਆਰ ਹੋ। ਤੀਸਰੇ ਦੇਵੀ ਦੇਵਤੇ ਹਨ ਅਤੇ ਦੇਵੀ ਡੈਣ ਦੀ ਤਰ੍ਹਾਂ ਮੇਰੀ ਬਲੀ ਲੈਣ ਨੂੰ ਤਿਆਰ ਹੈ।

ਇਸ ਕਰਕੇ ਇਹ ਤਿੰਨੇ ਮਿੱਤਰਾਂ ਦੀਆਂ ਢੇਰੀਆਂ ਮੈਂ ਢਾਹ ਦਿੱਤੀਆਂ ਹਨ। ਚੌਥਾ ਸੱਚਾ ਮਿੱਤਰ ਪ੍ਰਮਾਤਮਾ ਹੈ, ਜੋ ਮਨੁੱਖ ਦੀ ਲੋਕ ਪਰਲੋਕ ਵਿਚ ਸਹਾਇਤਾ ਕਰਨ ਵਾਲਾ ਹੈ। ਸੱਚੇ ਮਿੱਤਰ ਪ੍ਰਮਾਤਮਾ ਦੀ ਢੇਰੀ ਰੱਖ ਕੇ ਅਤੇ ਉਸ ਦਾ ਧਿਆਨ ਧਰ ਕੇ ਮੈਂ ਉਸ ਨੂੰ ਮਸਤਕ ਟੇਕਿਆ ਹੈ, ਉਹ ਹੀ ਮੇਰੀ ਰੱਖਿਆ ਕਰਨ ਵਾਲਾ ਹੈ। ਬਾਦਸ਼ਾਹ ਇਹ ਸੁਣ ਕੇ ਹੈਰਾਨ ਹੋ ਗਿਆ। ਮਨ ਵਿਚ ਸੋਚਿਆ ਕਿ ਇਸ ਦੀ ਬਲੀ ਦੇ ਕੇ ਵੀ ਕੀ ਪਤਾ ਹੈ ਕਿ ਮੇਰੇ ਪੁੱਤਰ ਹੋਣਾ ਹੈ ਜਾਂ ਨਹੀਂ ਹੋਣਾ ਹੈ। ਜੇ ਹੋਇਆ ਭੀ ਅਤੇ ਉਹ ਜੇਕਰ ਨਾਲਾਇਕ ਨਿਕਲ ਗਿਆ ਤਾਂ ਰਾਜ ਭਾਗ ਬਰਬਾਦ ਕਰ ਦੇਵੇਗਾ। ਇਸ ਲਈ ਨਾਲਾਇਕ ਐਸੇ ਪੁੱਤਰ ਤੋਂ ਕੀ ਕਰਾਉਣਾ ਹੈ। ਇਹ ਐਨਾ ਲਾਇਕ ਸਿਆਣਾ ਹੈ, ਜਿਸ ਨੇ ਮੈਨੂੰ ਸਮਝ ਕਰਾ ਦਿੱਤੀ ਕਿ ਇਕ ਪ੍ਰਮਾਤਮਾ ਹੀ ਸੱਚਾ ਮਿੱਤਰ ਹੈ, ਜੋ ਸਭ ਦੀ ਸਹਾਇਤਾ ਕਰਨ ਵਾਲਾ ਹੈ। ਇਸ ਲੜਕੇ ਨੂੰ ਮੈਂ ਆਪਣਾ ਮੁਤਬੰਨਾ ਪੁੱਤਰ ਕਿਉਂ ਨਾ ਬਣਾ ਲਵਾਂ। ਬਾਦਸ਼ਾਹ ਨੇ ਇਸ ਤਰ੍ਹਾਂ ਸੋਚ ਕੇ ਉਸ ਲੜਕੇ ਨੂੰ ਆਪਣਾ ਸ਼ਹਿਜ਼ਾਦਾ ਬਣਾ ਲਿਆ। ਪ੍ਰਮਾਤਮਾ ਰੂਪੀ ਮਿੱਤਰ ਨੇ ਰਾਜੇ ਦੇ ਮਨ ਵਿਚ ਵੱਸ ਕੇ ਉਸ ਲੜਕੇ ਦੀ ਐਸੀ ਸਹਾਇਤਾ ਕੀਤੀ ਕਿ ਉਸ ਨੂੰ ਬਾਦਸ਼ਾਹ ਦਾ ਸ਼ਹਿਜ਼ਾਦਾ ਤੇ ਰਾਜ ਭਾਗ ਦਾ ਮਾਲਕ ਬਣਾ ਦਿੱਤਾ।

> ਬਿਲਾਵਲੁ ਮਹਲਾ 5 ॥ ਮਾਤ ਪਿਤਾ ਸੁਤ ਬੰਧਪ ਭਾਈ ॥ ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥ ਸੂਖ ਸਹਜ ਆਨੰਦ ਘਣੇ ॥ ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ ਰਹਾਉ ॥ ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥ ਭਏ ਮਨੋਰਥ ਸੋ ਪ੍ਰਭੁ ਜਾਪੇ ॥ 2 ॥ ਅਰਥ ਧਰਮ ਕਾਮ ਮੋਖ ਕਾ ਦਾਤਾ ॥ ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥ 3 ॥ ਸਾਧਸੰਗਿ ਨਾਨਕਿ ਰੰਗੁ ਮਾਣਿਆ ॥ ਘਰਿ ਆਇਆ ਪੂਰੈ ਗੁਰਿ ਆਣਿਆ ॥ 4 ॥੧2 ॥੧7 ॥

ਪਦ ਅਰਥ :-ਪਦ ਅਰਥ :- ਬੰਧਪ=ਰਿਸ਼ਤੇਦਾਰ। ਅਨਿਕ=ਅਨਗਿਣਤ। ਜਾਹਿ ਨ ਗਣੇ=ਨਹੀਂ ਗਿਣੇ ਜਾ ਸਕਦੇ। ਸਰੰਜਾਮ=ਸਿਰੇ ਚਾੜ੍ਹਨ ਦੇ ਪ੍ਰਬੰਧ। ਜਾਪੇ=ਜਪ ਕੇ। ਬਿਧਾਤਾ=ਫਲ ਪ੍ਰਦਾਤਾ, ਸਿਰਜਣਹਾਰ। ਰੰਗੁ=ਅਨੰਦ।

ਅਰਥ :- (ਹੇ ਭਾਈ ! ਇਸ ਸੰਸਾਰ ਵਿਚ) ਮਾਤਾ, ਪਿਤਾ, ਪੁੱਤਰ, ਰਿਸ਼ਤੇਦਾਰ, ਭਰਾ ਆਦਿ ਜੋ ਵੀ ਹਨ, ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਇਨ੍ਹਾਂ ਸਾਰਿਆਂ ਵਿਚੋਂ ਅੰਤ ਸਮੇਂ ਕੋਈ ਵੀ ਜੀਵ ਸਹਾਇਕ ਨਹੀਂ ਹੋ ਸਕਦਾ, ਇਕ ਪਾਰਬ੍ਰਹਮ ਪ੍ਰਮੇਸ਼ਰ ਹੀ ਅੰਤ ਸਮੇਂ ਸਹਾਇਤਾ ਕਰਨ ਵਾਲਾ ਹੈ ਅਤੇ ਹਰ

ਕੰਮ ਨੇਪਰੇ ਚਾੜ੍ਹਨ ਲਈ ਵੀ ਪਾਰਬ੍ਰਹਮ=ਪ੍ਰਭੂ ਹੀ (ਸੱਚਾ) ਮਦਦਗਾਰ (ਸਾਬਤ) ਹੋਇਆ ਹੈ।੧। (ਇਸ ਕਰਕੇ ਸਾਨੂੰ ਸੁੱਖ ਸਹਿਜ (ਅਤੇ ਆਤਮਿਕ) ਅਨੰਦ ਬਹੁਤ (ਪ੍ਰਾਪਤ ਹੋਏ ਹਨ)। (ਸਾਡਾ) ਗੁਰੂ ਪੂਰਾ ਹੈ, ਜਿਸ ਦੀ (ਅੰਮ੍ਰਿਤ) ਬਾਣੀ ਪੂਰੀ ਹੈ, (ਉਸ ਦੇ) ਅਨਗਿਣਤ ਗੁਣ ਹਨ ਜੋ (ਕਿਸੇ ਪਾਸੋਂ) ਗਿਣੇ ਨਹੀਂ ਜਾ ਸਕਦੇ।੧। ਰਹਾਉ।

(ਹੇ ਭਾਈ !) ਪ੍ਰਭੂ ਆਪ ਹੀ (ਸੇਵਕ ਦੇ) ਸਾਰੇ ਕਾਰਜ ਸਿਰੇ ਚੜ੍ਹਾਉਣ ਦੇ ਪ੍ਰਬੰਧ ਕਰਦਾ ਹੈ। ਉਸ ਪ੍ਰਭੂ ਦੇ ਨਾਮ ਨੂੰ ਜਪ ਕੇ (ਸੇਵਕ ਦੇ ਸਾਰੇ) ਮਨੋਰਥ ਪੂਰੇ ਹੋ ਗਏ ਹਨ।੨।

(ਗੁਰ-ਪਰਮੇਸ਼ਰ ਚਾਰੇ ਪਦਾਰਥ)-ਧਰਮ, ਅਰਥ, ਕਾਮ, ਮੋਖ ਦਾ ਦਾਤਾ ਹੈ। ਉਸ ਸਿਰਜਣਹਾਰ ਨੂੰ ਸਿਮਰ-ਸਿਮਰ ਕੇ (ਸਾਡੀ ਹਰੇਕ ਇੱਛਾ) ਪੂਰੀ ਹੋ ਗਈ ਹੈ।੩।

(ਹੇ ਭਾਈ !) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਅਸਾਂ) ਨੇ ਸਾਧ (ਗੁਰੂ) ਦੀ ਸੰਗਤ ਵਿਚ (ਟਿਕ ਕੇ ਆਤਮਿਕ) ਅਨੰਦ ਮਾਣਿਆ ਹੈ। (ਮੇਰਾ ਮਨ ਆਪਣੇ ਹਿਰਦੇ ਰੂਪੀ) ਘਰ ਵਿਚ ਆਇਆ ਹੈ (ਭਾਵ ਟਿਕ ਗਿਆ ਹੈ, ਇਸ ਚੰਚਲ ਮਨ ਨੂੰ) ਪੂਰੇ ਗੁਰੂ ਨੇ (ਨਿਜ ਘਰ ਵਿਚ) ਲਿਆਂਦਾ ਹੈ।੪।੧੨।੧੭।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧72 (ਆਦਿ ਅੰਗ 807)

### ਬਿਲਾਵਲੁ ਮਹਲਾ 5 ॥

ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥ ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥ ਰਹਾਉ ॥ ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥ ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ ॥੧॥ ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ ॥ ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥2॥੧2॥30॥

## ਪ੍ਰਾਕ੍ਰਥਨ :

ਇਹ ਸ੍ਰੀ ਮੁਖਵਾਕ ਬਿਲਾਵਲੁ ਰਾਗੁ ਵਿਚ ਪੰਚਮ ਪਾਤਸ਼ਾਹ ਜੀ ਨੇ ਉਚਾਰਨ ਕਰਕੇ ਇਸ ਸ਼ਬਦ ਅੰਦਰ ਸੱਚੀ ਸਰਕਾਰ ਨੇ ਸਹਿਜ ਸਮਾਧੀ ਦੇ ਅਨੰਦ ਸੁਖ ਦਾ ਕਥਨ ਕੀਤਾ ਹੈ ਕਿ ਉਹ ਕੈਸਾ ਸੁਖ ਅਨੰਦ ਹੈ।

## ਵਿਸ਼ਾ — ਸੂਖ ਸਹਜ ਆਨੰਦਾ

ਮਨ ਦੀ ਹਰ ਪੱਧਰ 'ਤੇ ਜੋ ਹਾਲਤ ਹੁੰਦੀ ਹੈ, ਉਸ ਨੂੰ ਅਵਸਥਾ ਆਖਦੇ ਹਨ। ਆਮ ਤੌਰ 'ਤੇ ਮਨੁੱਖੀ ਮਨ ਤਿੰਨ ਵੱਖ-ਵੱਖ ਅਵਸਥਾਵਾਂ ਵਿਚ ਵਿਚਰਦਾ ਹੈ। ਉਹ ਹਨ — ਤਮੋ ਗੁਣ, ਰਜੋ ਗੁਣ ਅਤੇ ਸਤੋ ਗੁਣ। ਤਮੋ ਗੁਣ ਭਾਵ ਤਾਮਸ ਗੁਣ ਵਾਲੀ ਅਵਸਥਾ ਵਿਚ ਮਨੁੱਖ ਅਹੰਕਾਰ ਅਤੇ ਹਉਮੈ ਵੱਸ ਹੋ ਕੇ ਅਗਿਆਨਤਾ ਦੇ ਹਨੇਰੇ ਵਿਚ ਟੱਕਰਾਂ ਮਾਰਦਾ ਹੈ ਭਾਵ ਮਨ ਹਰ ਵੇਲੇ ਭਟਕਦਾ ਰਹਿੰਦਾ ਹੈ। ਦੂਸਰਾ, ਸੁਖ ਲਈ ਦੁਨਿਆਵੀ ਖ਼ਾਹਿਸ਼ਾਂ ਜਾਂ ਲਾਲਸਾਵਾਂ ਦੇ ਵੇਗ ਵਿਚ ਗ੍ਰਸੇ ਰਹਿਣਾ ਰਜੋ ਗੁਣ ਅਖਵਾਉਂਦਾ ਹੈ। ਇਸ ਤੋਂ ਅੱਗੇ ਤੀਸਰਾ ਸਤੋ ਗੁਣ ਹੈ, ਜਦੋਂ ਮਨੁੱਖ ਸੰਸਾਰਕ ਝਮੇਲਿਆਂ ਤੋਂ ਉੱਪਰ ਉੱਠ ਕੇ, ਸ਼ਾਂਤੀ ਪ੍ਰਾਪਤ ਕਰਨ ਲਈ ਆਪਣੀ ਲਿਵ ਨੂੰ ਪ੍ਰਭੂ ਵਿਚ ਜੋੜਦਾ ਹੈ। ਇਨ੍ਹਾਂ ਤਿੰਨਾਂ ਤੋਂ ਉੱਪਰ ਚੌਥੀ ਅਵਸਥਾ ਹੈ, ਜਿਸ ਨੂੰ ਸਹਿਜ ਅਵਸਥਾ ਦਾ ਨਾਮ ਦਿੱਤਾ ਗਿਆ ਹੈ।

ਇਸ ਅਵਸਥਾ 'ਤੇ ਪਹੁੰਚ ਕੇ ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਦੁਆਰਾ ਮਨੁੱਖ ਦੀ ਸਾਰੀ ਭਟਕਣਾ ਜਾਂਦੀ ਰਹਿੰਦੀ ਹੈ। ਬਿਰਤੀ ਮਾਲਕ-ਪ੍ਰਭੂ ਨਾਲ ਜੁੜ ਜਾਂਦੀ ਹੈ। ਪ੍ਰਾਣੀ ਮੋਹ-ਮਾਇਆ ਅਤੇ ਸਾਰੇ ਵਿਕਾਰਾਂ ਤੋਂ ਨਿਰਲੇਪ ਹੋ ਜਾਂਦਾ ਹੈ। ਮਨ ਅੰਦਰ ਅਨੰਦ ਹੀ ਅਨੰਦ ਆ ਵੱਸਦਾ ਹੈ। ਫਿਰ ਮਨੁੱਖ ਅਤੇ ਪਰਮਾਤਮਾ ਵਿਚਕਾਰ ਕਿਸੇ ਪ੍ਰਕਾਰ ਦੀ ਦੂਰੀ ਨਹੀਂ ਰਹਿ ਜਾਂਦੀ। ਜੀਵ-ਆਤਮਾ ਅਤੇ ਪਰਮਾਤਮਾ ਇਕ ਰੂਪ ਹੋ ਜਾਂਦੇ ਹਨ ਜਾਂ ਇੰਜ ਕਹਿ ਲਓ ਕਿ ਪ੍ਰਾਣੀ ਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥**
**ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ॥**

(ਰਾਗੁ ਕੇਦਾਰਾ ਭਗਤ ਕਬੀਰ ਜੀ, ਅੰਗ ੧੧23)

ਅਥਵਾ :

**ਰਜ ਤਮ ਸਤ ਕਲ ਤੇਰੀ ਛਾਇਆ॥ ਜਨਮ ਮਰਣ ਹਉਮੈ ਦੁਖੁ ਪਾਇਆ॥**
**ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ॥**

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧038)

ਭਾਵ ਸੁਖਾਂ ਦੇ ਖ਼ਜ਼ਾਨੇ ਪ੍ਰਭੂ ਦੀ ਸਿਫਤਿ-ਸਾਲਾਹ ਕੀਤਿਆਂ ਮਨ ਨੂੰ ਸ਼ਾਂਤੀ ਮਿਲਦੀ ਹੈ, ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ। ਸਹਿਜ ਅਵਸਥਾ ਨੂੰ ਤੁਰੀਆ ਅਵਸਥਾ ਵੀ ਕਿਹਾ ਜਾਂਦਾ ਹੈ :

**ਸੂਖ ਸਹਜ ਆਨੰਦਾ॥ ਪ੍ਰਭੁ ਮਿਲਿਓ ਮਨਿ ਭਾਵੰਦਾ॥**

(ਰਾਗੁ ਸੋਰਠਿ ਮਹਲਾ 5, ਅੰਗ 622)

ਆਪ ਜੀ ਦੇ ਰਾਗੁ ਸੋਰਠਿ ਵਿਚ ਹੀ ਇਕ ਹੋਰ ਅੰਮ੍ਰਿਤ ਬਚਨ ਹਨ :

**ਪਰਮੇਸਰੁ ਆਪਿ ਹੋਇਆ ਰਖਵਾਲਾ॥**
**ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦ ਸੁਖਾਲਾ॥** (ਅੰਗ 622)

ਅਥਵਾ :

**ਰਸਨਾ ਗੁਣ ਗੋਪਾਲ ਨਿਧਿ ਗਾਇਣ॥**
**ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥**

(ਰਾਗੁ ਟੋਡੀ ਮਹਲਾ 5, ਅੰਗ 7੧3-੧4)

**ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥**
**ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ॥ ੧॥ ਰਹਾਉ॥**
**ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥ ਦੁਤੀਆ ਤਿਆਗੀ ਲੋਗਾ ਰੀਤਿ॥**
**ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ॥ 2॥**
**ਸਹਜ ਗੁਫਾ ਮਹਿ ਆਸਣੁ ਬਾਧਿਆ॥ ਜੋਤਿ ਸਰੂਪ ਅਨਾਹਦੁ ਵਾਜਿਆ॥**
**ਮਹਾ ਅਨੰਦ ਗੁਰ ਸਬਦੁ ਵੀਚਾਰਿ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ॥ 3॥**

(ਰਾਗੁ ਆਸਾ ਮਹਲਾ 5, ਅੰਗ 370)

ਜਦੋਂ ਸਤਿਗੁਰੂ ਜੀ ਨੇ ਨਾਮ ਦੀ ਦਾਤ ਬਖ਼ਸ਼ੀ ਤਾਂ ਪ੍ਰਭੂ ਨਾਲ ਅਜਿਹਾ ਪ੍ਰੇਮ ਪਿਆ ਕਿ ਮੋਹ-ਮਾਇਆ ਦੇ ਸਾਰੇ ਬੰਧਨ ਟੁੱਟ ਗਏ। ਹਉਮੈ ਅਤੇ ਲੋਕ-ਲਾਜ ਸਭ ਜਾਂਦੀ ਰਹੀ। ਮਨ ਵਿਚੋਂ ਸਾਰੇ ਵਿਕਾਰਾਂ ਦਾ ਨਾਸ਼ ਹੋ ਗਿਆ ਅਤੇ ਵੈਰੀ ਮਿੱਤਰ ਇਕ ਸਮਾਨ ਲੱਗਣ ਲੱਗ ਪਏ। ਫਿਰ ਮਨ ਅਜਿਹੀ ਅਵਸਥਾ ਵਿਚ ਟਿਕਿਆ ਅਤੇ ਅਜਿਹੇ ਆਤਮ ਰਸ ਦਾ ਸੁਆਦ ਮਨ ਨੂੰ ਆਇਆ ਕਿ ਹਿਰਦੇ ਘਰ ਵਿਚ ਅਨੰਦ ਹੀ ਅਨੰਦ ਪੈਦਾ ਹੋ ਗਿਆ।

**ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥**

(ਸਿਰੀਰਾਗੁ ਮਹਲਾ 3, ਅੰਗ 68)

ਇਸ ਪ੍ਰਕਾਰ ਸਹਿਜ ਅਵਸਥਾ ਮਨ ਦੀ ਪੂਰੇ ਟਿਕਾਉ ਵਾਲੀ ਅਵਸਥਾ ਹੈ। ਜਦੋਂ ਸਾਰੇ ਰੋਗ, ਚਿੰਤਾਵਾਂ ਤੇ ਲਾਲਸਾਵਾਂ ਖ਼ਤਮ ਹੋ ਜਾਂਦੀਆਂ ਹਨ ਤਾਂ ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ :

**ਸੂਖ ਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ॥**

(ਰਾਗੁ ਬਿਲਾਵਲੁ ਮਹਲਾ 5, ਅੰਗ 822)

ਰਾਗੁ ਮਾਝ ਵਿਚ ਸਤਿਗੁਰਾਂ ਦਾ ਸੁੰਦਰ ਫ਼ੁਰਮਾਨ ਹੈ ਕਿ ਸਹਿਜ ਅਵਸਥਾ ਮਨੁੱਖ ਦੇ ਅੰਤਰ ਆਤਮਾ ਦੀ ਅਵਸਥਾ ਹੈ। ਇਹ ਬਾਹਰਮੁਖੀ ਬਿਰਤੀ ਵਾਲੀ ਅਵੱਸਥਾ ਨਹੀਂ ਹੈ। ਇਸ ਲਈ ਇਸ ਨੂੰ ਮਾਣਿਆ ਤਾਂ ਜਾ ਸਕਦਾ ਹੈ, ਵਰਨਣ ਨਹੀਂ ਕੀਤਾ ਜਾ ਸਕਦਾ :

**ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥** (ਅੰਗ ੧06)

ਅਥਵਾ :

**ਜਾ ਕੈ ਸਹਜੁ ਭਇਆ ਸੋ ਜਾਣੈ॥ ਨਾਨਕ ਦਾਸੁ ਤਾ ਕੈ ਕੁਰਬਾਣੈ॥**

(ਰਾਗੁ ਗਉੜੀ ਮਹਲਾ 5, ਅੰਗ 237)

ਗੁਰਮਤਿ ਵਿਚ ਹੋਰ ਸੁਖਾਂ ਦੇ ਮੁਕਾਬਲੇ 'ਸਹਿਜ ਸੁਖ' ਜਾਂ 'ਸਹਿਜ ਅਨੰਦ' ਨੂੰ ਹੀ ਅਸਲੀ ਸੁਖ ਜਾਂ ਖੇੜਾ ਮੰਨਿਆ ਗਿਆ ਹੈ ਜਿਸ ਨਾਲ ਮਨ ਦੇ ਸਾਰੇ ਦੁੱਖ, ਰੋਗ ਅਤੇ ਸੰਸੇ ਦੂਰ ਹੋ ਜਾਂਦੇ ਹਨ ਅਤੇ ਫਿਰ ਕਿਸੇ ਪ੍ਰਕਾਰ ਦੀ ਲਾਲਸਾ ਨਹੀਂ ਰਹਿ ਜਾਂਦੀ, ਪਰ ਇਹ ਸਭ ਕੁਝ ਹੁੰਦਾ ਨਾਮ ਦੀ ਬਰਕਤ ਨਾਲ ਹੀ ਹੈ :

**ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ॥**
**ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ॥**

(ਰਾਗੁ ਬਿਲਾਵਲੁ ਮਹਲਾ 5, ਅੰਗ 8੧੧)

ਗੁਰਦੇਵ ਨੇ ਮਨੁੱਖੀ ਜੀਵਨ ਵਿਚ ਉਸ ਘੜੀ ਜਾਂ ਸਮੇਂ ਨੂੰ ਸੁਲੱਖਣਾ ਜਾਂ ਸ਼ੁੱਭ ਆਖਿਆ ਹੈ ਜਦੋਂ ਜੀਵ-ਪਰਮਾਤਮਾ ਵਿਚ ਲੀਨ ਹੋ ਕੇ ਸਹਿਜ ਅਵਸਥਾ ਵਿਚ ਵਿਚਰਦਾ ਹੈ।

**ਭਲੋ ਸਮੂਰਤੁ ਪੂਰਾ॥**
**ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ॥**

(ਰਾਗੁ ਸੋਰਠਿ, ਅੰਗ 6੧8)

ਇਸ ਉੱਚ ਅਵੱਸਥਾ ਦੇ ਧਾਰਣੀ ਕੇਵਲ ਆਪ ਹੀ ਅਨੰਦ ਨਹੀਂ ਮਾਣਦੇ ਸਗੋਂ ਦੂਜਿਆਂ ਦਾ ਵੀ ਪਾਰ ਉਤਾਰਾ ਕਰ ਦਿੰਦੇ ਹਨ, ਉਨ੍ਹਾਂ ਨੂੰ ਵੀ ਭਵ-ਸਾਗਰ ਤੋਂ ਪਾਰ ਲੰਘਾ ਦਿੰਦੇ ਹਨ।

**ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ॥**

(ਰਾਗੁ ਧਨਾਸਰੀ ਮਹਲਾ 5, ਅੰਗ 680)

ਇਸ ਚਤਰਥ ਭੂਮਿਕਾ ਰੂਪੀ ਚੌਥੀ ਸਹਿਜ ਅਵੱਸਥਾ ਰੂਪੀ ਪੜਾਅ 'ਤੇ ਪੁੱਜ ਕੇ ਫਿਰ ਪ੍ਰਾਣੀ ਅੰਮ੍ਰਿਤ-ਮਈ ਸ਼ਬਦ ਨੂੰ ਮਨ ਵਿਚ ਵਸਾ ਕੇ ਅਤੇ ਆਪਣੇ ਅੰਦਰੋਂ ਹਉਮੈ ਨੂੰ ਮਾਰ ਕੇ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਨੂੰ ਹਰ ਵੇਲੇ ਮਾਣਦਾ ਹੈ। ਫਿਰ ਉਸ 'ਤੇ ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਮਨੁੱਖ ਹਰ ਵੇਲੇ ਆਤਮਿਕ ਅਨੰਦ ਵਿਚ ਵਿਚਰਦਾ ਹੈ ਤੇ ਲਿਵ ਸਦਾ ਪ੍ਰਭੂ ਨਾਲ ਜੁੜੀ ਰਹਿੰਦੀ ਹੈ ਅਤੇ ਜੀਵ ਸੱਚੇ ਨਾਮ ਵਿਚ ਰੰਗਿਆ ਰਹਿੰਦਾ ਹੈ। ਆਸਾ ਰਾਗੁ ਵਿਚ ਗੁਰੂ ਅਮਰਦਾਸ ਜੀ ਦਾ ਸੁੰਦਰ ਫ਼ੁਰਮਾਨ ਹੈ :

**ਅੰਮ੍ਰਿਤ ਮੀਠਾ ਸਬਦੁ ਵੀਚਾਰਿ॥ ਅਨਦਿਨੁ ਭੋਗੇ ਹਉਮੈ ਮਾਰਿ॥**
**ਸਹਜਿ ਅਨੰਦਿ ਕਿਰਪਾ ਧਾਰਿ॥ ਨਾਮਿ ਰਤੇ ਸਦਾ ਸਚਿ ਪਿਆਰਿ॥**

(ਅੰਗ 424)

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਝ ਵਿਚ ਅੰਮ੍ਰਿਤ ਬਚਨ ਹਨ ਕਿ ਮਾਲਕ ਪ੍ਰਭੂ ਦੇ ਹੁਕਮ ਅਤੇ ਭਾਣੇ ਵਿਚ ਚੱਲਣ ਨਾਲ ਮਨ ਅੰਦਰ ਸੰਤੋਖ ਅਤੇ ਸਹਿਜ ਅਵਸਥਾ ਉਪਜਦੀ ਹੈ, ਜਿਸ ਨਾਲ ਸਾਰੀਆਂ ਤ੍ਰਿਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਲਿਵ ਪਰਮਾਤਮਾ ਵਿਚ ਜੁੜ ਜਾਂਦੀ ਹੈ :

**ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥**
**ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥**

(ਅੰਗ ੧06)

**ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥**

(ਰਾਗੁ ਗਉੜੀ ਥਿਤੀ ਮਹਲਾ 5, ਅੰਗ 297)

ਅਥਵਾ :

**ਤੀਨਿ ਅਵਸਥਾ ਕਹਹਿ ਵਖਿਆਨੁ॥**
**ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥**

(ਰਾਗੁ ਗਉੜ ਮਹਲਾ ੧, ਅੰਗ ੧54)

ਇਸ ਚੌਥੀ ਅਵਸਥਾ ਵਿਚ ਪੁੱਜ ਕੇ ਪ੍ਰਾਣੀ ਬ੍ਰਹਮਗਿਆਨੀ ਹੋ ਨਿਬੜਦਾ ਹੈ। ਗੁਰੂ ਅਰਜਨ ਦੇਵ ਜੀ ਰਾਗੁ ਗਉੜੀ ਸ੍ਰੀ ਸੁਖਮਨੀ ਸਾਹਿਬ ਵਿਚ ਕਥਨ ਕਰਦੇ ਹਨ :

**ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥**
**ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥**
**ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥**
**ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥**

(ਅੰਗ 273)

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਸਹਿਜ ਅਵਸਥਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਮਨ ਨੂੰ ਤਾਂ ਜਨਮਾਂ-ਜਨਮਾਤਰਾਂ ਤੋਂ ਮੈਲ ਲੱਗੀ ਹੋਈ ਹੈ। ਰਾਗੁ ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**

(ਅੰਗ 65੧)

ਇਸ ਸਬੰਧੀ ਪੰਚਮ ਗੁਰਦੇਵ ਜੀ ਦਾ ਬੜਾ ਸੁੰਦਰ ਫ਼ੁਰਮਾਨ ਹੈ ਕਿ ਪੂਰੇ ਸੰਤ-ਜਨਾਂ ਦੇ ਪੈਰੀਂ ਲੱਗਿਆਂ, ਉਨ੍ਹਾਂ ਦੀ ਚਰਨ-ਧੂੜ ਵਿਚ ਇਸ਼ਨਾਨ ਕੀਤਿਆਂ ਇਹ ਮੈਲ ਧੁਪ ਜਾਂਦੀ ਹੈ :

**ਸੰਤ ਰੇਨੁ ਨਿਤਿ ਮਜਨੁ ਕਰੈ॥ ਜਨਮ ਜਨਮ ਕੇ ਕਿਲਬਿਖ ਹਰੈ॥**

(ਰਾਗ ਕਾਨੜਾ, ਅੰਗ ੧300)

ਭਾਈ ਗੁਰਦਾਸ ਜੀ ਨੇ ਗੁਰੂ ਚਰਨਾਂ ਦੀ ਮਹਿਮਾ ਕਰਦਿਆਂ, "ਸਹਜ ਸਮਾਧਿ ਨਿਜ ਆਸਨ ਸਿੰਘਾਸਨ" ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :

**ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ, ਅਤਿ ਅਸਚਰਜ-ਮੈ ਨਮੋ ਨਮੋ ਨਮ ਹੈ॥**
**ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ, ਬਾਸਨਾ ਸੁਬਾਸੁ ਤਾਸੁ ਦੁਤੀਆ ਨ ਸਮ ਹੈ॥**
**ਸਹਜ ਸਮਾਧਿ ਨਿਜ ਆਸਨ ਸਿੰਘਾਸਨ, ਸ੍ਵਾਦ ਬਿਸਮਾਦ ਰਸ ਗੰਮਿਤਾ ਅਗਮ ਹੈ॥**
**ਰੂਪ ਕੈ ਅਨੂਪ ਰੂਪ, ਮਨ ਮਨਸਾ ਥਕਤ, ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ॥ 80 ॥**

(ਭਾਈ ਗੁਰਦਾਸ ਜੀ, ਕਬਿੱਤ ਸਵੱਯੇ)

ਐਸੇ ਗੁਰੂ ਦੇ ਪਵਿੱਤਰ ਚਰਨ-ਕਮਲ ਕੋਮਲ ਤੋਂ ਕੋਮਲ, ਸੀਤਲ ਤੋਂ ਸੀਤਲ ਜੋ ਹਨ, ਉਸ ਦੇ ਬਿਸਮਾਦ ਰੱਸ ਨੂੰ ਭੁੰਚਦਾ ਹੋਇਆ ਸਹਜ ਸਮਾਧਿ ਦੇ ਸਿੰਘਾਸਨ 'ਤੇ ਆਸਨ ਲਾਈ ਬੈਠੇ ਭਾਈ ਗੋਂਦਾ ਜੀ ਦਾ ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ। ਜਿੰਨਾ ਚਿਰ ਸਹਿਜ ਸਮਾਧਿ ਵਿਚ ਭਾਈ ਗੋਂਦਾ ਜੀ ਬੈਠਾ ਰਿਹਾ, ਓਨਾ ਚਿਰ ਸੱਤਮ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਲੰਗਰ ਛਕਣ ਨਹੀਂ ਗਏ ਸਨ।

## ਸਾਖੀ—ਸਹਜ ਸਮਾਧਿ ਨਿਜ ਆਸਨ ਸਿੰਘਾਸਨ

ਸਤਿਗੁਰੂ ਸ੍ਰੀ ਹਰਿਰਾਇ ਸਾਹਿਬ ਜੀ ਮਹਾਰਾਜ ਨੇ ਭਾਈ ਗੋਂਦੇ ਨੂੰ ਕਾਬਲ ਵਿਚ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਭੇਜਿਆ ਸੀ। ਉਸ ਨੇ ਉਥੇ ਰਹਿ ਕੇ ਸਿੱਖੀ ਦਾ ਪ੍ਰਚਾਰ ਭੀ ਬਹੁਤ ਕੀਤਾ। ਉਸ ਦਾ ਹਰ ਰੋਜ਼ ਦਾ ਨਿਯਮ ਸੀ, ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਗੁਰੂ ਸਰੂਪ ਦੇ ਧਿਆਨ 'ਚ ਮਗਨ ਹੋਣਾ। ਇਕ ਦਿਨ ਇਸ ਨੇ ਅੰਮ੍ਰਿਤ ਵੇਲੇ ਦੇ ਨਿਯਮ ਅਨੁਸਾਰ ਗੁਰੂ-ਸਰੂਪ ਦਾ ਧਿਆਨ ਧਰਿਆ ਅਤੇ ਧਿਆਨ ਰਾਹੀਂ ਮਨ ਰੂਪੀ ਹੱਥਾਂ ਨਾਲ ਇਸ ਨੇ ਗੁਰੂ ਸਾਹਿਬ ਜੀ ਦੇ ਪਾਵਨ ਚਰਨ ਪਕੜ ਲਏ ਸਨ। ਚਾਰ ਪਹਿਰ ਇਸ ਤਰ੍ਹਾਂ ਸਤਿਗੁਰੂ ਜੀ ਦੇ ਧਿਆਨ 'ਚ ਮਗਨ ਸਮਾਧੀ ਵਿਚ ਬੈਠਾ ਰਿਹਾ। ਉਧਰ ਕੀਰਤਪੁਰ ਸਾਹਿਬ ਸਤਿਗੁਰੂ ਜੀ

ਵੀ ਚਾਰ ਪਹਿਰ ਉਠੇ ਨਹੀਂ। ਪ੍ਰਸ਼ਾਦਾ ਤਿਆਰ ਹੋਣ ਤੇ ਲਾਂਗਰੀਆਂ ਦੇ ਬਾਰ-ਬਾਰ ਬੇਨਤੀ ਕਰਨ ਤੋਂ ਸਤਿਗੁਰੂ ਜੀ ਨੇ ਦੱਸਿਆ ਸੀ ਕਿ ਭਾਈ ! ਕਾਬਲ ਵਿਚ ਇਕ ਸਿੱਖ ਭਾਈ ਗੋਂਦਾ ਜੀ ਨੇ ਧਿਆਨ ਰਾਹੀਂ ਸਾਡੇ ਚਰਨ ਪਕੜ ਰੱਖੇ ਹਨ। ਜੇ ਅਸੀਂ ਉਠਦੇ ਹਾਂ ਤੇ ਉਸ ਤੋਂ ਚਰਨ ਛੁਡਾਉਂਦੇ ਹਾਂ ਤਾਂ ਉਸ ਦੀ ਸਮਾਧੀ ਖੁੱਲ੍ਹਦੀ ਹੈ ਅਤੇ ਉਸ ਨੂੰ ਖੇਦ ਪੁੱਜਦਾ ਹੈ।

**ਕਾਬਲ ਮਹਿ ਗੋਂਦਾ ਸਿਖ ਰਹੇ। ਧਰੇ ਧਯਾਨ ਦੋਨੋਂ ਪਦ ਗਹੇ।**
**ਕਿਸ ਬਿਧ ਤਿਸ ਤੇ ਚਰਨ ਛੁਡਾਵੋਂ। ਬਿਨਾ ਛੁਟੇ ਕਿਮ ਲੰਗਰ ਜਾਵੋਂ॥ 26 ॥**
**ਰਹਯੋ ਉਡੀਕਤ ਛੋਰਹਿ ਮੋਹੀ। ਦ੍ਰਿਢ ਗਹਿ ਰਾਖਯੋ ਤਯਾਗ ਨ ਹੋਹੀ॥**
**ਜਬ ਸੰਧਿਆ ਹੋਈ ਦਿਨ ਗਯੋ। ਤਬਿ ਗੋਂਦਾ ਊਠਤ ਤਹਿ ਭਯੋ॥ 27 ॥**

(ਗੁਰਪ੍ਰਤਾਪ ਸੂਰਜ ਗ੍ਰੰਥ)

ਜਿਸ ਵੇਲੇ ਭਾਈ ਗੋਂਦਾ ਜੀ ਸਮਾਧੀ 'ਚੋਂ ਉਠੇ ਤਾਂ ਸਤਿਗੁਰੂ ਸਾਹਿਬ ਜੀ ਨੇ ਉਠ ਕੇ ਲੰਗਰ ਛਕਿਆ ਸੀ। ਗੁਰਸਿੱਖਾਂ ਦੇ ਪੁੱਛਣ ਤੋਂ ਸਤਿਗੁਰੂ ਜੀ ਨੇ ਦੱਸਿਆ ਸੀ ਕਿ ਅਸੀਂ ਤਾਂ ਨਹੀਂ ਉਠੇ, ਜੋ ਭਾਈ ਗੋਂਦੇ ਨੇ ਧਿਆਨ ਰਾਹੀਂ ਸਾਡੇ ਚਰਨ ਫੜ ਰੱਖੇ ਸਨ।

ਐਸੇ ਗੁਰੂ ਕੇ ਚਰਨ-ਕਮਲਾਂ ਦੇ ਸ੍ਵਾਦ ਬਿਸਮਾਦ ਰਸ ਭੁੰਚਨ ਵਾਲੇ ਗੁਰਸਿੱਖ ਦੀ (ਅਵਸਥਾ) ਪਤੰਗੇ ਦੀ ਦੀਪਕ ਨਾਲ ਪ੍ਰੀਤੀ, ਹਰਨ ਦੀ ਘੰਡੇਹੇੜੇ ਦੇ ਸ਼ਬਦ ਸੁਣਨ ਨਾਲ, ਤੇ ਭੌਰੇ ਦੇ ਫੁੱਲ ਦੀ ਸੁਗੰਧੀ ਵਿਚ ਲੀਨ ਹੋਣ ਵਾਂਗ, ਗੁਰਸਿੱਖ ਦਾ ਮਨ ਰੂਪ ਭੌਰਾ ਗੁਰਦੇਵ ਦੇ ਚਰਨ-ਕਮਲਾਂ ਦੇ ਪ੍ਰੇਮ ਰਸ ਤੇ ਆਤਮ ਰਸ ਦੇ ਸੁੱਖ ਰੂਪੀ ਡੱਬੇ ਵਿਚ ਸਮਾਅ ਜਾਂਦਾ ਹੈ।

**ਲੋਚਨ ਪੰਤਗ ਦੀਪ ਦਰਸ ਦੇਖਨ ਗਏ, ਜੋਤੀ ਜੋਤਿ ਮਿਲਿ ਪੁਨਿ ਊਤਰ ਨ ਆਨੇ ਹੈ॥**
**ਨਾਦ ਬਾਦ ਸੁਨਬੇ ਕਉ ਸ੍ਰਵਨ ਹਰਨ ਗਏ, ਸੁਨਿ ਧੁਨਿ ਥਕਤ ਭਏ ਨ ਬਹੁਰਾਨੇ ਹੈ॥**
**ਚਰਨ ਕਮਲ ਮਕਰੰਦ ਰਸਿ ਰਸਿਕ ਹੁਇ, ਮਨ ਮਧੁਕਰ ਸੁਖ ਸੰਪਟ ਸਮਾਨੇ ਹੈ॥**
**ਰੂਪ ਗੁਨ ਪ੍ਰੇਮ ਰਸ ਪੂਰਨ ਪਰਮ ਪਦ, ਆਨ ਗਿਆਨ ਧਿਆਨ ਰਸ ਭਰਮ ਭੁਲਾਨੇ ਹੈ॥ ੪੩੧ ॥**

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਝੂਠੀਆਂ ਸਮਾਧੀਆਂ ਲਾਉਣ ਵਾਲੇ ਸਿੱਧਾਂ ਬਾਰੇ ਜਦ ਅਸੀਂ ਪੜ੍ਹਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਹ ਕਿਹੜੀ ਸਮਾਧੀ ਦਾ ਅਨੰਦ ਲੈਂਦੇ ਸਨ, ਇਹ ਤਾਂ ਵਿਸ਼ੇ ਅਨੰਦ ਵਿਚ ਖਚਤ ਸਨ।

## ਸਾਖੀ—ਗੋਰਖ ਦੇ ਗੁਰੂ ਦੀ

ਮਛੰਦਰ ਨਾਥ, ਗੋਰਖ ਨਾਥ ਦਾ ਗੁਰੂ ਹੋਇਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਇਸ ਦੀ ਉੱਤਪਤੀ ਸ਼ਿਵ ਦੇ ਵੀਰਜ ਦ੍ਵਾਰਾ ਮੱਛੀ ਦੇ ਪੇਟ ਤੋਂ ਲਿਖੀ ਹੈ ਅਤੇ ਯੋਗ ਗ੍ਰੰਥਾਂ ਵਿਚ ਕਥਾ ਹੈ ਕਿ ਸ਼ਿਵ

ਦਾ ਉਪਦੇਸ਼ ਸੁਣ ਕੇ ਇਕ ਮੱਛ ਗਯਾਨੀ ਹੋ ਗਿਆ ਅਤੇ ਮਹਾਂਦੇਵ ਨੇ ਉਸ ਦੀ ਦੇਹ ਮਨੁੱਖ ਦੀ ਕਰ ਦਿੱਤੀ। ਦਸਮ ਗ੍ਰੰਥ ਵਿਚ ਇਸ ਦੇ ਨਾਮ ਮਛਿੰਦ੍ਰ, ਮਛੰਦਰ ਵੀ ਹਨ, 'ਮੱਛ ਸਹਿਤ ਮਛਿੰਦ੍ਰ ਜੋਗੀ ਬਾਂਧ ਜਾਰ ਮਝਾਰ' (ਮਹਾਨ ਕੋਸ਼)। ਯੋਗ ਮਤਿ ਵਿਚ ਨਉਂ ਨਾਥ ਮੰਨੇ ਹਨ। ਇਨ੍ਹਾਂ ਨਾਥਾਂ ਵਿਚ ਮਛੰਦਰ ਨਾਥ ਤੇ ਗੋਰਖ ਨਾਥ ਦਾ ਨਾਮ ਵੀ ਅੰਕਿਤ ਹੈ। ਸ਼ਾਸਤ੍ਰਕਾਰਾਂ ਨੇ ਛੇ ਜਤੀ ਮੰਨੇ ਹਨ। ਇਨ੍ਹਾਂ ਜਤੀਆਂ ਵਿਚ ਵੀ ਗੋਰਖ ਨਾਥ ਦਾ ਨਾਮ ਲਿਖਿਆ ਆਉਂਦਾ ਹੈ। ਪਰ ਗੁਰਬਾਣੀ ਅੰਦਰ ਭਗਤ ਕਬੀਰ ਜੀ ਦੇ ਬਚਨ ਹਨ :

**ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥**

(ਅੰਗ ੧੧੬੦)

ਇਹ ਮਾਇਆ ਦੇ ਬੰਦੇ ਦੱਸੇ ਹਨ, ਯੋਗ ਬਲ ਨਾਲ ਰਿਧੀਆਂ ਸਿਧੀਆਂ ਪਾ ਕੇ ਵਿਕਾਰਾਂ ਵਿਚ ਗ੍ਰੱਸੇ ਹੋਏ ਸਨ। ਮਛੰਦਰ ਨਾਥ ਤਾਂ ਐਸਾ ਵਿਕਾਰੀ ਸੀ ਕਿ (ਸੰਗਲਾ ਦੀਪ ਦਾ ਅਮਰੂ ਨਾਮ ਦਾ ਰਾਜਾ ਜਿਸ ਵੇਲੇ ਮਿਰਤੂ ਹੋਇਆ) ਤਾਂ ਮਛੰਦਰ ਨਾਥ ਆਪਣਾ ਸਰੀਰ ਬਰਫਾਨੀ ਪਹਾੜਾਂ ਵਿਚ ਸਿਧੀ ਬਲ ਨਾਲ ਸੁਰੱਖਿਅਤ ਛੱਡ ਕੇ ਆਪ ਪਰ ਕਾਇਆ ਪ੍ਰਵੇਸ਼ ਸਿਧੀ ਦ੍ਵਾਰਾ ਅਮਰੂ ਰਾਜੇ ਦੀ ਦੇਹ ਵਿਚ ਪ੍ਰਵੇਸ਼ ਹੋ ਕੇ ਵਿਕਾਰਾਂ ਅਧੀਨ, ਵਿਸ਼ੇ ਪੂਰਤੀ ਵਾਸਤੇ, ਕਾਮ ਵਾਸ਼ਨਾ ਲਈ ਕਈ ਸਾਲ ਰਾਣੀਆਂ ਨਾਲ ਖੇਹ ਖਾਂਦਾ ਰਿਹਾ। ਇਸ ਦੇ ਸੰਜੋਗ ਤੋਂ ਰਾਣੀਆਂ ਦੇ ਦੋ ਪੁੱਤਰ ਵੀ ਪੈਦਾ ਹੋ ਗਏ ਸਨ। ਗੋਰਖ ਨਾਥ ਦੇ ਸ਼ਰੀਕ ਸਿੱਧਾਂ ਨੇ ਗੋਰਖ ਨੂੰ ਮਿਹਣਾ ਮਾਰਿਆ — (ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ), ਹੇ ਗੋਰਖ ! ਤੂੰ ਜਤੀ ਸਦਾਉਂਦਾ ਹੈਂ ਪਰ ਤੇਰਾ ਗੁਰੂ ਮਛੰਦਰ ਨਾਥ ਅਮਰੂ ਰਾਜੇ ਦੀਆਂ ਰਾਣੀਆਂ ਨਾਲ ਵਿਕਾਰ ਭੋਗਦਾ ਪਿਆ ਹੈ। ਇਹ ਮਿਹਣਾ ਸੁਣ ਕੇ ਗੋਰਖ ਨੇ ਭੇਸ ਬਦਲ ਕੇ ਤਬਲਾ ਵਜਾਉਣ ਵਾਲੇ ਦਾ ਸ਼ਗਿਰਦ ਬਣ ਕੇ ਸੰਗਲਾਦੀਪ ਰਾਜ ਵਿਚ ਤਬਲਾ ਵਜਾਇਆ। ਭੇਸ ਇਸ ਲਈ ਬਦਲਣਾ ਪਿਆ ਕਿਉਂਕਿ ਮਛੰਦਰ ਨੇ ਅਮਰੂ ਰਾਜਾ ਦਾ ਰੂਪ ਹੋ ਕੇ ਹੁਕਮ ਕਰ ਦਿੱਤਾ ਸੀ ਕਿ ਮੇਰੇ ਰਾਜ ਦੀ ਹੱਦ ਅੰਦਰ ਕੋਈ ਕੰਨ ਪਾਟਾ ਜੋਗੀ ਨਾ ਆਵੇ। ਰਾਜ ਦਰਬਾਰ ਅੰਦਰ ਵੇਸਵਾ ਨਚਦੀ ਗਾਉਂਦੀ ਸੀ। ਇਸ ਸਮੇਂ ੩੬੦ ਕਿਆਫਾ ਵਜਦਾ ਸੀ। ਗੋਰਖ ਨਾਥ ਨੇ ਤਬਲਾ ਵਜਾਉਣ ਸਮੇਂ ਆਪਣੇ ਗੁਰੂ ਮਛੰਦਰ ਨਾਥ ਦੀ ਵਿਸ਼ੇ ਰਸ ਵਿਚ ਫਸੀ ਆਤਮਾ ਨੂੰ ਜਗਾਇਆ। ਤਬਲੇ ਵਿਚੋਂ ਅਵਾਜ਼ ਕੱਢੀ ਕਿ (ਜਾਗ ਮਛੰਦਰਾ ਗੋਰਖ ਆਇਓ)। ਮਛੰਦਰ ਦੇ ਸੰਜੋਗ ਰਾਹੀਂ ਜੋ ਦੋ ਪੁੱਤਰ ਰਾਣੀਆਂ ਦੇ ਹੋਏ ਸਨ, ਉਹ ਵੀ ਗੋਰਖ ਨੇ ਮਾਰ ਮੁਕਾਏ ਕਿ ਜੋਗੀਆਂ ਦੇ ਮੱਥੇ ਕਲੰਕ ਹੈ। ਗੋਰਖ ਨਾਥ ਨੇ ਜਦ ਸਿਧ ਗੋਸ਼ਟ ਕੀਤੀ ਤਾਂ ਉਸ ਸਮੇਂ ਗੁਰੂ ਨਾਨਕ ਦੇਵ ਜੀ ਅੱਗੇ ਹਾਰ ਮੰਨ ਕੇ ਗੁਰੂ ਜੀ ਦੀ ਚਰਨੀਂ ਪਿਆ ਅਤੇ ਗੁਰੂ ਕੀ ਸੰਗਤ ਕਰਕੇ ਆਪ ਤਰਿਆ ਅਤੇ ਆਪਣੇ ਗੁਰੂ ਮਛੰਦਰ ਨੂੰ ਨਾਲ ਲੈ ਕੇ ਗੁਰੂ ਜੀ ਅੱਗੇ ਮਛੰਦਰ ਨਾਥ ਦਾ ਕੁਕਰਮ ਤੇ ਕਲੰਕ ਖਟਿਆ ਦੱਸ ਕੇ ਬੇਨਤੀ ਕੀਤੀ ਕਿ ਗੁਰੂ ਜੀ, ਇਸ ਨੂੰ ਤਾਰ ਦਿਉ। ਇਸ ਦੀ ਕਾਮ-ਵਾਸ਼ਨਾ ਸਾੜ ਦੇਵੋ। ਇਹ ਕਹਿ ਕੇ ਮਛੰਦਰ ਨਾਥ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨੀਂ ਪਾਇਆ। ਮਛੰਦਰ ਨਾਥ ਨੇ ਗੁਰ-ਚਰਨਾਂ ਦੀ ਧੂੜੀ ਮਸਤਕ ਨਾਲ ਲਾਈ 'ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ॥ ਬਖ਼ਸ਼ਿਸ਼ ਹੋ ਗਈ। ਵਿਸ਼ੇ ਵਾਸ਼ਨਾ ਸੜ ਗਈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਐਸੀ ਕਿਰਪਾ ਹੋਈ ਕਿ

**ਚਰਨ ਕਮਲ ਰਜ ਮਜਨ ਕੈ ਦਿਬ ਦੇਹ, ਮਹਾ ਮਲੁ ਮੂਤ੍ਰ ਧਾਰੀ, ਨਿਰੰਕਾਰੀ ਕੀਨੇ ਹੈ॥**

(ਕਬਿੱਤ ਸਵੱਈਏ, ਭਾਈ ਗੁਰਦਾਸ ਜੀ)

ਗੁਰਬਾਣੀ ਰਾਹੀਂ ਵੀ ਧੰਨ ਗੁਰੂ ਨਾਨਕ ਦੇਵ ਜੀ ਨੇ ਮਛੰਦਰ ਨਾਥ ਉਪਰ ਹੋਰ ਕਿਰਪਾ ਕੀਤੀ—

**ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥**
**ਵਸਗਤਿ ਪੰਚ ਕਰੇ ਨਹ ਡੋਲੈ॥** (ਅੰਗ 877)

ਇਹ ਗੁਰੂ ਰੂਪ ਸਾਧੂ ਦੀ ਪਵਿੱਤ੍ਰ ਧੂੜੀ ਦੀ ਮਹਿਮਾ ਹੈ, ਜੋ ਕਾਮ, ਕਰੋਧ ਆਦਿ ਵਿਸ਼ੇ ਵਾਸ਼ਨਾ ਨੂੰ ਸਾੜ ਦਿੰਦੀ ਹੈ।

ਬਿਲਾਵਲੁ ਮਹਲਾ 5 ॥ ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ॥ ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ॥ ਰਹਾਉ॥ ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ॥ ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ॥ ੧ ॥ ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ॥ ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ॥ 2 ॥ ੧2 ॥30 ॥

ਪਦ ਅਰਥ :- ਸਹਜ ਸਮਾਧਿ=(ਆਤਮਿਕ) ਸ਼ਾਂਤੀ, ਚਤਰਥ ਭੂਮਿਕਾ ਤੇ ਲੀਨਤਾ ਵਾਲੀ ਅਵਸਥਾ। ਦੀਨ=(ਬਖ਼ਸ਼) ਦਿੱਤੇ। ਚੀਨ=ਜਾਣ-ਪਛਾਣ। ਜਗਤ੍ਰ ਮਹਿ=ਜਗਤ ਵਿਚ। ਲੋਚਹਿ=ਲੋਚਦੇ (ਚਾਹੁੰਦੇ) ਹਨ। ਜੀਅ=ਜੀਵ। ਸੁਪ੍ਰਸੰਨ=ਚੰਗੀ ਤਰ੍ਹਾਂ, ਪ੍ਰਸੰਨ (ਖ਼ੁਸ਼)। ਅੰਗੁ=ਪੱਖ। ਗੁਰ ਪਾਸਿ=ਗੁਰੂ ਦੇ ਕੋਲ।

ਅਰਥ :- (ਹੇ ਭਾਈ ! ਨਿਰਵਿਕਲਪ ਸਮਾਧੀ ਭਾਵ ਆਤਮਿਕ ਸ਼ਾਂਤੀ ਵਾਲੀ) ਸਹਿਜ ਸਮਾਧੀ (ਵਾਲੀ ਅਵਸਥਾ) ਦੇ (ਸਾਰੇ ਆਤਮਿਕ) ਅਨੰਦ ਤੇ ਸੁਖ ਸਾਨੂੰ ਪੂਰੇ ਗੁਰੂ ਨੇ ਬਖ਼ਸ਼ ਦਿੱਤੇ ਹਨ। (ਜੋ) ਪ੍ਰਭੂ ਸਦਾ ਸਹਾਈ (ਤੇ) ਅੰਗ-ਸੰਗ ਹੈ, (ਉਸ ਦੇ) ਅੰਮ੍ਰਿਤ ਗੁਣ ਜਾਣ-ਪਛਾਣ ਲਏ ਹਨ।ਰਹਾਉ।

(ਹੇ ਭਾਈ ! ਉਪ੍ਰੋਕਤ ਪੂਰਨ ਗੁਰੂ ਦੀ ਬਖ਼ਸ਼ਿਸ਼ ਦਾ ਸਦਕਾ) ਹੁਣ ਸਾਰੇ ਜਗਤ ਵਿਚ ਜੈ ਜੈਕਾਰ ਹੋ ਰਹੀ ਹੈ (ਅਤੇ) ਸਾਰੇ ਜੀਵ (ਅਜਿਹਾ) ਲੋਚਦੇ ਹਨ। ਪਰਮੇਸ਼ਰ ਰੂਪ ਸਤਿਗੁਰੂ ਬਹੁਤ ਪ੍ਰਸੰਨ ਹੋਏ ਹਨ (ਜਿਸ ਕਰ ਕੇ ਧਰਮ ਦੇ ਸੱਚੇ ਮਾਰਗ ਵਿਚ ਸਾਨੂੰ) ਕੋਈ ਰੁਕਾਵਟ ਨਹੀਂ ਆਈ।੧।

(ਹੇ ਭਾਈ !) ਜਿਸ ਦਾ ਅੰਗ=ਪਖ ਦਇਆਲੂ ਪਰਮਾਤਮਾ (ਕਰਦਾ ਹੈ), ਉਸ ਦੇ ਸਾਰੇ (ਮਨੁੱਖ) ਦਾਸ (ਸੇਵਕ ਬਣ ਜਾਂਦੇ) ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ ਸਮਰੱਥ) ਗੁਰੂ ਦੇ ਕੋਲ ਸਦਾ ਹੀ (ਐਸੀਆਂ) ਵਡਿਆਈਆਂ (ਦੇ ਭੰਡਾਰ ਭਰੇ ਪਏ ਹਨ)।੨।੧੨।੩੦।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਮੁਖਵਾਕ ਨੰਬਰ ੧73 (ਆਦਿ ਅੰਗ 809)

## ਬਿਲਾਵਲੁ ਮਹਲਾ 5 ॥

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧ ॥ ਰਹਾਉ ॥ ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ 2 ॥ ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥ 3 ॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥ 4 ॥ 7 ॥ 37 ॥

## ਪ੍ਰਾਕ੍ਰਥਨ :

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਪਾਵਨ ਸ਼ਬਦ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੈ। ਇਸ ਸ਼ਬਦ ਅੰਦਰ ਹਜ਼ੂਰ ਨੇ ਗੁਰੂ ਅਤੇ ਗੁਰੂ ਕੀ ਸੰਗਤ ਦੀ ਮਹਾਨ ਮਹਿਮਾ ਦਰਸਾਈ ਹੈ।

## ਵਿਸ਼ਾ — ਮਹਿਮਾ ਸਾਧੂ ਸੰਗ ਕੀ

ਗੁਰਮਤਿ ਰਾਹੀਂ ਗੁਰੂ ਸਾਹਿਬ ਜੀ ਦੇ ਬਖ਼ਸ਼ੇ ਸਿਧਾਂਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰਬਾਣੀ ਨਿਤਨੇਮ, ਕਥਾ ਕੀਰਤਨ ਸੁਣਨ ਸਮੇਂ ਇਕੱਠੇ ਹੋਏ ਮਾਈ ਭਾਈ ਨੂੰ ਸਤਿ-ਸੰਗਤਿ ਜਾਂ ਸਾਧ ਸੰਗਤ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਜਗਿਆਸੂਆਂ ਦੀ ਰੁਚੀ ਵੈਰਾਗ ਸਹਿਤ ਗੁਰੂ ਚਰਨਾਂ ਨਾਲ ਜੁੜੀ ਹੁੰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਤਾਂ ਸਤਿ ਸੰਗਤਿ ਦੀ ਮਹਿਮਾ ਕਥਨ ਕਰਦਿਆਂ ਕਿਹਾ ਹੈ ਕਿ ਪਾਰਸ ਦੀ ਛੋਹ ਨਾਲ ਜਿਸ ਤਰ੍ਹਾਂ ਮਨੂਰ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਪਤਿਤ ਮਨੁੱਖ ਵੀ ਸਤਿਸੰਗਤ ਕਰਨ ਨਾਲ ਪਵਿੱਤਰ ਹੋ ਜਾਂਦਾ ਹੈ, ਕਿਉਂਕਿ ਗੁਰੂ ਮਤਿ ਧਾਰਨ ਕਰਨ ਨਾਲ ਉਨ੍ਹਾਂ ਦੀ ਅਵੱਸ਼ਕ ਸ਼ੁੱਧੀ ਹੋ ਜਾਂਦੀ ਹੈ :

**ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ**
**ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ॥**

(ਅੰਗ ੧297)

ਵਿਦਵਾਨ ਪੁਰਸ਼ਾਂ ਨੇ ਸੰਗਤ ਦੀ ਵਿਆਖਿਆ ਕਰਦਿਆਂ ਚਾਰ ਤਰ੍ਹਾਂ ਦੀ ਸੰਗਤ ਦਰਸਾਈ ਹੈ — ੧. ਸੰਗਤ, ੨. ਸਾਧਸੰਗਤਿ, ੩. ਕੁਸੰਗਤ, ੪. ਸਤਿਸੰਗਤ।

(੧) ਸੰਗਤ :- ਇਸ ਤੋਂ ਭਾਵ ਹੈ ਇਕੱਠ, ਸਭਾ, ਮਜਲਿਸ, ਦੋ ਚੀਜ਼ਾਂ ਦਾ ਮਿਲਾਪ ਅਤੇ ਦੁਨੀਆਂ ਵਾਲੇ ਹਰ ਪ੍ਰਕਾਰ ਦੇ ਇਕੱਠ ਦਾ ਨਾਮ ਵੀ ਸੰਗਤ ਲੈਂਦੇ ਹਨ, ਪਰ ਜਿਹੋ ਜਿਹਾ ਇਕੱਠ ਹੈ, ਲਾਭ ਵੀ ਉਹੋ ਜਿਹਾ ਹੀ ਪ੍ਰਾਪਤ ਹੁੰਦਾ ਹੈ। ਚੰਗੀ ਸੰਗਤ ਦਾ ਚੰਗਾ ਫਲ ਅਤੇ ਮਾੜੀ ਸੰਗਤ ਦਾ ਮਾੜਾ ਫਲ ਮਿਲਦਾ ਹੈ।

(੨) ਸਾਧਸੰਗਤਿ :- ਭਲੇ ਪੁਰਸ਼ਾਂ ਦੀ ਸੰਗਤ, ਜਿਨ੍ਹਾਂ ਸਤਿ ਪੁਰਸ਼ਾਂ ਨਾਲ ਮਿਲ ਕੇ ਪਰਉਪਕਾਰ, ਭਜਨ ਸਿਮਰਨ, ਕਥਾ ਕੀਰਤਨ, ਨਿਸ਼ਕਾਮ ਸੇਵਾ ਵਿਚ ਲੱਗ ਕੇ ਜੀਵਨ ਉੱਚਾ ਹੋ ਜਾਵੇ।

(੩) ਕੁਸੰਗਤ :- ਜਿਨ੍ਹਾਂ ਕੁਸੰਗੀਆਂ ਮਨਮੁਖਾਂ ਨਾਲ ਮਿਲ ਕੇ ਪੁਰਖ ਚੰਗੇ ਸੁਭਾਅ ਨੂੰ ਵਿਗਾੜ ਲਵੇ, ਆਪਣੀ ਕੁਲ ਦੀ ਲਾਜ ਛੱਡ ਦੇਵੇ, ਸ਼ੁਭ ਗੁਣਾਂ ਨੂੰ ਛੱਡ ਦੇਵੇ, ਨਖਿਧ ਕਰਮ ਕਰਨ ਲੱਗ ਜਾਵੇ, ਉਹ ਕੁਸੰਗਤ ਹੈ।

(੪) ਸਤਿਸੰਗਤ :- ਜਿਨ੍ਹਾਂ ਨਾਲ ਮਿਲਿਆਂ ਸੱਤ ਸਰੂਪ ਦੀ (ਸੰ) ਭਲੀ ਪ੍ਰਕਾਰ (ਗਤਿ) ਪ੍ਰਾਪਤੀ ਹੋ ਜਾਵੇ, ਉਸ ਦਾ ਨਾਮ ਸਤਿਸੰਗਤ ਹੈ। ਇਸ ਸਬੰਧ ਵਿਚ ਹਜ਼ੂਰ ਨੇ ਗੁਰਬਾਣੀ ਅੰਦਰ ਇਸ ਪ੍ਰਕਾਰ ਕਥਨ ਕੀਤਾ ਹੈ :

**ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥**

(ਅੰਗ ੪੧੪)

ਸਤਿ-ਸੰਗ ਤੋਂ ਭਾਵ ਹੈ ਸੱਚਾ, ਸ੍ਰੇਸ਼ਟ ਜਾਂ ਉੱਤਮ ਸਾਥ। ਇਹ ਸਾਥ ਚੰਗੇ ਜਾਂ ਭਲੇ ਪੁਰਸ਼ਾਂ ਦੇ ਮਿਲਾਪ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। (ਸੰ: ਸੰਸਕ੍ਰਿਤ, ਸਤਯ : +ਸੰਗ) ਭਲਾ ਸੰਗ, ਸੱਚੇ ਪੁਰਖ ਦਾ ਸੰਗ, ਉਸ ਉੱਤਮ ਪੁਰਸ਼ ਦਾ ਸੰਗ ਜੋ ਝੂਠ ਤੇ ਮਾਯਾ ਮੋਹ ਤੋਂ ਕੱਢ ਕੇ ਸਤਿ ਸਰੂਪ ਵਾਹਿਗੁਰੂ ਵਿਚ ਜੋੜ ਦੇਵੇ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ ਐਸੇ ਉੱਤਮ ਪੁਰਸ਼ਾਂ ਦੀ ਸੰਗਤ ਕਰਨ ਨਾਲ ਹਰ ਇਕ ਮਨੁੱਖ ਉੱਤਮ ਬਣ ਜਾਂਦਾ ਹੈ, ਉਸ ਮਨੁੱਖ ਦੇ, ਜੋ ਸੰਗਤ ਕਰਨ ਵਾਲਾ ਹੈ, ਸਾਰੇ ਅਵਗੁਣ ਨਸ਼ਟ ਹੋ ਜਾਂਦੇ ਹਨ ਅਤੇ ਸ਼ੁੱਭ ਗੁਣਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

**ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥**
**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥** (ਅੰਗ 72)

ਸਤਿਸੰਗਤਿ ਦੇ ਲੱਛਣ ਗੁਰਦੇਵ ਨੇ ਇਸ ਤਰ੍ਹਾਂ ਦਰਸਾਏ ਹਨ ਕਿ ਸਤਿ-ਸੰਗਤ ਉਹ ਹੈ, ਜਿਥੇ ਕੇਵਲ ਇਕ ਨਾਮ ਦਾ ਹੀ ਵਿਖਿਆਨ ਹੋਵੇ, ਕਿਉਂਕਿ ਨਾਮ ਹੀ ਇਕ ਮਾਤਰ ਹੁਕਮ ਹੈ, ਜੋ ਸਤਿਗੁਰੂ ਜੀ ਨੇ ਸਾਨੂੰ ਦੱਸਿਆ ਹੈ।

**ਸਤਿਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥** (ਅੰਗ 72)

ਅਸਲ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੁਭਾਇਮਾਨ ਇਕੱਠ ਦਾ ਨਾਮ ਸਤਿਸੰਗਤਿ ਹੈ, ਜਿੱਥੇ ਕਥਾ ਕੀਰਤਨ ਜਾਂ ਗੁਰਬਾਣੀ ਦਾ ਪਾਠ ਹੁੰਦਾ ਹੋਵੇ, ਨਾਮ ਜਪਿਆ ਜਾਂਦਾ ਹੋਵੇ (ਅਥਵਾ) ਭਲੇ ਪੁਰਸ਼ਾਂ ਦਾ ਸੰਗ ਜੋ ਝੂਠ ਤੇ ਮਾਇਆ ਮੋਹ ਚੋਂ ਕੱਢ ਕੇ ਸਤਿ ਤੇ ਵਾਹਿਗੁਰੂ ਵਿਚ ਲਗਾਵੇ।

**ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥** (ਅੰਗ ੧੬੦)

**ਸਤਿਸੰਗਤ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ॥'**
**ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ॥**

(ਅੰਗ ੭੩੧)

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਸਿ॥**

(ਅੰਗ ੧੦)

**ਸੰਗਤਿ ਕੇ ਮੁਖ ਊਜਲ ਭਏ॥ ਸਗਲ ਥਾਨ ਨਿੰਦਕ ਕੇ ਗਏ॥ 3 ॥** (ਅੰਗ 896)

ਅਰਥ :- ਭਲੇ ਪੁਰਸ਼ਾਂ ਦੀ ਸੰਗਤ ਕਰਨ ਵਾਲਿਆਂ ਦੇ ਮੁਖ ਉਜਲੇ ਹੁੰਦੇ ਹਨ। ਨਿੰਦਕਾਂ ਨੂੰ ਕਿਤੇ ਢੋਈ ਨਹੀਂ ਮਿਲਦੀ।

**ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥** (ਅੰਗ 381)

**ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥**
**ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥** (ਅੰਗ 889)

ਨੇਕ ਚੰਗੇ ਪੁਰਸ਼ਾਂ ਦੀ ਸੰਗਤ ਕਰਨ ਵਾਲੇ ਨੂੰ ਪ੍ਰਮੇਸ਼ਰ ਚੇਤੇ ਆਉਂਦਾ ਹੈ, ਨਾਮ ਜਪਣ ਨਾਲ ਮਨ ਵਿਚ ਸੰਤੋਖ ਪ੍ਰਾਪਤ ਹੁੰਦਾ ਹੈ।

**ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥**
**ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥** (ਅੰਗ 1025)

ਸੰਗਤ ਕਰਨ ਵਾਲੇ ਗਿਆਨ-ਜਾਗਰਤ ਅਵਸਥਾ ਵਿਚ ਜਾਗਦੇ ਹਨ। ਅਵਿੱਦਿਆ ਦੀ ਨੀਂਦ ਵਿਚ ਉਹ ਕਦੇ ਸੁੱਤੇ ਨਜ਼ਰ ਨਹੀਂ ਆਉਂਦੇ। ਐਸੇ ਭਲੇ ਪੁਰਸ਼ਾਂ ਦੀ ਸੰਗਤ ਤਾਰ ਦਿੰਦੀ ਹੈ, ਉਹ ਨਾਮ ਪਰੋਸ ਕੇ ਨਾਮ ਵਿਚ ਜੋੜਦੇ ਹਨ।

**ਸਤਿਗੁਰ ਸਾਧਸੰਗਤਿ ਹੈ ਨੀਕੀ ਮਿਲਿ ਸੰਗਤਿ ਰਾਮੁ ਰਵੀਜੈ ॥**
**ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ ॥ 7 ॥**

(ਅੰਗ 1324)

ਸਾਧ ਸਰੂਪ ਸਤਿਗੁਰਾਂ ਦੀ ਸੰਗਤ ਸੁੰਦਰ ਹੈ। ਉਸ ਵਿਚ ਮਿਲ ਕੇ ਨਾਮ ਦਾ ਜਪਣਾ ਪ੍ਰਾਪਤ ਹੁੰਦਾ ਹੈ। ਗੁਰ ਕਿਰਪਾ ਨਾਲ ਪ੍ਰੇਮ ਰੂਪੀ ਰਤਨ, ਗਿਆਨ ਰੂਪੀ ਜਵੇਹਰ ਅਤੇ ਸ਼ੁੱਧਤਾ ਰੂਪੀ ਮੋਤੀ ਅੰਦਰੋਂ ਹੀ ਪ੍ਰਾਪਤ ਹੋ ਜਾਂਦੇ ਹਨ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਸਵੱਈਆਂ ਅੰਦਰ ਸਤਿ ਸੰਗਤ ਦੀ ਮਹਿਮਾ ਇਸ ਤਰ੍ਹਾਂ ਕਥਨ ਕੀਤੀ ਹੈ :

**ਸਤਿ ਬਿਨੁ ਸੰਜਮ ਨ ਪਤਿ ਬਿਨੁ ਪੂਜਾ ਹੋਇ,**
**ਸਚ ਬਿਨੁ ਸੋਚ ਨ ਜਨੇਊ ਜਤ ਹੀਨ ਹੈ ॥**
**ਬਿਨ ਗੁਰ-ਦੀਖਿਆ ਗਿਆਨ, ਬਿਨੁ ਦਰਸਨ ਧਿਆਨ,**
**ਭਾਉ ਬਿਨੁ ਭਗਤਿ ਨ ਕਥਨੀ ਭੈ ਭੀਨ ਹੈ ॥**
**ਸਾਂਤਿ ਨ ਸੰਤੋਖ ਬਿਨੁ, ਸੁਖੁ ਨ ਸਹਿਜ ਬਿਨੁ,**
**ਸਬਦ ਸੁਰਤਿ ਬਿਨੁ ਪ੍ਰੇਮ ਨ ਪ੍ਰਬੀਨ ਹੈ ॥**

**ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ,**
**ਬਿਨੁ ਸਾਧ ਸੰਗਤਿ ਨ ਰੰਗ ਲਿਵਲੀਨ ਹੈ॥ ੨੧੫॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

**ਜਪ ਤਪ ਸੰਜਮ ਸਾਧਨਾ ਹਠ ਨਿਗ੍ਰਹ ਕਰਣੇ।**
**ਵਰਤ ਨੇਮ ਤੀਰਥ ਘਣੇ ਅਧਿਆਤਮ ਧਰਣੇ।**
**ਦੇਵੀ ਦੇਵਾ ਦੇਹੁਰੇ ਪੂਜਾ ਪਰਵਰਣੇ।**
**ਹੋਮ ਜਗ ਬਹੁ ਦਾਨ ਕਰਿ ਮੁਖ ਵੇਦ ਉਚਰਣੇ।**
**ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ।**
**ਗੁਰਮੁਖਿ ਸੁਖ ਫਲ ਸਾਧਸੰਗਿ ਮਿਲਿ ਦੁਤਰੁ ਤਰਣੇ॥ ੧੨॥**

(ਵਾਰ ੩੮, ਪਉੜੀ ੧੨, ਭਾ: ਗੁਰਦਾਸ ਜੀ)

ਸਾਹਿਬੇ ਕਮਾਲ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਨਿੰਨ ਸਿੱਖ ਕਵਿ ਮਨਸੁਖ ਆਪਣੀ ਲਿਖਤ ਪੰਚ ਤੰਤ੍ਰ ਵਿਚ ਲਿਖਦਾ ਹੈ। ਇਹ ਪੰਚ ਤੰਤ੍ਰ ਗ੍ਰੰਥ ਲਿਖਿਆ ਗਿਆ ਹੈ ਸੰਮਤ ੧੭੪੧ ਵਿਚ :

**ਕਲਿਜੁਗ ਜਬੈ ਅਨੀਤ ਚਲਾਈ। ਨਾਨਕ ਰੂਪ ਧਰਯੋ ਹਰਿ ਆਈ।**
**ਚਾਰੋ ਵਰਨ ਸਿਖ ਤਬ ਕੀਨੇ। ਕ੍ਰਿਪਾਵੰਤ ਹੁਇ ਇਹ ਫਲ ਦੀਨੇ।**
**ਦਯਾ ਧਰਮ ਪ੍ਰਾਤਹ ਇਸਨਾਨ। ਸਤਯ ਵਚਨ ਔ ਪ੍ਰੀਤ ਸੁ ਦਾਨ।**
**ਸਾਧਸੰਗਤਿ ਹੋਯੋ ਤਿਹ ਨਾਮ। ਸਬ ਮਿਲ ਪਾਵਹਿ ਤਹਿ ਬਿਸਰਾਮ।**
**ਕਲਿ ਕੇ ਦੂਤ ਤਹਾਂ ਜੋ ਆਵਹਿਂ। ਸਾਧ ਸੰਗਤਿ ਮੇ ਠੋਰ ਨ ਪਾਵਹਿਂ।**

(ਗੁਰਮਤਿ ਮਾਰਤੰਡ, ਭਾਗ ਪਹਿਲਾ)

**ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।**
**ਅਸਟ ਧਾਤੁ ਇਕ ਧਾਤੁ ਹੋਇ ਸੰਗ ਪਾਰਸਿ ਢੋਵੈ।**
**ਨਦੀਆ ਨਾਲੇ ਵਾਹੜੇ ਮਿਲਿ ਗੰਗ ਗੰਗੋਵੈ।**
**ਪਤਿਤ ਉਧਾਰਣੁ ਸਾਧਸੰਗੁ ਪਾਪਾਂ ਮਲੁ ਧੋਵੈ।**
**ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ।**
**ਆਪੇ ਆਪ ਵਰੱਤਦਾ ਗੁਰਮੁਖਿ ਅਲੋਵੈ॥ ੧੬॥**

(ਵਾਰ ੨, ਪਉੜੀ ੧੬, ਭਾ: ਗੁਰਦਾਸ ਜੀ)

**ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍॥**
**ਨਾਨਕ ਲਾਲੁ ਅਮਲੋਕਾ ਗੁਰਮੁਖਿ ਖੋਜਿ ਲਹੰਨਿ੍॥ 30 ॥** (ਅੰਗ ੧4੧੭)

ਸ੍ਰੇਸ਼ਟ ਗੁਰੂ ਦੀ ਸੰਗਤ ਵਿਚ ਮਿਲ ਕੇ ਨਾਮ ਰੂਪ ਹੀਰਾ, ਪ੍ਰੇਮ ਰੂਪ ਰਤਨ ਲੱਭ ਪੈਂਦੇ ਹਨ। ਹਜ਼ੂਰ ਕਥਨ ਕਰਦੇ ਹਨ ਕਿ ਅਮਲੋਕ ਨਾਮ ਰੂਪ ਲਾਲ ਨੂੰ ਉਹ ਪ੍ਰਾਪਤ ਕਰ ਲੈਂਦੇ ਹਨ, ਜੋ ਗੁਰਮੁਖ ਗੁਰੂ ਦੇ ਸਨਮੁਖ ਹੋ ਕੇ ਗੁਰਬਾਣੀ ਦੀ ਖੋਜ ਵਿਚਾਰ ਕਰਦੇ ਹਨ।

**ਅਨਾਥਾ ਨਾਥ ਭਗਤ ਭੈ ਮੇਟਨ॥ ਸਾਧਸੰਗਤ ਜਮਦੂਤ ਨ ਭੇਟਨ॥ 2 ॥**
(ਅੰਗ 760)

ਵਾਹਿਗੁਰੂ ਜੀ ਗ਼ਰੀਬਾਂ ਦਾ ਮਾਲਕ ਆਪਣੇ ਭਗਤਾਂ ਦੇ ਭੈਅ ਨੂੰ ਦੂਰ ਕਰਨ ਵਾਲਾ ਹੈ, ਉਸ ਦੇ ਪਿਆਰਿਆਂ ਦੀ ਸੰਗਤ ਕਰਨ ਵਾਲਿਆਂ ਦੇ ਜਮ ਨੇੜੇ ਨਹੀਂ ਆਉਂਦੇ।

**ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ॥ 2 ॥**
(ਅੰਗ ੧300)

ਹਜ਼ੂਰ ਕਥਨ ਕਰਦੇ ਹਨ ਕਿ ਸਾਧੂਆਂ ਦੀ ਸੰਗਤ ਕਰਨ ਵਾਲਿਆਂ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ, ਉਹ ਸਹਜਿ ਅਵਸਥਾ ਵਿਚ ਸਮਾਅ ਜਾਂਦੇ ਹਨ।

**ਸੰਤ ਤੁਝੀ ਤਨੁ ਸੰਗਤਿ ਪ੍ਰਾਨ॥**
**ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥ ੧॥**
**ਸੰਤ ਚੀ ਸੰਗਤਿ ਸੰਤ ਕਥਾ ਰਸੁ॥**
**ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥ ੧॥ ਰਹਾਉ॥** (ਅੰਗ 486)

ਸੰਤ ਵਾਹਿਗੁਰੂ ਜੀ ਦਾ ਸਰੂਪ ਹਨ, ਸੰਗਤ ਪ੍ਰਾਨਾਂ ਦੀ ਤਰ੍ਹਾਂ ਪਿਆਰੀ ਹੈ। ਸੰਤ ਜਨ ਪ੍ਰਮੇਸ਼ਰ ਦਾ ਸਰੂਪ ਹਨ, ਸਤਿਗੁਰ ਦੇ ਗਿਆਨ ਨੂੰ ਜਾਣਦੇ ਹਨ। ਭਗਤ ਜੀ ਕਹਿੰਦੇ ਹਨ ਕਿ ਹੇ ਵਾਹਿਗੁਰੂ ਜੀ ! ਸੰਤ ਦੀ ਸੰਗਤ, ਸੰਤਾਂ ਦੀ ਕਥਾ ਦਾ ਰਸ ਅਤੇ ਸੰਤਾਂ ਨਾਲ ਪ੍ਰੇਮ ਕਰਨ ਦੀ ਕਿਰਪਾ ਕਰਕੇ ਬਖ਼ਸ਼ਿਸ਼ ਕਰੋ ਜੀ।

**ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥ 2 ॥**
(ਅੰਗ 486)

ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਇਕੱਠੀਆਂ ਮਿਲ ਕੇ ਰਹਿੰਦੀਆਂ ਹਨ, ਇਸ ਤਰ੍ਹਾਂ ਸਤਿਸੰਗਤ ਵਿਚ ਮਿਲ ਕੇ ਰਹੀਏ।

**ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥**
**ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ**
**ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ॥ 8 ॥** (ਅੰਗ ੧3੧6)

ਸਤ ਸੰਗਤ ਗੁਰੂ ਜੀ ਦੀ ਪਾਠਸ਼ਾਲਾ ਹੈ ਜਿੱਥੇ ਹਰੀ ਦੀ ਪ੍ਰਾਪਤੀ ਦੇ ਸ਼ੁਭ ਗੁਣ ਸਿਖੀਦੇ ਹਨ। ਉਹ ਰਸਨਾ ਧੰਨ ਧੰਨ ਹੈ ਜੋ ਨਾਮ ਜੱਪਦੀ ਹੈ। ਗੁਰੂ ਰੂਪ ਪਾਂਧਾ ਵੀ ਧੰਨ ਹੈ, ਜਿਸ ਨਾਲ ਮਿਲ ਕੇ ਹਰੀ ਦਾ ਜਸ ਰੂਪ ਲੇਖਾ ਲਿਖਿਆ ਹੈ, ਲਿਖਣ ਵਾਲੇ ਹੱਥ ਵੀ ਧੰਨ ਹਨ।

**ਸਤ ਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ॥** (ਅੰਗ ੧424)

ਜੋ ਪੁਰਸ਼ ਸਤ ਸੰਗਤ ਵਿਚ ਮਿਲ ਕੇ ਗੁਰੂ ਦੀ ਸੇਵਾ ਕਰਦੇ ਹਨ, ਉਹਨਾਂ ਨੂੰ ਹਰੀ ਨੇ ਆਪਣੇ ਨਾਲ ਮੇਲ ਲਿਆ ਹੈ, ਗੁਰੂ ਨੇ ਹਰੀ ਨਾਲ ਮਿਲਾਏ ਹਨ।

**ਦੂਜੇ ਭਾਇ ਦੁਸਟਾ ਕਾ ਵਾਸਾ॥ ਭਉਦੇ ਫਿਰਹਿ ਬਹੁ ਮੋਹ ਪਿਆਸਾ॥**
**ਕੁਸੰਗਿਤ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ॥**

(ਅੰਗ ੧068)

ਖੋਟੇ ਦੁਸ਼ਟ ਪੁਰਸ਼ਾਂ ਦਾ ਦ੍ਵੈਤ ਵਿਚ ਪ੍ਰੇਮ ਹੈ, ਤ੍ਰਿਸ਼ਨਾਲੂ ਮੋਹ ਵਿਚ ਘਿਰੇ ਹੋਏ ਮਾਇਆ ਵਾਸਤੇ ਭੌਂਦੇ ਫਿਰਦੇ ਹਨ। ਕੁਸੰਗਤ ਕਰਨ ਵਾਲੇ ਸਦਾ ਦੁੱਖ ਹੀ ਦੁੱਖ ਭੋਗਦੇ ਹਨ।

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥**

(ਅੰਗ ੧37੧)

ਭਗਤ ਕਬੀਰ ਜੀ ਕਹਿੰਦੇ ਹਨ ਕਿ ਮਾਇਆ ਦੇ ਉਪਾਸ਼ਕਾਂ ਦੀ ਸੰਗਤ ਨਾ ਕਰੋ। ਖੋਟਿਆਂ ਦੀ ਸੰਗਤ ਤੋਂ ਦੂਰ ਹੀ ਰਿਹਾ ਕਰੋ। ਕਾਲਖ ਵਾਲੇ ਬਰਤਨ ਨੂੰ ਛੋਹਣ ਨਾਲ ਕਾਲਖ ਦਾ ਦਾਗ਼ ਲੱਗ ਜਾਂਦਾ ਹੈ।

ਮਨੁੱਖ ਨੂੰ ਜੀਵਨ ਦੀ ਸਫਲਤਾ ਪ੍ਰਾਪਤ ਕਰਨ ਵਾਸਤੇ ਗੁਰੂ ਦੀ ਸੰਗਤ ਕਰਨੀ ਜ਼ਰੂਰੀ ਹੈ, ਕਿਉਂਕਿ ਹਜ਼ੂਰ ਦਾ ਫ਼ੁਰਮਾਨ ਹੈ ਕਿ ਸੰਗਤ ਕੀਤੇ ਬਿਨਾਂ ਸੰਸਾਰ ਅੰਦਰ ਕੋਈ ਵੀ ਤਰਿਆ ਨਹੀਂ।

**ਖੋਜਤ ਖੋਜਤ ਸੁਨੀ ਇਹ ਸੋਇ॥ ਸਾਧਸੰਗਤਿ ਬਿਨੁ ਤਰਿਓ ਨ ਕੋਇ॥**

(ਅੰਗ 373)

ਗੁਰੂ ਰੂਪ ਸਾਧੂ ਦੀ ਮਹਿਮਾ ਹਜ਼ੂਰ ਨੇ ਇਸ ਸ਼ਬਦ ਦੇ ਆਰੰਭ ਵਿਚ ਇਸ ਤਰ੍ਹਾਂ ਕਥਨ ਕੀਤੀ ਹੈ:

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥**

ਜਿਸ ਪੁਰਸ਼ ਨੂੰ ਗੁਰੂ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ, ਉਹ ਮੂਰਖ ਤੋਂ ਮੂਰਖ ਵੀ ਚਤੁਰ ਬਕਤਾ ਬਣ ਜਾਂਦਾ ਹੈ। ਜਿਸ ਤਰ੍ਹਾਂ ਗੁਰੂ ਦੀ ਸੰਗਤ ਨਾਲ (ਅਥਵਾ) ਗੁਰੂ ਕਿਰਪਾ ਨਾਲ ਛੱਜੂ ਝੀਵਰ ਸ਼ਾਸਤ੍ਰ ਵੇਤਾ ਬਣ ਗਿਆ ਸੀ।

## ਸਾਖੀ—ਛੱਜੂ ਝੀਵਰ ਦੀ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦਿੱਲੀ ਨੂੰ ਜਾ ਰਹੇ ਸਨ ਤਾਂ ਆਪ ਜੀ ਨੇ ਅੰਬਾਲੇ ਤੋਂ ਚਾਰ-ਪੰਜ ਮੀਲ ਦੇ ਫ਼ਾਸਲੇ 'ਤੇ ਪੰਜੋਖਰੇ ਨਾਮੇ ਪਿੰਡ ਵਿਚ ਪੜਾਅ ਕੀਤਾ। ਇਥੇ ਇਕ ਲਾਲ ਚੰਦ ਨਾਮੇ ਬੜਾ ਵਿਦਵਾਨ ਪੰਡਤ ਰਹਿੰਦਾ ਸੀ, ਜੋ ਬਹੁਤ ਹੰਕਾਰੀ ਸੀ। ਸਵੇਰ ਵਕਤ ਜਦੋਂ ਪਹਾੜ ਦੀ ਤਰਫ਼ ਨੂੰ ਬਾਹਰ ਨਿਕਲਿਆ ਤਾਂ ਤੰਬੂ ਕਨਾਤਾਂ ਲੱਗੀਆਂ ਵੇਖ ਕੇ ਅਤੇ ਸਿੱਖ ਸੰਗਤਾਂ ਨੂੰ ਤੁਰਦਿਆਂ-ਫਿਰਦਿਆਂ ਵੇਖ ਕੇ ਇਕ ਸਿੱਖ ਨੂੰ ਪੁੱਛਿਆ, "ਇਹ ਕੌਣ ਹਨ ?" ਤਾਂ ਸਿੱਖ ਨੇ ਕਿਹਾ, "ਇਹ ਅਕਾਲ ਪੁਰਖ ਦੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅੱਠਵਾਂ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ।" ਤਾਂ ਸੁਣ ਕੇ ਪੰਡਿਤ ਨੇ ਹੰਕਾਰ ਸਹਿਤ ਕਿਹਾ, "ਨਾਮ ਤਾਂ ਕਿੱਡਾ ਵੱਡਾ ਰੱਖਿਆ ਹੈ, ਪਰ ਨਾਮ ਵਾਲੇ ਗੁਣ ਹੋਣੇ ਬੜੀ ਔਖੀ ਗੱਲ ਹੈ। ਦੁਆਪਰ ਜੁਗ ਦੇ ਅਵਤਾਰ ਸੋਲਾਂ ਕਲਾਂ ਸੰਪੂਰਨ ਸ੍ਰੀ ਕ੍ਰਿਸ਼ਨ ਜੀ ਹੋਏ ਹਨ, ਜਿਨ੍ਹਾਂ ਨੇ ਅਰਜਨ ਦੇ ਪ੍ਰਥਾਇ ਗੀਤਾ ਦਾ ਗਿਆਨ ਬਖ਼ਸ਼ਿਆ ਹੈ। ਇਹ ਭਾਵੇਂ ਉਹਨਾਂ ਦੀ ਉਚਾਰਨ ਕੀਤੀ ਹੋਈ ਗੀਤਾ ਦੇ ਅਰਥ ਵੀ ਨਾ ਕਰ ਸਕਦੇ ਹੋਣ, ਤੇ ਨਾਮ ਉਨ੍ਹਾਂ ਨਾਲੋਂ ਵੀ ਵੱਡਾ ਰੱਖ ਲਿਆ ਹੈ। ਉਹਨਾਂ ਦਾ ਨਾਮ ਤਾਂ ਸ੍ਰੀ ਕ੍ਰਿਸ਼ਨ ਜੀ ਸੀ ਤੇ ਇਨ੍ਹਾਂ ਨੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨਾਮ ਰਖਾਇਆ ਹੈ।" ਤਾਂ ਅੱਗੋਂ ਸਿੱਖ ਨੇ ਕਿਹਾ, "ਪੰਡਿਤ ਜੀ, ਸਤਿਗੁਰੂ ਜੀ ਸਰਬ ਕਲਾ ਸਮਰੱਥ ਹਨ, ਚੱਲ ਕੇ ਜੋ ਮਰਜ਼ੀ ਪੁੱਛ ਲਉ।" ਤਾਂ ਲਾਲ ਚੰਦ ਪੰਡਿਤ ਨੇ ਸਿੱਖ ਨਾਲ ਆ ਕੇ ਸਤਿਗੁਰਾਂ ਨੂੰ ਉਹੀ ਗੱਲ ਕਹੀ ਕਿ ਤੁਸੀਂ ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨਾਲੋਂ ਵੀ ਵੱਡਾ ਨਾਮ ਰਖਾਇਆ ਹੈ, ਕੀ ਤੁਸੀਂ ਉਹਨਾਂ ਦੀ ਉਚਾਰਨ ਕੀਤੀ ਹੋਈ ਗੀਤਾ ਦੇ ਅਰਥ ਸੁਣਾ ਦਿਉਗੇ ? ਤਾਂ ਸਤਿਗੁਰਾਂ ਨੇ ਕਿਹਾ, "ਪੰਡਿਤ ਜੀ ! ਜੇ ਅਸੀਂ ਗੀਤਾ ਦੇ ਅਰਥ ਕਰ ਦਿੱਤੇ ਤਾਂ ਵੀ ਤੇਰੇ ਮਨ ਦਾ ਭਰਮ ਦੂਰ ਨਹੀਂ ਹੋਣਾ, ਤੂੰ ਸਮਝੇਂਗਾ ਕਿ ਗੁਰੂ-ਸਪੁੱਤਰ ਹਨ, ਕਿਸੇ ਵਿਦਵਾਨ ਪੰਡਿਤ ਨੂੰ ਘਰ ਰੱਖ ਕੇ ਛੋਟੀ ਉਮਰ ਵਿਚ ਹੀ ਵਿਦਿਆ ਪੜ੍ਹ ਲਈ ਹੋਵੇਗੀ, ਪਰ ਜਿਸ ਪਾਸੋਂ ਤੂੰ ਕਹੇਂ, ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਕਿਰਪਾ ਨਾਲ ਉਸ ਪਾਸੋਂ ਹੀ ਗੀਤਾ ਦੇ ਅਰਥ ਕਰਵਾ ਦਿੰਦੇ ਹਾਂ।" ਇਹ ਸੁਣ ਕੇ ਪੰਡਿਤ ਬੜਾ ਖ਼ੁਸ਼ ਹੋਇਆ ਕਿ ਹੁਣ ਤਾਂ ਮੇਰੀ ਜ਼ਰੂਰ ਜਿੱਤ ਹੋਵੇਗੀ।

ਪਿੰਡ ਵਿਚ ਜਾ ਕੇ ਇਕ ਛੱਜੂ ਨਾਮੇ ਝਿਊਰ ਨੂੰ, ਜੋ ਜਮਾਂਦਰੂ ਗੂੰਗਾ ਤੇ ਬੋਲਾ ਸੀ ਅਤੇ ਜੋ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਕੇ ਪੇਟ ਪੂਰਤੀ ਕਰਿਆ ਕਰਦਾ ਸੀ, ਉਸ ਨੂੰ ਲੈ ਆਇਆ। ਸਤਿਗੁਰੂ ਜੀ ਨੇ ਜਿਸ ਕੱਚੇ ਤਲਾਅ ਵਿਚ ਆਪ ਇਸ਼ਨਾਨ ਕੀਤਾ ਸੀ, ਆਗਿਆ ਦੇ ਕੇ ਉਸ ਵਿਚ ਛੱਜੂ ਝਿਊਰ ਦਾ ਇਸ਼ਨਾਨ ਕਰਵਾਇਆ। ਇਸ ਸਰੋਵਰ ਨੂੰ ਪੱਕਾ ਕਰਵਾਉਣ ਦੀ ਸੇਵਾ ਸੱਚ ਖੰਡ ਵਾਸੀ ਸ੍ਰੀ ਮਾਨ ੧੦੮ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂ ਵਾਲਿਆਂ ਨੇ ਕਰਵਾਈ ਹੈ। ਤਾਂ ਛੱਜੂ ਝਿਊਰ ਨੂੰ ਸਾਰੀਆਂ ਵਿਦਿਆ ਅੰਦਰੋਂ ਹੀ ਸਫੁਰਨ ਹੋ ਆਈਆਂ। ਪੰਡਿਤ ਨੂੰ ਮੁਖ਼ਾਤਬ ਕਰ ਕੇ ਕਹਿਣ ਲੱਗਾ :

**ਕਸਮਨੰ ਸ਼ਾਸਤ੍ਰ ਪਰਵਿਰਤਤੇ ॥**

ਹੇ ਪੰਡਿਤ ਜੀ ! ਮੇਰੇ ਨਾਲ ਚਰਚਾ ਕਰਨ ਵਾਸਤੇ ਤੁਸੀਂ ਕਿਹੜੇ ਸ਼ਾਸਤ੍ਰ ਵਿਚ ਪ੍ਰਵਿਰਤ ਹੋਣਾ ਹੈ ?

ਤਾਂ ਲਾਲ ਚੰਦ ਨਾਮੇ ਪੰਡਿਤ ਗੂੰਗੇ ਬੋਲੇ ਝੀਵਰ ਦੇ ਕੋਲੋਂ ਐਸਾ ਸਲੋਕ ਸੁਣ ਕੇ ਹੈਰਾਨ ਹੋ ਗਿਆ ਅਤੇ ਇਤਨਾ ਘਬਰਾ ਗਿਆ ਕਿ ਗੀਤਾ ਦਾ ਪਾਠ ਵੀ ਨਾ ਕਰ ਸਕਿਆ। ਤਾਂ ਛੱਜੂ ਨੇ ਆਪ ਹੀ ਪਾਠ ਕਰ ਕੇ, ਇਕ-ਇਕ ਸਲੋਕ ਦੇ ਕਈ-ਕਈ ਅਰਥ ਕੀਤੇ ਸਨ ਅਤੇ ਕਿਹਾ, "ਗੀਤਾ ਦਾ ਗਿਆਨ ਇਹੋ ਹੈ ਕਿ ਆਤਮਾ ਅਮਰ ਹੈ, ਇਸ ਲਈ ਕਦੀ ਵੀ ਕਾਲ ਤੋਂ ਨਹੀਂ ਡਰਨਾ ਚਾਹੀਦਾ, ਸਗੋਂ ਤਮਾਮ ਸੰਕਟਾਂ ਦਾ ਮੁਕਾਬਲਾ ਕਰਦੇ ਹੋਏ ਉੱਚੇ ਆਦਰਸ਼ਾਂ 'ਤੇ ਡਟੇ ਰਹਿਣਾ ਚਾਹੀਦਾ ਹੈ।" ਇਹ ਸੁਣ ਕੇ ਪੰਡਤ ਗੁਰੂ ਜੀ ਦੀ ਚਰਨੀਂ ਆ ਪਿਆ।

**ਬੋਲਯੋ ਸ਼ਕਤੀ ਰਾਵਰ ਕੇਰੀ। ਸ੍ਰੀ ਕ੍ਰਿਸ਼ਨ ਤੇ ਪਿਖੀ ਬਧੇਰੀ।**
**ਬਿਪਰ ਜਾਤ ਬਿਦਯਾ ਮਦ ਭਾਰੀ। ਜਾ ਕਰ ਮਤਸਰ ਬਢੀ ਅਪਾਰੀ॥ 252 ॥**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਗੁਰੂ ਸਾਹਿਬ ਦੀ ਕਿਰਪਾ ਨਾਲ ਤਾਂ ਕੀੜੀ ਜੈਸਾ ਮਨੁੱਖ ਹਾਥੀ ਦਾ ਟਾਕਰਾ ਕਰ ਲੈਂਦਾ ਹੈ, ਜਿਸ ਤਰ੍ਹਾਂ ਇਤਿਹਾਸ ਅੰਦਰ ਜ਼ਿਕਰ ਹੈ :

**"ਬਖਸਿਯੋ ਬਲ ਬਿਲਾਸ ਕਲਗੀਧਰ ਵੱਧ ਗਯੋ ਮਨ ਉਤਸਾਹੂ॥**
**ਕੁੰਚਰ ਕੋ ਪਪੀਲਕਾ ਜਾਨਹੁ ਤੌ ਤੁਰਤ ਰਣ ਮਾਹੂ॥"**

## ਸਾਖੀ—ਭਾਈ ਬਚਿੱਤ੍ਰ ਸਿੰਘ ਦੀ

ਇਕ ਸਮੇਂ ਬਾਈਧਾਰ ਦੇ ਰਾਜਿਆਂ ਨੇ ਇਕੱਠੇ ਹੋ ਕੇ, ਖ਼ੂਨੀ ਮਸਤ ਹਾਥੀ ਨੂੰ ਸ਼ਰਾਬ ਪਿਲਾ ਕੇ ਅਤੇ ਸੁੰਡ ਨਾਲ ਤਲਵਾਰ ਨੰਗੀ ਬੰਨ੍ਹ ਕੇ, ਲੋਹਗੜ੍ਹ ਦੇ ਕਿਲ੍ਹੇ 'ਤੇ ਹਮਲਾ ਕਰਨਾ ਚਾਹਿਆ। ਇਹ ਖ਼ਬਰ ਗੁਰੂ ਜੀ ਪਾਸ ਪਹੁੰਚੀ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਕੋਈ ਫ਼ਿਕਰ ਨਾ ਕਰੋ, ਗੁਰੂ ਕਾ ਦੁਨੀ ਚੰਦ ਹਾਥੀ ਉਸ ਦਾ ਟਾਕਰਾ ਕਰੇਗਾ। ਗੁਰੂ ਜੀ ਪਾਸੋਂ ਇਹ ਬਚਨ ਸੁਣ ਕੇ ਦੁਨੀ ਚੰਦ ਮਸੰਦ ਨੂੰ ਫ਼ਿਕਰ ਪੈ ਗਿਆ ਕਿ ਗੁਰੂ ਜੀ ਹਾਥੀ ਅੱਗੇ ਕਰ ਕੇ ਮੈਨੂੰ ਮਰਵਾਉਣਗੇ। ਉਹ ਆਪਣੇ ਸਾਥੀਆਂ ਨੂੰ ਨਾਲ ਤਿਆਰ ਕਰ ਕੇ ਰਾਤ ਨੂੰ ਕਿਲ੍ਹੇ ਦੀ ਕੰਧ ਟੱਪ ਕੇ ਜਾਣ ਲੱਗਾ ਸੀ। ਦੁਨੀ ਚੰਦ ਦੀ ਉਸ ਸਮੇਂ ਲੱਤ ਟੁੱਟ ਗਈ ਜਦ ਉਹ ਕਿਲ੍ਹੇ ਤੋਂ ਉਤਰ ਰਿਹਾ ਸੀ। ਨਾਲ ਦੇ ਸਾਥੀ ਉਸੇ ਤਰ੍ਹਾਂ ਹੀ ਉਸ ਨੂੰ ਚੁੱਕ ਕੇ ਲੈ ਗਏ ਸਨ। ਜਿਸ ਸਮੇਂ ਦੁਨੀ ਚੰਦ ਸਾਥੀਆਂ ਸਮੇਤ ਚਲਾ ਗਿਆ ਤਾਂ ਸਰਪ ਦੇ ਡੰਗ ਮਾਰਨ ਨਾਲ ਦੁਨੀ ਚੰਦ ਦੀ ਮੌਤ ਹੋ ਗਈ ਸੀ, ਕਿਉਂਕਿ ਉਸ ਦੇ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਖ਼ਬਰਾਂ ਪਹੁੰਚ ਗਈਆਂ ਕਿ ਇਹ ਲੋਕ ਗੁਰੂ ਵੱਲੋਂ ਬੇਮੁੱਖ ਹੋ ਕੇ ਨੱਸ ਆਏ ਹਨ। ਲੋਕ ਉਹਨਾਂ ਨੂੰ ਵੇਖ ਕੇ ਨੱਕ ਮੂੰਹ ਵੱਟਦੇ ਤੇ ਤਾਹਨੇ ਦੇਂਦੇ ਸਨ। ਸ਼ਰਮ ਦੇ ਮਾਰੇ ਦੁਨੀ ਚੰਦ ਨੇ ਲੋਕਾਂ ਦੇ ਮੱਥੇ ਲੱਗਣਾ ਛੱਡ ਦਿੱਤਾ ਸੀ। ਸੰਗਤਾਂ ਉਹਨੂੰ ਗੁਰੂ ਤੋਂ ਬੇਮੁੱਖ ਕਹਿੰਦੀਆਂ ਸਨ। ਉਸ ਦੇ ਨਾਲ ਆਉਣ ਵਾਲੇ ਵੀ ਲੋਕਾਂ ਦੇ ਤਾਹਨੇ-ਮਿਹਣੇ ਸੁਣ ਕੇ ਸੋਚਦੇ ਸਨ ਕਿ ਉਹਨਾਂ ਦੁਨੀ ਚੰਦ ਦੇ ਮਗਰ ਲੱਗ ਕੇ ਭਾਰੀ ਗ਼ਲਤੀ ਕੀਤੀ ਹੈ।

ਹੁਣ ਦੁਨੀ ਚੰਦ ਮੌਤ ਤੋਂ ਡਰਦਾ ਨੱਸ ਕੇ ਆਇਆ ਸੀ, ਪਰ ਮੌਤ ਨੇ ਪਿੱਛਾ ਨਾ ਛੱਡਿਆ। ਉਸ ਦੇ ਪੈਰ 'ਤੇ ਸੱਪ ਨੇ ਡੰਗ ਮਾਰਿਆ ਜਿਸ ਕਰ ਕੇ ਉਸ ਦੀ ਮੌਤ ਹੋ ਗਈ।

**ਆਗੇ ਹੂੰ ਕਾਲ ਧਰੇ ਅਸਿ, ਗਾਜਤ ਛਾਜਤ ਹੈ ਜਿਹ ਤੇ ਨਸਿ ਆਈਐ॥**
**ਜਾਤੇ ਨਾ ਛੁਟੀਐ ਮੂੜ ਕਹੂ ਹਸਿ ਤਾਕੀ ਨ ਕਿਉ ਸਰਣਾਗਤਿ ਪਈਐ॥**

(ਦਸਮ ਗ੍ਰੰਥ)

ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦੇ ਲਿਖਾਰੀ ਨੇ ਵੀ ਕਲਗੀਧਰ ਜੀ ਦੇ ਬਚਨ ਲਿਖੇ ਹਨ :

**ਜੋ ਸਨਮੁਖ ਸੋ ਮੇਲ ਲੇਹੁ, ਭਜੇ ਸੁ ਦੇਵਹੁ ਜਾਨ।**

ਦੁਨੀ ਚੰਦ ਦੇ ਪੋਤਰੇ ਅਨੂਪ ਸਿੰਘ, ਸਰੂਪ ਸਿੰਘ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਚਰਨਾਂ 'ਤੇ ਆ ਡਿੱਗੇ।

**ਦੋਇ ਪੋਤਰੇ ਸੁਨਿ ਅਪਵਾਦਾ। ਨਹੀ ਸਹਾਰਤ ਹੋਤ ਬਿਖਾਦਾ।**

ਖੁੱਲ੍ਹੇ ਦਿਲ ਨਾਲ ਹਜ਼ੂਰ ਨੇ ਸਾਰੀਆਂ ਭੁੱਲਾਂ ਮਾਫ਼ ਕਰ ਕੇ, ਉਹਨਾਂ ਨੂੰ ਚਰਨੀਂ ਲਾ ਲਿਆ ਸੀ। ਮਿਥੇ ਸਮੇਂ ਅਨੁਸਾਰ ਲੋਹਗੜ੍ਹ 'ਤੇ ਹਮਲਾ ਕਰਨ ਵਾਸਤੇ ਕੇਸਰੀ ਚੰਦ ਨੇ ਆਪਣਾ ਹਾਥੀ ਤਿਆਰ ਕੀਤਾ। ਉਸ ਨੂੰ ਰੱਜਵੀਂ ਸ਼ਰਾਬ ਪਿਆਈ ਗਈ। ਦੁਸ਼ਮਣ ਦਾ ਵਾਰ ਰੋਕਣ ਵਾਸਤੇ ਉਹਦੇ ਮੱਥੇ ਉੱਤੇ ਲੋਹੇ ਦੇ ਤਵੇ ਬੰਨ੍ਹ ਦਿੱਤੇ ਗਏ। ਉਹਦੀ ਸੁੰਡ ਨਾਲ ਤਲਵਾਰ ਬੰਨ੍ਹ ਦਿੱਤੀ ਗਈ।

ਸਿੱਖਾਂ ਨੇ ਬੇਨਤੀ ਕੀਤੀ, "ਪਾਤਸ਼ਾਹ ਜੀ ! ਦੁਨੀ ਚੰਦ ਤਾਂ ਰਾਤੀਂ ਹੀ ਨੱਸ ਗਿਆ। ਰਾਜਿਆਂ ਦੇ ਹਾਥੀ ਦਾ ਟਾਕਰਾ ਕੌਣ ਕਰੇਗਾ ?"

ਗੁਰੂ ਜੀ ਨੇ ਮੁਸਕਰਾਉਂਦਿਆਂ ਉੱਤਰ ਦਿੱਤਾ, "ਉਹਦਾ ਟਾਕਰਾ ਸਾਡਾ ਬੱਬਰ ਸ਼ੇਰ 'ਬਚਿੱਤਰ ਸਿੰਘ' ਕਰੇਗਾ।" ਬਚਿੱਤਰ ਸਿੰਘ ਉਠ ਖਲੋਤਾ ਤੇ ਗੁਰੂ ਜੀ ਦੀ ਚਰਨੀਂ ਪਿਆ।

ਹਜ਼ੂਰ ਨੇ ਬਚਿੱਤਰ ਸਿੰਘ ਦੀ ਕੰਡ 'ਤੇ ਥਾਪੜਾ ਦਿੱਤਾ ਤੇ ਹਾਥੀ ਦਾ ਟਾਕਰਾ ਕਰਨ ਵਾਸਤੇ ਇਕ ਨਾਗਣੀ ਬਖ਼ਸ਼ੀ।

**ਬਖਸ਼ਿਯੋ ਬਲ ਬਿਲਾਸ ਕਲਗੀਧਰ ਵੱਧ ਗਯੋ ਮਨ ਉਤਸਾਹੂ।**
**ਕੁੰਚਰ ਕੋ ਪਪੀਲਕਾ ਜਾਨਹੁ ਤੋ ਤੁਰਤ ਰਣ ਮਾਹੂ।**

ਹਾਥੀ ਨੇੜੇ ਆ ਪੁੱਜਾ। ਗੁਰੂ ਕੇ ਯੋਧੇ ਬਚਿੱਤਰ ਸਿੰਘ ਨੇ ਹਾਥੀ ਦੇ ਮੱਥੇ ਉੱਤੇ ਨਾਗਣੀ ਦਾ ਅਜਿਹਾ ਵਾਰ ਕੀਤਾ ਕਿ ਲੋਹੇ ਦਾ ਤਵਾ ਚੀਰ ਕੇ ਵਲਦਾਰ ਬਰਛਾ (ਨਾਗਣੀ) ਗਿੱਠ ਭਰ ਹਾਥੀ ਦੇ ਮੱਥੇ ਵਿਚ ਧੱਸ ਗਈ ਅਤੇ ਹਾਥੀ ਵਾਪਸ ਪਰਤ ਪਿਆ। ਉਸ ਦੇ ਪੈਰ ਤੋਂ ਮੁੜਨ ਨਾਲ ਮਹਾਵਤ ਥੱਲੇ ਆ ਪਿਆ। ਹਾਥੀ ਬੇਕਾਬੂ ਹੋ ਗਿਆ। ਭਾਈ ਬਚਿੱਤਰ ਸਿੰਘ ਦੇ ਨਾਲ-ਨਾਲ ਭਾਈ ਮੁਹਕਮ ਸਿੰਘ ਆ ਰਿਹਾ ਸੀ। ਮੁੜ ਰਹੇ ਹਾਥੀ ਦੀ ਪੂਛਲ ਉਸ ਨੇ ਤਲਵਾਰ ਨਾਲ ਵੱਢ ਦਿੱਤੀ। ਹਾਥੀ ਸ਼ਰਾਬ ਨਾਲ ਰੱਜਿਆ ਹੋਇਆ ਸੀ। ਦੋ ਕਾਰੀ ਫੱਟ ਖਾ ਕੇ ਉਹ ਅਸਲੋਂ ਪਾਗਲ ਹੋ ਉਠਿਆ। ਉਹਨੇ ਪਿਛਾਂਹ ਨੂੰ ਮੂੰਹ ਕਰ ਲਿਆ ਤੇ ਲੱਗਾ ਪਹਾੜੀ ਸੈਨਾ

ਨੂੰ ਪੈਰਾਂ ਹੇਠਾਂ ਦਲਨ।

ਆਪਣੀ ਫ਼ੌਜ ਦਾ ਬੁਰਾ ਹਾਲ ਹੁੰਦਾ ਵੇਖ ਕੇ ਰਾਜਾ ਕੇਸਰੀ ਚੰਦ ਗੁੱਸੇ ਨਾਲ ਭਰਿਆ ਲਲਕਾਰੇ ਮਾਰਦਾ ਅੱਗੇ ਵਧਿਆ। ਭਾਈ ਉਦੇ ਸਿੰਘ ਨੇ ਕੇਸਰੀ ਚੰਦ ਦਾ ਰਾਹ ਆ ਰੋਕਿਆ। ਇਕ ਭਰਪੂਰ ਵਾਰ ਨਾਲ ਉਦੇ ਸਿੰਘ ਨੇ ਕੇਸਰੀ ਚੰਦ ਦਾ ਸਿਰ ਲਾਹ ਲਿਆ। ਦਸਾਂ ਮਿੰਟਾਂ ਵਿਚ ਉਹਨੇ ਨੇਜ਼ੇ ਉੱਤੇ ਟੰਗਿਆ ਹੋਇਆ ਕੇਸਰੀ ਚੰਦ ਦਾ ਸਿਰ ਗੁਰੂ ਜੀ ਦੇ ਚਰਨਾਂ ਵਿਚ ਜਾ ਧਰਿਆ।

ਏਸੇ ਸਮੇਂ ਹੰਡੂਰ ਦਾ ਰਾਜਾ ਭੂਪ ਚੰਦ ਭਾਈ ਸਾਹਿਬ ਸਿੰਘ ਦੇ ਹੱਥੋਂ ਜ਼ਖ਼ਮੀ ਹੋ ਗਿਆ। ਸਾਰੇ ਮੋਰਚਿਆਂ ਤੋਂ ਪਹਾੜੀਏ ਨੱਠ ਉਠੇ।

ਕਾਂਗੜੇ ਦੇ ਰਾਜੇ ਘੁਮੰਡ ਚੰਦ ਨੇ ਹਮਲਾ ਕੀਤਾ ਤਾਂ ਭਾਈ ਆਲਮ ਸਿੰਘ ਜੀ ਦੇ ਹੱਥੋਂ ਘੁਮੰਡ ਚੰਦ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਦੌੜ ਗਿਆ।

ਬਾਈਧਾਰ ਦੇ ਪਹਾੜੀ ਰਾਜਿਆਂ ਨੇ ਇਕ ਹੋਰ ਖੋਟ ਭਰੀ ਚਾਲ ਚੱਲੀ। ਉਹਨਾਂ ਇਕ ਪਾਸੇ ਤਾਂ ਗੁਰੂ ਜੀ ਨਾਲ ਸੁਲ੍ਹਾ ਦੀ ਗੱਲ ਤੋਰੀ ਤੇ ਦੂਸਰੇ ਪਾਸੇ ਸਰਹਿੰਦ ਦੇ ਸੂਬੇ ਤੋਂ ਮਦਦ ਮੰਗੀ।

ਇਧਰੋਂ ਪੰਮਾ ਪ੍ਰੋਹਤ ਰਾਜਿਆਂ ਦਾ ਦੂਤ ਬਣ ਕੇ ਮਹਾਰਾਜ ਦੇ ਪਾਸ ਹਾਜ਼ਰ ਹੋਇਆ। ਉਹਨੇ ਰਾਜਾ ਅਜਮੇਰ ਚੰਦ ਦੀ ਚਿੱਠੀ ਪੇਸ਼ ਕੀਤੀ। ਰਾਜਿਆਂ ਨੇ ਗਊ ਤੇ ਗੀਤਾ ਦੀ ਕਸਮ ਖਾ ਕੇ ਲਿਖਿਆ ਸੀ :

**ਗਊ ਬਾਂਧ ਰਾਵ ਤਹ ਗਯੋ। ਛਾਡੇ ਗਾਂਵ ਭਾਂਤ ਇਹ ਕਹਯੋ।** (ਗੁੰਥ ਸੋਭਾ)

ਬਿਲਾਵਲੁ ਮਹਲਾ 5 ॥ ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥ ਰਹਾਉ ॥ ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ 2 ॥ ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥ 3 ॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥ 4 ॥ 7 ॥ 37 ॥

ਪਦ ਅਰਥ :- ਪਿੰਗੁਲ=ਲੂਲ੍ਹੇ, ਪਿੰਗਲੇ। ਪਰਬਤ=ਪਹਾੜ। ਪਾਰਿ ਪਰੇ=ਪਾਰ ਲੰਘ ਗਏ। ਬਕੀਤਾ=ਉੱਤਮ ਵਕਤਾ, ਵਖਿਆਨਕਾਰ। ਅੰਧੁਲੇ=ਅੰਨ੍ਹੇ (ਮਨੁੱਖ) ਨੂੰ। ਤ੍ਰਿਭਵਣ=ਤਿੰਨ ਲੋਕ। ਸੂਝਿਆ=ਦਿੱਸ ਪਏ। ਗੁਰ ਭੇਟਿ=ਗੁਰੂ ਨੂੰ ਮਿਲ ਕੇ। ਮਹਿਮਾ=ਵਡਿਆਈ। ਖੋਈ=ਨਾਸ਼ ਹੋਈ।

ਅਘ=ਪਾਪ। ਹਰੇ=ਨਾਸ਼ ਹੋ ਗਏ॥੧॥ ਰਹਾਉ॥ ਕੀਟਿ=ਕੀੜੀ ਨੇ (ਭਾਵ ਨਿਮਰ ਸੁਭਾਵ ਵਾਲੇ ਮਨੁੱਖ ਨੇ)। ਹਸਤੀ=ਹਾਥੀ (ਭਾਵ ਹੰਕਾਰ)। ਅਭੈ ਦਾਨੁ=ਨਿਰਭੈਤਾ ਦਾ ਦਾਨ। ਸਿੰਘ=ਸ਼ੇਰ (ਭਾਵ ਹੰਕਾਰ)। ਬਿਲਾਈ=ਬਿਲੀ (ਭਾਵ ਨਿਮ੍ਰਤਾ ਵਾਲਾ ਸੁਭਾਉ)। ਤ੍ਰਿਣ=ਤੀਲਾ (ਭਾਵ ਗ਼ਰੀਬ)। ਮੇਰੁ=ਪਹਾੜ (ਭਾਵ ਬਲਵਾਨ)। ਸ੍ਰਮੁ=ਮਿਹਨਤ। ਦਮ ਆਢ=ਅੱਧੀ ਦਮੜੀ ਵਾਸਤੇ। ਧਨੀਤਾ=ਧਨਵਾਨ, ਅਮੀਰ। ਕਹਿ ਸਕਉ=ਮੈਂ ਆਖ ਕੇ (ਦੱਸ) ਸਕਾਂ। ਗੁਨੀਤਾ=ਗੁਣ। ਮੁਹਿ=ਮੈਨੂੰ।

ਅਰਥ :- (ਹੇ ਭਾਈ ! ਹੇ ਪਰਮ ਪਿਆਰੇ ਮਿੱਤਰ !) ਗੁਰੂ ਨੂੰ ਮਿਲ ਕੇ, (ਪਾਪੀ) ਪਵਿੱਤ੍ਰ ਹੋਏ, ਪਿੰਗੁਲ=ਲੂਲ੍ਹੇ ਲੰਗੜੇ ਮਨੁੱਖ ਪਹਾੜਾਂ ਉੱਤੇ (ਚੜ੍ਹ ਗਏ ਤੇ ਡੂੰਘੇ ਦਰਿਆਵਾਂ ਤੋਂ) ਪਾਰ ਲੰਘ ਗਏ, ਮੂਰਖ (ਮਨੁੱਖ) ਸਿਆਣੇ ਉੱਤਮ ਵਕਤੇ ਭਾਵ ਵਖਿਆਨਕਾਰ ਬਣ ਗਏ ਹਨ। ਅੰਧੇ ਅਗਿਆਨੀ ਮਨੁੱਖ ਨੂੰ ਪੱਵਿਤ੍ਰ ਗੁਰੂ ਨਾਲ ਮਿਲ ਕੇ ਤਿੰਨ ਲੋਕਾਂ ਦੀ ਸੋਝੀ ਆ ਗਈ ਹੈ।੧।

ਹੇ ਮੇਰੇ ਪਿਆਰੇ ਮਿੱਤਰ ! ਪ੍ਰਭੂ ਪਿਆਰੇ ਸਾਧੂ (ਸੰਤ ਜਨਾਂ ਦੇ) ਸੰਗ ਦੀ ਮਹਿਮਾ ਸੁਣ ਕੇ (ਵਿਸ਼ਈ) ਮਨੁੱਖਾਂ ਅੰਦਰੋਂ ਵਿਕਾਰਾਂ ਦੀ) ਮੈਲ ਨਾਸ਼ ਹੋ ਗਈ, ਕਰੋੜਾਂ ਪਾਪ ਦੂਰ ਹੋ ਗਏ, (ਉਨ੍ਹਾਂ ਦੇ) ਚਿਤ (ਦਿਲ) ਪਵਿੱਤਰ ਹੋ ਗਏ॥੧॥ ਰਹਾਉ॥

(ਹੇ ਪਿਆਰੇ ਮਿੱਤਰ ਪ੍ਰਭੂ !) ਪਰਮਾਤਮਾ ਦੀ ਐਸੀ (ਸ਼ਕਤੀਸ਼ਾਲੀ) ਭਗਤੀ ਹੈ (ਜਿਸ ਨਾਲ) ਕੀਟੀ (ਭਾਵ ਨਿਮ੍ਰਤਾ) ਨੇ ਹਾਥੀ (ਹੰਕਾਰ ਨੂੰ) ਜਿੱਤ ਲਿਆ। ਜਿਸ ਜਿਸ (ਮਨੁੱਖ ਨੂੰ) ਪ੍ਰਭੂ ਨੇ ਆਪਣਾ ਬਣਾ ਲਿਆ, ਉਸ ਨੂੰ ਨਿਰਭੈਤਾ ਦਾ ਦਾਨ ਬਖ਼ਸ਼ ਦਿੱਤਾ।੨।

(ਹੇ ਪਿਆਰੇ ਮਿੱਤਰ ! ਜੋ ਜੀਵ) ਬਿੱਲੀ (ਵਾਂਗ ਸਹਿਮਿਆ ਹੋਇਆ ਸੀ, ਉਹ ਤਾਂ) ਸ਼ੇਰ ਨਿਰਭਉ ਪਰਮਾਤਮਾ ਦਾ ਰੂਪ) ਬਣ ਗਿਆ, ਤ੍ਰਿਣ (ਘਾਹ ਦਾ ਤੀਲਾ ਭਾਵ ਗ਼ਰੀਬੀ ਸੁਭਾਉ ਵਾਲਾ) ਬਲਵਾਨ ਦਿੱਸਣ ਲੱਗ ਪਿਆ। (ਜਿਹੜੇ ਮਨੁੱਖ) ਅੱਧੀ ਅੱਧੀ ਕੌਡੀ ਲਈ ਮਿਹਨਤ ਕਰਦੇ ਸਨ, ਉਹ ਹੁਣ ਧਨਾਢ ਭਾਵ ਧਨਵਾਨ ਗਿਣੇ ਜਾਣ ਲੱਗ ਪਏ।੩।

(ਹੇ ਪਿਆਰੇ ਮਿੱਤਰ ਪ੍ਰਭੂ ਪਿਆਰੇ ! ਸਾਧੂ ਸੰਗ ਦੀ) ਮੈਂ ਕਿਹੜੀ-ਕਿਹੜੀ ਵਡਿਆਈ ਆਖ ਕੇ ਦੱਸ ਸਕਾਂ (ਕਿਉਂਕਿ) (ਸਾਧ ਸੰਗ ਦੇ) ਬੇਅੰਤ ਗੁਣ ਹਨ। ਨਾਨਕ (ਗੁਰੂ ਜੀ ਬੇਨਤੀ ਪੂਰਬਕ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ !) ਕਿਰਪਾ ਕਰ ਕੇ (ਮੈਨੂੰ ਆਪਣਾ) ਨਾਮ (ਬਖ਼ਸ਼ ਦਿਉ, ਕਿਉਂਕਿ ਤੇਰੇ ਦਰ ਦਾ ਮੈਂ ਸਰੀਤਾ=ਗੋਲਾ ਹਾਂ (ਅਥਵਾ) ਤੇਰੇ ਦਰਸ਼ਨ ਦੀ (ਇਹੋ) ਰੀਤਿ ਹੈ। (ਭਾਵ ਪਹਿਲਾਂ ਤੂੰ ਗੁਰੂ ਦੁਆਰਾ ਨਾਮ ਬਖ਼ਸ਼ਦਾ ਹੈਂ; ਫਿਰ ਨਾਮ ਦੀ ਕਮਾਈ 'ਤੇ ਰੀਝ ਕੇ ਗੁਰੂ ਦੀ ਕਿਰਪਾ ਨਾਲ ਆਪਣਾ ਦਰਸ਼ਨ ਬਖ਼ਸ਼ਦਾ ਹੈਂ)।੪।੭।੩੭।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧74 (ਆਦਿ ਅੰਗ 8੧੧)

## ਬਿਲਾਵਲੁ ਮਹਲਾ 5 ॥

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥ ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥ ੧ ॥ ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥ ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ ॥ ੧ ॥ ਰਹਾਉ ॥ ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥ 2 ॥ ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥ 3 ॥ ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥ 4 ॥ ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥ ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥ 5 ॥ ੧4 ॥ 44 ॥

## ਪ੍ਰਾਕ੍ਥਨ :

ਬਿਲਾਵਲੁ ਰਾਗੁ ਅੰਦਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਸ੍ਰੀ ਮੁਖਵਾਕ ਵਿਚ ਮਨੁੱਖਤਾ ਨੂੰ ਜੀਵਨ ਦੀ ਸਫਲਤਾ ਦਾ ਉਪਦੇਸ਼ ਦੇਂਦਿਆਂ, ਸੇਵਾ ਕਰਨ ਦਾ ਹੁਕਮ ਕੀਤਾ ਹੈ, ਕਿਉਂਕਿ ਭਾਈ ਗੁਰਦਾਸ ਜੀ ਦਾ ਕਥਨ ਹੈ :

**ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।**

(ਵਾਰ 27, ਪਉੜੀ ੧੦)

## ਵਿਸ਼ਾ — ਹਾਥਨ ਤੇ ਕਰਿ ਟਹਿਲ ਕੋ

ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ :

**ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨ੍ਹਾਇ,**
**ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ॥**
**ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,**
**ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥**
**ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,**
**ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥**
**ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,**
**ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥ 673 ॥**

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

**ਸੇਵਾ** — ਆਪਣੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚ ਕੇ ਉਹਨਾਂ ਦੀ ਆਗਿਆ ਅਨੁਸਾਰ ਜਲ ਲਿਆ ਕੇ ਇਸ਼ਨਾਨ ਕਰਾਉਣਾ, ਪੱਖਾ ਝੱਲਣਾ, ਝਾੜੂ ਫੇਰਨਾ, ਗੁਰੂ ਅਸਥਾਨ ਦਾ ਇਸ਼ਨਾਨਾਦਿਕ ਕਰਾਉਣਾ, ਭੇਟਾ ਚੜ੍ਹਾਉਣੀ, ਇਹੋ ਜਿਹੇ ਕੰਮਾਂ ਦੇ ਕਰਨ ਨੂੰ ਸੇਵਾ ਕਹਿੰਦੇ ਹਨ। ਇਸੀ ਤਰ੍ਹਾਂ ਆਪ ਤੋਂ ਵੱਡਿਆਂ ਦੀ ਆਗਿਆ ਪਾਲਨ ਕਰਨੀ, ਗ਼ਰੀਬਾਂ ਅਨਾਥਾਂ 'ਤੇ ਦਇਆ ਕਰ ਕੇ ਉਹਨਾਂ ਦੀ ਸਹਾਇਤਾ ਕਰਨੀ, ਸੇਵਾ ਕਹੀ ਜਾਂਦੀ ਹੈ। ਦੁਨੀਆਂ ਵਿਚ ਆ ਕੇ ਸੇਵਾ ਕਰਨੀ ਬੜੀ ਜ਼ਰੂਰੀ ਹੈ। ਸੇਵਾ ਤਾਂ ਹੀ ਹੋ ਸਕਦੀ ਹੈ ਜੇਕਰ ਮਨ ਨੀਵਾਂ ਹੋਵੇ, ਭਾਵ ਹੰਕਾਰ ਤੋਂ ਰਹਿਤ ਹੋਵੇ।

ਮਨ ਨੀਵਾਂ ਹੋਣ ਕਰ ਕੇ ਅਹੰਕਾਰ ਸਹਿਤ ਆਸੁਰੀ ਸੰਪਦਾ ਦੇ ਵਿਕਾਰ ਦੂਰ ਹੋ ਜਾਂਦੇ ਹਨ ਤੇ ਮਨ ਪਵਿੱਤਰ ਹੋ ਜਾਂਦਾ ਹੈ। ਸੋ ਮਨ ਦੇ ਨਿਰਮਲ ਹੋਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਦੀ

ਪ੍ਰਾਪਤੀ ਹੋਣ ਕਰ ਕੇ ਵਾਹਿਗੁਰੂ ਨਾਲ ਪ੍ਰੇਮ ਪੈਦਾ ਹੁੰਦਾ ਹੈ ਤੇ ਵਾਹਿਗੁਰੂ ਦੇ ਚਰਨਾਂ ਵਿਚ ਜਗ੍ਹਾ (ਢੋਈ) ਮਿਲਦੀ ਹੈ।

ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਪਾਸ ਮੁੱਖੀ ਮੁੱਖੀ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਸਾਨੂੰ ਉਹ ਰਸਤਾ ਦੱਸੋ, ਜਿਸ ਰਸਤੇ ਚੱਲਣ ਕਰ ਕੇ ਸਾਡੀ ਕਲਿਆਣ ਹੋਵੇ। ਤਦ ਉਹਨਾਂ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਜੋ ਉਪਦੇਸ਼ ਕਲਿਆਣ ਦੀ ਪ੍ਰਾਪਤੀ ਦਾ, ਉਨ੍ਹਾਂ ਗੁਰਸਿਖਾਂ ਨੂੰ ਦਿੱਤਾ, ਉਹ ਪ੍ਰਸੰਗ ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ :

**ਰਾਮਦਾਸ ਸਤਿਗੁਰੂ ਉਚਾਰਾ। ਪ੍ਰਿਥਮੇ ਤਜੋ ਮਨ ਕੋ ਹੰਕਾਰਾ॥ 20॥**
**ਗਹੋ ਨਿੰਮ੍ਰਤਾ ਤਯਾਗੋ ਮਤਸਰ। ਕਰਉ ਨ ਨਿੰਦਾ ਅਵਗੁਨ ਪਰ ਹਰਿ।**
**ਜੋ ਘਰ ਆਯੋ ਸਿਖ ਨਿਹਰੀਅਹਿ। ਨਿਜ ਨਿਜ ਘਰ ਤੇ ਸੇਵਾ ਕਰੀਅਹਿ॥ ੨੧॥**
**ਭੋਜਨ ਬਸਤ੍ਰ ਭਾਓ ਧਰ ਦੀਜਹਿ। ਮਾਨਹਿ ਬਾਕ ਨ ਫੇਰਨ ਕੀਜਹਿ।**
**ਜੋ ਸਿਖ ਕੋ ਹੋਇ ਕਾਜ ਬਡੇਰਾ। ਬਿਨ ਧਨ ਸਰਹਿ ਨ ਜੋ ਅਸ ਹੇਰਾ॥ 22॥**
**ਸਭ ਮਿਲ ਕਰ ਉਚਰਉ ਅਰਦਾਸ। ਸਭ ਤੇ ਇਕ ਥਲ ਕਰ ਨਿਜ ਪਾਸ।**
**ਸਿਖ ਕੋ ਕਾਰਜ ਦੀਜਹਿ ਸਾਰ। ਤਦ ਪ੍ਰਾਪਤ ਤੁਮ ਕੋ ਸੁਖ ਕਾਰ॥ 23॥**
**ਜਹਿ ਸਤਿ ਸੰਗਤ ਕੋ ਸਮਦਾਇ। ਕਥਾ ਕੀਰਤਨ ਕਰਹਿ ਬਨਾਇ।**
**ਤਹਾਂ ਜਾਇ ਸੰਧਿਆ ਅਰ ਪ੍ਰਾਤੀ। ਧਰਉ ਪ੍ਰੀਤ ਕਰਿ ਮਤਿ ਕੋ ਰਾਤੀ॥ 24॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੧, ਅਧਯਾਯ 64)

ਇਸ ਲਈ ਸੇਵਾ ਕਰਨ ਨਾਲ ਹੱਥ ਸਫਲ ਹੁੰਦੇ ਹਨ। ਪੈਰ ਸਕਾਰਥ ਹੁੰਦੇ ਹਨ ਪਰਮਾਰਥ ਦੇ ਮਾਰਗ 'ਤੇ ਚੱਲਦਿਆਂ। ਜ਼ਬਾਨ ਸਫਲ ਹੁੰਦੀ ਹੈ ਨਾਮ ਬਾਣੀ ਦਾ ਜਾਪੁ ਕੀਤਿਆਂ ਅਤੇ ਨੇਤ੍ਰ ਸਫਲ ਹੁੰਦੇ ਹਨ ਗੁਰੂ ਅਤੇ ਸੰਗਤ ਦੇ ਦਰਸ਼ਨ ਕੀਤਿਆਂ :

**ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ॥**
**ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ॥**

(ਮਹਲਾ 5, ਅੰਗ 964)

ਸੋ ਸੇਵਾ ਕਰਨ ਵਾਲਾ ਜੀਵਨ (ਜਿਸ ਨੇ ਸੇਵਾ ਲਈ ਆਪਣਾ ਆਪ ਅਰਪਣ ਕਰ ਦਿੱਤਾ ਹੈ), ਉਹ ਹੀ ਦੁਨੀਆਂ ਵਿਚ ਸਫਲਾ ਹੈ, ਇਸ ਵਾਸਤੇ ਭਾਈ ਗੁਰਦਾਸ ਜੀ ਨੇ ਸਰੀਰ ਦੇ ਅੰਗਾਂ ਦੀ ਸਫਲਤਾ ਹੋਣੀ ਇਸ ਪ੍ਰਕਾਰ ਦੱਸੀ ਹੈ :

**ਚਿਰੰਕਾਲ ਮਾਨਸ ਜਨਮ ਨਿਰਮੋਲੁ ਪਾਏ, ਸਫਲ ਜਨਮ ਗੁਰ ਚਰਨ ਸਰਨ ਕੈ॥**
**ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ, ਸ੍ਰਵਨ ਅਮੋਲ ਗੁਰ ਬਚਨ ਧਰਨ ਕੈ॥**

**ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ, ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ॥**
**ਹਸਤ ਅਮੋਲ ਗੁਰਦੇਵ ਸੇਵ ਕੈ ਸਫਲ, ਚਰਨ ਅਮੋਲ ਪਰਦਛਨਾ ਕਰਨ ਕੈ॥ ੧7॥**

(ਕਬਿੱਤ ਸਵੱਯੇ, ਭਾਈ ਗੁਰਦਾਸ)

ਸੇਵਾ ਕਰਨੀ ਸਭ ਤੋਂ ਚੰਗੀ ਗੱਲ ਹੈ। ਜਿਵੇਂ ਪੰਜਾਬੀ ਦੀ ਕਹਾਵਤ ਹੈ : 'ਕਰ ਸੇਵਾ ਤੇ ਖਾਹ ਮੇਵਾ' ਤਾਂ ਤੇ ਗੁਰੂ ਘਰ ਦੇ ਵਿਚ ਸੇਵਾ ਹੀ ਮੁੱਖ ਕਹੀ ਗਈ ਹੈ।

ਜਿਵੇਂ ਸਤਿਗੁਰੂ ਨਾਨਕ ਦੇਵ ਜੀ ਦੇ ਹਜ਼ੂਰ (ਬਾਬੇ ਲਹਿਣੇ) ਗੁਰੂ ਅੰਗਦ ਦੇਵ ਜੀ ਨੇ ਸੇਵਾ ਕਰ ਕੇ ਦਿਖਾਈ ਤੇ ਉਹਨਾਂ ਦੇ ਹਜ਼ੂਰ ਗੁਰੂ ਅਮਰਦਾਸ ਜੀ ਨੇ ਸੇਵਾ ਕਰ ਕੇ ਦਿਖਾਈ।

**ਅਰਧ ਨਿਸਾ ਤੇ ਜਾਗ ਕੈ ਬਡ ਸਿਦਕ ਕਮਾਵੈ।**
**ਲੈ ਗਾਗਰ ਸਾਗਰ ਸਰਧਾ ਸ੍ਰੀ ਅਮਰ ਸਿਧਾਵੈ।**
**ਬਿਆਸਾ ਨਦਿ ਤ੍ਰੈ ਕੋਸ ਤੇ ਜਲ ਕਲਸਾ ਭਰ ਲਿਆਵੈ।**
**ਯੋਂ ਨਿਤਾ ਪ੍ਰਤਿ ਇਸੀ ਬਿਧ ਗੁਰ ਇਸਨਾਨ ਕਰਾਵੈ॥**

(ਗੁਰ ਪ੍ਰਤਾਪ ਸੂਰਜ ਗ੍ਰੰਥ)

ਇਸੇ ਵਾਸਤੇ ਗੁਰੂ ਜੀ ਨੇ ਸੇਵਾ ਦੀ ਬਾਬਤ ਗੁਰਬਾਣੀ ਵਿਚ ਵੀ ਇਸ ਪ੍ਰਕਾਰ ਹੁਕਮ ਦਿੱਤਾ ਹੈ। ਯਥਾ ਗੁਰਵਾਕ :

**ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ॥**

(ਗੋਂਡ ਮ: 4, ਅੰਗ 86੧)

ਗੁਰੂ ਘਰ ਦੇ ਇਤਿਹਾਸ ਪੜ੍ਹਨ 'ਤੇ ਪਤਾ ਲੱਗਦਾ ਹੈ ਕਿ ਸੇਵਾ ਕਰਨੀ ਕਿਤਨੀ ਉੱਤਮ ਹੈ। ਜਿਵੇਂ ਇਤਿਹਾਸ ਵਿਚ ਬਹੁਤ ਜਗ੍ਹਾ ਸੇਵਾ ਕਰਨ ਦਾ ਜ਼ਿਕਰ ਆਉਂਦਾ ਹੈ :

**ਮੁਖ ਤੇ ਅਰ ਮਨ ਤੇ ਸਦਾ ਲਿਵ ਨਾਮ ਲਗਾਵੈ।**
**ਹਾਥਨ ਤੇ ਕਰ ਟਹਿਲ ਕੋ ਸਿਖ ਸੰਗਤ ਰਿਝਾਵੈ।**
**ਸੋ ਸਿਖ ਮੈਨੂੰ ਪਯਾਰੋ ਅਧਕ ਹੈ ਬਸ ਰਹੋ ਸਦੀਵਾ।**
**ਕਰਣੀ ਉਚੀ ਨਿਤ ਕਰੈ ਰਾਖੈ ਮਨ ਨੀਵਾ।**

(ਰੁੱਤ 3, ਅਧਯਾਯ 43)

ਸੇਵਾ ਵੀ ਦੋ ਪ੍ਰਕਾਰ ਦੀ ਹੈ - ਇਕ ਸਕਾਮ ਸੇਵਾ ਤੇ ਇਕ ਨਿਸ਼ਕਾਮ ਸੇਵਾ। ਭਾਵੇਂ ਇਹ ਦੋਵੇਂ ਹੀ ਉੱਤਮ ਹਨ, ਨਿਸ਼ਕਾਮ ਸੇਵਾ ਤਾਂ ਹਜ਼ੂਰ ਦਾ ਹੁਕਮ ਹੈ :

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪ੍ਰਾਪਤਿ ਸੁਆਮੀ॥**

(ਸੁਖਮਨੀ ਸਾਹਿਬ)

ਦੂਸਰੀ ਸਕਾਮ ਸੇਵਾ ਹੈ ਕਿਉਂਕਿ ਸਿੱਖ ਨੇ ਜੋ ਕੁਝ ਮੰਗਣਾ ਹੈ, ਗੁਰੂ ਜੀ ਕੋਲੋਂ ਹੀ ਮੰਗਣਾ ਹੈ ਤੇ ਗੁਰੂ ਜੀ ਇੱਛਾ ਪੂਰਕ ਹਨ, ਇੱਛਾਵਾਂ ਪੂਰੀਆਂ ਕਰਦੇ ਹਨ।

ਸੇਵਾ ਦੀ ਮਹਿਮਾ ਪੰਚਮ ਪਾਤਸ਼ਾਹ ਜੀ ਨੇ ਸਹਿਸਕ੍ਰਿਤੀ ਵਿਚ ਇਸ ਪ੍ਰਕਾਰ ਦੱਸੀ ਹੈ :

ਸਲੋਕ ॥

**ਪਾਛੰ ਕਰੋਤਿ ਅਗ੍ਰਣੀਵਹਿ ਨਿਰਾਸੰ ਆਸ ਪੂਰਨਹ॥**
**ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥**
**ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ॥**
**ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥ 20 ॥**

(ਅੰਗ ੧355)

ਤਥਾ :

**ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥**
**ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥**
**ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥**
**ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥**
**ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥**
**ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥**
**ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥ ੧॥**

(ਸਵਈਏ ਮਹਲੇ ਤੀਜੇ ਕੇ, ਅੰਗ ੧394)

ਸਲੋਕ ਮ: 3 ॥

**ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥**
**ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ॥**
**ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ॥**
**ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ॥ ੧॥**

(ਅੰਗ 65੧)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

## ਸਾਖੀ—ਗੁਰੂ ਜੀ ਲਈ ਦਹੀ ਲਿਆਉਣ ਦੀ

ਪਿੰਡ ਚੌਧਰੀਆਂ ਦੀ ਤਲਵੰਡੀ ਵਿਚ ਇਕ ਲੰਗੜਾ ਸਿੱਖ ਉਥੇ ਰਹਿੰਦਾ ਸੀ, ਜੋ ਬਿਆਸਾ ਪਾਰ ਕਰਕੇ ਰੋਜ਼ ਗੁਰੂ ਅਮਰਦਾਸ ਜੀ ਦੇ ਲਈ ਸ਼ਰਧਾ ਨਾਲ ਦਹੀਂ ਲੈ ਕੇ ਆਉਂਦਾ ਸੀ ਪਰ ਉਹ ਡੰਗੋਰੀ ਨਾਲ ਤੁਰਦਾ ਸੀ। ਡਾ: ਭਾਈ ਬਲਵੀਰ ਸਿੰਘ ਜੀ ਨੇ 'ਸ਼ੁੱਧ ਸਰੂਪ' ਪੁਸਤਕ ਵਿਚ ਇਹ ਪ੍ਰਸੰਗ (ਕਾਠ ਦੀ ਘੋੜੀ) ਦੇ ਸਿਰਲੇਖ ਹੇਠ ਲਿਖਿਆ ਹੈ। ਇਕ ਦਿਨ ਪਿੰਡ ਦੇ ਨੰਬਰਦਾਰ ਨੇ ਉਸ ਦੀ ਡੰਗੋਰੀ ਖੋਹ ਲਈ। ਦੋ ਤਿੰਨ ਘੰਟੇ ਖਿਝਾਉਂਦਾ ਰਿਹਾ ਅਤੇ ਕਹਿਣ ਲੱਗਾ ਕਿ ਗੁਰੂ ਜੀ ਸਭ ਰੋਗੀਆਂ ਦੇ ਰੋਗ ਨਵਿਰਤ ਕਰਦੇ ਹਨ, ਤੇਰੀ ਲੱਤ ਠੀਕ ਨਹੀਂ ਕਰ ਸਕਦੇ ? ਸਿੱਖ ਨੇ ਕਿਹਾ, ਮੈਂ ਕਦੇ ਗੁਰੂ ਜੀ ਨੂੰ ਕਿਹਾ ਹੀ ਨਹੀਂ। ਜਦੋਂ ਉਸ ਨੇ ਡੰਗੋਰੀ ਵਾਪਸ ਦਿੱਤੀ ਤਾਂ ਸਿੱਖ ਛੇਤੀ ਨਾਲ ਦਹੀਂ ਲੈ ਕੇ ਚਲ ਪਿਆ। ਇਧਰ ਸਾਰੇ ਲੰਗਰ ਵਿਚ ਸੰਗਤਾਂ ਨੂੰ ਪ੍ਰਸ਼ਾਦਾ ਵਰਤਾ ਦਿੱਤਾ ਤੇ ਗੁਰੂ ਜੀ ਅੱਗੇ ਵੀ ਪਰੋਸ ਦਿੱਤਾ। ਸੰਗਤ ਦੇਖ ਰਹੀ ਹੈ ਕਿ ਜਦੋਂ ਗੁਰੂ ਜੀ ਛਕਣਗੇ ਤਾਂ ਹੀ ਅਸੀਂ ਛਕਾਂਗੇ। ਗੁਰੂ ਜੀ ਉਸ ਸਿੱਖ ਦੀ ਉਡੀਕ ਕਰਦੇ ਸਨ। ਲਾਂਗਰੀ ਨੇ ਕਿਹਾ ਸਤਿਗੁਰੂ ਜੀ ! ਆਪ ਭੋਜਨ ਛਕੋ। ਗੁਰੂ ਜੀ ਕਹਿਣ ਲੱਗੇ ਕਿ ਸਾਡਾ ਸਿੱਖ ਦਹੀਂ ਲੈ ਕੇ ਨਹੀਂ ਆਇਆ, ਅਸੀਂ ਉਸ ਨੂੰ ਉਡੀਕ ਰਹੇ ਹਾਂ। ਥੋੜ੍ਹੀ ਦੇਰ ਤੱਕ ਸਿੱਖ ਵੀ ਆ ਪਹੁੰਚਿਆ ਤੇ ਦਹੀਂ ਗੁਰਾਂ ਦੀ ਭੇਟ ਕੀਤਾ। ਗੁਰੂ ਜੀ ਨੇ ਪ੍ਰਸ਼ਾਦਾ ਛੱਕ ਕੇ ਪਿੱਛੋਂ ਸਿੱਖ ਨੂੰ ਬੁਲਾਇਆ ਤੇ ਕਿਹਾ, ਭਾਈ ! ਅੱਜ ਦੇਰ ਕਿਉਂ ਲੱਗ ਗਈ ਹੈ ? ਤਾਂ ਸਿੱਖ ਨੇ ਰਸਤੇ ਦੀ ਸਾਰੀ ਵਾਰਤਾ ਦੱਸੀ ਕਿ ਨੰਬਰਦਾਰ ਨੇ ਮੇਰੀ ਡੰਗੋਰੀ ਖੋਹ ਲਈ ਸੀ ਤੇ ਮੈਨੂੰ ਇਉਂ ਕਹਿੰਦਾ ਸੀ ਕਿ ਕੀ ਗੁਰੂ ਜੀ ਤੇਰੀ ਲੱਤ ਵੀ ਠੀਕ ਨਹੀਂ ਕਰ ਸਕਦੇ ? ਤਾਂ ਗੁਰੂ ਜੀ ਕਹਿੰਦੇ ਹਨ ਕਿ ਸਾਨੂੰ ਭੀ ਭਾਈ ਤੇਰੀ ਲੱਤ ਠੀਕ ਕਰਨ ਦਾ ਖ਼ਿਆਲ ਨਹੀਂ ਆਇਆ। ਤੂੰ ਸ਼ਾਹ ਹੁਸੈਨ ਪਾਸ ਜਾਹ। ਉਸ ਨੂੰ ਕਹੀਂ ਕਿ ਗੁਰੂ ਜੀ ਨੇ ਕਿਹਾ ਹੈ ਕਿ ਮੇਰੀ ਲੱਤ ਠੀਕ ਕਰ ਦਿਉ। ਸ਼ਾਹ ਹੁਸੈਨ ਪਾਸ ਜੇ ਕੋਈ ਜਾਂਦਾ ਸੀ ਤਾਂ ਉਹ ਬਹੁਤ ਕੁਟਦਾ ਸੀ। ਇਹ ਸਿੱਖ ਡਰਦਾ-ਡਰਦਾ ਸ਼ਾਹ ਹੁਸੈਨ ਪਾਸ ਗਿਆ। ਸਾਰੀ ਗੱਲ ਸੁਣ ਕੇ ਕ੍ਰੋਧ ਨਾਲ ਸ਼ਾਹ ਹੁਸੈਨ ਨੇ ਆਪਣਾ ਡੰਡਾ ਚੁੱਕਿਆ ਤਾਂ ਇਹ ਡਰ ਕੇ ਭੱਜ ਪਿਆ ਤੇ ਡੰਗੋਰੀ ਦਾ ਖ਼ਿਆਲ ਭੁੱਲ ਗਿਆ ਅਤੇ ਕੁਝ ਦੂਰ ਜਾ ਕੇ ਲੱਤ ਠੀਕ ਹੋਈ ਦੇਖੀ ਤਾਂ ਵਾਪਸ ਧੰਨਵਾਦ ਕਰਨ ਆਇਆ। ਸ਼ਾਹ ਹੁਸੈਨ ਨੇ ਕਿਹਾ, "ਲੱਤ ਤਾਂ ਗੁਰੂ ਜੀ ਨੇ ਆਪ ਹੀ ਠੀਕ ਕੀਤੀ ਹੈ ਤੇ ਐਵੇਂ ਹੀ ਮੇਰੇ ਸਿਰ ਲਾਈ ਹੈ। ਆਪ ਗੁਰੂ ਜੀ ਸਰਬ ਕਲਾ ਸਮਰੱਥ ਹਨ, ਪਰ ਦੂਸਰਿਆਂ ਨੂੰ ਸਤਿਕਾਰ ਦੇ ਕੇ ਨਿਵਾਜਦੇ ਹਨ।"

**ਬਿਲਾਵਲੁ ਮਹਲਾ 5 ॥ ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥ ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥ ੧ ॥ ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥ ਮਾਇਆਧਾਰੀ ਛਤ੍ਰਪਤਿ ਤਿਨ੍ਹ ਛੋਡਉ ਤਿਆਗਿ ॥ ੧ ॥ ਰਹਾਉ ॥ ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ ॥ 2 ॥ ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ**

**ਪਤਿ ਖੋਈ ॥ 3 ॥ ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥ 4 ॥ ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥ ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥ 5 ॥ 14 ॥ 44 ॥**

ਪਦ ਅਰਥ :- ਦਾਸ ਕੈ=ਦਾਸ ਲਈ ਭਾਵ ਸਿੱਖ ਸੇਵਕਾਂ ਲਈ। ਹੋਹਿ=ਹੋਵੇਗਾ। ਮਿਲਖ=ਜਗੀਰ, ਮਾਲ, ਜਾਇਦਾਦ। ਸਿਕਦਾਰੀਆ=ਸਰਦਾਰੀਆਂ।੧। ਛੋਹਰਾ=ਬਾਲਕ। ਲਾਗਿ=ਲਗ। ਛੋਡਉ ਤਿਆਗਿ= ਤਿਆਗ (ਛੋੜ) ਕੇ।੧। ਰਹਾਉ। ਦਾਨਾ ਰੂਖਾ=ਰੁਖਾ ਅੰਨ, ਅਣਚੋਪੜਿਆ ਪਰਸ਼ਾਦਾ। ਸਰਬ ਨਿਧਾਨ=ਸਾਰੀਆਂ ਨਿਧੀਆਂ ਦਾ ਖ਼ਜ਼ਾਨਾ ਹੈ। ਗ੍ਰਿਹਿ ਸਾਕਤ=ਬੇਮੁਖ ਦੇ ਘਰ ਦੇ। ਛਤੀਹ ਪ੍ਰਕਾਰ=ਛਤੀ ਤਰ੍ਹਾਂ ਦੇ ਭੋਜਨ। ਤੇ=ਓਹ (ਭੋਜਨ)। ਬਿਖੂ ਸਮਾਨ=ਜ਼ਹਿਰ ਦੇ ਬਰਾਬਰ।੨। ਲੂਗਰਾ=ਫਟਿਆ ਹੋਇਆ ਭੂਰਾ। ਸਿਰਪਾਉ=ਸਿਰੋਪਾ। ਪਹਿਰਤ=ਪਾਉਣ ਨਾਲ। ਪਤਿ ਖੋਈ=ਇੱਜ਼ਤ ਗਵਾ ਲਈਦੀ ਹੈ।੩। ਮੁਖਿ ਜੋਰਿਐ=ਮੂੰਹ ਜੋੜਨ ਨਾਲ, ਭਾਵ ਮੇਲ ਜੋਲ ਰੱਖਣ ਨਾਲ। ਅਧ ਵੀਚਹੁ=ਅੱਧ ਵਿਚੋਂ ਹੀ। ਟੂਟੇ=ਪ੍ਰੇਮ ਟੁੱਟ ਜਾਂਦਾ ਹੈ।੪। ਇਤ ਊਤਹਿ=ਇਥੇ, ਭਾਵ ਲੋਕ ਪ੍ਰਲੋਕ ਵਿਚ। ਬਣਤ ਬਣਾਈ=ਰਚਨਾ, ਖੇਡ ਬਣਾਈ। ਗਾਈ=ਗਾਉਂਦਾ ਹੈ। ੫।੧।੪੪।

ਅਰਥ : (ਹੇ ਭਾਈ ! ਪ੍ਰਭੂ ਪਿਆਰਿਆਂ ਅਥਵਾ ਪ੍ਰਭੂ ਦੇ) ਦਾਸਾਂ (ਸਿੱਖਾਂ ਸੇਵਕਾਂ ਅਤੇ ਸਾਧ ਸੰਗਤ ਲਈ) ਪਾਣੀ (ਢੋਹ), ਪੱਖਾ (ਝੱਲ), (ਆਟਾ) ਪੀਹ, (ਇਹ ਕਾਰ ਕਰ) ਤਾਂ ਨਿਹਾਲ=ਦੁੱਖਾਂ ਤੋਂ ਛੁਟਕਾਰਾ ਹੋ ਜਾਵੇਗਾ। ਰਾਜ, ਜਾਗੀਰ ਤੇ ਸਰਦਾਰੀਆਂ ਨੂੰ ਅੱਗ ਵਿਚ ਸਾੜ ਦੇ (ਭਾਵ ਇਨ੍ਹਾਂ ਦਾ ਮਾਣ ਹੰਕਾਰ ਨਾ ਕਰ)।੧।

(ਹੇ ਭਾਈ ! ਜਿਹੜੇ ਹੰਕਾਰੀ) ਮਾਇਆਧਾਰੀ ਛਤ੍ਰਪਤੀ (ਭਾਵ ਚਕਰਵਰਤੀ ਰਾਜੇ ਵੀ ਕਿਉਂ ਨਾ ਹੋਣ), ਉਨ੍ਹਾਂ ਨੂੰ ਤਿਆਗ ਦੇ। (ਹਾਂ, ਜੋ ਪ੍ਰਭੂ ਪਿਆਰੇ) ਸੰਤ ਜਨਾਂ ਦਾ ਛੋਕਰਾ (ਬਾਲਕਾ ਹੋਵੇ), ਉਸ ਦੀ ਚਰਣੀਂ ਲੱਗ। ੧। ਰਹਾਉ।

(ਹੇ ਭਾਈ ! ਤੂੰ ਪ੍ਰਭੂ ਪਿਆਰਿਆਂ) ਸੰਤ ਜਨਾਂ ਦਾ ਰੂਖਾ ਦਾਨਾ (ਭਾਵ ਅਣਚੋਪੜਿਆ ਪ੍ਰਸ਼ਾਦਾ) ਉਹ ਸਾਰੀਆਂ ਨਿਧੀਆਂ ਦਾ ਖ਼ਜ਼ਾਨਾ (ਸਮਝ) ਅਤੇ ਛਕ। ਸਾਕਤ (ਬੇਮੁਖ) ਦੇ ਘਰ ਦੇ ਛਤੀ ਪ੍ਰਕਾਰ ਦੇ (ਭੋਜਨ) ਉਹ ਜ਼ਹਿਰ ਸਮਾਨ (ਸਮਝ)।੨।

(ਹੇ ਭਾਈ ! ਪ੍ਰਮਾਤਮਾ ਦੇ ਸੰਤ ਬੰਦਗੀ ਕਰਨ ਵਾਲੇ) ਭਗਤ ਜਨਾਂ ਦਾ ਫਟਿਆ ਹੋਇਆ ਭੂਰਾ ਓਢ ਕੇ (ਭਾਵ ਉੱਪਰ ਲੈ ਕੇ) ਨੰਗਾ ਨਹੀਂ ਹੋਈਦਾ। (ਪਰ) ਸਾਕਤ ਦੇ (ਘਰ ਦਾ) ਰੇਸ਼ਮੀ ਸਿਰੋਪਾ ਭੀ (ਹੋਵੇ ਤਾਂ ਉਸ ਦੇ) ਪਹਿਨਣ ਨਾਲ ਇੱਜ਼ਤ ਗਵਾ ਲਈਦੀ ਹੈ।੩।

ਬੇਮੁਖ ਸਾਕਤ ਪੁਰਸ਼ ਨਾਲ ਮੇਲ ਜੋਲ ਰੱਖਿਆਂ ਅੱਧ ਵਿਚੋਂ ਹੀ (ਪ੍ਰੇਮ) *ਟੁੱਟ* ਜਾਂਦਾ ਹੈ। (ਪਰ) ਜੋ ਹਰੀ ਦੇ (ਸੰਤ) ਜਨਾਂ ਦੀ ਸੇਵਾ ਕਰਦਾ ਹੈ, (*ਉਹ*) ਲੋਕ-ਪ੍ਰਲੋਕ ਦੇ (ਬੰਧਨਾਂ ਤੋਂ) *ਛੁਟ*ਕਾਰਾ ਪਾ ਲੈਂਦਾ ਹੈ।*੪*।

(ਹੇ ਪ੍ਰਭੂ *!* ਸੰਸਾਰ ਦੀ ਰਚਨਾ ਰੂਪ) ਸਭ ਕੁ*ਝ* (ਭਾਵ ਸਾਰਾ ਜਗਤ-ਪ੍ਰਬੰਧ) ਆਪ ਤੋਂ ਹੀ ਹੋਂਦ ਵਿਚ ਆਇਆ ਹੈ। ਤੂੰ ਆਪ ਹੀ ਸਾਰੀ ਰਚਨਾ ਬ*ਣਾ*ਈ ਹੈ। ਨਾਨਕ (ਗੁਰੂ ਜੀ *ਉ*ਚਾਰਨ ਕਰਦੇ ਹਨ ਕਿ ਮੈਂ ਤਾਂ ਤੇਰੇ ਸਾਧ ਜਨਾਂ ਦਾ ਦਰਸ਼ਨ ਕਰ ਕੇ (ਤੇਰੇ ਹੀ) ਗੁ*ਣ* ਗਾਈ ਜਾਂਦਾ ਹਾਂ।*੫*।*੧੪*।*੪੪*।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧75 (ਆਦਿ ਅੰਗ 8੧੧-੧2)

ਬਿਲਾਵਲੁ ਮਹਲਾ 5 ॥

ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ॥ ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥ ੧ ॥ ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ॥ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ॥ ੧ ॥ ਰਹਾਉ॥ ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ॥ ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ॥ 2 ॥ ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ॥ 3 ॥ ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥ 4 ॥ ੧5 ॥ 45 ॥

## ਪ੍ਰਾਕ੍ਰਥਨ :

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਸ੍ਰੀ ਮੁਖਵਾਕ ਬਿਲਾਵਲੁ ਰਾਗੁ ਅੰਦਰ ਉਚਾਰਨ ਕਰ ਕੇ ਇਸ ਸ਼ਬਦ ਅੰਦਰ ਗੁਰਬਾਣੀ ਅਤੇ ਨਾਮ ਸੁਣਨ ਦੀ ਮਹਿਮਾ ਦਰਸਾਈ ਹੈ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁ ਜੀ ਸਾਹਿਬ ਜੀ ਅੰਦਰ ਚਾਰ ਪਉੜੀਆਂ ਉਚਾਰਨ ਕਰ ਕੇ ਨਾਮ ਸੁਣਨ ਦੀ ਮਹਿਮਾ ਕਥਨ ਕੀਤੀ ਹੈ।

## ਵਿਸ਼ਾ — ਸ੍ਰਵਨੀ ਸੁਨਉ ਹਰਿ ਹਰਿ ਹਰੇ

ਸ੍ਰਵਨ ਭਾਵ ਕੰਨ ਵਾਹਿਗੁਰੂ ਜੀ ਨੇ ਨਾਮ ਬਾਣੀ ਸੁਣਨ ਵਾਸਤੇ ਹੀ ਦਿੱਤੇ ਹਨ। ਵੱਖ-ਵੱਖ ਸਾਰੇ ਇੰਦ੍ਰੇ ਸਫਲ ਕਰਨ ਵਾਸਤੇ ਹਜ਼ੂਰ ਨੇ ਗੁਰਬਾਣੀ ਅੰਦਰ ਉਪਦੇਸ਼ ਦਿੱਤਾ ਹੈ। ਰਸਨਾ ਦਾ ਕੰਮ ਮਿੱਠਾ ਬੋਲਣਾ ਅਤੇ ਪ੍ਰਭੂ ਦੇ ਨਾਮ-ਰਸ ਨੂੰ ਪੀਣਾ ਹੈ, ਨੇਤਰਾਂ ਨੇ ਪ੍ਰਭੂ ਦੇ ਦਰਸ਼ਨ ਕਰਨੇ ਹਨ ਅਤੇ ਉਸ ਦੀ ਰਚੀ ਸੁੰਦਰ ਜਗਤ-ਰੂਪੀ ਫੁਲਵਾੜੀ ਨੂੰ ਮਾਨਣਾ ਤਾਂ ਹੈ, ਪਰ ਮੈਲਿਆਂ ਨਹੀਂ ਹੋਣਾ, ਇਸੇ ਪ੍ਰਕਾਰ ਸ੍ਰਵਣ ਭਾਵ ਕੰਨਾਂ ਦਾ ਕੰਮ ਮਾਲਕ-ਪ੍ਰਭੂ ਦੀ ਸਿਫ਼ਤਿ-ਸਾਲਾਹ ਨੂੰ ਸੁਣਨਾ ਹੈ, ਪਰ ਕਿਸੇ ਪ੍ਰਕਾਰ ਦੀ ਨਿੰਦਿਆ, ਚੁਗ਼ਲੀ, ਬਖੀਲੀ ਜਾਂ ਬੁਰਾਈ ਨੂੰ ਸ੍ਰਵਣ ਭਾਵ ਕੰਨਾਂ ਰਾਹੀਂ ਧਾਰਨ ਨਹੀਂ ਕਰਨਾ। ਗੁਰਵਾਕ ਹੈ :

**ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ॥**
**ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥** (ਅੰਗ 577)

ਭਾਵ ਜੋ ਆਪਣੇ ਕੰਨਾਂ ਨਾਲ ਪਰਮਾਤਮਾ ਦਾ ਨਾਮ ਸੁਣਦੇ ਹਨ, ਉਨ੍ਹਾਂ ਤੋਂ ਸਦਕੇ ਜਾਣਾ ਚਾਹੀਦਾ ਹੈ। ਜੋ ਆਪਣੀ ਜੀਭ ਨਾਲ ਪ੍ਰਭੂ ਦੇ ਨਾਮ ਦੀ ਅਰਾਧਨਾ ਕਰਦੇ ਹਨ, ਉਹ ਸਹਿਜ ਅਵਸਥਾ ਵਿਚ ਟਿਕ ਕੇ ਸੁਖਾਂ ਨੂੰ ਭੋਗਦੇ ਹਨ।

ਆਪ ਜੀ ਦੇ ਰਾਗੁ ਸੋਰਠਿ ਵਿਚ ਵੀ ਅੰਮ੍ਰਿਤ-ਬਚਨ ਹਨ ਕਿ ਜੋ ਮਨੁੱਖ ਕੰਨਾਂ ਨਾਲ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਸੁਣ ਕੇ ਆਤਮਿਕ-ਜੀਵਨ ਨੂੰ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਨੂੰ ਪ੍ਰਭੂ-ਚਰਨਾਂ ਵਿਚ ਸਥਾਨ ਮਿਲ ਜਾਂਦਾ ਹੈ।

**ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲ ਪਾਇਆ ਥਾਉ॥** (ਅੰਗ 640)

ਅਥਵਾ :

**ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ ਵਡਭਾਗੈ॥**
**ਬਿਨਵੰਤਿ ਨਾਨਕ ਸਰਣਿ ਸੁਆਮੀ ਜੀਉ ਪਿੰਡੁ ਪ੍ਰਭ ਆਗੈ॥**

(ਰਾਗੁ ਸੂਹੀ ਮਹਲਾ 5, ਅੰਗ 778)

ਪਰਮ ਕਿਰਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ 24ਵੀਂ ਅਸਟਪਦੀ ਦੀ ਛੇਵੀਂ ਪਉੜੀ ਅੰਦਰ ਨਾਮ ਬਾਣੀ ਦੇ ਸੁਣਨ ਦੀ ਮਹਿਮਾ ਕਥਨ ਕਰਦਿਆਂ ਦੱਸਿਆ ਹੈ ਕਿ ਜੋ ਪੁਰਸ਼ ਨਾਮ ਬਾਣੀ ਅਤੇ ਗੁਰੂ ਕੇ ਅੰਮ੍ਰਿਤ ਬਚਨਾਂ ਨੂੰ ਸ਼ਰਧਾ ਨਾਲ ਸੁਣਦਾ ਹੈ, ਉਸ ਨੂੰ ਇਹ ਚੌਵੀ ਵਡਮੁੱਲੇ ਕੀਮਤੀ ਫਲ ਪ੍ਰਾਪਤ ਹੁੰਦੇ ਹਨ—ਸੁੱਖ, ਸ਼ਾਂਤੀ, ਰਿਧੀਆਂ, ਨੌਂ ਨਿਧੀਆਂ, ਉੱਤਮ ਬੁਧੀ, ਸਰੂਪ ਦਾ ਗਿਆਨ, ਸਾਰੀਆਂ ਸਿਧੀਆਂ, ਹਰ ਪ੍ਰਕਾਰ ਦੀ ਵਿਦਿਆ, ਗੁਰ ਸੇਵਾ ਰੂਪ ਤਪ, ਪ੍ਰਭੂ 'ਚ ਜੁੜਨ ਰੂਪ ਜੋਗ, ਸਰਬ ਸ਼ਕਤੀਮਾਨ ਪ੍ਰਮਾਤਮਾ ਦਾ ਧਿਆਨ, ਸ੍ਰੇਸ਼ਟ ਗਿਆਨ, ਅੰਤਰ ਆਤਮੇ ਦਾ ਇਸ਼ਨਾਨ, ਧਰਮ, ਅਰਥ, ਕਾਮ, ਮੋਖ ਚਾਰ ਪਦਾਰਥ, ਹਿਰਦੇ ਕਮਲ ਦਾ ਖਿੜਾਉ, ਸਾਰਿਆਂ ਵਿਚ ਰਹਿੰਦਿਆਂ ਉਦਾਸ ਰਹਿਣਾ, ਸੁੰਦਰਤਾ, ਸੁਘੜਤਾ, ਉੱਤਮ ਬਕਤਾ, ਸਮਦਰਸ਼ੀ ਤੇ ਸਾਰਿਆਂ ਵਿਚ ਇਕ ਪ੍ਰਮਾਤਮਾ ਨੂੰ ਵੇਖਣਾ ਇਹ ਚੌਵੀ ਫਲ ਨਾਮ ਬਾਣੀ ਸੁਨਣ ਨਾਲ ਪ੍ਰਾਪਤ ਹੁੰਦੇ ਹਨ।

**ਖੇਮ ਸਾਂਤਿ ਰਿਧਿ ਨਵ ਨਿਧਿ॥ ਬੁਧਿ ਗਿਆਨੁ ਸਰਬ ਤਹ ਸਿਧਿ॥**
**ਬਿਦਿਆ ਤਪੁ ਜੋਗੁ ਪ੍ਰਭੁ ਧਿਆਨੁ॥ ਗਿਆਨੁ ਸ੍ਰੇਸਟ ਊਤਮ ਇਸਨਾਨੁ॥**
**ਚਾਰਿ ਪਦਾਰਥ ਕਮਲ ਪ੍ਰਗਾਸ॥ ਸਭ ਕੈ ਮਧਿ ਸਗਲ ਤੇ ਉਦਾਸ॥**
**ਸੁੰਦਰੁ ਚਤੁਰੁ ਤਤ ਕਾ ਬੇਤਾ॥ ਸਮਦਰਸੀ ਏਕ ਦ੍ਰਿਸਟੇਤਾ॥**
**ਇਹ ਫਲ ਤਿਸੁ ਜਨ ਕੈ ਮੁਖਿ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥ 6 ॥**

(ਸ੍ਰੀ ਸੁਖਮਨੀ ਸਾਹਿਬ)

ਭਾਵ ਉਹ ਮਨੁੱਖ ਵਡਭਾਗੇ ਹਨ ਜੋ ਕੰਨਾਂ ਦੁਆਰਾ ਗੁਰੂ ਦੀ ਬਾਣੀ ਸ੍ਰਵਣ ਕਰ ਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦੇ ਹਨ ਅਤੇ ਆਪਣਾ ਸਭ ਕੁਝ ਮਨ, ਤਨ, ਧਨ ਪ੍ਰਭੂ ਨੂੰ ਅਰਪਨ ਕਰ ਦਿੰਦੇ ਹਨ। ਤਾਂ ਫਿਰ ਕੰਨਾਂ ਜਿਹੇ ਗਿਆਨ-ਇੰਦ੍ਰੇ ਨੂੰ ਕਦੀ ਕਿਸੇ ਦੀ ਬੁਰਾਈ ਜਾਂ ਨਿੰਦਿਆ ਕਰਨੀ ਨਹੀਂ ਚਾਹੀਦੀ, ਸਗੋਂ ਪ੍ਰਾਣੀ ਨੂੰ ਆਪਣੇ ਆਪ ਨੂੰ ਸਭ ਦੀ ਖ਼ਾਕ ਸਮਝਣਾ ਚਾਹੀਦਾ ਹੈ :

**ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥**

(ਰਾਗੁ ਗਉੜੀ ਸੁਖਮਨੀ ਮਹਲਾ 5, ਅੰਗ 274)

ਆਪ ਜੀ ਦੇ ਰਾਗੁ ਗਉੜੀ ਸੁਖਮਨੀ ਵਿਚ ਇਕ ਹੋਰ ਅੰਮ੍ਰਿਤ ਬਚਨ ਹਨ ਕਿ ਮਨੁੱਖ ਦੇ ਉਹ ਕੰਨ ਵਿਅਰਥ ਹਨ, ਜੋ ਪਰਾਈ ਚੁਗਲੀ ਜਾਂ ਨਿੰਦਾ ਸੁਣਦੇ ਹਨ :

**ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥** (ਅੰਗ 268)

ਰਾਗੁ ਧਨਾਸਰੀ ਵਿਚ ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਗੁਰਬਾਣੀ ਸੁਣਨ ਨਾਲ ਮਨ ਵਿਚਲੀ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ। ਮਨ ਟਿਕਾਓ ਵਿਚ ਆ ਜਾਂਦਾ ਹੈ ਅਤੇ ਹਿਰਦੇ-ਰੂਪੀ ਘਰ ਅੰਦਰ ਨਾਮ ਦਾ ਵਾਸਾ ਹੋ ਜਾਂਦਾ ਹੈ।

**ਗੁਰਬਾਨੀ ਸੁਣਿ ਮੈਲੁ ਗਵਾਏ॥ ਸਹਜੇ ਹਰਿ ਨਾਮੁ ਮੰਨਿ ਵਸਾਏ॥** (ਅੰਗ 665)

ਇਸ ਲਈ ਹਰ ਇਕ ਗੁਰਸਿੱਖ ਨੇ ਕੇਵਲ ਗੁਰਬਾਣੀ ਤੋਂ ਸੇਧ ਲੈਣੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣਾ ਹੈ। ਅਜਿਹੀ ਸਤਿਸੰਗਤ ਕਰਨੀ ਹੈ ਜਿੱਥੇ ਗੁਰਬਾਣੀ ਦੀ ਵੀਚਾਰ ਹੁੰਦੀ ਹੋਵੇ ਅਤੇ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਮਿਲਦੀ ਹੋਵੇ, ਕਿਸੇ ਹੋਰ ਦੂਜੇ ਦੀ ਨਹੀਂ। ਜਿਨ੍ਹਾਂ ਦੇ ਕੰਨ ਅਜਿਹੇ ਅਨਮੋਲ ਅੰਮ੍ਰਿਤ-ਰੂਪੀ ਬਚਨਾਂ ਨੂੰ ਸੁਣਦੇ ਹਨ, ਉਨ੍ਹਾਂ ਦੇ ਅੰਦਰ ਅਨੰਦ ਆ ਵੱਸਦਾ ਹੈ ਤੇ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ :

**ਸ੍ਰਵਨੀ ਸੁਨੀਜੈ ਅੰਮ੍ਰਿਤ ਕਥਾ॥**
**ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ॥**

(ਰਾਗੁ ਆਸਾ ਮਹਲਾ 5, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 386)

ਅਥਵਾ :

**ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ॥** (ਅੰਗ ੧200)
**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ॥** (ਅੰਗ ੧357)

ਸਗਲ ਰੇਣੁਕਹ ਦੇ ਅਰਥ ਹਨ ਸਭ ਦੀ ਚਰਨ-ਧੂੜ ਹੋਣਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਣ ਬਾਣੀ ਫੁਨਹੇ ਵਿਚ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਜਿਹੜੇ ਕੰਨ ਪ੍ਰਭੂ ਦੇ ਨਾਮ ਨੂੰ ਨਹੀਂ ਸੁਣਦੇ, ਉਹ ਸਮਝੋ ਵਿਅਰਥ ਹੀ ਬੰਦ ਪਏ ਹੋਏ ਹਨ। ਉਨ੍ਹਾਂ ਦਾ ਕੋਈ ਲਾਭ ਨਹੀਂ ਕਿਉਂਕਿ ਉਹ ਆਤਮਿਕ ਅਨੰਦ ਦੀ ਧੁਨੀ ਸੁਣਨ ਤੋਂ ਅਸਮਰਥ ਹਨ :

**ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥**

(ਫੁਨਹੇ ਮਹਲਾ 5, ਅੰਗ ੧362)

ਇਸ ਪ੍ਰਕਾਰ ਗੁਰਬਾਣੀ ਵਿਚ ਕੰਨਾਂ ਦੇ ਸਦ-ਉਪਯੋਗ ਬਾਰੇ ਪ੍ਰਾਣੀ ਨੂੰ ਵਾਰ-ਵਾਰ ਸੁਚੇਤ ਕੀਤਾ ਗਿਆ ਹੈ। ਚੁਗ਼ਲੀ, ਬਖ਼ੀਲੀ, ਨਿੰਦਿਆ ਆਦਿ ਬੁਰਾ ਸੁਣਨ ਨਾਲ ਮਨ ਵਿਚ ਬੁਰਾਈਆਂ ਹੀ ਉਪਜਦੀਆਂ ਹਨ ਪ੍ਰੰਤੂ ਕੰਨਾਂ ਨਾਲ ਪ੍ਰਭੂ ਦੀ ਸਿਫ਼ਤਿ-ਸਾਲਾਹ ਸੁਣਿਆਂ ਜੀਵ ਦੇ ਸਾਰੇ ਪਾਪਾਂ ਅਤੇ ਐਬਾਂ ਦੀ ਮੈਲ ਧੋਤੀ ਜਾਂਦੀ ਹੈ। ਪ੍ਰਾਣੀ ਦਾ ਮਨ ਅਤੇ ਸਰੀਰ ਦੋਨੋਂ ਨਰੋਏ ਹੋ ਜਾਂਦੇ ਹਨ ਅਤੇ ਉਸ ਦਾ ਭਵ-ਸਾਗਰ 'ਚੋਂ ਬੇੜਾ ਸੌਖਿਆਂ ਪਾਰ ਹੋ ਜਾਂਦਾ ਹੈ। ਹਜ਼ੂਰ ਦਾ ਪਵਿੱਤਰ ਗੁਰਵਾਕ ਹੈ :

**ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ॥**

(ਅੰਗ ੧077)

**ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ॥**

(ਅੰਗ ੧303)

ਰਾਗੁ ਬਿਹਾਗੜਾ ਵਿਚ ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਦਾ ਕਥਨ ਹੈ ਕਿ ਉਹ ਹੀ ਕੰਨ ਭਲੇ ਹਨ, ਸ਼ੋਭਨੀਕ ਹਨ ਜੋ ਪ੍ਰਭੂ ਦਾ ਜਸ ਸੁਣਦੇ ਹਨ :

**ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ**
**ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥** (ਅੰਗ 540)

ਅਥਵਾ :

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥**
**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥**
**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥**
**ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥**
**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥ 37 ॥**

(ਅਨੰਦੁ ਸਾਹਿਬ, ਅੰਗ 922)

ਗੁਰੂ ਨਾਨਕ ਦੇਵ ਜੀ ਦੇ 'ਜਪੁ' ਜੀ ਸਾਹਿਬ ਵਿਚ ਬੜੇ ਅਨਮੋਲ ਬਚਨ ਹਨ ਕਿ ਪ੍ਰਾਣੀ ਨੇ ਕੇਵਲ ਨਾਮ ਨੂੰ ਸ੍ਰਵਣ ਹੀ ਨਹੀਂ ਕਰਨਾ ਸਗੋਂ ਉਸ ਨੂੰ ਮੰਨ ਕੇ ਉਸ ਦਾ ਅਭਿਆਸ ਵੀ ਕਰਨਾ ਹੈ, ਜਿਸ ਦਾ ਸਦਕਾ ਮਨੁੱਖ ਦਾ ਅੰਤਰ-ਆਤਮਾ ਧੋਤਾ ਜਾਂਦਾ ਹੈ ਅਤੇ ਮਨ 'ਤੇ ਲੱਗੀ ਸਾਰੀ ਮੈਲ ਧੁਲ ਜਾਂਦੀ ਹੈ :

**ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥**

(ਅੰਗ 4)

ਕੰਨਾਂ ਨਾਲ ਹਰੀ ਜਸ ਸੁਣਿਆਂ ਮਨ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜ ਜਾਂਦਾ ਹੈ, ਪ੍ਰੰਤੂ ਇਹ ਅੰਮ੍ਰਿਤ-ਰੂਪੀ ਨਾਮ-ਜਲ ਗੁਰੂ ਦੇ ਸਨਮੁਖ ਰਹਿਣ ਵਾਲੇ ਗੁਰਮੁਖਾਂ ਨੂੰ ਹੀ ਪ੍ਰਾਪਤ ਹੁੰਦਾ ਹੈ :

**ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ॥** (ਅੰਗ 690)

ਗੁਰੂ ਅਰਜਨ ਦੇਵ ਜੀ ਦੇ ਰਾਗੁ ਵਡਹੰਸੁ ਵਿਚ ਬੜੇ ਅਨਮੋਲ ਬਚਨ ਹਨ ਕਿ ਪਰਮਾਤਮਾ ਦੀ ਦਰਗਾਹ ਵਿਚ ਉਹੀ ਕੰਨ ਪ੍ਰਵਾਨ ਹਨ ਜੋ ਸੱਚੇ ਪ੍ਰਭੂ ਦੇ ਨਾਮ ਦੀ ਸਿਫ਼ਤਿ-ਸਾਲਾਹ ਸੁਣਦੇ ਹਨ :

**ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ॥** (ਅੰਗ 577)

ਇਸ ਤਰ੍ਹਾਂ ਜਿਨ੍ਹਾਂ ਦੇ ਕੰਨ ਗੁਰੂ ਜੀ ਦੀ ਬਾਣੀ ਸੁਣਨ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਦੀ ਸੁਰਤੀ ਪ੍ਰਭੂ ਦੀ ਜੋਤਿ ਵਿਚ ਸਮਾਅ ਜਾਂਦੀ ਹੈ ਭਾਵ ਉਹ ਪ੍ਰਭੂ ਨਾਲ ਇਕ-ਮਿਕ ਹੋ ਜਾਂਦੇ ਹਨ :

**ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ॥** (ਅੰਗ ੧023)

ਅਥਵਾ :

**ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ॥** (ਅੰਗ ੧੦੪੧)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 'ਸਵਈਏ ਮਹਲੇ ਚੌਥੇ ਕੇ' ਵਿਚ ਭੱਟ ਨਲ੍ਹ ਜੀ ਅਨੁਸਾਰ ਜੋ ਮਨੁੱਖ ਗੁਰੂ ਦੇ ਸ਼ਬਦ ਨੂੰ ਕੰਨਾਂ ਨਾਲ ਸੁਣਦਾ ਹੈ, ਉਹ ਕੱਚ ਤੋਂ ਸੋਨਾ ਬਣ ਜਾਂਦਾ ਹੈ :

**ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥** (ਅੰਗ ੧399)

ਧੰਨ ਗੁਰੂ ਨਾਨਕ ਦੇਵ ਜੀ ਦਾ ਪਾਵਨ ਬਾਣੀ 'ਜਪੁ' ਜੀ ਵਿਚ ਕਥਨ ਹੈ ਕਿ ਕੰਨਾਂ ਨਾਲ ਪ੍ਰਭੂ ਦੀ ਸਿਫ਼ਤਿ-ਸਾਲਾਹ ਸੁਣਿਆਂ ਸਿਧ, ਪੀਰ, ਦੇਵਤੇ, ਨਾਥ-ਜੋਗੀਆਂ ਵਾਲੀ ਪਦਵੀ ਪ੍ਰਾਪਤ ਹੁੰਦੀ ਹੈ। ਧਰਤੀ ਦੇ ਸਾਰੇ ਦੀਪਾਂ ਭਾਵ ਪੂਰੇ ਬ੍ਰਹਿਮੰਡ ਦੀ ਸੋਝੀ ਤੇ ਗਿਆਨ ਹੋ ਜਾਂਦਾ ਹੈ। ਮਨ ਵਿੱਚੋਂ ਮੌਤ ਦਾ ਭੈਅ ਦੂਰ ਹੋ ਜਾਂਦਾ ਹੈ। ਮਨ ਸਦਾ ਖਿੜਾਓ ਵਿਚ ਰਹਿੰਦਾ ਹੈ ਅਤੇ ਸਾਰੇ ਦੁੱਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ :

**ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥**
**ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥**
**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥**

(ਜਪੁ ਜੀ, ਪਉੜੀ ਨੰਬਰ 8)

ਗੁਰੂ ਨਾਨਕ ਦੇਵ ਜੀ ਨੇ ਅਗਲੀਆਂ ਤਿੰਨ ਪਉੜੀਆਂ (ਨੌਂ, ਦੱਸ ਅਤੇ ਗਿਆਰਾਂ) ਇਸੇ ਸੰਬੰਧ ਵਿਚ ਉਚਾਰੀਆਂ ਹਨ, ਜਿਨ੍ਹਾਂ ਵਿਚ ਅੱਠਵੀਂ ਪਉੜੀ ਵਾਂਗ ਕੰਨਾਂ ਦੇ ਸਦ-ਉਪਯੋਗ ਦੀ ਮਹਿਮਾ ਕੀਤੀ ਗਈ ਹੈ ਅਤੇ ਹਰ ਪਉੜੀ ਦੇ ਅੰਤ ਵਿਚ ਇਨ੍ਹਾਂ ਦੋ ਤੁਕਾਂ ਨੂੰ ਦੁਹਰਾਇਆ ਗਿਆ ਹੈ :

**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥**

ਨਾਮ ਬਾਣੀ ਸੁਨਣ ਨਾਲ ਜਿਥੇ ਮਨੁੱਖ ਦੇ ਕੀਤੇ ਪਾਪ ਖ਼ਤਮ ਹੋ ਜਾਂਦੇ ਹਨ, ਉਥੇ ਨਾਮ ਦਾ ਸਦਕਾ ਜਲ ਡੋਬ ਨਹੀਂ ਸਕਦਾ ਅਤੇ ਅੱਗ ਸਾੜ ਨਹੀਂ ਸਕਦੀ। ਗੁਰਦੇਵ ਦਾ ਕਥਨ ਹੈ ਕਿ ਦਰਿਆ ਵੀ ਰਾਹ ਦੇ ਦਿੰਦੇ ਹਨ।

## ਸਾਖੀ—ਸ਼ੇਰੇ-ਪੰਜਾਬ ਦੇ ਦਰਿਆ ਪਾਰ ਹੋਣ ਦੀ

**ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਸਾਹ॥**
**ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥**
**ਨਾਨਕ ਭਗਤਾ ਸਦਾ ਵਿਗਾਸ॥ ਸੁਣਿਐ ਦੂਖ ਪਾਪ ਕਾ ਨਾਸ॥**

(ਜਪੁ ਜੀ ਸਾਹਿਬ)

ਜਿਸ ਵੇਲੇ ਅਫ਼ਗਾਨੀ ਪਠਾਣਾਂ ਨੇ ਆਪਸ ਵਿਚ ਮਿਲ ਕੇ ਸਿੱਖ-ਰਾਜ ਦੇ ਵਿਰੁੱਧ ਬਗ਼ਾਵਤ ਦਾ ਝੰਡਾ ਖੜਾ ਕਰ ਦਿੱਤਾ ਅਤੇ ਕਾਬਲ ਦੇ ਬਾਦਸ਼ਾਹ 'ਮੁਹੰਮਦ ਅਜ਼ੀਮ' ਨੇ ਭੀ ਬਾਗ਼ੀਆਂ ਨਾਲ ਮਿਲ ਕੇ ਪਿਸ਼ਾਵਰ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

'ਤੇ ਕਬਜ਼ਾ ਕਰ ਲਿਆ ਤਾਂ ਉਸ ਵੇਲੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਇਸ ਸਾਜ਼ਿਸ਼ ਨੂੰ ਦਬਾਉਣ ਵਾਸਤੇ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਬਹੁਤ ਭਾਰੀ ਫ਼ੌਜ ਦੇ ਕੇ ਭੇਜ ਦਿੱਤਾ। ਆਪਸ ਵਿਚ ਕਾਫ਼ੀ ਲੜਾਈ ਹੋਈ ਪ੍ਰੰਤੂ ਪਹਾੜੀ ਇਲਾਕਾ ਹੋਣ ਕਰ ਕੇ ਸ਼ੇਰ ਸਿੰਘ ਦੁਸ਼ਮਣਾਂ ਨੂੰ ਦਬਾ ਨਾ ਸਕਿਆ।

ਜਿਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਗੱਲ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਸ਼ੇਰੇ ਪੰਜਾਬ ਸ਼ਾਹੀ ਫ਼ੌਜਾਂ ਲੈ ਕੇ ਆਪ ਤਿਆਰ ਹੋ ਗਏ। ਚੰਗੀ ਤਰ੍ਹਾਂ ਤਕੜਾਈ ਕਰ ਕੇ ਚਾਲੇ ਪਾ ਦਿੱਤੇ। ਜਦ ਅਟਕ ਦਰਿਆ ਪਾਸ ਆ ਪਹੁੰਚੇ ਤਾਂ ਉਸ ਵੇਲੇ ਫ਼ੌਜ ਨੂੰ ਦਰਿਆ ਤੋਂ ਪਾਰ ਕਰਨ ਵਾਸਤੇ ਕੋਈ ਬੇੜੀ ਜਾਂ ਤੁਲਹੇ ਦਾ ਇੰਤਜ਼ਾਮ ਨਾ ਹੁੰਦਾ ਵੇਖ ਕੇ ਆਪ ਹੀ ਅਰਦਾਸਾ ਸੋਧ ਕੇ ਸ੍ਰੀ ਜਪੁ ਜੀ ਸਾਹਿਬ ਜੀ ਦਾ ਪਾਠ ਸ਼ੁਰੂ ਕਰ ਦਿੱਤਾ :

**ਸੁਣਿਐ ਹਾਥ ਹੋਵੈ ਅਸਗਾਹੁ ॥**

ਵਾਲੀ ਤੁਕ ਪੜ੍ਹ ਕੇ ਆਪਣਾ ਘੋੜਾ ਦਰਿਆ ਦੇ ਵਿਚ ਜਾ ਖੜਾ ਕੀਤਾ।

ਉਸ ਵੇਲੇ ਦਰਿਆ ਦਾ ਪਾਣੀ ਉਤਰ ਗਿਆ। 'ਸਤਿਨਾਮੁ ਵਾਹਿਗੁਰੂ' ਦਾ ਜਾਪ ਕਰਦੀਆਂ ਕਰਦੀਆਂ ਸਾਰੀਆਂ ਫ਼ੌਜਾਂ ਪਾਰ ਹੋ ਗਈਆਂ। ਜਪੁ ਜੀ ਸਾਹਿਬ ਦਾ ਭੋਗ ਪਾ ਕੇ ਆਪਣਾ ਘੋੜਾ ਬਾਹਰ ਕੱਢ ਲਿਆ। ਉਸੀ ਵੇਲੇ ਅਟਕ ਦਰਿਆ ਦਾ ਪਾਣੀ ਫੇਰ ਅਸਗਾਹ ਚੜ੍ਹ ਗਿਆ, ਜਿਹੜੇ ਪਿੱਛੇ ਬਾਕੀ ਬਚੇ ਖੁਚੇ ਸੂਰਮੇ ਸਨ, ਜਿਨ੍ਹਾਂ ਨੂੰ ਨਾਮ ਬਾਣੀ 'ਤੇ ਭਰੋਸਾ ਨਹੀਂ ਸੀ, ਉਹ ਅਤੇ ਬਾਕੀ ਜੋ ਸਾਮਾਨ ਸੀ, ਉਨ੍ਹਾਂ ਨੂੰ ਦਰਿਆ ਰੋੜ੍ਹ ਕੇ ਲੈ ਗਿਆ। ਜਿਸ ਵੇਲੇ ਆਪ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਕਹਿਣ ਲੱਗੇ ਕਿ ਜੋ ਸ਼ਰਧਾ ਤੇ ਭਰੋਸੇ ਤੋਂ ਵਾਂਝੇ ਸਨ, ਉਨ੍ਹਾਂ ਨਾਲ ਐਸੀ ਹੀ ਹੋਣੀ ਚਾਹੀਦੀ ਸੀ।

ਜਿਸ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਅਟਕ ਦਰਿਆ ਤੋਂ ਫ਼ੌਜਾਂ ਪਾਰ ਕੀਤੀਆਂ ਸਨ, ਉਹ ਦਿਨ ੧੩ ਮਾਰਚ ਸੰਨ ੧੮੨੩ ਸੀ। ਮਹਾਰਾਜਾ ਜੀ ਦੇ ਇਸ ਸਮੇਂ ਦੀ ਇਕ ਦਸਤੀ ਫੋਟੋ ਲਾਹੌਰ ਨਿਵਾਸੀ ਰਾਜਾ ਨਰਿੰਦਰ ਨਾਥ ਦੇ ਖ਼ਾਨਦਾਨ ਪਾਸ ਅਜੇ ਤੱਕ ਭੀ ਮੌਜੂਦ ਹੈ।

ਇਸ ਫੋਟੋ ਵਿਚ ਇਹ ਗੱਲ ਸਪੱਸ਼ਟ ਨਜ਼ਰ ਆ ਰਹੀ ਹੈ ਕਿ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਘੋੜੇ ਉਪਰ ਅਸਵਾਰ ਹੋਏ ਹੋਏ ਦਰਿਆ ਵਿਚ ਖੜੇ ਹਨ ਤੇ ਫ਼ੌਜਾਂ ਦਰਿਆ ਤੋਂ ਪਾਰ ਹੋ ਰਹੀਆਂ ਹਨ। ਬਾਣੀ ਵਿਚ ਇਤਨੀ ਤਾਕਤ ਹੈ, ਜਿਸ ਦੇ ਪੜ੍ਹਨ ਸੁਣਨ ਨਾਲ ਦਰਿਆਵਾਂ ਦੇ ਪਾਣੀ ਭੀ ਨੀਵੇਂ ਹੋ ਕੇ ਰਸਤਾ ਦੇ ਦੇਂਦੇ ਹਨ, ਤਾਂ ਤੇ ਗੁਰਬਾਣੀ ਪਰ ਸਿਦਕ ਰੱਖੋ।

ਬਿਲਾਵਲੁ ਮਹਲਾ 5 ॥ ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥ ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥ ੧ ॥ ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥ ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥ ੧ ॥ ਰਹਾਉ ॥ ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥ ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸਮਾਵਉ ॥ 2 ॥ ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥ 3 ॥ ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ 4 ॥ ੧5 ॥ 45 ॥**

ਪਦ ਅਰਥ :- ਸ੍ਰਵਨੀ=ਕੰਨਾਂ ਨਾਲ ਨਾਮ ਬਾਣੀ। ਸੁਨਉ=ਮੈਂ ਸੁਣਾਂ। ਸੀਸ ਧਰਿ=ਸਿਰ ਰੱਖ ਕੇ। ਧਿਆਵਉ=ਮੈਂ ਧਿਆਵਾਂ। ਸਿਧਿ=ਅਠਾਰਾਂ ਸਿੱਧੀਆਂ, ਭਾਵ ਕਰਾਮਾਤੀ ਸ਼ਕਤੀਆਂ। ਤਿਆਗਿ=ਆਪਾ ਭਾਵ ਮਿਟਾ ਕੇ। ਸਮਾਵਉ=ਮੈਂ ਸਮਾਵਾਂ। ਅਨ ਕਤਹਿ=ਹੋਰ ਕਿਤੇ ਭੀ। ਨ ਧਾਵਉ=ਮੈਂ ਨਾ ਭੱਜਾਂ, ਭਟਕਾਂ। ਭੇਟੀਐ=ਮਿਲ ਪਏ। ਮਿਟਾਵਉ=ਮੈਂ ਮਿਟਾ ਦਿਆਂ। ਬਨਾਵਉ=ਮੈਂ ਬਣਾਵਾਂ।

ਅਰਥ :- (ਹੇ ਪ੍ਰਭੂ ਵਾਹਿਗੁਰੂ ਜੀ ! ਕਿਰਪਾ ਕਰ ਕਿ) ਮੈਂ ਕੰਨਾਂ ਨਾਲ ਹਰੀ ਪ੍ਰਭੂ ਦਾ (ਨਾਮ ਬਾਣੀ) ਸੁਣਾਂ ਅਤੇ (ਮੂੰਹ ਨਾਲ ਆਪ) ਮਾਲਕ ਦਾ ਜੱਸ ਗਾਉਂਦਾ ਰਹਾਂ। ਸੰਤਾਂ ਦੇ ਚਰਨਾਂ ਉੱਤੇ (ਆਪਣੇ) ਹੱਥ ਤੇ (ਆਪਣਾ) ਸਿਰ ਰੱਖ ਕੇ, ਹਰੀ ਹਰੀ ਨਾਮ ਧਿਆਉਂਦਾ ਰਹਾਂ।੧।

ਹੇ ਦਇਆ ਦੇ ਕਰਤੇ ਪ੍ਰਭੂ ! (ਮੇਰੇ 'ਤੇ ਕਿਰਪਾ ਕਰੋ ਕਿ ਮੈਂ) ਇਹ ਨੌਂ ਨਿਧੀਆਂ, ਅਠਾਰਾਂ ਸਿਧੀਆਂ ਪ੍ਰਾਪਤ ਕਰ ਲਵਾਂ ਅਤੇ ਪ੍ਰਭੂ ਪਿਆਰੇ ਸੰਤ ਜਨਾਂ ਦੀ ਚਰਨ ਧੂੜੀ ਲੈ ਕੇ (ਆਪਣੇ) ਮੱਥੇ ਉੱਤੇ ਲਾਵਾਂ।੧। ਰਹਾਉ।

(ਹੇ ਪ੍ਰਭੂ ਪ੍ਰਮਾਤਮਾ ! ਮੇਰੇ ਉੱਤੇ ਇਹ ਮਿਹਰ ਕਰ ਕਿ ਮੈਂ) ਨੀਵੇਂ ਤੋਂ ਨੀਵਾਂ ਭਾਵ ਨਿਮਰਤਾ ਧਾਰ ਕੇ ਉਸ ਤੋਂ ਭੀ ਨੀਵਾਂ ਹੋ ਕੇ, ਬੇਨਤੀ ਕਰ ਕੇ (ਪ੍ਰਭੂ ਪਿਆਰੇ ਸੰਤਾਂ ਨੂੰ) ਬੁਲਾਵਾਂ। ਮੈਂ ਆਪਣਾ ਆਪ ਛੱਡ ਕੇ (ਸੰਤਾਂ ਦੇ) ਪੈਰ ਮੱਲਾਂ ਅਤੇ ਸੰਤਾਂ ਦੀ ਸੰਗਤ ਵਿਚ ਲੀਨ ਹੋਇਆ ਰਹਾਂ।੨।

ਸੁਆਸ-ਸੁਆਸ ਵਿਚ (ਮੈਨੂੰ ਪ੍ਰਭੂ ਯਾਦ ਰਹੇ, ਕਦੇ) ਨਾ ਵਿਸਰੇ, (ਹਮੇਸ਼ਾ ਉਸ ਪ੍ਰਭੂ ਦੀ ਯਾਦ ਬਣੀ ਰਹੇ) ਮੈਂ ਹੋਰ ਕਿਤੇ ਭੀ ਨਾ ਭੱਜਾਂ, ਭਟਕਾਂ। ਗੁਰੂ ਮਿਲ ਪਏ, (ਭਾਵ ਉਸ ਦਾ) ਸਫਲ ਦਰਸ਼ਨ ਪ੍ਰਾਪਤ ਹੋ ਜਾਵੇ (ਇਸ ਦੇ ਫਲਸਰੂਪ ਮੈਂ ਆਪਣਾ) ਹੰਕਾਰ ਤੇ ਮੋਹ ਮਿਟਾ ਦਿਆਂ।੩।

(ਹੇ ਪ੍ਰਭੂ ! ਕਿਰਪਾ ਕਰ) ਮੈਂ ਸਤ, ਸੰਤੋਖ, ਦਇਆ, ਧਰਮ ਆਦਿ ਸ਼ੁਭ ਗੁਣਾਂ ਨੂੰ (ਆਪਣੇ ਜੀਵਨ ਦਾ) ਸ਼ਿੰਗਾਰ ਬਣਾਵਾਂ। ਨਾਨਕ (ਗੁਰੂ ਜੀ ਉਚਾਰਨ ਕਰਦਿਆਂ ਆਪਣੀ ਚਾਹਨਾ ਪ੍ਰਗਟ ਕਰਦੇ ਹਨ ਕਿ ਜਿਵੇ) ਸਫਲ ਸੁਹਾਗਣਿ ਇਸਤ੍ਰੀ (ਉਹ ਗਿਣੀ ਜਾਂਦੀ ਹੈ, ਜੋ ਪ੍ਰਭੂ ਨੂੰ ਚੰਗੀ) ਲੱਗਦੀ ਹੈ, ਇਸੇ ਤਰ੍ਹਾਂ ਮੈਂ ਭੀ ਆਪਣੇ ਪ੍ਰਭੂ-ਪਤੀ ਨੂੰ ਚੰਗਾ ਲੱਗ ਜਾਵਾਂ।੪।੧੫।੪੫।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

☆☆☆

ਸ੍ਰੀ ਮੁਖਵਾਕ ਨੰਬਰ ੧੭੬ (ਆਦਿ ਅੰਗ ੮੧੩)

## ਬਿਲਾਵਲੁ ਮਹਲਾ 5 ॥

ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ॥ ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ॥ ੧ ॥ ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥ ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥ ੧ ॥ ਰਹਾਉ ॥ ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ॥ 2 ॥ ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ 3 ॥ ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥ 4 ॥ 22 ॥ 52 ॥

## ਪ੍ਰਾਕ੍ਥਨ :

ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਹਜ਼ੂਰ ਨੇ ਇਸ ਸੰਸਾਰ ਸਮੁੰਦਰ ਤੋਂ ਤਰਨ ਦੀ ਗੱਲ ਕੀਤੀ ਹੈ ਅਤੇ ਨਾਲ ਹੀ ਨਾਮ ਦੀ ਮਹਿਮਾ ਦਰਸਾਈ ਹੈ।

## ਵਿਸ਼ਾ — ਇਹੁ ਸਾਗਰੁ ਸੋਈ ਤਰੈ

ਸਾਗਰੁ ਦਾ ਅਰਥ ਹੈ — ਸਮੁੰਦ੍ਰ। ਸਮੁੰਦ੍ਰ ਨੂੰ ਤਰਨਾ ਸੌਖਾ ਨਹੀਂ ਹੁੰਦਾ, ਬਹੁਤ ਕਠਨ ਹੁੰਦਾ ਹੈ, ਪਰ ਉਹ ਮਨੁੱਖ ਸੌਖਾ ਤਰ ਜਾਂਦਾ ਹੈ ਜਿਸ ਨੂੰ ਬੇੜਾ ਜਾਂ ਜਹਾਜ਼ ਮਿਲ ਜਾਂਦਾ ਹੈ। ਹਜ਼ੂਰ ਨੇ ਇਥੇ ਸੰਸਾਰ-ਸਮੁੰਦ੍ਰ ਦੀ ਗੱਲ ਕੀਤੀ ਹੈ, ਪਰ ਨਾਮ ਰੂਪੀ ਜਹਾਜ਼ ਦੇ ਆਸਰੇ ਨਾਲ ਇਹ ਭੀ ਸੌਖਾ ਤਰਿਆ ਜਾਂਦਾ ਹੈ।

ਗੁਰੂ ਪਿਆਰੇ ਗੁਰਮੁਖ ਗੁਰਸਿੱਖਾਂ ਦੀ ਸੁਰਤ ਜਦੋਂ ਗੁਰ-ਸ਼ਬਦ ਅੰਦਰ ਲੀਨ ਹੋ ਜਾਂਦੀ ਹੈ ਤਾਂ ਉਨ੍ਹਾਂ ਉੱਪਰ ਅੱਗ, ਪਾਣੀ ਤੇ ਹੋਰ ਐਸਾ ਕੁਝ ਵੀ ਅਸਰ ਹੀ ਨਹੀਂ ਕਰਦਾ। ਉਨ੍ਹਾਂ ਦੇ ਗੁਰ-ਸ਼ਬਦ ਦੀ ਕਮਾਈ ਦੁਆਰਾ ਅੰਦਰੋਂ ਅਵਗੁਣ ਮਿੱਟ ਜਾਂਦੇ ਹਨ। ਕੁਦਰਤ ਭਗਤ ਨਾਲ ਇਕਸੁਰ ਹੋ ਜਾਂਦੀ ਹੈ। ਪਰਮਾਰਥ ਦੀਆਂ ਪੌੜੀਆਂ ਚੜ੍ਹਦਿਆਂ-ਚੜ੍ਹਦਿਆਂ ਇਕ ਐਸਾ ਪੜਾਅ ਆਉਂਦਾ ਹੈ ਜਿਥੇ ਸਾਰੀ ਕੁਦਰਤ ਮਿੱਤਰ ਬਣ ਜਾਂਦੀ ਹੈ।

ਗੁਰੂ ਪਿਆਰਿਆਂ ਦੀ ਨਜ਼ਰ ਅੰਦਰ ਇਕ ਸੱਚਾਈ ਮੰਨੀ ਪ੍ਰਮੰਨੀ ਹੈ ਕਿ ਹੰਕਾਰ ਨਾਲ ਮਨੁੱਖ ਅੰਦਰੋਂ ਭਾਰਾ ਹੁੰਦਾ ਹੈ। ਨਿਰਹੰਕਾਰੀ ਮਨੁੱਖ ਹੌਲਾ ਫੁੱਲ ਹੁੰਦਾ ਹੈ। ਇਸ ਲਈ ਨਿਰ-ਅਹੰਕਾਰੀ ਮਨੁੱਖ ਪਾਣੀ ਉੱਪਰ ਸੁਭਾਵਕ ਹੀ ਤਰਨ ਲੱਗਦਾ ਹੈ। ਉਂਜ ਪਾਣੀ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੈ। ਭਾਰੇ-ਭਾਰੇ ਪ੍ਰਾਣਧਾਰੀ ਜੀਅ ਜੰਤ ਨਦੀਆਂ, ਦਰਿਆਵਾਂ ਨੂੰ ਪਾਰ ਕਰਦੇ ਹਨ। ਹਾਥੀ ਪਾਣੀ ਅੰਦਰ ਤੈਰਦਾ ਹੈ, ਮੱਝਾਂ, ਗਾਵਾਂ ਤੈਰਦੀਆਂ ਹਨ। ਭਾਰੀ ਬ੍ਰਿਛ ਵੀ ਤਰ ਜਾਂਦੇ ਹਨ। ਸਿਰਫ਼ ਮਨੁੱਖ ਹੀ ਡੁੱਬਦੇ ਹਨ, ਕਿਉਂਕਿ ਇਹ ਹੰਕਾਰ ਵਿਚ ਘਿਰਿਆ ਹੈ।

ਵਾਹਿਗੁਰੂ ਨੇ ਕੁਦਰਤ ਦੇ ਜ਼ੱਰੇ-ਜ਼ੱਰੇ ਅੰਦਰ ਆਪਣੇ ਆਪ ਨੂੰ ਛੁਪਾਇਆ ਹੈ, ਬਲਕਿ ਸਾਰੀ ਕਾਇਨਾਤ ਨੂੰ ਉਸ ਨੇ ਹੁਕਮ ਅੰਦਰ ਬੱਧਾ ਹੈ। ਹਜ਼ੂਰ ਦਾ ਕਥਨ ਹੈ :

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥** (ਜਪੁ ਜੀ ਸਾਹਿਬ)

ਭਾਈ ਪਾਰੋ ਜੀ ਇਕ ਉੱਘੇ ਗੁਰੂ ਕੇ ਸਿੱਖ ਹੋਏ ਹਨ। ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਰੋਜ਼ਾਨਾ ਡੱਲੇ ਪਿੰਡ ਤੋਂ ਗੋਇੰਦਵਾਲ ਸਾਹਿਬ ਆਉਂਦੇ ਹਨ। ਰਸਤੇ ਵਿਚ ਬਿਆਸਾ ਦਰਿਆ ਹੈ। ਭਾਈ ਪਾਰੋ ਜੁਲਕਾ ਜੀ ਗੁਰੂ ਰੂਪੀ ਜਹਾਜ਼ ਦੇ ਆਸਰੇ ਦਰਿਆ ਦੀਆਂ ਲਹਿਰਾਂ ਨੂੰ ਪਾਰ ਕਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਧੰਨਭਾਗ ਸਮਝਦੇ ਹਨ। ਉਨ੍ਹਾਂ ਅੰਦਰ ਹਮੇਸ਼ਾ ਗੁਰੂ-ਦੀਦਾਰਿਆਂ ਦੀ ਤੜਪ ਬਣੀ

ਰਹਿੰਦੀ ਹੈ :

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥ ੧੩ ॥**
**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥ ੧੪ ॥**
**ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥ ੧੫ ॥**

(ਰਾਗੁ ਸੂਹੀ ਅਸਟਪਦੀਆ ਮਹਲਾ 4, ਅੰਗ 757)

ਦਰਸ਼ਨ ਕਰਨ ਉਪਰੰਤ ਉਸੇ ਤਰ੍ਹਾਂ ਦਰਿਆ ਅੰਦਰ ਘੋੜੀ ਠੇਲ੍ਹ ਕੇ ਵਾਪਸ ਪਿੰਡ ਆ ਜਾਂਦੇ ਹਨ। ਦਿੱਲੀਓਂ ਲਾਹੌਰ ਨੂੰ ਜਾਂਦਾ ਫ਼ੌਜਾਂ ਦਾ ਕਾਫ਼ਲਾ ਦਰਿਆ ਦੇ ਹੜ੍ਹ ਨੂੰ ਵੇਖ ਕੇ ਰੁਕ ਗਿਆ। ਫ਼ੌਜਾਂ ਦਾ ਜਰਨੈਲ ਅੱਲਾ ਯਾਰ ਖ਼ਾਂ ਹੜ੍ਹ ਦੇ ਪਾਣੀ ਦੇ ਉਤਰਨ ਦੀ ਉਡੀਕ ਕਰਨ ਲੱਗਾ। ਜਿਉਂ ਹੀ ਇਸ ਅੱਲਾ ਯਾਰ ਖ਼ਾਂ ਜਰਨੈਲ ਨੇ ਭਾਈ ਪਾਰੋ ਜੁਲਕਾ ਜੀ ਨੂੰ ਰਵਾਂ-ਰਵੀਂ ਘੋੜੀ ਠੇਲ੍ਹ ਕੇ ਦਰਿਆ ਪਾਰ ਕਰਦੇ ਵੇਖਿਆ ਤਾਂ ਉਸ ਦੀ ਅਕਲ ਦੰਗ ਰਹਿ ਗਈ। ਜਦੋਂ ਭਾਈ ਸਾਹਿਬ ਵਾਪਸ ਆਏ ਤਾਂ ਜਰਨੈਲ ਨੇ ਪੁੱਛਿਆ — ਸਿੱਖਾ ! ਤੈਨੂੰ ਪਾਣੀ ਵਿਚ ਰੁੜ੍ਹਨ ਦਾ ਡਰ ਨਹੀਂ ਆਇਆ ? ਤਾਂ ਭਾਈ ਪਾਰੋ ਜੀ ਨੇ ਕਿਹਾ ਕਿ ਜਦ ਸਤਿਗੁਰੂ ਜੀ ਦੇ ਭਰੋਸੇ ਦੇ ਬੇੜੇ ਚੜ੍ਹ ਜਾਈਏ ਫਿਰ ਡਰ ਕਾਹਦਾ ? ਜਰਨੈਲ ਅੱਲਾ ਯਾਰ ਖ਼ਾਂ ਇਥੋਂ ਹੀ ਗੁਰੂ-ਚਰਨਾਂ ਦਾ ਸਾਦਿਕ ਬਣ ਜਾਂਦਾ ਹੈ। ਗੁਰੂ ਅਮਰਦਾਸ ਜੀ 'ਤੇ ਇਸ ਅੱਲਾ ਯਾਰ ਖ਼ਾਂ ਨੂੰ ਪੂਰਨ ਭਰੋਸਾ ਅਤੇ ਸ਼ਰਧਾ ਬਣ ਆਈ। ਇਹ ਗੁਰੂ ਜੀ ਦੇ ਚਰਨਾਂ 'ਚੋਂ ਗੁਰਮਤਿ ਦਾਨ ਪਾ ਕੇ ਵਡਭਾਗਿਆਂ ਵਿਚ ਸ਼ਾਮਿਲ ਹੋ ਗਿਆ। ਤੀਜੇ ਗੁਰੂ ਜੀ ਨੇ ਪ੍ਰਚਾਰ ਦੀ ਜ਼ਿੰਮੇਵਾਰੀ ਜਦ ਗੁਰਸਿੱਖਾਂ ਨੂੰ ਬਖ਼ਸ਼ੀ ਤਾਂ ਉਨ੍ਹਾਂ ਭਾਗਸ਼ਾਲੀ ਗੁਰਸਿੱਖਾਂ ਵਿਚ ਅੱਲ੍ਹਾ ਯਾਰ ਖ਼ਾਂ ਵੀ ਸੀ।

ਭਾਈ ਪਾਰੋ ਜੀ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਪਰਮ ਹੰਸ ਕਰ ਕੇ ਵਾਰਾਂ ਅੰਦਰ ਲਿਖਿਆ ਹੈ :

**ਪਾਰੋ ਜੁਲਕਾ ਪਰਮਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ।....**
**ਪੂਰੈ ਸਤਿਗੁਰ ਪੈਜ ਸਵਾਰੀ॥ ੧੫ ॥** (ਵਾਰ ੧੧, ਪਉੜੀ ੧੫)

ਪ੍ਰਭੂ ਨੇ ਭਗਤ ਕਬੀਰ ਜੀ ਦੀ ਰੱਖਿਆ ਕੀਤੀ। ਸੱਚ ਮੂਰਤੀਮਾਨ ਕਰ ਕੇ ਗੁਰੂ ਪਰਮਾਤਮਾ ਦੇ ਭਰੋਸੇ ਅੰਦਰ ਮਨ ਨੂੰ ਟਿਕਾਉਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਅਖੌਤੀ ਜਾਤ ਦੇ ਅਭਿਮਾਨੀ ਹੰਕਾਰ ਅੰਦਰ ਫਸੇ ਅੰਨ੍ਹੇ ਮਨੁੱਖਾਂ ਦੀ ਅੱਖ ਭਗਤ ਕਬੀਰ ਜੀ ਨੂੰ ਪਹਿਚਾਣ ਨਾ ਸਕੀ। ਕਦੇ ਵਰਨ-ਵੰਡ ਦੀ ਉਨ੍ਹਾਂ ਵੱਲੋਂ ਨਿਰਾਦਰੀ ਕਰਨ ਦਾ ਇਲਜ਼ਾਮ ਲੱਗਾ ਅਤੇ ਕਦੇ ਸ਼ਰ੍ਹਾ ਦਾ ਅਪਮਾਨ ਕਰਨ ਦਾ ਇਲਜ਼ਾਮ ਭਗਤ ਸਿਰ ਮੜ੍ਹਿਆ ਗਿਆ। ਕਦੇ ਵਰਨ-ਵੰਡ ਦੇ ਮੁਦੱਈ ਬ੍ਰਾਹਮਣਾਂ ਤੇ ਕਦੇ ਸ਼ਰ੍ਹਾ ਦੇ ਦੀਵਾਨਿਆਂ ਨੇ ਭਗਤ ਜੀ ਨੂੰ ਜਾਨੋਂ ਮਾਰਨ ਲਈ ਖ਼ੂਨੀ ਹਾਥੀ ਅੱਗੇ ਸੁੱਟਵਾਇਆ। ਗਹਿਰੀ ਗੰਗਾ ਦੇ ਡੂੰਘੇ ਪਾਣੀ ਅੰਦਰ ਨੂੜ ਕੇ ਸੁੱਟਿਆ।

ਇਥੇ ਵੀ ਪ੍ਰਭੂ ਪਰਮਾਤਮਾ ਦੇ ਗੁਪਤ ਹੱਥ ਭਗਤ ਦੇ ਸਿਰ 'ਤੇ ਰਹੇ। ਮਨ ਪਰਮਾਤਮਾ ਦੀ ਸ਼ਕਤੀ

ਅੰਦਰ ਲਿਵਲੀਨ ਹੋਣ ਕਰ ਕੇ ਚਿੱਤ ਅਡੋਲ ਰਿਹਾ। ਆਪ ਜੀ ਨੇ ਆਪਣੀ ਬਾਣੀ ਵਿਚ ਕਥਨ ਕੀਤਾ ਹੈ :

**ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥**
**ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥ ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥**
**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥ 2॥**
**ਕਹਿ ਕੰਬੀਰ ਕੋਊ ਸੰਗ ਨ ਸਾਥ॥ ਜਲ ਥਲ ਰਾਖਨ ਹੈ ਰਘੁਨਾਥ॥ 3॥**

(ਭੈਰਉ ਕਬੀਰ ਜੀ, ਅੰਗ ੧੧62)

ਅੱਗ ਸਾੜਦੀ ਨਹੀਂ ਸਗੋਂ ਪਾਲਦੀ ਹੈ, ਪਾਣੀ ਡੋਬਦਾ ਨਹੀਂ ਸਗੋਂ ਸਹਾਇਕ ਬਣ ਜਾਂਦਾ ਹੈ। ਗੁਰੂ ਘਰ ਅੰਦਰ ਕਈ ਸਾਖੀਆਂ ਇਸ ਸੰਬੰਧ ਵਿਚ ਪ੍ਰਮਾਣਿਕ ਮੰਨੀਆਂ ਗਈਆਂ ਹਨ। ਭਗਤ ਪ੍ਰਹਿਲਾਦ ਦੀ ਜੀਵਨ-ਗਾਥਾ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕਥਨ ਕੀਤੀ ਹੈ :

**ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।**
**ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦ।**
**ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।**
**ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।**
**ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।**
**ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।**
**ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।**
**ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।**
**ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।**
**ਜੈ ਜੈ ਕਾਰ ਕਰਨਿ ਬ੍ਰਹਮਾਦਿ॥ 2॥** (ਵਾਰ ੧0, ਪਉੜੀ 2)

ਭਗਤ ਪ੍ਰਹਿਲਾਦ ਜੀ ਨੂੰ ਬਾਲ ਅਵਸਥਾ 'ਚ ਉਨ੍ਹਾਂ ਦੇ ਸੰਸਾਰੀ ਪਿਤਾ ਰਾਜੇ ਹਰਣਾਖਸ਼ ਨੇ ਪ੍ਰਭੂ-ਵਿਸ਼ਵਾਸ ਤੋਂ ਥਿੜਕਾਉਣ ਲਈ ਆਪਣੀ ਸਾਰੀ ਸਿਆਣਪ ਅਤੇ ਤਾਕਤ ਵਰਤੀ। ਰਾਜੇ ਹਰਣਾਖਸ਼ ਦਾ ਸਾਥ ਉਸ ਦੀ ਸਕੀ ਭੈਣ ਹੋਲਕਾ ਵੱਲੋਂ ਵੀ ਦਿੱਤਾ ਗਿਆ। ਅਕਸਰ ਭੂਆ ਆਪਣੇ ਭਤੀਜੇ-ਭਤੀਜੀਆਂ ਦੇ ਸੁਖ ਮੰਗਦੀਆਂ ਹਨ, ਪਰ ਦੁਸ਼ਟ ਭਰਾ ਦੀ ਦੁਸ਼ਟ ਭੈਣ ਭਤੀਜੇ ਨੂੰ ਜਾਨੋਂ ਮਾਰਨ ਵਾਸਤੇ ਪੂਰੀ ਤਰ੍ਹਾਂ ਮਦਦ ਕਰਦੀ ਹੈ। ਹੋਲਕਾ ਭਗਤ ਪ੍ਰਹਿਲਾਦ ਜੀ ਨੂੰ ਗੋਦੀ ਚੁੱਕ ਕੇ ਬਲਦੀਆਂ ਲੱਕੜਾਂ ਅੰਦਰ ਬੈਠ ਗਈ। ਹੋਲਕਾ ਸ਼ਿਵ ਜੀ ਦੀ ਉਪਾਸ਼ਕ ਸੀ। ਉਹਨੂੰ ਭਰੋਸਾ ਸੀ ਕਿ ਮੈਨੂੰ ਸ਼ਿਵ ਜੀ ਵੱਲੋਂ ਵਰ ਪ੍ਰਾਪਤ ਹੈ ਕਿ ਜਿਹੜਾ ਦੁਪੱਟਾ, ਇਹ ਚਾਦਰ ਮੇਰੇ ਸਿਰ 'ਤੇ ਹੈ, ਇਹ ਮੈਨੂੰ ਸੜਨ ਨਹੀਂ ਦੇਵੇਗਾ, ਪਰ ਹੋਇਆ ਇਸ ਦੇ ਉਲਟ। ਉਹੀ ਦੁਪੱਟਾ ਉੱਡ ਕੇ ਪ੍ਰਹਿਲਾਦ ਦੇ ਉੱਪਰ ਜਾ ਪਿਆ। ਪ੍ਰਮਾਤਮਾ ਦੇ ਚਰਨਾਂ ਨਾਲ ਜੁੜੇ ਪ੍ਰਹਿਲਾਦ ਜੀ

ਦੀ ਅਗਨੀ ਅੰਦਰ ਰੱਖਿਆ ਹੋਈ ਅਤੇ ਸ਼ਿਵ-ਉਪਾਸ਼ਕ ਹੋਲਕਾ ਸੜ ਗਈ। ਹੋਲਕਾ ਦੇ ਸੜਨ ਦੀ ਖ਼ੁਸ਼ੀ 'ਚ ਹੋਲੀ ਦਾ ਤਿਉਹਾਰ ਬਣਿਆ ਕਿ ਪ੍ਰਮਾਤਮਾ ਭਗਤਾਂ ਦੀ ਸਦਾ ਰਖਵਾਲੀ ਕਰਦਾ ਹੈ।

ਹੋਲਕਾ ਤੋਂ ਬਾਅਦ ਰਾਜੇ ਹਰਣਾਖਸ਼ ਨੂੰ ਵਾਹਿਗੁਰੂ ਜੀ ਨੇ ਸਜ਼ਾ ਦੇ ਕੇ ਆਪਣੇ ਕ੍ਰਿਪਾਲੂ ਬਿਰਦ ਦਾ ਪ੍ਰਗਟਾਅ ਕੀਤਾ। ਗੁਰੂ ਅਮਰਦਾਸ ਜੀ ਨੇ ਪ੍ਰਮਾਤਮਾ ਦੇ ਬਿਰਦ ਅਤੇ ਭਗਤ ਦੀ ਪ੍ਰੀਤ ਨੂੰ ਦਰਸਾਇਆ ਹੈ :

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥**

(ਸੋਰਠਿ ਮਹਲਾ 3, ਅੰਗ 637)

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਅਕਾਲ ਪੁਰਖ ਜੀ ਦੇ ਭਗਤਾਂ ਪ੍ਰਤੀ ਪ੍ਰੇਮ ਦੇ ਦਰਸ਼ਨ ਕਰਵਾਏ ਹਨ :

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥**

(ਆਸਾ ਮਹਲਾ 4, ਅੰਗ 45੧)

**ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥**
**ਇਹ ਲੋਕਿ ਪ੍ਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥ ੧॥**
**ਗੁਰ ਕਾ ਬਚਨੁ ਬਸੈ ਜੀਅ ਨਾਲੇ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥**
**ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥**
**ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥ 2॥**

(ਅੰਗ 679)

ਇਸ ਲਈ ਹਜ਼ੂਰ ਨੇ ਕਿਰਪਾ ਕਰਕੇ ਇਹ ਸਿਧਾਂਤ ਸਾਨੂੰ ਜਨਾਇਆ ਹੈ :

**ਗੁਰ ਕਾ ਬਚਨੁ ਬਸੈ ਜੀਅ ਨਾਲੇ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਇ ਨ ਸਾਕੈ ਜਾਲੇ॥ ੧॥ ਰਹਾਉ॥**

ਜਿਸ ਮਨੁੱਖ ਦੇ ਹਿਰਦੇ ਵਿਚ ਗੁਰ-ਉਪਦੇਸ਼ ਵਸ ਜਾਂਦਾ ਹੈ, ਉਸ ਨੂੰ ਜਲ ਨਹੀਂ ਡੋਬਦਾ, ਚੋਰ ਉਸ ਪਾਸੋਂ ਸ਼ੁੱਭ ਗੁਣਾਂ ਦਾ ਧਨ ਨਹੀਂ ਚੁਰਾ ਸਕਦਾ, ਅੱਗ ਸਾੜ ਨਹੀਂ ਸਕਦੀ।

## ਸਾਖੀ—ਭਾਈ ਗੁਰਦਾਸ ਜੀ ਦੀ

ਸੰਗਤਾਂ ਨੂੰ ਗੁਰਸਿੱਖੀ ਦਾ ਪ੍ਰਚਾਰ ਕਰਕੇ ਗੁਰੂ ਪ੍ਰਮੇਸ਼ਰ ਨਾਲ ਜੋੜਨ ਵਾਸਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਨੂੰ ਆਗਰੇ ਭੇਜਿਆ ਹੋਇਆ ਸੀ। ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਗੋਇੰਦਵਾਲ ੧੬੩੮ ਬਿਕ੍ਰਮੀ ਭਾਦਰੋਂ ਸੁਦੀ ਤੀਜ ਨੂੰ ਜੋਤੀ ਜੋਤ ਸਮਾ ਗਏ ਤੇ ਭਾਈ ਗੁਰਦਾਸ ਜੀ ਨੇ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ ਸੁਣਿਆ ਤਾਂ ਉਸੀ ਵੇਲੇ ਆਗਰਿਓਂ ਚੱਲ ਪਏ। ਸੰਗਤਾਂ ਵੀ ਨਾਲ ਸਨ। ਜਿਸ ਵੇਲੇ ਚਲਦੇ ਚਲਦੇ ਬਿਆਸਾ ਨਦੀ ਦੇ ਕੰਢੇ 'ਤੇ ਪਹੁੰਚੇ ਹਨ ਤਾਂ ਕੀ ਦੇਖਿਆ ਕਿ ਨਦੀ ਬੜੀ ਜ਼ੋਰ ਨਾਲ ਚੱਲ ਰਹੀ ਹੈ। ਠਾਠਾਂ ਮਾਰ ਰਹੀ ਹੈ ਤੇ ਬੇੜੀ ਕੋਈ ਨਹੀਂ ਹੈ ਜਿਸ 'ਤੇ ਚੜ੍ਹ ਕੇ ਪਾਰ ਉਤਰਨ। ਰਾਤ ਓਥੇ ਟਿਕਣਾ ਪੈਣਾ ਸੀ ਕਿਉਂਕਿ ਬੇੜੀ ਨੇ ਸਵੇਰੇ ਆਉਣਾ ਸੀ। ਭਾਈ ਗੁਰਦਾਸ ਜੀ ਸੋਚ ਹੀ ਰਹੇ ਸਨ ਕਿ ਹੁਣ ਕਿਵੇਂ ਕਰੀਏ ਤਾਂ ਇਕ ਸਿੱਖ ਨੇ ਇਹ ਤੁਕ ਪੜ੍ਹੀ :

**ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥ ੧ ॥ ਰਹਾਉ ॥**
**ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥**
**ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥ 2 ॥ ੧ ॥ 32 ॥**

(ਧਨਾਸਰੀ ਮਹਲਾ 5, ਅੰਗ 679)

**ਗੁਰ ਕਾ ਬਚਨੁ ਸਦਾ ਅਬਿਨਾਸੀ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥**
**ਗੁਰ ਕਾ ਬਚਨੁ ਜੀਅ ਕੈ ਸੰਗਿ ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥ ੧ ॥**
**ਜੋ ਗੁਰਿ ਦੀਆ ਸੁ ਮਨ ਕੈ ਕਾਮਿ॥ ਸੰਤ ਕਾ ਕੀਆ ਸਤਿ ਕਰਿ ਮਾਨਿ॥ ੧॥ ਰਹਾਉ॥**
**ਗੁਰ ਕਾ ਬਚਨੁ ਅਟਲ ਅਛੇਦ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥**
**ਗੁਰ ਕਾ ਬਚਨੁ ਕਤਹੁ ਨ ਜਾਇ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ॥ 2 ॥**
**ਗੁਰ ਕਾ ਬਚਨੁ ਜੀਅ ਕੈ ਸਾਥ ॥ ਗੁਰ ਕਾ ਬਚਨੁ ਅਨਾਥ ਕੋ ਨਾਥ ॥**
**ਗੁਰ ਕੈ ਬਚਨਿ ਨਰਕਿ ਨ ਪਵੈ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ॥ 3 ॥**
**ਗੁਰ ਕਾ ਬਚਨੁ ਪਰਗਟੁ ਸੰਸਾਰਿ ॥ ਗੁਰ ਕੈ ਬਚਨਿ ਨ ਆਵੈ ਹਾਰਿ ॥**

(ਅੰਗ ੧77)

ਭਾਈ ਗੁਰਦਾਸ ਜੀ ਦੇ ਹਿਰਦੇ ਵਿਚ ਅਤੁੱਟ ਨਿਸਚਾ ਹੋ ਗਿਆ ਤੇ ਆਖਦੇ ਹਨ :

**ਸ਼ਬਦ ਆਸਰੇ ਹੋਵਹੁ ਪਾਰ। ਇਮ ਨਿਸ਼ਚਾ ਸਤਿਗੁਰ ਕੋ ਧਾਰਿ॥ 26 ॥**
**ਸਭਿ ਸੰਗਤਿ ਕੋ ਕਹਾ ਬੁਝਾਈ। ਹਮ ਹੈਂ ਮੁਗਧ ਬੂਝ ਨਹਿ ਪਾਈ।**

**ਭਵਜਲ ਗੁਰ ਕੋ ਸ਼ਬਦ ਉਧਾਰੈ॥ ਇਹ ਬਪੁਰੀ ਕਜਾ ਨਦੀ ਨ ਤਾਰੈ ?॥ 27॥**
**ਧਰਿ ਸ਼ਰਧਾ ਗੁਰ ਕੋ ਬਚੁ ਮਾਨੋ। ਉਤਰਹੁ ਪਾਰ ਬਿਲਮੁ ਨਹਿੰ ਠਾਨੋ।**

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਗ 26)

ਸ੍ਰੀ ਜਪੁ ਜੀ ਸਾਹਿਬ ਜੀ ਦੀ ਇਹ ਪਾਵਨ ਪੰਗਤੀ ਪੜ੍ਹਦਿਆਂ ਹੋਇਆਂ :

**ਨਾਨਕ ਭਗਤਾ ਸਦਾ ਵਿਗਾਸੁ॥**
**ਸੁਣਿਐ ਦੂਖ ਪਾਪ ਕਾ ਨਾਸੁ॥**
... ... ... ...
**ਸੁਣਿਐ ਹਾਥ ਹੋਵੈ ਅਸਗਾਹੁ॥** (ਜਪੁ ਜੀ ਸਾਹਿਬ)

**'ਸਤਿਨਾਮ' ਗੁਰਦਾਸ ਉਚਾਰਾ। ਪ੍ਰਥਮ ਪ੍ਰਵੇਸ਼ਜੋ ਨਦੀ ਮਝਾਰਾ॥ 28॥**
**ਜਾਨੂ ਲਗ ਜਲ ਭਾ ਸਲਿਤਾ ਕੌ। ਸੰਗਤਿ ਸਗਲ ਦੇਖਿ ਕਰਿ ਤਾਂ ਕੌ।**
**'ਸੱਤਿਨਾਮ' ਕੌ ਉਚਰਜੋ ਆਛੇ। ਗਮਨ ਕੀਨ ਗੁਰਦਾਸਹਿ ਪਾਛੇ॥ 29॥**
**ਕਟ ਲਗ ਜਲ ਕਿਸ ਕੇ ਨਹਿੰ ਆਯੋ। ਸੰਗਤਿ ਸਕਲ ਪਾਰ ਉਤਰਾਯੋ।**

(ਗੁਰਪ੍ਰਤਾਪ ਸੂਰਜ, ਰਾਸਿ 2, ਅੰਸੂ 26)

ਇਸ ਤਰ੍ਹਾਂ ਸਾਰੀ ਸੰਗਤ ਗੁਰਬਾਣੀ ਅਤੇ ਗੁਰ-ਸ਼ਬਦ 'ਤੇ ਭਰੋਸਾ ਕਰਕੇ ਸ਼ਬਦ ਆਸਰੇ ਨਾਲ ਦਰਿਆ ਤੋਂ ਪਾਰ ਹੋ ਗਈ ਸੀ, ਪਰ ਲੋੜ ਹੈ ਭਰੋਸੇ ਦੀ, ਬਿਨਾਂ ਭਰੋਸੇ ਤੋਂ ਪਾਰ ਨਹੀਂ ਲੰਘਿਆ ਜਾਂਦਾ।

## ਸਾਖੀ— ਨਾਮੁ ਆਸਰੇ ਹੋਵਹੁ ਪਾਰ

ਇਕ ਗੁੱਜਰੀ ਹਰ ਰੋਜ਼ ਬੇੜੀ ਉਪਰ ਚੜ੍ਹ ਕੇ ਸ਼ਹਿਰ ਵਿਚ ਦੁੱਧ ਵੇਚਣ ਜਾਇਆ ਕਰਦੀ ਸੀ। ਇਸ ਤਰ੍ਹਾਂ ਜਾਂਦਿਆਂ ਕਾਫ਼ੀ ਸਮਾਂ ਹੋਇਆ ਪਰ ਇਕ ਦਿਨ ਦੁੱਧ ਵੇਚਣ ਗਈ ਤਾਂ ਵਰਖਾ ਸ਼ੁਰੂ ਹੋ ਗਈ, ਵਰਖਾ ਹਟੀ ਨਾ। ਲਾਗੇ ਕੁਟੀਆ ਵਿਚ ਪੰਡਤ ਜੀ ਕਥਾ ਕਰਦੇ ਸਨ। ਗੁੱਜਰੀ ਵਰਖਾ ਤੋਂ ਕਪੜੇ ਭਿੱਜਣ ਦਾ ਬਚਾਅ ਸੋਚ ਕੇ ਕੁਟੀਆ ਵਿਚ ਚਲੀ ਗਈ। ਉਥੇ ਕਥਾ ਸੁਣੀ। ਕਥਾ ਵਿਚ ਪ੍ਰਸੰਗ ਆਇਆ ਕਿ ਜੋ ਮਨੁੱਖ ਭਰੋਸੇ, ਯਕੀਨ, ਪ੍ਰਤੀਤ ਨਾਲ ਪ੍ਰਮੇਸ਼ਰ ਦਾ ਨਾਮ ਜਪਦਾ ਜਾਂ ਸੁਣਦਾ ਹੈ, ਉਹ ਸੰਸਾਰ ਸਮੁੰਦਰ ਤੋਂ ਸੌਖਿਆਂ ਪਾਰ ਲੰਘ ਜਾਂਦਾ ਹੈ। ਇਥੋਂ ਤੱਕ ਕਿ ਜਿਸ ਨੂੰ ਗੁਰੂ ਪ੍ਰਮੇਸ਼ਰ ਜਾਂ ਪ੍ਰਮੇਸ਼ਰ ਦੇ ਨਾਮ ਉਪਰ ਭਰੋਸਾ ਹੈ, ਉਸ ਨੂੰ ਜਲ ਡੋਬਦਾ ਨਹੀਂ, ਅੱਗ ਸਾੜਦੀ ਨਹੀਂ, ਪ੍ਰਮੇਸ਼ਰ ਦਾ ਨਾਮ ਸਹਾਇਤਾ ਕਰਦਾ ਹੈ। ਇਹ ਕਥਾ ਵਿਚ ਪ੍ਰਸੰਗ ਗੁੱਜਰੀ ਨੇ ਸੁਣ ਕੇ ਮਨ ਵਿਚ ਧਾਰਣ ਕਰ ਲਿਆ। ਹਰ ਰੋਜ਼ ਨਾਮ ਸਿਮਰਨ ਕਰਨ ਲੱਗੀ। ਇਕ ਦਿਨ ਮਨ ਵਿਚ ਖ਼ਿਆਲ ਆਇਆ ਕਿ ਮਨਾ, ਭਰੋਸੇ ਸਹਿਤ ਨਾਮ ਜਪਣ ਵਾਲਿਆਂ ਨੂੰ ਜਲ ਡੋਬਦਾ ਨਹੀਂ, ਇਹ ਕਥਾ ਵਿਚ ਪੰਡਿਤ ਜੀ ਨੇ ਕਿਹਾ ਸੀ। ਅੱਜ ਗੁੱਜਰੀ ਮਨ ਵਿਚ ਪੂਰਨ ਭਰੋਸਾ ਕਰਕੇ ਨਦੀ

ਪਾਰ ਕਰਨ ਲਈ ਬੇੜੀ 'ਤੇ ਨਹੀਂ ਚੜ੍ਹੀ, ਉੱਚੀ ਉੱਚੀ ਨਾਮ ਜਪਦਿਆਂ, ਭਰੋਸੇ ਨਾਲ ਨਦੀ ਵਿਚਦੀ ਲੰਘ ਗਈ। ਮਨ ਵਿਚ ਨਾਮ ਉਪਰ ਹੋਰ ਭਰੋਸਾ ਬੱਝ ਗਿਆ। ਹਰ ਰੋਜ਼ ਨਦੀ ਨੂੰ ਤੁਰ ਕੇ ਲੰਘ ਜਾਇਆ ਕਰੇ। ਇਕ ਦਿਨ ਮਨ ਵਿਚ ਖ਼ਿਆਲ ਆਇਆ ਕਿ ਇਹ ਕਿਰਪਾ ਪੰਡਿਤ ਜੀ ਨੇ ਕੀਤੀ ਹੈ, ਜਿਸ ਪਾਸੋਂ ਕਥਾ ਸੁਣ ਕੇ ਨਾਮ ਜਪਣ ਲੱਗੀ ਹਾਂ ਅਤੇ ਬਿਨਾਂ ਬੇੜੀ ਹਰ ਰੋਜ਼ ਦਰਿਆ ਲੰਘ ਜਾਂਦੀ ਹਾਂ, ਇਸ ਲਈ ਪੰਡਿਤ ਜੀ ਨੂੰ ਘਰ ਸੱਦ ਕੇ ਭੋਜਨ ਛਕਾਉਣਾ ਚਾਹੀਦਾ ਹੈ। ਇਹ ਸੋਚ ਕੇ ਪੰਡਿਤ ਜੀ ਨੂੰ ਬੇਨਤੀ ਕੀਤੀ, ਪੰਡਿਤ ਜੀ, ਕੱਲ ਮੇਰੇ ਨਾਲ ਚਲ ਕੇ ਮੇਰੇ ਘਰ ਭੋਜਨ ਛਕਣਾ। ਪੰਡਿਤ ਜੀ ਨੇ ਪ੍ਰਵਾਨ ਕਰ ਲਿਆ। ਦੂਸਰੇ ਦਿਨ ਗੁੱਜਰੀ ਪੰਡਿਤ ਜੀ ਨੂੰ ਨਾਲ ਲੈ ਕੇ ਚਲੀ। ਰਸਤੇ ਵਿਚ ਨਦੀ ਪਾਣੀ ਨਾਲ ਭਰੀ ਹੋਈ ਪਾਸ ਗੁੱਜਰੀ ਜਾ ਖਲੋਤੀ ਤੇ ਕਿਹਾ ਪੰਡਿਤ ਜੀ, ਮੇਰੇ ਪਿਛੇ ਤੁਰੇ ਆਓ। ਇਹ ਕਹਿ ਗੁੱਜਰੀ ਨਦੀ ਪਾਰ ਕਰ ਗਈ ਪਰ ਪਿਛੇ ਪਰਤ ਕੇ ਵੇਖਿਆ ਤਾਂ ਪੰਡਿਤ ਜੀ, ਓਥੇ ਹੀ ਖਲੋਤੇ ਹਨ। ਗੁੱਜਰੀ ਨੇ ਅਵਾਜ਼ ਮਾਰ ਕੇ ਕਿਹਾ, ਸੁਆਮੀ ਜੀ, ਨਦੀ ਲੰਘ ਆਓ। ਪੰਡਿਤ ਕਹਿੰਦਾ ਹੈ, ਮੈਂ ਡੁੱਬ ਜਾਵਾਂਗਾ, ਮੈਂ ਤਾਂ ਬੇੜੀ ਰਾਹੀਂ ਹੀ ਨਦੀ ਪਾਰ ਕਰ ਸਕਾਂਗਾ। ਗੁੱਜਰੀ ਕਹਿੰਦੀ ਹੈ, ਪੰਡਿਤ ਜੀ, ਮੈਂ ਨਹੀਂ ਡੁਬੀ, ਤੁਹਾਡੇ ਪਾਸੋਂ ਕਥਾ ਸੁਣ ਕੇ ਤਾਂ ਮੈਂ ਬਿਨਾਂ ਬੇੜੀ ਲੰਘ ਜਾਂਦੀ ਹਾਂ। ਇਸ ਲਈ ਤੁਸੀਂ ਵੀ ਆ ਜਾਉ, ਨਹੀਂ ਡੁਬਦੇ। ਪੰਡਿਤ ਕਹਿੰਦਾ ਹੈ, ਤੈਂ ਮੈਨੂੰ ਡੋਬ ਕੇ ਮਾਰਨਾ ਹੈ। ਮੈਂ ਨਹੀਂ ਭੋਜਨ ਛਕਦਾ। ਤੈਂ ਮੈਨੂੰ ਮਾਰਨਾ ਹੈ ਕਿ ਘਰ ਭੋਜਨ ਛਕਾਉਣਾ ਹੈ ? ਕਿਉਂਕਿ ਪੰਡਤ ਨੂੰ ਭਰੋਸਾ ਨਹੀਂ ਸੀ, ਪਰੰਤੂ ਗੁੱਜਰੀ ਦੇ ਮਨ ਵਿਚ ਪੂਰਨ ਭਰੋਸਾ ਸੀ।

**ਰਾਮ ਨਾਮ ਕੇ ਲੇਤ ਹੀ ਭਈ ਗੁੱਜਰੀ ਪਾਰ।**
**ਅਨਿਕ ਕਥਾ ਪੰਡਤ ਕਥੀ ਤੌ ਭੀ ਰਹਿਓ ਉਰਾਰ।**

ਬਿਲਾਵਲੁ ਮਹਲਾ 5 ॥ ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥ ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥ ੧ ॥ ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥ ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥ ੧ ॥ ਰਹਾਉ ॥ ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥ 2 ॥ ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ 3 ॥ ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥ 4 ॥ 22 ॥ 52 ॥

ਪਦ ਅਰਥ :- ਸਾਗਰੁ=(ਸੰਸਾਰ ਰੂਪ) ਸਮੁੰਦਰ। ਵਡਭਾਗੀ=ਵੱਡੇ ਭਾਗਾਂ ਵਾਲਾ। ਰਾਖੀ=(ਪੈਜ) ਰਖੀ। ਸੰਚਿਆ=ਇਕੱਠਾ ਕੀਤਾ। ਸਿਲਕ=ਰਸੀ, ਫਾਹੀ। ਭਾਇਆ=ਚੰਗਾ ਲੱਗਾ। ਹਾਥਿ=ਹੱਥ (ਵਸ) ਵਿਚ।

ਅਰਥ :- (ਹੇ ਭਾਈ !) ਇਹ (ਸੰਸਾਰ ਤਰਨਾ ਬੜਾ ਕਠਿਨ ਹੈ। ਜੋ ਵਿਕਾਰਾਂ ਦੇ ਪਾਣੀ ਨਾਲ ਭਰਿਆ ਹੋਇਆ) ਸਮੁੰਦਰ ਹੈ, ਇਸ ਤੋਂ ਉਹ (ਮਨੁੱਖ ਸੌਖਿਆਂ) ਪਾਰ ਹੋ ਸਕਦਾ ਹੈ ਜੋ ਪਰਮੇਸ਼ਰ ਦੇ ਗੁਣ ਗਾਉਂਦਾ ਹੈ। (ਜਿਹੜਾ ਮਨੁੱਖ) ਸਾਧ ਸੰਗਤ ਦੇ ਨਾਲ ਵਸਦਾ (ਭਾਵ ਜੋ ਸੰਗਤ ਕਰਦਾ ਹੈ ਅਤੇ ਸੰਗਤ ਵਿਚ ਉਠਦਾ ਬਹਿੰਦਾ, ਸਾਂਝ ਪਾਈ ਰੱਖਦਾ ਹੈ), ਉਹ ਵੱਡੇ ਭਾਗਾਂ ਵਾਲਾ (ਮਨੁੱਖ ਹੈ ਜੋ ਸਾਧਸੰਗਤ) ਪ੍ਰਾਪਤ ਕਰਦਾ ਹੈ।੧।

(ਹੇ ਪ੍ਰਭੂ ! ਗੁਰੂ ਦੀ ਬਾਣੀ ਅਥਵਾ) ਤੇਰੇ (ਭਗਤ) ਜਨਾਂ ਦੀ ਉਚਾਰੀ ਹੋਈ ਬਾਣੀ ਸੁਣ-ਸੁਣ ਕੇ ਤੇਰਾ ਦਾਸ ਜੀਉਂਦਾ ਹੈ। (ਆਪ ਜੀ ਨੇ ਜੋ) ਸੇਵਕ ਦੀ (ਪੈਜ) ਰੱਖੀ ਹੈ, (ਇਹ ਗੱਲ) ਸਾਰੇ ਸੰਸਾਰ ਵਿਚ ਪ੍ਰਸਿੱਧ ਹੋ ਗਈ ਹੈ।੧। ਰਹਾਉ।

(ਹੇ ਭਾਈ !) ਪ੍ਰਭੂ ਨੇ (ਆਪਣੇ ਸੇਵਕ ਨੂੰ) ਤ੍ਰਿਸ਼ਨਾ ਰੂਪੀ ਅੱਗ ਦੇ ਸਮੁੰਦਰ ਵਿੱਚੋਂ ਕੱਢ ਲਿਆ (ਹੈ ਅਤੇ ਉਸ ਦੀ ਵਿਕਾਰਾਂ ਦੀ ਅਥਵਾ ਤ੍ਰਿਸ਼ਨਾ ਦੀ) ਤਪਸ਼ ਬੁਝਾ ਦਿੱਤੀ ਹੈ। ਗੁਰੂ (ਜੀ ਆਪ) ਸਹਾਈ ਹੋਏ ਹਨ (ਜਿਸ ਦਾ ਸਦਕਾ ਸੇਵਕ ਨੇ) ਅੰਮ੍ਰਿਤ ਨਾਮ ਰੂਪੀ ਜਲ ਇਕੱਠਾ ਕੀਤਾ।੨।

(ਹੁਣ ਗੁਰੂ ਦੀ ਕਿਰਪਾ ਨਾਲ ਸਾਡਾ) ਜਨਮ ਮਰਣ ਦਾ ਦੁੱਖ ਕੱਟਿਆ ਗਿਆ ਹੈ (ਅਤੇ ਸੇਵਕ ਨੇ ਆਤਮਿਕ) ਸੁੱਖ ਦਾ ਅਸਥਾਨ ਅਤੇ ਟਿਕਾਣਾ ਪਾ ਲਿਆ ਹੈ। ਹੁਣ ਸੇਵਕ ਆਪਣੇ ਪ੍ਰਭੂ ਨੂੰ ਚੰਗਾ ਲੱਗ ਗਿਆ ਹੈ ਅਤੇ ਭਰਮ ਮੋਹ ਦੀ ਫਾਹੀ (ਪ੍ਰਭੂ ਨੇ ਕੱਟ) ਦਿੱਤੀ ਹੈ।੩।

(ਹੇ ਭਾਈ !) ਮਤਾਂ ਕੋਈ ਇਹ ਸਮਝੇ (ਕਿ ਏਦਾਂ ਭਰਮ ਤੇ ਮੋਹ ਦੀ ਫਾਹੀ ਕੱਟਣ ਲਈ) ਕੋਈ ਹੋਰ (ਸਾਧਨ ਕਾਰਗਰ ਸਾਬਤ ਹੋ ਸਕਦਾ ਹੈ, ਬਿਲਕੁਲ ਨਹੀ) ਸਭ ਕੁਝ ਪਰਮਾਤਮਾ ਦੇ ਹੱਥ (ਵੱਸ) ਵਿਚ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸਾਰੇ ਸੁਖ ਪ੍ਰਭੂ ਪਿਆਰੇ ਸੰਤਾਂ ਦਾ ਸੰਗ ਕਰ ਕੇ, ਸੰਤਾਂ ਦਾ ਸਾਥੀ ਬਣ ਕੇ ਪ੍ਰਾਪਤ ਕੀਤੇ ਜਾ ਸਕਦੇ ਹਨ।੪।੨੨।੫੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧77 (ਆਦਿ ਅੰਗ 8੧5)

## ਬਿਲਾਵਲੁ ਮਹਲ 5 ॥

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥ ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ ੧ ॥ ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥ ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥ ੧ ॥ ਰਹਾਉ ॥ ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥ ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥ 2 ॥ ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥ ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮ ॥ 3 ॥ ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥ ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ ॥ 4 ॥ 29 ॥ 59 ॥

## ਪ੍ਰਾਕ੍ਥਨ :

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਪਾਵਨ ਸ਼ਬਦ ਦੇ ਆਦਿ ਵਿਚ ਉੱਦਮ ਦਾ ਜ਼ਿਕਰ ਕੀਤਾ ਹੈ, ਪਰ ਉੱਦਮ ਵੀ ਸਿਮਰਨ ਭਜਨ ਵਾਸਤੇ ਕਰਨਾ ਦੱਸਿਆ ਹੈ ਜਿਸ ਉਦਮ ਕਰ ਕੇ "ਸਿਮਰਤ ਸੁਖ ਸਾਰੁ" ਬਣ ਜਾਂਦਾ ਹੈ।

## ਵਿਸ਼ਾ — ਉਦਮੁ ਕਰਤ ਆਨਦੁ ਭਇਆ

ਇਥੇ ਇਹ ਜ਼ਰੂਰੀ ਗੱਲ ਵਰਣਨ ਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੂਲ ਰੂਪ ਵਿਚ ਉੱਦਮ ਸ਼ਬਦ ਦੀ ਵਰਤੋਂ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਕੀਤੀ ਹੈ। ਉੱਦਮ ਦੋ ਪ੍ਰਕਾਰ ਦੇ ਹਨ — ਇਕ ਦੁਨਿਆਵੀ ਅਤੇ ਦੂਜਾ ਅਧਿਆਤਮਿਕ। ਮਨੁੱਖ ਜੀਵਨ-ਨਿਰਬਾਹ ਲਈ ਆਪਣਾ ਅਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਤਰ੍ਹਾਂ ਦੇ ਉੱਦਮ, ਕੰਮ-ਕਾਰ, ਆਹਰ ਜਾਂ ਮਿਹਨਤ ਤੇ ਮੁਸ਼ੱਕਤ ਕਰਦਾ ਹੈ। ਆਪਣੇ ਉੱਦਮ ਸਦਕਾ ਮਨੁੱਖ ਨੇ ਵੱਡੀਆਂ-ਵੱਡੀਆਂ ਖੋਜਾਂ ਤੇ ਕਾਢਾਂ ਕੱਢੀਆਂ ਹਨ ਤਾਂ ਕਿ ਉਹ ਸੁਖ ਤੇ ਆਰਾਮ ਵਾਲਾ ਜੀਵਨ ਬਤੀਤ ਕਰ ਸਕੇ। ਪਰ ਇਹ ਦੁਨਿਆਵੀ ਉੱਦਮ ਹਨ। ਜੇਕਰ ਦੁਨਿਆਵੀ ਉੱਦਮ ਦੇ ਨਾਲ-ਨਾਲ ਮਨੁੱਖ ਪ੍ਰਭੂ ਦੇ ਸਿਮਰਨ ਭਜਨ ਦਾ ਉੱਦਮ ਨਹੀਂ ਕਰਦਾ ਤਾਂ ਇਹ ਕੀਤੇ ਦੁਨਿਆਵੀ ਉੱਦਮ ਵਿਸ਼ੇ-ਵਿਕਾਰਾਂ ਅਤੇ ਮੋਹ-ਮਾਇਆ ਦਾ ਕਾਰਨ ਬਣ ਕੇ ਹੀ ਰਹਿ ਜਾਂਦੇ ਹਨ।

ਉੱਦਮ ਤੋਂ ਭਾਵ ਹੈ ਕਿ ਆਲਸ ਤਿਆਗ ਕੇ ਕਿਸੇ ਚੰਗੇ ਕੰਮ ਨੂੰ ਜੀਅ ਲਾ ਕੇ ਕਰਨਾ, ਚੰਗੀ ਭਾਵਨਾ ਨਾਲ ਮਨ ਲਾ ਕੇ ਯਤਨ ਕਰਨਾ, ਚਾਅ ਤੇ ਉਤਸ਼ਾਹ ਨਾਲ ਕੋਸ਼ਿਸ਼ ਕਰਨੀ ਜਾਂ ਘਾਲਣਾ ਘਾਲਣੀ। ਉੱਦਮ ਤੋਂ ਬਿਨਾਂ ਜੀਵਨ ਵਿਚ ਕੋਈ ਪ੍ਰਾਪਤੀ ਸੰਭਵ ਨਹੀਂ। ਇਥੋਂ ਤੱਕ ਕਿ ਜੇਕਰ ਥਾਲੀ ਵਿਚ ਸਾਹਮਣੇ ਭੋਜਨ ਪਰੋਸਿਆ ਪਿਆ ਹੋਵੇ ਤਾਂ ਉਸ ਭੋਜਨ ਨੇ ਆਪਣੇ ਆਪ ਮੂੰਹ ਵਿਚ ਨਹੀਂ ਪੈ ਜਾਣਾ। ਉਸ ਭੋਜਨ ਨੂੰ ਮੂੰਹ ਵਿਚ ਪਾਉਣ ਲਈ ਮਨੁੱਖ ਨੂੰ ਯਤਨ ਜਾਂ ਉੱਦਮ ਕਰਨਾ ਪਏਗਾ। ਮਨੁੱਖ ਦਾ ਸਰਬ ਪੱਖੀ ਵਿਕਾਸ ਉੱਦਮ ਸਦਕਾ ਹੀ ਸੰਭਵ ਹੈ। ਉੱਦਮ ਨਾਲ ਕਾਮਾਦਿਕ ਪੰਜੇ ਵਿਕਾਰ ਵੱਸ ਵਿਚ ਆ ਜਾਂਦੇ ਹਨ। ਮਾਲਕ ਪ੍ਰਭੂ ਦਾ ਮਨ ਵਿਚ ਵਾਸਾ ਹੋ ਜਾਂਦਾ ਹੈ ਅਤੇ ਮਨ ਵਿਸਮਾਦ ਵਿਚ ਆ ਕੇ ਝੂਮ ਉੱਠਦਾ ਹੈ :

**ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥**
**ਪੰਜ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥**

(ਅੰਗ ੩੮੧)

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਉੱਦਮੀ ਬਣਨ ਦੀ ਪ੍ਰੇਰਨਾ ਕਿਥੋਂ ਮਿਲਦੀ ਹੈ ? ਇਸ ਪ੍ਰਸ਼ਨ ਦਾ ਉੱਤਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਪਵਿੱਤਰ ਬਚਨਾਂ ਤੋਂ ਭਲੀ-ਭਾਂਤ ਮਿਲ ਜਾਂਦਾ ਹੈ :

**ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ॥**

(ਰਾਗੁ ਸੋਰਠਿ, ਅੰਗ ੬੧੧)

ਅਥਵਾ :

**ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ॥**
**ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥**

(ਸਿਰੀ ਰਾਗੁ ਮਹਲਾ 5, ਅੰਗ 48)

ਇਥੇ ਇਹ ਵੀ ਗੱਲ ਚੇਤੇ ਰੱਖਣ ਵਾਲੀ ਹੈ ਕਿ ਜੀਵ ਨੇ ਉੱਦਮ ਤਾਂ ਕਰਦੇ ਰਹਿਣਾ ਹੈ ਪ੍ਰੰਤੂ ਸਭ ਕੁਝ ਕਰਨ ਕਰਾਉਣ ਵਾਲਾ ਤਾਂ ਘਟ ਘਟ ਦੀਆਂ ਜਾਣਨ ਵਾਲਾ ਪ੍ਰਭੂ ਪ੍ਰਮਾਤਮਾ ਆਪ ਹੀ ਹੈ :

**ਉਦਮ ਮਤਿ ਪ੍ਰਭੁ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ॥**

(ਰਾਗੁ ਬਿਲਾਵਲੁ ਮਹਲਾ 4, ਅੰਗ 798)

ਇਸ ਲਈ ਉਸ ਵਾਹਿਗੁਰੂ ਜੀ ਪਾਸੋਂ ਜੀਵ ਨੂੰ ਇਹ ਮੰਗ ਮੰਗਣੀ ਚਾਹੀਦੀ ਹੈ ਕਿ ਸਾਨੂੰ ਅਜਿਹਾ ਉੱਦਮ ਬਖ਼ਸ਼ ਜਿਸ ਸਦਕਾ ਅਸੀਂ ਬੈਠਦੇ ਉੱਠਦੇ ਹਰ ਵੇਲੇ ਤੇਰੇ ਗੀਤ ਗਾਉਂਦੇ ਰਹੀਏ ਭਾਵ ਤੇਰੀ ਹਰ ਵੇਲੇ ਸਿਫ਼ਤ-ਸ਼ਲਾਘਾ ਕਰਦੇ ਰਹੀਏ :

**ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ॥**
**ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥**

(ਰਾਗੁ ਗੂਜਰੀ ਕੀ ਵਾਰ ਮਹਲਾ 5, ਅੰਗ 5੧੧)

ਉੱਦਮ ਸਦਕਾ ਹੀ ਮਨੁੱਖੀ ਜੀਵਨ ਵਿਚ ਖੇੜੇ ਤੇ ਸੁਖਾਂ ਨੂੰ ਮਾਣੀਦਾ ਹੈ ਅਤੇ ਸਾਰੀਆਂ ਚਿੰਤਾਵਾਂ ਅਤੇ ਝੋਰਿਆਂ ਤੋਂ ਛੁਟਕਾਰਾ ਪਾ ਲਈਦਾ ਹੈ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥**

(ਰਾਗੁ ਗੂਜਰੀ ਮਹਲਾ 5, ਅੰਗ 522)

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਖੇਤੀ ਕਰਨ ਵਾਲੇ ਕਿਸਾਨ ਦਾ ਦ੍ਰਿਸ਼ਟਾਂਤ ਦੇ ਕੇ ਸੇਧ ਦੇ ਰਹੇ ਹਨ ਕਿ ਜਿਵੇਂ ਕਿਸਾਨ ਖੇਤੀ ਦਾ ਕੰਮ ਬੜੀ ਲਗਨ ਅਤੇ ਮਿਹਤਨ ਨਾਲ ਕਰਦਾ ਹੈ, ਅਤੇ ਉਸ ਦੇ ਮਨ ਅੰਦਰ ਇਹ ਤਾਂਘ ਹੁੰਦੀ ਹੈ ਕਿ ਉਸ ਦੀ ਫ਼ਸਲ ਚੰਗੀ ਹੋਵੇ ਤਾਂ ਕਿ ਉਸ ਦੇ ਪਰਿਵਾਰ ਦਾ ਨਿਰਬਾਹ ਠੀਕ ਢੰਗ ਨਾਲ ਹੋ ਸਕੇ, ਇਸੇ ਤਰ੍ਹਾਂ ਉਸ ਪਰਮਾਤਮਾ ਦੇ ਸੇਵਕ-ਜਨ ਪ੍ਰਭੂ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦਾ ਉੱਦਮ ਕਰਦੇ ਹਨ ਤਾਂ ਕਿ ਅੰਤ ਵੇਲੇ ਪਰਮਾਤਮਾ ਉਨ੍ਹਾਂ ਦਾ ਸਹਾਈ ਹੋਵੇ :

**ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ॥**
**ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ॥**
**ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ॥**

(ਰਾਗੁ ਗਉੜੀ ਬੈਰਾਗਣਿ, ਅੰਗ ੧66)

ਇਸ ਲਈ ਚੰਗੇ ਉੱਦਮ ਕਰਨ ਵਾਲੇ ਪ੍ਰਾਣੀ ਦੇ ਮਨ ਅੰਦਰ ਠੰਡ ਵਰਤੀ ਰਹਿੰਦੀ ਹੈ ਅਤੇ ਉਸ ਦੇ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ :

**ਉਦਮੁ ਕਰਤ ਸੀਤਲ ਮਨ ਭਏ॥ ਮਾਰਗਿ ਚਲਤ ਸਗਲ ਦੁਖ ਗਏ॥**

(ਰਾਗੁ ਗਉੜੀ ਮਹਲਾ 5, ਅੰਗ 20੧)

ਅਥਵਾ :

**ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ॥**

(ਰਾਗੁ ਬਿਲਾਵਲੁ ਮਹਲਾ 5, 8੧5)

ਚੰਗੇ ਮਾੜੇ ਉੱਦਮ ਸਬੰਧੀ ਮਨੁੱਖ ਅੰਦਰ ਪਏ ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ ਗੁਰੂ ਅਰਜਨ ਦੇਵ ਜੀ ਦੇ ਰਾਗੁ ਗੂਜਰੀ ਵਿਚ ਬੜੇ ਸੁੰਦਰ ਬਚਨ ਹਨ :

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥**
**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥**

(ਅੰਗ 495)

ਇਸ ਸ਼ਬਦ ਦੀਆਂ ਇਨ੍ਹਾਂ ਪੰਗਤੀਆਂ ਨੂੰ ਲੈ ਕੇ ਆਲਸੀ ਲੋਕ ਇਹ ਸਮਝ ਬੈਠਦੇ ਹਨ ਕਿ ਜਦੋਂ ਪਰਮਾਤਮਾ ਨੂੰ ਸਾਰਿਆਂ ਦੀ ਰੋਜ਼ੀ ਰੋਟੀ ਦਾ ਆਪ ਫ਼ਿਕਰ ਹੈ ਤਾਂ ਉੱਦਮ ਕਰਨ ਦੀ ਕੀ ਲੋੜ ਹੈ ? ਦਰਅਸਲ ਅਸੀਂ ਆਪਣੀ ਲੋੜ ਅਨੁਸਾਰ ਸ਼ਬਦਾਂ ਦੇ ਬਾਹਰਮੁਖੀ ਅਰਥ ਕੱਢ ਲੈਂਦੇ ਹਾਂ ਅਤੇ ਉਸ ਦਾ ਅੰਤਰੀਵ ਭਾਵ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਜੇ ਜ਼ਰਾ ਧਿਆਨ ਨਾਲ ਸ਼ਬਦ ਨੂੰ ਵਿਚਾਰਿਆ ਜਾਵੇ ਤਾਂ ਸਮਰੱਥ ਗੁਰੂ-ਪਿਤਾ ਦਾ ਆਸ਼ਾ ਬੜਾ ਸਪੱਸ਼ਟ ਹੈ। ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਉੱਦਮ ਨੂੰ ਚਿਤਵਨਾ ਹੀ ਨਹੀਂ ਸਗੋਂ ਇਸ ਨੂੰ ਅਮਲੀ ਰੂਪ ਵੀ ਦੇਣਾ ਹੈ। ਚਿੰਤਾ ਛੱਡ ਕੇ ਉੱਦਮ ਕਰਨਾ ਹੈ, ਕਿਉਂਕਿ ਚਿੰਤਾ ਤਾਂ ਸਾਰਿਆਂ ਦੀ ਪਰਮਾਤਮਾ ਨੂੰ ਆਪ ਹੈ। ਉਹ ਪ੍ਰਭੂ ਪ੍ਰਮਾਤਮਾ ਤਾਂ ਐਨਾ ਦਇਆਲੂ ਹੈ ਕਿ ਪਹਾੜਾਂ ਅਤੇ ਪੱਥਰਾਂ ਵਿਚ ਪੈਦਾ ਹੋਏ ਜੀਵਾਂ ਨੂੰ ਵੀ ਰਿਜ਼ਕ ਪਹੁੰਚਾ ਰਿਹਾ ਹੈ।

ਜਿਥੇ ਉੱਦਮ ਹੈ, ਉੱਥੇ ਆਲਸ ਦਾ ਕੀ ਕੰਮ ? ਉੱਦਮੀ ਮਨੁੱਖ ਪ੍ਰਭੂ ਦੇ ਰੰਗ ਵਿਚ ਰੰਗਿਆ ਰਹਿਣ ਕਰ ਕੇ ਆਲਸ ਤੋਂ ਸਦਾ ਮੁਕਤ ਰਹਿੰਦਾ ਹੈ :

**ਤੇਰਾ ਜਨੁ ਰਾਮ ਨਾਮ ਰੰਗਿ ਜਾਗਾ॥**
**ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ॥**

(ਰਾਗੁ ਧਨਾਸਰੀ ਮਹਲਾ 5, ਅੰਗ 682)

**ਭਾਈ ਰੇ ਇਸੁ ਮਨ ਕਉ ਸਮਝਾਇ॥**
**ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ॥**

(ਸਿਰੀਰਾਗੁ ਮਹਲਾ 3, ਅੰਗ 28)

ਰਾਗੁ ਜੈਤਸਰੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

**ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ॥**
**ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ॥** (ਅੰਗ 705)

ਹਜ਼ੂਰ ਕਿਰਪਾ ਕਰਕੇ ਇਹ ਦੱਸਦੇ ਹਨ ਕਿ ਜਿਹੜੇ ਮਨੁੱਖ ਬਾਕੀ ਤਾਂ ਅਨੇਕਾਂ ਉੱਦਮ ਕਰਦੇ ਹਨ, ਪਰ ਜੇਕਰ ਉਹ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦਾ ਉੱਦਮ ਨਹੀਂ ਕਰਦੇ ਤਾਂ ਉਨ੍ਹਾਂ ਦੀ ਬੰਦ ਖਲਾਸੀ ਨਹੀਂ ਹੋ ਸਕਦੀ। ਉਹ ਜਨਮ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਰਾਗੁ ਜੈਤਸਰੀ ਵਿਚ ਹੀ ਗੁਰੂ ਪੰਚਮ ਪਾਤਸ਼ਾਹ ਦੇ ਇਕ ਹੋਰ ਅੰਮ੍ਰਿਤ ਬਚਨ ਹਨ ਕਿ ਪ੍ਰਾਣੀ ਆਪਣੇ ਸੁਖ ਆਰਾਮ ਲਈ ਕਈ ਪ੍ਰਕਾਰ ਦੇ ਯਤਨ ਜਾਂ ਉੱਦਮ ਕਰਦਾ ਹੈ। ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਇਆ ਵਾਸਤੇ ਕੀ ਕੁਝ ਨਹੀਂ ਕਰਦਾ, ਪਰ ਜੇਕਰ ਉਹ ਪ੍ਰਭੂ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਭਾਵ ਭਗਤੀ ਤੋਂ ਸੱਖਣਾ ਰਹਿੰਦਾ ਹੈ ਤਾਂ ਉਸ ਨੂੰ ਭੂਤ-ਪ੍ਰੇਤ ਹੀ ਕਿਹਾ ਜਾ ਸਕਦਾ ਹੈ :

**ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥**
**ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ॥** (ਅੰਗ 706)

ਗੁਰਸਿੱਖ ਲਈ ਉੱਦਮ ਕਰਨਾ ਗੁਰੂ ਦੀ ਬਖ਼ਸ਼ਿਸ਼ ਹੈ। ਉਸ ਦੀ ਨਿੱਤ ਦੀ ਕਿਰਿਆ ਦਾ ਵਰਨਣ ਕਰਦੇ ਹੋਏ ਰਾਗੁ ਗਉੜੀ ਵਿਚ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਪਵਿੱਤਰ ਬਚਨ ਕਰ ਰਹੇ ਹਨ ਕਿ ਸਤਿਗੁਰੂ ਦਾ ਸੱਚਾ ਸਿੱਖ ਹਰ ਰੋਜ਼ ਬਿਨਾਂ ਨਾਗ਼ਾ ਸਵੇਰੇ ਉੱਠ ਕੇ ਇਸ਼ਨਾਨ ਕਰ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਦਾ ਉੱਦਮ ਕਰਦਾ ਹੈ ਅਤੇ ਨਾਮ-ਰੂਪੀ ਅੰਮ੍ਰਿਤ-ਸਰੋਵਰ ਵਿਚ ਟੁੱਭੀ ਲਾਉਂਦਾ ਹੈ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**

(ਅੰਗ 305)

ਇਸ ਪ੍ਰਕਾਰ ਪ੍ਰਭੂ ਦੇ ਨਾਮ ਦਾ ਉੱਦਮ ਕਰਨ ਨਾਲ ਮਨ ਦੀ ਸਾਰੀ ਮੈਲ ਧੋਤੀ ਜਾਂਦੀ ਹੈ। ਮਨ ਨਿਰਮਲ ਹੋ ਜਾਂਦਾ ਹੈ। ਸਾਰੇ ਭਰਮ-ਭੁਲੇਖੇ ਅਤੇ ਦੁੱਖ ਦੂਰ ਹੋ ਜਾਂਦੇ ਹਨ :

**ਉਦਮੁ ਕਰਤ ਮਨੁ ਨਿਰਮਲੁ ਹੋਆ॥ ਹਰਿ ਮਾਰਗਿ ਚਲਤੁ ਭ੍ਰਮੁ ਸਗਲਾ ਖੋਇਆ॥**

(ਰਾਗੁ ਮਾਝ ਮਹਲਾ 5, ਅੰਗ 99)

ਗੁਰਬਾਣੀ ਵਿਚ ਉੱਦਮ ਸ਼ਬਦ ਦੀ ਵਰਤੋਂ ਬਹੁਲਤਾ ਕਰ ਕੇ ਅਧਿਆਤਮਿਕ ਪੱਖ ਤੋਂ ਹੀ ਕੀਤੀ ਗਈ ਹੈ। ਰਾਗੁ ਗਉੜੀ ਸੁਖਮਨੀ ਸਾਹਿਬ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬੜਾ ਸੁੰਦਰ ਫ਼ੁਰਮਾਨ ਹੈ ਕਿ ਪ੍ਰਭੂ ਦੇ ਨਾਮ ਦਾ ਜਾਪ ਕਰਨਾ ਸਾਰੇ ਉੱਦਮਾਂ ਵਿਚੋਂ ਸ੍ਰੇਸ਼ਟ ਉੱਦਮ ਹੈ :

**ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥** (ਅੰਗ 266)

ਭਾਵ ਹਰੀ ਦਾ ਨਾਮ ਜਪਣਾ ਸਭ ਤੋਂ ਸ੍ਰੇਸ਼ਟ ਅਤੇ ਚੰਗਾ ਉੱਦਮ ਹੈ। ਜੋ ਮਨੁੱਖ ਅਜਿਹਾ ਚੰਗਾ ਉੱਦਮ ਕਰਦੇ ਹਨ, ਉਹ ਬੜੇ ਭਾਗਾਂ ਵਾਲੇ ਹਨ। ਉਨ੍ਹਾਂ ਦੇ ਦੁੱਖ ਦਰਦ ਸਭ ਦੂਰ ਹੋ ਜਾਂਦੇ ਹਨ। ਸਾਰੀ ਭਟਕਣਾ ਮੁੱਕ ਜਾਂਦੀ ਹੈ ਅਤੇ ਹਿਰਦੇ ਘਰ ਵਿਚ ਸੁਖ ਆ ਵੱਸਦਾ ਹੈ। ਰਾਗੁ ਆਸਾ ਵਿਚ ਸਮਰੱਥ ਗੁਰੂ ਜੀ ਦੇ ਬੜੇ ਸੁੰਦਰ ਬਚਨ ਹਨ :

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥**
**ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ॥** (ਅੰਗ 456)

ਸਿਮਰਨ ਭਜਨ ਬੰਦਗੀ ਕਰਨ ਦੇ ਸੰਬੰਧ ਵਿਚ, ਭਾਈ ਰਘਬੀਰ ਸਿੰਘ ਜੀ ਵੀਰ ਦੀ ਪੁਸਤਕ ''ਬੰਦਗੀਨਾਮਾ'' ਵਿਚੋਂ ਇਥੇ ਦੇ ਰਹੇ ਹਾਂ, ਕਿਉਕਿ ਇਸ ਮੁਖਵਾਕ ਦੀ ਪਹਿਲੀ ਪੰਗਤੀ ਹੈ :

**ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ॥**

ਭਜਨ ਇਕ ਐਸੀ ਮਿਕਨਾਤੀਸੀ ਖਿੱਚ ਹੈ, ਜਿਸ ਵੱਲ ਅੱਜ ਤਕ ਕੋਈ ਐਸਾ ਪੁਰਸ਼ ਨਹੀਂ, ਜੋ ਸ਼ਰਧਾ ਨਾਲ ਝੁਕਿਆ ਹੋਵੇ ਤੇ ਫਿਰ ਨਿਰਾਸ਼ ਹੋਇਆ ਹੋਵੇ। ਨਾਸਤਕ ਤਾਂ ਅਨੇਕਾਂ ਹੋਏ ਹਨ, ਜਿਨ੍ਹਾਂ ਨੇ ਰੱਬ ਨੂੰ ਮਿਲਣ ਵਾਸਤੇ ਸੱਚੀ ਕੋਸ਼ਿਸ਼ ਕੀਤੀ ਅਤੇ ਰੱਬ ਦੇ ਦਰਸ਼ਨ ਕਰ ਕੇ ਬੜੇ ਭਗਤ ਜਾਂ ਪੂਰੇ ਆਸਤਕ ਬਣੇ, ਪਰ ਐਸਾ ਕੋਈ ਆਦਮੀ ਨਹੀਂ ਹੋਇਆ, ਜਿਸ ਨੇ ਸੱਚੇ ਦਿਲੋਂ ਬੰਦਗੀ ਕੀਤੀ ਹੋਵੇ ਤੇ ਫਿਰ ਨਾਸਤਕ ਹੋਇਆ ਹੋਵੇ। ਐਸਾ ਹੋ ਹੀ ਨਹੀਂ ਸਕਦਾ। ਵਾਹਿਗੁਰੂ ਵੱਲ ਇਕ ਕਦਮ ਤੁਰੀਏ, ਇਕ ਸੱਚਾ ਹੰਭਲਾ ਮਾਰੀਏ, ਉਸ ਨੂੰ ਫਲ ਉਸੇ ਵੇਲੇ ਅਨੰਦ, ਸ਼ਾਂਤੀ ਤੇ ਧੀਰਜ ਦੀ ਸ਼ਕਲ ਵਿਚ ਮਿਲ ਜਾਂਦਾ ਹੈ। ਬੰਦਗੀ ਵਿਚ ਪੂਰਾ ਉਤਰਨਾ ਬੇਸ਼ਕ ਕਠਨ ਕੰਮ ਹੈ, ਪਰ ਅਸੰਭਵ ਬਿਲਕੁਲ ਨਹੀਂ।

ਵਾਹਿਗੁਰੂ ਦਾ ਸਿਮਰਨ ਕਰਦਿਆਂ ਅਭਿਆਸੀ ਨੂੰ ਅਭਿਆਸ ਦੀਆਂ ਉਤਲੀਆਂ ਮੰਜ਼ਿਲਾਂ ਵਿਚ ਉਸ ਜੋਤ ਦੇ ਝਲਕਾਰੇ ਪੈਣੇ ਸ਼ੁਰੂ ਹੋ ਜਾਂਦੇ ਹਨ, ਜਿਸ ਜੋਤ ਦਾ ਪ੍ਰਕਾਸ਼ ਹਰ ਇਕ ਇਨਸਾਨ ਵਿਚ ਹੈ। ਬੈਠਿਆਂ ਬੈਠਿਆਂ ਆਪਣੇ ਆਪ ਵਿਚ ਬਿਜਲੀ ਦੀ ਲਿਸ਼ਕ ਜੇਹੀ ਝਲਕਾਰਾ ਮਾਰਦੀ ਦਿਖਾਈ ਦੇਂਦੀ ਹੈ। ਲਿਸ਼ਕ ਵਿਚ ਬਜਾਏ ਗਰਮੀ ਦੇ ਕਮਾਲ ਦੀ ਸੀਤਲਤਾ ਹੁੰਦੀ ਹੈ। ਅਭਿਆਸ ਦੇ ਪਹਿਲੇ ਆ ਰਹੇ ਅਨੰਦ ਵਿੱਚੋਂ ਇਕ ਨਵੇਂ ਇਲਾਹੀ ਅਨੰਦ ਦਾ ਸਵਾਦ ਪ੍ਰਤੀਤ ਹੁੰਦਾ ਹੈ। ਇਸ ਲਿਸ਼ਕਾਰੇ ਦੇ ਮਗਰੋਂ ਫੇਰ ਪਹਿਲੀ

ਹਾਲਤ ਤਾਰੀ ਹੋ ਜਾਂਦੀ ਹੈ। ਫਿਰ ਬੈਠਿਆਂ ਬੈਠਿਆਂ ਲਿਸ਼ਕਾਰਾ ਆਉਂਦਾ ਹੈ ਤੇ ਅਨੰਦ ਵਿੱਚੋਂ ਮਹਾਂ ਅਨੰਦ ਦਾ ਸੁਆਦ ਚੱਖੀਦਾ ਹੈ। ਅਭਿਆਸੀ ਖੀਵਾ ਹੁੰਦਾ ਹੈ। ਵਿਸਮਾਦ ਵਿਚ ਆਉਂਦਾ ਹੈ। ਬਾਹਰ ਦੀ ਦੁਨੀਆਂ ਬੇਕਾਰ ਜਾਪਦੀ ਹੈ, ਪਰ ਅੰਤਰ ਆਤਮਾ ਵਿਚ ਸੁੱਖਾਂ ਦੇ ਖ਼ਜ਼ਾਨੇ ਖੁੱਲ੍ਹਦੇ ਜਾਂਦੇ ਹਨ। ਇਸ ਅਵਸਥਾ ਵਿਚ ਜੇਕਰ ਮਾਤਾ ਪਿਤਾ, ਇਸਤਰੀ ਜਾਂ ਹੋਰ ਕੋਈ ਰਿਸ਼ਤੇਦਾਰ ਆ ਕੇ, ਸਦਾ ਚੁੱਪ ਚਾਪ ਰਹਿਣ ਦਾ, ਇਕਾਂਤ ਵਿਚ ਵੇਹਲੇ ਬੈਠੇ ਰਹਿਣ ਦਾ, ਕੰਮ ਕਾਜ ਵਿਚ ਦਿਲ ਨਾ ਲੱਗਣ ਦਾ ਕਾਰਨ ਪੁੱਛੇ ਤਾਂ ਬੜਾ ਸੁਆਦ ਆਉਂਦਾ ਹੈ। ਅਭਿਆਸੀ ਆਪਣੀ ਅੰਦਰਲੀ ਦੌਲਤ ਨੂੰ ਲੁਕਾਂਦਾ ਹੋਇਆ ਟਾਲ-ਮਟੋਲ ਕਰ ਕੇ ਸੱਜਣਾਂ ਮਿੱਤਰਾਂ ਨੂੰ ਤਸੱਲੀ ਦਿਵਾਉਂਦਾ ਤੇ ਰਿਸ਼ਤੇਦਾਰਾਂ ਦੇ ਗੁੱਸੇ ਗਿਲੇ ਦੂਰ ਕਰਦਾ ਹੈ।

ਅਭਿਆਸ ਦੇ ਵਧਣ ਨਾਲ ਇਹ ਨੂਰੀ ਲਿਸ਼ਕਾਰੇ ਛੇਤੀ ਛੇਤੀ ਆਉਣ ਲੱਗ ਜਾਂਦੇ ਹਨ ਅਤੇ ਅਖ਼ੀਰ ਵਿਚ ਨਿਰੰਜਨੀ ਜੋਤ ਦੇ ਸਾਖਸ਼ਾਤ ਦਰਸ਼ਨ ਹੁੰਦੇ ਹਨ। ਇਸ ਜੋਤ ਵੱਲ ਇਕ ਛਿੰਨ ਤੋਂ ਵੱਧ ਤੱਕਿਆ ਨਹੀਂ ਜਾਂਦਾ, ਕਿਉਂਕਿ ਇਸ ਦਾ ਸੂਰਜ ਨਾਲੋਂ ਵੀ ਵਧੇਰੇ ਤੇਜ ਹੁੰਦਾ ਹੈ, ਪਰ ਗਰਮੀ ਤੋਂ ਰਹਿਤ ਸੀਤਲਤਾ ਤੇ ਅਨੰਦ ਦਾ ਸੋਮਾ ਜਾਪਦਾ ਹੈ। ਇਹ ਜੋਤ ਜ਼ਿੰਦਗੀ ਦਾ ਸਾਰ ਜਾਂ ਨਿਰੋਲ ਜੀਵਨ ਰੂਪ ਭਾਸਦੀ ਹੈ। ਇਸ ਜੋਤ ਵਿਚੋਂ ਪ੍ਰੇਮ, ਕ੍ਰਿਪਾਲਤਾ, ਨਿਰਭੈਤਾ, ਨਿਰਵੈਰਤਾ, ਸਰਬ-ਸ਼ਕਤੀਮਾਨਤਾ ਫੁੱਟ-ਫੁੱਟ ਕੇ ਨਿਕਲਦੇ ਹਨ, ਇਹ ਇਨ੍ਹਾਂ ਸਭ ਖੂਬੀਆਂ ਦਾ ਸਾਰ ਜਾਂ ਵਜੂਦ ਜਾਪਦੀ ਹੈ। ਇਸ ਜੋਤ ਦੇ ਐਨ ਕੇਂਦਰ ਵਿਚ ਕੁਝ ਹਰਕਤਾਂ ਜਾਂ ਜੁੰਬਸ਼ ਹੁੰਦੀ ਪ੍ਰਤੀਤ ਹੁੰਦੀ ਹੈ, ਜਿਵੇਂ ਨੂਰ ਦਾ ਸੋਮਾ ਫੁੱਟ ਰਿਹਾ ਹੁੰਦਾ ਹੈ। ਕਦੀ ਕਦੀ ਇਸ ਦੇ ਕੇਂਦਰ ਵਿਚ ਇਨਸਾਨੀ ਅੱਖ ਵਾਂਗ ਇਕ ਨੇਤਰ ਦਿਖਾਈ ਦੇਂਦਾ ਹੈ, ਜਿਸ ਨੇਤਰ ਵਿਚੋਂ ਇਹ ਜਾਗਦੀ ਜੋਤ ਕੁਝ ਅਜੀਬ ਮੇਹਰ ਭਰੀ ਨਜ਼ਰ ਨਾਲ ਤੱਕਦੀ ਤੇ ਮੁਸਕਰਾਉਂਦੀ ਭਾਸਦੀ ਹੈ। ਸਭ ਖੰਡਾਂ, ਬ੍ਰਹਿਮੰਡਾਂ, ਕੁਲ ਸ੍ਰਿਸ਼ਟੀ ਤੇ ਮਖ਼ਲੂਕ ਦਾ ਸੋਮਾ ਇਹੋ ਜਾਗਦੀ ਜੋਤ ਹੈ। ਇਸ ਤੋਂ ਉਤਪੰਨ ਇਸੇ ਵੱਲ ਕੁਲ ਜਾਣਦੀ ਅਣਜਾਣਦੀ ਜੋਤ ਧਾ ਰਹੀ ਹੈ। ਆਤਮਕ ਸਫ਼ਰ ਦੀ ਇਹੋ ਮੰਜ਼ਿਲ ਹੈ, ਇਹੋ ਨਿਸ਼ਾਨਾ ਹੈ। ਇਸ ਜੋਤ ਵਿਚ ਜਾਪੁ ਸਾਹਿਬ ਵਿਚ ਲਿਖੇ ਹੋਏ ਅਕਾਲ ਪੁਰਖ ਦੇ ਸਾਰੇ ਗੁਣ ਪ੍ਰਤੀਤ ਹੁੰਦੇ ਹਨ। ਇਹ ਜਾਗਦੀ ਜੋਤ, ਜ਼ਾਹਿਰਾ ਜ਼ਹੂਰ, ਹਾਜ਼ਰਾ ਹਜ਼ੂਰ, ਪ੍ਰਤੱਖ ਤੇ ਸਾਫ਼ ਦਿੱਸਦੀ ਹੈ।

**ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥** (ਅੰਗ 397)

ਅਭਿਆਸੀ ਆਪਣੇ ਆਪ ਨੂੰ ਇਸ ਜਾਗਦੀ ਜੋਤ ਦੀ ਇਕ ਕਿਰਨ ਮਹਿਸੂਸ ਕਰਦਾ ਹੈ ਅਤੇ ਕਿਰਨ ਦੀ ਤਰ੍ਹਾਂ ਇਸ ਜੋਤ ਨਾਲ, ਇਸ ਸੱਚ ਦੇ ਸੂਰਜ ਨਾਲ ਆਪਣੇ ਆਪ ਨੂੰ ਜੁੜਿਆ ਹੋਇਆ ਦੇਖਦਾ ਹੈ।

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**

(ਅੰਗ 44੧)

ਇਸ ਗੁਰਵਾਕ ਦੀ ਪੂਰੀ ਸਮਝ ਤੇ ਪ੍ਰਤੀਤ ਇਸੇ ਸਮੇਂ ਆਉਂਦੀ ਹੈ। ਆਪਣੇ ਗੁਰਦੇਵ ਦੀ ਕਦਰ ਤੇ ਵਡਿਆਈ ਵੀ ਅਸਲੀ ਅਰਥਾਂ ਵਿਚ ਇਸੇ ਹੀ ਅਵਸਥਾ ਵਿਚ ਦਿਲ 'ਤੇ ਨਕਸ਼ ਹੁੰਦੀ ਹੈ, ਨਿਰਮਾਣਤਾ ਭਰੀ ਖ਼ੁਸ਼ੀ ਦੇ ਅੱਥਰੂ ਵਗਦੇ ਹਨ ਅਤੇ ਅਭਿਆਸੀ ਦੇ ਲੂੰ-ਲੂੰ ਵਿਚੋਂ ਅਵਾਜ਼ ਨਿਕਲਦੀ ਹੈ :

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥**

(ਅੰਗ ੧67)

ਇਕ ਵਾਰੀ ਬੜਾ ਭਾਰੀ ਦੀਵਾਨ ਲੱਗਾ ਹੋਇਆ ਸੀ। ਇਕ ਪਾਸੇ ਬੀਬੀਆਂ ਅਤੇ ਦੂਜੇ ਪਾਸੇ ਸਿੰਘ ਬੈਠੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉੱਚੀ ਥਾਂ ਪ੍ਰਕਾਸ਼ ਹੋਇਆ ਹੋਇਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਛੋਟੀ ਸਫ਼ੈਦ ਦਸਤਾਰ ਬੰਨ੍ਹੀ, ਕਾਲੀ ਕੰਬਲੀ ਓੜ੍ਹੀ, ਅੱਖੀਆਂ ਅੱਧੀਆਂ ਮੀਟੀਆਂ, ਅੱਧੀਆਂ ਖੁੱਲ੍ਹੀਆਂ, ਬਿਰਾਜਮਾਨ ਸਨ। ਚੇਹਰੇ 'ਤੇ ਜਲਾਲ ਠਾਠਾਂ ਮਾਰ ਰਿਹਾ ਸੀ। ਰਾਗੀਆਂ ਦਾ ਕੀਰਤਨ ਸਮਾਪਤ ਹੋਣ ਮਗਰੋਂ ਬਾਬਾ ਜੀ ਨੇ ਮਸਤਾਨੀ ਲਟਕ ਵਿਚ ਸ਼ਬਦ ਪੜ੍ਹਿਆ, ''ਜਾਗਦੀ ਜੋਤ ਨੂੰ ਜਪੋ ਖ਼ਾਲਸਾ ਜੀ।''

ਇਸ ਤੁਕ ਦਾ ਪਹਿਲਾ ਹਿੱਸਾ 'ਜਾਗਦੀ ਜੋਤ ਨੂੰ' ਬੀਬੀਆਂ ਪੜ੍ਹਦੀਆਂ ਸਨ ਅਤੇ ਦੂਜਾ ਹਿੱਸਾ 'ਜਪੋ ਖ਼ਾਲਸਾ ਜੀ' ਗੁਰੂ ਕੇ ਸਿੰਘ ਪੜ੍ਹਦੇ ਸਨ। ਇਸ ਧਾਰਨਾ ਤਹਿਤ ਮਹਾਂਪੁਰਸ਼ਾਂ ਨੇ ਦਸਮ ਪਾਤਸ਼ਾਹ ਦੇ ਪੂਰੇ ਸ਼ਬਦ ਦਾ ਜਾਪ ਕਰਵਾਇਆ :

**ਜਾਗਤਿ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ, ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥**

(ਸ੍ਰੀ ਦਸਮ ਗ੍ਰੰਥ ਸਾਹਿਬ)

ਜਿਉਂ-ਜਿਉਂ ਸੰਗਤਾਂ ਇਸ ਤੁਕ ਨੂੰ ਪੜ੍ਹਦੀਆਂ ਸਨ, ਤਿਉਂ-ਤਿਉਂ ਇਹ ਜਾਗਦੀ ਜੋਤ ਮੇਰੀਆਂ ਅੱਖਾਂ ਸਾਹਮਣੇ ਨੱਚਦੀ ਸੀ। ਉਦੋਂ ਮੈਨੂੰ ਕੁਝ ਵਧੇਰੇ ਸਮਝ ਨਹੀਂ ਸੀ। ਮੈਂ ਇਸ ਕੌਤਕ ਨੂੰ ਬੜੀ ਅਸਚਰਜਤਾ ਨਾਲ ਵੇਖਦਾ ਤੇ ਖ਼ੁਸ਼ੀ ਵਿਚ ਬੇਸੁੱਧ ਹੁੰਦਾ ਜਾਂਦਾ ਸਾਂ। ਇਕ ਖੂੰਜੇ ਬੈਠਾ, ਟਿਕਟਿਕੀ ਲਾਈ ਬਾਬਾ ਅਤਰ ਸਿੰਘ ਜੀ ਵੱਲ ਵੇਖੀ ਜਾ ਰਿਹਾ ਸਾਂ ਅਤੇ ਮੇਰੇ ਲੂੰ-ਲੂੰ ਨੂੰ ਇਹ ਤੁਕ ਨੂਰੋ ਨੂਰ ਕਰ ਰਹੀ ਸੀ। ਅਭਿਆਸੀ ਨੂੰ ਜਦ ਆਪਣਾ ਅਤੇ ਏਸ ਨਿਰੰਜਨੀ ਜੋਤ ਦਾ ਸੰਬੰਧ ਮਾਲੂਮ ਹੋ ਜਾਵੇ ਤਾਂ ਉਸ ਨੂੰ ਇਕ ਅਜੀਬ ਤਸੱਲੀ ਤੇ ਧੀਰਜ ਆ ਜਾਂਦਾ ਹੈ। ਉਸ ਨੂੰ ਜ਼ਿੰਦਗੀ ਦਾ ਸੋਮਾ ਅਤੇ ਉਸ ਸੋਮੇ ਨਾਲ ਆਪਣਾ ਅਟੁੱਟ ਸੰਬੰਧ ਲੱਭ ਪੈਂਦਾ ਹੈ। ਅਭਿਆਸੀ ਨੂੰ ਪਤਾ ਲੱਗ ਜਾਂਦਾ ਹੈ ਕਿ ਸਰੀਰ ਛੱਡਣ ਮਗਰੋਂ ਉਸ ਨੇ ਇਸ ਨਿਰੰਜਨੀ ਜੋਤ ਵਿਚ ਕਿਰਨ ਦੀ ਤਰ੍ਹਾਂ ਸਮਾਅ ਜਾਣਾ ਹੈ ਅਤੇ ਕਦੀ ਕਦੀ ਆਪਣੇ ਆਪ ਨੂੰ ਇਸ ਨਿਰੰਜਨੀ ਜੋਤ ਵਿਚ ਅਲੋਪ ਕਰ ਕੇ ਇਸ ਜੀਵਨ ਵਿਚ ਮਰਨ ਦੇ ਬਾਅਦ ਦੀ ਹਾਲਤ ਦਾ ਤਜਰਬਾ ਕਰਦਾ ਹੈ। ਮੌਤ ਉਸ ਨੂੰ ਹੁਣ ਅਨ੍ਹੇਰ-ਘੁੱਪ ਨਹੀਂ ਲੱਗਦੀ, ਸਗੋਂ ਹਮੇਸ਼ਾ ਦੀ ਜ਼ਿੰਦਗੀ ਦਾ ਵਸੀਲਾ ਜਾਪਦੀ ਹੈ :

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥** (ਅੰਗ ੧365)

ਇਸ ਚੰਗੇ ਉਦਮ ਤੋਂ ਵਾਂਝਾ ਮਨੁੱਖ ਆਲਸੀ ਹੁੰਦਾ ਹੈ, ਆਲਸੀ ਮਨੁੱਖ ਕੁਝ ਕਰ ਨਹੀਂ ਸਕਦਾ।

(ਪੁਸਤਕ 'ਬੰਦਗੀਨਾਮਾ' ਵਿਚੋਂ ਧੰਨਵਾਦ ਸਹਿਤ)

ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪਰਵਾਨਾ ਦੀ ਪੁਸਤਕ ''ਬਹੀਐ ਪੜਿਆਂ ਪਾਸਿ'' ਵਿਚੋਂ ਇਕ ਆਲਸੀ ਮਨੁੱਖ ਦੀ ਸਾਖੀ ਇਸ ਪ੍ਰਕਾਰ ਹੈ :

## ਸਾਖੀ—ਇਕ ਆਲਸੀ ਮਨੁੱਖ ਦੀ

ਇਕ ਧਨਵਾਨ ਨੇ ਘੋੜੇ ਦੀ ਦੇਖਭਾਲ ਲਈ ਇਕ ਨੌਕਰ ਰੱਖਿਆ। ਨੌਕਰ ਬਿਲਕੁਲ ਹੀ ਨਿਕੰਮਾ ਸੀ। ਸਿਰੇ ਦਾ ਆਲਸੀ ਸੀ। ਅੱਠੇ ਪਹਿਰ ਸੁਸਤ ਰਹਿਣ ਵਾਲਾ ਸੀ। ਹੋਰ ਕੋਈ ਨੌਕਰ ਲੱਭਦਾ ਨਹੀਂ ਸੀ, ਇਸ ਲਈ ਮਜਬੂਰੀ ਸੀ, ਚਲੋ ਜਿੰਨਾ ਚਿਰ ਹੋਰ ਕੋਈ ਚੰਗਾ ਹੁਸ਼ਿਆਰ ਨੌਕਰ ਨਹੀਂ ਲੱਭ ਜਾਂਦਾ, ਇਸੇ ਨਾਲ ਕੰਮ ਚਲਾਈ ਜਾਂਦੇ ਹਾਂ। ਇਕ ਦਿਨ ਇਹ ਨੌਕਰ ਆਪਣੀ ਮਾਂ ਨੂੰ ਕਹਿਣ ਲੱਗਾ, ''ਮਾਂ, ਮੈਂ ਵੀ ਆਪਣਾ ਘਰ ਆਪਣੇ ਮਾਲਕ ਵਰਗਾ ਬਣਾਵਾਂਗਾ। ਮੈਂ ਵੀ ਘੋੜੇ ਰੱਖਾਂਗਾ, ਫਿਰ ਮੈਂ ਵੀ ਘੋੜਿਆਂ ਦੀ ਦੇਖਭਾਲ ਵਾਸਤੇ ਨੌਕਰ ਰੱਖਾਂਗਾ।'' ਨੌਕਰ ਵੀ ਮਾਲਕ ਬਣਨ ਦੇ ਸੁਪਨੇ ਲੈਂਦੇ ਹਨ। ਭਿਖਾਰੀ ਵੀ ਸਮਰਾਟ ਬਨਣ ਲਈ ਸੋਚਦੇ ਰਹਿੰਦੇ ਹਨ। ਮਾਂ ਹੱਸ ਪਈ ਅਤੇ ਕਹਿਣ ਲੱਗੀ, ''ਕਮਲੇ ਬੇਟੇ, ਪਹਿਲਾਂ ਤਾਂ ਤੈਨੂੰ ਕੋਈ ਨੌਕਰ ਰੱਖਣ ਵਾਸਤੇ ਹੀ ਤਿਆਰ ਨਹੀਂ ਸੀ, ਤੂੰ ਇੰਨਾ ਸੁਸਤ ਹੈਂ। ਹੁਣ ਜੇ ਨੌਕਰੀ ਮਿਲ ਗਈ ਹੈ ਤਾਂ ਠੀਕ ਤਰ੍ਹਾਂ ਕੰਮ ਕਰ ਤਾਂ ਕਿ ਸਾਡੀ ਰੋਟੀ ਚਲਦੀ ਜਾਵੇ।'' ਅੱਗੋਂ ਉਹ ਕਹਿਣ ਲੱਗਾ, ''ਮਾਂ, ਕੋਈ ਅਜਿਹਾ ਢੰਗ ਨਹੀਂ ਕਿ ਮੇਰੀ ਤਨਖ਼ਾਹ ਵਧ ਜਾਵੇ ?'' ਮਾਂ ਨੇ ਕਿਹਾ, ''ਢੰਗ ਹੈ, ਇਮਾਨਦਾਰੀ ਨਾਲ ਮਿਹਨਤ ਕਰ ਫਿਰ ਮਾਲਕ ਖ਼ੁਸ਼ ਹੋ ਜਾਵੇਗਾ ਤੇ ਤੇਰੀ ਤਨਖ਼ਾਹ ਵਧਾ ਦੇਵੇਗਾ।'' ਇਸ ਨੇ ਪੁੱਛਿਆ, ''ਮਾਲਕ ਖ਼ੁਸ਼ ਹੋਵੇਗਾ, ਇਸ ਦੀ ਕੋਈ ਨਿਸ਼ਾਨੀ ?'' ਮਾਂ ਨੇ ਕਿਹਾ, ''ਜਦੋਂ ਖ਼ੁਸ਼ ਹੋਵੇਗਾ ਤਾਂ ਉਹ ਹੱਸਦਾ ਹੋਵੇਗਾ, ਉਸ ਵੇਲੇ ਬੇਸ਼ੱਕ ਆਪਣੀ ਬੇਨਤੀ ਕਰ ਦੇਈਂ ਕਿ ਮਾਲਕ, ਕ੍ਰਿਪਾ ਕਰ ਕੇ ਮੇਰੀ ਕੁਝ ਤਨਖ਼ਾਹ ਵਧਾ ਦਿਉ।'' ਇਹ ਸਮਝ ਗਿਆ ਤੇ ਤਾੜ ਵਿਚ ਸੀ ਕਿ ਕਦੋਂ ਮਾਲਕ ਹੱਸੇ ਤੇ ਮੈਂ ਬੇਨਤੀ ਕਰਾਂ ਕਿ ਮਾਲਕ ਮੇਰੀ ਤਨਖ਼ਾਹ ਵਧਾ ਦਿਉ, ਪਰ ਮਾਲਕ ਬੜਾ ਗੰਭੀਰ ਸੀ, ਹੱਸਦਾ ਨਹੀਂ ਸੀ। ਖ਼ੈਰ ਸਮਾਂ ਬੀਤਦਾ ਗਿਆ।

ਇਕ ਦਿਨ ਘੋੜੇ ਦਾ ਰਖਵਾਲਾ ਨੌਕਰ ਸੁੱਤਾ ਪਿਆ ਸੀ। ਚੋਰ ਆਇਆ ਤੇ ਬੜੀ ਆਸਾਨੀ ਨਾਲ ਘੋੜਾ ਚੋਰੀ ਕਰ ਕੇ ਲੈ ਗਿਆ। ਦਿਨ ਚੜ੍ਹਿਆ, ਮਾਲਕ ਨੇ ਕਿਤੇ ਜਾਣਾ ਸੀ, ਆਵਾਜ਼ ਦਿੱਤੀ ਕਿ ਘੋੜਾ ਤਿਆਰ ਕਰੋ। ਇਹ ਸੁੱਤਾ-ਸੁੱਤਾ ਜਾਗਿਆ ਤੇ ਕਹਿਣ ਲੱਗਾ, ''ਮਾਲਕ, ਥੋੜ੍ਹੀ ਦੇਰ ਲੱਗੇਗੀ, ਥੋੜ੍ਹਾ ਉਡੀਕਣਾ ਪਵੇਗਾ।'' ਮਾਲਕ ਨੇ ਪੁੱਛਿਆ, ''ਕਿਉਂ ?'' ਕਹਿਣ ਲੱਗਾ, ''ਕਿਉਂਕਿ ਘੋੜਾ ਚੋਰ ਲੈ ਗਿਆ ਹੈ। '' ਮਾਲਕ ਲੋਹਾ ਲਾਖਾ ਹੋਇਆ, ਕ੍ਰੋਧ ਨਾਲ ਭਰਿਆ ਇਸ ਦੇ ਕੋਲ ਆਇਆ। ਇਹ ਕਹਿਣ ਲੱਗਾ, ''ਬਸ ਹੁਣੇ ਹੀ ਮੈਂ ਚੋਰ ਤੇ ਘੋੜਾ ਦੋਵੇਂ ਹੀ ਤੁਹਾਡੇ ਹਵਾਲੇ ਕਰ ਦਿਆਂਗਾ। ਚੋਰ ਘੋੜਾ ਤਾਂ ਲੈ ਗਿਆ ਹੈ ਪਰ ਬੰਨ੍ਹਣ ਵਾਲਾ ਕਿੱਲਾ ਨਹੀਂ ਲੈ ਕੇ ਗਿਆ। ਹੁਣੇ ਆਵੇਗਾ ਤਾਂ ਮੈਂ ਫੜ ਕੇ ਤੁਹਾਡੇ ਹਵਾਲੇ ਕਰ ਦਿਆਂਗਾ।'' ਮਾਲਕ ਇਸ ਦੀ ਮੂਰਖਤਾ ਤੇ ਹੱਸ ਪਿਆ। ਇਸ ਨੂੰ ਮਾਂ ਦੀ ਗੱਲ ਯਾਦ ਆ ਗਈ। ਕਹਿਣ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਲੱਗਾ, "ਮਾਲਕ, ਮੇਰੀ ਥੋੜ੍ਹੀ ਤਨਖ਼ਾਹ ਵਧਾ ਦਿਉ।" ਅੱਗੋਂ ਕੀ ਹੋਇਆ ਹੋਵੇਗਾ ? ਇਹ ਅਸੀਂ ਆਪ ਹੀ ਅੰਦਾਜ਼ਾ ਲਗਾ ਲਈਏ। ਅਸੀਂ ਚਾਹੁੰਦੇ ਤਾਂ ਇਹੀ ਹਾਂ ਕਿ ਪ੍ਰਮਾਤਮਾ ! ਹੋਰ ਵਧਾ ਦੇ, ਸਾਡੀ ਤਨਖ਼ਾਹ ਹੋਰ ਵਧਾ ਦੇ, ਪਰ ਜੋ ਉਸ ਨੇ ਸਾਨੂੰ ਜ਼ਿੰਮੇਵਾਰੀ ਸੌਂਪੀ ਸੀ, ਅਸੀਂ ਈਮਾਨਦਾਰੀ ਨਾਲ ਉਸ ਜ਼ਿੰਮੇਵਾਰੀ ਨੂੰ ਨਿਭਾਇਆ ਹੈ ਕਿ ਨਹੀਂ ? ਅਸੀਂ ਤਾਂ ਉਸ ਦਾ ਦਿੱਤਾ ਸਭ ਕੁਝ ਹੀ ਲੁਟਾ ਦਿੱਤਾ ਹੈ। ਇਹ ਸਰੀਰ, ਇਹ ਹਿਰਦਾ ਇਸ ਦਾ ਅਸੀਂ ਕੀ ਹਾਲ ਕੀਤਾ ਹੈ ? ਅਸੀਂ ਤਨ ਵੀ ਬਰਬਾਦ ਕਰ ਦਿੱਤਾ ਹੈ।

**ਖਸਮੁ ਵਿਸਾਰਿ ਕੀਏ ਰਸ ਭੋਗ॥ ਤਾ ਤਨਿ ਉਠਿ ਖਲੋਏ ਰੋਗ॥**

(ਅੰਗ ੧256)

ਅਸੀਂ ਉਸ ਦੇ ਦਿੱਤੇ ਦੀ ਰਖਵਾਲੀ ਕਰਨ ਦੀ ਬਜਾਇ ਸਭ ਕੁਝ ਹੀ ਲੁਟਾ ਦਿੱਤਾ ਹੈ। ਮਨ ਪਾਪਾਂ ਨਾਲ, ਮੰਦੇ ਵਿਚਾਰਾਂ ਨਾਲ ਭਰ ਦਿੱਤਾ ਹੈ। ਅਸੀਂ ਤਾਂ ਉਸ ਦਾ ਪਵਿੱਤਰ ਸਰੋਵਰ ਸਰੀਰ ਗੰਦਗੀ ਨਾਲ ਭਰ ਦਿੱਤਾ ਹੈ। ਫਿਰ ਕਹਿੰਦੇ ਹਾਂ ਕਿ ਪ੍ਰਮਾਤਮਾ ਸਾਡੀ ਤਨਖ਼ਾਹ ਵਧਾ ਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਕਹਿੰਦੇ ਹਨ :

**ਤੇਰੇ ਲਾਲੇ ਕਿਆ ਚਤੁਰਾਈ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ॥**

(ਮਾਰੂ ਮ: ੧, ਅੰਗ ੯੯੧)

ਭਾਈ ਸਾਹਿਬ ਭਾਈ ਗੁਰਦਾਸ ਜੀ ਠੀਕ ਕਹਿੰਦੇ ਹਨ ਕਿ :

**ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ,**<br>
**ਤੁਮਰੇ ਬਿਰਦ ਕਰਿ ਆਸਰੇ ਸਮ੍ਹਾਰ ਹੌਂ॥**

(ਕਬਿੱਤ ਸਵੱਯੇ, ਭਾ : ਗੁਰਦਾਸ)

ਅਸੀਂ ਤਾਂ ਚਾਹੁੰਦੇ ਹਾਂ ਕਿ ਅਸੀਂ ਵੀ ਮਾਲਕ ਵਾਂਗੂੰ ਬੈਠੇ ਰਹੀਏ ਤੇ ਪ੍ਰਮਾਤਮਾ ਨੌਕਰਾਂ ਵਾਂਗੂੰ ਸਾਡੇ ਸਾਰੇ ਹੀ ਕੰਮ ਕਰਦਾ ਰਹੇ। (ਪੁਸਤਕ "ਬਹੀਐ ਪੜਿਆ ਪਾਸਿ" ਵਿਚੋਂ ਧੰਨਵਾਦ ਸਹਿਤ)

ਬਿਲਾਵਲੁ ਮਹਲ 5 ॥ ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥ ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥੧ ॥ ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥ ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥੧ ॥ ਰਹਾਉ ॥ ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥ ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥ 2 ॥ ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥ ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮ ॥ 3 ॥ ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥ ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ ॥ 4 ॥ 29 ॥ 59 ॥
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਪਦ ਅਰਥ :- ਸੁਖ ਸਾਰੁ=ਸੁਖਾਂ ਦਾ ਤੱਤ। ਜਪਿ=ਜੱਪ ਕੇ। ਮੁਖਿ=ਮੂੰਹ ਨਾਲ। ਪੀਵਾ=ਮੈਂ ਪੀਂਦਾ ਹਾਂ। ਸੁਖਿ=ਸੁਖ ਵਿਚ, ਸੁਖ ਨਾਲ। ਲੋਚ=ਚਾਹਨਾ। ਚਿਤਵਤੇ=ਚਿਤਵਦੇ, ਸੋਚਦੇ ਰਹਿੰਦੇ ਹਨ। ਧੰਨੁ=ਧੰਨਤਾ ਯੋਗ। ਬਸੰਤ=ਵਸਣ ਵਾਲੇ। ਘਨਾ=ਬਹੁਤਾ। ਬਿਸ੍ਰਾਮੁ=ਟਿਕਾਣਾ। ਅਨਾਥ ਕੋ ਨਾਥ=ਸੁਆਮੀ, ਖਸਮ (ਮਾਲਕ)।

ਅਰਥ :- (ਹੇ ਭਾਈ ! ਪ੍ਰਭੂ ਦਾ ਨਾਮ ਜਪਣ ਦਾ ਭਾਵ ਸਿਮਰਨ ਭਜਨ ਕਰਨ ਦਾ) ਉੱਦਮ ਕਰਦਿਆਂ (ਮਨ ਵਿਚ ਆਤਮਿਕ) ਅਨੰਦ ਪੈਦਾ ਹੋ ਗਿਆ ਹੈ, ਨਾਮ ਸਿਮਰਦਿਆਂ ਸੁਖਾਂ ਦਾ ਤੱਤ (ਆਤਮਿਕ ਸੁਖ) ਮਿਲ ਗਿਆ ਹੈ। ਪ੍ਰਿਥਵੀ ਦੇ ਮਾਲਕ ਦਾ ਨਾਮ ਜਪ-ਜਪ ਕੇ (ਪਰਮਾਤਮਾ ਦੇ ਗੁਣਾਂ ਦਾ) ਪੂਰਨ ਵੀਚਾਰ (ਪ੍ਰਾਪਤ ਹੋ ਗਿਆ ਹੈ)।੧।

(ਹੇ ਭਾਈ !) ਗੁਰੂ ਦੇ ਸੋਹਣੇ (ਸ਼ਬਦ ਰੂਪ) ਚਰਨਾਂ ਨੂੰ ਜਪਦਿਆਂ ਹਰੀ ਦਾ (ਨਾਮ) ਜਪ ਕੇ ਮੈਂ ਜੀਉਂਦਾ ਹਾਂ। ਪਾਰਬ੍ਰਹਮ ਪ੍ਰਮੇਸ਼ਰ ਨੂੰ ਅਰਾਧਦੇ ਹੋਏ (ਮੈਂ ਆਪਣੇ) ਮੂੰਹ (ਨਾਲ ਨਾਮ) ਅੰਮ੍ਰਿਤ ਪੀਂਦਾ ਹਾਂ।੧। ਰਹਾਉ।

(ਹੇ ਭਾਈ ! ਪ੍ਰਭੂ ਦੀ ਕਿਰਪਾ ਦੇ ਪਾਤਰ) ਸਾਰੇ ਜੀਵ ਜੰਤੂ ਸੁਖ ਵਿਚ ਵਸ ਰਹੇ ਹਨ ਅਤੇ ਸਭ ਦੇ ਮਨ ਵਿਚ ਸਿਮਰਨ ਕਰਨ ਦੀ ਲੋਚ (ਲੱਗੀ ਰਹਿੰਦੀ ਹੈ)। (ਸਾਰੇ ਆਪਣੇ) ਮਨ ਵਿਚ ਪਰਉਪਕਾਰ ਦੀ (ਗੱਲ) ਹਰ ਵੇਲੇ ਸੋਚਦੇ ਰਹਿੰਦੇ ਹਨ (ਅਤੇ ਉਹ) ਪਾਪ ਪੁੰਨ ਤੋਂ (ਹਮੇਸ਼ਾ) ਨਿਰਲੇਪ (ਰਹਿੰਦੇ) ਹਨ।੨।

(ਹੇ ਭਾਈ !) ਜਿਸ ਥਾਂ 'ਤੇ ਪਰਮਾਤਮਾ ਦਾ ਨਾਮ ਜਪਿਆ ਜਾਂਦਾ ਹੈ, ਉਹ ਥਾਂ ਧੰਨਤਾ ਯੋਗ ਹੈ, (ਉਥੇ) ਵਸਣ ਵਾਲਾ ਜੀਵ ਵੀ ਧੰਨ ਹੈ। (ਉਹ ਅਸਥਾਨ ਭਾਗਾਂ ਵਲਾ ਹੈ, ਜਿਥੇ ਉਸ ਪ੍ਰਭੂ ਦੀ) ਕਥਾ (ਵਾਰਤਾ ਹੁੰਦੀ ਰਹਿੰਦੀ ਹੈ) ਅਤੇ (ਜਿਸ ਥਾਂ) ਹਰੀ ਦਾ ਕੀਰਤਨ ਬਹੁਤ ਹੀ ਹੁੰਦਾ ਹੈ, (ਉਹ ਥਾਂ) ਸੁਖ ਸਹਿਜ ਦਾ ਟਿਕਾਣਾ (ਬਣ ਜਾਂਦਾ ਹੈ)।੩।

(ਹੇ ਭਾਈ ! ਉਹ ਪ੍ਰਭੂ ਜੋ) ਸੁਆਮੀ ਅਨਾਥਾਂ=ਦਾ ਖਸਮ (ਮਾਲਕ) ਹੈ, ਮਨ ਤੋਂ ਕਦੇ ਨਹੀਂ ਭੁੱਲਣਾ ਚਾਹੀਦਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਦਾਸ ਉਸ) ਪ੍ਰਭੂ ਦੀ ਸ਼ਰਨ ਪਿਆ ਹੈ ਜਿਸ ਦੇ ਹੱਥ ਵਿਚ ਸਾਰੀ (ਸ੍ਰਿਸ਼ਟੀ ਦੇ ਮਾਰਨ ਜੀਵਾਲਣ ਦੀ ਸਤਾ ਹੈ)।੪।੨੯।੫੯।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ੧78 (ਆਦਿ ਅੰਗ 8੧7)

## ਬਿਲਾਵਲੁ ਮਹਲਾ 5 ॥

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥ ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ॥੧॥ ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ॥੧॥ਰਹਾਉ॥ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ॥ ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ॥2॥4॥68॥

## ਪ੍ਰਾਕ੍ਰਥਨ :

ਬਿਲਾਵਲੁ ਰਾਗੁ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਹਜ਼ੂਰ ਨੇ ਪ੍ਰਭੂ ਨੂੰ ਯਾਦ ਕਰਨ ਦਾ ਹੁਕਮ ਕੀਤਾ ਹੈ ਅਤੇ ਯਾਦ ਕਿਸ ਤਰ੍ਹਾਂ ਕਰਨਾ ਹੈ ? ਸਾਧ ਸੰਗਤ ਵਿਚ ਮਿਲ ਕੇ।

## ਵਿਸ਼ਾ — ਮਨਿ ਤਨਿ ਪ੍ਰਭੁ ਆਰਾਧੀਐ

ਪ੍ਰਭੂ ਦਾ ਸਿਮਰਨ ਭਾਵੇਂ ਰਸਨਾ ਕਰ ਕੇ ਹੁੰਦਾ ਹੈ, ਪਰ ਮਨ ਦੀ ਇਕਾਗਰਤਾ ਅਤੇ ਸਰੀਰ ਕਰ ਕੇ ਸਾਵਧਾਨ ਹੋਣ ਦੀ ਵੀ ਲੋੜ ਹੈ : "ਸਾਵਧਾਨ ਇਕਾਗਰ ਚੀਤ॥" ਜ਼ਰੂਰੀ ਹੈ। ਇਸ ਲਈ ਸਿਆਣਿਆਂ ਦਾ ਕਥਨ ਹੈ ਕਿ ਰਸਨਾ ਨਾਮ ਜੱਪਣ ਲਈ ਪ੍ਰਭੂ ਨੇ ਦਿੱਤੀ ਹੈ, ਨੇਤਰ ਸਾਰਿਆਂ ਭਾਵ ਹਰ ਇਕ ਨੂੰ ਗੁਰੂ ਸਰੂਪ ਦੇ ਦਰਸ਼ਨ ਕਰਨ ਲਈ ਮਿਲੇ ਹਨ। ਚੌਵੀ ਹਜ਼ਾਰ ਸਵਾਸ ਮਨੁੱਖ ਦੇ ਚੌਵੀ ਘੰਟਿਆਂ ਵਿਚ ਬਤੀਤ ਹੁੰਦੇ ਹਨ। ਰਸਨਾ ਨਾਲ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰ ਕੇ ਸਾਰੇ ਸਵਾਸ ਸਫਲੇ ਕਰਨੇ ਹਨ :

**ਦਮਿ ਦਮਿ ਸਦਾ ਸਮ੍ਾਲਦਾ ਦੰਮੁ ਨ ਬਿਰਥਾ ਜਾਇ॥** (ਅੰਗ 556)

ਨਹੀਂ ਤਾਂ ਵਡਮੁੱਲੇ ਕੀਮਤੀ ਚੌਵੀ ਹਜ਼ਾਰ ਸੁਆਸਾਂ ਦਾ ਇਸ ਮਨੁੱਖ ਨੂੰ ਹਰ ਰੋਜ਼ ਘਾਟਾ ਪੈਂਦਾ ਹੈ :

**ਨਾਮ ਜਪਣ ਕਉ ਜਿਹਬਾ ਦੀਨੀ ਹਰ ਦਰਸਨ ਕਉ ਅੱਖੀਂ।**
**ਇਕ ਇਕ ਸ੍ਵਾਸ ਅਮੋਲਕ ਜਾਂਦਾ ਹੱਥ ਨ ਆਵੈ ਲੱਖੀਂ।**
**ਚੌਵੀ ਹਜ਼ਾਰ ਸ੍ਵਾਸ ਬੰਦੇ ਦਾ ਆਮਦਨ ਮੂਲ ਨ ਥੀਵੇ।**
**ਜਿਸ ਬੰਦੇ ਕਉ ਇਤਨਾ ਘਾਟਾ ਸੋ ਬੰਦਾ ਕਿਉਂ ਜੀਵੇ।**

ਭਾਵ ਨਾਮ-ਰਸ ਤੋਂ ਬਿਨਾਂ ਮਨੁੱਖ ਦੀ ਜੀਭ ਵਿਚ ਬੋਲਣ ਦੀ ਮਿਠਾਸ ਪੈਦਾ ਨਹੀਂ ਹੁੰਦੀ, ਜਿਸ ਕਰ ਕੇ ਜੀਭ ਸਦਾ ਖਰ੍ਹਵੇ ਅਤੇ ਫਿਕੇ ਬੋਲ ਬੋਲਦੀ ਹੈ। ਇਹ ਫਿਕਾ ਹੀ ਨਹੀਂ ਬੋਲਦੀ, ਸਗੋਂ ਭਲੇ ਲੋਕਾਂ ਦੀ ਨਿੰਦਿਆ ਵੀ ਕਰਦੀ ਹੈ। ਗੁਰੂ ਜੀ ਨਿੰਦਿਆ ਕਰਨ ਵਾਲੇ ਅਜਿਹੇ ਲੋਕਾਂ ਨੂੰ ਪਸ਼ੂ ਬਿਰਤੀ ਵਾਲੇ ਆਖਦੇ ਹਨ, ਜੋ ਕਦੀ ਚੰਗੇ ਨਹੀਂ ਹੋ ਸਕਦੇ :

**ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ॥**
**ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ॥**

(ਅੰਗ ੧੧26)

ਜੀਭ ਦੇ ਰਸਾਂ-ਕਸਾਂ ਅਤੇ ਚਸਕਿਆਂ ਵਿਚ ਮਸਤ ਰਹਿਣ ਨਾਲ ਪ੍ਰਾਣੀ ਦੇ ਮਨ ਅੰਦਰ ਲੋਭ ਅਤੇ ਵਿਕਾਰ ਉਪਜਦੇ ਹਨ ਅਤੇ ਹਉਮੈ ਹਾਵੀ ਹੁੰਦੀ ਹੈ, ਜਿਸ ਦਾ ਸਦਕਾ ਮਨੁੱਖ ਜੂਨਾਂ ਵਿਚ ਭਟਕ-ਭਟਕ ਕੇ ਦੁੱਖੀ ਹੁੰਦਾ ਹੈ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਟੋਡੀ ਮਹਲਾ 5 ॥

**ਰਸਨਾ ਗੁਣ ਗੋਪਾਲ ਨਿਧਿ ਗਾਇਣ॥**
**ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥ ੧॥ ਰਹਾਉ॥**
**ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥**
**ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ॥ ੧॥**
**ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥**
**ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥ 2 ॥ 5 ॥ ੧0 ॥**

(ਅੰਗ 7੧3)

ਡਾਕਟਰ ਭਾਈ ਵੀਰ ਸਿੰਘ ਜੀ ਦੀ ਪੁਸਤਕ 'ਗੁਰਮੁਖ ਸਿਖਿਆ' ਵਿਚੋਂ ਸਿਮਰਨ ਦੇ ਸੰਬੰਧ ਵਿਚ ਵੱਖ-ਵੱਖ ਪ੍ਰੇਮੀਆਂ ਨੂੰ ਦਿੱਤੀ ਸਿੱਖਿਆ ਇਸ ਪ੍ਰਕਾਰ ਹੈ। ਇਹ ਸਿੱਖਿਆ ਸਿਮਰਨ ਅਭਿਆਸ ਕਰਨ ਵਾਲਿਆਂ ਵਾਸਤੇ ਲਾਭਦਾਇਕ ਹੋਵੇਗੀ ਅਤੇ ਇਸ ਮੁਖਵਾਕ ਦੀ ਪਹਿਲੀ ਪੰਗਤੀ "ਮਨਿ ਤਨਿ ਪ੍ਰਭੁ ਆਰਾਧੀਐ" ਨਾਲ ਸੰਬੰਧਿਤ ਹੈ।

ਵਾਹਿਗੁਰੂ ਵਾਹਿਗੁਰੂ ਕਰਨ ਨਾਲ ਸਾਡੇ ਮਨ 'ਤੇ ਹਰ ਹਾਲਤ ਵਿਚ ਅਸਰ ਹੁੰਦਾ ਹੈ। ਇਸ ਨਾਲ ਸਾਡੇ ਵਿਚ ਕੋਮਲਤਾ ਆ ਜਾਂਦੀ ਹੈ, ਚੰਗੇ-ਮੰਦੇ ਦੀ ਤਮੀਜ਼ ਹੋ ਜਾਂਦੀ ਹੈ ਤੇ ਮਨ ਬੁਰਾਈ ਤੋਂ ਪ੍ਰਹੇਜ਼ ਕਰਨ ਲੱਗ ਜਾਂਦਾ ਹੈ। ਸਿਮਰਨ ਪਹਿਲਾਂ ਮੈਲ ਕੱਟਦਾ ਹੈ, ਇਸ ਲਈ ਪਹਿਲਾਂ ਇਸ ਵਿਚ ਮਨ ਨਹੀਂ ਲੱਗਦਾ। ਜਦੋਂ ਮਨ ਨਿਰਮਲ ਹੋ ਜਾਂਦਾ ਹੈ ਤਾਂ ਸਿਮਰਨ ਵਿਚ ਰਸ ਆਉਣ ਲੱਗਦਾ ਹੈ, ਫਿਰ ਛੱਡਣ ਨੂੰ ਦਿਲ ਨਹੀਂ ਕਰਦਾ। ਮਨ ਚਾਹੇ ਨਾ ਵੀ ਟਿਕੇ, ਨਾਮ ਜੱਪਣਾ ਚਾਹੀਦਾ ਹੈ। ਜੇ ਨਾਮ ਜਪਦਾ ਮਨ ਜ਼ਰਾ ਵੀ ਟਿਕ ਜਾਵੇ ਤਾਂ ਥੋੜ੍ਹੀ ਗੱਲ ਨਹੀਂ। ਮਨ ਪੂਰਾ ਵੱਸ ਤਦ ਆਉਂਦਾ ਹੈ, ਜਦੋਂ ਵਾਹਿਗੁਰੂ ਦੀ ਪੂਰਨ ਕ੍ਰਿਪਾਲਤਾ ਹੋਵੇ।

ਮਨ ਟਿਕੇ ਜਾਂ ਨਾ ਟਿਕੇ, ਨਾਮ ਬਾਣੀ ਨਹੀਂ ਛੱਡਣੀ। ਜੋ ਲੱਗੇ ਰਹਿਣਗੇ, ਉਨ੍ਹਾਂ ਲਈ ਉਹ ਸਮਾਂ ਵੀ ਆਵੇਗਾ, ਜਦੋਂ ਮਨ ਦਾ ਟਿਕਾਓ ਪ੍ਰਾਪਤ ਹੋ ਜਾਵੇਗਾ। ਜੋ ਤੁਰੇ ਰਹਿਣਗੇ, ਭਾਵੇਂ ਮੱਧਮ ਚਾਲ ਹੀ, ਉਨ੍ਹਾਂ ਦੇ ਮੰਜ਼ਿਲ 'ਤੇ ਪਹੁੰਚਣ ਦੀ ਆਸ ਹੋ ਸਕਦੀ ਹੈ। ਰਿੱਧੀਆਂ ਸਿੱਧੀਆਂ ਵਾਲਾ ਮਨੁੱਖ ਵੱਡਾ ਨਹੀਂ ਹੁੰਦਾ, ਵੱਡਾ ਉਹ ਹੁੰਦਾ ਹੈ ਜਿਸ ਨੂੰ ਨਾਮ ਦਾ ਰਸ ਆਇਆ ਹੈ ਤੇ ਨਾਮ ਜਿਸ ਦੇ ਜੀਵਨ ਦਾ ਅਧਾਰ ਬਣ ਗਿਆ ਹੈ। ਵਾਹਿਗੁਰੂ ਦਾ ਇਕ ਵਾਰੀ ਨਾਮ ਲੈ ਕੇ ਜੇ ਫੇਰ ਵਾਹਿਗੁਰੂ ਕਹਿਣ ਨੂੰ ਦਿਲ ਕਰੇ ਤਾਂ ਇਹ ਸਮਝੋ, ਸਿਮਰਨ ਸਫਲ ਹੋ ਰਿਹਾ ਹੈ ਤੇ ਮੈਲ ਕਟੀ ਜਾ ਰਹੀ ਹੈ। ਰਸਨਾ ਨਾਲ ਇਕ ਵਾਰੀ ਵਾਹਿਗੁਰੂ ਕਹਿਣ 'ਤੇ ਦੂਜੀ ਵਾਰੀ ਕਹਿਣ ਨੂੰ ਜੀਅ ਕਰੇ ਤਾਂ ਚਾਰ ਵਾਰੀ ਵਾਹਿਗੁਰੂ ਦਾ ਸ਼ੁਕਰ ਕਰੋ, ਜੋ ਉਸ ਨੇ ਬੜੀ ਮਿਹਰ ਕੀਤੀ ਹੈ, ਜੋ ਤੁਹਾਨੂੰ ਨਾਮ ਬਖ਼ਸ਼ਿਆ ਹੈ ਤੇ ਨਾਮ ਪਿਆਰਾ ਲੱਗਾ ਹੈ। ਵਾਹਿਗੁਰੂ ਦਾ ਨਾਮ ਜਪਣਾ ਇਕ ਬੜੀ ਵੱਡੀ ਨਿਆਮਤ ਹੈ, ਜੋ ਵਾਹਿਗੁਰੂ ਦੀ ਆਪਣੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ। ਜਦੋਂ ਵਾਹਿਗੁਰੂ ਜਪੋ ਤਾਂ ਉਸ ਦਾ ਸ਼ੁਕਰ ਕਰੋ, ਜੋ ਨਾਮ ਜਪਾ ਰਿਹਾ ਹੈ।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਨਾਮ, ਸਾਰੇ ਪਾਪ ਤੇ ਦੁੱਖਾਂ ਨੂੰ ਕੱਟਦਾ ਹੈ। ਸਿਮਰਨ ਦੇਹ ਨੂੰ ਵੀ ਅਰੋਗ ਭਾਵ ਰੋਗ ਰਹਿਤ ਕਰਦਾ ਹੈ ਤੇ ਵਾਹਿਗੁਰੂ ਦੇ ਨੇੜੇ ਵੀ ਲੈ ਜਾਂਦਾ ਹੈ, ਇਸ ਨਾਲ ਅਸੀਂ ਅੰਤਰਮੁਖ ਹੁੰਦੇ ਹਾਂ। ਨਾਮ ਜਪਦੇ ਹੋਏ ਨਿਰਮਾਣਤਾ ਵਿਚ ਰਹੋ। ਨਾਮ ਵੀ ਵਾਹਿਗੁਰੂ ਦੀ ਦਾਤ ਹੈ, ਇਹ ਸਮਝ ਕੇ ਜੱਪਾਂਗੇ ਤਾਂ ਨਿਰਮਾਣਤਾ ਵਿਚ ਰਹਾਂਗੇ। ਨਾਮੀ ਪੁਰਖ ਦੀ ਅਰਦਾਸ ਵਿਚ ਸ਼ਕਤੀ ਆ ਜਾਂਦੀ ਹੈ। ਜਦੋਂ ਕੁਝ ਬਰਕਤ ਆ ਜਾਵੇ ਤਾਂ ਸਿੱਖ ਦੁਨੀਆਂ ਤੋਂ ਖ਼ਬਰਦਾਰ ਭਾਵ ਸੁਚੇਤ ਰਹੇ, ਕਿਉਂਕਿ ਦੁਨੀਆਂ ਇਸ ਨੂੰ ਆਪਣੇ ਮਤਲਬ ਵਾਸਤੇ ਵਰਤੇਗੀ। ਇਸ ਨਾਲ ਆਦਮੀ ਨਾਮ ਤੋਂ ਟੁੱਟਦਾ ਹੈ। ਨਾਮ ਜਪਦੇ ਹੋਏ ਰਿੱਧੀਆਂ ਸਿੱਧੀਆਂ ਆ ਜਾਂਦੀਆਂ ਹਨ। ਨਾਮ ਜਪਣ ਵਾਲੇ ਨੇ ਉਨ੍ਹਾਂ ਦੇ ਵਿਖਾਵੇ ਤੋਂ ਬਚਣਾ ਹੈ ਤਾਂ ਜੋ ਹਉਮੈ ਨਾ ਆਵੇ। ਹਉਮੈ ਆਈ ਤਾਂ ਨਾਮ ਦਾ ਰਸ ਟੁੱਟ ਜਾਵੇਗਾ।

ਪ੍ਰਭੂ ਪ੍ਰਮਾਤਮਾ ਦਾ ਸਿਮਰਨ ਫੋਕਾ ਸਾਧਨ ਨਹੀਂ; ਇਹ ਪ੍ਰੀਤ ਦੀ ਰੀਤ ਹੈ। ਨਾਮ ਆਪ ਹੀ ਜੱਪਣਾ ਪੈਂਦਾ ਹੈ। ਜਿਹੜਾ ਰੋਟੀ ਖਾਏਗਾ, ਉਹੀ ਰੱਜੇਗਾ। ਸਿਮਰਨ ਰਸਨਾ ਨਾਲ ਕਰਨਾ ਹੈ, ਫਿਰ ਇਹ ਆਪੇ ਹੀ ਹਿਰਦੇ ਵਿਚ ਲਹਿ ਜਾਂਦਾ ਹੈ। ਨਾਮ ਜਪਣ ਵਾਲੇ ਨੂੰ ਸਬਰ ਤੇ ਨਿਮਰਤਾ ਦੀ ਬੜੀ ਲੋੜ ਹੈ। ਸਿਮਰਨ ਨਾਲ ਪਹਿਲਾਂ ਮਨ ਦੀ ਮੈਲ ਉਤਰਦੀ ਹੈ ਤੇ ਇਨਸਾਨ ਬੁਰੇ ਕੰਮ ਕਰਨ ਤੋਂ ਸੰਕੋਚ ਕਰਦਾ ਹੈ। ਸਿਮਰਨ ਵਿਚ ਸੁਆਦ ਨਹੀਂ ਆਉਂਦਾ ਤਾਂ ਗੁਰੂ ਜਾਣੇ, ਜੋ ਸੁਆਦ ਨਹੀਂ ਦੇਂਦਾ। ਬੰਦੇ ਦਾ ਧਰਮ ਹੈ ਬੰਦਗੀ ਕਰਨਾ। ਸਾਡਾ ਰਸ 'ਤੇ ਹੱਕ ਕਿੱਥੇ ਹੈ ? ਰਸ ਤਾਂ ਕਦੇ-ਕਦੇ ਗੁਰੂ ਝਲਕਾਰਾ ਮਾਰ ਕੇ ਦੇ ਦੇਂਦਾ ਹੈ ਤਾਂ ਕਿ ਬੱਚੇ ਡੋਲ ਨਾ ਜਾਣ।

ਜਦ ਸੁਰਤ ਚੜ੍ਹਦੀ ਕਲਾ ਵਿਚ ਹੋਵੇ ਤਾਂ ਮਾਣ ਨਹੀਂ ਕਰਨਾ, ਇਸ ਨੂੰ ਵਾਹਿਗੁਰੂ ਦੀ ਮਿਹਰ ਸਮਝਣਾ ਹੈ। ਜਦੋਂ ਵਾਹਿਗੁਰੂ ਦਾ ਰਸ ਆਉਣ ਲੱਗਦਾ ਹੈ ਤਾਂ ਕਈ ਹੰਕਾਰ ਕਰਨ ਲੱਗ ਪੈਂਦੇ ਹਨ। ਇਹ ਪਰਮਾਰਥ ਦੇ ਰਸਤੇ ਵਿਚ ਰੁਕਾਵਟ ਹੈ, ਇਸ ਤੋਂ ਬਚਣਾ ਚਾਹੀਦਾ ਹੈ।

ਸਿਮਰਨ ਦੇ ਅਭਿਆਸ ਨਾਲ ਤੁਸੀਂ ਪਰਮਾਰਥ ਦੇ ਰਸਤੇ 'ਤੇ ਤਰੱਕੀ ਕਰ ਰਹੇ ਹੋ। ਇਸ ਦੀਆਂ ਨਿਸ਼ਾਨੀਆਂ ਹਨ : ਇਕ ਵਾਰ ਵਾਹਿਗੁਰੂ ਆਖ ਕੇ ਫੇਰ ਆਖਣ ਨੂੰ ਜੀਅ ਕਰੇ, ਨਾਮ ਵਿਚ ਦਿਨ-ਬ-ਦਿਨ ਭਰੋਸਾ ਵਧੇ, ਵਿਕਾਰ ਅਥਵਾ ਬੁਰਿਆਈਆਂ ਘੱਟਦੀਆਂ ਜਾਣ, ਇਕਾਂਤ ਵਿੱਚੋਂ ਰਸ ਆਵੇ। ਯਾਦ ਰਹੇ, ਨਾਮ ਨੇ ਅੰਤ ਤੱਕ ਨਾਲ ਜਾਣਾ ਹੈ। ਸੋ ਇਸ ਦੇ ਜਪਣ ਦੀ ਅੰਤਮ ਸੁਆਸਾਂ ਤੱਕ ਲੋੜ ਹੈ।

(ਪੁਸਤਕ 'ਗੁਰਮੁਖ ਸਿੱਖਿਆ' ਵਿਚੋਂ ਧੰਨਵਾਦ ਸਹਿਤ)

**ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ॥**
**ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ॥**
**ਗੋਬਿੰਦ ਦਾਮੋਦਰ ਮਾਧਵੇ॥** (ਅੰਗ ੧359)

**ਅਥਵਾ: ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥**
**ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥** (ਅੰਗ 55-56)

**ਅਥਵਾ: ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥**
**ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥**

(ਅੰਗ 921)

ਪ੍ਰੰਤੂ ਜੇਕਰ ਜੀਭ ਸੱਚੀ ਹੈ ਅਤੇ ਸਦਾ ਸੱਚ ਬੋਲਦੀ ਹੈ ਤਾਂ ਮਨ ਵੀ ਸੱਚਾ ਹੀ ਹੋਵੇਗਾ। ਫਿਰ ਮਨੁੱਖੀ ਸਰੀਰ ਭਾਵ ਪ੍ਰਾਣੀ ਸਦਾ ਸੱਚ ਦੇ ਮਾਰਗ 'ਤੇ ਹੀ ਚੱਲੇਗਾ:

**ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ॥** (ਅੰਗ 83)
**ਅਥਵਾ: ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ॥**

(ਅੰਗ 565)

ਇਸ ਲਈ:

**ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ**
**ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ॥** (ਅੰਗ 541)
**ਅਥਵਾ: ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ**
**ਗੁਣ ਗਾਵੈ ਹਰਿ ਪ੍ਰਭਿ ਕੇਰੇ ਰਾਮ॥** (ਅੰਗ 540)
**ਅਥਵਾ: ਆਇਆ ਸਫਲ ਤਾਹੂ ਕੋ ਗਨੀਐ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ॥**

(ਅੰਗ 252)

**ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ॥**
**ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ॥** (ਅੰਗ 616)

ਅਥਵਾ:

**ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ॥** (ਅੰਗ 980)
**ਅਥਵਾ: ਜਉ ਪੈ ਰਸਨਾ ਰਾਮੁ ਨ ਕਹਿਬੋ॥**
**ਉਪਜਤ ਬਿਨਸਤ ਰੋਵਤ ਰਹਿਬੋ॥** (ਅੰਗ 325)

ਪ੍ਰੰਤੂ ਪਰਾਈ ਨਿੰਦਿਆ ਅਤੇ ਝੂਠ-ਕੁਮੱਤ ਨੂੰ ਤਿਆਗ ਕੇ ਜਿਸ ਮਨੁੱਖ ਦੀ ਜੀਭ ਨਾਮ ਰੰਗ ਵਿਚ ਰੰਗੀ ਜਾਂਦੀ ਹੈ, ਉਸ ਦਾ ਮਨ ਤ੍ਰਿਪਤ ਹੋ ਜਾਂਦਾ ਹੈ ਭਾਵ ਮਾਇਆ ਵੱਲੋਂ ਰੱਜ ਜਾਂਦਾ ਹੈ ਅਤੇ ਉਸ ਦੇ ਹਿਰਦੇ ਘਰ ਵਿਚ ਸ਼ਾਂਤੀ ਆ ਵੱਸਦੀ ਹੈ:

**ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ॥**
**ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ॥**

(ਅੰਗ 1234)

**ਅਥਵਾ: ਜੀਭ ਰਸਾਇਣਿ ਸਾਚੈ ਰਾਤੀ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ॥**

(ਅੰਗ ੧023)

ਜਿਸ ਮਨੁੱਖ ਦੀ ਜੀਭ ਹਰ ਵੇਲੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੀ ਹੈ, ਉਸ ਦੇ ਖਾਣ-ਹੰਢਾਉਣ ਦੇ ਸਾਰੇ ਚਾਅ ਪੂਰੇ ਹੋ ਜਾਂਦੇ ਹਨ। ਮਨ ਵਿਚ ਖ਼ੁਸ਼ੀਆਂ ਤੇ ਖੇੜੇ ਆ ਵੱਸਦੇ ਹਨ:

**ਬਹੁ ਭੋਜਨ ਕਾਪਰ ਸੰਗੀਤ॥ ਰਸਨਾ ਜਪਤੀ ਹਰਿ ਹਰਿ ਨੀਤ॥** (ਅੰਗ 290)

**ਅਥਵਾ: ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ॥**

(ਅੰਗ 550)

**ਅਥਵਾ: ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ॥**

(ਅੰਗ 550)

ਚਸਕਿਆਂ ਵਿਚ ਫਸੀ ਹੋਈ ਜੀਭ ਨੂੰ ਮਿਠੇ ਪਦਾਰਥ ਤਾਂ ਪਿਆਰੇ ਲੱਗਦੇ ਹਨ, ਪਰ ਪਰਮਾਤਮਾ ਦਾ ਨਾਮ-ਰਸ ਚੰਗਾ ਨਹੀਂ ਲੱਗਦਾ, ਜਿਸ ਕਾਰਨ ਇਹ ਜੀਭ ਹੋਰ-ਹੋਰ ਝਮੇਲਿਆਂ ਵਿਚ ਪਈ ਰਹਿੰਦੀ ਹੈ। ਅਸਲ ਵਿਚ ਉਹੋ ਹੀ ਜੀਭ ਅਖਵਾਉਣ ਦੇ ਯੋਗ ਹੈ ਜੋ ਪ੍ਰਮਾਤਮਾ ਦੇ ਨਾਮ ਦਾ ਸਦਾ ਜਾਪ ਕਰਦੀ ਹੈ।

## ਸਾਖੀ—ਸਿਮਰਨ ਕਰਨ ਦੀ

ਡਾ: ਭਾਈ ਵੀਰ ਸਿੰਘ ਜੀ ਨੇ 'ਗੁਰਮੁਖ ਸਿੱਖਿਆ' ਵਿਚ ਜ਼ਿਕਰ ਕੀਤਾ ਹੈ ਕਿ ਲੁਧਿਆਣੇ ਤੋਂ ੬-੭ ਮੀਲ ਇਕ ਪਿੰਡ ਵਿਚ ਇਕ ਜੱਟ ਜ਼ਿਮੀਂਦਾਰ ਦੇ ਖੂਹ ਉੱਪਰ ਨਾਮ ਰੰਗ ਵਿਚ ਰੰਗੀ ਹੋਈ ਰੱਬੀ ਰੂਹ ਪੂਰਨ ਮਹਾਤਮਾ ਆ ਪਹੁੰਚਿਆ। ਗਰਮੀ ਦੇ ਦਿਨ ਸਨ। ਇਸ ਸਾਧੂ ਨੂੰ ਪਾਣੀ ਦੀ ਬਹੁਤ ਪਿਆਸ ਲੱਗੀ ਤਾਂ ਬਲਦ ਹਲਟ ਨੂੰ ਚਲਾ ਰਹੇ, ਪਿਛੇ ਗਾਧੀ 'ਤੇ ਬੈਠੇ ਜੱਟ ਨੇ ਹਲਟ ਰੋਕ ਕੇ ਸਾਧੂ ਨੂੰ ਨਮਸ਼ਕਾਰ ਕੀਤੀ ਤੇ ਵਿਚਾਰਿਆ ਕਿ ਸਾਧੂ ਹੈ, ਇਸ ਨੂੰ ਫੋਕਾ ਪਾਣੀ ਕੀ ਪਿਲਾਵਾਂ ? ਖੂਹ 'ਤੇ ਜੱਟ ਦੀ ਗਾਂ ਬੱਝੀ ਹੋਈ ਸੀ। ਇਸ ਨੇ ਗਾਂ ਦਾ ਦੁੱਧ ਚੋ ਕੇ ਦੁੱਧ ਦੀ ਲੱਸੀ ਬਣਾ ਕੇ ਨਾਮ ਰੱਤੜੇ ਸਾਧੂ ਨੂੰ ਛਕਾਇਆ। ਮਹਾਤਮਾ ਪ੍ਰਸੰਨ ਹੋ ਗਿਆ, ਅਸੀਸ ਦਿੱਤੀ ਅਤੇ ਕਹਿਣ ਲੱਗਿਆ, ਚੌਧਰੀ, ਤੈਨੂੰ ਕਿਵੇਂ ਪਤਾ ਸੀ ਕਿ ਮੈਂ ਭੁੱਖਾ ਵੀ ਹਾਂ, ਪਾਣੀ ਮੰਗਿਆ ਸੀ ਤੇ ਤੂੰ ਕੱਚੀ ਲੱਸੀ ਬਣਾ ਕੇ ਪਿਲਾ ਦਿੱਤੀ ਹੈ। ਜੱਟ ਨੇ ਉੱਤਰ ਦਿੱਤਾ ਕਿ ਆਪ ਰੱਬ ਦੇ ਪਿਆਰੇ ਫ਼ਕੀਰ ਹੋ। ਮੇਰੇ ਪਾਸ ਜੋ ਸੀ, ਉਹ ਹਾਜ਼ਰ ਕਰ ਦਿੱਤਾ ਹੈ। ਇਹ ਸੁਣ ਕੇ ਫ਼ਕੀਰ ਵਿਸਮਾਦ ਰੰਗ ਵਿਚ ਆ ਗਿਆ ਤੇ ਕਹਿਣ ਲੱਗਿਆ, ਵਾਹ-ਵਾਹ ! ਤੇਰੇ ਪਾਸ ਜੋ ਤੂੰ ਚੰਗੀ ਚੀਜ਼ ਸਮਝੀ, ਮੈਨੂੰ ਅਰਪ ਦਿੱਤੀ। ਮੇਰੇ ਪਾਸ ਜੋ ਸਭ ਤੋਂ ਚੰਗੀ ਚੀਜ਼ ਹੈ, ਉਹ ਮੈਂ ਤੈਨੂੰ ਦਿੰਦਾ ਹਾਂ:

ਕਹੁ 'ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !

ਜੱਟ ਨੇ ਰਸਨਾ ਨਾਲ ਕਿਹਾ:

ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !

ਮਹਾਤਮਾ ਨੇ ਕਿਹਾ, ਬੱਸ ਇਹ ਕਹੀ ਚੱਲ ਅਤੇ ਇਸ ਤਰ੍ਹਾਂ ਵਾਹਿਗੁਰੂ ਦੇ ਦੇਖ ਰੰਗ, ਵਾਹਿਗੁਰੂ ਸਾਈਂ ਦੇ ਕਿ ਇਸ ਵਾਹਿਗੁਰੂ ਵਾਹਿਗੁਰੂ ਨੂੰ ਵੀ ਫਲ ਲੱਗਦੇ ਹਨ। ਇਹ ਕਹਿ ਕੇ ਰੰਗ ਰੱਤੜੇ ਮਹਾਤਮਾ ਜੀ ਤਾਂ ਚਲੇ ਗਏ ਅਤੇ ਜੱਟ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜੱਪਣ ਲੱਗ ਪਿਆ। ਉਸ ਨੂੰ ਹੋਰ ਗੱਲਾਂ ਵਿਸਰ ਗਈਆਂ, ਇਕ ਵਾਹਿਗੁਰੂ ਨਾਮ ਦੀ ਰਟ ਲੱਗ ਗਈ। ਦਿਨ ਰਾਤ ਵਾਹਿਗੁਰੂ-ਵਾਹਿਗੁਰੂ ਰਸਨਾ ਨਾਲ ਜੱਪਦਾ ਰਹਿੰਦਾ। ਕੁਝ ਸਮੇਂ ਬਾਅਦ ਪਿੰਡ ਦੇ ਲੋਕਾਂ ਨੇ ਦੇਖਿਆ ਕਿ ਜੋ ਮੂੰਹੋਂ ਕਹਿੰਦਾ ਹੈ, ਸੱਚ ਹੋ ਜਾਂਦਾ ਹੈ। ਹੋਰ ਲੋਕ ਤਾਂ ਖੇਤਾਂ ਵਿਚ ਹਲ ਵਾਹੁੰਦੇ, ਸੁਹਾਗਾ ਦਿੰਦੇ, ਨਦੀਨ ਕੱਢਦੇ, ਫਿਰ ਬੀਜ ਬੀਜਦੇ ਸਨ, ਪਰ ਇਹ ਜੱਟ ਆਪਣੇ ਖੇਤ ਵਿਚ ਇਕ ਵਾਰ ਹਲ ਵਾਹ ਕੇ ਵਾਹਿਗੁਰੂ ਵਾਹਿਗੁਰੂ ਕਰਦਾ ਬੀਜ ਬੀਜ ਦਿੰਦਾ ਹੈ ਤਾਂ ਇਸ ਦੀ ਖੇਤੀ ਹੋਰਨਾਂ ਨਾਲੋਂ ਵੱਧ ਫਲਦੀ ਤੇ ਅਨਾਜ ਪੈਦਾ ਕਰਦੀ ਹੈ। ਆਖ਼ਿਰ ਸਹਿਜੇ-ਸਹਿਜੇ ਇਸ ਦੀ ਲੋਕਾਂ ਵਿਚ ਚਰਚਾ ਹੋਣ ਲੱਗ ਪਈ ਕਿ ਜੋ ਬਚਨ ਕਰਦਾ ਹੈ, ਪੂਰਾ ਹੋ ਜਾਂਦਾ ਹੈ। ਇਸ ਨੂੰ ਵਾਕ ਸਿਧੀ ਫੁਰ ਆਈ ਹੈ। ਲੋਕ ਇਸ ਪਾਸ ਮਨੌਤਾਂ ਮੰਨਣ ਆਉਣ ਲੱਗ ਪਏ। ਇਹ ਜੋ ਸਹਿਜ ਸੁਭਾਅ ਕਹਿ ਦੇਵੇ, ਉਹ ਸੱਚ ਹੋ ਜਾਏ। ਪਰ ਇਹ ਦਿਨ ਰਾਤ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜੱਪਦਾ ਰਹਿੰਦਾ ਸੀ। ਪੰਡਿਤ ਈਸ਼ਰ ਸਿੰਘ ਜੀ ਬੜੇ ਮਸ਼ਹੂਰ ਵਿਦਵਾਨ ਹੋਏ ਹਨ। ਆਪਿ ਨਿਰਮਲੇ ਸੰਤ ਸਨ। ਚਾਰੇ ਵੇਦਾਂ ਦੇ ਵਕਤੇ ਤੇ ਗੁਰੂ ਘਰ ਦੇ ਸ਼ਰਧਾਲੂ ਹੋਏ ਹਨ। ਕਹਿੰਦੇ ਹਨ ਕਿ ਆਪ ਜੀ ਨੂੰ ਮਹਾਰਾਜਾ ਨਾਭਾ ਹੀਰਾ ਸਿੰਘ ਜੀ ਨੇ ਇਕ ਵੇਰ ਇਕ ਲੱਖ ਰੁਪਇਆ ਭੇਟ ਕਰਨਾ ਚਾਹਿਆ ਪਰ ਆਪ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਤਾਂ ਸਰਦਾਰਾਂ ਨੇ ਕਿਹਾ, ਸੁਆਮੀ ਜੀ, ਪ੍ਰਵਾਨ ਕਰ ਲਵੋ। ਮਹਾਰਾਜਾ ਹੀਰਾ ਸਿੰਘ ਵਰਗਾ ਇਸ ਸਮੇਂ ਕੋਈ ਦਾਨੀ ਨਹੀਂ ਹੈ। ਇਹ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਜਲਾਲ ਵਿਚ ਆ ਗਏ ਅਤੇ ਕਿਹਾ, ਈਸ਼ਰ ਸਿੰਘ ਵਰਗਾ ਕੋਈ ਵਿਰਕਤ ਤਿਆਗੀ ਸਾਧੂ ਵੀ ਨਹੀਂ ਹੈ। ਜੇ ਹਰਿਦੁਆਰ ਤੋਂ ਨਾਭੇ ਤੱਕ ਹੀਰਾ ਸਿੰਘ ਸੜਕ 'ਤੇ ਮੋਹਰਾਂ ਵਿਛਾ ਦੇਵੇ, ਈਸ਼ਰ ਸਿੰਘ ਉਹਨਾਂ ਵਲ ਤਕੇਗਾ ਵੀ ਨਹੀਂ। ਇਸ ਪੰਡਿਤ ਈਸ਼ਰ ਸਿੰਘ ਪਾਸ ਕਿਸੇ ਨੇ ਇਸ ਜੱਟ ਦੀ ਸਿਫ਼ਤ ਕਰ ਦਿੱਤੀ ਕਿ ਖੂਹ 'ਤੇ ਬੈਠਾ, ਜੱਟ ਵਾਹਿਗੁਰੂ-ਵਾਹਿਗੁਰੂ ਕਰਦਾ ਹੈ। ਮੁੱਖ ਤੋਂ ਜੋ ਕਹਿੰਦਾ ਹੈ, ਸੱਚ ਹੋ ਜਾਂਦਾ ਹੈ। ਇਹ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਉਸ ਜੱਟ ਦੇ ਦਰਸ਼ਨ ਕਰਨ ਚੱਲੇ ਗਏ। ਆਪ ਨੇ ਜੱਟ ਨੂੰ ਮਿਲ ਕੇ ਜੋ ਸੁਣਿਆ ਸੀ, ਠੀਕ ਵੇਖਿਆ। ਪੰਡਿਤ ਜੀ ਜੱਟ ਨੂੰ ਕਹਿਣ ਲੱਗੇ ਕਿ ਭਾਈ ! ਤੂੰ ਵਾਹਿਗੁਰੂ ਵਾਹਿਗੁਰੂ ਕਿਉਂ ਕਰਦਾ ਹੈਂ ? ਜੱਟ ਨੇ ਕਿਹਾ ਕਿ ਮੇਰੇ ਮੁਰਸ਼ਦ ਨੇ ਇਹ ਦੱਸਿਆ ਸੀ, ਸੋ ਕਰੀ ਜਾਂਦਾ ਹਾਂ। ਮੈਨੂੰ ਕੀ ਪਤਾ ਹੈ ਕਿ ਮੈਂ ਕਿਉਂ ਕਰਦਾ ਹਾਂ ? ਪੰਡਿਤ ਜੀ ਨੇ ਪੁੱਛਿਆ ਕਿ ਜੇ ਤੂੰ ਵਾਹਿਗੁਰੂ-ਵਾਹਿਗੁਰੂ ਕਰਨਾ ਛੱਡ ਦੇਵੇਂ ਤਾਂ ਕੀ ਹੋਵੇ ? ਜੱਟ ਬਿਹਬਲ ਹੋ ਕੇ ਕਹਿਣ ਲੱਗਾ, ਜੇ ਮੈਂ ਵਾਹਿਗੁਰੂ ਵਾਹਿਗੁਰੂ ਕਰਨਾ ਛੱਡਾਂ ਤਾਂ ਮੈਂ ਮਰਦਾ ਹਾਂ। ਮੈਂ ਹੁਣ ਵਾਹਿਗੁਰੂ ਨਾਮ ਤੋਂ ਬਿਨਾਂ ਜੀ ਨਹੀਂ ਸਕਦਾ :

**ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥**
**ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ॥** (ਅੰਗ 40)

ਇਹ ਜਵਾਬ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਨੇ ਜੱਟ ਨੂੰ ਨਮਸ਼ਕਾਰ ਕੀਤੀ। ਵਾਹਿਗੁਰੂ ਨਾਮ ਜਪਣ ਵਾਲੇ ਦਾ ਇਉਂ ਨਾਮ ਜੀਵਨ-ਆਧਾਰ ਬਣ ਜਾਂਦਾ ਹੈ :

**ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥** (ਸੁਖਮਨੀ ਸਾਹਿਬ)

ਇਸ ਮੁਖਵਾਕ ਅੰਦਰ ਦੂਸਰੀ ਪੰਗਤੀ ਆਈ ਹੈ :

**ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥**

## ਸਾਖੀ—ਨਿਕਟਿ ਨ ਜਾਈਅਹੁ ਦੂਤ

ਇਕ ਕਥਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਲੇ ਨਾਮ ਜਪਾਉਣ ਦਾ ਪ੍ਰਚਾਰ ਆਰੰਭ ਕੀਤਾ ਹੀ ਸੀ ਕਿ ਇਕ ਮਨੁੱਖ ਨੇ ਆ ਕੇ ਚਰਨ ਪਾਹੁਲ ਲਈ ਤੇ ਸਿੱਖ ਸਜ ਗਿਆ। ਹਾਲੇ ਉਸ ਨੂੰ ਗੁਰੂ-ਚਰਨਾਂ ਵਿਚ ਆਏ ਨੂੰ ਥੋੜ੍ਹੇ ਹੀ ਦਿਨ ਹੋਏ ਸਨ ਕਿ ਦਰਗਾਹ ਦਾ ਸੱਦਾ ਆ ਗਿਆ, ਤੇ ਉਹ ਆਪਣੀ ਦੇਹ ਛੱਡ ਕੇ ਪ੍ਰਲੋਕ ਗਾਮੀ ਹੋ ਗਿਆ। ਇਹ ਸਭ ਤੋਂ ਪਹਿਲਾ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ, ਜਿਸ ਨੇ ਸਰੀਰ ਛੱਡਿਆ ਸੀ। ਜਦ ਧਰਮਰਾਜ ਦੇ ਪੇਸ਼ ਹੋਇਆ ਤਾਂ ਉਸ ਨੇ ਕਿਹਾ ਕਿ ਸਿੱਖ ਬਣਨ ਤੋਂ ਪਹਿਲਾਂ ਇਸ ਨੇ ਬੁਰੇ ਕਰਮ ਕੀਤੇ ਹਨ, ਇਸ ਵਾਸਤੇ ਇਸ ਨੂੰ ਨਰਕ ਵਿਚ ਲੈ ਜਾਵੋ, ਤਾਂ ਜੋ ਆਪਣੇ ਕੀਤੇ ਦੀ ਸਜ਼ਾ ਭੁਗਤੇ। ਜਮਦੂਤ ਉਸ ਨੂੰ ਨਰਕ ਵਿਚ ਲੈ ਗਏ। ਹਾਲੇ ਇਹ ਨਰਕ ਦੀ ਹੱਦ 'ਤੇ ਪੁੱਜਾ ਹੀ ਸੀ ਕਿ ਮੋਹਲੇਧਾਰ ਬਰਖਾ ਸ਼ੁਰੂ ਹੋ ਗਈ, ਮੀਂਹ ਥੰਮ੍ਹੇ ਹੀ ਨਾ। ਉਸ ਜਗ੍ਹਾ ਦੇ ਕਾਰ-ਮੁਖ਼ਤਿਆਰ ਸਭ ਘਬਰਾ ਗਏ। ਆਖ਼ਰਕਾਰ ਜਮਦੂਤ ਨੱਠ ਕੇ ਧਰਮਰਾਜ ਦੀ ਕਚਹਿਰੀ ਵਿਚ ਪੁੱਜਾ। ਉਥੇ ਜਾ ਕੇ ਇਸ ਨੇ ਦੇਖਿਆ ਕਿ ਏਥੇ ਵੀ ਬਾਰਿਸ਼ ਹੋ ਰਹੀ ਸੀ ਤੇ ਧਰਮਰਾਜ ਭੀ ਭਿੱਜਾ ਬੈਠਾ ਸੀ। ਹਾਲੇ ਜਮਦੂਤ ਕੁਝ ਕਹਿਣ ਹੀ ਲੱਗਾ ਸੀ ਕਿ ਅੱਗੋਂ ਧਰਮਰਾਜ ਬੋਲ ਪਿਆ ਕਿ ਉਹ ਜਿਹੜੇ ਸਿੱਖ ਨੂੰ ਤੂੰ ਨਰਕਾਂ ਨੂੰ ਲੈ ਗਿਆ ਹੈਂ, ਛੇਤੀ ਨਾਲ ਉਸ ਨੂੰ ਬਾਹਰ ਕੱਢ ਕੇ ਸੱਚਖੰਡ ਵਿਚ ਪੁਚਾ ਦੇ। ਦੂਤ ਨੇ ਇਸੇ ਤਰ੍ਹਾਂ ਕੀਤਾ। ਫੇਰ ਕਿਤੇ ਬਾਰਿਸ਼ ਬੰਦ ਹੋਈ ਤੇ ਸਾਰਿਆਂ ਨੇ ਸੁੱਖ ਦਾ ਸਾਹ ਲਿਆ।

ਜਮਦੂਤ ਦੇ ਪੁੱਛਣ 'ਤੇ ਧਰਮਰਾਜ ਨੇ ਸਮਝਾਇਆ ਕਿ ਅਕਾਲ ਪੁਰਖ ਨੂੰ ਜਗਤ ਜਲੰਦੇ 'ਤੇ ਤਰਸ ਆਇਆ ਸੀ, ਇਸ ਵਾਸਤੇ ਨਿਰੰਕਾਰ ਆਪ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਦੁਨੀਆਂ ਵਿਚ ਗਿਆ ਹੈ। ਉਥੇ ਜਾ ਕੇ ਉਹ ਲੋਕਾਂ ਦੇ ਦੁੱਖਾਂ 'ਤੇ ਤਰਸ ਕਰ ਕੇ ਪਸੀਜ ਪਏ ਤੇ ਗੁਰੂ ਨਾਨਕ ਨੇ ਨਿਰੰਕਾਰ ਦਾ ਗੁੱਝਾ ਭੇਤ ਲੋਕਾਂ ਨੂੰ ਦੱਸ ਦਿੱਤਾ ਹੈ। ਉਹ ਭੇਤ ਇਹ ਹੈ ਕਿ ਜੋ ਕੋਈ ਇਨਸਾਨ ਭਾਵੇਂ ਕਿਹੋ ਜਿਹਾ ਵੀ ਹੋਵੇ, 'ਵਾਹਿਗੁਰੂ' ਦਾ ਨਾਮ ਜਪੇ ਤਾਂ ਨਿਰੰਕਾਰ ਆਪ ਉਸ ਦੇ ਹਿਰਦੇ ਵਿਚ ਆ ਬੈਠਦਾ ਹੈ। ਇਹ ਸਿੱਖ, ਜੋ ਤੁਸੀਂ ਨਰਕਾਂ ਵੱਲ ਲੈ ਗਏ ਸੀ, ਵਾਹਿਗੁਰੂ ਦਾ ਨਾਮ ਜਪਦਾ ਹੈ, ਇਸ ਵਾਸਤੇ ਨਿਰੰਕਾਰ ਇਸ ਦੇ ਹਿਰਦੇ ਵਿਚ ਵੱਸਦਾ ਹੈ। ਇਸ ਨੂੰ ਨਰਕਾਂ ਦੀ ਅੱਗ ਨਹੀਂ ਪੋਹ ਸਕਦੀ, ਇਸ ਵਾਸਤੇ ਠੰਢ ਵਰਤਾਉਣ ਵਾਸਤੇ ਬਾਰਿਸ਼ ਸ਼ੁਰੂ ਹੋ ਗਈ। ਅੱਗੇ ਨੂੰ ਤੁਸਾਂ ਯਾਦ ਰੱਖਣਾ, ਕਿਸੇ ਨਾਮ ਜਪਣ ਵਾਲੇ ਦੇ ਨੇੜੇ ਨਹੀਂ ਜਾਣਾ, ਨਹੀਂ ਤਾਂ ਨਾ ਮੇਰੀ ਤੇ ਨਾ ਤੁਸਾਂ ਦੀ ਹੀ ਖ਼ੈਰ ਹੋਵੇਗੀ।

ਪੰਚਮ ਪਾਤਿਸ਼ਾਹ ਨੇ ਗਉੜੀ ਰਾਗ ਦੀ ਬਾਵਨ ਅੱਖਰੀ ਵਿਚ ਇਸ ਦੀ ਸਾਖ ਇਕ ਸਲੋਕ ਵਿਚ ਐਉਂ

ਭਰੀ ਹੈ :

**ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥**
**ਣਾ ਹਉ ਣਾ ਤੂੰ ਣਹ ਛੁਟਹਿ, ਨਿਕਟਿ ਨ ਜਾਈਅਹੁ ਦੂਤ॥** (ਅੰਗ 256)

ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਸਿਰੀ ਰਾਗੁ ਵਿਚ ਇਸ ਤਰ੍ਹਾਂ ਦਰਸਾਉਣ ਦੀ ਕ੍ਰਿਪਾ ਕੀਤੀ ਹੈ ਕਿ ਨਿਰੰਕਾਰ ਦਾ ਧਰਮ ਰਾਇ ਨੂੰ ਹੁਕਮ ਹੈ :

**ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥**
**ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥**
**ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥**
**ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥** (ਅੰਗ 38)

ਸੋ ਸਾਨੂੰ ਸਭ ਨੂੰ ਨਾਮ ਜਪਣਾ ਚਾਹੀਦਾ ਹੈ। ਜੇਹੜੇ ਅੱਗੇ ਜੱਪਦੇ ਹਨ, ਉਹ ਮਨੁੱਖ ਵਡਭਾਗੀ ਹਨ। ਜੇਹੜੇ ਨਹੀਂ ਜਪਦੇ, ਉਹ ਭੀ ਹੁਣ ਲੱਗ ਪੈਣ, ਤਾਂ ਕਿ :

**ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ।**
**ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ ਸੁਖ ਅਨਦ ਸੇਤੀ ਘਰਿ ਜਾਈਐ।**

(ਗੁਰਮੁਖ ਸਿੱਖਿਆ ਵਿਚੋਂ ਧੰਨਵਾਦ ਸਹਿਤ)

ਬਿਲਾਵਲੁ ਮਹਲਾ 5॥ ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥ ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ॥੧॥ ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ॥੧॥ ਰਹਾਉ॥ ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ॥ ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ॥ 2 ॥ 4 ॥ 68 ॥

ਪਦ ਅਰਥ :- ਮਨਿ ਤਨਿ=ਮਨ ਤੇ ਸਰੀਰ ਕਰ ਕੇ। ਆਰਾਧੀਐ=ਸਿਮਰਨਾ ਚਾਹੀਦਾ ਹੈ। ਮਿਲਿ=ਮਿਲ ਕੇ। ਸਾਧ ਸਮਾਗੈ=ਸਾਧ ਸਮਾਗਮ ਭਾਵ ਸੰਗਤ ਵਿਚ। ਤੇ=ਤੋਂ। ਭਾਗੈ=ਦੌੜ ਜਾਂਦਾ ਹੈ। ਅਨਦਿਨੁ=ਹਰ ਰੋਜ਼। ਤੰਤੁ ਮੰਤੁ=ਤੰਤ੍ਰ ਮੰਤ੍ਰ, ਜਾਦੂ ਟੂਣਾ। ਨ ਜੋਹਈ=ਨਹੀਂ ਤੱਕ ਸਕਦਾ ਭਾਵ ਅਸਰ ਨਹੀਂ ਕਰ ਸਕਦਾ। ਤਿਤੁ=ਉਸ (ਮਨੁੱਖ) ਉੱਤੇ। ਚਾਖੁ=ਭੈੜੀ ਨਜ਼ਰ। ਮਦ ਮਾਨ=ਮਾਣ ਹੰਕਾਰ ਦੀ ਮਸਤੀ। ਅਨਰਾਗੈ=ਹੋਰ ਮੋਹ ਪਿਆਰ। ਮਗਨ=ਮਸਤੀ। ਰਸਿ=ਰਸ ਵਿਚ। ਸਰਨਾਗੈ=ਸ਼ਰਨ ਵਿਚ ਆ ਕੇ।

ਅਰਥ :- (ਹੇ ਭਾਈ ! ਪ੍ਰਭੂ ਦੀ ਸੰਗਤ) ਸਾਧ ਸਮਾਗਮ ਵਿਚ ਮਿਲ ਕੇ ਪਰਮੇਸ਼ਰ ਦਾ ਨਾਮ ਮਨ

ਤੇ ਤਨ ਕਰ ਕੇ (ਮਨ ਇਕਾਗਰ ਕਰਕੇ ਸਾਵਧਾਨ ਹੋ ਕੇ ਭਾਵ ਪੂਰਨ ਭਰੋਸੇ ਨਾਲ) ਸਿਮਰਨਾ ਚਾਹੀਦਾ ਹੈ। ਪ੍ਰਭੂ ਦੇ ਗੁਣ ਤੇ ਜਸ ਉਚਰਤ=ਉਚਰਦਿਆਂ, ਦੂਰ ਤੋਂ ਹੀ ਜਮ ਦੌੜ ਜਾਂਦਾ ਹੈ।੧।

(ਹੇ ਭਾਈ !) ਜਿਹੜਾ ਸੇਵਕ ਪਰਮਾਤਮਾ ਦਾ ਰਾਮ ਨਾਮੁ=ਭਾਵ ਨਾਮ ਜਪਦਾ ਹੈ, (ਉਹ) ਹਰ ਰੋਜ਼ ਸਦਾ ਹੀ (ਜਾਗਰਤ ਅਵੱਸਥਾ ਵਿਚ ਜਾਗਦਾ ਹੋਇਆ ਪਾਪ ਕਰਮਾਂ ਤੋਂ) ਚੇਤੰਨ ਰਹਿੰਦਾ ਹੈ। (ਕੋਈ) ਤੰਤਰ ਮੰਤਰ (ਉਸ ਵੱਲ) ਵੇਖ ਨਹੀਂ ਸਕਦਾ (ਅਤੇ) ਨਾ ਹੀ ਉਸ ਉੱਤੇ (ਕੋਈ) ਭੈੜੀ ਨਜ਼ਰ ਆਪਣਾ ਅਸਰ ਪਾ ਸਕਦੀ ਹੈ।੧। ਰਹਾਉ।

(ਨਾਮ ਜਪਣ ਦਾ ਸਦਕਾ ਉਸ ਮਨੁੱਖ ਦੇ ਅੰਦਰੋਂ) ਪੰਜੇ ਵਿਕਾਰ—ਕਾਮ, ਕ੍ਰੋਧ, ਅਹੰਕਾਰ ਆਦਿ ਦੀ ਮਸਤੀ ਅਤੇ ਹੋਰ (ਪਦਾਰਥਾਂ ਦਾ) ਮੋਹ ਪਿਆਰ (ਸਭ) ਨਾਸ਼ ਹੋ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਮਨੁੱਖ) ਪਰਮੇਸ਼ਰ ਦੀ ਸਰਨਾਗੈ=ਸ਼ਰਨ ਵਿਚ ਆ ਕੇ (ਉਸ ਦੇ) ਪਿਆਰ ਅਤੇ ਨਾਮੁ ਅਨੰਦ ਰਸ ਵਿਚ ਮਸਤ ਰਹਿੰਦਾ ਹੈ।੨।੪।੬੮।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧79 (ਆਦਿ ਅੰਗ 8੧9)

## ਬਿਲਾਵਲੁ ਮਹਲਾ 5 ॥

ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ ॥੧ ॥ ਰਹਾਉ ॥ ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥ ੧ ॥ ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ ॥ ਮਨ ਬਾਂਛਤ ਫਲ ਦਿਤਿਅਨੁ ਨਾਲਕ ਬਲਿਹਾਰੀ ॥ 2 ॥ ੧6 ॥ 80 ॥

## ਪ੍ਰਾਕ੍ਰਥਨ :

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਇਹ ਪਾਵਨ ਸ਼ਬਦ ਬਿਲਾਵਲੁ ਰਾਗੁ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਵਿਚ ਗੁਰਦੇਵ ਨੇ ''ਅਪਨੇ ਬਾਲਕ ਆਪਿ ਰਖਿਅਨੁ'' ਕਿਹਾ ਹੈ।

## ਵਿਸ਼ਾ — ਅਪਨੇ ਬਾਲਕ ਆਪਿ ਰਖਿਅਨੁ

ਪ੍ਰਭੂ ਪ੍ਰਮਾਤਮਾ ਆਪ ਹੀ ਸਭ ਨੂੰ ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਸਭ ਦੀ ਰੱਖਿਆ ਕਰਨ ਨੂੰ ਸਮਰੱਥ ਹੈ। ਗੁਰਬਾਣੀ ਦੇ ਇਸ ਸਿਧਾਂਤ ਅਨੁਸਾਰ ਉਸ ਸਰਬ ਸ਼ਕਤੀਮਾਨ ਅਕਾਲ ਪੁਰਖ ਵਾਹਿਗੁਰੂ ਜੀ ਨੇ ਇਹ ਸਾਰੀ ਸੰਸਾਰਿਕ ਰਚਨਾ ਆਪ ਰਚੀ ਹੈ :

**ਸਗਲੀ ਬਣਤ ਬਣਾਈ ਆਪੇ ॥ ਆਪੇ ਕਰੇ ਕਰਾਏ ਥਾਪੇ ॥**
**ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥** (ਅੰਗ ੧੩੧)

ਸਾਰੀ ਸ੍ਰਿਸ਼ਟੀ ਦਾ ਰਚਨਹਾਰ ਉਹ ਅਕਾਲ ਪੁਰਖ ਵਾਹਿਗੁਰੂ ਜੀ ਹੀ ਸਾਰਿਆਂ ਦਾ 'ਮਾਤਾ ਪਿਤਾ' ਹੈ। ਗੁਰਦੇਵ ਦਾ ਫ਼ੁਰਮਾਨ ਹੈ :

**ਸਭਨਾ ਕਾ ਮਾ ਪਿਉ ਆਪਿ ਹੈ** (ਅੰਗ 653)

ਕਿਉਂਕਿ ਪਰਮਾਤਮਾ ਦੀ ਇੱਛਾ ਤੋਂ ਬਿਨਾਂ ਮਨੁੱਖਾ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਜੋ ਮਨੁੱਖਾ ਸਰੀਰ ਹੈ, ਬੇਸ਼ੱਕ ਮਾਤਾ-ਪਿਤਾ ਦੇ ਸੰਬੰਧ ਤੋਂ ਮਿਲਿਆ ਹੈ, ਪਰ ਮਿਲਿਆ ਪਰਮਾਤਮਾ ਦੀ ਕਿਰਪਾ ਦੁਆਰਾ ਹੈ। ਫਿਰ ਉਹ ਵਾਹਿਗੁਰੂ ਜੀ ਹੀ ਮਾਤਾ ਪਿਤਾ ਹੈ :

**ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥**
**ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥**
(ਅੰਗ ੧੧੦੧)

'ਏਕੁ ਪਿਤਾ ਏਕਸ ਕੇ ਹਮ ਬਾਰਿਕ' ਇਸ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਬਾਣੀ ਰਾਹੀਂ ਸਾਨੂੰ ਸਮਝ ਬਖ਼ਸ਼ਦੇ ਹਨ :

**ਰਮਈਆ ਕੇ ਗੁਨ ਚੇਤਿ ਪਰਾਨੀ ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥**
**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**
**ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥**
**ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥**

**ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ॥ ਬਖਸਿ ਲੇਹੁ ਤਉ ਨਾਨਕ ਸੀਝੈ॥ ੧॥**

(ਗਉੜੀ ਸੁਖਮਨੀ ਮ: 5, ਅੰਗ 266)

ਮਨੁੱਖ ਦਾ ਸਰੀਰ ਪੰਜ ਤੱਤਾਂ ਦਾ ਜੋੜ ਹੈ। ਪਾਣੀ, ਹਵਾ, ਮਿੱਟੀ, ਅਗਨੀ ਤੇ ਆਕਾਸ਼ ਇਨ੍ਹਾਂ ਪੰਜਾਂ ਦੇ ਮੇਲ ਤੋਂ ਇਸ ਸਰੀਰ ਦੀ ਬਣਤਰ ਬਣੀ ਹੈ। ਆਤਮਾ ਪਰਮਾਤਮਾ ਦੀ ਅੰਸ਼ ਹੈ। ਗੁਰਵਾਕ ਹੈ:

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥**

(ਸਲੋਕ ਮਹਲਾ 9, ਅੰਗ ੧427)

ਜਿਵੇਂ ਪਾਣੀ ਦੀਆਂ ਬੂੰਦਾਂ ਸਮੁੰਦਰ ਤੋਂ ਵਿਛੜੀਆਂ ਹਨ, ਇਸੇ ਤਰ੍ਹਾਂ ਆਤਮਾ ਪਰਮਾਤਮਾ ਤੋਂ ਵਿਛੜ ਕੇ ਰੱਬੀ ਹੁਕਮ ਅਨੁਸਾਰ ਸਫ਼ਰ 'ਤੇ ਹੈ। ਮਨੁੱਖਾ ਜਨਮ ਦਾ ਮਿਲ ਜਾਣਾ ਇਕ ਪੜਾਅ ਹੈ, ਮੰਜ਼ਿਲ ਨਹੀਂ ਹੈ, ਗੁਰੂ-ਮਾਰਗ 'ਤੇ ਚਲਦਿਆਂ ਹੋਇਆਂ ਪੜਾਅ ਤੋਂ ਮੰਜ਼ਿਲ ਤੱਕ ਪਹੁੰਚਣ ਦਾ ਇਕ ਬਹੁਤ ਹੀ ਵੱਡਮੁੱਲਾ ਅਵਸਰ ਹੈ:

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥**

(ਆਸਾ ਮਹਲਾ 5, ਅੰਗ 378)

ਮਾਪਿਆਂ ਦੀ ਇਕ ਸੀਮਾ ਹੈ। ਪਰਮਾਤਮਾ ਤਾਂ ਉਥੇ ਵੀ ਸਹਾਈ ਹੁੰਦਾ ਹੈ, ਜਿਥੇ ਮਾਪਿਆਂ ਦੀ ਸੋਚ ਅਤੇ ਪਹੁੰਚ ਨਹੀਂ ਹੈ:

**ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥**

(ਗਉੜੀ ਸੁਖਮਨੀ ਮ: 5, ਅੰਗ 264)

ਉਸ ਅਕਾਲ ਪੁਰਖ ਵਾਹਿਗੁਰੂ ਪ੍ਰਮੇਸ਼ਰ ਦਾ ਬਿਰਦ ਹੈ ਕਿ ਜੋ ਉਸ ਦੀ ਸ਼ਰਨ 'ਚ ਪੈ ਕੇ ਉਸ ਦਾ ਬਣ ਜਾਂਦਾ ਹੈ, ਵਾਹਿਗੁਰੂ ਜੀ ਉਸ ਸ਼ਰਨ 'ਚ ਪਏ ਹੋਏ ਸੇਵਕ ਦੀ ਇਸ ਤਰ੍ਹਾਂ ਪ੍ਰਤਿਪਾਲਣਾ, ਸੰਭਾਲ ਅਤੇ ਰੱਖਿਆ ਕਰਦਾ ਹੈ, ਜਿਸ ਤਰ੍ਹਾਂ ਮਾਤਾ ਪਿਤਾ ਆਪਣੇ ਬੱਚੇ ਦੀ ਸੰਭਾਲ, ਪ੍ਰਤਿਪਾਲਣਾ ਅਤੇ ਰੱਖਿਆ ਕਰਦੇ ਹਨ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ:-

**ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥**
**ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥ ੧॥ ਰਹਾਉ॥**
**ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥**
**ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ॥**
**ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥**
**ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ॥ 2॥** (ਅੰਗ 8੧9-20)

ਉਹ ਵਾਹਿਗੁਰੂ ਆਪਣੇ ਸੇਵਕਾਂ ਦੀ ਪੈਜ ਰੱਖਦਾ ਤੇ ਨਾਮ ਜਪਾਉਂਦਾ ਹੈ। ਜਿਥੇ-ਕਿਥੇ ਸੇਵਕ ਦਾ ਕੋਈ ਕਾਰਜ ਹੈ, ਉਥੇ ਉਥੇ ਹੀ ਨਿਕਟੀ ਹੋ ਕੇ ਆਪਣਾ ਆਪ ਪ੍ਰਗਟ ਕਰਕੇ ਜੋ ਸੇਵਕ ਕਹਿੰਦਾ ਹੈ, ਉਹ ਤਤਕਾਲ ਪੂਰਾ ਕਰ ਦਿੰਦਾ ਹੈ :

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ॥**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ ੧॥ ਰਹਾਉ॥**
**ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥**
**ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥ 2॥**

(ਅੰਗ 403)

ਉਸ ਅਕਾਲ ਪੁਰਖ ਵਾਹਿਗੁਰੂ ਜੀ ਨੇ ਆਪਣੇ ਬਿਰਦੁ ਦੀ ਪ੍ਰਤਿਪਾਲਣਾ ਕਰਦਿਆਂ ਹੋਇਆਂ ਭਗਤ ਨਾਮਦੇਵ ਜੀ ਦੀ ਪੈਜ ਉਸ ਸਮੇਂ ਰੱਖੀ, ਜਿਸ ਸਮੇਂ ਜਾਤੀ ਤੇ ਵਿਦਿਆ-ਅਭਿਮਾਨੀ ਲੋਕਾਂ ਨੇ ਭਗਤ ਜੀ ਨੂੰ ਮੰਦਰ ਵਿਚੋਂ ਭਗਤੀ ਕਰਦੇ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਭੈਰਉ ਰਾਗ ਦੇ ਅੰਦਰ ਆਪਣੀ ਹੱਡ-ਬੀਤੀ ਨੂੰ ਭਗਤ ਨਾਮਦੇਵ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ :

**ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥ ੧॥**
**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥ ੧॥ ਰਹਾਉ॥**
**ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥ 2॥**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥ 3॥**

(ਅੰਗ ੧੧64)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਇਸ ਪ੍ਰਸੰਗ ਨੂੰ ਆਪਣੀਆਂ ਵਾਰਾਂ ਅੰਦਰ ਇਸ ਪ੍ਰਕਾਰ ਬਿਆਨ ਕੀਤਾ ਹੈ :

**ਨਾਮਾ ਛੀਂਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵ ਲਾਈ।**
**ਖਤ੍ਰੀ ਬ੍ਰਾਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ।**
**ਨਾਮਾ ਪਕੜਿ ਉਠਾਲਿਆ ਬਹਿ ਪਿਛਵਾੜੈ ਹਰਿ ਗੁਣ ਗਾਈ।**
**ਭਗਤ ਵਛਲੁ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ।**
**ਦਰਗਹ ਮਾਣੁ ਨਿਮਾਣਿਆ ਸਾਧ ਸੰਗਤਿ ਸਤਿਗੁਰ ਸਰਣਾਈ।**

**ਉਤਮੁ ਪਦਵੀ ਨੀਚ ਜਾਤਿ ਚਾਰੇ ਵਰਣ ਪਾਏ ਪਗਿ ਆਈ।**
**ਜਿਉ ਨੀਵਾਨਿ ਨੀਰੁ ਚਲਿ ਜਾਈ॥ 4॥** (ਵਾਰ 25, ਪਉੜੀ 4)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਉਸ ਵਾਹਿਗੁਰੂ ਜੀ ਦੇ ਸੇਵਕ ਦੀ ਰੱਖਿਆ ਦੇ ਬਿਰਧ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਦੁਆਪੁਰ ਯੁੱਗ ਦੀ ਇਕ ਘਟਨਾ ਦਸੀ ਹੈ। ਜਿਸ ਸਮੇਂ ਦ੍ਰੋਪਤੀ ਨੂੰ ਉਹਦੇ ਪੰਜਾਂ ਪਤੀਆਂ ਦੇ ਸਾਹਮਣੇ ਹੰਕਾਰੀ, ਜ਼ਾਲਮ ਦੁਰਯੋਧਨ ਦੇ ਹੁਕਮ ਨਾਲ ਦੂਤਾਂ ਵੱਲੋਂ ਨਗਨ ਕੀਤਾ ਜਾ ਰਿਹਾ ਸੀ। ਜਦ ਦ੍ਰੋਪਤੀ ਨੇ ਦੇਖਿਆ ਕਿ ਇਸ ਸਮੇਂ ਮੇਰੀ ਹੋਰ ਕੋਈ ਰੱਖਿਆ ਨਹੀਂ ਕਰ ਸਕਦਾ ਅਤੇ ਇਕ ਭਗਵਾਨ ਹੀ ਰੱਖਿਆ ਕਰਨ ਨੂੰ ਸਮਰੱਥ ਹੈ ਤਾਂ ਉਸ ਵੇਲੇ-'ਅਖੀ ਮੀਟ ਧਿਆਨ ਧਰਿ'' ਵਿਰਲਾਪ ਕਰਦਿਆਂ ਬੇਨਤੀਆਂ ਕਰਨ ਲੱਗੀ। ਉਸ ਸਮੇਂ ਇਸ ਦੇ ਪੜਦੇ ਨੂੰ ਜਿਸ ਤਰ੍ਹਾਂ ਭਗਵਾਨ ਨੇ ਕੱਜਿਆ ਤੇ ਇਸ ਦੀ ਪਤ ਰੱਖੀ, ਉਸ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

**ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ।**
**ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।**
**ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।**
**ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।**
**ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।**
**ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।**
**ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।**
**ਨਾਥ ਅਨਾਥਾਂ ਬਾਣਿ ਧੁਰਾਂ ਦੀ॥ 8॥** (ਵਾਰ ੧੦, ਪਉੜੀ 8)

ਅਥਵਾ:

**ਦ੍ਰੋਪਤੀ ਕੁਪੀਨ ਮਾਤ੍ਰ ਦਈ ਜਉ ਮੁਨੀਸਰਹਿ, ਤਾਂ ਤੇ ਸਭਾ ਮਧਿ ਬਹਿਓ ਬਸਨ ਪ੍ਰਵਾਹ ਜੀ॥**
**ਤਨਕ ਤੰਦੁਲ ਜਗਦੀਸਹਿ ਦਏ ਸੁਦਾਮਾ, ਤਾਂ ਤੇ ਪਾਏ ਚਤੁਰ ਪਦਾਰਥ ਅਥਾਹ ਜੀ॥**
**ਦੁਖਿਤ ਗਜਿੰਦ ਅਰਬਿੰਦ ਗਹਿ ਭੇਟ ਰਾਖੈ, ਤਾਂ ਕੈ ਕਾਜੈ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ॥**
**ਕਹਾਂ ਕੋਊ ਕਰੈ ਕਛੂ ਹੋਤ ਨ ਕਾਹੂ ਕੇ ਕੀਏ, ਜਾ ਕੀ ਪ੍ਰਭ ਮਾਨਿ ਲੇਹਿ ਸਭੈ ਸੁਖ ਤਾਹਿ ਜੀ॥ 435॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਅਥਵਾ:

**ਅਬ ਰਾਖਹੁ ਦਾਸ ਭਾਟ ਕੀ ਲਾਜ॥**
**ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥**

**ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭਿ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥**
**ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥**
**ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥**

(ਅੰਗ ੧400)

ਇਸ ਲਈ :

**ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ॥** (ਅੰਗ 675)

## ਸਾਖੀ—ਪ੍ਰਭ ਬਾਲਕ ਰਾਖੇ ਆਪੇ

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਹੋਇਆਂ ਕਾਫ਼ੀ ਸਮਾਂ ਬੀਤ ਗਿਆ ਸੀ, ਪਰ ਗੁਰੂ ਕੇ ਸਾਹਿਬਜ਼ਾਦਾ ਪ੍ਰਗਟ ਨਹੀਂ ਸੀ ਹੋਇਆ ਤਾਂ ਪ੍ਰਿਥੀਚੰਦ ਅਤੇ ਉਸ ਦੀ ਘਰਵਾਲੀ ਮਾਤਾ ਕਰਮੋ ਬਹੁਤ ਪ੍ਰਸੰਨ ਸਨ ਕਿ ਸਾਡਾ ਪੁੱਤਰ ਮੇਹਰਵਾਨ ਹੀ ਗੱਦੀ ਦਾ ਵਾਰਸ ਬਣੇਗਾ। ਮਾਤਾ ਗੰਗਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਸਪੁੱਤਰ ਦੀ ਪ੍ਰਾਪਤੀ ਲਈ ਬੇਨਤੀ ਕੀਤੀ। ਗੁਰ-ਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਹਜ਼ੂਰ ਨੇ ਸ੍ਰੀ ਗੰਗਾ ਜੀ ਨੂੰ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਪਾਸ ਅਰਦਾਸ ਬੇਨਤੀ ਕਰਾਉਣ ਲਈ ਭੇਜਿਆ ਅਤੇ ਹੱਥੀਂ ਸੇਵਾ ਕਰਨ ਲਈ ਦੱਸਿਆ। ਸਤਿਗੁਰੂ ਦੇ ਦੱਸੇ ਅਨੁਸਾਰ ਮਾਤਾ ਗੰਗਾ ਜੀ ਹੱਥੀਂ ਪ੍ਰਸ਼ਾਦਾ ਤਿਆਰ ਕਰ ਕੇ ਨੰਗੇ ਪੈਰੀਂ ਚੱਲ ਕੇ ਝਬਾਲ ਦੀ ਬੀੜ ਵਿਚ ਬਾਬਾ ਬੁੱਢਾ ਜੀ ਕੋਲ ਹਾਜ਼ਰ ਹੋਏ। ਬਾਬਾ ਜੀ ਨੇ ਪ੍ਰਸੰਨ ਹੋ ਕੇ ਜੋ ਬਚਨ ਕਹੇ ਸਨ, ਉਹ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਦਰਸਾਏ ਹਨ :

**ਬੋਲਯੋ ਬਡ ਉਤਸਾਹ ਬਢਾਵਤ, ਧੰਨ ਮਾਤ ਆਵਨ ਭਾ ਤੋਹਿ।**
**ਬਲੀ ਬਿਸਾਲ ਖੜਗ ਖਰ ਧਰ ਕਰਿ ਮੁਗਲਨ ਮਾਰ ਗੁਰੂ ਬਡਿ ਹੋਹਿ।**

(ਗੁਰ ਪ੍ਰ: ਸੂ:, ਰਾਸਿ 3)

''ਮਾਤਾ ਜੀ, ਆਪ ਜੀ ਦੇ ਘਰ ਇਕ ਮਹਾਨ ਯੋਧਾ ਪੁੱਤਰ ਪੈਦਾ ਹੋਵੇਗਾ, ਜੋ ਸੰਤ ਵੀ ਹੋਵੇਗਾ ਤੇ ਸੂਰਮਾ ਵੀ।''

**ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ। ਜਾਕੋ ਬਲ ਗੁਨ ਕਿਨਹੂ ਸੋਧਾ।**

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਇਹ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਕਹਿ ਹੋਏ ਬਚਨਾਂ ਦੀ ਖ਼ਬਰ ਸੁਣ ਕੇ ਪ੍ਰਿਥੀ ਚੰਦ ਬਹੁਤ ਹੀ ਔਖਾ ਹੋ ਗਿਆ। ਉਸ ਦੀ ਈਰਖਾ ਹੱਦੋਂ ਵੱਧ ਗਈ। ਸੰਨ ੧੫੯੪ ਸੰਮਤ ੧੬੫੧ ਬਿ. ਦੇ ਆਰੰਭ ਵਿਚ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਛੱਡ ਕੇ ਚਾਰ ਮੀਲ ਦੂਰ ਪਿੰਡ ਵਡਾਲੀ ਵਿਚ ਜਾ ਟਿਕੇ।

ਇਥੋਂ ਗੁਰੂ ਅਰਜਨ ਦੇਵ ਜੀ ਪ੍ਰਵਾਰ ਸਮੇਤ ਸੰਨ ੧੫੯੭ ਵਿਚ ਵਾਪਸ ਅੰਮ੍ਰਿਤਸਰ ਆਏ ਸਨ। ਹੁਣ ਇਥੇ ਵਡਾਲੀ ਵਿਚ ਰਹਿੰਦਿਆਂ ਹੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਕਿਹਾ ਹੋਇਆ ਬਚਨ ਪੂਰਾ ਹੋਇਆ। ਗੁਰੂ ਅਰਜਨ ਦੇਵ ਜੀ ਦੇ ਘਰ ਤੇ ਮਾਤਾ ਗੰਗਾ ਜੀ ਦੀ ਕੁੱਖੋਂ ਬੁੱਧਵਾਰ, ਹਾੜ ਵਦੀ ੧੬੫੨ ਬਿ. (ਸੰਨ ੧੫੯੫ ਈ.) ਨੂੰ (ਗੁਰੂ) ਹਰਿਗੋਬਿੰਦ ਸਾਹਿਬ ਪ੍ਰਗਟ ਹੋਏ। ਸਾਰੇ ਸਿੱਖ ਜਗਤ ਵਿਚ ਅਥਾਹ ਖ਼ੁਸ਼ੀ ਹੋਈ। ਪੰਚਮ ਪਾਤਸ਼ਾਹ ਜੀ ਨੇ ਮਾਲਕ ਦਾ ਸ਼ੁਕਰਾਨਾ ਕਰਦਿਆਂ ਇਹ ਸ਼ਬਦ ਉਚਾਰਿਆ :

**ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥** (ਅੰਗ 396)

ਉਥੇ ਪ੍ਰਿਥੀ ਚੰਦ ਦੇ ਘਰ ਹਨ੍ਹੇਰਾ ਛਾ ਗਿਆ। ਉਹਨੇ ਮਨ ਵਿਚ ਧਾਰ ਲਈ ਕਿ ਉਹ ਹਰ ਕੀਮਤ ਉੱਤੇ ਬਾਲਕ ਦੀ ਜਾਨ ਲੈ ਕੇ ਰਹੇਗਾ। ਪਹਿਲਾਂ ਉਹਨੇ ਜਾਦੂ ਟੂਣਿਆਂ ਰਾਹੀਂ ਜ਼ੋਰ ਅਜ਼ਮਾਇਆ। ਏਸ ਪਾਸਿਓਂ ਨਿਰਾਸ਼ ਹੋ ਕੇ ਪ੍ਰਿਥੀਆ ਹੋਰ ਨੀਵੇਂ ਕੁਕਰਮ 'ਤੇ ਉਤਰ ਆਇਆ।

ਤਵਾਰੀਖ਼ ਗੁਰੂ ਖ਼ਾਲਸਾ ਅਨੁਸਾਰ—ਪਹਿਲੀ ਵਾਰ ਪ੍ਰਿਥੀਏ ਨੇ 'ਸੋਭੀ' ਨਾਮ ਦੀ ਦਾਈ ਨੂੰ ਵੱਢੀ ਵਜੋਂ ਉਸ ਨੂੰ ਪੰਜ ਸੌ ਰੁਪਏ ਦੇਣੇ ਮੰਨੇ, ਪਰ ਬੰਸਾਵਲੀਨਾਮਾ ਦੇ ਕਰਤੇ ਨੇ ਫੱਤੋ ਨਾਮ ਦੀ ਦਾਈ ਦੱਸੀ ਹੈ ਅਤੇ ਦਾਈ ਫੱਤੋ ਨੂੰ ਦੋ ਸੌ ਰੁਪਿਆ ਦੇਣਾ ਦੱਸਿਆ ਹੈ। ਉਹ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਵਡਾਲੀ ਜਾ ਪਹੁੰਚੀ। ਖੇਡ ਰਹੇ ਬਾਲਕ ਸਾਹਿਬਜ਼ਾਦੇ ਨੂੰ ਗੋਦੀ ਵਿਚ ਬਿਠਾ ਕੇ ਉਹ ਆਪਣਾ ਮੰਮਾ ਮੱਲੋ-ਮੱਲੀ ਉਨ੍ਹਾਂ ਦੇ ਮੂੰਹ ਵਿਚ ਦੇਣ ਲੱਗੀ, ਤਾਂ ਉਹ ਅੱਗੋਂ ਰੋਣ ਲੱਗ ਪਏ। ਦਾਈ ਆਪਣੇ ਪਾਪ ਦੇ ਡਰ ਤੋਂ ਕੰਬਣ ਲੱਗ ਪਈ। ਉਹਨੇ ਗੁਰੂ ਮਹਾਰਾਜ ਦੇ ਸਾਮ੍ਹਣੇ ਸਾਰੀ ਕਹਾਣੀ ਸਾਫ਼ ਸਾਫ਼ ਦੱਸ ਦਿੱਤੀ। ਗੁਰੂ ਮਹਾਰਾਜ ਨੇ ਉਸ ਨੂੰ ਕੁਝ ਨਾ ਕਿਹਾ, ਪਰ ਉਹ ਜ਼ਹਿਰ ਏਨਾ ਤੇਜ਼ ਸੀ, ਜਿਸ ਦੇ ਅਸਰ ਨਾਲ ਉਹ ਕੁਝ ਘੜੀਆਂ ਵਿਚ ਬੇਹੋਸ਼ ਹੋ ਕੇ ਮਰ ਗਈ :

**ਹਾਥ ਜੁਗ ਪਾਵ ਕੋ ਪਸਾਰ ਕੈ ਪਰੀ ਹੈ ਧਰ,**
**ਦਾਸ ਗਨ ਦਾਸੀ ਮਿਲ ਦੇਖੀ ਸੁ ਗ੍ਰਸੀ ਹੈ ਮੀਚ।**
**ਜੀਵ ਗਯੋ ਉਪਰ ਅਪਰ ਦੇਹ ਧਾਰ ਕਰ ਮੂਰਛਤ**
**ਕੋਈ ਲਖ ਤਾਂਕੇ ਮੁਖ ਬਾਰ ਸੀ।26।** (ਗੁ: ਪ੍ਰ: ਸੂ:, ਰਾਸਿ 3)

ਦੂਸਰੀ ਵਾਰ—ਪ੍ਰਿਥੀ ਚੰਦ ਨੇ ਫੇਰ ਪੈਸੇ ਦੇ ਕੇ ਇਕ ਸਪੇਰੇ ਕੋਲੋਂ ਉਸ ਕਮਰੇ ਵਿਚ ਜ਼ਹਿਰੀ ਨਾਗ ਛਡਵਾ ਦਿੱਤਾ, ਜਿਸ ਵਿਚ (ਗੁਰੂ) ਹਰਿਗੋਬਿੰਦ ਸਾਹਿਬ ਇਕੱਲੇ ਬੈਠੇ ਖੇਡ ਰਹੇ ਸਨ। ਸੇਵਕਾਂ ਨੇ ਵੇਖਿਆ, ਸੱਪ ਨੂੰ ਬਾਲਕ ਸਰੂਪ ਗੁਰੂ ਜੀ ਨੇ ਸਿਰੀ ਤੋਂ ਘੁੱਟ ਕੇ ਮਾਰ ਦਿੱਤਾ :

**ਸੀਸ ਦਬਾਇ ਕੈ ਫੇਸ ਦਯੋ, ਬਹੁ ਦੀਰਘ ਸੋ ਉਲਟਯੋ ਬਲ ਖਾਏ।**

(ਗੁ: ਪ੍ਰ: ਸੂ: ਰਾਸ 3, ਅੰਸੂ 8)

ਅੰਮ੍ਰਿਤਸਰ ਸ਼ਹਿਰ ਵਿਚ ਇਕ ਸਮੇਂ ਚੇਚਕ ਦੀ ਬੀਮਾਰੀ ਪਈ ਹੋਈ ਸੀ। ਇਸ ਦਾ ਅਸਰ ਸ੍ਰੀ ਗੁਰੂ

ਹਰਿਗੋਬਿੰਦ ਸਾਹਿਬ ਜੀ ਦੇ ਸਰੀਰ ਉੱਪਰ ਹੋ ਗਿਆ। ਮਾਤਾ ਗੰਗਾ ਜੀ ਘਬਰਾਏ ਤਾਂ ਗੁਰੂ ਅਰਜਨ ਦੇਵ ਜੀ ਨੇ ਕਿਹਾ, ਫ਼ਿਕਰ ਨਾ ਕਰੋ, ਵਾਹਿਗੁਰੂ ਸਭ ਰੱਖਿਆ ਕਰਨ ਵਾਲਾ ਹੈ। ਜਿਸ ਵੇਲੇ ਸਾਹਿਬਜ਼ਾਦਾ ਠੀਕ ਹੋ ਗਿਆ ਤਾਂ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ਅੰਸੂ, ਰਿਤੂ ੧੪ ਅੰਦਰ ਡਾਕਟਰ ਭਾਈ ਵੀਰ ਸਿੰਘ ਜੀ ਦੇ ਟਿੱਪਣੀ ਅੰਦਰ ਲਿਖਣ ਅਨੁਸਾਰ ਗੁਰੂ ਜੀ ਨੇ ਇਹ ਸ਼ਬਦ ਉਸ ਸਮੇਂ ਉਚਾਰਿਆ ਸੀ :

ਸੋਰਠਿ ਮਹਲਾ 5 ॥

**ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥**
**ਸੀਤਲਾ ਠਾਕ ਰਹਾਈ॥ ਬਿਘਨ ਗਏ ਹਰਿ ਨਾਈ॥ ੧॥** (ਅੰਗ 627)

ਅਥਵਾ :

ਦੂਸਰਾ ਸ਼ਬਦ ਉਚਾਰਿਆ ਸੀ ਉਸ ਵੇਲੇ :

ਗਉੜੀ ਮਹਲਾ 5 ॥

**ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥ ੧॥ ਰਹਾਉ॥**
**ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥ ੧॥** (ਅੰਗ 200)

ਤੀਸਰੀ ਵਾਰ ਪ੍ਰਿਥੀਚੰਦ ਨੇ ਇਕ ਦੁਨੀ ਚੰਦ ਨਾਮ ਦਾ ਬ੍ਰਾਹਮਣ, ਜੋ ਗੁਰੂ ਕਾ ਰਸੋਈਆ ਸੀ, ਵੱਢੀ ਦੇ ਕੇ ਗੁਰੂ ਜੀ ਨੂੰ ਖ਼ਤਮ ਕਰਨ ਵਾਸਤੇ ਉਸ ਨੂੰ ਮਨਾ ਲਿਆ ਸੀ। ਬ੍ਰਾਹਮਣ ਨੇ ਦਹੀਂ ਵਿਚ ਜ਼ਹਿਰ ਘੋਲ ਕੇ ਸਾਹਿਬਜ਼ਾਦੇ ਨੂੰ ਦੇਣੀ ਚਾਹੀ। ਸਾਹਿਬਜ਼ਾਦਾ ਜੀ ਨੇ ਦਹੀਂ ਖਾਣ ਤੋਂ ਇਨਕਾਰ ਕਰ ਦਿੱਤਾ, ਪਰ ਬ੍ਰਾਹਮਣ ਨੇ ਜ਼ਬਰਦਸਤੀ ਦਹੀਂ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸਾਹਿਬਜ਼ਾਦੇ ਨੇ ਰੋਣਾ ਸ਼ੁਰੂ ਕਰ ਦਿੱਤਾ। ਸੁਣ ਕੇ ਗੁਰੂ ਅਰਜਨ ਦੇਵ ਜੀ ਆਪ ਕੋਲ ਪਹੁੰਚੇ :

**ਰੁਦਨਾਯੋ ਕਿਮ ਬਿਪ੍ਰ ਤੁਮ ਗੁਰਿ ਸੁਨ ਕਰਿ ਪੂਛਾ।**
**ਕਹਿਤ ਸੁ ਮੈ ਦਧਿ ਪਿਯਾਵਤੋ ਬੋਲਤ ਛਬਿ ਛੂਛਾ।**
**ਨਹਿ ਪੀਵਤ ਇਮ ਜਾਨਕੈ ਝਿਰਕਯੋ ਡਰਪਾਯੋ।**

(ਗੁ: ਪ੍ਰ: ਸੂ:, ਰਾਸਿ 3)

ਤਾਂ ਗੁਰੂ ਜੀ ਨੂੰ ਦੇਖ ਕੇ ਬ੍ਰਾਹਮਣ ਡਰ ਨਾਲ ਕੰਬਣ ਲੱਗ ਪਿਆ। ਹਜ਼ੂਰ ਸਭ ਕੁਝ ਸਮਝ ਗਏ। ਬ੍ਰਾਹਮਣ ਦਾ ਪਾਪ ਨੰਗਾ ਕਰਨ ਵਾਸਤੇ ਉਹ ਦਹੀਂ ਕੁੱਤੇ ਅੱਗੇ ਪਾਇਆ। ਦਹੀਂ ਖਾਣ ਤੋਂ ਥੋੜੇ ਚਿਰ ਪਿੱਛੋਂ ਜ਼ਹਿਰ ਨਾਲ ਕੁੱਤਾ ਮਰ ਗਿਆ। ਪਾਪ ਲੁਕਿਆ ਨਾ ਰਿਹਾ ਤਾਂ ਬ੍ਰਾਹਮਣ ਨੇ ਸਭ ਕੁਝ ਮੰਨ ਲਿਆ ਕਿ ਉਸ ਤੋਂ ਇਹ ਪਾਪ ਪ੍ਰਿਥੀਏ ਨੇ ਕਰਵਾਇਆ ਹੈ। ਤਾਂ ਗੁਰੂ ਜੀ ਨੇ ਉਸ ਵੇਲੇ ਇਹ ਸ਼ਬਦ ਉਚਾਰਿਆ :

ਭੈਰਉ ਮ: 5 ॥

**ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥ ੧॥**
**ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥ ੧॥ ਰਹਾਉ॥**

(ਅੰਗ ੧੧37)

ਬ੍ਰਾਹਮਣ ਦੇ ਮਨ 'ਤੇ ਇਸ ਪਾਪ ਦਾ ਏਨਾ ਭਾਰ ਪਿਆ ਕਿ ਕੁਝ ਦਿਨਾਂ ਅੰਦਰ ਹੀ ਉਹ ਪੇਟ ਦੇ ਸੂਲ ਨਾਲ ਮਰ ਗਿਆ।

ਭੈੜੀਆਂ ਕਰਤੂਤਾਂ ਦੇ ਕਾਰਨ ਪ੍ਰਿਥੀ ਚੰਦ ਦੀ ਲੋਕਾਂ ਵਿਚ ਬਹੁਤ ਬਦਨਾਮੀ ਹੋਈ। ਉਹਦੇ ਵਾਸਤੇ ਅੰਮ੍ਰਿਤਸਰ ਵਿਚ ਰਹਿਣਾ ਔਖਾ ਹੋ ਗਿਆ। ਲੋਕ ਉਸ ਦੇ ਸਾਹਮਣੇ ਕਹਿਣ ਲੱਗ ਪਏ : "ਪ੍ਰਿਥੀਆ ਮੀਣਾ ਹੈ। ਪਹਿਲਾਂ ਇਸ ਨੇ ਲਾਹੌਰ ਦੇ ਹਾਕਮ ਸੁਲਹੀ ਖ਼ਾਨ ਨੂੰ ਬੁਲਾ ਕੇ ਗੁਰੂ ਜੀ ਨੂੰ ਅੰਮ੍ਰਿਤਸਰੋਂ ਕਢਾਇਆ ਸੀ ਤੇ ਹੁਣ ਬਾਲਕ ਸਾਹਿਬਜ਼ਾਦੇ ਦੀ ਜਾਨ ਲੈਣ ਵਾਸਤੇ ਇਹਨੇ ਪਾਪ ਕੀਤੇ ਹਨ। ਇਹ ਮੀਣਾ ਕੁਲ-ਘਾਤੀ ਹੈ।"

ਬਿਲਾਵਲੁ ਮਹਲਾ 5 ॥ ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥ ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥ ੧॥ ਰਹਾਉ॥ ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ॥ ੧॥ ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥ ਮਨ ਬਾਂਛਤ ਫਲ ਦਿਤਿਅਨੁ ਨਾਲਕ ਬਲਿਹਾਰੀ॥ 2 ॥੧6 ॥ 80 ॥

ਪਦ ਅਰਥ :- ਰਖਿਅਨੁ=(ਉਸ ਪ੍ਰਭੂ ਨੇ) ਰੱਖੇ ਹਨ। ਜੀਵਾਲਿਅਨੁ=(ਉਸ ਪ੍ਰਭੂ ਨੇ) ਜਿਵਾਏ ਹਨ, ਜੀਵਨ ਦਿੱਤਾ ਹੈ। ਦੋਖ=ਦੋਸ਼, ਐਬ। ਬਖਸਿਅਨੁ=(ਉਸ ਪ੍ਰਭੂ ਨੇ) ਬਖ਼ਸ਼ੇ ਹਨ। ਕਲ=ਕਲਾ, ਸੱਤਾ। ਧਾਰੀ=ਟਿਕਾਈ ਹੈ। ਮਨ ਬਾਂਛਤ ਫਲ=ਮਨ ਚਾਹੇ ਫਲ। ਦਿਤਿਅਨੁ=(ਉਸ ਪ੍ਰਭੂ ਨੇ) ਦਿੱਤੇ ਹਨ।

ਅਰਥ :- (ਹੇ ਭਾਈ !) ਪਾਰਬ੍ਰਹਮ (ਪ੍ਰਮੇਸ਼ਰ ਸਰੂਪ) ਗੁਰਦੇਵ ਨੇ ਆਪਣੇ ਬਾਲਕਾਂ ਦੀ ਸਹਾਇਤਾ ਕਰਕੇ ਆਪ ਰੱਖਿਆ ਕੀਤੀ ਹੈ। (ਸਾਡੀ) ਸੇਵਾ ਰੂਪੀ ਘਾਲ ਪੂਰੀ ਹੋ ਗਈ ਹੈ (ਜਿਸ ਦੇ ਫਲਸਰੂਪ) ਸੁਖ, ਸ਼ਾਂਤੀ, ਆਤਮ ਅਡੋਲਤਾ ਤੇ (ਸਦੀਵੀ ਸੁਖ) ਅਨੰਦ ਪ੍ਰਾਪਤ ਹੋ ਗਏ ਹਨ ਅਤੇ ਇਸ ਤਰ੍ਹਾਂ ਸੇਵਾ ਪੂਰੀ ਸਫਲ ਹੋ ਗਈ ਹੈ।੧।ਰਹਾਉ।

(ਹੇ ਭਾਈ !) ਭਗਤ ਜਨਾਂ ਦੀ ਬੇਨਤੀ ਪ੍ਰਭੂ ਪ੍ਰਮਾਤਮਾ ਨੇ ਆਪ ਸੁਣੀ ਹੈ। ਜਿਸ (ਪ੍ਰਭੂ) ਦਾ ਵੱਡਾ ਪ੍ਰਤਾਪ ਹੈ (ਉਸ ਨੇ ਸਾਰੇ) ਰੋਗ ਦੂਰ ਕਰ ਕੇ (ਬਾਲਕ ਨੂੰ) ਜ਼ਿੰਦਗੀ ਬਖ਼ਸ਼ ਦਿੱਤੀ ਹੈ।੧।

(ਹੇ ਭਾਈ ! ਜਿਸ ਪ੍ਰਭੂ ਪ੍ਰਮਾਤਮਾ ਨੇ ਆਪਣੀ ਸ਼ਕਤੀ ਸਾਰੇ ਧਾਰਣ ਕਰ ਰੱਖੀ ਹੈ, ਉਸ ਸੱਚੇ ਪ੍ਰਭੂ ਪਿਤਾ ਨੇ ਹੀ ਸਾਡੇ ਸਾਰੇ) ਦੋਸ਼ ਬਖ਼ਸ਼ ਦਿੱਤੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ ਪ੍ਰਭੂ ਪਿਤਾ ਤੋਂ ਅਸੀ) ਸਦਕੇ ਜਾਂਦੇ ਹਾਂ। (ਜਿਸ ਨੇ ਸਭ ਪਾਸੇ) ਆਪਣੀ ਸ਼ਕਤੀ ਧਾਰੀ ਹੋਈ ਹੈ, (ਉਸ ਸੱਚੇ ਪ੍ਰਮਾਤਮਾ ਪ੍ਰਭੂ ਨੇ ਮੈਨੂੰ) ਮਨ-ਚਾਹੇ ਫਲ ਦਿੱਤੇ ਹਨ ਅਤੇ ਮੈਂ (ਉਸ ਪ੍ਰਭੂ ਤੋਂ ਹਮੇਸ਼ਾ ਹੀ) ਬਲਿਹਾਰ ਜਾਂਦਾ ਹਾਂ।੨।੧੬।੮੦।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੮੦ (ਆਦਿ ਅੰਗ ੮੨੧)

## ਬਿਲਾਵਲੁ ਮਹਲਾ 5 ॥

ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥ ੧ ॥ ਰਹਾਉ ॥ ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥ ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥ ੧ ॥ ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥ ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥ 2 ॥ ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥ ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥ 3 ॥ ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥ ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥ 4 ॥ 2 ॥ 88 ॥

## ਪ੍ਰਾਕ੍ਰਥਨ :

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਸੱਚ ਦੇ ਸੂਰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਾਵਨ ਪਵਿੱਤਰ ਸ਼ਬਦ ਉਚਾਰਨ ਕੀਤਾ ਹੋਇਆ ਹੈ। ਸ਼ਬਦ ਦੇ ਆਰੰਭ ਅੰਦਰ ਮਾਇਆ ਦਾ ਜ਼ਿਕਰ ਕੀਤਾ ਗਿਆ ਹੈ। ਇਹ ਸਰਪਨੀ ਮਾਇਆ ਨੂੰ ਬਲਵਾਨ ਦੱਸਿਆ ਹੈ। ਮਨਮੋਹਣੀ ਮਾਇਆ ਰੂਪ ਇਸਤਰੀ ਨੇ ਸਾਰੇ ਸੰਸਾਰ ਨੂੰ ਵਸਿ ਵਿਚ ਕੀਤਾ ਹੋਇਆ ਹੈ। ਇਸ ਨੇ ਜੀਵਾਂ ਨੂੰ ਮੋਹ ਲਿਆ ਹੈ। ਇਹ ਸ਼ਬਦ ਹਜ਼ੂਰ ਦਾ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ।

## ਵਿਸ਼ਾ — ਓਹ ਮੋਹਨੀ ਮੋਹਾਵਤ ਹੇ

ਹਰੀ ਪ੍ਰਭੂ ਦੇ ਨਾਮ ਅਤੇ ਪ੍ਰਮਾਤਮਾ ਤੋਂ ਬਿਨਾਂ ਅੰਤ ਸਮੇਂ ਇਸ ਦੇ ਹੋਰ ਕੁਝ ਵੀ ਕੰਮ ਨਹੀਂ ਆਉਣਾ, "ਬਿਨੁ ਹਰਿ ਕਾਮਿ ਨ ਆਵਤ ਹੇ॥" ਹੇ ਮਨੁੱਖ ! ਜਿਨ੍ਹਾਂ ਕੰਮਾਂ ਵਿਚ ਤੂੰ ਲੱਗਿਆ ਹੈਂ, ਇਹ ਅੰਤਲੇ ਸਮੇਂ ਤੇਰੇ ਕੰਮ ਨਹੀਂ ਆਉਣੇ, ਇਸ ਵਾਸਤੇ ਸਾਧ ਸੰਗਤ ਵਿਚ ਮਿਲ ਕੇ ਨਾਮ ਜਪ :

**ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥** (ਰਹਰਾਸਿ ਸਾਹਿਬ)

ਭਗਤ ਫ਼ਰੀਦ ਜੀ ਕਹਿੰਦੇ ਹਨ, ਐ ਮਨੁੱਖ ! ਜਿਨ੍ਹਾਂ ਕੰਮਾਂ ਦਾ ਤੈਨੂੰ ਕੋਈ ਲਾਭ ਨਹੀਂ, ਉਹ ਭੈੜੇ ਕੰਮ ਤੂੰ ਵਿਸਾਰ ਦੇ ਕਿਉਂਕਿ ਮਤਾਂ ਤੈਨੂੰ ਸੱਚੇ ਦੀ ਦਰਗਾਹ ਅੰਦਰ ਸ਼ਰਮਿੰਦਾ ਹੋਣਾ ਪਵੇ :

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥** (ਅੰਗ ੧੩੮੧)

ਇਹ ਸੰਸਾਰੀ ਕੰਮ ਤੇਰੇ ਸਾਰੇ ਮਾਇਕੀ ਕੰਮ ਹਨ, ਅਸਲ ਕੰਮ ਤਾਂ ਤੇਰੇ ਜੀਵਨ ਦਾ ਸੱਚੇ ਪ੍ਰਭੂ ਦਾ ਨਾਮ ਜਪਣਾ ਹੈ। ਪਰ ਇਹ ਅਗਿਆਨੀ ਜੀਵ ਉਸ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਮੋਹਣੀ ਮਾਇਆ ਦੇ ਵਿਚ ਖਚਤ ਹੋ ਰਿਹਾ ਹੈ।

ਪਰਮਾਤਮਾ ਦੇ ਨਾਮ ਤੋਂ ਬਿਨਾਂ ਜਿਸ ਕਿਸੇ ਹੋਰ ਨਾਲ ਜੀਵ ਮੋਹ ਜਾਂ ਪ੍ਰੀਤ ਪਾਉਂਦਾ ਹੈ, ਉਹ ਹੈ ਮਾਇਆ। ਧਨ-ਦੌਲਤ, ਇਸਤਰੀ, ਪੁੱਤਰ-ਧੀਆਂ, ਮਹਿਲ-ਮਾੜੀਆਂ, ਦੁਨੀਆਂ ਦੀ ਚਮਕ-ਦਮਕ ਆਦਿ ਇਹ ਸਭ ਮਾਇਆ ਦੇ ਵੱਖ-ਵੱਖ ਰੂਪ ਹਨ। ਇਹ ਕਿਸੇ ਨੂੰ ਦਮੜੇ, ਡਾਲਰ, ਪੌਂਡ ਰੂਪ ਹੋ ਕੇ ਮੋਹ ਰਹੀ ਹੈ ਅਤੇ ਕਿਸੇ ਨੂੰ ਚੇਤਨ ਮਾਇਆ ਇਸਤਰੀ ਰੂਪ ਹੋ ਕੇ ਮੋਹ ਰਹੀ ਹੈ। ਇਸ ਲਈ ਇਹ ਮੋਹਣੀ ਮਾਇਆ ਐਨੀ ਬਲਵਾਨ ਹੈ ਕਿ ਇਸ ਨੇ ਸਾਰੇ ਜੀਵਾਂ ਨੂੰ ਭਰਮਾਅ ਰੱਖਿਆ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਮਾਇਆ ਦੀ ਪ੍ਰਬਲਤਾ ਆਸਾ ਰਾਗ ਅੰਦਰ ਬਹੁਤ ਹੀ ਵਿਸਥਾਰ ਪੂਰਵਕ ਵਰਨਣ ਕੀਤੀ ਹੈ :

ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥
ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥
ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ ਹਮ ਆਈ ਵਸਗਤਿ ਗੁਰ ਪਰਸਾਦੇ॥ ੧॥
ਐਸਾ ਦੇਖਿ ਬਿਮੋਹਿਤ ਹੋਏ॥
ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥ ੧॥ ਰਹਾਉ॥
ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥
ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ॥
ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥
ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥ 2॥
ਤਪੁ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥ॥ 3॥
ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥
ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ॥ 4॥

(ਅੰਗ 370)

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥ ਬੋਲੈ ਕਉੜਾ ਜਿਹਬਾ ਕੀ ਫੂੜਿ॥
ਸਦਾ ਭੂਖੀ ਪਿਰੁ ਜਾਨੈ ਦੂਰਿ॥ ੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥ ਰਹਾਉ॥
ਪਾਇ ਠਗਉਲੀ ਸਭੁ ਜਗੁ ਜੋਹਿਆ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ॥ 2॥
ਵਰਤ ਨੇਮ ਕਰਿ ਥਾਕੇ ਪੁਨਹਚਰਨਾ॥ ਤਟ ਤੀਰਥ ਭਵੇ ਸਭ ਧਰਨਾ॥
ਸੇ ਉਬਰੇ ਜਿ ਸਤਿਗੁਰ ਕੀ ਸਰਨਾ॥ 3॥
ਮਾਇਆ ਮੋਹਿ ਸਭੋ ਜਗੁ ਬਾਧਾ॥ ਹਉਮੈ ਪਚੈ ਮਨਮੁਖ ਮੂਰਾਖਾ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ॥ 4॥ 2॥ 96॥

(ਅੰਗ 394)

ਮਾਇਆ ਐਸੀ ਮੋਹਨੀ ਭਾਈ॥
ਜੇਤੇ ਜੀਅ ਤੇਤੇ ਡਹਕਾਈ॥ (ਅੰਗ ੧੧60)

ਬੁਢਾਪਾ ਆਉਣ ਤੇ ਮਨੁੱਖ ਦੀਆਂ ਸਾਰੀਆਂ ਇੰਦ੍ਰੀਆਂ ਕਮਜ਼ੋਰ ਪੈ ਜਾਂਦੀਆਂ ਹਨ। ਅੱਖਾਂ ਵੀ ਕਮਜ਼ੋਰ ਹੋ ਜਾਂਦੀਆਂ ਹਨ। ਦੇਖਣ ਦੀ ਸ਼ਕਤੀ ਘਟ ਜਾਂਦੀ ਹੈ ਅਤੇ ਕੰਨਾਂ ਦੀ ਸੁਣਨ ਦੀ ਸ਼ਕਤੀ ਘੱਟ ਜਾਂਦੀ ਹੈ। ਸਰੀਰ ਦੀ ਸੁੰਦਰਤਾ ਜਾਂਦੀ ਰਹਿੰਦੀ ਹੈ ਅਤੇ ਮਤ ਮਾਰੀ ਜਾਂਦੀ ਹੈ, ਪਰ ਹਾਲੇ ਵੀ ਮਨੁੱਖ ਦੀ ਮਾਇਆ ਦੀ ਭੁੱਖ ਨਹੀਂ ਜਾਂਦੀ :

**ਥਾਕੈ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ॥**
**ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ॥** (ਅੰਗ 793)

ਆਮ ਆਦਮੀ ਦੀ ਤਾਂ ਗੱਲ ਹੀ ਛੱਡੋ, ਸਿੱਧ ਜੋਗੀ ਵੀ ਮਾਇਆ ਲਈ ਭਟਕਦੇ ਰਹਿੰਦੇ ਹਨ। ਉਹ ਵੀ ਇਸ ਦੇ ਜਾਲ ਤੋਂ ਬਚ ਨਹੀਂ ਸਕੇ। ਹਰ ਪਾਸੇ ਮਾਇਆ ਦਾ ਹੀ ਬੋਲ ਬਾਲਾ ਹੈ। ਸਾਰੇ ਮਾਇਆ ਵਿਚ ਹੀ ਜਕੜੇ ਹੋਏ ਹਨ :

**ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥**
**ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ॥** (ਅੰਗ 67)

ਇਸ ਮਾਇਆ ਰੂਪੀ ਇਸਤਰੀ ਨੇ ਸਾਰਾ ਜਗਤ ਖਾ ਲਿਆ ਹੈ। ਇਸ ਮਾਇਆ ਨੇ ਠਗ ਰੂਪੀ ਬੂਟੀ ਪਾ ਕੇ ਸਾਰੇ ਦੇਵੀ-ਦੇਵਤਿਆਂ ਨੂੰ ਮੋਹਿਆ ਹੋਇਆ ਹੈ। ਇਸ ਨੇ ਵੱਡੇ-ਵੱਡੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਜੈਸਿਆਂ ਨੂੰ ਵੀ ਮੋਹ ਲਿਆ ਹੈ :

**ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥ ਬੋਲੈ ਕਉੜਾ ਜਿਹਬਾ ਕੀ ਫੂੜਿ॥**
**ਸਦਾ ਭੂਖੀ ਪਿਰੁ ਜਾਨੈ ਦੂਰਿ॥ ੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ॥**
**ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥ ਰਹਾਉ॥**
**ਪਾਇ ਠਗਉਲੀ ਸਭੁ ਜਗੁ ਜੋਹਿਆ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥**

(ਅੰਗ 394)

**ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥**

(ਅੰਗ 480)

ਪੰਚਮ ਪਾਤਸ਼ਾਹ ਜੀ ਨੇ ਮਾਇਆ ਦੀ ਪ੍ਰਬਲਤਾ ਇਸ ਤਰ੍ਹਾਂ ਦੱਸੀ ਹੈ ਕਿ (ਹੇ ਭਾਈ !) ਜਿਸ (ਮਾਇਆ) ਨੇ ਤ੍ਰੈ ਗੁਣੀ=ਤਿੰਨ ਗੁਣ (ਰਜੋ ਤਮੋ ਸਤੋ ਰੂਪ ਸੁਭਾਅ ਦੇ ਧਾਰਣੀ) ਜੀਵ (ਅਤੇ) ਚਾਰ ਕੂੰਟਾਂ (ਭਾਵ) ਸਾਰੇ ਸੰਸਾਰ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਇਸ਼ਨਾਨ ਤੇ ਤਪ ਕਰਨ ਵਾਲੇ ਸਾਰੇ ਥਾਂ (ਇਸ ਮਾਇਆ ਨੇ) ਟੋਟੇ ਟੋਟੇ ਕਰ ਦਿੱਤੇ ਹਨ ਤਾਂ ਇਹ ਮਨੁੱਖ ਵਿਚਾਰਾ ਕੀ (ਚੀਜ਼) ਹੈ (ਜੋ ਇਸ ਮਾਇਆ ਅਗੇ ਠਹਿਰ ਸਕੇ)। ਪਰ ਹਾਂ, ਜਿਸ ਸਮੇਂ ਅਸੀ) ਪ੍ਰਭੂ ਦੀ ਸ਼ਰਣ ਪਕੜੀ ਤਦੋਂ (ਮਾਇਆ ਦੇ ਪੰਜੇ ਵਿਚੋਂ ਛੁਟੇ ਹਾਂ। (ਗੁਰੂ ਰੂਪ) ਸਾਧੂ ਦੀ ਕਿਰਪਾ ਨਾਲ (ਜਦੋਂ) ਹਰੀ ਪਰਮੇਸ਼ਰ ਦੇ ਗੁਣ ਗਾਏ ਤਦੋਂ ਵਿਸ਼ੇ ਰੋਗ (ਭੋਗ) ਸਭ ਦੂਰ ਹੋ ਗਏ ਹਨ ਅਤੇ (ਹੇ ਭਾਈ !) ਉਹ ਮਾਇਆ ਜਦੋਂ ਆਉਂਦੀ ਹੈ ਤਾਂ ਨਾ (ਉਸ ਦੀ) ਅਵਾਜ਼

ਸੁਣਾਈ ਦਿੰਦੀ ਹੈ, ਨਾ (ਉਹ) ਮੁੱਖ ਤੋਂ ਬੋਲਦੀ ਹੈ (ਅਤੇ) ਨਾ ਹੀ ਉਹ (ਜੀਆਂ) ਨੂੰ ਮੋਂਹਦੀ ਦਿੱਸਦੀ ਹੈ। (ਉਹ) ਐਸੀ ਠਗ ਬੂਟੀ ਖੁਆ ਕੇ ਭੁਲਾ ਲੈਂਦੀ ਹੈ, ਜੋ ਸਭ ਦੇ ਮਨ ਵਿਚ ਮਿੱਠੀ ਲੱਗਦੀ ਹੈ। (ਹੇ ਭਾਈ !) ਮਾਂ, ਬਾਪ, ਪੁੱਤਰ ਤੇ ਪਿਆਰ ਵਾਲੇ ਸੰਬੰਧੀ ਅਤੇ ਭਾਈ (ਇਹਨਾਂ ਸਭਨਾਂ ਅੰਦਰ) ਹਰ ਇਕ ਘਰ ਵਿਚ ਉਸ (ਮਾਇਆ ਨੇ) ਦ੍ਵੈਤ ਭਾਵ ਪਾ ਦਿੱਤਾ ਹੈ (ਭਾਵ ਫੁੱਟ ਪਾ ਦਿੱਤੀ ਹੈ)। ਕਿਸੇ ਕੋਲ (ਮਾਇਆ) ਵੱਧ ਹੈ, ਕਿਸੇ ਕੋਲ ਘੱਟ ਹੈ, (ਪਰ) ਸਾਰੇ ਹੀ (ਮਾਇਆ ਦੀ ਖ਼ਾਤਰ ਆਪਸ ਵਿਚ) ਲੜ ਲੜ ਕੇ ਮਰ ਰਹੇ ਹਨ ਅਤੇ (ਹੇ ਭਾਈ !) ਮੈਂ ਆਪਣੇ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ ਜਿਸ ਨੇ (ਮੈਨੂੰ ਮਾਇਆ ਦਾ) ਉਹ ਤਮਾਸ਼ਾ (ਕੌਤਕ) ਵਿਖਾਇਆ ਹੈ। ਲੁਕੀ ਹੋਈ (ਮਾਇਆ ਰੂਪ) ਅੱਗ ਵਿਚ ਸਾਰਾ ਸੰਸਾਰ ਸੜ ਰਿਹਾ ਹੈ (ਪਰ ਇਹ ਮਾਇਆ ਪ੍ਰਭੂ ਦੇ) ਭਗਤਾਂ ਨੂੰ ਨਹੀਂ ਚਿੰਬੜ ਸਕਦੀ।

ਪੂਰਨ (ਗੁਰੂ) ਦੀ ਕਿਰਪਾ ਨਾਲ ਸਾਰੇ ਸੇਵਕ ਦੇ ਬੰਧਨ ਕੱਟੇ ਗਏ ਹਨ (ਇਸ ਕਰਕੇ ਅਸਾਂ ਨੇ ਆਤਮਿਕ) ਸੁੱਖ ਪਾਇਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹਰਿ-ਹਰਿ ਨਾਮ ਧਨ (ਅਸਾਂ ਨੇ) ਪਾਇਆ ਹੈ। (ਇਸ ਨਾਮ ਧਨ) ਨੂੰ ਖੱਟ ਕੇ ਅਸੀਂ (ਹਿਰਦੇ) ਘਰ ਵਿਚ ਲੈ ਆਏ ਹਾਂ। ਇਹ ਸਾਰਾ ਸਿਧਾਂਤ ਹਜ਼ੂਰ ਨੇ ਇਸ ਤਰ੍ਹਾਂ ਦਰਸਾਇਆ ਹੈ :

ਧਨਾਸਰੀ ਮਹਲਾ 5 ॥

**ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ॥**
**ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥ ੧ ॥**
**ਪ੍ਰਭ ਕੀ ਓਟ ਗਹੀ ਤਉ ਛੂਟੋ॥**
**ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ॥ ੧॥ ਰਹਾਉ॥**
**ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥**
**ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥ 2 ॥**
**ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥**
**ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥ 3 ॥**
**ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥**
**ਗੂੜੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ 4 ॥**
**ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ॥**
**ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪੁਨੈ ਘਰਿ ਲੈ ਆਇਆ ਖਾਟੇ॥ 5॥ ੧੧॥**

(ਅੰਗ 673)

**ਜੈਸੇ ਕੁਲਾ ਬਧੂ ਅੰਗ ਰਚਤ ਸੀਗਾਰ ਖੋੜਸ,**
**ਤੇਈ ਗਨਿਕਾ ਰਚਤ ਸਕਲ ਸੀਗਾਰ ਜੀ॥**
**ਕੁਲਾ ਬਧੂ ਸਿਹਜਾ ਸਮੈ ਰਮੈ ਭਤਾਰ ਏਕ,**
**ਬੇਸ੍ਵਾ ਤਉ ਅਨੇਕ ਸੈ ਕਰਤ ਬਿਭਚਾਰ ਜੀ॥**
**ਕੁਲਾ ਬਧੂ ਸੰਗਮੁ ਸੁਜਸ ਨਿਰਦੋਖ ਮੋਖ,**
**ਬੇਸ੍ਵਾ ਪਰਸਤ ਅਪਜਸ ਹੁਇ ਬਿਕਾਰ ਜੀ॥**
**ਤੈਸੇ ਗੁਰਸਿਖਨ ਕਉ ਪਰਮ ਪਵਿਤ੍ਰ ਮਾਇਆ,**
**ਸੋਈ ਦੁਖਦਾਇਕ ਹੁਇ ਦਹਤਿ ਸੰਸਾਰ ਜੀ॥ 384॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

## ਸਾਖੀ—ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ

ਪੁਰਾਣਿਕ ਧਾਰਮਿਕ ਗ੍ਰੰਥਾਂ ਅਨੁਸਾਰ ਜ਼ਿਕਰ ਆਉਂਦਾ ਹੈ ਕਿ ਮਾਇਆ ਨੇ ਤ੍ਰਿਗੁਣੀ-ਰਾਜਸੀ, ਤਾਮਸੀ, ਸ਼ਾਂਤਕੀ-ਸੁਭਾਅ ਵਾਲੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਵੱਸ ਕੀਤੇ ਹੋਏ ਹਨ। ਵਿਸ਼ਨੂੰ ਨੇ ਜਲੰਧਰ ਦੈਂਤ ਦਾ ਰੂਪ ਧਾਰ ਕੇ ਬ੍ਰਿੰਦਾ ਰਾਖਸ਼ਣੀ ਦਾ ਸਤ ਤੋੜਿਆ ਸੀ। ਉਸ ਨੇ ਸਰਾਪ ਦਿੱਤਾ ਕਿ ਤੂੰ ਪੱਥਰ ਬਣ ਤਾਂ ਵਿਸ਼ਨੂੰ ਜੀ ਨੇ ਖ਼ੁਸ਼ ਹੋ ਕੇ ਕਿਹਾ ਕਿ ਤੂੰ ਮੇਰੇ 'ਤੇ ਤੁਲਸੀ ਦੇ ਪੱਤੇ ਬਣ ਕੇ ਚੜ੍ਹਿਆ ਕਰੇਂਗੀ। ਇਉਂ ਬ੍ਰਿੰਦਾ ਰਾਖਸ਼ਣੀ ਦੇ ਸਰਾਪ ਕਰਕੇ ਵਿਸ਼ਨੂੰ ਵੀ ਮਾਇਆ ਦੇ ਅਧੀਨ ਹੈ। ਬ੍ਰਹਮਾ ਵੀ ਆਪਣੀ ਪੁੱਤਰੀ 'ਤੇ ਮੋਹਿਤ ਹੋ ਗਿਆ ਸੀ। ਸੁੰਭ ਨਿਸੁੰਭ ਦੋ ਦੈਂਤਾਂ ਨੇ ਤਪ ਕਰਕੇ ਸ਼ਿਵਜੀ ਤੋਂ ਵਰ ਲਿਆ ਕਿ ਸਾਨੂੰ ਕੋਈ ਵੀ ਮਾਰ ਨਾ ਸਕੇ, ਪਰ ਸ਼ਿਵਜੀ ਨੇ ਕਿਹਾ, ਜੇਕਰ ਆਪਸ ਵਿਚ ਲੜੋਗੇ ਤਾਂ ਮਰੋਗੇ। ਇਹਨਾਂ ਕਿਹਾ, ਅਸੀਂ ਕਦੇ ਨਹੀਂ ਲੜਾਂਗੇ। ਇਹਨਾਂ ਨੇ ਦੇਵਤਿਆਂ ਨੂੰ ਤੰਗ ਕਰਨਾ ਸ਼ੁਰੂ ਕੀਤਾ ਤਾਂ ਇੰਦ੍ਰ ਨੇ ਬ੍ਰਹਮਾ ਪਾਸ ਬੇਨਤੀ ਕੀਤੀ। ਬ੍ਰਹਮਾ ਨੇ ਆਪਣੀ ਪੁੱਤਰੀ ਬਣਾ ਕੇ ਤਿਲੋਤਮਾ ਭੇਜੀ, ਜਿਸ ਦਾ ਅਸਲੀ ਨਾਮ ਸੁਰਸਤੀ ਸੀ ਤੇ ਤਿਲੋਤਮਾ ਉਪਨਾਮ ਸੀ। ਇਹ ਬਹੁਤ ਹੀ ਜ਼ਿਆਦਾ ਸੁੰਦਰ ਸੀ, ਇਸ ਦੀ ਸੁੰਦਰਤਾ ਬਿਆਨ ਨਹੀਂ ਕੀਤੀ ਜਾ ਸਕਦੀ ਸੀ। ਇਹ ਸੁੰਭ ਨਿਸੰਭ ਦੇ ਬਾਗ਼ ਵਿਚ ਜਾ ਬੈਠੀ। ਜਦੋਂ ਸੁੰਭ ਨਿਸੁੰਭ ਨੇ ਆ ਕੇ ਵੇਖਿਆ ਤਾਂ ਦੋਨੋਂ ਹੀ ਉਸ ਦੇ ਸੁੰਦਰ ਸਰੂਪ ਉੱਤੇ ਮੋਹਿਤ ਹੋ ਗਏ। ਉਸ ਨੇ ਕਿਹਾ ਕਿ ਮੈਂ ਦੋਹਾਂ ਵਿਚੋਂ ਇਕ ਨਾਲ ਸ਼ਾਦੀ ਕਰਾਂਗੀ। ਉਹ ਆਪਸ ਵਿਚ ਝਗੜਨ ਲੱਗ ਪਏ। ਸੁਰਸਤੀ ਨੇ ਕਿਹਾ ਕਿ ਤੁਸੀਂ ਆਪਸ ਵਿਚ ਜੰਗ ਕਰੋ। ਜਿਹੜਾ ਜਿੱਤ ਜਾਵੇਗਾ, ਉਹ ਮੇਰੇ ਨਾਲ ਸ਼ਾਦੀ ਕਰ ਲਵੇਗਾ। ਉਹ ਦੋਨੋਂ ਆਪਸ ਵਿਚ ਜੰਗ ਕਰਨ ਲੱਗ ਪਏ। ਪ੍ਰਮੇਸ਼ਰ ਦੀ ਐਸੀ ਨੇਤ ਹੋਈ ਕਿ ਦੋਹਾਂ ਦੇ ਵਾਰ ਇਕੱਠੇ ਹੋਏ ਅਤੇ ਦੋਨੋਂ ਹੀ ਮਾਰੇ ਗਏ। ਫਿਰ ਸੁਰਸਤੀ ਬ੍ਰਹਮਾ ਪਾਸ ਆ ਗਈ। ਬ੍ਰਹਮਾ ਵੀ ਉਸ ਦੇ ਸੁੰਦਰ ਸਰੂਪ 'ਤੇ ਮੋਹਿਤ ਹੋ ਗਿਆ। ਪਿਤਾ ਦੀ ਖੋਟੀ ਨੀਅਤ ਵੇਖ ਕੇ ਉਹ ਦੂਜੇ ਪਾਸੇ ਹੋਈ ਤਾਂ ਬ੍ਰਹਮਾ ਨੇ ਦੂਜੇ ਪਾਸੇ ਮੂੰਹ ਬਣਾ ਲਿਆ। ਸੁਰਸਤੀ ਚਾਰੇ ਪਾਸੇ ਘੁੰਮੀ ਤਾਂ ਬ੍ਰਹਮਾ ਨੇ

ਚਾਰੇ ਪਾਸੇ ਮੂੰਹ ਘੁੰਮਾ ਲਏ। ਫਿਰ ਉਹ ਆਕਾਸ਼ ਵਿਚ ਉੱਡਣ ਲੱਗੀ ਤਾਂ ਪੰਜਵਾਂ ਮੂੰਹ ਉਪਰ ਲਾ ਲਿਆ। ਸ਼ਿਵਜੀ ਨੇ ਤ੍ਰਿਸੂਲ ਮਾਰ ਕੇ ਪੰਜਵਾਂ ਮੂੰਹ ਕੱਟ ਦਿੱਤਾ। ਫਿਰ ਵੀ ਬ੍ਰਹਮਾ ਨਾ ਟਲਿਆ। ਉਸ ਨੇ ਕਾਮ ਅਧੀਨ ਹੋਇਆ ਆਪਣੀ ਪੁੱਤਰੀ ਸੁਰਸਤੀ ਤੋਂ ਰੋਹਣੀ ਨਾਮੀ ਪੁੱਤਰ ਪੈਦਾ ਕਰ ਹੀ ਦਿੱਤਾ। ਭਾਈ ਗੁਰਦਾਸ ਜੀ ਬ੍ਰਹਮਾ ਬਾਰੇ ਲਿਖਦੇ ਹਨ :

**ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।**
**ਲੋਕਾਂ ਨੋ ਸਮਝਾਇਦਾ ਵੇਖਿ ਸੁਰਸਤੀ ਰੂਪ ਲੋਭਾਣਾ।**

(ਵਾਰ ੧2, ਪਉੜੀ 7)

ਸ਼ਿਵਜੀ ਨੇ ਵਿਸ਼ਨੂੰ ਪਾਸ ਜਾ ਕੇ ਕਿਹਾ ਕਿ ਜੋ ਚੌਦਾਂ ਰਤਨ ਵੰਡਣ ਵੇਲੇ ਤੁਸੀਂ ਮੋਹਣੀ ਰੂਪ ਧਾਰਿਆ ਸੀ, ਉਹ ਰੂਪ ਮੈਨੂੰ ਦਿਖਾਉ। ਵਿਸ਼ਨੂੰ ਨੇ ਸਮਝਾਇਆ ਕਿ ਤੂੰ ਮੋਹਣੀ ਰੂਪ ਦੇਖ ਕੇ ਕੀ ਲੈਣਾ ਹੈ, ਤੇਰਾ ਸਾਰਾ ਗਿਆਨ-ਧਿਆਨ ਭੁੱਲ ਜਾਏਗਾ। ਨਾ ਮੰਨਿਆ ਤਾਂ ਵਿਸ਼ਨੂੰ ਜੀ ਉਥੋਂ ਹੀ ਗੁਪਤ ਹੋ ਗਏ। ਥੋੜੇ ਸਮੇਂ ਬਾਅਦ ਸ਼ਿਵਜੀ ਦੇ ਤਰਫ ਅਠਾਰਾਂ ਸਾਲ ਦੀ ਸੁੰਦਰ ਲੜਕੀ ਗੇਂਦ ਖੇਡਦੀ ਆਈ, ਜਿਸ ਦੀ ਚਾਲ ਬੜੀ ਅਨੋਖੀ ਸੀ। ਸ਼ਿਵਜੀ ਮੋਹਿਤ ਹੋ ਕੇ ਉਸ ਲੜਕੀ ਨੂੰ ਫੜਨ ਲੱਗਾ ਤਾਂ ਅੱਗੇ ਅੱਗੇ ਮੋਹਣੀ ਅਵਤਾਰ ਭਾਵ ਉਹ ਸੁੰਦਰ ਲੜਕੀ ਤੇ ਪਿੱਛੇ ਪਿੱਛੇ ਸ਼ਿਵਜੀ ਦੌੜਿਆ। ਸ਼ਿਵਜੀ ਦੇ ਜਿੰਨੇ ਵੀ ਉਪਾਸ਼ਕ ਸਨ, ਜੋਗੀ, ਜੰਗਮ, ਮਦਾਰੀ ਆਦਿ, ਸਾਰਿਆਂ ਦੇ ਆਸ਼ਰਮਾਂ 'ਤੇ ਮੋਹਣੀ ਅਵਤਾਰ ਨੇ ਫਿਰ ਕੇ ਸ਼ਿਵਜੀ ਦੀ ਐਸੀ ਹਾਲਤ ਦਿਖਾਈ। ਸ਼ਿਵਜੀ ਇਤਨਾ ਮੋਹਿਤ ਹੋਇਆ ਅਤੇ ਕਾਮ ਦੇ ਅਧੀਨ ਹੋ ਕੇ ਸ਼ਰਮ ਨਾ ਕੀਤੀ ਕਿ ਮੇਰੇ ਸੇਵਕ ਮੈਨੂੰ ਕੀ ਕਹਿਣਗੇ ? ਉਸ ਦੀ ਧਾਤੂ (ਵੀਰਜ) ਜੋ ਗੋਹੇ ਵਿਚ ਡਿੱਗੀ, ਉਸ ਤੋਂ ਗੋਰਖ ਦੀ ਉੱਤਪਤੀ ਹੋਈ। ਜੋ ਸਮੁੰਦਰ ਵਿਚ ਡਿੱਗੀ, ਉਹ ਮੱਛੀ ਨੇ ਨਿਗਲ ਲਈ, ਜਿਸ ਤੋਂ ਮਛੰਦਰ ਦੀ ਪੈਦਾਇਸ਼ ਹੋਈ। ਖੂਹ ਵਿਚ ਡਿੱਗੀ, ਉਥੋਂ ਪਾਰਾ ਪੈਦਾ ਹੋਇਆ। ਮੋਹਣੀ ਅਵਤਾਰ ਵੇਲੇ ਸ਼ਿਵਜੀ ਦੀ ਐਸੀ ਹਾਲਤ ਹੋਈ। ਸੋ ਤ੍ਰਿਗੁਣੀਆ, ਰਾਜਸੀ (ਬ੍ਰਹਮਾ), ਤਾਮਸੀ (ਸ਼ਿਵਜੀ), ਸ਼ਾਂਤਕੀ (ਵਿਸ਼ਨੂੰ), ਇਨ੍ਹਾਂ ਦੀ ਮਾਇਆ ਨੇ ਐਸੀ ਹਾਲਤ ਕੀਤੀ ਸੀ। ਤਾਂ ਹੀ ਪੰਚਮ ਗੁਰਦੇਵ ਇਸ ਪਵਿੱਤਰ ਮੁਖਵਾਕ ਅੰਦਰ ਅੱਗੇ ਇਸ ਤਰ੍ਹਾਂ ਉਪਦੇਸ਼ ਬਖ਼ਸ਼ ਰਹੇ ਹਨ :-

ਬਿਲਾਵਲੁ ਮਹਲਾ 5 ॥ ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥ ੧ ॥ ਰਹਾਉ ॥ ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥ ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥ ੧ ॥ ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥ ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥ 2 ॥ ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥ ਦ੍ਰਿਸਟਿ ਨ ਆਵਹਿ ਅੰਧ ਅਗਿਆਨੀ

**ਸੋਇ ਰਹਿਓ ਮਦ ਮਾਵਤ ਹੇ॥ 3 ॥ ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ॥ ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ॥ 4 ॥ 2 ॥ 88 ॥**

ਪਦ ਅਰਥ :- ਜਾ ਸਿਉ=ਜਿਸ ਨਾਲ। ਰਾਚਿ ਮਾਚਿ=ਰੱਚ ਮਿੱਚ ਕੇ, ਉਤਸ਼ਾਹ ਨਾਲ। ਮੋਹਨੀ=ਮਨ ਨੂੰ ਮੋਹਣ ਵਾਲੀ ਮਾਇਆ। ਮੋਹਾਵਤ=ਠੱਗ ਰਹੀ ਹੈ। ਕਾਮਿਨੀ=ਇਸਤਰੀ। ਸੇਜ ਸੋਹਨੀ=ਸੋਹਣੀ ਸੇਜਾ। ਖਿਨੈ ਮਹਿ=ਛਿਨ ਵਿਚ। ਜਾਵਤ=ਚਲੀ ਜਾਂਦੀ ਹੈ। ਉਰਝਿ ਰਹਿਓ=ਉਲਝਿਆ ਰਹਿੰਦਾ ਹੈ। ਇੰਦ੍ਰੀ ਰਸ ਪ੍ਰੇਰਿਓ=ਇੰਦ੍ਰੀਆਂ ਨੂੰ ਵਿਸ਼ੇ ਰਸ ਵਾਸ਼ਨਾ ਨੇ ਪ੍ਰੇਰਿਆ। ਬਿਖੈ ਠਗਉਰੀ=ਵਿਸ਼ਿਆਂ ਦੀ ਠੱਗ ਮੂਰੀ (ਬੂਟੀ)। ਤ੍ਰਿਣ=ਘਾਹ ਦੇ ਤੀਲਿਆਂ ਦਾ। ਮੰਦਰੁ=ਘਰ। ਸਾਜਿ ਸਵਾਰਿਓ=ਬਣਾ ਕੇ ਸਵਾਰਿਆ ਹੈ। ਪਾਵਕੁ=ਅੱਗ। ਤਲੈ=ਹੇਠ। ਜਰਾਵਤ=ਜਲਾਉਂਦਾ, ਬਾਲਦਾ ਹੈ। ਗੜ ਮਹਿ=(ਸਰੀਰ ਰੂਪੀ) ਕਿਲ੍ਹੇ ਵਿਚ। ਐਠਿ=ਆਕੜ ਵਿਚ। ਹਠੀਲੋ=ਹੱਠ ਤੇ ਜ਼ਿੱਦ ਵਾਲਾ। ਫੂਲਿ ਫੂਲਿ=ਫੁਲ ਫੁਲ ਕੇ, ਖ਼ੁਸ਼ ਹੋ ਕੇ। ਪੰਚ ਦੂਤ=ਕਾਮ ਆਦਿ ਪੰਜ ਵੈਰੀ। ਮੂਡ ਪਰਿ=ਸਿਰ ਉੱਤੇ। ਠਾਢੇ=ਖੜੋਤੇ ਹੋਏ ਹਨ। ਕੇਸ ਗਹੇ=ਕੇਸ ਫੜ ਕੇ। ਫੇਰਾਵਤ=ਫਿਰਾਂਦੇ (ਭਵਾਂਦੇ) ਹਨ। ਦ੍ਰਿਸਟਿ ਨ ਆਵਹਿ=ਨਜ਼ਰੀ ਨਹੀਂ ਆਉਂਦੇ। ਮਦ ਮਾਵਤ=ਹੰਕਾਰ ਦੇ ਨਸ਼ੇ ਵਿਚ ਮੱਤਾ। ਪਸਾਰਿ=ਖਿਲਾਰ ਕੇ। ਚੋਗ=ਚੋਗਾ, ਦਾਣੇ। ਬਿਸਥਾਰੀ= ਖਿਲਾਰੀ ਹੈ। ਫਾਹਾਵਤ=ਫਸਾਉਂਦੇ ਹਨ।

ਅਰਥ :- (ਹੇ ਭਾਈ !) ਪਰਮਾਤਮਾ ਦੇ (ਨਾਮ ਤੋਂ) ਬਿਨਾਂ (ਅੰਤਲੇ ਸਮੇਂ ਹੋਰ ਕੋਈ ਚੀਜ਼ ਤੇਰੇ) ਕੰਮ ਨਹੀਂ ਆਉਣੀ। ਜਿਸ ਮਨਮੋਹਣੀ ਮਾਇਆ ਨਾਲ ਤੂੰ ਰਚਿਆ ਮਿਚਿਆ ਪਿਆ ਹੈਂ; ਭਾਵ ਜਿਸ ਵਿਚ ਤੂੰ ਖਚਤ ਹੋ ਰਿਹਾ ਹੈਂ) ਉਹ ਮੋਹਣੀ ਮਾਇਆ (ਤੈਨੂੰ) ਠੱਗ ਰਹੀ ਹੈ।੧।ਰਹਾਉ।

(ਹੇ ਭਾਈ !) ਸੋਨਾ, ਇਸਤਰੀ, ਸੋਹਣੀ ਸੇਜਾ (ਇਹ ਸਭ ਕੁਝ ਇਕ ਛਿਨ ਵਿਚ ਛੱਡ ਕੇ ਮਨੁੱਖ ਇਸ ਸੰਸਾਰ ਤੋਂ ਚਲਾ) ਜਾਂਦਾ ਹੈ। (ਇਹ ਜੀਵ) ਇੰਦ੍ਰੀ (ਆਦਿ ਵਿਸ਼ੇ ਵਾਸ਼ਨਾ ਦੇ) ਸੁਆਦਾਂ ਦਾ ਪ੍ਰੇਰਿਆ ਹੋਇਆ ਵਿਸ਼ਿਆਂ ਦੀ ਬੂਟੀ ਖਾ ਰਿਹਾ ਹੈ।੧।

(ਹੇ ਭਾਈ ! ਜਿਵੇਂ ਕਿਸੇ ਨੇ ਕੱਖਾਂ ਦੇ) ਤੀਲਿਆਂ ਦਾ ਘਰ ਬਣਾ ਕੇ (ਉਸ ਨੂੰ) ਸਵਾਰਿਆ ਹੋਵੇ (ਅਤੇ ਉਸ ਦੇ) ਹੇਠ ਅੱਗ ਬਾਲ ਰਿਹਾ ਹੋਵੇ (ਇਹ ਸਰੀਰ ਕੱਖਾਂ ਦੇ ਘਰ ਦੀ ਤਰ੍ਹਾਂ ਛਿਨ ਭੰਗਰ ਹੈ)। ਫਿਰ ਅਗਿਆਨੀ ਮਨੁੱਖ (ਇਹੋ ਜਿਹੇ ਸਰੀਰ ਰੂਪੀ ਸੁੰਦਰ) ਕਿਲ੍ਹੇ ਵਿਚ ਵਿਸ਼ੇ ਵਿਕਾਰਾਂ ਦੀ ਅੱਗ ਬਾਲ ਕੇ) ਹੱਠ ਤੇ ਜ਼ਿੱਦ ਵਾਲਾ (ਮਨੁੱਖ) ਆਕੜ ਕੇ, ਫੁਲ ਫੁਲ ਕੇ (ਭਾਵ ਖ਼ੁਸ਼ ਹੋ ਹੋ ਕੇ) ਕੀ ਪ੍ਰਾਪਤ ਕਰ ਰਿਹਾ ਹੈ ?।੨।

(ਹੇ ਭਾਈ !) ਪੰਜ ਦੂਤ=ਕਾਮਾਦਿਕ ਵੈਰੀ (ਜੀਵ ਦੇ) ਮੂਡ=ਸਿਰ ਉੱਤੇ ਖੜੋਤੇ ਹਨ (ਅਤੇ ਜੋ ਕੇਸਾਂ ਤੋਂ ਫੜ ਕੇ ਭੁਆਂਦੇ ਹਨ)। ਪਰ ਅਗਿਆਨਤਾ ਕਰ ਕੇ ਅੰਨ੍ਹੇ ਹੋਏ (ਮਨੁੱਖ ਨੂੰ ਇਹ ਪੰਜ ਕਾਮ ਆਦਿ ਦੂਤ) ਨਜ਼ਰ ਨਹੀਂ ਆਉਂਦੇ, (ਕਿਉਂਕਿ ਇਹ ਹੰਕਾਰ ਦੇ) ਨਸ਼ੇ ਵਿਚ ਮਸਤ ਹੋਇਆ ਸੁੱਤਾ ਪਿਆ ਹੈ।੩।

(ਹੇ ਭਾਈ ! ਜਿਵੇਂ ਪੰਛੀਆਂ ਨੂੰ ਫੜਨ ਲਈ) ਜਾਲ ਖਿਲਾਰ ਕੇ ਚੋਗ ਖਿਲਾਰੀ=ਪਾਈ ਜਾਂਦੀ ਹੈ (ਤਿਵੇਂ ਪ੍ਰਭੂ ਨੇ) ਜੀਆਂ ਰੂਪੀ ਪੰਛੀਆਂ ਨੂੰ ਫਾਹਾਵਤ=ਫਸਾਉਣ ਲਈ ਮਾਇਆ ਮੋਹ ਦਾ ਚੋਗਾ ਪਾਇਆ, ਖਿਲਾਰਿਆ ਹੋਇਆ ਹੈ ਜਿਸ ਵਿਚ ਇਹ ਜੀਵ ਫਸ ਰਹੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮਾਇਆ ਦੇ) ਬੰਧਨ ਕੱਟਣ ਲਈ ਮੈਂ ਸਤਿਗੁਰੂ ਪੁਰਖ ਨੂੰ ਧਿਆਵਤ=ਸਿਮਰਦਾ ਹਾਂ।੪।੨।੮੮।

## ਵਿਆਖਿਆ ਤੇ ਸਾਰੰਸ਼

ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲਿਆਂ' ਨੇ ਇਸ ਸ੍ਰੀ ਮੁਖਵਾਕ ਦੀ ਇਸ ਪੰਗਤੀ 'ਤੇ ਇਹ ਸਾਖੀ ਲਗਾਈ ਹੈ। ਇਥੇ ਹੂ-ਬ-ਹੂ ਪ੍ਰਸੰਗ ਦੇ ਰਿਹੇ ਹਾਂ :

**ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥**

ਜਿਵੇਂ ਪ੍ਰਤੱਖ ਸੰਸਾਰ ਦੇ ਵਿਚ ਵੇਖੀਦਾ ਹੈ ਕਿ ਫੰਧਾ ਪਾ ਕੇ ਪੰਛੀਆਂ ਨੂੰ ਫੜਨ ਵਾਲਾ ਫੰਧਕ ਧਰਤੀ 'ਤੇ ਚੋਗ ਬਿਸਥਾਰੀ=ਖਿਲਾਰ ਕੇ, ਖਿੰਡਾ ਕੇ ਜਾਲੁ ਪਸਾਰਿ=ਜਾਲ ਨੂੰ ਪਸਾਰ ਕੇ ਪੰਛੀਆਂ ਨੂੰ ਫਸਾਉਂਦਾ ਹੈ, ਇਸੇ ਤਰ੍ਹਾਂ ਮਾਇਆ ਰੂਪ ਸ਼ਿਕਾਰੀ ਨੇ ਵਿਸ਼ਿਆਂ ਰੂਪੀ ਚੋਗ ਖਿਲਾਰ ਕੇ ਮੋਹ ਰੂਪੀ ਜਾਲ ਪਸਾਰਿਆ ਹੋਇਆ ਹੈ, ਜੀਵ ਰੂਪੀ ਪੰਛੀਆਂ ਨੂੰ ਇਸੇ ਤਰ੍ਹਾਂ ਫਸਾਇਆ ਜਾ ਰਿਹਾ ਹੈ।

**ਯਥਾ : ੧. ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥**
**ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥**

(ਮਾਰੂ ਮਹਲਾ ੧, ਅੰਗ 990)

**2. ਫਿਰਿ ਫਿਰਿ ਫਾਹੀ ਫਾਸੈ ਕਊਆ॥ ਫਿਰਿ ਪਛੁਤਾਨਾ ਅਬ ਕਿਆ ਹੂਆ॥**
**ਫਾਥਾ ਚੋਗ ਚੁਗੈ ਨਹੀ ਬੂਝੈ॥ ਸਤਗੁਰੁ ਮਿਲੈ ਤ ਆਖੀ ਸੂਝੈ॥**

(ਰਾਮਕਲੀ ਮਹਲਾ ੧, ਅੰਗ 935)

**3. ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ॥**
**ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ॥**

(ਮਾਰੂ ਮਹਲਾ ੧, ਅੰਗ ੧0੧੧)

## ਸਾਖੀ—ਪੰਛੀਆਂ ਦੇ ਜਾਲ ਵਿਚ ਫਸਣ ਦੀ

ਇਕ ਜੰਗਲ ਵਿਚ ਇਕ ਤਪੱਸਵੀ ਮਹਾਂਪੁਰਸ਼ ਆਪਣੀ ਕੁਟੀਆ ਬਣਾ ਕੇ ਰਿਹਾ ਕਰਦੇ ਸਨ। ਉਸੇ ਜੰਗਲ ਵਿਚ ਇਕ ਸ਼ਿਕਾਰੀ ਨਿਤਾਪ੍ਰਤੀ ਸ਼ਿਕਾਰ ਕਰਨ ਆਇਆ ਕਰਦਾ ਸੀ। ਸ਼ਿਕਾਰੀ ਜਾਲ ਖਿਲਾਰ ਕੇ ਪੰਛੀਆਂ ਨੂੰ ਫੜਿਆ ਕਰਦਾ ਸੀ। ਉਹ ਪੰਛੀ ਜਾਲ ਵਿਚ ਫਸ ਕੇ ਰੋਂਦੇ ਕੁਰਲਾਉਂਦੇ ਹੋਏ ਜਾਇਆ ਕਰਦੇ ਸਨ। ਮਹਾਂਪੁਰਸ਼ਾਂ ਨੂੰ ਇਹ ਦੇਖ ਕੇ ਦਇਆ ਆ ਗਈ। ਅਠਾਹਠ ਤੀਰਥਾਂ ਦੇ ਇਸ਼ਨਾਨ ਨਾਲੋਂ ਦਇਆ

ਦਾ ਪੁੰਨ ਪ੍ਰਵਾਨ ਮੰਨਿਆ ਹੈ। ਸਿਮਰਨ ਦੇ ਪ੍ਰਤਾਪ ਨਾਲ ਮਹਾਂਪੁਰਸ਼ਾਂ ਦੀ ਗੱਲ ਪੰਛੀ ਸਮਝਦੇ ਸਨ ਤੇ ਪੰਛੀਆਂ ਦੀ ਗੱਲ ਮਹਾਂਪੁਰਸ਼ ਸਮਝਦੇ ਸਨ। ਮਹਾਂਪੁਰਸ਼ਾਂ ਨੇ ਜੰਗਲ ਦੇ ਪੰਛੀ ਇਕੱਤਰ ਕੀਤੇ ਅਤੇ ਉਹਨਾਂ ਨੂੰ ਕਿਹਾ ਕਿ ਤੁਸੀਂ ਕਿਉਂ ਦੁਖੀ ਹੁੰਦੇ ਹੋ, ਤੁਹਾਨੂੰ ਨਿਤ ਹੀ ਇਹ ਸ਼ਿਕਾਰੀ ਮਾਰ-ਮਾਰ ਕੇ ਆਪਣਾ ਧੰਧਾ ਤੋਰਦਾ ਹੈ। ਪੰਛੀਆਂ ਨੇ ਕਿਹਾ ਕਿ ਮਹਾਰਾਜ ! ਇਸ ਤੋਂ ਬਚਿਆ ਕਿਵੇਂ ਜਾਵੇ ? ਇਸ ਦਾ ਕੋਈ ਉਪਾਅ ਹੋ ਸਕਦਾ ਹੈ ? ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਉਪਾਅ ਤਾਂ ਹੈ, ਪਰ ਹੋਵੇਗਾ ਮੰਨਣ ਨਾਲ। ਤੁਹਾਨੂੰ ਚੋਗੇ ਦਾ ਲਾਲਚ ਫਸਾ ਰਿਹਾ ਹੈ। ਬਹੁਤਾ ਚੋਗਾ ਵੇਖ ਕੇ ਲਾਲਚ ਵਿਚ ਆ ਜਾਂਦੇ ਹੋ। ਪੇਟ ਭਰਨ ਲਈ ਮਿਹਨਤ ਕਰਕੇ ਭਾਵੇਂ ਦੂਰ ਜਾਣਾ ਪਵੇ, ਚੋਗਾ ਥੋੜ੍ਹਾ ਮਿਲੇ, ਪਰ ਤੁਹਾਡੀ ਮਿਹਨਤ ਦਾ ਫਲ ਹੋਵੇਗਾ। ਉਹ ਤੁਹਾਨੂੰ ਫਸਾਏਗਾ ਨਹੀਂ; ਇਹ ਚੋਗਾ ਤਾਂ ਸ਼ਿਕਾਰੀ ਦੀ ਨਿਰੀ ਠੱਗੀ ਹੈ। ਇਸ ਧੋਖੇ ਤੋਂ ਬਚਣ ਲਈ ਮੈਂ ਤੁਹਾਨੂੰ ਗੁਰਮੰਤ੍ਰ ਦਿੰਦਾ ਹਾਂ, ਉਸ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲੈਣਾ। ਮਹਾਂਪੁਰਸ਼ਾਂ ਨੇ ਪੰਛੀਆਂ ਨੂੰ ਇਹ ਸਬਕ ਦੇ ਦਿੱਤਾ। ਫੰਧਕ ਆਏਗਾ, ਚੋਗ ਖਿੰਡਾਏਗਾ, ਜਾਲ ਚ ਫਸਾਏਗਾ, ਚੋਗਾ ਨਹੀਂ ਚੁਗਣਾ, ਜਾਲ ਚ ਨਾ ਫਸਣਾ। ਪੰਛੀ ਸਾਰਾ ਦਿਨ ਇਹ ਪੰਗਤੀਆਂ ਰਟਦੇ ਰਹੇ ਤੇ ਸ਼ਿਕਾਰੀ ਬੜਾ ਹੈਰਾਨ ਹੋਇਆ ਕਿ ਅੱਜ ਕੋਈ ਭੀ ਪੰਛੀ ਨਹੀਂ ਫਸ ਰਿਹਾ ਪਰ ਸ਼ਿਕਾਰੀ ਨੂੰ ਇਹ ਭੀ ਪਤਾ ਚੱਲ ਗਿਆ ਕਿ ਇਹਨਾਂ ਨੂੰ ਪੱਟੀ ਪੜ੍ਹਾਉਣ ਵਾਲਾ ਇਸੇ ਜੰਗਲ ਵਿਚ ਰਹਿਣ ਵਾਲਾ ਇਹ ਸੰਤ ਹੈ, ਜਿਸ ਦੇ ਨਾਲ ਸਾਡੀ ਬਣਦੀ ਨਹੀਂ। ਜੇ ਮੈਂ ਸੰਤ ਨੂੰ ਕੁਝ ਕਹਿੰਦਾ ਹਾਂ ਕਿ ਤੂੰ ਮੇਰਾ ਕੰਮ ਵਿਗਾੜਿਆ ਹੈ ਤਾਂ ਸਾਡਾ ਬਾਦਸ਼ਾਹ ਇਸ ਸੰਤ ਨਾਲ ਬਹੁਤ ਹੀ ਪਿਆਰ ਕਰਦਾ ਹੈ, ਬਾਦਸ਼ਾਹ ਵਲੋਂ ਸਜ਼ਾ ਹੋ ਜਾਏਗੀ। ਸ਼ਿਕਾਰੀ ਸਬਰ ਧਾਰ ਕੇ ਬੈਠ ਰਿਹਾ। ਜਦੋਂ ਸ਼ਾਮ ਹੋ ਗਈ ਤਾਂ ਪੰਛੀ ਉਨ੍ਹਾਂ ਅੱਖਰਾਂ ਦਾ ਰਟਨ ਲਾਉਂਦੇ ਹੋਏ ਸੰਤਾਂ ਦੇ ਸ਼ਬਦ ਦਾ ਅਰਥ ਭੁੱਲ ਕੇ ਚੋਗਾ ਚੁਗਣ ਲੱਗ ਪਏ। ਜਿਉਂ ਹੀ ਚੋਗੇ ਦਾ ਲਾਲਚ ਕੀਤਾ, ਜਾਲ ਵਿਚ ਫਸ ਗਏ। ਤਾਂ ਫੰਧਕ ਇਨ੍ਹਾਂ ਨੂੰ ਇਕੱਠੇ ਕਰ ਕੇ ਲਈ ਜਾ ਰਿਹਾ ਹੈ। ਜਦੋਂ ਸੰਤਾਂ ਦੀ ਕੁਟੀਆ ਦੇ ਮੂਹਰੇ ਦੀ ਲੰਘਿਆ ਤਾਂ ਮਹਾਂਪੁਰਸ਼ਾਂ ਨੇ ਫੰਧਕ ਨੂੰ ਕਿਹਾ ਕਿ ਜ਼ਰਾ ਰੁਕੀਂ; ਮੈਂ ਪੰਛੀਆਂ ਨਾਲ ਗੱਲ ਕਰਨੀ ਹੈ। ਪੰਛੀ ਇਕਸੁਰ ਹੋ ਕੇ ਕਹਿ ਰਹੇ ਸਨ : ਫੰਧਕ ਆਏਗਾ, ਚੋਗ ਖਿੰਡਾਏਗਾ, ਜਾਲ ਚ ਫਸਾਏਗਾ, ਚੋਗਾ ਨਹੀਂ ਚੁਗਣਾ, ਫੰਧੇ ਮੇਂ ਨਹੀਂ ਫਸਣਾ। ਮਹਾਂਪੁਰਸ਼ ਸੁਣ ਕੇ ਹੱਸੇ ਤੇ ਕਹਿਣ ਲੱਗੇ ਕਿ ਮੂਰਖੋ ! ਜਦੋਂ ਚੋਗੇ ਦਾ ਤਿਆਗ ਹੀ ਨਹੀਂ ਕੀਤਾ, ਫੰਧੇ ਵਿਚ ਫਸੇ ਹੋਏ ਹੋ, ਹੋਰ ਕਿਵੇਂ ਫਸੋਗੇ ? ਬੱਸ ਹੁਣ ਤਾਂ ਮਰਨਾ ਹੀ ਬਾਕੀ ਹੈ, ਬਾਕੀ ਤਾਂ ਸਭ ਕੁਝ ਹੋ ਗਿਆ। ਜੇ ਤੁਸੀਂ ਬਚਨ ਦੀ ਕਮਾਈ ਕਰਦੇ ਤਾਂ ਕਾਹਨੂੰ ਫਸਦੇ ?

**ਯਥਾ : ਰੂਪ ਕਿ ਲੋਭ ਪਤੰਗ ਦਹੇ ਅਰੁ ਚੋਗ ਕਿ ਲੋਭ ਬਿਹੰਗ ਫਹਾਏ॥**

(ਭਾਵਰ ਸਾਮ੍ਰਿਤ, ਸੂਯਾ 38)

ਇਸ ਦਾ ਦ੍ਰਿਸ਼ਟਾਂਤ ਹੈ—ਸੰਸਾਰ ਇਕ ਜੰਗਲ ਹੈ, ਇਸੇ ਸੰਸਾਰ ਜੰਗਲ ਵਿਚ ਮਹਾਂਪੁਰਸ਼ ਰਹਿ ਰਹੇ ਹਨ, ਮਾਇਆ ਸ਼ਿਕਾਰੀ ਦੀ ਨਿਆਈਂ ਹੈ, ਪਦਾਰਥ ਰੂਪ ਚੋਗਾ ਹੈ, ਮੋਹ ਰੂਪ ਜਾਲ ਹੈ, ਜੀਵ ਰੂਪ ਪੰਛੀ ਹਨ, ਪਦਾਰਥਾਂ ਦੇ ਲਾਲਚ ਕਰ ਕੇ ਜੀਵ ਰੂਪੀ ਪੰਛੀ ਮੋਹ ਦੇ ਜਾਲ ਵਿਚ ਫਸ ਰਹੇ ਹਨ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਯਥਾ : ਜਿਉ ਪੰਖੀ ਕਪੋਤਿ ਆਪੁ ਬੰਨ੍ਾਇਆ ਮੇਰੀ ਜਿੰਦੁੜੀਏ**
**ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥**

(ਬਿਹਾਗੜਾ ਮਹਲਾ 4, ਅੰਗ 538)

ਸੋ ਜੇ ਕੋਈ ਮਹਾਂਪੁਰਸ਼ਾਂ ਦਾ ਬਚਨ ਮੰਨ ਕੇ ਪਦਾਰਥਾਂ ਰੂਪੀ ਚੋਗੇ ਅਥਵਾ ਵਿਸ਼ੇ ਰੂਪੀ ਚੋਗੇ ਦਾ ਤਿਆਗ ਕਰ ਦੇਵੇ, ਉਹ ਜੀਵ ਗੁਰੂ ਕਿਰਪਾ ਦੁਆਰਾ ਤਰ ਜਾਂਦਾ ਹੈ।

**ਯਥਾ : ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥**

(ਸੂਹੀ ਮਹਲਾ 5, ਅੰਗ 747)

ਪਰ ਇਸ ਜੀਵ ਨੇ ਗੁਰੂ, ਪੀਰਾਂ, ਮਹਾਂਪੁਰਸ਼ਾਂ ਦੀ ਸਿਖਿਆ ਨੂੰ ਤਾਂ ਰੱਟਾ ਲਾਇਆ ਹੋਇਆ ਹੈ, ਪਰ ਉਸ 'ਤੇ ਅਮਲ ਨਹੀਂ ਕਰਦੇ, ਜਿਸ ਲਈ ਜੰਮਣ-ਮਰਣ ਰੂਪੀ ਫੰਧੇ ਵਿਚ ਫਸਦੇ ਹਨ।

**ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ॥ 4॥ 2॥ 88॥**

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮਾਇਆ ਦੇ ਬੰਧਨ=ਬੰਧਨਾਂ ਦੇ ਕਾਟਨ=ਕੱਟਣ ਨੂੰ ਮੈਂ ਦਾਸ, ਸਤਿਗੁਰੂ ਪੁਰਖ ਨੂੰ ਧਿਆਵਤ ਹੇ=ਧਿਆਉਂਦਾ ਹਾਂ।

(ਗੁਰਵਾਕ ਚਾਨਣ, ਭਾਗ ਦੂਜਾ ਵਿਚੋਂ ਧੰਨਵਾਦ ਸਹਿਤ)

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧੮੧ (ਆਦਿ ਅੰਗ 823)

## ਬਿਲਾਵਲੁ ਮਹਲਾ 5 ॥

ਗੁਰਿ ਪੂਰੈ ਮੇਰੀ ਰਾਖਿ ਲਈ ॥ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧ ॥ਰਹਾਉ॥ ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧ ॥ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥ 2 ॥੧2 ॥ 98 ॥

## ਪ੍ਰਾਕ੍ਰਥਨ :

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ੍ਰੀ ਮੁਖਵਾਕ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਦੂਸਰੀ ਪੰਗਤੀ ਅੰਦਰ ਹਜ਼ੂਰ ਨੇ ਜਨਮਾਂ ਜਨਮਾਂਤਰਾਂ ਦੀ ਲੱਗੀ ਮੈਲ ਨਾਮ ਰਾਹੀਂ ਨਵਿਰਤ ਹੋਈ ਦੱਸੀ ਹੈ।

## ਵਿਸ਼ਾ — ਜਨਮ ਜਨਮ ਕੀ ਮੈਲ ਗਈ

ਗੁਰਬਾਣੀ ਅੰਦਰ ਹਜ਼ੂਰ ਨੇ ਦੱਸਿਆ ਹੈ ਕਿ ਇਸ ਮਨ ਨੂੰ ਇਕ ਜਨਮ ਦੀ ਮੈਲ ਨਹੀਂ ਲੱਗੀ, ਸਗੋਂ ਅਨੰਤ ਜਨਮਾਂ ਦੀ ਮੈਲ ਲੱਗੀ ਹੋਈ ਹੈ :

**ਜਨਮ ਜਨਮ ਕੀ ਇਸ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**
**ਖੰਨਲੀ ਧੋਤੀ ਉਜਲੀ ਨ ਹੋਵੀ ਜੇ ਸਉ ਧੋਵਣ ਪਾਹੁ ॥** (ਅੰਗ 651)

ਸੁਆਲ ਉੱਠਦਾ ਹੈ ਕਿ ਇਹ ਮੈਲ ਕਿਹੜੀ ਹੈ ਅਤੇ ਕਿਸ ਤਰ੍ਹਾਂ ਦੀ ਮੈਲ ਲੱਗੀ ਹੋਈ ਹੈ ?

ਸਿਰੀਰਾਗੁ ਮਹਲਾ 3 ॥

**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥**
**ਮਲਿ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥**
**ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥**
**ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥ ੧॥**
**ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥**
**ਮਨਮੁਖ ਹਰਿ ਹਰਿ ਕਰ ਥਕੇ ਮੈਲੁ ਨ ਸਕੀ ਧੋਇ॥ ੧॥ ਰਹਾਉ॥**
**ਮਨ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥**
**ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥**
**ਗੁਰ ਪਰਸਾਦੀ ਮਨ ਵਸੈ ਮਲੁ ਹਉਮੈ ਜਾਇ ਸਮਾਇ॥** (ਅੰਗ 39)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਿਸ ਸਮੇਂ ਸੱਜਣ ਠੱਗ ਮਿਲਿਆ ਹੈ, ਤਾਂ ਉਸ ਦੇ ਸਰੀਰ ਦਾ ਪਹਿਰਾਵਾ, ਉਪਰਲਾ ਲਿਬਾਸ ਵੇਖ ਕੇ ਅਤੇ ਉਸ ਦੇ ਕਰਮ ਤੱਕ ਕੇ ਹਜ਼ੂਰ ਨੇ ਉਸ ਨੂੰ ਸ਼ਬਦ ਰਾਹੀਂ ਉਪਦੇਸ਼ ਦਿੱਤਾ ਹੈ। ਉਸ ਦੇ ਅੰਦਰ ਜੋ ਮੰਦ ਕਰਮਾਂ ਦੀ ਅਥਵਾ ਪਾਪਾਂ ਦੀ ਮੈਲ ਲੱਗੀ ਸੀ, ਗੁਰਦੇਵ ਨੇ ਉਹ ਇਸ ਤਰ੍ਹਾਂ ਦੱਸੀ ਹੈ। ਹੇ ਸੱਜਣ ! ਜਿਸ ਤਰ੍ਹਾਂ ਕੈਂਹ ਦਾ ਭਾਂਡਾ ਬੜਾ ਚਿਲਕਣਾ ਹੁੰਦਾ ਹੈ, ਪਰ ਵਿਚ ਕਾਲਖ ਹੁੰਦੀ

ਹੈ, ਇਸੇ ਤਰ੍ਹਾਂ ਹੇ ਸੱਜਣ ! ਤੇਰਾ ਲਿਬਾਸ ਬਾਹਰਲਾ ਬੜਾ ਸੁੰਦਰ ਹੈ, ਪਰ ਅੰਦਰ ਤੇਰੇ ਪਾਪਾਂ ਦੀ ਕਾਲਖ ਭਰੀ ਪਈ ਹੈ। ਜਿਵੇਂ ਬਗਲਾ ਚਿੱਟੇ ਲਿਬਾਸ ਵਿਚ ਪਾਣੀ ਦੇ ਕਿਨਾਰੇ ਅੱਖਾਂ ਮੀਟ ਕੇ ਮੱਛੀਆਂ ਪਕੜਨ ਵਾਸਤੇ ਬੈਠਦਾ ਹੈ, ਏਸੇ ਤਰ੍ਹਾਂ ਤੇਰਾ ਜੀਵਨ ਬਗਲੇ ਜੈਸਾ ਹੈ।

ਤੀਸਰਾ ਦ੍ਰਿਸ਼ਟਾਂਤ ਸਿੰਮਲ ਰੁੱਖ ਦਾ ਦਿੱਤਾ ਹੈ ਜਿਸ ਨੂੰ ਦੇਖ ਕੇ ਪੰਛੀਆਂ ਨੂੰ ਭੁਲੇਖਾ ਪੈ ਜਾਂਦਾ ਹੈ। ਏਸੇ ਤਰ੍ਹਾਂ ਤੇਰੇ ਲਿਬਾਸ ਨੂੰ ਦੇਖ ਕੇ ਕਈਆਂ ਨੂੰ ਭੁਲੇਖਾ ਲੱਗ ਜਾਂਦਾ ਹੈ ਕਿ ਸੱਜਣ ਬੜਾ ਧਰਮੀ ਹੋਵੇਗਾ।

**ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠ ਨ ਉਤਰੈ ਜੇ ਸਉ ਧੋਵਾ ਤਿਸੁ॥ ੧॥**
**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥ ਰਹਾਉ॥**
**ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥**
**ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥ 2॥**
**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨ੍ਹਿ॥ 3॥**
**ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥**
**ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥ 4॥**
**ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥**
**ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ 5॥**
**ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥**
**ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ 6॥ ੧॥ 3॥** (ਅੰਗ 729)
**ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥** (ਅੰਗ 525)

ਅੰਤਰਿ ਮਲਿ=ਅੰਦਰ ਨੂੰ, ਮਨ ਨੂੰ ਤੇ ਅੰਤਸ਼ਕਰਣ ਨੂੰ ਮੈਲ ਲੱਗੀ ਹੋਈ ਹੈ। ਇਸ ਸੰਬੰਧ ਵਿਚ ਹਜ਼ੂਰ ਦਾ ਫ਼ੁਰਮਾਨ ਹੈ :

**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥**
**ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥** (ਅੰਗ 39)
**ਅੰਤਰਿ ਮੈਲੁ ਤੀਰਥ ਭਰਮੀਜੈ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥** (ਅੰਗ 905)

ਪਰ ਇਹ ਗੱਲ ਮਨੁੱਖ ਕਿਵੇਂ ਕਹਿ ਦੇਵੇ ਕਿ ਮੇਰੇ ਮਨ ਨੂੰ ਮੈਲ ਲੱਗੀ ਹੋਈ ਹੈ। ਇਹ ਗੱਲ ਕਹਿਣ

ਤੋਂ ਤਾਂ ਮਨੁੱਖ ਸੰਕੋਚ ਕਰਦਾ ਹੈ, ਭਾਵੇਂ ਉਹ ਆਨੰਤ ਮੈਲ ਨਾਲ ਹੀ ਲਿਬੜਿਆ ਕਿਉਂ ਨਾ ਹੋਵੇ।

ਤੁਸੀਂ ਕਈ ਇਹੋ ਜਿਹੇ ਮਨੁੱਖ ਵੀ ਦੇਖੋਗੇ ਕਿ ਜਿਹੜੇ ਅੰਦਰੋਂ ਬਾਹਰ ਨਿਕਲਦੇ ਹੀ ਨਹੀਂ, ਪਰ 'ਇਸ਼ਨਾਨ' ਤਾਂ ਉਹਨਾਂ ਨੂੰ ਵੀ ਕਰਨਾ ਪੈਂਦਾ ਹੈ। ਥੋੜੀ ਦੇਰ ਕੁਝ ਦਿਨ ਉਨ੍ਹਾਂ ਨੂੰ ਜੇਕਰ ਇਸੇ ਤਰ੍ਹਾਂ ਹੀ ਭਾਵ ਬਿਨਾਂ ਇਸ਼ਨਾਨ ਕੀਤੇ ਤੋਂ ਬੀਤ ਜਾਣ ਤਾਂ ਉਨ੍ਹਾਂ ਦੇ ਅੰਦਰੋਂ ਪਸੀਨਾ ਨਿਕਲਣਾ ਸ਼ੁਰੂ ਹੋ ਜਾਵੇਗਾ। ਭਾਵ ਕਿ ਜਿਹੜੀ ਮੈਲ ਹੈ, ਉਹ ਪਸੀਨੇ ਦੇ ਰੂਪ ਵਿਚ ਬਾਹਰ ਨਿਕਲਦੀ ਹੈ। ਸੋ ਮਨੁੱਖ ਦੇ ਅੰਦਰ ਹੀ ਇਤਨੀ ਮੈਲ ਹੈ ਕਿ ਇਸ ਮੈਲ ਦਾ ਕਥਨ ਕਰਨਾ ਹੀ ਬੜਾ ਕਠਿਨ ਹੈ। ਜੇਕਰ ਦੂਸਰੀਆਂ ਜੂਨਾਂ ਦੇ ਮੁਤਾਬਿਕ ਮਨੁੱਖਾ ਜੂਨ ਵੇਖੀਏ ਤਾਂ ਇਹ ਬਹੁਤ ਮਲੀਨ ਹੈ।

ਜੰਗਲ ਦੇ ਅੰਦਰ ਜਿਹੜੇ ਪੰਛੀ ਹਨ, ਕਦੇ ਉਹਨਾਂ ਅੰਦਰ ਮੈਲ ਪ੍ਰਗਟ ਹੋਈ ਹੈ ? ਕਦੇ ਉਹਨਾਂ ਨੂੰ ਨਹਾਉਣ ਦੀ ਲੋੜ ਪਈ ਹੈ ? ਜੇਕਰ ਕੋਈ ਵੀ ਪੰਛੀ ਤੁਸੀਂ ਫੜੋਗੇ ਤਾਂ ਉਸ ਤੋਂ ਤੁਹਾਨੂੰ ਕਿਸੇ ਵੀ ਪ੍ਰਕਾਰ ਦੀ ਬਦਬੂ ਨਹੀਂ ਆਵੇਗੀ, ਪਰੰਤੂ ਜੇਕਰ ਮਨੁੱਖ ਨੇ ਚਾਰ ਦਿਨ ਵੀ ਨਾ ਇਸ਼ਨਾਨ ਕੀਤਾ ਹੋਵੇ ਤਾਂ ਕੋਈ ਵੀ ਉਸ ਦੇ ਨੇੜੇ ਨਹੀਂ ਹੋ ਸਕੇਗਾ। ਦੂਜੇ ਦੀ ਤਾਂ ਗੱਲ ਛੱਡੋ, ਉਹ ਇਹ ਗੱਲ ਆਪ ਹੀ ਮਹਿਸੂਸ ਕਰੇਗਾ ਕਿ ਮੈਂ ਚਾਰ ਦਿਨ ਤੋਂ ਇਸ਼ਨਾਨ ਨਹੀਂ ਕੀਤਾ। ਜੇਕਰ ਇਹ ਸਵੇਰੇ ਇਸ਼ਨਾਨ ਨਾ ਕਰੇ ਤਾਂ ਵੀ ਇਸ ਕੋਲੋਂ ਬਦਬੂ ਆਉਣੀ ਸ਼ੁਰੂ ਹੋ ਜਾਵੇਗੀ। ਮਨੁੱਖ ਦੇ ਅੰਦਰ ਹੰਕਾਰ ਵੀ ਬਹੁਤ ਹੈ। ਅਨੰਤ ਜਨਮਾਂ ਦੀ ਮੈਲ ਇਸ ਦੇ ਅੰਦਰ ਲੱਗੀ ਹੋਈ ਹੈ। ਇਸ ਨੇ ਜੋ ਪੂਰਬਲੇ ਜਨਮਾਂ ਵਿਚ ਪਾਪ ਕਰਮ ਕੀਤੇ ਹਨ, ਉਨ੍ਹਾਂ ਪਾਪਾਂ ਦੀ ਮੈਲ ਲੱਗੀ ਹੈ।

ਪਾਪ ਗ੍ਰੰਥਾਂ ਅੰਦਰ ਵੱਖ-ਵੱਖ ਰੂਪ ਵਿਚ ਦੱਸੇ ਹਨ। ਮਹਾਂਭਾਰਤ ਵਿਚ ਦਸ ਤਰ੍ਹਾਂ ਦੇ ਪਾਪ ਦੱਸੇ ਹਨ — ੧. ਹਿੰਸਾ, ੨. ਚੋਰੀ, ੩. ਪਰ-ਇਸਤਰੀ ਗਮਨ, ੪. ਝੂਠ, ੫. ਫਿੱਕਾ ਬੋਲ, ੬. ਚੁਗਲੀ, ੭. ਵਾਅਦਾ ਖ਼ਿਲਾਫ਼ੀ, ੮. ਬੁਰਾ ਚਿਤਵਨਾ, ੯. ਬੇਰਹਿਮੀ, ੧੦. ਪੁੰਨ-ਦਾਨ ਕਰਕੇ ਉਸ ਦੀ ਕਾਮਨਾ ਕਰਨੀ।

ਮਨੂੰ ਸਿੰਮਰਤੀ ਦੇ ੧੧ ਧਿਆਏ ਦੇ ਸਲੋਕ ੫੪ ਵਿਚ ਪੰਜ ਪਾਪ ਦੱਸੇ ਹਨ — ੧. ਸ਼ਰਾਬ ਪੀਣੀ, ੨. ਬ੍ਰਹਮ ਹੱਤਿਆ, ੩. ਚੋਰੀ, ੪. ਗੁਰੂ ਦੀ ਇਸਤਰੀ ਭੋਗਣੀ, ੫. ਇੰਨ੍ਹਾਂ ਪਾਪੀਆਂ ਨਾਲ ਮੇਲ ਕਰਨਾ।

ਬਾਈਬਲ ਵਿਚ ਸੱਤ ਪਾਪ ਦੱਸੇ ਹਨ — ੧. ਅਭਿਮਾਨ, ੨. ਬਿਭਚਾਰ, ੩. ਈਰਖਾ, ੪. ਕਰੋਧ, ੫. ਲੋਭ, ੬. ਜੀਭ ਰਸ, ੭. ਆਲਸ।

ਰਹਿਤਨਾਮੇ ਅਨੁਸਾਰ ਚਾਰ ਬੱਜਰ ਕੁਰਹਿਤਾਂ ਚਾਰ ਪਾਪ ਹਨ — ਹੁੱਕਾ, ਹਜਾਮਤ, ਹਲਾਲ ਹਰਾਮ ਭਾਵ ਜਗਤ ਜੂਠ ਤਮਾਕੂ ਸੇਵਨ, ਮੁੰਡਨ=ਰੋਮਾਂ ਦੀ ਬੇਅਦਬੀ, ਵਿਭਚਾਰ=ਪਰ-ਇਸਤਰੀ ਗਮਨ, ਕੁੱਠਾ ਮਾਸ ਖਾਣਾ, ਪੰਜਵਾਂ ਸ਼ਰਾਬ ਪੀਣੀ ਹੈ।

ਜਿਸ ਮਨੁੱਖ ਨੇ ਆਪਣਾ ਅੰਦਰਲਾ ਮੈਲ ਵਾਲਾ ਮਨ ਸ਼ੁੱਧ ਨਹੀਂ ਕੀਤਾ (ਤਾਂ) ਬਾਹਰਲਾ ਲਿਬਾਸ ਉਦਾਸੀਨਤਾ ਵਾਲਾ ਧਾਰਨ ਦਾ ਕੀ ਲਾਭ ਹੋਇਆ ? ਸਰੀਰ ਅੰਦਰ ਜੋ ਹਿਰਦਾ ਕਮਲ ਹੈ, ਉਸ ਵਿਚ

ਬ੍ਰਹਮ ਨੂੰ ਨਹੀਂ ਜਾਣਿਆ ਤਾਂ ਕਿਸ ਲਈ ਸੰਨਿਆਸੀ ਤਿਆਗੀ ਬਣਿਆ ? ਭਾਵ ਸੰਨਿਆਸੀ ਪਣਾ ਨਿਸਫਲ ਹੈ। ਹੇ ਜੈ ਚੰਦ ! ਇਕੱਲੀ ਤੇਰੀ ਬੁਧੀ ਹੀ ਭਰਮ ਵਿਚ ਭੁਲੀ ਨਾ ਜਾਣ, ਸਗੋਂ ਸਾਰੀ ਸ੍ਰਿਸ਼ਟੀ ਭਰਮ ਵਿਚ ਭੁਲੀ ਪਈ ਹੈ, ਕਿਉਂਕਿ ਨਾ ਹੀ ਉਦਾਸੀ ਤੇ ਨਾ ਹੀ ਸੰਨਿਆਸੀ ਨੇ ਪਰਮ ਅਨੰਦ ਸਰੂਪ ਪ੍ਰਭੂ ਜੀ ਨੂੰ ਜਾਣਿਆ ਹੈ।

**ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥**
**ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥ ੧॥**
**ਭਰਮੇ ਭੂਲੀ ਰੇ ਜੈ ਚੰਦਾ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ॥ ੧॥ ਰਹਾਉ॥**
**ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥**
**ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥ 2॥**
**ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥**
**ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ॥ 3॥**

(ਅੰਗ 525)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਦੇ ਅੰਦਰ ਇੱਕ ਵਾਰ ਸਿੱਧਾਂ ਨੇ ਬੇਨਤੀ ਕੀਤੀ : ਪਾਤਿਸ਼ਾਹ ! ਮਨ ਸਥਿਤ ਨਹੀਂ ਹੁੰਦਾ। ਅਸੀਂ ਬੜੇ ਹੀ ਤਰ੍ਹਾਂ ਦਾ ਅਭਿਆਸ ਕਰ ਬੈਠੇ ਹਾਂ, ਪਰ ਮਨ ਟਿਕਦਾ ਨਹੀਂ। ਇਸ ਲਈ ਤੁਸੀਂ ਆਪ ਬਖ਼ਸ਼ਿਸ਼ ਕਰੋ ਤੇ ਆਪ ਹੀ ਰਹਿਮਤ ਕਰੋ। ਫਿਰ ਸਤਿਗੁਰੂ ਜੀ ਕਹਿਣ ਲੱਗੇ : 'ਸਿਧੋ, ਤੁਹਾਡੇ ਅੰਦਰ ਤਿੰਨ ਦੋਸ਼ਾ-ਰੂਪੀ ਮੈਲ ਲੱਗੀ ਹੋਈ ਹੈ। ਤੁਸੀਂ ਇਸ ਨੂੰ ਦੂਰ ਕਰੋ, ਫਿਰ ਤੁਹਾਡਾ ਮਨ ਆਪਣੇ ਆਪ ਹੀ ਟਿੱਕ ਜਾਵੇਗਾ। ਇਹ ਤਿੰਨ ਦੋਸ਼ਾ-ਰੂਪੀ ਮੈਲ ਹੈ— ਮਲੁ', 'ਬਿਖੇਪ', 'ਆਵਰਣ'—ਇਹ ਦੋਸ਼ ਹਨ।

ਮਲੁ ਦੋਸ਼' ਤੋਂ ਇਹ ਭਾਵ ਹੈ ਕਿ ਮਨੁੱਖ ਦੇ 'ਪੂਰਬਲੇ' ਜਨਮਾਂ ਦੀ ਮੈਲ ਇਸ ਮਨ ਨੂੰ ਲੱਗੀ ਹੋਈ ਹੈ।

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥**

(ਅੰਗ 65੧)

ਆਨੰਤ ਜਨਮਾਂ ਦੇ ਬੁਰੇ ਕੰਮ ਭਾਵ ਜਿਹੜੇ ਪਾਪ ਇਸ ਨੇ ਕੀਤੇ ਹੋਏ ਹਨ, ਉਸ ਦੀ ਮੈਲ ਇਸ ਦੇ ਮਨ ਨੂੰ ਲੱਗੀ ਹੋਈ ਹੈ। ਫਿਰ ਇਸ ਦੀ ਨਵਿਰਤੀ ਕਿਵੇਂ ਹੋਵੇ ? ਤਾਂ ਕਹਿਣ ਲੱਗੇ ਕਿ ਜਿਹੜਾ ਮਲ-ਦੋਸ਼ ਹੈ, ਉਸ ਦੀ ਨਵਿਰਤੀ ਵਿਦਵਾਨਾਂ ਨੇ 'ਨਿਸ਼ਕਾਮ ਕਰਮਾਂ' ਦੇ ਕਰਨ ਨਾਲ ਮੰਨੀ ਹੈ। ਅਸੀਂ ਕਰਮ ਤਾਂ ਸਾਰੇ ਕਰਦੇ ਹਾਂ, ਪਰੰਤੂ ਜਿਹੜੀ ਸਾਡੇ ਮਨ ਨੂੰ ਮੈਲ ਲੱਗੀ ਹੋਈ ਹੈ, ਇਸ ਦੀ ਨਵਿਰਤੀ ਬਾਰੇ ਅਸੀਂ ਕਦੇ ਨਹੀਂ ਸੋਚਿਆ। ਨਿਸ਼ਕਾਮ ਤੋਂ ਭਾਵ ਹੈ ਕਾਮ-ਕਾਮਨਾ ਤੋਂ ਨਿਸ-ਰਹਿਤ ਹੋਣਾ। ਜਿਹੜੀ ਅਸੀਂ ਸੇਵਾ ਕਰਦੇ ਹਾਂ ਅਰਥਾਤ ਸੇਵਾ ਕਰਨੀ, ਸਿਮਰਨ ਕਰਨਾ, ਬਾਣੀ ਪੜ੍ਹਨੀ, ਇਸ ਵਿਚ ਕਾਮਨਾ ਨਾ ਹੋਵੇ ਅਤੇ ਅਸੀਂ

ਆਪਣੇ ਮਨ ਦੇ ਅੰਦਰ ਝਾਤੀ ਮਾਰ ਕੇ ਵੇਖੀਏ ਤਾਂ ਕਿਸ ਦੇ ਅੰਦਰ 'ਕਾਮਨਾ' ਨਹੀਂ, ਬਲਕਿ ਸਾਡੀਆਂ ਤਾਂ ਹਰ ਰੋਜ਼ ਨਵੀਆਂ ਤੋਂ ਨਵੀਆਂ ਕਾਮਨਾਵਾਂ ਪੈਦਾ ਹੁੰਦੀਆਂ ਹਨ। ਕੋਈ ਹੀ ਐਸਾ ਗੁਰੂ ਕਾ ਪਿਆਰਾ ਲਾਲ ਹੋਵੇਗਾ, ਜਿਹੜਾ ਕਾਮਨਾ ਤੋਂ ਰਹਿਤ ਹੋਵੇਗਾ। ਜੇਕਰ ਹੋਵੇਗਾ ਤਾਂ ਫਿਰ ਉਸ 'ਤੇ ਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ, ਗੁਰੂ ਦੀ ਰਹਿਮਤ ਹੁੰਦੀ ਹੈ। ਫਿਰ ਉਸ ਦੀ ਮੈਲ ਸਾਰੀ ਦੂਰ ਹੋ ਜਾਂਦੀ ਹੈ। ਜਦੋਂ ਮਲ-ਦੋਸ਼ ਨਿਸ਼ਕਾਮਤਾ ਨਾਲ ਦੂਰ ਹੋ ਜਾਂਦਾ ਹੈ ਤਾਂ ਅਗਲਾ ਦੋਸ਼ ਆ ਜਾਂਦਾ ਹੈ 'ਬਿਖੇਪ-ਦੋਸ਼'। ਇਸ ਵਿਚ ਵੀ ਮਨ ਦੀ ਦੌੜ ਪਹਿਲਾਂ ਦੀ ਤਰ੍ਹਾਂ ਹੀ ਰਹੇਗੀ, ਪਰ ਮਲ-ਦੋਸ਼ ਨਾਲੋਂ ਮਨ ਵਿੱਚ ਬਿਖੇਪ-ਦੋਸ਼ ਵਿੱਚ ਕੁਝ ਅੰਤਰ ਆ ਜਾਂਦਾ ਹੈ। ਜਿਸ ਤਰ੍ਹਾਂ ਪਹਿਲਾਂ ਮਨ ਵਿਕਾਰ ਚਿਤਵਦਾ ਸੀ, ਬੁਰੇ ਕਰਮਾਂ ਦਾ ਖ਼ਿਆਲ ਕਰਦਾ ਸੀ, ਇਸੇ ਤਰ੍ਹਾਂ ਹੁਣ ਵੀ ਮਨ ਦੌੜੇਗਾ, ਪਰੰਤੂ ਚੰਗੇ ਕੰਮਾਂ ਵਿਚ, ਜਿਵੇਂ ਕਿ ਮਨ ਕਿਸੇ ਦੀ ਮਾਇਆ ਖੋਹਣ ਵਾਸਤੇ ਨਹੀਂ ਦੌੜੇਗਾ, ਬਲਕਿ ਮਾਇਆ ਦੀ ਪ੍ਰਾਪਤੀ ਵਾਸਤੇ ਦੌੜੇਗਾ। ਮਨ ਦੌੜੇਗਾ ਜ਼ਰੂਰ ਪਰੰਤੂ ਚੰਗੇ ਕੰਮਾਂ ਵਾਸਤੇ। ਇਸ ਨੂੰ ਬਿਖੇਪ-ਦੋਸ਼ ਕਹਿੰਦੇ ਹਨ।

ਫਿਰ 'ਬਿਖੇਪ-ਦੋਸ਼' ਦੀ ਕਿਵੇਂ ਨਿਵਿਰਤੀ ਹੋਵੇਗੀ ? ਜਿਹੜਾ ਬਿਖੇਪ-ਦੋਸ਼ ਹੈ, ਇਸ ਦੀ ਨਵਿਰਤੀ 'ਉਪਾਸ਼ਨਾ' ਦੇ ਨਾਲ ਹੋਵੇਗੀ ਅਤੇ ਵਿਦਵਾਨਾਂ ਨੇ 'ਸਿਮਰਨ' ਤੇ 'ਧਿਆਨ' ਨੂੰ ਉਪਾਸ਼ਨਾ ਮੰਨਿਆ ਹੈ। ਜਦੋਂ ਸਿਮਰਨ ਤੇ ਸ਼ਬਦ-ਧਿਆਨ ਵਿਚ ਇਕ ਹੋ ਜਾਉਗੇ, ਉਦੋਂ ਇਹ ਬਿਖੇਪ-ਦੋਸ਼ ਦੂਰ ਹੋ ਜਾਵੇਗਾ। ਤੀਸਰਾ ਦੋਸ਼ ਹੈ ਆਵਰਨ।' ਅਗਿਆਨ ਦੀਆਂ ਦੋ ਸ਼ਕਤੀਆਂ ਹਨ— ਇਕ ਅਸਤ੍ਰਾਪਾਦਕ, ਦੂਸਰੀ ਅਭਾਨਾਪਾਦਕ। ਇਹਨਾਂ ਦੋਹਾਂ ਨੂੰ ਆਵਰਨ ਕਹਿੰਦੇ ਹਨ, ਜਿਸ ਕਰਕੇ ਵਸਤੂ ਦਾ ਪ੍ਰਕਾਸ਼ ਨਹੀਂ ਹੁੰਦਾ। ਐਸੀ ਅਗਿਆਨ ਦੀ ਸ਼ਕਤੀ ਨੂੰ ਅਭਾਨਾਪਾਦਕ ਕਹਿੰਦੇ ਹਨ। ਇਸ ਰੀਤ ਨਾਲ ਬ੍ਰਹਮ ਨਹੀਂ ਹੈ। ਇਸ ਵਿਵਹਾਰ ਦਾ ਕਾਰਨ ਅਗਿਆਨ ਦੀ ਅਸਤ੍ਰਾਪਾਦਕ ਸ਼ਕਤੀ ਹੈ ਤੇ ਬ੍ਰਹਮ ਦਾ ਪ੍ਰਕਾਸ਼ ਪ੍ਰਤੀਤ ਨਹੀਂ ਹੁੰਦਾ। ਇਸ ਵਿਵਹਾਰ ਦਾ ਕਾਰਨ ਅਗਿਆਨ ਦੀ ਅਭਾਨਾਪਾਦਕ ਸ਼ਕਤੀ ਹੈ। ਇਸ ਦੋਸ਼ ਦਾ ਨਾਮ ਆਵਰਨ ਹੈ। ਇਸ ਦੀ ਨਵਿਰਤੀ ਗਿਆਨ ਦੁਆਰਾ ਹੈ। ਗਿਆਨ ਦਾ ਅਧਿਕਾਰ ਇਹ ਹੈ ਕਿ ਜਿਸ ਦੇ ਅੰਦਰੋਂ ਮਲ-ਦੋਸ਼ ਤੇ ਬਿਖੇਪ-ਦੋਸ਼ ਨਿਵਿਰਤ ਹੋ ਗਿਆ ਹੈ, ਕੇਵਲ ਆਵਰਨ ਦੋਸ਼ ਬਾਕੀ ਹੈ, ਫੇਰ ਚਾਹੇ ਇਹ ਸਾਧਨਾ ਸਹਿਤ ਹੋਵੇ, ਵੈਰਾਗ ਬਿਬੇਕ ਖਟ ਸੰਪਤੀ, ਮੋਖ ਇੱਛਾ ਦੇ ਸਹਿਤ ਹੋਵੇ, ਅਸਲ ਵਿਚ ਸਭ ਕੁਝ ਮੈਲਾ ਹੈ :

**ਮੈਲਾ ਬ੍ਰਹਮਾ ਮੈਲਾ ਇੰਦੁ॥ ਰਵਿ ਮੈਲਾ ਮੈਲਾ ਹੈ ਚੰਦੁ॥** (ਅੰਗ ੧੧58)

**ਅੰਤਰਿ ਮੈਲਿ ਲਾਗੀ ਬਹੁ ਦੂਜੈ ਭਾਏ॥**
**ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥ 3 ॥**
**ਸਤਿਗੁਰੁ ਸੇਵੇ ਤਾ ਮਲੁ ਜਾਏ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ॥**
**ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ॥ 4 ॥**

(ਅੰਗ ੧੧6)

**ਝੂਠ ਵਿਕਾਰ ਮਹਾ ਦੁਖੁ ਦੇਹ॥ ਭੇਖ ਵਰਨ ਦੀਸਹਿ ਸਭਿ ਖੇਹ॥** (ਅੰਗ 352)

**ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥**
**ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥ ੧॥**

(ਅੰਗ 56)

**ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ॥**
**ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ॥**
**ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ॥** (ਅੰਗ 950)

ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਤੋਂ ਸਪੱਸ਼ਟ ਹੋਇਆ ਹੈ ਕਿ ਕੂੜ ਦੀ ਵਿਗਾੜੀ ਹੋਈ ਦੇਹ ਨ੍ਹਾਤਿਆਂ ਜਾਂ ਤੀਰਥ ਇਸ਼ਨਾਨ ਕੀਤਿਆਂ ਪਵਿੱਤ੍ਰ ਨਹੀਂ ਹੁੰਦੀ।

**ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥** (ਅੰਗ 265)

## ਸਾਖੀ—ਬ੍ਰਾਹਮਣ ਦੁਆਰਾ ਜੱਟ ਨੂੰ ਸੁੱਚਾ ਕਰਨ ਦੀ

ਇਕ ਵਾਰ ਇਕ ਕਿਸਾਨ ਸਵੇਰ ਦੇ ਸਮੇਂ ਜੰਗਲ (ਸੌਚ ਕਿਰਿਆ) ਜਾ ਕੇ ਹੱਥ ਧੋ ਰਿਹਾ ਸੀ। ਉਸ ਵੇਲੇ ਕੋਲ ਇਕ ਕਰਮ-ਕਾਂਡੀ ਬ੍ਰਾਹਮਣ ਖਲੋਤਾ ਸੀ। ਜੱਟ ਨੂੰ ਦੇਖ ਕੇ ਕਰਮ-ਕਾਂਡੀ ਬ੍ਰਾਹਮਣ ਕਹਿਣ ਲੱਗਿਆ ਕਿ ਸਾਰਾ ਦਿਨ ਤੂੰ ਸਰੀਰ ਨੂੰ ਅਪਵਿੱਤਰ ਰੱਖਦਾ ਹੈਂ। ਹੱਥ ਵੀ ਚੰਗੀ ਤਰ੍ਹਾਂ ਨਹੀਂ ਮਾਂਜਦਾ। ਨਾ ਹੀ ਤੂੰ ਕਰਮ-ਕਾਂਡ ਅਨੁਸਾਰ ਇਸ਼ਨਾਨ ਕਰਦਾ ਹੈਂ। ਕੋਈ ਸੁੱਚ ਸੰਜਮ ਨਹੀਂ ਰੱਖਦਾ। ਇਸ ਲਈ ਦੋ ਚਾਰ ਵਾਰ ਹੱਥ ਮਾਂਜਣ ਨਾਲ ਤੇਰੇ ਹੱਥ ਸੁੱਚੇ ਨਹੀਂ ਹੋ ਸਕਦੇ। ਜੱਟ ਭੋਲੇ ਸੁਭਾਅ ਦਾ ਸੀ। ਉਸ ਕਰਮ-ਕਾਂਡੀ ਬ੍ਰਾਹਮਣ ਨੂੰ ਪੁੱਛਣ ਲੱਗਾ, ਜੀ ਤੁਸੀਂ ਕਿਰਪਾ ਕਰਕੇ ਕੋਈ ਐਸਾ ਸਾਧਨ ਦੱਸੋ ਜਿਸ ਦੁਆਰਾ ਸੁੱਚਾ ਹੋਇਆ ਜਾਵੇ। ਕਰਮ-ਕਾਂਡੀ ਬ੍ਰਾਹਮਣ ਨੇ ਸਾਧਨ ਦੱਸਿਆ ਕਿ ਚੰਗਾ ਇਉਂ ਕਰ, ਜੇ ਸੁੱਚਾ ਹੋਣਾ ਚਾਹੁੰਦਾ ਹੈਂ ਤਾਂ ਪਿਛਲੇ ਸਾਲ ਜਿਸ ਖੇਤ ਵਿਚ ਕਮਾਦ ਬੀਜਿਆ ਹੋਵੇ, ਉਸ ਵਿਚੋਂ ਸੂਰ ਦੀਆਂ ਹੁੱਡਾਂ ਦੀ ਪੁੱਟੀ ਹੋਈ ਸਵਾ ਮਣ ਮਿਟੀ ਲੈ ਕੇ ਆ, ਫਿਰ ਉਸ ਰਾਹੀਂ ਤੈਨੂੰ ਸੁੱਚਾ ਕਰਾਂਗੇ। ਜੱਟ ਬ੍ਰਾਹਮਣ ਦੀ ਗੱਲ ਮੰਨ ਕੇ ਮਿਟੀ ਲੱਭਣ ਚਲਾ ਗਿਆ। ਮਸਾਂ-ਮਸਾਂ ਮਿੱਟੀ ਪ੍ਰਾਪਤ ਹੋਈ।

ਮਿੱਟੀ ਲੈ ਕੇ ਜੱਟ ਬ੍ਰਾਹਮਣ ਦੇ ਕੋਲ ਆ ਗਿਆ ਤੇ ਬੇਨਤੀ ਕੀਤੀ, ਜੀ ਹੁਣ ਕਿਰਪਾ ਕਰਕੇ ਸ਼ੁੱਧ ਹੋਣ ਦਾ ਸਾਧਨ ਦੱਸੋ। ਕਰਮ-ਕਾਂਡੀ ਬ੍ਰਾਹਮਣ ਜੱਟ ਨੂੰ ਆਗਿਆਕਾਰੀ ਜਾਣ ਕੇ ਪ੍ਰਸੰਨ ਹੋਇਆ ਅਤੇ ਬੋਲਿਆ, ਲੈ ਭਾਈ, ਗਲੋਂ ਕੁੜਤਾ ਅਤੇ ਸਾਰੇ ਬਸਤ੍ਰ ਲਾਹ। ਜਦੋਂ ਜੱਟ ਨੇ ਸਾਰੇ ਕੱਪੜੇ ਲਾਹ ਲਏ ਤਾਂ ਕਰਮ-ਕਾਂਡੀ ਬ੍ਰਾਹਮਣ ਕਹਿਣ ਲੱਗਿਆ, ਬਈ ਹੁਣ ਤੂੰ ਇਸ ਮਿਟੀ ਨਾਲ ਸਾਰੇ ਸਰੀਰ 'ਤੇ ਮਾਲਸ਼ ਕਰ। ਮੂੰਹ ਧੋ ਕੇ ਇਕ ਸੌ ਇਕ ਵਾਰੀ ਕੁਰਲੀ ਕਰ। ਇਉਂ ਕਰ ਕਰ ਕੇ ਸਾਰੀ ਮਿੱਟੀ ਸਰੀਰ 'ਤੇ ਮਲ ਮਲ ਕੇ ਮੁਕਾ ਦੇ। ਕਰਮ-ਕਾਂਡੀ ਬ੍ਰਾਹਮਣ ਖੂਹ ਵਿਚੋਂ ਪਾਣੀ ਕੱਢਦਾ ਰਿਹਾ ਅਤੇ ਜੱਟ ਮਿੱਟੀ ਦੀਆਂ ਮੁੱਠਾਂ ਭਰ ਭਰ

ਕੇ ਅੰਗਾਂ ਨੂੰ ਮਾਂਜਦਾ ਰਿਹਾ। ਜਦੋਂ ਸਾਰੀ ਮਿੱਟੀ ਮੁੱਕ ਗਈ, ਮੂੰਹ ਵੀ ਸੌ ਕੁਰਲੀ ਕਰਕੇ ਧੋ ਸਵਾਰ ਲਿਆ ਅਤੇ ਇਸ਼ਨਾਨ ਵੀ ਕਰ ਲਿਆ ਤਾਂ ਜੱਟ ਨੇ ਪੁੱਛਿਆ ਕਿ ਪੰਡਿਤ ਜੀ, ਕੀ ਮੈਂ ਹੁਣ ਸ਼ੁੱਧ ਹੋ ਗਿਆ ਹਾਂ ਕਿ ਨਹੀਂ ? ਕਰਮ-ਕਾਂਡੀ ਬ੍ਰਾਹਮਣ ਬੋਲਿਆ, ਹਾਂ, ਹੁਣ ਠੀਕ ਤੇਰਾ ਸਰੀਰ ਸ਼ੁੱਧ ਹੋ ਗਿਆ ਹੈ। ਤਾਂ ਉਸ ਵੇਲੇ ਜੱਟ ਨੇ ਮੂੰਹ ਵਿਚ ਪਾਣੀ ਭਰ ਕੇ ਕੁਰਲੀ ਉਸ ਕਰਮ-ਕਾਂਡੀ ਬ੍ਰਾਹਮਣ ਦੇ ਮੂੰਹ 'ਤੇ ਮਾਰੀ। ਬ੍ਰਾਹਮਣ ਇਕ ਦਮ ਤ੍ਰਬਕ ਕੇ ਤੇ ਖਿੱਝ ਕੇ ਬੋਲਿਆ, ਅਰੇ ਬੇਸਮਝ, ਤੁਮ ਨੇ ਤੋ ਹਮਾਰੇ ਕੋ ਅਪਵਿੱਤ੍ਰ ਕਰ ਦੀਆ ਹੈ। ਮੇਰਾ ਆਜ ਕਾ ਇਸ਼ਨਾਨ ਔਰ ਪੂਜਾ ਅਰਚਾ ਸਭ ਭਰਿਸ਼ਟ ਕਰ ਦੀਏ ਹੈਂ।' ਜੱਟ ਉੱਚੀ-ਉੱਚੀ ਹੱਸ ਕੇ ਬੋਲਿਆ, ਤੁਸੀਂ ਆਪ ਹੀ ਤਾਂ ਹੁਣੇ ਕਿਹਾ ਸੀ ਕਿ ਤੂੰ ਸ਼ੁੱਧ ਹੋ ਗਿਆ ਹੈਂ। ਤੇਰਾ ਸਰੀਰ ਸੁੱਚਾ ਹੋ ਗਿਆ ਹੈ। ਫਿਰ ਜਦ ਮੈਂ ਸੁੱਚਾ ਹਾਂ, ਮੇਰਾ ਮੂੰਹ ਸੁੱਚਾ ਹੈ ਤਾਂ ਮੂੰਹ ਵਿਚਲਾ ਪਾਣੀ ਜੋ ਤੇਰੇ ਮੂੰਹ 'ਤੇ ਪਾਇਆ, ਉਹ ਵੀ ਸੁੱਚਾ ਹੈ। ਫਿਰ ਤੂੰ ਭਿਟਿਆ ਕਿਵੇਂ ਗਿਆ ? ਭਰਿਸ਼ਟ ਕਿਵੇਂ ਹੋ ਗਿਆ ? ਸੋ ਇਸ ਪ੍ਰਕਾਰ ਕਰਮ-ਕਾਂਡ ਦੁਆਰਾ ਪਵਿੱਤ੍ਰਤਾ ਨਹੀਂ ਹੁੰਦੀ। ਪਾਤਿਸ਼ਾਹ ਜੀ ਦਾ ਫੁਰਮਾਨ ਹੈ-

**ਅਨਿਕ ਜਲਾ ਜੇ ਧੋਵੈ ਦੇਹੀ॥ ਮੈਲੁ ਨ ਉਤਰੈ ਸੁਧੁ ਨ ਤੇਹੀ॥**

(ਅੰਗ 200)

ਬਿਲਾਵਲੁ ਮਹਲਾ 5 ॥ ਗੁਰਿ ਪੂਰੈ ਮੇਰੀ ਰਾਖਿ ਲਈ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥੧॥ਰਹਾਉ॥ ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥ ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ॥੧॥ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ॥ ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ॥2॥੧2॥98॥

ਪਦ ਅਰਥ :- ਰਿਦੇ ਮਹਿ=ਹਿਰਦੇ ਵਿਚ। ਨਿਵਰੇ=ਦੂਰ ਹੋ ਗਏ। ਦੁਸਟ=ਦੋਸ਼ੀ, ਕਲੰਕੀ। ਬੈਰਾਈ=ਵੈਰੀ, ਕਾਮਾਦਿਕ। ਕਹਾ ਕਰੈ=ਕੀ ਕਰ ਸਦਕਾ ਹੈ ?। ਤਾ ਕੀ=ਉਸ (ਪ੍ਰਭੂ) ਦੀ।

ਅਰਥ :- (ਹੇ ਭਾਈ ! ਸਰਬ ਕਲਾ ਸਮਰੱਥ) ਪੂਰੇ ਗੁਰੂ ਨੇ ਮੇਰੀ (ਪੈਜ-ਇੱਜ਼ਤ) ਰੱਖ ਲਈ ਹੈ। ਮੇਰੇ ਹਿਰਦੇ ਵਿਚ (ਪ੍ਰਭੂ ਦਾ) ਅੰਮ੍ਰਿਤ ਨਾਮ (ਵਸਾ) ਦਿੱਤਾ ਹੈ (ਜਿਸ ਦੇ ਫਲਸਰੂਪ ਕਰਕੇ ਮੇਰੀ) ਜਨਮਾਂ ਜਨਮਾਂਤਰਾਂ ਦੀ (ਪਾਪਾਂ ਰੂਪੀ) ਮੈਲ ਦੂਰ ਹੋ ਗਈ ਹੈ।੧। ਰਹਾਉ।

(ਹੇ ਭਾਈ ! ਮੈਂ) ਪੂਰੇ ਗੁਰੂ ਦਾ (ਦਿੱਤਾ ਹੋਇਆ ਪ੍ਰਭੂ ਦਾ ਨਾਮ ਰੂਪੀ ਜਾਪੁ) ਜਪਿਆ ਹੈ (ਭਾਵ ਸਿਮਰਨ ਕੀਤਾ ਹੈ, ਜਿਸ ਦੀ ਬਰਕਤ ਨਾਲ) ਵੈਰ ਕਰਨ ਵਾਲੇ ਦੂਤ, ਕਲੰਕੀ, ਵੈਰੀ (ਕਾਮਾਦਿਕ ਸਭ) ਦੂਰ ਹੋ ਗਏ ਹਨ। ਮੇਰੇ ਪ੍ਰਭੂ ਦਾ ਸਾਰਿਆਂ ਤੋਂ ਵੱਡਾ ਪ੍ਰਤਾਪ ਹੈ (ਉਸ ਅੱਗੇ) ਕੋਈ ਕੀ ਕਰ ਸਕਦਾ ਹੈ ? (ਭਾਵ ਕੋਈ ਕੁਝ ਨਹੀਂ ਵਿਗਾੜ ਸਕਦਾ)।੧।

(ਹੇ ਭਾਈ ! ਮੈਂ ਗੁਰੂ ਦੇ) ਸੋਹਣੇ ਚਰਨ (ਕਮਲਾਂ ਦਾ ਧਿਆਨ) ਮਨ ਵਿਚ ਟਿਕਾ ਕੇ (ਪ੍ਰਭੂ ਦਾ) ਨਾਮ ਜੋ ਸਿਮਰਨ ਯੋਗ ਹੈ, ਉਸ ਨੂੰ ਸਿਮਰ ਸਿਮਰ ਕੇ (ਬਹੁਤ) ਆਤਮਿਕ ਅਨੰਦ ਪ੍ਰਾਪਤ ਕੀਤਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਦਾਸ ਉਸ ਪ੍ਰਭੂ ਦੀ ਸ਼ਰਨ ਪੈ ਗਿਆ ਹੈ ਜਿਸ ਪ੍ਰਭੂ ਪ੍ਰਮਾਤਮਾ ਤੋਂ ਉੱਤੇ (ਵੱਡਾ) ਕੋਈ ਨਹੀਂ ਹੈ।੨।੧੨।੯੮।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੮੨ (ਆਦਿ ਅੰਗ ੮੨੫)

## ਬਿਲਾਵਲੁ ਮਹਲਾ ੫ ॥

ਦੋਵੈ ਥਾਵ ਰਖੇ ਗੁਰ ਸੂਰੇ ॥ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧ ॥ਰਹਾਉ॥ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥੧ ॥ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥੨ ॥੨੨ ॥੧੦੮ ॥

## ਪ੍ਰਾਕ੍ਰਥਨ :

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਸ੍ਰੀ ਮੁਖਵਾਕ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਹਜ਼ੂਰ ਨੇ ਸੇਵਕ ਦੇ ਲੋਕ ਪ੍ਰਲੋਕ ਸਵਾਰੇ ਦਰਸਾਏ ਹਨ। ਨਾਲ ਹੀ ਸੇਵਕ ਦੇ ਸਾਰੇ ਕਾਰਜ ਪੂਰੇ ਹੋਏ ਦੱਸੇ ਹਨ।

## ਵਿਸ਼ਾ — ਕਾਰਜ ਹੋਇ ਸਗਲੇ ਪੂਰੇ

ਸੰਸਾਰ ਅੰਦਰ ਸਮੁੱਚੀ ਮਨੁੱਖਤਾ ਦੇ ਸੰਸਾਰਿਕ ਕੰਮਾਂ ਕਾਜਾਂ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਭਾਵ ਪ੍ਰਮੇਸ਼ਰ ਦੀ ਰਚੀ ਰਚਨਾ ਅੰਦਰ ਨਾ ਹੀ ਸਮੁੱਚੀ ਮਨੁੱਖਤਾ ਦਾ ਅੰਤ ਹੈ ਅਤੇ ਨਾ ਹੀ ਸਮੁੱਚੀ ਮਨੁੱਖਤਾ ਦੇ ਕੰਮਾਂ ਕਾਜਾਂ ਦਾ ਕੋਈ ਅੰਤ ਹੈ। ਅਸਲ ਵਿਚ ਮਨੁੱਖਤਾ ਦੀਆਂ ਇੱਛਾਵਾਂ ਹੀ ਮਨੁੱਖਤਾ ਦੇ ਕੰਮ ਕਾਜ ਹਨ। ਜੀਵਾਂ ਦੀਆਂ ਇੱਛਾਵਾਂ ਵਧਦੀਆਂ ਜਾਂਦੀਆਂ ਹਨ।

ਗੁਰਬਾਣੀ ਦੇ ਸਿਧਾਂਤ ਅਨੁਸਾਰ ਮਨੁੱਖ ਦੀਆਂ ਵੱਖ ਵੱਖ ਅਨੰਤ ਤਰ੍ਹਾਂ ਦੀਆਂ ਇੱਛਾਵਾਂ ਹਨ, ਪਰ ਗੁਰਦੇਵ ਨੇ ਇਸ ਮਨੁੱਖ ਦੀਆਂ ਮੁੱਖ ਇੱਛਾਵਾਂ ਨੂੰ ਪੰਜ ਤਰ੍ਹਾਂ ਦੀਆਂ ਇੱਛਾਵਾਂ ਦੇ ਵਿਚ ਵੰਡਿਆ ਹੈ ਤੇ ਨਾਲ ਹੀ ਇਹਨਾਂ ਦੀ ਪ੍ਰਾਪਤੀ ਦਾ ਢੰਗ ਦੱਸਿਆ ਹੈ :

## ਪੰਜ ਤਰ੍ਹਾਂ ਦੀ ਇੱਛਾ :

(੧) ਮਨੁੱਖ ਦੀ ਪਹਿਲੀ ਧਨ ਦੀ ਪ੍ਰਾਪਤੀ ਦੀ ਇੱਛਾ ਹੈ। (੨) ਦੂਜੀ ਸੁੱਖ ਦੀ ਪ੍ਰਾਪਤੀ ਦੀ ਇੱਛਾ। (੩) ਤੀਜੀ ਸੰਸਾਰ ਅੰਦਰ ਸੋਭਾ ਕਰਵਾਉਣ ਦੀ ਇੱਛਾ। (੪) ਚੌਥੀ ਰੋਗ ਦੀ ਨਿਵਿਰਤੀ, ਰੋਗ ਰਹਿਤ ਹੋਣ ਦੀ ਇੱਛਾ। (੫) ਪੰਜਵੀਂ ਨਾਮ ਰੂਪੀ ਖ਼ਜ਼ਾਨੇ ਨੂੰ ਪਾ ਕੇ ਸੱਚੇ ਦੀ ਦਰਗਾਹ ਅੰਦਰ ਪ੍ਰਵਾਨ ਹੋਣ ਦੀ ਇੱਛਾ। ਇਹ ਉਪਰੋਕਤ ਪੰਜ ਪ੍ਰਕਾਰ ਦੀਆਂ ਇੱਛਾਵਾਂ ਪੂਰੀਆਂ ਕਰਨ ਦਾ ਉਪਦੇਸ਼ ਹਜ਼ੂਰ ਨੇ ਇਸ ਤਰ੍ਹਾਂ ਦਿੱਤਾ ਹੈ :

**ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥ ਸੋ ਧਨੁ ਹਰਿ ਸੇਵਾ ਤੇ ਪਾਵਹਿ॥**
**ਜਿਸੁ ਸੁਖ ਕਉ ਨਿਤ ਬਾਛਹਿ ਮੀਤ॥ ਸੋ ਸੁਖੁ ਸਾਧੂ ਸੰਗਿ ਪਰੀਤਿ॥**
**ਜਿਸੁ ਸੋਭਾ ਕਉ ਕਰਹਿ ਭਲੀ ਕਰਨੀ॥ ਸਾ ਸੋਭਾ ਭਜੁ ਹਰਿ ਕੀ ਸਰਨੀ॥**
**ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥**
**ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥ ਜਪਿ ਨਾਨਕ ਦਰਗਹਿ ਪਰਵਾਨੁ॥ 2॥**

(ਅੰਗ 288)

ਇਕ ਥਾਂ ਹੋਰ ਗੁਰਦੇਵ ਨੇ ਦੱਸਿਆ ਹੈ ਕਿ ਮਨੁੱਖ ਇੱਛਾਵਾਂ ਲਈ ਚਾਰ ਪਦਾਰਥ, ਦੁੱਖ ਨਵਿਰਤੀ

ਅਤੇ ਸੰਸਾਰ ਅੰਦਰ ਆਪਣੀ ਸੋਭਾ ਕਰਨੀ ਲੋੜਦਾ ਹੈ ਤੇ ਜਨਮ ਮਰਨ ਦਾ ਡਰ ਦੂਰ ਕਰਕੇ ਪ੍ਰਭੂ ਦੇ ਦਰਸ਼ਨ ਦੀ ਪਿਆਸ ਵਿਚ ਲੱਗਿਆ ਹੋਇਆ ਹੈ, ਇਹਨਾਂ ਇੱਛਾਵਾਂ ਦੀ ਪੂਰਤੀ ਗੁਰਦੇਵ ਨੇ ਸ੍ਰੀ ਸੁਖਮਨੀ ਸਾਹਿਬ ਦੇ ਅੰਦਰ ਇਸ ਤਰ੍ਹਾਂ ਕਥਨ ਕੀਤੀ ਹੈ :

**ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥**
**ਜੇ ਕੋ ਆਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥**
**ਜੇ ਕੋ ਅਪੁਨੀ ਸੋਭਾ ਲੋਰੈ॥ ਸਾਧਸੰਗਿ ਇਹ ਹਉਮੈ ਛੋਰੈ॥**
**ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥**
**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥**
**ਨਾਨਕ ਤਾ ਕੈ ਬਲਿ ਬਲਿ ਜਾਸਾ॥ 5॥**

(ਅੰਗ 266)

ਪਰ ਜੀਵਾਂ ਦੀਆਂ ਇੱਛਾਵਾਂ ਵਧਦੀਆਂ ਜਾਂਦੀਆਂ ਹਨ ਅਤੇ ਮਨੁੱਖਾਂ ਦੇ ਕੰਮ ਕਾਜ ਵੀ ਵਧਦੇ ਜਾਂਦੇ ਹਨ। ਆਖ਼ਿਰ ਸਮੁੱਚੀਆਂ ਇੱਛਾਵਾਂ ਦੀ ਪੂਰਤੀ ਵਾਸਤੇ ਅਤੇ ਸਮੁੱਚੇ ਕੰਮਾਂ ਕਾਰਜਾਂ ਦੀ ਪੂਰਤੀ ਵਿਚ ਲੱਗਿਆ ਮਨੁੱਖ ਹੰਭ ਜਾਂਦਾ ਹੈ। ਜਦ ਮਨੁੱਖ ਦੀ ਸਾਰੀਆਂ ਇੱਛਾਵਾਂ ਦੀ ਪੂਰਤੀ ਅਤੇ ਸਾਰੇ ਕੰਮ ਕਾਜ ਕਰਨ ਵਿਚ ਵੱਸ ਨਹੀਂ ਚਲਦਾ ਤਾਂ ਮਨੁੱਖ ਇਨ੍ਹਾਂ ਦੀ ਪੂਰਤੀ ਲਈ ਹੋਰ ਆਸਰੇ ਤੱਕਦਾ ਹੈ। ਕਈਆਂ ਨੇ ਇਨ੍ਹਾਂ ਦੀ ਪੂਰਤੀ ਕਰਨ ਵਾਲੀ ਕਾਮਧੇਨ ਮੰਨ ਲਈ ਹੈ ਅਤੇ ਕਈਆਂ ਨੇ ਚਿੰਤਾਮਨੀ ਮੰਨ ਲਈ ਹੈ।

## ਸਾਖੀ—ਕਾਮਧੇਨ ਗਊ ਦੀ

ਇਕ ਪੁਰਾਣਿਕ ਕਥਾ ਹੈ ਕਿ ਜਮਦਗਨੀ ਰਿਖੀ ਪਰਸੂ ਰਾਮ ਦਾ ਪਿਤਾ ਸੀ ਅਤੇ ਸਹੰਸਰਬਾਹੂ ਰਾਜੇ ਦਾ ਸਾਂਢੂ ਸੀ। ਇਕ ਵਾਰ ਜਮਦਗਨੀ ਰਿਖੀ ਦੀ ਘਰਵਾਲੀ ਰੇਣੁਕਾ ਸਹੰਸਰਬਾਹੂ ਦੇ ਘਰ ਆਪਣੀ ਭੈਣ ਨੂੰ ਮਿਲਣ ਗਈ ਤਾਂ ਸਹੰਸਰਬਾਹੂ ਰਾਜੇ ਨੇ, ਜੋ ਬੜਾ ਹੰਕਾਰੀ ਸੀ, ਤਾਨ੍ਹਾ ਮਾਰਿਆ, ਕਿ "ਰੇਣਕਾ ਆ ਗਈ ਏ, ਇਹਨਾਂ ਕਿਹੜਾ ਨਿਉਂਦਾ ਦੇਣਾ ਹੈ।" ਤਾਂ ਰੇਣਕਾ ਕਹਿਣ ਲੱਗੀ, "ਇਨ੍ਹਾਂ ਨੂੰ ਨਿਉਂਦਾ ਜ਼ਰੂਰ ਦੇਣਾ ਹੈ," ਪਰ ਜਮਦਗਨੀ ਨੇ ਕਿਹਾ, "ਆਪਾਂ ਸਾਧੂ-ਫ਼ਕੀਰ ਤੇ ਉਹ ਰਾਜਾ, ਆਪਣਾ ਤੇ ਉਨ੍ਹਾਂ ਦਾ ਮੇਲ ਨਹੀਂ ਬਣਨਾ।" ਰੇਣੁਕਾ ਜਦ ਨਾ ਮੰਨੀ ਤਾਂ ਰਿਸ਼ੀ ਨੇ ਸਹੰਸਰ ਬਾਹੂ ਨੂੰ ਸਮੇਤ ਫ਼ੌਜਾਂ ਦੇ ਨਿਉਂਦਾ ਦੇ ਦਿੱਤਾ ਅਤੇ ਪ੍ਰਮੇਸ਼ਰ ਅੱਗੇ ਬੇਨਤੀਆਂ ਕਰ ਕੇ ਸਵਰਗ ਵਿਚੋਂ ਕਾਮਧੇਨ ਗਊ ਮੰਗਾ ਕੇ, ਆਪਣੀ ਕੁਟੀਆ ਵਿਚ ਬੰਨ੍ਹ ਲਈ।

ਜਦ ਰਾਜਾ ਫ਼ੌਜਾਂ ਸਮੇਤ ਆਇਆ ਤਾਂ ਉਹਨਾਂ ਨੂੰ ਛੇ ਰਸਾਂ ਦੇ ਬਣੇ ਹੋਏ ਛੱਤੀ ਪ੍ਰਕਾਰ ਦੇ ਭੋਜਨ ਛਕਾਏ। ਸਹੰਸਰਬਾਹੂ ਬੜਾ ਹੈਰਾਨ ਹੋਇਆ ਕਿ ਇਹ ਤਾਂ ਸਾਧੂ ਹੈ, ਭੋਜਨ ਕਿਥੋਂ ਆ ਰਿਹਾ ਹੈ ? ਕਾਮਧੇਨ ਗਊ ਦਾ ਪਤਾ ਲੱਗਣ 'ਤੇ ਰਾਜੇ ਨੇ ਜਮਦਗਨੀ ਰਿਖੀ ਨੂੰ ਕਿਹਾ, "ਇਤਨੀ ਸ਼ਕਤੀ ਵਾਲੀ ਕਾਮਧੇਨ ਗਊ

ਮੈਨੂੰ ਦੇ ਦੇ, ਜੋ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੀ ਹੈ।'' ਰਿਖੀ ਨੇ ਕਿਹਾ, ''ਇਹ ਤਾਂ ਰਿਸ਼ੀਆਂ ਦਾ ਧਨ ਹੈ, ਪਰ ਮੈਂ ਤਾਂ ਪ੍ਰਮੇਸ਼ਰ ਅੱਗੇ ਬੇਨਤੀਆਂ ਕਰ ਕੇ ਲਿਆਂਦੀ ਹੈ, ਤੈਨੂੰ ਨਹੀਂ ਦੇ ਸਕਦਾ।'' ਇਉਂ ਕਹਿ ਕੇ ਸਵਰਗ ਨੂੰ ਉਡਾ ਦਿੱਤੀ। ਉੱਡੀ ਜਾਂਦੀ ਦੇ ਪੈਰਾਂ ਵਿਚ ਸਹੰਸਰਬਾਹੂ ਦੀ ਫ਼ੌਜ ਦੇ ਤੀਰ ਲੱਗਣ 'ਤੇ ਜੋ ਖ਼ੂਨ ਨਿਕਲ ਕੇ ਧਰਤੀ 'ਤੇ ਡਿੱਗਿਆ, ਕਹਿੰਦੇ ਹਨ ਕਿ ਉਸ ਤੋਂ ਤਮਾਕੂ ਆਦਿਕ ਪੈਦਾ ਹੋਇਆ ਹੈ। ਨਰਾਜ਼ ਹੋ ਕੇ ਸਹੰਸਰਬਾਹੂ ਨੇ ਜਮਦਗਨੀ ਰਿਖੀ ਨੂੰ ਮਾਰ ਦਿੱਤਾ। ਜਮਦਗਨੀ ਰਿਖੀ ਦੀ ਪਤਨੀ ਰੇਣੁਕਾ ਨੇ ਪਤੀ ਦੇ ਮਰਨ ਤੋਂ ਆਪਣੇ ਸਰੀਰ ਨੂੰ ਇਕੀ ਵਾਰ ਤਾੜਨਾ ਕੀਤੀ।

ਪਰ ਜਿਸ ਵੇਲੇ ਤਪ ਕਰਦੇ ਹੋਏ ਪਰਸਰਾਮ ਨੂੰ ਪਤਾ ਲੱਗਾ ਕਿ ਮੇਰੇ ਪਿਤਾ ਨੂੰ ਸਹੰਸਰਬਾਹੂ ਨੇ ਮਾਰ ਦਿੱਤਾ ਹੈ ਅਤੇ ਮੇਰੀ ਮਾਤਾ ਨੇ ਇਕੀ ਵਾਰ ਸਰੀਰ ਨੂੰ ਤਾੜਨਾ ਕੀਤੀ ਹੈ ਤਾਂ ਪਰਸ ਰਾਮ ਨੇ ਪ੍ਰਣ ਕੀਤਾ ਕਿ ਮੈਂ ਇਕੀ ਵਾਰ ਛੱਤ੍ਰੀ ਰਾਜਿਆਂ ਨੂੰ ਕੁਹਾੜੇ ਨਾਲ ਵੱਢ ਕੇ ਖ਼ਤਮ ਕਰਾਂਗਾ। ਉਸ ਨੇ ਇਕੀ ਵਾਰ ਛੱਤ੍ਰੀ ਰਾਜਿਆਂ ਨੂੰ ਮਾਰ ਕੇ, ਉਨ੍ਹਾਂ ਦੇ ਖ਼ੂਨ ਵਿਚ ਨਹਾ ਕੇ ਆਪਣਾ ਪ੍ਰਣ ਪੂਰਾ ਕੀਤਾ ਸੀ। ਇਸ ਤਰ੍ਹਾਂ ਕਾਮਧੇਨ ਗਊ ਵੀ ਪਰਮੇਸ਼ਰ ਦੀ ਕਿਰਪਾ ਤੋਂ ਬਿਨਾਂ ਇੱਛਾਵਾਂ ਪੂਰੀਆਂ ਕਰ ਕੇ ਜੀਵ ਨੂੰ ਸੁਖੀ ਨਹੀਂ ਕਰ ਸਕਦੀ, ਸਗੋਂ ਦੁੱਖੀ ਕਰਦੀ ਹੈ।

## ਸਾਖੀ — ਚਿੰਤਾਮਣੀ ਦੀ

ਇਕ ਜ਼ਿਮੀਂਦਾਰ ਖੇਤ ਵਿਚ ਹਲ ਵਾਹੁਣ ਗਿਆ। ਜੇਠ ਦੇ ਮਹੀਨੇ ਦੇ ਦਿਨ ਸਨ। ਹਲ ਵਾਹ ਕੇ ਇਕ ਕਿੱਕਰ ਥੱਲੇ ਲੰਮਾ ਪੈ ਗਿਆ, ਜਿਸ ਦੀ ਥੋੜ੍ਹੀ ਜਿਹੀ ਛਾਂ ਸੀ। ਉਪਰੋਂ ਗਰਮ ਰੇਤਾ ਪਾਸੇ ਕਰ ਕੇ ਹੇਠੋਂ ਰੇਤਾ ਪੁੱਟਣ ਲੱਗ ਪਿਆ। ਪੁੱਟਦਿਆਂ-ਪੁੱਟਦਿਆਂ ਇਕ ਕੱਚ ਦੀ ਗੋਲੀ ਜਿਹੀ ਮਿਲੀ। ਚੰਗੀ ਸੋਹਣੀ ਜਾਣ ਕੇ ਪੱਲ੍ਹੇ ਬੰਨ੍ਹ ਲਈ ਕਿ ਇਸ ਨਾਲ ਬਾਲਕ ਖੇਡੇਗਾ ਪਰ ਸੀ ਉਹ ਚਿੰਤਾਮਣੀ। ਥੋੜ੍ਹੀ ਛਾਂ ਵੇਖ ਕੇ ਫੁਰਨਾ ਕੀਤਾ ਕਿ ਛਾਂ ਸੰਘਣੀ ਹੁੰਦੀ ਤਾਂ ਚੰਗਾ ਸੀ। ਫੁਰਨਾ ਕਰਨ ਦੀ ਦੇਰ ਸੀ ਕਿ ਛਾਂ ਸੰਘਣੀ ਹੋ ਗਈ। ਇਕ ਬਗ਼ੀਚੇ ਦਾ ਫੁਰਨਾ ਕੀਤਾ ਤਾਂ ਝੱਟ ਹੀ ਸੋਹਣਾ ਬਗ਼ੀਚਾ ਵੀ ਬਣ ਗਿਆ। ਫਿਰ ਚਿਤਵਿਆ ਕਿ ਤਲਾਅ ਵਿਚ ਕਿਸ਼ਤੀ ਹੋਵੇ ਤੇ ਮੈਂ ਵਿਚ ਬੈਠ ਕੇ ਸੈਰ ਕਰਾਂ। ਤਲਾਅ ਵਿਚ ਸੈਰ ਵੀ ਕਰਨ ਲੱਗ ਪਿਆ। ਬੜਾ ਅਨੰਦ ਮਾਣ ਰਿਹਾ ਹੈ, ਮਨ ਵਿਚ ਹੰਕਾਰ ਵੀ ਬੜਾ ਹੈ ਕਿ ਮੇਰੀਆਂ ਚਿਤਵਨੀਆਂ ਪੂਰੀਆਂ ਹੋਣ ਲੱਗ ਪਈਆਂ ਹਨ। ਇੰਨੇ ਚਿਰ ਨੂੰ ਇਕ ਕਾਂ ਤਲਾਅ 'ਤੇ ਪਾਣੀ ਪੀਣ ਆ ਬੈਠਾ। ਕਿਸ਼ਤੀ ਵਿਚ ਬੈਠਾ ਕਹਿਣ ਲੱਗਾ, ''ਉੱਡ ਜਾ! ਉੱਡ ਜਾ ! ਹੋਰ ਕਿਸੇ ਦੇ ਤਲਾਅ 'ਤੇ ਜਾ ਕੇ ਪਾਣੀ ਪੀ ! ਇਹ ਮੇਰਾ ਤਲਾਅ ਹੈ।'' ਪਰ ਕਾਂ ਬੜਾ ਢੀਠ ਹੁੰਦਾ ਹੈ, ਛੇਤੀ ਕਰ ਕੇ ਉੱਡਦਾ ਨਹੀਂ। ਇਸ ਨੇ ਬਾਂਹ ਦੇ ਬਹੁਤ ਇਸ਼ਾਰੇ ਕੀਤੇ, ਪਰ ਕਾਂ ਨਾ ਉਡਿਆ। ਅਖ਼ੀਰ ਇਸ ਨੇ ਉਹ ਮਣਕਾ ਜਿਹਾ ਜੋ ਪਲੇ ਬੰਨ੍ਹਿਆ ਸੀ, ਵਗਾਹ ਕੇ ਮਾਰਿਆ। ਬਸ ! ਸੁੱਟਣ ਦੀ ਹੀ ਦੇਰ ਸੀ ਕਿ ਨਾ ਉਥੇ ਸੰਘਣੀ ਛਾਂ, ਨਾ ਬਗ਼ੀਚਾ, ਨਾ ਤਲਾਬ, ਨਾ ਬੇੜੀ ਅਤੇ ਨਾ ਹੀ ਉਹ ਕਾਂ ਸੀ। ਵਿਚਾਰਾ ਉਸੇ ਕਿੱਕਰ ਦੀ ਥੋੜ੍ਹੀ ਜਿਹੀ ਛਾਂ ਥੱਲੇ ਪਿਆ ਹੈ। ਸੋ, ਚਿੰਤਾਮਣੀ ਵੀ ਚਿੰਤਾ ਰੂਪ ਹੀ ਹੈ, ਸੁੱਖ ਨਹੀਂ ਦੇ ਸਕਦੀ।

ਇਸੇ ਤਰ੍ਹਾਂ ਜੀਵ ਹੈ ਜ਼ਿਮੀਂਦਾਰ, ਸਕਾਮ ਕਰਮ ਹਨ ਕਿੱਕਰ, ਜੇਠ ਦਾ ਮਹੀਨਾ ਹੈ ਅਗਿਆਨ, ਜੋ ਰਾਗ-ਦ੍ਵੈਖ ਦੀਆਂ ਤਿੱਖੀਆਂ ਕਿਰਨਾਂ ਨਾਲ ਤਪ ਜਿਹਾ ਹੈ, ਤ੍ਰਿਸ਼ਨਾ ਰੂਪੀ ਧੁੱਪ ਪੈ ਰਹੀ ਹੈ, ਨਿਮਰਤਾ ਧਾਰਨ ਕਰਨ ਰੂਪੀ ਠੰਢਾ ਰੇਤਾ ਪੁੱਟਣਾ ਸ਼ੁਰੂ ਕੀਤਾ ਤਾਂ ਭਗਤੀ ਰੂਪ ਚਿੰਤਾਮਣੀ ਪ੍ਰਾਪਤ ਹੋਈ। ਜਿਸ ਭਗਤੀ ਦੇ ਪ੍ਰਤਾਪ ਕਰਕੇ ਮੱਸਿਆ, ਪੁੰਨਿਆ ਦੇ ਮੇਲੇ ਲੱਗਣ ਲੱਗ ਪਏ, ਸੋਨੇ ਦੇ ਕਲਸਾਂ ਵਾਲੇ ਮੰਦਰ ਬਣ ਗਏ, ਦੁਨੀਆਂ ਪਿੱਛੇ ਲੱਗ ਕੇ ਸੋਭਾ-ਵਡਿਆਈ ਕਰਨ ਲੱਗ ਪਈ। ਜੀਵ ਰੂਪੀ ਜ਼ਿਮੀਂਦਾਰ ਨੇ ਭਗਤੀ ਰੂਪ ਚਿੰਤਾਮਣੀ ਦੀ ਸ਼ਕਤੀ ਨਾ ਸਮਝੀ, ਹੰਕਾਰ ਕਰ ਬੈਠਾ ਕਿ ਮੈਂ ਕਿਤਨਾ ਵਡਭਾਗੀ ਹਾਂ, ਜੋ ਲੋਕ ਮੇਰੀ ਮੰਨਤਾਂ ਕਰਦੇ ਹਨ ਤਾਂ ਮਾੜਾ ਕਰਮ ਰੂਪ ਕਾਂ ਪ੍ਰਗਟ ਹੋਣ ਕਰ ਕੇ ਮਨੁੱਖ ਉਥੇ ਦਾ ਉਥੇ ਹੀ ਰਹਿ ਜਾਂਦਾ ਹੈ।

**ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ॥** (ਅੰਗ ੧੧06)

**ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥** (ਅੰਗ 747)

ਸੋਢੀ ਸੁਲਤਾਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਆਸਾ ਰਾਗੁ ਅੰਦਰ ਮਨੁੱਖ ਦੀਆਂ ਚਾਰ ਪ੍ਰਕਾਰ ਦੀਆਂ ਇੱਛਾਵਾਂ ਦੱਸ ਕੇ ਇਹਨਾਂ ਦੀ ਪੂਰਤੀ ਭੀ ਇਸ ਪ੍ਰਕਾਰ ਦਸੀ ਹੈ :

(੧) ਮੇਰੇ ਕਿਸੇ ਵੀ ਕਾਰਜ ਵਿਚ ਕੋਈ ਵਿਘਨ ਨਾ ਪਵੇ।

(੨) ਮੇਰਾ ਸਾਰੇ ਸਤਿਕਾਰ ਕਰਨ, ਸਾਰੇ ਸੋਭਾ ਹੋਵੇ ਮੇਰੀ।

(੩) ਮੈਨੂੰ ਸਦਾ ਸੁੱਖ ਹੋਵੇ, ਕਦੇ ਦੁੱਖੀ ਨਾ ਹੋਵਾਂ।

(੪) ਮੈਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋਵੇ।

ਪਰ ਗੁਰਬਾਣੀ ਅੰਦਰ ਇਸ ਪ੍ਰਕਾਰ ਇਹ ਪੂਰੀਆਂ ਹੋਣੀਆਂ ਦੱਸੀਆਂ ਹਨ :

**ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥**
**ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥**
**ਜਿਨ੍ਹੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖੁ ਸਦ ਹੋਈ॥**
**ਜਿਨ੍ਹਾ ਨਾਨਕੁ ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ॥ 2॥**

(ਅੰਗ 45੧)

ਧਨਾਸਰੀ ਮਹਲਾ 4॥

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥**
**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥**

**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥**
**ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥ 2 ॥ 6 ॥ ੧੨ ॥**

(ਅੰਗ 669)

ਗੁਰੂ ਰਾਮਦਾਸ ਜੀ ਨੇ ਜਿਥੇ ਉਸ ਪ੍ਰਮਾਤਮਾ ਨੂੰ ਇੱਛਾ ਪੂਰਕ ਕਿਹਾ ਹੈ, ਉਥੇ ਮਨੁੱਖ ਨੂੰ ਵੀ ਪ੍ਰੇਰਣਾ ਕੀਤੀ ਹੈ :

**ਜਪਿ ਮਨ ਸਤਿ ਨਾਮੁ ਸਦਾ ਸਤਿਨਾਮੁ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥**

(ਅੰਗ 670)

ਨਾਮ ਜਪਣ ਵਾਲਿਆਂ ਦਾ ਲੋਕ ਪ੍ਰਲੋਕ ਵੀ ਸਵਰ ਜਾਂਦਾ ਹੈ ਅਤੇ ਉਸ ਪ੍ਰਮਾਤਮਾ ਦੇ ਨਾਮ ਆਸਰੇ ਨਾਲ ਮਨੁੱਖ ਦੇ ਸੰਸਾਰਿਕ ਅਤੇ ਪ੍ਰਮਾਰਥ ਦੇ ਸਾਰੇ ਕਾਰਜ ਸੌਖਿਆਂ ਹੀ ਸਵਰ ਜਾਂਦੇ ਹਨ, ਕਿਉਂਕਿ ਨਾਮ ਜਪਣ ਵਾਲਿਆਂ ਦੇ ਸਾਰੇ ਕਾਰਜ ਪ੍ਰਮਾਤਮਾ ਸੁਤੇ ਸਿੱਧ ਹੀ ਪੂਰੇ ਕਰ ਦਿੰਦਾ ਹੈ। ਪ੍ਰਭੂ ਦਾ ਪਿਆਰਾ ਨਾਮ ਜਪਣ ਵਾਲਾ ਮਨ ਵਿਚ ਕਿਸੇ ਕੰਮ-ਕਾਰਜ ਦਾ ਫੁਰਨਾ ਜਦ ਵੀ ਕਰਦਾ ਹੈ ਤਾਂ ਪ੍ਰਮਾਤਮਾ ਇਕ ਛਿਨ ਵਿਚ ਉਸ ਕਾਰਜ ਨੂੰ ਪੂਰਾ ਕਰ ਦਿੰਦਾ ਹੈ। ਗੁਰਦੇਵ ਦਾ ਸੁੰਦਰ ਫੁਰਮਾਨ ਹੈ :

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥** (ਅੰਗ 638)

**ਅਥਵਾ : ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥** (ਅੰਗ 403)

ਜਿਸ ਤਰ੍ਹਾਂ ਨਾਮ ਜੱਪਣ ਕਰਕੇ ਭਗਤ ਧੰਨਾ ਜੀ ਦੇ ਪ੍ਰਭੂ ਸਾਰੇ ਕੰਮ ਕਾਰ ਆਪ ਹੀ ਕਰਦਾ ਸੀ।

## ਸਾਖੀ—ਭਗਤ ਧੰਨਾ ਜੀ

ਭਗਤ ਧੰਨਾ ਜੀ ਦਾ ਜਨਮ ਸੰਨ ੧੪੧੭ ਈ: ਨੂੰ ਧੁਆਨ ਨਗਰ ਜ਼ਿਲ੍ਹਾ ਟਾਂਕ, ਰਾਜਸਥਾਨ ਦੇ ਜੱਟ ਘਰਾਣੇ ਵਿਚ ਹੋਇਆ ਕਥਨ ਕੀਤਾ ਹੈ। ਭਗਤ ਧੰਨਾ ਜੀ ਬਚਪਨ ਤੋਂ ਹੀ ਸਿਧੇ ਸਾਦੇ, ਸਿਦਕੀ ਸੁਭਾਅ ਦੇ ਸਨ। ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਅੰਦਰ (ਅੰਗ ੪੮੮) 'ਤੇ ਅੰਕਿਤ ਸ਼ਬਦ ਅੰਦਰ ਇਸ ਤਰ੍ਹਾਂ ਕਥਨ ਕੀਤਾ ਹੈ :

**ਮਹਲਾ 5 ॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥**
**ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥ ਰਹਾਉ॥**
**ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥**
**ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧॥**

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ 2॥**
**ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥**
**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥ 3॥**
**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥**
**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ 4॥ 2॥** (ਅੰਗ 488)

ਇਸ ਸ਼ਬਦ ਅੰਦਰ ਚਾਰ ਭਗਤਾਂ ਦੇ ਭਗਤੀ ਕਰਨ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭਗਤ ਧੰਨਾ ਜੀ ਪ੍ਰਭੂ ਦੀ ਭਗਤੀ ਕਰਨ ਵਿਚ ਲੱਗਿਆ, ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ:

ਇਸ ਸ਼ਬਦ ਅੰਦਰ ਹਜ਼ੂਰ ਦੇ ਕਥਨ ਕੀਤੇ ਸਿਧਾਂਤ ਅਨੁਸਾਰ ਨਾਮਦੇਵ ਗੋਬਿੰਦ ਗੋਬਿੰਦ ਪ੍ਰਭੂ ਦਾ ਨਾਮ ਜੱਪ ਕੇ 'ਹੋਇਓ ਲਾਖੀਣਾ' ਅਤੇ ਸੰਸਾਰਿਕ ਬੁਨਣਾ ਤਨਣਾ ਤਿਆਗ ਕੇ ਪ੍ਰਭੂ ਚਰਨਾਂ ਨਾਲ 'ਪ੍ਰੀਤ ਚਰਨ ਕਬੀਰਾ' ਪਾ ਕੇ ਇਕ ਨੀਚ ਕੁਲ ਵਿਚੋਂ ਭਗਤ ਕਬੀਰ 'ਭਇਓ ਗੁਨੀਯ ਗਹੀਰਾ' ਦੱਸਿਆ ਹੈ। ਰਵਿਦਾਸ ਮਾਇਆ ਦਾ ਤਿਆਗੀ ਹੋ ਕੇ ਜੋ 'ਢੋਰ ਢਵੰਤਾ' ਸੀ, ਇਸ ਨੇ ਵੀ 'ਹਰਿ ਦਰਸਨ ਪਾਇਆ' ਬੁੱਤਕਾਰੀਆਂ ਭਰਨ ਵਾਲਾ ਸੈਨਿ ਨਾਈ ਜਿਸ ਦੇ ਹਿਰਦੇ ਵਿਚ ਪ੍ਰਮੇਸ਼ਰ ਵੱਸ ਗਿਆ, ਇਹ ਭੀ ਭਗਤਾਂ ਦੀ ਗਿਣਤੀ ਵਿਚ ਗਿਣਿਆ ਗਿਆ ਦੱਸਿਆ ਹੈ। ਉਪਰੋਕਤ ਨੀਵੀਂ ਜਾਤੀ ਵਿਚ ਜਨਮ ਲੈਣ ਵਾਲੇ ਪ੍ਰਭੂ ਦੀ ਭਗਤੀ ਕਰਕੇ ਪ੍ਰਮਾਤਮਾ ਨੂੰ ਪਾ ਕੇ ਪ੍ਰਮੇਸ਼ਰ ਰੂਪ ਹੋਇਆਂ ਨੂੰ ਵੇਖ ਕੇ ਹੀ ਭਗਤ ਧੰਨਾ ਜੀ ਦੇ ਮਨ ਅੰਦਰ ਭਗਤੀ ਕਰਨ ਦਾ ਚਾਅ ਜਾਗ ਆਇਆ ਹੈ। ਗੁਰਦੇਵ ਦਾ ਫ਼ੁਰਮਾਣ ਹੈ:

**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥** (ਅੰਗ 488)

ਭਗਤ ਧੰਨਾ ਜੀ ਨੇ ਐਸੇ ਦ੍ਰਿੜ੍ਹ ਇਰਾਦੇ ਨਾਲ ਅਤੇ ਨਿਰਛਲ ਹੋ ਕੇ ਪ੍ਰਭੂ ਦੀ ਪ੍ਰੇਮਾ ਭਗਤੀ ਕੀਤੀ। ਜਿਸ ਭਗਤੀ ਦਾ ਸਦਕਾ ਆਪ ਜੀ ਦੀ ਪਾਵਨ ਬਾਣੀ ਦੇ ਸਿਧਾਂਤ ਅਨੁਸਾਰ ਜਿਵੇਂ ਪਿਤਾ ਪੁੱਤਰ ਨਾਲ ਪਿਆਰ ਕਰਦਿਆਂ, ਲਾਡ ਦੇ ਬਚਨ ਕਰਦਾ ਹੈ, ਇਸੇ ਤਰ੍ਹਾਂ ਪ੍ਰਮਾਤਮਾ ਨੇ ਭਗਤ ਜੀ ਨੂੰ ਪ੍ਰਤੱਖ ਦਰਸ਼ਨ ਬਖ਼ਸ਼ੇ ਜੋ ਗੁਰਬਾਣੀ ਸਪੱਸ਼ਟ ਕਰਦੀ ਹੈ:

**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥** (ਅੰਗ 487)

ਪ੍ਰਭੂ ਨੇ ਕਿਹਾ, ਧੰਨਿਆ, ਹੋਰ ਭਗਤਾਂ ਨੇ ਤਾਂ ਮੇਰਾ ਜਸ ਕਰਦਿਆਂ ਮੇਰੀ ਆਰਤੀ ਕੀਤੀ ਹੈ, ਪਰ ਤੂੰ ਭੀ ਮੇਰੀ ਆਰਤੀ ਕਰ। ਭਗਤ ਧੰਨਾ ਜੀ ਨੇ ਕਿਹਾ, ਹੇ ਪ੍ਰਭੂ! ਠੀਕ ਹੋਰਾਂ ਨੇ ਆਰਤੀ ਕੀਤੀ ਹੈ, ਪਰ ਮੈਂ ਤਾਂ ਤੇਰਾ ਆਰਤਾ ਕਰਦਾ ਹਾਂ। ਹੇ ਪ੍ਰਮਾਤਮਾ! ਤੂੰ ਆਪਣੀ ਭਗਤੀ ਕਰਨ ਵਾਲਿਆਂ ਦੇ ਸਾਰੇ ਕੰਮ ਸਵਾਰਦਾ ਹੈਂ, ਪਰ ਮੇਰੀਆਂ ਤਾਂ ਸੰਸਾਰਿਕ ਬਹੁਤ ਸਾਰੀਆਂ ਮੰਗਾਂ ਹਨ, ਅਤੇ ਮੇਰੇ ਬਹੁਤ ਸਾਰੇ ਸੰਸਾਰਿਕ ਧੰਦੇ ਹਨ। ਆਪ ਇਹ ਸਾਰੇ ਕਾਰਜ ਪੂਰੇ ਕਰੋ। ਇਸ ਤਰ੍ਹਾਂ ਕਹਿੰਦਿਆਂ ਭਗਤ ਜੀ ਨੇ ਆਰਤਾ ਉਚਾਰਨ ਕੀਤਾ:

**ਧੰਨਾ॥ ਗੋਪਾਲ ਤੇਰਾ ਆਰਤਾ॥**

**ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥** (ਅੰਗ 695)

ਇਕ ਕਥਨ ਅਨੁਸਾਰ ਪ੍ਰਭੂ ਨੇ ਪ੍ਰਗਟ ਹੋ ਕੇ ਭਗਤ ਧੰਨਾ ਜੀ ਦੇ ਸੰਸਾਰਿਕ ਕੰਮ ਸਾਰੇ ਪੂਰੇ ਕੀਤੇ ਹਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਗਤ ਧੰਨਾ ਜੀ ਭੋਲੇ-ਭਾਲੇ ਸੁਭਾਅ ਦੇ, ਪ੍ਰੇਮ ਰੰਗ ਵਿਚ ਭਿੱਜੇ ਹੋਏ ਸਿਧੇ-ਸਾਦੇ, ਨਿਰਛਲ ਸੁਭਾਅ ਦੇ ਧਾਰਨੀ ਜੱਟ, ਜ਼ਿਮੀਂਦਾਰ ਸਨ। ਭਗਤ ਜੀ ਜ਼ਿੰਮੀਦਾਰਾ ਖੇਤੀ ਦਾ ਕੰਮ ਕਰਦੇ ਸਨ। ਆਪਣੇ ਘਰ ਤੋਂ ਗਊਆਂ, ਮੱਝਾਂ ਅਤੇ ਬਲਦ ਲੈ ਕੇ ਰਸਤੇ ਵਿਚ ਦੀ ਜਿਥੋਂ ਹਰ ਰੋਜ਼ ਖੇਤ ਨੂੰ ਲੰਘਦੇ ਸਨ, ਉਥੇ ਰਸਤੇ ਵਿਚ ਲੰਘਦੇ ਹੋਏ, ਤ੍ਰਿਲੋਚਨ ਬ੍ਰਾਹਮਣ ਨੂੰ ਠਾਕੁਰ ਪੂਜਾ ਕਰਦੇ ਨੂੰ ਵੇਖਦੇ ਸਨ। ਭਗਤ ਜੀ ਨੇ ਇਕ ਦਿਨ ਤ੍ਰਿਲੋਚਨ ਨੂੰ ਪੁੱਛਿਆ, ਪੰਡਿਤ ਜੀ ! ਇਹ ਤੁਸੀਂ ਕੀ ਕਰਦੇ ਹੋ ? ਤ੍ਰਿਲੋਚਨ ਨੇ ਕਿਹਾ, ਮੈਂ ਠਾਕਰ ਦੀ ਪੂਜਾ ਕਰਦਾ ਹਾਂ। ਧੰਨੇ ਨੇ ਕਿਹਾ, ਪੂਜਾ ਕਰਨ ਤੋਂ ਠਾਕੁਰ ਕੀ ਦਿੰਦਾ ਹੈ ? ਤ੍ਰਿਲੋਚਨ ਨੇ ਕਿਹਾ, ਠਾਕਰ ਸਾਰੇ ਕੰਮ ਸਵਾਰਦਾ ਹੈ। ਤਾਂ ਭਗਤ ਧੰਨਾ ਜੀ ਨੇ ਕਿਹਾ, ਪੰਡਿਤ ਜੀ, ਇਕ ਠਾਕੁਰ ਮੈਨੂੰ ਭੀ ਦਿਉ। ਪਖੰਡੀ, ਛਲੀਏ, ਤ੍ਰਿਲੋਚਨ ਬ੍ਰਾਹਮਣ ਨੇ ਧੰਨੇ ਨੂੰ ਗਲੋਂ ਲਾਹੁਣ ਵਾਸਤੇ ਇਕ ਅਣਘੜਿਆ ਪੱਥਰ ਬਸਤਰ ਵਿਚ ਲਪੇਟ ਕੇ ਦੇ ਦਿੱਤਾ। ਕਿਹਾ ਕਿ ਲੈ ਇਸ ਨੂੰ ਭੋਗ ਲਵਾਇਆ ਕਰ। ਭਗਤ ਧੰਨਾ ਜੀ ਪੰਡਿਤ ਦੇ ਦੱਸੇ ਅਨੁਸਾਰ ਠਾਕੁਰ ਨੂੰ ਭੋਗ ਲਵਾਉਣ ਲਈ ਬੇਨਤੀਆਂ ਕਰਨ ਲੱਗਾ। ਜਿਸ ਵੇਲੇ ਠਾਕੁਰ ਨੇ ਭੋਗ ਨਾ ਲਾਇਆ, ਤਾਂ ਧੰਨਾ ਜੀ ਨੇ ਹਠ ਧਾਰ ਲਿਆ ਕਿ ਭਗਵਾਨ ! ਆਪ ਮੇਰੇ ਨਾਲ ਗੁੱਸੇ ਹੋ ? ਮੇਰੇ ਰੁਖੇ ਮਿੱਸੇ ਪ੍ਰਸ਼ਾਦੇ ਆਪ ਨੂੰ ਚੰਗੇ ਨਹੀਂ ਲੱਗਦੇ ? ਪਰ ਜੇ ਤੁਸੀਂ ਨਾ ਭੋਗ ਲਾਉਗੇ ਤਾਂ ਮੈਂ ਪ੍ਰਾਣ ਤਿਆਗ ਦੇਵਾਂਗਾ, ਮੈਂ ਵੀ ਆਪਣੇ ਮੁੱਖ ਵਿਚ ਕੁਝ ਨਹੀਂ ਪਾਵਾਂਗਾ। ਧੰਨੇ ਦਾ ਸਿਦਕ, ਭਾਵਨਾ ਤੇ ਪ੍ਰੇਮ ਦੇਖ ਕੇ ਭਗਵਾਨ ਨੇ ਆਕਾਸ਼ ਬਾਣੀ ਦੁਆਰਾ ਕਿਹਾ ਕਿ ਧੰਨਿਆ ! ਤ੍ਰਿਲੋਚਨ ਬ੍ਰਾਹਮਣ ਨੇ ਤੇਰੇ ਨਾਲ ਧੋਖਾ ਕੀਤਾ ਹੈ। ਮੈਂ ਪੱਥਰ ਨਹੀਂ ਹਾਂ। ਪੱਥਰ ਤਾਂ ਜੜ੍ਹ ਹੈ, ਉਹ ਕਦੇ ਕੁਝ ਛੱਕਦਾ ਨਹੀਂ, ਇਹ ਸਭ ਪਖੰਡ ਹੈ। ਤਾਂ ਧੰਨੇ ਨੇ ਕਿਹਾ ਭਗਵਾਨ ! ਬ੍ਰਾਹਮਣ ਨੇ ਤਾਂ ਮੇਰੇ ਨਾਲ ਧੋਖਾ ਕੀਤਾ ਹੈ, ਪਰ ਪ੍ਰਭੂ, ਤੂੰ ਤਾਂ ਮੇਰੇ 'ਤੇ ਤਰਸ ਕਰ। ਆਪ ਪ੍ਰਤੱਖ ਹੋ ਕੇ ਮੈਨੂੰ ਦਰਸ਼ਨ ਬਖ਼ਸ਼ ਤੇ ਮੇਰਾ ਰੁਖਾ ਮਿੱਸਾ ਪ੍ਰਸ਼ਾਦਾ ਪ੍ਰਵਾਨ ਕਰ। ਪ੍ਰਮਾਤਮਾ ਨੇ ਧੰਨੇ ਨੂੰ ਪ੍ਰਤੱਖ ਦਰਸ਼ਨ ਬਖ਼ਸ਼ਸ਼ ਕੀਤੇ ਅਤੇ ਧੰਨੇ ਦੇ ਸਾਰੇ ਕਾਰਜ ਵੀ ਪੂਰੇ ਕੀਤੇ।

ਇਕ ਕਥਨ ਅਨੁਸਾਰ ਭਗਤ ਧੰਨਾ ਜੀ ਨੇ ਉਹ ਪੱਥਰ ਵਾਪਿਸ ਤ੍ਰਿਲੋਚਨ ਨੂੰ ਦੇ ਕੇ ਕਿਹਾ, ਪੰਡਿਤ ਜੀ ! ਤੁਸੀਂ ਮੇਰੇ ਨਾਲ ਧੋਖਾ ਕੀਤਾ ਸੀ, ਪਰ ਪ੍ਰਭੂ ਆਪਣੇ ਪਿਆਰਿਆਂ ਨਾਲ ਧੋਖਾ ਨਹੀਂ ਕਰਦਾ। ਠੀਕ ਪ੍ਰਮਾਤਮਾ ਮੇਰੇ ਸਾਰੇ ਕਾਰਜ ਪੂਰੇ ਕਰਦਾ ਹੈ। ਭਾਈ ਗੁਰਦਾਸ ਜੀ ਨੇ ਇਸ ਸਾਰੇ ਪ੍ਰਸੰਗ ਨੂੰ ਆਪਣੀ ਰਚਨਾ ਵਿਚ ਇਸ ਤਰ੍ਹਾਂ ਦਰਸਾਇਆ ਹੈ :

**ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।**
**ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।**
**ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।**

ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ॥ ੧3 ॥

(ਵਾਰ ੧0, ਪਉੜੀ ੧3)

ਸੋ ਇਸ ਤਰ੍ਹਾਂ ਭਗਤ ਧੰਨਾ ਜੀ ਨੇ ਸੱਚੇ ਦਿਲੋਂ ਪ੍ਰਭੂ ਜੀ ਦੀ ਭਗਤੀ ਕੀਤੀ, ਜਿਸ ਕਰਕੇ ਪ੍ਰਮਾਤਮਾ ਨੇ ਧੰਨਾ ਜੀ ਦੇ ਇਕੱਲੇ ਸਾਰੇ ਕੰਮ ਹੀ ਨਹੀਂ ਕੀਤੇ, ਸਗੋਂ ਧੰਨਾ ਜੀ ਭਗਤੀ ਕਰਕੇ ਨਾਮ ਜਪਦਿਆਂ ਪ੍ਰਮਾਤਮਾ ਦਾ ਰੂਪ ਹੀ ਹੋ ਗਏ ਸਨ। "ਜਿਨ ਹਰਿ ਜਪਿਆ ਸੇ ਹਰਿ ਹੋਇ॥" ਅਤੇ "ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥" ਅੱਜ ਜੋ ਮਨੁੱਖ ਪ੍ਰਭੂ ਦਾ ਸਿਮਰਨ ਕਰਦਾ ਹੈ, ਪ੍ਰਮਾਤਮਾ ਉਸ ਦੇ ਸਾਰੇ ਕਾਰਜ ਸਵਾਰਦਾ ਹੈ।

ਟੋਡੀ ਮਹਲਾ 5 ॥

ਹਰਿ ਹਰਿ ਚਰਨ ਰਿਦੈ ਉਰ ਧਾਰੇ ॥
ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ ॥ ੧ ॥ ਰਹਾਉ ॥
ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ॥
ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ॥ ੧ ॥
ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥
ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ॥ 2 ॥ ੧੧॥ 30 ॥

(ਅੰਗ 7੧8)

ਬਿਲਾਵਲੁ ਮਹਲਾ 5 ॥ ਦੋਵੈ ਥਾਵ ਰਖੇ ਗੁਰ ਸੂਰੇ॥ ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ॥ ੧ ॥ ਰਹਾਉ॥ ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ॥ ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ॥ ੧ ॥ ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ॥ ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ॥ 2 ॥ 22 ॥੧08 ॥

ਪਦ ਅਰਥ :- ਦੋਵੈ=ਦੋਵੇਂ; ਦੋਨੋਂ। ਗੁਰ ਸੂਰੇ=ਸੂਰਬੀਰ, ਬਹਾਦਰ ਸਮਰੱਥ ਗੁਰੂ ਨੇ। ਹਲਤ=(ਇਹ) ਲੋਕ। ਪਲਤ=ਪਰਲੋਕ। ਪਾਰਬ੍ਰਹਮਿ=ਸੰਸਾਰ ਦਾ ਪਰਾ ਰੂਪ ਬ੍ਰਹਮਿ=ਬਿਆਪਿਕ ਪਰਮੇਸ਼ਰ ਨੇ। ਜਪਤ=ਜਪਦਿਆਂ, ਸਿਮਰਨ ਕਰਦਿਆਂ। ਸਹਜੇ=ਸੁਭਾਵਿਕ ਹੀ। ਸਾਧੂ ਧੂਰੇ=ਸਾਧੂ (ਗੁਰੂ ਰੂਪ ਸਾਧੂ) ਦੀ ਚਰਨ ਧੂੜੀ ਵਿਚ। ਥਿਤਿ=ਸਥਿਤੀ, ਟਿਕਾਉ। ਬਿਸੂਰੇ=ਝੋਰੇ।

ਅਰਥ :- (ਹੇ ਭਾਈ ! ਸਰਬ ਕਲਾ ਸਮਰੱਥ ਪੂਰਨ) ਸੂਰਬੀਰ ਗੁਰੂ ਨੇ ਦੋਨੋਂ ਥਾਵ=ਲੋਕ ਪ੍ਰਲੋਕ ਵਿਚ ਰੱਖਿਆ ਕੀਤੀ ਹੈ (ਅਥਵਾ) (ਗੁਰਵਾਕ ਚਾਨਣ ਭਾਗ ਦੂਜਾ, ਪੰਨਾ ੩੮੧ ਅਨੁਸਾਰ) ਸੂਰੇ=ਸੂਰਬੀਰ ਗੁਰੂ=ਗੁਰੂ ਸਾਹਿਬ ਨੇ ਦੋਵੈ=ਦੋ ਪੱਖਾਂ ਵਿਚ ਸਿੱਖ ਦੀ ਰਖੇ=ਰੱਖਿਆ ਕੀਤੀ ਹੈ, ਸੁਲਹੀ ਖ਼ਾਂ ਤੇ ਸੁਲਬੀ ਖ਼ਾਂ ਨੂੰ ਇਨ੍ਹਾਂ ਦੋਵਾਂ ਨੂੰ ਥਾਂ ਹੀ ਰੱਖਿਆ ਹੈ, ਥਾਂ ਰੱਖਣ ਤੋਂ ਭਾਵ ਮਾਰ ਹੀ ਦਿੱਤੇ ਹਨ। ਪਰਮਾਤਮਾ ਨੇ (ਇਹ ਲੋਕ ਤੇ) ਪਰਲੋਕ ਸਵਾਰ ਦਿੱਤੇ (ਮਾਨੋ) ਸਾਡੇ ਸਾਰੇ ਕਾਰਜ ਪੂਰੇ ਹੋ ਗਏ।੧। ਰਹਾਉ।

(ਹੇ ਭਾਈ ! ਪਾਰਬ੍ਰਹਮ) ਪਰਮੇਸ਼ਰ ਦਾ ਨਾਮ ਜਪਦਿਆਂ ਸਹਜੇ ਹੀ (ਆਤਮਿਕ) ਸੁਖ (ਪ੍ਰਾਪਤ ਹੋ ਜਾਂਦੇ ਹਨ ਅਤੇ) ਸਾਧੂ (ਸਰੂਪ ਗੁਰੂ ਦੇ ਚਰਨਾਂ ਦੀ) ਧੂੜੀ ਵਿਚ (ਸਮੂਹ ਤੀਰਥਾਂ ਦਾ) ਇਸ਼ਨਾਨ ਹੋ ਜਾਂਦਾ ਹੈ। (ਸੋ) ਆਉਣਾ ਜਾਣਾ (ਦੋਵੇਂ) ਮੁੱਕ ਗਏ, (ਆਤਮਿਕ) ਸਥਿਤੀ ਪਾ ਲਈ, (ਜਿਸ ਕਰ ਕੇ) ਜਨਮ ਮਰਨ ਦੇ ਝੋਰੇ ਵੀ ਦੂਰ ਹੋ ਗਏ।੧।

(ਹੇ ਭਾਈ ! ਪੰਜ ਤਰ੍ਹਾਂ ਦੇ) ਭਰਮ ਤੇ ਸੱਤ ਤਰ੍ਹਾਂ ਦੇ ਡਰ ਵਾਲੇ (ਸੰਸਾਰ ਸਮੁੰਦਰ ਤੋਂ) ਤਰ ਗਏ, ਜਮਾਂ ਦੇ ਡਰ ਵੀ ਛੁੱਟ ਗਏ, (ਹੁਣ ਸਾਰੇ) ਘਟਾਂ ਵਿਚ ਇਕ (ਪਰਮੇਸ਼ਰ) ਨੂੰ ਭਰਪੂਰ ਹੋਇਆ (ਵੇਖਿਆ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਸਾਰਿਆਂ) ਦੁੱਖਾਂ ਦਾ ਨਾਸ਼ ਕਰਨ ਵਾਲੇ ਪ੍ਰਭੂ ਪ੍ਰਮਾਤਮਾ ਨੂੰ ਅੰਦਰ ਬਾਹਰ ਹਾਜ਼ਰ-ਹਜ਼ੂਰ ਵੇਖ ਕੇ (ਉਸ ਦੀ) ਸ਼ਰਨ ਪੈ ਗਏ ਹਾਂ।੨।੨੨।੧੦੮।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੮੩ (ਆਦਿ ਅੰਗ 827)

## ਬਿਲਾਵਲੁ ਮਹਲਾ 5 ॥

ਤੁਮ੍ ਸਮਰਥਾ ਕਾਰਨ ਕਰਨ ॥ ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ ॥੧॥ ਰਹਾਉ ॥ ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥ ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ ॥੧॥ ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ ॥ ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ ਜੀਵਨ ਪਦ ਨਾਨਕ ਹਰਿ ਦਰਸਨ ॥ 2 ॥ 2 ॥੧੧੮ ॥

## ਪ੍ਰਾਕ੍ਥਨ :

ਬਿਲਾਵਲੁ ਰਾਗੁ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਹੈ। ਇਸ ਦੇ ਅਰੰਭ ਵਿਚ ਗੁਰਦੇਵ ਨੇ ਉਸ ਪ੍ਰਭੂ ਨੂੰ ਸਮਰੱਥ ਦੱਸਿਆ ਹੈ। ਨਾਲ ਹੀ ਬੇਨਤੀ ਕੀਤੀ ਹੈ ਕਿ ਮੈਂ ਸ਼ਰਨ ਆਏ ਅਪਰਾਧੀ ਦੀ ਹੇ ਵਾਹਿਗੁਰੂ ਜੀ ! ਪਤਿ ਰੱਖਣ ਰੂਪੀ ਪੜਦਾ ਢਕਣ ਦੀ ਕ੍ਰਿਪਾਲਤਾ ਕਰੋ ਜੀ।

## ਵਿਸ਼ਾ — ਢਾਕਨ ਢਾਕਿ ਗੋਬਿਦ ਗੁਰ ਮੇਰੇ

ਵਾਹਿਗੁਰੂ ਜੀ ਸਰਬ ਕਲਾ ਸਮਰੱਥ ਹੈ। ਆਪਣੇ ਪਿਆਰਿਆਂ ਦੀ ਹਰ ਥਾਂ ਰੱਖਿਆ ਕਰਦਾ ਹੈ ਅਤੇ ਨਾਮ ਜਪਣ ਵਾਲਿਆਂ ਦੀ ਪੱਤ ਢੱਕ ਲੈਂਦਾ ਹੈ। ਪੁਰਾਣਿਕ ਗ੍ਰੰਥਾਂ ਅੰਦਰ ਬਹੁਤ ਸਾਰੇ ਪ੍ਰਸੰਗ ਆਉਂਦੇ ਹਨ ਕਿ ਕਿਸ ਤਰ੍ਹਾਂ ਉਸ ਨੇ ਆਪਣੇ ਸੇਵਕਾਂ ਦੀ ਰੱਖਿਆ ਕੀਤੀ ਹੈ। ਭਗਤ ਪ੍ਰਹਿਲਾਦ ਨੂੰ ਅੱਗ ਵਿਚ ਸਾੜਨ ਵਾਸਤੇ, ਭਗਤ ਜੀ ਦੀ ਭੂਆ ਹੋਲਕਾ, ਜੋ ਹਰਣਾਖਸ਼ ਦੀ ਭੈਣ ਸੀ, ਉਸ ਨੇ ਸ਼ਿਵ ਜੀ ਦੀ ਅਰਾਧਨਾ ਕਰਕੇ ਵਰ ਲਿਆ ਸੀ। ਉਸ ਪਾਸ ਇਕ ਦੁਸ਼ਾਲਾ ਸੀ। ਇਕ ਪੁਰਾਣਿਕ ਮਿਥ ਅਨੁਸਾਰ ਉਹ ਸੜਦਾ ਨਹੀਂ ਸੀ। ਹੋਲਕਾ ਉਸ ਨੂੰ ਆਪਣੇ ਉੱਪਰ ਲੈ ਕੇ ਪ੍ਰਹਿਲਾਦ ਨੂੰ ਸਾੜਨ ਵਾਸਤੇ ਅੱਗ ਵਿਚ ਬੈਠ ਗਈ ਸੀ, ਪਰ ਪ੍ਰਮਾਤਮਾ ਨੇ ਐਸੀ ਤੇਜ਼ ਹਵਾ ਚਲਾਈ ਜੋ ਦੁਸ਼ਾਲਾ ਉੱਡ ਕੇ ਪ੍ਰਹਿਲਾਦ ਉੱਪਰ ਆ ਪਿਆ ਤੇ ਹੋਲਕਾ ਸੜ ਕੇ ਸਵਾਹ ਹੋ ਗਈ ਸੀ। ਇਸ ਲਈ ਪ੍ਰਮਾਤਮਾ ਦੇ ਚਰਨਾਂ ਨਾਲ ਜੁੜੇ ਪ੍ਰਹਿਲਾਦ ਜੀ ਦੀ ਅਗਨੀ ਅੰਦਰ ਰੱਖਿਆ ਹੋਈ ਅਤੇ ਸ਼ਿਵ ਜੀ ਦੀ ਉਪਾਸ਼ਕ ਹੋਲਕਾ ਸੜ ਗਈ। ਹੋਲਕਾ ਦੇ ਸੜਨ ਦੀ ਖ਼ੁਸ਼ੀ 'ਚ ਹੋਲੀ ਦਾ ਤਿਉਹਾਰ ਬਣਿਆ ਹੈ, ਕਿ ਪ੍ਰਮਾਤਮਾ ਭਗਤਾਂ ਦੀ ਸਦਾ ਰਖਵਾਲੀ ਕਰਦਾ ਹੈ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਖ਼ਤਮ ਕਰਨ ਲਈ ਜਲ ਵਿਚ ਡੋਬਣ ਦਾ ਯਤਨ ਕੀਤਾ ਅਤੇ ਅੱਗ ਵਿਚ ਸਾੜਨ ਦਾ ਤਰੀਕਾ ਵਰਤਿਆ ਪਰ ਪ੍ਰਮੇਸ਼ਰ ਨੇ ਪ੍ਰਹਿਲਾਦ ਦੀ ਰੱਖਿਆ ਕੀਤੀ। ਜਿਸ ਵੇਲੇ ਵਾਹਿਗੁਰੂ ਜੀ ਨੇ ਜਲ ਵਿਚ ਡੁੱਬਣ 'ਤੇ ਅੱਗ ਵਿਚ ਸੜਨ ਅਤੇ ਤਪਦੇ ਥੰਮ੍ਹ ਨਾਲ ਜੱਫੀ ਪਾਉਣ ਸਮੇਂ ਰੱਖਿਆ ਕੀਤੀ ਤਾਂ ਕਰੋਧ ਵਿਚ ਆ ਕੇ ਹਰਣਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਵਾਸਤੇ ਤਲਵਾਰ ਕੱਢ ਲਈ ਤੇ ਕਿਹਾ, ਹੁਣ ਦਸ ਤੇਰੀ ਰੱਖਿਆ ਕੌਣ ਕਰੇਗਾ ? ਬੱਸ ਉਸੇ ਸਮੇਂ ਵਾਹਿਗੁਰੂ ਜੀ ਨਰਸਿੰਘ ਦਾ ਰੂਪ ਧਾਰ ਕੇ ਪ੍ਰਹਿਲਾਦ ਦੀ ਰੱਖਿਆ ਵਾਸਤੇ ਪ੍ਰਗਟ ਹੋ ਆਏ। ਪੁਰਾਣਕ ਗ੍ਰੰਥਾਂ ਅਨੁਸਾਰ ਹਰਣਾਖਸ਼ ਦੇ ਸਦਾ ਜੀਂਦੇ ਰਹਿਣ ਵਾਸਤੇ ਲਏ ਵਰ, ਸਾਰੇ ਪੂਰੇ ਕਰਕੇ ਨੌਂਹਾਂ ਨਾਲ ਪਾੜ ਕੇ ਉਸ ਨੂੰ ਖ਼ਤਮ ਕਰ ਦਿੱਤਾ। ਇਸ ਪ੍ਰਕਾਰ ਹਰਣਾਖਸ਼ ਨੂੰ ਵਾਹਿਗੁਰੂ ਜੀ ਨੇ ਸਜ਼ਾ ਦੇ ਕੇ ਆਪਣੇ ਕ੍ਰਿਪਾਲੂ ਬਿਰਦ ਦਾ ਪ੍ਰਗਟਾਅ ਕੀਤਾ। ਗੁਰੂ ਅਮਰਦਾਸ ਜੀ ਨੇ ਪ੍ਰਮਾਤਮਾ ਦੇ ਬਿਰਦ ਅਤੇ ਭਗਤ ਦੀ ਰੱਖਿਆ ਨੂੰ ਦਰਸਾਇਆ ਹੈ :

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥**

(ਸੋਰਠਿ ਮਹਲਾ 3, ਅੰਗ 637)

ਧਨਾਸਰੀ ਮਹਲਾ 5 ॥

**ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥**
**ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥ ੧॥**
**ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥**
**ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ॥ ਰਹਾਉ॥**
**ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥**
**ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ**
**ਪ੍ਰਭਿ ਪੂਰਨ ਪੈਜ ਰਖਾਈ॥ 2 ॥ ੧5 ॥ 46 ॥** (ਅੰਗ 682)

**ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥**
**ਸਤਿਗੁਰ ਢਾਕ ਲੀਆ ਮੋਹਿ ਪਾਪੀ ਪੜਦਾ॥**
(ਅੰਗ ੧੧੧7)

**ਸਤਿਗੁਰੁ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।**
**ਸਤਿਗੁਰੁ ਪੂਰਾ ਵੇਦੁ ਹੈ ਪੰਜੇ ਰੋਗ ਅਸਾਧ ਨਿਵਾਰੇ।**
**ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।**
**ਗੁਰੁ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।**
**ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।**
**ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।**
**ਸਤਿਗੁਰੁ ਆਗੂ ਜਾਣੀਐ ਬਾਹ ਪਕੜ ਅੰਧਲੇ ਉਧਾਰੇ।**
**ਮਾਣ ਨਿਮਾਣੇ ਸਦ ਬਿਲਹਾਰੇ॥ ੧9 ॥** (ਵਾਰ 26, ਪਉੜੀ ੧9)

ਗੁਰੂ ਰਾਮਦਾਸ ਜੀ ਨੇ ਵੀ ਅਕਾਲ ਪੁਰਖ ਜੀ ਦੇ ਭਗਤਾਂ ਪ੍ਰਤੀ ਪ੍ਰੇਮ ਤੇ ਰੱਖਿਆ ਕਰਨ ਦੇ ਦਰਸ਼ਨ ਕਰਵਾਏ ਹਨ :

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥**
(ਆਸਾ ਮਹਲਾ 4, ਅੰਗ 45੧)

ਦ੍ਵਾਪਰ ਯੁੱਗ ਵਿਚ ਦ੍ਰੋਪਤੀ ਨੂੰ ਕੌਰਵਾਂ ਵੱਲੋਂ ਨਗਨ ਕਰਨ ਮੌਕੇ ਰੱਖਿਆ ਕਰਨ, ਪੜਦਾ ਕੱਜਣ ਦਾ ਜ਼ਿਕਰ ਭੱਟਾਂ ਨੇ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਸੰਬੰਧ ਵਿਚ ਪਵਿੱਤ੍ਰ ਬਚਨ ਆਏ ਹਨ :

**'ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥''** (ਅੰਗ ੧੧92)

## ਸਾਖੀ—ਕਪੜ ਕੋਟੁ ਉਸਾਰਿਓਨ

ਦ੍ਰੋਪਤੀ ਰਾਜਾ ਦ੍ਰੂਪਦ ਦੀ ਪੁੱਤਰੀ ਸੀ ਜੋ ਪੰਜ ਪਾਂਡਵਾਂ ਨੂੰ ਵਿਆਹੀ ਹੋਈ ਸੀ। ਇਸ ਦੇ ਵਿਆਹ ਦਾ ਪ੍ਰਸੰਗ ਇਸ ਪ੍ਰਕਾਰ ਹੈ :- ਜਦ ਦ੍ਰੋਪਤੀ ਜਵਾਨ ਹੋਈ ਤਾਂ ਰਾਜਾ ਦ੍ਰੂਪਦ ਨੇ ਇਸ ਦੇ ਵਿਆਹ ਲਈ ਸੁਅੰਬਰ ਰਚਿਆ, ਜਿਸ ਵਿਚ ਮੱਛੀ ਦੀ ਅੱਖ ਦਾ ਅਕਸ ਵੇਖ ਕੇ, ਨਿਸ਼ਾਨਾ ਬਣਾਉਣਾ ਸੀ। ਇਸ ਰਚੇ ਸੁਅੰਬਰ ਸਮੇਂ ਪਾਂਡਵ ਵੀ ਪਹੁੰਚੇ ਸਨ। ਅਰਜੁਨ ਨੇ ਨਿਸ਼ਾਨਾ ਵਿੰਨ੍ਹ ਕੇ ਦ੍ਰੋਪਤੀ ਪ੍ਰਾਪਤ ਕੀਤੀ। ਜਿਸ ਵੇਲੇ ਪਾਂਡਵ ਦ੍ਰੋਪਤੀ ਨੂੰ ਲੈ ਕੇ ਆਪਣੀ ਮਾਤਾ ਕੁੰਤੀ ਪਾਸ ਪਹੁੰਚੇ ਤਾਂ ਮਾਤਾ ਕੁੰਤੀ ਨੂੰ ਅਰਜਨ ਨੇ ਕਿਹਾ ਕਿ ਮਾਂ ! ਅੱਜ ਇਕ ਅਦਭੁੱਤ ਵਸਤੂ ਲਿਆਂਦੀ ਹੈ। ਅੱਗੋਂ ਮਾਤਾ ਕੁੰਤੀ ਨੇ ਬਿਨਾਂ ਦੇਖਿਆਂ ਹੀ ਕਿਹਾ, ਪੁੱਤਰ ! ਅਦਭੁੱਤ ਵਸਤੂ ਨੂੰ ਪੰਜੇ ਭਰਾ ਬਰਾਬਰ ਵੰਡ ਲਵੋ। ਇਸ ਦਾ ਫਲ ਸਰੂਪ ਦ੍ਰੋਪਤੀ ਪੰਜਾਂ ਪਾਂਡਵਾਂ ਦੀ ਸਾਂਝੀ ਪਤਨੀ ਬਣੀ।

ਦੁਰਯੋਧਨ ਨੇ ਯੁਧਿਸ਼ਟਰ ਨੂੰ ਜੂਏ ਵਿਚ ਹਰਾ ਕੇ ਉਸ ਦਾ ਰਾਜ ਭਾਗ, ਧਨ ਦੌਲਤ ਸਭ ਕੁਝ ਜਿੱਤ ਲਿਆ। ਇਥੋਂ ਤੱਕ ਕਿ ਦ੍ਰੋਪਤੀ ਵੀ ਹਾਸਲ ਕਰ ਲਈ। ਦੁਸ਼ਾਸਨ ਨੇ ਦ੍ਰੋਪਤੀ ਨੂੰ ਨਗਨ ਕਰਨ ਵਾਸਤੇ ਕੇਸੋਂ ਪਕੜ ਕੇ ਭਰੇ ਦਰਬਾਰ ਵਿਚ ਖਿਚ ਲਿਆਂਦਾ। ਜਦੋਂ ਬਸਤ੍ਰ ਉਤਾਰਨੇ ਸ਼ੁਰੂ ਕੀਤੇ ਤਾਂ ਭਰੇ ਇਕੱਠ ਵਿਚ ਪਾਂਡਵਾਂ ਨੇ ਨੀਵੀਂ ਪਾ ਲਈ। ਉਸ ਸਮੇਂ ਦ੍ਰੋਪਤੀ ਨੇ ਅੱਖਾਂ ਮੀਟ ਕੇ ਭਗਵਾਨ ਦਾ ਧਿਆਨ ਧਰਕੇ ਰੋਂਦਿਆਂ ਬੇਨਤੀ ਕੀਤੀ :

**ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ॥**

(ਭਾਈ ਗੁਰਦਾਸ ਜੀ)

ਦ੍ਰੋਪਤੀ ਦੀ ਇਕਾਗਰ ਮਨ ਹੋ ਕੇ ਕੀਤੀ ਬੇਨਤੀ ਭਗਵਾਨ ਨੇ ਸੁਣ ਲਈ। ਐਸੀ ਰੱਖਿਆ ਕੀਤੀ ਕਿ ਦੂਤ ਸਾੜੀ ਉਤਾਰਦੇ ਥੱਕ ਗਏ, ਪਰ ਦ੍ਰੋਪਤੀ ਨੂੰ ਨਗਨ ਨਹੀਂ ਕਰ ਸਕੇ। ਇਸ ਸਾਰੇ ਪ੍ਰਸੰਗ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਦਰਸਾਇਆ ਹੈ :

**ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ।**
**ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।**
**ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।**
**ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।**
**ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।**
**ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।**
**ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।**
**ਨਾਥ ਅਨਾਥਾਂ ਬਾਣਿ ਧੁਰਾਂ ਦੀ॥ 8 ॥** (ਵਾਰ 10, ਪਉੜੀ 8)

# ਸਾਖੀ—ਅਬ ਮੇਰੀ ਤੁਮ ਲਾਜ ਰਖੀਜੈ

**ਰਹੋਂ ਅਹਿੰਸ ਤਜੀ ਤਲਵਾਰ। ਉਘਰਹਿ ਪਰਦਾ ਸਭਾ ਮਝਾਰ॥ 22 ॥**
**ਅਬ ਮੇਰੀ ਤੁਮ ਕਰਹੁ ਸਹਾਈ। ਜਥਾ ਦ੍ਰੂਪਤੀ ਲਾਜ ਰਖਾਈ॥**

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦੀਵਾਨ ਲੱਗਾ ਹੋਇਆ ਸੀ। ਗ਼ਜ਼ਨੀ ਦੇ ਰਹਿਣ ਵਾਲਾ ਭਾਈ ਤਿਲੋਕਾ ਆਇਆ। ਮੱਥਾ ਟੇਕ ਕੇ ਅਤੇ ਅੱਗੇ ਭੇਟਾ ਰੱਖ ਕੇ ਬੇਨਤੀ ਕੀਤੀ ਕਿ ਹੇ ਗੁਰਦੇਵ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਮੈਨੂੰ ਐਸਾ ਉਪਦੇਸ਼ ਦਿਉ ਕਿ ਉਪਦੇਸ਼ ਕਮਾਵਣ ਨਾਲ ਮੇਰੇ ਸਾਰੇ ਕਲੇਸ਼ ਦੂਰ ਹੋ ਜਾਣ।

ਹਜ਼ੂਰ ਨੇ ਕਿਹਾ—ਉਠਦਿਆਂ-ਬੈਠਦਿਆਂ, ਆਉਂਦਿਆਂ-ਜਾਂਦਿਆਂ ਵਾਹਿਗੁਰੂ ਵਾਹਿਗੁਰੂ ਜਪਦਾ ਰਹੀਂ, ਪ੍ਰਮੇਸ਼ਰ ਦਾ ਭਾਣਾ ਮਿੱਠਾ ਕਰਕੇ ਮੰਨੀਂ ਅਤੇ ਜੀਆਂ 'ਤੇ ਦਇਆ ਕਰੀਂ। ਕੋਈ ਜੀਵ-ਹੱਤਿਆ ਨਾ ਕਰੀਂ, ਅਤੇ ਕਿਸੇ ਦਾ ਦਿਲ ਨਾ ਦੁਖਾਵੀਂ।

**ਰਹੁ ਅਹਿੰਸ ਕਰ ਸਭ ਪਰ ਦਯਾ। ਕਿਸ ਕੌ ਨਹੀਂ ਦੁਖਾਵਹੁ ਹਿਯਾ॥**

(ਗੁ: ਪਰ: ਸੂ:, ਰਾਸਿ 3, ਅੰਸੂ ੫੧)

ਇਸ ਤਰ੍ਹਾਂ ਦਾ ਉਪਦੇਸ਼ ਸੁਣ ਕੇ ਅਤੇ ਆਗਿਆ ਲੈ ਕੇ ਆਪਣੇ ਦੇਸ਼ ਗ਼ਜ਼ਨੀ ਚਲਾ ਗਿਆ। ਉਥੇ ਇਹ ਇਕ ਪਠਾਨ ਦੀ ਨੌਕਰੀ ਕਰਦਾ ਸੀ। ਜਿਸ ਪਾਸੇ ਭੀ ਉਹ ਜਾਵੇ, ਇਹ ਭਾਈ ਤਿਲੋਕਾ ਸ਼ਸਤਰ ਪਹਿਨ ਕੇ ਉਸ ਦੇ ਨਾਲ ਹੀ ਜਾਂਦਾ ਸੀ। (ਸਿੱਖ ਭਗਤ ਮਾਲਾ) ਵਿਚ ਲਿਖਿਆ ਹੈ ਕਿ ਰੋਜ਼ ਦੇ ਪੰਜ ਰੁਪਏ ਪਠਾਨ ਤੋਂ ਲੈਂਦਾ ਸੀ। ਸੂਰਜ ਪ੍ਰਤਾਪ ਵਿਚ ਲਿਖਿਆ ਹੈ ਕਿ ਪੰਜਾਹ ਰੁਪਏ ਰੋਜ਼ ਦੇ ਲੈਂਦਾ ਸੀ।

ਇਕ ਵਾਰ ਮੁਗਲ ਪਠਾਨ ਸ਼ਿਕਾਰ ਖੇਡਣ ਵਾਸਤੇ ਗਿਆ। ਭਾਈ ਤਿਲੋਕਾ ਵੀ ਘੋੜੇ 'ਤੇ ਅਸਵਾਰ ਹੋ ਕੇ ਨਾਲ ਗਿਆ। ਜਿਸ ਵੇਲੇ ਪਠਾਨ ਦੇ ਅੱਗੋਂ ਹਰਨੀ ਲੰਘੀ ਤਾਂ ਇਨ੍ਹਾਂ ਨੇ ਆਪਣੇ ਘੋੜੇ ਉਸ ਦੇ ਪਿਛੇ ਦੁੜਾਏ। ਭਾਈ ਤਿਲੋਕੇ ਨੇ ਬੜੀ ਫੁਰਤੀ ਨਾਲ ਹਰਨੀ ਦੇ ਪਾਸ ਜਾ ਕੇ ਐਸੀ ਤਲਵਾਰ ਮਾਰੀ ਕਿ ਹਰਨੀ ਦੇ ਦੋ ਟੋਟੇ ਕਰ ਸੁੱਟੇ। ਉਸ ਵੇਲੇ ਹਰਨੀ ਦੇ ਪੇਟ ਚੋਂ ਦੋ ਬੱਚੇ ਡਿੱਗੇ ਅਤੇ ਕਿਤਨਾ ਕੁ ਚਿਰ ਤੜਫ-ਤੜਫ ਕੇ ਉਹ ਭੀ ਮਰ ਗਏ। ਇਹ ਦੇਖ ਕੇ ਭਾਈ ਤਿਲੋਕੇ ਦੇ ਮਨ ਵਿਚ ਬੜਾ ਤਰਸ ਆਇਆ ਤੇ ਆਪਣੇ ਆਪ ਨੂੰ ਧਿਰਕਾਰਾਂ ਪਾਈਆਂ।

**ਯਥਾ: ਦੇਖ ਤਿਲੋਕੇ ਕਰੁਨਾ ਠਾਨੀ। ਧਿਕ ਧਿਕ ਅਪਨੇ ਕਰਮ ਬਖਾਨੀ।**
**ਐਸੋ ਪਾਪ ਅਚਾਨਕ ਕਏ। ਇਕ ਕੇ ਹਤੇ ਤੀਨ ਮਰਿ ਗਏ॥ ੧੧॥**

ਉਸ ਸਮੇਂ ਗੁਰਾਂ ਦਾ ਉਪਦੇਸ਼ ਯਾਦ ਆਇਆ ਕਿ ਮੈਨੂੰ ਤਾਂ ਗੁਰਾਂ ਨੇ ਕਿਹਾ ਸੀ ਕਿ ਭਾਈ, ਤੂੰ ਜੀਵਾ 'ਤੇ ਦਇਆ ਕਰੀਂ, ਪਰ ਮੇਰੇ ਪਾਸੋਂ ਇਹ ਉਪਦੇਸ਼ ਕਮਾਇਆ ਨਹੀਂ ਗਿਆ। ਪਾਸ ਸ਼ਸਤਰ ਹੋਣ ਤਾਂ ਜ਼ਰੂਰ ਪਾਪ ਹੋ ਜਾਂਦਾ ਹੈ, ਇਸ ਕਰਕੇ ਹੁਣ ਇਨ੍ਹਾਂ ਦਾ ਤਿਆਗ ਹੀ ਸ੍ਰੇਸ਼ਟ ਹੈ।

**ਚਿਤ ਬਿਚਾਰ ਤਲਵਾਰ ਹਟਾਈ। ਤੇਗ ਕਾਠ ਕੀ ਕਰਿ ਗਰ ਪਾਈ॥ ੧੩॥**

ਜਦ ਇਸ ਨੇ ਕਾਠ ਦੀ ਤਲਵਾਰ ਪਾਈ, ਤਦ ਭਾਈ ਤਿਲੋਕੇ ਦੇ ਦੁਸ਼ਮਨ ਨੂੰ ਪਤਾ ਲੱਗ ਗਿਆ। ਉਸ ਨੇ ਮੁਗ਼ਲ ਪਠਾਨ ਪਾਸ ਜਾ ਕੇ ਕਿਹਾ ਕਿ ਤੇਰਾ ਜਿਹੜਾ ਸਭ ਤੋਂ ਵੱਡਾ ਸਿਪਾਹੀ ਹੈ, ਉਸ ਨੇ ਤਾਂ ਕਾਠ ਦੀ ਤਲਵਾਰ ਗਲ ਵਿਚ ਪਾਈ ਹੋਈ ਹੈ। ਉਸ ਨੇ ਕੀ ਸੂਰਬੀਰਤਾ ਵਿਖਾਣੀ ਹੈ, ਉਹ ਤਾਂ ਤੈਨੂੰ ਐਵੇਂ ਠੱਗ ਕੇ ਤਨਖ਼ਾਹ ਖਾਈ ਜਾਂਦਾ ਹੈ।

ਇਹ ਗੱਲ ਸੁਣ ਕੇ ਪਠਾਨ ਦੇ ਮਨ ਵਿਚ ਨਿਸਚਾ ਨਾ ਆਇਆ ਅਤੇ ਉਸ ਨੇ ਸੁਣੀ ਅਣਸੁਣੀ ਕਰ ਦਿੱਤੀ।

ਉਸ ਚੁਗ਼ਲ ਨੇ ਦੁਬਾਰਾ ਫਿਰ ਕਿਹਾ ਕਿ ਮੈਂ ਆਪ ਨੂੰ ਠੀਕ ਕਹਿ ਰਿਹਾ ਹਾਂ ਕਿ ਆਪ ਦੇ ਵੱਡੇ ਸਿਪਾਹੀ ਨੇ ਕਾਠ ਦੀ ਤਲਵਾਰ ਰੱਖੀ ਹੋਈ ਹੈ। ਆਪ ਇਕ ਵਾਰ ਆਪਣੀ ਸਭਾ ਵਿਚ ਸਾਰਿਆਂ ਨੂੰ ਬੁਲਾ ਕੇ ਸਭ ਦੀਆਂ ਤਲਵਾਰਾਂ ਦੇਖੋ।

ਜੇ ਉਸ ਦੀ ਤਲਵਾਰ ਕਾਠ ਦੀ ਨਿਕਲ ਆਈ ਤਾਂ ਉਸ ਨੂੰ ਨੌਕਰੀ ਤੋਂ ਖ਼ਾਰਜ ਕਰ ਦੇਣਾ। ਜੇਕਰ ਲੋਹੇ ਦੀ ਨਿਕਲੀ ਤਾਂ ਜੋ ਮੇਰੇ ਪਾਸ ਹੋਵੇ, ਆਪ ਦੰਡ ਵਜੋਂ ਲੈ ਲੈਣਾ।

ਇਹ ਗੱਲ ਸੁਣ ਕੇ ਪਠਾਨ ਨੂੰ ਸੰਸਾ ਹੋ ਗਿਆ। ਉਸ ਨੇ ਉਸੀ ਵੇਲੇ ਹੁਕਮ ਦੇ ਕੇ ਸਭ ਸਿਪਾਹੀਆਂ ਨੂੰ ਭਾਈ ਤਿਲੋਕੇ ਸਮੇਤ ਆਪਣੇ ਪਾਸ ਬੁਲਵਾ ਲਿਆ।

ਪਹਿਲੇ ਮਿਆਨ ਚੋਂ ਆਪਣੀ ਤਲਵਾਰ ਖਿੱਚ ਕੇ ਦਿਖਾਈ। ਫਿਰ ਦੂਜੇ ਨੂੰ ਕਹਿ ਕੇ ਦਿਖਾਈ। ਫਿਰ ਸਾਰਿਆਂ ਨੂੰ ਹੁਕਮ ਦੇ ਦਿੱਤਾ ਕਿ ਸਭ ਸੂਰਮੇ ਵਾਰੋ ਵਾਰੀ ਆਪੋ ਆਪਣੀ ਕ੍ਰਿਪਾਨ ਦਿਖਾਓ।

ਸ਼ਾਹੀ ਹੁਕਮ ਨੂੰ ਸੁਣ ਕੇ ਸਭ ਸੂਰਮੇ ਆਪੋ ਆਪਣੀ ਕ੍ਰਿਪਾਨ ਵਿਖਾਣ ਲੱਗ ਪਏ, ਪਰੰਤੂ ਭਾਈ ਤਿਲੋਕਾ ਜੀ ਗੁਰੂ ਸਾਹਿਬ ਜੀ ਨੂੰ ਸਿਮਰ ਕੇ ਬੇਨਤੀਆਂ ਕਰਨ ਲੱਗੇ ਕਿ ਸਤਿਗੁਰੂ ਜੀ! ਹੁਣ ਸਭਾ ਵਿਚ ਮੇਰੀ ਪਤ ਇੱਜ਼ਤ ਰਹਿ ਆਵੇ। ਕਿਰਪਾ ਕਰ ਕੇ ਮੇਰੀ ਪੱਤ ਰੂਪੀ ਪਰਦਾ ਢੱਕ ਲੈਣਾ, ਨਹੀਂ ਤਾਂ ਮੇਰੀ ਇੱਜ਼ਤ ਨਹੀਂ ਰਹਿਣੀ ਅਤੇ ਨਾ ਹੀ ਨੌਕਰੀ ਰਹਿਣੀ ਹੈ।

**ਤਬਿ ਸਤਿਗੁਰ ਉਰ ਸਿਮਰਨਿ ਕਰੇ। ਮੈਂ ਉਪਦੇਸ਼ ਆਪ ਕੋ ਧਰੇ।**
**ਰਹੋਂ ਅਹਿੰਸ ਤਜੀ ਤਲਵਾਰ। ਉਘਰਹਿ ਪਰਦਾ ਸਭਾ ਮਝਾਰ॥ 22॥**
**ਅਬਿ ਮੇਰੀ ਤੁਮ ਕਰਹੁ ਸਹਾਈ। ਜਥਾ ਦ੍ਰੋਪਤੀ ਲਾਜ ਬਚਾਈ।**
**ਤਿਮ ਮੇਰੀ ਅਬਿ ਲਾਜ ਰਖੀਜੈ। ਸਭਾ ਬਿਖੈ ਕਰਿ ਖੜਗ ਦਿਖੀਜੈ।**
**ਕੋ ਤਕਮਾ ਕਰਿ ਹੈ ਨਰਜਾਸ॥ 26॥**

**ਕਹਯੋ ਤਿਲੋਕੇ ਤਕਮਾ ਗੁਰ ਕੋ। ਮੋਰ ਖੜग ਪਰ ਨਹੀਂ ਅਪਰ ਕੋ।**
**ਵਾਹਿਗੁਰੂ ਕਹਿ ਖੈਂਚ ਨਿਕਾਰਾ। ਨਿਕਸੇ ਭਯੋ ਪ੍ਰਕਾਸ਼ ਉਦਾਰਾ।**
**ਅਸ ਤੀਖਨ ਧਾਰਾ ਅਸਿ ਕੇਰੀ। ਨਹੀਂ ਅਪਰ ਕੇ ਇਸ ਬਿਧਿ ਹੇਰੀ॥ 28॥**
**ਹੇਰਤਿ ਹਰਖਯੋ ਮੁਗਲ ਬਿਸਾਲਾ। ਦੁਗਨਾ ਰੋਜ਼ ਕਰਯੋ ਤਿਸ ਕਾਲਾ।**
**ਦੰਡ ਦਯੋ ਤਿਸ ਚੁਗਲ ਉਦਾਰ। ਮੁਖ ਕਾਰਾ ਕਰਿ ਵਹਿਰ ਨਿਕਾਰਾ॥ 29॥**

(ਗੁਰ ਪ੍ਰਤਾਪ ਸੂ: ਗ੍ਰੰਥ, ਰਾਸ 3, ਅੰਸੂ 51)

ਜਦੋਂ ਭਾਈ ਤਿਲੋਕੇ ਦੀ ਵਾਰੀ ਆਈ ਤਾਂ ਉਸ ਨੇ ਗੁਰੂ ਜੀ ਨੂੰ ਯਾਦ ਕਰਕੇ ਤਲਵਾਰ ਦਿਖਾਈ। ਤਲਵਾਰ ਸਹੀ ਨਿਕਲੀ। ਪਠਾਨ ਨੇ ਖ਼ੁਸ਼ ਹੋ ਕੇ ਉਸ ਦੀ ਤਨਖ਼ਾਹ ਦੁਗਣੀ ਕਰ ਦਿੱਤੀ ਤੇ ਚੁਗ਼ਲਖ਼ੋਰ ਨੂੰ ਕੜੀ ਸਜ਼ਾ ਦਿੱਤੀ। ਇਸ ਪ੍ਰਸੰਗ ਤੋਂ ਸਿੱਖਿਆ ਲੈਣੀ ਹੈ ਕਿ ਜੀਆਂ 'ਤੇ ਦਇਆ ਕਰਨੀ ਹੈ। ਪਰ ਦਸਮੇਸ਼ ਗੁਰੂ ਜੀ ਦੇ ਹੁਕਮ ਅਨੁਸਾਰ ਸ਼ਸਤ੍ਰਧਾਰੀ ਹੋ ਕੇ ਸਿੰਘ ਨੇ ਗ਼ਰੀਬ ਦੀ ਰੱਖਿਆ ਕਰਨੀ ਹੈ, ਜ਼ੁਲਮ ਦਾ ਟਾਕਰਾ ਕਰਨਾ ਹੈ।

ਬਿਲਾਵਲੁ ਮਹਲਾ 5 ॥ ਤੁਮ੍ ਸਮਰਥਾ ਕਾਰਨ ਕਰਨ॥ ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ॥੧॥ ਰਹਾਉ॥ ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ॥ ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ॥੧॥ ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ॥ ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ ਜੀਵਨ ਪਦ ਨਾਨਕ ਹਰਿ ਦਰਸਨ॥ 2 ॥ 2 ॥੧੧8 ॥

ਪਦ ਅਰਥ :- ਅਪਰਾਧੀ=ਦੋਸ਼ੀ, ਗੁਨਾਹਗਾਰ ਪਾਪੀ। ਜਾਨਿਓ=ਜਾਣ ਲਿਆ ਹੈ। ਪੇਖਿਓ ਠਉਰ=(ਸਭ) ਜਗ੍ਹਾ (ਥਾਂ) ਵੇਖਿਆ ਹੈ। ਢੀਠ=ਨਿਰਲਜ। ਮੁਕਰਨ=ਇਨਕਾਰੀ ਹੋਣਾ। ਕੋਟਿ ਅਘਾ= ਕ੍ਰੋੜਾਂ ਪਾਪ। ਹਰਨ=ਨਾਸ਼ ਕਰਨ ਵਾਲਾ। ਸਹਾਉ=ਸੁਭਾਵ। ਭੂਲਨ=ਭੁੱਲਣ ਵਾਲਾ। ਬਿਰਦੁ=ਧਰਮੀ ਸੁਭਾਵ। ਪਤਿਤ ਉਧਰਨ=ਡਿੱਗੇ ਹੋਏ ਪਾਪੀਆਂ ਨੂੰ ਉਧਾਰਨ (ਤਾਰਨ) ਵਾਲਾ ਹੈ। ਕਰੁਣਾ ਮੈ=ਹੇ ਦਇਆ ਸਰੂਪ !। ਕ੍ਰਿਪਾਨਿਧਿ=ਹੇ ਕਿਰਪਾ ਦੇ ਖ਼ਜ਼ਾਨੇ !। ਪਦ=ਪਦਵੀ।

ਅਰਥ :- (ਹੇ ਸਮਰੱਥ ਪ੍ਰਭੂ !) ਤੁਸੀਂ (ਸਭ) ਕਾਰਨਾਂ ਦੇ ਕਰਨ ਵਾਲੇ ਸਰਬ ਸ਼ਕਤੀਮਾਨ ਹੋ। ਹੇ ਮੇਰੇ ਗੋਬਿੰਦ ਰੂਪ ਗੁਰੂ ! ਮੈਂ ਅਪਰਾਧੀ=ਪਾਪੀ ਤੇਰੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ, (ਕਿਰਪਾ ਕਰ ਕੇ ਮੇਰੇ ਪਤ ਰੂਪੀ) ਪਰਦੇ ਢੱਕ ਲਵੋ ਜੀ।੧। ਰਹਾਉ।

(ਹੇ ਪ੍ਰਭੂ ! ਲਾਲਚ ਵੱਸ ਹੋ ਕੇ) ਜੋ ਜੋ (ਕੰਮ) ਮੈਂ ਮਾੜਾ ਚੰਗਾ ਕੀਤਾ ਹੈ, ਉਹ (ਸਭ ਅੰਤਰਜਾਮੀ ਪ੍ਰਭੂ) ਤੁਸਾਂ ਜਾਣਿਆ ਤੇ ਵੇਖਿਆ ਹੈ, (ਇਸ ਲਈ ਮੰਦੇ ਕਰਮਾਂ ਤੋਂ ਮੇਰੇ) ਢੀਠ ਦੇ ਮੁਕਰਨ ਲਈ ਕੋਈ ਥਾਂ ਨਹੀਂ ਹੈ। ਹੇ ਪ੍ਰਭੂ ! (ਤੇਰੀ ਮਹਿਮਾ) ਤੇਰਾ (ਇਹ ਬਹੁਤ) ਵੱਡਾ ਪ੍ਰਤਾਪ ਸੁਣਿਆ ਹੈ ਕਿ ਤੇਰਾ ਨਾਮ ਕ੍ਰੋੜਾਂ ਪਾਪਾਂ ਦੇ ਨਾਸ਼ ਕਰਨ ਵਾਲਾ ਹੈ।੧।

(ਹੇ ਦਇਆਲੂ ਪ੍ਰਭੂ !) ਸਾਡਾ ਸੁਭਾਵ ਹਮੇਸ਼ਾ ਭੁੱਲਾਂ ਕਰਨ ਵਾਲਾ ਹੈ, (ਪਰ) ਤੁਹਾਡਾ ਧਰਮੀ-ਸੁਭਾਵ ਪਤਿਤ=ਇਖ਼ਲਾਕ ਤੋਂ ਡਿੱਗੇ ਹੋਏ ਪਾਪੀਆਂ ਨੂੰ ਤਾਰਨ ਵਾਲਾ ਹੈ। ਹੇ ਦਇਆ ਸਰੂਪ ! ਹੇ ਕਿਰਪਾਲੂ ! ਹੇ ਕਿਰਪਾ ਦੇ ਖ਼ਜ਼ਾਨੇ ! ਨਾਨਕ (ਗੁਰੂ ਜੀ ਬੇਨਤੀ ਪੂਰਬਕ ਉਚਾਰਨ ਕਰਦੇ ਹਨ ਕਿ) ਹੇ ਹਰੀ ! (ਤੇਰਾ) ਦਰਸ਼ਨ ਜੀਵਨ-ਪਦਵੀ ਦੇਣ ਵਾਲਾ ਹੈ (ਇਸ ਲਈ ਮੈਨੂੰ) ਆਪਣੇ ਦਰਸ਼ਨ ਦੀ ਦਾਤਿ ਬਖ਼ਸ਼ੋ ਜੀ।੨।੨।੧੧੮।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧84 (ਆਦਿ ਅੰਗ 829)

## ਬਿਲਾਵਲੁ ਮਹਲਾ 5 ॥

ਜੀਵਉ ਨਾਮੁ ਸੁਨੀ ॥ ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧ ॥ਰਹਾਉ ॥ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ ॥ ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥੧ ॥ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥ ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥ 2 ॥ 2 ॥੧27 ॥

## ਪ੍ਰਾਕ੍ਥਨ :

ਬਿਲਾਵਲੁ ਰਾਗੁ ਅੰਦਰ ਪੰਚਮ ਗੁਰਦੇਵ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਦਿ ਵਿਚ ਪਰਮ ਕਿਰਪਾਲੂ ਸਤਿਗੁਰੂ ਜੀ ਨੇ ਗੁਰੂ ਦੀ ਪ੍ਰਸੰਨਤਾ ਨਾਲ ਮਨੁੱਖ ਦੀ ਆਸਾ ਪੂਰੀ ਹੋਣੀ ਦਰਸਾਈ ਹੈ।

## ਵਿਸ਼ਾ — ਤਬ ਮੇਰੀ ਆਸ ਪੁਨੀ

ਆਸ ਦਾ ਅਰਥ ਹੈ—ਇੱਛਾ। ਮਨੁੱਖਾਂ ਦੇ ਮਨ ਅੰਦਰ ਇਕ ਆਸਾ ਹੀ ਨਹੀਂ ਹੁੰਦੀ, ਸਗੋਂ ਬੇਅੰਤ ਆਸ਼ਾਵਾਂ, ਇੱਛਾਵਾਂ, ਕਾਮਨਾਵਾਂ ਧਾਰਨ ਕੀਤੀਆਂ ਹੁੰਦੀਆਂ ਹਨ। ਇਕ ਪ੍ਰਭੂ ਪ੍ਰਮਾਤਮਾ ਦੀ ਆਸਾ ਮਨ ਅੰਦਰ ਧਾਰਨ ਕਰ ਕੇ ਹੀ ਇਸ ਸਮੁੱਚੀ ਮਨੁੱਖਤਾ ਦੀਆਂ ਸਾਰੀਆਂ ਆਸਾਂ, ਕਾਮਨਾਵਾਂ ਪੂਰੀਆਂ ਹੁੰਦੀਆਂ ਹਨ।

ਸੋਢੀ ਸੁਲਤਾਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਧਨਾਸਰੀ ਰਾਗ ਅੰਦਰ ਮਨੁੱਖ ਦੀਆਂ ਇੱਛਾਵਾਂ ਦਾ ਜ਼ਿਕਰ ਕੀਤਾ ਹੈ। ਜੋ ਮਨੁੱਖ ਆਪਣੀ ਇੱਛਾ ਅਥਵਾ ਆਸਾ ਦੀ ਪੂਰਤੀ ਲਈ ਸੱਚੇ ਨੂੰ ਛੱਡ ਕੇ ਝੂਠਿਆਂ ਦੇ ਦਰ-ਦਰ 'ਤੇ ਭਟਕਦਾ ਫਿਰਦਾ ਹੈ, ਉਸ ਨੂੰ ਚਾਹੀਦਾ ਹੈ ਕਿ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਤਾਂ ਪ੍ਰਭੂ ਪ੍ਰਮਾਤਮਾ ਹੀ ਹੈ, ਉਸ ਦੀ ਸ਼ਰਣ ਵਿਚ ਪੈ ਜਾਉ।

**ਇਛਾ ਪੂਰਕੁ ਸਰਬ ਸੁਖਦਾਤਾ ਹਰਿ**
**ਜਾ ਕੈ ਵਸਿ ਹੈ ਕਾਮਧੇਨਾ ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ**
**ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ੧ ॥**
**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ**
**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥**
**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ**
**ਵਡਭਾਗੀ ਹਰਿ ਜਪਨਾ ॥**
**ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ**
**ਜਪਿ ਹਰਿ ਭਵਜਲੁ ਤਰਨਾ ॥ 2 ॥ 6 ॥ ੧2 ॥**

ਐ ਮਨੁੱਖ ! ਸਾਰੀਆਂ ਇੱਛਾਵਾਂ ਪੂਰਨ ਕਰਨ ਵਾਲਾ ਤਾਂ ਇਕ ਹਰੀ ਅਕਾਲ ਪੁਰਖ ਵਾਹਿਗੁਰੂ ਹੀ ਹੈ। ਉਸ ਤੋਂ ਬਿਨਾਂ ਹੋਰ ਕੋਈ ਇੱਛਾ ਪੂਰਕ ਨਹੀਂ ਹੈ। ਇੱਛਾ ਨਾਮ ਆਸਾ ਕਾਮਨਾ ਦਾ ਹੈ।

ਗੁਰਬਾਣੀ ਦੇ ਸਿਧਾਂਤ ਅਨੁਸਾਰ ਮਨੁੱਖ ਦੀਆਂ ਵੱਖ ਵੱਖ ਅਨੰਤ ਤਰ੍ਹਾਂ ਦੀਆਂ ਇੱਛਾਵਾਂ ਹਨ, ਪਰ ਗੁਰਦੇਵ ਨੇ ਇਸ ਮਨੁੱਖ ਦੀਆਂ ਸਾਰੀਆਂ ਇੱਛਾਵਾਂ, ਇਸ ਤਰ੍ਹਾਂ ਦੀਆਂ ਦੱਸੀਆਂ ਹਨ :

ਧਨ ਦੀ ਪ੍ਰਾਪਤੀ, ਸਰੀਰਕ ਸੁੱਖ ਦੀ ਪ੍ਰਾਪਤੀ ਅਤੇ ਸੰਸਾਰ ਅੰਦਰ ਸੋਭਾ ਕਰਵਾਉਣ ਦੀ ਆਸ਼ਾ।

ਦੇ ਨਾਲ ਦੀ ਨਿਵਿਰਤੀ, ਰੋਗ ਰਹਿਤ ਹੋਣ ਦੀ ਇੱਛਾ ਪੂਰੀ ਕਰਕੇ ਫਿਰ ਨਾਮ ਰੂਪ ਖ਼ਜ਼ਾਨੇ ਨੂੰ ਪਾ ਕੇ ਸੱਚੇ ਦੀ ਦਰਗਾਹ ਅੰਦਰ ਪ੍ਰਵਾਨ ਹੋਣ ਦੀ ਸ਼ੁੱਭ ਇੱਛਾ। ਇਹ ਉਪਰੋਕਤ ਸਾਰੀਆਂ ਆਸ਼ਾਵਾਂ ਅਤੇ ਕਾਮਨਾਵਾਂ ਪੂਰੀਆਂ ਕਰਨ ਦਾ ਉਪਦੇਸ਼ ਹਜ਼ੂਰ ਨੇ ਇਸ ਤਰ੍ਹਾਂ ਦਿੱਤਾ ਹੈ :

**ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥ ਸੋ ਧਨੁ ਹਰਿ ਸੇਵਾ ਤੇ ਪਾਵਹਿ॥**
**ਜਿਸੁ ਸੁਖ ਕਉ ਨਿਤ ਬਾਛਹਿ ਮੀਤ॥ ਸੋ ਸੁਖੁ ਸਾਧੂ ਸੰਗਿ ਪਰੀਤਿ॥**
**ਜਿਸੁ ਸੋਭਾ ਕਉ ਕਰਹਿ ਭਲੀ ਕਰਨੀ॥ ਸਾ ਸੋਭਾ ਭਜੁ ਹਰਿ ਕੀ ਸਰਨੀ॥**
**ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥**
**ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥ ਜਪਿ ਨਾਨਕ ਦਰਗਹਿ ਪਰਵਾਨੁ॥ 2 ॥**

(ਅੰਗ 288)

ਜੋ ਮਨੁੱਖ ਚਾਰ ਪਦਾਰਥ ਤੇ ਦੁੱਖ ਨਿਵਿਰਤੀ ਦੀ ਆਸ਼ਾ ਅਤੇ ਸੰਸਾਰ ਅੰਦਰ ਆਪਣੀ ਸ਼ੋਭਾ ਕਰਨੀ ਲੋੜਦਾ ਹੈ ਅਤੇ ਜਨਮ ਮਰਨ ਦਾ ਡਰ ਦੂਰ ਕਰਕੇ ਪ੍ਰਭੂ ਦੇ ਦਰਸ਼ਨ ਦੀ ਪਿਆਸ ਵਿਚ ਲੱਗਿਆ ਹੋਇਆ ਹੈ, ਇਹਨਾਂ ਆਸ਼ਾਵਾਂ ਦੀ ਪੂਰਤੀ ਗੁਰਦੇਵ ਨੇ ਸ੍ਰੀ ਸੁਖਮਨੀ ਸਾਹਿਬ ਦੇ ਅੰਦਰ ਇਸ ਤਰ੍ਹਾਂ ਵੀ ਇਕ ਥਾਂ ਕਥਨ ਕੀਤੀ ਹੈ :

**ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥**
**ਜੇ ਕੋ ਆਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥**
**ਜੇ ਕੋ ਅਪੁਨੀ ਸੋਭਾ ਲੋਰੈ॥ ਸਾਧਸੰਗਿ ਇਹ ਹਉਮੈ ਛੋਰੈ॥**
**ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥**
**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥ 5 ॥**

(ਅੰਗ 266)

ਸੋਢੀ ਸੁਲਤਾਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਮਨੁੱਖ ਦੀਆਂ ਇਹ ਕੁਝ ਆਸ਼ਾਵਾਂ ਸ੍ਰੀ ਆਸਾ ਜੀ ਕੀ ਵਾਰ ਦੇ ਨਾਲ ਪੜ੍ਹੇ ਜਾਣ ਵਾਲੇ ਛੱਕਿਆਂ ਅੰਦਰ ਕਥਨ ਕੀਤੀਆਂ ਹਨ :

ਪਹਿਲੀ ਆਸ਼ਾ ਹੈ ਕਿ ਮੇਰੇ ਕਿਸੇ ਵੀ ਕਾਰਜ ਵਿਚ ਕੋਈ ਵੀ ਕਿਸੇ ਪ੍ਰਕਾਰ ਦਾ ਬਿਘਨ ਨਾ ਪਵੇ ਅਤੇ ਦੂਸਰੀ ਆਸ਼ਾ ਹੈ ਕਿ ਸੰਸਾਰ ਅੰਦਰ ਮੇਰਾ ਸਾਰੇ ਸਤਿਕਾਰ ਕਰਨ, ਸਾਰੇ ਮੇਰੀ ਸੋਭਾ ਹੋਵੇ। ਤੀਸਰੀ ਆਸ਼ਾ ਇਹ ਹੈ ਕਿ ਮੈਨੂੰ ਸਦਾ ਸੁੱਖ ਦੀ ਪ੍ਰਾਪਤੀ ਹੋਵੇ, ਕਦੇ ਵੀ ਮੈਂ ਦੁੱਖੀ ਨਾ ਹੋਵਾਂ ਤੇ ਫਿਰ ਚੌਥੀ ਆਸ਼ਾ ਹੈ ਕਿ ਮੈਨੂੰ ਪ੍ਰਭੂ-ਪ੍ਰਮਾਤਮਾ ਦੀ ਪ੍ਰਾਪਤੀ ਹੋਵੇ।

**ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥**
**ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥**

**ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ॥**
**ਜਿਨਾ ਨਾਨਕੁ ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ॥ 2॥**

(ਅੰਗ 45੧)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਭਗਤ ਪ੍ਰਹਿਲਾਦ ਜੀ ਦੇ ਪੋਤਰੇ ਬਲ ਰਾਜਾ ਦੇ ਸਵਰਗ ਪੁਰੀ ਦੀ ਪ੍ਰਾਪਤੀ ਦੀ ਆਸ਼ਾ ਕਰਨ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

**ਬਲਿ ਪੋਤਾ ਪ੍ਰਹਿਲਾਦ ਦਾ ਇੰਦਰ ਪੁਰੀ ਦੀ ਇਛ ਇਛੰਦਾ।**
**ਕਰਿ ਸੰਪੂਰਣੁ ਜਗੁ ਸਉ ਇਕ ਇਕੋਤਰੁ ਜਗੁ ਕਰੰਦਾ।**
**ਬਾਵਨ ਰੂਪੀ ਆਇ ਕੈ ਗਰਬੁ ਨਿਵਾਰਿ ਭਗਤ ਉਧਰੰਦਾ।**
**ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲਿ ਸੁ ਹੁਕਮੀ ਬੰਦਾ।**
**ਬਲਿ ਛਲਿ ਆਪੁ ਛਲਾਇਓਨੁ ਦਰਵਾਜੇ ਦਰਵਾਣ ਹੋਵੰਦਾ।**
**ਸ੍ਵਾਤਿ ਬੂੰਦ ਲੈ ਸਿਪ ਜਿਉ ਮੋਤੀ ਚੁਭੀ ਮਾਰਿ ਸੁਹੰਦਾ।**
**ਹੀਰੈ ਹੀਰਾ ਬੇਧਿ ਮਿਲੰਦਾ॥ 7॥** (ਵਾਰ 25, ਪਉੜੀ 7)

ਨਾਮ ਜੱਪਣ ਵਾਲਿਆਂ ਦੀਆਂ ਸਭ ਆਸ਼ਾਵਾਂ ਪ੍ਰਭੂ ਕਿਰਪਾ ਕਰ ਕੇ ਪੂਰੀਆਂ ਕਰਦਾ ਹੈ। ਧ੍ਰੂ ਭਗਤ ਦੀ ਆਸ਼ਾ ਰਾਜ-ਪ੍ਰਾਪਤੀ ਦੀ ਸੀ "ਕਿਸੁ ਉਦਮ ਤੇ ਰਾਜ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ॥" ਇਹ ਪ੍ਰਭੂ ਨੇ ਕਿਰਪਾ ਕਰ ਕੇ ਪੂਰੀ ਕੀਤੀ ਬਲਕਿ ਅਬਿਚਲ ਰਾਜ ਬਖ਼ਸ਼ ਦਿੱਤਾ, "ਧ੍ਰੂ ਅਟੱਲ ਅਜਹੁ ਨ ਟਰਿਓ"

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਭਗਤ ਧ੍ਰੂ ਜੀ ਦਾ ਜੀਵਨ ਇਸ ਤਰ੍ਹਾਂ ਦਰਸਾਇਆ ਹੈ :

**ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।**
**ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ।**
**ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?**
**ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜੀਤਾ।**
**ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ?**
**ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।**
**ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।**
**ਨਾਰਦ ਮੁਨਿ ਉਪਦੇਸਿਆ ਨਾਮੁ ਨਿਧਾਨੁ ਅਮਿਓ ਰਸੁ ਪੀਤਾ।**
**ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।**
**ਹਾਰਿ ਚਲੇ ਗੁਰਮੁਖਿ ਜਗ ਜੀਤਾ॥ ੧॥** (ਭਾਈ ਗੁਰਦਾਸ ਜੀ, ਵਾਰ ੧0, ਪਉੜੀ ੧)

ਗੁਰੂ ਸਾਹਿਬ ਜੀ ਵੀ ਕਿਰਪਾ ਕਰਕੇ ਆਪਣੇ ਪਿਆਰਿਆਂ ਦੀਆਂ ਆਸ਼ਾਵਾਂ ਪੂਰੀਆਂ ਕਰਦੇ ਹਨ। ਜਿਸ ਤਰ੍ਹਾਂ ਮਾਤਾ ਸੁਲੱਖਣੀ ਜੀ ਨੇ ਪੁੱਤਰ ਦੀ ਪ੍ਰਾਪਤੀ ਵਾਸਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਰਣਿ ਵਿਚ ਬੇਨਤੀ ਕੀਤੀ ਸੀ ਕਿ ਸਤਿਗੁਰੂ ਜੀ ! ਆਪ ਇਹ ਕਿਰਪਾ ਮੇਰੇ 'ਤੇ ਕਰੋ ਜੀ। "ਨਾਮ ਸੁਲੱਖਣੀ ਵਸਦੀ ਹਾਂ ਚੱਬੇ। ਅਫਲ ਜਾਂਦੀ ਨੂੰ ਇਕ ਫਲ ਲੱਗੇ।" ਇਕ ਪੁੱਤਰ ਦੀ ਦਾਤ ਬਖ਼ਸ਼ੋ ਜੀ। ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਦੀ ਥਾਂ ਕਿਰਪਾ ਕਰਕੇ ਸੱਤ ਪੁੱਤਰ ਬਖ਼ਸ਼ ਦਿੱਤੇ ਸਨ।

## ਸਾਖੀ—ਮਾਤਾ ਸੁਲੱਖਣੀ ਜੀ

ਸ੍ਰੀ ਅੰਮ੍ਰਿਤਸਰ ਤੋਂ ਤਿੰਨ ਮੀਲ ਦੇ ਫ਼ਾਸਲੇ ਉਪਰ ਸ੍ਰੀ ਤਰਨ ਤਾਰਨ ਵਾਲੀ ਸੜਕ 'ਤੇ ਇਕ ਚੱਬਾ ਨਾਮ ਦਾ ਪਿੰਡ ਹੈ। ਇਥੋਂ ਦੇ ਰਹਿਣ ਵਾਲੀ ਬੀਬੀ, ਜਿਸ ਦਾ ਨਾਮ ਸੁਲੱਖਣੀ ਸੀ। ਬਿਰਧ ਅਵੱਸਥਾ ਹੋ ਗਈ ਸੀ ਪਰ ਘਰ ਵਿਚ ਕੋਈ ਪੁੱਤਰ ਨਾ ਹੋਇਆ। ਇਸ ਮਿੱਠੇ ਮੇਵੇ ਦੀ ਤਲਾਸ਼ ਵਾਸਤੇ ਪੁੱਤਰ ਦੀ ਇੱਛਾ ਰੱਖ ਕੇ ਉਸ ਨੇ ਸਾਧਾਂ ਪੀਰਾਂ ਦੇ ਚਰਨ ਪੂਜੇ, ਮੜ੍ਹੀਆਂ ਤੇ ਪੀਰਖ਼ਾਨਿਆਂ ਦੀਆਂ ਸੁੱਖਣਾਂ ਸੁੱਖੀਆਂ। ਜਾਦੂ ਟੂਣੇ ਕਰਨ ਵਾਲੇ ਪਖੰਡੀਆਂ ਨੂੰ ਬਥੇਰਾ ਕੁਝ ਖਵਾਇਆ, ਪਰ ਕਿਤੋਂ ਵੀ ਇਹ ਇੱਛਾ ਪੂਰੀ ਨਾ ਹੋਈ। ਅਖ਼ੀਰ ਨੂੰ ਨਿਰਾਸ਼ ਹੋ ਕੇ ਘਰ ਵਿਚ ਬੈਠ ਗਈ ਸੀ। ਇਧਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖਾਂ ਦੇ ਸਮੇਤ ਜੀਆਂ ਨੂੰ ਮੁਕਤ ਕਰਨ ਵਾਸਤੇ ਸ਼ਿਕਾਰ ਖੇਲਣ ਦੇ ਬਹਾਨੇ ਸੰਗਰਾਣੇ ਸਾਹਿਬ ਵਾਲੀ ਜਗ੍ਹਾ ਪੁੱਜੇ। ਸੰਗਤਾਂ ਨੂੰ ਪਤਾ ਲਗਿਆ ਤਾਂ ਪ੍ਰਸ਼ਾਦੇ, ਲੱਸੀ, ਮੱਖਣ ਤੇ ਦੁੱਧ ਲੈ ਕੇ ਮਗਰ ਚੱਲ ਪਈਆਂ। ਇਸ ਮਾਤਾ ਸੁਲੱਖਣੀ ਨੇ ਵੀ ਹਜ਼ੂਰ ਦਾ ਜਸ ਸੁਣਿਆ ਤੇ ਪਾਸ ਪੁੱਜ ਕੇ ਮੱਥਾ ਟੇਕਿਆ ਅਤੇ ਨੂਰਾਨੀ ਚਿਹਰੇ ਦੇ ਦਰਸ਼ਨ ਕੀਤੇ।

ਇਸ ਨੇ ਨਿਝੱਕ ਹੋ ਕੇ ਪੁੱਤਰ ਦੀ ਜਾਚਨਾ ਕੀਤੀ। ਹਜ਼ੂਰ ਨੇ ਇਸ ਦੇ ਮਸਤਕ ਵੱਲ ਤੱਕਿਆ ਤੇ ਆਖਿਆ, ਮਾਤਾ ! ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ। ਹਜ਼ੂਰ ਦੇ ਪਾਸੋਂ ਇਹ ਬਚਨ ਸੁਣ ਕੇ ਰਹਿੰਦੀ ਖੂੰਹਦੀ ਆਸ ਵੀ ਟੁੱਟ ਗਈ। ਸ਼ੋਕਾਤੁਰ ਹੋਈ ਹੋਈ ਵਾਪਸ ਮੁੜੀ। ਕਹਿੰਦੇ ਹਨ ਕਿ ਰਸਤੇ ਵਿਚ ਭਾਈ ਗੁਰਦਾਸ ਜੀ ਮਿਲ ਗਏ। ਇਸ ਦੇ ਚਿਹਰੇ ਵੱਲ ਤੱਕ ਕੇ ਉਹਨਾਂ ਪੁੱਛਿਆ, 'ਮਾਤਾ, ਤੂੰ ਉਦਾਸ ਕਿਉਂ ਆ ਰਹੀ ਹੈਂ, ਇਸ ਦਾ ਕੀ ਕਾਰਨ ਹੈ ?" ਭਾਈ ਗੁਰਦਾਸ ਦੇ ਇਹ ਬਚਨ ਸੁਣ ਕੇ ਮਾਤਾ ਸੁਲੱਖਣੀ ਦੀਆਂ ਭੁੱਬਾਂ ਨਿਕਲ ਗਈਆਂ, ਤੇ ਸਾਰੀ ਗੱਲ ਕਹਿ ਸੁਣਾਈ। ਭਾਈ ਗੁਰਦਾਸ ਜੀ ਕਹਿਣ ਲੱਗੇ, 'ਮਾਤਾ, ਉਦਾਸ ਨਾ ਹੋ, ਕਲ੍ਹ ਮਹਾਰਾਜ ਨੇ ਫੇਰ ਇਸੇ ਪਾਸੇ ਆਉਣਾ ਹੈ। ਤੂੰ ਕਲਮ ਦਵਾਤ ਤੇ ਕਾਗਜ਼ ਲੈ ਕੇ ਅੱਗੇ ਤਿਆਰ ਰਹੀਂ। ਕਹੀਂ ਮਹਾਰਾਜ ਜੀ, ਓਥੇ ਵੀ ਆਪ ਲਿਖਣ ਵਾਲੇ ਹੋ, ਇਥੇ ਵੀ ਆਪ ਲਿਖਣ ਵਾਲੇ ਹੋ, ਜੇਕਰ ਉਸ ਸਮੇਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।

ਭਾਈ ਗੁਰਦਾਸ ਜੀ ਦੀ ਦੱਸੀ ਜੁਗਤੀ ਸੁਣ ਕੇ ਮਾਤਾ ਨੂੰ ਕੁਝ ਧੀਰਜ ਆਇਆ। ਦੂਜੇ ਦਿਨ ਸਾਰੀ ਤਿਆਰੀ ਕਰ ਕੇ ਸਤਿਗੁਰਾਂ ਦੇ ਆਉਣ ਤੋਂ ਪਹਿਲਾਂ ਉਸ ਥਾਂ 'ਤੇ ਖੜੋ ਗਈ, ਜਿਥੋਂ ਦੀ ਮਹਾਰਾਜ ਜੀ ਨੇ ਲੰਘਣਾ ਸੀ। ਹਜ਼ੂਰ ਦੀਵਾਨ ਸਮਾਪਤ ਕਰਕੇ ਨੀਲੇ 'ਤੇ ਕਾਠੀ ਪਵਾ, ਅਸਵਾਰ ਹੋ ਕੇ ਜਿਸ ਰਸਤੇ ਪਹਿਲੇ ਦਿਨ ਗਏ ਸਨ, ਉਸ ਰਸਤੇ ਚੱਲ ਪਏ। ਓਧਰ ਉਡੀਕ ਕਰਦੀ ਮਾਤਾ ਸੁਲੱਖਣੀ ਨੇ ਘੋੜੇ ਦੀ ਵਾਗ ਫੜ

ਕੇ ਇਹ ਸੱਦ ਪੜ੍ਹੀ :

**ਸਸੀਏ ਦਾੜੀਏ ਚਿਟੀਏ ਪਗੇ। ਅਰਜ ਕਰੇਂਦੀ ਹਾਂ ਸਤਿਗੁਰ ਅੱਗੇ।**
**ਨਾਮ ਸੁਲੱਖਣੀ ਵਸਦੀ ਹਾਂ ਚੱਬੇ। ਅਫਲ ਜਾਂਦੀ ਨੂੰ ਇਕ ਫਲ ਲਗੇ।**

(ਪੰਥ ਪ੍ਰਕਾਸ਼, ਐਡੀਸ਼ਨ ਚੌਥੀ)

ਇਹ ਸ਼ਬਦ ਸੁਣ ਕੇ ਹਜ਼ੂਰ ਮੁਸਕਰਾ ਪਏ ਤੇ ਪੁੱਛਿਆ, "ਮਾਤਾ ਕੀ ਚਾਹੁੰਦੀ ਹੈਂ?"

ਸੁਲੱਖਣੀ ਬੋਲੀ, "ਆਪ ਅੰਤਰਯਾਮੀ ਹੋ, ਆਪਣੇ ਖ਼ਜ਼ਾਨੇ ਵਿਚੋਂ ਇਕ ਪੁੱਤਰ ਦੀ ਦਾਤ ਬਖ਼ਸ਼ੋ।" ਸਤਿਗੁਰੂ ਜੀ ਬੋਲੇ, "ਤੈਨੂੰ ਕੱਲ੍ਹ ਜੁ ਕਹਿ ਦਿੱਤਾ ਸੀ ਕਿ ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ।"

ਮਾਤਾ ਸੁਲੱਖਣੀ ਨੇ (ਭਾਈ ਗੁਰਦਾਸ ਜੀ ਦੀ ਸਿੱਖਿਆ ਅਨੁਸਾਰ) ਕਾਗਜ਼ ਤੇ ਕਲਮ ਦਵਾਤ ਅੱਗੇ ਕਰਕੇ ਕਿਹਾ-"ਮਹਾਰਾਜ ! ਉਥੇ ਵੀ ਆਪ ਨੇ ਹੀ ਲਿਖਣਾ ਸੀ। ਜੇਕਰ ਉਸ ਸਮੇਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।" ਜਾਣੀ-ਜਾਣ ਸਤਿਗੁਰਾਂ ਨੇ ਜਾਣਿਆ ਕਿ ਕਿਸੇ ਪੂਰਨ ਗੁਰਸਿੱਖ ਨੇ ਇਹ ਜੁਗਤੀ ਦੱਸੀ ਹੈ। ਕਾਗ਼ਜ਼ ਤੇ ਕਲਮ ਦਵਾਤ ਪਕੜੀ, ਘੋੜੇ 'ਤੇ ਚੜ੍ਹੇ ਹੀ ਏਕਾ ਪਾਉਣ ਲੱਗੇ। ਜਦੋਂ ਏਕੇ ਦੀ ਘੁੰਡੀ ਪਾਈ ਤਾਂ ਘੋੜੇ ਨੇ ਸੁੰਮ ਚੁਕਿਆ, ਧੌਣ ਹਿਲਾਈ, ਸਿੱਧੀ ਡੰਡੀ ਦੀ ਬਜਾਏ ਕੁਝ ਕੁ ਵਿੰਗੀ ਹੋ ਗਈ ਤੇ ਏਕੇ ਦਾ ਸਾਤਾ ਬਣ ਗਿਆ, ਕਿਉਂਕਿ ਗੁਰਮੁਖੀ ਏਕੇ ਤੇ ਸਾਤੇ ਦੀ ਉਪਰੋਂ ਤਾਂ ਮਰੋੜੀ ਇਕੋ ਜਿਹੀ ਹੀ ਹੁੰਦੀ ਹੈ। ਹਜ਼ੂਰ ਨੇ ਕਿਹਾ, "ਲੈ ਮਾਤਾ, ਇਕ ਮੰਗਦੀ ਸੀ। ਗੁਰੂ ਨਾਨਕ ਸਾਹਿਬ ਦੇ ਘਰੋਂ ਤੈਨੂੰ ਸੱਤ ਮਿਲ ਗਏ ਹਨ। ਹੁਣ ਸੇਵਾ ਸਿਮਰਨ ਕਰਕੇ ਗੁਰੂ ਨਾਨਕ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਂ।"

ਬਿਲਾਵਲੁ ਮਹਲਾ 5 ॥ ਜੀਵਉ ਨਾਮੁ ਸੁਨੀ ॥ ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧॥ਰਹਾਉ॥ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ॥ ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ॥ ੧ ॥ ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ॥ ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ॥ 2 ॥ 2 ॥੧27 ॥

ਪਦ ਅਰਥ :- ਜੀਵਉ=ਮੈਂ ਜੀਉਂਦਾ ਹਾਂ। ਜਉ=ਜਦੋਂ। ਸੁਪ੍ਰਸੰਨ ਭਏ=ਚੰਗੀ ਤਰ੍ਹਾਂ ਪ੍ਰਸੰਨ ਹੋਏ। ਪੁਨੀ=ਪੂਰੀ ਹੋਈ। ਪੀਰ=ਪੀੜਾ। ਬਾਧੀ ਮਨਿ ਧੀਰਾ=ਮਨ ਨੇ ਧੀਰਜ ਬੰਨ੍ਹ ਲਿਆ। ਮੋਹਿਓ=ਮੋਹ ਲਿਆ। ਅਨਦ ਧੁਨੀ=ਅਨੰਦਦਾਇਕ ਧੁਨੀ। ਉਪਜਿਓ=ਪੈਦਾ ਹੋਇਆ। ਖਿਨੀ=ਛਿਨ ਭਰ। ਸਿਮਰਹਿ=ਸਿਮਰਦੇ ਹਨ। ਟਿਕ=ਟੇਕ, ਆਸਰਾ। ਨਿਰਧਨ=ਧਨਹੀਣ। ਧਨੁ=(ਸੱਚਾ ਨਾਮ) ਧਨ। ਗੁਨੀ=ਗੁਣਾਂ ਵਾਲੇ (ਪ੍ਰਭੂ ਪ੍ਰਮਾਤਮਾਂ) ਤੋਂ।

ਅਰਥ :- (ਹੇ ਭਾਈ !) ਮੈਂ (ਪਰੀਪੂਰਨ ਪ੍ਰਮਾਤਮਾ ਦਾ) ਨਾਮ ਸੁਣ ਕੇ ਜੀਉਂਦਾ ਹਾਂ। ਜਦੋਂ ਸਮਰੱਥ ਪੂਰੇ ਗੁਰੂ (ਮੇਰੇ ਉੱਤੇ) ਪੂਰੀ ਤਰ੍ਹਾਂ ਪ੍ਰਸੰਨ ਹੋ ਗਏ, ਉਸ ਸਮੇਂ ਮੇਰੀ (ਸਭ ਤਰ੍ਹਾਂ ਦੀ) ਇੱਛਾ ਪੂਰੀ ਹੋ ਗਈ।੧। ਰਹਾਉ।

(ਹੇ ਭਾਈ !) ਮੇਰੇ ਅੰਦਰੋਂ (ਸਭ ਤਰ੍ਹਾਂ ਦੀ) ਪੀੜ ਚਲੀ ਗਈ ਹੈ ਅਤੇ ਹੁਣ ਮੇਰੇ ਮਨ ਨੇ ਧੀਰਜ ਪਾ ਲਿਆ ਹੈ (ਅਤੇ ਮੇਰਾ ਮਨ) ਅਨੰਦ-ਦਾਇਕ ਨਾਮ ਦੀ ਧੁਨੀ ਸੁਣ ਕੇ ਮੋਹਿਆ ਗਿਆ ਹੈ। (ਮੇਰੇ ਮਨ ਵਿਚ ਉਸ ਪੂਰਨ) ਪ੍ਰਭੂ ਪ੍ਰੀਤਮ ਦੇ ਮਿਲਣ ਦਾ (ਅਜਿਹਾ) ਉਤਸ਼ਾਹ ਪੈਦਾ ਹੋਇਆ (ਕਿ ਉਸ ਤੋਂ ਬਿਨਾਂ ਮੇਰੇ ਪਾਸੋਂ ਇਕ) ਛਿਨ ਭਰ ਭੀ ਰਿਹਾ ਨਹੀਂ ਜਾ ਸਕਦਾ।੧।

(ਹੇ ਭਾਈ !) (ਉਸ ਸਮਰੱਥ ਸੱਚੇ) ਪਾਤਿਸ਼ਾਹ ਨੇ ਆਪਣੇ ਅਨਗਿਣਤ ਭਗਤ ਅਤੇ ਅਨਗਿਣਤ (ਸੇਵਕ) ਜਨ ਤਾਰੇ ਹਨ (ਅਤੇ) ਅਨਗਿਣਤ ਮੁਨੀ ਜਨ (ਉਸ ਪ੍ਰਭੂ ਨੂੰ) ਸਿਮਰਦੇ ਭਾਵ ਯਾਦ ਕਰਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਸ) ਪ੍ਰਭੂ ਦੇ ਅਨਗਿਣਤ ਗੁਣ ਹਨ, ਉਸ ਪਾਸੋਂ ਅੰਧੇ ਅਗਿਆਨੀ (ਮਨੁੱਖ) ਨੇ ਟੇਕ (ਆਸਰਾ ਅਤੇ) ਧਨਹੀਣ ਨੇ ਸੱਚਾ ਨਾਮ ਧਨ ਪ੍ਰਾਪਤ ਕਰ ਲਿਆ ਹੈ।੨।੨।੧੨੭।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧85 (ਆਦਿ ਅੰਗ 83੧)

## ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧0

### ੧ੴ ਸਤਿਗੁਰ ਪ੍ਰਸਾਦਿ ॥

ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥ ੧ ॥ ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥ ੧ ॥ ਰਹਾਉ ॥ ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥ 2 ॥ ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥ 3 ॥ ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਾਲਿ ॥ 4 ॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥ 5 ॥ ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥ 6 ॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥ 7 ॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥ 8 ॥ ੧ ॥

## ਪ੍ਰਾਕ੍ਥਨ :

ਇਹ ਪਾਵਨ ਸ਼ਬਦ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਿਲਾਵਲੁ ਰਾਗੁ ਅੰਦਰ ਅਸਟਪਦੀਆਂ ਦੇ ਰੂਪ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਹਜ਼ੂਰ ਨੇ ਉਸ ਪ੍ਰਮਾਤਮਾ ਨੂੰ 'ਨਿਕਟ ਵਸੈ' ਦੱਸਿਆ ਹੈ। ਨਾਲ ਹੀ ਕਿਹਾ ਹੈ — 'ਦੇਖੈ ਸਭੁ ਸੋਈ' ਪ੍ਰਮਾਤਮਾ ਨੇੜੇ ਵਸਦਾ ਹੋਇਆ ਸਭ ਦੇ ਕਰਮ ਦੇਖਦਾ ਹੈ, ਪਰ ਇਸ ਭਾਵ ਨੂੰ ਕੋਈ ਗੁਰਮੁਖ ਹੀ ਸਮਝਦਾ ਹੈ।

## ਵਿਸ਼ਾ — ਗੁਰਮੁਖਿ ਵਿਰਲਾ ਬੂਝੈ ਕੋਈ ॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਅਖ਼ੀਰਲੀ ਅਸਟਪਦੀ ਦੇ ਆਰੰਭ ਵਿਚ ਹਰ ਇਕ ਗੁਰਸਿੱਖ ਮਾਈ ਭਾਈ ਨੂੰ ਪੂਰਨ ਗੁਰੂ ਦਾ ਇਹ ਉਪਦੇਸ਼ ਸੁਣਨ ਦਾ ਹੁਕਮ ਕੀਤਾ ਹੈ :

**ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥**
**ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥**

(ਸੁਖਮਨੀ ਸਾਹਿਬ)

ਸੰਸਾਰ ਦੀ ਹਰ ਵਸਤੂ ਕਿਸੇ ਬਨਾਵਣਹਾਰ ਦੇ ਆਸਰੇ 'ਤੇ ਖੜੀ ਹੈ। ਤਸਵੀਰ ਨੂੰ ਦੇਖ ਕੇ ਮੁਸੱਵਰ ਯਾਦ ਆਉਂਦਾ ਹੈ। ਬਣੇ ਹੋਏ ਘੜਿਆਂ ਨੂੰ ਵੇਖ ਕੇ ਪਤਾ ਚਲਦਾ ਹੈ ਕਿ ਇਹਨਾਂ ਦੇ ਬਣਾਉਣ ਵਾਲਾ ਘੁਮਿਆਰ ਜ਼ਰੂਰ ਹੈ। ਸੁੰਦਰ ਮਨਮੋਹਣੇ ਸੰਗਮਰਮਰ ਦੇ ਬੁੱਤ ਨੂੰ ਦੇਖ ਕੇ ਸੰਗਤਰਾਸ਼ ਦੀ ਯਾਦ ਸਾਹਮਣੇ ਆਉਂਦੀ ਹੈ। ਚੂੰਕਿ ਸੰਸਾਰ ਦੀ ਹਰ ਇਕ ਚੀਜ਼ ਨੂੰ ਵੇਖ ਕੇ ਉਸ ਦੇ ਬਨਾਵਣ ਵਾਲੇ ਦੀ ਸ਼ਖ਼ਸੀਅਤ ਸਾਹਮਣੇ ਆ ਜਾਂਦੀ ਹੈ, ਇਸ ਲਈ ਇਹ ਸਾਰਾ ਸੰਸਾਰ ਇਕ ਕ੍ਰਿਤ ਹੈ। ਪਰ ਇਹ ਕ੍ਰਿਤ ਕਿਸੇ ਮਹਾਨ ਕਰਤੇ ਦੀ ਹੈ। ਕਰਤੇ ਦੀ ਮਹਾਨਤਾ ਦੀ ਇਹ ਕ੍ਰਿਤ ਇਕ ਪ੍ਰਤੱਖ ਸਰੂਪ ਹੈ। ਪਰ ਕ੍ਰਿਤ ਦੀ ਦੁਨੀਆਂ ਵਿਚ ਇਹ ਇਕ ਅਜੀਬ ਨਿਯਮ ਕੰਮ ਕਰ ਰਿਹਾ ਹੈ ਕਿ ਕ੍ਰਿਤ ਹਮੇਸ਼ਾ ਕਰਤੇ ਨਾਲੋਂ ਵੱਖ ਹੋ ਜਾਂਦੀ ਹੈ। ਕ੍ਰਿਤ ਇਕ ਥਾਂ 'ਤੇ ਪਈ ਹੁੰਦੀ ਹੈ ਤੇ ਕਰਤਾ ਕਿਸੇ ਦੂਸਰੀ ਥਾਂ। ਮੁਸੱਵਰ ਆਪਣੇ ਘਰ ਬੈਠਾ ਹੁੰਦਾ ਹੈ ਅਤੇ ਤਸਵੀਰ ਕਿਸੇ ਹੋਰ ਘਰ ਹੁੰਦੀ ਹੈ। ਬੁੱਤ ਕਿਸੇ ਚੌਕ ਜਾਂ ਮੰਦਰ ਦੀ ਸ਼ੋਭਾ ਬਣਿਆ ਹੋਇਆ ਹੁੰਦਾ ਹੈ ਤੇ ਬੁਤਘਾੜਾ ਆਪਣੇ ਘਰ ਵਿਚ ਬੈਠਾ ਹੁੰਦਾ ਹੈ। ਇਹ ਠੀਕ ਹੈ ਕਿ ਕ੍ਰਿਤ ਤੋਂ ਕਰਤੇ ਦਾ ਪਤਾ ਜ਼ਰੂਰ ਚੱਲਦਾ ਹੈ, ਪਰ ਕ੍ਰਿਤ ਤੇ ਕਰਤੇ ਦੀ ਦੂਰੀ ਬਹੁਤ ਹੁੰਦੀ ਹੈ, ਇਸ ਲਈ ਜਿਸ ਪ੍ਰਮੇਸ਼ਰ ਨੇ ਸਾਰੇ ਸੰਸਾਰ ਨੂੰ ਬਣਾਇਆ ਹੈ, ਉਹ ਸਿਰਫ਼ ਇਸ ਦਾ ਕਰਤਾ ਹੀ ਨਹੀਂ, ਬਲਕਿ ਉਹ ਕਰਤਾ ਪੁਰਖ ਹੈ। ਭਾਵ ਉਹ ਆਪਣੀ ਕ੍ਰਿਤ ਵਿਚ ਪੂਰਨ ਸਮਾਇਆ ਹੋਇਆ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**

(ਆਸਾ ਕੀ ਵਾਰ)

ਉਸ ਰਚਨਹਾਰ ਵਾਹਿਗੁਰੂ ਨੇ ਇਹ ਰਚਨਾ ਚਾਰ ਖਾਣੀਆਂ ਦੇ ਰੂਪ ਵਿਚ ਕੀਤੀ ਹੈ :-

**ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥** (ਅੰਗ 596)

ਇਹਨਾਂ ਚਾਰੇ ਖਾਣੀਆਂ ਦੇ ਸਾਰੇ ਜੀਆਂ ਜੰਤਾਂ, ਜ਼ੱਰੇ-ਜ਼ੱਰੇ ਅਤੇ ਪੱਤੇ-ਪੱਤੇ ਵਿਚ ਵਾਹਿਗੁਰੂ ਸਮਾਇਆ ਹੋਇਆ ਹੈ।

ਇਸ ਸਿਧਾਂਤ ਨੂੰ ਗੁਰਦੇਵ ਗੁਰੂ ਨਾਨਕ ਦੇਵ ਜੀ ਨੇ ਸੋਰਠਿ ਰਾਗ ਅੰਦਰ ਪ੍ਰਗਟ ਕੀਤਾ ਹੈ :

**ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥**
**ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥ 2॥** (ਅੰਗ 596)

**ਅਥਵਾ : ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ॥**
**ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥ 4॥**
(ਅੰਗ 5੧)

**ਅਥਵਾ : ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥**
**ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥**
(ਦਸਮ ਗ੍ਰੰਥ 26)

**ਅਥਵਾ : ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ॥ ੧॥**
(ਅੰਗ 355)

**ਅਥਵਾ : ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ॥** (ਅੰਗ 350)

**ਅਥਵਾ : ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ 75॥**
**(ਅੰਗ ੧38੧)**

ਭਾਈ ਗੁਰਦਾਸ ਜੀ ਕਬਿੱਤ ਸਵੱਈਆਂ ਤੇ ਵਾਰਾਂ ਅੰਦਰ ਕਥਨ ਕਰਦੇ ਹਨ :

**ਸਲਿਲ ਮੈ ਧਰਨਿ, ਧਰਨਿ ਮੈ ਸਲਿਲ ਜੈਸੇ,**
**ਕੂਪ ਅਨਰੂਪ ਕੈ ਬਿਮਲ ਜਲ ਛਾਏ ਹੈ॥**
**ਤਾਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ,**
**ਏਕੈ ਜਲੁ ਘਟ ਘਟ ਘਟਿਕਾ ਸਮਾਏ ਹੈ॥**
**ਜਾਹੀ ਜਾਹੀ ਘਟਿਕਾ ਮੈ ਦ੍ਰਿਸਟਿ ਕੈ ਦੇਖੀਅਤ,**
**ਪੇਖੀਅਤ ਆਪਾ ਆਪੁ ਆਨ ਨ ਦਿਖਾਏ ਹੈ॥**

ਪੂਰਨ ਬ੍ਰਹਮ ਗੁਰ ਏਕੰਕਾਰ ਕੈ ਅਕਾਰ,
ਬ੍ਰਹਮ ਬਿਬੇਕ ਏਕ ਟੇਕ ਠਹਿਰਾਏ ਹੈ॥ ੧੧੦॥

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਅਥਵਾ: ਜੈਸੇ ਤਿਲਿ ਬਾਸੁ, ਬਾਸੁ ਲੀਜੀਅਤ ਕੁਸਮ ਸੈ,
ਤਾਂ ਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ॥
ਜੈਸੇ ਤਉ ਅਉਟਾਇ ਦੂਧ ਜਾਵਨ ਜਮਾਇ ਮਥਿ,
ਸੰਜਮ ਸਹਿਤ ਘ੍ਰਿਤਿ ਪ੍ਰਗਟ ਕੈ ਮਾਨੀਐ॥
ਜੈਸੇ ਕੂਆ ਖੋਦ ਕੈ ਬਸੁਧਾ ਧਸਾਇ ਕੌਰੀ,
ਲਾਜ ਕੈ ਬਹਾਇ ਡੋਲਿ ਕਾਢਿ ਜਲੁ ਆਨੀਐ॥
ਗੁਰ ਉਪਦੇਸ ਤੈਸੇ ਭਾਵਨੀ ਭਗਤਿ ਭਾਇ,
ਘਟਿ ਘਟਿ ਪੂਰਨ ਬ੍ਰਹਮ ਪਹਿਚਾਨੀਐ॥ 535॥

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਅਥਵਾ: ਸੁਨਿਆਰਾ ਸੁਇਨਾ ਘੜੇ ਗਹਣੇ ਸਾਵਾਰੇ।
ਪਿਪਲ ਵਤਰੇ ਵਾਲੀਆ ਤਾਨਉੜੇ ਤਾਰੇ।
ਵੇਸਰਿ ਨਥਿ ਵਖਾਣੀਐ ਕੰਠ ਮਾਲਾ ਧਾਰੇ।
ਟੀਕਤਿ ਮਣੀਆ ਮੋਤਿਸਰ ਗਜਰੇ ਪਾਸਾਰੇ।
ਦੁੱਰ ਬਹੁੱਟਾ ਗੋਲ ਛਾਪ ਕਰਿ ਬਹੁ ਪਰਕਾਰੇ।
ਆਪੇ ਆਪਿ ਵਰੱਤਦਾ ਗੁਰਮੁਖਿ ਵੀਚਾਰੇ॥ ੧੧॥

(ਵਾਰ 2, ਪਉੜੀ ੧੧, ਭਾਈ ਗੁਰਦਾਸ ਜੀ)

ਪਲ ਘੜੀਆ ਮੂਰਤਿ ਪਹਰਿ ਥਿਤ ਵਾਰ ਗਣਾਏ।
ਦੁਇ ਪਖ ਬਾਰਹ ਮਾਹ ਕਰਿ ਸੰਜੋਗ ਬਣਾਏ।
ਛਿਅ ਰੁਤੀ ਵਰਤਾਈਆਂ ਬਹੁ ਚਲਿਤ ਬਣਾਏ।
ਸੂਰਜੁ ਇਕੁ ਵਰਤਦਾ ਲੋਕੁ ਵੇਦ ਅਲਾਏ।
ਚਾਰਿ ਵਰਨ ਛਿਅ ਦਰਸਨਾਂ ਬਹੁ ਪੰਥਿ ਚਲਾਏ।
ਆਪੇ ਆਪਿ ਵਰੱਤਦਾ ਗੁਰਮੁਖਿ ਸਮਝਾਏ॥ ੧4॥

(ਵਾਰ 2, ਪਉੜੀ ੧4, ਭਾਈ ਗੁਰਦਾਸ ਜੀ)

**ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।**
**ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।**
**ਪਤ ਫੁਲ ਫਲ ਫਲੀਦਾ ਰਸ ਰੰਗ ਸਵਾਰਾ।**
**ਵਾਸੁ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।**
**ਫਲ ਵਿਚਿ ਬੀਉ ਸੰਜੀਉ ਹੋਇ ਫਲ ਫਲੇ ਹਜਾਰਾ।**
**ਆਪੇ ਆਪਿ ਵਰੱਤਦਾ ਗੁਰਮੁਖਿ ਨਿਸਤਾਰਾ॥ 9॥**

(ਵਾਰ 2, ਪਉੜੀ 9, ਭਾਈ ਗੁਰਦਾਸ ਜੀ)

ਇਸ ਸਿਧਾਂਤ ਅਨੁਸਾਰ ਭਾਈ ਨੰਦ ਲਾਲ ਜੀ ਦੀ ਦਿਬ ਦ੍ਰਿਸ਼ਟੀ ਖੁੱਲ੍ਹੀ ਹੋਈ ਸੀ। ਉਹ ਕਹਿੰਦੇ ਹਨ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਹੋਰ ਕੋਈ ਨਹੀ ਦਿਖਦਾ। ਸਾਰਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਹੀ ਹਨ :

**ਰੂਹ ਦਰ ਹਰ ਜਿਸਮ ਗੁਰੂ ਗੋਬਿੰਦ ਸਿੰਘ।**
**ਨੂਰ ਦਰ ਹਰ ਚਸ਼ਮ ਗੁਰੂ ਗੋਬਿੰਦ ਸਿੰਘ॥ ੧52॥**

(ਗੰਜਨਾਮਾ, ਕ੍ਰਿਤ ਭਾਈ ਨੰਦ ਲਾਲ ਜੀ)

ਭਾਈ ਕਨ੍ਹਈਆ ਜੀ ਦੀ ਵੀ ਐਸੀ ਹੀ ਅਵੱਸਥਾ ਸੀ ਜੋ ਦੁਸ਼ਮਣਾਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਦੇਖਦੇ ਸਨ।

ਇਸ ਸ੍ਰੀ ਮੁਖਵਾਕ ਦੇ ਸਿਧਾਂਤ ਅਨੁਸਾਰ :

**ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥ 2॥** (ਅੰਗ ੧000)

ਇਸ ਲਈ :

**ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥** (ਜਾਪੁ ਸਾਹਿਬ)
**ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥**
**ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥ ੧॥**
**ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥**
**ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥ ਰਹਾਉ॥**
**ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥**
**ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ 2॥**
**ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ॥**

**ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ॥ 3॥**
**ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥**
**ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥ 4॥ 3॥ 27॥**

(ਅੰਗ 677-78)

**ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥**
**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥**

(ਅੰਗ 296)

ਜਿਸ ਵੇਲੇ ਗੁਰੂ ਕ੍ਰਿਪਾ ਨਾਲ ਮਨੁੱਖ ਦੀ ਮਨ ਬੁੱਧ ਨੇਤਰਾਂ ਵਿਚ ਦਿਬ ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ ਤਾਂ ਫਿਰ ਉਸ ਨੂੰ ਉਹ ਵਾਹਿਗੁਰੂ ਸਾਰੇ ਥਾਂਵਾਂ ਦੇ ਅੰਦਰ ਭਗਤ ਨਾਮਦੇਵ ਜੀ ਦੀ ਤਰ੍ਹਾਂ ਦ੍ਰਿਸ਼ਟੀ ਹੋ ਆਉਂਦਾ ਹੈ :

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ੧॥ ਰਹਾਉ॥**
**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥ 2॥**

(ਅੰਗ 485)

## ਸਾਖੀ—ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ

ਮਹਾਨ ਕੋਸ਼ ਦੇ ਵਿਦਵਾਨ ਲਿਖਾਰੀ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਅਨੁਸਾਰ ਭਾਈ ਸਾਹਿਬ ਭਾਈ ਕਨ੍ਹਈਆ ਜੀ ਦਾ ਜਨਮ ਪਿੰਡ ਸੋਧਰੇ (ਵਜ਼ੀਰਾਬਾਦ ਪਾਸ) ਖੱਤਰੀ ਘਰ ਵਿਚ ਹੋਇਆ। ਸੋਹਦਰਾ, ਦਰਿਆ ਚਨਾਬ ਕਿਨਾਰੇ ਵਜ਼ੀਰਾਬਾਦ ਤੋਂ ਪੰਜ ਮੀਲ ਦੀ ਵਾਟ 'ਤੇ ਹੈ। ਨਗਰ ਦੇ ਸੌ ਦਰਵਾਜ਼ੇ ਹੋਣ ਕਾਰਨ 'ਸੌਦਰਾ' ਕਹਿਲਾਇਆ ਤੇ ਫਿਰ ਇਹ ਹੀ ਸੋਹਧਰਾ ਤੋਂ ਸੋਧਰਾ ਬਣ ਗਿਆ। ਉਸ ਨਗਰ ਵਿਚ ਇਕ ਨੌਂ ਲੱਖਾ ਬਾਗ਼ ਸੀ। ਉਸ ਜ਼ਮਾਨੇ ਵਿਚ ਨੌ ਲੱਖ ਲੱਗੇ ਸਨ, ਸੋ ਨੌਂ ਲੱਖਾ ਹੋਇਆ। ਜਨਮ ਦੇ ਸਾਲ ਬਾਰੇ 'ਪਰਚੀਆਂ ਭਾਈ ਕਨ੍ਹਈਆ' ਦਾ ਲਿਖਾਰੀ ਕਹਿੰਦਾ ਹੈ ਕਿ ਉਹ ੧੬੪੭ ਈਸਵੀ ਸੀ। ਉਨ੍ਹਾਂ ਦਾ ਅਕਾਲ-ਚਲਾਣਾ ੭੧ ਸਾਲ ਦੀ ਉਮਰ ਵਿਚ ਹੋਇਆ ਹੈ।

ਆਪ ਜੀ ਦੇ ਪਿਤਾ ਜੀ ਇਕ ਵੱਡੇ ਸੁਦਾਗਰ ਸਨ ਤੇ ਸ਼ਾਹੀ ਫ਼ੌਜਾਂ ਨੂੰ ਰਸਦ ਪਾਣੀ ਪਹੁੰਚਾਣ ਦਾ ਕਾਰਜ ਕਰਦੇ ਸਨ। ਅਜੇ ਭਾਈ ਸਾਹਿਬ ਛੋਟੇ ਹੀ ਸਨ ਕਿ ਪਰਉਪਕਾਰ ਦਾ ਅੰਕੁਰ ਫੁੱਟ ਬਾਹਰ ਨਿਕਲਣ ਲੱਗਾ। ਆਪ ਜਦ ਘਰੋਂ ਬਾਹਰ ਜਾਂਦੇ ਤਾਂ ਆਪਣੀਆਂ ਜੇਬਾਂ ਨੂੰ ਕਉਡੀਆਂ, ਪੈਸਿਆਂ ਤੇ ਰੁਪਿਆਂ ਨਾਲ ਭਰ ਲੈਂਦੇ ਤੇ ਲੋੜਵੰਦਾਂ ਵਿਚਕਾਰ ਵੰਡ ਦਿੰਦੇ। ਉਨ੍ਹਾਂ ਦਾ ਬੇਗਾਰ ਫੜੇ ਲੋਕਾਂ ਨੂੰ ਬੇਗਾਰੀ ਕਰਦੇ, ਜ਼ੁਲਮ

ਸਹਿੰਦੇ ਦੇਖ ਦਿਲ ਦੁੱਖਦਾ ਸੀ। ਜਦ ਜ਼ਰਾ ਕੁ ਵੱਡੇ ਹੋਏ ਤਾਂ ਵੱਡੀ ਸੜਕ ਕਿਨਾਰੇ ਜਾ ਕੇ ਆਪੂੰ ਬੇਗਾਰੀਆਂ ਦਾ ਭਾਰ ਉਠਾ ਲੈਂਦੇ ਤੇ ਕਈ-ਕਈ ਮੀਲ ਉਨ੍ਹਾਂ ਦਾ ਸਾਹ ਕਢਾਂਦੇ ਅਤੇ ਫਿਰ ਕੋਲੋਂ ਪੈਸੇ ਦੇ ਕੇ ਉਨ੍ਹਾਂ ਨੂੰ ਵਿਦਾ ਕਰਦੇ। ਪਿਤਾ ਜੀ ਨੇ ਕਈ ਵਾਰ ਸਖ਼ਤ ਗੁੱਸੇ ਹੋਣਾ ਤੇ ਮਾਤਾ ਜੀ ਨੇ ਸਮਝਾਉਣਾ, "ਬੇਟਾ, ਇਸ ਤਰ੍ਹਾਂ ਕਰਨ ਨਾਲ ਸਾਡੇ ਘਰ ਦੀ ਬਦਨਾਮੀ ਹੁੰਦੀ ਹੈ, ਤੈਨੂੰ ਇਸ ਤਰ੍ਹਾਂ ਭਾਰ ਚੁੱਕ ਚੁੱਕ ਨਹੀਂ ਫਿਰਨਾ ਚਾਹੀਦਾ।" ਤਾਂ ਆਪ ਜੀ ਨੇ ਬੜੇ ਠਰ੍ਹੰਮੇ ਨਾਲ ਕਹਿਣਾ, "ਮਾਂ, ਘਰਾਂ ਵਿਚ ਆਖ਼ਰ ਬਾਉਲੇ ਪੁੱਤਰ ਵੀ ਹੁੰਦੇ ਹਨ, ਮੈਨੂੰ ਬਾਉਲਾ ਹੀ ਸਮਝ ਛੱਡ।" ਪਰ ਕੀ ਜਾਣੇ ਮਾਂ ਤੇ ਜਗਤ ਕਿ ਇਹ 'ਬਾਉਲਾਪਣ' ਹੀ ਤਾਂ ਮਹਾਂਪੁਰਸ਼ਾਂ ਦਾ ਵੱਡਾ ਲੱਛਣ ਹੈ। ਦੁਨੀਆਂ ਨੇ ਤਾਂ ਸ੍ਰਿਸ਼ਟੀ ਦੇ ਮਾਲਕ ਗੁਰੂ ਨਾਨਕ ਦੇਵ ਜੀ ਨੂੰ ਭੂਤਨਾ, ਬੇਤਾਲਾ, ਦੀਵਾਨਾ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ ਸੀ। ਭਾਈ ਕਨ੍ਹਈਆ ਜੀ ਪਰ-ਪਿਆਰ ਵਿਚ ਹੀ ਦੀਵਾਨੇ ਸਨ।

ਦਿਲ ਵਿਚ ਵੇਦਨਾ ਉੱਠੀ। ਕਰਕ ਕਲੇਜੇ ਹੋਣ ਲੱਗੀ। ਕਿਸੇ ਦੱਸ ਪਾਈ ਕਿ ਲਾਹੌਰ ਜਾਓ। ਲਾਹੌਰ ਪੁੱਜੇ ਹੀ ਸਨ ਕਿ ਪੂਜ ਪਿਤਾ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਪੁੱਜ ਗਈ। ਬਾਕੀ ਭਰਾ ਛੋਟੇ ਸਨ ਤੇ ਵੱਡੇ ਹੋਣ ਦੇ ਨਾਤੇ ਜ਼ਿੰਮੇਵਾਰੀ ਆਪ ਜੀ ਦੇ ਸਿਰ ਆਉਂਦੀ ਸੀ। ਆਪ ਜੀ ਨੇ ਪਿਤਾ ਜੀ ਦੇ ਕੰਮ ਨੂੰ ਸੰਭਾਲ ਲਿਆ ਤੇ ਸ਼ਾਹੀ ਫ਼ੌਜਾਂ ਨੂੰ ਰਸਦ-ਪਾਣੀ ਪੁਚਾਣ ਦੇ ਕੰਮ ਉੱਤੇ ਜੁਟੇ ਰਹੇ। ਉਸ ਸਮੇਂ ਰਾਜ ਔਰੰਗਜ਼ੇਬ ਦਾ ਸੀ ਤੇ ਗੁਰੂ-ਤਖ਼ਤ ਉੱਤੇ ਗੁਰੂ ਤੇਗ਼ ਬਹਾਦਰ ਜੀ ਬਿਰਾਜਮਾਨ ਸਨ। ਔਰੰਗਜ਼ੇਬ ਦੇ ਕਾਫ਼ਲੇ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਇਕ ਸਿੱਖ ਭਾਈ ਨਨੂਆ ਕੋਲੋਂ ਨਾਵੇਂ ਮਹਲੇ ਦੀ ਬਾਣੀ ਸੁਣੀ। ਐਸੀ ਖਿੱਚ ਪਈ ਕਿ ਪ੍ਰੇਮ ਵਿਚ ਹੀ ਲੀਨ ਹੋ ਗਏ। ਵੈਰਾਗ ਦੀ ਅਵੱਸਥਾ ਉਪਜ ਪਈ। ਰੁਦਨ ਕਰਨ ਲੱਗੇ। ਮਾਇਆ ਦੀ ਖਿੱਚ ਮੁੱਕ ਗਈ ਤੇ ਜਗਤ-ਸੁੱਖਾਂ ਦੇ ਕਾਰਨ ਭੁਲਾ ਕੇ ਜੰਗਲਾਂ ਨੂੰ ਨਿਕਲ ਗਏ ਪਰ ਮੁੱਖ ਤੋਂ ਇਹ ਹੀ ਬਚਨ ਨਿਕਲਣ "ਕੋਈ ਜਨੁ ਹਰਿ ਸਿਉ ਦੇਵੈ ਜੋਰਿ॥" ਕਾਫ਼ਲੇ ਦੇ ਸਰਬਰਾਹ ਤੇ ਸੂਬੇਦਾਰ ਨੇ, ਜੋ ਮੁਹਿੰਮ ਉੱਤੇ ਚੜ੍ਹਿਆ ਸੀ, ਭਾਈ ਜੀ ਦੀ ਬਹੁਤ ਹੀ ਢੂੰਡ-ਭਾਲ ਕੀਤੀ ਤੇ ਕਰਵਾਈ। ਕਿਸੇ ਨੇ ਸੂਬੇਦਾਰ ਨੂੰ ਪੁੱਛ ਹੀ ਲਿਆ ਕਿ ਭਾਈ ਜੀ ਦੀ ਇਤਨੀ ਢੂੰਡ-ਭਾਲ ਕਿਉਂ ਕਰਵਾ ਰਹੇ ਹੋ ? ਤਾਂ ਸੂਬੇਦਾਰ ਨੇ ਕਿਹਾ ਕਿ ਉਸ ਦਾ ਦੀਦਾਰ ਕਰਨਾ ਚਾਹੁੰਦਾ ਹਾਂ, ਜਿਸ ਨੇ ਮਾਇਆ ਜੈਸੀ ਸਰਪਨੀ ਤੋਂ ਆਪਣੇ ਆਪ ਨੂੰ ਛੁਡਾਇਆ ਹੈ। ਫਿਰ ਵਿਸ਼ੇ ਭੋਗਾਂ ਉੱਤੇ ਮਨ ਨੂੰ ਕਾਬੂ ਕੀਤਾ ਹੈ। ਉਸ ਨੂੰ ਅੱਲਾਹ ਨੇ ਕੋਈ ਵੱਡੀ ਸੂਰਮਗਤੀ ਬਖ਼ਸ਼ੀ ਹੈ।

ਭਾਈ ਸਾਹਿਬ ਜੀ ਜੰਗਲ-ਜੰਗਲ ਬਨਾਂ ਵਿਚ ਫਿਰ ਰਹੇ ਸਨ। ਪਿੰਡਾਂ ਤੋਂ ਦੂਰ, ਲੋਕਾਂ ਤੋਂ ਪਰ੍ਹੇ। ਕਈ ਦਿਨਾਂ ਦੇ ਭੁੱਖੇ ਨੂੰ ਇਕ ਸਮੇਂ ਜੰਞ ਨੇ ਆਪਣੇ ਨਾਲ ਪ੍ਰਸ਼ਾਦਾ ਛਕਾਇਆ ਤੇ ਉਨ੍ਹਾਂ ਨੂੰ ਪ੍ਰਸ਼ਾਦਾ ਛੱਕਦਾ ਦੇਖ ਕੇ ਕੁਝ ਕੁਹਝੇ ਬਚਨ ਵੀ ਬੋਲੇ ਤਾਂ ਆਪ ਨੇ ਬੜੇ ਪਿਆਰ ਨਾਲ ਆਪਣੀ ਅਵੱਸਥਾ ਦੱਸੀ। ਫਿਰਦੇ, ਭਟਕਦੇ ਨੂੰ ਇਕ ਸਿੱਖ ਮਿਲਿਆ ਤਾਂ ਉਸ ਕੋਲੋਂ 'ਗੋਬਿੰਦ ਪਾਉਣ ਦੀ ਵਿਧੀ' ਪੁੱਛੀ। ਉਸ ਮਹਾਂ ਪੁਰਸ਼ ਨੇ ਕਿਹਾ ਕਿ "ਉਸ ਕੋਲ ਕੋਈ ਨੁਸਖਾ ਨਹੀਂ ਹੈ ਜੋ ਪਰਮਾਤਮਾ ਮਿਲਾ ਦੇਵੇ, ਪਰ ਇਕ ਸਮਝ ਦੱਸਦਾ ਹਾਂ ਕਿ ਗੋਬਿੰਦ ਲੋਕ ਨਗਰ ਅਤੇ ਮਨੁੱਖਾਂ ਵਿਚ ਹੁੰਦੇ ਹਨ, ਤੁਸੀਂ ਲੋਕਾਂ ਵਿਚ ਤਾਂ ਜਾਂਦੇ ਨਹੀਂ। ਸੋਨਾ ਰਾਖ ਵਿਚ ਪਿਆ ਹੈ, ਰਾਖ ਸੁੱਟਣ ਨਾਲ ਸੋਨਾ ਵੀ ਖੁੱਸ ਜਾਂਦਾ ਹੈ।" ਉਸ ਉਪਰੰਤ ਜੰਗਲ ਛੱਡ ਨਗਰਾਂ ਵਿਚ ਜਾਣ

ਲੱਗੇ। ਰਾਤ ਨੂੰ ਟਿਕਾਣਾ ਧਰਮਸਾਲਾ ਕਰਦੇ। ਧਰਮਸਾਲਾ ਵਿਖੇ ਧਰਮਸਾਲੀਆਂ ਵਿਚ ਕੁੜੱਤਣ ਦੇਖੀ ਪਰ ਉਹ ਤਾਂ ਸੋਨੇ ਦੀ ਭਾਲ ਵਿਚ ਨਿਕਲੇ ਹੋਏ ਸਨ। ਇਕ ਟਹਿਲੂਏ ਨੇ ਪਾਣੀ ਮੰਗਣ 'ਤੇ ਉਨ੍ਹਾਂ ਨੂੰ ਕੌੜੇ ਬਚਨ ਬੋਲੇ ਪਰ ਭਾਈ ਸਾਹਿਬ ਜੀ ਪਾਣੀ ਮੰਗਦੇ ਹੀ ਰਹੇ। ਉਸ ਟਹਿਲੂਏ ਦੀ ਮਾਤਾ ਨੇ ਪਾਣੀ ਪਿਲਾਇਆ। ਕਿਸੇ ਉਨ੍ਹਾਂ ਨੂੰ ਇਤਨੀ ਨਿਰਾਦਰੀ ਪਿੱਛੋਂ ਪਾਣੀ ਪੀਂਦਾ ਦੇਖ ਪੁੱਛ ਹੀ ਲਿਆ ਕਿ ਪਾਣੀ ਦੀ ਕੀ ਗੱਲ ਸੀ, ਕਿਧਰੋਂ ਹੋਰ ਪੀ ਲੈਂਦੇ, ਇਤਨੀ ਨਿਰਾਦਰੀ ਕਿਉਂ ਝੱਲੀ ?'' ਆਪ ਜੀ ਨੇ ਮੁਸਕਰਾ ਕੇ ਫ਼ਰਮਾਇਆ, ''ਪਾਣੀ ਦੀ ਸੱਚਮੁਚ ਕੋਈ ਗੱਲ ਨਹੀਂ ਸੀ। ਇਥੋਂ ਬਗ਼ੈਰ ਪੀਤੇ ਚਲੇ ਜਾਂਦੇ ਤਾਂ ਤਪਦੇ ਹੋਏ ਹਿਰਦੇ ਨਾਲ ਜਾਣਾ ਸੀ ਤੇ ਇਸ ਸੇਵਾਦਾਰ ਉੱਤੇ ਦੋਸ਼ ਆਉਣਾ ਸੀ। ਇਹ ਸੰਭਵ ਸੀ ਕਿ ਉਸ ਤਪਦੇ ਮਨ ਵਿਚੋਂ ਕੁਝ ਕੌੜੇ ਬਚਨ ਵੀ ਨਿਕਲ ਜਾਂਦੇ। ਹੁਣ ਪਾਣੀ ਪੀਤਾ ਹੈ ਤੇ ਇਸ ਦੇ ਘਰ ਨੂੰ ਅਸੀਸਾਂ ਦਿੱਤੀਆਂ ਹਨ। ਮਨ ਦਾ ਧਿਆਨ ਪਾਣੀ ਵੱਲ ਨਹੀਂ ਰਿਹਾ ਤੇ ਇਸ ਵਲੋਂ ਵੀ ਧਿਆਨ ਟੁੱਟ ਗਿਆ ਹੈ।'' ਕਾਫ਼ੀ ਸਮਾਂ ਇਸ ਤਰ੍ਹਾਂ ਹੀ ਵਿਚਰਦੇ ਰਹੇ।

ਫਿਰਦੇ-ਫਿਰਾਂਦੇ ਨੂੰ ਇਕ ਗੁਰਸਿੱਖ ਨਾਲ ਮੇਲ ਹੋਇਆ ਤੇ ਉਸ ਨੂੰ ਸਾਰੀ ਮਨ ਦੀ ਦਸ਼ਾ ਦੱਸੀ ਤੇ ਗ੍ਰਿਹਸਤ ਤਿਆਗਣ ਦਾ ਹਾਲ ਦੱਸਿਆ। ਉਸ ਗੁਰਸਿੱਖ ਨੇ ਕਿਹਾ ਕਿ ਤੁਸਾਂ ਗ੍ਰਿਹਸਤ ਤਿਆਗ ਕੇ ਅਤੀਤ ਦਾ ਭੇਖ ਜ਼ਰੂਰ ਲਿਆ ਹੈ ਪਰ ਸੱਚੀ ਬੁੱਧ ਦਾ ਵੀਚਾਰ ਨਹੀਂ ਕੀਤਾ। ਸੱਚੀ ਵੀਚਾਰ ਤੋਂ ਬਗ਼ੈਰ ਜਨਮ-ਮਰਨ ਤੋਂ ਛੁਟਕਾਰਾ ਨਹੀਂ ਮਿਲਦਾ। ਅਸਲ ਫ਼ਕੀਰ ਉਹੀ ਹੈ ਜੋ ਭਜਨ ਦੀ ਪ੍ਰਬਲਤਾ ਨਾਲ ਮਾਇਆ ਦੀ ਲਾਲਸਾ ਤਿਆਗਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤਿਆਗਦਾ ਹੈ। ਅੰਤਰ ਦਾ ਪਰਚਾ ਨਾਮ ਸਿਉਂ ਕਰਦਾ ਹੈ। ਚਿਤਵਨੀਆਂ ਹੀ ਤਿਆਗ ਦਿੰਦਾ ਹੈ। ਐਸੇ ਫ਼ਕੀਰ ਨਾਲ ਲੱਗ ਕੇ ਪੂਜਣ ਵਾਲੇ ਵੀ ਮੁਕਤ ਹੋ ਜਾਂਦੇ ਹਨ। ਪਰ ਜੋ ਫ਼ਕੀਰ ਦਾ ਭੇਖ ਪਹਿਨ ਕੇ ਮਨ ਦਾ ਕਿਹਾ ਕਰਦਾ ਹੈ, ਉਹ ਚੋਰ ਉਚੱਕਾ ਹੈ, ਫ਼ਕੀਰ ਹੋ ਕੇ ਮਾਇਆਧਾਰੀ ਢੂੰਡਦਾ ਹੈ, ਉਹ ਬਾਜ਼ਾਰੀਆ ਹੈ। ਭਾਈ ਸਾਹਿਬ ਨੇ ਪੁੱਛਿਆ ਕਿ ਅਬਿਨਾਸ਼ੀ ਖੇਮ ਕਿਥੋਂ ਮਿਲੇ ? ਤਾਂ ਸਿੱਖ ਨੇ ਕਿਹਾ ਕਿ ਅਸਲ ਪ੍ਰਸੰਨਤਾ ਲੈਣ ਵਿਚ ਨਹੀਂ, ਦੇਣ ਵਿਚ ਹੈ। ਵਾਹਿਗੁਰੂ ਨੇ ਆਪ ਜੀ ਵਿਚ ਬੀਜ ਪਾਇਆ ਹੈ। ਇਸ ਨੂੰ ਸੇਵਾ ਦਾ ਜਲ ਦਿਓ। ਪਰ ਭਾਈ ਸਾਹਿਬ ਨੇ ਫਿਰ ਪੁੱਛਿਆ ਕਿ ਐਸਾ ਕੋਈ ਫ਼ਕੀਰ ਹੈ ਜੋ ਬੀਜ ਨੂੰ ਪ੍ਰਸੰਨਤਾ ਦਾ ਫਲ ਲਗਾ ਦੇਵੇ ? ਤਾਂ ਸਿੱਖ ਨੇ ਬੜੇ ਹੀ ਭਾਵ-ਪੂਰਤ ਸ਼ਬਦਾਂ ਵਿਚ ਕਿਹਾ, ''ਸਭ ਥਾਵਾਂ ਇਕ ਸਮਾਨ ਹਨ। ਸੁੱਖ ਦੁੱਖ ਰਿਦੈ ਕੀ ਬੂਝਿ ਮਹਿ ਹੈ। ਜਬ ਐਸੀ ਬੁੱਧ ਹੋਵੇਗੀ, ਤਬ ਸੁੱਖ ਹੋਵੇਗਾ। ਕਾਇਆ ਨਗਰੀ ਮਹਿ ਬਿਬੇਕ ਕੀ ਦੁਹਾਈ ਫੇਰੇ। ਘਟ-ਘਟ ਮਹਿ ਰਮਤਾ ਰਾਮ ਹੈ ਪਰ ਫਿਰ ਵੀ ਅਸਲ ਪੂਰਨ ਫ਼ਕੀਰ ਦੇਖਣਾ ਹੈ ਤਾਂ ਆਨੰਦਪੁਰ ਨੂੰ ਜਾਵੋ।''

ਭਾਈ ਜੀ ਸੰਗਤ ਨਾਲ ਸ੍ਰੀ ਆਨੰਦਪੁਰ ਸਾਹਿਬ ਆਏ। ਆਪ ਜੀ ਨੂੰ ਆਉਂਦਿਆਂ ਹੀ ਪਾਣੀ ਦਾ ਘੜਾ ਭਰ ਲਿਆਉਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹੁਕਮ ਕੀਤਾ। ਆਪ ਨੇ ਜਦ ਪਾਣੀ ਲਿਆਂਦਾ ਤਾਂ ਗੁਰੂ ਸਾਹਿਬ ਨੇ ਹੱਥ ਧੋ ਕੇ ਡੋਲ੍ਹ ਦਿੱਤਾ ਅਤੇ ਹੋਰ ਪਾਣੀ ਦਾ ਘੜਾ ਲਿਆਉਣ ਲਈ ਕਿਹਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਉਸ ਦੇ ਚਿਹਰੇ ਵੱਲ ਦੇਖਦੇ ਰਹੇ। ਉਨ੍ਹਾਂ ਫਿਰ ਪਾਣੀ ਲਿਆਂਦਾ। ਮਹਾਰਾਜ ਨੇ ਪੈਰ ਧੋ ਕੇ ਬਾਕੀ ਦਾ ਡੋਲ੍ਹ ਦਿੱਤਾ। ਇਸ ਤਰ੍ਹਾਂ ਤਿੰਨ ਮਹੀਨੇ ਹੁੰਦਾ ਰਿਹਾ। ਗੁਰੂ ਮਾਲਕ ਦੇਖ ਰਹੇ ਸਨ ਕਿ ਜੇ ਅੱਜ

ਗੁਰੂ ਦਾ ਪਾਣੀ ਡੋਲ੍ਹਣਾ ਇਸ ਨੂੰ ਚੁੱਭਿਆ ਤਾਂ ਆਉਣ ਵਾਲੇ ਸਮੇਂ ਇਹ ਸਭ ਨੂੰ ਇਕ ਜਾਣ ਕੇ ਪਾਣੀ ਕਿਵੇਂ ਪਿਲਾਏਗਾ, ਪਰ ਭਾਈ ਕਨ੍ਹਈਆ ਜੀ ਤਾਂ ਅਨੰਤ ਨੂੰ ਲੱਭਣ ਲਈ ਆਏ ਸਨ। ਉਨ੍ਹਾਂ ਇਹ ਬਿਖੜੀ ਕਾਰ ਨਿਬਾਹੀ। ਨਾ ਗੁਰੂ ਦੀ ਕਰਨੀ 'ਤੇ ਕੋਈ ਗਿਲਾ ਕੀਤਾ, ਨਾ ਕਿੰਤੂ ਤੇ ਨਾਹੀ ਚਿੰਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਜ਼ਰ ਭਰ ਕੇ ਭਾਈ ਕਨ੍ਹਈਆ ਵੱਲ ਦੇਖਿਆ ਤਾਂ ਸਾਖੀਕਾਰ ਲਿਖਦਾ ਹੈ ਕਿ "ਉਸ ਸਮੇਂ ਦੇਹੀ ਸ਼ਾਂਤ-ਚਿਤ ਹੋ ਗਈ। ਸਰੀਰ ਮਹਿ ਅਸਰੀਰ ਭਾਸ ਆਇਆ।"

ਆਪ ਜੀ ਨੇ ਕੁਝ ਚਿਰ ਹੋਰ ਜਦ ਸੰਗਤਾਂ ਤੇ ਗੁਰੂ ਸਾਹਿਬ ਦੇ ਘੋੜਿਆਂ ਦੀ ਸੇਵਾ ਕੀਤੀ ਤਾਂ ਬਖ਼ਸ਼ਿਸ਼ਾਂ ਕਰਦੇ ਨੌਵੇਂ ਪਾਤਸ਼ਾਹ ਨੇ ਫ਼ਰਮਾਇਆ : "ਇਹ ਦਾਤ ਭਰੋਸਗੀ ਦੀ ਤੁਹਾਨੂੰ ਮਿਲੀ ਹੈ, ਹੋਰਨਾਂ ਨੂੰ ਵੀ ਵੰਡੋ।" ਪਰ ਭਾਈ ਸਾਹਿਬ ਕਹਿਣ ਲੱਗੇ ਕਿ ਕ੍ਰਿਪਾ ਕਰਕੇ ਆਪਣੇ ਚਰਨਾਂ ਪਾਸ ਰੱਖੋ ਤਾਂ ਫਿਰ ਗੁਰੂ ਜੀ ਨੇ ਸਮਝਾਇਆ : "ਗੁਰੂ ਵਸਤੂ ਬਿਬੇਕ ਹੈ। ਬਿਬੇਕ ਸਹਿਤ ਜੋ ਕਰਮ ਕਰਨੇ ਹਨ, ਇਹ ਹੀ ਚਰਨਾਂ ਪਾਸ ਰਹਿਣਾ ਹੈ। ਕਿਸੇ ਜੀਵ ਦਾ ਹਿਰਦਾ ਪ੍ਰਸੰਨ ਕਰਨਾ, ਕਿਸੇ ਨੂੰ ਗੁਰਮਤਿ ਦੀ ਘਾਸੀ (ਛਾਪ) ਪਾਉਣੀ, ਇਹ ਹੀ ਗੁਰ-ਸੇਵਾ ਹੈ।" ਇਹ ਬਚਨ ਸੁਣ ਕੇ ਆਪ ਜੀ ਅਟਕ ਦੇ ਲਾਗੇ ਚਲੇ ਗਏ।

ਅਟਕ ਤੋਂ ਕੋਈ ਵੀਹ ਕੋਹ ਉਰਾਂ ਇਕ ਪਿੰਡ ਵਿਚ ਧਰਮਸ਼ਾਲ ਰਚ ਕੇ ਸੇਵਾ ਤੇ ਪ੍ਰਚਾਰ ਦਾ ਪ੍ਰਵਾਹ ਚਲਾਇਆ। ਜਲ ਦੀ ਇਲਾਕੇ ਵਿਚ ਥੁੜ੍ਹ ਸੀ। ਥਾਂ-ਥਾਂ ਖੂਹ ਪੁਟਵਾ ਕੇ ਛਬੀਲਾਂ ਲੁਆਈਆਂ। ਰਾਹ ਬਿਖੜੇ ਸਨ, ਇਸ ਲਈ ਰਾਹੀਆਂ ਲਈ ਰੈਣ ਬਸੇਰੇ ਬਣਾਏ। ਧਰਮਸਾਲ ਦੀ ਐਸੀ ਸੋਭਾ ਸੀ ਕਿ ਉਥੇ ਸਭ ਵਰਣਾਂ, ਧਰਮਾਂ ਦੇ ਲੋਕੀਂ ਆ ਕੇ ਟਿਕਦੇ ਸਨ। ਗੁਰਬਾਣੀ ਵੀਚਾਰ ਹੁੰਦੀ ਰਹਿੰਦੀ ਸੀ। ਧਰਮਸ਼ਾਲ ਵਿਚ ਕੋਈ ਵਿਅਰਥ ਵਾਰਤਾਲਾਪ ਨਹੀਂ ਹੁੰਦਾ ਸੀ। ਹਰ ਕੋਈ ਪ੍ਰੀਤ ਸਹਿਤ ਵਿਹਾਰ ਕਰਦਾ ਸੀ। ਕੀਰਤਨ ਲਈ ਰਬਾਬੀਆਂ ਨੂੰ ਉਚੇਚਾ ਬੁਲਾਇਆ ਗਿਆ ਸੀ। ਹਰ ਆਏ ਜੀਆਂ ਨੂੰ ਸਕੇ-ਸੰਬੰਧੀਆਂ ਤੋਂ ਵੱਧ ਆਦਰ ਮਿਲਦਾ ਸੀ। ਭਾਈ ਜੀ ਦਾ ਮੁਖ ਉਦੇਸ਼ ਸੀ, "ਸਾਡਾ ਪੰਥ ਏਕਤਾ ਦਾ ਹੈ। ਸਭ ਜੀਅ ਸਾਡੇ ਹਨ। ਜਲ ਭਰਨ ਵਾਲਾ ਤੇ ਪੀਣ ਵਾਲਾ ਇਕ ਹੈ।" ਉਥੋਂ ਹਰ ਸਾਲ ਅਨੰਦਪੁਰ ਆਉਂਦੇ।

੧੧ ਨਵੰਬਰ, ੧੬੭੫ ਨੂੰ ਹਿੰਦੂ ਧਰਮ ਦੀ ਰਾਖੀ ਖ਼ਾਤਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਸ਼ਹੀਦ ਹੋ ਗਏ। ਆਪ ਜੀ ਨੇ ਜਦ ਗੁਰੂ ਜੀ ਦੀ ਸ਼ਹਾਦਤ ਦਾ ਸੁਣਿਆ ਤਾਂ ਕਈ ਦਿਨ ਚੁੱਪ ਰਹੇ। ਉਥੋਂ ਆਨੰਦਪੁਰ ਆਉਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਪੁੱਜਿਆ ਕਿ ਜੋ ਵੀ ਸਾਡਾ ਸਿੱਖ ਹੈ, ਸ਼ਸਤਰ ਪਹਿਨੇ ਪਰ ਆਪ ਜੀ ਪਾਣੀ ਦੀਆਂ ਮਸ਼ਕਾਂ ਭਰ-ਭਰ ਲਿਆਉਂਦੇ ਤੇ ਪਿਆਸਿਆਂ ਦੀ ਪਿਆਸ ਬੁਝਾਂਦੇ ਸਨ। ਆਪ ਜੀ ਨੂੰ ਸ਼ਸਤਰ ਨਾ ਧਾਰਨ ਕੀਤੇ ਹੋਏ ਦੇਖ ਕੇ ਇਕ ਸਿੱਖ ਨੇ ਕਿਹਾ ਕਿ ਭਾਈ ਜੀ, ਗੁਰੂ ਜੀ ਦੀ ਖ਼ੁਸ਼ੀ ਲੈਣੀ ਹੈ ਤਾਂ ਸ਼ਸਤਰ ਜ਼ਰੂਰ ਪਾਵੋ। ਤਾਂ ਆਪ ਜੀ ਨੇ ਕ੍ਰਿਪਾਨ ਪਹਿਨ ਲਈ। ਇਕ ਦੂਜੇ ਸਿੱਖ ਨੇ ਪੁੱਛਿਆ, "ਭਾਈ ਜੀ ! ਤੁਸਾਂ ਕ੍ਰਿਪਾਨ ਕਿਸ ਲਈ ਪਹਿਨੀ ਹੈ ?" ਤਾਂ ਨਿਰਛਲ ਜੀਵ ਨੇ ਕਿਹਾ, "ਜਦ ਕੋਈ ਮਾਰਨ ਆਵੇਗਾ ਤਾਂ ਤੇਗ਼ਾ ਕੱਢ ਕੇ ਉਸ ਨੂੰ ਦਿਆਂਗਾ ਤੇ ਆਖਾਂਗਾ ਕਿ ਜੇ ਮਾਰਨਾ ਹੀ ਹੈ ਤਾਂ ਗੁਰੂ ਦੀ ਕ੍ਰਿਪਾਨ ਨਾਲ ਮਾਰ।" ਜਦ ਐਸੇ ਨਿਰਵੈਰ ਬਚਨਾਂ ਦੀ ਗੱਲ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀ ਤਾਂ ਉਨ੍ਹਾਂ

ਫ਼ੁਰਮਾਇਆ ਕਿ ਇਸ ਨੂੰ ਕਿਸ ਨੇ ਤੇਗ਼ ਪਹਿਨਣ ਲਈ ਕਿਹਾ ਹੈ ? ਇਸ ਦੀ ਘਾਲ ਉਹ ਹੀ ਹੈ ਜੋ ਗੁਰੂ ਪਿਤਾ ਜੀ ਇਸ ਨੂੰ ਦੱਸ ਗਏ ਹਨ। ਇਹ ਉਸੇ ਘਾਲ ਵਿਚ ਸਾਬਤ ਹੈ। ਆਪ ਜੀ ਨੇ ਅੱਗੇ ਵੱਧ ਕੇ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨ ਪਕੜ ਲਏ ਤੇ ਮਨ ਵਿਚ ਪੱਕਾ ਧਾਰ ਲਿਆ ਕਿ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਵੀ ਜੋ ਕਰਮ ਕਰ ਰਹੇ ਹਨ, ਉਹ ਉਪਕਾਰ ਹੀ ਹੈ। ਤੇਗ਼ ਸੁਟਵਾ ਕੇ ਸੇਵਾ ਲਈ ਤਤਪਰ ਕਰਨਾ ਵੀ ਗੁਰੂ ਸੂਰਮੇ ਦਾ ਕੰਮ ਹੈ। ਗੁਰੂ ਜੀ ਨੇ ਤਿੰਨ ਵਾਰੀ ਨਿਹਾਲ, ਨਿਹਾਲ, ਨਿਹਾਲ ਆਖ ਕੇ ਸੱਚਮੁਚ ਹੀ ਭਾਈ ਜੀ ਨੂੰ ਨਿਹਾਲ ਕਰ ਦਿੱਤਾ। ਭਾਈ ਜੀ ਤਾਂ ਅੱਗੇ ਹੀ ਸੇਵਾ ਵਿਚ ਜੁੱਟੇ ਹੋਏ ਸਨ, ਪਰ ਹੁਣ ਤਾਂ ਸਰੀਰ ਦੀ ਸੁੱਧ-ਬੁੱਧ ਹੀ ਭੁੱਲ ਗਈ। ਸਰੀਰ ਨੂੰ ਬਸਤਰ ਨਿਆਈਂ ਕਹਿੰਦੇ। ਤ੍ਰਿਸ਼ਨਾ ਉੱਤੇ ਉਨ੍ਹਾਂ ਪੂਰਾ ਬਲ ਪਾ ਲਿਆ ਸੀ। ਜਿਵੇਂ ਜਲ ਅੱਗ ਨੂੰ ਠੰਢਾ ਕਰਦਾ ਹੈ, ਤਿਵੇਂ ਘਾਲ ਕਰਕੇ ਉਹ ਨਿਰਛਲ, ਨਿਰਕਪਟ, ਨਿਰਵੈਰ ਵਿਅਕਤੀ ਬਣ ਗਏ ਸਨ। ਜੇ ਕੋਈ ਸਤਿਕਾਰ ਸਹਿਤ ਪਦਾਰਥ ਭੇਟ ਵੀ ਕਰਦਾ ਤਾਂ ਉਸ ਸਮੇਂ ਲੋੜਵੰਦਾਂ ਨੂੰ ਵੰਡ ਦਿੰਦੇ। ਬਹੁਤਾ ਸਮਾਂ ਜਲ ਦੀ ਸੇਵਾ ਵਿਚ ਲਗਾਉਂਦੇ। ਸੇਵਾ ਦੀ ਮਹੱਤਤਾ ਦ੍ਰਿੜ੍ਹ ਕਰਾਉਂਦੇ ਹੋਏ ਕਹਿੰਦੇ ਕਿ "ਜਿਸ ਤਰ੍ਹਾਂ ਕੋਈ ਸਰਾਫ਼ ਪਾਸੋਂ ਸਰਾਫ਼ੀ ਸਿੱਖਣਾ ਚਾਹੇ ਤਾਂ ਸਿਰਫ਼ ਉਪਦੇਸ਼ ਸੁਣਨ ਨਾਲ ਹੀ ਸਰਾਫ਼ੀ ਦਾ ਗੁਣ ਨਹੀਂ ਆ ਜਾਂਦਾ, ਇਵੇਂ ਹੀ ਰਹਿਤ ਨਾਲ ਪਰਮਾਤਮਾ ਮਿਲਦਾ ਹੈ, ਨਿਰੇ ਉਪਦੇਸ਼ ਨਾਲ ਤਾਂ ਮਨ ਸਗੋਂ ਢੀਠ ਹੋ ਜਾਂਦਾ ਹੈ। ਠਠਿਆਰਾਂ ਦੀ ਭੱਠੀ ਵਾਂਗ, ਮਨ ਦੀ ਮੈਲ ਸੇਵਾ ਹੀ ਉਤਾਰ ਸਕੇਗੀ।" ਜਦ ਅੱਗੋਂ ਕਿਸੇ ਨੇ ਪੁੱਛਿਆ ਕਿ ਸੇਵਾ ਕਿਸ ਦੀ ਕਰੀਏ ? ਤਾਂ ਕਹਿਣ ਲੱਗੇ, "ਘੱਟ-ਘੱਟ ਮਹਿ ਰਮੇ ਰਾਮ ਨੂੰ ਜਾਣ ਕਰ ਸੇਵਾ ਕਰਨੀ ਭਲੀ ਯੁਕਤ ਹੈ।" ਹਿੰਦੂ ਲੋਕ ਤਾਂ ੨੪ ਅਵਤਾਰ ਮੰਨਦੇ ਹਨ, ਪਰ ਗੁਰੂ ਦਾ ਸਿੱਖ ਤਾਂ ਜੇਤੇ ਪ੍ਰਾਣੀ ਮਾਤਰ ਹੈਂ, ਸਭੀ ਅਵਤਾਰ ਦ੍ਰਿਸ਼ਟੀ ਦਿਸਦੇ ਹਨ, ਨਿਸਚਾ ਐਸਾ ਬਣ ਜਾਂਦਾ ਹੈ ਕਿ ਸਾਰੇ ਜੀਵ ਪ੍ਰਮਾਤਮਾ ਤੋਂ ਉਤਪੰਨ ਹੋਏ ਲਗਦੇ ਹਨ। ਬੁੱਧੀ ਵਿਸ਼ਾਲ ਹੋ ਜਾਂਦੀ ਹੈ ਤੇ ਘੇਰਾ ਅਕਾਸ਼ ਜਿੰਨਾ ਚੌੜਾ। ਫਿਰ "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ" ਦੇ ਸ਼ਬਦ ਦੀ ਧੁਨੀ ਲਗਾ ਦਿੰਦੇ ਹਨ। ਨਿਰੇ ਭੋਗਾਂ ਭੋਗਣ ਵਾਲੇ ਨੂੰ ਕਹਿੰਦੇ ਕਿ "ਉਦਰ ਲਈ ਖਾਓ, ਮਨ ਲਈ ਨ ਖਾਓ" ਨਿੰਦਿਆ ਤੋਂ ਸਦਾ ਹੀ ਵਰਜਦੇ। ਆਖਦੇ, "ਮੱਤ ਉਹ ਹੀ ਉੱਚੀ ਹੈ ਜੋ ਨਿੰਦਿਆ ਤੋਂ ਰਹਿਤ ਹੈ। ਨਿੰਦਿਆ ਵਾਲੀ ਵੀ ਕੋਈ ਮੱਤ ਹੈ।"

ਆਨੰਦਪੁਰ ਤੋਂ ਪਾਉਂਟਾ ਸਾਹਿਬ ਨਾਲ ਹੀ ਗਏ ਤੇ ਜਦ ਜੰਗਾਂ ਦਾ ਦੌਰ ਚੱਲ ਪਿਆ ਤਾਂ ਆਪ ਜੀ ਨੇ ਪਾਣੀ ਪਿਲਾਉਣ ਦੀ ਅਤਿ ਕਠਿਨ ਸੇਵਾ ਸੰਭਾਲ ਲਈ। ਜੰਗ ਦੇ ਮੈਦਾਨ ਵਿਚ ਬੇਬਾਕੀ ਨਾਲ ਚਲੇ ਜਾਂਦੇ। ਖੱਬੇ ਹੱਥ ਚਿੱਟਾ ਝੰਡਾ ਰੱਖਦੇ ਤੇ ਆਪ ਜੀ ਕੱਪੜੇ ਵੀ ਸਫ਼ੈਦ ਹੀ ਪਹਿਨਦੇ ਸਨ। ਬਿਨਾਂ ਵਿਤਕਰੇ ਦੇ ਪਾਣੀ ਪਿਲਾਣ ਦੀ ਸੇਵਾ ਕਰਨੀ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਹਿੰਦੂ-ਮੁਸਲਮਾਨ-ਸਿੱਖ ਦੀ ਲੀਕ ਮੁੱਕ ਚੁੱਕੀ ਸੀ। ਉਨ੍ਹਾਂ ਦੇ ਸਾਹਮਣੇ ਸਾਰੇ ਹੀ ਤਿਹਾਏ ਸਨ। ਸੂਰਜ ਪ੍ਰਕਾਸ਼' ਦੇ ਮਹਾਨ ਲਿਖਾਰੀ ਨੇ ਲਿਖਿਆ ਹੈ :

**ਜਿਮ ਸਿੰਘਨ ਕੋ ਜਾਇ ਪਿਲਾਵੈ। ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ।**

ਲੜਦੀਆਂ ਫ਼ੌਜਾਂ ਵਿਚ ਸਿੱਖ ਸਿਪਾਹੀ ਇਹ ਦੇਖ ਕੇ ਗੁੱਸੇ ਹੁੰਦੇ। ਕੁਝ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਭਾਈ ਸਾਹਿਬ ਨੂੰ ਵਿਰੋਧੀਆਂ ਨੇ ਖ਼ਰੀਦ ਲਿਆ ਹੈ ਤੇ ਭਾਰੀ ਮੁੱਠ ਤਾਰ ਦਿੱਤੀ ਹੈ :

**ਗਿਰਪਤਿ ਗਨੇ ਸੋ ਮਿਲਿਓ ਲਖੀਜੈ। ਕੁਛ ਲਾਲਚ ਕਰ ਦੇਤ ਜਨੀਜੈ।**

ਆਖ਼ਰ ਸ਼ਿਕਾਇਤਾਂ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀਆਂ। ਗੁਰੂ ਜੀ ਨੇ ਸੱਦ ਘੱਲਿਆ ਤੇ ਸਿੱਖਾਂ ਦੀ ਸ਼ਿਕਾਇਤ ਸੁਣਾਈ ਕਿ ਤੁਸੀਂ ਜੰਗ ਵਿਚ ਪਾਣੀ ਪਿਲਾਉਣ ਵੇਲੇ ਸਿੱਖ ਵੱਲ ਨਹੀਂ ਦੇਖਦੇ ਤੇ ਮੁਸਲਮਾਨਾਂ ਨੂੰ ਵੀ ਪਾਣੀ ਪਿਲਾਈ ਜਾਂਦੇ ਹੋ। ਭਾਈ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ ਉਸ ਨੇ ਤਾਂ ਕਦੇ ਤੁਰਕ ਜਾਂ ਹਿੰਦੂ ਨੂੰ ਪਾਣੀ ਨਹੀਂ ਪਿਲਾਇਆ। ਉਹ ਤਾਂ ਹਰ ਥਾਂਵੇਂ ਆਪ ਜੀ ਦਾ ਹੀ ਰੂਪ ਦੇਖਦਾ ਹੈ।

ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ :

**ਜਹਾਂ ਤਹਾਂ ਇਕ ਰੂਪ ਤੁਮਾਰਾ। ਨਹ ਦੂਸਰ ਮੈਂ ਕੋਊ ਨਿਹਾਰਾ॥ 33॥**
**ਸਭ ਮਹਿ ਰਹਿ ਬਿਰਾਜ ਸਮਾਨਾ। ਸਤ੍ਰ ਮਿਤ੍ਰ ਕੋ ਜਾਇ ਨ ਜਾਨਾ।**
**ਸਭ ਥਲ ਤੁਮਰੋ ਰੂਪ ਨਿਹਾਰੋਂ। ਭੇਦ ਭਿੰਨ ਕੋ ਨ ਬਿਚਾਰੋਂ॥ 34॥**
**ਮੋ ਕੋ ਤੋ ਇਮ ਹੀ ਦ੍ਰਿਸਟਾਵੈ। ਤੁਮ ਬਿਨ ਦੂਸਰ ਨਦਰ ਨ ਆਵੈ॥ 35॥**
**ਨਾ ਪਹਾਰੀ ਮਹਿਰ ਕੋਊ ਦੂਜਾ। ਜਹਿ ਕਹਿ ਕਰਹਿ ਆਪ ਕੀ ਪੂਜਾ॥ 36॥**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ 6, ਅਧਿਆਏ 29)

ਇਹ ਸੁਣ ਕੇ ਕਲਗ਼ੀਆਂ ਵਾਲੇ ਨੇ ਸਭ ਨੂੰ ਵਰਜਿਆ ਕਿ ਇਸ ਨੂੰ ਕੋਈ ਨ ਰੋਕੇ ਤੇ ਨਾਂਹ ਹੀ ਕੋਈ ਇਸ ਦੀ ਕਰਣੀ 'ਤੇ ਸ਼ੱਕ ਕਰੇ।

**ਇਸ ਕੋ ਕਿਸ ਬਿਧ ਕਹੋ ਨ ਕੋਈ। ਕਰੈ ਜਥੋ ਚਿਤ ਜਿਮ ਉਰ ਹੋਈ।**

ਤੇ ਫਿਰ ਮੱਲ੍ਹਮ ਤੇ ਪੱਟੀ ਬਖ਼ਸ਼ਦੇ ਹੋਏ ਕਿਹਾ ਕਿ ਫੱਟਾਂ ਉੱਤੇ ਮਲ੍ਹਮ ਪਟੀ ਵੀ ਲੱਗਾ ਦਿੱਤਾ ਕਰੋ। ਸ੍ਰੀ ਰਤਨ ਮਾਲ ਵਾਲਾ ਲਿਖਦਾ ਹੈ ਕਿ : "ਉਹ ਸਿੰਘਾਂ ਬੀਚ ਤੇ ਤੁਰਕਾਂ ਬੀਚ ਭੀ ਬਿਚਰਦੇ। ਕੋਈ ਇਸ ਕੋ ਅਟਕਾਵੈ ਨਾਹੀਂ। ਨਿਸ਼ੰਕ ਹੋ ਫਿਰੈ। ਇਕ ਸਮਾਨ ਸਭੀ ਕੋ ਜਾਨ ਕੈ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣ ਕੈ ਸਭੀ ਨਮਸਕਾਰ ਕਰੈਂ, ਕੋਈ ਇਸਕੋ ਦੁਖਾਵੈ ਨਾਹੀਂ।"

ਆਪ ਜੀ ਦੀ ਅਗਵਾਈ ਹੇਠ ਕਈ ਹੋਰ ਭਾਈ ਕਨ੍ਹਈਆ ਪੈਦਾ ਹੋਏ ਜੋ ਜੰਗਾਂ ਵਿਚ ਤੁਰਕ ਅਤੁਰਕ ਦਾ ਵਿਤਕਰਾ ਮੇਟ ਕੇ ਸਭ ਦੀ ਸੇਵਾ ਕਰਦੇ ਤੇ ਫੱਟਾਂ ਨੂੰ ਸੀ ਕੇ ਪੱਟੀ ਬੰਨ੍ਹਦੇ।

ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧0 ੧ਓ ਸਤਿਗੁਰ ਪ੍ਰਸਾਦਿ ॥ ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥ ੧ ॥ ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥ ੧ ॥ ਰਹਾਉ ॥ ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ

ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥ 2 ॥ ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥ 3 ॥ ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥ 4 ॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥ 5 ॥ ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥ 6 ॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥ 7 ॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥ 8 ॥ ੧ ॥

ਪਦ ਅਰਥ :- ਸੋਈ=ਓਹੀ। ਗੁਰਮੁਖਿ=ਗੁਰੂ ਦੇ ਸਨਮੁਖ। ਬੂਝੈ=ਸਮਝਦਾ ਹੈ। ਵਿਣੁ ਭੈ ਪਇਐ=ਪ੍ਰਭੂ ਦਾ ਨਿਰਮਲ ਭੈ ਪਏ ਤੋਂ ਬਿਨਾਂ। ਪਾਵਸਿ=ਪਾਉਂਦਾ ਹੈ। ਰਸਿ ਰਸਿ=ਰੱਸ ਰੱਸ ਕੇ। ਮਾਨੁ=ਆਦਰ। ਕਥਿ ਕਥਿ=ਕਥ ਕਥ ਕੇ। ਬਾਦੁ=ਝਗੜਾ। ਰਹਤ=ਰਹਿਣੀ। ਮਨਿ=ਮਨ ਵਿਚ। ਨਾਵਹੁ=ਨਾਮ ਤੋਂ। ਬੰਧਿਓ=ਬੱਧਾ ਹੋਇਆ ਹੈ। ਬਿਖੁ ਨਾਲਿ=ਵਿਸ਼ਿਆਂ ਰੂਪੀ ਜ਼ਹਿਰ ਨਾਲ। ਕਾਲਿ=ਕਾਲ ਵਿਚ। ਸੀਧੋ=ਸਫਲ ਹੁੰਦਾ ਹੈ। ਸਮਾਲਿ=ਯਾਦ ਕਰ ਕੇ। ਜਿਨਿ=ਜਿਸ (ਮਨੁੱਖ) ਨੇ। ਸਬਦਿ=ਸ਼ਬਦ ਵਿਚ। ਲਿਵ ਲਾਈ=ਸੁਰਤਿ ਜੋੜੀ ਹੈ। ਪਤਿ=ਇੱਜ਼ਤ। ਕਰਤੈ=ਕਰਤਾ (ਪੁਰਖ) ਨੇ। ਹਉਮੈ=ਮੈਂ ਵਿਚ ਲੱਗ ਕੇ। ਕੁਚਲ=ਦੂਜੇ ਦੇ ਦੋਸ਼ ਕੱਢਣ ਵਾਲਾ, ਅਪਵਿੱਤਰ। ਕਛੋਤਿ=ਨਾ ਛੋਹਣ ਯੋਗ। ਸਰੋਤਿ=ਸੁਣਨ ਯੋਗ। ਜੋਤਿ=(ਜਾਗਤ) ਜੋਤੀ। ਸਾਸਤ੍ਰ=ਛੇ ਸ਼ਾਸਤਰ। ਸਿਮ੍ਰਿਤਿ=ਸਤਾਈ ਸਿਮ੍ਰਤੀਆਂ। ਦ੍ਰਿੜਾਮੰ=ਦ੍ਰਿੜ ਕਰਾਉਂਦੀਆਂ ਹਨ। ਊਤਮ=ਚੰਗਾ। ਕਰਾਮੰ=ਕਰਮ। ਸਹਾਮੰ=ਸਹਾਰਦਾ ਹੈ। ਵਸਾਮੰ=ਵਸਦਾ ਹੈ। ਕਹਉ=ਮੈਂ ਕਹਿੰਦਾ ਹਾਂ। ਮਨਿ=ਮਨ ਵਿਚ। ਸੋਇ=ਉਹ (ਪ੍ਰਭੂ)। ਅਵਰ=ਹੋਰ।

ਅਰਥ :- (ਹੇ ਭਾਈ ! ਉਹ ਪ੍ਰਭੂ ਪ੍ਰਮਾਤਮਾ ਸਭ ਦੇ) ਨੇੜੇ ਵਸਦਾ ਹੈ (ਅਤੇ ਫਿਰ) ਓਹੀ ਸਭ ਨੂੰ ਵੇਖਦਾ ਪਿਆ ਹੈ, (ਭਾਵ ਜੋ ਕੁਝ ਵੀ ਕੋਈ ਕਰ ਰਿਹਾ ਹੈ, ਉਸ ਦੀ ਨਿਗਾਹ ਵਿਚ ਹੈ)। (ਪਰ ਇਹ ਸੱਚ ਹੈ ਕਿ ਪ੍ਰਮਾਤਮਾ ਸਭ ਦੇ ਨੇੜੇ ਹੈ ਤੇ ਸਭ ਨੂੰ ਵੇਖਦਾ ਹੈ) ਕੋਈ ਵਿਰਲਾ ਗੁਰਮੁਖ ਹੀ ਇਸ ਭਾਵ ਨੂੰ ਸਮਝਦਾ

ਹੈ। ਪ੍ਰਭੂ ਦੇ ਨਿਰਮਲ ਭੈਅ ਧਾਰੇ ਤੋਂ ਬਿਨਾਂ (ਪ੍ਰਭੂ ਦੀ) ਭਗਤੀ ਨਹੀਂ ਹੋ ਸਕਦੀ। (ਜੋ) ਸ਼ਬਦ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੂੰ) ਸਦਾ (ਆਤਮਿਕ) ਸੁਖ ਪ੍ਰਾਪਤ ਹੁੰਦਾ ਹੈ।੧।

(ਹੇ ਭਾਈ !) ਗਿਆਨ ਰੂਪੀ, ਨਾਮ ਰੂਪੀ ਪਦਾਰਥ ਇਹੋ ਜਿਹਾ ਅਮੋਲਕ ਹੈ, (ਜਿਸ ਨੂੰ) ਗੁਰਮੁਖ (ਪ੍ਰਭੂ ਪਿਆਰਾ) ਰੱਸ ਰੱਸ ਕੇ (ਜਪਦਾ ਹੈ ਤੇ ਸਦਾ) ਆਦਰ ਪ੍ਰਾਪਤ ਕਰਦਾ ਹੈ।੧।ਰਹਾਉ।

(ਹੇ ਭਾਈ !) ਸਭ ਕੋਈ ਗਿਆਨ ਗਿਆਨ ਅਜੇਹੀਆਂ ਗੱਲਾਂ ਦਾ ਹੀ ਵਖਿਆਨ ਕਰਦਾ ਹੈ। ਕਥ ਕਥ ਕੇ (ਹਰ ਕੋਈ ਇਕ ਦੂਜੇ ਨਾਲ) ਬਾਦ=ਝਗੜਾ ਕਰਦਾ ਹੈ (ਅਤੇ) ਦੁਖੀ ਹੁੰਦਾ ਹੈ। ਕਥਨੀ ਵਾਲੀ (ਗੱਲ) ਕਹਿਣ ਤੋਂ ਕੋਈ ਨਹੀਂ ਰਹਿੰਦਾ, (ਪਰ ਨਾਮ ਦੇ) ਰੱਸ ਵਿਚ ਰਤੇ ਤੋਂ ਬਿਨਾਂ (ਜੀਵਨ) ਮੁਕਤੀ ਪ੍ਰਾਪਤ ਨਹੀਂ ਹੁੰਦੀ।੨।

(ਹੇ ਭਾਈ ! ਨਿਰਗੁਣ ਤੇ ਸਰਗੁਣ ਸਰੂਪ ਦਾ) ਗਿਆਨ ਧਿਆਨ ਸਭ ਕੁਝ ਗੁਰੂ ਤੋਂ ਪ੍ਰਾਪਤ ਹੁੰਦਾ ਹੈ। (ਜੇ ਗੁਰੂ ਦੀ ਦੱਸੀ) ਸੱਚੀ ਰਹਿਣੀ ਹੋਵੇ, ਤਾਂ ਉਹ ਸੱਚਾ (ਵਾਹਿਗੁਰੂ) ਮਨ ਵਿਚ ਵਸ ਜਾਂਦਾ ਹੈ। ਮਨਮੁਖ ਦੀ (ਨਿਰੀ) ਕਥਨੀ ਹੈ, (ਪਰ ਉਸ ਦੀ ਸੱਚੀ) ਰਹਿਣੀ ਨਹੀਂ ਹੈ। (ਸੋ) ਨਾਮ ਤੋਂ ਭੁਲੇ ਹੋਏ ਨੂੰ (ਟਿਕਣ ਲਈ) ਕੋਈ ਥਾਂ ਨਹੀਂ ਮਿਲਦਾ।੩।

(ਹੇ ਭਾਈ ! ਸੰਸਾਰੀ ਜੀਵਾਂ ਦਾ) ਮਨ ਮਾਇਆ ਦੇ ਜਾਲ (ਬੰਧਨਾਂ) ਵਿਚ ਬੱਧਾ ਪਿਆ ਹੈ। ਘਟਾਂ ਘਟਾਂ ਵਿਚ (ਵਾਹਿਗੁਰੂ) ਵਿਆਪਕ ਹੋ ਰਿਹਾ ਹੈ, (ਪਰ ਮਨਮੁਖ ਉਸ ਨੂੰ ਭੁੱਲ ਕੇ) ਵਿਸ਼ਿਆਂ ਰੂਪੀ ਜ਼ਹਿਰ ਨਾਲ (ਲੱਗ ਕੇ ਬਰਬਾਦ ਹੋ ਰਿਹਾ ਹੈ)। ਜੋ (ਜੀਵ ਸੰਸਾਰ ਵਿਚ) ਆਂਜੈ=ਆਉਂਦਾ ਹੈ, ਉਹ ਕਾਲ (ਮੌਤ ਦੇ ਮੂੰਹ) ਵਿਚ ਹੀ (ਫਸਿਆ ਹੋਇਆ) ਦਿੱਸਦਾ ਹੈ। (ਹੇ ਭਾਈ !) ਹਿਰਦੇ ਵਿਚ (ਪ੍ਰਭੂ ਦਾ ਸਿਮਰਨ) ਯਾਦ ਕਰ ਕੇ ਹੀ (ਮਨੁੱਖ ਦਾ ਮੁਕਤੀ ਰੂਪ) ਕਾਰਜ ਸਫਲ ਹੋ ਸਕਦਾ ਹੈ।੪।

(ਹੇ ਭਾਈ !) ਉਹ ਗਿਆਨੀ (ਪੁਰਸ਼) ਹੈ ਜਿਸ ਨੇ (ਗੁਰੂ ਦੇ) ਸ਼ਬਦ ਵਿਚ (ਆਪਣੀ) ਸੁਰਤਿ ਜੋੜ ਲਈ ਹੈ। ਮਨਮੁਖ (ਜੀਵ ਨੇ) ਹਉਮੈ ਵਿਚ ਲੱਗ ਕੇ (ਆਪਣੀ) ਇੱਜ਼ਤ ਗੁਆ ਲਈ ਹੈ। (ਜਿਸ ਤੋਂ) ਆਪ ਹੀ ਕਰਤਾ (ਪੁਰਖ ਪ੍ਰਮਾਤਮਾ) ਨੇ ਆਪਣੀ ਭਗਤੀ ਕਰਵਾਈ ਹੈ, ਗੁਰੂ ਦੁਆਰਾ ਆਪ ਹੀ (ਉਸ ਨੂੰ) ਵਡਿਆਈ ਦਿੱਤੀ ਹੈ।੫।

(ਮਨਮੁਖ ਦੀ ਉਮਰ ਰੂਪੀ) ਰਾਤ (ਅਗਿਆਨਤਾ ਕਰ ਕੇ) ਅੰਧੇਰੀ ਹੈ (ਜਦੋਂ ਕਿ ਪਰਮਾਤਮਾ ਦੀ) ਜੋਤ ਨਿਰਮਲ (ਪਵਿੱਤਰ ਹੈ)। (ਮਨਮੁਖ) ਨਾਮ ਤੋਂ ਬਿਨਾਂ ਝੂਠੇ (ਬਚਨ) ਬੋਲਦਾ ਹੈ, (ਉਹ) ਕੁਚਲ=ਦੂਜੇ ਦੇ ਦੋਸ਼ ਕੱਢਣ ਵਾਲਾ ਅਤੇ ਕਛੋਤ=ਨਾ-ਛੋਹਣ ਯੋਗ (ਅਪਵਿੱਤਰ ਮਨੁੱਖ) ਹੈ। ਵੇਦ ਪੁਕਾਰਦਾ ਹੈ ਕਿ ਭਗਤੀ (ਕਰਨੀ) ਸੁਣਨ ਯੋਗ (ਵਸਤੂ) ਹੈ, (ਪਰ ਜਿਹੜਾ ਮਨੁੱਖ ਭਗਤੀ ਦਾ ਉਪਦੇਸ਼) ਸੁਣ ਸੁਣ ਕੇ ਮੰਨਦਾ ਹੈ (ਭਾਵ ਅਮਲ ਕਰਦਾ ਹੈ, ਉਹੀ ਜਾਗਤ) ਜੋਤਿ (ਪਰਮਾਤਮਾ ਨੂੰ) ਵੇਖਦਾ (ਦਰਸ਼ਨ ਕਰਦਾ) ਹੈ।੬।

(ਹੇ ਭਾਈ !) ਛੇ ਸ਼ਾਸਤਰ ਤੇ ਸਤਾਈ ਸਿਮ੍ਰਿਤੀਆਂ (ਪਰਮਾਤਮਾ ਦੇ) ਨਾਮ ਨੂੰ ਦ੍ਰਿੜ੍ਹ ਕਰਾਉਂਦੀਆਂ ਹਨ। ਗੁਰੂ ਦੁਆਰਾ ਉੱਤਮ ਕਰਮ ਕਰ ਕੇ ਸ਼ਾਂਤੀ (ਪ੍ਰਾਪਤ ਹੁੰਦੀ ਹੈ)। ਮਨਮੁਖ (ਗੁਰੂ ਤੋਂ ਬੇਮੁਖ ਜੀਵ) ਜੂਨੀਆਂ ਦੇ ਦੁੱਖ ਸਹਾਰਦੇ ਹਨ। (ਜੇ ਉਹ ਪਰਮਾਤਮਾ ਦਾ) ਇਕ ਨਾਮ (ਹਿਰਦੇ ਵਿਚ) ਵਸਾ ਲੈਣ ਤਾਂ (ਉਨ੍ਹਾਂ ਦੇ) ਕਰਮ-ਬੰਧਨ ਟੁੱਟ ਜਾਣ।੭।

(ਹੇ ਭਾਈ !ਪਰਮੇਸ਼ਰ ਦਾ) ਨਾਮ ਮੰਨਣ ਨਾਲ ਸੱਚੀ ਇੱਜ਼ਤ ਮਿਲਦੀ ਹੈ (ਅਤੇ ਪ੍ਰਮਾਤਮਾ ਦੀ ਸੱਚੀ) ਪੂਜਾ ਭੀ ਹੁੰਦੀ ਹੈ। (ਉਸ ਪ੍ਰਭੂ ਤੋਂ ਬਿਨਾਂ ਮੈਂ) ਕਿਸ ਨੂੰ ਵੇਖਾਂ (ਕਿਉਂਕਿ ਉਸ ਤੋਂ ਬਿਨਾਂ ਮੈਨੂੰ) ਦੂਜਾ ਕੋਈ (ਦਿੱਸਦਾ) ਹੀ ਨਹੀਂ ਹੈ। ਉਸ ਪਰੀਪੂਰਨ ਪ੍ਰਮਾਤਮਾ ਨੂੰ ਸਰਬ ਵਿਆਪੀ ਦੇਖ ਕੇ ਕਹਿੰਦਾ ਹਾਂ ਕਿ ਮੇਰੇ ਮਨ ਵਿਚ ਉਹੀ ਪ੍ਰਭੂ ਚੰਗਾ ਲੱਗਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ ਪਰਮਾਤਮਾ ਤੋਂ ਬਿਨਾਂ) ਹੋਰ ਕੋਈ (ਸਦੀਵੀ ਰਹਿਣ ਵਾਲਾ) ਨਹੀਂ ਹੈ।੮।੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧86 (ਆਦਿ ਅੰਗ 832)

## ਬਿਲਾਵਲੁ ਮਹਲਾ ੧ ॥

ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥ ੧ ॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥ ੧ ॥ ਰਹਾਉ ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥ 2 ॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥ 3 ॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥ 4 ॥ ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥ 5 ॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥ 6 ॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥ 7 ॥ ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥ 8 ॥ 2 ॥

## ਪ੍ਰਾਕ੍ਰਥਨ :

ਬਿਲਾਵਲੁ ਰਾਗ ਅੰਦਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਅਸਟਪਦੀ ਉਚਾਰਨ ਕੀਤੀ ਹੋਈ ਹੈ। ਇਸ ਅੱਠ ਪਦਾਂ ਵਾਲੇ ਸ਼ਬਦ ਦੇ ਅਰੰਭ ਵਿਚ ਹਜ਼ੂਰ ਨੇ ਮਨ ਦਾ ਜ਼ਿਕਰ ਕੀਤਾ ਹੈ।

## ਵਿਸ਼ਾ—ਮਨ ਕਾ ਕਹਿਆ ਮਨਸਾ ਕਰੈ॥

ਮਨੁੱਖੀ ਮਨ ਵਿਚ ਸੰਕਲਪ ਤੇ ਵਿਕਲਪ ਹਮੇਸ਼ਾ ਫੁਰਦੇ ਰਹਿੰਦੇ ਹਨ, ਜਿਨ੍ਹਾਂ ਰਾਹੀਂ ਮਨੁੱਖ ਚੰਗੇ ਜਾਂ ਮਾੜੇ ਪਾਸੇ ਲੱਗਦਾ ਹੈ। ਇਸ ਮਨ ਨੂੰ ਮਨੁੱਖ ਜਿਸ ਸਮੇਂ ਸਾਧ ਸੰਗਤ ਵਿਚ ਲਿਜਾ ਕੇ ਪ੍ਰਭੂ ਚਰਨਾਂ ਨਾਲ ਜੋੜ ਦਿੰਦਾ ਹੈ, ਤਾਂ ਉਸ ਨੂੰ ਸੁੱਖ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਦੂਜੇ ਪਾਸੇ ਇਹੋ ਮਨ ਮਾੜੇ ਸੰਕਲਪਾਂ ਰਾਹੀਂ ਜੀਵ ਨੂੰ ਵਿਕਾਰਾਂ ਵਿਚ ਪਾ ਕੇ ਖੱਜਲ ਖ਼ੁਆਰ ਕਰਦਾ ਹੈ ਅਤੇ ਮਨੁੱਖ ਦੀ ਜ਼ਿੰਦਗੀ ਦੁੱਖਾਂ ਵਿਚ ਘਿਰ ਜਾਂਦੀ ਹੈ। ਮਨ ਜੰਗਲ ਦੇ ਪੰਛੀ ਦੀ ਤਰ੍ਹਾਂ ਹੈ, ਜੋ ਕਦੀ ਟਿਕ ਕੇ ਨਹੀਂ ਬੈਠਦਾ, ਸਾਰਾ ਦਿਨ ਇਧਰ-ਉਧਰ ਉਡਾਰੀਆਂ ਮਾਰਦਾ ਰਹਿੰਦਾ ਹੈ। ਭਾਵ ਕਿ ਮਨ ਵਿਚ ਹਰ ਵੇਲੇ ਇਧਰ ਉਧਰ ਦੇ ਫੁਰਨੇ ਹੀ ਫੁਰਦੇ ਰਹਿੰਦੇ ਹਨ।

ਮਨ ਕਿਸ ਨੂੰ ਕਹਿੰਦੇ ਹਨ ? ਮਨ ਦਾ ਰੂਪ ਤੇ ਆਕਾਰ ਕੀ ਹੈ ? ਮਨ ਦਾ ਕੋਈ ਰੂਪ ਜਾਂ ਆਕਾਰ ਨਹੀਂ ਹੈ ਕਿਉਂਕਿ ਰੂਪ ਜਾਂ ਆਕਾਰ ਦੇਖਿਆ ਜਾ ਸਕਦਾ ਹੈ, ਪਰ ਮਨ ਦਾ ਕੋਈ ਰੂਪ ਜਾਂ ਆਕਾਰ ਦਿੱਸਦਾ ਨਹੀਂ ਹੈ। ਫੇਰ ਮਨ ਹੈ ਕੀ, ਜਾਂ ਮਨ ਕਿਸ ਨੂੰ ਕਹਿੰਦੇ ਹਨ ?

ਉੱਤਰ—ਮਨ ਦਾ ਭਾਵ ਹੈ ਸਾਰੀਆਂ ਦਿਮਾਗ਼ੀ ਤਾਕਤਾਂ, ਗਿਆਨ-ਸ਼ਕਤੀਆਂ, ਸੰਕਲਪ, ਵਿਕਲਪ, ਸਮਝ, ਸਿਆਣਪ। ਵਿਦਵਾਨਾਂ ਨੇ ਅੰਤਹਕਰਣ ਦੇ ਚਾਰ ਭੇਦ ਦਰਸਾਏ ਹਨ :

੧. ਮਨ, ੨. ਬੁਧਿ, ੩. ਚਿੱਤ, ੪. ਅਹੰਕਾਰ। ਇਨ੍ਹਾਂ ਚਾਰਾਂ ਦੇ ਸਮੁਦਾਇ ਨੂੰ ਅੰਤਹਕਰਣ ਕਹਿੰਦੇ ਹਨ:

੧. ਮਨ (ਸੰਕਲਪ ਵਿਕਲਪ ਅਤੇ ਵ੍ਰਿੱਤ),

੨. ਬੁਧਿ (ਵਿਵੇਕ ਨਾਲ ਨਿਸ਼ਚਯ ਕਰਨ ਵਾਲੀ ਸ਼ਕਤੀ),

੩. ਚਿੱਤ (ਜਿਸ ਤੋਂ ਗੱਲਾਂ ਬਾਤਾਂ ਦਾ ਚੇਤਾ ਹੁੰਦਾ ਹੈ),

੪. ਅਹੰਕਾਰ (ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸੰਬੰਧ ਪ੍ਰਤੀਤ ਹੁੰਦਾ ਹੈ।

(ਗੁਰਮਤਿ ਮਾਰਤੰਡ, ਭਾਗ ਦੂਜਾ, ਪੰਨਾ 746)

ਅਧਿਆਤਮ ਪ੍ਰਕਾਸ਼ ਦੇ ਲੇਖਕ ਮਹਾਤਮਾ ਸੁੱਖਾ ਸਿੰਘ ਜੀ ਨੇ ਅੰਤਹਕਰਣ ਦੇ ਸੰਬੰਧ ਵਿਚ ਇਸ ਤਰ੍ਹਾਂ ਲਿਖਿਆ ਹੈ :

**ਦੋਹਰਾ- ਅਹੰਕਾਰ ਮਨ ਬੁਧਿ ਚਿਤ, ਏਕ ਕਹਤ ਹੈਂ ਚਾਰ।**
**ਏਕ ਕਹਤ ਹੈ ਬੁਧਿ ਮਨ, ਅੰਤਸ਼ ਕਰਣ ਬਿਚਾਰ।**
**ਦੋਹਰਾ-ਜੈਸੇ ਏਕਹਿ ਪਵਨ ਤੇ, ਪ੍ਰਾਨ ਕਹੇ ਹੈਂ ਪਾਂਚ।**
**ਤੈਸੇ ਅੰਤਹਕਰਨ ਕੇ, ਚਾਰ ਭੇਦ ਹੈਂ ਸਾਚ।**
**ਦੋਹਰਾ-ਜਬ ਚਾਹਤ ਹੈ ਬਸਤ ਕਛੁ, ਚਿਤ ਕਹਿਤ ਹੈ ਤਾਹਿ।**
**ਯਤਨ ਕਲਪਨਾ ਜਬ ਕਰੇ ਮਨ ਕਹੀਅਤ ਹੈ ਵਾਹਿ॥ ੧੧੪॥**
**ਮੈ ਯਹ ਲੀਨੋ ਲੇਤਹੋਂ, ਅਹੰਕਾਰ ਯਹ ਜੋਇ।**
**ਸਭ ਕੋ ਜਬ ਨਿਸਚਯ ਕਰੈ, ਬੁਧਿ ਕਹਾਵੈ ਸੋਇ॥**

(ਅਧਿਆਤਮ ਪ੍ਰਕਾਸ਼)

ਅਰਥ :- ੧. ਚਿੱਤ, ਜਿਸ ਵੇਲੇ ਕੋਈ ਕਿਸੇ ਵਸਤੂ ਦੀ ਚਿਤਵਨੀ ਕਰਦਾ ਹੈ, ਉਸ ਨੂੰ ਚਿੱਤ ਕਹਿੰਦੇ ਹਨ।

੨. ਮਨ, ਚਿੱਤ ਦੀ ਚਿਤਵੀ ਵਸਤੂ ਨੂੰ ਲੈਣ ਲਈ ਜੋ ਵਾਰ-ਵਾਰ ਜਤਨ ਕਰਦਾ ਹੈ, ਉਸ ਨੂੰ 'ਮਨ' ਕਹਿੰਦੇ ਹਨ।

੩. ਅਹੰਕਾਰ, ਮੈਂ ਵਸਤੂ ਲੈ ਲਈ ਹੈ, ਮੈਂ ਲੈ ਲੈਣੀ ਹੈ, ਜੋ ਇਹ ਕਹਿੰਦਾ ਹੈ, ਇਸ ਨੂੰ 'ਅਹੰਕਾਰ' ਕਹਿੰਦੇ ਹਨ।

੪. ਬੁਧਿ, ਜੋ ਉਸ ਵਸਤੂ ਨੂੰ ਨਿਸ਼ਚੇ ਕਰਦੀ ਹੈ, ਉਸ ਨੂੰ 'ਬੁਧਿ' ਕਹਿੰਦੇ ਹਨ) (ਅਧਿਆਤਮ ਪ੍ਰਕਾਸ਼) ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਨ ਹੈ :

**ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ॥**

(ਅੰਗ ੧253)

(ਅਥਵਾ)

**ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥**
**ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥**

(ਅੰਗ 776)

ਇਸ ਤਰ੍ਹਾਂ ਦੇ ਮਨ ਪਿਛੇ ਤੁਰਨ ਵਾਲਾ ਮਨੁੱਖ ਹਰ ਸਮੇਂ ਦੌੜ ਭੱਜ ਕਰਨ ਦੇ ਕਾਰਨ ਭਟਕਣਾਂ ਵਿਚ ਹੀ ਪਿਆ ਰਹਿੰਦਾ ਹੈ। ਮਨ ਸਦਾ ਆਸਾਂ ਹੀ ਚਿਤਵਦਾ ਰਹਿੰਦਾ ਹੈ। ਫ਼ਲਸਰੂਪ ਮਾਇਆ ਦੀ ਤ੍ਰਿਸ਼ਨਾ ਦੀ ਭੁੱਖ ਇਸ ਨੂੰ ਚਿੰਬੜੀ ਹੋਈ ਹੈ, ਜਿਸ ਕਾਰਨ ਬੇਸਮਝ ਮਨ ਮਾਇਆ ਦੇ ਮੋਹ ਦੇ ਕਾਰਨ ਭਟਕਣਾਂ ਵਿਚ ਪੈ ਕੇ ਜੀਵਨ ਦੇ ਅਸਲ ਮਾਰਗ ਤੋਂ ਖੁੰਝਿਆ ਰਹਿੰਦਾ ਹੈ :

**ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ॥**

(ਅੰਗ ੧70-7੧)

ਇਸ ਤਰ੍ਹਾਂ ਦੀ ਦਸੋਂ ਦਿਸ਼ਾਵਾਂ ਦੀ ਦੌੜ ਵਿਚ ਭਟਕਦਾ ਮਨ ਹਰੀ ਦੇ ਗੁਣ ਕਿਸ ਤਰ੍ਹਾਂ ਗਾ ਸਕਦਾ ਹੈ। ਇਸ ਤਰ੍ਹਾਂ ਦੇ ਮਨ ਵਾਲੇ ਮਨੁੱਖ ਦੀਆਂ ਇੰਦਰੀਆਂ ਵੀ ਵਿਸ਼ੇ ਵਿਕਾਰਾਂ ਵਿਚ ਘਿਰੀਆਂ ਰਹਿੰਦੀਆਂ ਹਨ ਅਤੇ ਮਨ ਸਦਾ ਹੀ ਮੰਦ-ਵਾਸ਼ਨਾਵਾਂ, ਕਾਮ-ਵਾਸ਼ਨਾਵਾਂ ਆਦਿ ਵਿਚ ਗ੍ਰਸਿਆ ਰਹਿੰਦਾ ਹੈ। ਵਿਕਾਰ ਹਮੇਸ਼ਾ ਐਸੇ ਕਾਮੀ ਮਨੁੱਖ ਨੂੰ ਸਤਾਉਂਦੇ ਰਹਿੰਦੇ ਹਨ। ਤੀਸਰੇ ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

**ਮਨੂਆ ਦਹਦਿਸ ਧਾਵਦਾ ਓਹ ਕੈਸੇ ਹਰਿ ਗੁਣ ਗਾਵੈ॥**
**ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥**

(ਅੰਗ 565)

ਭਾਈ ਗੁਰਦਾਸ ਜੀ ਦਾ ਵੀ ਬਹੁਤ ਸੁੰਦਰ ਕਥਨ ਹੈ :-

**ਜੈਸੋ ਮਨੁ ਲਾਗਤ ਹੈ ਲੇਖਕ ਕੌ ਲੇਖੈ ਬਿਖੈ,**
**ਹਰਿ ਜਸੁ ਲਿਖਤ ਨ ਤੈਸੋ ਠਹਿਰਾਵਈ॥**
**ਜੈਸੋ ਮਨੁ ਬਨਜ ਬਿਉਹਾਰ ਕੇ ਬਿਥਾਰ ਬਿਖੈ,**
**ਸਬਦ ਸੁਰਤਿ ਅਵਗਾਹਨ ਨ ਭਾਵਈ॥**
**ਜੈਸੋ ਮਨੁ ਕਨਿਕ ਅਉ ਕਾਮਨੀ ਸਨੇਹ ਬਿਖੈ,**
**ਸਾਧ ਸੰਗਿ ਤੈਸੋ ਨੇਹੁ ਪਲ ਨ ਲਗਾਵਈ॥**
**ਮਾਇਆ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ,**
**ਗੁਰ-ਉਪਦੇਸ ਹੀਨ ਪਾਛੇ ਪਛੁਤਾਵਈ॥ 234॥**

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਸੋਰਠਿ ਮਹਲਾ 9 ॥

**ਮਨ ਕੀ ਮਨ ਹੀ ਮਾਹਿ ਰਹੀ॥**
**ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥ ੧॥ ਰਹਾਉ॥**
**ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ॥**
**ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ॥ ੧॥**
**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥ 2॥ 2॥**

(ਅੰਗ 63੧)

# ਸਾਖੀ – ਫੁਰਨਿਆਂ ਦਾ ਪਰਿਵਾਰ

ਇਕ ਸ਼ਾਹੂਕਾਰ ਤੇਲ ਦਾ ਕੁੱਪਾ ਭਰਿਆ ਲੈ ਕੇ ਜਾ ਰਿਹਾ ਸੀ। ਉਸ ਨੇ ਸ਼ੇਖ਼ ਚਿਲੀ ਨਾਮ ਦੇ ਮਨੁੱਖ ਨੂੰ ਇਕ ਆਨਾ ਦੇਣਾ ਤਹਿ ਕਰਕੇ ਕੁੱਪਾ ਤੇਲ ਦਾ ਉਸ ਦੇ ਸਿਰ ਉੱਪਰ ਚੁੱਕਾ ਦਿੱਤਾ। ਸ਼ੇਖ਼ ਚਿਲੀ ਤੇਲ ਦਾ ਭਰਿਆ ਕੁੱਪਾ ਸਿਰ ਉੱਤੇ ਰੱਖ ਕੇ ਸ਼ਾਹੂਕਾਰ ਦੇ ਪਿੱਛੇ-ਪਿੱਛੇ ਤੁਰਿਆ ਜਾਂਦਾ ਹੈ, ਪਰ ਮਨ ਵਿਚ ਇਹ ਸੋਚਦਾ ਜਾਂਦਾ ਹੈ ਕਿ ਮੈਂ ਇਸ ਆਨੇ ਦੀ ਇਕ ਮੁਰਗ਼ੀ ਖ਼ਰੀਦਾਂਗਾ। ਉਸ ਮੁਰਗ਼ੀ ਦੇ ਆਂਡਿਆਂ ਚੋਂ ਹੋਰ ਬੱਚੇ ਪੈਦਾ ਕਰਕੇ ਬਹੁਤ ਸਾਰੀਆਂ ਮੁਰਗ਼ੀਆਂ ਬਣਾ ਕੇ, ਇਕ ਮੁਰਗ਼ੀਖ਼ਾਨਾ ਤਿਆਰ ਕਰ ਲਵਾਂਗਾ। ਫਿਰ ਮੁਰਗ਼ੀਆਂ ਨੂੰ ਵੇਚ ਕੇ ਬੱਕਰੀਆਂ ਖ਼੍ਰੀਦ ਲਵਾਂਗਾ। ਬਹੁਤ ਸਾਰੀਆਂ ਬੱਕਰੀਆਂ ਦਾ ਜਦ ਇੱਜੜ ਬਣ ਜਾਵੇਗਾ ਤਾਂ ਬੱਕਰੀਆਂ ਨੂੰ ਵੇਚ ਕੇ ਫਿਰ ਮੈਂ ਇਕ ਮੱਝ ਖ਼੍ਰੀਦ ਲਵਾਂਗਾ। ਉਸ ਮੱਝ ਤੋਂ ਅੱਗੇ ਬਹੁਤ ਸਾਰੀਆਂ ਮੱਝਾਂ ਹੋ ਜਾਣਗੀਆਂ। ਮੱਝਾਂ ਦਾ ਦੁੱਧ ਵੇਚ ਵੇਚ ਕੇ ਮੈਂ ਜ਼ਮੀਨ ਖ਼੍ਰੀਦ ਲਵਾਂਗਾ। ਫਿਰ ਮੇਰਾ ਵਿਆਹ ਹੋ ਜਾਵੇਗਾ। ਬਹੁਤ ਸੁੰਦਰ ਮਕਾਨ ਬਣਾ ਕੇ ਮੈਂ ਆਪਣੀ ਘਰਵਾਲੀ ਸਮੇਤ ਰਹਾਂਗਾ। ਮੇਰੇ ਕੋਲ ਜ਼ਮੀਨ ਜਾਇਦਾਦ ਹੋਣ ਕਰਕੇ, ਚੰਗਾ ਸੁੰਦਰ ਮਕਾਨ ਬਣਿਆ ਹੋਣ ਕਰਕੇ ਮੈਨੂੰ ਪਿੰਡ ਦੀ ਚੌਧਰਤਾ ਮਿਲ ਜਾਵੇਗੀ। ਫਿਰ ਮੇਰੇ ਬੱਚੇ ਹੋ ਜਾਣਗੇ। ਪਿੰਡ ਵਿਚ ਫਿਰ ਮੈਨੂੰ ਲੋਕ ਆਉ ਚੌਧਰੀ ਜੀ, ਆਉ ਚੌਧਰੀ ਜੀ ਆਖ ਕੇ ਸਤਿਕਾਰ ਦਿਆ ਕਰਨਗੇ। ਫਿਰ ਮੈਂ ਸੱਥ ਵਿਚ ਬੈਠ ਕੇ, ਸਾਰਿਆਂ ਦਾ ਚੌਧਰੀ ਬਣ ਕੇ, ਲੋਕਾਂ ਦੇ ਇਕੱਠ ਵਿਚ ਬੈਠਾ ਗੱਲਾਂ ਮਾਰਿਆ ਕਰਾਂਗਾ। ਇਸ ਤਰ੍ਹਾਂ ਸ਼ੇਖ਼ ਚਿਲੀ ਤੇਲ ਦਾ ਕੁੱਪਾ ਸਿਰ 'ਤੇ ਰੱਖ ਕੇ ਆਪਣੇ ਮਨ ਵਿਚ ਹੀ ਖ਼ਿਆਲਾਂ ਨਾਲ ਇਕ ਆਨੇ ਤੋਂ ਸਾਰੇ ਪਿੰਡ ਦਾ ਚੌਧਰੀ ਤੇ ਇਕ ਵੱਡੇ ਪਰਿਵਾਰ ਵਾਲਾ ਬਣ ਗਿਆ। ਇਸ ਤਰ੍ਹਾਂ ਫਿਰ ਮਨ ਵਿਚ ਖ਼ਿਆਲ ਕਰਦਾ ਹੈ, ਕਿ ਮੈਂ ਸੱਥ ਵਿਚ ਬੈਠਾ ਜਦ ਲੋਕਾਂ ਦੇ ਇਕੱਠ ਵਿਚ ਗੱਲਾਂ ਕਰਦਾ ਹੋਵਾਂਗਾ ਤਾਂ ਮੇਰਾ ਵੱਡਾ ਲੜਕਾ ਮੈਨੂੰ ਜਦ ਸੱਦਣ ਆਵੇਗਾ ਅਤੇ ਇਕੱਠ ਵਿਚ ਮੈਨੂੰ ਕਹੇਗਾ, ਬਾਪੂ ਜੀ, ਘਰ ਚਲੋ, ਬੇਬੇ ਜੀ ਬੁਲਾ ਰਹੇ ਹਨ, ਤਾਂ ਓਸ ਵੇਲੇ ਮੈਂ ਲੱਤ ਮਾਰ ਕੇ ਰੋਅਬ ਨਾਲ ਕਹਾਂਗਾ, ਤੂੰ ਚੱਲ, ਮੈਂ ਠਹਿਰ ਕੇ ਆਵਾਂਗਾ। ਇਸ ਤਰ੍ਹਾਂ ਕਹਿੰਦਿਆਂ ਜਦੋਂ ਲੱਤ ਚੁੱਕੀ ਲੜਕੇ ਦੇ ਮਾਰਨ ਨੂੰ ਤਾਂ ਤੇਲ ਦਾ ਭਰਿਆ ਕੁੱਪਾ ਰੁੜ ਗਿਆ। ਜਿਸ ਵੇਲੇ ਸ਼ਾਹੂਕਾਰ ਨੇ ਤੇਲ ਡੁਲਿਆ ਵੇਖਿਆ ਤਾਂ ਸ਼ੇਖ਼ ਚਿਲੀ ਨੂੰ ਗੁੱਸੇ ਹੋਣ ਲੱਗਾ। ਸ਼ੇਖ਼ ਚਿਲੀ ਸ਼ਾਹੂਕਾਰ ਨੂੰ ਕਹਿੰਦਾ ਹੈ ਕਿ ਤੂੰ ਕੁੱਪੇ ਨੂੰ ਰੋਂਦਾ ਹੈਂ, ਮੇਰਾ ਸਾਰਾ ਪਰਿਵਾਰ ਰੁੜ ਗਿਆ ਹੈ। ਇਹ ਕਹਿ ਕੇ ਸ਼ੇਖ਼ ਚਿਲੀ ਭੁੱਬਾਂ ਮਾਰ ਕੇ ਰੋਣ ਲੱਗ ਪਿਆ ਅਤੇ ਸ਼ਾਹੂਕਾਰ ਉਸ ਦੇ ਮੂੰਹ ਵੱਲ ਵੇਖਦਾ ਰਹਿ ਗਿਆ। ਇਸ ਤਰ੍ਹਾਂ ਮਨੁੱਖ ਸ਼ੇਖ਼ ਚਿਲੀ ਵਾਂਗ ਆਪਣੇ ਮਨ ਵਿਚ ਫੁਰਨਿਆਂ ਦੇ ਵੱਡੇ ਵੱਡੇ ਮਹਿਲ ਉਸਾਰਦਾ ਰਹਿੰਦਾ ਹੈ। ਇਹ ਸਾਰੇ ਮਨ ਦੇ ਸੰਕਲਪ ਮਨ ਵਿਚ ਹੀ ਰਹਿ ਜਾਂਦੇ ਹਨ।

**ਬਿਲਾਵਲੁ ਮਹਲਾ ੧ ॥ ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥ ੧ ॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥ ੧ ॥ ਰਹਾਉ ॥ ਕੀਚਹਿ ਰਸ ਭੋਗ**

ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥ *2* ॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ॥ *3* ॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥ *4* ॥ ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥ *5* ॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ॥ ਮਾਨੇ ਹੁਕਮੁ ਸੀਝੈ ਦਰਿ ਸੋਇ॥ *6* ॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ॥ ਰਹੈ ਰਜਾਈ ਹੁਕਮੁ ਪਛਾਣੈ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥ *7* ॥ ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ॥ ਨਾਨਕ ਸਾਚੇ ਸਾਚਿ ਸਮਾਇ॥ *8* ॥ *2* ॥

ਪਦ ਅਰਥ :- ਮਨਸਾ=ਮਨੁੱਖ, ਬੁੱਧੀ। ਮਦਿ=ਨਸ਼ੇ ਵਿਚ। ਮਾਤੇ=ਮਸਤੇ ਹੋਏ। ਤਨੁ=ਸਰੀਰ। ਧਨ=ਦੌਲਤ। ਕਲਤ=ਇਸਤਰੀ। ਅਭਿਮਾਨਾ=ਅਹੰਕਾਰ। ਮਨ ਕੇਰੀ=ਮਨ ਦੀਆਂ। ਭਸਮੈ ਢੇਰੀ=ਸੁਆਹ ਦੀ ਢੇਰੀ ਹੋ ਜਾਂਦਾ ਹੈ। ਖਾਕੂ ਖਾਕੁ=ਨਿਰੋਲ ਖ਼ਾਕ, ਮਿੱਟੀ। ਫੈਲੁ=ਫੈਲਾਉ, ਪਸਾਰਾ। ਘਨ ਤਾਲ=ਖੜਤਾਲ, ਕਾਂਸੀ ਆਦਿ ਧਾਤ ਦੀਆਂ ਕੈਂਸੀਆਂ। ਤ੍ਰਿਹੁ ਗੁਣ=ਤਿੰਨਾਂ ਗੁਣਾਂ ਤੋਂ (ਰਜੋ, ਤਮੋ, ਸਤੋ)। ਧੋਤੀ ਊਜਲ=ਚਿੱਟੀ ਧੋਤੀ। ਗਲਿ-ਗਲ ਵਿਚ। ਅੰਤਰਿ=ਅੰਦਰ, ਅੰਤਸ਼ਕਰਨ ਵਿਚ। ਕ੍ਰੋਧੁ=ਗੁੱਸਾ। ਪੜਹਿ=ਪੜ੍ਹਦੇ ਹਨ। ਨਾਟ ਸਾਲਾ=ਨਾਚ ਘਰ, ਉਹ ਘਰ ਜਿਸ ਵਿਚ ਨਾਟਕ ਖੇਡਿਆ ਜਾਵੇ। ਮਦੁ=ਸ਼ਰਾਬ। ਸੂਕਰ=ਸੂਰ। ਗਰਧਭ=ਖੋਤੇ। ਮੰਜਾਰਾ=ਬਿਲੇ। ਪਸੂ=ਪਸ਼ੂ, ਜਾਨਵਰ। ਮਲੇਛ=ਮਲੀਨ ਬੁੱਧੀ ਵਾਲੇ। ਚੰਡਾਲਾ=ਚੰਡਾਲ ਆਦਿ ਨੀਚ ਕਰਮੀ। ਲਹੈ=ਲੈਂਦਾ ਹੈ। ਕਿਰਤਾਰਥੁ=ਸਫਲ। ਪੂਛ=ਪੁੱਛਗਿੱਛ। ਸੀਝੈ=ਸਫਲ ਹੁੰਦਾ ਹੈ। ਦਰਿ=(ਪ੍ਰਭੂ ਦੀ) ਦਰਗਾਹ ਵਿਚ। ਤਿਸ ਕਉ=ਉਸ (ਪ੍ਰਭੂ) ਨੂੰ। ਰਹੈ ਰਜਾਈ=(ਰੱਬੀ) ਰਜ਼ਾ ਵਿਚ ਰਹਿੰਦਾ ਹੈ। ਸਚੈ ਦਰਿ ਵਾਸੁ=ਸੱਚੇ ਦਰ ਅੰਦਰ ਵਾਸਾ ਹੁੰਦਾ ਹੈ।

ਅਰਥ :- (ਨਾਮ ਤੋਂ ਸਖਣੇ ਮਨੁੱਖ ਦੀ) ਮਨਸਾ=ਬੁੱਧੀ ਮਨ ਦਾ ਕਿਹਾ ਹੋਇਆ (ਕੰਮ) ਕਰਦੀ ਹੈ ਭਾਵ ਮਨ ਦੇ ਮਗਰ ਲੱਗਦੀ ਹੈ। ਉਸ ਦਾ ਇਹ ਮਨ (ਕਿ ਇਹ ਕਰਮ ਕਰਨ ਨਾਲ ਪਾਪ ਹੁੰਦਾ ਹੈ

ਤੇ ਆਹ ਕਰਮ ਕਰਨ ਨਾਲ ਪੁੰਨ ਹੁੰਦਾ ਹੈ, ਇਸ ਤਰ੍ਹਾਂ) ਪਾਪ ਪੁੰਨ ਰੂਪੀ (ਵਖਿਆਨ ਹੀ) ਉਚਾਰਦਾ ਰਹਿੰਦਾ ਹੈ।੧।

ਮਾਇਆ ਦੇ ਨਸ਼ੇ ਵਿਚ ਮਸਤ ਹੋਏ ਜੀਵ ਨੂੰ ਤ੍ਰਿਪਤੀ ਨਹੀਂ ਆਉਂਦੀ। ਤ੍ਰਿਪਤੀ ਤੇ ਮੁਕਤੀ (ਤਾਂ ਆਉਂਦੀ ਹੈ, ਜੇ ਮਨੁੱਖੀ) ਮਨ ਵਿਚ ਸੱਚਾ (ਨਾਮ) ਚੰਗਾ ਲੱਗ ਜਾਵੇ।੧। ਸਰੀਰ, ਦੌਲਤ ਤੇ ਇਸਤਰੀ ਇਨ੍ਹਾਂ ਨੂੰ ਦੇਖ ਕੇ ਮਨੁੱਖ ਅਹੰਕਾਰ ਕਰਦਾ ਹੈ (ਪਰ ਇਹ) ਸਭ ਵਿਖਾਵਾ ਹੀ ਹੈ। (ਪਰਮੇਸ਼ਰ ਦੇ) ਨਾਮ ਤੋਂ ਬਿਨਾਂ ਕੁਝ ਭੀ ਨਾਲ ਨਹੀਂ ਜਾਣਾ।੧। ਰਹਾਉ।

(ਹੇ ਭਾਈ ! ਮਨ ਦੇ ਮਗਰ ਲਗ ਕੇ) ਮਨ ਦੀਆਂ ਖ਼ੁਸ਼ੀਆਂ ਅਨੁਸਾਰ ਰਸਾਂ ਨੂੰ ਭੋਗਣਾ ਕਰੀਦਾ ਹੈ। ਪਰ ਇਹ ਜੀਵ ਦੇ ਮਰਨ ਮਗਰੋਂ ਧਨ ਲੋਕਾਂ ਦਾ ਅਤੇ ਸਰੀਰ ਸੁਆਹ ਦੀ ਢੇਰੀ (ਹੋ ਜਾਂਦਾ ਹੈ)। ਸਭੁ ਫੈਲੁ=ਸਾਰਾ ਪਸਾਰਾ ਖਾਕੂ ਖਾਕੁ=ਮਿੱਟੀ ਨਾਲ ਮਿੱਟੀ ਹੋ ਜਾਂਦਾ ਹੈ। (ਗੁਰੂ ਦੇ) ਸ਼ਬਦ ਤੋਂ ਬਿਨਾਂ (ਹਉਮੈ ਦੀ) ਮੈਲ (ਮਨ ਤੋਂ) ਨਹੀਂ ਉਤਰਦੀ।੨।

ਗੀਤ, ਰਾਗ, ਕੈਸੀਆਂ, ਤਾਲ (ਪੂਰਨੇ) ਇਹ (ਸਭ) ਝੂਠੇ (ਪਰਚਾਵੇ) ਹਨ। (ਜੋ ਕਰਮ) ਤਿੰਨਾਂ ਗੁਣਾਂ (ਰਜੋ, ਤਮੋ, ਸਤੋ ਤੋਂ) ਪੈਦਾ ਹੁੰਦਾ ਹੈ, ਉਹ ਨਾਸ਼ ਹੋ ਜਾਂਦਾ ਹੈ (ਅਤੇ ਜੀਵ ਪਰਮੇਸ਼ਰ ਤੋਂ) ਦੂਰ ਹੋ ਜਾਂਦਾ ਹੈ। ਦੂਜੀ (ਜੋ) ਖੋਟੀ ਮਤਿ ਹੈ (ਉਸ ਨੂੰ ਧਾਰ ਕੇ ਜੰਮਣ ਮਰਨ ਦਾ) ਦਰਦ ਦੂਰ ਨਹੀਂ ਹੁੰਦਾ। ਗੁਰੂ ਦੁਆਰਾ (ਪਰਮੇਸ਼ਰ ਦੇ) ਗੁਣ ਗਾਉਣ ਕਰਕੇ (ਮਨੁੱਖ ਬੰਧਨਾਂ ਤੋਂ) ਛੁੱਟ ਜਾਂਦਾ ਹੈ (ਦੁਖ ਦਰਦ ਦੂਰ ਕਰਨ ਦੀ ਇਹ ਅਸਲੀ ਨਾਮ ਰੂਪੀ) ਦਵਾਈ ਹੈ।੩।

ਹੇ ਭਾਈ ! (ਜੇ) ਚਿੱਟੀ ਧੋਤੀ (ਤੇੜ ਬਧੀ ਹੋਵੇ, ਮੱਥੇ 'ਤੇ) ਤਿਲਕ (ਲਾਇਆ ਹੋਵੇ) ਅਤੇ ਗਲ ਵਿਚ ਮਾਲਾ ਪਾਈ ਹੋਵੇ। ਪਰ ਜੇ ਹਿਰਦੇ ਅੰਦਰ ਕ੍ਰੋਧ ਹੈ (ਤਾਂ ਉਹ ਪਹਿਰਾਵਾ ਇਸ ਤਰ੍ਹਾਂ ਵਿਅਰਥ ਹੈ, ਜਿਵੇਂ ਨਾਟ ਸਾਲਾ) ਰੰਗ-ਭਵਨ (ਵਿਚ ਛਲ-ਵਿਦਿਆ ਆਦਿ ਦਾ ਹੀ ਸਿਖਣਾ ਹੁੰਦਾ ਹੈ। ਨਾਮ ਨੂੰ ਭੁਲਾ ਕੇ (ਜਿਸ ਨੇ) ਮਾਇਆ ਦੀ ਸ਼ਰਾਬ ਪੀਤੀ ਹੈ (ਉਹ ਕਦੇ ਸੁਖੀ ਨਹੀਂ ਹੋਇਆ)। ਬਿਨਾਂ ਪ੍ਰਭੂ ਦੀ ਭਗਤੀ ਦੇ (ਕਿਸੇ ਨੂੰ ਵੀ ਸੱਚਾ) ਸੁਖ (ਪ੍ਰਾਪਤ) ਨਹੀਂ ਹੋਇਆ।੪।

ਜਿਨ੍ਹਾਂ ਮਨੁੱਖਾਂ ਨੇ ਗੁਰੂ ਤੋਂ (ਆਪਣੇ) ਮੂੰਹ ਫੇਰ ਲਏ ਹਨ, ਭਾਵ ਆਕੀ ਹੋ ਗਏ ਹਨ। ਹੇ ਭਾਈ ! ਇਹ ਜੋ ਨੀਚ ਜੂਨਾਂ ਹਨ— ਸੂਰ, ਕੁੱਤੇ, ਖੋਤੇ, ਬਿਲੇ। ਹੋਰ ਪਸ਼ੂ, ਮਲੇਛ, ਚੰਡਾਲ (ਆਦਿ) ਨੀਚ ਜੂਨੀਆਂ ਵਿਚ ਉਨ੍ਹਾਂ ਨੂੰ ਭਵਾਇਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਜੂਨਾਂ ਰੂਪੀ ਬੰਧਨਾਂ ਵਿਚ ਬੱਧਾ ਹੋਇਆ (ਮਨੁੱਖ) ਆਉਂਦਾ ਜਾਂਦਾ (ਭਾਵ ਜੰਮਦਾ ਮਰਦਾ ਰਹਿੰਦਾ ਹੈ)।੫।

(ਹੇ ਭਾਈ !) ਗੁਰੂ ਦੀ ਸੇਵਾ ਤੋਂ (ਨਾਮ ਰੂਪੀ) ਪਦਾਰਥ ਪ੍ਰਾਪਤ ਹੁੰਦਾ ਹੈ। (ਜਿਸ ਦੇ) ਹਿਰਦੇ ਵਿਚ ਨਾਮ (ਵਸ ਗਿਆ ਹੈ, ਉਸ ਦਾ ਜੀਵਨ) ਸਦਾ ਲਈ ਕਿਰਤਾਰਥ (ਨਿਹਾਲ ਹੋ ਜਾਂਦਾ ਹੈ)। (ਪ੍ਰਭੂ ਦੀ) ਸੱਚੀ ਦਰਗਾਹ ਵਿਚ ਉਸ ਦੇ ਕਰਮਾਂ ਦੀ ਪੁੱਛ-ਪੜਤਾਲ ਨਹੀਂ ਹੁੰਦੀ। (ਜੋ ਪ੍ਰਭੂ ਦਾ) ਹੁਕਮ ਮੰਨਦਾ ਹੈ, (ਉਹ ਪ੍ਰਭੂ ਦੇ) ਦਰ ਉੱਤੇ ਸਫਲ ਹੁੰਦਾ ਹੈ।੬।

(ਜਦੋਂ) ਸਤਿਗੁਰੂ ਮਿਲਦਾ ਹੈ (ਤਾਂ ਮਨੁੱਖ) ਉਸ (ਪਰੀਪੂਰਨ ਪਰਮੇਸ਼ਰ ਦੇ ਸਰੂਪ ਨੂੰ) ਜਾਣਦਾ ਹੈ। (ਉਹ ਵਾਹਿਗੁਰੂ ਦੀ) ਰਜ਼ਾ ਵਿਚ (ਰਾਜ਼ੀ) ਰਹਿੰਦਾ ਹੈ (ਅਤੇ ਰੱਬੀ ਪ੍ਰਭੂ ਦੇ) ਹੁਕਮ ਨੂੰ ਪਛਾਣਦਾ ਹੈ। (ਪ੍ਰਭੂ ਦਾ) ਹੁਕਮ ਪਛਾਣ ਕੇ ਉਸ ਦਾ ਸਦੀਵੀ ਵਾਸਾ ਉਸ ਸੱਚੇ ਪ੍ਰਭੂ ਦੇ ਦਰ ਉੱਤੇ ਹੋ ਜਾਂਦਾ ਹੈ। (ਗੁਰੂ ਦੇ) ਸ਼ਬਦ ਦੁਆਰਾ (ਮਨੁੱਖ ਦੇ ਜਨਮ ਮਰਨ ਦੇ (ਗੇੜ) ਮੁੱਕ ਜਾਂਦੇ ਹਨ।੭।

(ਹੁਕਮ ਰਜਾਈ ਨੂੰ ਸਮਝਣ ਵਾਲਾ, ਹੁਕਮੀ ਬੰਦਾ) ਸਭ ਕੁਝ ਉਸ (ਵਾਹਿਗੁਰੂ) ਦਾ ਜਾਣ ਕੇ (ਸੰਸਾਰ ਵੱਲੋਂ) ਉਪਰਾਮ ਤੇ ਨਿਰਲੇਪ ਰਹਿੰਦਾ ਹੈ। ਜਿਸ (ਪ੍ਰਭੂ ਦਾ) ਦਿੱਤਾ ਹੋਇਆ ਇਹ ਤਨ ਤੇ ਮਨ ਹੈ, (ਉਸ ਦੇ) ਹਵਾਲੇ ਕਰ ਦਿੰਦਾ ਹੈ। ਪ੍ਰਭੂ ਨੂੰ ਤਨ ਮਨ ਭੇਟਾ ਕਰਨ ਵਾਲਾ (ਮਨੁੱਖ) ਨਾ ਜੰਮਦਾ ਹੈ, ਨਾ ਮਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਮਨੁੱਖ ਹਮੇਸ਼ਾ ਸੱਚ ਸਰੂਪ ਵਿਚ ਅਭੇਦ ਹੋ ਜਾਂਦਾ ਹੈ।੮।੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧87 (ਆਦਿ ਅੰਗ 833)

## ਬਿਲਾਵਲੁ ਮਹਲਾ 4 ॥

ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥ ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥ ੧ ॥ ਜਪਿ ਜਗੰਨਾਥ ਜਗਦੀਸ ਗੁਸਈਆ ॥ ਸਰਣਿ ਪਰੇ ਸੇਈ ਜਨ ਉਬਰੇ ਜਿਉ ਪ੍ਰਹਿਲਾਦ ਉਧਾਰਿ ਸਮਈਆ ॥ ੧ ॥ ਰਹਾਉ ॥ ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥ ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥ 2 ॥ ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ ॥ ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥ 3 ॥ ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥ ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥ 4 ॥ ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥ ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈ ਪਰਈਆ ॥ 5 ॥ ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥ ਮਨਮੁਖਿ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥ 6 ॥ ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥ 7 ॥ ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥ ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥ 8 ॥ 2 ॥ 5 ॥

## ਪ੍ਰਾਕ੍ਥਨ :

ਸੋਢੀ ਸੁਲਤਾਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ ਹਜ਼ੂਰ ਨੇ ਨਾਮ-ਜਲ ਨੂੰ ਸਭ ਨਾਲੋਂ ਸੀਤਲ ਭਾਵ ਠੰਢਾ ਦਰਸਾਇਆ ਹੈ। ਇਹ ਸ਼ਬਦ ਹਜ਼ੂਰ ਦਾ ਅਸਟਪਦੀ ਦੇ ਰੂਪ ਵਿਚ ਅੱਠ ਬੰਦਾਂ ਵਾਲਾ ਭਾਵ ਅੱਠ ਪਦਿਆਂ ਦਾ ਉਚਾਰਨ ਕੀਤਾ ਹੋਇਆ ਹੈ।

## ਵਿਸ਼ਾ—ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਇਸ ਸ੍ਰੀ ਮੁਖਵਾਕ ਦੀ ਪਹਿਲੀ ਪੰਗਤੀ ਵਿਚ, ਹਰੀ ਪ੍ਰਭੂ ਪ੍ਰਮਾਤਮਾ ਦੇ ਨਾਮ ਨੂੰ ਸੀਤਲ ਜਲੁ ਦਰਸਾਇਆ ਹੈ। ਸੀਤਲ ਜਲ ਤੋਂ ਭਾਵ ਠੰਡਾ ਜਲੁ, ਭਾਵ ਠੰਡਾ ਪਾਣੀ ਗਰਮੀ ਦੀ ਮੌਸਮ ਵਿਚ ਪੀਤਿਆਂ ਮਨੁੱਖ ਦੇ ਅੰਦਰ ਠੰਡ ਵਰਤਾ ਦਿੰਦਾ ਹੈ। ਗਰਮੀ ਦਾ ਮੌਸਮ ਕਿਸੇ ਸਮੇਂ ਜ਼ਿਆਦਾ ਗਰਮ ਹੁੰਦਾ ਹੈ।

ਪ੍ਰਾਕਿਰਤਕ ਮੰਡਲ ਵਿਚ ਸੂਰਜ ਅਤੇ ਧਰਤੀ ਦੀ ਗਰਦਿਸ਼ ਨਾਲ ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਰੁੱਤਾਂ ਦੀ ਗਿਣਤੀ ਛੇ ਮੰਨੀ ਹੈ। ਸਾਲ ਦੇ ਬਾਰਾਂ ਮਹੀਨੇ ਹਨ। ਦੋ ਮਹੀਨੇ ਦੀ ਇਕ ਰੁੱਤ ਹੁੰਦੀ ਹੈ। ਇਸ ਤਰ੍ਹਾਂ ਛੇ ਰੁੱਤਾਂ ਹਨ—ਬਸੰਤ, ਗ੍ਰੀਖਮ, ਪਾਵਸ, ਸਰਦ, ਹਿਮਕਰ, ਸ਼ਿਸ਼ਿਰ।

੧. ਮਹੀਨਾ ਚੇਤ, ਵੈਸਾਖ—ਰੁੱਤ ਬਸੰਤ। ੨. ਮਹੀਨਾ ਜੇਠ, ਹਾੜ—ਰੁੱਤ ਗ੍ਰੀਖਮ। ੩. ਮਹੀਨਾ ਸਾਉਣ, ਭਾਦੋਂ—ਰੁੱਤ ਪਾਵਸ। ੪. ਮਹੀਨਾ ਅੱਸੂ, ਕੱਤਕ—ਰੁੱਤ ਸਰਦ। ੫. ਮਹੀਨਾ ਮਘਰ, ਪੋਹ—ਰੁੱਤ ਹਿਮਕਰ। ੬. ਮਹੀਨਾ ਮਾਘ, ਫੱਗਣ—ਰੁੱਤ ਸ਼ਿਸ਼ਿਰ। ਇਨ੍ਹਾਂ ਰੁੱਤਾਂ ਵਿਚੋਂ ਇਕ ਰੁੱਤ ਗ੍ਰੀਖਮ, ਜੋ ਜੇਠ ਮਹੀਨੇ ਤੋਂ ਸ਼ੁਰੂ ਹੋ ਕੇ ਹਾੜ ਦਾ ਸਾਰਾ ਮਹੀਨਾ ਰਹਿੰਦੀ ਹੈ। ਇਹ ਅਤਿ ਤਪਸ਼ ਭਰੀ ਰੁੱਤ ਹੈ, ਜਿਸ ਨੂੰ ਗੁਰਬਾਣੀ ਅੰਦਰ ਗੁਰਦੇਵ ਨੇ ਇਸ ਤਰ੍ਹਾਂ ਦਰਸਾਇਆ ਹੈ :

**ਗ੍ਰੀਖਮ ਰੁਤਿ ਅਤਿ ਗਾਖੜੀ ਜੇ ਅਖਾੜੈ ਘਾਮ ਜੀਉ॥** (ਅੰਗ 928)

ਇਹ ਗਰਮੀ ਦੀ ਰੁੱਤ ਦਾ ਪਹਿਲਾ ਮਹੀਨਾ ਹੈ। ਬਸੰਤ ਬਹਾਰ ਤੋਂ ਮਗਰੋਂ ਜਦ ਜੇਠ ਦਾ ਮਹੀਨਾ ਚੜ੍ਹਦਾ ਹੈ ਤਾਂ ਸੂਰਜ ਦੀ ਗਰਮੀ ਨਾਲ ਧਰਤੀ ਤੱਪਦੀ ਹੈ। ਮਾਰੂਥਲ ਅੱਗ ਵਾਂਗੂੰ ਭੱਖਦੇ ਹਨ। ਸਰੋਵਰਾਂ ਦਾ ਪਾਣੀ ਵੀ ਤਪਸ਼ ਨਾਲ ਉਬਾਲੇ ਖਾਣ ਲੱਗ ਜਾਂਦਾ ਹੈ। ਇਸ ਤਪਸ਼ ਭਰੇ ਮੌਸਮ ਅੰਦਰ ਮਨੁੱਖ ਬਾਰ ਬਾਰ ਸ਼ੀਤਲ ਜਲੁ ਮੰਗਦਾ ਹੈ।

ਪਰ ਇਹ ਦ੍ਰਿਸ਼ਟਮਾਨ ਪ੍ਰਾਕਿਰਤਕ ਮੰਡਲ ਅੰਦਰ ਸੂਰਜ ਦੀ ਤਪਸ਼ ਨਾਲ "ਧਰਤੀ ਦੂਖ ਸਹੈ, ਸੋਖੈ ਅਗਨਿ ਭਖੈ॥" ਨਾਲ ਜੀਅ ਜੰਤ ਦੇ ਦੁੱਖੀ ਹੋਵਣ ਤੇ ਸ਼ੀਤਲ ਜਲ ਮੰਗਣ ਦਾ ਜ਼ਿਕਰ ਕੀਤਾ ਹੈ। ਇਸ

ਦ੍ਰਿਸ਼ਟਮਾਨ ਪ੍ਰਾਕਿਰਤਕ ਮੰਡਲ ਤੋਂ ਬਾਅਦ ਸੂਖਮ ਮੰਡਲ ਦੀ ਆਪਣੀ ਖ਼ਾਸ ਦੁਨੀਆਂ ਹੈ, ਜਿਸ ਵਿਚ ਅਗਿਆਨ ਦਾ ਸੂਰਜ ਤਪ ਰਿਹਾ ਹੈ ਅਤੇ ਵਿਕਾਰਾਂ ਦੀ ਤਪਸ਼ ਰੂਪੀ ਅੱਗ ਨਾਲ

**ਤਪਿ ਤਪਿ ਖਪੈ ਬਹੁਤੁ ਬੇਕਾਰ॥** (ਅੰਗ 66੧)

ਦੇ ਸਿਧਾਂਤ ਅਨੁਸਾਰ ਲੁਕਾਈ ਅੰਦਰੋਂ ਤਪ ਰਹੀ ਹੈ, ਪਰ ਬਾਹਰਲੀ ਤਪਸ਼ ਬਾਰਸ਼ ਹੋਣ ਨਾਲ, ਜਾਂ ਠੰਡੀ ਹਵਾ ਚਲਣ ਨਾਲ ਦੂਰ ਹੋ ਜਾਂਦੀ ਹੈ। ਇਸ ਤਪਸ਼ ਤੋਂ ਬਚਣ ਵਾਸਤੇ ਤਾਂ ਅਮੀਰ ਮਾਇਆਧਾਰੀ ਲੋਕ ਏ.ਸੀ. ਰੂਮ ਅੰਦਰ ਵੀ ਬਚਾਅ ਹਾਸਲ ਕਰ ਲੈਂਦੇ ਹਨ।

ਇਸ ਸੂਖਸ਼ਮ ਮੰਡਲ ਦੀ ਦੁਨੀਆਂ ਜਿਸ ਵਿਚ ਤਾਂ ਮਨ ਦੀ ਗਰਦਿਸ਼ ਨਾਲ ਆਤਮ ਮੰਡਲ ਵਿਚ ਵਿਕਾਰਾਂ ਦੀ ਤਪਸ਼—ਤ੍ਰਿਸ਼ਨਾ, ਕਾਮ, ਕਰੋਧ, ਲੋਭ ਆਦਿ ਦੀ ਅੱਗ ਨਾਲ :

**ਅਗਨਿ ਸਾਗਰੁ ਬੂਡਤ ਸੰਸਾਰਾ॥** (ਅੰਗ 804)

ਇਸ ਤਪਸ਼ ਤੋਂ ਬਚਣ ਵਾਸਤੇ ਤਾਂ ਇਕ ਹੀ ਸਾਧਨ ਹੈ, ਜੋ ਗੁਰੂ ਕਿਰਪਾ ਨਾਲ ਹਰ ਇਕ ਅਮੀਰ, ਗ਼ਰੀਬ ਨੂੰ ਪ੍ਰਾਪਤ ਹੋ ਸਕਦਾ ਹੈ, ਉਹ ਸਾਧਨ ਹੈ :

**ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥**
**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥** (ਅੰਗ 709)

ਇਸ ਉੱਤਮ ਸਾਧਨ ਨੂੰ ਹੀ ਗੁਰੂ ਰਾਮਦਾਸ ਜੀ ਨੇ ਕਿਹਾ ਹੈ :

**ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ॥**
**ਹਰਿ ਚੰਦਨ ਵਾਸੁ ਸੁਗੰਧ ਗੰਧਈਆ॥** (ਅੰਗ 833)

ਇਸ ਤਰ੍ਹਾਂ ਹਰਿ ਹਰਿ ਨਾਮੁ ਸੀਤਲ ਜਲੁ ਨੂੰ ਪੂਰਨ ਤੌਰ 'ਤੇ ਹਿਰਦੇ ਵਿਚ ਵਸਾ ਕੇ, ਫਿਰ ਇਸ ਅਵਸਥਾ ਵਿਚ ਜਦ ਸੁਰਤਿ ਵਿਚ ਸ਼ਬਦ ਸਮਾਅ ਗਿਆ ਤੇ ਮਨ ਟਿਕ ਗਿਆ ਤਾਂ ਉਸ ਕਰਤੇ ਪ੍ਰਮਾਤਮਾ ਦਾ ਕੀਤਾ ਹਰ ਇਕ ਕੰਮ ਚੰਗਾ ਲੱਗਦਾ ਹੈ। ਹੁਣ ਭਾਵੇਂ ਅਤਿ ਦੀ ਗਰਮੀ, ਤਪਸ਼ ਪੈਂਦੀ ਹੋਵੇ, ਉਹ ਵੀ ਚੰਗੀ ਲੱਗਦੀ ਹੈ। ਦੁੱਖ ਵਿਚ ਵੀ ਮਾਲਕ ਪ੍ਰਮਾਤਮਾ ਨਹੀਂ ਭੁੱਲਦਾ, ਵਾਹਿਗੁਰੂ ਦੇ ਗੁਣ ਗਾਉਣ ਤੇ ਗ੍ਰਹਿਣ ਕਰਨ ਵਾਲੀ ਬ੍ਰਿਤੀ ਪ੍ਰਭੂ ਨੂੰ ਭਾਅ ਜਾਂਦੀ ਹੈ।

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥** (ਅੰਗ 3੧੧)

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥**
**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥ 39॥**

(ਅੰਗ ੧357)

ਐਸੇ ਨਾਮ ਰਸੀਏ ਸੰਤ ਜਨਾਂ ਨੂੰ ਜੇਠ ਦੀ ਤਪਸ਼ ਤਾਂ ਕੀ :

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥ ੧74॥**

(ਅੰਗ ੧373)

ਇਸ ਸੱਚੀ ਨਾਮ ਰੂਪੀ ਠੰਢ ਦੇ ਦੇਣ ਵਾਲੇ, ਸ਼ਾਂਤੀ ਦੇ ਸੋਮੇ, ਸੀਤਲਤਾ ਦੇ ਮੁਜੱਸਮੇ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ, ਇਸ ਠੰਢ ਕਰਕੇ ਤੱਤੀ ਤਵੀ, ਤੱਤੀ ਰੇਤ, ਉਬਲਦੀ ਦੇਗ ਦੇ ਸੇਕ ਦਾ ਦੁੱਖ ਨਹੀਂ ਮੰਨਿਆ। ਹਜ਼ੂਰ ਦੀ ਸ਼ਹਾਦਤ ਇਸ ਜੇਠ ਮਹੀਨੇ ਦੀ ਜੇਠ ਸੁਦੀ ਚੌਥ ੧੬੬੩ ਬਿਕ੍ਰਮੀ ਨੂੰ ਹੋਈ ਹੈ। ਕਵੀ ''ਅਵਾਰਾ'' ਆਪ ਦੀ ਇਸ ਸ਼ਹੀਦੀ ਘਟਨਾ ਨੂੰ ਇਉਂ ਬਿਆਨ ਕਰਦਾ ਹੈ :

**ਜੇਠ ਹਾੜ ਵਿਚ ਵੱਸੀਆਂ ਅੱਗਾਂ, ਸਾਵਣ ਛਹਿਬਰ ਲਾਈ।**
**ਰਾਤ ਹਨੇਰੀ ਪਿਛੋਂ ਚਿੱਟੀ, ਚੰਨ ਚਾਨਣੀ ਆਈ।**
**ਇੰਜੇ ਜ਼ੁਲਮ ਸਿਤਮ ਦੀਆਂ ਲੋਹਾਂ, ਹਦੋਂ ਵੱਧ ਜਦ ਤਪੀਆਂ,**
**ਉਪਰ ਉਸ ਠੰਢ ਦੇ ਸੋਮੇ, ਆਣ ਸਮਾਧੀ ਲਾਈ।**

ਪ੍ਰਿੰਸੀਪਲ ਗੰਗਾ ਸਿੰਘ ਜੀ ਦਾ ਵੀ ਇਸ ਸ਼ਹੀਦੀ ਘਟਨਾ ਬਾਰੇ ਕਵਿਤਾ ਦਾ ਇਕ ਬਹੁਤ ਸੁੰਦਰ ਬੰਦ ਹੈ :

**ਅਗਨੀ ਜਲਾਈ ਆਪ ਜਿਸ, ਸੇਕ ਇਸ਼ਕ ਦਾ ਸੀ ਲਾਇਆ।**
**ਰਾਹੀ ਗੀਤ ਗਾ ਕੇ ਤੁਰ ਗਿਆ, ਜਿਸ ਸੱਚ ਕਰ ਦਿਖਲਾਇਆ।**
**ਲੋਹ ਲਾਲ 'ਤੇ ਆਸਣ ਜਮਾਅ, ਸਿਰ ਗਰਮ ਰੇਤਾ ਸਹਿ ਲਿਆ,**
**ਉਬਲਦੀ ਵਿਚ ਦੇਗ ਦੇ ਬਹਿ, ਵੱਟ ਨਾ ਮੱਥੇ ਪਾਇਆ।**
**ਤਕ ਲੌ ਉਹ ਪੁਤਲਾ ਪ੍ਰੇਮ ਦਾ, ਅਰਜਨ ਗੁਰੂ ਮਹਾਰਾਜ ਹੈ,**
**ਮਿਲ ਸਭ ਸ਼ਹੀਦਾਂ ਨੇ ਕਿਹਾ, ਸਾਡਾ ਇਹ ਸਿਰਤਾਜ ਹੈ।**

## ਸਾਖੀ—ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਵਿਰੋਧੀ ਦੋ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ। ਇਕ ਹਿੱਸਾ ਜ਼ਾਤੀ ਦੁਸ਼ਮਣੀ ਵਾਲਿਆਂ ਦਾ ਸੀ, ਜਿਨ੍ਹਾਂ ਵਿਚੋਂ ਪ੍ਰਿਥੀਆ, ਮੇਹਰਬਾਨ ਤੇ ਦੁਸ਼ਟ ਚੰਦੂ ਮੋਹਰੀ ਸਨ। ਦੂਸਰਾ ਹਿੱਸਾ ਸੀ ਪੰਡਤਾਂ ਤੇ ਮੌਲਵੀਆਂ ਦਾ। ਉਹ ਧਾਰਮਿਕ ਮਜ਼੍ਹਬੀ ਤੁਅੱਸਬ ਕਰਕੇ ਗੁਰਦੇਵ ਦੇ ਦੁਸ਼ਮਣ ਬਣੇ ਹੋਏ ਸਨ। ਇਹ ਸਾਰੇ ਸਮੇਂ ਦੀ ਉਡੀਕ ਵਿਚ ਸਨ ਕਿ ਕਦੋਂ ਕਿਸੇ ਸਮੇਂ ਗੁਰੂ ਜੀ ਤੋਂ ਬਦਲਾ ਲੈ ਸਕਣ।

ਸ਼ਹਿਜ਼ਾਦਾ ਖ਼ੁਸਰੋ ਜਹਾਂਗੀਰ ਦਾ ਛੋਟਾ ਪੁੱਤਰ ਸੀ। ਖ਼ੁਸਰੋ ਰਾਜਾ ਮਾਨ ਸਿੰਘ ਦੀ ਭੈਣ ਦੀ ਕੁੱਖੋਂ ਪੈਦਾ ਹੋਇਆ ਸੀ। ਖ਼ੁਸਰੋ ਮਿਰਜ਼ਾ ਅਜ਼ੀਜ਼ ਕੋਕਾ ਦੀ ਲੜਕੀ ਨਾਲ ਵਿਆਹਿਆ ਹੋਇਆ ਸੀ। ਅਕਬਰ ਰਾਜ-ਗੱਦੀ ਖ਼ੁਸਰੋ ਨੂੰ ਦੇਣਾ ਚਾਹੁੰਦਾ ਸੀ, ਪਰ ਦੇ ਨਾ ਸਕਿਆ। ਮਿਰਜ਼ਾ ਅਜ਼ੀਜ਼ ਕੋਕਾ ਤੇ ਰਾਜਾ ਮਾਨ ਸਿੰਘ ਵੀ ਇਸ ਹੱਕ ਵਿਚ ਸਨ, ਪਰ ਇਹਨਾਂ ਦੋਹਾਂ ਦਾ ਵੀ ਕੋਈ ਵੱਸ ਨਹੀਂ ਚੱਲਿਆ। ਆਖ਼ਿਰ ਜਿਸ ਵੇਲੇ ਸੰਨ ੧੬੦੫ ਈ. (ਸੰਮਤ ੧੬੬੨ ਬਿ.) ਨੂੰ ਅਕਬਰ ਮਰ ਗਿਆ ਤਾਂ ਉਸ ਤੋਂ ਮਗਰੋਂ ਉਹਦਾ ਪੁੱਤਰ ਜਹਾਂਗੀਰ ਤਖ਼ਤ 'ਤੇ ਬੈਠਾ। ਛੇ ਕੁ ਮਹੀਨੇ ਪਿੱਛੋਂ ਜਹਾਂਗੀਰ ਦੇ ਛੋਟੇ ਸ਼ਹਿਜ਼ਾਦੇ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ, ਪਰ ਬਹਾਨਾ ਇਹ ਕੀਤਾ ਆਗਰਾ ਛੱਡਣ ਸਮੇਂ ਕਿ ਉਹ ਦਾਦੇ ਅਕਬਰ ਦੇ ਮਕਬਰੇ ਸਕੰਦਰੀਆ ਉੱਤੇ ਫੁੱਲ ਚੜ੍ਹਾਉਣ ਜਾ ਰਿਹਾ ਹੈ। ਉਸ ਨੂੰ ਇਹ ਖ਼ਬਰਾਂ ਮਿਲ ਰਹੀਆਂ ਸਨ ਕਿ ਜਹਾਂਗੀਰ ਪਿੱਛੇ ਆ ਰਿਹਾ ਹੈ। ਉਹ ੩੫੦ ਸਾਥੀਆਂ ਸਣੇ ਘਬਰਾਇਆ ਹੋਇਆ ਪੰਜਾਬ ਵੱਲ ਵਧਿਆ। ਇਸ ਸਮੇਂ ਉਹ ਖ਼ੁਸਰੋ ਤਰਨ ਤਾਰਨ ਸਾਹਿਬ ਗਿਆ। ਉਹ ਪਹਿਲਾਂ ਵੀ ਅਕਬਰ ਨਾਲ ਗੁਰੂ ਘਰ ਦੇ ਦਰਸ਼ਨ ਕਰ ਚੁੱਕਾ ਸੀ। ਤਰਨ ਤਾਰਨ ਸਾਹਿਬ ਇਸ ਨੇ ਲੋੜ ਅਨੁਸਾਰ ਪ੍ਰਸ਼ਾਦਾ ਪਾਣੀ ਛਕਿਆ, ਪਰ ਇਸ ਦੇ ਮਗਰੇ ਜਹਾਂਗੀਰ ਫ਼ੌਜ ਲੈ ਕੇ ਤੁਰਿਆ ਆ ਰਿਹਾ ਸੀ। ਅਸਲ ਵਿਚ ਖ਼ੁਸਰੋ ਦਾ ਇਰਾਦਾ ਲਾਹੌਰ ਉੱਤੇ ਕਬਜ਼ਾ ਕਰ ਕੇ ਕਿਲ੍ਹੇ ਵਿਚ ਬਹਿ ਕੇ ਟਾਕਰਾ ਕਰਨ ਦਾ ਸੀ, ਪਰ ਉਹ ਇਸ ਜਤਨ ਵਿਚ ਸਫਲ ਨਾ ਹੋਇਆ। ਕੁਝ ਭਰੋਸੇ ਯੋਗ ਸਾਥੀ ਨਾਲ ਲੈ ਕੇ ਖ਼ੁਸਰੋ ਕਾਬਲ ਵੱਲ ਨੂੰ ਨੱਸਿਆ, ਪਰ ਝਨਾ ਪਾਰ ਕਰਨ ਲੱਗਾ ਉਹ ਪਕੜਿਆ ਗਿਆ ਸੀ। ਏਨੇ ਤਕ ਜਹਾਂਗੀਰ ਲਾਹੌਰ ਪੁੱਜ ਗਿਆ ਸੀ। ਖ਼ੁਸਰੋ ਤੇ ਉਸ ਦੇ ਸਾਥੀ ਕੈਦੀਆਂ ਦੀ ਹੈਸੀਅਤ ਵਿਚ ਲਾਹੌਰ ਲਿਆਂਦੇ ਗਏ। ਖ਼ੁਸਰੋ ਪੁੱਤਰ ਸੀ, ਇਸ ਵਾਸਤੇ ਉਸ ਨੂੰ ਨਜ਼ਰਬੰਦ ਰੱਖਿਆ ਗਿਆ, ਪਰ ਉਹਦੇ ਸਾਰੇ ਹੀ ਸਾਥੀ ਬੜੇ ਤਸੀਹੇ ਦੇ ਕੇ ਕਤਲ ਕੀਤੇ ਗਏ। ਹੁਸੈਨ ਬੇਗ ਤੇ ਅਬਦੁੱਲ ਰਹੀਮ ਨੂੰ ਖੋਤੇ 'ਤੇ ਚਾੜ੍ਹ ਕੇ ਸ਼ਹਿਰ ਵਿਚ ਫੇਰਿਆ ਗਿਆ ਤੇ ਗਊ ਦੇ ਕੱਚੇ ਚਮੜੇ ਵਿਚ ਮੜ੍ਹ ਕੇ ਮਾਰਿਆ ਗਿਆ।

ਬਾਦਸ਼ਾਹ ਜਹਾਂਗੀਰ ਨਵਾਂ-ਨਵਾਂ ਤਖ਼ਤ 'ਤੇ ਬੈਠਾ ਸੀ। ਉਹ ਕੱਟੜ ਮੁਲਾਣਿਆਂ ਨੂੰ ਖ਼ੁਸ਼ ਕਰਨ ਵਾਸਤੇ ਗ਼ੈਰ-ਮੁਸਲਮਾਨਾਂ ਉੱਤੇ ਵੱਧ ਤੋਂ ਵੱਧ ਜ਼ੁਲਮ ਕਰ ਕੇ ਦੱਸਣਾ ਚਾਹੁੰਦਾ ਸੀ ਕਿ ਉਹ ਪੱਕਾ ਮੁਸਲਮਾਨ ਤੇ ਇਸਲਾਮ ਦਾ ਵਫ਼ਾਦਾਰ ਹੈ। ਬਾਦਸ਼ਾਹ ਕੋਲ ਸ਼ਿਕਾਇਤ ਗਈ ਕਿ ਗੁਰੂ ਮਹਾਰਾਜ ਨੇ ਬਾਗ਼ੀ ਖ਼ੁਸਰੋ ਦੀ ਮਦਦ ਕੀਤੀ ਹੈ। ਜਹਾਂਗੀਰ ਨੇ ਉਸੇ ਵੇਲੇ ਗੁਰਦੇਵ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਕੇ ਮੁਰਤਜ਼ਾ ਖ਼ਾਂ ਨੂੰ ਭੇਜਿਆ।

ਜਹਾਂਗੀਰ ਦੇ ਹੁਕਮ ਨਾਲ ਮੁਰਤਜ਼ਾ ਖ਼ਾਂ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਆਂਦਾ। ਪੰਜ ਸਿੱਖ— ਭਾਈ ਜੇਠਾ, ਭਾਈ ਪਿਰਾਣਾ, ਭਾਈ ਪੈੜਾ, ਭਾਈ ਬਿਧੀਆ ਤੇ ਭਾਈ ਲੰਙਾਹ —ਗੁਰੂ ਮਹਾਰਾਜ ਦੇ ਨਾਲ ਲਾਹੌਰ ਆਏ ਹਨ। ਗੁਰੂ ਜੀ ਉੱਪਰ ਖ਼ੁਸਰੋ ਦੀ ਮਦਦ ਕਰਨ ਬਾਰੇ ਦੋਸ਼ ਲਾਇਆ ਗਿਆ ਸੀ ਕਿਉਂਕਿ ਖ਼ੁਸਰੋ ਗੋਇੰਦਵਾਲ ਤੋਂ ਤਰਨ ਤਾਰਨ ਦੇ ਰਸਤੇ ਲਾਹੌਰ ਨੂੰ ਗਿਆ ਸੀ। ਗੁਰੂ ਅਰਜਨ ਦੇਵ ਜੀ ਉਸ ਵੇਲੇ ਤਰਨ ਤਾਰਨ ਸਨ। ਲੰਘਦੇ-ਲੰਘਦੇ ਖ਼ੁਸਰੋ ਤੇ ਕੁਝ ਉਹਦੇ ਸਾਥੀਆਂ ਨੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਤੇ ਗੁਰਦੇਵ ਨੂੰ ਮੱਥਾ ਟੇਕਿਆ। ਇਸ ਤੋਂ ਵੱਧ ਉਚੇਚਾ ਕੁਝ ਨਹੀਂ ਹੋਇਆ। ਇਹ ਗੁਰੂ

ਘਰ ਦੀ ਮਰਯਾਦਾ ਹੈ। ਗੁਰੂ ਘਰੋਂ ਪ੍ਰਸ਼ਾਦਾ ਹਰ ਕਿਸੇ ਨੂੰ ਮਿਲਦਾ ਹੈ। ਫੇਰ ਉਹਨੀਂ ਹੀ ਰਾਹੀਂ ਮਗਰੇ-ਮਗਰ ਬਾਦਸ਼ਾਹ ਆਪ ਲੰਘਿਆ, ਪਰ ਜਿਸ ਵੇਲੇ ਬਾਦਸ਼ਾਹ ਲਾਹੌਰ ਤੋਂ ਤੁਰਨ ਵਾਲਾ ਸੀ, ਉਦੋਂ ਗੁਰੂ ਜੀ ਦੇ ਉਲਟ ਖ਼ੁਸਰੋ ਦੀ ਮਦਦ ਕਰਨ ਦੀ ਸ਼ਿਕਾਇਤ ਹੋਈ ਤਾਂ ਬਾਦਸ਼ਾਹ ਤਸੀਹੇ ਦੇ ਕੇ ਗੁਰੂ ਜੀ ਨੂੰ ਮਾਰਨ ਦਾ ਹੁਕਮ ਮੁਰਤਜ਼ਾ ਖ਼ਾਨ ਨੂੰ ਦੇ ਕੇ ਉਸ ਸਮੇਂ ਅਗ੍ਹਾਂ ਪਿਸ਼ਾਵਰ ਵੱਲ ਚਲਾ ਗਿਆ ਸੀ। ਖੋਜਕਾਰ ਵਿਦਵਾਨ ਇਹ ਵੀ ਲਿਖਦੇ ਹਨ ਕਿ ਜਲਦੀ ਹੀ ਬਾਦਸ਼ਾਹ ਲਾਹੌਰ ਵਾਪਸ ਆ ਗਿਆ ਸੀ। ੨੬ ਮਾਰਚ ਸੰਨ ੧੬੦੭ ਤੱਕ ਫਿਰ ਲਾਹੌਰ ਹੀ ਰਿਹਾ।

ਚਾਹੀਦਾ ਤਾਂ ਇਹ ਸੀ ਕਿ ਮੁਰਤਜ਼ਾ ਖ਼ਾਨ ਆਪ ਸੱਚ ਝੂਠ ਨਿਤਾਰਦਾ ਤੇ ਗੁਰਦੇਵ ਬਾਰੇ ਫ਼ੈਸਲਾ ਆਪ ਕਰਦਾ, ਪਰ ਉਸ ਨੇ ਸਜ਼ਾ ਦੇਣ ਦਾ ਫ਼ੈਸਲਾ ਕਰਨ ਦੀ ਸਾਰੀ ਜ਼ਿੰਮੇਵਾਰੀ ਚੰਦੂ ਦੁਸ਼ਟ ਨੂੰ ਸੌਂਪ ਦਿੱਤੀ। ਕਿਉਂਕਿ ਇਹ ਫ਼ੈਸਲਾ ਵਿਰੋਧੀਆਂ ਨੇ ਪਹਿਲਾਂ ਹੀ ਕਰ ਲਿਆ ਸੀ ਕਿ ਗੁਰੂ ਜੀ ਨੂੰ ਤਸੀਹੇ ਦੇਣ ਦਾ ਕੰਮ ਚੰਦੂ ਆਪਣੇ ਹੱਥੀਂ ਕਰੇਗਾ ਅਤੇ ਚੰਦੂ ਨੇ ਆਪਣੀ ਇਹ ਸ਼ਰਤ ਮਨਵਾਉਣ ਵਾਸਤੇ ਪੱਲਿਓਂ ਧਨ ਵੀ ਖ਼ਰਚਿਆ ਸੀ। ਚੰਦੂ ਦੁਸ਼ਟ ਗੁਰੂ ਜੀ ਦੀ ਜਾਨ ਲੈਣ ਨਾਲੋਂ ਉਹਨਾਂ ਨੂੰ ਈਨ ਮਨਾ ਲੈਣ ਵਿਚ ਆਪਣੀ ਵਧੇਰੇ ਜਿੱਤ ਸਮਝਦਾ ਸੀ। ਸੋ ਸਤਿਗੁਰੂ ਜੀ ਦੀ ਜਾਨ ਬਚਾਉਣ ਦਾ ਰਸਤਾ ਵੀ ਮੁਰਤਜ਼ਾ ਖ਼ਾਨ ਆਦਿ ਅਫ਼ਸਰਾਂ ਦੀ ਸਲਾਹ ਨਾਲ ਚੰਦੂ ਨੇ ਕੱਢ ਲਿਆ। ਗੁਰੂ ਮਹਾਰਾਜ ਅੱਗੇ ਵਿਰੋਧੀਆਂ ਵੱਲੋਂ ਤਿੰਨ ਸ਼ਰਤਾਂ ਰੱਖੀਆਂ ਗਈਆਂ ਜੋ ਪੂਰੀਆਂ ਕਰਨ ਉੱਤੇ ਗੁਰੂ ਜੀ ਦੀ ਜਾਨ ਬਚ ਸਕਦੀ ਸੀ :

ਪਹਿਲੀ ਸ਼ਰਤ ਸੀ ਕਿ ਗੁਰੂ ਮਹਾਰਾਜ ਜੀ ਮੁਸਲਮਾਨ ਹੋ ਜਾਣ।

ਦੂਸਰੀ ਸ਼ਰਤ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ਼ ਦੇ ਕੁਝ ਸ਼ਬਦ ਲਿਖ ਦੇਣ।

(ਤੀਸਰੀ ਸ਼ਰਤ ਉਚੇਚੀ ਚੰਦੂ ਵੱਲੋਂ ਸੀ) ਸਾਹਿਬਜ਼ਾਦਾ ਸ੍ਰੀ ਹਰਿਗੋਬਿੰਦ ਸਾਹਿਬ ਜੀ ਵਾਸਤੇ ਚੰਦੂ ਦੀ ਲੜਕੀ ਦਾ ਰਿਸ਼ਤਾ ਪਰਵਾਨ ਕਰ ਲਿਆ ਜਾਵੇ।

ਹਜ਼ੂਰ ਇਹ ਤਿੰਨੇ ਸ਼ਰਤਾਂ ਨਾ ਮੰਨਣ ਤਾਂ ਮੌਤ ਤੋਂ ਪਹਿਲਾਂ ਅਨੇਕਾਂ ਤਸੀਹੇ ਝੱਲਣ ਵਾਸਤੇ ਤਿਆਰ ਹੋ ਜਾਣ। ਸ਼ਰਤਾਂ ਸੁਣ ਕੇ ਗੁਰੂ ਮਹਾਰਾਜ ਜੀ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ, 'ਭਲੇ ਪੁਰਸ਼ੋ, ਇਹਨਾਂ ਤਿੰਨਾਂ ਸ਼ਰਤਾਂ ਵਿਚੋਂ ਕੋਈ ਵੀ ਪੂਰੀ ਕਰਨੀ ਸਾਡੇ ਵੱਸ ਦੀ ਗੱਲ ਨਹੀਂ। ਤੁਹਾਡੀ ਪਹਿਲੀ ਸ਼ਰਤ ਬਾਰੇ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਜੋ ਇਨਸਾਨ ਕਿਸੇ ਭੈਅ ਜਾਂ ਲਾਲਚ ਵਿਚ ਆ ਕੇ ਆਪਣਾ ਧਰਮ ਤਿਆਗ ਦੇਂਦਾ ਹੈ, ਉਹ ਕਿਸੇ ਧਰਮ ਵਿਚ ਵੀ ਮੰਨਣ ਯੋਗ ਨਹੀਂ। ਬਾਕੀ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ਼ ਲਿਖਣ ਦੀ ਗੱਲ, ਇਹ ਵੀ ਸਾਡੇ ਵੱਸੋਂ ਬਾਹਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬੀ ਬਾਣੀ ਹੈ। ਜੋ ਅਕਾਲ ਪੁਰਖ ਨੇ ਲਿਖਵਾਇਆ ਹੈ, ਅਸਾਂ ਲਿਖ ਦਿੱਤਾ ਹੈ। ਹੁਣ ਉਸ ਵਿਚ ਇਕ ਅੱਖਰ ਦਾ ਵੀ ਵਾਧਾ-ਘਾਟਾ ਨਹੀਂ ਹੋ ਸਕਦਾ। ਤੇ ਰਿਸ਼ਤਾ ਨਾ ਲੈਣ ਦਾ ਫ਼ੈਸਲਾ ਸੰਗਤ ਨੇ ਕੀਤਾ ਹੈ, ਅਸਾਂ ਨਹੀਂ। ਸਾਡੇ ਵਿਚਾਰ ਅਨੁਸਾਰ ਗੁਰੂ ਨਾਨਕ ਦੀ ਸੰਗਤ ਗੁਰੂ ਨਾਨਕ ਦਾ ਰੂਪ ਹੈ। ਅਸੀਂ ਸੰਗਤ ਦੇ ਕੀਤੇ ਫ਼ੈਸਲੇ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਨੂੰ ਨਹੀਂ ਬਦਲ ਸਕਦੇ।

**ਬਾਬੇ ਬੁੱਢੇ ਅਰ ਗੁਰਦਾਸ। ਇਤਿਆਦਕ ਸਿਖ ਥੇ ਜੋ ਖਾਸ।**
**ਚਿਠੀ ਸਭ ਕੋ ਗੁਰੂ ਸੁਨਾਈ। ਸਭ ਨੇ ਕਹਿਓ ਨਾ ਲੇਹੁ ਸਗਾਈ।**

(ਪੰਥ ਪ੍ਰਕਾਸ਼)

**ਲਿਖਯੋ ਚੰਦੂ ਦੁਸਟ ਗਰਬੀਲੇ। ਦੁਰ ਬਚਨਨ ਸੇ ਹਮ ਉਰ ਛੀਲੇ।**
**ਆਪ ਚੁਬਾਰਾ ਬਣਿਉ ਪਾਪੀ। ਗੁਰ ਕਾ ਘਰ ਇਨ੍ਹ ਮੋਰੀ ਥਾਪੀ।**
**ਨਿੰਦੀ ਯਾ ਬਿਧਿ ਉਨ ਗੁਰ ਗਾਦੀ। ਕਰੀ ਨ ਚਾਹੀਏ ਇਨ ਕੇ ਸਾਦੀ।**

ਆਖ਼ਰੀ ਗੱਲ ਰਹਿ ਗਈ ਤਸੀਹੇ ਝੱਲਣ ਦੀ। ਉਹ ਜੋ ਕੁਝ ਵੀ ਹੋਵੇਗਾ, ਨਿਰੰਕਾਰ ਦਾ ਭਾਣਾ ਸਮਝ ਕੇ ਅਸੀਂ ਖਿੜੇ ਮੱਥੇ ਝੱਲਾਂਗੇ। ਅਸੀਂ ਤਿਆਰ ਹਾਂ।

ਜਿਥੇ ਲਾਹੌਰ ਸ਼ਹਿਰ ਵਿਚ ਅੱਜ ਕੱਲ੍ਹ ਗੁਰਦੁਆਰਾ ਡੇਹਰਾ ਸਾਹਿਬ ਹੈ, ਗੁਰਦੇਵ ਨੂੰ ਤਸੀਹੇ ਦੇਣ ਵਾਸਤੇ ਉਹ ਥਾਂ ਚੁਣਿਆ ਗਿਆ। ਬੜੇ ਸਖ਼ਤ ਪਹਿਰੇ ਵਿਚ ਮਹਾਰਾਜ ਨੂੰ ਓਥੇ ਲਿਆਂਦਾ ਗਿਆ। ਚੰਦੂ ਨੇ ਇਕ ਵਾਰ ਫਿਰ ਉਹ ਸ਼ਰਤਾਂ ਪੜ੍ਹ ਕੇ ਸੁਣਾਈਆਂ। ਗੁਰਦੇਵ ਦੇ ਇਨਕਾਰ ਕਰਨ ਉੱਤੇ ਜ਼ੁਲਮੀ ਕਾਰਾ ਸ਼ੁਰੂ ਹੋ ਗਿਆ।

ਗੁਰਦੇਵ ਨੂੰ ਪਾਣੀ ਦੀ ਭਰੀ ਦੇਗ ਵਿਚ ਬਿਠਾ ਕੇ ਹੇਠਾਂ ਅੱਗ ਬਾਲਣੀ ਸ਼ੁਰੂ ਕਰ ਦਿੱਤੀ। 'ਪ੍ਰਿਥਮੈ ਦੇਗ ਕੇ ਬੀਚ ਬੈਠਾਏ।' ਚੰਦੂ ਦਾ ਖ਼ਿਆਲ ਸੀ ਕਿ ਜਦ ਸਰੀਰ ਵਾਸਤੇ ਪਾਣੀ ਦਾ ਸੇਕ ਸਹਿਣਾ ਔਖਾ ਹੋ ਜਾਵੇਗਾ ਤਾਂ ਗੁਰੂ ਜੀ ਆਪੇ ਸਭ ਕੁਝ ਮੰਨ ਜਾਣਗੇ। ਉਹ ਨਹੀਂ ਸੀ ਜਾਣਦਾ ਕਿ ਬ੍ਰਹਮ ਗਿਆਨੀਆਂ ਦੀ ਅਵਸਥਾ 'ਦੁਖ ਵਿਚਿ ਸੁਖ ਮਨਾਈ' ਵਾਲੀ ਹੁੰਦੀ ਹੈ। ਗੁਰਦੇਵ ਦੇ ਸਾਰੇ ਸਰੀਰ ਉੱਤੇ ਛਾਲੇ ਪੈ ਗਏ। ਗੁਰਦੇਵ ਨੂੰ ਦੇਗ ਵਿਚੋਂ ਕੱਢ ਕੇ ਬੰਦੀ-ਘਰ ਵਿਚ ਪੁਚਾ ਦਿੱਤਾ ਗਿਆ। ਇਸ ਤਰ੍ਹਾਂ ਚੰਦੂ ਗੁਰਦੇਵ ਨੂੰ ਸੋਚਣ ਦਾ ਮੌਕਾ ਦੇਣਾ ਚਾਹੁੰਦਾ ਸੀ।

**ਪ੍ਰਿਥਮੈ ਦੇਗ ਕੇ ਬੀਚ ਬੈਠਾਏ। ਨੀਚੇ ਲਕਰੀ ਭਾਰ ਜਲਾਏ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਅਗਲੇ ਦਿਨ ਚੰਦੂ ਗੁਰਦੇਵ ਪਾਸ ਹਾਜ਼ਰ ਹੋਇਆ। ਉਹਨੇ ਸ਼ਰਤਾਂ ਮੰਨਣ ਵਾਸਤੇ ਮਹਾਰਾਜ ਨੂੰ ਬੜਾ ਪ੍ਰੇਰਿਆ, ਪਰ ਮਹਾਰਾਜ ਆਪਣੇ ਨਿਸ਼ਚੇ 'ਤੇ ਪੱਕੇ ਰਹੇ। ਮਹਾਰਾਜ ਨੂੰ ਸਖ਼ਤ ਪਹਿਰੇ ਵਿਚ ਫਿਰ ਉਸੇ ਥਾਂ 'ਤੇ ਲਿਆਂਦਾ ਗਿਆ। ਇਕ ਕੜਾਹੀ ਵਿਚ ਰੇਤ ਤਪਾ ਕੇ ਲਾਲ ਕੀਤੀ ਗਈ। ਲੋਹ ਉੱਤੇ ਗੁਰਦੇਵ ਨੂੰ ਬਿਠਾ ਕੇ ਹੇਠਾਂ ਅੱਗ ਝੋਕਣੀ ਸ਼ੁਰੂ ਕਰ ਦਿੱਤੀ। ਹੇਠੋਂ ਲੋਹ ਤਪ ਕੇ ਲਾਲ ਹੋ ਗਈ ਤੇ ਉਪਰੋਂ ਨੰਗੇ ਸਰੀਰ ਉੱਤੇ ਸੜਦੀ ਰੇਤ ਦੇ ਕੜਛੇ ਭਰ-ਭਰ ਪਾਉਣੇ ਆਰੰਭ ਕਰ ਦਿੱਤੇ :

**ਬਲੂ ਰੇਤ ਤਪਾਇ ਧਰੈ ਕੈ। ਗੁਰ ਊਪਰ ਕਰਛੇ ਭਰਵੈ ਕੈ।**

(ਸ੍ਰੀ ਗੁਰੂ ਪੰਥ ਪ੍ਰਕਾਸ਼)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਤਪਤ ਰੇਤ ਗੁਰ ਪਰ ਵਹਿ ਡਾਰੈ। ਹਾਇ ਨ ਤੋਬਾ ਗੁਰੂ ਉਚਾਰੈ॥**

(ਸ੍ਰੀ ਗੁਰੂ ਪੰਥ ਪ੍ਰਕਾਸ਼)

**ਪੁਨਾ ਦੁਸਟ ਨੇ ਲੋਹ ਤਪਾਈ। ਤਾਂ ਪਰ ਗੁਰ ਕੋ ਦਯੋ ਬਿਠਾਈ॥ 78 ॥**
**ਚਰਨ ਤਲੀ ਕਾ ਜਰਹੀ ਮਾਸਾ। ਗੁਰੂ ਅਡੋਲ ਥਿਰੇ ਅੱਨਯਾਸਾ।**
**ਸਾਖੀ ਹ੍ਵੈ ਗੁਰ ਤਨ ਤੇ ਨਯਾਰੇ। ਪੇਖੈ ਪਰਾਰਬਧ ਕੇ ਕਾਰੇ॥ 79 ॥**

(ਸ੍ਰੀ ਗੁਰੂ ਪੰਥ ਪ੍ਰਕਾਸ਼ ਪੂਰਬਾਰਧ, ਬਿਸਰਾਮ 20)

ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਭੀ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਅੰਦਰ ਉਨ੍ਹਾਂ ਕਸ਼ਟਾਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ, ਜੋ ਜੋ ਕਸ਼ਟ ਗੁਰੂ ਸਾਹਿਬ ਜੀ ਨੂੰ ਜ਼ਾਲਮਾਂ ਵਲੋਂ ਦਿੱਤੇ ਗਏ ਸਨ :

੧. **ਕਹਿ ਚਾਕਰ ਸੋ ਦੇਗ ਉਬਾਰੀ। ਪਕਰੋ ਦੇਹੁ ਤਿਸੀ ਮਹਿ ਡਾਰੀ॥ 4੧ ॥**
**ਤਬਿ ਸਤਿਗੁਰੁ ਉਠਿ ਆਪੇ ਗਏ। ਤਪਤ ਨੀਰ ਮਹਿ ਬੈਠਤਿ ਭਏ।**
**ਹਾਹਾ ਕਾਰ ਹੇਰਿ ਸਿਖ ਕਰੈਂ। ਉਠਯੋ ਪਿਰਾਣਾ ਸਕਤਿ ਨ ਜਰੈਂ॥ 42 ॥**

ਤਥਾ :

**ਸਤਿਗੁਰ ਬੈਠੇ ਦੇਗ ਮਝਾਰੀ। ਤਰੇ ਦੁਸਟ ਬਹੁ ਸਮਧਾ ਜਾਰੀ॥ 52 ॥**

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 4, ਅੰਸੂ 34)

2. **ਤਪਤਿ ਰੇਤ ਪਰ ਨਿਸਚਲ ਬੈਸੇ। ਸੁਖ ਤੇ ਮ੍ਰਿਦੁ ਆਸਨ ਪਰ ਜੈਸੇ।**
**ਇਤ ਉਤ ਅੰਗ ਨਹੀ ਡੁਲਯੰਤੇ। ਭਏ ਮੋਨ ਕੁਛ ਨਹੀ ਕਹੰਤੇ॥ 44 ॥**
**ਕਹਯੋ ਦੁਸਟ ਪੁਨ ਕਰਛੇ ਲੈ ਕੈ। ਤਪਤਿ ਰੇਤ ਦਿਹੁ ਊਪਰ ਪੈ ਕੈ।**
**ਨਹਿਂ ਬੋਲਤਿ ਨਹਿਂ ਮਾਨਤਿ ਨਾਤਾ। ਇਸ ਕੇ ਗਾਤ ਲਗਹਿ ਨਹਿ ਤਾਤਾ॥ 45 ॥**
**ਭਰਿ ਕਰਛੇ ਤਬਿ ਊਪਰ ਪਾਏ। ਨਹਿ ਕੁਛ ਕਹਯੋ ਨ ਅੰਗ ਡੁਲਾਏ।**
**ਦੁਹੁ ਦਿਸ ਤੇ ਤਾਤੋ ਅਤਿ ਬਾਰੂ। ਪਰ ਸਰੀਰ ਪਰ ਬਹੁ ਦੁਖ ਕਾਰੂ॥ 46 ॥**

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 4, ਅੰਸੂ 35)

3. **ਕਹਿ ਕਰਿ ਦੀਰਘ ਲੋਹ ਮੰਗਾਈ।**
**ਧਰਿ ਊਪਰਿ ਤਰੇ ਅਗਨਿ ਜਲਾਈ॥ ੧8 ॥**
**ਸਮ ਤਾਂਬੇ ਕੇ ਤਪਤਿ ਕਰਾਈ।**
**ਦੇਖ ਪਾਤਕੀ ਲੀਏ ਬੁਲਾਈ।**
**ਇਸ ਪਰ ਖਰੇ ਹੋਹੁ ਤਪ ਸਹੋ।**

**ਨਾਹਿ ਤਾਂ ਨਾਤਾ ਲੈਬੇ ਚਹੌ॥ ੧੭॥**
**ਗੁਰੂ ਨ ਉਤਰ ਦੀਨਸ ਕੋਈ।**
**ਲੋਹ ਅਰੁ ਢਨਿ ਉਰ ਮਹਿ ਹੋਈ।**
**ਆਦਿ ਚੰਡਾਲ ਜਿ ਕਿਨਹੁ ਨਿਹਾਰੇ।**
**ਸਭਹਿਨਿ ਹਾ ਹਾ ਕਾਰ ਉਚਾਰੇ॥ 20॥**

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 4, ਅੰਸੂ 36)

ਸਾਰਾ ਸਰੀਰ ਸੜ ਕੇ ਭੜਥਾ ਹੋ ਗਿਆ। ਇਹ ਅਤਿਆਚਾਰ ਵੇਖ ਕੇ ਧਰਤੀ ਤੇ ਆਕਾਸ਼ ਵੀ ਕੰਬ ਉਠੇ।

ਇਸ ਜ਼ੁਲਮ ਦੀ ਚਰਚਾ ਸਾਰੇ ਸ਼ਹਿਰ ਵਿਚ ਹੋ ਰਹੀ ਸੀ। ਖ਼ਬਰ ਸੁਣ ਕੇ ਸਾਈਂ ਮੀਆਂ ਮੀਰ ਜੀ ਆਪ ਵੇਖਣ ਵਾਸਤੇ ਆਏ। ਵੇਖ ਕੇ ਉਹਨਾਂ ਆਹ ਦਾ ਨਾਅਰਾ ਮਾਰਿਆ ਤੇ ਉਹਨਾਂ ਦੀਆਂ ਅੱਖਾਂ 'ਚੋਂ ਹੰਝੂ ਧਰਤੀ 'ਤੇ ਡਿੱਗੇ ਸਨ। ਉਹਨਾਂ ਦੋਵੇਂ ਹੱਥ ਉਠਾ ਕੇ ਖ਼ੁਦਾ ਦੇ ਸਾਮ੍ਹਣੇ ਸ਼ਿਕਵਾ (ਗਿਲ੍ਹਾ) ਕੀਤਾ ਸੀ।

ਅੱਗੋਂ ਧੀਰਜ ਦੇ ਪੁੰਜ ਗੁਰਦੇਵ ਨੇ ਹੱਥ ਦਾ ਇਸ਼ਾਰਾ ਕਰਦਿਆਂ ਕਿਹਾ, "ਸਾਈਂ ਜੀ ! ਰੱਬ ਦੇ ਬੰਦਿਆਂ ਨੂੰ ਸ਼ਿਕਵੇ ਕਰਨੇ ਨਹੀਂ ਸੋਭਦੇ, ਸਗੋਂ ਕਹਿਣਾ ਚਾਹੀਦਾ ਹੈ :

**ਤੇਰਾ ਕੀਆ ਮੀਠਾ ਲਾਗੈ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥** (ਅੰਗ 394)

ਅਥਵਾ-

**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥**
**ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥** (ਅੰਗ 67੧)

ਅੱਗ ਝੋਂਕਣ ਵਾਲੇ ਤੇ ਰੇਤ ਦੇ ਕੜਛੇ ਪਾਉਣ ਵਾਲੇ ਹੱਥ ਵੀ ਕੁਝ ਸਮੇਂ ਵਾਸਤੇ ਰੁਕ ਗਏ, ਪਰ ਚੰਦੂ ਦਾ ਦਿਲ ਨਰਮ ਨਾ ਹੋਇਆ। ਉਹਦਾ ਹੱਠ ਤੇ ਗ਼ੁੱਸਾ ਸਾਰੇ ਹੱਦਾਂ-ਬੰਨੇ ਟੱਪ ਗਿਆ ਸੀ। ਉਹਨੇ ਇਸ ਤਰ੍ਹਾਂ ਦੀਆਂ ਸਜ਼ਾਵਾਂ ਦੇ ਕੇ ਵੀ ਫਿਰ ਬੜੀ ਖਰ੍ਹਵੀ ਸੁਰ ਵਿਚ ਕਿਹਾ, "ਮਹਾਰਾਜ ! ਮੇਰਾ ਇਰਾਦਾ ਤੁਹਾਡੀ ਜਾਨ ਲੈਣਾ ਨਹੀਂ ਸੀ, ਇਸੇ ਵਾਸਤੇ ਮੈਂ ਹੁਣ ਤਕ ਕੁਝ ਨਰਮੀ ਵਰਤਦਾ ਆਇਆ ਹਾਂ, ਪਰ ਜੇ ਆਪ ਜਾਨ ਦੇਣ 'ਤੇ ਹੀ ਤੁੱਲੇ ਹੋਏ ਹੋ ਤਾਂ ਅੰਤ ਸਮੇਂ ਵਾਸਤੇ ਤਿਆਰ ਹੋ ਜਾਓ। ਤੁਸੀਂ ਮੇਰੇ ਨਾਲ ਜੱਗੋਂ ਬਾਹਰੀ ਕੀਤੀ ਹੈ। ਹੁਣ ਮੇਰਾ ਵਾਰ ਸਹਿਣ ਵਾਸਤੇ ਤਿਆਰ ਹੋ ਜਾਓ।"

"ਪੁਰਖਾ !" ਗੁਰਦੇਵ ਨੇ ਓਸੇ ਧੀਰਜ ਨਾਲ ਉਤਰ ਦਿੱਤਾ, "ਅਸੀਂ ਉਸ 'ਰਜ਼ਾਈ' ਦੀ ਹਰ 'ਰਜ਼ਾ' ਵਿਚ ਰਾਜ਼ੀ ਹਾਂ। ਜੋ ਤੇਰੇ ਦਿਲ ਆਵੇ, ਤੂੰ ਕਰ ਸਕਦਾ ਹੈਂ।" ਉਸ ਸਮੇਂ ਨੇੜੇ ਹੀ ਦਰਿਆ ਰਾਵੀ ਦੀ ਇਕ ਸਾਖ ਵਗਿਆ ਕਰਦੀ ਸੀ, ਜੋ ਅੱਜ ਇਕ ਬੁੱਢਾ ਨਾਲਾ ਬਣ ਕੇ ਰਹਿ ਗਈ ਹੈ। ਭਾਵੇਂ ਰੁੱਤ ਸਖ਼ਤ ਗਰਮੀ

ਦੀ ਸੀ, ਪਰ ਦਰਿਆ ਦਾ ਪਾਨੀ ਪਹਾੜਾਂ ਤੋਂ ਬਰਫ਼ਾਂ ਢਲ ਕੇ ਆਉਣ ਕਾਰਨ ਕਾਫ਼ੀ ਠੰਢਾ ਸੀ। ਚੰਦੂ ਦੇ ਹੁਕਮ ਨਾਲ ਜੱਲਾਦਾਂ ਨੇ ਗੁਰੂ ਮਹਾਰਾਜ ਨੂੰ ਲੋਹ ਤੋਂ ਚੁੱਕ ਕੇ ਰਾਵੀ ਦੇ ਠੰਢੇ ਪਾਨੀ ਵਿਚ ਸੁੱਟ ਦਿੱਤਾ। ਇਸ ਗੱਲ ਦੀ ਸਾਖ ਭਾਈ ਰਤਨ ਸਿੰਘ ਜੀ ਭੰਗੂ ਨੇ ਵੀ ਭਰੀ ਹੈ—

**ਕੇ ਗੁਰ ਅਰਜਨ ਦਰੀਆਇ ਨ ਬੌੜਿਯੋ।**
**ਕੇ ਗੁਰ ਤੇਗ ਬਹਾਦਰ ਸੀਸ ਨ ਤੌੜਿਯੋ।**
**ਕੇ ਸਾਹਬਜਾਦੇ ਨਾਹਿ ਮਰਾਏ।**
**ਸ਼ੀਰ ਖੋਰ ਤੌਹਿ ਨਾਹਿ ਕੁਹਾਏ।**

ਅੱਗ ਦੇ ਨਾਲ ਸੜੇ ਸਰੀਰ ਉੱਤੇ ਠੰਢਾ ਪਾਨੀ ਪੈਣ ਨਾਲ ਜਲਨ ਕਈ ਗੁਣਾ ਵਧ ਜਾਇਆ ਕਰਦੀ ਹੈ। ਪ੍ਰਮਾਤਮਾ ਰੂਪ ਗੁਰੂ ਅਰਜਨ ਦੇਵ ਜੀ ਨੇ ਸਾਰੀ ਜਲਨ ਸਹਾਰ ਲਈ, ਪਰ ਪੰਜ ਭੂਤਕ ਸਰੀਰ ਦਾ ਤਾਂ ਆਪਣਾ ਹੀ ਧਰਮ ਹੈ। ਉਹ ਕੁਦਰਤ ਦੇ ਨਿਯਮਾਂ ਵਿਚ ਚੱਲਣ ਲਈ ਮਜਬੂਰ ਹੈ। ਸਰੀਰ ਅੱਗ ਨਾਲ ਸੜ ਕੇ ਭੜਥਾ ਹੋਇਆ ਪਿਆ ਸੀ। ਠੰਢੇ ਪਾਨੀ ਵਿਚ ਪੈਣ ਕਰਕੇ ਸਰੀਰ ਖੱਖੜੀ ਵਾਂਗ ਫਟ ਗਿਆ ਤੇ ਆਤਮਾ ਪਰਮਾਤਮਾ ਵਿਚ ਮਿਲ ਗਈ।

ਗੁਰੂ ਜੀ ਨੂੰ ਤੱਤੀ ਰੇਤ ਪਾ-ਪਾ ਪੀੜਤ ਕੀਤਾ ਗਿਆ, ਉਬਲਦੇ ਪਾਨੀ ਵਿਚ ਵੀ ਉਬਾਲਿਆ ਗਿਆ ਤੇ ਅੰਤ ਹੋਰ ਤਸੀਹੇ ਦੇਣ ਲਈ ਰਾਵੀ ਦੇ ਠੰਢੇ ਪਾਨੀ ਵਿਚ ਡਬੋਇਆ ਗਿਆ ਪਰ ਗੁਰੂ ਜੀ ਦੀ ਆਤਮਾ 'ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮ ਪਦਾਰਥ ਨਾਨਕ ਮਾਂਗੈ॥' ਗਾਉਂਦੀ (੧ ਹਾੜ, ੧੬੬੩ ਬਿ.) ਨੂੰ ਪਰਮਾਤਮਾ ਸਾਗਰ ਵਿਚ ਲੀਨ ਹੋ ਗਈ। ਭਾਈ ਗੁਰਦਾਸ ਜੀ ਨੇ ਇਸ ਸੰਬੰਧ ਵਿਚ ਇਸ ਤਰ੍ਹਾਂ ਉਚਾਰਨ ਕੀਤਾ ਹੈ :

**ਰਹਿਦੇ ਗੁਰੁ ਦਰਿਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ।**
**ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ।**
**ਸਬਦੁ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ।** ....
**ਗੁਰ ਅਰਜਨ ਵਿਟਹੁ ਕੁਰਬਾਣੀ॥ 23 ॥** (ਵਾਰ 24, ਪਉੜੀ 23)

ਸ਼ਹੀਦ ਦੁੱਖਾਂ ਕਸ਼ਟਾਂ ਤੋਂ ਨਹੀਂ ਡਰਦਾ। ਇਸ ਬਾਰੇ ਇਕ ਕਵੀ ਦਾ ਬਹੁਤ ਸੁੰਦਰ ਕਥਨ ਹੈ :

**ਉਸੇ ਯੇ ਸ਼ੌਕ ਹੈ ਹਰਦਮ ਨਈ ਤਰਜ਼ੇ-ਜ਼ਫ਼ਾ ਕਿਆ ਹੈ।**
**ਹਮੇਂ ਯੇ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ।**

ਸ਼ਹੀਦ ਮਰਦਾ ਨਹੀਂ ਸਗੋਂ ਆਪਣੇ ਵਰਗੇ ਅਨੇਕਾਂ ਸ਼ਹੀਦ ਪੈਦਾ ਕਰ ਦਿੰਦਾ ਹੈ :

**ਖ਼ੁਦਾ ਜਾਨੇ ਡੂਬਨੇ ਵਾਲੇ ਨੇ ਕਿਆ ਕਹਾ ਇਨ ਮੌਜੋਂ ਸੇ।**
**ਮੌਜੇਂ ਆਜ ਤਕ ਸਿਰ ਫੋੜਤੀ ਫਿਰਤੀ ਹੈਂ ਸਾਹਿਲ ਸੇ।**

ਸੱਚ ਨੂੰ ਪਰਖਣ ਵਾਲੇ ਤੇ ਸ਼ਹੀਦਾਂ ਦੇ ਅਸਥਾਨ ਦੀ ਮਹਾਨਤਾ ਸਮਝਣ ਵਾਲੇ ਇਕ ਸੱਜਣ ਕਹਿੰਦੇ ਹਨ :

**ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬਿਹਤਰ ਕਾਅਬਾ ?**
**ਸ਼ਹੀਦੋਂ ਕੀ ਖ਼ਾਕ ਪੇ ਤੋ ਖ਼ੁਦਾ ਭੀ ਕੁਰਬਾਨ ਹੋਤਾ ਹੈ।**

ਇਕ ਹੋਰ ਕਵੀ ਨੇ ਬੜਾ ਸੁੰਦਰ ਲਿਖਿਆ ਹੈ :

**ਜੋ ਆਸ਼ਕ ਹੈਂ ਸ਼ਹਾਦਤ ਕੇ ਵੋਹ ਜੀਨਾ ਛੋੜ ਦੇਤੇ ਹੈਂ।**
**ਖਿਲੌਨਾ ਸਮਝ ਕਰ ਜਿਸਮ ਕੋ ਖ਼ੁਸ਼ੀ ਸੇ ਫੋੜ ਦੇਤੇ ਹੈਂ।**
**ਨਾ ਤਖ਼ਤੋ ਤਾਜ ਨਾ ਹੂਰੋਂ ਕੀ ਹਸਰਤ ਹੈ,**
**ਖ਼ੁਦਾ ਭੀ ਖ਼ੁਦਾਈ ਦੇ ਤੋ ਵਾਪਸ ਮੋੜ ਦੇਤੇ ਹੈਂ।**
**ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ,**
**ਹਯਾਤ ਤੋ ਹਯਾਤ ਹੈ ਵੋਹ ਮੌਤ ਭੀ ਹਯਾਤ ਹੈ।**

੧੬੦੬ ਈਸਵੀ ਨੂੰ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ ਸਨ। ਇਹ ਤਪਸ਼, ਇਹ ਦੁੱਖ ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ ਦਾ ਗੁਰੂ ਜੀ ਨੂੰ ਤਾਂ ਨਹੀਂ ਲੱਗਿਆ ਕਿਉਂਕਿ ਗੁਰੂ ਜੀ ਪਾਸ ਹਰਿ ਹਰਿ ਨਾਮੁ ਸੀਤਲ ਜਲੁ ਸੀ।

ਬਿਲਾਵਲੁ ਮਹਲਾ 4 ॥ ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥ ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥ ੧ ॥ ਜਪਿ ਜਗੰਨਾਥ ਜਗਦੀਸ ਗੁਸਈਆ ॥ ਸਰਣਿ ਪਰੇ ਸੇਈ ਜਨ ਉਬਰੇ ਜਿਉ ਪ੍ਰਹਿਲਾਦ ਉਧਾਰਿ ਸਮਈਆ ॥ ੧ ॥ ਰਹਾਉ ॥ ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥ ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥ 2 ॥ ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ ॥ ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥ 3 ॥ ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਈਆ ॥ ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥ 4 ॥ ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥ ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ

ਪਾਰੁ ਨ ਪਾਵੈ ਪਰੈ ਪਰਈਆ ॥ 5 ॥ ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥ ਮਨਮੁਖਿ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥ 6 ॥ ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥ 7 ॥ ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥ ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥ 8 ॥ 2 ॥ 5 ॥

ਪਦ ਅਰਥ :-ਵਾਸੁ=ਵਾਸ਼ਨਾ, ਸੁਗੰਧੀ। ਗੰਧਈਆ=ਸੁਗੰਧੀ, ਖ਼ੁਸ਼ਬੂ ਫੈਲ ਰਹੀ ਹੈ। ਹਿਰਡ=ਅਰਿੰਡ। ਪਲਾਸ=ਛਿਛਰੇ ਵਾਂਗ ਨਿਕੰਮਾ, ਢੱਕ। ਬੁਹੀਆ=ਸੁਗੰਧੀ ਵਾਲਾ। ਜਪਿ=(ਤੂੰ) ਜਪ। ਜਗੰਨਾਥ=ਜਗਤ ਦਾ ਮਾਲਕ। ਜਗਦੀਸ=ਜਗਤ ਦਾ ਈਸ਼ਵਰ। ਗੁਸਈਆ=ਪ੍ਰਿਥਵੀ ਦਾ ਮਾਲਕ। ਉਬਰੇ=ਤਰ ਗਏ। ਉਧਾਰਿ=ਉਧਾਰ ਕੇ। ਸਮਈਆ=(ਆਪਣੇ ਵਿਚ) ਸਮਾਅ ਲਿਆ। ਭਾਰ ਅਠਾਰਹ=ਅਠਾਰਾ ਭਾਰ (ਬਨਸਪਤੀ) ਵਿਚੋਂ। ਨਿਕਟਿ=ਨੇੜੇ। ਹੁਈਆ=ਹੋ ਜਾਂਦੇ ਹਨ। ਸਾਕਤਿ=ਸ਼ਕਤੀ ਦੇ ਉਪਾਸ਼ਕ, ਮਨਮੁਖ। ਊਭ=ਖੜੇ ਹੋਏ। ਸੁਕ=ਸੁੱਕੇ। ਬਿਧਿ=ਵਿਧੀ। ਸਾਗਰ=ਸਮੁੰਦਰ। ਖੁਲ੍ਹਈਆ=ਖੁੱਲ੍ਹਿਆ ਹੋਇਆ ਹੈ। ਪਰੈ ਪਰਈਆ=ਪਰ੍ਹੇ ਤੋਂ ਪਰ੍ਹੇ ਭਾਵ ਬੇਅੰਤ। ਵਿਗੂਤੇ=ਖ਼ਰਾਬ ਹੋ ਰਹੇ ਹਨ। ਭਾਰਿ ਬੁਡਈਆ=ਭਾਰ ਨਾਲ ਡੁੱਬ ਰਹੀ ਹੈ। ਪਰਚੈ=ਪਰੀਚੈ, ਗਿਆਨ ਦੀ ਜਾਣਕਾਰੀ। ਪਈਆ=ਪਾਇਆ ਹੈ। ਵਰਨੁ=ਰੰਗ। ਜਿਤੁ=ਜਿਸ ਪਾਸੇ। ਲਾਵਹਿ=ਤੂੰ ਲਾਉਂਦਾ ਹੈਂ। ਸੇ=ਓਹ। ਕਮਈਆ=ਕਮਾਉਂਦੇ ਹਨ। ਵਾਜਹਿ=ਵੱਜਦੇ ਹਨ।

ਅਰਥ :- (ਹੇ ਭਾਈ ਪ੍ਰਭੂ !) ਪਰਮਾਤਮਾ ਦਾ ਨਾਮ (ਜੋ) ਸੀਤਲ ਜਲ ਸਮਾਨ ਹੈ (ਉਸ ਨੂੰ) ਧਿਆਓ, ਭਾਵ ਸਿਮਰਨ ਕਰੋ, ਪ੍ਰਭੂ ਹਰੀ ਦਾ ਨਾਮ ਚੰਦਨ ਦੀ ਵਾਸ਼ਨਾ (ਸਮਾਨ ਹੈ, ਉਸ ਦੀ) ਸੁਗੰਧੀ (ਸਭ ਪਾਸੇ) ਫੈਲ ਰਹੀ ਹੈ। ਮੈਂ (ਜੀਵ) ਅਰਿੰਡ ਤੇ ਪਲਾਸ (ਢੱਕ ਦੇ ਪੱਤੇ ਵਾਂਗ ਬਿਲਕੁਲ) ਨਿਕੰਮਾ ਸਾਂ, (ਪਰ) ਸਤਿਸੰਗਤ ਨਾਲ ਮਿਲ ਕੇ (ਮੈਨੂੰ) ਪਰਮ ਪਦ (ਉਤਮ ਪਦ) ਪ੍ਰਾਪਤ ਹੋਇਆ ਹੈ।੧।

(ਹੇ ਭਾਈ ! ਤੂੰ) ਜਗੰਨਾਥ=ਜਗਤ ਦੇ ਮਾਲਕ, ਜਗਦੀਸ=ਜਗਤ ਦੇ ਈਸ਼ਵਰ ਅਤੇ ਗੁਸਈਆ=ਪ੍ਰਿਥਵੀ ਦੇ ਮਾਲਕ ਨੂੰ ਜਪ। (ਜਿਹੜੇ ਸੇਵਕ) ਉਸ ਪਰਮੇਸ਼ਰ ਦੀ ਸ਼ਰਨ ਪੈ ਗਏ ਹਨ, ਓਹੀ ਜਨ (ਇਸ ਸੰਸਾਰ ਤੋਂ) ਪਾਰ ਹੋਏ ਹਨ, ਜਿਵੇਂ ਕਿ ਭਗਤ ਪ੍ਰਹਿਲਾਦ ਜੀ ਨੂੰ ਉਧਾਰ ਕੇ (ਹਰੀ ਨੇ ਉਸ ਨੂੰ ਆਪਣੇ ਵਿਚ) ਸਮਾਅ ਲਿਆ ਭਾਵ ਅਭੇਦ ਕਰ ਲਿਆ ਹੈ।੧।ਰਹਾਉ।

(ਹੇ ਭਾਈ !) ਅਠਾਰਾਂ ਭਾਰ (ਬਨਾਸਪਤੀ) ਵਿਚ ਚੰਦਨ (ਸਭ ਤੋਂ) ਉੱਤਮ ਤੇ ਚੰਗਾ ਮੰਨਿਆ ਹੈ, (ਕਿਉਂਕਿ ਜੋ) ਚੰਦਨ ਦੇ ਨੇੜੇ (ਲਾਗੇ ਰੁੱਖ ਹੁੰਦੇ ਹਨ, ਉਹ) ਸਾਰੇ ਚੰਦਨ ਰੂਪ ਹੋ ਜਾਂਦੇ ਹਨ। ਪਰ ਝੂਠੇ ਸਾਕਤ (ਮਨੁੱਖ) ਖੜੇ ਤੇ ਸੁੱਕੇ ਹੋਏ (ਦਰੱਖ਼ਤ ਦੇ ਸਮਾਨ ਹਨ, ਕਿਉਂਕਿ ਉਨ੍ਹਾਂ ਦੇ) ਮਨ ਵਿਚ ਹੰਕਾਰ ਹੈ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਇਸ ਲਈ ਉਹ ਮਨੁੱਖ ਹਰੀ ਤੋਂ) ਵਿਛੁੜ ਕੇ ਦੂਰ ਹੋ ਗਏ ਹਨ।੨।

ਹੇ ਭਾਈ ! ਹਰੀ ਕਰਤਾ ਗਤਿ ਮਿਤਿ ਆਦਿ ਮਰਯਾਦਾ ਨੂੰ ਆਪ ਹੀ ਜਾਣਦਾ ਹੈ ਅਤੇ ਸਭ ਬਿਧੀਆਂ ਹਰੀ ਆਪਣੇ ਆਪ ਹੀ ਬਣਾਉਣ ਵਾਲਾ ਹੈ। ਜਿਸ ਨੂੰ ਪੂਰਨ ਸਤਿਗੁਰੂ ਮਿਲ ਪਵੇ ਉਹ (ਮਨੁੱਖ) ਸੋਨੇ (ਦੀ ਤਰ੍ਹਾਂ ਸ਼ੁੱਧ ਰੂਪ) ਹੋ ਜਾਂਦਾ ਹੈ, (ਅਸਲ ਵਿਚ) ਜੋ ਕਰਮਾਂ ਅਨੁਸਾਰ ਧੁਰ ਤੋਂ (ਲੇਖ) ਲਿਖਿਆ ਹੋਵੇ, ਉਹ (ਲੇਖ ਕਿਸੇ ਦੇ) ਮਿਟਾਇਆਂ ਨਹੀਂ ਮਿਟ ਸਕਦਾ।੩।

(ਹੇ ਭਾਈ !) ਰਤਨ ਪਦਾਰਥ (ਪ੍ਰਭੂ ਦਾ ਨਾਮ ਹੈ ਅਤੇ ਇਸ ਨੂੰ) ਗੁਰੂ ਦੀ ਸਿਖਿਆ ਦੁਆਰਾ ਹੀ (ਕੋਈ) ਪਾ ਸਕਦਾ ਹੈ, (ਸਤਿਗੁਰੂ ਦੇ ਪਾਸ) ਸਮੁੰਦਰ ਦੀ ਨਿਆਈਂ (ਨਾਮ ਪਦਾਰਥ ਆਦਿ) ਭਗਤੀ ਦਾ ਭੰਡਾਰਾ ਖੁੱਲ੍ਹਿਆ ਹੋਇਆ ਹੈ। (ਇਸ ਕਰਕੇ ਹੁਣ ਮੇਰੀ) ਗੁਰੂ ਚਰਨਾਂ ਨਾਲ ਇਕ ਸ਼ਰਧਾ ਪੈਦਾ ਹੁੰਦੀ ਹੈ, (ਜਿਸ ਦੀ ਬਰਕਤ ਨਾਲ) ਮੈਨੂੰ ਹਰੀ ਦੇ ਗੁਣ ਕਹਿੰਦਿਆਂ ਤ੍ਰਿਪਤੀ ਨਹੀਂ ਹੁੰਦੀ (ਭਾਵ ਮੇਰਾ ਮਨ ਰਜਦਾ ਹੀ ਨਹੀਂ; ਇਸ ਨੂੰ ਹਰ ਵੇਲੇ ਗੁਣ ਗਾਉਣ ਦੀ ਲਾਲਸਾ ਲੱਗੀ ਰਹਿੰਦੀ ਹੈ)।੪।

(ਹੇ ਭਾਈ ! ਮੇਰੇ ਹਿਰਦੇ ਅੰਦਰ) ਪਰਮ=ਵੱਡਾ ਵੈਰਾਗ ਹੈ, (ਮੇਰਾ ਮਨ) ਹਰ ਰੋਜ਼ (ਹਰੀ ਨੂੰ) ਧਿਆ ਰਿਹਾ ਹੈ, ਮੈਂ ਹਰੀ ਦੇ ਗੁਣ ਕਹਿੰਦਿਆਂ (ਆਪਣੀ) ਭਾਵਨੀ (ਪਿਆਰ) ਨੂੰ ਪ੍ਰਗਟ ਕੀਤਾ ਹੈ। ਵਾਰ ਵਾਰ, ਖਿਨ ਖਿਨ, ਪਲ ਪਲ (ਹਰੀ ਪ੍ਰਭੂ ਦਾ ਨਾਮ) ਕਹਿਣਾ (ਸਿਮਰਨਾ) ਚਾਹੀਦਾ ਹੈ, (ਪਰ) ਹਰੀ ਦਾ ਪਾਰਾਵਾਰ (ਫਿਰ ਵੀ) ਨਹੀਂ ਪੈ ਸਕਦਾ, (ਓਹ) ਪਰ੍ਹੇ ਤੋਂ ਪਰ੍ਹੇ (ਬੇਅੰਤ) ਹੈ।੫।

ਹਿੰਦੂ ਮੱਤ ਦੇ ਧਾਰਮਿਕ ਗ੍ਰੰਥ (ਛੇ) ਸ਼ਾਸਤਰ, (ਚਾਰ) ਵੇਦ (ਅਤੇ ਅਠਾਰਾਂ) ਪੁਰਾਣ (ਇਹੋ ਹੀ) ਪੁਕਾਰਦੇ ਹਨ ਕਿ ਛੇ ਕਰਮ ਜੋ ਧਾਰਮਿਕ ਗ੍ਰੰਥਾਂ ਅੰਦਰ ਦ੍ਰਿੜ੍ਹ ਕਰਾਏ ਗਏ ਹਨ, ਅਸਲ ਵਿਚ ਉਹ ਇਹ ਹੀ ਹਨ, ਕਿ ਨਾਮ ਜਪਣ ਰੂਪ ਧਰਮ ਨੂੰ ਕਮਾਓ। ਮਨਮੁਖ (ਜੀਵ) ਪਾਖੰਡ ਵਿਚ, ਭਰਮ ਵਿਚ, (ਲੱਗ ਕੇ) ਖ਼ਰਾਬ ਹੋ ਰਹੇ ਹਨ, ਲੋਭ ਦੀ ਲਹਿਰ ਨਾਲ (ਉਹਨਾਂ ਦੀ ਜੀਵਨ ਰੂਪੀ ਬੇੜੀ (ਸੰਸਾਰ ਸਾਗਰ ਵਿਚ) ਡੁੱਬ ਰਹੀ ਹੈ।੬।

(ਹੇ ਭਾਈ !) ਸਾਰੇ ਜੀਵ (ਪਰਮੇਸ਼ਰ ਦਾ) ਨਾਮ ਜਪੋ (ਅਤੇ) ਨਾਮ ਦੇ ਰਾਹੀਂ (ਮੁਕਤੀ) ਪਾ ਲਵੋਗੇ, (ਕਿਉਂਕਿ) ਸਿਮਰਤੀਆਂ ਤੇ ਸ਼ਾਸਤਰ (ਸਾਰੇ) ਨਾਮ ਦ੍ਰਿੜ੍ਹ ਹੋਣ ਦੀ ਗੱਲ ਕਰਦੇ ਹਨ। ਜਦੋਂ (ਜੀਵ ਦੇ ਅੰਦਰੋਂ) ਹਉਮੈ ਚਲੀ ਜਾਂਦੀ ਹੈ ਤਾਂ (ਇਹ) ਪਵਿੱਤਰ ਹੋ ਜਾਂਦਾ ਹੈ ਅਤੇ ਗੁਰੂ ਦੁਆਰਾ (ਜਦੋਂ) ਗਿਆਨ ਦੀ ਜਾਣਕਾਰੀ ਪ੍ਰਾਪਤ ਕਰ ਲੈਂਦਾ ਹੈ (ਤਾਂ) ਪਰਮ ਪਦ ਪਾ ਲੈਂਦਾ ਹੈ।੭।

(ਹੇ ਪ੍ਰਭੂ !) ਇਹ ਜਗਤ, ਰੰਗੀ ਰੰਗੀ ਭਾਤੀ ਰੂਪ ਸਭ ਕੁਝ ਤੇਰਾ ਹੀ (ਬਣਾਇਆ ਹੋਇਆ ਹੈ) ਅਤੇ ਜਿਸ ਪਾਸੇ (ਜੀਵਾਂ ਨੂੰ ਤੂੰ) ਲਾਉਂਦਾ ਹੈਂ (ਜੀਵ) ਉਹੀ ਕਰਮ ਕਮਾਉਂਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ !) ਜੀਵ ਰੂਪੀ ਵਾਜੇ (ਤੇਰੇ) ਵਜਾਏ ਹੋਏ ਹੀ ਵੱਜਦੇ ਹਨ, ਜਿਸ ਰਸਤੇ 'ਤੇ (ਤੂੰ ਟੋਰਨਾ ਚਾਹੁੰਦਾ ਹੈਂ; ਜੀਵ ਉਸੇ) ਰਸਤੇ 'ਤੇ ਟੁਰਦੇ ਹਨ।੮।੨।੫।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧੪੪ (ਆਦਿ ਅੰਗ 835)

## ਬਿਲਾਵਲੁ ਮਹਲਾ 4 ॥

ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥ ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥ ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥ ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥ ੧ ॥ ਰਹਾਉ ॥ ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥ ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥ 2 ॥ ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥ ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥ 3 ॥ ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥ 4 ॥ ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥ ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥ 5 ॥ ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥ ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥ 6 ॥ ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ 7 ॥ ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥ ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥ 8 ॥ 5 ॥ 8 ॥

## ਪ੍ਰਾਕ੍ਰਥਨ :

ਬਿਲਾਵਲੁ ਰਾਗੁ ਅੰਦਰ ਇਹ ਅਸਟਪਦੀ ਸੌਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਹੋਈ ਹੈ। ਇਸ ਦੇ ਆਦਿ ਵਿਚ ਹਜ਼ੂਰ ਨੇ ਪ੍ਰੇਮੀ ਦੇ ਮਨ ਅੰਦਰ ਪ੍ਰਭੂ ਦੇ ਮਿਲਾਪ ਦੀ ਆਸ਼ਾ ਦਾ ਜ਼ਿਕਰ ਕੀਤਾ ਹੈ, ਪਰ ਮਿਲਾਪ ਪ੍ਰਮਾਤਮਾ ਦਾ ਪ੍ਰੇਮ ਕਰ ਕੇ ਹੀ ਹੁੰਦਾ ਹੈ, ਬਿਨਾਂ ਪ੍ਰੇਮ ਤੋਂ ਉਸ ਦਾ ਮਿਲਾਪ ਨਹੀਂ ਹੈ।

## ਵਿਸ਼ਾ — ਦਰਸ਼ਨ ਪਿਆਸੀ ਦਿਨਸ ਰਾਤਿ

ਸ੍ਰੀ ਗੁਰੂ ਰਾਮਦਾਸ ਜੀ ਕਿਰਪਾ ਕਰਦੇ ਹਨ — 'ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥' ਹਜ਼ੂਰ ਕਿਰਪਾ ਕਰਦੇ ਹਨ ਕਿ ਗੁਰੂ ਦੇ ਬਚਨ ਸੁਣ ਕੇ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲੱਗ ਆਈ ਹੈ ਅਤੇ ਪ੍ਰੇਮ ਰੂਪੀ ਤੀਰ ਲੱਗ ਗਏ ਹਨ — 'ਮੇਰੇ ਮਨ ਪ੍ਰੇਮ ਲਗੋ ਹਰਿ ਤੀਰ', ਪ੍ਰੇਮ ਦੇ ਤੀਰ ਦਾ ਵਿੰਨ੍ਹਿਆ ਜਗਿਆਸੂ ਹੀ ਪ੍ਰੇਮਾ-ਭਗਤੀ ਕਰ ਸਕਦਾ ਹੈ। ਪ੍ਰੇਮਾ-ਭਗਤੀ ਦੇ ਮਾਰਗ ਨੂੰ ਬਿਹੰਗ ਮਾਰਗ ਕਿਹਾ ਹੈ, ਬਿਹੰਗ ਨਾਮ ਪੰਛੀ ਦਾ ਹੁੰਦਾ ਹੈ। ਜਿਸ ਤਰ੍ਹਾਂ ਪੰਛੀ ਉਡਾਰੀ ਮਾਰ ਕੇ ਛੇਤੀ ਨਾਲ ਆਪਣੀ ਮੰਜ਼ਿਲ 'ਤੇ ਜਾ ਪੁੱਜਦਾ ਹੈ, ਇਸੇ ਤਰ੍ਹਾਂ ਪ੍ਰੇਮੀ, ਪ੍ਰੇਮਾ-ਭਗਤੀ ਦੇ ਪਰਾਂ ਨਾਲ ਕਰਮ-ਕਾਂਡੀ ਮਾਰਗ ਤੋਂ ਪਹਿਲਾਂ ਹੀ ਆਪਣੇ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਮੰਜ਼ਿਲ 'ਤੇ ਜਾ ਪੁੱਜਦਾ ਹੈ। ਕਰਮ-ਕਾਂਡੀ ਮਾਰਗ ਨੂੰ ਕੀਟੀ ਮਾਰਗ ਕਿਹਾ ਗਿਆ ਹੈ, ਜਿਸ ਤਰ੍ਹਾਂ ਕੀੜੀ ਨੂੰ ਦਰੱਖ਼ਤ ਦੀ ਜੜ੍ਹ ਤੋਂ ਟਾਹਣੀਆਂ ਪੱਤਿਆਂ ਰਾਹੀਂ ਸਿਖਰ 'ਤੇ ਪਹੁੰਚਣਾ ਬੜਾ ਮੁਸ਼ਕਲ ਹੈ। ਪੰਛੀ ਉਡਾਰੀ ਮਾਰ ਕੇ ਦਰੱਖ਼ਤ ਦੇ ਸਿਖਰ 'ਤੇ ਜਾ ਪੁੱਜਦਾ ਹੈ। ਇਸ ਕਰ ਕੇ ਪ੍ਰੇਮ ਨੂੰ ਇਕ ਬਿਹੰਗ ਮਾਰਗ ਦੱਸਿਆ ਹੈ।

ਭਾਈ ਨੰਦ ਲਾਲ ਜੀ ਪ੍ਰੇਮ ਦੀ ਜਾਚਨਾ ਕਰਦੇ ਹਨ :-

**ਦਰ ਦਿਲਿ ਗੋਯਾ ਹਵਾਇ ਸ਼ੌਕ ਬਖ਼ਸ਼।**
**ਬਰ ਜ਼ੁਬਾਨਸ ਜੌਗ ਇ ਅਜ਼ ਜ਼ੌਕ ਬਖ਼ਸ਼॥ 507॥**

(ਭਾ: ਨੰਦ ਲਾਲ ਗ੍ਰੰਥਾਵਲੀ, ਕ੍ਰਿਤ ਡਾ. ਗੰਡਾ ਸਿੰਘ, ਪੰਨਾ ੧੩੬)

ਅਰਥ :- ਹੇ ਅਕਾਲ ਪੁਰਖ ! ਗੋਯਾ ਦੇ ਦਿਲ ਵਿਚ ਪ੍ਰੇਮ ਦੀ ਚਾਹ ਬਖ਼ਸ਼, ਗੋਯਾ ਦੀ ਜੀਭ ਪੁਰ ਆਪਣੇ ਚਾਉ ਦਾ ਇਕ ਕਿਣਕਾ ਬਖ਼ਸ਼।

**ਤਾਂ ਨਾ ਬਾਸ਼ਦ ਵਿਰਦਿ ਆਂ ਜੁਜ਼ ਯਾਦ ਹੱਕ।**
**ਤਾਂ ਨ ਖ਼ਾਨਦ ਗ਼ੈਰ ਹੱਕ ਦੀਗਰ ਸਬਕ॥ 508॥**

ਤਾਂ ਜੋ ਇਹ ਰੱਬ ਦੀ ਯਾਦ ਤੋਂ ਛੁੱਟ ਹੋਰ ਦੂਜਾ ਸਿਮਰਨ ਨਾ ਕਰੇ, ਤਾਂ ਜੋ ਇਹ ਰੱਬ ਦੇ ਪ੍ਰੇਮ ਤੋਂ

ਬਿਨਾਂ ਹੋਰ ਦੂਜਾ ਕੋਈ ਸਬਕ ਨਾ ਪੜ੍ਹੇ।

**ਐ ਜੁਰੇ ਦਿਲ ਕਾਦਰੋ ਸੌਕਰ ਬਵਦ। ਦਰ ਹਕੀਕਤ ਸਾਹਿਬ ਯੌਕਸ ਬਵਦ॥**

ਅਦਭੁੱਤ ਹੈ ਉਹ ਮਨ ਜੋ ਉਸ ਦੇ ਪ੍ਰੇਮ ਵਿਚ ਮਗਨ ਹੈ, ਪਰ ਜੇ ਵਾਸਤਵ ਵਿਚ ਉਸ ਵਾਹਿਗੁਰੂ ਜੀ ਦਾ ਪ੍ਰੇਮੀ ਹੋਵੇ।

**ਇਸ਼ਕੇ ਮੌਲਾ ਮਰ ਤੁਰਾ ਮੌਲਾ ਕੁਨਦ। ਦਰਦੋ ਆਲਮ ਬਿਹਤਰ ਮੌਲਾ ਕੁਨਦ॥**

ਅਕਾਲ ਪੁਰਖ ਦਾ ਪ੍ਰੇਮ ਤੈਨੂੰ ਉਸ ਦਾ ਸਰੂਪ ਹੀ ਕਰ ਦੇਵੇਗਾ ਅਤੇ ਦੋਹਾਂ ਲੋਕਾਂ ਵਿਚ ਸ੍ਰੇਸ਼ਟ ਅਤੇ ਸ਼੍ਰੋਮਣੀ ਬਣਾ ਦੇਵੇਗਾ।

ਪ੍ਰਭੂ ਦੇ ਪਿਆਰਿਆਂ ਦੀ ਜੀਵਨ-ਜੁਗਤੀ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ। ਉਹ ਬਿਖਮ ਪੈਂਡਿਆਂ ਦੇ ਪਾਂਧੀ ਹੁੰਦੇ ਹਨ। ਲੋਭ, ਲਾਲਚ, ਅਹੰਕਾਰ, ਦੁਨਿਆਵੀ ਵਾਸ਼ਨਾਵਾਂ ਤੋਂ ਉਹ ਅਭਿੱਜ ਰਹਿੰਦੇ ਹਨ। ਇਸ ਵਿਚ ਕੋਈ ਸੰਦੇਹ ਵਾਲੀ ਗੱਲ ਨਹੀਂ ਕਿ ਇਹ ਤਾਂ ਖੰਡੇ ਦੀ ਤਿੱਖੀ ਧਾਰ, ਜੋ ਵਾਲ ਨਾਲੋਂ ਵੀ ਬਰੀਕ ਹੈ, ਉਸ 'ਤੇ ਚੱਲਣ ਵਾਲੀ ਗੱਲ ਹੈ। ਦੁਨਿਆਵੀ ਵਾਸ਼ਨਾਵਾਂ ਵਿਚ ਫਸ ਕੇ ਆਮ ਪ੍ਰਾਣੀ ਦਾ ਮਨ ਕਿਸੇ ਵੇਲੇ ਵੀ ਡੋਲ ਸਕਦਾ ਹੈ, ਪਰ ਜਿਨ੍ਹਾਂ ਨੇ ਆਪਣੀ ਡੋਰੀ ਪ੍ਰਭੂ 'ਤੇ ਛੱਡੀ ਹੋਈ ਹੈ, ਉਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਗੁਰੂ ਦੀ ਕਿਰਪਾ ਨਾਲ ਸੁਭਾਵਕ ਹੀ ਖ਼ਤਮ ਹੋ ਜਾਂਦੀਆਂ ਹਨ, ਇਸ ਮਾਰਗ ਦੇ ਸੰਬੰਧ ਵਿਚ ਹਜ਼ੂਰ ਦਾ ਫ਼ੁਰਮਾਨ ਹੈ :

**ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥**
**ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥** (ਅੰਗ 794)

ਪ੍ਰੇਮ ਤੋਂ ਭਾਵ ਹੈ ਪਿਆਰ, ਸਨੇਹ, ਨੇਕੀ, ਸੱਚ ਆਦਿ। ਦੁਨਿਆਵੀ ਅਤੇ ਅਧਿਆਤਮਿਕ ਪੱਖ ਤੋਂ ਇਹ ਸਭ ਤੋਂ ਉੱਤਮ ਮਾਰਗ ਹੈ। ਇਹ ਬਿਖਮ ਅਤੇ ਕਠਿਨ ਮਾਰਗ ਹੈ, ਜਿਸ 'ਤੇ ਆਮ ਮਨੁੱਖ ਨਹੀਂ ਚੱਲ ਸਕਦਾ। ਸੁੱਖ, ਦੁੱਖ, ਭੁੱਖ, ਤ੍ਰਿਸ਼ਨਾਵਾਂ ਨੂੰ ਤਿਆਗ ਕੇ ਹੀ ਇਸ ਮਾਰਗ ਦੇ ਪਾਂਧੀ ਬਣਿਆ ਜਾ ਸਕਦਾ ਹੈ। ਇਥੇ ਹਰ ਅਵਸਥਾ ਵਿਚ ਸਾਧਕ ਪ੍ਰਭੂ ਦੀ ਰਜ਼ਾ ਜਾਂ ਭਾਣੇ ਵਿਚ ਰਹਿੰਦਾ ਹੋਇਆ ਆਪਣਾ ਤਨ, ਮਨ ਭਾਵ ਸਭ ਕੁਝ ਪਿਆਰੇ ਪ੍ਰਭੂ ਤੋਂ ਨਿਛਾਵਰ ਕਰ ਦਿੰਦਾ ਹੈ। ਭਾਵੇਂ ਸਰੀਰ ਦੇ ਟੋਟੇ ਟੋਟੇ ਕਿਉਂ ਨਾ ਕਰ ਦਿੱਤੇ ਜਾਣ, ਸੇਵਕ ਦੀ ਲਿਵ ਪ੍ਰਭੂ ਚਰਨਾਂ ਵਿਚ ਹੀ ਇਕਸਾਰ ਜੁੜੀ ਰਹਿੰਦੀ ਹੈ :

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ 2 ॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ 3 ॥**
**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ 4 ॥**
**ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ 5 ॥**
**ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ 6 ॥**

(ਅੰਗ 757)

ਤੀਸਰੇ ਗੁਰਦੇਵ ਗੁਰੂ ਅਮਰਦਾਸ ਜੀ ਨੇ ਪ੍ਰੇਮਾ-ਭਗਤੀ ਵਿਚ ਭਿੱਜੇ ਭਗਤਾਂ ਦੀ ਚਾਲ ਨਿਰਾਲੀ ਕਥਨ ਕੀਤੀ ਹੈ :

**ਭਗਤਾ ਕੀ ਚਾਲ ਨਿਰਾਲੀ॥**
**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**
**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥**
**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥**
**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥ ੧੪॥**

(ਅੰਗ ੯੧੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੜੇ ਸੁੰਦਰ ਬਚਨ ਹਨ। ਦਸਮੇਸ਼ ਜੀ ਫ਼ੁਰਮਾਉਂਦੇ ਹਨ ਕਿ ਮੈਂ ਸੱਚ ਆਖਦਾ ਹਾਂ, ਸਾਰੇ ਧਿਆਨ ਸਹਿਤ ਸੁਣੋ। ਜਿਸ ਮਨੁੱਖ ਨੇ ਕਰਮ-ਕਾਂਡ ਅਤੇ ਵਿਸ਼ੇ-ਭੋਗਾਂ ਦਾ ਰਾਹ ਛੱਡ ਕੇ ਪ੍ਰਭੂ ਨਾਲ ਪ੍ਰੇਮ ਕੀਤਾ, ਕੇਵਲ ਉਸ ਨੇ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਹੈ।

ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਵਿੱਤਰ ਬਚਨ ਹਨ :

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ, ਬੈਠਿ ਰਹਿਓ ਬਕ ਧਯਾਨ ਲਗਾਇਓ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ, ਲੋਕ ਗਇਓ ਪਰਲੋਕ ਗਵਾਇਓ॥**
**ਬਾਸੁ ਕੀਓ ਬਿਖਿਆਨ ਸੋ ਬੈਠ ਕੈ, ਐਸੇ ਹੀ ਐਸੇ ਸੁ ਬੈਸ ਬਿਤਾਇਓ॥**
**ਸਾਚ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ 9॥**

(ਤ੍ਵਪ੍ਰਸਾਦਿ ਸ੍ਵਯੇ ਪਾ: ੧੦, ਸ੍ਰੀ ਦਸਮ ਗ੍ਰੰਥ ਸਾਹਿਬ)

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਰਮ-ਕਾਂਡ ਦਾ ਖੰਡਨ ਕਰਦਿਆਂ ਫ਼ੁਰਮਾਉਂਦੇ ਹਨ ਕਿ ਐ ਮਨੁੱਖ ! ਕੀ ਹੋਇਆ ਜੇਕਰ ਤੂੰ ਦੋਵੇਂ ਅੱਖਾਂ ਮੀਟ ਕੇ, ਬਗਲ-ਸਮਾਧੀ ਲਾ ਕੇ (ਚਿਰੰਕਾਲ) ਬੈਠਾ ਰਿਹਾ। ਜੇਕਰ ਕੋਈ ਮਨੁੱਖ ਸੱਤਾਂ ਸਮੁੰਦਰਾਂ ਤੱਕ ਭਾਵ ਸਾਰੀ ਪ੍ਰਿਥਵੀ ਦੇ (ਤੀਰਥਾਂ 'ਤੇ) ਇਸ਼ਨਾਨ ਕਰਦਾ ਫਿਰਿਆ ਤਾਂ ਕੀ ਹੋਇਆ। ਅਜਿਹੇ ਮਨੁੱਖ ਦਾ ਇਹ ਲੋਕ ਤਾਂ ਕਰਮ-ਕਾਂਡਾਂ ਵਿਚ ਰੁਝ ਕੇ ਵਿਅਰਥ ਗਿਆ ਤੇ ਉਸ ਨੇ ਸਿਮਰਨ ਭਜਨ ਤੋਂ ਖੁੰਝ ਕੇ ਪ੍ਰਲੋਕ ਵੀ ਗਵਾ ਲਿਆ ਹੈ। ਹਜ਼ੂਰ ਕਹਿੰਦੇ ਹਨ, ਮੈਂ ਸੱਚ ਕਹਿੰਦਾ ਹਾਂ, ਸਾਰੇ ਸੁਣ ਲਉ। ਜਿਸ ਨੇ (ਪ੍ਰਭੂ) ਨਾਲ ਪ੍ਰੇਮ ਕੀਤਾ ਹੈ, ਉਸ ਨੇ ਹੀ ਪਰਮਾਤਮਾ ਨੂੰ ਪਾਇਆ ਹੈ।

ਭਾਈ ਗੁਰਦਾਸ ਜੀ ਨੇ ਗੁਰਸਿੱਖ ਦੀ ਗੁਰੂ ਨਾਲ ਪ੍ਰੀਤੀ ਦਾ ਕਥਨ ਕਰਦਿਆਂ ਆਪਣੀਆਂ ਵਾਰਾਂ ਵਿਚ ਇਹ ਦੁਨਿਆਵੀ ਪ੍ਰੀਤੀਆਂ ਦਾ ਕੁਝ ਜ਼ਿਕਰ ਕਰਕੇ ਗੁਰਸਿੱਖ ਦੀ ਗੁਰੂ ਨਾਲ ਪ੍ਰੀਤੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

**ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।**
**ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।**
**ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।**
**ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।**
**ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।**
**ਪੀਰ ਮੁਰੀਦਾ ਪਿਰਹੜੀ ਓਹੁ ਨਿਭਹੈ ਨਾਲੇ॥ 4 ॥** (ਵਾਰ 27, ਪਉੜੀ 4)

ਧਾਰਮਿਕ ਗ੍ਰੰਥਾਂ ਦੇ ਅੰਦਰ ਆਤਮਕ ਮਾਰਗ ਦੇ ਪਾਂਧੀਆਂ ਤੇ ਪ੍ਰਭੂ ਦੀ ਭਗਤੀ ਕਰਨ ਵਾਲਿਆਂ ਦਾ ਜਿੱਥੇ ਜ਼ਿਕਰ ਆਉਂਦਾ ਹੈ, ਉਥੇ ਪ੍ਰਭੂ ਦੀ ਭਗਤੀ ਵੀ ਨੌਂ ਪ੍ਰਕਾਰ ਦੀ ਕਥਨ ਕੀਤੀ ਹੈ :

**ਸ੍ਰਵਣ ਸਿਮਰਨ, ਕੀਰਤਨ, ਪਾਦਸੇਵ ਅਰ ਚਾਨ।**
**ਦਾਸਾਂ ਸਖਪਣ ਬੰਦਨਾ ਸਰਬ ਨਿਬੇਦਨ ਜਾਣ।**

ਹਜ਼ੂਰ ਦਾ ਗੁਰਬਾਣੀ ਅੰਦਰ ਵੀ ਸੁੰਦਰ ਫ਼ੁਰਮਾਣ ਹੈ : ਭਗਤ ਨਵੈ ਪ੍ਰਕਾਰਾ

ਜਿੱਥੇ ਨੌਂ ਤਰ੍ਹਾਂ ਦੀ ਭਗਤੀ ਹੈ, ਉਥੇ ਇਹ ਨੌਂ ਪ੍ਰਕਾਰ ਦੀ ਭਗਤੀ ਨਾਲੋਂ ਉੱਤਮ ਇਕ ਪ੍ਰੇਮਾ-ਭਗਤੀ ਵੀ ਹੈ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਵੀ ਕੀਤਾ ਹੈ :

**ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।**
**ਸੂਰਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।**

(ਵਾਰ 7, ਪਉੜੀ ੧੭)

**ਅਥਵਾ : ਨਉ ਭਗਤੀ ਨਉ ਭਗਤਿ ਕਰਿ ਗੁਰਮੁਖਿ ਪ੍ਰੇਮ ਭਗਤਿ ਲਿਵਲਾਈ।**
**ਨਉ ਗ੍ਰਿਹ ਸਾਧ ਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।**

(ਵਾਰ 7, ਪਉੜੀ 9)

ਐਸੀ ਪ੍ਰੇਮਾ-ਭਗਤੀ ਕਰਨ ਵਾਲੇ ਬੇਅੰਤ ਸੰਤ, ਭਗਤ, ਗੁਰਸਿੱਖ ਹੋਏ ਹਨ ਅਤੇ ਜਿੱਥੇ ਭਗਤ ਸੈਣਿ ਜੀ ਦਾ ਵੀ ਜ਼ਿਕਰ ਆਉਂਦਾ ਹੈ :

**ਪ੍ਰੇਮ ਭਗਤ ਰਾਤੀ ਕਰੈ ਭਲਕੇ ਰਾਜ ਦੁਆਰੈ ਜਾਈ॥**

ਉਥੇ ਭਾਈ ਗੁਰਦਾਸ ਜੀ ਨੇ ਭਗਤ ਜੈਦੇਵ ਜੀ, ਜਿਨ੍ਹਾਂ ਦੇ ਸੰਬੰਧ ਵਿਚ ਗੁਰਬਾਣੀ ਦਾ ਫ਼ੁਰਮਾਣ ਹੈ :

''ਜੈਦੇਵ ਤਿਆਗਿਓ ਅਹੰਮੇਵ'' ਇਹਨਾਂ ਨੂੰ ਵੀ ਪ੍ਰੇਮਾ-ਭਗਤੀ ਵਿਚ ਲੱਗਿਆ ਆਪਣੀਆਂ ਵਾਰਾਂ ਵਿਚ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ :

ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।
ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।
ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।
ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।
ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।
ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।
ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।
ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।
ਸੰਤ ਅਨੰਤ ਨ ਭੇਦੁ ਗਣਾਵੈ॥ ੧੦॥ (ਵਾਰ ੧੦, ਪਉੜੀ ੧੦)

ਐਸੇ ਸੱਚੇ ਪ੍ਰਭੂ ਪ੍ਰਮਾਤਮਾ ਦੇ ਪ੍ਰੇਮ ਤੋਂ ਵਾਂਝਿਆ ਕਪਟ ਵਾਲੇ ਪ੍ਰੇਮ ਨੂੰ ਭਾਈ ਗੁਰਦਾਸ ਜੀ ਨੇ ਇਕ ਕਬਿੱਤ ਵਿਚ ਲਾਹਨਤ ਪਾਈ ਹੈ ਅਤੇ ਦੁਨਿਆਵੀ ਪ੍ਰੀਤੀ ਦਾ ਜ਼ਿਕਰ ਆਪ ਜੀ ਨੇ ਇਸ ਤਰ੍ਹਾਂ ਕੀਤਾ ਹੈ :—

ਪ੍ਰੇਮ ਰਸ ਬਸਿ ਹੁਇ ਪਤੰਗ ਸੰਗਮ ਨ ਜਾਨੈ,
ਬਿਰਹ ਬਿਛੋਹ ਮੀਨ ਹੋਇ ਨ ਮਰਿ ਜਾਨੇ ਹੈ॥
ਦਰਸ ਧਿਆਨ ਜੋਤਿ ਮੈ, ਨ ਹੁਇ ਜੋਤੀ ਸਰੂਪ,
ਚਰਨ ਬਿਮੁਖ ਹੋਇ, ਪ੍ਰਾਨ ਠਹਿਰਾਨੇ ਹੈ॥
ਮਿਲਿ ਬਿਛਰਤ ਗਤਿ ਪ੍ਰੇਮ ਨ ਬਿਰਹ ਜਾਨੀ,
ਮੀਨ ਅਉ ਪਤੰਗ ਮੋਹਿ ਦੇਖਤ ਲਜਾਨੇ ਹੈ॥
ਮਾਨਸ ਜਨਮੁ ਧ੍ਰਿਗੁ, ਧੰਨੁ ਹੈ ਤ੍ਰਿਗਦ ਜੋਨਿ,
ਕਪਟ ਸਨੇਹ ਦੇਹ, ਨਰਕ ਨ ਮਾਨੇ ਹੈ॥ ੧੪॥

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪਰ ਪ੍ਰਭੂ ਦੇ ਸੱਚੇ ਪ੍ਰੇਮ ਵਿਚ ਜੋ ਗੁਰਮੁਖਿ ਭਿੱਜਿਆ ਹੋਇਆ ਹੈ, ਐਸੇ ਪ੍ਰੇਮਾ-ਭਗਤੀ-ਪਰਾਇਣ ਗੁਰਮੁਖਿ ਦੇ ਸਬੰਧ ਵਿਚ ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰੇਮੀ ਜਨ ਭਾਵੇਂ ਆਪਣੇ ਆਪ ਨੂੰ ਛੁਪਾ ਕੇ ਰੱਖੇ, ਪਰ ਸੰਸਾਰਿਕ ਲੋਕ ਉਸ ਦੇ ਦਰਸ਼ਨਾਂ ਦੇ ਚਾਹਵਾਨ, ਉਸ ਦੇ ਦਰ ਉੱਤੇ ਵਿਆਕੁਲ ਹੋ ਕੇ ਦਰਸ਼ਨਾਂ ਲਈ ਪੁਕਾਰਦੇ ਰਹਿੰਦੇ ਹਨ :

ਜੈਸੇ ਤਉ ਮਿਠਾਈ ਰਾਖੀਐ ਛੁਪਾਇ ਜਤਨ ਕੈ,
ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ।

**ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ,**
**ਪ੍ਰਗਟਿ ਪਤੰਗ ਤਾ ਮੈ ਸਹਜਿ ਸਮਾਤ ਹੈ।**
**ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ,**
**ਮਧੁਕਰ ਮਧੁ ਅਚਵਨ ਤਹ ਜਾਤ ਹੈ।**
**ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤ ਪ੍ਰੇਮ,**
**ਸਕਲ ਸੰਸਾਰ ਤਿਹਿ ਦੁਆਰ ਬਿਲਲਾਤ ਹੈ॥ 490॥**

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਕਪਟ ਛਲ ਬਲ ਤੋਂ ਰਹਿਤ ਜੋ ਸੱਚਾ ਪ੍ਰਭੂ ਪ੍ਰਮਾਤਮਾ ਦਾ ਪ੍ਰੇਮੀ ਹੈ, ਉਸ ਨੂੰ ਤਾਂ ਭਗਵਾਨ ਆਪ ਆ ਕੇ ਦਰਸ਼ਨ ਦਿੰਦਾ ਹੈ। ਛਲੀਏ ਹੰਕਾਰੀ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਹਨ।

## ਸਾਖੀ—ਸੱਚੇ ਪ੍ਰੇਮੀ ਦੀ

ਭਗਤ ਕਬੀਰ ਜੀ ਨੇ ਵੀ ਆਪਣੀ ਪਾਵਨ ਬਾਣੀ ਵਿਚ ਦੁਆਪਰ ਯੁੱਗ ਦੀ ਇਕ ਕਥਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

ਇਹ ਸ਼ਬਦ ਬਿਦਰ ਦੇ ਪਿਆਰ ਤੇ ਰਾਜਾ ਦੁਰਯੋਧਨ ਦੇ ਹੰਕਾਰ ਨੂੰ ਨਿਰੂਪਣ ਕਰਦਾ ਹੈ। ਬਿਦਰ ਰਾਜਾ ਬਚਿੱਤਰ ਧੀਰਜ ਦੀ ਟਹਿਲਣ ਸੁਦੇਸਨਾਂ ਦੀ ਕੁੱਖੋਂ ਬਿਆਸ ਰਿਸ਼ੀ ਦੇ ਘਰ ਜਨਮਿਆ ਸੀ। ਇਸ ਲਈ ਇਸ ਦਾ ਨਾਂਅ ਦਾਸੀ ਸੁਤ ਪ੍ਰਸਿੱਧ ਹੈ, ਜਿਵੇਂ ਕਿ ਗੁਰਬਾਣੀ ਵਿਚ ਵੀ ਅੰਕਿਤ ਹੈ :

**ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥** (ਅੰਗ 345)

ਬਿਦਰ ਚੰਗਾ ਨੀਤੀਵੇਤਾ ਪੁਰਸ਼ ਸੀ ਤੇ ਇਸ ਦਾ ਸ੍ਰੀ ਕ੍ਰਿਸ਼ਨ ਜੀ ਨਾਲ ਚੰਗਾ ਪ੍ਰੇਮ ਸੀ। ਇਹ ਕੌਰਵਾਂ ਤੇ ਪਾਂਡਵਾਂ ਨੂੰ ਪਰਸਪਰ ਠੀਕ ਵਿਉਹਾਰ ਕਰਨ ਦੀ ਪ੍ਰੇਰਨਾ ਦਿੰਦਾ ਰਹਿੰਦਾ ਸੀ। ਜਦੋਂ ਪਾਂਡਵਾਂ ਨੂੰ ਦੁਰਯੋਧਨ ਨੇ ਲਾਖ ਦੇ ਕਿਲ੍ਹੇ ਵਿਚ ਸਾੜਨ ਦੀ ਵਿਉਂਤ ਘੜੀ ਸੀ ਤਾਂ ਉਦੋਂ ਬਿਦਰ ਹੀ ਉਹਨਾਂ ਨੂੰ ਬਚਾਉਣ ਵਾਲਾ ਸੀ। ਜਦੋਂ ਦੁਸ਼ਾਸਨ ਦਰੋਪਤੀ ਨੂੰ ਬੇਪੱਤ ਕਰਨ ਲਈ ਰਾਜ ਸਭਾ ਵਿਚ ਲਿਆਇਆ, ਉਦੋਂ ਬਿਦਰ ਨੇ ਹੀ ਇਸ ਕੁਕਰਮ ਵਿਰੁੱਧ ਆਵਾਜ਼ ਉਠਾਈ ਸੀ।

ਪਾਂਡਵ ਜਦੋਂ ਕੌਰਵਾਂ ਅੱਗੇ ਆਪਣਾ ਸਭ ਕੁਝ ਹਾਰ ਗਏ ਤਾਂ ਕ੍ਰਿਸ਼ਨ ਜੀ ਨੂੰ ਇਹਨਾਂ 'ਤੇ ਤਰਸ ਆਇਆ। ਆਪ ਜੀ ਪੰਜ ਪਿੰਡਾਂ ਦਾ ਰਾਜ ਪਾਂਡਵਾਂ ਨੂੰ ਦਿਵਾਉਣ ਲਈ ਰਾਜਾ ਦੁਰਯੋਧਨ ਪਾਸ ਗਏ। ਦੁਰਯੋਧਨ ਨੇ ਕੁਝ ਵੀ ਨਾ ਦੇਣ ਲਈ ਪਹਿਲਾਂ ਹੀ ਆਪਣਾ ਮਨ ਬਣਾਇਆ ਹੋਇਆ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਕ੍ਰਿਸ਼ਨ ਜੀ ਮੇਰੇ ਪਾਸ ਇਸ ਮਨੋਰਥ ਲਈ ਆ ਰਹੇ ਹਨ ਤਾਂ ਉਹ ਹਾਥੀ ਘੋੜੇ ਦੇਖਣ ਦੇ ਬਹਾਨੇ ਰਾਜ ਸਭਾ ਵਿਚੋਂ ਉੱਠ ਕੇ ਬਾਹਰ ਚਲਾ ਗਿਆ ਸੀ। ਕ੍ਰਿਸ਼ਨ ਜੀ ਵੀ ਰਾਜੇ ਦੀ ਨੀਤੀ ਤਾੜ ਗਏ

ਸਨ ਅਤੇ ਬਿਦਰ ਦੇ ਉੱਚ ਆਚਰਨ ਨੂੰ ਮੁੱਖ ਰਖਦਿਆਂ ਆਪ ਰਾਜਾ ਦੁਰਯੋਧਨ ਦੇ ਮਹਿਲ ਵਿਚ ਠਹਿਰਨ ਦੀ ਬਜਾਏ ਬਿਦਰ ਦੇ ਘਰ ਚਲੇ ਗਏ ਸਨ ਤਾਂ ਉਸ ਨੇ ਬੜਾ ਆਦਰ ਕੀਤਾ ਸੀ ਅਤੇ ਸਾਗ ਆਦਿ ਨਾਲ ਸਾਦਾ ਭੋਜਨ ਬੜੇ ਪ੍ਰੇਮ ਨਾਲ ਛਕਾਇਆ ਸੀ। ਇਸ ਗੱਲ ਦਾ ਜਦੋਂ ਦੁਰਯੋਧਨ ਨੂੰ ਪਤਾ ਲੱਗਾ ਕਿ ਕ੍ਰਿਸ਼ਨ ਜੀ ਸਾਡੇ ਸ਼ਾਹੀ ਮਹਿਲਾਂ ਨੂੰ ਛੱਡ ਕੇ ਬਿਦਰ ਦੇ ਘਰ ਠਹਿਰੇ ਹਨ ਤਾਂ ਇਸ ਨੇ ਬੜਾ ਬੁਰਾ ਮਨਾਇਆ ਸੀ। ਭਾਈ ਸਾਹਿਬ ਲਿਖਦੇ ਹਨ :

**ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।**
**ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।**

(ਵਾਰ ੧੦, ਪਉੜੀ 7)

ਭਗਤ ਕਬੀਰ ਜੀ ਦਾ ਸ਼ਬਦ ਜੋ ਇਸ ਪ੍ਰਸੰਗ ਨੂੰ ਪ੍ਰਗਟ ਕਰਦਾ ਹੈ :

**ਰਾਜਨ ਕਉਨੁ ਤੁਮਾਰੈ ਆਵੈ॥**
**ਐਸੋ ਭਾਉ ਬਿਦਰ ਕੋ ਦੇਖਿਓ, ਓਹੁ ਗਰੀਬੁ ਮੋਹਿ ਭਾਵੈ॥ ੧ ॥ ਰਹਾਉ॥**
**ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥**
**ਤੁਮਰੋ ਦੂਧੁ ਬਿਦਰ ਕੋ ਪਾਨ੍ਹੋ, ਅੰਮ੍ਰਿਤੁ ਕਰਿ ਮੈ ਮਾਨਿਆ॥ ੧॥**
**ਖੀਰ ਸਮਾਨਿ ਸਾਗੁ ਮੈ ਪਾਇਆ, ਗੁਨ ਗਾਵਤ ਰੈਨਿ ਬਿਹਾਨੀ॥**
**ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥ 2 ॥ 9 ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧05)

ਹੇ ਰਾਜਨ (ਦੁਰਯੋਧਨ) ! ਤੇਰੇ ਪਾਸ ਕੌਣ ਆਵੇ ? ਭਾਵ (ਤੇਰੇ ਵਿਚ) ਪ੍ਰੇਮ ਨਹੀਂ ਹੈ। ਮੈਂ ਬਿਦਰ ਦਾ ਇਹੋ ਜਿਹਾ ਪਿਆਰ ਵੇਖਿਆ ਹੈ (ਜਿਸ ਕਰਕੇ) ਉਹ ਗ਼ਰੀਬ ਮੈਨੂੰ ਬਹੁਤ ਹੀ ਚੰਗਾ ਲੱਗਦਾ ਹੈ।

ਹੇ ਰਾਜਨ ! ਤੂੰ ਹਾਥੀ ਵੇਖ ਕੇ, ਇਸ ਭਰਮ ਕਰਕੇ ਹੀ ਪ੍ਰਮੇਸ਼ਰ ਨੂੰ ਭੁੱਲਿਆ ਪਿਆ ਹੈਂ, ਤੂੰ ਸ੍ਰੀ ਭਗਵਾਨ ਨੂੰ ਜਾਣਿਆ ਹੀ ਨਹੀਂ। ਇਸ ਲਈ ਹੇ ਰਾਜਨ ! ਇਕ ਪਾਸੇ ਤੇਰਾ ਦੁੱਧ ਪੀਣਾ ਮੈਂ ਛੱਡ ਦਿੱਤਾ ਹੈ ਅਤੇ ਦੂਜੇ ਪਾਸੇ ਬਿਦਰ ਦਾ ਪਾਣੀ ਮੈਂ ਅੰਮ੍ਰਿਤ ਕਰਕੇ ਮੰਨਿਆ ਹੈ, (ਭਾਵ ਪੀਤਾ ਹੈ)। ਹੇ ਰਾਜਨ ! ਬਿਦਰ ਦੇ ਘਰ ਦਾ ਸਾਗ ਮੈਨੂੰ ਖੀਰ ਦੇ ਸਮਾਨ ਰਸਦਾਇਕ ਲੱਗਾ ਹੈ, ਕਿਉਂਕਿ ਬਿਦਰ ਦਾ ਸੰਗ ਕਰਕੇ ਮੇਰੀ ਰਾਤ (ਪਰਮੇਸ਼ਰ ਦੇ) ਗੁਣ ਗਾਉਂਦਿਆਂ ਗੁਜ਼ਰੀ ਹੈ। ਕਬੀਰ ਦਾ ਮਾਲਕ ਅਨੰਦਮਈ ਚੋਜ ਕਰਨ ਵਾਲਾ ਹੈ। ਉਸ ਨੇ ਕਿਸੇ ਦੀ (ਉੱਚੀ-ਨੀਵੀਂ) ਜਾਤ ਨਹੀਂ ਮੰਨੀ। (ਭਾਵ ਪ੍ਰਭੂ ਜਾਤ-ਅਜਾਤ ਨਹੀਂ ਵੇਖਦਾ, ਉਹ ਤਾਂ ਭਾਉ-ਭਗਤ ਦਾ ਭੁੱਖਾ ਹੈ।)

ਪਰਮਾਤਮਾ ਦੀ ਪ੍ਰੀਤਿ ਦੇ ਬਰਾਬਰ ਕਿਸੇ ਪ੍ਰੀਤਿ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਸੱਚੀ ਪ੍ਰੀਤ ਕਰਨ ਵਾਲੇ ਨੂੰ ਹਰ ਥਾਂ 'ਤੇ ਹਰੀ ਦੇ ਦਰਸ਼ਨ ਹੁੰਦੇ ਹਨ। ਉਹ ਪ੍ਰੇਮੀ ਤਾਂ ਵਿਸਮਾਦੀ ਰੰਗ ਵਿਚ ਪ੍ਰਮੇਸ਼ਰ

ਦੇ ਗੁਣ ਗਾਇਨ ਕਰਦਾ ਰਹਿੰਦਾ ਹੈ।

ਬਿਲਾਵਲੁ ਮਹਲਾ 4 ॥ ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥ ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥ ੧ ॥ ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥ ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥ ੧ ॥ ਰਹਾਉ ॥ ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥ ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥ 2 ॥ ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥ ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥ 3 ॥ ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥ 4 ॥ ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥ ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥ 5 ॥ ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥ ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥ 6 ॥ ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ 7 ॥ ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥ ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥ 8 ॥ 5 ॥ 8 ॥

ਪਦ ਅਰਥ :- ਕੇਰੀ=ਦੀ। ਮਨਿ=ਮਨ ਵਿਚ। ਬਿਰਥਾ=ਪੀੜਾ। ਪੀਰ ਪਰਈਆ=ਪਰਾਈ ਪੀੜ, ਪਰਾਈ ਦਰਦ। ਰਾਮ=ਹੇ ਰਾਮ !। ਮੋਹਨਿ=ਮੋਹਣ ਵਾਲੇ ਪਿਆਰੇ ਪ੍ਰਭੂ ਨੇ। ਨਿਰਖਤ=ਵੇਖਦੀ ਫਿਰਦੀ ਹਾਂ। ਮਨਿ ਚਈਆ=ਮਨ ਵਿਚ ਚਾਉ ਹੈ। ਕਾਟਿ=ਕੱਟ ਕੇ। ਪੰਥੁ=ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ। ਦਿਖਈਆ=ਵਿਖਾਇਆ ਹੈ। ਆਣਿ=ਲਿਆ ਕੇ। ਸਦੇਸਾ=ਸਨੇਹਾ। ਕੇਰਾ=ਦਾ। ਲਗਈਆ=ਲੱਗਦਾ

ਹੈ। ਤਲਿ=ਹੇਠ। ਕਾਮਣ=ਟੂਣਾ, ਜਾਦੂ। ਲਹੀਆ=ਲੱਭਿਆ ਹੈ। ਖਿਮਾ=ਸਹਿਨਸ਼ੀਲਤਾ ਵਾਲਾ ਸੁਭਾਓ। ਬਲਈਆ=ਬਲਦਾ ਹੈ। ਪਈਆ=ਪਈ ਹੋਈ ਹਾਂ। ਮੋਤੀਚੂਰੁ=ਸਿਰ ਉੱਤੇ ਸਜਾਉਣ ਵਾਲਾ ਗਹਿਣਾ। ਵਡ ਗਹਨ ਗਹਨਈਆ=ਗਹਿਣਿਆਂ ਚੋਂ ਵੱਡਾ ਗਹਿਣਾ। ਭਈਆ=ਭਾ ਗਿਆ ਹੈ। ਬਾਦਿ=ਵਿਅਰਥ। ਫੋਕਟ ਫੋਕਟਈਆ=ਨਿਸਫਲ ਤੋਂ ਨਿਸਫਲ। ਚੇਰੀ=ਦਾਸੀ। ਅਗਮ=ਅਪਹੁੰਚ। ਗੁਸਾਈ=ਪ੍ਰਿਥਵੀ ਦਾ ਮਾਲਕ। ਵਸਿ=ਵਸ ਵਿਚ। ਸਰਣਿ ਸਮਈਆ=ਸ਼ਰਣ ਵਿਚ ਸਮਾਈ ਹਾਂ।

ਅਰਥ :- (ਹੇ ਭਾਈ ! ਮੇਰੇ ਹਿਰਦੇ) ਅੰਦਰ ਪ੍ਰਭੂ (ਪ੍ਰਮਾਤਮਾ ਦੇ ਮਿਲਣ) ਦੀ ਪਿਆਸ ਉਤਪੰਨ ਹੋਈ ਹੈ ਅਤੇ ਗੁਰੂ ਦੇ ਬਚਨ ਸੁਣ ਕੇ (ਮੇਰੇ) ਮਨ ਵਿਚ (ਪ੍ਰੇਮ) ਰੂਪੀ ਤੀਰ ਲੱਗਾ ਹੈ। ਮਨ ਦੇ ਅੰਦਰ ਦੀ ਪੀੜ ਮਨ ਹੀ ਜਾਣਦਾ ਹੈ, (ਇਸ) ਪੀੜ ਨੂੰ ਹੋਰ ਕੋਈ ਕੀ ਜਾਣ ਸਕਦਾ ਹੈ ? ਭਾਵ (ਕਉਣ ਜਾਣੈ ਪੀਰ ਪਰਾਈ)।੧।

ਹੇ (ਮੇਰੇ) ਰਾਮ ! ਮਨ ਮੋਹਣ ਵਾਲੇ ਪਿਆਰੇ ਗੁਰੂ ਨੇ ਮੇਰੇ ਮਨ ਨੂੰ ਮੋਹ ਲਿਆ ਹੈ। ਮੈਂ ਉਸ ਪੂਰਨ ਗੁਰੂ ਦਾ ਦਰਸ਼ਨ ਕਰ ਕੇ ਵਿਆਕੁਲ ਹੋ ਗਈ ਹਾਂ (ਅਤੇ) ਲੋਟ ਪੋਟ ਹੋ ਕੇ (ਸਮਰਥ ਗੁਰੂ ਅੱਗੇ ਢਹਿ) ਪਈ ਹਾਂ।੧। ਰਹਾਉ।

(ਹੇ ਭਾਈ ! ਮੈਂ) ਸਾਰੇ ਦੇਸ਼ਾਂ ਦਿਸ਼ਾਤਰਾਂ ਵਿਚ (ਉਸ ਪ੍ਰਭੂ) ਨੂੰ ਲੱਭਦੀ ਫਿਰਦੀ ਹਾਂ, ਕਿਉਂਕਿ ਮੈਨੂੰ ਪ੍ਰਭੂ ਦੇਖਣ ਦਾ (ਆਪਣੇ) ਮਨ ਵਿਚ ਬਹੁਤ ਚਾਉ ਹੈ। (ਮੇਰਾ ਦਿਲ ਇਸ ਤਰ੍ਹਾਂ ਕਰਦਾ ਹੈ ਕਿ) ਜਿਸ (ਗੁਰੂ ਨੇ ਮੈਨੂੰ) ਹਰੀ ਪ੍ਰਭੂ ਦੀ (ਪ੍ਰਾਪਤੀ ਦਾ ਸਿੱਧਾ ਭਗਤੀ ਰੂਪ) ਰਸਤਾ ਵਿਖਾਇਆ ਹੈ, (ਮੈਂ ਉਸ) ਗੁਰੂ ਅੱਗੇ (ਆਪਣਾ) ਮਨ ਤੇ ਸਰੀਰ ਕੱਟ ਕੱਟ ਕੇ (ਭੇਟਾ ਕਰ) ਦਿਆਂ।੨।

ਹੇ ਭਾਈ ! ਮੈਨੂੰ ਕੋਈ (ਐਸਾ ਹੈ ਜੋ (ਮੇਰੇ) ਪ੍ਰਭੂ ਦਾ ਸੁਨੇਹਾ ਲਿਆ ਕੇ ਦੇਵੇ, (ਉਹ ਗੁਰਮੁਖਿ ਮੇਰੇ) ਮਨ ਵਿਚ ਤੇ ਸਰੀਰ ਵਿਚ ਮਿੱਠਾ ਲੱਗਦਾ ਹੈ। (ਮੈਂ ਆਪਣਾ) ਸਿਰ ਕੱਟ ਕੇ (ਉਸ ਦੇ) ਚਰਨਾਂ ਦੇ ਹੇਠਾਂ ਰੱਖ ਦਿਆਂ ਜੋ (ਮੈਨੂੰ ਮੇਰਾ) ਹਰੀ ਪ੍ਰਭੂ ਦਾ ਮੇਲ ਕਰਾ ਦੇਵੇ।੩।

ਹੇ ਸਖੀ ! ਚੱਲ ਆ ਪ੍ਰਭੂ ਨੂੰ ਮਿਲਣ ਵਾਸਤੇ ਦੋਵੇਂ ਚੱਲੀਏ ਅਤੇ ਪ੍ਰਭੂ ਦਾ ਪਰਬੋਧਹ=ਪਰ ਵਿਸ਼ੇਸ਼ ਕਰਕੇ ਬੋਧਹ=ਗਿਆਨ ਪ੍ਰਾਪਤ ਕਰਕੇ ਤੇ ਸ਼ੁਭ ਗੁਣਾਂ ਦਾ ਟੂਣਾ ਕਰ ਕੇ ਪ੍ਰਭੂ-ਪਤੀ ਨੂੰ ਲੱਭ ਲਈਏ। ਉਸ (ਪ੍ਰਭੂ ਪ੍ਰਮਾਤਮਾ) ਦਾ ਨਾਮ ਭਗਤਾਂ ਨਾਲ ਪਿਆਰ ਕਰਨ ਵਾਲਾ ਆਖਿਆ ਜਾਂਦਾ ਹੈ, ਪ੍ਰਭੂ ਦੀ ਸ਼ਰਣ ਵਿਚ (ਉਸ ਦੀ ਪ੍ਰਾਪਤੀ ਲਈ) ਉਸ ਦੇ ਮਗਰ ਪੈ ਜਾਈਏ (ਪਿੱਛੇ ਨਾ ਹਟੀਏ)।੪।

(ਹੇ ਭਾਈ ! ਜੀਵ-ਇਸਤਰੀ) ਖਿਮਾ ਧਾਰਣ ਰੂਪੀ ਸ਼ੀਗਾਰ ਕਰੇ, (ਆਪਣੇ) ਮਨ ਵਿਚ ਗੁਰੂ ਦੇ ਗਿਆਨ ਦਾ ਦੀਵਾ ਬਾਲੇ, (ਇਸ ਤਰ੍ਹਾਂ) ਪ੍ਰਭੂ ਖ਼ੁਸ਼ੀਆਂ ਬਖ਼ਸ਼ਦਾ ਹੈ। ਉਹ ਮੇਰਾ ਪ੍ਰਭੂ ਰੱਸ ਰੱਸ ਕੇ ਅਨੰਦ ਮਾਣਦਾ ਹੈ, ਮੈਂ ਉਸ ਅੱਗੇ ਆਪਣਾ ਜੀਉ ਕੱਟ ਕੱਟ ਕੇ ਭੇਟਾ ਰੱਖਦੀ ਹਾਂ।੫।

(ਹੇ ਭਾਈ !) ਹਰਿ ਹਰਿ (ਨਾਮ ਦਾ) ਹਾਰ ਮੇਰੇ ਗਲ ਵਿਚ (ਪਾਉਣ ਲਈ) ਬਣ ਗਿਆ ਹੈ, (ਉਹ)

ਮਨ ਮੋਤੀ ਚੂਰ ਗਹਿਣਿਆਂ ਚੋਂ ਵੱਡਾ ਗਹਿਣਾ ਬਣਿਆ ਹੈ। (ਮੈਂ) ਹਰੀ ਦੀ (ਪ੍ਰਾਪਤੀ ਲਈ) ਸ਼ਰਧਾ ਰੂਪੀ ਸੇਜ ਵਿਛਾਈ ਹੈ, (ਉਹ ਸੇਜ ਪ੍ਰਭੂ ਦੇ) ਮਨ ਵਿਚ ਬਹੁਤ ਪਸੰਦ ਆ ਗਈ ਹੈ, (ਹੁਣ ਮੈਨੂੰ ਵਿਸ਼ਵਾਸ ਹੈ ਕਿ ਉਹ) ਪ੍ਰਭੂ (ਮੈਨੂੰ) ਛੱਡ ਨਹੀਂ ਸਕਦਾ, (ਮੈਨੂੰ ਅਵੱਸ਼ ਆਪਣੇ ਅਭੇਦ ਨਿਹਚੇ ਰੂਪ ਗਲੇ ਨਾਲ ਲਾਵੇਗਾ)।੬।

(ਹੇ ਭਾਈ !) ਪ੍ਰਭੂ ਸਾਨੂੰ ਸਭ ਕਰਮ ਕਰਨ ਲਈ ਕੁਝ ਹੋਰ ਕਹਿੰਦਾ ਹੈ, (ਜੀਵ-ਇਸਤਰੀ ਕਰਮ-ਕਾਂਡ ਕਰਨ ਰੂਪੀ) ਕੁਝ ਹੋਰ ਕਰਦੀ ਹੈ ਅਤੇ (ਉਸ ਨੇ ਜਿਤਨਾ ਕਰਮ-ਕਾਂਡਾਂ ਦਾ) ਸ਼ਿੰਗਾਰ ਕੀਤਾ, (ਉਹ) ਸਭ ਨਿਸਫਲ (ਵਿਅਰਥ ਚਲਾ ਗਿਆ)। (ਉਸ ਨੇ ਪ੍ਰਭੂ ਨੂੰ) ਮਿਲਣ ਲਈ ਸ਼ਿੰਗਾਰ ਕੀਤਾ, ਪਰ ਪ੍ਰਭੂ ਨੂੰ (ਸ਼ੁਭ ਗੁਣਾਂ ਦਾ ਸ਼ਿੰਗਾਰ ਕਰਨ ਵਾਲੀ) ਸੁਹਾਗਣ ਇਸਤਰੀ ਨੇ ਪਾ ਲਿਆ (ਅਤੇ ਹੋਰ ਹੋਰ ਸ਼ਿੰਗਾਰ ਕਰਨ ਵਾਲੀ ਇਸਤਰੀ ਦੇ) ਮੂੰਹ ਉੱਤੇ ਥੁੱਕਾਂ ਹੀ ਪਈਆਂ ਹਨ।੭।

(ਹੇ ਪ੍ਰਭੂ !) ਅਸੀਂ ਸਭ ਜੀਵ ਰੂਪੀ ਤੇਰੀਆਂ ਦਾਸੀਆਂ ਹਾਂ, ਤੂੰ (ਸਾਡਾ) ਅਪਹੁੰਚ ਮਾਲਕ ਹੈਂ; ਅਸੀਂ ਤੇਰੇ ਵਸ ਪਈਆਂ ਹੋਈਆਂ ਕੀ ਕਰ ਸਕਦੀਆਂ ਹਾਂ ? (ਭਾਵ ਕੁਝ ਨਹੀਂ ਕਰ ਸਕਦੀਆਂ)। ਨਾਨਕ (ਗੁਰੂ ਜੀ ਬੇਨਤੀ ਪੂਰਬਕ ਉਚਾਰਨ ਕਰਦੇ ਹਨ ਕਿ) ਹੇ ਹਰੀ ! ਅਸਾਂ ਦੀਨਾਂ ਗ਼ਰੀਬਣੀਆਂ ਉੱਤੇ ਦਇਆ ਕਰੋ, (ਆਪਣੇ ਚਰਨਾਂ ਵਿਚ) ਰੱਖ ਲਵੋ (ਅਤੇ) ਗੁਰੂ ਦੀ ਸ਼ਰਣ ਵਿਚ ਸਦਾ ਹੀ ਸਾਡੀ ਸਮਾਈ ਕਰੋ।੮।੫।੮।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

☆☆☆

ਸ੍ਰੀ ਮੁਖਵਾਕ ਨੰਬਰ ੧89 (ਆਦਿ ਅੰਗ 837-38)

## ਬਿਲਾਵਲੁ ਮਹਲਾ 5 ॥

ਪ੍ਰਭ ਜਨਮ ਮਰਣ ਨਿਵਾਰਿ ॥ ਹਾਰਿ ਪਰਿਓ ਦੁਆਰਿ ॥ ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥ ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥ ੧ ॥ ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥ ਜਾਚਉ ਸੰਤ ਰਵਾਲ ॥ ੧ ॥ ਰਹਾਉ ॥ ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥ ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪੁਨਾ ਦੇਹੁ ॥ ਪ੍ਰਭ ਤੁਝ ਬਿਨਾ ਨਹੀ ਠਾਉ ॥ ਨਾਨਕਾ ਬਲਿ ਬਲਿ ਜਾਉ ॥ 2 ॥ ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥ ਜਮਦੂਤ ਮਹਾ ਭਇਆਨ ॥ ਚਿਤ ਗੁਪਤ ਕਰਮਹਿ ਜਾਨ ॥ ਦਿਨੁ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿ ਸਰਨਾਇ ॥ 3 ॥ ਭੈ ਭੰਜਨਾ ਮੁਰਾਰਿ ॥ ਕਰਿ ਦਇਆ ਪਤਿਤ ਉਧਾਰਿ ॥ ਮੇਰੇ ਦੋਖ ਗਨੇ ਨ ਜਾਹਿ ॥ ਹਰਿ ਬਿਨਾ ਕਤਹਿ ਸਮਾਹਿ ॥ ਗਹਿ ਓਟ ਚਿਤਵੀ ਨਾਥ ॥ ਨਾਨਕਾ ਦੇ ਰਖੁ ਹਾਥ ॥ 4 ॥ ਹਰਿ ਗੁਣ ਨਿਧੇ ਗੋਪਾਲ ॥ ਸਰਬ ਘਟ ਪ੍ਰਤਿਪਾਲ ॥ ਮਨਿ ਪ੍ਰੀਤਿ ਦਰਸਨ ਪਿਆਸ ॥ ਗੋਬਿੰਦ ਪੂਰਨ ਆਸ ॥ ਇਕ ਨਿਮਖ ਰਹਨੁ ਨ ਜਾਇ ॥ ਵਡ ਭਾਗਿ ਨਾਨਕ ਪਾਇ ॥ 5 ॥ ਪ੍ਰਭ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥ ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥ ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥ 6 ॥ ਜਿਉ ਤਰੁਨਿ ਭਰਤ ਪਰਾਨ ॥ ਜਿਉ ਲੋਭੀਐ ਧਨੁ ਦਾਨੁ ॥ ਜਿਉ ਦੂਧ ਜਲਹਿ ਸੰਜੋਗੁ ॥ ਜਿਉ ਮਹਾ ਖੁਧਿਆਰਥ ਭੋਗੁ ॥ ਜਿਉ ਮਾਤ ਪੂਤਹਿ ਹੇਤੁ ॥ ਹਰਿ ਸਿਮਰਿ ਨਾਨਕ ਨੇਤ ॥ 7

॥ ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥ ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥ ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥ 8 ॥ ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥ ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥ 9 ॥ ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥ ਕੁਲ ਸਮੂਹ ਕਰਤ ਉਧਾਰੁ ॥ ਸੰਸਾਰੁ ਉਤਰਸਿ ਪਾਰਿ ॥ ਹਰਿ ਚਰਨ ਬੋਹਿਥ ਤਾਹਿ ॥ ਮਿਲਿ ਸਾਧਸੰਗਿ ਜਸੁ ਗਾਹਿ ॥ ਹਰਿ ਪੈਜ ਰਖੈ ਮੁਰਾਰਿ ॥ ਹਰਿ ਨਾਨਕ ਸਰਨਿ ਦੁਆਰਿ ॥ ੧0 ॥ 2 ॥

## ਪ੍ਰਾਕ੍ਥਨ :

ਬਿਲਾਵਲੁ ਰਾਗੁ ਅੰਦਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਹਜ਼ੂਰ ਨੇ ਪ੍ਰਭੂ ਅੱਗੇ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ ! ਕਿਰਪਾ ਕਰ ਕੇ ਸਾਡਾ ਜੰਮਣਾ ਮਰਨਾ ਕੱਟ ਦੇਵੋ।

## ਵਿਸ਼ਾ — ਪ੍ਰਭ ਜਨਮ ਮਰਨ ਨਿਵਾਰਿ ॥

ਇਹ ਅਮੋਲਕ ਮਨੁੱਖਾ ਜਨਮ ਮਨੁੱਖ ਨੂੰ ਕਿੰਨੀਆਂ ਜੂਨਾਂ ਦੇ ਵਿਚ ਭਟਕਣ ਤੋਂ ਬਾਅਦ ਮਿਲਿਆ ਹੈ, ਕਿਉਂਕਿ ਕਿੰਨੇ ਹੀ ਜਨਮਾਂ-ਜਨਮਾਤਰਾਂ ਦੇ ਦੁੱਖ ਇਸ ਜੀਵ ਨੇ ਭੋਗੇ ਹਨ। ਕਦੀ ਇਹ ਕੀੜਾ ਬਣਿਆ, ਕਦੀ ਪਤੰਗਾ, ਪਤਾ ਨਹੀਂ ਕਿੰਨੇ ਜਨਮਾਂ ਵਿਚ ਪੰਛੀ, ਸੱਪ, ਮਗਰਮੱਛ, ਹਾਥੀ ਜਾਂ ਹੋਰ ਕੀ ਕੁਝ ਨਹੀਂ ਬਣਿਆ। ਬਲਦ ਜਾਂ ਘੋੜੇ ਦੇ ਰੂਪ ਵਿਚ ਇਸ ਨੂੰ ਜੋਤਿਆ ਜੋੜਿਆ ਗਿਆ। ਵੱਖ-ਵੱਖ ਜੂਨਾਂ ਵਿਚੋਂ ਨਿਕਲ ਕੇ ਕਿੰਨੇ ਚਿਰਾਂ ਤੋਂ ਬਾਅਦ ਜੀਵ ਨੂੰ ਭਾਗਾਂ ਨਾਲ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਇਸ ਲਈ ਪ੍ਰਭੂ ਦਾ ਸਿਮਰਨ ਕਰਨ ਦਾ ਇਹ ਸਭ ਤੋਂ ਚੰਗਾ ਸਮਾਂ ਮਨੁੱਖਾ ਜਨਮ ਹੈ :

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥**
**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥**

(ਅੰਗ ੧੭੬)

ਇਸ ਤਰ੍ਹਾਂ ਚੌਰਾਸੀ ਲੱਖ ਜੂਨਾਂ ਨੂੰ ਭੋਗਦਾ ਹੋਇਆ, ਇਹ ਅਮੋਲਕ ਮਨੁੱਖਾ ਜਨਮ ਨੂੰ ਪ੍ਰਾਪਤ ਹੋਇਆ ਹੈ। ਇਕ-ਇਕ ਜੂਨ ਦੇ ਅੰਦਰ ਕਿੰਨਾ-ਕਿੰਨਾ ਸਮਾਂ ਦੁੱਖ ਭੋਗੇ ਹਨ। ਸ਼ਾਸਤਰਾਂ ਦੇ ਕਥਨ ਅਨੁਸਾਰ ਚੌਰਾਸੀ ਲੱਖ ਜੂਨਾਂ ਦੇ ਚੱਕਰ ਤੋਂ ਬਾਅਦ ਇਹ ਮਨੁੱਖਾ ਜਨਮ ਮਿਲਦਾ ਹੈ :

**ਬੀਸ ਲਾਖ ਅਸਥਾਵਰ ਜਾਨੋ। ਨਉ ਲਾਖ ਜਲ ਚਰਿ ਮਾਨੋ ॥**
**ਗਿਆਰਾ ਲਾਖ ਕੂਰਮ ਕਵੀ ਰਾਇ ॥ ਪੰਖੀ ਗਣ ਦਸ ਲਾਖ ਬਤਾਏ ॥**
**ਤੀਸ ਲਾਖ ਪਸ ਜਾਨੋ ਭਾਈ। ਚਾਰ ਲਾਖ ਬਾਨਰ ਦੁਖ ਪਾਈ।**
**ਜਬ ਯਹ ਚਉਰਾਸੀ ਕਟਿ ਆਵੈ। ਤਬ ਇਹ ਮਾਨੁੱਖ ਕੇ ਤਨਿ ਕੋ ਪਾਵੈ।**

ਪਰ ਗੁਰਬਾਣੀ ਦੇ ਸਿਧਾਂਤ ਅਨੁਸਾਰ ਚਉਰਾਸੀ ਲੱਖ ਜੂਨਾਂ ਵਿਚੋਂ ਬਤਾਲੀ ਲੱਖ ਜੂਨਾਂ ਜਲ ਵਿਚ ਰਹਿਣ ਵਾਲੀਆਂ ਮੰਨੀਆਂ ਹਨ :

**ਬਿਆਲੀਸ ਲਖ ਜੀਅ ਜਲਿ ਮਹਿ ਹੋਤੇ...**

ਪਰ ਐਸੇ ਅਮੋਲਕ ਮਨੁੱਖਾ ਜਨਮ ਨੂੰ ਪਾ ਕੇ ਗ਼ਾਫ਼ਲ ਮਨੁੱਖ ਵਿਸ਼ਿਆਂ ਵਿਕਾਰਾਂ ਵਿਚ ਫੱਸ ਕੇ ਇਸ ਮਨੁੱਖਾ ਜਨਮ ਨੂੰ ਕੌਡੀਆਂ ਦੇ ਭਾਅ ਲੁਟਾਈ ਜਾ ਰਿਹਾ ਹੈ। ਬਚਪਨ ਤੋਂ ਬਾਅਦ ਜੁਆਨੀ ਵਿਚ ਪੈਰ ਰੱਖਦਿਆਂ ਹੀ ਪ੍ਰਾਣੀ ਕੁਕਰਮਾਂ ਵਿਚ ਪੈ ਜਾਂਦਾ ਹੈ। ਮੋਹ-ਮਾਇਆ ਅਤੇ ਵਿਸ਼ੇ-ਵਿਕਾਰਾਂ ਵਿਚ ਫਸ ਕੇ ਇਸ ਦੀ ਮਤ ਮਾਰੀ ਜਾਂਦੀ ਹੈ। ਇਥੋਂ ਤੱਕ ਕਿ ਇਸ ਨੂੰ ਪੁੰਨ ਅਤੇ ਪਾਪ ਦੀ ਤਮੀਜ਼ ਵੀ ਨਹੀਂ ਰਹਿੰਦੀ। ਪਰਾਈਆਂ ਔਰਤਾਂ ਵੱਲ ਤੱਕਦਾ ਹੈ। ਪੁੱਤਰ ਅਤੇ ਧਨ-ਪਦਾਰਥਾਂ ਨੂੰ ਪਾ ਕੇ ਹੰਕਾਰੀ ਹੋ ਜਾਂਦਾ ਹੈ ਅਤੇ ਪ੍ਰਭੂ ਨੂੰ ਵਿਸਾਰ ਦਿੰਦਾ ਹੈ।

ਭਗਤ ਬੇਣੀ ਜੀ ਬੜਾ ਸੁੰਦਰ ਫ਼ੁਰਮਾਉਂਦੇ ਹਨ :

**ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥**
**ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥**
**ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥**
**ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥ 2 ॥**
**ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥**
**ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥**
**ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥**
**ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥ 3 ॥**

(ਅੰਗ 93)

ਪ੍ਰਭੂ ਨੂੰ ਵਿਸਾਰ ਕੇ ਮੰਦਭਾਗੀ ਮਨੁੱਖ ਦੇਵੀ ਦੇਵਤਿਆਂ ਨੂੰ ਮੰਨਦਾ ਹੈ ਅਤੇ ਪਾਖੰਡੀਆਂ ਗੁਰੂਆਂ ਦੇ ਜਾਲ ਵਿਚ ਘਿਰ ਕੇ ਇਸ ਜੀਵਨ ਦੀ ਬਾਜ਼ੀ ਨੂੰ ਫਿਰ ਹਾਰ ਬੈਠਦਾ ਹੈ। ਪਰ ਭਾਗਾਂ ਵਾਲੇ ਮਨੁੱਖ ਨੂੰ ਇਸ ਜੀਵਨ ਵਿਚ ਪੂਰਨ ਗੁਰੂ ਦਾ ਮਿਲਾਪ ਹੋ ਜਾਂਦਾ ਹੈ। ਪੂਰਨ ਗੁਰੂ ਕ੍ਰਿਪਾ ਕਰਕੇ ਇਸ ਨੂੰ ਮਨੁੱਖਾ ਜਨਮ ਦੀ ਸਫਲਤਾ ਦਾ ਸਿਧਾਂਤ ਸਮਝਾ ਦਿੰਦੇ ਹਨ। ਜਿਸ ਤਰ੍ਹਾਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੁੰਦਰ ਫ਼ੁਰਮਾਣ ਹੈ ਕਿ ਮਨੁੱਖ ਨੂੰ ਇਹ ਜੀਵਨ ਕਈ ਜਨਮਾਂ ਦੇ ਵਿਚ ਚੱਕਰ ਲਾਉਣ ਤੋਂ ਬਾਅਦ ਮਿਲਦਾ ਹੈ। ਇਹੋ ਪ੍ਰਮਾਤਮਾ ਨੂੰ ਮਿਲਣ ਦਾ ਸਮਾਂ ਹੈ। ਇਸ ਲਈ ਹੇ ਪ੍ਰਾਣੀ ! ਤੂੰ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ :

**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥**

(ਅੰਗ 63੧)

**ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥**
**ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥**

**ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ॥**
**ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ॥**
**ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ॥ 29॥**

(ਅੰਗ ੧੪੧6)

**ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ॥**
**ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ॥**
**ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ॥**
**ਗੁਣਵੰਤਾ ਹਰਿ ਹਰਿ ਦਇਆਲੁ**
**ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ॥ ੧॥ ਰਹਾਉ॥** (ਅੰਗ ੧67-68)

ਅਥਵਾ : **ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ॥**

(ਅੰਗ 844)

ਅਥਵਾ :

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

(ਅੰਗ 378)

ਅਥਵਾ : **ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥**

(ਅੰਗ ੧56)

ਅਥਵਾ :

**ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥**

(ਅੰਗ 43)

ਇਸ ਲਈ ਭਗਤ ਰਵਿਦਾਸ ਜੀ ਪਰੀਪੂਰਨ ਪ੍ਰਮਾਤਮਾ ਅੱਗੇ ਬੇਨਤੀ ਕਰਦੇ ਹਨ ਕਿ :

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ॥**
**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥**

(ਅੰਗ 694)

# ਸਾਖੀ—ਭਾਈ ਮੂਲੇ ਤੇ ਹਮਜ਼ਾ ਗੌਂਸ ਦੀ

ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ) ਦੇ ਪੰਨਾ ੯੫-੯੬ 'ਤੇ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਣਿਆ ਕਿ ਸਿਆਲਕੋਟ ਦਾ ਪ੍ਰਸਿੱਧ ਫ਼ਕੀਰ ਹਮਜ਼ਾ ਗੌਂਸ ਸ਼ਹਿਰ ਨੂੰ ਗ਼ਰਕ ਕਰਨ ਦੇ ਇਰਾਦੇ ਨਾਲ ਛਿਲਾ (ਚਾਲੀਹਾ) ਕੱਟ ਰਿਹਾ ਹੈ। ਗੁਰਦੇਵ ਏਮਨਾਬਾਦ ਤੋਂ ਚੱਲ ਕੇ ਸਿਆਲਕੋਟ ਇਕ ਬੇਰ ਥੱਲੇ ਜਾ ਬੈਠੇ (ਇਥੇ ਹੁਣ ਗੁਰਦੁਆਰਾ ਬੇਰ ਸਾਹਿਬ ਮੌਜੂਦ ਹੈ)। ਨੇੜੇ ਹੀ ਪੀਰ ਦਾ ਮੱਠ ਸੀ। ਇਕ ਸੇਠ ਪੀਰ ਨੂੰ ਆਪਣਾ ਪੁੱਤਰ ਦੇਣ ਦਾ ਵਾਅਦਾ ਕਰਕੇ ਮੁੱਕਰ ਗਿਆ ਸੀ। ਏਸ ਗੱਲ ਤੋਂ ਕ੍ਰੋਧ ਵਿਚ ਆ ਕੇ ਪੀਰ ਛਿਲਾ ਕੱਟ ਰਿਹਾ ਸੀ। ਗੁਰੂ ਜੀ ਨੇ ਪੀਰ ਦੇ ਚੇਲਿਆਂ ਨੂੰ ਕਿਹਾ ਕਿ ਪੀਰ ਬਾਹਰ ਆ ਕੇ ਸਾਨੂੰ ਮਿਲੇ ਪਰ ਪੀਰ ਨੇ ਮੱਠ ਤੋਂ ਬਾਹਰ ਆਉਣ ਤੋਂ ਇਨਕਾਰ ਕਰ ਦਿੱਤਾ। ਕਹਿੰਦਾ ਹੈ, ਮੈਂ ਚਾਲੀ ਦਿਨਾਂ ਮਗਰੋਂ ਮੱਠ ਵਿਚੋਂ ਬਾਹਰ ਆਵਾਂਗਾ, ਪਹਿਲਾਂ ਨਹੀਂ ਆਵਾਂਗਾ ਅਤੇ ਸਾਰੇ ਸ਼ਹਿਰ ਨੂੰ ਗ਼ਰਕ ਕਰ ਦੇਵਾਂਗਾ। ਮਹਾਰਾਜ ਨੇ ਮੱਠ ਦੇ ਨੇੜੇ ਰੱਬੀ ਬਾਣੀ ਦਾ ਕੀਰਤਨ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਪੰਥ ਪ੍ਰਕਾਸ਼ ਅਨੁਸਾਰ ਮੱਠ ਵਿਚ ਉਪਰੋਂ ਤ੍ਰੇੜ ਆ ਗਈ। ਪੀਰ ਡਰ ਗਿਆ ਕਿ ਮੱਠ ਮੇਰੇ ਉੱਤੇ ਹੀ ਨਾ ਡਿੱਗ ਪਵੇ।

ਹਮਜ਼ਾ ਗੌਂਸ ਦਾ ਅਹੰਕਾਰ ਟੁੱਟ ਗਿਆ। ਉਹ ਛਿਲਾ ਅਧਵਾਟੇ ਛੱਡ ਕੇ ਗੁਰਦੇਵ ਦੇ ਚਰਨੀਂ ਆ ਪਿਆ। ਮਹਾਰਾਜ ਨੇ ਬੜੇ ਆਦਰ ਨਾਲ ਕੋਲ ਬਿਠਾ ਕੇ ਕਿਹਾ, "ਸਾਈਂ ਜੀ ! ਫ਼ਕੀਰੀ ਤਾਂ ਗ਼ਰੀਬੀ ਤੇ ਨਿਮਰਤਾ ਦਾ ਨਾਮ ਹੈ। ਰੱਬ ਦੇ ਪਿਆਰਿਆਂ ਨੂੰ ਕਰੋਧ ਸੋਭਾ ਨਹੀਂ ਦੇਂਦਾ। ਬੱਚਿਆਂ ਦੀ ਲਾਲਸਾ ਸੀ ਤਾਂ ਗ੍ਰਿਹਸਤੀ ਬਣਦੇ। ਫ਼ਕੀਰੀ ਧਾਰਨ ਕਰਕੇ ਬੱਚਿਆਂ ਦਾ ਮੋਹ ਕਿਹਾ ? ਤੂੰ ਮਰਨ ਤੋਂ ਡਰਦਾ ਹੈਂ, ਪਰੰਤੂ ਇਸੇ ਸ਼ਹਿਰ ਵਿੱਚ ਐਸੇ ਵੀ ਹਨ ਜਿਨ੍ਹਾਂ ਮਰਨਾ ਸੱਚ ਜਾਣਿਆ ਹੈ।" "ਆਪ ਸੱਚ ਕਹਿੰਦੇ ਹੋ।" ਹਮਜ਼ਾ ਗੌਂਸ ਨੇ ਸਿਰ ਝੁਕਾਅ ਕੇ ਕਿਹਾ, "ਪਰ ਇਹ ਤਾਂ ਸਾਰਾ ਸ਼ਹਿਰ ਹੀ ਝੂਠਿਆਂ ਦਾ ਹੈ।"

"ਨਹੀਂ, ਸਾਈਂ ਜੀ !" ਗੁਰਦੇਵ ਨੇ ਫ਼ਕੀਰ ਦੀ ਗੱਲ ਟੋਕੀ, "ਨਾ ਸਾਰੇ ਚੰਗੇ ਹੁੰਦੇ ਹਨ, ਨਾ ਬੁਰੇ। ਆਪਾਂ ਪਰਖ ਕਰ ਲੈਂਦੇ ਹਾਂ।"

ਗੁਰਦੇਵ ਨੇ ਮਰਦਾਨੇ ਨੂੰ ਸ਼ਹਿਰ ਭੇਜਿਆ ਅਤੇ ਕਿਹਾ ਕਿ ਉਹ ਟਕੇ ਦਾ 'ਸੱਚ ਤੇ ਝੂਠ' ਖ਼ਰੀਦ ਕੇ ਲੈ ਆਵੇ। ਮਰਦਾਨਾ ਸਾਰੇ ਬਾਜ਼ਾਰ ਵਿਚ ਘੁੰਮਦਾ ਘੁੰਮਦਾ ਮੂਲੇ ਖੱਤਰੀ ਦੀ ਦੁਕਾਨ 'ਤੇ ਜਾ ਪੁੱਜਾ। ਮੂਲੇ ਨੇ ਉਸ ਅਨੋਖੇ ਗਾਹਕ ਨੂੰ ਕੋਲ ਬਿਠਾ ਕੇ ਸਾਰੀ ਵਾਰਤਾ ਪੁੱਛੀ। ਮਰਦਾਨੇ ਕੋਲੋਂ ਗੁਰੂ ਜੀ ਬਾਰੇ ਸੁਣ ਕੇ ਮੂਲੇ ਨੇ ਕਾਗਜ਼ ਉੱਤੇ ਲਿਖ ਦਿੱਤਾ, 'ਮਰਨਾ ਸੱਚ ਤੇ ਜਿਉਣਾ ਝੂਠਾ' ਫਿਰ ਭਾਈ ਮਰਦਾਨੇ ਦੇ ਨਾਲ ਹੀ ਮੂਲਾ ਖੱਤਰੀ ਗੁਰੂ ਜੀ ਦੇ ਦਰਸ਼ਨ ਵਾਸਤੇ ਤੁਰ ਪਿਆ। ਪੀਰ ਹਮਜ਼ਾ ਗੌਂਸ ਦਾ ਹੰਕਾਰ ਦੂਰ ਕਰਕੇ ਗੁਰਦੇਵ ਭਾਈ ਮੂਲੇ ਨੂੰ ਨਾਲ ਲੈ ਕੇ ਅੱਗੇ ਜਗਤ ਜੀਆਂ ਨੂੰ ਤਾਰਣ ਚੱਲ ਪਏ।

**ਬਚਨ ਮਾਨ ਕੈ ਤਬ ਹੀ ਮੂਲਾ।**
**ਚਲਯੋ ਸੰਗ ਲਖ ਗੁਰ ਅਨਕੂਲਾ।**

**ਗਮਨੇ ਆਨ ਥਾਨ ਜਗ ਸਾਂਈ।**
**ਸਿਛ੍ਯਾ ਦੇਣ ਜੇ ਨਰ ਦੁਖ ਪਾਈ॥ 23 ॥**

(ਨਾਨਕ ਪ੍ਰਕਾਸ਼ ਉਤਰਾਰਧ, ਅਧਿਆਇ ३੧)

ਇਸ ਤਰ੍ਹਾਂ ਗੁਰੂ ਜੀ ਨਾਲ ਰਹਿੰਦਿਆਂ ਭਾਈ ਮੂਲੇ ਨੂੰ ਕੁਝ ਚਿਰ ਹੋਇਆ ਤਾਂ ਇਕ ਦਿਨ ਗੁਰੂ ਨਾਨਕ ਦੇਵ ਜੀ ਨੇ ਕਿਹਾ, ਭਾਈ ਮੂਲੇ ! ਤੇਰੇ ਕਿਸੇ ਵਿਰੋਧੀ ਨੇ ਤੇਰੀ ਘਰਵਾਲੀ ਨੂੰ ਕਹਿ ਦਿੱਤਾ ਹੈ ਕਿ ਤੇਰਾ ਘਰਵਾਲਾ ਤਾਂ ਸੰਤਾਂ ਨਾਲ ਗਿਆ ਚੜ੍ਹਾਈ ਕਰ ਗਿਆ ਹੈ। ਹੁਣ ਤੇਰੀ ਘਰਵਾਲੀ ਸਤੀ ਹੋਣ ਲੱਗੀ ਹੈ, ਤੂੰ ਦੱਸ ਘਰ ਜਾਣਾ ਹੈ ਕਿ ਨਹੀਂ ? ਤਾਂ ਮੂਲਾ ਕਹਿੰਦਾ ਹੈ, ਜੀ ਛੇਤੀ ਮੈਨੂੰ ਘਰ ਪਹੁੰਚਾਓ।

**ਇਵ ਸੁਣ ਕੈ ਤਵ ਤ੍ਰਿਯ ਤਿਹ ਠੌਰਾ। ਜਰਨ ਹੇਤ ਕਰ ਲੀਨ ਸਿਧਉਰਾ।**
**ਸਭ ਸਮਾਜ ਕੌ ਕੀਨ ਤਯਾਰੀ। ਸਤੀ ਹੋਨ ਲਾਗੀ ਹਿਤਕਾਰੀ॥ 80 ॥**

ਗੁਰੂ ਜੀ ਨੇ ਕਿਹਾ, ਮੂਲਿਆ ! ਤੂੰ ਮਰਨਾ ਸੱਚ ਤੇ ਜਿਊਣਾ ਝੂਠ ਕਿਹਾ ਸੀ। ਚੰਗਾ ਤੈਨੂੰ ਘਰ ਪਹੁੰਚਾ ਦਿੰਦੇ ਹਾਂ ਪਰ ਫੇਰ ਮੋਹ ਵਿਚ ਨਾ ਫੱਸ ਜਾਵੀਂ। ਇਸ ਤਰ੍ਹਾਂ ਕਹਿ ਕੇ ਮੂਲੇ ਨੂੰ ਗੁਰੂ ਜੀ ਨੇ ਉਸ ਦੇ ਘਰ ਪਹੁੰਚਾ ਦਿੱਤਾ ਸੀ। ਕੁਝ ਸਮਾਂ ਬੀਤਣ ਤੋਂ ਮਗਰੋਂ ਫੇਰ ਗੁਰੂ ਜੀ ਉਸ ਦੇ ਪਿੰਡ ਗਏ ਹਨ ਤੇ ਮਰਦਾਨੇ ਨੂੰ ਕਿਹਾ, ਇਥੇ ਸਾਡਾ ਸੰਸਾਰੀ ਮਿੱਤਰ ਰਹਿੰਦਾ ਹੈ, ਉਸ ਨੂੰ ਮਿਲਣਾ ਹੈ। ਜਦੋਂ ਮੂਲੇ ਦੀ ਘਰਵਾਲੀ ਨੇ ਗੁਰੂ ਜੀ ਨੂੰ ਦੇਖਿਆ ਤੇ ਮੂਲੇ ਨੂੰ ਕਿਹਾ, ਜਿਨ੍ਹਾਂ ਨਾਲ ਪਹਿਲਾਂ ਗਿਆ ਸੀ ਉਹ ਸੰਤ ਗੁਰੂ ਨਾਨਕ ਦੇਵ ਜੀ ਆ ਰਹੇ ਹਨ। ਤੈਨੂੰ ਮੁੜ ਕੇ ਆਪਣੇ ਨਾਲ ਨਾ ਲੈ ਜਾਣ, ਛੇਤੀ ਇਸ ਪਾਥੀਆਂ ਵਿਚ ਹੀ ਲੁੱਕ ਜਾ। ਪਾਥੀਆਂ ਵਿਚੋਂ ਸੱਪ ਨੇ ਡੰਗ ਮਾਰਿਆ ਤਾਂ ਤੜਫਦੇ ਰੋਂਦੇ ਕੁਰਲਾਂਦੇ ਭਾਈ ਮੂਲੇ ਨੂੰ ਚੁੱਕ ਕੇ ਗੁਰੂ ਨਾਨਕ ਦੇਵ ਜੀ ਪਾਸ ਲੈ ਗਏ ਸਨ। ਅੰਤਲੇ ਸਮੇਂ ਸ਼ਰਣ ਲਿਆਂਦਾ ਜਾਣ ਕੇ ਗੁਰੂ ਜੀ ਨੇ ਕਿਹਾ ਸੀ, ਚੰਗਾ ਭਾਈ, ਹੁਣ ਦਸਮੇ ਜਾਮੇ ਇਸ ਦਾ ਉਧਾਰ ਕਰਾਂਗੇ। ਇਹ ਉਸ ਸਮੇਂ ਤੱਕ ਕੀਤੇ ਕਰਮ ਦਾ ਫਲ ਭੋਗੇਗਾ। ਕਿਉਂਕਿ ਸਮਰੱਥ ਗੁਰੂ ਦੀ ਮਹਿਮਾ ਜਾਣਦਿਆਂ ਹੋਇਆਂ ਵੀ ਇਹ ਆਪਣੀ ਘਰਵਾਲੀ ਦੇ ਮਗਰ ਲੱਗ ਕੇ ਪਾਥੀਆਂ ਵਿਚ ਲੁੱਕ ਗਿਆ ਸੀ, ਅਤੇ ਗੁਰੂ ਤੋਂ ਬੇਮੁਖ ਹੋ ਗਿਆ ਸੀ। ਬੇਮੁਖ ਪੁਰਸ਼ ਦੀ ਦਸ਼ਾ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਦਰਸਾਈ ਹੈ :

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥**
**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥**
**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥**
**ਫਿਰ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥**
**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥** (ਅਨੰਦੁ ਸਾਹਿਬ)

ਭਾਈ ਮੂਲੇ ਦੇ ਇਸ ਪ੍ਰਸੰਗ ਨੂੰ ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ "ਨਾਨਕ ਪ੍ਰਕਾਸ਼" ਅੰਦਰ ਇਸ ਤਰ੍ਹਾਂ ਦਰਸਾਇਆ ਹੈ :

**ਤਿਸ ਖਿਨ ਸ਼੍ਯਾਮ ਨਾਗ ਤਹਿ ਨਿਕਸਾ। ਤਿਮਰ ਬਿਖੈ ਮੂਲੇ ਕੋ ਡਸਾ॥ 69॥**
**ਹਾਇ ਹਾਇ ਕਰ ਬਾਹਰ ਆਯੋ। ਨਿਜ ਨਾਰੀ ਸੋ ਬੋਲ ਅਲਾਯੋ।**
**ਕਰਮਹੀਨ ਤੈ ਮੋ ਕੋ ਮਾਰਯੋ। ਚਢੀ ਸੀਸ ਮਮ ਜੀਵ ਬਿਦਾਰਯੋ॥ 70॥**

ਜਿਸ ਸਮੇਂ ਚੁੱਕ ਕੇ ਇਕੱਠੇ ਹੋਏ ਲੋਕ ਭਾਈ ਮੂਲੇ ਨੂੰ ਗੁਰੂ ਜੀ ਪਾਸ ਲੈ ਕੇ ਗਏ ਸਨ ਤਾਂ ਹਜ਼ੂਰ ਨੇ ਇਸ ਤਰ੍ਹਾਂ ਕਿਹਾ ਸੀ :—

**ਅੰਤ ਸਮੈ ਜੋ ਦਰਸਨ ਪਾਵਾ। ਯਾਕੋ ਫਲ ਇਸ ਹੋਇ ਸਹਾਵਾ॥ 82॥**
**ਦਸਵਾਂ ਜਾਮਾ ਪਹਿਰਹਿ ਜਬਹੀ। ਜਨਮ ਮਰਨ ਤੇ ਗਤਿ ਦੈ ਤਬਹੀ।**
**ਤਬ ਲੌ ਜਨਮ ਧਰਹਿਗੋ ਏਹੀ। ਸੂਕਰ ਸ਼ਸ਼ਾ ਮ੍ਰਿਗ ਕੋ ਦੇਹੀ॥ 83॥**

(ਨਾਨਕ ਪ੍ਰਕਾਸ਼ ਉਤਰਾਰਧ, ਧਿਆਇ 38)

ਇਸ ਤਰ੍ਹਾਂ ਭਾਈ ਮੂਲੇ ਦੀ ਮੌਤ ਹੋ ਗਈ ਸੀ। ਜਿਸ ਸਮੇਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਇਕ ਦਿਨ ਸ਼ਿਕਾਰ ਖੇਲਣ ਚਲੇ ਹਨ ਤਾਂ ਭਾਈ ਮੂਲਾ ਉਸ ਸਮੇਂ ਸਹੇ ਦੀ ਜੂਨ ਵਿਚ ਪਿਆ ਹੋਇਆ ਸੀ। ਇਹ ਸਹਾ (ਖਰਗੋਸ਼) ਝਾੜੀਆਂ ਵਿਚੋਂ ਨਿਕਲ ਕੇ ਗੁਰੂ ਜੀ ਅੱਗੇ ਦੌੜਿਆ ਤਾਂ ਗੁਰਦੇਵ ਜੀ ਨੇ ਤੀਰ ਦਾ ਨਿਸ਼ਾਨਾ ਬਣਾ ਕੇ ਇਸ ਨੂੰ ਮੁਕਤ ਕੀਤਾ ਸੀ।

ਬਿਲਾਵਲੁ ਮਹਲਾ 5 ॥ ਪ੍ਰਭ ਜਨਮ ਮਰਣ ਨਿਵਾਰਿ ॥ ਹਾਰਿ ਪਰਿਓ ਦੁਆਰਿ ॥ ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥ ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥ ੧ ॥ ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥ ਜਾਚਉ ਸੰਤ ਰਵਾਲ ॥ ੧ ॥ ਰਹਾਉ ॥ ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥ ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪੁਨਾ ਦੇਹੁ ॥ ਪ੍ਰਭ ਤੁਝ ਬਿਨਾ ਨਹੀ ਠਾਉ ॥ ਨਾਨਕਾ ਬਲਿ ਬਲਿ ਜਾਉ ॥ 2 ॥ ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥ ਜਮਦੂਤ ਮਹਾ ਭਇਆਨ ॥ ਚਿਤ ਗੁਪਤ ਕਰਮਹਿ ਜਾਨ ॥ ਦਿਨੁ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿ ਸਰਨਾਇ ॥ 3 ॥ ਭੈ ਭੰਜਨਾ ਮੁਰਾਰਿ ॥ ਕਰਿ ਦਇਆ ਪਤਿਤ ਉਧਾਰਿ ॥ ਮੇਰੇ ਦੋਖ ਗਨੇ ਨ ਜਾਹਿ ॥ ਹਰਿ ਬਿਨਾ ਕਤਹਿ ਸਮਾਹਿ ॥ ਗਹਿ ਓਟ ਚਿਤਵੀ ਨਾਥ ॥ ਨਾਨਕਾ ਦੇ ਰਖੁ ਹਾਥ ॥ 4 ॥ ਹਰਿ ਗੁਣ ਨਿਧੇ ਗੋਪਾਲ ॥ ਸਰਬ ਘਟ ਪ੍ਰਤਿਪਾਲ ॥ ਮਨਿ ਪ੍ਰੀਤਿ ਦਰਸਨ ਪਿਆਸ

॥ ਗੋਬਿੰਦ ਪੂਰਨ ਆਸ ॥ ਇਕ ਨਿਮਖ ਰਹਨੁ ਨ ਜਾਇ ॥ ਵਡ ਭਾਗਿ ਨਾਨਕ ਪਾਇ ॥ 5 ॥ ਪ੍ਰਭ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥ ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥ ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥ 6 ॥ ਜਿਉ ਤਰੁਨਿ ਭਰਤ ਪਰਾਨ ॥ ਜਿਉ ਲੋਭੀਐ ਧਨੁ ਦਾਨੁ ॥ ਜਿਉ ਦੂਧ ਜਲਹਿ ਸੰਜੋਗੁ ॥ ਜਿਉ ਮਹਾ ਖੁਧਿਆਰਥ ਭੋਗੁ ॥ ਜਿਉ ਮਾਤ ਪੂਤਹਿ ਹੇਤੁ ॥ ਹਰਿ ਸਿਮਰਿ ਨਾਨਕ ਨੇਤ ॥ 7 ॥ ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥ ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥ ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥ 8 ॥ ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥ ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥ 9 ॥ ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥ ਕੁਲ ਸਮੂਹ ਕਰਤ ਉਧਾਰੁ ॥ ਸੰਸਾਰੁ ਉਤਰਸਿ ਪਾਰਿ ॥ ਹਰਿ ਚਰਨ ਬੋਹਿਥ ਤਾਹਿ ॥ ਮਿਲਿ ਸਾਧਸੰਗਿ ਜਸੁ ਗਾਹਿ ॥ ਹਰਿ ਪੈਜ ਰਖੈ ਮੁਰਾਰਿ ॥ ਹਰਿ ਨਾਨਕ ਸਰਨਿ ਦੁਆਰਿ ॥ ੧0 ॥ 2 ॥

ਪਦ ਅਰਥ :- ਨਿਵਾਰਿ=ਦੂਰ ਕਰੇ। ਹਾਰਿ=ਹਾਰ ਕੇ, ਹੰਭ ਕੇ। ਮਿਸਟ=ਮਿੱਠਾ। ਜਾਚਉ=ਮੈਂ ਮੰਗਦਾ ਹਾਂ। ਰਵਾਲ=(ਚਰਨ) ਧੂੜੀ। ਬਿਖਿਆ ਕੂਪ=ਵਿਸ਼ਿਆਂ ਦਾ ਖੂਹ। ਤਮ ਅਗਿਆਨ=ਅਗਿਆਨ ਦਾ ਹਨੇਰਾ। ਮੋਹਤ=ਮੋਹ ਦਾ। ਘੂਪ=ਘੁੱਪ (ਹਨੇਰਾ)। ਭੁਜਾ=ਬਾਂਹ। ਠਾਉ=ਥਾਂ। ਜਾਉ=ਮੈਂ ਜਾਂਦਾ ਹਾਂ। ਬਾਧੀ ਦੇਹ=ਕਾਇਆ ਬੱਧੀ ਹੋਈ ਹੈ। ਖੇਹ=ਮਿੱਟੀ, ਸੁਆਹ। ਭਇਆਨ=ਭਿਆਨਕ, ਡਰਾਉਣੇ। ਚਿਤ ਗੁਪਤ=ਚਿਤਰ ਗੁਪਤ। ਕਰਮਹਿ ਜਾਨ=ਕਰਮਾਂ ਨੂੰ ਜਾਣਦੇ ਹਨ। ਸਾਖਿ=ਸਾਖੀ, ਉਗਾਹੀ, ਗਵਾਹੀ। ਭੈ ਭੰਜਨਾ=ਡਰ ਨਾਸ਼ ਕਰਨ ਵਾਲੇ। ਮੁਰਾਰਿ=ਮੁਰ ਆਦਿ ਦੈਂਤ ਨੂੰ ਮਾਰਨ ਵਾਲੇ। ਦੋਖ=ਦੋਸ਼। ਨ ਜਾਹਿ=ਨਹੀਂ ਜਾਂਦੇ। ਕਤਹਿ=ਕਿਥੇ ?। ਸਮਾਹਿ=ਸਮਾਅ ਸਕਦੇ ਹਾਂ। ਗੁਣ ਨਿਧੇ=ਹੇ ਗੁਣਾਂ ਦੇ ਖ਼ਜ਼ਾਨੇ !। ਵਡ ਭਾਗਿ=ਭਾਗਾਂ ਨਾਲ। ਮੀਨ=ਮੱਛੀ। ਜਲ ਸਿਉ=ਪਾਣੀ ਨਾਲ। ਹੇਤੁ=ਪ੍ਰੇਮ। ਅਲਿ=ਭੌਰਾ। ਭਿੰਨੁ ਨ ਭੇਤੁ=ਵੱਖਰਾਪਨ ਨਹੀਂ। ਚਕਵੀ=ਚਕ੍ਰਵਾਕੀ (ਇਹ ਰਾਤ ਨੂੰ ਸੂਰਜ ਨਾਲੋਂ ਵਿਛੜ ਜਾਂਦੀ ਹੈ)। ਤਰੁਨਿ=ਜੁਆਨ ਇਸਤਰੀ। ਲੋਭੀਐ=ਲਾਲਚੀ (ਮਨੁੱਖ) ਦਾ। ਧਨੁ=ਦੌਲਤ। ਜਲਹਿ=ਪਾਣੀ ਨਾਲ। ਸੰਜੋਗੁ=ਮੇਲ। ਮਹਾ ਖੁਧਿਆਰਥ=ਬਹੁਤ ਭੁੱਖਾ। ਪੂਤਹਿ=ਪੁੱਤਰ ਨਾਲ। ਨੇਤ=ਨਿਤ। ਦੀਪ=ਦੀਵਾ। ਪਤਨ=ਡਿੱਗਦਾ ਹੈ। ਪਤੰਗ=ਪਤੰਗਾ। ਹਿਰਤ=ਚੁਰਾਉਂਦਾ ਹੈ। ਨਿਸੰਗ=ਸ਼ੰਕਾ ਰਹਿਤ ਹੋ ਕੇ। ਮੈਗਲਹਿ=ਹਾਥੀ ਦਾ। ਕਾਮੈ=ਕਾਮ ਨਾਲ। ਬੰਧੁ=ਮੇਲ, ਜੋੜ। ਗ੍ਰਸਤ=ਫਸਿਆ ਹੋਇਆ, ਘਿਰਿਆ।

ਬਿਖਈ=ਵਿਸ਼ਈ। ਧੰਧੁ=ਧੰਧਾ, ਵਿਹਾਰ। ਜੂਆਰ=ਜੁਆਰੀਆ। ਬਿਸਨੁ=ਭੈੜੀ ਵਾਦੀ, ਆਦਤ। ਕੁਰੰਕ=ਹਰਨ। ਨਾਦੈ=ਸ਼ਬਦ ਨਾਲ। ਨੇਹੁ=ਪ੍ਰੇਮ। ਚਾਤ੍ਰਿਕੁ=ਪਪੀਹਾ। ਮੇਹੁ=ਮੀਂਹ, ਵਰਖਾ (ਭਾਵ ਸ਼ਾਂਤੀ ਦੀ ਬੂੰਦ)। ਰੰਗਿ=ਪ੍ਰੇਮ ਵਿਚ। ਕੁਲ ਸਮੂਹ=ਸਾਰੀਆਂ ਕੁਲਾਂ ਦਾ। ਗਾਹਿ=ਗਾਉਂਦੇ ਹਨ।

ਅਰਥ :- ਹੇ ਪ੍ਰਭੂ ! (ਮੇਰਾ ਚੌਰਾਸੀ ਦਾ ਗੇੜ) ਜਨਮ ਮਰਨ ਦੂਰ ਕਰ ਦੇ। (ਮੈਂ ਸਭ ਪਾਸਿਓਂ) ਹਾਰ ਕੇ (ਆਪ ਜੀ ਦੇ) ਦੁਆਰੇ 'ਤੇ ਆ ਪਿਆ ਹਾਂ। (ਮੈਂ ਪ੍ਰਭੂ ਪਿਆਰੇ) ਸਾਧ (ਜਨਾਂ ਦਾ) ਸੰਗ ਕਰ ਕੇ (ਆਪ ਦੇ) ਚਰਨ ਫੜੇ ਹਨ। ਮਨ ਵਿਚ (ਆਪ) ਹਰੀ ਦਾ ਪ੍ਰੇਮ ਮਿੱਠਾ ਲੱਗਾ ਹੈ। ਦਇਆ (ਦ੍ਰਿਸ਼ਟੀ ਕਰ ਕੇ) ਮੈਨੂੰ (ਆਪਣੇ) ਲੜ ਨਾਲ ਲਾ ਲਵੋ। (ਤਾਂ ਜੋ ਸੇਵਕ) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹਰੀ ਆਪ ਪ੍ਰਭੂ ਦਾ) ਨਾਮ ਧਿਆਉਂਦਾ ਰਹੇ।੧।

ਹੇ ਦੀਨਾਂ (ਅਨਾਥਾਂ) ਦੇ ਮਾਲਕ ! ਹੇ ਦਿਆਲੂ ! ਹੇ ਦੀਨਾਂ ਦੇ ਮਾਲਕ ਦਇਆਲੂ ਸੁਆਮੀ ਪ੍ਰਭੂ ਜੀ ! ਮੈਂ (ਆਪ ਜੀ ਤੋਂ ਪ੍ਰਭੂ ਪਿਆਰੇ ਸੰਤਾਂ ਦੇ (ਚਰਨਾਂ ਦੀ) ਧੂੜੀ ਮੰਗਦਾ ਹਾਂ।੧।ਰਹਾਉ।

(ਹੇ ਪ੍ਰਭੂ ! ਇਹ) ਸੰਸਾਰ ਵਿਸ਼ਿਆਂ ਦਾ ਖੂਹ ਹੈ। ਅਗਿਆਨਤਾ ਦੇ ਘੁੱਪ ਹਨੇਰੇ ਕਰ ਕੇ (ਮਾਇਆ ਵਿਚ) ਮੋਹਿਆ ਪਿਆ ਹਾਂ। ਹੇ ਪ੍ਰਭੂ ਜੀ ! (ਇਸ ਖੂਹ ਚੋਂ ਕੱਢਣ ਲਈ ਮੇਰੀ ਬੁਧੀ ਰੂਪ) ਬਾਂਹ ਫੜ ਲਵੋ। ਹੇ ਹਰੀ ! (ਮੈਨੂੰ) ਆਪਣਾ ਨਾਮ ਦਿਓ। ਹੇ ਪ੍ਰਭੂ ! ਤੇਰੇ ਬਿਨਾਂ (ਮੇਰਾ ਕੋਈ) ਥਾਂ (ਟਿਕਾਣਾ) ਨਹੀਂ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਆਪ ਤੋਂ) ਬਲਿਹਾਰ ਬਲਿਹਾਰ ਜਾਂਦਾ ਹਾਂ।੨।

(ਹੇ ਪ੍ਰਭੂ !) ਪਦਾਰਥਾਂ ਦਾ ਲੋਭ ਤੇ (ਸਨਬੰਧੀਆਂ ਦੇ) ਮੋਹ ਵਿਚ ਇਹ ਸਰੀਰ ਦੇਹੀ ਬੱਧੀ ਹੋਈ ਹੈ। ਪਰ ਬਿਨਾਂ ਸਿਮਰਨ ਤੋਂ (ਇਹ ਸੋਨੇ ਵਰਗੀ ਮਨੁੱਖ ਦੇਹੀ) ਖੇਹ (ਸਮਾਨ) ਹੋ ਜਾਂਦੀ ਹੈ। (ਧਰਮ ਰਾਜ ਦੇ) ਜਮ ਬੜੇ ਭਿਆਨਕ ਹਨ। (ਉਸ ਧਰਮ ਰਾਜ ਦੇ ਮੁਨਸ਼ੀ) ਚਿਤਰ ਗੁਪਤ (ਜੀਵ ਦੇ ਸਾਰੇ) ਕਰਮਾਂ ਨੂੰ ਜਾਣਦੇ ਹਨ। ਦਿਨ ਰਾਤ ਵਿਚ (ਜੋ ਕੁਝ ਜੀਵ ਕਰਮ ਕਰਦਾ ਹੈ, ਉਸ ਦੀ ਸਾਖੀ) ਉਗਾਹੀ (ਧਰਮਰਾਜ ਨੂੰ) ਸੁਣਾਉਂਦੇ ਹਨ। ਹੇ ਹਰੀ ! ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਸੇਵਕ ਆਪ ਦੀ) ਸ਼ਰਨ ਆਇਆ ਹੈ।੩।

ਹੇ ਡਰ ਦੇ ਨਾਸ਼ ਕਰਨ ਵਾਲੇ ਮੁਰਾਰੀ ਆਦਿ ਦੈਂਤਾਂ ਨੂੰ ਖ਼ਤਮ ਕਰਨ ਵਾਲੇ ਪ੍ਰਭੂ ! ਆਪ ਦਇਆ ਕਰ ਕੇ ਪਤਿਤ ਨੂੰ (ਸੰਸਾਰ ਸਾਗਰ ਤੋਂ) ਤਾਰ ਲਵੋ। ਮੇਰੇ ਦੋਸ਼ (ਇਤਨੇ) ਹਨ ਜੋ ਗਿਣੇ ਨਹੀਂ ਜਾ ਸਕਦੇ। ਹੇ ਹਰੀ ! (ਆਪ ਤੋਂ) ਬਿਨਾਂ (ਅਸੀਂ) ਕਿਥੇ ਸਮਾਅ ਸਕਦੇ ਹਾਂ ? (ਭਾਵ ਪ੍ਰਭੂ ਬਿਨਾਂ ਕੋਈ ਥਾਂ ਨਹੀਂ, ਇਸ ਕਰਕੇ ਸਾਡੀ ਕਿਤੇ ਵੀ ਸਮਾਈ ਨਹੀਂ ਹੁੰਦੀ)। ਹੇ ਨਾਥ ! (ਇਸ ਕਰ ਕੇ ਮੈਂ ਆਪ ਜੀ ਦੀ) ਓਟ ਫੜੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਦਾਸ ਸੇਵਕ) ਨੂੰ ਹੱਥ ਦੇ ਕੇ ਰੱਖ ਲਵੋ।੪।

ਹੇ ਗੁਣਾਂ ਦੇ ਖ਼ਜ਼ਾਨੇ ! ਹੇ ਪ੍ਰਿਥਵੀ ਦੇ ਮਾਲਕ (ਪੂਰਨ ਪ੍ਰਮਾਤਮਾ ਵਾਹਿਗੁਰੂ ਜੀ !) ਆਪ ਸਭ ਘਟਾਂ ਦੀ ਪਾਲਣਾ ਕਰਨ ਵਾਲੇ ਸਰਬ ਕਲਾ ਸਮਰੱਥ ਹੋ। ਮੇਰੇ ਮਨ ਵਿਚ ਆਪ ਜੀ ਦੀ ਪ੍ਰੀਤਿ (ਅਤੇ) ਦਰਸ਼ਨਾਂ ਦੀ ਪਿਆਸ ਹੈ। ਹੇ ਗੋਬਿੰਦ ! (ਮੇਰੀ ਇਹ) ਆਸ ਪੂਰੀ ਕਰੋ। (ਆਪ ਤੋਂ ਬਿਨਾਂ) ਇਕ ਨਿਮਖ ਭਰ ਲਈ ਭੀ (ਮੇਰੇ) ਤੋਂ ਰਹਿਆ ਨਹੀਂ ਜਾ ਸਕਦਾ। (ਹੁਣ ਤਾਂ 'ਇਕ ਘੜੀ ਨ ਮਿਲਤੇ ਤਾਂ ਕਲਜੁਗਿ ਹੋਤਾ' ਹੈ)।

ਵੱਡੇ ਭਾਗਾਂ ਨਾਲ ਹੀ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਆਪ ਜੀ ਨੂੰ) ਪਾ ਸਕੀਦਾ ਹੈ।੫।

**ਭਾਗ ਹੋਆ ਗੁਰਿ ਸੰਤਿ ਮਿਲਾਇਆ॥** (ਅੰਗ 97)

ਹੇ ਪ੍ਰਭੂ ਪ੍ਰਮਾਤਮਾ ਜੀ ! ਤੇਰੇ ਤੋਂ ਬਿਨਾਂ (ਮੇਰਾ) ਹੋਰ (ਕੋਈ ਪਿਆਰਾ) ਨਹੀਂ ਹੈ। ਜਿਵੇਂ ਚੰਦ੍ਰਮਾ ਤੇ ਚਕੋਰ ਦੀ ਪ੍ਰੀਤਿ ਹੈ, (ਇਸੇ ਤਰ੍ਹਾਂ ਮੇਰੇ) ਮਨ ਵਿਚ (ਪ੍ਰਭੂ ਜੀ ! ਤੇਰੀ ਪ੍ਰੀਤਿ ਹੈ)। ਜਿਵੇਂ ਮੱਛੀ ਦਾ ਪਾਣੀ ਨਾਲ ਪ੍ਰੇਮ ਹੈ। ਭੌਰੇ ਤੇ ਕਮਲ ਫੁੱਲ ਦਾ ਕੋਈ ਵੀ ਭਿੰਨ ਭੇਦ (ਵੱਖਰਾ-ਪਨ) ਨਹੀਂ ਹੈ। ਜਿਵੇਂ ਚਕਵੀ ਸੂਰਜ ਦੀ ਆਸ (ਕਰਦੀ ਹੈ), ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਇਸੇ ਤਰ੍ਹਾਂ ਦਾਸ ਸੇਵਕ) ਨੂੰ ਪ੍ਰਭੂ ਤੇਰੇ ਚਰਨਾਂ ਦੀ ਪਿਆਸ ਹੈ।੬।

ਜਿਵੇਂ ਜੁਆਨ ਇਸਤਰੀ ਨੂੰ (ਆਪਣਾ) ਪਤੀ ਪ੍ਰਾਣਾਂ (ਸਮਾਨ ਪਿਆਰਾ ਹੁੰਦਾ) ਹੈ। ਜਿਵੇਂ ਲੋਭੀ (ਪੁਰਸ਼) ਨੂੰ ਧਨ ਦੌਲਤ ਦਾਨ (ਲੈਣਾ ਪਿਆਰਾ ਲੱਗਦਾ ਹੈ)। ਜਿਵੇਂ ਦੁੱਧ ਦਾ ਪਾਣੀ ਨਾਲ ਮੇਲ ਹੈ। ਜਿਵੇਂ ਬਹੁਤੇ ਭੁੱਖੇ ਨੂੰ (ਚੰਗੇ ਚੰਗੇ ਪਦਾਰਥਾਂ ਦਾ) ਭੋਗ (ਪਿਆਰਾ ਹੈ)। ਜਿਵੇਂ ਮਾਂ ਦਾ ਪੁੱਤਰ ਨਾਲ ਪਿਆਰ ਹੈ, ਨਾਨਕ (ਗੁਰੂ ਜੀ ਉਚਾਰਨ ਕਰਦੇ ਕਿ ਹੇ ਪੁਰਸ਼ਾ ! (ਤਿਵੇਂ ਤੂੰ) ਹਰੀ ਦਾ ਨਿਤ ਸਿਮਰਨ ਕਰ।੭।

ਜਿਵੇਂ ਪਤੰਗਾ ਦੀਵੇ ਉੱਤੇ (ਆਸ਼ਕ ਹੋ ਕੇ) ਪਤਨ=ਡਿੱਗਦਾ ਹੈ। ਜਿਵੇਂ ਚੋਰ ਨਿਸ਼ੰਕ (ਹੋ ਕੇ ਪਰਾਇਆ ਧਨ) ਚੁਰਾਂਦਾ ਹੈ। ਜਿਵੇਂ ਹਾਥੀ ਕਾਮ (ਵਾਸ਼ਨਾ) ਨਾਲ ਬੱਧਾ ਹੋਇਆ ਹੈ। ਜਿਵੇਂ ਵਿਸ਼ਈ (ਮਨੁੱਖ ਨੂੰ) ਧੰਧਾ ਬੰਨ੍ਹ ਰੱਖਦਾ ਹੈ। ਜਿਵੇਂ ਜੁਆਰੀ ਦੀ (ਜੂਆ ਖੇਡਣ ਦੀ) ਬਸਨੁ=ਭੈੜੀ ਆਦਤ ਨਹੀਂ ਜਾਂਦੀ, ਤਿਵੇਂ ਹੇ ਹਰੀ ! (ਕਿਰਪਾ ਕਰ) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਸੇਵਕ) ਇਸ ਮਨ ਨੂੰ (ਤੇਰੇ ਨਾਲ) ਜੋੜੇ।੮।

(ਜਿਵੇਂ) ਹਰਨ ਦਾ (ਘੰਡੇਹੇੜੇ ਦੇ) ਸ਼ਬਦ ਨਾਲ ਪ੍ਰੇਮ ਹੈ। (ਜਿਵੇਂ) ਪਪੀਹਾ ਸ੍ਵਾਂਤੀ ਬੂੰਦ ਚਾਹੁੰਦਾ ਹੈ, (ਇਸੇ ਤਰ੍ਹਾਂ) ਤੇਰੇ ਦਾਸਾਂ ਦਾ ਜੀਉਣਾ ਸਤਿਸੰਗਤ ਵਿਚ ਹੈ। (ਜਿਥੇ ਸੇਵਕਾਂ ਨੇ) ਗੋਬਿੰਦ ਨੂੰ ਪ੍ਰੇਮ ਨਾਲ ਸਿਮਰਨਾ ਹੈ। (ਉਨ੍ਹਾਂ ਦੀ ਰਸਨਾ) ਨਾਮ ਸਿਮਰਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਸੇਵਕ ਆਪ ਪਾਸੋਂ) ਦਰਸ਼ਨ ਦਾ ਦਾਨ (ਮੰਗਦਾ ਹੈ)।੯।

(ਹੇ ਭਾਈ !) ਜਿਹੜਾ ਮਨੁੱਖ ਹਰੀ ਦੇ) ਗੁਣ ਰਸਨਾ ਨਾਲ ਗਾ ਕੇ, ਕੰਨ ਨਾਲ ਸੁਣ ਕੇ ਅਤੇ ਹੱਥਾਂ ਨਾਲ ਲਿਖ ਕੇ ਦੇਂਦਾ ਹੈ, ਉਹ (ਮਨੁੱਖ) ਹਰੀ ਪਾਸੋਂ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ। (ਉਹ ਆਪਣੀਆਂ) ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ। ਸੰਸਾਰ ਤੋਂ (ਉਸ ਦਾ) ਪਾਰ ਉਤਾਰਾ ਹੋ ਜਾਂਦਾ ਹੈ। (ਜਿਹੜੇ ਪੁਰਸ਼) ਸਾਧਸੰਗ ਨਾਲ ਮਿਲ ਕੇ ਹਰੀ ਦਾ ਜਸ ਗਾਉਂਦੇ ਹਨ, ਸੰਸਾਰ ਅੰਦਰ ਉਨ੍ਹਾਂ ਲਈ ਹਰੀ ਦੇ ਚਰਨ ਜਹਾਜ਼ ਹਨ। ਹਰੀ, ਮੁਰਾਰੀ (ਪ੍ਰਭੂ ਪਰਮੇਸ਼ਰ ਆਪ) ਉਨ੍ਹਾਂ ਦੀ ਇੱਜ਼ਤ ਰੱਖਦਾ ਹੈ। ਹੇ ਹਰੀ ! ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਦਾਸ ਆਪ ਦੇ) ਦਰ ਉੱਤੇ (ਆਪ ਦੀ) ਸ਼ਰਨ ਪਿਆ ਹੈ, (ਆਪ ਜੀ ਸਰਣ ਪੈਰ ਦੀ ਪੈਜ ਰੱਖੋ ਜੀ)।੧੦।੨।

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥**

☆☆☆

ਸ੍ਰੀ ਮੁਖਵਾਕ ਨੰਬਰ ੧੭੦ (ਆਦਿ ਅੰਗ 838)

## ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ

ੴ ਸਤਿਗੁਰ ਪ੍ਰਸਾਦਿ ॥ ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ॥ਅਗਮ ਅਗੋਚਰੁ ਰੂਪੁ ਨ ਰੇਖਿਆ॥ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥ਗੁਰ ਪਰਸਾਦਿ ਪਰਮ ਪਦੁ ਪਾਈ॥੧॥ਕਿਆ ਜਪੁ ਜਾਪਉ ਬਿਨੁ ਜਗਦੀਸੈ॥ਗੁਰ ਕੈ ਸਬਦਿ ਮਹਲੁ ਘਰੁ ਦੀਸੈ॥੧॥ਰਹਾਉ ॥ ਦੂਜੈ ਭਾਇ ਲਗੇ ਪਛੁਤਾਣੇ॥ ਜਮ ਦਰਿ ਬਾਧੇ ਆਵਣ ਜਾਣੇ॥ ਕਿਆ ਲੈ ਆਵਹਿ ਕਿਆ ਲੇ ਜਾਹਿ ॥ ਸਿਰਿ ਜਮਕਾਲੁ ਸਿ ਚੋਟਾ ਖਾਹਿ ॥ ਬਿਨੁ ਗੁਰ ਸਬਦ ਨ ਛੂਟਸਿ ਕੋਇ॥ ਪਾਖੰਡ ਕੀਨ੍ਹੈ ਮੁਕਤਿ ਨ ਹੋਇ॥ 2 ॥ ਆਪੇ ਸਚੁ ਕੀਆ ਕਰ ਜੋੜਿ॥ ਅੰਡਜ ਫੋੜਿ ਜੋੜਿ ਵਿਛੋੜਿ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥ ਰਾਤਿ ਦਿਨੰਤੁ ਕੀਏ ਭਉ ਭਾਉ॥ ਜਿਨਿ ਕੀਏ ਕਰਿ ਵੇਖਣਹਾਰਾ॥ਅਵਰੁ ਨ ਦੂਜਾ ਸਿਰਜਣਹਾਰਾ॥ 3 ॥ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥ ਦੇਵੀ ਦੇਵ ਉਪਾਏ ਵੇਸਾ ॥ ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ॥ ਕੀਮਤਿ ਪਾਇ ਰਹਿਆ ਭਰਪੂਰਿ॥ ਕਿਸੁ ਨੇੜੈ ਕਿਸੁ ਆਖਾ ਦੂਰਿ॥ 4 ॥ ਚਉਥਿ ਉਪਾਏ ਚਾਰੇ ਬੇਦਾ॥ ਖਾਣੀ ਚਾਰੇ ਬਾਣੀ ਭੇਦਾ ॥ ਅਸਟ ਦਸਾ ਖਟੁ ਤੀਨਿ ਉਪਾਏ॥ ਸੋ ਬੂਝੈ ਜਿਸੁ ਆਪਿ ਬੁਝਾਏ॥ ਤੀਨਿ ਸਮਾਵੈ ਚਉਥੈ ਵਾਸਾ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ॥ 5 ॥ ਪੰਚਮੀ ਪੰਚ ਭੂਤ ਬੇਤਾਲਾ॥ ਆਪਿ ਅਗੋਚਰੁ ਪੁਰਖੁ ਨਿਰਾਲਾ ॥ ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥ ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥ ਇਕਿ

ਦਰਿ ਘਰਿ ਸਾਚੈ ਦੇਖਿ ਹਦੂਰਿ ॥ 6 ॥ ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥ ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥ 7 ॥ ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦ ਸਬਦੁ ਨਿਰਾਲਾ ਵਾਜੇ ॥ ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ ਪਤਿ ਪਾਵੈ ॥ ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ ਸਾਚੈ ਸਾਚੇ ਸਾਚਿ ਸਮਾਵਹਿ ॥ 8 ॥ ਸਪਤਮੀ ਸਤੁ ਸੰਤੋਖੁ ਸਰੀਰਿ ॥ ਸਾਤ ਸਮੁੰਦ ਭਰੇ ਨਿਰਮਲ ਨੀਰਿ ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ ਮਨਿ ਸਾਚਾ ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥ 9 ॥ ਅਸਟਮੀ ਅਸਟ ਸਿਧਿ ਬੁਧਿ ਸਾਧੈ ॥ ਸਚੁ ਨਿਹਕੇਵਲੁ ਕਰਮਿ ਅਰਾਧੈ ॥ ਪਉਣ ਪਾਣੀ ਅਗਨੀ ਬਿਸਰਾਉ ॥ ਤਹੀ ਨਿਰੰਜਨੁ ਸਾਚੋ ਨਾਉ ॥ ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥ ੧0 ॥ ਨਾਉ ਨਉਮੀ ਨਵੇ ਨਾਥ ਨਵ ਖੰਡਾ ॥ ਘਟਿ ਘਟਿ ਨਾਥੁ ਮਹਾ ਬਲਵੰਡਾ ॥ ਆਈ ਪੂਤਾ ਇਹੁ ਜਗੁ ਸਾਰਾ ॥ ਪ੍ਰਭ ਆਦੇਸੁ ਆਦਿ ਰਖਵਾਰਾ ॥ ਆਦਿ ਜੁਗਾਦੀ ਹੈ ਭੀ ਹੋਗੁ ॥ ਓਹੁ ਅਪਰੰਪਰੁ ਕਰਣੈ ਜੋਗੁ ॥ ੧੧ ॥ ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥ ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥ ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥ ੧2 ॥ ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥ ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥ ਨਿਰਮਲੁ ਨਿਰਾਹਾਰੁ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥ ੧3 ॥ ਜਹ ਦੇਖਉ ਤਹ ਏਕੋ ਏਕਾ ॥ ਹੋਰਿ ਜੀਅ ਉਪਾਏ ਵੇਕੋ ਵੇਕਾ

॥ ਫਲੋਹਾਰ ਕੀਏ ਫਲੁ ਜਾਇ॥ ਰਸ ਕਸ ਖਾਏ ਸਾਦੁ ਗਵਾਇ॥ ਕੂੜੈ ਲਾਲਚਿ ਲਪਟੈ ਲਪਟਾਇ॥ ਛੂਟੈ ਗੁਰਮੁਖਿ ਸਾਚੁ ਕਮਾਇ॥ ੧4 ॥ ਦੁਆਦਸਿ ਮੁਦ੍ਰਾ ਮਨੁ ਅਉਧੂਤਾ ॥ ਅਹਿਨਿਸਿ ਜਾਗਹਿ ਕਬਹਿ ਨ ਸੂਤਾ ॥ ਜਾਗਤੁ ਜਾਗਿ ਰਹੈ ਲਿਵ ਲਾਇ॥ ਗੁਰ ਪਰਚੈ ਤਿਸੁ ਕਾਲੁ ਨ ਖਾਇ ॥ ਅਤੀਤ ਭਏ ਮਾਰੇ ਬੈਰਾਈ ॥ ਪ੍ਰਣਵਤਿ ਨਾਨਕ ਤਹ ਲਿਵ ਲਾਈ॥੧5 ॥ ਦੁਆਦਸੀ ਦਇਆ ਦਾਨੁ ਕਰਿ ਜਾਣੈ॥ ਬਾਹਰਿ ਜਾਤੋ ਭੀਤਰਿ ਆਣੈ॥ ਬਰਤੀ ਬਰਤ ਰਹੈ ਨਿਹਕਾਮ ॥ ਅਜਪਾ ਜਾਪੁ ਜਪੈ ਮੁਖਿ ਨਾਮ ॥ ਤੀਨਿ ਭਵਣ ਮਹਿ ਏਕੋ ਜਾਣੈ ॥ ਸਭਿ ਸੁਚਿ ਸੰਜਮ ਸਾਚੁ ਪਛਾਣੈ॥੧6 ॥ ਤੇਰਸਿ ਤਰਵਰ ਸਮੁਦ ਕਨਾਰੈ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ॥ ਡਰ ਡਰਿ ਮਰੈ ਨ ਬੂਡੈ ਕੋਇ॥ ਨਿਡਰੁ ਬੂਡਿ ਮਰੈ ਪਤਿ ਖੋਇ॥ ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ ਤਖਤਿ ਨਿਵਾਸੁ ਸਚੁ ਮਨਿ ਭਾਣੈ॥੧7 ॥ ਚਉਦਸਿ ਚਉਥੇ ਥਾਵਹਿ ਲਹਿ ਪਾਵੈ॥ ਰਾਜਸ ਤਾਮਸ ਸਤ ਕਾਲ ਸਮਾਵੈ॥ ਸਸੀਅਰ ਕੈ ਘਰਿ ਸੂਰੁ ਸਮਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ਚਉਦਸਿ ਭਵਨ ਪਾਤਾਲ ਸਮਾਏ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ॥੧8 ॥ਅਮਾਵਸਿਆ ਚੰਦੁ ਗੁਪਤੁ ਗੈਣਾਰਿ॥ ਬੂਝਹੁ ਗਿਆਨੀ ਸਬਦੁ ਬੀਚਾਰਿ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ॥ ਕਰਿ ਕਰਿ ਵੇਖੈ ਕਰਤਾ ਸੋਈ॥ ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ॥੧9 ॥ ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥ ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥ ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥ 20 ॥ ੧ ॥

## ਪ੍ਰਾਕ੍ਥਨ :

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਪੰਦਰਾਂ ਥਿਤਾਂ ਦੇ ਰੂਪ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਬਾਣੀ ਅੰਦਰ ਹਜ਼ੂਰ ਨੇ ਮਨੁੱਖਤਾ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢ ਕੇ ਇਕ ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਦਿੱਤਾ ਹੈ।

## ਵਿਸ਼ਾ—ਪੰਦ੍ਰਹ ਥਿਤੀ ਤੈ ਸਤ ਵਾਰ

ਗੁਰੂ ਸਾਹਿਬਾਨ ਨੇ ਜੀਆਂ 'ਤੇ ਤਰਸ ਕਰਕੇ ਗੁਰੂ ਕਾਲ ਦੇ ਸਮੇਂ ਤੋਂ ਹੀ ਸਮੁੱਚੀ ਗੁਰਬਾਣੀ ਰਾਹੀਂ, ਸਮੁੱਚੀ ਮਨੁੱਖਤਾ ਨੂੰ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਸਰਬ ਵਿਆਪਕ ਪਰੀਪੂਰਨ ਪ੍ਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੱਤਾ ਹੈ। ਸਾਰੀ ਗੁਰਬਾਣੀ ਦਾ ਇਕੋ ਹੀ ਸਿਧਾਂਤ ਹੈ, ਜਿਸ ਵਿਚ ਸਮੁੱਚੀ ਮਨੁੱਖਤਾ ਨੂੰ ਉਸ ਅਕਾਲ ਪੁਰਖ ਵਾਹਿਗੁਰੂ ਜੀ ਨਾਲ ਜੁੜਨ ਦਾ ਉਪਦੇਸ਼ ਦਿੱਤਾ ਗਿਆ ਹੈ। ਸਤਿਗੁਰੂ ਸਾਹਿਬ ਜੀ ਨੇ ਸਾਨੂੰ ਮਹੀਨਿਆਂ, ਥਿੱਤਾਂ, ਵਾਰਾਂ ਆਦਿ ਸਾਰਿਆਂ ਸਮਿਆਂ ਵਿਚ ਪ੍ਰਮਾਤਮਾ ਨੂੰ ਪੂਰਨ ਜਾਣ ਕੇ ਉਸ ਨੂੰ ਯਾਦ ਕਰਨ ਦਾ ਉਪਦੇਸ਼ ਦਿੱਤਾ ਹੈ।

ਜਿਸ ਤਰ੍ਹਾਂ ਸੂਰਜ ਇਕ ਹੈ ਤੇ ਰੁੱਤਾਂ, ਥਿੱਤਾਂ, ਵਾਰ, ਮਹੀਨੇ ਅਨੇਕ ਹਨ। ਇਸੇ ਤਰ੍ਹਾਂ ਅਕਾਲ ਪੁਰਖ ਵਾਹਿਗੁਰੂ ਜੀ ਇਕ ਹੈ ਤੇ ਉਹ ਸਰਬ ਵਿਆਪਕ ਹੈ :

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥**
**ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥ 2 ॥** (ਅੰਗ ੧2)

ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਨ ਹੈ :

**ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥**
(ਅੰਗ 329)

ਜਗਤ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ :

**ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥** (ਜਪੁ ਜੀ ਸਾਹਿਬ)

(ਉਸ ਕਰਤੇ ਦੇ ਹੁਕਮ ਵਿਚ ਹੀ ਵਿਸੁਏ ਚਸਿਆ ਘੜੀਆ ਆਦਿ ਸਮਾਂ ਹੋਇਆ ਹੈ)। ਵਿਸੁਏ=ਇਕ ਵਾਰੀ ਅੱਖ ਖੋਲ੍ਹਣ ਤੇ ਮੀਟਣ ਦੇ ਸਮੇਂ ਨੂੰ ਨਿਮਖ ਕਹਿੰਦੇ ਹਨ। ਪੰਦਰਾਂ ਨਿਮਖਾਂ ਦਾ ਇਕ ਵਿਸਵਾ ਹੁੰਦਾ ਹੈ। ਵਿਸੁਵੇ=੧੫ ਵਿਸਵਿਆਂ ਦਾ ਇਕ ਚਸਾ ਅਤੇ ੩੦ ਚਸਿਆਂ ਦਾ ਇਕ ਪੱਲ ਹੁੰਦਾ ਹੈ। ਘੜੀਆ=੬੦

ਪਲਾਂ ਦੀ ਇਕ ਘੜੀ ਹੁੰਦੀ ਹੈ। ਪਹਰਾ=ਸਾਢੇ ਸੱਤਾਂ ਘੜੀਆਂ ਦਾ ਇਕ ਪਹਿਰ ਹੈ, ਪਰ (ਅੱਜ ਕੱਲ੍ਹ ਘੰਟਿਆਂ ਦੇ ਹਿਸਾਬ ਨਾਲ ਤਿੰਨ ਘੰਟਿਆਂ ਦਾ ਪਹਿਰ ਹੈ। ਥਿਤੀ=ਅੱਠਾਂ ਪਹਿਰਾਂ ਦੀ ਇਕ ਥਿਤ ਹੈ। ਵਾਰੀ=ਚਾਰ ਪਹਿਰਾਂ ਦਾ ਇਕ (ਵਾਰ) ਦਿਨ ਹੈ। ਮਾਹੁ ਹੋਆ=੩੦ ਵਾਰ ਭਾਵ ੩੦ ਦਿਨਾਂ ਦਾ ਇਕ ਮਹੀਨਾ ਹੁੰਦਾ ਹੈ। ਕਈ ਮਹੀਨੇ ਵੱਧ ਘੱਟ ਦਿਨਾਂ ਦੇ ਵੀ ਹੁੰਦੇ ਹਨ। ਸਾਲ ਦੇ ਬਾਰ੍ਹਾਂ ਮਹੀਨੇ ਮੰਨੇ ਹਨ। ਈਸਾਈਆਂ ਦੇ ਈਸਾ ਤੋਂ ਈਸਵੀ ਸੰਨ ਅਨੁਸਾਰ ੧੨ ਮਹੀਨੇ ਇਹ ਹਨ :

ਜਨਵਰੀ, ਫ਼ਰਵਰੀ, ਮਾਰਚ, ਅਪ੍ਰੈਲ,

ਮਈ, ਜੂਨ, ਜੁਲਾਈ, ਅਗਸਤ,

ਸਤੰਬਰ, ਅਕਤੂਬਰ, ਨਵੰਬਰ, ਦਸੰਬਰ।

ਅੰਗ੍ਰੇਜ਼ੀ ਸਾਲ ਦੇ ੩੬੫ ਦਿਨ, ਪੰਜ ਘੰਟੇ, ਅਠਤਾਲੀ ਮਿੰਟ ਤੇ ਅਠਤਾਲੀ ਸੈਕਿੰਡ ਹਨ, ਪਰ ਸਾਧਾਰਨ ੩੬੫ ਦਿਨ ਰੱਖਦੇ ਹਨ। ਗੁਰਮਤਿ ਮਾਰਤੰਡ, ਅਰਥਾਤ ਗੁਰਮਤਿ ਨਿਰਣਯ ਭੰਡਾਰ ਦੇ ਕਥਨ ਅਨੁਸਾਰ, ਮੁਸਲਮਾਨ ਆਪਣੇ ਮੱਤ ਅਨੁਸਾਰ ਸੰਨ ਹਿਜਰੀ ਵਰਤਦੇ ਹਨ, ਜਿਸ ਦੇ ਮਹੀਨੇ ਕਮਰੀ ਯਾਨੀ ਚੰਦ੍ਰਮਾ ਦੇ ਹਿਸਾਬ ਨਾਲ ਹੁੰਦੇ ਹਨ।

ਯਥਾ=ਮੁਹੱਰਮ, ਸਫ਼ਰ, ਰੱਬੀ ਉਲ ਅਵਲ, ਰੱਬੀ ਉਲਸਾਨੀ, ਰੱਜਯ, ਸ਼ਅਬਾਨ, ਰਮਜ਼ਾਨ, ਸ਼ਵਾਲ, ਜੀਅਲਕਦਾ, ਜੀਅਨਹਜਾ ਆਦਿ। (ਗੁਰਮਤਿ ਨਿਰਣਯ ਭੰਡਾਰ, ਪੰਨਾ ੨੩੪)

ਮੁਸਲਮਾਨ ਲੌਂਦ ਦਾ ਮਹੀਨਾ ਨਹੀਂ ਮੰਨਦੇ, ਇਸ ਕਰਕੇ ਇਨ੍ਹਾਂ ਦਾ ਸਾਲ ਘੱਟਦਾ ਰਹਿੰਦਾ ਹੈ। ਸਤਿਗੁਰੂ ਸਾਹਿਬਾਂ ਨੇ "ਬਾਰਹ ਮਾਹਾ" ਉਚਾਰਨ ਕਰਕੇ ਜਿਨ੍ਹਾਂ ੧੨ ਮਹੀਨਿਆਂ ਦੇ ਨਾਮ ਗੁਰਬਾਣੀ ਅੰਦਰ ਅੰਕਿਤ ਕੀਤੇ ਹਨ, ਉਹ ਇਸ ਪ੍ਰਕਾਰ ਹਨ :

ਚੇਤ, ਵਿਸਾਖ, ਜੇਠ, ਹਾੜ, ਸਾਵਣ, ਭਾਦਰੋਂ,

ਅੱਸੂ, ਕੱਤਕ, ਮੱਘਰ, ਪੋਹ, ਮਾਘ, ਫ਼ਗਣ।

ਹਜ਼ੂਰ ਨੇ ਦੋ ਬਾਰਹ ਮਾਹੇ ਉਚਾਰਨ ਕੀਤੇ ਹਨ— ਇਕ ਮਾਝ ਰਾਗੁ ਵਿਚ ਪੰਚਮ ਗੁਰਦੇਵ ਨੇ ਉਚਾਰਿਆ ਹੈ ਤੇ ਇਕ ਤੁਖਾਰੀ ਰਾਗੁ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕੀਤਾ ਹੈ। ਇਸ ਅੰਦਰ ਹਜ਼ੂਰ ਦਾ ਫ਼ੁਰਮਾਣ ਹੈ :- "ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥"

ਮਨੁੱਖ ਮਾਤਰ ਦੇ ਭਲੇ ਵਾਸਤੇ ਗੁਰੂ ਸਾਹਿਬਾਨਾਂ ਨੇ ਸੱਤਾਂ ਵਾਰਾਂ, ਪੰਦਰਾਂ ਥਿੱਤਾਂ ਅਤੇ ਬਾਰਾਂ ਮਹੀਨਿਆਂ ਰਾਹੀਂ ਜਗਤ ਜੀਆਂ ਨੂੰ ਉਪਦੇਸ਼ ਦਿੱਤਾ ਹੈ।

**ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣਿ॥**

(ਅੰਗ ੧੩੬)

**ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ॥ 2॥**

(ਅੰਗ ੧37)

ਇਸ ਸ੍ਰੀ ਮੁਖਵਾਕ ਅੰਦਰ ਹਜ਼ੂਰ ਨੇ ਪੰਦਰਾਂ ਥਿਤਾਂ ਦੁਆਰਾ ਉਪਦੇਸ਼ ਦੇਦਿਆਂ ਮਨੁੱਖਤਾ ਨੂੰ ਇਕ ਅਕਾਲ ਪੁਰਖ ਨਾਲ ਜੋੜਿਆ ਹੈ :

**ਥਿਤੀ ਵਾਰ ਸਭਿ ਸਬਦਿ ਸੁਹਾਏ॥ ਸਤਿਗੁਰੁ ਸੇਵੇ ਤਾ ਫਲੁ ਪਾਏ॥**
**ਥਿਤੀ ਵਾਰ ਸਭਿ ਆਵਹਿ ਜਾਹਿ॥ ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ॥**
**ਥਿਤੀ ਵਾਰ ਤਾ ਜਾ ਸਚਿ ਰਾਤੇ॥ ਬਿਨੁ ਨਾਵੈ ਸਭਿ ਭਰਮਹਿ ਕਾਚੇ॥**

(ਅੰਗ 842)

**ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹਾ ਰੁਤੀ ਆਵਹਿ ਵਾਰ ਵਾਰ॥**
**ਦਿਨਸੁ ਰੈਣਿ ਤਿਵੈ ਸੰਸਾਰੁ॥ ਆਵਾ ਗਉਣੁ ਕੀਆ ਕਰਤਾਰਿ॥**
**ਨਿਹਚਲੁ ਸਾਚੁ ਰਹਿਆ ਕਲ ਧਾਰਿ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥ ੧0॥**

(ਅੰਗ 842)

ਬਿਲਾਵਲੁ ਮਹਲਾ ੧ ਥਿਤੀ ਘਰੁ ੧0 ਜਤਿ ੴ ਸਤਿਗੁਰ ਪ੍ਰਸਾਦਿ॥ ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥ ਗੁਰ ਪਰਸਾਦਿ ਪਰਮ ਪਦੁ ਪਾਈ॥੧॥ ਕਿਆ ਜਪੁ ਜਾਪਉ ਬਿਨੁ ਜਗਦੀਸੈ॥ ਗੁਰ ਕੈ ਸਬਦਿ ਮਹਲੁ ਘਰੁ ਦੀਸੈ॥ ੧॥ ਰਹਾਉ॥ ਦੂਜੈ ਭਾਇ ਲਗੇ ਪਛੁਤਾਣੇ॥ ਜਮ ਦਰਿ ਬਾਧੇ ਆਵਣ ਜਾਣੇ॥ ਕਿਆ ਲੈ ਆਵਹਿ ਕਿਆ ਲੇ ਜਾਹਿ॥ ਸਿਰਿ ਜਮਕਾਲੁ ਸਿ ਚੋਟਾ ਖਾਹਿ॥ ਬਿਨੁ ਗੁਰ ਸਬਦ ਨ ਛੂਟਸਿ ਕੋਇ॥ ਪਾਖੰਡ ਕੀਨ੍ਹੈ ਮੁਕਤਿ ਨ ਹੋਇ॥ 2॥ ਆਪੇ ਸਚੁ ਕੀਆ ਕਰ ਜੋੜਿ॥ ਅੰਡਜ ਫੋੜਿ ਜੋੜਿ ਵਿਛੋੜਿ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥ ਰਾਤਿ ਦਿਨੰਤੁ ਕੀਏ ਭਉ ਭਾਉ॥ ਜਿਨਿ ਕੀਏ ਕਰਿ ਵੇਖਣਹਾਰਾ॥ ਅਵਰੁ ਨ ਦੂਜਾ ਸਿਰਜਣਹਾਰਾ॥ 3॥ ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥ ਦੇਵੀ ਦੇਵ ਉਪਾਏ ਵੇਸਾ॥ ਜੋਤੀ ਜਾਤੀ ਗਣਤ ਨ ਆਵੈ॥ ਜਿਨਿ ਸਾਜੀ ਸੋ ਕੀਮਤਿ ਪਾਵੈ॥ ਕੀਮਤਿ ਪਾਇ ਰਹਿਆ ਭਰਪੂਰਿ॥ ਕਿਸੁ ਨੇੜੈ

ਕਿਸੁ ਆਖਾ ਦੂਰਿ ॥ 4 ॥ ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥ ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥ 5 ॥ ਪੰਚਮੀ ਪੰਚ ਭੂਤ ਬੇਤਾਲਾ ॥ ਆਪਿ ਅਗੋਚਰੁ ਪੁਰਖੁ ਨਿਰਾਲਾ ॥ ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥ ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥ ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ ॥ 6 ॥

ਪਦ ਅਰਥ :- ਥਿਤੀ=ਚੰਦਰਮਾ ਦੀ ਕਲਾ ਦੇ ਵਧਣ ਘੱਟਣ ਨਾਲ ਸ਼ੁਮਾਰ ਹੋਣ ਵਾਲਾ ਦਿਨ। ਮਹੀਨੇ ਦੇ ਦੋ ਪੱਖਾਂ ਦੇ ਲਿਖਣ ਲਈ ਤਿੱਥਾਂ ਦੇ ਨਾਲ ਸੁਦੀ ਵਦੀ ਸ਼ਬਦ ਜੋੜਦੇ ਹਨ। ਸ਼ੁਕਲ=(ਚਿੱਟਾ) ਦਿਨ ਦਾ ਸੰਖੇਪ ਸੁਦਿ ਹੈ, ਜਿਸ ਤੋਂ ਸੁਦੀ ਬਣ ਗਿਆ ਹੈ। ਬਹੁਲ ਦਿਨ ਦਾ ਸੰਖੇਪ ਸ਼ਬਦਿ ਹੈ, ਜਿਸ ਤੋਂ ਬਦੀ ਸ਼ਬਦ ਬਣਿਆ ਹੈ। ਪੰਦ੍ਰਾਂ ਥਿਤਾਂ ਦੀ ਗਿਣਤੀ, ਕਿਉਂਕਿ ਪੱਖ ਵਿਚ ਪੰਦਰਾਂ ਤਿੱਥਾਂ ਹੁੰਦੀਆਂ ਹਨ। ਜਤਿ=ਸੰਗੀਤ ਅਨੁਸਾਰ ਗਾਯਨ ਦੀ ਧਾਰਨਾ ਦਾ ਨਾਉਂ ਜਤਿ (ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਦਾ ਜਿਥੇ ਵਿਸਰਾਮ ਹੋਵੇ, ਉਸ ਦੀ ਭੀ ਜਤਿ ਸੰਗਯਾ ਹੈ। ਡਾਕਟਰ ਚਰਨ ਸਿੰਘ ਜੀ ਨੇ "ਸ੍ਰੀ ਗੁਰੂ ਗ੍ਰੰਥ ਬਾਣੀ ਬਿਓਰੇ" ਵਿਚ ਲਿਖਿਆ ਹੈ ਕਿ—ਜਤਿ, ਗਤਿ, ਸਾਥ ਇਹ ਤਿੰਨੇ ਜੋੜੀ ਦੇ ਕਰਤਬ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ, ਅਰਥਾਤ ਗਤਿ ਵਾਕਰ ਉਂਗਲੀਆਂ ਵਿਚੋਂ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਕਹਿੰਦੇ ਹਨ ਅਤੇ ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ਼ ਕੱਢਣ ਜੋ ਪਾਟਾਛਰ ਕਹੀਦੇ ਹਨ ਅਤੇ ਆਵਾਜ਼ ਵੀ ਨਰਮ ਨਿਕਲੇ, ਉਸ ਨੂੰ ਗਤਿ ਕਹਿੰਦੇ ਹਨ। ਜਦੋਂ ਦੋਵੇਂ ਹੱਥ ਖੁੱਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁੱਲ੍ਹੀ ਨਿਕਲੇ, ਜਿਸ ਨੂੰ ਕੜ ਕੁੱਟ ਆਖਦੇ ਹਨ ਤਾਂ ਉਸ ਦੀ ਸੰਗਯਾ ਸਾਥ ਹੁੰਦੀ ਹੈ।

ਏਕਮ=ਇਕ (ਪਹਿਲੀ ਥਿਤ)। ਏਕੰਕਾਰ=ਇਕ ਰੱਸ ਰਹਿਣ ਵਾਲਾ ਪਰਮਾਤਮਾ। ਨਿਰਾਲਾ=ਨਿਰਲੇਪ। ਅਮਰੁ=ਮਰਨ ਤੋਂ ਰਹਿਤ। ਅਜੋਨੀ=ਜੂਨੀਆਂ ਤੋਂ ਰਹਿਤ। ਜਾਲਾ=ਜਾਲ, ਬੰਧਨ। ਅਗਮ=ਅਪਹੁੰਚ। ਅਗੋਚਰ=ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ। ਰੇਖਿਆ=ਲਕੀਰ। ਦੇਖਿ=ਦੇਖ ਕੇ। ਬਲਿ ਜਾਈ=ਮੈਂ ਬਲਿਹਾਰ ਜਾਵਾਂ। ਮਹਲੁ=ਸਰੂਪ। ਦਰਿ=ਦਰ ਉੱਤੇ। ਆਵਹਿ=ਆਉਂਦੇ ਹਨ। ਜਾਹਿ=ਜਾਂਦੇ ਹਨ। ਸਿ=ਉਹ। ਚੋਟਾ ਖਾਹਿ=ਜਮਾਂ ਦੀਆਂ ਮਾਰਾਂ ਖਾਂਦੇ ਹਨ। ਜੋੜਿ=ਜੋੜ ਕੇ। ਵਿਛੋੜਿ=ਵਿਛੋੜ ਕੇ। ਦਿਨੰਤੁ=ਦਿਨ। ਭਉ=ਡਰ। ਭਾਉ=ਪ੍ਰੇਮ। ਜਿਨਿ=ਜਿਸ (ਵਾਹਿਗੁਰੂ) ਨੇ। ਤ੍ਰਿਤੀਆ=ਤੀਜੀ ਤਿਥ। ਮਹੇਸਾ=ਸ਼ਿਵ। ਉਪਾਏ=ਪੈਦਾ ਕੀਤੇ। ਵੇਸਾ=ਵੇਸ ਭੇਸ। ਜੋਤੀ=ਜੋਤ ਵਾਲਿਆਂ। ਜਾਤੀ=ਜਾਤਾਂ। ਚਉਥਿ=ਚੌਥੀ ਤਿਥਿ। ਖਾਣੀ ਚਾਰੇ=ਚਾਰ ਖਾਣੀਆਂ—ਅੰਡਜ, ਜੇਰਜ, ਸੇਤਜ, ਉਤਭੁਜ। ਬਾਣੀ=(ਚਾਰ ਬਾਣੀਆਂ)—ਪਰਾ, ਪਸੰਤੀ, ਮਧਮਾ, ਬੈਖਰੀ। ਭੇਦਾ=ਭੇਦ। ਅਸਟ ਦਸਾ=ਅਠਾਰਾਂ (ਪੁਰਾਣ)। ਖਟੁ=ਛੇ

(ਸ਼ਾਸਤਰ)। ਤੀਨਿ=ਤਿੰਨ ਗੁਣ (ਰਜੋ, ਤਮੋ, ਸਤੋ) ਵਿਚ। ਚਉਥੈ=(ਤੁਰੀਆ ਪਦ ਵਿਚ)।

ਅਰਥ :- ਏਕਮ (ਥਿਤੀ ਦੁਆਰਾ ਪਰਮ ਕਿਰਪਾਲੂ ਗੁਰਦੇਵ ਪਿਤਾ ਫ਼ੁਰਮਾਨ ਕਰਦੇ ਹਨ ਕਿ ਉਹ) ਇਕ ਰੱਸ ਰਹਿਣ ਵਾਲਾ ਪਰਮਾਤਮਾ (ਸਭ ਤੋਂ) ਨਿਰਲੇਪ ਹੈ। (ਉਹ) ਮਰਨ ਤੋਂ ਰਹਿਤ, ਜੂਨੀਆਂ ਤੋਂ ਰਹਿਤ (ਅਤੇ) ਉਸ ਨੂੰ ਜਾਤਿ (ਪਾਤਿ ਦਾ ਕੋਈ) ਜਾਲ ਬੰਧਨ ਨਹੀਂ ਹੈ। ਉਸ ਅਗਮ ਅਗੋਚਰੁ ਵਾਹਿਗੁਰੂ ਦਾ ਕੋਈ ਰੂਪ ਰੇਖ ਨਹੀਂ ਹੈ। (ਪਰ ਉਸ ਨੂੰ) ਖੋਜਦਿਆਂ-ਖੋਜਦਿਆਂ (ਸਮੂਹ) ਘਟਾਂ ਵਿਚ (ਵਸਦਾ) ਵੇਖਿਆ (ਜਾ ਸਕਦਾ ਹੈ)। ਜੋ (ਆਪ) ਵੇਖ ਕੇ (ਹੋਰਨਾਂ ਨੂੰ) ਵਿਖਾਉਂਦਾ ਹੈ, (ਮੈਂ) ਉਸ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ। ਗੁਰੂ ਦੀ ਕਿਰਪਾ ਨਾਲ ਹੀ ਪਰਮ ਪਦ ਪ੍ਰਾਪਤ ਕਰ ਸਕੀਦਾ ਹੈ।੧।

(ਹੇ ਭਾਈ !) ਜਗਤ ਦੇ ਮਾਲਕ ਤੋਂ ਬਿਨਾਂ (ਮੈਂ ਹੋਰ) ਕਿਸ ਦਾ ਜਾਪ ਜਾਪਉ=ਜਪਨਾ ਭਾਵ (ਸਿਮਰਨ ਕਰਨਾ) ਕਰਾਂ। ਗੁਰੂ ਦੇ ਉਪਦੇਸ਼ ਦੁਆਰਾ ਹੀ (ਪਰਮੇਸ਼ਰ ਦਾ) ਮਹਲੁ ਸਰੂਪ (ਅਤੇ ਉਸ ਦਾ ਦਰੁ ਦਿੱਸਦਾ ਹੈ।੧। ਰਹਾਉ।

(ਜਿਹੜੇ ਜੀਵ ਇਕ ਵਾਹਿਗੁਰੂ ਜੀ ਨੂੰ ਛੱਡ ਕੇ) ਦ੍ਵੈਤ ਭਾਵ ਵਿਚ ਲੱਗ ਗਏ ਹਨ, (ਉਹੀ ਅੰਤ ਨੂੰ) ਪਛਤਾਂਦੇ ਹਨ ? ਅਜਿਹੇ ਜੀਵ ਹੀ ਜਮਾਂ ਦੇ ਦੁਆਰੇ ਉੱਤੇ ਬੱਧੇ ਹੋਏ (ਵਾਰ ਵਾਰ ਜਮਾਂ ਦੀ ਮਾਰ ਖਾਂਦੇ ਹਨ ਅਤੇ) ਜੰਮਦੇ ਮਰਦੇ ਰਹਿੰਦੇ ਹਨ। (ਉਹ) ਕੀ ਲੈ ਕੇ ਆਉਂਦੇ (ਜੰਮਦੇ) ਹਨ ਤੇ ਮਰਨ ਮਗਰੋਂ (ਇਥੋਂ) ਕੀ ਲੈ ਕੇ ਜਾਂਦੇ ਹਨ ? (ਭਾਵ ਉਹ ਸੁੰਞੇ ਘਰ ਦੇ ਪ੍ਰਾਹੁਣੇ ਵਾਂਗ ਜਿਸ ਤਰ੍ਹਾਂ ਆਉਂਦੇ ਹਨ ਤਿਵੇਂ ਹੀ ਖ਼ਾਲੀ ਚਲੇ ਜਾਂਦੇ ਹਨ)। ਉਹ (ਆਪਣੇ) ਸਿਰ ਉੱਤੇ ਜਮਕਾਲ ਦੀਆਂ ਮਾਰਾਂ ਖਾਂਦੇ ਹਨ। (ਹੇ ਭਾਈ !) ਗੁਰੂ ਦੇ ਸ਼ਬਦ ਤੋਂ ਬਿਨਾਂ ਕੋਈ (ਵੀ ਜੀਵ ਜਮਾਂ ਦੀ ਮਾਰ ਤੋਂ) ਨਹੀਂ ਛੁੱਟ ਸਕਦਾ। ਪਾਖੰਡ (ਦਾ ਲਿਬਾਸ ਧਾਰ ਕੇ ਤੇ ਪਖੰਡ ਵਾਲੇ ਕਰਮ) ਕੀਤਿਆਂ ਮੁਕਤੀ ਪ੍ਰਾਪਤ ਨਹੀਂ ਹੁੰਦੀ।੨।

(ਹੇ ਭਾਈ ! ਉਹ ਪ੍ਰਭੂ) ਆਪ ਸਦਾ ਥਿਰ ਰਹਿਣ ਵਾਲਾ ਹੈ, (ਉਸ ਨੇ ਆਪਣੇ) ਜੋੜ ਵਲ ਕਰਕੇ (ਭਾਵ ਆਪਣੇ ਵਲ ਦੀ ਤਾਕਤ ਸ਼ਕਤੀ ਨਾਲ) ਜਗਤ ਨੂੰ ਪੈਦਾ ਕੀਤਾ ਹੈ। (ਉਸ ਨੇ) ਅੰਡਾ ਸ਼ਕਲ (ਇਸ ਜਗਤ ਨੂੰ) ਤੋੜ ਕੇ (ਫਿਰ ਇਸ ਦਾ ਇਕ ਉਪਰਲਾ ਅਤੇ ਇਕ ਹੇਠਲਾ ਹਿੱਸਾ ਮਿਲਾ ਕੇ (ਪੁਲਾੜ ਤੋਂ ਦੋਹਾਂ ਨੂੰ) ਵਿਛੋੜ ਦਿੱਤਾ ਹੈ। (ਇਹ ਭੂਗੋਲ ਤੇ ਖਗੋਲ ਬਣਾਉਣ ਦੀ ਗੱਲ ਹੈ), (ਇਸ ਤਰ੍ਹਾਂ) ਧਰਤੀ ਤੇ ਆਕਾਸ਼ ਬੈਠਣ ਵਾਸਤੇ, (ਜੀਵਾਂ ਦੀ) ਰਿਹਾਇਸ਼ ਲਈ ਥਾਂ ਬਣਾਏ ਹਨ। (ਫਿਰ) ਰਾਤ, ਦਿਨ ਬਣਾਏ (ਜੀਆਂ ਅੰਦਰ ਪ੍ਰਭੂ ਪ੍ਰਮਾਤਮਾ ਦਾ) ਡਰ ਤੇ ਪ੍ਰੇਮ ਪੈਦਾ ਕੀਤੇ। ਜਿਸ (ਪ੍ਰਭੂ) ਨੇ (ਰਾਤ, ਦਿਨ ਤੇ ਜੀਵ) ਪੈਦਾ ਕੀਤੇ ਹਨ, (ਉਹੀ) ਪੈਦਾ ਕਰ ਕੇ (ਇਨ੍ਹਾਂ ਨੂੰ) ਵੇਖਣ ਵਾਲਾ ਹੈ (ਭਾਵ ਸੰਭਾਲਣ ਤੇ ਪ੍ਰਤਿਪਾਲਣ ਵਾਲਾ ਹੈ)। (ਉਸ ਤੋਂ ਬਿਨਾਂ) ਹੋਰ ਕੋਈ ਦੂਜਾ ਸ੍ਰਿਸ਼ਟੀ ਦੇ ਬਣਾਉਣ ਵਾਲਾ ਨਹੀਂ ਹੈ।੩।

ਤ੍ਰਿਤੀਆ (ਥਿਤਿ ਦੁਆਰਾ ਉਪਦੇਸ਼ ਦੇਂਦੇ ਹਨ ਕਿ ਪ੍ਰਭੂ ਨੇ ਸੰਸਾਰ ਦੀ ਰਚਨਾ ਕਰਨ ਸਮੇਂ ਹੀ) ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਪੈਦਾ ਕੀਤੇ ਹਨ। ਫਿਰ ਕਈ ਵੇਸਾ=ਸਰੂਪਾਂ ਦੇ ਦੇਵੀ ਦੇਵਤੇ ਪੈਦਾ ਕੀਤੇ ਹਨ। ਜੋਤੀ ਸਰੂਪ ਪ੍ਰਮਾਤਮਾ ਨੇ ਜੋ ਜਾਤਾਂ (ਹਸਤੀਆਂ ਇਤਨੀਆਂ ਬਣਾਈਆਂ ਕਿ ਉਨ੍ਹਾਂ ਦੀ) ਗਿਣਤੀ

ਹੀ ਨਹੀਂ ਹੋ ਸਕਦੀ। ਜਿਸ (ਪਰਮੇਸ਼ਰ) ਨੇ (ਇਹ ਰਚਨਾ) ਸਾਜੀ=ਬਣਾਈ ਹੈ, (ਉਹ ਆਪ ਹੀ ਇਸ ਦੀ) ਕੀਮਤ ਪਾ ਸਕਦਾ ਹੈ। (ਉਹ ਪ੍ਰਭੂ ਆਪ ਹੀ ਇਸ ਰਚਨਾ ਦੀ) ਕੀਮਤ ਪਾ ਕੇ (ਇਸ ਵਿਚ) ਵਿਆਪਕ ਹੋ ਰਿਹਾ ਹੈ। ਕਿਸ ਨੂੰ (ਆਖਾਂ ਕਿ ਉਹ ਪ੍ਰਭੂ ਦੇ) ਨੇੜੇ ਹੈ, ਕਿਸ ਨੂੰ ਆਖਾਂ (ਕਿ ਉਹ ਪ੍ਰਮਾਤਮਾ ਤੋਂ) ਦੂਰ ਹੈ ? (ਉਹ ਵਿਆਪਕ ਰੂਪ ਵਿਚ ਸਭ ਕਿਛ ਆਪੇ ਆਪਿ ਹੈ)।੪।

(ਚੌਥੀ ਥਿਤਿ ਦੁਆਰਾ ਉਪਦੇਸ਼ ਹੈ ਕਿ ਪ੍ਰਭੂ ਨੇ) ਚਾਰ ਵੇਦ (ਸ਼ਾਮ, ਰਿਗ, ਯਜੁਰ, ਅਥਰਬਣ) ਬਣਾਏ ਹਨ, ਪੈਦਾ ਕੀਤ ਹਨ। ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਚਾਰ ਬਾਣੀਆਂ ਪਰਾ, ਪਸੰਤੀ, ਮਧਮਾ, ਬੈਖਰੀ ਅਤੇ ਇਨ੍ਹਾਂ ਵਿਚ ਵੱਖ-ਵੱਖ ਭੇਦ ਪੈਦਾ ਕੀਤੇ ਹਨ। (ਉਸ ਨੇ) ਅਠਾਰਾਂ ਪੁਰਾਣ, ਛੇ ਸ਼ਾਸਤ੍ਰ (ਅਤੇ) ਤਿੰਨ (ਗੁਣ) ਪੈਦਾ ਕੀਤੇ। (ਇਸ ਭੇਦ ਨੂੰ) ਉਹ ਸਮਝ ਸਕਦਾ ਹੈ, ਜਿਸ ਨੂੰ (ਪ੍ਰਭੂ ਆਪ) ਸੋਝੀ ਬਖ਼ਸ਼ ਦੇਵੇ। (ਜਿਸ 'ਤੇ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ, ਉਹ ਜੀਵ) ਤਿੰਨਾਂ ਗੁਣਾਂ ਨੂੰ ਮਾਰ ਕੇ ਚੌਥੇ ਪਦ (ਸਹਜ ਘਰ ਤੁਰੀਆ ਪਦ ਵਿਚ) ਵਸਦਾ ਹੈ। ਨਾਨਕ (ਗੁਰੂ ਜੀ) ਉਚਾਰਨ ਕਰਦੇ ਹਨ ਕਿ ਅਸੀਂ ਉਸ ਮਨੁੱਖ ਦੇ ਦਾਸ ਹਾਂ।੫।

ਪੰਚਮੀ (ਥਿਤਿ ਦੁਆਰਾ ਇਹ ਉਪਦੇਸ਼ ਹੈ) ਪੰਚ ਭੂਤ=ਕਾਮ ਕਰੋਧ ਆਦਿਕ ਕਰਕੇ ਜੀਵ ਬੇਤਾਲਾ= ਭੂਤਨਾ ਅਥਵਾ ਮਾਇਆ ਦੇ ਪ੍ਰਭਾਵ ਨਾਲ) ਜੀਵ ਭੂਤਨੇ ਬਣੇ ਹੋਏ ਹਨ। (ਪਰ ਉਹ) ਪਰਮਾਤਮਾ ਆਪ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ, ਨਿਰਲੇਪ ਪੁਰਖ ਹੈ। (ਹੇ ਭਾਈ !) ਕਈ (ਜੀਵ) ਭਰਮ ਵਿਚ ਹੋਣ ਕਾਰਨ (ਮਾਇਆ) ਮੋਹ ਦੇ (ਭਰਮ) ਵਿਚ ਭੁੱਖੇ ਤੇ ਪਿਆਸੇ ਰਹਿੰਦੇ ਹਨ। ਕਈ (ਪ੍ਰਭੂ ਦੇ ਨਾਮ ਦਾ) ਰੱਸ ਚੱਖ ਕੇ (ਗੁਰੂ ਦੇ) ਸ਼ਬਦ ਦੁਆਰਾ ਰੱਜੇ ਹੋਏ ਹਨ। ਕਈ ਪ੍ਰੇਮ ਵਿਚ ਰੰਗੇ ਹੋਏ ਹਨ (ਅਤੇ) ਕਈ ਮਰ ਕੇ ਧੂੜ (ਭਾਵ ਮਿੱਟੀ ਹੋ ਗਏ) ਹਨ। ਕਈ ਸੱਚੇ ਹਰੀ ਨੂੰ (ਆਪਣੇ ਹਿਰਦੇ ਰੂਪੀ) ਘਰ ਵਿਚ ਹਾਜ਼ਰ ਨਾਜ਼ਰ ਵੇਖ ਕੇ (ਉਸ ਦੇ ਧਿਆਨ ਵਿਚ ਜੁੜਦੇ ਹਨ)।੬।

ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥ ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥ 7 ॥ ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦ ਸਬਦੁ ਨਿਰਾਲਾ ਵਾਜੇ ॥ ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ ਪਤਿ ਪਾਵੈ ॥ ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ ਸਾਚੈ ਸਾਚੇ ਸਾਚਿ ਸਮਾਵਹਿ ॥ 8 ॥ ਸਪਤਮੀ ਸਤੁ ਸੰਤੋਖੁ ਸਰੀਰਿ ॥ ਸਾਤ ਸਮੁੰਦ ਭਰੇ ਨਿਰਮਲ ਨੀਰਿ ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ ਮਨਿ ਸਾਚਾ ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥ 9 ॥ ਅਸਟਮੀ

**ਅਸਟ ਸਿਧਿ ਬੁਧਿ ਸਾਧੈ ॥ ਸਚੁ ਨਿਹਕੇਵਲੁ ਕਰਮਿ ਅਰਾਧੈ ॥ ਪਉਣ ਪਾਣੀ ਅਗਨੀ ਬਿਸਰਾਉ ॥ ਤਹੀ ਨਿਰੰਜਨੁ ਸਾਚੋ ਨਾਉ ॥ ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥ ੧੦ ॥**

ਪਦ ਅਰਥ :- ਸਪਤਮੀ=ਸਤਵੀਂ (ਥਿਤਿ)। ਸਾਤ ਸਮੁੰਦ=ਭਾਵ ਪੰਜ ਗਿਆਨ-ਇੰਦ੍ਰੇ, ਮਨ ਤੇ ਬੁੱਧੀ। ਮਜਨੁ=ਇਸ਼ਨਾਨ। ਸੀਲੁ=ਕੋਮਲ (ਸੁਭਾਉ)। ਨੀਸਾਣੈ=ਨੀਸਾਣ ਕਰ ਕੇ। ਅਸਟਮੀ=ਅਠਵੀਂ ਥਿਤਿ। ਅਸਟ ਸਿਧਿ=ਅੱਠ ਸਿੱਧੀਆਂ। ਸਾਧੈ=ਕਾਬੂ ਰੱਖਦਾ ਹੈ। ਨਿਹਕੇਵਲੁ=ਸ਼ੁੱਧ ਸਰੂਪ। ਬਿਸਰਾਉ=ਵਿਸਾਰ ਦਿੰਦਾ ਹੈ। ਕਾਲੁ=ਮੌਤ।

ਅਰਥ :- (ਹੇ ਭਾਈ !) ਝੂਠੇ (ਮਨੁੱਖ ਨੂੰ ਰੱਬੀ ਦਰਗਾਹ ਵਿਚ) ਇੱਜ਼ਤ ਨਹੀਂ ਮਿਲਦੀ, (ਨਾ ਹੀ ਉਸ ਦਾ ਸੰਸਾਰ 'ਤੇ ਚੰਗਾ) ਨਾਮ (ਰੌਸ਼ਨ) ਹੁੰਦਾ ਹੈ। (ਝੂਠਾ ਮਨੁੱਖ ਕਦੇ ਸੁੱਚਾ ਪਵਿੱਤ੍ਰ ਨਹੀਂ ਬਣ ਸਕਦਾ ਜਿਵੇਂ ਕਿ) ਕਾਲਾ ਕਾਂ ਕਦੇ ਸੁੱਚਾ (ਭਾਵ ਚਿੱਟਾ) ਨਹੀਂ ਹੋ ਸਕਦਾ। (ਜਿਵੇਂ ਪੰਛੀ ਪਿੰਜਰੇ ਵਿਚ ਬੰਨ੍ਹਿਆ ਹੁੰਦਾ ਹੈ, ਉਹ ਪਿੰਜਰੇ ਦੇ) ਛੇਕਾਂ ਅੰਦਰ ਫਿਰਦਾ ਰਹਿੰਦਾ ਹੈ (ਅਤੇ ਪਿੰਜਰੇ 'ਚੋਂ) ਛੁਟਕਾਰਾ ਨਹੀਂ ਪਾ ਸਕਦਾ, ਇਸੇ ਤਰ੍ਹਾਂ ਸਰੀਰ ਰੂਪੀ ਪਿੰਜਰੇ ਵਿਚ ਜੀਵ ਰੂਪੀ ਪੰਛੀ ਬੱਧਾ ਹੋਇਆ ਹੈ, ਇੰਦ੍ਰੀਆਂ ਰੂਪੀ ਛੇਕਾਂ ਵਿਚ ਭਰਮਣ ਕਰਕੇ ਮੁਕਤ ਨਹੀਂ ਹੋ ਸਕਦਾ। (ਸੋ, ਜੀਵ) ਤਦੋਂ ਮਾਇਆ ਮੋਹ ਦੇ ਬੰਧਨ ਤੋਂ ਛੁੱਟ ਸਕਦਾ ਹੈ ਜਦੋਂ (ਪ੍ਰਭੂ ਆਪ ਜੀਵ ਨੂੰ) ਛੁੜਾਵੇ। (ਪ੍ਰਭੂ ਜੀਵ ਨੂੰ) ਗੁਰੂ ਦੀ ਮਤਿ ਨਾਲ ਜੋੜਦਾ ਹੈ (ਅਤੇ ਆਪਣੀ ਪ੍ਰੇਮਾ) ਭਗਤੀ ਦ੍ਰਿੜ੍ਹ ਕਰਾਉਂਦਾ ਹੈ।੭।

ਛੇਵੀਂ (ਥਿਤਿ ਦੁਆਰਾ ਉਪਦੇਸ਼ ਦੇਂਦੇ ਹਨ ਕਿ) ਛੇ ਭੇਖ ਪ੍ਰਭੂ ਦੇ ਬਣਾਏ ਹੋਏ ਹਨ। (ਪਰ) ਅਨਹਦ ਸ਼ਬਦ (ਆਤਮਿਕ ਸੰਗੀਤ ਇਨ੍ਹਾਂ ਭੇਖਾਂ ਤੋਂ) ਨਿਰਾਲਾ ਵੱਜਦਾ ਹੈ (ਭਾਵ ਉਹ ਦੁਨਿਆਵੀ ਸੰਗੀਤਾਂ ਨਾਲੋਂ ਵੱਖਰਾ ਹੈ)। ਜੇ (ਜੀਵ) ਪ੍ਰਭੂ ਨੂੰ ਚੰਗਾ ਲੱਗ ਜਾਵੇ (ਤਾਂ ਉਸ ਨੂੰ ਪ੍ਰਭੂ ਆਪਣੇ) ਮਹਲ ਸਰੂਪ ਵਿਚ ਬੁਲਾਉਂਦਾ ਹੈ। ਜੇ (ਜੀਵ) ਆਪਣਾ ਮਨ ਸ਼ਬਦ ਨਾਲ ਵਿੰਨ੍ਹ ਲਵੇ (ਭਾਵ ਕਠੋਰ ਸੁਭਾਅ ਨੂੰ ਕੋਮਲ ਬਣਾ ਲਏ) ਤਦੋਂ (ਪ੍ਰਭੂ-ਦਰਬਾਰ ਵਿਚ) ਇੱਜ਼ਤ ਪਾਉਂਦਾ ਹੈ। (ਭੇਖੀ ਮਨੁੱਖ) ਕਈ ਪ੍ਰਕਾਰ ਦੇ ਵੇਸ ਕਰ ਕਰ ਕੇ ਖਪਦੇ ਰਹਿੰਦੇ ਹਨ (ਅਤੇ ਤ੍ਰਿਸ਼ਨਾ) ਦੀ ਅੱਗ ਵਿਚ ਸੜ ਜਾਂਦੇ ਹਨ। (ਪਰ ਜੋ) ਸੱਚੇ (ਜਗਿਆਸੂ ਹਨ), ਉਹ ਸੱਚੇ ਨਾਮ ਦੁਆਰਾ ਸੱਚੇ ਪ੍ਰਭੂ ਵਿਚ ਹੀ ਲੀਨ ਹੋ ਜਾਂਦੇ ਹਨ।੮।

ਸੱਤਵੀਂ (ਥਿਤਿ ਦੁਆਰਾ ਸ਼ੁਭ ਗੁਣ ਧਾਰਣ ਦਾ ਉਪਦੇਸ਼ ਹੈ ਕਿ ਜੀਵ) ਸਰੀਰ ਵਿਚ ਸਤੁ, ਸੰਤੋਖ (ਆਦਿਕ ਦੈਵੀ ਗੁਣ ਧਾਰਨ ਕਰੇ)। (ਜਿਹੜਾ ਸਤੁ ਸੰਤੋਖੁ ਧਾਰ ਲੈਂਦਾ ਹੈ), ਉਸ ਜੀਵ ਦੇ ਅੰਦਰ ਸਤੇ ਸਮੁੰਦਰ (ਪੰਜ ਗਿਆਨ-ਇੰਦ੍ਰੇ, ਮਨ ਤੇ ਬੁੱਧੀ) ਨਾਮ ਜਲ ਨਾਲ ਭਾਵ ਪ੍ਰਭੂ ਦੇ (ਨਾਮ ਦੇ ਅਨੁਭਵੀ) ਨਿਰਮਲ ਜਲ ਨਾਲ ਭਰ ਜਾਂਦੇ ਹਨ। (ਜੋ ਜੀਵ) ਸੱਚੇ (ਪਰਮੇਸ਼ਰ) ਨੂੰ ਹਿਰਦੇ ਵਿਚ ਵੀਚਾਰਦਾ ਹੈ, (ਉਹ ਮਨੁੱਖ) ਸੀਲ ਸੁਭਾਅ (ਦੇ ਧਾਰਣ ਰੂਪ ਜਲ ਵਿਚ) ਇਸ਼ਨਾਨ ਕਰਦਾ ਹੈ। (ਐਸਾ ਉਤਮ ਪੁਰਖ) ਗੁਰੂ ਦੇ

ਸ਼ਬਦ ਦੁਆਰਾ ਸਭ ਨੂੰ ਤਾਰ ਦਿੰਦਾ ਹੈ। (ਜਿਸ ਦੇ) ਮਨ ਤੇ ਮੁਖ ਵਿਚ ਸੱਚਾ ਪ੍ਰਭੂ ਹੈ (ਉਹ ਜਾਣੋ) ਸੱਚੇ ਦੇ ਪ੍ਰੇਮ ਵਿਚ ਰੰਗਿਆ ਗਿਆ ਹੈ। (ਉਸ ਪਾਸ) ਸੱਚ ਨਾਮ ਰੂਪੀ ਨੀਸਾਨ (ਪਰਵਾਨਾ) ਹੋਣ ਕਰ ਕੇ (ਉਸ ਨੂੰ ਰੱਬੀ ਦਰਗਾਹ ਵਿਚ ਜਾਣ ਤੋਂ ਕੋਈ) ਠਾਕ=ਰੋਕ ਨਹੀਂ ਸਕਦਾ।੯।

ਅਠਵੀਂ (ਥਿਤਿ ਦੁਆਰਾ ਉਪਦੇਸ਼ ਹੈ ਕਿ ਜੋ ਮਨੁੱਖ) ਬੁਧੀ ਨੂੰ ਸਾਧ ਲੈਂਦਾ ਹੈ, ਉਸ ਨੂੰ ਅੱਠ ਸਿੱਧੀਆਂ (ਪ੍ਰਾਪਤ ਹੋ ਜਾਂਦੀਆਂ ਹਨ, ਫਿਰ ਉਹ ਆਪਣੀ ਲਾਲਚ ਵਾਲੀ (ਬੁੱਧੀ ਨੂੰ ਕਾਬੂ ਕਰ ਕੇ ਰੱਖਦਾ ਹੈ (ਇਨ੍ਹਾਂ ਸਿੱਧੀਆਂ ਵਿਚ ਨਹੀਂ ਫਸਦਾ)। (ਉਹ) ਸੱਚ ਰੂਪ ਨਿਹਕੇਵਲੁ=ਸ਼ੁੱਧ ਸਰੂਪ ਹਰੀ ਨੂੰ (ਨਿਰਮਲ) ਕਰਣੀ ਦੁਆਰਾ ਸਿਮਰਦਾ ਹੈ। (ਉਹ) ਹਵਾ, ਪਾਣੀ, ਅੱਗ (ਆਦਿਕ ਇਨ੍ਹਾਂ ਤੱਤਾਂ ਦੇ ਰਚਿਤ ਸਰੀਰ ਦਾ ਦੇਹ ਅਭਿਆਸ ਵਾਲਾ ਸੁਭਾਉ) ਵਿਸਾਰ ਦਿੰਦਾ ਹੈ। ਉਸ ਦੇ (ਹਿਰਦੇ ਵਿਚ) ਮਾਇਆ ਤੋਂ ਰਹਿਤ ਹਰੀ ਦਾ ਨਾਮ ਵਸਦਾ ਹੈ। ਉਸ (ਪ੍ਰਭੂ) ਵਿਚ (ਜਿਸ ਮਨੁੱਖ ਦਾ) ਮਨ ਲਿਵ ਲਾ ਕੇ ਟਿਕਿਆ ਹੋਇਆ ਹੈ, ਨਾਨਕ ਗੁਰੂ ਜੀ ਉਚਾਰਨ ਕਰਦੇ ਹਨ (ਕਿ ਉਸ ਮਨੁੱਖ ਨੂੰ) ਕਾਲ ਨਹੀਂ ਖਾ ਸਕਦਾ।੧੦।

ਨਾਉ ਨਉਮੀ ਨਵੇ ਨਾਥ ਨਵ ਖੰਡਾ ॥ ਘਟਿ ਘਟਿ ਨਾਥੁ ਮਹਾ ਬਲਵੰਡਾ ॥ ਆਈ ਪੂਤਾ ਇਹੁ ਜਗੁ ਸਾਰਾ ॥ ਪ੍ਰਭ ਆਦੇਸੁ ਆਦਿ ਰਖਵਾਰਾ ॥ ਆਦਿ ਜੁਗਾਦੀ ਹੈ ਭੀ ਹੋਗੁ ॥ ਓਹੁ ਅਪਰੰਪਰੁ ਕਰਣੈ ਜੋਗੁ ॥ ੧੧ ॥ ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥ ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥ ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥ ੧੨ ॥ ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥ ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥ ਨਿਰਮਲੁ ਨਿਰਾਹਾਰੁ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥ ੧੩ ॥ ਜਹ ਦੇਖਉ ਤਹ ਏਕੋ ਏਕਾ ॥ ਹੋਰਿ ਜੀਅ ਉਪਾਏ ਵੇਕੋ ਵੇਕਾ ॥ ਫਲੋਹਾਰ ਕੀਏ ਫਲੁ ਜਾਇ ॥ ਰਸ ਕਸ ਖਾਏ ਸਾਦੁ ਗਵਾਇ ॥ ਕੂੜੈ ਲਾਲਚਿ ਲਪਟੈ ਲਪਟਾਇ ॥ ਛੂਟੈ ਗੁਰਮੁਖਿ ਸਾਚੁ ਕਮਾਇ ॥ ੧੪ ॥ ਦੁਆਦਸਿ ਮੁਦ੍ਰਾ ਮਨੁ ਅਉਧੂਤਾ ॥ ਅਹਿਨਿਸਿ ਜਾਗਹਿ ਕਬਹਿ ਨ ਸੂਤਾ ॥ ਜਾਗਤੁ ਜਾਗਿ ਰਹੈ ਲਿਵ ਲਾਇ ॥ ਗੁਰ ਪਰਚੈ ਤਿਸੁ ਕਾਲੁ ਨ ਖਾਇ ॥ ਅਤੀਤ ਭਏ ਮਾਰੇ ਬੈਰਾਈ ॥ ਪ੍ਰਣਵਤਿ ਨਾਨਕ ਤਹ ਲਿਵ ਲਾਈ ॥ ੧੫ ॥

ਅਰਥ :- ਨੌਵੀਂ (ਥਿਤਿ ਦੁਆਰਾ ਉਪਦੇਸ਼ ਹੈ ਕਿ ਪਰਮੇਸ਼ਰ ਦਾ) ਨਾਮ ਨੌਂ ਨਾਥ (ਗੋਰਖ ਨਾਥ, ਚੰਬਾ ਨਾਥ, ਚਰਪਟ ਨਾਥ, ਮਛੰਦਰ ਨਾਥ, ਮੰਗਲ ਨਾਥ, ਘੁਘੂ ਨਾਥ, ਭਰਥਰ ਨਾਥ, ਗੋਪੀ ਨਾਥ,

ਈਸਰ ਨਾਥ) ਅਤੇ ਧਰਤੀ ਦੇ (ਨੌਂ ਖੰਡ ਕਿੰ ਪੁਰਖ ਖੰਡ, ਭੱਦਰ ਖੰਡ, ਕੇਤਮਾਲ ਖੰਡ, ਹਰਿ ਵਰਖ ਖੰਡ, ਹਿਰਣਯ ਖੰਡ, ਰਮਯ ਖੰਡ, ਕੁਸੁ ਖੰਡ, ਇਲਾ ਬਰਤ ਖੰਡ, ਭਾਰਤ ਖੰਡ) ਇੰਨ੍ਹਾਂ ਨੌਂ ਹਿੱਸਿਆਂ ਵਿਚ ਰਹਿਣ ਵਾਲੇ ਸਾਰੇ ਜੀਵ ਜੱਪਦੇ ਹਨ)। ਹਰੇਕ ਹਿਰਦੇ ਵਿਚ ਉਹ ਮਹਾਂਬਲੀ ਮਾਲਕ (ਵੱਸਦਾ ਹੈ)। (ਉਸੇ) ਮਾਤਾ (ਰੂਪੀ ਹਰੀ ਦਾ) ਇਹ ਸਾਰਾ ਜਗ ਪੁੱਤਰ (ਰੂਪੀ ਪੈਦਾ ਹੋਇਆ) ਹੈ। ਉਸ ਪ੍ਰਭੂ ਨੂੰ ਨਮਸਕਾਰ ਹੈ (ਜੋ) ਆਦਿ ਤੋਂ (ਸਭ ਦਾ) ਰਖਵਾਲਾ ਹੈ। ਉਹ (ਪ੍ਰਭੂ) ਆਦਿ ਤੋਂ ਹੈ, ਜੁੱਗਾਂ ਦੇ ਆਰੰਭ ਤੋਂ ਹੈ, ਹੁਣ ਹੈ, ਅੱਗੋਂ ਵੀ ਹੋਵੇਗਾ। ਉਹ (ਪ੍ਰਭੂ) ਪਰ੍ਹੇ ਤੋਂ ਪਰ੍ਹੇ (ਅਤੇ ਸਭ ਕੁਝ) ਕਰਨ ਦੇ ਸਮਰੱਥ ਹੈ।੧੧।

ਦਸਵੀਂ (ਥਿਤਿ ਦੁਆਰਾ ਉਪਦੇਸ਼ ਹੈ ਕਿ) ਨਾਮ (ਜਪੋ), ਦਾਨ (ਕਰੋ, ਵੰਡ ਕੇ ਛਕੋ ਅਤੇ ਅੰਮ੍ਰਿਤ ਵੇਲੇ) ਇਸ਼ਨਾਨ ਕਰੋ, (ਇਹ ਪਵਿੱਤਰ ਜੀਵਨ ਰਹਿਣੀ ਰੱਖੋ)। ਸੱਚ ਸਰੂਪ ਪ੍ਰਭੂ ਦੀ ਪ੍ਰਾਪਤੀ ਕਰਨ ਵਾਲੇ ਗਿਆਨ ਆਦਿਕ ਗੁਣਾਂ ਵਿਚ ਦਿਨ ਰਾਤ ਇਸ਼ਨਾਨ ਕਰੋ। ਸੱਚ ਵਿਚ ਜੁੜਿਆਂ (ਮਨ ਨੂੰ) ਮੈਲ ਨਹੀਂ ਲੱਗਦੀ, ਭਰਮ ਤੇ ਡਰ ਇਸ ਤਰ੍ਹਾਂ ਸ਼ੀਘਰ ਹੀ ਦੂਰ ਹੋ ਜਾਂਦਾ ਹੈ। ਜਿਵੇਂ ਕਿ ਕੱਚੇ ਧਾਗੇ ਨੂੰ ਟੁੱਟਦਿਆਂ ਦੇਰੀ ਨਹੀਂ ਲੱਗਦੀ। ਜਿਵੇਂ ਧਾਗਾ (ਕੱਚਾ ਹੈ), ਇਸੇ ਤਰ੍ਹਾਂ ਜਗਤ ਨੂੰ ਨਾਸ਼ਵੰਤ ਸਮਝੋ। (ਆਪਣੇ ਮਨ ਨੂੰ ਅਚੱਲ ਕਰਕੇ ਇਸ ਵਿਚ ਸੱਚੇ ਪ੍ਰਭੂ ਨੂੰ ਟਿਕਾਓ (ਅਤੇ) ਸੱਚ ਦੁਆਰਾ (ਆਤਮਿਕ ਅਨੰਦ ਮਾਣੋ)।੧੨।

ਇਕਾਦਸ਼ੀ ਦੁਆਰਾ (ਉਪਦੇਸ਼ ਹੈ ਕਿ ਜੋ ਜੀਵ) ਇਕ (ਹਰੀ) ਨੂੰ ਹਿਰਦੇ ਵਿਚ ਵਸਾਉਂਦਾ ਹੈ, (ਉਹ) ਜੀਵ ਹਿੰਸਾ, ਮਾਇਆ ਦੀ ਮਮਤਾ ਅਤੇ ਮੋਹ ਛੱਡ ਦਿੰਦਾ ਹੈ। (ਜੋ ਮਨੁੱਖ ਇੰਦ੍ਰੀਆਂ ਦਾ ਦਮਨ ਕਰਨ ਰੂਪ) ਇਹ ਵਰਤ ਰੱਖਦਾ ਹੈ (ਉਹ ਆਪਣੇ) ਆਤਮ ਸਰੂਪ ਨੂੰ ਪਛਾਣ ਲੈਂਦਾ ਹੈ (ਅਤੇ ਇਹ ਅਜਿਹਾ) ਫਲ ਪ੍ਰਾਪਤ ਕਰ ਲੈਂਦਾ ਹੈ। ਜੋ ਪਾਖੰਡ ਵਿਚ ਲੱਗਦਾ ਹੈ (ਉਹ) ਤਤ (ਸੱਚ ਨੂੰ) ਨਹੀਂ ਪਛਾਣਦਾ। (ਉਹ ਪਰਮੇਸ਼ਰ) ਮੈਲ ਤੋਂ ਰਹਿਤ, ਖਾਣ ਪੀਣ ਤੋਂ ਰਹਿਤ ਅਤੇ ਸ਼ੁੱਧ ਸਰੂਪ ਹੈ। (ਇਹੋ ਜਿਹੇ) ਸੱਚੇ ਹਰੀ ਦੁਆਰਾ ਜੋ ਮਨੁੱਖ ਸੁੱਚਾ ਹੁੰਦਾ ਹੈ (ਉਸ ਦੇ ਮਨ ਨੂੰ ਪਾਪਾਂ ਦੀ ਮੈਲ) ਨਹੀਂ ਲੱਗਦੀ।੧੩।

(ਹੇ ਭਾਈ !) ਜਿਥੇ ਮੈਂ ਵੇਖਦਾ ਹਾਂ, (ਉਥੇ) ਇਕੋ ਇਕ (ਹਰੀ ਹੀ) ਹੈ। ਹੋਰ ਅਨੇਕ ਪ੍ਰਕਾਰ ਦੇ ਜੀਵ (ਉਸ ਪ੍ਰਭੂ ਨੇ) ਭਿੰਨ ਭਿੰਨ, ਵੱਖੋ ਵੱਖਰੇ ਪੈਦਾ ਕੀਤੇ ਹਨ। (ਕਈ ਜੀਵ ਨਿਰਾ) ਫਲ ਦਾ ਅਹਾਰ ਕਰਦੇ ਹਨ (ਪਰ ਅਜੇਹੇ ਵਰਤ ਰੱਖਣ ਦਾ ਕੋਈ) ਫਲ ਨਹੀਂ ਮਿਲਦਾ, (ਸਗੋਂ ਹੱਠ ਨਾਲ ਸਰੀਰਕ ਰੋਗਾਂ ਰੂਪੀ ਫਲ ਹੀ ਮਿਲਦਾ ਹੈ)। (ਅਜਿਹੇ ਮਨੁੱਖ) ਹੋਰ ਖੱਟੇ ਮਿੱਠੇ ਰੱਸ ਖਾ ਕੇ ਅਸਲੀ ਸੁਆਦ (ਨਾਮ ਰੱਸ) ਗੁਆ ਬੈਠਦੇ ਹਨ। (ਉਹ) ਝੂਠੇ ਲੋਭ ਲਾਲਚ ਵਿਚ ਫਸਦੇ ਹਨ, ਤੇ ਹੋਰਨਾਂ ਨੂੰ ਫਸਾਉਂਦੇ ਹਨ। (ਝੂਠੇ ਲੋਭ ਤੋਂ ਉਹ ਮਨੁੱਖ) ਛੁੱਟ ਸਕਦਾ ਹੈ, (ਜੋ) ਗੁਰੂ ਦੁਆਰਾ ਸੱਚ (ਨਾਮ) ਨੂੰ ਕਮਾਉਂਦਾ ਹੈ।੧੪।

ਦੁਆਦਸੀ (ਦੁਆਰਾ ਉਪਦੇਸ਼ ਹੈ ਕਿ ਜਿਸ ਮਨੁੱਖ ਨੇ ਦਸ ਇੰਦ੍ਰੇ ਤੇ ਮਨ ਬੁੱਧੀ ਇਨ੍ਹਾਂ ਬਾਰ੍ਹਾਂ ਨੂੰ ਮੁਦ੍ਰਾ=ਰੋਕਿਆ ਹੈ, ਉਸ ਦਾ ਮਨ ਅਉਧੂਤਾ=ਸ਼ੁਧ ਪਵਿੱਤ੍ਰ ਹੋਇਆ ਹੈ, ਅਥਵਾ ਉਸ ਦਾ ਮਨ ਤਿਆਗੀ ਹੈ। (ਉਹ) ਦਿਨ ਰਾਤ ਸਿਮਰਨ ਭਜਨ ਵਿਚ ਜਾਗਦਾ ਰਹਿੰਦਾ ਹੈ, ਅਵਿਦਿਆ ਦੀ ਨੀਂਦ ਵਿਚ ਕਦੇ ਸੌਂਦਾ ਨਹੀਂ; ਅਤੇ ਸਾਈਂ ਨਾਲ ਲਿਵ ਲਾਈ ਰੱਖਦਾ ਹੈ, (ਭਾਵ ਸੁਚੇਤ ਰਹਿੰਦਾ ਹੈ)। ਜੋ (ਮਨੁੱਖ ਸਿਮਰਨ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਭਜਨ ਵਿਚ ਜਾਗ ਕੇ ਲਿਵ ਜੋੜੀ ਰੱਖਦਾ ਹੈ, ਉਸ ਨੂੰ ਕਾਲ ਨਹੀ ਖਾਂਦਾ ਕਿਉਂਕਿ ਉਸ ਨੇ ਗੁਰ-ਉਪਦੇਸ਼ ਕਮਾਇਆ ਹੈ, ਇਸ ਕਰਕੇ (ਉਹ ਅਮਰ ਹੋ ਜਾਂਦਾ ਹੈ)। (ਜਿਨ੍ਹਾਂ ਨੇ ਕਾਮਾਦਿਕ) ਵੈਰੀ ਮਾਰ ਲਏ ਹਨ, (ਸਹੀ ਅਰਥਾਂ ਵਿਚ ਉਹ) ਤਿਆਗੀ ਹੋ ਗਏ ਹਨ। ਨਾਨਕ (ਗੁਰੂ ਜੀ) ਉਚਾਰਨ ਕਰਦੇ ਹਨ ਕਿ ਉਸ ਨੇ (ਪ੍ਰਭੂ ਦੇ ਚਰਨਾਂ ਵਿਚ) ਆਪਣੀ ਲਿਵ ਜੋੜੀ ਹੈ।੧੫।

ਦੁਆਦਸੀ ਦਇਆ ਦਾਨੁ ਕਰਿ ਜਾਣੈ॥ ਬਾਹਰਿ ਜਾਤੋ ਭੀਤਰਿ ਆਣੈ ॥ ਬਰਤੀ ਬਰਤ ਰਹੈ ਨਿਹਕਾਮ ॥ ਅਜਪਾ ਜਾਪੁ ਜਪੈ ਮੁਖਿ ਨਾਮ ॥ ਤੀਨਿ ਭਵਣ ਮਹਿ ਏਕੋ ਜਾਣੈ ॥ ਸਭਿ ਸੁਚਿ ਸੰਜਮ ਸਾਚੁ ਪਛਾਣੈ ॥ ੧6 ॥ ਤੇਰਸਿ ਤਰਵਰ ਸਮੁਦ ਕਨਾਰੈ ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥ ਡਰ ਡਰਿ ਮਰੈ ਨ ਬੂਡੈ ਕੋਇ॥ ਨਿਡਰੁ ਬੂਡਿ ਮਰੈ ਪਤਿ ਖੋਇ॥ ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ ਤਖਤਿ ਨਿਵਾਸੁ ਸਚੁ ਮਨਿ ਭਾਣੈ॥ ੧7 ॥ ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ॥ ਚਉਦਸਿ ਭਵਨ ਪਾਤਾਲ ਸਮਾਏ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ॥ ੧8 ॥ ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ॥ ਕਰਿ ਕਰਿ ਵੇਖੈ ਕਰਤਾ ਸੋਈ ॥ ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥ ੧9 ॥ ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ॥ ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥ ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥ 20 ॥ ੧ ॥

ਪਦ ਅਰਥ :- ਤਰਵਰ=ਦਰੱਖ਼ਤ। ਮੂਲੁ=ਮੁੱਢੋਂ। ਸਿਖਰਿ=ਸਿਖਰ (ਸਿਰੇ) ਤੇ। ਬੂਡਿ=ਡੁੱਬ ਕੇ।

ਅਰਥ :- ਦੁਆਦਸੀ (ਦੁਆਰਾ ਉਪਦੇਸ਼ ਹੈ ਕਿ ਜੋ ਮਨੁੱਖ) ਦਇਆ ਤੇ ਦਾਨ ਕਰਨ ਦੀ (ਵਿਧੀ) ਜਾਣਦਾ ਹੈ, (ਉਹ) ਬਾਹਰ ਵੱਲ ਦੌੜਦੇ ਚੰਚਲ ਮਨ ਨੂੰ ਅੰਦਰ ਵੱਲ ਮੋੜਦਾ ਹੈ। (ਜੋ ਮਨੁੱਖ) ਨਿਸ਼ਕਾਮ ਰਹਿੰਦਾ ਹੈ (ਉਹ ਮਾਨੋ) ਸ੍ਰੇਸ਼ਟ ਵਰਤ ਰੱਖਦਾ ਹੈ। (ਜੋ ਮਨੁੱਖ ਨਿਰਯਤਨ) ਮੂੰਹ ਨਾਲ ਪ੍ਰਭੂ ਦਾ ਨਾਮ ਜਪਦਾ ਹੈ, (ਉਹ) ਅਜਪਾ ਜਾਪ ਜਪਦਾ ਹੈ। (ਉਹ ਮਨੁੱਖ) ਤਿੰਨ ਲੋਕਾਂ ਵਿਚ ਇਕ (ਪਰਮਾਤਮਾ ਨੂੰ ਵਸਿਆ ਹੋਇਆ) ਜਾਣਦਾ ਹੈ। (ਜੋ) ਸੱਚ ਨੂੰ ਪਛਾਣ ਲੈਂਦਾ ਹੈ, (ਉਸ ਨੇ ਮਾਨੋ) ਸੁੱਚ ਤੇ ਸੰਜਮ (ਆਦਿ) ਸਾਰੇ ਸਾਧਨ (ਕਰਮ ਕਰ ਲਏ ਹਨ)।੧੬।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਤੇਰ੍ਹਵੀਂ (ਥਿਤਿ ਦੁਆਰਾ ਉਪਦੇਸ਼ ਦੇ ਰਹੇ ਹਨ ਕਿ ਮਨੁੱਖ ਦੀ ਜ਼ਿੰਦਗੀ) ਸਮੁੰਦਰ ਦੇ ਕੰਢੇ 'ਤੇ ਦਰੱਖ਼ਤ ਦੀ ਤਰ੍ਹਾਂ ਹੈ, ਛਿਨ ਭੰਗਰ ਹੈ। (ਜੋ ਮਨੁੱਖ) ਅੰਮ੍ਰਿਤ=ਅਬਿਨਾਸ਼ੀ ਪਰਮੇਸ਼ਰ ਨੂੰ (ਜੀਵਨ ਦਾ) ਮੂਲ ਤੇ ਸਿਖਰ (ਬਣਾ ਕੇ ਉਸ ਨਾਲ) ਲਿਵ ਲਾਉਂਦਾ ਹੈ (ਉਹ ਆਪਣੇ ਆਪ ਨੂੰ ਸੰਸਾਰ ਤੋਂ) ਤਾਰ ਲੈਂਦਾ ਹੈ। (ਜੋ ਮਨੁੱਖ ਪ੍ਰਭੂ ਦੇ) ਡਰ ਨਾਲ ਜੀਵਤ ਭਾਵ ਤੋਂ ਮਰਦਾ ਹੈ, (ਅਜਿਹਾ) ਕੋਈ (ਮਨੁੱਖ ਸੰਸਾਰ ਸਾਗਰ ਵਿਚ) ਡੁੱਬਦਾ ਨਹੀਂ ਹੈ। (ਜੋ ਪ੍ਰਭੂ ਦੇ) ਡਰ ਤੋਂ ਰਹਿਤ (ਹੋ ਕੇ ਸੰਸਾਰ ਸਾਗਰ ਵਿਚ ਡੁੱਬ) ਮਰਦਾ ਹੈ, (ਉਹ ਆਪਣੀ) ਇੱਜ਼ਤ ਗੁਆ ਲੈਂਦਾ ਹੈ। (ਜਿਸ ਮਨੁੱਖ ਨੇ ਪ੍ਰਭੂ ਦੇ) ਡਰ ਵਿਚ (ਆਪਣਾ) ਘਰ (ਟਿਕਾਣਾ ਬਣਾ ਲਿਆ ਹੈ, ਉਹ) ਹਿਰਦੇ ਰੂਪੀ ਘਰ ਵਿਚ (ਪ੍ਰਭੂ ਦੇ) ਡਰ ਨੂੰ ਜਾਣਦਾ ਹੈ। (ਉਸ ਨੂੰ) ਸੱਚ ਸਰੂਪ ਪ੍ਰਭੂ ਆਪਣੇ ਮਨ ਵਿਚ ਚੰਗਾ ਲੱਗਦਾ ਹੈ ਅਤੇ ਉਸ ਦਾ ਸਰੂਪ ਰੂਪੀ ਤਖ਼ਤ ਉੱਪਰ ਨਿਵਾਸ ਹੋ ਜਾਂਦਾ ਹੈ।੧੭।

ਚੌਦਸ (ਥਿਤਿ ਦੁਆਰਾ ਉਪਦੇਸ਼ ਹੈ ਕਿ ਜੋ ਮਨੁੱਖ) ਚੌਥੇ ਪਦ (ਤੁਰੀਆ ਅਵਸਥਾ ਨੂੰ) ਲੱਭ ਲੈਂਦਾ ਹੈ, ਉਹ ਰਜੋ, ਤਮੋ, ਸਤੋ (ਤਿੰਨਾਂ ਗੁਣਾਂ ਦੇ) ਕਾਲ (ਸਮੇਂ ਦੇ ਪ੍ਰਭਾਵ) ਨੂੰ ਸਮਾਵੈ=ਆਭਾਵ ਕਰ ਲੈਂਦਾ ਹੈ, ਭਾਵ ਦੂਰ ਕਰ ਲੈਂਦਾ ਹੈ। (ਉਸ ਦੇ ਹਿਰਦੇ ਵਿਚ ਵੈਰਾਗ ਰੂਪ ਚੰਦ੍ਰਮਾ ਦੇ ਘਰ ਵਿਚ ਗਿਆਨ ਰੂਪ ਸੂਰਜ ਸਮਾਇਆ ਭਾਵ ਗਿਆਨ ਦਾ ਪ੍ਰਕਾਸ਼ ਹੋਇਆ ਹੈ। ਉਸ ਨੇ ਪ੍ਰਮੇਸ਼ਰ ਵਿਚ ਜੁੜਨੇ ਦੀ ਜੁਗਤੀ ਪ੍ਰਾਪਤ ਕਰਕੇ ਪ੍ਰਭੂ ਦੀ ਪ੍ਰਾਪਤੀ ਰੂਪ ਕੀਮਤ ਪਾਈ। (ਜੋ ਪ੍ਰਭੂ) ਚੌਦਾਂ ਭਵਨਾਂ, ਸੱਤਾਂ ਪਾਤਾਲਾਂ ਅਤੇ ਸੱਤਾਂ ਅਕਾਸ਼ਾਂ ਵਿਚ ਸਮਾ ਰਿਹਾ ਹੈ, ਉਹ ਪ੍ਰਭੂ ਖੰਡਾਂ, ਬ੍ਰਹਿਮੰਡਾਂ ਵਿਚ ਵਿਆਪਕ ਹੋ ਰਿਹਾ ਹੈ, (ਉਸ ਵਿਚ ਆਪਣੀ) ਜੋ ਲਿਵ ਜੋੜਦਾ ਹੈ (ਅਤੇ ਉਹ ਪ੍ਰਭੂ ਨਾਲ) ਜੁੜਨ ਦੀ ਜੁਗਤੀ ਦੀ ਕੀਮਤ ਪਾ ਲੈਂਦਾ ਹੈ।੧੮।

(ਹੇ ਭਾਈ ! ਜਿਵੇਂ) ਅਮਾਵਸ ਨੂੰ ਚੰਦਰਮਾ (ਆਕਾਸ਼ ਵਿਚ) ਗੁਪਤ ਰਹਿੰਦਾ ਹੈ, (ਤਿਵੇਂ ਪਰਮਾਤਮਾ ਹਰ ਵਸਤੂ ਵਿਚ ਗੁਪਤ ਹੈ)। ਹੇ ਗਿਆਨੀ ਪੁਰਸ਼ੋ ! (ਗੁਰੂ ਦੇ) ਸ਼ਬਦ ਨੂੰ ਮਨ ਵਿਚ ਵਸਾ ਕੇ (ਇਸ ਭੇਦ ਨੂੰ) ਸਮਝੋ। (ਜਿਵੇ) ਚੰਨ ਆਕਾਸ਼ ਵਿਚ ਹੁੰਦਾ ਹੈ, ਪਰ ਉਸ ਦਾ ਪ੍ਰਕਾਸ਼ (ਤਿੰਨ ਲੋਕਾਂ ਵਿਚ ਹੁੰਦਾ ਹੈ, ਇਸੇ ਤਰ੍ਹਾਂ ਉਹ) ਕਰਤਾ (ਪੁਰਖ ਸਾਰੀ ਸ੍ਰਿਸ਼ਟੀ) ਨੂੰ ਪੈਦਾ ਕਰ ਕਰ ਕੇ ਵੇਖ ਰਿਹਾ ਹੈ (ਭਾਵ ਸੰਭਾਲ ਕਰ ਰਿਹਾ ਹੈ)। (ਜਿਸ) ਗੁਰੂ ਤੋਂ (ਪ੍ਰਭੂ ਦਾ) ਦਰਸ਼ਨ ਹੁੰਦਾ ਹੈ, ਉਹ (ਜਗਿਆਸੂ ਉਸ ਪ੍ਰਮੇਸ਼ਰ ਦੇ (ਦਰਸ਼ਨ) ਵਿਚ ਹੀ ਸਮਾਅ ਜਾਂਦਾ ਹੈ। (ਪਰ) ਮਨਮੁਖ (ਜੋ ਰੱਬ ਤੋਂ ਭੁੱਲੇ ਹੋਏ ਹਨ, ਉਹ ਚੌਰਾਸੀ ਦੇ ਚੱਕਰ ਵਿਚ) ਆਉਂਦੇ ਜਾਂਦੇ (ਭਾਵ ਜੰਮਦੇ ਮਰਦੇ) ਰਹਿੰਦੇ ਹਨ।੧੯।

(ਜੋ ਜੀਵ ਪ੍ਰਭੂ ਦਾ) ਘਰ ਦਰ (ਸਤਿ ਸੰਗਤ ਸੁਹਾਵਣੇ ਘਰ ਨੂੰ ਆਪਣਾ) ਘਰ ਥਾਪਿ ਭਾਵ ਬਣਾ ਕੇ (ਭਾਵ ਉਸ ਸੰਤ ਸੰਗਤ ਸਥਿਰ ਘਰ ਵਿਚ ਜੋ ਆਪਣਾ ਨਿਵਾਸ ਕਰਦਾ ਹੈ), ਉਹ ਨਿਜ ਅਸਥਾਨ ਵਿਚ ਸ਼ੋਭਾ ਪਾਉਂਦਾ ਹੈ। ਜਦੋਂ (ਉਹ) ਸਤਿਗੁਰੂ ਨੂੰ ਪ੍ਰਾਪਤ ਕਰਦਾ ਹੈ ਤਾਂ ਆਪਣਾ ਆਪ ਸਰੂਪ ਪਛਾਣ ਲੈਂਦਾ ਹੈ। ਜਿਸ ਥਾਂ 'ਤੇ ਆਸ਼ਾ ਹੈ, ਉਥੇ ਨਾਸ਼ਮਾਨਤਾ ਹੈ। ਦੁਬਿਧਾ, ਆਪ-ਹੁਦਰੀ ਮਤਿ ਤੇ ਵਾਸ਼ਨਾ ਵਾਲਾ ਹਿਰਦਾ ਰੂਪੀ ਖਪਰ ਭਾਂਡਾ ਟੁੱਟ ਜਾਂਦਾ ਹੈ। (ਜੋ ਮਨੁੱਖ) ਮਾਇਆ ਜਾਲ ਤੋਂ ਉਦਾਸ ਰਹਿੰਦਾ ਹੈ, ਨਾਨਕ (ਗੁਰੂ ਜੀ) ਬੇਨਤੀ ਪੂਰਬਿਕ ਉਚਾਰਨ ਕਰਦੇ ਹਨ ਕਿ ਅਸੀਂ ਉਸ ਦੇ ਦਾਸ ਹਾਂ।੨੦।੧।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੧੭੧ (ਆਦਿ ਅੰਗ 84੧)

## ਬਿਲਾਵਲੁ ਮਹਲਾ 3 ਵਾਰ ਸਤ ਘਰੁ ੧0

ੴ ਸਤਿਗੁਰ ਪ੍ਰਸਾਦਿ ॥ ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥ ਆਪੇ ਵਰਤੈ ਅਵਰੁ ਨ ਕੋਈ ॥ ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥ ਨਾਮਿ ਰਤੇ ਸਦਾ ਸੁਖੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ੧ ॥ ਹਿਰਦੈ ਜਪਨੀ ਜਪਉ ਗੁਣਤਾਸਾ ॥ ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥ ੧ ॥ ਰਹਾਉ ॥ ਸੋਮਵਾਰਿ ਸਚਿ ਰਹਿਆ ਸਮਾਇ ॥ ਤਿਸ ਕੀ ਕੀਮਤਿ ਕਹੀ ਨ ਜਾਇ ॥ ਆਖਿ ਆਖਿ ਰਹੇ ਸਭਿ ਲਿਵ ਲਾਇ ॥ ਜਿਸੁ ਦੇਵੈ ਤਿਸੁ ਪਲੈ ਪਾਇ ॥ ਅਗਮ ਅਗੋਚਰੁ ਲਖਿਆ ਨ ਜਾਇ ॥ ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥ 2 ॥ ਮੰਗਲਿ ਮਾਇਆ ਮੋਹੁ ਉਪਾਇਆ ॥ ਆਪੇ ਸਿਰਿ ਸਿਰਿ ਧੰਧੈ ਲਾਇਆ ॥ ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥ ਪ੍ਰੇਮ ਭਗਤਿ ਕਰੇ ਲਿਵ ਲਾਇ ॥ ਹਉਮੈ ਮਮਤਾ ਸਬਦਿ ਜਲਾਇ ॥ 3 ॥ ਬੁਧਵਾਰਿ ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ ਸਬਦੁ ਵੀਚਾਰੁ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥ ਦਰਿ ਸਚੈ ਸਦ ਸੋਭਾ ਪਾਏ ॥ ਨਾਮਿ ਰਤੇ ਗੁਰ ਸਬਦਿ ਸੁਹਾਏ ॥ 4 ॥ ਲਾਹਾ ਨਾਮੁ ਪਾਏ ਗੁਰ ਦੁਆਰਿ ॥ ਆਪੇ ਦੇਵੈ ਦੇਵਣਹਾਰੁ ॥ ਜੋ ਦੇਵੈ ਤਿਸ ਕਉ ਬਲਿ ਜਾਈਐ ॥ ਗੁਰ ਪਰਸਾਦੀ ਆਪੁ ਗਵਾਈਐ ॥ ਨਾਨਕ ਨਾਮੁ ਰਖਹੁ ਉਰ ਧਾਰਿ ॥ ਦੇਵਣਹਾਰੇ ਕਉ ਜੈਕਾਰੁ ॥ 5 ॥ ਵੀਰਵਾਰਿ ਵੀਰ ਭਰਮਿ ਭੁਲਾਏ ॥ ਪ੍ਰੇਤ ਭੂਤ ਸਭਿ ਦੂਜੈ ਲਾਏ ॥ ਆਪਿ ਉਪਾਏ ਕਰਿ ਵੇਖੈ ਵੇਕਾ ॥

ਸਭਨਾ ਕਰਤੇ ਤੇਰੀ ਟੇਕਾ ॥ ਜੀਅ ਜੰਤ ਤੇਰੀ ਸਰਣਾਈ ॥ ਸੋ ਮਿਲੈ ਜਿਸੁ ਲੈਹਿ ਮਿਲਾਈ ॥ 6 ॥ ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥ ਆਪਿ ਉਪਾਇ ਸਭ ਕੀਮਤਿ ਪਾਈ ॥ ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ ਸਚੁ ਸੰਜਮੁ ਕਰਣੀ ਹੈ ਕਾਰ ॥ ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥ 7 ॥ ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥ ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥ ਗੁਰ ਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥ 8 ॥ ਸਤਿਗੁਰੁ ਸੇਵਹਿ ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥ ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ ਤੂ ਸੁਖਦਾਤਾ ਲੈਹਿ ਮਿਲਾਇ ॥ ਏਕਸ ਤੇ ਦੂਜਾ ਨਾਹੀ ਕੋਇ ॥ ਗੁਰਮੁਖਿ ਬੂਝੈ ਸੋਝੀ ਹੋਇ ॥ 9 ॥ ਪੰਦ੍ਰਹ ਥਿਤੀ ਤੈ ਸਤ ਵਾਰ ॥ ਮਾਹਾ ਰੁਤੀ ਆਵਹਿ ਵਾਰ ਵਾਰ ॥ ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾ ਗਉਣੁ ਕੀਆ ਕਰਤਾਰਿ ॥ ਨਿਹਚਲੁ ਸਾਚੁ ਰਹਿਆ ਕਲ ਧਾਰਿ ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥ ੧0 ॥ ੧ ॥

# ਪ੍ਰਾਕ੍ਥਨ :-

ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਬਿਲਾਵਲੁ ਰਾਗੁ ਅੰਦਰ ਸੱਤਾਂ ਵਾਰਾਂ ਰਾਹੀਂ ਪਾਵਨ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ। ਸੰਸਾਰੀ ਜੀਵ ਅਗਿਆਨਤਾ ਕਰ ਕੇ ਇਨ੍ਹਾਂ ਵਾਰਾਂ ਨੂੰ ਕਿਸੇ ਵਾਰ ਨੂੰ ਚੰਗਾ, ਕਿਸੇ ਨੂੰ ਮਾੜਾ ਸਮਝਦੇ ਸਨ, ਪਰ ਸਤਿਗੁਰੂ ਜੀ ਨੇ ਇਸ ਪਾਵਨ ਬਾਣੀ ਰਾਹੀਂ ਸਾਨੂੰ ਇਕ ਅਕਾਲ ਪੁਰਖ ਨਾਲ ਜੋੜਿਆ ਹੈ।

## ਵਿਸ਼ਾ — ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥

ਆਦਿ ਪੁਰਖ ਪ੍ਰਮਾਤਮਾ ਹੀ ਸਭ ਰਚਨਾ ਦਾ ਆਦਿ ਮੁੱਢ ਰੂਪ ਹੈ। ਕਿਉਂਕਿ ਉਸ ਅਕਾਲ ਪੁਰਖ ਆਦਿ ਪੁਰਖ ਸਰਬ ਸ਼ਕਤੀਮਾਨ ਪਰੀਪੂਰਨ ਪ੍ਰਮਾਤਮਾ ਨੇ ਹੀ ਇਸ ਸੰਸਾਰ ਦੀ ਰਚਨਾ ਕੀਤੀ ਹੈ, ਪਰ ਇਹ ਸੰਸਾਰ ਕਦੋਂ ਤੇ ਕਿਵੇਂ ਰਚਿਆ ? ਇਸ ਬਾਰੇ ਉਹ ਪ੍ਰਮਾਤਮਾ ਆਪ ਹੀ ਜਾਣਦਾ ਹੈ :

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥** (ਅੰਗ 4)

ਉਸ ਨਿਰੰਕਾਰ ਵਾਹਿਗੁਰੂ ਜੀ ਨੇ ਸੰਸਾਰ ਅੰਦਰ ਚੌਰਾਸੀ ਲੱਖ ਜੂਨਾਂ ਪੈਦਾ ਕੀਤੀਆਂ ਹਨ, ਪਰ ਇਨ੍ਹਾਂ ਬਾਕੀ ਜੂਨਾਂ ਨਾਲੋਂ ਮਨੁੱਖ ਜਨਮ ਸਭ ਤੋਂ ਉੱਤਮ ਹੈ :

**ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।**

(ਭਾ: ਗੁਰਦਾਸ ਜੀ, ਵਾਰ ੧, ਪਉੜੀ 3)

ਇਹ ਉੱਤਮ ਮਨੁੱਖਾ ਜਨਮ ਕਿਸ ਵਾਸਤੇ ਮਿਲਿਆ ਹੈ ? ਇਸ ਸਿਧਾਂਤ ਨੂੰ ਹਜ਼ੂਰ ਨੇ ਇਸ ਤਰ੍ਹਾਂ ਗੁਰਬਾਣੀ ਅੰਦਰ ਉਜਾਗਰ ਕੀਤਾ ਹੈ :

**ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

(ਅੰਗ 378)

ਪਰ ਮਨੁੱਖ ਅਗਿਆਨਤਾ ਵਸ ਹੋ ਕੇ ਇਸ ਸਿਧਾਂਤ ਨੂੰ ਭੁੱਲ ਚੁੱਕੇ ਸਨ ਕਿ ਇਹ ਜਨਮ ਕਿਸ ਵਾਸਤੇ ਮਿਲਿਆ ਹੈ। ਇਸ ਸਿਧਾਂਤ ਨੂੰ ਦੱਸਣ ਵਾਲੇ ਧਾਰਮਿਕ ਆਗੂ ਖ਼ੁਦ ਆਪ ਵੀ ਭੁੱਲ ਗਏ ਸਨ, ਜਿਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਕੀਤਾ ਹੈ :

**ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।**
**ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।**
**ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।**
**ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।**
**ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।**

**ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।**
**ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਮ੍ਹਣਿ ਮਉਲਾਣੇ।**
**ਸਿਰੋ ਨ ਮਿਟੇ ਆਵਣਿ ਜਾਣੇ॥ 21॥** (ਵਾਰ ੧, ਪਉੜੀ 21)

ਇਨ੍ਹਾਂ ਧਾਰਮਿਕ ਆਗੂ ਬ੍ਰਾਹਮਣਾਂ ਨੇ ਆਪਣੇ ਸੁਆਰਥ ਲਈ ਸੰਸਾਰਿਕ ਲੋਕਾਂ ਨੂੰ ਭਾਉ ਭਗਤੀ ਦੇ ਸਿੱਧੇ ਰਸਤੇ ਤੋਂ ਭੁਲਾ ਕੇ ਵਹਿਮਾਂ ਭਰਮਾਂ ਵਿਚ ਪਾ ਦਿੱਤਾ ਸੀ। ਪੱਥਰ-ਪੂਜਾ ਵਿਚ ਮਨੁੱਖਤਾ ਨੂੰ ਲਗਾ ਦਿੱਤਾ ਸੀ ਅਤੇ ਪੱਥਰ ਦੀ ਮੂਰਤੀ ਨੂੰ ਭਗਵਾਨ ਮੰਨ ਕੇ ਲੋਕ ਪੂਜਾ ਕਰਦੇ ਸਨ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੁੰਦਰ ਫ਼ੁਰਮਾਣ ਹੈ :

**ਕਹਾ ਭਇਓ ਜੋ ਅਤਿ ਹਿਤ ਚਿਤ ਕਰ ਬਹੁ ਬਿਧ ਸਿਲਾ ਪੁਜਾਈ॥**
**ਪਾਨ ਥਕਿਓ ਪਾਹਿਨ ਕਹ ਪਰਸਤ ਕਛ ਕਰ ਸਿੱਧ ਨ ਆਈ॥ ੧॥**
**ਅੱਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ॥**
**ਤਾ ਮੈ ਕਹਾਂ ਸਿਧ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ॥ 2॥**

(ਦਸਮ ਗ੍ਰੰਥ, ਅੰਗ 7੧2)

ਪੱਥਰ-ਪੂਜਕ ਧਾਰਮਿਕ ਆਗੂਆਂ ਨੇ ਸੰਸਾਰਕ ਜੀਆਂ ਨੂੰ ਇਸ ਜੜ੍ਹ ਵਸਤੂਆਂ ਦੀ ਪੂਜਾ ਕਰਨ ਵਿਚ ਹੀ ਉਲਝਾ ਦਿੱਤਾ। ਅਗਿਆਨਤਾ ਕਾਰਨ ਸੰਸਾਰਿਕ ਮਨੁੱਖਤਾ ਸੰਸਾਰਾਕਾਰ ਬਿਰਤੀ ਹੋਣ ਕਰਕੇ ਇਸ ਜੜ੍ਹ ਪੂਜਾ ਵਿਚ ਘਿਰੀ ਰਹੀ ਸੀ। ਗੁਰੂ ਸਾਹਿਬਾਂ ਨੇ ਸਮੇਂ-ਸਮੇਂ ਗੁਰਬਾਣੀ ਉਚਾਰਨ ਕਰਕੇ ਸਾਨੂੰ ਸੁਮੱਤ ਬਖ਼ਸ਼ੀ ਹੈ।

ਸਾਰੀ ਗੁਰਬਾਣੀ ਦਾ ਇਕੋ ਹੀ ਸਿਧਾਂਤ ਹੈ, ਜਿਸ ਵਿਚ ਸਮੁੱਚੀ ਮਨੁੱਖਤਾ ਨੂੰ ਉਸ ਅਕਾਲ ਪੁਰਖ ਵਾਹਿਗੁਰੂ ਜੀ ਨਾਲ ਜੁੜਨ ਦਾ ਉਪਦੇਸ਼ ਦਿੱਤਾ ਗਿਆ ਹੈ। ਸਤਿਗੁਰੂ ਸਾਹਿਬ ਜੀ ਨੇ ਸਾਨੂੰ ਮਹੀਨਿਆਂ, ਥਿੱਤਾਂ, ਵਾਰਾਂ ਆਦਿ ਸਾਰਿਆਂ ਸਮਿਆਂ ਵਿਚ ਪ੍ਰਮਾਤਮਾ ਨੂੰ ਪੂਰਨ ਜਾਣ ਕੇ ਉਸ ਨੂੰ ਯਾਦ ਕਰਨ ਦਾ ਉਪਦੇਸ਼ ਦਿੱਤਾ ਹੈ। ਜਿਸ ਤਰ੍ਹਾਂ ਸੂਰਜ ਇਕ ਹੈ ਤੇ ਰੁੱਤਾਂ, ਥਿੱਤਾਂ, ਵਾਰ, ਮਹੀਨੇ ਅਨੇਕ ਹਨ, ਪ੍ਰਮਾਤਮਾ ਸਾਰਿਆਂ ਅੰਦਰ ਤੇ ਸਾਰੇ ਸਮਿਆਂ ਵਿਚ ਪੂਰਨ ਵਿਆਪਕ ਹੈ।

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥**
**ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥ 2॥** (ਅੰਗ ੧2)

(ਉਸ ਕਰਤੇ ਦੇ ਹੁਕਮ ਵਿਚ ਵਿਸੁਏ ਚਸਿਆ ਘੜੀਆ ਆਦਿ ਸਮਾਂ ਹੋਇਆ ਹੈ) ਇਕ ਵਾਰੀ ਅੱਖ ਖੋਲ੍ਹਣ ਤੇ ਮੀਟਣ ਦੇ ਸਮੇਂ ਨੂੰ ਨਿਮਖ ਕਹਿੰਦੇ ਹਨ। ਪੰਦਰਾਂ ਨਿਮਖਾਂ ਦਾ ਇਕ ਵਿਸਵਾ ਹੁੰਦਾ ਹੈ। ੧੫ ਵਿਸਵਿਆਂ ਦਾ ਇਕ ਚਸਾ, ਅਤੇ ੩੦ ਚਸਿਆਂ ਦਾ ਇਕ ਪੱਲ ਹੁੰਦਾ ਹੈ। ੬੦ ਪੱਲਾਂ ਦੀ ਇਕ ਘੜੀ ਹੁੰਦੀ ਹੈ। ਸਾਢੇ ਸੱਤਾਂ ਘੜੀਆਂ ਦਾ ਇਕ ਪਹਿਰ ਹੈ, ਪਰ (ਅੱਜ ਕੱਲ੍ਹ ਘੰਟਿਆਂ ਦੇ ਹਿਸਾਬ ਨਾਲ ਤਿੰਨ ਘੰਟਿਆਂ ਦਾ ਪਹਿਰ ਹੈ। ਅੱਠਾਂ ਪਹਿਰਾਂ ਦੀ ਇਕ ਥਿਤ ਹੈ। ਵਾਰੀ=ਚਾਰ ਪਹਿਰਾਂ ਦਾ ਇਕ (ਵਾਰ) ਦਿਨ ਹੈ।

੩੦ ਵਾਰ ਭਾਵ ੩੦ ਦਿਨਾਂ ਦਾ ਇਕ ਮਹੀਨਾ ਹੋਇਆ ਹੈ। ਕਈ ਮਹੀਨੇ ਵੱਧ ਘੱਟ ਦਿਨਾਂ ਦੇ ਵੀ ਹੁੰਦੇ ਹਨ। ਇਕ ਸਾਲ ਦੇ ਬਾਰ੍ਹਾਂ ਮਹੀਨੇ ਮੰਨੇ ਹਨ। ਈਸਾਈਆਂ ਦੇ ਈਸਾ ਤੋਂ ਈਸਵੀ ਸੰਨ ਅਨੁਸਾਰ ੧੨ ਮਹੀਨੇ ਇਹ ਹਨ :

| | | | |
|---|---|---|---|
| ਜਨਵਰੀ, | ਫਰਵਰੀ, | ਮਾਰਚ, | ਅਪ੍ਰੈਲ, |
| ਮਈ, | ਜੂਨ, | ਜੁਲਾਈ, | ਅਗਸਤ, |
| ਸਤੰਬਰ, | ਅਕਤੂਬਰ, | ਨਵੰਬਰ, | ਦਸੰਬਰ। |

ਅੰਗ੍ਰੇਜ਼ੀ ਸਾਲ ਦੇ ੩੬੫ ਦਿਨ ਪੰਜ ਘੰਟੇ, ਅਠਤਾਲੀ ਮਿੰਟ ਤੇ ਅਠਤਾਲੀ ਸੈਕਿੰਡ ਹਨ, ਪਰ ਸਾਧਾਰਨ ੩੬੫ ਦਿਨ ਰੱਖਦੇ ਹਨ। ਗੁਰਮਤਿ ਮਾਰਤੰਡ, ਅਰਥਾਤ ਗੁਰਮਤਿ ਨਿਰਣਯ ਭੰਡਾਰ ਦੇ ਕਥਨ ਅਨੁਸਾਰ, ਮੁਸਲਮਾਨ ਆਪਣੇ ਮੱਤ ਅਨੁਸਾਰ ਸੰਨ ਹਿਜਰੀ ਵਰਤਦੇ ਹਨ, ਜਿਸ ਦੇ ਮਹੀਨੇ ਕਮਰੀ ਯਾਨੀ ਚੰਦ੍ਰਮਾ ਦੇ ਹਿਸਾਬ ਨਾਲ ਹੁੰਦੇ ਹਨ।

ਯਥਾ=ਮੁਹੱਰਮ, ਸਫ਼ਰ, ਰੱਬੀ ਉਲ ਅਵਲ, ਰੱਬੀ ਉਲਸਾਨੀ, ਰੱਜਯ, ਸ਼ਅਬਾਨ, ਰਮਜ਼ਾਨ, ਸ਼ਵਾਲ, ਜੀਅਲਕਦਾ, ਜੀਅਨਹਜਾ ਆਦਿ। (ਗੁਰਮਤਿ ਨਿਰਣਯ ਭੰਡਾਰ, ਪੰਨਾ ੨੩੪)

ਮੁਸਲਮਾਨ ਲੌਂਦ ਦਾ ਮਹੀਨਾ ਨਹੀਂ ਮੰਨਦੇ, ਇਸ ਕਰਕੇ ਇਨ੍ਹਾਂ ਦਾ ਸਾਲ ਘੱਟਦਾ ਰਹਿੰਦਾ ਹੈ। ਸਤਿਗੁਰੂ ਸਾਹਿਬਾਂ ਨੇ "ਬਾਰਹ ਮਾਹਾ" ਉਚਾਰਨ ਕਰਕੇ ਜਿਨ੍ਹਾਂ ੧੨ ਮਹੀਨਿਆਂ ਦੇ ਨਾਮ ਗੁਰਬਾਣੀ ਅੰਦਰ ਅੰਕਿਤ ਕੀਤੇ ਹਨ, ਉਹ ਇਸ ਪ੍ਰਕਾਰ ਹਨ :

| | | | |
|---|---|---|---|
| ਚੇਤ, | ਵਿਸਾਖ, | ਜੇਠ, | ਹਾੜ, |
| ਸਾਵਣ, | ਭਾਦਰੋਂ, | ਅੱਸੂ, | ਕੱਤਕ, |
| ਮੱਘਰ, | ਪੋਹ, | ਮਾਘ, | ਫਗਣ। |

ਗੁਰੂ ਸਾਹਿਬਾਨ ਨੇ ਗੁਰੂ ਕਾਲ ਦੇ ਸਮੇਂ ਤੋਂ ਹੀ ਸਮੁੱਚੀ ਗੁਰਬਾਣੀ ਰਾਹੀਂ, ਸਮੁੱਚੀ ਮਨੁੱਖਤਾ ਨੂੰ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਸਰਬ ਵਿਆਪਕ ਪਰੀਪੂਰਨ ਪ੍ਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੱਤਾ ਹੈ। ਗੁਰਬਾਣੀ ਦੇ ਸਿਧਾਂਤ ਅਨੁਸਾਰ :

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥**
**ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥ 2॥** (ਅੰਗ ੧੨)

ਜਿਸ ਤਰ੍ਹਾਂ ਸੂਰਜ ਇਕ ਹੈ ਤੇ ਰੁੱਤਾਂ, ਥਿੱਤਾਂ, ਵਾਰ, ਮਹੀਨੇ ਅਨੇਕ ਹਨ, ਇਸੇ ਤਰ੍ਹਾਂ ਅਕਾਲ ਪੁਰਖ ਵਾਹਿਗੁਰੂ ਜੀ ਇਕ ਹੈ ਤੇ ਉਹ ਸਰਬ ਵਿਆਪਕ ਹੈ। ਭਗਤ ਕਬੀਰ ਜੀ ਦਾ ਪਾਵਣ ਬਾਣੀ ਅੰਦਰ ਸੁੰਦਰ ਫ਼ੁਰਮਾਣ ਹੈ :

**ਸੂਰਜ ਚੰਦੁ ਕਰਹਿ ਉਜੀਆਰਾ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ॥**

(ਅੰਗ 329)

ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ :

**ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥**

(ਜਪੁ ਜੀ ਸਾਹਿਬ, ਅੰਗ 7)

ਮਨੁੱਖ ਮਾਤਰ ਦੇ ਭਲੇ ਵਾਸਤੇ ਗੁਰੂ ਸਾਹਿਬਾਨਾਂ ਨੇ ਸੱਤਾਂ ਵਾਰਾਂ, ਪੰਦਰਾਂ ਥਿੱਤਾਂ ਅਤੇ ਬਾਰਾਂ ਮਹੀਨਿਆਂ ਰਾਹੀਂ ਜਗਤ ਜੀਆਂ ਨੂੰ ਉਪਦੇਸ਼ ਦਿੱਤਾ ਹੈ।

**ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣਿ॥** (ਅੰਗ ੧36)
**ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ॥ 2 ॥** (ਅੰਗ ੧37)

**ਥਿਤੀ ਵਾਰ ਸਭਿ ਸਬਦਿ ਸੁਹਾਏ॥ ਸਤਿਗੁਰੁ ਸੇਵੇ ਤਾ ਫਲੁ ਪਾਏ॥**
**ਥਿਤੀ ਵਾਰ ਸਭਿ ਆਵਹਿ ਜਾਹਿ॥ ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ॥**
**ਥਿਤੀ ਵਾਰ ਤਾ ਜਾ ਸਚਿ ਰਾਤੇ॥ ਬਿਨੁ ਨਾਵੈ ਸਭਿ ਭਰਮਹਿ ਕਾਚੇ॥** (ਅੰਗ 842)

**ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹਾ ਰੁਤੀ ਆਵਹਿ ਵਾਰ ਵਾਰ॥**
**ਦਿਨਸੁ ਰੈਣਿ ਤਿਵੈ ਸੰਸਾਰੁ॥ ਆਵਾ ਗਉਣੁ ਕੀਆ ਕਰਤਾਰਿ॥**
**ਨਿਹਚਲੁ ਸਾਚੁ ਰਹਿਆ ਕਲ ਧਾਰਿ॥**
**ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥੧0॥** (ਅੰਗ 842)

**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥**
**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥ ੧4 ॥ ੧ ॥**

(ਬਾਰਹ ਮਾਹਾ ਮਾਂਝ, ਅੰਗ ੧36)

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥**
**ਘੜੀ ਮੂਰਤ ਪਲ ਸਾਚੇ ਆਇ ਸਹਜਿ ਮਿਲੇ॥**

(ਤੁਖਾਰੀ ਬਾਰਹ ਮਾਹਾ, ਅੰਗ ੧੧੦9)

ਸੰਪ੍ਰਦਾਈ ਵੀਚਾਰ ਇਸ ਪ੍ਰਕਾਰ ਹੈ ਕਿ ਇਕ ਵਾਰ ਗੁਰਸਿੱਖ ਸੰਗਤਾਂ ਨੇ ਗੁਰੂ ਅਮਰਦਾਸ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਆਪ ਕਿਰਪਾ ਕਰ ਕੇ ਜਿਵੇਂ ਵੱਡੇ ਗੁਰੂ ਸਾਹਿਬਾਨ, ਗੁਰੂ ਨਾਨਕ ਸਾਹਿਬ ਜੀ ਨੇ ਥਿਤਾਂ ਦੀ ਬਾਣੀ ਉਚਾਰਨ ਕੀਤੀ ਹੈ, ਜਿਸ ਵਿਚ ਪੰਦਰਾਂ ਥਿਤਾਂ ਦੁਆਰਾ ਉਪਦੇਸ਼ ਬਖ਼ਿਸ਼ਆ ਹੈ, ਤੇ ਇਸੇ

ਤਰ੍ਹਾਂ ਆਪ ਜੀ ਕਿਰਪਾ ਕਰੋ ਕਿ ਜਿਸ ਵਿਚ ਸੱਤੇ ਵਾਰ=ਦਿਨਾਂ ਦੇ ਨਾਮ ਆ ਜਾਣ। ਜਿਸ ਬਾਣੀ ਦੇ ਪੜ੍ਹਨ ਨਾਲ ਸੱਤੇ ਵਾਰ ਭਾਵ ਸੱਤੇ ਦਿਨ ਸਫਲੇ ਹੋ ਜਾਣ। ਸੰਗਤਾਂ ਦੀ ਇਹ ਬੇਨਤੀ ਸੁਣ ਕੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਿਲਾਵਲੁ ਰਾਗ ਵਿਚ 'ਵਾਰ ਸਤ' ਦੇ ਸਿਰਲੇਖ ਹੇਠ ਰਾਗ ਦੇ ਦਸਵੇਂ ਘਰ=ਸੁਰਤਾਲ ਵਿਚ ਇਹ ਬਾਣੀ ਉਚਾਰਨ ਕੀਤੀ ਹੈ ਅਤੇ ਵਸਤੂ ਨਿਰਦੇਸ਼ ਮੰਗਲ ਕੀਤਾ ਹੈ, ੧ਓ =ਇਕ ਅਦੁੱਤੀ ਬ੍ਰਹਮ ਸਰਬ ਦਾ ਪ੍ਰਕਾਸ਼ਕ, ਸਤਿ=ਤਿੰਨ ਕਾਲ ਨਾਸ਼ ਰਹਿਤ, ਗੁਰ=ਚੇਤਨ=ਪ੍ਰਸਾਦਿ=ਅਨੰਦ ਸਰੂਪ ਸੱਤ, ਚੇਤਨ, ਅਨੰਦ ਸਰੂਪ ਗੁਰੂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਬਿਲਾਵਲੁ ਮਹਲਾ 3 ਵਾਰ ਸਤ ਘਰੁ ੧0

ੴ ਸਤਿਗੁਰ ਪ੍ਰਸਾਦਿ ॥ ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥ ਆਪੇ ਵਰਤੈ ਅਵਰੁ ਨ ਕੋਈ ॥ ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥ ਨਾਮਿ ਰਤੇ ਸਦਾ ਸੁਖੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ੧ ॥ ਹਿਰਦੈ ਜਪਨੀ ਜਪਉ ਗੁਣਤਾਸਾ ॥ ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥ ੧ ॥ ਰਹਾਉ ॥ ਸੋਮਵਾਰਿ ਸਚਿ ਰਹਿਆ ਸਮਾਇ ॥ ਤਿਸ ਕੀ ਕੀਮਤਿ ਕਹੀ ਨ ਜਾਇ ॥ ਆਖਿ ਆਖਿ ਰਹੇ ਸਭਿ ਲਿਵ ਲਾਇ ॥ ਜਿਸੁ ਦੇਵੈ ਤਿਸੁ ਪਲੈ ਪਾਇ ॥ ਅਗਮ ਅਗੋਚਰੁ ਲਖਿਆ ਨ ਜਾਇ ॥ ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥ 2 ॥ ਮੰਗਲਿ ਮਾਇਆ ਮੋਹੁ ਉਪਾਇਆ ॥ ਆਪੇ ਸਿਰਿ ਸਿਰਿ ਧੰਧੈ ਲਾਇਆ ॥ ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥ ਪ੍ਰੇਮ ਭਗਤਿ ਕਰੇ ਲਿਵ ਲਾਇ ॥ ਹਉਮੈ ਮਮਤਾ ਸਬਦਿ ਜਲਾਇ ॥ 3 ॥ ਬੁਧਵਾਰਿ ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ ਸਬਦੁ ਵੀਚਾਰੁ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥ ਦਰਿ ਸਚੈ ਸਦ ਸੋਭਾ ਪਾਏ ॥ ਨਾਮਿ ਰਤੇ ਗੁਰ ਸਬਦਿ ਸੁਹਾਏ ॥ 4 ॥ ਲਾਹਾ ਨਾਮੁ ਪਾਏ ਗੁਰ ਦੁਆਰਿ ॥ ਆਪੇ ਦੇਵੈ ਦੇਵਣਹਾਰੁ ॥ ਜੋ ਦੇਵੈ ਤਿਸ ਕਉ ਬਲਿ ਜਾਈਐ ॥ ਗੁਰ ਪਰਸਾਦੀ ਆਪੁ ਗਵਾਈਐ ॥ ਨਾਨਕ ਨਾਮੁ ਰਖਹੁ ਉਰ ਧਾਰਿ ॥ ਦੇਵਣਹਾਰੇ ਕਉ ਜੈਕਾਰੁ ॥ 5 ॥

ਪਦ ਅਰਥ :- ਆਦਿਤ ਵਾਰਿ=ਐਤਵਾਰ ਦੁਆਰਾ। ਓਤਿ ਪੋਤਿ=ਤਾਣੇ ਪੇਟੇ ਵਾਂਗ। ਪਰੋਈ=ਪਰੋਤਾ ਹੋਇਆ ਹੈ। ਜਪਨੀ=ਮਾਲਾ। ਜਪਉ=ਮੈਂ ਜਪਦਾ ਹਾਂ। ਗੁਣਤਾਸਾ=ਗੁਣਾਂ ਦਾ ਖ਼ਜ਼ਾਨਾ ਵਾਹਿਗੁਰੂ। ਅਗੋਚਰੁ=ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ। ਅਪਰੰਪਰ=ਪਰ੍ਹੇ ਤੋਂ ਪਰ੍ਹੇ, ਬੇਅੰਤ। ਪਗਿ ਲਗਿ=ਚਰਨੀਂ ਲੱਗ ਕੇ। ਧਿਆਵਉ=ਧਿਆਉਂਦਾ ਹਾਂ।੧।ਰਹਾਉ। ਉਪਾਇਆ=ਪੈਦਾ ਕੀਤਾ। ਦਰੁ ਘਰੁ=(ਪਰਮੇਸ਼ਰ ਦਾ) ਦਰਬਾਰ ਤੇ ਸਰੂਪ। ਸਬਦਿ=(ਗੁਰੂ) ਸ਼ਬਦ ਦੁਆਰਾ। ਜਲਾਇ=ਸਾੜ ਦੇਵੇ। ਲਾਹਾ=ਲਾਭ। ਗੁਰ ਦੁਆਰਿ=ਗੁਰੂ ਦੇ ਦੁਆਰੇ ਉੱਤੇ। ਆਪੁ=ਅਹੰਕਾਰ। ਉਰ=ਹਿਰਦੇ ਵਿਚ ਧਾਰ (ਟਿਕਾਅ) ਕੇ।

ਅਰਥ :- ਐਤਵਾਰ ਦੁਆਰਾ (ਉਚਾਰਨ ਕਰਦੇ ਹਨ ਕਿ) ਉਹ ਪਰਮਾਤਮਾ ਸਭ ਦਾ ਆਦਿ ਰੂਪ ਤੇ ਪੂਰਨ ਪੁਰਖ ਹੈ। (ਉਹ ਸਭ ਪਾਸੇ) ਆਪ ਵਰਤ ਰਿਹਾ ਹੈ, (ਉਸ ਪ੍ਰਮਾਤਮਾਂ ਤੋਂ ਬਿਨਾਂ) ਹੋਰ ਕੋਈ ਨਹੀਂ ਹੈ। (ਉਹ ਪ੍ਰਮਾਤਮਾ ਸਾਰੇ) ਜਗਤ ਵਿਚ ਤਾਣੇ ਪੇਟੇ ਵਾਂਗ ਪਰੋਤਾ ਹੋਇਆ ਹੈ। (ਪ੍ਰਭੂ) ਆਪ ਹੀ (ਸਭ ਨੂੰ) ਪੈਦਾ ਕਰਨ ਵਾਲਾ ਹੈ ਅਤੇ ਜੋ ਕਰਤਾ ਪੁਰਖ ਕਰਦਾ ਹੈ, ਉਹੀ ਕੁਝ ਹੁੰਦਾ ਹੈ। ਜੋ ਨਾਮੀ ਦੇ ਨਾਮ ਵਿਚ ਰੱਤੇ ਹਨ, (ਉਨ੍ਹਾਂ ਨੂੰ) ਸਦਾ (ਆਤਮਿਕ) ਸੁਖ ਪ੍ਰਾਪਤ ਹੁੰਦਾ ਹੈ। (ਪਰ ਇਸ ਗੱਲ ਨੂੰ) ਕੋਈ ਵਿਰਲਾ ਗੁਰਮੁਖ ਸਮਝਦਾ ਹੈ।੧।

(ਹੇ ਭਾਈ ! ਮੈਂ ਆਪਣੇ) ਹਿਰਦੇ ਵਿਚ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ (ਨਾਮ ਦੀ) ਜਪਨੀ=ਮਾਲਾ ਜਪਦਾ ਹਾਂ। (ਉਹ) ਹਰੀ (ਜੋ) ਅਪਹੁੰਚ, ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ, ਬੇਅੰਤ ਮਾਲਕ ਹੈ, (ਮੈਂ ਉਸ ਦੇ) ਸੇਵਕ ਜਨਾਂ ਦੀ ਚਰਨੀਂ ਲੱਗ ਕੇ ਦਾਸਾਂ ਦਾ ਦਾਸ ਹੋ ਕੇ (ਉਸ ਨੂੰ) ਧਿਆਉਂਦਾ ਭਾਵ ਸਿਮਰਦਾ ਹਾਂ।੧। ਰਹਾਉ।

ਸੋਮਵਾਰ ਦੁਆਰਾ (ਉਚਾਰਨ ਕਰਦੇ ਹਨ ਕਿ) ਸੱਚ ਵਿਚ (ਲੱਗਿਆਂ, ਜੁੜਿਆਂ ਪ੍ਰਭੂ ਸਭ ਵਿਚ) ਸਮਾਅ ਰਿਹਾ (ਦਿੱਸ ਰਿਹਾ ਹੈ)। ਉਸ (ਪ੍ਰਭੂ) ਦੀ ਕੀਮਤ ਕਹੀ ਨਹੀਂ ਜਾ ਸਕਦੀ। ਸਾਰੇ (ਲੋਕ ਉਸ ਦੀ ਵਡਿਆਈ) ਲਿਵ ਲਾ ਕੇ ਆਖ-ਆਖ ਕੇ ਰਹਿ ਗਏ ਹਨ (ਭਾਵ ਥੱਕ ਗਏ ਹਨ)। ਜਿਸ (ਜੀਵ) ਨੂੰ (ਪ੍ਰਭੂ ਆਪਣੀ ਸਿਫ਼ਤਿ-ਸਾਲਾਹ ਕਰਨ ਦੀ ਦਾਤਿ) ਦੇਂਦਾ ਹੈ, ਉਸ ਦੇ ਬੁੱਧੀ ਰੂਪ ਪਲੇ ਵਿਚ (ਇਹ ਸਿਫਤਿ-ਸਲਾਹ ਕਰਨ ਦੀ ਦਾਤ) ਪੈਂਦੀ ਹੈ। (ਉਹ ਪ੍ਰਭੂ) ਅਪਹੁੰਚ, ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ ਹੈ, ਗੁਰੂ ਤੋਂ ਬਿਨਾਂ ਆਪਣੇ ਆਪ ਜਾਣਿਆ ਨਹੀਂ ਜਾ ਸਕਦਾ। ਗੁਰੂ ਦੇ ਸ਼ਬਦ ਦੁਆਰਾ (ਪਤਾ ਲੱਗਦਾ ਹੈ ਕਿ) ਹਰੀ (ਪ੍ਰਭੂ ਪ੍ਰਮਾਤਮਾ ਸਭ ਵਿਚ) ਸਮਾਅ ਰਿਹਾ ਹੈ।੨।

ਮੰਗਲਵਾਰ ਦੁਆਰਾ (ਉਚਾਰਨ ਕਰਦੇ ਹਨ ਕਿ ਹਰੀ ਨੇ ਹੀ ਸਭ ਨੂੰ ਮੋਹਣ ਵਾਲੀ) ਮਾਇਆ ਦਾ ਮੋਹ ਪੈਦਾ ਕੀਤਾ ਹੈ (ਅਤੇ) ਆਪ ਹੀ ਹਰੇਕ ਜੀਵ ਨੂੰ ਸਿਰ-ਬਸਿਰ ਵੱਖੋ-ਵੱਖਰੇ ਧੰਦਿਆਂ ਵਿਚ ਲਾਇਆ ਹੈ। (ਜਿਸ ਨੂੰ ਪ੍ਰਭੂ) ਆਪ ਸਮਝਾ ਦੇਵੇ, ਉਹੀ (ਇਸ ਭੇਦ ਨੂੰ) ਸਮਝਦਾ ਹੈ। ਗੁਰੂ ਦੇ ਸ਼ਬਦ ਦੁਆਰਾ (ਉਸ ਨੂੰ ਹਰੀ ਦੇ) ਦਰੁ=ਦਰਬਾਰ ਤੇ ਘਰੁ=ਸਰੂਪ ਦਾ ਪਤਾ ਲੱਗਦਾ ਹੈ। (ਜੀਵ) ਲਿਵ ਲਾ ਕੇ ਪ੍ਰਭੂ ਦੀ ਪ੍ਰੇਮਾ ਭਗਤੀ ਕਰੇ। ਹੰਗਤਾ ਤੇ ਮਮਤਾ ਨੂੰ (ਗੁਰੂ ਦੇ) ਸ਼ਬਦ ਦੁਆਰਾ ਸਾੜ ਦੇਵੇ।੩।

ਬੁਧਵਾਰ ਦੁਆਰਾ (ਉਚਾਰਨ ਕਰਦੇ ਹਨ ਕਿ ਉਹ ਪ੍ਰਭੂ ਆਪ ਹੀ) ਗੁਰੂ ਦੁਆਰਾ (ਜੀਵ ਨੂੰ) ਸ੍ਰੇਸ਼ਟ

ਆਤਮ ਵਿਸ਼ੈਣੀ ਬੁੱਧੀ ਦੇਂਦਾ ਹੈ। ਗੁਰਮੁਖਿ ਸ਼ਬਦ ਦੀ ਵੀਚਾਰ (ਅਤੇ ਨਿਰਮਲ) ਕਰਣੀ (ਕਰਦਾ ਹੈ)। ਨਾਮ ਵਿਚ ਰਤਿਆਂ ਮਨ ਪਵਿੱਤਰ ਹੁੰਦਾ ਹੈ। (ਜਿਹੜਾ) ਹਰੀ ਦੇ ਗੁਣ ਗਾਉਂਦਾ ਹੈ, (ਉਸ ਦੀ) ਹਉਮੈ ਰੂਪੀ ਮੈਲ ਨਾਸ਼ ਹੋ ਜਾਂਦੀ ਹੈ। (ਉਹ) ਸੱਚੇ (ਪਰਮੇਸ਼ਰ ਦੇ) ਦਰ ਉੱਤੇ ਹਮੇਸ਼ਾ ਸ਼ੋਭਾ ਪਾਉਂਦਾ ਹੈ। ਨਾਮ ਵਿਚ ਰਤੇ ਹੋਣ ਕਰ ਕੇ ਗੁਰੂ ਦੇ ਸ਼ਬਦ ਦੁਆਰਾ ਸੋਹਣਾ ਲੱਗਦਾ ਹੈ।੪।

ਗੁਰੂ ਦੁਆਰਾ ਨਾਮ ਦਾ ਲਾਭ (ਜੀਵ ਓਦੋਂ) ਪਾਉਂਦਾ ਹੈ (ਜਦੋਂ ਗੁਰੂ ਕਿਰਪਾ ਕਰਕੇ ਇਹ ਲਾਭ ਬਖ਼ਸ਼ਦੇ ਹਨ)। ਪਰ ਉਹ ਦੇਵਣ ਵਾਲਾ (ਪ੍ਰਭੂ) ਆਪ ਦੇਂਦਾ ਹੈ। ਜੋ (ਪ੍ਰਭੂ ਲਾਭ ਦੇਂਦਾ ਹੈ) ਉਸ ਤੋਂ ਬਲਿਹਾਰ ਜਾਣਾ ਚਾਹੀਦਾ ਹੈ। (ਗੁਰੂ ਦੀ ਕਿਰਪਾ ਨਾਲ) ਆਪਣਾ-ਆਪਾ (ਭਾਵ ਅਹੰਕਾਰ) ਗੁਆਉਣਾ ਚਾਹੀਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ (ਕਿਰਪਾ ਕਰਦੇ) ਹਨ ਕਿ ਹੇ ਭਾਈ !) ਨਾਮ ਨੂੰ ਹਿਰਦੇ ਵਿਚ ਧਾਰ ਕੇ ਰੱਖੋ। (ਨਾਮ) ਦੇਣ ਵਾਲੇ (ਦਾਤੇ) ਨੂੰ ਜੈ ਜੈਕਾਰ ਕਰੋ (ਉਸ ਨੂੰ ਨਮਸ਼ਕਾਰ ਕਰੋ।੫।

ਵੀਰਵਾਰਿ ਵੀਰ ਭਰਮਿ ਭੁਲਾਏ॥ ਪ੍ਰੇਤ ਭੂਤ ਸਭਿ ਦੂਜੈ ਲਾਏ॥ ਆਪਿ ਉਪਾਏ ਕਰਿ ਵੇਖੈ ਵੇਕਾ॥ ਸਭਨਾ ਕਰਤੇ ਤੇਰੀ ਟੇਕਾ॥ ਜੀਅ ਜੰਤ ਤੇਰੀ ਸਰਣਾਈ ॥ ਸੋ ਮਿਲੈ ਜਿਸੁ ਲੈਹਿ ਮਿਲਾਈ ॥ 6 ॥ ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ॥ ਆਪਿ ਉਪਾਇ ਸਭ ਕੀਮਤਿ ਪਾਈ॥ ਗੁਰਮੁਖਿ ਹੋਵੈ ਸੁ ਕਰੈ ਬੀਚਾਰੁ॥ ਸਚੁ ਸੰਜਮੁ ਕਰਣੀ ਹੈ ਕਾਰ॥ ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥ 7 ॥ ਛਨਿਛਰਵਾਰਿ ਸਉਣ ਸਾਸਤ ਬੀਚਾਰੁ॥ ਹਉਮੈ ਮੇਰਾ ਭਰਮੈ ਸੰਸਾਰੁ॥ ਮਨਮੁਖੁ ਅੰਧਾਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ॥ ਗੁਰ ਪਰਸਾਦੀ ਸਦਾ ਸੁਖੁ ਪਾਏ॥ ਸਚੁ ਕਰਣੀ ਸਾਚਿ ਲਿਵ ਲਾਏ॥ 8 ॥ ਸਤਿਗੁਰੁ ਸੇਵਹਿ ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥ ਤੇਰੈ ਰੰਗਿ ਰਾਤੇ ਸਹਜਿ ਸੁਭਾਇ॥ ਤੂ ਸੁਖਦਾਤਾ ਲੈਹਿ ਮਿਲਾਇ॥ ਏਕਸ ਤੇ ਦੂਜਾ ਨਾਹੀ ਕੋਇ॥ ਗੁਰਮੁਖਿ ਬੂਝੈ ਸੋਝੀ ਹੋਇ॥ 9 ॥ ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹਾ ਰੁਤੀ ਆਵਹਿ ਵਾਰ ਵਾਰ ॥ ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾ ਗਉਣੁ ਕੀਆ ਕਰਤਾਰਿ॥ ਨਿਹਚਲੁ ਸਾਚੁ ਰਹਿਆ ਕਲ ਧਾਰਿ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥ ੧0 ॥ ੧ ॥

ਪਦ ਅਰਥ :- ਵੇਕਾ=ਵੱਖੋ=ਵੱਖ। ਵੇਖੈ=ਵੇਖਦਾ ਹੈ। ਟੇਕਾ=ਓਟ ਹੈ। ਪੰਦ੍ਰਹ ਥਿਤੀ=ਪੰਦਰਾਂ ਥਿਤਾਂ ਸੁਦੀ ਪੱਖ ਦੀਆਂ ਹਨ ਅਤੇ ਪੰਦਰਾਂ ਹੀ ਵਦੀ ਪੱਖ ਦੀਆਂ ਹਨ। ਸਤ ਵਾਰ=ਸੱਤ ਦਿਨ ਹਨ। ਮਾਹਾ=੧੨ ਮਹੀਨੇ ਹਨ। ਰੁਤੀ=ਛੇ ਰੁੱਤਾਂ ਹਨ।

ਅਰਥ :- ਵੀਰਵਾਰ ਦੁਆਰਾ (ਉਚਾਰਨ ਕਰਦੇ ਹਨ ਕਿ ਬਵੰਜਾ) ਬੀਰ (ਸਾਰੇ ਹੀ) ਭਰਮ ਵਿਚ ਭੁੱਲੇ ਹੋਏ ਹਨ। (ਸਾਰੇ) ਭੂਤ ਪ੍ਰੇਤ, ਦ੍ਵੈਤ (ਭਾਵ ਮਾਇਆ ਮੋਹ) ਵਿਚ ਹੀ ਲਾਏ ਹੋਏ ਹਨ। (ਪ੍ਰਭੂ) ਆਪ ਹੀ (ਜੀਵ) ਪੈਦਾ ਕਰ ਕੇ (ਸਭ ਨੂੰ) ਵੱਖੋਂ ਵੱਖ ਵੇਖਦਾ ਹੈ (ਭਾਵ ਉਨ੍ਹਾਂ ਦੀ ਸੰਭਾਲ ਕਰਦਾ ਹੈ)। ਹੇ ਕਰਤਾ ਪੁਰਖ ! ਸਭ ਨੂੰ ਤੇਰੀ ਟੇਕ=ਓਟ ਹੈ। ਸਾਰੇ ਜੀਵ ਜੰਤ ਤੇਰੀ ਸ਼ਰਣ ਵਿਚ ਹਨ। (ਤੈਨੂੰ) ਉਹ ਮਿਲਦਾ ਹੈ ਜਿਸ ਨੂੰ (ਤੂੰ ਆਪ ਆਪਣੇ ਨਾਲ) ਮਿਲਾ ਲੈਂਦਾ ਹੈਂ।੬।

ਸ਼ੁਕਰਵਾਰ ਦੁਆਰਾ (ਉਚਾਰਨ ਕਰਦੇ ਹਨ ਕਿ ਉਹ) ਪ੍ਰਭੂ (ਸਭ ਵਿਚ) ਸਮਾਅ ਰਿਹਾ ਹੈ। (ਉਸ ਹਰੀ ਨੇ) ਆਪ (ਦੁਨੀਆਂ) ਪੈਦਾ ਕਰ ਕੇ (ਆਪਣੀ) ਸਾਰੀ (ਕੁਦਰਤ) ਦੀ ਕੀਮਤਿ (ਕਦਰ) ਪਾਈ ਹੈ। (ਜਿਹੜਾ) ਗੁਰਮੁਖਿ ਗੁਰੂ ਅਨੁਸਾਰੀ ਹੁੰਦਾ ਹੈ, ਉਹ (ਪ੍ਰਭੂ-ਪ੍ਰਾਪਤੀ ਦੀ) ਵੀਚਾਰ ਕਰਦਾ ਹੈ। (ਉਸ ਦੀ) ਸੱਚ ਤੇ ਸੰਜਮ ਰੂਪ ਨਿਸ਼ਕਾਮ ਕਰਮਾਂ ਦੀ ਕਰਨੀ ਵਾਲੀ ਕਾਰ (ਹੁੰਦੀ) ਹੈ। ਵਰਤ (ਰੱਖਣਾ) ਨੇਮ ਦਾ ਧਾਰਨੀ (ਬਣ ਕੇ) ਹਰ ਰੋਜ਼ (ਠਾਕੁਰ ਦੀ) ਪੂਜਾ ਕਰਨੀ ਆਦਿ ਕਰਮ ਗੁਰਮਤਿ ਵਿਚ ਕਰਨੇ ਮਨ੍ਹਾਂ ਹਨ। ਇਸ ਗੁਰਮਤਿ ਦੇ ਸਿਧਾਂਤ ਨੂੰ ਸਮਝੇ ਤੋਂ ਬਿਨਾਂ ਅਤੇ ਆਤਮਿਕ ਜੀਵਨ ਦੀ) ਸੋਝੀ ਤੋਂ ਬਿਨਾਂ ਸਭ ਕੁਝ ਦ੍ਵੈਤ ਭਾਵ ਹੈ।੭।

ਛਨਿਛਰਵਾਰ ਦੁਆਰਾ (ਉਚਾਰਨ ਕਰਦੇ ਹਨ ਕਿ ਜੋ) ਸਉਣ (ਜੋਤਸ਼) ਸ਼ਾਸਤਰ ਦਾ ਵੀਚਾਰ ਅਥਵਾ ਸਉਣ=ਸਗਣਾਂ ਤੇ ਸਾਸਤ੍ਰਾਂ ਦਾ ਵਿਚਾਰ ਕਰਨਾ ਗੁਰਮਤਿ ਵਿਚ ਮਨ੍ਹਾਂ ਕੀਤੇ ਹਨ। ਸਉਣ ਸਗਣ ਸਾਸਤ੍ਰਾਂ ਦਾ ਮੰਨਨ ਕਰਨਾ (ਇਹ) ਹਉਮੈ ਹੈ, (ਇਸ ਮੈਂ) ਮੇਰੀ ਵਿਚ ਸਾਰਾ ਸੰਸਾਰ ਭਟਕਦਾ ਫਿਰਦਾ ਹੈ। ਮਨਮੁਖ (ਜੀਵ) ਦ੍ਵੈਤ ਭਾਵ ਕਰ ਕੇ ਅੰਨ੍ਹਾ (ਅਗਿਆਨੀ) ਹੈ। (ਇਸ ਲਈ) ਜਮ ਦੇ ਦਰ ਉੱਤੇ ਬੱਧਾ ਹੋਇਆ ਮਾਰਾਂ ਖਾਂਦਾ ਹੈ। (ਜਿਹੜਾ ਮਨੁੱਖ) ਸੱਚ ਰੂਪ ਨਿਸ਼ਕਾਮ ਕਰਮਾਂ ਦੀ ਕਰਣੀ (ਅਤੇ) ਸੱਚ ਵਿਚ ਲਿਵ ਲਾਏਗਾ, ਗੁਰੂ ਦੀ ਕਿਰਪਾ ਨਾਲ (ਉਹ ਆਤਮਿਕ) ਸੁਖ ਸਦਾ ਹੀ ਪ੍ਰਾਪਤ ਕਰੇਗਾ।੮।

(ਜਿਹੜੇ ਮਨੁੱਖ) ਸਤਿਗੁਰੂ ਨੂੰ ਸੇਵੰਦੇ ਹਨ, ਉਹ ਵੱਡੇ ਭਾਗਾਂ ਵਾਲੇ ਵਡਿਭਾਗੀ ਪੁਰਸ਼ ਹਨ। ਹਉਮੈ ਨੂੰ ਮਾਰ ਕੇ ਉਨ੍ਹਾਂ ਦੀ ਸੱਚ ਵਿਚ ਲਿਵ ਲੱਗ ਗਈ ਹੈ। (ਹੇ ਪ੍ਰਭੂ ! ਉਹ ਵਡਭਾਗੀ ਪੁਰਸ਼) ਸਹਿਜ ਸੁਭਾਵਿਕ ਹੀ ਤੇਰੇ ਰੰਗ ਵਿਚ ਰਤੇ ਗਏ ਹਨ। ਤੂੰ ਸੁੱਖਾਂ ਦਾ ਦਾਤਾ (ਉਨ੍ਹਾਂ ਨੂੰ ਆਪਣੇ ਨਾਲ) ਮਿਲਾ ਲੈਂਦਾ ਹੈਂ। ਹੇ ਭਾਈ ! ਇਕ (ਪ੍ਰਭੂ) ਤੋਂ ਬਿਨਾਂ ਦੂਜਾ ਕੋਈ ਨਹੀਂ ਹੈ। ਗੁਰੂ ਦੁਆਰਾ (ਜੋ ਇਸ ਭਾਵ ਨੂੰ) ਬੁੱਝਦਾ ਹੈ, (ਉਸ ਨੂੰ ਇਸ ਭੇਦ ਦੀ) ਸੋਝੀ ਆ ਜਾਂਦੀ ਹੈ।੯।

(ਹੇ ਭਾਈ !) ਪੰਦਰਾਂ ਥਿਤਾਂ ਤੇ ਸੱਤ ਵਾਰ ਹਨ। (ਜਿਵੇਂ) ਬਾਰਾਂ ਮਹੀਨੇ, ਛੇ ਰੁੱਤਾਂ, ਵਾਰ ਵਾਰ (ਮੁੜ ਮੁੜ ਆਉਂਦੇ ਹਨ), ਤਿਵੇਂ ਦਿਨ, ਰਾਤ ਤੇ ਸੰਸਾਰ ਹੈ। (ਇਸੇ ਤਰ੍ਹਾਂ ਥਿੱਤਾਂ ਵਾਰਾਂ ਦੀ ਮੰਨਤਾ ਕਰਨ ਵਾਲਿਆਂ ਦਾ ਸੰਸਾਰ ਵਿਚ) ਕਰਤਾਰ ਨੇ ਆਉਣਾ ਜਾਣਾ (ਭਾਵ ਜੰਮਣਾ ਮਰਨਾ) ਬਣਾ ਦਿੱਤਾ ਹੈ। ਸਦਾ ਥਿਰ ਰਹਿਣ ਵਾਲਾ ਪ੍ਰਭੂ ਸੱਚਾ ਹੈ, ਜੋ ਆਪਣੀ ਸ਼ਕਤੀ ਧਾਰ ਕੇ (ਵਿਆਪਕ ਹੋ) ਰਿਹਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸ਼ਬਦ ਵੀਚਾਰ ਦੁਆਰਾ ਕੋਈ (ਵਿਰਲਾ) ਗੁਰਮੁਖ ਹੀ (ਗੁਰੂ ਜੀ ਦੇ ਇਸ ਗੁਰਮਤਿ ਸਿਧਾਂਤ ਨੂੰ) ਸਮਝਦਾ ਹੈ।੧੦।੧।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ੧92 (ਆਦਿ ਅੰਗ 843)

## ਬਿਲਾਵਲੁ ਮਹਲਾ ੧ ॥

ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥ ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥ ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥ ੧ ॥ ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥ ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥ 2 ॥ ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥ 3 ॥ ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥ ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥ ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥ ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥ 4 ॥ 2 ॥

## ਪ੍ਰਾਕ੍ਰਥਨ :-

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਸ੍ਰੀ ਮੁਖਵਾਕ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਪਾਵਨ ਸ਼ਬਦ ਅੰਦਰ ਹਜ਼ੂਰ ਨੇ ਆਰੰਭ ਵਿਚ ਮਨ ਅੰਦਰ ਸੱਚੇ ਪ੍ਰਭੂ ਦੇ ਮਿਲਾਪ ਲਈ ਚਾਉ ਉਤਸ਼ਾਹ ਤੇ ਪ੍ਰੇਮ ਪੈਦਾ ਹੋਣ ਦਾ ਜ਼ਿਕਰ ਕੀਤਾ ਹੈ।

## ਵਿਸ਼ਾ—ਮੋਹੀ ਪ੍ਰੇਮ ਪਿਰੇ

ਹਜ਼ੂਰ ਬਖ਼ਸ਼ਿਸ਼ ਕਰਦੇ ਹਨ ਕਿ ਹੇ ਪਿਆਰੇ ਪ੍ਰਭੂ ਅਬਿਨਾਸੀ ਰਾਮ=ਨਾਸ਼ ਤੋਂ ਰਹਿਤ ਵਿਆਪਕ ਪ੍ਰਮਾਤਮਾ ਜੀ ! ਮੇਰੀ ਬੁੱਧੀ ਤੇਰੇ ਪ੍ਰੇਮ ਵਿਚ ਮੋਹੀ ਗਈ ਹੈ। ਪ੍ਰੇਮ ਕੀ ਹੈ ? ਪ੍ਰੇਮ ਅਕਾਲ ਪੁਰਖ ਵਾਹਿਗੁਰੂ ਜੀ ਦੀਆਂ ਸਮੱਗ੍ਰ ਦਾਤਾਂ ਵਿਚੋਂ ਇਕ ਉਸ ਦੀ ਮਹਾਨ ਦੇਣ ਹੈ। ਰੱਬੀ ਗੁਣਾਂ ਵਿਚੋਂ ਪ੍ਰੇਮ ਸ਼੍ਰੋਮਣੀ ਹੈ। ਜਿਸ ਤਰ੍ਹਾਂ ਬਰਾਤ ਲਾੜੇ ਤੋਂ ਬਿਨਾਂ ਸੋਭਦੀ ਨਹੀਂ, ਇਸੇ ਤਰ੍ਹਾਂ ਹਰੇਕ ਅਧਿਆਤਮਿਕ ਕਰਮ ਪ੍ਰੇਮ ਤੋਂ ਬਿਨਾਂ ਫਿੱਕਾ ਹੈ। ਪ੍ਰੇਮ ਕਰ ਕੇ ਪ੍ਰਮੇਸ਼ਰ ਵੱਲ ਚਲਿਆ ਹਰ ਇਕ ਕਦਮ ਸਫਲਾ ਹੁੰਦਾ ਹੈ। ਪ੍ਰੇਮ ਕੋਈ ਗੁਣ ਨਹੀਂ ਸਗੋਂ ਆਂਤ੍ਰਿਕ ਅਵਸਥਾ ਹੈ। ਗੁਣ ਤਾਂ ਸਿੱਖਿਆ ਜਾ ਸਕਦਾ ਹੈ, ਪਰ ਪ੍ਰੇਮ ਤਾਂ ਸਿਰਫ਼ ਗੁਰੂ ਦੀ ਬਖ਼ਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਜਿਸ ਨੂੰ ਉਹ ਪ੍ਰਾਪਤ ਹੋ ਗਿਆ, ਉਹ ਆਤਮਿਕ ਰਸ ਨਾਲ ਭਰਪੂਰ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਪਵਿੱਤਰ ਬਚਨ ਹਨ :

**ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥**

(ਬਾਰਹ ਮਾਹਾ, ਅੰਗ ੧35)

ਪ੍ਰੇਮ ਤੋਂ ਭਾਵ ਹੈ ਪਿਆਰ, ਸਨੇਹ, ਸੱਚੀ ਪ੍ਰੀਤ ਆਦਿ। ਦੁਨਿਆਵੀ ਅਤੇ ਅਧਿਆਤਮਿਕ ਪੱਖ ਤੋਂ ਇਹ ਸਭ ਤੋਂ ਉੱਤਮ ਮਾਰਗ ਹੈ। ਇਹ ਸੰਸਾਰਾਕਾਰ ਬਿਰਤੀ ਵਾਲੇ ਮਨੁੱਖ ਲਈ ਬਿਖਮ ਅਤੇ ਕਠਿਨ ਮਾਰਗ ਹੈ, ਜਿਸ 'ਤੇ ਆਮ ਮਨੁੱਖ ਨਹੀਂ ਚੱਲ ਸਕਦਾ। ਸੁੱਖ, ਦੁੱਖ, ਭੁੱਖ, ਤ੍ਰਿਸ਼ਨਾਵਾਂ ਨੂੰ ਤਿਆਗ ਕੇ ਹੀ ਇਸ ਮਾਰਗ ਦੇ ਪਾਂਧੀ ਬਣਿਆ ਜਾ ਸਕਦਾ ਹੈ। ਇਥੇ ਹਰ ਅਵਸਥਾ ਵਿਚ ਜਗਿਆਸੂ ਪ੍ਰਭੂ ਦੀ ਰਜ਼ਾ ਜਾਂ ਭਾਣੇ ਵਿਚ ਰਹਿੰਦਾ ਹੋਇਆ ਆਪਣਾ ਤਨ, ਮਨ ਭਾਵ ਸਭ ਕੁਝ ਪਿਆਰੇ ਪ੍ਰਭੂ ਤੋਂ ਨਿਛਾਵਰ ਕਰ ਦਿੰਦਾ ਹੈ। ਭਾਵੇਂ ਸਰੀਰ ਦੇ ਟੋਟੇ ਟੋਟੇ ਕਿਉਂ ਨਾ ਕਰ ਦਿੱਤੇ ਜਾਣ, ਸੇਵਕ ਦੀ ਲਿਵ ਪ੍ਰਭੂ ਚਰਨਾਂ ਵਿਚ ਹੀ ਇਕਸਾਰ ਜੁੜੀ ਰਹਿੰਦੀ ਹੈ :

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ 2 ॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ 3 ॥**
**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ 4 ॥**
**ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ 5 ॥**
**ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ 6 ॥**

(ਅੰਗ 757)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਪ੍ਰੇਮਾ-ਭਗਤੀ ਵਿਚ ਭਿੱਜੇ ਪ੍ਰਭੂ ਪਿਆਰੇ ਭਗਤਾਂ ਦੀ ਚਾਲ ਨਿਰਾਲੀ ਕਥਨ ਕੀਤੀ ਹੈ :

**ਭਗਤਾ ਕੀ ਚਾਲ ਨਿਰਾਲੀ॥**
**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**
**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥**
**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥**
**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧4॥** (ਅੰਗ ੭੧੮)

ਸਤਿਕਾਰ ਯੋਗ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰਸਿੱਖ ਦੀ ਗੁਰੂ ਨਾਲ ਪ੍ਰੀਤੀ ਦਾ ਕਥਨ ਕਰਦਿਆਂ ਆਪਣੀਆਂ ਵਾਰਾਂ ਵਿਚ ਇਹ ਦੁਨਿਆਵੀ ਪ੍ਰੀਤਾਂ ਦਾ ਕੁਝ ਦ੍ਰਿਸ਼ਟਾਂਤ ਦੇ ਕੇ ਜ਼ਿਕਰ ਇਸ ਤਰ੍ਹਾਂ ਕੀਤਾ ਹੈ :-

**ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।**
**ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।**
**ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।**
**ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।**
**ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।**
**ਪੀਰ ਮੁਰੀਦਾ ਪਿਰਹੜੀ ਓਹੁ ਨਿਭਹੈ ਨਾਲੇ॥ 4॥**

(ਵਾਰ 27, ਪਉੜੀ 4)

ਚਾਤ੍ਰਿਕ, ਚਕਵੀ ਤੇ ਮੱਛੀ ਇਨ੍ਹਾਂ ਦੇ ਸੰਬੰਧ ਵਿਚ ਗੁਰਬਾਣੀ ਦੇ ਵੱਖ-ਵੱਖ ਪ੍ਰਮਾਣ ਹੇਠ ਲਿਖੇ ਅਨੁਸਾਰ ਹਨ :

**੧. ਚਾਤ੍ਰਿਕੁ ਚਾਹਤ ਮੇਹੁ॥** (ਅੰਗ 838)
**2. ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥**

(ਅੰਗ 708)

**3. ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ**
**ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ ਪੀਵਤ ਬਿਨਸਤ ਤਾਪ॥**

(ਅੰਗ 462)

4. ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ॥
ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥

(ਅੰਗ ੧284)

ਅਤੇ ਹੁਣ ਦੂਸਰਾ ਜ਼ਿਕਰ ਚਕਵੀ ਦਾ ਕੀਤਾ ਹੈ :

੧. ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।

(ਵਾਰ 27, ਪਉੜੀ 4)

2. ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥ ਮਿਲੈ ਪਿਆਰੇ ਸਭ ਦੁਖ ਤਿਆਗੈ॥

(ਅੰਗ ੧64)

3. ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ॥

(ਅੰਗ 455)

4. ਚਕਵੀ ਨੈਨ ਨੀਂਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ॥
ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ॥

(ਅੰਗ ੧273)

ਇਹ ਤੀਸਰਾ ਦ੍ਰਿਸ਼ਟਾਂਤ ਮੱਛੀ ਦਾ ਜਲ ਨਾਲ ਪ੍ਰੇਮ ਦਾ ਵਰਨਣ ਕੀਤਾ ਹੈ :

੧. ਮੀਨੇ ਪ੍ਰੀਤਿ ਭਈ ਜਲਿ ਨਾਇ॥ (ਅੰਗ ੧64)
2. ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥ (ਅੰਗ ੧੧22)
3. ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ (ਅੰਗ 708)
4. ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥ (ਅੰਗ 658)

ਇਸ ਪਉੜੀ ਵਿਚ ਗੁਰਦੇਵ ਨੇ ਮੱਛੀ, ਚਾਤ੍ਰਿਕ, ਹਰਨ, ਭੌਰਾ ਤੇ ਸੰਤ ਜਨਾਂ ਦੀ ਪ੍ਰੀਤੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

੧. ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ (ਅੰਗ 708)

**ਚਾਤ੍ਰਿਕ ਚਿਤਵਤ ਬਰਸਤ ਮੇਂਹ॥**
**ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ॥ ੧॥ ਰਹਾਉ॥**
**ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ॥**
**ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ॥ ੧॥**
**ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ॥**
**ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ॥ 2॥ 6॥ ੧0॥** (ਅੰਗ 702)

ਉਸ ਸੱਚੇ ਪਰੀਪੂਰਨ ਪ੍ਰਭੂ ਪ੍ਰਮਾਤਮਾ ਦੇ ਸੱਚੇ ਪ੍ਰੇਮ ਤੋਂ ਵਾਂਝਿਆ ਕਪਟ ਵਾਲੇ ਪ੍ਰੇਮ ਨੂੰ ਭਾਈ ਗੁਰਦਾਸ ਜੀ ਨੇ ਇਕ ਕਬਿੱਤ ਵਿਚ ਲਾਹਨਤ ਪਾਈ ਹੈ ਅਤੇ ਦੁਨਿਆਵੀ ਪ੍ਰੀਤੀ ਦਾ ਜ਼ਿਕਰ ਕਰ ਕੇ ਆਪ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ :

**ਪ੍ਰੇਮ ਰਸ ਬਸਿ ਹੁਇ ਪਤੰਗ ਸੰਗਮ ਨ ਜਾਨੈ,**
**ਬਿਰਹ ਬਿਛੋਹ ਮੀਨ ਹੋਇ ਨ ਮਰਿ ਜਾਨੇ ਹੈ॥**
**ਦਰਸ ਧਿਆਨ ਜੋਤਿ ਮੈ, ਨ ਹੁਇ ਜੋਤੀ ਸਰੂਪ,**
**ਚਰਨ ਬਿਮੁਖ ਹੋਇ, ਪ੍ਰਾਨ ਠਹਿਰਾਨੇ ਹੈ॥**
**ਮਿਲਿ ਬਿਛਰਤ ਗਤਿ ਪ੍ਰੇਮ ਨ ਬਿਰਹ ਜਾਨੀ,**
**ਮੀਨ ਅਉ ਪਤੰਗ ਮੋਹਿ ਦੇਖਤ ਲਜਾਨੇ ਹੈ॥**
**ਮਾਨਸ ਜਨਮੁ ਧ੍ਰਿਗੁ, ਧੰਨੁ ਹੈ ਤ੍ਰਿਗਦ ਜੋਨਿ,**
**ਕਪਟ ਸਨੇਹ ਦੇਹ, ਨਰਕ ਨ ਮਾਨੇ ਹੈ॥ ੧4॥**

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਪਰ ਪ੍ਰਭੂ ਦੇ ਸੱਚੇ ਪ੍ਰੇਮ ਵਿਚ ਜੋ ਗੁਰਮੁਖਿ ਭਿੱਜਿਆ ਹੋਇਆ ਹੈ, ਐਸੇ ਪ੍ਰੇਮਾ ਭਗਤੀ ਪਰਾਇਣ ਗੁਰਮੁਖਿ ਦੇ ਸਬੰਧ ਵਿਚ ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰੇਮੀ ਜਨ ਭਾਵੇਂ ਆਪਣੇ ਆਪ ਨੂੰ ਛੁਪਾ ਕੇ ਰੱਖੇ, ਪਰ ਸੰਸਾਰਿਕ ਲੋਕ ਉਸ ਦੇ ਦਰਸ਼ਨਾਂ ਦੇ ਚਾਹਵਾਨ, ਉਸ ਦੇ ਦਰ ਉੱਤੇ ਵਿਆਕੁਲ ਹੋ ਕੇ ਦਰਸ਼ਨਾਂ ਲਈ ਪੁਕਾਰਦੇ ਰਹਿੰਦੇ ਹਨ :

**ਜੈਸੇ ਤਉ ਮਿਠਾਈ ਰਾਖੀਐ ਛੁਪਾਇ ਜਤਨ ਕੈ,**
**ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ॥**
**ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ,**
**ਪ੍ਰਗਟਿ ਪਤੰਗ ਤਾ ਮੈ ਸਹਜਿ ਸਮਾਤ ਹੈ॥**
**ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ,**

**ਮਧੁਕਰ ਮਧੁ ਅਚਵਨ ਤਹ ਜਾਤ ਹੈ॥**
**ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤ ਪ੍ਰੇਮ,**
**ਸਕਲ ਸੰਸਾਰ ਤਿਹਿ ਦੁਆਰ ਬਿਲਲਾਤ ਹੈ॥ ੪੧੦॥**

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬੜੇ ਸੁੰਦਰ ਬਚਨ ਹਨ। ਦਸਮੇਸ਼ ਜੀ ਫ਼ਰਮਾਂਦੇ ਹਨ ਕਿ ਮੈਂ ਸੱਚ ਆਖਦਾ ਹਾਂ, ਸਾਰੇ ਧਿਆਨ ਸਹਿਤ ਸੁਣੋ। ਜਿਸ ਮਨੁੱਖ ਨੇ ਕਰਮ-ਕਾਂਡ ਅਤੇ ਵਿਸ਼ੇ ਭੋਗਾਂ ਦਾ ਰਾਹ ਛੱਡ ਕੇ ਪ੍ਰਭੂ ਨਾਲ ਸੱਚਾ ਪ੍ਰੇਮ ਕੀਤਾ ਹੈ, ਕੇਵਲ ਉਸ ਨੇ ਹੀ ਪ੍ਰਭੂ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ ਹੈ।

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ, ਬੈਠਿ ਰਹਿਓ ਬਕ ਧਯਾਨ ਲਗਾਇਓ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ, ਲੋਕ ਗਇਓ ਪਰਲੋਕ ਗਵਾਇਓ॥**
**ਬਾਸੁ ਕੀਓ ਬਿਖਿਆਨ ਸੋ ਬੈਠ ਕੈ, ਐਸੇ ਹੀ ਐਸੇ ਸੁ ਬੈਸ ਬਿਤਾਇਓ॥**
**ਸਾਚ ਕਹੌਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ ੯॥**

(ਤ੍ਵਪ੍ਰਸਾਦਿ ਸ੍ਵਯੇ, ਪਾ: ੧੦)

ਹਜ਼ੂਰ ਨੇ ਕਰਮ-ਕਾਂਡ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਐ ਮਨੁੱਖ! ਕੀ ਹੋਇਆ ਜੇਕਰ ਤੂੰ ਦੋਵੇਂ ਅੱਖਾਂ ਮੀਟ ਕੇ, ਬਗਲ-ਸਮਾਧੀ ਲਾ ਕੇ (ਚਿਰੰਕਾਲ) ਬੈਠਾ ਰਿਹਾ। ਜੇਕਰ ਕੋਈ ਮਨੁੱਖ ਸੱਤਾਂ ਸਮੁੰਦਰਾਂ ਤੱਕ ਭਾਵ ਸਾਰੀ ਪ੍ਰਿਥਵੀ ਦੇ (ਤੀਰਥਾਂ 'ਤੇ) ਇਸ਼ਨਾਨ ਕਰਦਾ ਫਿਰਿਆ ਤਾਂ ਕੀ ਹੋਇਆ। ਅਜਿਹੇ ਮਨੁੱਖ ਦਾ ਇਹ ਲੋਕ ਤਾਂ ਕਰਮ-ਕਾਂਡਾਂ ਵਿਚ ਰੁਝ ਕੇ ਵਿਅਰਥ ਗਿਆ ਹੀ ਹੈ, ਪਰ ਉਸ ਨੇ ਸਿਮਰਨ ਭਜਨ ਤੋਂ ਖੁੰਝ ਕੇ ਪ੍ਰਲੋਕ ਵੀ ਗਵਾ ਲਿਆ ਹੈ। ਹਜ਼ੂਰ ਕਹਿੰਦੇ ਹਨ, ਮੈਂ ਸੱਚ ਕਹਿੰਦਾ ਹਾਂ, ਸਾਰੇ ਸੁਣ ਲਉ। ਜਿਸ ਨੇ ਵੀ (ਪ੍ਰਭੂ) ਨਾਲ ਸੱਚਾ ਪ੍ਰੇਮ ਕੀਤਾ ਹੈ, ਉਸ ਨੇ ਪਰਮਾਤਮਾ ਨੂੰ ਪਾਇਆ ਹੈ।

ਧਾਰਮਿਕ ਗ੍ਰੰਥਾਂ ਦੇ ਅੰਦਰ ਆਤਮਿਕ ਮਾਰਗ ਦੇ ਪਾਂਧੀਆਂ ਤੇ ਪ੍ਰਭੂ ਦੀ ਭਗਤੀ ਕਰਨ ਵਾਲਿਆਂ ਦਾ ਜਿੱਥੇ ਜ਼ਿਕਰ ਆਉਂਦਾ ਹੈ, ਉਥੇ ਪ੍ਰਭੂ ਦੀ ਭਗਤੀ ਵੀ ਨੌਂ ਪ੍ਰਕਾਰ ਦੀ ਕਥਨ ਕੀਤੀ ਹੈ :

**ਸ੍ਰਵਣ ਸਿਮਰਨ, ਕੀਰਤਨ, ਪਾਦਸੇਵ ਅਰ ਚਾਨ।**
**ਦਾਸਾਂ ਸਖਪਣ ਬੰਦਨਾ ਸਰਬ ਨਿਬੇਦਨ ਜਾਣ।**

ਗੁਰਬਾਣੀ ਦਾ ਵੀ ਫ਼ੁਰਮਾਣ ਹੈ :- ਭਗਤ ਨਵੈ ਪ੍ਰਕਾਰਾ

ਇਸ ਭਗਤੀ ਨਾਲੋਂ ਉੱਤਮ ਇਕ ਪ੍ਰੇਮਾ ਭਗਤੀ ਵੀ ਹੈ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕੀਤਾ ਹੈ :-

**ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।**
**ਸੂਰਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।**

(ਵਾਰ 7, ਪਉੜੀ ੧੭)

**ਅਥਵਾ :- ਨਉ ਭਗਤੀ ਨਉ ਭਗਤਿ ਕਰਿ ਗੁਰਮੁਖਿ ਪ੍ਰੇਮ ਭਗਤਿ ਲਿਵਲਾਈ।**
**ਨਉ ਗ੍ਰਿਹ ਸਾਧ ਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।**

(ਵਾਰ 7, ਪਉੜੀ 9)

ਐਸੇ ਪ੍ਰੇਮਾ ਭਗਤੀ ਕਰਨ ਵਾਲੇ ਬੇਅੰਤ ਸੰਤ, ਭਗਤ, ਗੁਰਸਿੱਖ ਹੋਏ ਹਨ। ਜਿੱਥੇ ਭਗਤ ਸੈਨਿ ਜੀ ਦਾ ਜ਼ਿਕਰ ਆਉਂਦਾ ਹੈ, ''ਪ੍ਰੇਮ ਭਗਤ ਰਾਤੀ ਕਰੈ ਭਲਕੇ ਰਾਜ ਦੁਆਰੈ ਜਾਈ॥'' ਉਥੇ ਭਾਈ ਗੁਰਦਾਸ ਜੀ ਨੇ ਭਗਤ ਜੈਦੇਵ ਜੀ, ਜਿਨ੍ਹਾਂ ਦੇ ਸੰਬੰਧ ਵਿਚ ਗੁਰਬਾਣੀ ਦਾ ਫ਼ੁਰਮਾਣ ਹੈ :

''ਜੈਦੇਵ ਤਿਆਗਿਉ ਅਹੰਮੇਵ'' ਇਹਨਾਂ ਨੂੰ ਵੀ ਪ੍ਰੇਮਾ-ਭਗਤੀ ਵਿਚ ਲੱਗਿਆ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਦਰਸਾਇਆ ਹੈ :

**ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।**
**ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।**
**ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।**
**ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।**
**ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।**
**ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।**
**ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।**
**ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।**
**ਸੰਤ ਅਨੰਤ ਨ ਭੇਦੁ ਗਣਾਵੈ॥ ੧੦॥** (ਵਾਰ ੧੦, ਪਉੜੀ ੧੦)

## ਸਾਖੀ—ਭਗਤ ਸੈਨਿ ਜੀ

ਭਗਤ ਸੈਨਿ ਜੀ ਜਾਤ ਦੇ ਨਾਈ ਸਨ। ਆਪ ਜੀ ਦੇ ਜਨਮ ਦੇ ਸੰਬੰਧ ਵਿਚ ਦੋ ਤਰੀਕਾਂ ਵੱਖ-ਵੱਖ ਗ੍ਰੰਥਾਂਕਾਰਾਂ ਨੇ ਦਰਸਾਈਆਂ ਹਨ—ਇਕ ਸੰਨ ੧੩੯੦, ਦੂਸਰੇ ਕਥਨ ਅਨੁਸਾਰ ੧੩੪੩ ਈ: ਮੰਨਿਆ ਹੈ। ਪਿਤਾ ਮੁਕੰਦ ਰਾਇ ਜੀ ਦੇ ਘਰ ਮਾਤਾ ਜੀਵਨੀ ਜੀ ਦੀ ਕੁੱਖੋਂ ਆਪ ਜੀ ਦਾ ਜਨਮ ਹੋਇਆ ਹੈ। ਸੈਨਿ ਜੀ ਬਾਂਧਵਗੜ੍ਹ, ਰਾਜਸਥਾਨ ਦੇ ਰਾਜਾ ਅਰੀਵਾ ਜੀ ਦੇ ਸ਼ਾਹੀ ਨਾਈ ਸਨ। ਆਪ ਜੀ ਰਾਜਾ ਅਰੀਵਾ ਜੀ ਦੀ ਮੁੱਠੀ ਚਾਪੀ ਕਰਨ ਦਾ ਕੰਮ ਕਰਦੇ ਸਨ। ਜਿਥੇ ਆਪ ਜੀ ਇਹ ਕਿਰਤ ਕਰਦੇ ਸਨ, ਉਥੇ ਭਾਈ

ਗੁਰਦਾਸ ਜੀ ਦੇ ਕਥਨ ਅਨੁਸਾਰ ਭਗਤ ਕਬੀਰ ਜੀ ਨੂੰ ਭਗਤੀ ਵਿਚ ਲੱਗਿਆ ਵੇਖ ਕੇ ਅਤੇ ਭਗਤ ਕਬੀਰ ਜੀ ਦਾ ਪ੍ਰਤਾਪ ਵੇਖ ਕੇ ਆਪ ਨੂੰ ਭਗਤੀ ਕਰਨ ਦਾ ਵੀ ਮਨ ਅੰਦਰ ਚਾਅ ਪੈਦਾ ਹੋ ਆਇਆ ਸੀ। ਇਕ ਕਥਨ ਅਨੁਸਾਰ ਸੈਣਿ ਜੀ ਨੇ ਸੁਆਮੀ ਰਾਮਾਨੰਦ ਜੀ ਤੋਂ ਗੁਰ-ਦੀਖਿਆ ਲਈ ਸੀ। ਰਾਮਾ ਨੰਦ ਜੀ ਦੇ ਪਾਸੋਂ ਉਪਦੇਸ਼ ਲੈ ਕੇ ਸੈਣਿ ਜੀ ਪ੍ਰੇਮ ਵਿਚ ਭਿੱਜੇ ਹੋਏ ਹਮੇਸ਼ਾ ਪ੍ਰਭੂ ਦੀ ਭਗਤੀ ਕਰਦੇ ਰਹਿੰਦੇ ਸਨ। 'ਕਿਰਤ ਬਿਰਤ ਕਰ ਧਰਮ ਦੀ' ਇਸ ਗੁਰਮਤਿ ਦੇ ਸਿਧਾਂਤ ਅਨੁਸਾਰ ਆਪ ਜੀ ਦਿਨ ਨੂੰ ਰਾਜਾ ਅਰੀਵਾ ਦੀ ਸੇਵਾ ਵਿਚ ਹਾਜ਼ਰ ਹੋ ਜਾਂਦੇ ਸਨ। ਅੰਮ੍ਰਿਤ ਵੇਲੇ ਵੱਡੇ ਤੜਕੇ ਅਤੇ ਰਾਤਰੀ ਨੂੰ ਪ੍ਰਭੂ ਪਿਆਰਿਆਂ, ਸੰਤਾਂ ਭਗਤਾਂ ਨਾਲ ਮਿਲ ਕੇ ਪ੍ਰਭੂ-ਪ੍ਰਮਾਤਮਾ ਦੀ ਪ੍ਰੇਮਾ ਭਗਤੀ ਕਰਦੇ ਸਨ। ਇਕ ਕਥਨ ਅਨੁਸਾਰ ਰਾਜਾ ਅਰੀਵਾ ਜੀ ਦੇ ਸਰੀਰ 'ਤੇ ਕੋਈ ਐਸਾ ਰੋਗ ਸੀ, ਜੋ ਉਸ ਨੂੰ ਮਾਲਿਸ਼ ਕਰਨ ਨਾਲ ਕੁਝ ਅਰਾਮ ਮਿਲਦਾ ਸੀ। ਇਸ ਕਰਕੇ ਰਾਜਾ ਸੈਣਿ ਜੀ ਪਾਸੋਂ ਹਰ ਰੋਜ਼ ਆਪਣੇ ਸਰੀਰ ਉਪਰ ਮਾਲਿਸ਼ ਕਰਵਾਉਂਦਾ ਸੀ। ਭਗਤ ਸੈਣਿ ਜੀ ਬਹੁਤ ਲੰਮਾ ਸਮਾਂ ਰਾਜਾ ਅਰੀਵਾ ਜੀ ਦੀ ਹਰ ਰੋਜ਼ ਜਾ ਕੇ ਮਾਲਿਸ਼ ਕਰਦੇ ਸਨ ਅਤੇ ਨਾਲ-ਨਾਲ ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਵਿਚ ਵੀ ਤੱਤਪਰ ਰਹਿੰਦੇ ਸਨ। ਹਰ ਰੋਜ਼ ਸੈਣਿ ਜੀ ਦੇ ਮਨ ਅੰਦਰ ਪ੍ਰਮਾਤਮਾ ਦਾ ਪ੍ਰੇਮ ਪ੍ਰਬਲ ਹੋਈ ਜਾ ਰਿਹਾ ਸੀ। ਇਕ ਦਿਨ ਐਸਾ ਹੋਇਆ ਕਿ ਰਾਤਰੀ ਨੂੰ ਭਗਤ ਜੀ ਦੇ ਪਾਸ ਸੰਤ ਲੋਕ ਆਏ। ਸੈਣਿ ਜੀ ਨੇ ਉਹਨਾਂ ਦੀ ਜਲ ਪਾਣੀ ਦੀ ਸੇਵਾ ਕੀਤੀ ਅਤੇ ਸੰਤਾਂ ਨਾਲ ਮਿਲ ਕੇ ਪ੍ਰਭੂ ਕੀਰਤਨ ਭਾਵ ਜਸ ਕਰਨ ਵਿਚ ਲੱਗ ਗਏ। ਉਸ ਦਿਨ ਸਾਰੇ ਸੰਤ ਜਨ ਅਤੇ ਭਗਤ ਜੀ ਐਸੇ ਪ੍ਰੇਮਾ-ਭਗਤੀ ਵਿਚ ਮਗਨ ਹੋਏ ਕਿ ਭਗਤ ਜੀ ਨੂੰ ਸਮੇਂ ਦਾ ਚੇਤਾ ਹੀ ਭੁੱਲ ਗਿਆ। ਇਸ ਕਰਕੇ ਅੱਜ ਰਾਜਾ ਅਰੀਵਾ ਜੀ ਦੀ ਮਾਲਿਸ਼ ਕਰਨ ਨਹੀਂ ਜਾ ਸਕੇ। ਪਰ ਜਿਸ ਸਮੇਂ ਸੰਤਾਂ ਭਗਤਾਂ ਨੂੰ ਵਿਦਾ ਕੀਤਾ ਤੇ ਫਿਰ ਯਾਦ ਆਇਆ ਕਿ ਅੱਜ ਰਾਜਾ ਮੈਨੂੰ ਕੀ ਆਖੇਗਾ। ਸੈਣਿ ਜੀ ਤੇਜ਼ੀ ਨਾਲ ਰਾਜ ਦੁਆਰੇ ਰਾਜੇ ਪਾਸ ਗਏ ਤਾਂ ਕੀ ਵੇਖਿਆ ਕਿ ਰਾਜਾ ਬਹੁਤ ਪ੍ਰਸੰਨ ਹੈ ਕਿਉਂਕਿ ਪ੍ਰਮਾਤਮਾ ਨੇ ਸੈਣ ਭਗਤ ਜੀ ਦਾ ਰੂਪ ਧਾਰਿ ਕੇ ਰਾਜੇ ਦੀ ਮਾਲਿਸ਼ ਕਰਕੇ ਰਾਜੇ ਦਾ ਸਰੀਰਕ ਰੋਗ ਹੀ ਖ਼ਤਮ ਕਰ ਦਿੱਤਾ ਹੈ, ਇਸ ਕਰਕੇ ਰਾਜੇ ਨੂੰ ਮਨ ਵਿਚ ਇਹੀ ਪ੍ਰਤੀਤ ਹੋਇਆ ਹੈ ਕਿ ਮੇਰੀ ਮਾਲਿਸ਼ ਕਰਕੇ ਸੈਣਿ ਜੀ ਹੁਣੇ ਗਏ ਸਨ ਅਤੇ ਅੱਜ ਦੀ ਮਾਲਿਸ਼ ਨੇ ਮੇਰਾ ਰੋਗ ਮੇਟ ਦਿੱਤਾ ਹੈ। ਹੁਣ ਦੁਬਾਰਾ ਬੜੀ ਛੇਤੀ ਸੈਣਿ ਨੂੰ ਆਉਂਦਿਆਂ ਵੇਖ ਕੇ ਰਾਜੇ ਨੇ ਦੂਰੋਂ ਹੀ ਆਵਾਜ਼ ਦੇ ਕੇ ਆਪਣੀ ਸ਼ਾਹੀ-ਪੁਸ਼ਾਕ ਲਾਹ ਕੇ ਸੈਣਿ ਜੀ ਨੂੰ ਪਹਿਨਣ ਲਈ ਦਿੱਤੀ ਅਤੇ ਕਿਹਾ ਕਿ ਸੈਣਿ, ਤੂੰ ਤਾਂ ਹੁਣੇ ਹੀ ਗਿਆ ਸੀ। ਅੱਜ ਦੀ ਤੇਰੀ ਮਾਲਿਸ਼ ਨੇ ਮੈਨੂੰ ਸਦਾ ਲਈ ਰਾਜ਼ੀ ਕਰ ਦਿੱਤਾ ਹੈ। ਇਹ ਸੁਣ ਕੇ ਭਗਤ ਸੈਣਿ ਜੀ ਸਮਝ ਗਏ ਕਿ ਮੇਰੀ ਥਾਂ 'ਤੇ ਅੱਜ ਪ੍ਰਭੂ ਨੇ ਮੇਰਾ ਰੂਪ ਧਾਰ ਕੇ ਰਾਜੇ ਦੀ ਮਾਲਿਸ਼ ਕੀਤੀ ਹੈ।

ਭਗਤ ਸੈਣਿ ਜੀ ਪ੍ਰੇਮ ਵਿਚ ਭਿੱਜ ਗਏ ਤੇ ਮਨ ਵਿਚ ਵੈਰਾਗ ਹੋ ਆਇਆ ਤਾਂ ਭਗਤ ਜੀ ਨੇ ਆਪਣੇ ਮਨ ਵਿਚ ਫ਼ੈਸਲਾ ਕੀਤਾ ਕਿ ਮਨਾ ! ਧੰਨ ਉਹ ਵਾਹਿਗੁਰੂ ਹੈ ਜਿਸ ਨੇ ਤੇਰੇ ਥਾਂ 'ਤੇ ਅੱਜ ਡਿਊਟੀ ਨਿਭਾਈ ਹੈ। ਅੱਜ ਤੋਂ ਪਿਛੋਂ ਸਦਾ ਹੀ ਉਸ ਪ੍ਰਭੂ ਦੀ ਪ੍ਰੇਮਾ-ਭਗਤੀ ਕਰਦੇ ਰਹਿਣਾ ਹੈ। ਇਸ ਸਾਰੇ ਪ੍ਰਸੰਗ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਨਿਰੂਪਣ ਕੀਤਾ ਹੈ :

**ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।**
**ਪ੍ਰੇਮ ਭਗਤਿ ਰਾਤੀ ਕਰੈ ਭਲਕੇ ਰਾਜ ਦੁਆਰੈ ਜਾਈ।**
**ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।**
**ਛਡਿ ਨਾ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।**
**ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।**
**ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।**
**ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।**
**ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।**
**ਪਰਗਟੁ ਕਰੈ ਭਗਤਿ ਵਡਿਆਈ ॥ ੧੬ ॥** (ਵਾਰ ੧੦, ਪਉੜੀ ੧੬)

ਬਿਲਾਵਲੁ ਮਹਲਾ ੧ ॥ ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥ ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥ ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥ ੧ ॥ ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥ ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥ 2 ॥ ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥ 3 ॥ ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥ ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ॥

**ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥ ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ॥ 4 ॥ 2 ॥**

ਪਦ ਅਰਥ :- ਨਾਥੁ ਨਾਥਹ=ਮਾਲਕਾਂ ਦਾ ਮਾਲਕ। ਭਵਨੀ=ਤੀਰਥਾਂ 'ਤੇ ਫਿਰਨਾ। ਗਹਿ ਰਹੇ=ਪਕੜਿਆ ਹੈ। ਭਿੰਨੜੀ ਰੈਣਿ=ਭਿੱਜੀ ਹੋਈ ਸੁਖਦਾਈ ਰਾਤ। ਨਵ ਹਾਣਿ=ਨੌਜਵਾਨ ਹਾਣ ਦੀ। ਨਵ ਧਨ=ਨਵੀਂ ਇਸਤਰੀ। ਸਲੋਨੜੀਏ=ਸੋਹਣੇ ਨੈਣਾਂ ਵਾਲੀਏ। ਪਦੁ ਨਿਰਬਾਣੀ=ਵਾਸ਼ਨਾ ਤੋਂ ਰਹਿਤ ਉੱਤਮ ਪਦ। ਅਤੀਤੁ=ਤਿਆਗੀ। ਅਪਰੰਪਰਿ=ਪਰ੍ਹੇ ਤੋਂ ਪਰ੍ਹੇ। ਉਰਿ ਧਾਰਿਆ=ਦਿਲ ਵਿਚ ਧਾਰ ਕੇ (ਹਿਰਦੇ ਵਿਚ ਟਿਕਾ ਕੇ ਰੱਖਿਆ। ਡੀਗਿ ਡੋਲਿ=ਡਿੱਗ ਕੇ, ਡੋਲ ਕੇ।

ਅਰਥ :- (ਹੇ ਸਖੀ !) ਮੇਰੇ ਮਨ ਵਿਚ (ਨਾਮ ਜਪਣ ਦਾ) ਬਹੁਤ ਚਾਉ ਹੈ (ਅਤੇ ਨਾਮ ਜਪ ਕੇ) ਮੈਂ ਸੱਚ (ਸ਼ਬਦ) ਦੁਆਰਾ ਖਿੜ ਗਈ ਹਾਂ। (ਮੈਨੂੰ ਉਸ) ਪਿਆਰੇ ਪ੍ਰਭੂ ਦੇ ਪ੍ਰੇਮ ਨੇ ਮੋਹ ਲਿਆ ਹੈ ਜੋ ਪ੍ਰਮਾਤਮਾ ਸਦਾ ਥਿਰ ਰਹਿਣ ਵਾਲਾ ਹੈ। ਉਸ ਪ੍ਰਭੂ ਦੀ ਅਵਿਗਤੋ=ਪ੍ਰਾਪਤੀ ਕਠਿਨ ਹੈ ਇਸ ਕਰਕੇ ਉਸ ਪ੍ਰਭੂ ਅਬਿਨਾਸੀ ਨੂੰ ਅਵਿਗਤੋ ਕਿਹਾ ਹੈ ਅਤੇ ਉਹ ਮਾਲਕਾਂ ਦਾ ਮਾਲਕ ਹੈ, (ਜੋ) ਉਸ ਨੂੰ ਭਾਉਂਦਾ ਹੈ, ਓਹੀ ਹੁੰਦਾ ਹੈ। ਹੇ ਪ੍ਰਭੂ ! ਤੂੰ ਕਿਰਪਾ ਦਾ ਘਰ ਹੈਂ; ਸਦਾ ਦਇਆ ਕਰਨ ਵਾਲਾ ਹੈਂ; ਸਦਾ ਦਾਤਾਂ ਦੇਣ ਵਾਲਾ ਹੈਂ; ਸਭ ਜੀਆਂ ਦੇ ਅੰਦਰ ਜੀਵਨ (ਜ਼ਿੰਦਗੀ) ਤੂੰ ਹੈਂ। ਹੇ ਸਖੀਓ ! ਮੈਨੂੰ ਹੋਰ ਕਿਸੇ ਧਿਆਨ ਜਾਂ ਪੂਜਾ ਦੀ ਲੋੜ ਨਹੀਂ ਹੈ (ਕਿਉਂਕਿ) ਹਰੀ ਦਾ ਨਾਮ (ਮੇਰੇ ਹਿਰਦੇ) ਅੰਦਰ ਵਸ ਰਿਹਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੁਣ ਮੈਂ) ਕੋਈ ਭੇਖ, ਕੋਈ ਤੀਰਥਾਂ ਦਾ ਭ੍ਰਮਨ, ਕੋਈ ਹੱਠ ਯੋਗ ਨਹੀਂ ਕਰਦੀ, ਕਿਉਂਕਿ ਮੈਂ ਸੱਚੇ ਪ੍ਰਭੂ ਨੂੰ (ਹਿਰਦੇ ਵਿਚ) ਪਕੜ ਰੱਖਿਆ ਹੈ।੧।

(ਹੇ ਉੱਤਮ ਸਖੀਓ ! ਅਜਿਹੀ ਜੀਵ-ਇਸਤਰੀ ਦੀ ਜੀਵਨ) ਰਾਤ (ਨਾਮ-ਰੱਸ ਵਿਚ ਭਿੱਜੀ ਹੋਈ (ਅਤੇ ਸਾਰੇ) ਦਿਨ ਸੋਹਣੇ (ਸੋਭਨੀਕ) ਹਨ। (ਹੇ) ਆਪਣੇ (ਸਰੀਰ ਰੂਪੀ) ਘਰ ਵਿਚ ਮੋਹ ਮਾਇਆ ਦੀ ਨੀਂਦ ਵਿਚ ਸੁਤੀ ਹੋਈਏ ! ਪ੍ਰਭੂ-ਪਤੀ (ਤੇਰੇ ਅੰਦਰ ਆਪਣਾ) ਪ੍ਰੇਮ ਪਿਆਰ ਜਗਾਏ (ਤਾਂ ਹੀ ਤੂੰ ਮੋਹ-ਮਾਇਆ ਦੀ ਨੀਂਦ ਵਿਚੋਂ ਜਾਗ ਸਕਦੀ ਹੈਂ)। (ਨਵੇਂ ਹਾਣ ਵਾਲੇ (ਪ੍ਰਭੂ ਪਤੀ ਦੀ) ਨਵ ਧਨ=ਨਵੀਨ ਇਸਤਰੀ ਗੁਰ-ਸ਼ਬਦ ਦੁਆਰਾ (ਮਾਇਆ-ਮੋਹ ਦੀ ਨੀਂਦ ਚੋਂ) ਜਾਗੀ (ਜਿਸ ਕਰਕੇ) ਆਪਣੇ ਪਤੀ (ਪ੍ਰਭੂ) ਨੂੰ ਚੰਗੀ ਲੱਗ ਗਈ। (ਉਹ ਪ੍ਰਭੂ ਪਤੀ ਦੀ ਪਿਆਰੀ ਜੀਵ-ਇਸਤਰੀ ਦ੍ਰਿੜ੍ਹਤਾ ਨਾਲ ਆਖਦੀ ਹੈ ਕਿ) ਮੈਂ ਕੂੜ, ਕਪਟ, ਦ੍ਵੈਤ ਵਾਲਾ ਸੁਭਾਅ ਤੇ ਹੋਰਨਾਂ ਦੀ ਵਿਡਾਣੀ ਚਾਕਰੀ ਛੱਡ ਦਿੱਤੀ ਹੈ। ਮੈਂ ਪ੍ਰਭੂ ਦੇ ਨਾਮ ਦਾ ਹਾਰ (ਸੁੰਦਰ ਭੂਸ਼ਨ ਆਪਣੇ) ਗਲ ਵਿਚ ਪਾ ਲਿਆ ਹੈ, ਸੱਚਾ ਸ਼ਬਦ ਮੇਰੇ ਅੰਦਰ ਨੀਸਾਣਿਆ=ਪ੍ਰਗਟ ਹੋਇਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਦਾਸ) ਹੱਥ ਜੋੜ ਕੇ (ਪ੍ਰਭੂ ਦਾ) ਸੱਚਾ ਨਾਮ ਮੰਗਦਾ ਹੈ ਅਤੇ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ ! ਜੇ ਤੈਨੂੰ ਚੰਗਾ ਲੱਗੇ ਤਾਂ ਮੇਰੇ ਉੱਤੇ ਵੀ (ਅਜਿਹੀ) ਮਿਹਰ ਦੀ ਨਜ਼ਰ ਕਰ।੨।

(ਹਜ਼ੂਰ ਕਿਰਪਾ ਕਰਦੇ ਹਨ ਕਿ) ਹੇ ਗਿਆਨ ਤੇ ਵੈਰਾਗ ਨਾਲ ਭਰੀ ਸੁੰਦਰ ਅੱਖਾਂ ਵਾਲੀ ਜੀਵ ਇਸਤਰੀਏ ! (ਮਾਇਆ ਮੋਹ ਦੀ ਨੀਂਦ ਵਿਚੋਂ) ਜਾਗ ਪਉ, ਗੁਰੂ ਦੀ ਬਾਣੀ ਬੋਲਦੀ (ਭਾਵ ਜੋ ਉਪਦੇਸ਼ ਦਿੰਦੀ) ਹੈ (ਉਸ ਨੂੰ ਧਿਆਨ ਨਾਲ ਸੁਣ)। ਜਿਸ (ਜੀਵ-ਇਸਤਰੀ) ਨੇ (ਗੁਰੂ ਦੀ ਬਾਣੀ) ਸੁਣ ਕੇ ਮੰਨੀ (ਭਾਵ ਉਸ ਅਨੁਸਾਰ ਆਪਣਾ ਜੀਵਨ ਢਾਲਿਆ ਹੈ, ਉਹ) ਅਕਥ (ਪ੍ਰਭੂ ਦੀ) ਕਹਾਣੀ (ਵਿਚ ਮਗਨ ਹੋ ਗਈ)। ਅਕਥ (ਪ੍ਰਭੂ ਦੀ ਕਹਾਣੀ ਵਿਚ ਲੀਨ ਹੋਣ ਦੀ ਬਰਕਤ ਨਾਲ ਉਸ ਨੇ) ਨਿਰਬਾਣ ਉੱਤਮ ਪਦਵੀ ਨੂੰ (ਪਾ ਲਿਆ ਹੈ, ਪਰ ਇਸ ਗੱਲ ਨੂੰ ਕੋਈ) ਵਿਰਲਾ ਗੁਰਮੁਖ ਹੀ ਜਾਣਦਾ ਹੈ। ਜੋ ਸ਼ਬਦ ਵਿਚ ਲੀਨ ਹੁੰਦਾ ਹੈ, ਉਹ ਆਪਣਾ ਆਪ ਗਵਾਉਂਦਾ ਹੈ, ਉਸ ਨੂੰ ਤਿੰਨ ਲੋਕਾਂ ਦੀ ਬ੍ਰਹਮਰੂਪਤਾ ਕਰਕੇ ਸੋਝੀ ਆ ਜਾਂਦੀ ਹੈ। ਉਹ ਮਾਇਆ ਦੇ ਮੋਹ ਤੋਂ ਬਚਿਆ ਨਿਰਲੇਪ ਰਹਿੰਦਾ ਹੈ, ਬੇਅੰਤ ਪ੍ਰਭੂ ਦੇ ਪ੍ਰੇਮ ਵਿਚ ਮਗਨ ਰਹਿੰਦਾ ਹੈ (ਅਤੇ ਆਪਣੇ) ਮਨ ਵਿਚ ਸੱਚ ਰੂਪ ਹਰੀ ਦੇ ਗੁਣਾਂ ਨੂੰ ਸੰਭਾਲਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਪ੍ਰਭੂ) ਜੋ ਸਭ ਥਾਵਾਂ 'ਤੇ ਸਰਬ-ਵਿਆਪਕ ਹੈ, (ਜੀਵ-ਇਸਤਰੀ ਨੇ ਆਪਣੇ) ਹਿਰਦੇ ਵਿਚ (ਪੱਕੀ ਤਰ੍ਹਾਂ ਉਸ ਪ੍ਰਭੂ ਨੂੰ ਧਾਰ ਲਿਆ (ਭਾਵ ਵਸਾ ਲਿਆ) ਹੈ।੩।

ਹੇ ਭਗਤੀ ਨੂੰ ਪਿਆਰ ਕਰਨ ਵਾਲੀ ਤੇ ਪ੍ਰਭੂ ਦੇ ਮਹਿਲ ਵਿਚ ਬੁਲਾਈ ਹੋਈ ਜੀਵ-ਇਸਤਰੀਏ ! (ਸਾਨੂੰ ਵੀ ਕੁਝ ਦੱਸ)। (ਉਹ ਦੱਸਦੀ ਹੈ ਕਿ) ਗੁਰੂ ਦੇ ਉਪਦੇਸ਼ ਦੁਆਰਾ ਮਨ ਵਿਚ ਖੇੜਾ ਬਣਿਆ ਰਹਿੰਦਾ ਹੈ (ਅਤੇ) ਕਾਇਆ ਦੇਹ ਸੀਝਸਿ=ਕਲਿਆਣ ਹੋਣ ਕਰਕੇ ਸਫਲ ਹੋ ਜਾਂਦੀ ਹੈ। (ਜੋ ਜੀਵ-ਇਸਤਰੀ) ਮਨ ਨੂੰ ਜਿੱਤ ਕੇ ਅਨੰਦ ਪ੍ਰਸੰਨਤਾ ਨੂੰ ਪ੍ਰਾਪਤ ਕਰਦੀ ਹੈ, ਉਹ ਸ਼ਬਦ ਦੁਆਰਾ ਕਲਿਆਣ ਕਰਕੇ ਸਫਲ ਹੁੰਦੀ ਹੈ ਅਤੇ ਤ੍ਰੈਲੋਕੀ ਦੇ ਮਾਲਕ ਨੂੰ ਪਛਾਣ ਲੈਂਦੀ ਹੈ। (ਉਸ ਜੀਵ-ਇਸਤਰੀ ਦਾ) ਮਨ ਉੱਕਾ ਹੀ ਡਿੱਗਦਾ ਡੋਲਦਾ ਨਹੀਂ; ਅਤੇ ਨਾ ਹੀ ਕਿਸੇ ਤਰਫ ਜਾਂਦਾ ਹੈ, (ਕਿਉਂਕਿ ਉਹ) ਆਪਣੇ ਪਤੀ ਪ੍ਰਭੂ ਨੂੰ ਪਛਾਣ ਲੈਂਦੀ ਹੈ। (ਉਹ ਇਉਂ ਆਖਦੀ ਹੈ, ਹੇ ਪ੍ਰਭੂ !) ਮੈਨੂੰ ਤਾਂ ਤੇਰਾ ਆਸਰਾ ਹੈ, ਤੂੰ ਮੇਰਾ ਮਾਲਕ ਹੈਂ; ਮੈਂ ਤੇਰਾ ਜ਼ੋਰ ਤੇ ਸਹਾਰਾ (ਆਸਰਾ) ਤੱਕਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਹੜਾ ਮਨੁੱਖ) ਸੱਚੇ ਪ੍ਰਭੂ ਦੇ ਸਿਮਰਨ ਵਿਚ ਸਦਾ ਲੀਨ ਹੁੰਦਾ ਹੈ, (ਉਹ) ਸੁੱਚਾ ਤੇ ਪਵਿੱਤਰ ਹੁੰਦਾ ਹੈ (ਅਤੇ ਉਹ) ਗੁਰੂ ਦੇ ਸ਼ਬਦ ਦੁਆਰਾ (ਮਾਇਆ ਦਾ) ਅਥਵਾ (ਚੌਰਾਸੀ ਲੱਖ ਜੂਨਾਂ ਦਾ) ਝਗੜਾ ਨਿਬੇੜ (ਮੁਕਾਅ) ਦਿੰਦਾ ਹੈ।੪।੨।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧*93* (ਆਦਿ ਅੰਗ *845*)

## ਬਿਲਾਵਲੁ ਮਹਲਾ *5* ਛੰਤ

ੴ ਸਤਿਗੁਰ ਪ੍ਰਸਾਦਿ॥ ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥ ੧ ॥ ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥ ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥ ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥ ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥ *2* ॥ ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ ॥ ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ ॥ ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥ ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥ *3* ॥ ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥ ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥ ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥ *4* ॥ ੧ ॥

## ਪ੍ਰਾਕ੍ਰਥਨ :-

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦਾ ਇਹ ਪਾਵਨ ਸ਼ਬਦ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਦਿ ਵਿਚ ਹਜ਼ੂਰ ਨੇ ਪ੍ਰਭੂ ਪ੍ਰਮਾਤਮਾ ਨੂੰ ਅਬਿਨਾਸ਼ੀ ਵਰੁ ਭਾਵ ਨਾਸ਼ ਰਹਿਤ ਸੱਚਾ ਪ੍ਰਭੂ-ਪਤੀ ਦੱਸਿਆ ਹੈ।

## ਵਿਸ਼ਾ—ਸਹੁ ਵੀਆਹੁਣ ਆਇਆ

ਹਜ਼ੂਰ ਨੇ ਕਿਰਪਾ ਕੀਤੀ ਹੈ ਕਿ ਜੀਵ ਰੂਪੀ ਇਸਤ੍ਰੀ ਨੇ ਜਿਸ ਸਮੇਂ ਪ੍ਰਭੂ-ਪਤੀ ਦੀ ਸਿਫ਼ਤ ਸੁਣੀ ਤਾਂ ਮਨ ਅੰਦਰ ਚਾਅ ਉਪਜਿਆ :

**ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ॥** (ਅੰਗ 845)

ਸਭ ਤੋਂ ਪਹਿਲਾਂ ਉਸ ਪਰੀਪੂਰਨ ਪ੍ਰਮਾਤਮਾ ਨੇ ਸੰਸਾਰ ਦੀ ਉੱਤਪਤੀ ਜਿਸ ਵੇਲੇ ਕੀਤੀ, ਗੁਰਬਾਣੀ ਦੇ ਸਿਧਾਂਤ ਅਨੁਸਾਰ—''ਕੀਤਾ ਪਸਾਉ ਏਕੋ ਕਵਾਉ॥'' (ਅਥਵਾ) ''ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥'' ਉਸ ਵੇਲੇ ਤੋਂ ਹੀ ਪ੍ਰਾਣੀ, ਭਾਵ ਜੀਵ-ਆਤਮਾ ਹੋਂਦ ਵਿਚ ਆਇਆ ਅਤੇ ਨਰ-ਮਾਦਾ ਦੇ ਮੇਲ ਦਾ ਸਦਕਾ ਚਾਰੇ ਖਾਣੀਆਂ ਦਾ ਵਿਕਾਸ ਹੋਇਆ, ਜੇਰਜ ਖਾਣੀ 'ਚ ਉਪਜਿਆ ਮਨੁੱਖ ਹੀ ਸਾਰੀਆਂ ਜੂਨਾਂ ਦਾ ਸਿਰਦਾਰ ਮੰਨਿਆ ਗਿਆ। ਇਸ ਨੂੰ ਹੀ ਵਡਿਆਈ ਮਿਲੀ ਹੈ ਚਉਰਾਸੀ ਲੱਖ ਜੂਨਾਂ ਵਿਚੋਂ :

**ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥**

(ਆਸਾ ਮ: 5, ਅੰਗ 374)

ਪੁਰਾਤਨ ਸਮੇਂ ਦੇ ਸਨਾਤਨੀ ਸੁਭਾਅ ਵਾਲੇ ਲੋਕਾਂ ਨੇ ਮਨੁੱਖੀ ਸਮਾਜ ਨੂੰ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ—ਬ੍ਰਾਹਮਣ, ਖੱਤਰੀ, ਸੂਦ, ਵੈਸ਼ ਅਤੇ ਮਨੁੱਖੀ ਉਮਰ ਨੂੰ ਵੱਧ ਤੋਂ ਵੱਧ ਸੌ ਸਾਲ ਮਿਥ ਕੇ ਇਸ ਉਮਰ ਅਨੁਸਾਰ ਮਨੁੱਖ ਦੀ ਜ਼ਿੰਦਗੀ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਸੀ—ਬ੍ਰਹਮਚਾਰੀ, ਗ੍ਰਹਿਸਤੀ, ਬਾਨਪ੍ਰਸਤੀ, ਸੰਨਿਆਸੀ—ਇਹ ਚਾਰ ਆਸ਼ਰਮ ਮੰਨੇ ਸਨ। ਪਹਿਲਾ ਹਿੱਸਾ ੨੫ ਸਾਲ ਤੱਕ ਬ੍ਰਹਮਚਾਰੀ ਰਹਿਣਾ। ਦੂਜਾ ਹਿੱਸਾ ੨੫ ਤੋਂ ੫੦ ਸਾਲ ਤਕ ਗ੍ਰਹਿਸਤੀ ਰਹਿਣਾ। ਤੀਜਾ ਹਿੱਸਾ ੫੦ ਤੋਂ ੭੫ ਸਾਲ ਤੱਕ ਬਾਨਪ੍ਰਸਤੀ ਅਤੇ ਚੌਥਾ ਹਿੱਸਾ ੭੫ ਸਾਲ ਤੋਂ ੧੦੦ ਸਾਲ ਤੱਕ ਸੰਨਿਆਸੀ ਰਹਿਣਾ ਸੀ, ਪਰ ਗੁਰਮਤਿ ਅਨੁਸਾਰ ਇਸ ਤਰ੍ਹਾਂ ਦੇ ਬ੍ਰਹਮਚਾਰੀ ਨੂੰ ਵੀ ਨਹੀਂ ਮੰਨਿਆ। ਘਰ ਛੱਡ ਕੇ ਬਾਨਪ੍ਰਸਤੀ ਅਤੇ ਸੰਨਿਆਸੀਪਣੇ ਦਾ ਵੀ ਗੁਰੂ ਜੀ ਨੇ ਖੰਡਨ ਕੀਤਾ ਹੈ। ਸੋ ਗੁਰਮਤਿ ਅਨੁਸਾਰ ਪਹਿਲੀ ਉਮਰ ਦੀ ਸਫਲਤਾ ਵਾਸਤੇ ਸਤਿਗੁਰੂ ਜੀ ਦੇ ਪਵਿੱਤਰ ਬਚਨ ਹਨ :

**ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥**

(ਅੰਗ 337)

ਉਸ ਪਰੀਪੂਰਨ ਪ੍ਰਮਾਤਮਾ ਨੇ ਮਨੁੱਖਤਾ ਦੇ ਦੋ ਅੰਗ ਬਣਾਏ ਹਨ—ਇਕ ਮਰਦ, ਦੂਜਾ ਇਸਤਰੀ, ਪਰ ਵਾਹਿਗੁਰੂ ਜੀ ਨੇ ਮਰਦ ਨੂੰ ਸਰੀਰਕ ਪੱਖੋਂ ਇਸਤਰੀ ਨਾਲੋਂ ਬਲਵਾਨ, ਸਾਹਸੀ ਅਤੇ ਦ੍ਰਿੜ੍ਹ ਬਣਾਇਆ ਹੈ। ਇਸਤਰੀ ਵਿਚ ਇਹ ਗੁਣ ਖ਼ਾਸ ਹਨ—ਸ਼ਰਮ, ਸੰਕੋਚ, ਸ਼ਰਧਾ, ਵਿਸ਼ਵਾਸ, ਇਹ ਇਸਤਰੀ ਦੇ ਸੁਭਾਵਕ ਗੁਣ ਹਨ। ਪਰ ਪੁਰਸ਼ ਵਿਚ ਵਿਚਾਰ, ਦ੍ਰਿੜ੍ਹਤਾ, ਸਰੀਰਕ ਬਲ ਅਤੇ ਨਿਡਰਤਾ ਇਹ ਪੁਰਸ਼ ਦੇ ਗੁਣ ਹਨ। ਗ੍ਰਹਿਸਤ ਧਰਮ ਸਭ ਤੋਂ ਉੱਤਮ ਧਰਮ ਹੈ। ਇਸ ਵਿਚ ਇਕ ਪਵਿੱਤਰ ਤੇ ਆਦਰ ਯੋਗ ਜੀਵਨ ਜਿਉਣ ਦਾ ਸੱਚਾ ਅਤੇ ਪ੍ਰਤੱਖ ਸੁਭਾਅ ਪ੍ਰਗਟ ਹੈ। ਗ੍ਰਹਿਸਤ ਵਿਚ ਸਹਿਨਸ਼ੀਲਤਾ, ਧੀਰਜ, ਨਿੰਮ੍ਰਤਾ, ਦ੍ਰਿੜ੍ਹਤਾ, ਦਲੇਰੀ, ਪੁੰਨ ਦਾਨ ਆਦਿ ਗੁਣ ਪ੍ਰਾਪਤ ਹੁੰਦੇ ਹਨ। ਗ੍ਰਹਿਸਤ ਅੰਦਰ ਰਹਿੰਦਿਆਂ, ਦੁਨਿਆਵੀ ਫ਼ਰਜ਼ਾਂ ਨੂੰ ਸਹਿਜੇ ਹੀ ਨਿਭਾਉਂਦਿਆਂ ਆਪਣੇ ਆਪ ਦੀ ਪਛਾਣ ਕਰਨਾ ਅਤੇ ਸਰੀਰਕ ਸੁਆਦਾਂ ਤੋਂ ਉੱਚੇ ਉਠ ਕੇ ਆਤਮਿਕ ਅਨੰਦ ਵੱਲ ਪੁਲਾਂਘਾਂ ਪੁੱਟਣ ਨਾਲ ਹੀ ਅੱਗੇ ਵਧਿਆ ਜਾ ਸਕਦਾ ਹੈ। ਸੋ ਜਿਥੇ ਇਸਤਰੀ ਤੇ ਪੁਰਸ਼ ਮਨੁੱਖਤਾ ਦੇ ਦੋ ਅੰਗ ਮੰਨੇ ਹਨ, ਉਥੇ ਪੁਰਸ਼ ਇਸਤਰੀ ਤੋਂ ਬਿਨਾਂ ਅਧੂਰਾ ਹੈ ਅਤੇ ਇਸਤਰੀ ਪੁਰਸ਼ ਤੋਂ ਬਿਨਾਂ ਅਧੂਰੀ ਮੰਨੀ ਹੈ। ਗੁਰਮਤਿ ਵਿਚ ਗ੍ਰਹਿਸਤ ਧਰਮ ਦੀ ਮਹਾਨਤਾ ਦਰਸਾਈ ਗਈ ਹੈ। ਇਹ ਗ੍ਰਹਿਸਤ ਧਰਮ ਇਕ 'ਗੁਰਮੁਖ ਗਾਡੀ ਰਾਹ ਚਲਾਇਆ' ਹੈ। ਗ੍ਰਿਹਸਤ ਵਿਚ ਰਹਿੰਦਿਆਂ ਇਸ ਤਰ੍ਹਾਂ ਸਫਲਤਾ ਪ੍ਰਾਪਤ ਕਰਨੀ ਹੈ :

**ਜਿਉ ਜਲ ਮਹਿ ਕਮਲ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ॥**

(ਅੰਗ 949)

ਸੋ ਘਰ ਛੱਡ ਕੇ ਨਾ ਬਾਨਪ੍ਰਸਤੀ ਬਣਨ ਦੀ ਲੋੜ ਹੈ ਨਾ ਹੀ ਸੰਨਿਆਸੀ। ਗੁਰੂ ਕੇ ਬਚਨ ਹਨ :

**ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥**
**ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥** (ਅੰਗ ੧420)

**ਰੇ ਮਨ ਐਸੋ ਕਰਿ ਸੰਨਿਆਸਾ॥**
**ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥**

(ਸ੍ਰੀ ਦਸਮ ਗ੍ਰੰਥ, ਪੰਨਾ 709)

ਗੁਰਮਤਿ ਵਿਚ ਵਿਆਹ ਦਾ ਪ੍ਰਯੋਜਨ ਵਿਸ਼ੇ-ਵਿਕਾਰ ਜਾਂ ਸ਼ਿੰਗਾਰ ਵਿਚ ਖਚਤ ਹੋਣਾ ਨਹੀਂ, ਸਗੋਂ ਮਨੁੱਖ ਅਤੇ ਇਸਤਰੀ ਦੇ ਪਰਸਪਰ ਸੰਯੋਗ ਨਾਲ ਜਿਥੇ ਸਮਾਜ ਦੇ ਵਿਧਾਨ ਵਿਚ ਸੰਤਾਨ ਉੱਤਪਤੀ ਦਾ ਰਾਹ ਖੋਲ੍ਹਣਾ ਹੈ, ਉੱਥੇ ਇਸ ਨਾਲੋਂ ਭੀ ਅਗਾਂਹ ਵਧੂ ਗ੍ਰਿਹਸਤ ਰਾਹੀਂ ਜਿਹੜਾ ਵਿਵਾਹ ਗੁਰਬਾਣੀ ਵਿਚ ਅਸਲ ਦੱਸਿਆ ਹੈ, ਵਾਹਿਗੁਰੂ ਰੂਪੀ ਪਤੀ ਦੀ ਪ੍ਰਾਪਤੀ ਰੂਪੀ ਵਿਆਹ ਭੀ ਕਰਨਾ ਹੈ, ਜਿਸ ਵਿਆਹ ਦਾ ਜ਼ਿਕਰ ਧੰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ :

## ਆਸਾ ਮਹਲਾ ੧ ॥

**ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ॥**
**ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥ ੧ ॥**
**ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥**
**ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥ ੧ ॥ ਰਹਾਉ ॥**
**ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥**
**ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ॥ 2 ॥**
**ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥**
**ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥ 3 ॥**
**ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥**
**ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥ 4 ॥** (ਅੰਗ 35੧)

ਇਸ ਸ਼ਬਦ ਵਿਚ ਜੀਵ-ਇਸਤਰੀ ਦਾ ਪ੍ਰਭੂ-ਪਤੀ ਪ੍ਰਮਾਤਮਾ ਨਾਲ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵਿਆਹ ਦੇ ਅਲੰਕਾਰ ਰੂਪ ਵਿਚ ਵਰਣਨ ਕੀਤਾ ਹੈ। ਵਾਹਿਗੁਰੂ ਰੂਪੀ ਪਤੀ ਨਾਲ ਮੇਲ ਗੁਰੂ ਰੂਪੀ ਵਿਚੋਲਾ ਹੀ ਕਰਵਾ ਸਕਦਾ ਹੈ।

**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥** (ਅੰਗ 934)

ਪਰ ਵਾਹਿਗੁਰੂ ਰੂਪੀ ਪਤੀ ਨਾਲ ਮਿਲਾਪ ਵਾਸਤੇ ਇਹ ਸ਼ੁੱਭ ਗੁਣ ਜ਼ਰੂਰੀ ਹਨ—ਸਤਿ, ਸੰਤੋਖ, ਦਇਆ, ਧਰਮ, ਵਿਚਾਰ ਆਦਿਕ ਦੈਵੀ ਗੁਣਾਂ ਦੀ ਪ੍ਰਾਪਤੀ ਵਿਆਹ ਦੀ ਸਮੱਗਰੀ ਅਸਲ ਵਿਚ ਇਹ ਸ਼ੁੱਭ ਗੁਣ ਹਨ। ਕਿਉਂਕਿ ਗੁਣ ਦੀ ਰਾਸ ਨਾਲ ਹੀ ਨਾਮ ਦਾ ਹਿਰਦੇ ਵਿਚ ਨਿਵਾਸ ਹੁੰਦਾ ਹੈ। ਜੀਵ ਰੂਪੀ ਇਸਤਰੀ ਗੁਣਾਂ ਕਰ ਕੇ ਹੀ ਸੁਹਾਗਣ ਅਤੇ ਵਡਭਾਗਣ ਬਣਦੀ ਹੈ। ਗੁਣਾਂ ਕਰ ਕੇ ਵਾਹਿਗੁਰੂ ਪਤੀ ਜੀਵ ਰੂਪੀ ਇਸਤਰੀ ਨੂੰ ਆਪਣੇ ਗਲੇ ਨਾਲ ਲਾ ਕੇ ਪਿਆਰ ਦਿੰਦਾ ਹੈ।

**ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕ੍ਰਿਪਾ ਧਾਰੀ॥**
**ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥** (ਅੰਗ 959)

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਸ਼ਬਦ ਵਿਚ ਦੱਸਿਆ ਹੈ ਕਿ ਕਿਰਪਾ ਕਰ ਕੇ ਮੇਰਾ ਖਸਮ ਪ੍ਰਭੂ ਪ੍ਰਮਾਤਮਾ ਮੈਨੂੰ ਵਿਆਹੁਣ ਵਾਸਤੇ ਮੇਰੇ ਹਿਰਦੇ ਘਰ ਵਿਚ ਆਇਆ ਹੈ। ਮੇਰੀਆਂ ਸਤਿ ਸੰਗਤ ਰੂਪੀ ਸਹੇਲੀਆਂ ਨੇ ਮਿਲ ਕੇ ਉਸ ਨਾਲ ਮੇਰਾ ਵਿਆਹ ਰਚਾ ਦਿੱਤਾ। ਇਹ ਵਿਆਹ ਰੂਪੀ ਕੌਤਕ ਵੇਖ ਕੇ ਮੇਰਾ ਮਨ ਅਨੰਦਤ ਹੋ ਗਿਆ, ਕਿਉਂਕਿ ਖਸਮ ਮੈਨੂੰ ਆਪ ਹੀ ਵਿਆਹੁਣ ਵਾਸਤੇ ਆ ਗਿਆ ਹੈ। ਹੇ ਸਖੀਓ

! ਤੁਸੀਂ ਗੁਰਬਾਣੀ ਦਾ ਗੀਤ ਗਾਉ, ਕਿਉਂਕਿ ਵਾਹਿਗੁਰੂ ਪਤੀ ਮੇਰੇ ਘਰ ਵਿਚ ਆ ਵਸਿਆ ਹੈ। ਗੁਰੂ-ਵਿਚੋਲੇ ਰਾਹੀਂ ਜਿਹੜਾ ਮੇਰਾ ਵਿਆਹ ਹੋਇਆ ਹੈ, ਮੈਂ ਪ੍ਰਭੂ-ਪਤੀ ਨੂੰ ਮਿਲ ਕੇ ਇਸ ਅਨੰਦ ਨੂੰ ਮਾਣਿਆ ਹੈ। ਮੇਰਾ ਪ੍ਰਭੂ-ਪਤੀ ਤਿੰਨਾਂ ਲੋਕਾਂ ਅੰਦਰ ਵਸ ਰਿਹਾ ਹੈ, ਪਰ ਇਹ ਸਮਝ ਹੰਕਾਰ ਦੂਰ ਹੋਣ ਨਾਲ ਆਈ ਹੈ। ਦਰਸ਼ਨ ਕਰ ਕੇ ਮੇਰਾ ਮਨ ਪਤੀਜ ਗਿਆ ਹੈ। ਹੇ ਭਾਈ ! ਪ੍ਰਭੂ-ਪਤੀ ਆਪਣਾ ਕਾਰਜ ਆਪ ਹੀ ਸਵਾਰਦਾ ਹੈ, ਹੋਰ ਕਿਸੇ ਪਾਸੋਂ ਇਹ ਸੰਭਵ ਨਹੀਂ। ਜਿਸ ਵਿਆਹ ਨਾਲ ਸਤਿ, ਸੰਤੋਖ, ਦਇਆ, ਧਰਮ ਆਦਿਕ ਦੈਵੀ ਗੁਣਾਂ ਦਾ ਸੰਗ੍ਰਹਿ ਗੁਰੂ ਰਾਹੀਂ ਪੈਦਾ ਹੁੰਦਾ ਹੈ, ਪਰ ਇਸ ਭਾਵ ਨੂੰ ਕੋਈ ਗੁਰਮੁਖ ਹੀ ਸਮਝਦਾ ਹੈ। ਸਤਿਗੁਰੂ ਜੀ ਫ਼ੁਰਮਾਉਂਦੇ ਹਨ—ਸਭ ਜੀਵ-ਇਸਤਰੀਆਂ ਦਾ ਪਤੀ ਇਕ ਪ੍ਰਮੇਸ਼ਰ ਹੈ, ਪਰ ਜਿਸ ਉੱਤੇ ਉਹ ਮਿਹਰ ਕਰਦਾ ਹੈ, ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਉਹ ਹੀ ਸੁਹਾਗਣ ਹੈ, ਉਹ ਹੀ ਵਡਭਾਗਣ ਹੈ।

ਸੋ ਇਸ ਤਰ੍ਹਾਂ ਦੇ ਵਿਆਹ ਦਾ ਜ਼ਿਕਰ ਭਗਤ ਕਬੀਰ ਜੀ ਨੇ ਭੀ ਆਪਣੀ ਪਾਵਨ ਬਾਣੀ ਵਿਚ ਕੀਤਾ ਹੈ। ਭਗਤ ਕਬੀਰ ਜੀ ਨੇ ਆਪਣੇ ਆਪ ਨੂੰ ਇਸਤਰੀ ਰੂਪ ਦਰਸਾ ਕੇ ਅਤੇ ਪ੍ਰਭੂ ਪ੍ਰਮੇਸ਼ਰ ਵਾਹਿਗੁਰੂ ਨੂੰ ਕੰਤ ਰੂਪ ਵਿਚ ਜਾਣਦੇ ਹੋਏ ਵਿਆਹ ਦੇ ਰੂਪਕ ਅਲੰਕਾਰ ਬੰਨ੍ਹ ਕੇ ਪਰਮਾਤਮਾ ਦਾ ਮੇਲ ਦਰਸਾਇਆ ਹੈ। ਜਿਵੇਂ ਵਿਆਹ ਸਮੇਂ ਇਸਤਰੀ ਆਪਣੇ ਤਨ ਨੂੰ ਵੰਨ ਸੁਵੰਨੇ ਕੱਪੜਿਆਂ, ਗਹਿਣਿਆਂ ਤੇ ਸੁਗੰਧੀਆਂ ਨਾਲ ਸੰਵਾਰਦੀ ਹੈ, ਉਸੇ ਤਰ੍ਹਾਂ ਜੀਵ-ਇਸਤਰੀ ਆਪਣੇ ਮਨ ਨੂੰ ਪ੍ਰਭੂ ਦੀ ਪ੍ਰੇਮ-ਰੰਗਣ ਵਿਚ ਰੰਗਦੀ ਹੈ। ਭਾਵ ਲਗਾਤਾਰ ਨਾਮ ਸਿਮਰਦੀ ਹੈ। ਫਿਰ ਉਹ ਕਿਸੇ ਸਰੀਰ ਨਾਲ ਨਹੀਂ, ਰਾਮ ਰਾਇ ਵਿਆਪਕ ਪ੍ਰਭੂ ਨਾਲ ਫੇਰੇ ਲੈਂਦੀ ਹੈ। ਉਸ ਵੇਲੇ ਬਰਾਤੀ ਭੀ ਨਿਰੋਲ ਸੰਤ ਜਨ ਹੁੰਦੇ ਹਨ। ਉਨ੍ਹਾਂ ਦੀ ਸੰਗਤ ਨਾਲ ਆਤਮਾ 'ਤੇ ਜੋ ਰੰਗ ਚੜ੍ਹਦਾ ਹੈ, ਉਹ ਵੀ ਅਸਚਰਜ ਹੁੰਦਾ ਹੈ। ਧਿਆਨ ਲਾ ਕੇ ਸਾਸ-ਗਿਰਾਸ ਨਾਮ ਜਪਣ ਨਾਲ ਮਨ ਵਿਚ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਹ ਸਾਰੀ ਬਰਕਤ ਨਾਮ ਦੀ ਰੰਗਣ ਵਿਚ ਰੰਗੀਆਂ ਸਖੀਆਂ ਸਹੇਲੀਆਂ ਦੀ ਹੁੰਦੀ ਹੈ, ਜਿਨ੍ਹਾਂ ਨੂੰ ਚਾਅ ਵਿਚ ਪਾ ਕੇ ਜੀਵ-ਇਸਤਰੀ ਆਖਦੀ ਹੈ :

**ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥**
**ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥** (ਅੰਗ 482)

ਅਧਿਆਤਮਿਕ ਮੰਡਲ ਵਿਚ ਕੀਰਤਨ ਦੀ ਧੁਨੀ ਮਨ ਨੂੰ ਇਕ ਸੁਰ ਕਰਨ ਵਿਚ ਸਹਾਇਕ ਹੁੰਦੀ ਹੈ। ਜਦੋਂ 'ਰੰਗੁ ਲਗਾ ਮੰਨ ਗੂੜਾ' ਅਥਵਾ 'ਅਤਿ ਰਸ ਲਾਲ ਸਗੂੜਾ' ਵਾਲੀ ਅਵਸਥਾ ਬਣ ਜਾਂਦੀ ਹੈ। ਸੋ ਜਿਸ ਤਰ੍ਹਾਂ ਦਾ ਭਗਤ ਕਬੀਰ ਜੀ ਦਾ ਵਿਆਹ 'ਪੁਰਖ ਏਕ ਭਗਵਾਨ' ਨਾਲ ਹੋਇਆ ਹੈ, ਇਸ ਦਾ ਅਨੰਦ ਆਤਮਿਕ ਮੰਡਲ ਦੇ ਰਸੀਏ ਹੀ ਮਾਣ ਸਕਦੇ ਹਨ। ਇਸ ਲਈ ਭਗਤ ਜੀ ਨੇ ਇਸ ਸ਼ਬਦ ਵਿਚ ਦੱਸਿਆ ਹੈ ਕਿ ਜਿਸ ਤਰ੍ਹਾਂ ਵਿਆਹ ਦੇ ਸਮੇਂ ਸੋਹਣੇ ਕੱਪੜੇ ਪਾਈਦੇ ਹਨ, ਇਸ ਤਰ੍ਹਾਂ ਮਨ ਰੂਪੀ ਬਸਤ੍ਰ ਰੰਗਣ ਲਈ ਸਰੀਰ ਨੂੰ ਮੱਟੀ ਬਣਾਇਆ ਹੈ। ਸ਼ੁੱਭ ਗੁਣਾਂ ਦਾ ਰੰਗ ਪਾ ਕੇ ਮਨ ਰੂਪੀ ਬਸਤ੍ਰ ਨੂੰ ਰੰਗਿਆ ਹੈ। ਸ਼ੁੱਭ ਗੁਣਾਂ ਦੀ ਜੰਞ ਆਈ ਹੈ। ਪ੍ਰਮੇਸ਼ਰ ਨਾਲ ਮੈਂ ਫੇਰੇ ਲਏ ਹਨ। ਹੇ ਨਵ ਵਿਆਹੀਓ (ਦੁਲਹਨੀਓ) ! ਮੇਰੇ ਵਿਆਹ 'ਤੇ ਖ਼ੁਸ਼ੀ ਦੇ ਗੀਤ ਗਾਉ। ਮੇਰੇ ਹਿਰਦੇ ਘਰ ਵਿਚ ਮੇਰਾ ਪਤੀ ਆਇਆ ਹੈ। ਭਗਤ ਕਬੀਰ ਜੀ ਕਹਿੰਦੇ ਹਨ, 'ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥' ਮੇਰੇ ਐਸੇ ਵੱਡੇ ਭਾਗ ਹਨ, ਮੈਂ ਪ੍ਰਮੇਸ਼ਰ ਪਤੀ

ਪਾ ਲਿਆ ਹੈ। ਭਗਤ ਕਬੀਰ ਜੀ ਕਹਿੰਦੇ ਹਨ, ਮੈਨੂੰ ਅਕਾਲ ਪੁਰਖ ਪਤੀ ਵਿਆਹ ਕੇ ਲੈ ਚੱਲਿਆ ਹੈ। ਮੇਰੇ ਵਿਆਹ ਦੇ ਉਤਸ਼ਾਹ ਨੂੰ ਵੇਖਣ ਲਈ ਤੇਤੀ ਕ੍ਰੋੜ ਦੇਵਤੇ ਅਤੇ ਸ੍ਰੇਸ਼ਟ ਮਨੁੱਖ ਭਾਵ ਸੰਤ ਜਨ ਆਏ ਹਨ।

**ਆਸਾ ॥**

**ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ ॥**
**ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਇਹ ਰੰਗ ਰਾਤੀ ॥ ੧ ॥**
**ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥**
**ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥ ੧ ॥ ਰਹਾਉ ॥**
**ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥**
**ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥ 2 ॥** (ਅੰਗ 482)

## ਸਾਖੀ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਹਿਲਾ ਵਿਆਹ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਹਿਲਾ ਵਿਆਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਮਾਘ ਸੁਦੀ ਸੱਤ, ੧੬੬੧ ਬਿ. ਨੂੰ ਪਿੰਡ ਡੱਲਾ ਦੇ ਰਹਿਣ ਵਾਲੇ ਭਾਈ ਨਾਰਾਇਣ ਦਾਸ ਦੀ ਪੁੱਤਰੀ ਸ੍ਰੀ ਦਮੋਦਰੀ ਜੀ ਨਾਲ ਹੋਇਆ ਸੀ, ਜਿਸ ਦਾ ਜ਼ਿਕਰ ਇਸ ਪ੍ਰਕਾਰ ਗੁਰ-ਇਤਿਹਾਸ ਵਿਚ ਆਇਆ ਹੈ :

ਗੁਰ-ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ ਕਿ ਜਿਸ ਵੇਲੇ ਚੰਦੂ ਨੇ ਜੋ ਹੰਕਾਰ ਭਰੇ ਬਚਨ ਕਹੇ ਸਨ, ਦਿੱਲੀ ਦੀ ਸੰਗਤ ਨੇ ਸੁਣ ਕੇ ਚਿੱਠੀ ਰਾਹੀਂ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਦੁਆਰਾ ਦੱਸਿਆ :

**ਆਪ ਚੁਬਾਰਾ ਬਨਿਓ ਪਾਪੀ ਗੁਰੂ ਘਰ ਇਨ ਮੋਰੀ ਥਾਪੀ।**

ਗੁਰੂ ਜੀ ! ਐਸੇ ਹੰਕਾਰੀ ਦੀ ਸਪੁੱਤਰੀ ਦਾ ਨਾਤਾ ਨਹੀਂ ਪ੍ਰਵਾਨ ਕਰਨਾ ਚਾਹੀਦਾ। ਸੰਗਤ ਦੀ ਬੇਨਤੀ ਪ੍ਰਵਾਨ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, ਕੋਈ ਗੁਰੂ ਦਾ ਪਿਆਰਾ ਸਿੱਖ ਆਪਣੀ ਪੁੱਤਰੀ ਦਾ ਨਾਤਾ ਸ੍ਰੀ ਹਰਿਗੋਬਿੰਦ ਜੀ ਨਾਲ ਕਰ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਤਾਂ ਉਸ ਵੇਲੇ ਭਾਈ ਪਾਰੋ ਦੇ ਪੋਤਰੇ ਬਾਬਾ ਨਰਾਇਣ ਦਾਸ ਜੀ ਡੱਲੇ ਨਿਵਾਸੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਦੀਨ ਦੁਨੀਆਂ ਦੇ ਮਾਲਕ ! ਮੇਰੀ ਪੁੱਤਰੀ ਦਮੋਦਰੀ ਵਰ ਜੋਗ ਹੈ, ਇਸ ਨੂੰ ਸਾਹਿਬਜ਼ਾਦੇ ਦੀ ਦਾਸੀ ਬਣਾਉਣ ਦੀ ਕ੍ਰਿਪਾ ਕਰੋ, ਦਾਤਾਰ ਜੀ ! ਇਕ ਗ਼ਰੀਬ ਸਿੱਖ ਦੀ ਬੇਨਤੀ ਪ੍ਰਵਾਨ ਕਰੋ ਤਾਂ ਸਾਹਿਬਜ਼ਾਦੇ ਵਾਸਤੇ ਸ਼ਗਨ ਹਾਜ਼ਰ ਕਰਾਂ। ਸੰਗਤ ਨੇ ਵੀ ਨਾਰਾਇਣ ਦਾਸ ਦੀ ਹਾਮੀ ਭਰੀ। ਸੋ ਇਤਿਹਾਸ ਅੰਦਰ ਇਸ ਤਰ੍ਹਾਂ ਜ਼ਿਕਰ ਆਇਆ ਹੈ :

**ਡੱਲੇ ਬਾਸੀ ਅਤਿ ਅਭਿਰਾਮ॥ ਨਾਰਾਇਣ ਦਾਸ ਖੱਤਰੀ ਤਿਹ ਨਾਮ॥**
**ਗਰਿ ਅੰਚਰਿ ਮੁਖ ਬਾਤ ਅਲਾਈ॥ ਹਉ ਅਨਾਥ ਪ੍ਰਭ ਤੁਮ ਸਰਨਾਈ॥**

**ਵਰਯੋਗ ਮਮ ਕੰਨਯਾ ਹੋਈ॥ ਪ੍ਰਭੂ ਦਰਬ ਗ੍ਰਿਹਿ ਮੋਹਿ ਨ ਕੋਈ॥**
**ਸਗਾਈ ਮਮ ਕੰਨਯਾ ਕੀ ਲੀਜੈ॥ ਦਾਸੀ ਹਰਗੋਬਿੰਦ ਜੀ ਕੀ ਕੀਜੈ॥**

ਗੁਰੂ ਅਰਜਨ ਦੇਵ ਜੀ ਸਿੱਖ ਦੀ ਬੇਨਤੀ ਸੁਣ ਕੇ ਬਹੁਤ ਪ੍ਰਸੰਨ ਹੋਏ। ਬੇਨਤੀ ਪ੍ਰਵਾਨ ਕਰ ਕੇ ਸਿੱਖ ਨੂੰ ਹੁਕਮ ਕੀਤਾ ਕਿ ਅਰਦਾਸ ਕਰ ਕੇ ਸਗਾਈ ਦੀ ਮਰਯਾਦਾ ਪੂਰੀ ਕਰੋ :

**ਗੁਰੂ ਅਰਜਨ ਤਬ ਐਸ ਅਲਾਯੋ॥ ਏਕ ਸਿੱਖ ਕੌ ਨਿਕਟ ਬੁਲਾਯੋ॥**
**ਕਰੋ ਅਰਦਾਸ ਦੇਰ ਨਹਿ ਧਾਰੋ॥ ਹਰਿ ਗੋਬਿੰਦ ਜੀ ਕੌ ਤਿਲਕ ਸਵਾਰੋ॥**
**ਕਰ ਅਰਦਾਸ ਸਿੱਖ ਬੈਠਿਯੋ ਜਾਇ॥ ਤਬੈ ਵਧਾਈ ਗੁਰਹਿ ਸੁਨਾਇ॥**
**ਸਭ ਕੌ ਸਤਿਗੁਰ ਐਸ ਅਲਾਈ॥ ਪੜੋ ਸਬਦ ਮੰਗਲ ਜੋ ਆਹੀ॥**

ਚੰਦੂ ਦੀ ਪੁੱਤਰੀ ਦੇ ਰਿਸ਼ਤੇ ਤੋਂ ਇਨਕਾਰ ਕਰ ਕੇ ਬਾਬਾ ਨਾਰਾਇਣ ਦਾਸ ਦੀ ਸਪੁੱਤਰੀ ਸਾਡੇ ਜਗਤ ਮਾਤਾ ਸ੍ਰੀ ਦਮੋਦਰੀ ਜੀ ਦਾ ਨਾਤਾ ਸ੍ਰੀ ਹਰਿਗੋਬਿੰਦ ਜੀ ਲਈ ਪੰਚਮ ਗੁਰਦੇਵ ਨੇ ਪ੍ਰਵਾਨ ਕੀਤਾ।

ਸ੍ਰੀ ਗੁਰੂ ਰਾਮਦਾਸ ਜੀ ਦੀ ਚਲਾਈ ਮਰਯਾਦਾ ਅਨੁਸਾਰ ਅਨੰਦ ਕਾਰਜ ਕੀਤੇ। ਸਤਿਗੁਰੂ ਜੀ ਨੇ ਅਰਦਾਸ ਕਰ ਕੇ ਅਨੰਦ ਕਾਰਜ ਸ਼ੁਰੂ ਕਰਨ ਲਈ ਹੁਕਮ ਕੀਤਾ। ਗੁਰਪੁਰ ਪ੍ਰਕਾਸ਼ ਅਨੁਸਾਰ ਇਹ ਅਨੰਦ ਕਾਰਜ ਦੀ ਮਰਯਾਦਾ ਸਾਰੀ ਬਾਬਾ ਬੁੱਢਾ ਜੀ ਨੇ ਨਿਭਾਈ। ਅਰਦਾਸ ਕਰਨੀ ਅਤੇ ਲਾਵਾਂ ਦਾ ਪਾਠ ਤੇ ਸ਼ੁੱਭ ਸਿੱਖਿਆ, "ਗੁਰੂ ਨਾਨਕ ਦਿਸ ਤੇ ਉਪਦੇਸਾ॥" ਬਾਬਾ ਜੀ ਨੇ ਦਿੱਤੀ ਸੀ। 'ਬ੍ਰਿਧ ਜੀ ਸੰਗ ਸ੍ਰੀ ਗੁਰੂ ਅਲਾਯੋ' (ਅਥਵਾ) ਉਠੋ ਆਪ ਅਬ ਮੋਦ ਬਖਾਇ। ਹਰਿਗੋਬਿੰਦ ਜੀ ਪਠੋ ਬਿਆਇ॥

**ਸਤਿ ਬਚਨ ਭਾਈ ਕਹਿ ਖਰਯੋ॥ ਸਤਿਗੁਰ ਸਿਮਰ ਬੇਨਤੀ ਕਰਯੋ॥ 4॥**
**ਗ੍ਰੰਥ ਸਾਹਿਬ ਕੇ ਅਗ੍ਰ ਤਦਾਇ॥ ਸ੍ਰੀ ਹਰਿਗੋਬਿੰਦ ਜੀ ਬੈਠਾਇ॥ 5॥**
**ਨਰਾਇਣ ਦਾਸ ਸੁਤਾ ਦਿਸ ਬਾਈ॥ ਬਠਲਾਈ ਬਹੁ ਸੋਭਾ ਪਾਈ॥**
**ਸ੍ਰੀ ਹਰਿ ਗੋਬਿੰਦ ਸੇਂ ਪੁਨ ਰਰਯੋ॥ ਇਹੋ ਅਰਧੰਗੀ ਅਪਨ ਬਿਰਚਯੋ॥ 9॥**
**ਇਸ ਕੌ ਸ਼ਰਮ ਪਯੋ ਗਰ ਤੋਰੇ॥ ਰਛਯਾ ਕਰਨੀ ਸਭਹਨ ਠੌਰੇ॥**
**ਇਸਤ੍ਰੀ ਬ੍ਰਤ ਕਾ ਕਰੋ ਨ੍ਰਿਬਾਹਾ॥ ਦੂਲਹਨ ਕੌ ਪੁਨ ਕਹਿ ਇਹ ਭਾਹਾ॥ ੧0॥**

ਬਾਬਾ ਬੁੱਢਾ ਜੀ ਵਲੋਂ ਜਗਤ ਮਾਤਾ ਦਮੋਦਰੀ ਜੀ ਨੂੰ— "ਗੁਰੂ ਨਾਨਕ ਦਿਸ ਤੇ ਉਪਦੇਸਾ ਸ਼ੁਭ ਸਿਖਿਆ" :

**ਹੇ ਬੀਬੀ ਇਹ ਤਵ ਸਿਰਤਾਜ॥ ਸ੍ਰੀ ਹਰਿ ਗੋਬਿੰਦ ਜੀ ਮਹਾਰਾਜ॥**
**ਸਦ ਆਇਸ ਇਨ ਕੀ ਸਿਰ ਧਾਰੋ॥ ਨਹਿ ਪ੍ਰਕੂਲ ਭੂਲ ਪਗ ਧਾਰੋ॥ ੧੧॥**
**ਧਰਮ ਪਤੀਬ੍ਰਤ ਸਦ ਨਿਰਬਾਹੋ॥ ਭੁਕਤ ਮੁਕਤ ਇਸ ਤੇ ਪਾਹੋ॥**

**ਬੈਠੇ ਤਾਬਯਾ ਗ੍ਰੰਥਹਿ ਭਾਈ॥ ਪਠੀ ਲਾਵ ਪ੍ਰਿਥਮੈ ਸੁਖਦਾਈ॥**
**ਸੋਈ ਲਾਂਵ ਪੁਨ ਰਾਗੀ ਗਾਵੈ॥ ਸ੍ਰੀ ਹਰਿਗੋਬਿੰਦ ਕਦਮ ਉਠਾਵੈ॥**
**ਪਾਛੈ ਸ੍ਰੀ ਦਮੋਦਰੀ ਜਾਵੈ॥**
**ਜੁਗਮ ਤ੍ਰਿਤੀ ਚਤ੍ਰਥੀ ਫਿਰੇ॥ ਕਰ ਬੰਦਨ ਇਕ ਆਸਨ ਥਿਰੇ॥**
**ਰਾਗਿਨ ਅਸ ਬਿਧ ਸਬਦ ਅਲਾਯੋ॥ ਬਾਬਲ ਬਿਆਹ ਗੁਰਮੁਖ ਵਰ ਪਾਯੋ॥ ੧੭॥**
**ਪਠ ਅਨੰਦ ਅਰਦਾਸਾ ਭਯੋ॥ ਬਟਯੋ ਤਿਹਾਵਲ ਸਭ ਤਬ ਲਯੋ॥**

(ਸ੍ਰੀ ਗੁਰਪੁਰ ਪ੍ਰਕਾਸ਼)

ਮਾਤਾ ਦਮੋਦਰੀ ਜੀ ਦੇ ਘਰ ਗੁਰੂ ਕੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ, ਸਪੁੱਤਰੀ ਬੀਬੀ ਵੀਰੋ ਜੀ ਅਤੇ ਸਾਹਿਬਜ਼ਾਦਾ ਬਾਬਾ ਅਣੀਰਾਏ ਜੀ ਹੋਏ ਅਤੇ ਬਾਬਾ ਗੁਰਦਿੱਤਾ ਜੀ ਦਾ ਜਨਮ ਕੱਤਕ ਸੁਦੀ ੧੫, ਸੰਮਤ ੧੬੭੨ ਬਿ. ਨੂੰ ਨਗਰ ਡਰੌਲੀ ਭਾਈ ਕੀ ਵਿਖੇ ਹੋਇਆ। ਛੇਵੇਂ ਗੁਰੂ ਦੀ ਆਗਿਆ ਨਾਲ ਬਾਬਾ ਗੁਰਦਿੱਤਾ ਜੀ ਬਾਬਾ ਸਿਰੀ ਚੰਦ ਜੀ ਨੂੰ ਦੇ ਦਿੱਤੇ। ਬੀਬੀ ਵੀਰੋ ਜੀ ਦਾ ਜਨਮ ੧੬੭੨ ਬਿ. ਨੂੰ ਅੰਮ੍ਰਿਤਸਰ ਵਿਚ ਹੋਇਆ ਸੀ ਅਤੇ ਬਾਬਾ ਅਣੀਰਾਏ ਜੀ ਦਾ ਜਨਮ ੧੬੭੫ ਬਿ. ਨੂੰ ਅੰਮ੍ਰਿਤਸਰ ਵਿਚ ਹੋਇਆ ਸੀ। ਅਣੀਰਾਏ ਨੇ ਵਿਆਹ ਨਹੀਂ ਕਰਾਇਆ। ਉਹ ਹਰ ਸਮੇਂ ਸਿਮਰਨ ਵਿਚ ਲੀਨ ਰਹਿੰਦੇ ਸਨ। ਆਪ ਜੀ ਦਾ ਦੇਹਾਂਤ ੧੬੯੨ ਬਿ. ਨੂੰ ਕੀਰਤਪੁਰ ਵਿਚ ਹੋਇਆ। ਮਾਤਾ ਦਮੋਦਰੀ ਜੀ ਦਾ ਦੇਹਾਂਤ ੧੧ ਮਘਰ, ੧੬੮੮ ਬਿ. ਨੂੰ ਡਰੌਲੀ ਵਿਚ ਹੋਇਆ।

ਬਿਲਾਵਲੁ ਮਹਲਾ 5 ਛੰਤ
ੴ ਸਤਿਗੁਰ ਪ੍ਰਸਾਦਿ॥

ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥ ੧ ॥ ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥ ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥ ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥ ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ

ਅਗਮ ਅਥਾਹਾ ॥ 2 ॥ ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ ॥ ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ ॥ ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥ ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥ 3 ॥ ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥ ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥ ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥ 4 ॥ ੧ ॥

ਪਦ ਅਰਥ :- ਚਾਇਆ=ਚਾਉ, ਉਤਸ਼ਾਹ। ਪੂਰਨ ਪਤੇ=ਪੂਰਨ ਪ੍ਰਭੂ ਪਤੀ (ਪਰਮੇਸ਼ਰ)। ਮੋਹਿ=ਮੈਨੂੰ। ਠਾਢੀ=ਖੜੀ ਹੋ ਕੇ। ਕਰਉ=ਮੈਂ ਕਰਾਂ। ਬਿਨਵੰਤਿ=ਬੇਨਤੀ ਕਰਦਾ ਹੈ। ਸਮਾਹੜਾ=ਉਮਾਹ, ਪ੍ਰਸੰਨ, ਅਨੰਦ ਸਹਿਤ। ਵਿਸਾਹਾ=ਖ਼ਰੀਦਿਆ। ਖੋਜੀ=ਖੋਜਣ ਵਾਲਿਆਂ ਨੇ। ਖੋਜਿ ਲਧਾ=ਖੋਜ ਕੇ ਲੱਭਿਆ। ਕਥਹਿ=ਕਥਨ ਕਰਦੇ ਹਨ। ਪਹਿ=ਪਾਸ। ਲਾਹਾ=ਲਾਭ। ਸਾਹਾ=ਵਿਆਹ ਦਾ ਦਿਨ। ਅਟਲ=ਜੋ ਟਲਣ ਵਾਲਾ ਨਾ ਹੋਵੇ। ਸੰਜੋਗੋ=ਮਿਲਾਪ। ਸੁਖਹ ਸਮੂਹ=ਸੁਖਾਂ ਦਾ ਸੰਗ੍ਰਹਿ। ਵਿਜੋਗੋ=ਵਿਛੋੜਾ। ਇਕਤ੍ਰ=ਇਕੱਠੇ। ਢੋਏ=ਢੁਕੇ (ਜਾਂਞੀ ਬਣ ਕੇ)। ਮਾਞੀਆ=ਲੜਕੀ ਦੇ ਸੰਬੰਧੀਆਂ ਦੇ ਮੇਲੀ। ਓਤਿ ਪੋਤੀ=ਤਾਣੇ ਪੇਟੇ ਵਾਂਗ। ਜੋਗੋ=ਜੋਗ ਸਮਰੱਥ।

## ਬਿਲਾਵਲੁ ਮਹਲਾ 5 ਛੰਤ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਲਾਵਲੁ ਰਾਗ ਵਿਚ ਛੰਤ ਦੇ ਰੂਪ ਵਿਚ ਇਹ ਸ਼ਬਦ ਉਚਾਰਨ ਕੀਤਾ ਹੈ। ਛੰਤ ਤੋਂ ਭਾਵ ਕਵਿਤਾ, ਕਾਵਿ ਦੀ ਕੋਈ ਰਚਨਾ, ਅਥਵਾ ਹਰੀ-ਜਸ ਦੇ ਗੀਤ।

ਲੋਕ-ਸਾਹਿਤ ਵਿਚ ਇਸਤਰੀਆਂ ਦੇ ਵਿਸ਼ੇਸ਼ ਗਾਏ ਹੋਏ ਕਿਸਮ ਦੇ ਪ੍ਰੇਮ-ਗੀਤਾਂ ਨੂੰ 'ਛੰਤ' ਕਿਹਾ ਜਾਂਦਾ ਹੈ। ਭਾਵੇਂ ਇਹ 'ਛੰਦ' ਦਾ ਹੀ ਬਦਲਿਆ ਰੂਪ ਹੈ, ਪਰ ਇਹ ਕਾਵਿ ਰੂਪ ਇਸ ਤੋਂ ਭਿੰਨ ਚੀਜ਼ ਹੈ। ਇਹ ਲੰਮੀ ਹੇਕ ਨਾਲ ਗਾਏ ਜਾਂਦੇ ਹਨ ਤੇ ਇਹਨਾਂ ਦੇ ਅੰਤ ਵਿਚ ਰਾਮ, ਰਾਮਰਾਜੇ ਜਾਂ ਬਲਿਰਾਮ ਜੀਉ ਆਦਿ ਵੀ ਅਲਾਪਿਆ ਜਾਂਦਾ ਹੈ। ਇਸ ਤਰ੍ਹਾਂ ਦੇ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਦੁਆਰਾ ਰਚਿਤ ਵੱਖ-ਵੱਖ ਰਾਗਾਂ ਵਿਚ ਉਚਾਰਨ ਕੀਤੇ ਹੋਏ ਮਿਲਦੇ ਹਨ।

ਗੁਰੂਆਂ ਨੇ ਕੇਵਲ ਲੋਕ-ਕਾਵਿ ਰੂਪ ਨੂੰ ਹੀ ਨਹੀਂ ਅਪਣਾਇਆ, ਸਗੋਂ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਅਤੇ ਪ੍ਰਭੂ ਪ੍ਰਮਾਤਮਾ ਨੂੰ ਪਤੀ ਰੂਪ ਵਿਚ ਕਥਨ ਕਰਦਿਆਂ ਦਰਸ਼ਨ, ਲੋਚਾ, ਵਿਆਹ, ਜੰਞ, ਪ੍ਰਭੂ-ਪਤੀ ਦੇ ਮਿਲਾਪ ਆਦਿ ਰਾਹੀਂ ਉਚਾਰਨ ਕੀਤਾ ਹੈ। ਪ੍ਰਭੂ-ਪ੍ਰੀਤ ਤੋਂ ਇਲਾਵਾ ਹੋਰ ਅਧਿਆਤਮਿਕ ਗਿਆਨ ਵਿਚਾਰ ਲਈ ਵੀ ਇਸ ਦੀ ਵਰਤੋਂ ਹੋਈ ਹੈ। ਰੂਪਕ ਦ੍ਰਿਸ਼ਟੀ ਤੋਂ ਹਰ ਛੰਤ ਵਿਚ ਚਾਰ ਬੰਦ ਹੁੰਦੇ ਹਨ। ਕਿਤੇ ਵਧ ਵੀ ਹੁੰਦੇ ਹਨ ਤੇ ਹਰ ਬੰਦ ਵਿਚ ਚਾਰ *ਯਾ ਛੇ* ਤੁਕਾਂ ਹੁੰਦੀਆਂ ਹਨ। ਸੰਗੀਤਾਮਕਤਾ ਇਸ ਦਾ ਪ੍ਰਧਾਨ ਗੁਣ ਹੈ। ਪ੍ਰਮਾਣ ਵਜੋਂ :

**ਯਥਾ—ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ॥**
**ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ॥**

(ਆਸਾ ਮ: ੧, ਅੰਗ 435-36)

੧=ਇਕ ਅਦੁੱਤੀ ਬ੍ਰਹਮ ਓ =ਸਰਬ ਦਾ ਪ੍ਰਕਾਸ਼ਕ ਸਤਿ=ਤਿੰਨ ਕਾਲ ਸਤਿ ਸਰੂਪ ਗੁਰਿ=ਚੇਤਨ ਪ੍ਰਸਾਦਿ=ਅਨੰਦ ਸਰੂਪ, ਉਹ ਸਤ, ਚੇਤੰਨ, ਅਨੰਦ ਸਰੂਪ ਗੁਰੂ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

ਅਰਥ :- (ਹੇ ਭਾਈ ! ਜਦੋਂ ਮੈਂ) ਆਪਣੇ ਪ੍ਰਭੂ (ਦੇ ਜਸ ਰੂਪ ਗੁਣਾਂ ਦਾ) ਗਾਇਨ (ਕੀਰਤਨ) ਕੀਤਾ, (ਉਦੋਂ) ਮੰਗਲ ਦਾ ਸਾਜੁ=ਸਮੁਦਾਆ ਪ੍ਰਾਪਤ ਹੋਇਆ ਹੈ। (ਜਦੋਂ) ਸੁਣਿਆ ਕਿ ਪਤੀ ਨਾਸ਼ ਤੋਂ ਰਹਿਤ ਹੈ (ਤਾਂ ਉਸ ਪ੍ਰਭੂ-ਪਤੀ ਦੀ ਪ੍ਰਾਪਤੀ ਲਈ) ਮਨ ਵਿਚ (ਹੋਰ) ਚਾਉ ਪੈਦਾ ਹੋਇਆ। ਵੱਡੇ ਭਾਗਾਂ ਨਾਲ ਮਨ ਵਿਚ ਪ੍ਰਭੂ-ਪਤੀ ਦੀ ਪ੍ਰੀਤ ਲੱਗਦੀ ਹੈ (ਅਤੇ ਦਿਲ ਚੋਂ ਉਮੰਗ ਉਠਦੀ ਹੈ, ਚਿਤ ਕਰਦਾ ਹੈ ਕਿ ਉਸ) ਪੂਰਨ ਪ੍ਰਭੂ-ਪਤੀ (ਪਰਮਾਤਮਾ) ਨੂੰ ਕਦੋਂ ਮਿਲੀਏ ? ਤੇ ਕਿਸ ਤਰ੍ਹਾਂ ਮਿਲਣਾ ਕਰੀਏ। ਹੇ ਸਖੀਏ ! ਮੈਨੂੰ (ਅਜਿਹੀ) ਮਤਿ ਦਿਓ (ਜਿਸ ਨਾਲ) ਸਹਿਜ (ਅਵਸਥਾ) ਵਿਚ ਸਮਾਅ ਜਾਈਏ (ਅਤੇ) ਗੋਵਿੰਦ (ਪ੍ਰਭੂ-ਪਤੀ) ਨੂੰ ਪਾ ਲਈਏ। (ਮੈਂ) ਦਿਨ, ਰਾਤ ਖੜੀ ਹੋ ਕੇ (ਤੇਰੀ ਤੇ ਪ੍ਰਭੂ-ਪਤੀ ਦੀ) ਸੇਵਾ ਕਰਦੀ ਰਹਾਂਗੀ, (ਪਰ ਦੱਸ ਕਿ ਤੂੰ ਉਸ) ਪ੍ਰਭੂ-ਪਤੀ ਨੂੰ ਕਿਹੜੀ ਜੁਗਤੀ ਨਾਲ ਪਾਇਆ ਹੈ ? ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਸਖੀ ਇਉਂ) ਬੇਨਤੀ ਕਰਦੀ ਹੈ ਕਿ (ਹੇ ਪ੍ਰਭੂ-ਪਤੀ ! ਮੇਰੇ 'ਤੇ) ਕਿਰਪਾ ਕਰੋ, ਮੈਨੂੰ ਆਪਣੇ ਲੜ (ਪਲੇ) ਲਾ ਲਵੋ ਜੀ।੧।

(ਹੇ ਭਾਈ ! ਜਿਸ ਨੇ) ਹਰੀ ਦਾ ਰਤਨ ਰੂਪ (ਨਾਮ) ਵਿਸਾਹਾ=ਖ਼ਰੀਦਿਆ ਹੈ, (ਉਸ ਨੂੰ) ਬਹੁਤ ਅਨੰਦ ਪ੍ਰਾਪਤ ਹੋਇਆ ਹੈ। ਖੋਜੀਆਂ ਨੇ ਖੋਜ ਕੇ (ਉਸ ਹਰੀ ਰਤਨ ਦਾ ਖੋਜ) ਲੱਭਿਆ, (ਉਨ੍ਹਾਂ ਦੱਸਿਆ ਕਿ ਉਹ ਨਾਮ ਰਤਨ) ਹਰੀ ਦੇ ਸੰਤਾਂ ਪਾਸ ਹੈ। ਸੰਤ ਪਿਆਰੇ ਦਇਆ ਧਾਰ ਕੇ (ਜਦੋਂ) ਮਿਲ ਪੈਂਦੇ ਹਨ (ਤਦੋਂ ਓਹ) ਅਕਥ ਪ੍ਰਭੂ ਦੇ (ਗੁਣ) ਕਥਨ ਕਰਦੇ ਹਨ। (ਹੇ ਸਖੀ ! ਤੂੰ) ਸੁਆਮੀ ਨੂੰ ਇਕ ਮਨ ਇਕ ਚਿਤ ਹੋ ਕੇ ਪ੍ਰੀਤ ਲਾ ਕੇ ਪਿਆਰੇ ਪ੍ਰਭੂ ਨੂੰ ਧਿਆਈਂ। ਹੱਥ ਜੋੜ ਕੇ ਪ੍ਰਭੂ ਪਾਸ ਬੇਨਤੀ ਕਰੀਂ ਕਿ ਹਰੀ ਦਾ ਜਸ ਕਰਨ ਰੂਪੀ ਲਾਭ ਪ੍ਰਾਪਤ ਹੋਵੇ। ਨਾਨਕ ਗੁਰੂ ਜੀ ਬੇਨਤੀ ਪੂਰਬਕ ਉਚਾਰਨ ਕਰਦੇ ਹਨ ਕਿ ਮੇਰਾ ਪ੍ਰਭੂ ਅਗਮ ਤੇ ਅਥਾਹ ਹੈ। ਹਜ਼ੂਰ ਕਹਿੰਦੇ ਹਨ, ਮੈਂ ਉਸ ਪ੍ਰਭੂ ਦਾ ਦਾਸ ਹਾਂ।੨।

(ਜੀਵ-ਇਸਤਰੀ ਦਾ ਜੋ) ਪੂਰਨ ਪ੍ਰਭੂ ਰਾਮ ਨਾਲ ਸੰਜੋਗੋ=ਮਿਲਾਪ ਹੋਇਆ ਹੈ, (ਇਹ) ਅਟਲ ਸਾਹਾ ਗਿਣਿਆ ਗਿਆ ਹੈ। (ਇਹ ਸੰਜੋਗ ਦੀ ਸਾਰੀ ਬਰਕਤ ਹੈ ਕਿ) ਸਮੂਹ ਸੁਖਾਂ ਦਾ ਸੰਗ੍ਰਹਿ ਪ੍ਰਾਪਤ ਹੋਇਆ ਹੈ ਅਤੇ ਰਾਮ ਦਾ ਜੋ ਵਿਜੋਗੋ=ਵਿਛੋੜਾ ਸੀ, ਉਹ ਦੂਰ ਹੋ ਗਿਆ ਹੈ। ਪ੍ਰਭੂ ਦੇ ਧਿਆਉਣ ਵਾਲੇ ਜਿਹੜੇ ਸੰਤ ਆ ਕੇ ਮਿਲੇ ਹਨ, ਇਹ ਮਾਨੋ ਉਹ ਅਸਚਰਜ ਜਾਂਞੀ ਬਣ ਗਏ। (ਜਦੋਂ ਸੰਤ) ਮਿਲ ਕੇ ਇਕੱਠੇ ਹੋਏ, ਸਹਜ ਵਿਚ ਢੁਕਾਉ ਕੀਤਾ, (ਉਸ ਵੇਲੇ) ਮਾਂਞੀਆਂ (ਜਗਿਆਸੂ ਸਤਿਸੰਗੀ ਮੇਲੀਆਂ) ਦੇ ਮਨ ਵਿਚ ਪ੍ਰੀਤ ਪੈਦਾ ਹੋਈ। ਮਾਂਞੀਆਂ, ਧੇਤੇ (ਧੀ) ਵਾਲਿਆਂ ਨੂੰ ਮਾਂਞੀ ਕਹਿੰਦੇ ਹਨ। ਜੋਤੀ (ਪਰਮਾਤਮਾ) ਨੂੰ ਮਿਲ ਕੇ (ਜੀਵ ਦੀ ਜੋਤਿ ਪ੍ਰਭੂ ਨਾਲ) ਤਾਣੇ ਪੇਟੇ ਵਾਂਗ ਮਿਲ ਗਈ, (ਇਸ ਤਰ੍ਹਾਂ ਜੀਵ-ਇਸਤਰੀ ਲਈ) ਹਰੀ ਦਾ ਨਾਮ ਸਾਰੇ ਰਸਾਂ ਦਾ ਭੋਗ ਬਣਿਆ (ਜੋ ਉਸ ਨੇ ਭੁੰਚਿਆ)। ਨਾਨਕ (ਗੁਰੂ ਜੀ) ਬੇਨਤੀ ਪੂਰਬਿਕ ਉਚਾਰਨ ਕਰਦੇ ਹਨ ਕਿ (ਪ੍ਰਭੂ) ਕਰਨ ਕਰਾਉਣ ਨੂੰ ਸਮਰੱਥ ਹੈ ਅਤੇ ਸਾਰੀ ਸ੍ਰਿਸ਼ਟੀ ਦੇ ਜੀਵ ਸੰਤ (ਗੁਰੂ) ਨੇ (ਉਸ ਪ੍ਰਭੂ ਨਾਲ) ਮਿਲਾ ਦਿੱਤੇ ਹਨ।੩।

(ਹੇ ਭਾਈ !) ਪ੍ਰਭੂ-ਪਤੀ ਦੇ ਮਿਲਾਪ ਨਾਲ ਮੇਰਾ ਹਿਰਦਾ ਰੂਪੀ ਮੰਦਰ ਸੋਭਨੀਕ ਹੋ ਗਿਆ, ਧਰਤੀ (ਭਾਵ ਸੇਜ) ਵੀ ਭਾਗਾਂ ਵਾਲੀ ਬਣ ਗਈ। ਜਦੋਂ (ਮੈਂ) ਰਾਮ ਰੂਪੀ ਗੁਰੂ ਦੀ ਚਰਨੀਂ ਲੱਗੀ ਤਾਂ ਪ੍ਰਭੂ (ਹਿਰਦੇ ਰੂਪੀ) ਘਰ ਵਿਚ ਆ ਗਿਆ। ਗੁਰੂ ਦੇ ਚਰਨਾਂ ਨਾਲ ਲੱਗੀ ਸਹਜਿ (ਭਾਵ ਗਿਆਨ ਅਵਸਥਾ) ਵਿਚ ਜਾਗ ਪਈ, (ਮੇਰੀਆਂ) ਸਾਰੀਆਂ ਇੱਛਾਵਾਂ ਪੂਰਨ ਹੋ ਗਈਆਂ। ਸੰਤ (ਗੁਰੂ ਦੇ ਚਰਨਾਂ) ਦੀ ਧੂੜ ਲੈ ਕੇ ਮੇਰੀ ਆਸ ਪੂਰੀ ਹੋ ਗਈ, ਵਿਛੁੜੇ ਹੋਏ ਹਰੀ ਪ੍ਰਭੂ-ਪਤੀ ਜੀ ਮਿਲ ਪਏ। (ਹੁਣ) ਦਿਨ ਰਾਤ ਇਕ ਰਸ (ਆਤਮਿਕ) ਅਨੰਦ ਦੇ ਵਾਜੇ ਵਜਦੇ ਹਨ, (ਮੈਂ) ਹੰਕਾਰ ਵਾਲੀ ਮਨ ਦੀ ਖੋਟੀ ਮਤ ਤਿਆਗ ਦਿੱਤੀ ਹੈ। ਨਾਨਕ (ਗੁਰੂ ਜੀ) ਬੇਨਤੀ ਪੂਰਬਕਿ ਉਚਾਰਨ ਕਰਦੇ ਹਨ ਕਿ ਸੰਤਾਂ ਦੀ ਸੰਗਤ ਵਿਚ ਮਿਲ ਕੇ (ਉਸ) ਸੁਆਮੀ (ਮਾਲਕ ਪਤੀ) ਨਾਲ (ਮੇਰੀ) ਬਿਰਤੀ ਜੁੜ ਗਈ।੪।੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧94 (ਆਦਿ ਅੰਗ 847)

## ਬਿਲਾਵਲੁ ਮਹਲਾ 5 ਛੰਤ ਮੰਗਲ

ੴ ਸਤਿਗੁਰ ਪ੍ਰਸਾਦਿ ॥ ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥ ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥ ੧ ॥ ਛੰਤ ॥ ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥ ਮਾਨਨਿ ਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ॥ ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ॥ ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ ॥ ੧ ॥ ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ ॥ ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ ॥ ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ ॥ ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ ॥ 2 ॥ ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥ ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥ ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥ ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ ॥ 3 ॥ ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ ॥ ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ ॥ ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ ॥ ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ ॥ 4 ॥ ੧ ॥ 4 ॥

## ਪ੍ਰਾਕ੍ਥਨ :-

ਬਿਲਾਵਲੁ ਰਾਗੁ ਅੰਦਰ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਸੱਚ ਦੇ ਸੂਰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਦਿ ਵਿਚ ਗੁਰਦੇਵ ਨੇ ਉਸ ਪ੍ਰਭੂ ਨੂੰ ਸੁੰਦਰ ਸਰੂਪ, ਸ਼ਾਂਤੀ ਅਤੇ ਸਾਰੇ ਸੁਖਾਂ ਦਾ ਖ਼ਜ਼ਾਨਾ ਦਰਸਾਇਆ ਹੈ।

## ਵਿਸ਼ਾ — ਨਾਨਕ ਸੁਖੀ ਹੋਤ ਇਹੁ ਜੀਉ

ਪਿਆਸੇ ਮਿਰਗ ਦੀ ਪਿਆਸ ਤਾਂ ਹੀ ਬੁਝੇਗੀ ਜੇ ਮਿਰਗ ਪਾਣੀ ਦੇ ਖ਼ਜ਼ਾਨੇ — ਸਮੁੰਦਰ, ਦਰਿਆ, ਨਹਿਰ ਆਦਿ ਦੇ ਪਾਸ ਜਾਵੇ। ਸੁਖ ਦੀ ਦੌੜ ਵਿਚ ਲੱਗੇ ਹੋਏ ਮਨੁੱਖ ਨੂੰ ਸਦੀਵੀ ਸੁਖ ਤਾਂ ਹੀ ਪ੍ਰਾਪਤ ਹੋਵੇਗਾ, ਜੇਕਰ ਮਨੁੱਖ ਸੁਖਾਂ ਦੇ ਸਾਗਰ ਪ੍ਰਭੂ-ਪ੍ਰਮਾਤਮਾ ਨਾਲ ਜੁੜੇ, ਪਰ ਪਿਆਸੇ ਮਿਰਗ ਦੀ ਤਰ੍ਹਾਂ ਇਹ ਪ੍ਰਮਾਤਮਾ ਨੂੰ ਭੁੱਲ ਕੇ ਸੁਖ ਲਈ ਭਟਕਦਾ ਫਿਰਦਾ ਹੈ।

ਸੰਸਾਰ ਦੇ ਅੰਦਰ ਹਰ ਇਕ ਮਨੁੱਖ ਸੁੱਖ ਦੀ ਪ੍ਰਾਪਤੀ ਲਈ ਦੌੜ ਵਿਚ ਹੈ। ਦੁੱਖ ਵਿਚ ਘਿਰਿਆ ਹੋਇਆ ਸੰਸਾਰੀ ਮਨੁੱਖ ਸੁੱਖ ਦੀ ਪ੍ਰਾਪਤੀ ਕਰਕੇ ਦੁੱਖ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ, ਪਰ ਸੁੱਖ ਤੇ ਦੁੱਖ ਮਨੁੱਖੀ ਜੀਵਨ ਦੇ ਅਨਿੱਖੜਵੇਂ ਅੰਗ ਹਨ ਜਾਂ ਇਸ ਤਰ੍ਹਾਂ ਕਹਿ ਲਉ ਕਿ ਮਨੁੱਖੀ ਜੀਵਨ ਖ਼ੁਸ਼ੀਆਂ ਤੇ ਗ਼ਮੀਆਂ ਦਾ ਸੁਮੇਲ ਹੈ। ਕਿਸੇ ਨੂੰ ਸੁੱਖ ਬਹੁਤੇ ਹਨ ਅਤੇ ਦੁੱਖ ਥੋੜ੍ਹੇ। ਕਿਸੇ ਨੂੰ ਦੁੱਖ ਵਧੇਰੇ ਹਨ ਅਤੇ ਸੁੱਖ ਘੱਟ ਹਨ, ਪਰ ਮਨੁੱਖ ਸਦਾ ਸੁੱਖ ਹੀ ਚਾਹੁੰਦਾ ਹੈ।

ਗੁਰਦੇਵ ਦਾ ਫ਼ੁਰਮਾਨ ਹੈ :-

**ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥** (ਅੰਗ 57)

ਸੁੱਖ ਦੀ ਪ੍ਰਾਪਤੀ ਵਾਸਤੇ ਮਨੁੱਖ ਥਾਂ ਪਰ ਥਾਂ ਜਾ ਕੇ ਦੂਜਿਆਂ ਦੀਆਂ ਖ਼ੁਸ਼ਾਮਦਾਂ ਕਰਦਾ ਹੈ। ਇਹ ਭਰਮ ਵਿਚ ਪਿਆ ਹੋਇਆ ਇਸ ਤਰ੍ਹਾਂ ਦੇ ਸੁੱਖ ਦੀ ਦੌੜ ਵਿਚ ਹੈ, ਜਿਸ ਕਰਕੇ ਇਸ ਨੂੰ ਸੁੱਖ ਦੀ ਬਜਾਇ ਦੁੱਖ ਹੀ ਮਿਲਦਾ ਹੈ। ਪਰਮੇਸ਼ਰ ਨੂੰ ਭੁੱਲ ਕੇ ਮਨੁੱਖ ਕੁੱਤੇ ਦੀ ਤਰ੍ਹਾਂ ਦਰ-ਦਰ 'ਤੇ ਭਟਕਦਾ ਫਿਰਦਾ ਹੈ। ਜਿਨ੍ਹਾਂ ਨੂੰ ਇਹ ਅਸਲ ਸੁੱਖ ਪ੍ਰਾਪਤ ਹੋਣਾ ਹੈ, ਉਹ ਇਸ ਗ਼ਾਫ਼ਲ ਮਨੁੱਖ ਨੂੰ ਚਿਤ ਚੇਤੇ ਵੀ ਨਹੀਂ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੁੰਦਰ ਫ਼ੁਰਮਾਨ ਹੈ :

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥**

(ਅੰਗ 411)

ਅਗਿਆਨੀ ਮਨੁੱਖ ਧਨ ਦੌਲਤ, ਦੁਨਿਆਵੀ ਰਸਾਂ ਕਸਾਂ ਅਤੇ ਰੰਗ ਤਮਾਸ਼ਿਆਂ ਨੂੰ ਹੀ ਸੁੱਖਾਂ ਦਾ

ਸਾਧਨ ਸਮਝੀ ਬੈਠਾ ਹੈ, ਇਹ ਤਾਂ ਬਹੁਤ ਚਿਰ ਰਹਿਣ ਵਾਲੇ ਦੁਨਿਆਵੀ ਸੁੱਖ ਤੁੱਛ ਹਨ। ਦੁਨਿਆਵੀ ਪਦਾਰਥ ਅਤੇ ਇਹਨਾਂ ਨੂੰ ਭੋਗਣ ਵਾਲੇ ਵੀ ਸਭ ਚਲਾਏਮਾਨ ਹਨ। ਭਾਵ ਸਭ ਕੁਝ ਨਾਸ਼ਵੰਤ ਹੈ। ਅਸਲ ਵਿਚ ਸਾਰੇ ਸੁੱਖਾਂ ਦਾ ਭੰਡਾਰ ਤਾਂ ਪ੍ਰਮਾਤਮਾ ਦਾ ਨਾਮ ਹੈ :

**ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥**
**ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥**

**(ਅੰਗ ੧੧47)**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦਾ ਵੀ ਫ਼ੁਰਮਾਨ ਹੈ :

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥** (ਅੰਗ ੧428)

ਸੁੱਖ ਦੀ ਪ੍ਰਾਪਤੀ ਵਾਸਤੇ ਮਨੁੱਖ ਕੀ ਕੁਝ ਨਹੀਂ ਕਰਦਾ। ਇਥੋਂ ਤੱਕ ਕਿ ਨੈਤਿਕ ਕਦਰਾਂ ਕੀਮਤਾਂ ਨੂੰ ਇਕ ਪਾਸੇ ਰੱਖ ਕੇ ਸੁੱਖ ਲਈ ਝੂਠ ਬੋਲਦਾ ਹੈ। ਦੂਜਿਆਂ ਦੇ ਹੱਕ ਮਾਰਦਾ ਹੈ। ਹੇਰਾ-ਫੇਰੀਆਂ ਕਰਦਾ ਹੈ। ਧਨ ਦੀ ਇਕੱਤਰਤਾ ਵਿਚ ਸੁੱਖ ਸਮਝ ਕੇ ਧਨ ਇਕੱਠਾ ਕਰਨ ਲਈ ਦਿਨ ਰਾਤ ਭੱਜਿਆ ਫਿਰਦਾ ਹੈ। ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਨ ਹੈ :

**ਬਹੁ ਪਰਪੰਚੁ ਕਰਿ ਪਰ ਧਨੁ ਲਿਆਵੈ॥**
**ਸੁਤ ਦਾਰਾ ਪਹਿ ਆਨ ਲੁਟਾਵੈ॥ ੧॥**
**ਮਨ ਮੇਰੇ ਭੂਲੇ ਕਪਟੁ ਨ ਕੀਜੈ॥**
**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧॥ ਰਹਾਉ॥** (ਅੰਗ 656)

**ਦ੍ਰਿਸਟਿ ਮਹਿ ਦਰਸ ਦਰਸ ਮਹਿ ਦ੍ਰਿਸਟਿ ਦ੍ਰਿਗ,**
**ਦ੍ਰਿਸਟਿ ਦਰਸ ਅਦਰਸ ਗੁਰ ਧਿਆਨ ਹੈ॥**
**ਸਬਦ ਮਹਿ ਸੁਰਤਿ, ਸੁਰਤਿ ਮਹਿ ਸਬਦ ਧੁਨਿ,**
**ਸਬਦ ਸੁਰਤਿ ਅਗਮਿਤਿ ਗੁਰ ਗਿਆਨ ਹੈ॥**
**ਗਿਆਨ ਧਿਆਨ ਕਰਨੀ ਕੈ ਪ੍ਰਗਟਤ ਪ੍ਰੇਮ ਰਸੁ,**
**ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ॥**
**ਪਿੰਡ ਪ੍ਰਾਨ ਪ੍ਰਾਨਪਤਿ ਬੀਸ ਕੌ ਬਰਤਮਾਨ,**
**ਗੁਰਮੁਖਿ ਸੁਖ ਇਕ-ਈਸ ਮੌ ਨਿਧਾਨ ਹੈ॥ 45॥**

(ਕੱਬਿਤ ਸਵੱਯੇ, ਭਾ: ਗੁਰਦਾਸ ਜੀ)

ਸੁੱਖਾਂ ਦਾ ਕੇਂਦਰ ਪ੍ਰਭੂ ਪ੍ਰਮਾਤਮਾ ਹੈ। ਜਦ ਤੱਕ ਉਸ ਪ੍ਰਭੂ ਪ੍ਰਮਾਤਮਾ ਨਾਲ ਨਾ ਜੁੜੀਏ, ਸੁੱਖਾਂ ਦਾ ਨਸੀਬ ਹੋਣਾ ਮੁਸ਼ਕਿਲ ਹੈ। ਸੋ ਉਸ ਪ੍ਰਭੂ ਦਾ ਮਿਲਣਾ ਹੀ ਸੁੱਖਾਂ ਦਾ ਮਿਲਣਾ ਹੈ। ਉਸ ਨੂੰ ਭੁੱਲਣਾ ਹੀ ਮਹਾਨ

ਦੁੱਖ ਵਿਚ ਘਿਰਣਾ ਹੈ। ਭਾਈ ਸਾਹਿਬ ਭਾਈ ਨੰਦ ਲਾਲ ਗੋਯਾ ਜੀ ਦਾ ਕਥਨ ਹੈ :

**ਗ਼ਮ ਦੇ ਬਾਸ਼ਦ ਗ਼ਫਲਤ ਅਜ਼ ਯਾਦੇ ਖ਼ੁਦਾ॥**
**ਚੀਸਤ ਸ਼ਾਦੀ-ਯਾਦ ਆ ਬ ਮੁੰਤਹਾ॥**

(ਭਾਈ ਨੰਦ ਲਾਲ ਗੋਯਾ)

ਉਸ ਸੁਖ-ਸਾਗਰ ਦੀ ਪ੍ਰਾਪਤੀ ਕਰਕੇ ਪ੍ਰਾਣੀ ਦੀ ਪੂਰਨ ਤੌਰ 'ਤੇ ਪ੍ਰਭੂ ਚਰਨਾਂ ਵਿਚ ਲਿਵ ਜੁੜ ਜਾਂਦੀ ਹੈ ਅਤੇ ਮਨੁੱਖ ਦੇ ਸਾਰੇ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਹੈ। ਜੀਵਨ ਵਿਚ ਸੁੱਖ ਤੇ ਅਨੰਦ ਆ ਵੱਸਦਾ ਹੈ। ਹਰ ਥਾਂ ਉਸ ਨੂੰ ਸਾਰਿਆਂ ਵਿਚ ਪੂਰਨ ਵਿਆਪਕ ਪ੍ਰਭੂ ਹੀ ਦਿੱਸਦਾ ਹੈ। ਉਸ ਨੂੰ ਕੋਈ ਬੁਰਾ ਨਹੀਂ ਦਿੱਸਦਾ, ਸਭ ਭਲੇ ਹੀ ਨਜ਼ਰ ਆਉਂਦੇ ਹਨ। ਕਦੇ ਹਾਰ ਨਹੀਂ ਹੁੰਦੀ, ਸਦਾ ਜਿੱਤ ਹੀ ਹੁੰਦੀ ਹੈ :

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥** (ਅੰਗ ੧302)

## ਸਾਖੀ—ਸੁਖ ਸਾਗਰ ਪ੍ਰਭੁ ਭੇਟਿਐ

ਪਰਮ ਕ੍ਰਿਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਕਲਯੁੱਗੀ ਜੀਆਂ ਨੂੰ ਤਾਰਦੇ ਹੋਏ ਭਾਈ ਬਾਲੇ ਅਤੇ ਮਰਦਾਨੇ ਸਮੇਤ ਰਸਤੇ ਵਿਚ ਤੁਰੇ ਜਾ ਰਹੇ ਸਨ ਤਾਂ ਰਸਤੇ ਵਿਚ ਅੱਗੋਂ ਆ ਰਿਹਾ ਇਕ ਮਨੁੱਖ ਛੋਟਾ ਜਿਹਾ ਵਪਾਰੀ ਮਿਲਿਆ, ਜੋ ਮੋਢੇ ਉੱਪਰ ਗਠੜੀ ਚੁੱਕ ਕੇ, ਪਿੰਡਾਂ ਪਿੰਡਾਂ ਵਿਚ ਜਾ ਕੇ ਅਤੇ ਸੌਦਾ ਵੇਚ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਦਾ ਸੀ। ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਗੋਂ ਆਉਂਦਿਆਂ ਵੇਖ ਕੇ ਸਾਧੂ ਜਾਣ ਕਰ ਮਸਤਕ ਝੁਕਾਇਆ। ਹਜ਼ੂਰ ਨੇ ਪੁੱਛਿਆ, ਭਾਈ ਗਠੜੀ ਵਿਚ ਕੀ ਹੈ, ਇਸ ਨੂੰ ਖੋਲ੍ਹ ਕੇ ਵਿਖਾ। ਤਾਂ ਉਸ ਨੇ ਗਠੜੀ ਖੋਲ੍ਹੀ। ਉਸ ਵਿਚ ਕੁਝ ਵੇਚਣ ਵਾਲਾ ਸਾਮਾਨ ਸੀ ਅਤੇ ਤੋਲਣ ਵਾਲੇ ਪੱਥਰ ਦੇ ਵੱਟੇ ਸਨ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਆਏ ਜ਼ਿਕਰ ਅਨੁਸਾਰ ਦੱਸਣ ਲੱਗਿਆ, ਜੀ ਇਹ ਲੂਣ ਹੈ, ਇਹ ਹਲਦੀ ਹੈ ਅਤੇ ਇਹ ਮਿਰਚਾਂ ਹਨ। ਗੁਰਦੇਵ ਨੇ ਗਠੜੀ ਵਿਚੋਂ ਇਕ ਛੋਟਾ ਜਿਹਾ ਪੱਥਰ ਦਾ ਵੱਟਾ ਆਪਣੇ ਕਰ ਕਮਲਾਂ ਅੰਦਰ ਚੁੱਕ ਲਿਆ। ਬਾਕੀ ਪੱਥਰ ਦੇ ਵੱਟੇ ਤੋਲਣ ਵਾਸਤੇ ਗੱਠੜੀ ਵਿਚ ਪਏ ਸਨ। ਵਪਾਰੀ ਨੂੰ ਪਾਤਸ਼ਾਹ ਜੀ ਨੇ ਗਠੜੀ ਵਿਚ ਪਏ ਵੱਟਿਆਂ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਇਹ ਕੀ ਹੈ ? ਤਾਂ ਉਸ ਨੇ ਦੱਸਿਆ, ਜੀ ਇਹ ਸੇਰ ਦਾ ਵੱਟਾ ਹੈ, ਇਹ ਅੱਧ ਸੇਰ ਦਾ, ਆਹ ਪਾਈਆ ਦਾ ਅਤੇ ਆਪ ਜੀ ਦੇ ਹਸਤ ਕਮਲ ਵਾਲਾ ਅੱਧ ਪਾ ਦਾ ਵੱਟਾ ਹੈ। ਹਜ਼ੂਰ ਨੇ ਕਿਹਾ "ਧੰਨ ਇਹ ਪਾਉ ਜਿਨ ਆਪਨਾ ਲਘ ਨਾਮ ਰਖਾਉ॥" ਅਸਾਂ ਤਾਂ ਭਾਈ ਇਹ ਛੋਟਾ ਹੀ ਪੂਜਣ ਯੋਗ ਜਾਣਿਆ ਹੈ ਜਿਸ ਨੇ ਆਪਣਾ ਨਾਮ ਛੋਟਾ ਰਖਾਇਆ ਹੈ। ਇਹ ਬਚਨ ਕਹਿੰਦਿਆਂ ਐਸੀ ਦ੍ਰਿਸ਼ਟੀ ਵਪਾਰੀ ਉੱਪਰ ਪਾਈ ਕਿ ਉਸ ਨੂੰ ਨਦਰੀ ਨਦਰ ਨਿਹਾਲ ਕਰ ਦਿੱਤਾ।

**ਤਤ ਛਿਨ ਖੁਲਿਗੇ ਬਿਕਟ ਕਪਾਟਾ। ਅਦਭੁਤ ਭਯੋ ਅਪਰ ਹੀ ਠਾਟਾ।**
**ਜਗਯੋ ਗਯਾਨ ਦੁਬਿਧਾ ਸਭ ਖੋਈ। ਤੀਨ ਲੋਕ ਕੀ ਸੋਝੀ ਉਰਿ ਹੋਈ॥**

ਇਹ ਵੇਖ ਕੇ ਭਾਈ ਬਾਲੇ ਨੇ ਪੁੱਛਿਆ, ਜੀ, ਇਸ ਨੇ ਨਾ ਕੋਈ ਸੇਵਾ ਕੀਤੀ, ਨਾ ਸਿਮਰਨ, ਸ਼ੀਘਰ ਹੀ ਇਸ ਨੂੰ ਤਾਰ ਦਿੱਤਾ ਹੈ।

**ਇਨ ਵੈਪਾਰੀ ਤਤ ਛਿਨ ਪਾਈ। ਕਛ ਚਿਰ ਕਾਲ ਨ ਸੇਵ ਕਮਾਈ।**

ਹਜ਼ੂਰ ਨੇ ਕਿਹਾ ਕਿ ਭਾਈ ! ਇਸ ਦੀ ਪੂਰਬਲੇ ਜਨਮ ਦੀ ਕਮਾਈ ਸੀ। ਬਸ, ਸਾਡੇ ਮਿਲਾਪ ਹੋਣ ਦੀ ਹੀ ਦੇਰ ਸੀ।

ਦੋਹਰਾ ॥

**ਦੀਪਕ ਬਾਤੀ ਤੇਲ ਯੁਤ, ਪਾਵਕ ਲਾਵਣ ਦੇਰ।**
**ਹੋਇ ਰੋਸ਼ਨੀ ਤੁਰਤ ਮਿਲ, ਤਿਉ ਇਸ ਕੋ ਤੂੰ ਹੇਰ॥ 32॥**

(ਨਾਨਕ ਪ੍ਰਕਾਸ)

## ਬਿਲਾਵਲੁ ਮਹਲਾ 5 ਛੰਤ ਮੰਗਲ

ੴ ਸਤਿਗੁਰ ਪ੍ਰਸਾਦਿ ॥ ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ॥ ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ॥ ੧ ॥ ਛੰਤ ॥ ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥ ਮਾਨਨਿ ਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ॥ ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ॥ ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ॥ ੧ ॥ ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ ॥ ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ ॥ ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ ॥ ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ ॥ 2 ॥ ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥ ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥ ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥ ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ

**ਭਸਮਾ ਰਾਮ ॥ 3 ॥ ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ ॥ ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ ॥ ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ ॥ ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ ॥ 4 ॥ ੧ ॥ 4 ॥**

ਪਦ ਅਰਥ :- ਮੰਗਲ=ਉਤਸਵ, ਖ਼ੁਸ਼ੀ, ਅਨੰਦ ਮਈ, ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥' ਭੇਟਿਐ=ਮਿਲਣ ਨਾਲ। ਹੋਤ=ਹੁੰਦਾ ਹੈ। ਜੀਉ=ਜੀਵ। ਭਾਗੋ=ਭਾਗ, ਕਿਸਮਤ। ਮਾਨਹਿ=ਹੇ ਮਾਣ (ਹੰਕਾਰੀ) ਵਾਲੀ ਇਸਤ੍ਰੀਏ !। ਵਞਾਈਐ=ਦੂਰ ਕਰ ਦੇ। ਰਾਮ ਰਾਇ=ਰਾਮਰਾਜੇ, ਪ੍ਰਭੂ ਪਾਤਿਸ਼ਾਹ। ਥਿਰੁ=ਪੱਕਾ। ਤਜਿ=ਤਿਆਗ ਕੇ। ਕਤ=ਕਿਥੇ ?। ਅਗਿਆਨ ਮਤੀ=ਗਿਆਨ ਹੀਣ ਬੁਧੀ ਵਾਲਾ। ਦੁਰਜਨ=ਭੈੜੇ ਮਨੁੱਖਾਂ ਵਿਚ। ਬਿਰਮਾਈਐ=ਪਰਚਿਆ ਰਹਿੰਦਾ ਹੈ। ਪਤਿਤ ਪਾਵਨ=ਆਚਰਨ ਤੋਂ ਡਿੱਗੇ ਹੋਏ ਮਨੁੱਖ ਨੂੰ ਪਵਿੱਤਰ ਕਰਨ ਵਾਲਾ ਵਾਹਿਗੁਰੂ। ਕਰੇ=ਕਰਕੇ। ਕਹੁ=ਦਸ। ਭਗਤਿ ਭਾਉ=ਪ੍ਰੇਮਾ ਭਗਤੀ। ਸ੍ਰੀ ਗੋਪਾਲੁ=ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਨ ਉਚਰਹਿ=ਤੂੰ ਨਹੀਂ ਉਚਾਰਦੀ। ਬਲਿ ਗਈਏ=ਹੇ ਸੜ ਜਾਣੀਏ !। ਦੁਹਚਾਰਣਿ ਰਸਨਾ=ਹੇ ਮੰਦੇ ਕੰਮਾਂ ਵਿਚ ਪਈ ਹੋਈ ਜੀਭੇ ! ਕਾਕ=ਕਾਂ। ਗ੍ਰਸਨਾ=ਫੜ ਕੇ (ਖਾ ਰਹੇ ਹਨ)। ਭ੍ਰਮਿ ਮੋਹਿ=ਭਰਮ ਵਿਚ ਠੱਗੀ ਹੋਈ। ਬਿਸਟਾ ਕ੍ਰਿਮ=ਵਿਸ਼ਟਾ ਦਾ ਕੀੜਾ। ਭਸਮਾ=ਸੁਆਹ। ਬਿਰਹੁ=ਪਿਆਰ। ਬੈਰਾਗਨਿ=ਵੈਰਾਗਣ ਹੋ ਕੇ। ਚੰਦਨ=ਸੁਗੰਧੀ। ਸੁਗੰਧ ਰਸਾ=ਸੁਗੰਧੀਆਂ ਦੇ ਰੱਸ। ਬਿਖੁ=ਜ਼ਹਿਰ। ਤਿਆਗਨਿ=ਤਿਆਗ ਦਿੰਦੇ ਹਨ। ਈਤ ਊਤ=ਇਥੇ ਉਥੇ, ਲੋਕ ਪ੍ਰਲੋਕ। ਸਾ=ਓਹ (ਜੀਵ-ਇਸਤਰੀ)।

## ਬਿਲਾਵਲੁ ਮਹਲਾ 5 ਛੰਤ ਮੰਗਲ

ਬਿਲਾਵਲੁ ਰਾਗ ਵਿਚ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਜਿਸ ਨਾਲ ਛੰਤ ਤੇ ਮੰਗਲ ਦੋ ਪਦ ਲਿਖੇ ਹੋਏ ਹਨ। ਛੰਤ ਦਾ ਭਾਵ ਕਵਿਤਾ ਕਾਵਿ ਦੀ ਕੋਈ ਰਚਨਾ ਤੇ ਮੰਗਲ ਸੰਸਕ੍ਰਿਤ ਵਿਚ ਖ਼ੁਸ਼ੀ ਆਨੰਦ ਭਾਵ ਸਤਿਗੁਰੂ ਜੀ ਆਪਣੀ ਕਾਵਿ-ਰਚਨਾ ਵਿਚ ਖ਼ੁਸ਼ੀ ਆਨੰਦ ਦੇ ਦੇਣ ਵਾਲੀ ਰਚਨਾ ਹੈ।

ਅਰਥ :- (ਉਹ) ਦਇਆਲੂ ਪ੍ਰਭੂ ਸੁੰਦਰ (ਰੂਪ ਵਾਲਾ ਅਤੇ) ਸ਼ਾਂਤ ਚਿਤ ਵਾਲਾ ਹੈ। (ਉਹ) ਪਤੀ ਸਾਰੇ ਸੁਖਾਂ ਦੀ ਨਿਧੀ (ਖ਼ਜ਼ਾਨਾ) ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸੁਖਾਂ ਦੇ ਸਮੁੰਦਰ ਨੂੰ ਭੇਟਿਐ=ਮਿਲਨ ਨਾਲ, ਇਹ ਜੀਵ ਸੁਖੀ ਹੋ ਜਾਂਦਾ ਹੈ।੧।

ਛੰਤ :- ਸੁਖਾਂ ਦਾ ਸਮੁੰਦਰ ਪ੍ਰਭੂ (ਤਦ) ਪਾਈਦਾ ਹੈ ਜਦੋਂ (ਪੂਰਾ) ਭਾਗ ਹੋਵੇ। ਹੇ ਮਾਣ (ਅਹੰਕਾਰ ਵਾਲੀ) ਇਸਤਰੀਏ ! ਅਹੰਕਾਰ ਨੂੰ ਦੂਰ ਕਰ (ਅਤੇ) ਹਰੀ ਦੇ ਚਰਨਾਂ ਨਾਲ ਲੱਗ। ਚਤੁਰਾਈ ਤੇ ਸਿਆਣਪਾਂ ਛੱਡ ਕੇ ਖੋਟੀ ਬੁਧੀ ਨੂੰ ਤਿਆਗ ਦੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਜੀਵ-ਇਸਤਰੀ ! ਤੂੰ)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਰਾਮ ਰਾਜੇ (ਪ੍ਰਭੂ) ਦੀ ਸ਼ਰਣ ਪੈ ਜਾ (ਫਿਰ ਤੇਰਾ) ਸੁਹਾਗ ਪੱਕਾ ਹੋ ਜਾਵੇਗਾ।੧।

(ਹੇ ਜੀਵ !) ਜਿਸ (ਪ੍ਰਭੂ) ਤੋਂ ਬਿਨਾਂ ਮਰ ਜਾਈਦਾ ਹੈ, ਉਸ ਪ੍ਰਭੂ (ਪਰਮਾਤਮਾ) ਨੂੰ ਛੱਡ ਕੇ ਕਤ ਜਾਈਐ ਭਾਵ ਕਿਸ ਨਾਲ ਲੱਗੀਏ, ਸਗੋਂ ਉਸ ਪ੍ਰਭੂ ਨਾਲ ਜੁੜਨਾ ਕਰੋ। ਗਿਆਨਹੀਣ ਬੁਧੀ ਵਾਲੇ (ਪੁਰਸ਼ਾਂ) ਨੂੰ ਸ਼ਰਮ ਨਹੀਂ ਆਉਂਦੀ, (ਉਹ) ਭੈੜੇ ਮਨੁੱਖਾਂ ਵਿਚ ਪਰਚੇ ਰਹਿੰਦੇ ਹਨ। ਪਤਿਤਾਂ ਨੂੰ ਪਵਿੱਤਰ ਕਰਨ ਵਾਲੇ ਪ੍ਰਭੂ ਨੂੰ ਛੱਡ ਕੇ ਦੱਸੋ (ਆਪਣੇ ਆਪ ਨੂੰ) ਕਿਥੇ ਠਹਿਰਾਈਏ (ਟਿਕਾਈਏ ?)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਜੀਵ ! ਤੂੰ) ਦਇਆਲੂ ਪੁਰਖ ਦੀ ਪ੍ਰੇਮਾ ਭਗਤੀ ਕਰ, (ਫਿਰ) ਜੀਵਨ ਪਦਵੀ ਭਾਵ ਉੱਤਮ ਪਦਵੀ ਪਾ ਲਵੇਂਗਾ।੨।

ਹੇ ਭੈੜੇ ਆਚਰਨ ਵਾਲੀਏ ! ਹੇ ਸੜ ਜਾਣੀਏ ਰਸਨਾ=ਜੀਭੇ ! (ਤੂੰ) ਪ੍ਰਭੂ ਦਾ ਨਾਮ ਨਹੀਂ ਉਚਾਰਦੀ। (ਤੂੰ) ਭਗਤੀ ਨਾਲ ਪਿਆਰ ਕਰਨ ਵਾਲੇ ਪ੍ਰਭੂ ਨੂੰ ਸੇਂਵਦੀ ਨਹੀਂ; (ਤੇਰੀ ਕਾਇਆਂ) ਨੂੰ (ਮੌਤ ਰੂਪੀ) ਕਾਂ ਨੇ ਗ੍ਰਸ ਲੈਣਾ (ਭਾਵ ਖਾ ਜਾਣਾ ਹੈ)। ਤੂੰ ਭਰਮ ਵਿਚ ਲੱਗੀ ਹੋਈ ਹੈਂ; (ਤੂੰ ਜਮਾਂ ਦੇ) ਦੁੱਖ ਨਹੀਂ ਜਾਣਦੀ ਕਿ (ਨਾਮ ਤੋਂ) ਬਿਨਾਂ (ਤੈਨੂੰ) ਕਰੋੜਾਂ ਜੂਨੀਆਂ ਵਿਚ ਵਸਣਾ (ਪਵੇਗਾ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹਰੀ ਦੇ (ਨਾਮ ਤੋਂ) ਬਿਨਾਂ ਜਿਹੜੀ ਹੋਰ (ਪਦਾਰਥਾਂ ਦੀ) ਚਾਹਨਾ ਹੈ, (ਉਹ) ਵਿਸ਼ਟਾ ਦੇ ਕੀੜੇ ਬਣਨਾ ਹੈ, (ਉਹਨਾਂ) ਦਾ ਜੀਵਨ ਗੰਦਗੀ ਦੇ ਕੀੜੇ ਵਾਂਗ ਹੈ (ਉਨ੍ਹਾਂ ਨੇ ਮਨੁੱਖਾ ਜਨਮ ਨੂੰ) ਭਸਮ ਕਰਨਾ ਹੈ (ਭਾਵ ਵਿਕਾਰਾਂ ਵਿਚ ਸੜ ਕੇ ਸੁਆਹ ਹੋਣਾ ਹੈ)।੩।

(ਹੇ ਸਖੀ !) ਭਗਵਾਨ ਦੇ ਨਾਲ (ਆਪਣੀ) ਪ੍ਰੀਤ ਲਾ (ਅਤੇ) ਵੈਰਾਗਣ ਹੋ ਕੇ (ਭਗਵੰਤ ਨੂੰ) ਮਿਲ। ਚੰਦਨ ਘਸਾ ਕੇ ਲਾਉਣਾ, ਸੁੰਦਰ ਬਸਤਰਾਂ ਦਾ ਪਹਿਨਣਾ, ਸੁਗੰਧੀਆਂ ਮਲਣੀਆਂ, (ਪਦਾਰਥਾਂ ਦੇ) ਰਸ ਇਹ ਸਭ ਕੁਝ ਤੇ ਹਉਮੈ ਰੂਪੀ ਜ਼ਹਿਰ ਨੂੰ ਤਿਆਗ ਦੇ। (ਇਹਨਾਂ ਰੱਸਾਂ ਦੀ ਪ੍ਰਾਪਤੀ ਲਈ ਤੈਨੂੰ) ਇਧਰ ਉਧਰ ਨਹੀਂ ਡੋਲਣਾ ਚਾਹੀਦਾ, (ਸਗੋਂ) ਹਰੀ ਦੀ ਸੇਵਾ ਵਿਚ ਜਾਗਣਾ (ਤਤਪਰ ਹੋਣਾ) ਚਾਹੀਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਸ (ਜੀਵ-ਇਸਤਰੀ ਨੇ) ਆਪਣਾ ਪ੍ਰਭੂ (ਪਤੀ) ਪਾ ਲਿਆ ਹੈ, (ਉਹ ਇਸਤਰੀ) ਸਦਾ ਲਈ ਅਟੱਲ ਸੁਹਾਗ ਵਾਲੀ ਹੋ ਗਈ ਹੈ, ਕਿਉਂਕਿ ਉਸ ਨੂੰ 'ਸਖੀ ਵਸਿ ਆਇਆ ਫਿਰਿ ਛੋਡ ਨ ਜਾਈ ਇਹ ਰੀਤ ਭਲੀ ਭਗਵੰਤੈ।੪।੧।੪।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧95 (ਆਦਿ ਅੰਗ 849-50)

## ਸਲੋਕ ਮਃ 3 ॥

ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥ ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥ ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥ ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥ ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ ॥ ੧ ॥ ਮਃ 3 ॥ ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ ॥ ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ ॥ ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ ॥ ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ॥ ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ ॥ 2 ॥ ਪਉੜੀ ॥ ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥ ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥ ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ ॥ ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ ॥ ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ ॥ 3 ॥

## ਪ੍ਰਾਕ੍ਥਨ :-

ਬਿਲਾਵਲੁ ਰਾਗੁ ਦੀ ਵਾਰ ਦੀ ਤੀਸਰੀ ਪਉੜੀ ਨਾਲ ਸਬੰਧਿਤ ਦੋ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਉਚਾਰਨ ਕੀਤੇ ਹੋਏ ਹਨ। ਪਹਿਲੇ ਸਲੋਕ ਦੇ ਆਰੰਭ ਵਿਚ ਗੁਰਦੇਵ ਨੇ ਬ੍ਰਾਹਮਣ ਬਾਰੇ ਨਿਰਣਾ ਕੀਤਾ ਹੈ।

## ਵਿਸ਼ਾ — ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ

ਅਗਿਆਨਤਾ ਵੱਸ ਸੰਸਾਰਿਕ ਜੀਵ ਅੱਜ ਭਾਵੇਂ ਬ੍ਰਾਹਮਣ ਦੇ ਘਰ ਜਨਮੇ ਬੱਚੇ ਨੂੰ ਬ੍ਰਾਹਮਣ ਕਹਿੰਦੇ ਹਨ, ਪਰ ਗੁਰਬਾਣੀ ਦੇ ਸਿਧਾਂਤ ਅਨੁਸਾਰ ਪ੍ਰਭੂ ਪ੍ਰਮਾਤਮਾ ਨੂੰ ਜਾਣਨ ਅਤੇ ਉਸ ਬ੍ਰਹਮ ਦੀ ਵੀਚਾਰ ਵਿਚ ਜੁੜੇ ਹੋਏ ਨੂੰ ਬ੍ਰਾਹਮਣ ਦੱਸਿਆ ਹੈ।

ਮਨੁੱਖ ਦੀ ਜ਼ਿੰਦਗੀ ਨੂੰ ਕਰਮਾਂ ਅਨੁਸਾਰ ਸੰਸਾਰ ਦੇ ਆਦਿ ਕਾਲ ਤੋਂ ਵਰਨ-ਵੰਡ ਵਿਚ ਇਸ ਤਰ੍ਹਾਂ ਲਿਆਂਦਾ ਸੀ। ਜੋ ਮਨੁੱਖ ਆਪੋ ਆਪਣੇ ਵੱਖ-ਵੱਖ ਤਰ੍ਹਾਂ ਦੇ ਕੰਮ ਕਰਦੇ ਸਨ, ਇਹ ਕੰਮ ਸਥੂਲ ਰੂਪ ਵਿਚ ਇਸ ਪ੍ਰਕਾਰ ਦੇ ਸਨ। ਇਕ ਉਹ ਲੋਕ ਸਨ ਜੋ ਇਹ ਕੰਮ ਕਰਦੇ ਸਨ ਕਿ ਵਿਦਿਆ ਪੜ੍ਹਦੇ ਤੇ ਪੜ੍ਹਾਉਂਦੇ ਸਨ। ਦੂਸਰੇ ਰਾਜ-ਪ੍ਰਬੰਧ ਕਰਨ ਵਾਲੇ, ਤੀਸਰੇ ਖੇਤੀ ਵਪਾਰ ਆਦਿ ਕਰਮ ਕਰਦੇ ਸਨ। ਚੌਥੇ ਸੇਵਾ ਚਾਕਰੀ ਆਦਿ ਕੰਮ ਕਰਨ ਵਾਲੇ ਸਨ। ਇਹਨਾਂ ਚਾਰ ਤਰ੍ਹਾਂ ਦੇ ਕਰਮ ਕਰਨ ਵਾਲਿਆਂ ਦਾ ਨਾਉਂ ਚਾਰ ਵਰਨ ਕਰਕੇ ਪ੍ਰਸਿੱਧ ਹੋਇਆ — ੧. ਬ੍ਰਾਹਮਣ ੨. ਛੱਤ੍ਰੀ ੩. ਵੈਸ਼ ੪. ਸ਼ੂਦਰ। ਵਿਦਵਾਨ ਹੋਣ ਕਰਕੇ ਬ੍ਰਾਹਮਣ ਸਭ ਦਾ ਮੁੱਖੀ ਮੰਨਿਆ ਗਿਆ, ਕਿਉਂਕਿ ਬ੍ਰਾਹਮਣ ਦੇ ਇਹ ਛੇ ਕਰਮ ਮੁੱਖ ਮੰਨੇ ਹਨ :

੧. ਜੋ ਵਿਦਿਆ ਪੜ੍ਹੇ ਤੇ ੨. ਪੜ੍ਹਾਵੇ ੩. ਯਗ ਕਰੇ ਤੇ ੪. ਕਰਾਵੇ ੫. ਦਾਨ ਦੇਵੇ ਤੇ ੬. ਲਵੇ।

ਇਹ ਛੇ ਕਰਮ ਕਰਨ ਵਾਲੇ ਨੂੰ ਬ੍ਰਾਹਮਣ ਆਖਦੇ ਸਨ। ਪਰ ਗੁਰਮਤਿ ਅਨੁਸਾਰ ਸਭ ਤੋਂ ਸ੍ਰੇਸ਼ਟ ਅਥਵਾ ਮੁਖ ਕਰਮ ਪ੍ਰਮਾਤਮਾ ਦੀ ਭਗਤੀ ਕਰਨੀ ਹੈ। ਜੋ ਪ੍ਰਭੂ ਦੀ ਭਗਤੀ ਕਰ ਕੇ ਬ੍ਰਹਮ ਨੂੰ ਜਾਣ ਲੈਂਦਾ ਹੈ, ਉਸ ਨੂੰ ਅਸਲ ਬ੍ਰਾਹਮਣ ਕਿਹਾ ਜਾਂਦਾ ਹੈ। ਸ਼ਾਸਤਰ ਦਾ ਸੂਤਰ ਹੈ :

**ਬ੍ਰਹਮ ਜਾਣੰਤੀ ਸਾ ਬ੍ਰਾਹਮਣਾ**

ਇਸ ਲਈ ਕੋਈ ਜਾਤਿ ਕਰਕੇ ਬ੍ਰਾਹਮਣ ਨਹੀਂ, ਕੇਵਲ ਕਰਮ ਹੀ ਉੱਤਮ ਮੰਨੇ ਜਾਂਦੇ ਹਨ। ਨਾਮ ਜਪਣ ਰੂਪ ਉੱਤਮ ਕਰਮ ਕਰਨ ਵਾਲੇ ਨੂੰ ਬ੍ਰਾਹਮਣ ਕਿਹਾ ਜਾਂਦਾ ਹੈ। ਫ਼ੁਰਮਾਨ ਹੈ :

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥**
**ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥**
**ਸੋਈ ਬ੍ਰਹਮਣੁ ਪੂਜਣ ਜੁਗਤੁ॥ ੧੬॥** (ਅੰਗ ੧੪੧੧)

**ਅਥਵਾ: ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥**

(ਅੰਗ 662)

**ਅਥਵਾ: ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥**
**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥**
**ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥**
**ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥੧॥**

(ਅੰਗ ੧245)

**ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥**
**ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ॥**
**ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ॥**
**ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮ ਬਿੰਦਹਿ ਚਿਤੁ ਲਾਇ॥** (ਅੰਗ 850)

ਇਕ ਵਾਰ ਭਗਤ ਕਬੀਰ ਜੀ ਪਾਸ ਪੰਡਿਤ ਚਰਚਾ ਕਰਨ ਲਈ ਆਏ ਤੇ ਕਹਿਣ ਲੱਗੇ ਕਿ ਤੂੰ ਸ਼ੂਦਰ ਹੈਂ, ਅਸੀਂ ਬ੍ਰਾਹਮਣ ਹਾਂ, ਤਾਂ ਕਬੀਰ ਜੀ ਨੇ ਕਿਹਾ:

**ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥**

(ਅੰਗ 324)

ਕਬੀਰ ਕਹਿੰਦੇ ਹਨ ਕਿ ਹੇ ਭਾਈ! ਗਰਭ ਵਿਚ ਕੁਲ ਨਹੀ ਜਾਣੀ ਜਾਂਦੀ। ਤਾਂ ਪੰਡਿਤਾਂ ਨੇ ਕਿਹਾ, ਅਸੀਂ ਬ੍ਰਹਮਾ ਦੀ ਬਿੰਦ ਤੋਂ ਪੈਦਾ ਹੋਏ ਹਾਂ। ਤਾਂ ਕਬੀਰ ਜੀ ਨੇ ਕਿਹਾ, "ਸਾਰੀ ਸ੍ਰਿਸ਼ਟੀ ਹੀ ਬ੍ਰਹਮ ਦੀ ਬਿੰਦ ਤੋਂ ਪੈਦਾ ਹੋਈ ਹੈ।" "ਬ੍ਰਹਮ ਬਿੰਦੁ ਤੇ ਸਭ ਉਤਪਾਤੀ॥"

## ਸਾਖੀ—ਮੁਸਲਮਾਨੀ ਤੋਂ ਬ੍ਰਾਹਮਣੀ ਹੋਣ ਦੀ

ਪੁਰਾਤਨ ਸਮਿਆਂ ਵਿਚ ਹਿੰਦੂ ਲੋਕ, ਤੀਰਥ-ਯਾਤਰਾ ਕਰਨ ਜਦ ਜਾਂਦੇ ਸਨ ਤਾਂ ਅੱਜ ਵਰਗੇ ਆਵਾਜਾਈ ਦੇ ਸਾਧਨ ਨਾ ਹੋਣ ਕਰਕੇ ਤੀਰਥ-ਯਾਤਰਾ ਕਰਨ ਲਈ ਪੈਦਲ ਜਾਇਆ ਕਰਦੇ ਸਨ। ਜਿਥੇ ਰਾਤ ਪੈ ਜਾਂਦੀ, ਉਥੇ ਹੀ ਆਰਾਮ ਕਰ ਲਿਆ ਕਰਦੇ ਸਨ। ਇਕ ਐਸਾ ਪਿੰਡ ਸੀ, ਜਿਥੇ ਮੁਸਲਮਾਨ ਹੀ ਵੱਸਦੇ ਸਨ। ਹਿੰਦੂਆਂ ਨੂੰ ਉਥੇ ਜ਼ਰੂਰ ਰਾਤ ਕੱਟਣੀ ਪੈ ਜਾਂਦੀ ਸੀ ਅਤੇ ਭੁੱਖੇ ਰਹਿਣਾ ਪੈਂਦਾ ਸੀ। ਦੇਵਨੇਤ ਨਾਲ ਇਕ ਸਯਦ ਮੁਸਲਮਾਨ ਮਰ ਗਿਆ ਤਾਂ ਮੁਸਲਮਾਨਾਂ ਨੇ ਹਿੰਦੂ ਯਾਤਰੀਆਂ ਦਾ ਪ੍ਰਸ਼ਾਦਾ ਤਿਆਰ ਕਰਨ ਲਈ ਉਸ ਦੀ ਘਰਵਾਲੀ ਸਯਦਾਣੀ ਮੁਸਲਮਾਨਣੀ ਨੂੰ ਗੋਮੂਤਰ ਪਿਲਾ ਕੇ ਬ੍ਰਾਹਮਣੀ ਬਣਾ ਕੇ, ਇਕ ਵੱਖਰਾ ਮਕਾਨ ਦੇ ਦਿੱਤਾ ਅਤੇ ਆਖਿਆ, "ਤੂੰ ਆਏ-ਗਏ ਹਿੰਦੂ ਯਾਤਰੀਆਂ ਦੀ ਸੇਵਾ ਕਰਿਆ ਕਰ,

ਰਸਦ ਪਾਣੀ ਤੈਨੂੰ ਅਸੀਂ ਪਹੁੰਚਾਇਆ ਕਰਾਂਗੇ, ਤੇਰੀ ਹੋਰ ਵੀ ਮਦਦ ਕਰਿਆ ਕਰਾਂਗੇ।"

ਉਸ ਦਿਨ ਤੋਂ ਪਿੰਡ ਵਿਚ ਕੋਈ ਵੀ ਯਾਤਰੂ ਆਵੇ ਤਾਂ ਮੁਸਲਮਾਨ ਉਸ ਦੇ ਘਰ ਭੇਜ ਦਿਆ ਕਰਦੇ ਸਨ। ਜਦ ਇਸ ਤਰ੍ਹਾਂ ਸੇਵਾ ਕਰਦੀ ਨੂੰ ਕੁਝ ਸਮਾਂ ਲੰਘਿਆ ਤਾਂ ਇਕ ਰਾਤ ਉਸ ਨਵੀਂ ਬਣੀ ਬ੍ਰਾਹਮਣੀ ਦੇ ਘਰ ਇਕ ਬ੍ਰਾਹਮਣ ਤੇ ਬ੍ਰਾਹਮਣੀ ਆ ਉਤਰੇ। ਉਸ ਨਵੀਂ ਬਣੀ ਬ੍ਰਾਹਮਣੀ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਉਹਨਾਂ ਨੂੰ ਭੋਜਨ ਖੁਆ ਕੇ ਤੇ ਆਪ ਖਾ ਕੇ ਭਾਂਡੇ ਮਾਂਜਣ ਲੱਗੀ ਤਾਂ ਦੋਨੋਂ ਬ੍ਰਾਹਮਣੀਆਂ ਇਕੱਠੀਆਂ ਹੋ ਕੇ ਗੱਲਾਂ ਕਰਨ ਲੱਗ ਪਈਆਂ। ਨਵੀਂ ਬਣੀ ਬ੍ਰਾਹਮਣੀ ਨੇ ਪੁੱਛਿਆ ਕਿ ਭੈਣ, ਤੂੰ ਕਦੋਂ ਕੁ ਦੀ ਬ੍ਰਾਹਮਣੀ ਬਣੀ ਹੈਂ? ਯਾਤਰਾ ਵਾਲੀ ਬ੍ਰਾਹਮਣੀ ਨੇ ਹੈਰਾਨ ਹੋ ਕੇ ਪੁੱਛਿਆ ਕਿ ਕਦੋਂ ਕੁ ਦਾ ਕੀ ਭਾਵ ਹੈ?

ਤਾਂ ਨਵੀਂ ਬਣੀ ਬ੍ਰਾਹਮਣੀ ਨੇ ਕਿਹਾ ਕਿ ਮੈਂ ਪਹਿਲਾਂ ਸਯਦ ਦੇ ਘਰਵਾਲੀ ਮੁਸਲਮਾਨਣੀ ਸੀ। ਮੇਰੇ ਪਤੀ ਦੇ ਮਰ ਜਾਣ ਪਿਛੋਂ ਮੈਨੂੰ ਗੋਮੂਤਰ ਪਿਲਾ ਕੇ ਬ੍ਰਾਹਮਣੀ ਬਣਾਇਆ ਗਿਆ ਹੈ। ਇਸ ਗੱਲ ਨੂੰ ਅਜੇ ਦੋ ਕੁ ਸਾਲ ਹੀ ਹੋਏ ਹਨ। ਇਹ ਗੱਲ ਸੁਣ ਕੇ ਉਸ ਬ੍ਰਾਹਮਣੀ ਨੇ ਆਪਣੇ ਘਰ ਵਾਲੇ ਨੂੰ ਦੱਸਿਆ ਤਾਂ ਉਹ ਬ੍ਰਾਹਮਣ ਤੇ ਬ੍ਰਾਹਮਣੀ ਆਪਣੇ ਆਪ ਨੂੰ ਬਹੁਤ ਧਿਰਕਾਰਾਂ ਦਿੰਦੇ ਹੋਏ ਚਲੇ ਗਏ।

ਹੁਣ ਕਬੀਰ ਜੀ ਕਹਿੰਦੇ ਹਨ, "ਹੇ ਪੰਡਿਤ ਜੀ! ਤੁਸੀਂ ਵੀ ਉਸ ਸਯਦਾਣੀ ਵਾਂਗ ਬ੍ਰਾਹਮਣ ਤਾਂ ਨਹੀਂ?" ਤਾਂ ਪੰਡਿਤ ਨੇ ਕਿਹਾ, "ਸਾਡਾ ਪਿਤਾ ਬ੍ਰਾਹਮਣ ਹੈ, ਉਸ ਦੇ ਪੁੱਤਰ ਹੋਣ ਕਰਕੇ ਅਸੀਂ ਵੀ ਬ੍ਰਾਹਮਣ ਹਾਂ।" ਕਬੀਰ ਜੀ ਨੇ ਪੁੱਛਿਆ, "ਤੁਹਾਡਾ ਪਿਤਾ ਕਿਸ ਦਾ ਪੁੱਤਰ ਹੈ?" ਪੰਡਿਤ ਨੇ ਕਿਹਾ, "ਫਲਾਣੇ ਦਾ ਪੁੱਤਰ ਹੈ।" ਕਬੀਰ ਜੀ ਨੇ ਕਿਹਾ, "ਉਹ ਕਿਸ ਦਾ ਪੁੱਤਰ ਹੈ?" ਪੰਡਿਤ ਨੇ ਕਿਹਾ "ਉਹ ਅਗਲੇ ਬ੍ਰਾਹਮਣ ਦਾ ਪੁੱਤਰ ਹੈ।" ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਚਲਦਿਆਂ-ਚਲਦਿਆਂ ਬ੍ਰਹਮਾ ਤੱਕ ਗਿਣਤੀ ਚਲੀ ਗਈ। ਤਾਂ ਕਬੀਰ ਜੀ ਨੇ ਕਿਹਾ, "ਬ੍ਰਹਮਾ ਜੀ ਦੀ ਉੱਤਪਤੀ ਵਿਸ਼ਨੂੰ ਦੀ ਨਾਭੀ ਕਮਲ ਤੋਂ ਹੋਈ ਹੈ ਤੇ ਵਿਸ਼ਨੂੰ ਮਹਾਂ ਛੱਤ੍ਰੀ ਹਨ। ਕਿਉਂਕਿ ਆਦਮੀ ਜੈਸਾ ਕਰਮ ਕਰਦਾ ਹੈ, ਤੈਸਾ ਉਸ ਦਾ ਨਾਮ ਪੈ ਜਾਂਦਾ ਹੈ। ਵਿਸ਼ਨੂੰ ਨੇ ਯੁੱਧ ਜੰਗ ਬਹੁਤ ਕੀਤੇ ਹਨ, ਇਸ ਲਈ ਉਹ ਛੱਤ੍ਰੀ ਹਨ। ਇਸ ਲਈ ਕਬੀਰ ਜੀ ਪੁੱਛਦੇ ਹਨ:

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ॥ ੧॥ ਰਹਾਉ॥**
**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥ 2॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥ 3॥**
**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ 4॥ 7॥** (ਅੰਗ 324)

# ਸਾਖੀ—ਪਟਨਾ ਸਾਹਿਬ ਦਾ ਬ੍ਰਾਹਮਣ

ਸ਼ਿਵਦੱਤ ਬ੍ਰਾਹਮਣ ਸੱਚਾ ਸੁੱਚਾ ਭਜਨੀਕ ਸੀ। ਇਹ ਪਟਨਾ ਸ਼ਹਿਰ ਅੰਦਰ ਗੰਗਾ ਦੇ ਕਿਨਾਰੇ 'ਤੇ ਬੈਠਾ, ਭਗਵਾਨ ਕ੍ਰਿਸ਼ਨ ਅਤੇ ਰਾਮ ਚੰਦਰ ਜੀ ਦੀ ਅਰਾਧਨਾ ਕਰਦਾ ਰਹਿੰਦਾ ਸੀ। ਇਥੇ ਪਟਨਾ ਸ਼ਹਿਰ ਦੇ ਅੰਦਰ ਹੀ ਚੋਜੀ ਪ੍ਰੀਤਮ ਸਾਹਿਬ-ਏ ਕਮਾਲ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਜਿਥੇ ਸ਼ਿਵਦੱਤ ਬ੍ਰਾਹਮਣ ਗੰਗਾ ਕਿਨਾਰੇ ਬੈਠਾ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦੀ ਅਰਾਧਨਾ ਕਰਦਾ ਰਹਿੰਦਾ ਸੀ, ਉਥੇ ਬਾਲਾ ਪ੍ਰੀਤਮ ਸ੍ਰੀ ਗੋਬਿੰਦ ਰਾਏ ਜੀ ਬਾਲਕਾਂ ਨਾਲ ਗੰਗਾ ਵਿਚ ਇਕ ਦੂਸਰੇ 'ਤੇ ਪਾਣੀ ਸੁੱਟਣ ਦੀ ਖੇਡ ਖੇਡਦੇ ਸਨ, ਅਤੇ ਬੇੜੀ ਵਿਚ ਬੈਠ ਕੇ ਕਈ ਵਾਰ ਸੈਰ ਕਰਿਆ ਕਰਦੇ ਸਨ। ਇਥੇ ਸ਼ਿਵਦੱਤ ਹਮੇਸ਼ਾ ਰਾਮ ਚੰਦਰ ਜੀ ਦੀ ਮੂਰਤੀ ਦੇ ਅੱਗੇ ਬੈਠ ਕੇ ਰਾਤ ਦਿਨ ਭਗਵਾਨ ਜੀ ਨੂੰ ਯਾਦ ਕਰਦਾ ਰਹਿੰਦਾ। ਇਹ ਅਰਾਧਨਾ ਕਰਦਿਆਂ ਉਸ ਨੇ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਗੁਜ਼ਾਰ ਦਿੱਤਾ, ਪਰ ਪੱਥਰ ਦੀ ਮੂਰਤੀ ਪੱਥਰ ਦੀ ਹੀ ਰਹੀ, ਕਦੇ ਰਾਮ ਰੂਪ ਹੋ ਕੇ ਮੁੱਖ ਤੋਂ ਬੋਲੀ ਨਹੀਂ, ਨਾ ਹੀ ਉਸ ਦੀ ਕੋਈ ਇੱਛਾ ਪੂਰੀ ਕੀਤੀ। ਉਸ ਦੇ ਦਰਸ਼ਨਾਂ ਦੀ ਭੁੱਖ ਵਧਦੀ ਗਈ। ਉਹ ਇਕ ਦਿਨ ਮਨ ਵਿਚ ਸੋਚਣ ਲੱਗਾ ਕਿ ਮੈਂ ਨਿੱਤ ਹੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਬਾਲਾ ਪ੍ਰੀਤਮ ਬਾਲਕ ਦੀ ਗੱਲ ਸੁਣਦਾ ਹਾਂ, ਹੋਵੇ ਨਾ ਕਿਤੇ ਏਹੀ ਮੇਰਾ ਸ੍ਰੀ ਭਗਵਾਨ ਸੰਸਾਰ ਨੂੰ ਤਾਰਨ ਵਾਸਤੇ ਬਾਲਕ ਰੂਪ ਵਿਚ ਪ੍ਰਗਟ ਹੋਇਆ ਹੋਵੇ। ਨਹੀਂ ਤਾਂ ਅਨੇਕਾਂ ਸਦੀਆਂ ਤੋਂ ਇਥੇ ਅਨੇਕਾਂ ਬੱਚੇ ਇਸ ਨਗਰੀ ਵਿਚ ਜੰਮੇ, ਪਰ ਇਹੋ ਜਿਹੀਆਂ ਅਲੌਕਿਕ ਚਮਤਕਾਰੀ ਖੇਡਾਂ ਕਿਸੇ ਦੀਆਂ ਦੇਖਣ-ਸੁਣਨ ਵਿਚ ਨਹੀਂ ਆਈਆਂ। ਸ਼ਿਵਦੱਤ ਦੇ ਮਨ ਦੀ ਸ਼ਰਧਾ ਵੱਧਦੀ ਗਈ, ਜੋ ਸ਼ਿਵਦੱਤ ਨੂੰ ਇਸ ਹੱਦ ਤੱਕ ਲੈ ਗਈ ਕਿ ਉਹ ਇਸ ਸਿੱਟੇ 'ਤੇ ਜਾ ਪੁੱਜਾ ਕਿ ਜੇ ਇਹ ਬਾਲਕ ਐਸਾ ਹੀ ਅਵਤਾਰੀ ਪੁਰਖ ਹੈ ਜੈਸਾ ਕਿ ਮੈਂ ਲੋਕਾਂ ਤੋਂ ਸੁਣਦਾ ਹਾਂ, ਤਾਂ ਫਿਰ ਮੈਨੂੰ ਮੇਰੇ ਇਸ਼ਟ ਭਗਵਾਨ ਰਾਮ ਰੂਪ ਵਿਚ ਦਰਸ਼ਨ ਦੇਵੇ ਤਾਂ ਮੈਂ ਤਨੋਂ ਮਨੋਂ ਇਨ੍ਹਾਂ ਦਾ ਸੇਵਕ ਹੋ ਜਾਵਾਂਗਾ ਅਤੇ ਮੇਰਾ ਜੀਵਨ ਸਫਲ ਹੋ ਜਾਵੇਗਾ। ਸ਼ਿਵਦੱਤ ਦੀ ਕਲਪਨਾ ਅਨੁਸਾਰ ਅੰਤਰਜਾਮੀ ਸਤਿਗੁਰੂ ਕਲਗੀਧਰ ਦਸਮੇਸ਼ ਪਿਤਾ ਜੀ ਨੇ ਦੂਜੇ ਦਿਨ ਖੇਡਣ ਲਈ ਬੱਚਿਆਂ ਦੀ ਫ਼ੌਜ ਲੈ ਕੇ ਗੰਗਾ ਦੇ ਕਿਨਾਰੇ ਖੇਡਣਾ ਆਰੰਭ ਕੀਤਾ। ਸ਼ਿਵਦੱਤ ਇਕ ਟੱਕ ਧਿਆਨ ਟਿਕਾਈ ਬੈਠਾ ਹੈ ਕਿ ਕਦੋਂ ਮੈਨੂੰ ਰਾਮ ਰੂਪ ਹੋ ਕੇ ਦਰਸ਼ਨ ਦੇਣ। ਸਤਿਗੁਰਾਂ ਨੇ ਐਸਾ ਹੀ ਕੌਤਕ ਕੀਤਾ ਕਿ ਸ੍ਰੀ ਗੋਬਿੰਦ ਰਾਏ ਜੀ ਆਪਣੇ ਹਾਣੀ ਬਾਲਕਾਂ ਨੂੰ ਤਾਂ ਗੋਬਿੰਦ ਰਾਏ ਹੀ ਦਿਸ ਰਹੇ ਸਨ, ਪਰ ਸ਼ਿਵਦੱਤ ਕੀ ਦੇਖਦਾ ਹੈ ਕਿ ਪ੍ਰਤੱਖ ਭਗਵਾਨ ਰਾਮ ਜੀ ਮੋਢੇ 'ਤੇ ਧਨੁਸ਼ ਧਾਰੀ ਦਰਸ਼ਨ ਦੇ ਰਹੇ ਹਨ। ਸ਼ਿਵਦੱਤ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ। ਉਸ ਦੀ ਬਉਰਿਆਂ ਵਾਲੀ ਹਾਲਤ ਹੋ ਗਈ ਤੇ ਮੇਰੇ ਰਾਮ, ਮੇਰੇ ਰਾਮ, ਕਹਿੰਦੇ ਚਰਨਾਂ 'ਤੇ ਡਿੱਗ ਪਿਆ। ਚਰਨ ਫੜ ਲਏ ਅਤੇ ਰੋ ਕੇ ਵੈਰਾਗ ਵਿਚ ਆ ਕੇ ਕਿਹਾ, ਸ਼ਹਿਨਸ਼ਾਹ ! ਅੱਜ ਤੋਂ ਮੈਂ ਤੇਰਾ ਹੋ ਗਿਆ ਹਾਂ। ਇਸ ਦਾਸ, ਗ਼ਰੀਬ ਬ੍ਰਾਹਮਣ 'ਤੇ ਕਿਰਪਾ ਬਣਾਈ ਰੱਖਣੀ। ਬਾਲਾ ਪ੍ਰੀਤਮ ਜੀ ਮੁਸਕਰਾ ਕੇ ਕਹਿਣ ਲੱਗੇ ਕਿ ਸ਼ਿਵਦੱਤ ਬ੍ਰਾਹਮਣ, ਪੱਥਰ ਦੀਆਂ ਮੂਰਤੀਆਂ ਵਿਚ ਬ੍ਰਹਮ ਨਹੀਂ ਹੈ। ਪੱਥਰ ਤਾਂ ਜੜ੍ਹ ਹੈ, ਬ੍ਰਹਮ ਸਰਬ ਵਿਆਪਕ ਪ੍ਰਮੇਸ਼ਰ ਹੈ। ਉਸ ਬ੍ਰਹਮ ਨੂੰ ਪਛਾਣਨਾ ਹੀ ਅਸਲ ਬ੍ਰਾਹਮਣ ਪੁਣਾ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਸ਼ਿਵਦੱਤ ਦੀਆਂ ਸਾਰੀਆਂ ਆਸਾਂ

ਪੂਰਨ ਹੋ ਗਈਆਂ ਤੇ ਜਨਮਾਂ-ਜਨਮਾਤਰਾਂ ਦੀ ਦਰਸ਼ਨਾਂ ਦੀ ਭੁੱਖ ਦੂਰ ਹੋ ਗਈ।

ਸੰਪ੍ਰਦਾਈ ਸਿਆਣੇ ਵਿਦਵਾਨ ਮਹਾਂ ਪੁਰਖਾਂ ਦੇ ਕਥਨ ਅਨੁਸਾਰ ਇਕ ਵਾਰ ਸਰਬ ਕਲਾ ਸਮਰੱਥ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਪਣੇ ਗੁਰਤਾ ਗੱਦੀ ਦੇ ਤਖ਼ਤ 'ਤੇ ਬੈਠੇ ਸੋਭਾ ਪਾ ਰਹੇ ਸਨ ਅਤੇ ਗੁਰਸਿੱਖਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦੇ ਰਹੇ ਸਨ। ਸੰਗਤ ਵਿਚ ਸਤਿਗੁਰੂ ਜੀ ਨੂੰ ਅਨੇਕਾਂ ਪ੍ਰਕਾਰ ਦੇ ਆਪਣੇ ਸੰਸੇ ਨਵਿਰਤੀ ਲਈ ਆਸਤਿਕ ਭਾਵਨਾ ਵਾਲੇ ਸਿੱਖ ਸ਼ੁਭ ਪ੍ਰਸ਼ਨ ਕਰਿਆ ਕਰਦੇ ਸਨ ਤੇ ਸਤਿਗੁਰੂ ਜੀ ਸੰਸਿਆਂ ਦੀ ਨਵਿਰਤੀ ਕਰ ਕੇ ਗੁਰਮਤਿ ਅਨੁਸਾਰ ਉਹਨਾਂ ਨੂੰ ਉੱਤਰ ਬਖ਼ਸ਼ ਕੇ ਸ਼ਾਂਤੀ ਦਿੰਦੇ ਸਨ। ਸੰਗਤ ਵਿਚ ਬੈਠੇ ਇਕ ਜਗਿਆਸੂ ਨੇ ਪ੍ਰਸ਼ਨ ਕੀਤਾ ਕਿ ਹੇ ਸਤਿਗੁਰੂ ਜੀ ! ਬ੍ਰਾਹਮਣ ਦੇ ਕੀ ਲੱਛਣ ਹਨ ? ਬ੍ਰਾਹਮਣ ਕਿਸ ਨੂੰ ਕਹਿੰਦੇ ਹਨ ? ਤਾਂ ਸਤਿਗੁਰੂ ਜੀ ਨੇ ਅੰਮ੍ਰਿਤਮਈ ਬਾਣੀ ਦੁਆਰਾ ਉੱਤਰ ਦਿੱਤਾ :

**ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥ ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ॥ ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ॥ ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ॥ ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ॥੧॥ਮਃ 3 ॥ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ॥ਹਉਮੈ ਰੋਗੁ ਕਮਾਵਣਾ ਅਤਿਦੀਰਘੁ ਬਹੁ ਸੁਆਉ॥ ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ॥ ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ॥ ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ॥ 2 ॥ਪਉੜੀ॥ ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ॥ ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ॥ ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ॥ ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ॥ ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ॥ 3 ॥**

ਪਦ ਅਰਥ :- ਚਲਹਿ=ਚਲਦੇ ਹਨ। ਰਵਹਿ=ਉਚਾਰਦੇ ਹਨ। ਸੰਗ੍ਰਹਹਿ=ਇਕੱਠੇ ਕਰਦੇ ਹਨ। ਜੋਤੀ=ਜੋਤਿ (ਪਰਮ) ਜੋਤ ਵਿਚ (ਜੀਵ) ਜੋਤੀ। ਲਿਵ ਲਾਇ=ਸੁਰਤਿ ਜੋੜ ਕੇ। ਸਬਦਿ=ਸ਼ਬਦ (ਉਪਦੇਸ਼) ਵਿਚ। ਦੀਰਘੁ=ਲੰਮਾ। ਬਹੁ ਸੁਆਉ=ਬਹੁਤੇ ਸੁਆਦ (ਵੱਲ ਜਾਣ ਵਾਲਾ)। ਜੋਨੀ=ਜੂਨਾਂ ਵਿਚ। ਨਦਰੀ=ਮਿਹਰ ਦੀ ਨਜ਼ਰ ਕਰਨ ਵਾਲਾ, ਪ੍ਰਮਾਤਮਾ ਵਾਹਿਗੁਰੂ। ਜਿ=ਜਿਹੜੀ। ਪੂਰਬਿ=ਪਹਿਲਾਂ ਤੋਂ।

ਅਰਥ :- ਸਲੋਕ ਮ: ੩॥ (ਹੇ ਭਾਈ !) ਜਿਹੜੇ (ਜਗਿਆਸੂ) ਬ੍ਰਹਮੁ=ਵਾਹਿਗੁਰੂ ਜੀ ਨੂੰ ਬਿੰਦਹਿ=ਪਛਾਣਦੇ ਹਨ, ਅਤੇ ਜੋ ਸਤਿਗੁਰੂ ਦੇ ਭਾਣੇ ਵਿਚ ਚਲਦੇ ਹਨ, ਉਹ (ਅਸਲੀ) ਬ੍ਰਾਹਮਣ ਹਨ। ਜਿਨ੍ਹਾਂ ਦੇ ਹਿਰਦੇ ਵਿਚ ਹਰੀ ਵਸਦਾ ਹੈ, (ਹਰੀ ਉਨ੍ਹਾਂ ਦਾ) ਹਉਮੈ ਵਾਲਾ ਰੋਗ ਗਵਾਇ=ਦੂਰ ਕਰ ਦਿੰਦਾ ਹੈ। (ਉਹ ਪ੍ਰਭੂ ਦੇ) ਗੁਣ ਉਚਾਰਦੇ ਹਨ (ਅਤੇ) ਆਪਣੀ ਆਤਮ ਜੋਤ ਨੂੰ ਪ੍ਰਭੂ ਜੋਤਿ ਨਾਲ ਇਕ-ਮਿਕ ਕਰ ਕੇ ਸ਼ੁਭ ਗੁਣ ਹੀ ਇਕੱਠੇ ਕਰਦੇ ਹਨ। ਇਸ ਕਲਜੁਗ ਵਿਚ ਵਿਰਲੇ ਬ੍ਰਾਹਮਣ ਹਨ (ਜਿਹੜੇ ਪ੍ਰਭੂ ਵਿਚ) ਚਿਤ ਬਿਰਤੀ ਲਾ ਕੇ ਵਾਹਿਗੁਰੂ ਨੂੰ ਪਛਾਣਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਨ੍ਹਾਂ (ਮਨੁੱਖਾਂ) ਉੱਤੇ ਸੱਚਾ ਹਰੀ ਮਿਹਰ ਦੀ ਨਜ਼ਰ ਕਰਦਾ ਹੈ, ਉਹ (ਮਨੁੱਖ) ਨਾਮ ਵਿਚ ਸੁਰਤਿ ਬਿਰਤੀ ਨੂੰ ਜੋੜੀ ਰੱਖਦੇ ਹਨ।੧।

ਮ: ੩॥ (ਹੇ ਭਾਈ ! ਜਿਸ ਮਨੁੱਖ ਨੇ) ਨਾ ਪੂਰਨ ਸਤਿਗੁਰੂ ਦੀ ਸੇਵਾ ਕੀਤੀ, ਨਾ (ਉਸ ਦਾ ਪੂਰਨ ਗੁਰੂ ਦੇ) ਸ਼ਬਦ (ਉਪਦੇਸ਼) ਵਿਚ ਪ੍ਰੇਮ ਲੱਗਾ। ਉਸ ਨੂੰ ਹਉਮੈ ਦਾ ਅਤੇ ਬਹੁ ਸੁਆਉ=ਖ਼ੁਦਗ਼ਰਜ਼ੀ ਦਾ ਬਹੁਤ ਵੱਡਾ ਤੇ ਡੂੰਘਾ ਰੋਗ ਲੱਗਾ ਹੋਇਆ ਹੈ। (ਉਹ ਆਪਣੇ) ਮਨ ਹਠ ਨਾਲ ਕਈ ਤਰ੍ਹਾਂ ਦੇ ਕਰਮ ਕਮਾਉਂਦਾ ਹੈ, ਇਸ ਕਰਕੇ ਉਹ ਮੁੜ ਮੁੜ ਕੇ ਜੂਨਾਂ ਵਿਚ ਪੈਂਦਾ ਹੈ। ਉਸ ਗੁਰਮੁਖ ਦਾ ਮਨੁੱਖਾ ਜਨਮ ਸਫਲ ਹੈ ਜਿਸ ਨੂੰ (ਪਰਮਾਤਮਾ) ਆਪ ਹੀ (ਆਪਣੇ ਨਾਲ) ਮੇਲ ਲੈਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮਿਹਰ ਕਰਨ ਵਾਲਾ (ਪ੍ਰਭੂ ਜਦੋਂ) ਮਿਹਰ ਦੀ ਨਜ਼ਰ ਕਰੇ ਤਾਂ ਜੀਵ ਦੇ ਬੁੱਧੀ ਰੂਪੀ ਪਲੇ ਵਿਚ ਨਾਮ ਧਨ ਪੈਂਦਾ ਹੈ।੨।

ਪਉੜੀ॥ (ਹੇ ਭਾਈ !) ਹਰੀ ਦੇ ਨਾਮ (ਸਿਮਰਨ) ਵਿਚ ਸਾਰੀਆਂ ਵਡਿਆਈਆਂ ਹਨ (ਇਸ ਲਈ ਗੁਰੂ ਦੁਆਰਾ ਗੁਰਮੁਖ ਬਣ ਕੇ ਹਰੀ ਦਾ ਨਾਮ ਸਿਮਰਨਾ ਚਾਹੀਦਾ ਹੈ। ਜੇ ਨਾਮ ਵਿਚ ਚਿਤ ਬਿਰਤੀ ਨੂੰ ਲਾਈਏ ਤਾਂ ਹਰੀ ਪਾਸੋਂ ਜਿਹੜੀ ਚੀਜ਼ ਮੰਗੀਏ, ਉਹੀ ਮਿਲ ਜਾਂਦੀ ਹੈ। ਜੇ ਗੁਰੂ ਦੇ ਕੋਲ ਦਿਲ ਦੀ ਗੁੱਝੀ (ਗੁਪਤ) ਗੱਲ ਕਰ ਦੇਈਏ ਤਾਂ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ਜੇ ਪੂਰਾ (ਸਰਬ ਕਲਾ ਸਮਰੱਥ) ਗੁਰੂ ਹਰੀ ਦਾ ਉਪਦੇਸ਼ ਦੇਵੇ ਤਾਂ ਸਾਰੀ ਪਦਾਰਥਾਂ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ। ਹਰੀ ਦੇ ਗੁਣ ਓਹੀ (ਜੀਵ) ਗਾਉਂਦਾ ਹੈ, ਜਿਸ ਦੇ ਭਾਗਾਂ ਵਿਚ ਪਹਿਲਾਂ ਤੋਂ ਭਾਵ ਧੁਰੋਂ ਹੀ ਚੰਗਾ ਸ਼ੁਭ ਲੇਖ ਲਿਖਿਆ ਹੋਇਆ ਹੋਵੇ।੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧96 (ਆਦਿ ਅੰਗ 85੧)

## ਸਲੋਕ ਮ: 3 ॥

ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥ ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥ ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ॥ ੧ ॥ ਮ: 3 ॥ ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ ॥ ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥ ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ 2 ॥ ਮ: 3 ॥ ਮਨਮੁਖ ਮੈਲੇ ਮਰਹਿ ਗਵਾਰ ॥ ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥ ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥ ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥ ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥ ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥ 3 ॥ ਪਉੜੀ ॥ ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥ ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥ ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥ ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥ ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ ॥ 7 ॥

## ਪ੍ਰਾਕ੍ਥਨ :

ਇਹ ਸ੍ਰੀ ਮੁਖਵਾਕ ਬਿਲਾਵਲੁ ਰਾਗੁ ਦੀ ਵਾਰ ਦੀ ਸੱਤਵੀਂ ਪਉੜੀ ਨਾਲ ਸਬੰਧਤ ਉਚਾਰਨ ਕੀਤੇ ਹੋਏ ਦੋ ਸਲੋਕਾਂ ਸਮੇਤ ਹੈ। ਇਹ ਦੋ ਸਲੋਕ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਹੋਏ ਹਨ।

## ਵਿਸ਼ਾ—ਮਨਮੁਖ ਧਿਆਨੁ ਨ ਲਾਗੈ

ਇਸ ਸ਼ਬਦ ਦੇ ਆਰੰਭ ਵਿਚ ਮਨਮੁੱਖ ਦੇ ਕਪਟ ਦਾ ਜ਼ਿਕਰ ਆਇਆ ਹੈ। ਕਪਟ ਦਾ ਅਰਥ ਹੈ—ਫ਼ਰੇਬ, ਛਲ। ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣਾ। ਅਸੀਂ ਕਪਟ ਹਰ ਕਿਸੇ ਤੋਂ ਲੁਕਾਉਂਦੇ ਹਾਂ ਤੇ ਲੁਕਾਉਣ ਲਈ ਬਾਹਰੋਂ ਪਾਖੰਡ ਕਰਦੇ ਹਾਂ, ਪਰ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਪਾਖੰਡ ਕੀਤਿਆਂ ਕਪਟ ਲੁਕਦਾ ਤਾਂ ਨਹੀਂ; ਪ੍ਰਗਟ ਹੋ ਹੀ ਜਾਂਦਾ ਹੈ :

**ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ॥**
**ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ॥**
**ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ॥**

(ਵਾਰ ਸਾਰੰਗ ਮ: 4, ਅੰਗ ੧243)

**ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ॥**

(ਸਲੋਕ ਵਧੀਕ ਮਹਲਾ 3, ਅੰਗ ੧੪੧7)

**ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ**
**ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥**

(ਸੂਹੀ ਮਹਲਾ 4, ਅੰਗ 734)

ਜੇ ਹਿਰਦੇ ਵਿਚ ਕਪਟ ਭਰਿਆ ਹੋਵੇ ਅਤੇ ਉਪਰੋਂ ਕਰਮ-ਕਾਂਡ ਕਰਦੇ ਹੋਈਏ ਤਾਂ ਉਹ ਕਰਮ-ਕਾਂਡ ਕਿਸ ਲੇਖੇ ਹਨ ? ਕਈ ਲੋਕਾਂ ਨੂੰ ਪ੍ਰਤੀਤ ਤਾਂ ਕੋਈ ਆਈ ਨਹੀਂ ਹੁੰਦੀ, ਅਧਿਆਤਮਿਕ ਅਨੁਭਵ ਤੋਂ ਤਾਂ ਸੱਖਣੇ ਹੁੰਦੇ ਹਨ, ਪਰ ਬਾਹਰੋਂ ਅੱਖਾਂ ਮੀਟ ਕੇ ਇਉਂ ਦਿਖਾਉਂਦੇ ਹਨ, ਜਿਵੇਂ ਸਮਾਧੀ ਸਥਿਤ ਹੋਏ ਹੋਏ ਹਨ। ਬਾਹਰ ਤਾਂ ਚੰਦਨ ਦਾ ਟਿੱਕਾ ਲਗਾਇਆ ਹੋਇਆ ਹੈ, ਪਰ ਅੰਦਰ ਕਤਲ ਦੇ ਮਨਸੂਬੇ ਬਣਾਏ ਹੁੰਦੇ ਹਨ। ਭਗਤ ਬੇਣੀ ਜੀ ਦਾ ਸੁੰਦਰ ਕਥਨ ਹੈ :

**ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ॥**
**ਠਗ ਦਿਸਟਿ ਬਗਾ ਲਿਵ ਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥**

(ਪ੍ਰਭਾਤੀ ਬੇਣੀ, ਅੰਗ ੧35੧)

**ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧਿ ਲਗਾਈਐ॥**

(ਰਾਮਕਲੀ ਮਹਲਾ 4, ਅੰਗ ੮੮੧)

ਹਜ਼ੂਰ ਕਿਰਪਾ ਕਰਕੇ ਦੱਸਦੇ ਹਨ ਕਿ ਐਸੇ ਪਾਖੰਡੀ ਤਾਂ ਗੁਰੂ ਦੇ ਸਾਹਮਣੇ ਵੀ ਬਗੁਲ-ਸਮਾਧੀ ਲਗਾ ਕੇ ਬੈਠ ਸਕਦੇ ਹਨ, ਪਰ ਅੰਦਰੋਂ ਕੋਈ ਸੁਆਰਥ ਜਗਾਈ ਬੈਠੇ ਹੁੰਦੇ ਹਨ। ਆਸਾ ਕੀ ਵਾਰ ਅੰਦਰ ਗੁਰਦੇਵ ਦਾ ਕਥਨ ਹੈ ਕਿ ਉਹ ਵੀ ਹੁੰਦੇ ਹਨ ਜੋ ਬਾਹਰੋਂ ਪੰਡਿਤ ਬਣੇ ਹੁੰਦੇ ਹਨ, ਮੂਰਤੀਆਂ ਦੀ ਪੂਜਾ ਕਰਦੇ ਹਨ, ਗਲ ਮਾਲਾ ਲਟਕਾਈ ਫਿਰਦੇ ਹਨ, ਮੱਥੇ 'ਤੇ ਤਿਲਕ ਲਾਇਆ ਹੁੰਦਾ ਹੈ, ਪਰ ਪੂਜਾ ਵਿਚ ਵੀ ਉਹਨਾਂ ਨੇ ਬਗੁਲੇ ਵਾਲੀ ਸਮਾਧੀ ਹੀ ਲਾਈ ਹੁੰਦੀ ਹੈ :

**ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥**
**ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥**
**ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥**

(ਵਾਰ ਆਸਾ ਮ: ੧, ਅੰਗ 470)

ਬੜੇ ਲੋਕ ਬਾਹਰੋਂ ਪਵਿੱਤਰਤਾ ਦਾ ਭੇਖ ਬਣਾ ਰੱਖਦੇ ਹਨ ਤੇ ਅੰਦਰੋਂ ਵਿਕਾਰਾਂ ਦੇ ਭਰੇ ਹੁੰਦੇ ਹਨ। ਬਾਹਰੋਂ ਹੋਰਾਂ ਨੂੰ ਧੋਖਾ ਦੇ ਰਹੇ ਹੁੰਦੇ ਹਨ, ਅੰਦਰੋਂ ਆਪਣੇ ਆਪ ਨਾਲ ਝੂਠ ਬੋਲਦੇ ਤੇ ਮੰਨਦੇ ਹਨ ਕਿ ਉਨ੍ਹਾਂ ਦਾ ਧੋਖਾ (ਕਪਟ) ਸੱਚ ਸਮਝਿਆ ਜਾਏਗਾ। ਮਨਮੁਖ ਪਦ ਦੇ ਦੋ ਅਰਥ ਹੋ ਸਕਦੇ ਹਨ : ਇਕ ਇਹ ਕਿ ਜਿਸ ਨੇ ਆਪਣੇ ਮਨ ਨੂੰ ਹੀ ਮੁਖ ਸਮਝਿਆ ਹੈ ਤੇ ਉਸ ਦੇ ਆਖੇ ਲੱਗਦਾ ਹੈ। ਦੂਜਾ ਇਹ ਕਿ ਉਸ ਦਾ ਮੁਖ ਉਸ ਦੇ ਮਨ ਵੱਲ ਰਹਿੰਦਾ ਹੈ, ਗੁਰੂ ਵੱਲ ਨਹੀਂ। ਗੁਰੂ ਵੱਲੋਂ ਉਹ ਬੇਮੁਖ ਹੋਇਆ ਰਹਿੰਦਾ ਹੈ। ਇਸ ਟਾਕਰੇ ਗੁਰਮੁਖ ਉਹ ਪੁਰਖ ਹੈ, ਜਿਸ ਦਾ ਮੁਖ ਗੁਰੂ ਵੱਲ ਹੈ। ਜਿਸ ਦਾ ਮੁਖ ਗੁਰੂ ਵੱਲ ਹੁੰਦਾ ਹੈ, ਉਸੇ ਨੂੰ ਸ਼ਬਦ ਦੀ ਸੋਝੀ ਪੈਂਦੀ ਹੈ, ਕਿਉਂਕਿ ਸਤਿਗੁਰ ਸ਼ਬਦ ਦਾ ਬੋਹਿਥਾ ਹੈ। ਮਨਮੁਖ, ਜੋ ਗੁਰੂ ਵੱਲੋਂ ਮੂੰਹ ਫੇਰ ਕੇ ਖਲੋਂਦਾ ਹੈ, ਸ਼ਬਦ ਦੀ ਪਛਾਣ ਤੋਂ ਵਾਂਝਿਆ ਰਹਿੰਦਾ ਹੈ। ਗੁਰਮੁਖ ਨਾਮ ਰਸੀਆ ਹੁੰਦਾ ਹੈ, ਮਨਮੁਖ ਉਸ ਦੇ ਟਾਕਰੇ ਮਾਇਆ ਜਾਲ ਵਿਚ ਫਸਿਆ ਰਹਿੰਦਾ ਹੈ। ਉਹ ਦੂਜੇ ਭਾਇ ਵਿਚ ਲੱਗਾ ਬਿਖ ਖਾਂਦਾ ਹੈ। ਮਨੁੱਖ ਦੇ ਅੰਦਰ ਬੇਅੰਤ ਅਧਿਆਤਮਿਕ ਖ਼ਜ਼ਾਨੇ ਹਨ, ਗੁਰਮੁਖ ਉਹਨਾਂ ਨੂੰ ਵਿਹਾਜਦਾ ਹੈ, ਮਨਮੁਖ ਉਹਨਾਂ ਤੋਂ ਜਾਣੂ ਹੀ ਨਹੀਂ ਹੁੰਦਾ, ਕਿਉਂਕਿ ਉਹ ਹਉਮੈ ਤੇ ਗਰਬ ਵਿਚ ਫਸਿਆ ਰਹਿੰਦਾ ਹੈ।

ਗੁਰਮੁਖ, ਜੋ ਨਾਮ ਵਖਾਣਦਾ ਹੈ, ਉਸ ਦਾ ਅੰਦਰ ਨਿਰਮਲ ਹੋ ਜਾਂਦਾ ਹੈ। ਮਨਮੁਖ, ਜਿਸ ਦਾ ਚੰਚਲ ਮਨ ਕਦੇ ਟਿਕਦਾ ਨਹੀਂ, ਤੇ ਜਿਸ ਨੂੰ ਅੰਦਰ ਵੱਸਦੇ ਸ਼ਬਦ ਦੀ ਪਛਾਣ ਨਹੀਂ ਆਉਂਦੀ, ਮਲੀਨ ਹੋਇਆ ਰਹਿੰਦਾ ਹੈ।

ਗੁਰਮੁਖ ਪ੍ਰਾਣੀ, ਸ਼ਬਦ ਦੇ ਪਿਆਰ ਵਿਚ ਰੱਤੇ, ਅੰਦਰੋਂ ਸੀਤਲ ਅਤੇ ਸ਼ਾਂਤ ਹੋਏ ਰਹਿੰਦੇ ਹਨ। ਉਹ ਹਉਮੈ ਨੂੰ ਗਵਾ ਦਿੰਦੇ ਹਨ, ਪਰ ਹਉਮੈ ਵਿਚ ਘਿਰੇ ਮਨਮੁਖ ਤ੍ਰਿਸ਼ਨਾ ਦੇ ਭਜਾਏ ਭੱਜੇ ਫਿਰਦੇ ਹਨ। ਹਉਮੈ ਉਹਨਾਂ ਦੀ ਫੁੱਲ ਕੇ ਗਾਰਬਵਾਦ ਬਣੀ ਰਹਿੰਦੀ ਹੈ। ਉਹ ਅਹੰਕਾਰੀ ਹੋਇਆ ਫਿਰਦਾ ਹੈ ਤੇ ਕਿਸੇ ਨੂੰ ਕੁਝ

ਸਮਝਦਾ ਨਹੀਂ।

ਗੁਰਮੁਖ ਸਭ ਬੰਧਨਾਂ ਤੋਂ ਮੁਕਤ ਹੁੰਦਾ ਹੈ, ਕਿਉਂਕਿ ਨਾਮ ਰਾਹੀਂ ਉਸ ਦਾ ਨਿਸਤਾਰਾ ਹੁੰਦਾ ਹੈ, ਪਰ ਮਨਮੁਖ ਨਾਮ ਬਿਨਾਂ ਭਰਮਦਾ ਫਿਰਦਾ ਹੈ :

**ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥**
**ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥੧7॥** (ਅੰਗ ੧365)

ਮਨਮੁਖ ਸਾਕਤ ਪੁਰਸ਼ ਸੂਰ ਨਾਲੋਂ ਵੀ ਮਾੜਾ ਦਸਿਆ ਹੈ, ਕਿਉਂਕਿ ਸੂਰ ਗੰਦਗੀ ਸਾਫ਼ ਕਰਦਾ ਹੈ। ਪਰ ਮਨਮੁਖ ਸਾਕਤ ਪੁਰਸ਼ ਗੰਦਗੀ ਫੈਲਾਉਂਦਾ ਹੈ, ਇਸ ਕਰਕੇ ਸੂਰ ਸਾਕਤ ਨਾਲੋਂ ਚੰਗਾ ਹੈ :

**ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥**
**ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥ ੧43 ॥**

(ਅੰਗ ੧372)

ਮਨਮੁਖ ਸਾਕਤ ਪੁਰਸ਼ ਦੀ ਸੰਗਤ ਭਗਤ ਕਬੀਰ ਜੀ ਨੇ ਬਹੁਤ ਮਾੜੀ ਦੱਸੀ ਹੈ। ਜਿਵੇਂ ਕਾਲਖ ਵਾਲੇ ਭਾਂਡੇ ਨਾਲ ਛੋਹਿਆਂ ਕਾਲਖ ਦਾ ਦਾਗ਼ ਲੱਗ ਜਾਂਦਾ ਹੈ, ਇਸੇ ਤਰ੍ਹਾਂ ਸਾਕਤ ਦੀ ਸੰਗਤ ਕਰਨ ਨਾਲ ਜੀਵਨ ਦਾਗ਼ੀ ਹੋ ਜਾਂਦਾ ਹੈ :

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ ੧3੧॥** (ਅੰਗ ੧37੧)
**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥**
**ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥88॥** (ਅੰਗ ੧369)
**ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥**
**ਕੂੜਿ ਕਪਟਿ ਅਹੰਕਾਰਿ ਰੀਝਾਨਾ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ॥'**

(ਅੰਗ 892)

ਜਦੋਂ ਮਨ ਪਦਾਰਥਾਂ ਅਤੇ ਧੰਧੇ ਧਾਵਣੀ ਲਈ ਬਾਹਰ ਵੱਲ ਭੱਜਦਾ ਹੈ ਤਾਂ ਇਹ ਗਿਆਨਵਾਨ ਘੱਟ ਤੇ ਅਗਿਆਨੀ ਵਧੇਰੇ ਹੁੰਦਾ ਹੈ। ਚੇਤਨ ਘੱਟ ਤੇ ਜੜ੍ਹ ਵਧੇਰੇ ਹੁੰਦਾ ਹੈ। ਬਿਬੇਕੀ ਘੱਟ ਤੇ ਮੂੜ੍ਹ ਵਧੇਰੇ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਮਾਇਆ ਦੇ ਭਰਮ ਜਾਲ ਵਿਚ ਫਸਿਆ ਰਹਿੰਦਾ ਹੈ। ਇਸ ਨੂੰ ਹਉਮੈ ਚੰਬੜੀ ਰਹਿੰਦੀ ਹੈ। ਉਹ ਇਸ ਨੂੰ ਅਸਥੂਲ ਬਣਾ ਦੇਂਦੀ ਹੈ। ਹਉਮੈ ਦਾ ਭਜਾਇਆ ਇਹ ਬਾਹਰ ਪਦਾਰਥਾਂ ਤੇ ਸੰਬੰਧਾਂ ਮਗਰ ਲੱਗਾ ਫਿਰਦਾ ਹੈ। ਲੋਭ ਕਰਦਾ ਹੈ, ਲੋਭ ਪਿੱਛੇ ਵਧੀਕੀਆਂ ਕਰਦਾ ਹੈ। ਆਸਾ ਮਨਸਾ ਵਿਚਾਲੇ ਭਟਕਦਾ ਫਿਰਦਾ ਹੈ। ਸੰਸੇ ਤੇ ਭਰਮ ਹੰਢਾਉਂਦਾ ਹੈ ਤੇ ਅਸ਼ਾਂਤ ਰਹਿੰਦਾ ਹੈ। ਫ਼ਿਕਰਾਂ ਚਿੰਤਾਵਾਂ ਕਾਰਨ ਚਿੰਤਾਤੁਰ ਰਹਿੰਦਾ ਹੈ, ਕਈ ਪ੍ਰਕਾਰ ਦੇ ਭੈਅ ਇਸ ਨੂੰ ਲੱਗੇ ਰਹਿੰਦੇ ਹਨ। ਰਾਗ ਤੇ ਦ੍ਵੈਖ ਵਿਚਾਲੇ

ਭਟਕਦਾ ਹੈ ਤੇ ਕਿਤੇ ਟਿਕ ਨਹੀਂ ਸਕਦਾ। ਇਸ ਦੀਆਂ ਚੰਚਲ ਬਿਰਤੀਆਂ ਇਸ ਨੂੰ ਪ੍ਰਭੂ ਪ੍ਰਮਾਤਮਾ ਨਾਲ ਜੁੜਨ ਨਹੀਂ ਦੇਂਦੀਆਂ, ਤਦੇ ਇਹ ਧੱਕੇ ਖਾਂਦਾ ਫਿਰਦਾ ਹੈ। ਇਸ ਦੀ ਮਤਿ ਨੀਵੀਂ, ਮਲੀਨ ਤੇ ਕੌੜੀ ਹੁੰਦੀ ਹੈ ਤੇ ਉਸ ਉੱਪਰ ਚੱਲਣ ਵਾਲਾ ਮਨਮਤੀਆ, ਹੋਛਾ ਤੇ ਨੀਚ ਹੋ ਜਾਂਦਾ ਹੈ। ਇਸ ਦਾ ਆਖਾ ਮੰਨਣ ਵਾਲਾ ਬੰਦਾ ਨਿੱਜ-ਕੇਂਦਰਿਤ, ਖ਼ੁਦਗਰਜ਼, ਮਤਲਬੀ, ਸ੍ਵੈਮਾਨ, ਅਭਿਮਾਨੀ ਤੇ ਅੜੀਅਲ ਸੁਭਾਅ ਵਾਲਾ ਹੋ ਜਾਂਦਾ ਹੈ। ਇਹੋ ਮਨਮੁੱਖਤਾ ਤੇ ਮੂਰਖਤਾ ਹੈ, ਜਦ ਕਿ ਗੁਰਮੁਖ ਗੁਰੂ ਦੀ ਮਤਿ ਗ੍ਰਹਿਣ ਕਰ ਕੇ ਪ੍ਰਭੂ ਪ੍ਰਮਾਤਮਾ ਦੀ ਹਾਜ਼ਰ ਨਾਜ਼ਰਤਾ ਵਿਚ ਵਿਚਰਦਾ ਹੈ। ਮਨਮੁਖ ਮੂਰਖ ਪੁਰਸ਼ ਉਸ ਦੇ ਟਾਕਰੇ ਰੱਬ ਨੂੰ ਭੁਲਾਈ ਰੱਖਦਾ ਹੈ, ਤਦੇ ਤਾਂ ਗੁਰਮੁਖ ਨੂੰ ਸਨਮੁਖ ਤੇ ਮਨਮੁਖ ਮਨੁੱਖ ਨੂੰ ਬੇਮੁਖ ਆਖਿਆ ਹੈ। ਮਨਮੁਖ ਆਪਣੇ ਮਾਨਸਿਕ ਭਰਮ-ਭੁਲੇਖਿਆਂ, ਗਿਣਤੀਆਂ-ਮਿਣਤੀਆਂ, ਆਸਾਂ-ਅੰਦੇਸਿਆਂ, ਭੈੜੀਆਂ ਇੱਛਾਵਾਂ, ਮੰਦ ਕਾਮਨਾਵਾਂ ਆਦਿ ਦੇ ਭੈੜੇ ਉਜਾੜਾਂ ਵਿਚ ਭਟਕਦਾ ਰਹਿੰਦਾ ਹੈ। ਜਿਉਂ-ਜਿਉਂ ਬੰਦਾ ਮਨ ਦੇ ਮਗਰ ਲੱਗਦਾ ਹੈ, ਉਹ ਰੱਬ ਤੋਂ ਹੋਰ ਦੂਰ ਹੋਈ ਜਾਂਦਾ ਹੈ। ਮਨਮੁਖ ਨੂੰ ਤਦੇ ਹੀ ਅਭਿੱਜ ਪੱਥਰ ਦੀ ਤਰ੍ਹਾਂ ਦਾ ਕਿਹਾ ਹੈ। ਹਜ਼ੂਰ ਦਾ ਸੁੰਦਰ ਫ਼ੁਰਮਾਨ ਹੈ :

**ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥**
**ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥**

(ਆਸਾ ਕਾਫੀ ਮਹਲਾ ੧, ਅੰਗ ੪੧੭)

ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਮਨਮੁਖ ਸਾਕਤ ਦਾ ਕੋਈ ਭਲਾ ਕਰੇ ਤਾਂ ਵੀ ਸਾਕਤ ਨੇ ਬੁਰਾ ਹੀ ਸਮਝਣਾ ਹੈ। ਮਨਮੁਖ ਸਾਕਤ ਪੁਰਸ਼ ਨੂੰ ਸੱਚਾ ਬਚਨ ਜ਼ਹਿਰ ਦੀ ਤਰ੍ਹਾਂ ਦੁਖਦਾਈ ਲੱਗਦਾ ਹੈ। ਸਾਕਤ ਦਾ ਵਰਤ ਵਰਤਾਵਾ ਐਸਾ ਹੈ ਕਿ ਉਸ ਨੂੰ ਜਿੱਤ ਹਾਰ ਦੀ ਸਮਝ ਨਹੀ। ਅੰਮ੍ਰਿਤ ਕੌੜਾ ਲੱਗਦਾ ਹੈ ਤੇ ਜ਼ਹਿਰ ਮਿਠੀ ਸਮਝ ਕੇ ਪੀਂਦਾ ਹੈ :

**ਜੋ ਭਲਾਈ ਸੋ ਬੁਰਾ ਜਾਨੈ॥ ਸਾਚੁ ਕਹੈ ਸੋ ਬਿਖੈ ਸਮਾਨੈ॥**
**ਜਾਣੈ ਨਾਹੀ ਜੀਤ ਅਰੁ ਹਾਰ॥ ਇਹੁ ਵਲੇਵਾ ਸਾਕਤ ਸੰਸਾਰ॥ 2 ॥**
**ਜੋ ਹਲਾਹਲ ਸੋ ਪੀਵੈ ਬਉਰਾ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥**
**ਸਾਧਸੰਗ ਕੈ ਨਾਹੀ ਨੇਰਿ॥ ਲਖ ਚਉਰਾਸੀਹ ਭ੍ਰਮਤਾ ਫੇਰਿ॥'3 ॥** (ਅੰਗ ੧੮੦)

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਸਿੱਖਾਂ ਨੂੰ ਉਪਦੇਸ਼ ਦਿੰਦਿਆਂ ਮਨਮੁਖ ਸਾਕਤ ਪੁਰਸ਼ ਨੂੰ ਡੱਡੂ ਜੈਸਾ ਦਸਿਆ ਹੈ :

**ਜਲਜ ਸਿਵਾਲ ਦੋਉ ਜਲ ਮਾਂਹੀ। ਦਾਦੁਰ ਨੀਚ ਸਿਵਾਲ ਸੁ ਖਾਹੀ।**
**ਨਹੀ ਜਾਨ ਰਸ ਕੌਲ ਪਰਾਗਾ। ਕੀਚ ਸਵਾਲ ਡਾਂਡਿ ਰਸ ਪਾਗਾ।**
**ਕੋਟਿ ਕਲਪ ਪਾਹਨ ਜਲ ਵਸੈ। ਤਨਿਕ ਨ ਤਾਸ ਅੰਗ ਪੁਨ ਰਸੈ।**
**ਤਿਮ ਸਾਕਤ ਸੰਤਨ ਕੇ ਪਾਸਾ। ਨਿਸ ਦਿਨ ਗੁਨ ਤੇ ਰਹਿਤ ਨਿਰਾਸਾ।**

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਗੁਣ ਕੋ ਤਯਾਗ ਔਗੁਣੈ ਗਹੈ। ਦਾਦੁਰ ਕਮਲ ਸਿਵਾਲਨ ਚਹੈ।**
**ਗਊ ਭੈਂਸ ਤਨ ਜੋਕ ਲਗਈਐ। ਛੀਰ ਨ ਗਹੈ ਰੁਧਿਰ ਕੋ ਪੀਐ।**

(ਗੁਰ ਬਿਲਾਸ ਪਾਤਸ਼ਾਹੀ ੧੦, ਅਧਯਾਯ ੧੯)

ਭਾਈ ਗੁਰਦਾਸ ਜੀ ਨੇ ਰੱਬ ਤੋਂ ਭੁਲੇ, ਮੂਲ ਤੋਂ ਖੁੰਝੇ, ਪ੍ਰਮਾਤਮਾ ਤੋਂ ਬੇਮੁਖ ਅਤੇ ਮਨਮੁਖ ਦੇ ਸਬੰਧ ਵਿਚ ਬੜੇ ਸੁੰਦਰ ਬਚਨ ਕਹੇ ਹਨ :

**ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।**
**ਕੜਛੀ ਸਾਉ ਨ ਸੰਮ੍ਹਲੈ ਭੋਜਨ ਰਸੁ ਖਾਣੈ।**
**ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ।**
**ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।**
**ਗੁਜਰੁ ਗੋਰਸੁ ਵੇਚਿ ਕੈ ਖਲਿ ਸੂੜੀ ਆਣੈ।**
**ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ॥ 4॥**

(ਵਾਰ 34, ਪਉੜੀ 4)

ਐਸੇ ਕਪਟੀ ਛਲੀਏ ਮਨਮੁਖਾਂ ਦਾ ਕੋਈ ਦੀਨ ਈਮਾਨ ਨਹੀਂ ਹੁੰਦਾ। ਉਹ ਅਖੌਤੀ ਧਾਰਮਿਕ ਆਗੂ ਵੱਢੀ ਲੈ ਕੇ ਕਿਸ ਤਰ੍ਹਾਂ ਦੂਸਰਿਆਂ ਦੇ ਹੱਕ ਮਾਰਦੇ ਸਨ।

## ਸਾਖੀ—ਵਢੀ ਲੈ ਕੇ ਹਕੁ ਗਵਾਏ॥

ਬਾਬਰ ਬਾਦਸ਼ਾਹ ਵੇਲੇ ਕਾਜ਼ੀ ਅਦਾਲਤ (ਨਿਆ) ਕਰਦੇ ਹੁੰਦੇ ਸਨ। ਇਕ ਨਗਰ ਵਿਚ ਇਕ ਖ਼ਾਲੀ ਥਾਂ 'ਤੇ ਇਕ ਜੁਲਾਹਾ ਹਮੇਸ਼ਾ ਤਾਣੀ ਬੁਣਦਾ ਹੁੰਦਾ ਸੀ। ਕਦੀ-ਕਦੀ ਗੁੱਜਰ ਵੀ ਉਥੇ ਡੰਗਰ ਬੰਨ੍ਹ ਲੈਂਦਾ ਸੀ। ਹੌਲੀ-ਹੌਲੀ ਗੁੱਜਰ ਨੇ ਉਸ ਥਾਂ ਨੂੰ ਆਪਣੇ ਕਬਜ਼ੇ ਵਿਚ ਕਰ ਲੀਤਾ ਤਾਂ ਜੁਲਾਹੇ ਨੇ ਕਾਜ਼ੀ ਪਾਸ ਫ਼ਰਿਆਦ ਕੀਤੀ ਕਿ ਮੇਰੀ ਥਾਂ ਜ਼ਬਰਦਸਤੀ ਨਾਲ ਗੁੱਜਰ ਨੇ ਆਪਣੇ ਕਬਜ਼ੇ ਵਿਚ ਕਰ ਲੀਤੀ ਹੈ। ਇਹ ਥਾਂ ਮੇਰੀ ਹੈ। ਜੁਲਾਹੇ ਨੇ ਇਕ ਖੱਦਰ ਦਾ ਥਾਨ ਕਾਜ਼ੀ ਦੇ ਅਰਪਣ ਕਰ ਦਿੱਤਾ ਤੇ ਕਿਹਾ, ਇਸ ਖੱਦਰ ਦੀ ਤੁਸੀਂ ਪੱਗ ਬਣਾ ਕੇ ਸਿਰ 'ਤੇ ਬੰਨ੍ਹ ਲੈਣੀ। ਕਾਜ਼ੀ ਨੇ ਕੁਝ ਦਿਨਾਂ ਦੀ ਤਰੀਕ ਰੱਖ ਦਿੱਤੀ। ਏਧਰੋਂ ਇਕ ਦਿਨ ਚੁੱਪ ਕੀਤਾ ਗੁੱਜਰ ਗਿਆ ਤੇ ਇਕ ਚੰਗੀ ਦੁੱਧ ਦੇਣ ਵਾਲੀ ਗਾਂ ਨੂੰ ਹਿੱਕ ਕੇ ਕਾਜ਼ੀ ਦੇ ਘਰ ਲੈ ਗਿਆ, ਕਹਿਣ ਲੱਗਾ, ਹੇ ਕਾਜ਼ੀ ! ਇਹ ਗਾਂ ਸੋਹਣੀ ਦੁੱਧ ਦੇਣ ਵਾਲੀ ਹੈ, ਇਸ ਨੂੰ ਤੁਸੀਂ ਆਪਣੇ ਘਰ ਰੱਖੋ ਤੇ ਦੁੱਧ ਪੀਆ ਕਰੋ। ਤੁਸੀਂ ਸਾਡੇ ਮਾਈ ਬਾਪ ਹੋ ਤੇ ਤਰੀਕ ਵਾਲੇ ਦਿਨ ਮੇਰਾ ਖ਼ਿਆਲ ਰੱਖਣਾ। ਇਹ ਕਹਿ ਕੇ ਗੁੱਜਰ ਚਲਾ ਗਿਆ। ਜਦੋਂ ਤਰੀਕ ਭੁਗਤਣ ਦਾ ਦਿਨ ਆਇਆ ਤਦ ਜੁਲਾਹਾ ਤੇ ਗੁੱਜਰ ਕਾਜ਼ੀ ਦੇ ਅੱਗੇ ਆਪਣਾ ਬਿਆਨ ਦੇਣ ਲੱਗੇ। ਕਾਜ਼ੀ ਗੁੱਜਰ ਦੇ ਹੱਕ ਦੀ ਗੱਲ ਕਰੇ ਤੇ ਜੁਲਾਹੇ ਨੂੰ ਝੂਠਾ ਬਣਾਵੇ ਤਾਂ ਜੁਲਾਹੇ ਨੇ ਵਿਚਾਰਿਆ ਕਿ ਮੇਰੀ ਪੱਗ ਦਿੱਤੀ ਹੋਈ ਕਾਜ਼ੀ ਨੂੰ ਭੁੱਲ ਗਈ ਹੈ। ਜੁਲਾਹਾ ਚੇਤਾ ਕਰਾਵਣ ਦੇ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਬਹਾਨੇ ਆਪਣੇ ਸਿਰ ਦੀ ਪੱਗ ਨੂੰ ਹੱਥ ਲਾ ਕੇ ਬਾਰੰਬਾਰ ਇਹੀ ਆਖੇ, ਹੇ ਕਾਜ਼ੀ ਸਾਹਿਬ ! ਆਪ ਮੇਰੀ ਪੱਗ ਦਾ ਖ਼ਿਆਲ ਕਰੋ। ਕਾਜ਼ੀ ਦੇ ਨੌਕਰ ਨੂੰ ਸਾਰੀ ਵਾਰਤਾ ਦਾ ਪਤਾ ਸੀ ਕਿ ਇਸ ਜੁਲਾਹੇ ਨੇ ਪੱਗ ਦਿੱਤੀ ਹੋਈ ਹੈ ਤੇ ਗੁੱਜਰ ਨੇ ਗਾਂ ਦਿੱਤੀ ਹੋਈ ਹੈ। ਤਾਂ ਕਾਜ਼ੀ ਦਾ ਨੌਕਰ ਜੁਲਾਹੇ ਦੇ ਕੰਨ ਵਿਚ ਕਹਿਣ ਲੱਗਾ, ਓ ਮੂਰਖਾ, ਤੇਰੀ ਪੱਗ ਨੂੰ ਤਾਂ ਗਾਂ ਖਾ ਗਈ। ਉਸ ਦਾ ਭਾਵ ਇਹ ਸੀ ਕਿ ਤੂੰ ਖੱਦਰ ਦੀ ਪੱਗ ਦਿੱਤੀ ਹੋਈ ਹੈ ਤੇ ਗੁੱਜਰ ਨੇ ਡੇਢ ਸੌ ਦੀ ਗਾਂ ਦੁੱਧ ਪੀਣ ਨੂੰ ਦਿੱਤੀ ਹੈ। ਉਹ ਗੁੱਜਰ ਦੀ ਗੱਲ ਕਰੇ ਕਿ ਤੇਰੀ ? ਅਖ਼ੀਰ ਕਾਜ਼ੀ ਨੇ ਇਹ ਫ਼ੈਸਲਾ ਕੀਤਾ ਕਿ ਇਹ ਥਾਉਂ ਗੁੱਜਰ ਦੀ ਹੈ ਤੇ ਜੁਲਾਹਾ ਝੂਠਾ ਦਾਅਵਾ ਕਰਦਾ ਹੈ। ਭਾਵ ਕਲਜੁਗ ਵਿਚ ਕਾਜ਼ੀ ਝੂਠੇ ਪਾਸੋਂ ਵੱਢੀ ਲੈ ਕੇ ਸੱਚੇ ਪੁਰਸ਼ ਦਾ ਹੱਕ ਗਵਾ ਦਿੰਦੇ ਹਨ। ਇਸ ਕਰਕੇ ਮਨਮੁਖ ਦਾ ਕੋਈ ਦੀਨ ਈਮਾਨ ਨਹੀਂ ਹੁੰਦਾ, ਉਹ ਇਸ ਤਰ੍ਹਾਂ ਦੇ ਕਪਟੀ ਛਲੀਏ ਹੁੰਦੇ ਹਨ।

## ਸਾਖੀ—ਜੇ ਕੋ ਪੁਛੈ ਤਾ ਪੜਿ ਸੁਣਾਏ॥

ਇਕ ਸਾਖੀ ਆਉਂਦੀ ਹੈ ਕਿ ਇਕ ਨਗਰ ਵਿਚ ਕਾਜ਼ੀ ਦਾ ਬਲਦ ਤੇ ਤੇਲੀ ਦਾ ਬਲਦ ਬਾਹਰ ਘਾਹ ਖਾਣ ਵਾਸਤੇ ਗਏ। ਉਥੇ ਹੀ ਦੋਨੋਂ ਬਲਦ ਆਪਸ ਵਿਚ ਭਿੜ ਪਏ। ਤੇਲੀ ਦੇ ਬਲਦ ਨੇ ਕਾਜ਼ੀ ਦੇ ਬੁੱਢੇ ਬੈਲ ਨੂੰ ਜਾਨੋਂ ਹੀ ਮਾਰ ਦਿੱਤਾ। ਇਸ ਗੱਲ ਦਾ ਜਦੋਂ ਤੇਲੀ ਨੂੰ ਪਤਾ ਲੱਗਾ ਤਾਂ ਬੜਾ ਹੀ ਡਰਿਆ ਤੇ ਛੇਤੀ ਨਾਲ ਕਾਜ਼ੀ ਦੇ ਘਰ ਜਾ ਕੇ ਜੁਗਤੀ ਨਾਲ ਕਹਿਣ ਲੱਗਾ, ਹੇ ਕਾਜ਼ੀ ਸਾਹਿਬ ! ਜਦ ਦੋ ਬਲਦ ਆਪਸ ਵਿਚ ਭਿੜ ਪੈਣ ਤੇ ਤਕੜਾ ਬਲਦ ਬੁੱਢੇ ਮਾੜੇ ਬਲਦ ਨੂੰ ਜਾਨੋਂ ਮਾਰ ਦੇਵੇ ਤਦ ਤਕੜੇ ਬਲਦ ਦਾ ਜੋ ਮਾਲਕ ਹੈ, ਉਸ ਨੂੰ ਕੀ ਦੰਡ ਦੇਣਾ ਚਾਹੀਦਾ ਹੈ ? ਤਾਂ ਕਾਜ਼ੀ ਕਹਿਣ ਲੱਗਾ, ਹੇ ਮੂਰਖ ! ਪਸ਼ੂ ਕਿਸੇ ਦੇ ਸਿਖਾਏ ਹੋਈ ਨਹੀਂ ਹੁੰਦੇ। ਪਸ਼ੂ ਪਸ਼ੂ ਆਪਸ ਵਿਚ ਭਿੜ ਪੈਣ ਤਾਂ ਇਸ ਵਿਚ ਮਾਲਕ ਦਾ ਕੀ ਕਸੂਰ ਹੈ ? ਇਸ ਲਈ ਮਾਲਕ ਨੂੰ ਕੁਝ ਭੀ ਦੰਡ ਨਹੀਂ ਦੇਣਾ ਹੁੰਦਾ। ਅਜੇ ਇਤਨੀ ਗੱਲ ਕਾਜ਼ੀ ਦੇ ਮੂੰਹ ਵਿਚ ਹੀ ਸੀ ਕਿ ਉਸੀ ਵੇਲੇ ਕਾਜ਼ੀ ਦਾ ਪੁੱਤਰ ਰੋਂਦਾ ਹੋਇਆ ਆ ਪੁੱਜਾ ਤੇ ਕਹਿਣ ਲੱਗਾ, ਬਾਪੂ ਜੀ ! ਸਾਡੇ ਬਲਦ ਨੂੰ ਇਸ ਤੇਲੀ ਦੇ ਬਲਦ ਨੇ ਜਾਨੋਂ ਹੀ ਮਾਰ ਦਿੱਤਾ ਹੈ। ਕਾਜ਼ੀ ਕਹਿਣ ਲੱਗਾ, ਪੁੱਤਰ, ਅੰਦਰੋਂ ਅਲਮਾਰੀ ਵਿਚੋਂ ਲਾਲ ਜਿਲਦ ਵਾਲੀ ਕਿਤਾਬ ਕੱਢ ਕੇ ਲੈ ਆ, ਉਸ ਵਿਚੋਂ ਇਸ ਕਾਨੂੰਨ ਬਾਬਤ ਦੇਖੀਏ। ਉਸੇ ਵੇਲੇ ਕਾਜ਼ੀ ਅੱਗੇ ਲਾਲ ਜਿਲਦ ਵਾਲੀ ਕਿਤਾਬ ਆ ਗਈ। ਕਾਜ਼ੀ ਨੇ ਹੱਥ ਵਿਚ ਫੜ ਕੇ ਪੰਜ ਸੱਤ ਵਰਕੇ ਇਧਰ ਉਧਰ ਫਰੋਲੇ ਤੇ ਕਹਿਣ ਲੱਗਾ, ਹੇ ਤੇਲੀ ! ਕਿਤਾਬ ਦੇ ਵਿਚੋਂ ਇਹ ਕਾਨੂੰਨ ਨਿਕਲਿਆ ਹੈ, ਤੂੰ ਸੁਣ :

**ਲਾਲ ਕਿਤਾਬ ਬਖਾਨੇ ਇਉਂ। ਤੇਲੀ ਬਲਦ ਭਿੜ੍ਹਾਇਆ ਕਿਉਂ।**
**ਖਲ ਖਵਾਏ ਕੀਆ ਮੁਸ਼ਟੰਡ। ਬੈਲ ਕਾ ਬੈਲ ਵੀਹ ਰੁਪੈ ਦੰਡ।**

ਭਾਵ—ਜੇ ਕੋਈ ਕਾਜ਼ੀ ਪਾਸੋਂ ਪੁੱਛਦਾ ਹੈ ਕਿ ਤੁਸਾਂ ਬੇਇਨਸਾਫ਼ੀ ਕੀਤੀ ਹੈ ਤਾਂ ਕਾਜ਼ੀ ਹੁਰੀਂ ਕਿਤਾਬਾਂ ਨੂੰ ਪੜ੍ਹ ਕੇ ਐਸੇ ਮਸਲੇ ਸੁਣਾਉਂਦੇ ਹਨ। ਇਹ ਕਪਟੀ ਛਲੀਏ ਮਨਮੁਖਾਂ ਦਾ ਹਾਲ ਹੈ। ਪਰ ਮਨਮੁਖ ਪੁਰਸ਼ ਤਾਂ ਗੁਰੂ ਸਾਹਿਬ ਜੀ ਦੇ ਹੁਕਮ ਨੂੰ ਵੀ ਨਹੀਂ ਮੰਨਦਾ। ਸੁਖ ਤਾਂ ਗੁਰੂ ਦੇ ਹੁਕਮ ਮੰਨਣ ਨਾਲ ਹੀ ਪ੍ਰਾਪਤ ਹੁੰਦਾ ਹੈ, ਪਰ ਮਨਮੁਖ ਹੁਕਮ ਨਾ ਮੰਨਣ ਕਰ ਕੇ ਦੁੱਖੀ ਹੁੰਦਾ ਹੈ।

ਜਿਸ ਤਰ੍ਹਾਂ ਖਡੂਰ ਸਾਹਿਬ ਦੇ ਰਹਿਣ ਵਾਲੇ ਮਨਮੁਖ ਮਲੂਕੇ ਚੌਧਰੀ ਦਾ ਹਾਲ ਹੋਇਆ ਸੀ।

## ਸਾਖੀ—ਸ਼ਰਾਬੀ ਚੌਧਰੀ ਦੀ

ਦੂਸਰੇ ਸਤਿਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਮੇਂ ਸ੍ਰੀ ਖਡੂਰ ਸਾਹਿਬ ਜੀ ਵਿਚ ਮਲੂਕਾ ਪਿੰਡ ਦਾ ਚੌਧਰੀ ਸੀ। ਕਈ ਵਿਦਵਾਨਾਂ ਨੇ ਇਸ ਦਾ ਨਾਮ ਚੌਧਰੀ ਜਵਾਹਰ ਮੱਲ ਲਿਖਿਆ ਹੈ। ਇਸ ਦੀ ਹਵੇਲੀ ਸਤਿਗੁਰਾਂ ਦੇ ਮੱਲ ਅਖਾੜਾ ਸਾਹਿਬ ਦੇ ਪਾਸ ਹੀ ਸੀ। ਇਸ ਨੂੰ ਸ਼ਰਾਬ ਪੀਣ ਦੀ ਬੜੀ ਭੈੜੀ ਆਦਤ ਸੀ। ਇਸ ਕਰਕੇ ਇਸ ਨੂੰ ਮਿਰਗੀ ਦੀ ਦੁਖਦਾਇਕ ਬਿਮਾਰੀ ਸੀ, ਜੋ ਬੜੇ-ਬੜੇ ਇਲਾਜ ਕਰਕੇ ਵੀ ਨਾ ਹਟੀ। ਇਸ ਨੇ ਬਿਮਾਰੀ ਤੋਂ ਤੰਗ ਆ ਕੇ ਸੱਚੇ ਪਾਤਸ਼ਾਹ ਜੀ ਦੇ ਹਜ਼ੂਰ ਆ ਕੇ ਬੇਨਤੀ ਕੀਤੀ :

**ਹੁਤੋ ਬਡੋ ਇਕ ਚੌਧਰੀ ਖਡੂਰਹਿ ਕੇਰਾ। ਹਿੰਸਕ ਨਿੰਦਕ ਲਾਲਚੀ ਮਦ ਪੀਏ ਘਨੇਰਾ।**
**ਕਬਹੀ ਨਾ ਗੁਰ ਢਿਗ ਆਇਉ ਮਿਰਗੀ ਰੁਜ ਵਾਰਾ। ਨਿਜ ਮਤਲਬ ਕੇ ਵਾਸਤੇ ਆ ਕਰੀ ਪੁਕਾਰਾ।**

(ਅਥਵਾ)

**ਆਪ ਤਪਾ ਜੀ ਪਰਮ ਕਿਰਪਾਲੁ॥ ਸਭ ਭਾਖਹਿ ਤੁਮ ਸੁਜਸ ਬਿਸਾਲ॥**

ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਹੇ ਗ਼ਰੀਬ ਨਿਵਾਜ ਜੀ ! ਮੇਰੀ ਮਿਰਗੀ ਦੀ ਬਿਮਾਰੀ ਹਟਾਓ।

**ਰੋਗ ਅਧਿਕ ਮੇਰੇ ਤਨ ਮਾਂਹੀ॥ ਕਰਹੁ ਕ੍ਰਿਪਾ ਜਿਮ ਇਹੁ ਮਿਟ ਜਾਹੀ॥ 23 ॥**

ਸਤਿਗੁਰੂ ਸਾਹਿਬ ਜੀ ਨੇ ਸਹਿਜ ਸੁਭਾਅ ਕਿਹਾ ਕਿ ਭਾਈ, ਮਨਮੁਖਾਂ ਦਾ ਕਰਮ ਹੈ ਸ਼ਰਾਬ ਪੀਣੀ ਪਰ ਜੇ ਤੂੰ ਇਹ ਛੱਡ ਦੇਵੇਂ ਤਾਂ ਤੇਰੀ ਮਿਰਗੀ ਦੀ ਬਿਮਾਰੀ ਹਟ ਜਾਏਗੀ, ਨਾਲ ਇਹ ਗੱਲ ਚੇਤੇ ਰੱਖੀਂ, ਜਿਸ ਦਿਨ ਸ਼ਰਾਬ ਪੀਵੇਂਗਾ, ਐਸੀ ਮਿਰਗੀ ਆਵੇਗੀ ਕਿ ਉੱਠ ਨਹੀਂ ਸਕੇਂਗਾ, ਉਥੇ ਹੀ ਮਰ ਜਾਵੇਂਗਾ।

**ਗੁਰ ਕਹਿਯੋ ਤੋਹਿ ਆਜ ਤੇ ਮਿਰਗੀ ਨਹਿ ਆਵੈ।**
**ਜੇ ਕਰ ਮਦਰਾ ਤੂੰ ਪੀਐ ਫਿਰ ਮਾਰ ਗਿਰਾਵੈ।**

ਇਹ ਸਤਿਗੁਰੂ ਸਾਹਿਬ ਜੀ ਨੇ ਬਚਨ ਕਰ ਦਿੱਤੇ :

**ਗੁਰ ਕਹਿਯੋ ਤੋਹਿ ਆਜ ਤੇ ਮਿਰਗੀ ਨਹਿ ਆਵੈ।**
**ਜੇ ਕਰ ਮਦਰਾ ਤੂੰ ਪੀਵੈ ਫਿਰ ਮਾਰ ਗਿਰਾਵੈ।**

ਮਲੂਕੇ ਨੇ ਇਹ ਬਚਨ ਸੁਣ ਕੇ ਸ਼ਰਾਬ ਛੱਡ ਦਿੱਤੀ।

ਅੱਠ ਸਾਲ ਜਿਉਂਦਾ ਰਿਹਾ ਤੇ ਮਿਰਗੀ ਦੀ ਬਿਮਾਰੀ ਨਾ ਆਈ। ਫੇਰ ਉਸ ਨੇ ਕਿਹਾ ਕਿ ਹੁਣ ਤਾਂ ਬਿਮਾਰੀ ਹਟ ਗਈ ਹੈ, ਮੌਜ ਲੈ ਲਈਏ। ਸਾਉਣ ਦੀਆਂ ਘਟਾਂ ਝੁਕ ਕੇ ਆਈਆਂ। ਠੰਢੀ-ਠੰਢੀ ਪਉਣ ਚੱਲੀ, ਨਿੱਕੀ-ਨਿੱਕੀ ਬੂੰਦਾ-ਬਾਂਦੀ ਹੋ ਰਹੀ ਸੀ। ਇਹ ਮਨਮੁਖ ਰਹਿ ਨਾ ਸਕਿਆ। ਨੌਕਰ ਨੂੰ ਕਿਹਾ,

ਲਿਆ ਓਇ ਸ਼ਰਾਬ ! ਜਦੋਂ ਸ਼ਰਾਬ ਪੀ ਕੇ ਨੇਤਰਾਂ ਨੂੰ ਤਰਾਰ ਜਿਹਾ ਆਇਆ ਤਾਂ ਚੁਬਾਰੇ 'ਤੇ ਚੜ੍ਹ ਕੇ ਆਖਿਆ, ਹੇ ਤਪਾ ਜੀ ! ਅੱਜ ਨਹੀਂ ਰਹਿ ਸਕਿਆ। ਅੱਜ ਮੈਂ ਸ਼ਰਾਬ ਪੀ ਲਈ ਹੈ। ਉਸ ਵਕਤ ਸਤਿਗੁਰੂ ਸਾਹਿਬ ਜੀ ਦਾ ਦੀਵਾਨ ਗੁਰਦੁਆਰੇ ਮੱਲ ਅਖਾੜੇ ਸਾਹਿਬ ਜੀ ਵਿਖੇ ਲੱਗਾ ਹੋਇਆ ਸੀ।

ਸਤਿਗੁਰਾਂ ਨੇ ਇਸ ਦੀ ਇਹ ਗੱਲ ਸੁਣ ਕੇ ਕਿਹਾ, ਚੰਗਾ ਜੇ ਇਉਂ ਹੈ ਤਾਂ ਮਿਰਗੀ ਵੀ ਹੁਕਮ ਦੀ ਬੱਧੀ ਹੋਈ ਸੀ। ਲੈ ਹੁਣ ਤੱਕੜਾ ਹੋ ਜਾ, ਮਿਰਗੀ ਵੀ ਆਈ। ਇਹ ਬਚਨ ਕਹਿਣ ਤੋਂ ਮਿਰਗੀ ਪੈਣ ਕਰਕੇ ਅਟਾਰੀ ਤੋਂ ਡਿੱਗ ਕੇ ਮਰ ਗਿਆ।

**ਇਕ ਦਿਨ ਫਿਰ ਉਸ ਚੌਧਰੀ ਮਦਰਾ ਬਹੁ ਪੀਤੀ।**
**ਨਿਜ ਮੰਦਰ ਤੇ ਚਢ ਕੈ ਬੋਲੀ ਬਡ ਕੀਤੀ।**............
**ਝੂਮ ਝੂਮ ਕੈ ਗਿਰ ਪਰਿਓ ਗਰਦਨ ਤਿਹ ਟੂਟੀ॥**

**ਸਲੋਕ ਮਃ 3 ॥**

ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥ ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥ ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ॥ ੧ ॥ ਮਃ 3 ॥ ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ ॥ ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥ ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ 2 ॥ ਮਃ 3 ॥ ਮਨਮੁਖ ਮੈਲੇ ਮਰਹਿ ਗਵਾਰ ॥ ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥ ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥ ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥ ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥ ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥ 3 ॥ ਪਉੜੀ ॥ ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥ ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥ ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥ ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ

**ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥ ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ ॥ 7 ॥**

**ਪਦ ਅਰਥ :- ਸਲੋਕ ਮ: ੩ ॥ ਕਪਟੁ=ਛਲ, ਫ਼ਰੇਬ, ਧੋਖਾ। ਕਰਮੀ=ਭਾਗਾਂ ਨਾਲ। ਰੰਗੁ=ਪ੍ਰੇਮ। ਗਿਆਨ ਪ੍ਰਗਾਸਿਆ=ਗਿਆਨ ਦਾ ਚਾਨਣ ਹੋਇਆ। ਤਿਮਰ ਅਗਿਆਨ=ਅਗਿਆਨ ਦਾ ਘੋਰ ਹਨੇਰਾ। ਚੁਕਾਇਆ=ਦੂਰ ਕੀਤਾ। ਮੈਲੇ=ਅਪਵਿੱਤਰ। ਗਵਾਰ=ਮੂਰਖ। ਉਰ ਧਾਰਿ=ਹਿਰਦੇ ਵਿਚ ਰੱਖਿਆ ਹੈ। ਭਨਤਿ=ਕਹਿੰਦਾ ਹੈ। ਮਲੁ=ਮੈਲ। ਸਿਰਿ=ਸਿਰ ਉੱਤੇ। ਨ ਚੇਤਹਿ=ਯਾਦ ਨਹੀਂ ਕਰਦੇ। ਨ ਵੀਚਾਰਹਿ=ਨਹੀਂ ਵੀਚਾਰਦੇ। ਨ ਭਾਇਆ=ਚੰਗਾ ਨਹੀਂ ਲੱਗਾ। ਹਰਿ=ਹਰੀ ਨੇ। ਪਉੜੀ॥ ਭਗਤਿ ਸਚੁ=ਸੱਚ ਰੂਪੀ ਭਗਤੀ। ਮੁਹਤਾਜੀ=ਮੁਥਾਜੀ। ਹੋਰਤੁ ਹਟਿ=ਹੋਰ ਹੱਟੀ ਤੋਂ। ਵਥੁ=ਵਸਤੂ, ਸੌਦਾ। ਵੇਸਾਹੁ=ਭਰੋਸਾ। ਭਸੁ ਪਾਹੁ=ਸੁਆਹ ਪੈਂਦੀ ਹੈ। ਹਹਿ=ਹਨ।**

**ਅਰਥ :- ਸਲੋਕ ਮ: ੩ ॥ ਮਨਮੁਖ ਦੇ (ਦਿਲ) ਵਿਚ ਕਪਟ=ਛਲ-ਫਰੇਬ, ਧੋਖਾ ਹੈ, ਜਿਸ ਕਰ ਕੇ (ਉਸ ਨੂੰ) ਸਦਾ ਹੀ ਦੁੱਖ (ਲੱਗਾ ਰਹਿੰਦਾ ਹੈ ਅਤੇ ਉਸ ਦਾ) ਧਿਆਨ (ਸੱਚ ਸਰੂਪ ਪਰਮੇਸ਼ਰ ਵਿਚ) ਨਹੀਂ ਲੱਗਦਾ। (ਮਨ ਅੰਦਰ ਕਪਟ ਧਾਰ ਕੇ ਜੋ ਦੁੱਖ ਵਿਚ ਕਾਰ ਕਮਾਈ ਜਾਂਦੀ ਹੈ (ਉਸ ਨਾਲ) ਇਸ ਸੰਸਾਰ ਵਿਚ (ਵੀ) ਦੁੱਖ ਲੱਗਦਾ ਹੈ (ਅਤੇ) ਅੱਗੇ (ਪਰਲੋਕ ਵਿਚ ਵੀ) ਦੁੱਖ (ਭੋਗਣਾ ਪੈਂਦਾ ਹੈ)। (ਜੇ ਚੰਗੇ) ਭਾਗਾਂ ਨਾਲ ਸਤਿਗੁਰੂ ਮਿਲ ਪਵੇ ਤਾਂ ਸੱਚੇ (ਪ੍ਰਭੂ ਦੇ) ਨਾਮ ਵਿਚ ਲਿਵ ਲੱਗ ਜਾਂਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਫਿਰ ਉਸ ਨੂੰ) ਸਹਜ-ਸੁਭਾਇ ਹੀ (ਆਤਮਿਕ) ਸੁਖ (ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਦੇ ਹਿਰਦੇ ਚੋਂ) ਭਰਮ ਤੇ ਡਰ ਦੂਰ ਹੋ ਜਾਂਦਾ ਹੈ।੧।**

**ਮ: ੩ ॥ ਗੁਰਮੁਖ (ਗੁਰੂ ਦੇ ਸਨਮੁਖ ਰਹਿਣ ਵਾਲਿਆਂ ਦੇ ਮਨ) ਵਿਚ ਸਦਾ ਹਰੀ ਦਾ ਪਿਆਰ ਹੁੰਦਾ ਹੈ ਅਤੇ ਉਨ੍ਹਾਂ ਦੇ ਮਨ ਵਿਚ ਵੀ ਉਨ੍ਹਾਂ ਨੂੰ ਹਰੀ ਦਾ ਨਾਮ ਹੀ ਚੰਗਾ ਲੱਗਦਾ ਹੈ। ਗੁਰਮੁਖ ਦਾ ਵੇਖਣਾ, ਬੋਲਣਾ ਨਾਮ ਹੈ (ਅਤੇ ਉਨ੍ਹਾਂ ਨੇ) ਨਾਮ ਨੂੰ ਜਪਦਿਆਂ ਹੀ (ਸੱਚਾ) ਸੁਖ ਪਾਇਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜਦੋਂ) ਗੁਰੂ ਦੁਆਰਾ ਗਿਆਨ ਰੂਪੀ ਚਾਨਣ ਹੋਇਆ (ਤਾਂ ਪ੍ਰਭੂ ਦੇ ਨਾਮ ਨੇ ਉਸ ਦੇ ਅੰਦਰੋਂ) ਅਗਿਆਨਤਾ ਦਾ ਗਾੜ੍ਹਾ ਘੁੱਪ ਹਨੇਰਾ ਦੂਰ ਕਰ ਦਿੱਤਾ।੨।**

**ਮ: ੩ ॥ (ਗੁਰੂ ਤੋਂ ਬੇਮੁਖ) ਮਨਮੁਖ (ਰਾਗ ਦ੍ਵੈਸ਼ ਦੀ ਮੈਲ ਕਰਕੇ) ਅਪਵਿੱਤਰ ਹਨ (ਅਤੇ ਉਹ) ਮੂਰਖ ਮਰਦੇ (ਖੱਪਦੇ ਰਹਿੰਦੇ ਹਨ)। ਗੁਰਮੁਖ ਪਵਿੱਤਰ ਹਨ (ਜਿਨ੍ਹਾਂ ਨੇ) ਹਰੀ ਨਾਮ ਨੂੰ ਹਿਰਦੇ ਵਿਚ ਟਿਕਾ ਕੇ ਰੱਖਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ, ਹੇ ਭਾਈ ਜਨੋਂ ! ਤੁਸੀਂ (ਮੇਰੀ ਗੱਲ ਧਿਆਨ ਨਾਲ) ਸੁਣੋ। ਹੇ ਭਾਈ ! ਤੁਸੀਂ ਸਤਿਗੁਰੂ ਦੀ ਸੇਵਾ ਕਰੋ, (ਇਸ ਨਾਲ) ਅਹੰਕਾਰ ਦੀ ਮੈਲ ਦੂਰ ਹੋ ਜਾਵੇਗੀ। (ਮਨਮੁਖਾਂ ਦੇ ਹਿਰਦੇ) ਵਿਚ ਭਰਮ ਹੈ (ਜਿਸ ਕਰ ਕੇ ਉਨ੍ਹਾਂ ਨੂੰ) ਦੁੱਖ ਲੱਗਦਾ ਹੈ ਅਤੇ ਉਨ੍ਹਾਂ ਦੇ ਸਿਰ ਉੱਤੇ ਧੰਧਿਆਂ ਦਾ (ਭਾਰ ਹੋਣ ਕਰਕੇ ਜਮਾਂ ਦੀ) ਮਾਰ ਪੈਂਦੀ ਰਹਿੰਦੀ ਹੈ। (ਜਿਨ੍ਹਾਂ ਦੇ) ਅੰਦਰ ਮਾਇਆ ਦਾ ਮੋਹ-ਪਿਆਰ ਹੈ (ਸੋ, ਉਹ) ਦ੍ਵੈਤ-ਭਾਵ ਵਿਚ ਸੁਤੇ ਹੋਏ (ਮਨੁੱਖ) ਕਦੇ ਵੀ ਨਹੀਂ ਜਾਗਦੇ। (ਉਹ) ਨਾ ਹਰੀ-**

ਨਾਮ ਨੂੰ ਸਿਮਰਦੇ ਹਨ, ਨਾ (ਗੁਰੂ ਦੇ) ਸ਼ਬਦ ਨੂੰ ਵੀਚਾਰਦੇ ਹਨ, ਮਨਮੁਖਾਂ ਦੀ ਵੀਚਾਰ ਦਾ (ਇਹੋ ਜਿਹਾ ਹਾਲ ਹੈ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮਨਮੁਖਾਂ ਨੂੰ) ਹਰੀ ਦਾ ਨਾਮ ਚੰਗਾ ਨਹੀਂ ਲੱਗਦਾ, (ਜਿਸ ਕਰ ਕੇ ਉਨ੍ਹਾਂ ਨੇ ਆਪਣਾ ਮਨੁੱਖਾ) ਜਨਮ ਵਿਅਰਥ ਗੁਆ ਲਿਆ (ਅਤੇ ਉਨ੍ਹਾਂ ਨੂੰ) ਜਮ ਮਾਰ ਕੇ ਖੁਆਰ ਕਰੇਗਾ।੩।

ਪਉੜੀ॥ ਜਿਸ ਨੂੰ ਹਰੀ ਨੇ ਸੱਚ ਰੂਪੀ ਭਗਤੀ ਬਖ਼ਸ਼ੀ ਹੈ, ਉਹ ਸੱਚਾ ਸ਼ਾਹ ਹੈ। (ਸਾਰਾ) ਲੋਕ (ਭਾਵ ਸੰਸਾਰ) ਉਸ ਦੀ ਮੁਹਤਾਜੀ ਕਰਦਾ ਹੈ (ਖ਼ੁਸ਼ਾਮਦ ਕਰਦਾ ਹੈ), ਕਿਉਂਕਿ ਨਾਮ ਰੂਪੀ ਵਸਤੂ (ਗੁਰੂ ਤੋਂ ਬਿਨਾਂ) ਕਿਸੇ ਹੱਟੀ ਤੋਂ ਨਹੀਂ ਮਿਲਦੀ (ਅਤੇ) ਨਾ ਹੀ (ਹੋਰ ਕਿਸੇ ਦਾ) ਭਰੋਸਾ (ਇਤਬਾਰ ਹੈ)। (ਜੋ ਮਨੁੱਖ) ਭਗਤ ਜਨਾਂ ਦੇ ਸਨਮੁਖ ਰਹਿੰਦਾ ਹੋਵੇ, ਉਹ ਹਰੀ (ਨਾਮ ਦੀ) ਪੂੰਜੀ ਪ੍ਰਾਪਤ ਕਰਦਾ ਹੈ, ਬੇਮੁਖ ਦੇ ਸਿਰ 'ਤੇ ਲਾਹਨਤਾਂ ਦੀ ਸੁਆਹ ਹੀ ਪੈਂਦੀ ਹੈ। (ਹੇ ਭਾਈ !) ਹਰੀ ਦੇ ਨਾਮ ਦੇ ਵਾਪਾਰੀ ਹਰੀ ਦੇ ਭਗਤ ਜਨ ਹਨ, ਜਮ ਰੂਪ ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਜਾਂਦਾ। ਜਨ ਨਾਨਕ (ਗੁਰੂ ਜੀ ਦਾਸਾ ਭਾਵ ਧਾਰ ਕੇ ਉਚਾਰਨ ਕਰਦੇ ਹਨ ਕਿ) ਅਸਾਂ ਨੇ ਹਰੀ ਦਾ ਨਾਮ ਧਨ ਬੁੱਧੀ ਰੂਪ ਪੱਲੇ ਵਿਚ ਬੰਨ੍ਹਿਆ ਹੈ (ਜਿਸ ਕਰਕੇ ਹਰੀ ਦਾ ਦਾਸ ਲੋਕਾਂ ਵੱਲੋਂ) ਸਦਾ ਵੇਪਰਵਾਹ ਰਹਿੰਦਾ ਹੈ।੭।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧97 (ਆਦਿ ਅੰਗ 853)

## ਸਲੋਕ ਮः 3 ॥

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥ ੧ ॥ ਮः 3 ॥ ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥ ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥ ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥ 2 ॥ ਪਉੜੀ ॥ ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥ ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਲੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ ॥ ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ਹਰਿ ਬਖਸਿਓਸੁ ਸਭੁ ਜਹਾਨੁ ॥ ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ ॥ ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ ॥ ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥ ੧0 ॥

## ਪ੍ਰਾਕ੍ਥਨ :

ਇਹ ਪਵਿੱਤਰ ਹੁਕਮਨਾਮਾ ਬਿਲਾਵਲੁ ਰਾਗੁ ਦੀ ਵਾਰ ਅੰਦਰ ਤੀਸਰੇ ਗੁਰਦੇਵ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਵਾਰ ਦੀ ਦੱਸਵੀਂ ਪਉੜੀ ਨਾਲ ਸਬੰਧਤ ਦੋ ਸਲੋਕ ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਹੋਏ ਹਨ।

## ਵਿਸ਼ਾ — ਅਗਨਿ ਕੁੰਡ ਵਿਚਿ ਰਖੀਅਨਿ

ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣੁ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਸ਼ਬਦ ਸਲੋਕ ਦੇ ਆਰੰਭ ਵਿਚ ਸੰਸਾਰ ਨੂੰ ਸੜਦਾ ਦੱਸ ਕੇ ਇਸ ਦੀ ਰੱਖਿਆ ਵਾਸਤੇ ਪ੍ਰਭੂ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਹੈ :

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**

ਕਿਉਂਕਿ ਉਹ ਪ੍ਰਭੂ ਪ੍ਰਮਾਤਮਾ ਰੱਖਿਆ ਕਰਨ ਨੂੰ ਸਮੱਰਥ ਹੈ ਅਤੇ ਇਸ ਜੀਵ ਦੇ ਜਨਮ ਕਾਲ ਤੋਂ ਸਮੁੱਚੇ ਜੀਆਂ ਦੀ ਰੱਖਿਆ ਕਰਦਾ ਆਇਆ ਹੈ। ਜਨਮ ਕਾਲ ਤੋਂ ਪਹਿਲਾਂ ਮਾਤਾ ਦੇ ਉਦਰ ਵਿਚ ਜਠਰ ਅਗਨੀ ਵਿਚ ਸੜਨ ਤੋਂ ਇਸ ਜੀਵ ਨੂੰ ਮਾਲਕ ਨੇ ਆਪਣੇ ਸਿਮਰਨ ਰਾਹੀਂ ਬਚਾਇਆ। ਉਥੇ ਇਸ ਨੂੰ ਰੰਚ ਮਾਤਰ ਵੀ ਸੇਕ ਨਹੀਂ ਲੱਗਣ ਦਿੱਤਾ। ਹਜ਼ੂਰ ਦੇ ਅੰਮ੍ਰਿਤ ਬਚਨ ਹਨ :

ਸਲੋਕ॥

**ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ॥**
**ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ॥ ੧॥**
**ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥**
**ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ॥ 2॥**

ਪਉੜੀ॥

**ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥**
**ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ॥**
**ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ॥**
**ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ॥**
**ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ॥ 2॥**

(ਅੰਗ 706)

**ਗਰਭ ਅਗਨਿ ਮਹਿ ਜਿਨਹਿ ਉਬਾਰਿਆ॥ ਰਕਤ ਕਿਰਮ ਮਹਿ ਨਹੀ ਸੰਘਾਰਿਆ॥**
**ਅਪਨਾ ਸਿਮਰਨੁ ਦੇ ਪ੍ਰਤਿਪਾਲਿਆ, ਓਹੁ ਸਗਲ ਘਟਾ ਕਾ ਮਾਲਕਾ॥**

(ਅੰਗ ੧084)

ਇਸ ਸਾਰੇ ਪ੍ਰਸੰਗ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਕਥਨ ਕੀਤਾ ਹੈ :

**ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ।**
**ਪਾਣੀ ਦਾ ਕਰਿ ਪੁਤਲਾ ਉਡੈ ਨ ਪਉਣੁ ਖੁਲੇ ਨਉਂ ਦੁਆਰਾ।**
**ਅਗਨਿ ਕੁੰਡ ਵਿਚਿ ਰਖੀਅਨਿ ਨਰਕ ਘੋਰ ਮਹਿੰ ਉਦਰੁ ਮੰਝਾਰਾ।**
**ਕਰੈ ਉਰਧ ਤਪੁ ਗਰਭ ਵਿਚਿ ਚਸਾ ਨ ਵਿਸਰੈ ਸਿਰਜਣਹਾਰਾ।**
**ਦਸੀ ਮਹੀਨੀਂ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ।**
**ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ।**
**ਸਾਹੋਂ ਵਿਛੁੜਿਆ ਵਣਜਾਰਾ॥ 6 ॥** (ਵਾਰ 37, ਪਉੜੀ 6)

ਜੀਵ ਦੇ ਜਨਮ ਪਿੱਛੋਂ ਸੰਸਾਰ ਦੀ ਬਾਹਰਲੀ ਤਪਸ਼, ਪ੍ਰਤੱਖ ਰੂਪ ਵਿਚ ਜੇਠ ਹਾੜ ਦੇ ਮਹੀਨੇ ਦੀ ਤਪਸ਼ ਅਤੇ ਵਿਕਾਰਾਂ ਦੀ ਤਪਸ਼ ਤੋਂ ਇਸ ਜੀਵ ਦੀ ਮਾਲਕ ਨੇ ਰੱਖਿਆ ਕੀਤੀ ਹੈ। ਬਾਹਰਲੀ ਤਪਸ਼ ਦੇ ਸੰਬੰਧ ਵਿਚ ਵਿਦਵਾਨਾਂ ਦਾ ਇਸ ਪ੍ਰਕਾਰ ਕਥਨ ਹੈ ਕਿ ਪਰਾਕ੍ਰਿਤਕ ਮੰਡਲ ਵਿਚ ਧਰਤੀ ਤੇ ਸੂਰਜ ਦੀ ਗਰਦਸ਼ ਨਾਲ ਰੁੱਤਾਂ ਤੇ ਮਹੀਨੇ ਬਦਲਦੇ ਹਨ :

**ਮਾਹਾ ਰੁਤੀ ਆਵਹਿ ਵਾਰ ਵਾਰ॥** (ਅੰਗ 842)

ਜੋ ਗੁਰਬਾਣੀ ਅਤੇ ਸ਼ਾਸਤਰਕਾਰਾਂ ਨੇ ਛੇ ਰੁੱਤਾਂ ਦਰਸਾਈਆਂ ਹਨ, ਇਹਨਾਂ ਛੇ ਰੁੱਤਾਂ ਵਿਚੋਂ ਗ੍ਰੀਖਮ ਰੁੱਤ ਅਤਿਅੰਤ ਤਪਸ਼ ਵਾਲੀ ਮੰਨੀ ਹੈ। ਗੁਰਦੇਵ ਦਾ ਫ਼ੁਰਮਾਨ ਹੈ :

**ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ॥** (ਅੰਗ 928)

ਇਹ ਤਪਸ਼ ਇਤਨੀ ਜ਼ਿਆਦਾ ਹੈ ਕਿ ਇਸ ਦੀ ਤਪਸ਼ ਨਾਲ ਸਰੋਵਰਾਂ ਦਾ ਜਲ ਸੁੱਕ ਜਾਂਦਾ ਹੈ। ਖੂਹਾਂ ਵਿਚ ਪਾਣੀ ਘੱਟ ਜਾਂਦਾ ਹੈ ਜਾਂ ਮੁੱਕ ਜਾਂਦਾ ਹੈ। ਨਦੀਆਂ ਦਾ ਵੇਗ ਵੀ ਇਸ ਤਰ੍ਹਾਂ ਹੋ ਜਾਂਦਾ ਹੈ, ਜਿਵੇਂ ਕੋਈ ਬਿਰਧ ਲਾਠੀ ਦੇ ਸਹਾਰੇ ਹੌਲੀ-ਹੌਲੀ ਤੁਰਦਾ ਹੋਵੇ। ਤਪਸ਼ ਦੇ ਸਤਾਏ ਪਿਆਸੇ ਪੰਛੀ ਪਾਣੀ ਅਤੇ ਦਰੱਖ਼ਤਾਂ ਦੀ ਛਾਂ ਦਾ ਸਹਾਰਾ ਤੱਕਦੇ ਹਨ। ਇਸ ਤਪਦੀ ਲੂਅ ਨਾਲ ਮਨੁੱਖੀ ਜੀਵਨ ਵੀ ਝੁਲਸ ਜਾਂਦੇ ਹਨ ਤਾਂ ਅੰਤਰ ਆਤਮੇ ਠੰਢ ਦੀ ਮੰਗ ਜਾਗਦੀ ਹੈ। ਧਰਤੀ ਦੀ ਐਸੀ ਦੀਨ ਦਸ਼ਾ ਵੇਖ ਕੇ ਪ੍ਰਭੂ ਰਹਿਮਤ ਦੇ ਘਰ ਵਿਚ ਆ ਕੇ ਇਸ ਬਾਹਰਲੀ ਤਪਸ਼ ਤੋਂ ਇਸ ਤਰ੍ਹਾਂ ਰੱਖਿਆ ਕਰਦਾ ਹੈ ਕਿ ਮਾਲਕ ਬੱਦਲ ਰੂਪ ਹੋ ਕੇ ਵਰਖਾ ਕਰਦਾ ਹੈ, ਜਿਸ ਨਾਲ ਸਾਰੇ ਜੀਵ ਜੰਤ ਸੁੱਖੀ ਹੋ ਜਾਂਦੇ ਹਨ :

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਮੀਹੁ ਪਇਆ ਪਰਮੇਸਰਿ ਪਾਇਆ॥ ਜੀਅ ਜੰਤ ਸਭਿ ਸੁਖੀ ਵਸਾਇਆ॥**

(ਅੰਗ ੧05)

ਦੂਸਰੀ ਵਿਕਾਰਾਂ ਦੀ ਤਪਸ਼ ਦੇ ਸਬੰਧ ਵਿਚ ਵਿਦਵਾਨਾਂ ਦਾ ਇਸ ਤਰ੍ਹਾਂ ਕਥਨ ਹੈ ਕਿ ਦ੍ਰਿਸ਼ਟਮਾਨ ਪ੍ਰਾਕ੍ਰਿਤਕ ਮੰਡਲ ਤੋਂ ਬਾਅਦ ਸੂਖਮ ਮੰਡਲ ਦੀ ਆਪਣੀ ਖਾਸ ਦੁਨੀਆਂ ਹੈ। ਮਨ ਦੀ ਗਰਦਸ਼ ਨਾਲ ਆਤਮ ਮੰਡਲ ਵਿਚ ਜੋ ਤਪਸ਼ ਪੈਦਾ ਹੋ ਜਾਂਦੀ ਹੈ, ਇਹ ਤਪਸ਼ ਹੈ ਵਿਕਾਰਾਂ ਦੀ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਤ੍ਰਿਸ਼ਨਾ ਦੀ। ਇਸ ਤ੍ਰਿਸ਼ਨਾ ਦੀ ਅੱਗ ਨਾਲ ਤਾਂ ਰੂਹਾਨੀ ਬੂਟੇ ਸੜ ਹੀ ਜਾਂਦੇ ਹਨ। ਕੋਈ ਵਿਰਲਾ ਹੀ ਨਾਮ ਆਸਰੇ ਵਾਲਾ ਬਚਦਾ ਹੈ। ਗੁਰਦੇਵ ਦਾ ਫ਼ੁਰਮਾਨ ਹੈ :

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥**

(ਅੰਗ 383)

**ਅਥਵਾ : ਅਗਨਿ ਸਾਗਰ ਬੂਡਤ ਸੰਸਾਰਾ॥** (ਅੰਗ 804)

ਇਹਨਾਂ ਵਿਕਾਰਾਂ ਦੀ ਤਪਸ਼ ਨਾਲ ਜਦ ਅੰਤਸ਼ਕਰਨ ਤਪਦਾ ਹੈ ਤਾਂ ਨਾਮ ਰੂਪੀ ਜਲਿ ਦੀ ਮੰਗ ਪੈਦਾ ਹੁੰਦੀ ਹੈ, ਕਿਉਂਕਿ :

**ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥** (ਅੰਗ ੧29੧)

ਅਥਵਾ : **ਕਲਿ ਤਾਤੀ ਠਾਂਢਾ ਹਰਿ ਨਾਉ॥** (ਅੰਗ 288)

ਈਸ਼ਵਰ ਰੂਪ ਸਾਗਰ ਮਿਹਰ ਦੇ ਘਰ ਆ ਕੇ ਗੁਰੂ ਰੂਪ ਬੱਦਲ ਬਣ ਕੇ ਵਰਸਦਾ ਹੈ :

**ਘਨੁ ਗਰਜਤ ਗੋਬਿੰਦ ਰੂਪ॥** (ਅੰਗ ੧272)

ਅਥਵਾ : **ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥** (ਅੰਗ 709)

ਦੁੱਖਾਂ ਤੋਂ ਰੱਖਿਆ ਕਰਕੇ ਸੁਖ ਦੇਣ ਵਾਲਾ ਤਾਂ ਸੁੱਖਾਂ ਦਾ ਕੇਂਦਰ ਪ੍ਰਭੂ ਪ੍ਰਮਾਤਮਾ ਹੈ। ਜਦ ਤੱਕ ਉਸ ਪ੍ਰਭੂ ਪ੍ਰਮਾਤਮਾ ਨਾਲ ਨਾ ਜੁੜੀਏ, ਸੁੱਖਾਂ ਦਾ ਨਸੀਬ ਹੋਣਾ ਮੁਸ਼ਕਿਲ ਹੈ। ਸੋ ਉਸ ਪ੍ਰਭੂ ਦਾ ਮਿਲਣਾ ਹੀ ਸੁੱਖਾਂ ਦਾ ਮਿਲਣਾ ਹੈ। ਉਸ ਨੂੰ ਭੁੱਲਣਾ ਹੀ ਮਹਾਨ ਦੁੱਖਾਂ ਵਿਚ ਘਿਰਣਾ ਹੈ। ਭਾਈ ਸਾਹਿਬ ਭਾਈ ਨੰਦ ਲਾਲ ਗੋਯਾ ਜੀ ਦਾ ਕਥਨ ਹੈ :-

**ਗ਼ਮ ਦੇ ਬਾਸ਼ਦ ਗ਼ਫ਼ਲਤ ਅਜ਼ ਯਾਦੇ ਖ਼ੁਦਾ॥**

**ਚੀਸਤ ਸ਼ਾਦੀ-ਯਾਦ ਆ ਬ ਮੁੰਤਹਾ॥** (ਭਾਈ ਨੰਦ ਲਾਲ ਗੋਯਾ)

ਸੁਖ ਸਰੂਪ ਪ੍ਰਭੂ ਦੀ ਪ੍ਰਾਪਤੀ ਕਰਕੇ ਪ੍ਰਾਣੀ ਦੀ ਪੂਰਨ ਤੌਰ 'ਤੇ ਪ੍ਰਭੂ ਚਰਨਾਂ ਵਿਚ ਲਿਵ ਜੁੜ ਜਾਂਦੀ ਹੈ ਅਤੇ ਮਨੁੱਖ ਦੇ ਸਾਰੇ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਹੈ। ਜੀਵਨ ਵਿਚ ਸੁੱਖ ਤੇ ਅਨੰਦ ਆ ਵੱਸਦਾ ਹੈ। ਹਰ ਥਾਂ ਉਸ ਨੂੰ ਪੂਰਨ ਵਿਆਪਕ ਪ੍ਰਭੂ ਹੀ ਦਿੱਸਦਾ ਹੈ। ਉਸ ਨੂੰ ਕੋਈ ਬੁਰਾ ਨਹੀਂ ਦਿੱਸਦਾ, ਸਭ ਭਲੇ ਹੀ ਨਜ਼ਰ ਆਉਂਦੇ ਹਨ। ਕਦੇ ਹਾਰ ਨਹੀਂ ਹੁੰਦੀ, ਸਦਾ ਜਿੱਤ ਹੀ ਹੁੰਦੀ ਹੈ :
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥** (ਅੰਗ ੧302)

**ਦ੍ਰਿਸਟਿ ਮਹਿ ਦਰਸ ਦਰਸ ਮਹਿ ਦ੍ਰਿਸਟਿ ਦ੍ਰਿਗ,**
**ਦ੍ਰਿਸਟਿ ਦਰਸ ਅਦਰਸ ਗੁਰ ਧਿਆਨ ਹੈ॥**
**ਸਬਦ ਮਹਿ ਸੁਰਤਿ, ਸੁਰਤਿ ਮਹਿ ਸਬਦ ਧੁਨਿ,**
**ਸਬਦ ਸੁਰਤਿ ਅਗਮਿਤਿ ਗੁਰ ਗਿਆਨ ਹੈ॥**
**ਗਿਆਨ ਧਿਆਨ ਕਰਨੀ ਕੈ ਪ੍ਰਗਟਤ ਪ੍ਰੇਮ ਰਸੁ,**
**ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ॥**
**ਪਿੰਡ ਪ੍ਰਾਨ ਪ੍ਰਾਨਪਤਿ ਬੀਸ ਕੌ ਬਰਤਮਾਨ,**
**ਗੁਰਮੁਖਿ ਸੁਖ ਇਕ-ਈਸ ਮੌ ਨਿਧਾਨ ਹੈ॥ 45॥**

(ਕੱਬਿਤ ਸਵੱਯੇ, ਭਾ: ਗੁਰਦਾਸ ਜੀ)

ਸਮਰੱਥ ਗੁਰੂ ਦੀ ਅੰਮ੍ਰਿਤ ਭਰੀ ਦ੍ਰਿਸ਼ਟੀ ਵੱਡੇ-ਵੱਡੇ ਦੁਖਿਆਰੇ ਕੁਸ਼ਟੀ ਜੀਵਾਂ ਨੂੰ ਸਦਾ ਵਾਸਤੇ ਸੁਖੀ ਕਰ ਦਿੰਦੀ ਹੈ।

## ਸਾਖੀ—ਦੀਪਾਲਪੁਰ ਦਾ ਕੁਸ਼ਟੀ

ਕੁਲਯੁੱਗੀ ਜੀਵਾਂ ਦਾ ਉਧਾਰ ਕਰਦੇ ਹੋਏ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਭਾਈ ਬਾਲੇ ਤੇ ਮਰਦਾਨੇ ਦੇ ਸਮੇਤ ਜ਼ਿਲ੍ਹਾ ਮਿੰਟਗੁਮਰੀ ਦੇ ਸ਼ਹਿਰ ਸੱਤਿਘਰਾ ਵਿਚ ਭਾਰੀ ਧਨਾਢ ਸ਼ਾਹੂਕਾਰ ਤੇ ਸ਼ਾਹੂਕਾਰਨੀ ਅਤੇ ਹੋਰ ਸੰਗਤਾਂ ਦਾ ਉਧਾਰ ਕਰਕੇ ਅੱਗੇ ਇਸੇ ਜ਼ਿਲ੍ਹੇ ਦੇ ਪਿੰਡ ਦੀਪਾਲਪੁਰ ਵਿਚ ਰਾਤ ਨੂੰ ਪਹੁੰਚੇ ਤਾਂ ਹਜ਼ੂਰ ਨੂੰ ਬੈਠਣ ਵਾਸਤੇ ਕੋਈ ਥਾਂ ਨਾ ਦੇਵੇ। ਜਿੱਥੇ ਜਾ ਕੇ ਬੈਠਣ, ਮੰਦੀ ਮੱਤ ਵਾਲੇ ਲੋਕ ਉਥੋਂ ਹੀ ਉਠਾ ਦੇਣ। ਕ੍ਰੋੜਾਂ ਬ੍ਰਹਿਮੰਡਾਂ ਨੂੰ ਰਚਣ ਵਾਲੇ, 'ਖਿਨ ਮਹਿ ਨੀਚ ਕੀਟ ਕਉ ਰਾਜ॥' ਬਖ਼ਸ਼ਣ ਵਾਲੇ ਸਤਿਗੁਰੂ ਜੀ ਕੌਤਕ ਵਰਤਾਉਣ ਵਾਸਤੇ ਚੁੱਪ ਕਰਕੇ ਸਭ ਕੁਝ ਸਹਾਰੀ ਗਏ। ਅਖ਼ੀਰ ਸ਼ਾਮ ਨੂੰ ਸਤਿਗੁਰੂ ਜੀ ਨਗਰ ਤੋਂ ਬਾਹਰ ਆ ਗਏ। ਖੇਤਾਂ ਵਿਚ ਇਕ ਕੁੱਲੀ ਦੇਖ ਕੇ ਉਸ ਵੱਲ ਚੱਲ ਪਏ।

ਜਾ ਕੇ ਕੀ ਦੇਖਿਆ ਕਿ ਇਕ ਕੋੜ੍ਹੀ ਕੁਸ਼ਟ ਸਹਿਤ ਦੁੱਖੀ ਹੋ ਕੇ ਵਿਰਲਾਪ ਕਰ ਰਿਹਾ ਹੈ।

**ਹੁਤੋ ਕੁਸ਼ਟ ਯੁਤ ਏਕ ਫਕੀਰਾ। ਨਿਸ ਬਾਸੁਰ ਬਹੁ ਪਾਵਤਿ ਪੀਰਾ॥**
**ਦੇਖ ਦਯਾਨਿਧਿ ਕਰੁਣਾ ਆਈ। ਝੁੰਗੀ ਢਿਗ ਬੈਠੇ ਜੱਗ ਸਾਈਂ॥**

ਕੋੜ੍ਹੀ ਨੇ ਜਦੋਂ ਦਇਆ ਦੇ ਸਮੁੰਦਰ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕੀਤੇ ਤਾਂ ਉਹ ਜੋ ਕੋੜ੍ਹ ਦੇ ਦੁੱਖ ਕਰਕੇ ਵਿਰਲਾਪ ਕਰ ਰਿਹਾ ਸੀ, ਦਰਸ਼ਨ ਕਰਦਿਆਂ ਸਾਰ ਵਿਰਲਾਪ ਕਰਨੋਂ ਹਟ ਗਿਆ।

ਜਿੰਨਾ ਚਿਰ ਲੋਅ ਰਹੀ, ਦਰਸ਼ਨ ਹੁੰਦੇ ਰਹੇ, ਉਤਨਾ ਚਿਰ ਉਸ ਦੀ ਸਾਰੀ ਪੀੜ ਮਿਟੀ ਰਹੀ। ਜਦੋਂ ਹਨੇਰਾ ਹੋਣ ਕਰਕੇ ਦਰਸ਼ਨ ਹੋਣੋਂ ਹਟ ਗਏ ਤਾਂ ਫਿਰ ਪੀੜ ਨਾਲ ਵਿਰਲਾਪ ਕਰਨ ਲੱਗ ਪਿਆ ਤਾਂ ਕੋੜ੍ਹੀ ਨੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ :

**ਕਹੈ ਫਕੀਰ ਬੰਦਿ ਕਰ ਦੋਊ। ਮੋਰ ਸਮੀਪ ਨ ਆਵਤਿ ਕੋਊ।**
**ਖਗ ਭਾਗੈ ਪਿਖਿ, ਗਿਨਤੀ ਕਯਾ ਨਰ। ਤੁਮ ਆਏ, ਮੋ ਪਰ ਕਰੁਣਾ ਕਰਿ॥**

ਬੇਨਤੀ ਸੁਣ ਕੇ ਗ਼ਰੀਬ ਨਿਵਾਜ ਸਤਿਗੁਰੂ ਜੀ ਕਰੁਣਾ ਰਸ ਵਿਚ ਢੱਲ ਪਏ ਅਤੇ ਕਿਹਾ, 'ਮਰਦਾਨਿਆਂ, ਰਬਾਬ ਵਜਾ, ਕਾਈ ਸਿਫ਼ਤ ਕਰਤਾਰ ਦੀ ਕਰੀਏ। ਮਰਦਾਨੇ ਦੇ ਰਬਾਬ ਵਜਾਉਣ 'ਤੇ ਕਵਿ ਸੰਤੋਖ ਸਿੰਘ ਦੇ ਨਾਨਕ ਪ੍ਰਕਾਸ਼ ਅੰਦਰ ਕਥਨ ਅਨੁਸਾਰ ਹਜ਼ੂਰ ਨੇ ਇਹ ਸ਼ਬਦ ਉਚਾਰਿਆ :

**ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥** (ਅੰਗ ੬੬੧)

ਗੁਰਦੇਵ ਜੀ ਦੀ ਬਖ਼ਸ਼ਿਸ਼ ਭਰੀ ਦ੍ਰਿਸ਼ਟੀ ਨਾਲ ਕੁਸ਼ਟੀ ਰਾਜ਼ੀ ਹੋ ਗਿਆ ਅਤੇ ਹਜ਼ੂਰ ਦੀ ਸਿਫ਼ਤ ਕਰਨ ਲੱਗਿਆ। (ਗੋਬਿੰਦ ਦਾਸ ਦੇ ਪਰਿਆਇ ਅਨੁਸਾਰ) ਸਹੁ-ਸੁਹਾਗਣ ਨੂੰ ਜਿਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਦੂਸਰੀ ਵਾਰ ਜਾ ਕੇ ਤਾਰਿਆ ਤਾਂ ਉਸ ਸਮੇਂ ਇਕ ਕੋੜ੍ਹੀ ਨੂੰ ਰਾਜ਼ੀ ਕਰਕੇ ਇਹ ਸ਼ਬਦ ਉਚਾਰਣ ਕੀਤਾ ਸੀ। ਕੋੜ੍ਹੀ ਨੂੰ ਗੁਰਦੇਵ ਨੇ ਕਿਹਾ ਸੀ ਕਿ ਤੈਨੂੰ ਕੋਈ ਪੁੱਛੇ ਕਿ ਤੂੰ ਕਿਸ ਤਰ੍ਹਾਂ ਠੀਕ ਹੋ ਗਿਆ ਹੈਂ ਤਾਂ ਤੂੰ ਕਹੀਂ ਕਿ ਮੈਨੂੰ ਸਹੁ ਸੁਹਾਗਣ ਨੇ ਠੀਕ ਕੀਤਾ ਹੈ। ਇਹ ਸੁਣ ਕੇ ਸਹੁ ਸੁਹਾਗਣ ਗੁਰਦੇਵ ਦੀ ਸ਼ਰਨ 'ਚ ਆਇਆ ਸੀ।

## ਸਾਖੀ—ਰੋਗ ਮਿਟੈ ਹਰਿ ਅਵਖਧੁ ਲਾਇ

ਡਾਕਟਰ ਪੰਨਾ ਲਾਲ ਮੁਸਤਫ਼ਾਬਾਦੀ ਦੀ ਕਲਮ ਤੋਂ ਆਪ ਬੀਤੀ : ਉਹ ਲਿਖਦੇ ਹਨ ਕਿ ਸਾਡਾ ਪਰਿਵਾਰ ਕਈ ਪੀੜ੍ਹੀਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਿਆ ਹੋਇਆ ਹੈ ਅਤੇ ਅਨੇਕਾਂ ਅਜਿਹੀਆਂ ਘਟਨਾਵਾਂ ਸਾਡੇ ਪਰਿਵਾਰ ਵਿਚ ਹੋਈਆਂ ਹਨ, ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਹਰ ਔਖ-ਸੌਖ ਦੇ ਸਮੇਂ ਵਿਚ ਅਕਾਲ ਪੁਰਖ ਦੀਆਂ ਅਗੰਮੀ ਸ਼ਕਤੀਆਂ ਨੇ ਸਾਡੇ ਕਾਰਜ ਸਵਾਰਨ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ। ਮੇਰੇ ਪਿਤਾ ਸ੍ਰੀ ਬੂਆ ਦਿੱਤਾ ਜੀ ਅਤੇ ਮੇਰੇ ਸਹੁਰਾ ਜੀ ਸਿੱਧ ਯੋਗੀ ਬਚਨ ਨਾਥ ਬਚਨ ਮਹਾਂ ਮੰਡਲੇਸ਼ਵਰ ਸਾਹਿਬ ਦਾ ਆਪਸ ਵਿਚ ਅਧਿਆਤਮਿਕ ਤੌਰ 'ਤੇ ਰਿਸ਼ਤਾ ਇਤਨੀ ਨੇੜਤਾ ਵਾਲਾ ਸੀ ਕਿ ਉਹ ਕੁੜਮ ਘੱਟ ਅਤੇ ਨਾਮ ਬਾਣੀ ਦੇ ਰਸੀਏ ਦੋਸਤ ਵਧੇਰੇ ਸਨ। ਫ਼ਰਵਰੀ ੨੦੦੬ ਵਿਚ ਜਦੋਂ ਮੇਰੇ ਸਹੁਰਾ ਸਾਹਿਬ ਬ੍ਰਹਮਲੀਨ ਹੋਏ ਤਾਂ ਪਿਤਾ ਜੀ ਦੀ ਅਵਸਥਾ ਵੀ ਅਕਾਲ ਚਲਾਣੇ ਦੀਆਂ ਤਿਆਰੀਆਂ ਵਾਲੀ ਹੋਣੀ ਸ਼ੁਰੂ ਹੋ ਗਈ। ਉਨ੍ਹਾਂ ਦਾ ਮਨ ਇਸ ਸੰਸਾਰ ਤੋਂ ਉਪਰਾਮ ਰਹਿਣ ਲੱਗ ਪਿਆ। ਮਈ ਮਹੀਨਾ ਚੜ੍ਹਦਿਆਂ ਹੀ ਪੇਟ ਦੀ ਖ਼ਰਾਬੀ, ਗੁਰਦਿਆਂ ਦੀ ਕਮਜ਼ੋਰੀ ਅਤੇ ਬਲੱਡ ਪ੍ਰੈਸ਼ਰ ਦੀ ਪ੍ਰੇਸ਼ਾਨੀ ਕਾਰਣ ਪਿਤਾ ਜੀ ਨੂੰ ਗੁਰਦਾਸਪੁਰ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ। ਉਨ੍ਹਾਂ ਦਾ ਅਨੇਕ ਪ੍ਰਕਾਰ

ਦਾ ਇਲਾਜ ਕੀਤਾ ਗਿਆ, ਪਰ ੧੮ ਜੂਨ ਨੂੰ ਉਹ ਪੂਰੀ ਤਰ੍ਹਾਂ ਬੇਸੁੱਧ ਹੋ ਗਏ ਸਨ। ਮੁੜ ਕੇ ਫਿਰ ਸਾਰੇ ਟੈਸਟ ਕਰਵਾਏ ਗਏ। ਜੋ ਜੋ ਦੌੜ ਭੱਜ ਹੋ ਸਕਦੀ ਸੀ, ਕੀਤੀ ਗਈ, ਪਰ ਡਾਕਟਰਾਂ ਨੇ ਹੱਥ ਖੜੇ ਕਰ ਦਿੱਤੇ। ਆਖਣ ਲੱਗੇ ਕਿ ਇਨ੍ਹਾਂ ਦਾ ਇਲਾਜ ਹੋਰ ਹੋ ਨਹੀਂ ਸਕਦਾ, ਐਵੇਂ ਫ਼ਜ਼ੂਲ ਵਿਚ ਮਾਇਆ ਨਾਸ਼ ਕਰਨ ਵਾਲੀ ਗੱਲ ਹੈ। ਜੋ ਵੀ ਸੇਵਾ ਕਰਨੀ ਹੈ, ਘਰ ਜਾ ਕੇ ਕਰ ਲਈ ਜਾਵੇ। ਮੇਰੇ ਵੱਡੇ ਭਰਾਵਾਂ ਸ੍ਰੀ ਦਵਾਰਕਾ ਦਾਸ ਆਦਿ ਨੇ ਸਲਾਹ ਮਸ਼ਵਰਾ ਕਰ ਕੇ ਪਿਤਾ ਜੀ ਦਾ ਸਰੀਰ ਘਰ ਲੈ ਆਂਦਾ।

ਮਿੱਟੀ ਹੋਏ ਪਿਤਾ ਜੀ ਦੇ ਸਰੀਰ ਨੂੰ ਘਰ ਆ ਕੇ ਵਰਾਂਡੇ ਵਿਚ ਇਕ ਮੰਜੀ ਉੱਪਰ ਲਿਟਾ ਦਿੱਤਾ ਗਿਆ। ਦਵਾਈਆਂ ਵਾਲਾ ਝੋਲਾ ਵੀ ਨੇੜੇ ਹੀ ਕਿੱਲੀ ਉੱਪਰ ਲਟਕਾ ਦਿੱਤਾ ਗਿਆ। ਜਿਹੜਾ ਵੀ ਕੋਈ ਸੁਣਦਾ, ਪਿਤਾ ਜੀ ਦੀ ਖ਼ਬਰ ਲੈਣ ਲਈ ਆਉਂਦਾ ਅਤੇ ਆਪੋ ਆਪਣੀ ਨੇਕ ਸਲਾਹ ਵੀ ਸਾਨੂੰ ਦਿੰਦਾ। ਮੇਰੇ ਬਚਪਨ ਦਾ ਸਾਥੀ ਅਤੇ ਜਮਾਤੀ ਬਾਬਾ ਗੁਰਮੀਤ ਸਿੰਘ ਵੀ ਪਿਤਾ ਜੀ ਦੀ ਖ਼ਬਰ ਲੈਣ ਆਇਆ। ਚਿੱਟਾ ਕੁੜਤਾ, ਤੰਗ ਪਜਾਮੀ, ਚਿੱਟੀ ਕੇਸਕੀ, ਖੁੱਲ੍ਹੀ ਦਾੜ੍ਹੀ, ਨਾਨਕਸਰੀ ਠਾਠ ਬਾਠ ਵਾਲਾ ਇਹ ਸਾਈਂ ਲੋਕ ਆਈ.ਟੀ.ਬੀ.ਪੀ. ਵਿੱਚੋਂ ਕੇਵਲ ਚਾਰ ਕੁ ਸਾਲ ਪਹਿਲਾਂ ਹੀ ਸੇਵਾ-ਮੁਕਤ ਹੋ ਕੇ ਪਿੰਡ ਆਇਆ ਸੀ। ਜਗੀਰਦਾਰਾਂ ਦਾ ਜੱਟ ਪੁੱਤਰ ਰੱਜ ਕੇ ਤਹੱਈਅਲ ਮਿਜ਼ਾਜੀ ਵਾਲਾ ਸੰਪੂਰਨ ਗੁਰਸਿੱਖ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਦੀ ਤਾਂ ਇਸ ਨੇ ਨੁਹਾਰ ਹੀ ਬਦਲ ਦਿੱਤੀ ਹੈ। ਆਪਣੀ ਖੇਤੀ ਬਾੜੀ ਹੈ, ਪੈਨਸ਼ਨ ਵੀ ਖ਼ੂਬ ਆ ਜਾਂਦੀ ਹੈ, ਪਿੰਡ ਦੇ ਬੇਰੁਜ਼ਗਾਰ ਬੱਚਿਆਂ ਨੂੰ ਇਹ ਕਲਿਆਣਕਾਰੀ ਕੰਮਾਂ ਵਿਚ ਲਾਈ ਰੱਖਦਾ ਹੈ। ਨੌਜਵਾਨਾਂ ਨੂੰ ਨਸ਼ਾ ਮੁਕਤ ਰੱਖਣ ਲਈ ਕਬੱਡੀ, ਕੁਸ਼ਤੀ ਅਤੇ ਅਥਲੈਟਿਕਸ ਦੇ ਅਖਾੜੇ ਲਵਾਉਂਦਾ ਰਹਿੰਦਾ ਹੈ। ਘਰੋ ਘਰੀ ਜਾ ਕੇ ਨਿਸ਼ਕਾਮ ਸੁਖਮਨੀ ਸਾਹਿਬ ਦੇ ਪਾਠ ਕਰਦਾ ਹੈ ਅਤੇ ਕਈ ਲੋੜਵੰਦ ਘਰਾਂ ਵਿਚ ਦੇਗ ਵੀ ਆਪਣੇ ਘਰੋਂ ਬਣਵਾ ਕੇ ਲੈ ਜਾਂਦਾ ਹੈ। ਉਹ ਸਹੀ ਅਰਥਾਂ ਵਿਚ ਮਹਾਂਪੁਰਖ ਹੈ। ਸਾਰਾ ਪਿੰਡ ਬਾਬਾ ਗੁਰਮੀਤ ਸਿੰਘ ਦੇ ਮੂੰਹੋਂ ਨਿਕਲੇ ਹਰ ਸ਼ਬਦ ਨੂੰ ਫੁੱਲ ਚੜ੍ਹਾਉਂਦਾ ਹੈ।

**ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗੁਣ ਧੋਵੈ॥** (ਅੰਗ ੪੧੪)

ਦੇ ਫ਼ੁਰਮਾਨ ਦੀ ਆਤਮਾ ਵਿਚ ਜਿਉਂਦਿਆਂ ਸਾਡੇ ਵਕਤ ਨੂੰ ਸਾਕਾਰ ਕਰਦਾ ਹੋਇਆ ਗੁਰਸਿੱਖ ਬਾਬਾ ਗੁਰਮੀਤ ਸਿੰਘ ਰਸਮੀ ਤੌਰ 'ਤੇ ਰਾਜ਼ੀ-ਖ਼ੁਸ਼ੀ ਪੁੱਛਣ ਉਪਰੰਤ ਹੱਥ ਮੂੰਹ ਧੋ ਕੇ ਵਕਤ ਅਨੁਸਾਰ ਰਹਰਾਸਿ ਦੇ ਪਾਠ ਵਿਚ ਜੁੜ ਗਿਆ। ਪਿਤਾ ਜੀ ਦੀ ਮੰਜੀ ਦੇ ਐਨ ਸਰਹਾਣੇ ਲਾਗੇ ਪਈ ਆਰਾਮ ਕੁਰਸੀ ਉਪਰ ਬੈਠਿਆਂ ਗੁਰਮੁਖ ਪਿਆਰਾ ਬਾਬਾ ਗੁਰਮੀਤ ਸਿੰਘ ਅੱਖਾਂ ਬੰਦ ਕਰੀ ਬੜੇ ਵੈਰਾਗ ਵਿਚ ਮੂੰਹ-ਜ਼ਬਾਨੀ ਪਾਠ ਇਉਂ ਕਰ ਰਿਹਾ ਸੀ ਕਿ ਆਪਣੇ ਆਪ ਹੀ ਜੀਅ ਕਰਦਾ ਸੀ ਕਿ ਉਸ ਦੀ ਸੰਗਤ ਦਾ ਲਾਹਾ ਮਾਣਿਆ ਜਾਵੇ। ਪਾਠ ਉਪਰੰਤ ਬਾਬਾ ਜੀ ਨੇ ਅਰਦਾਸ ਕੀਤੀ। ਗੁੜ ਦਾ ਪ੍ਰਸ਼ਾਦ ਵੰਡਿਆ ਗਿਆ ਅਤੇ ਨਾਲ ਹੀ ਦਾਲ-ਚਾਵਲ ਦਾ ਲੰਗਰ ਵੀ ਸ਼ੁਰੂ ਹੋ ਗਿਆ।

ਵਕਤ ਦੀ ਨਜ਼ਾਕਤ ਨੂੰ ਟੋਂਹਦਿਆਂ ਮੇਰੇ ਮਾਤਾ ਜੀ ਨੇ ਗੱਲ ਟੋਰੀ, "ਬੇਟਾ ਗੁਰਮੀਤ ਸਿੰਘ, ਤੇਰੇ ਰਹਰਾਸਿ ਕਰਨ ਨਾਲ ਮਨ ਨੂੰ ਪਤਾ ਨਹੀਂ ਕਿਤਨੀ ਕੁ ਤਸੱਲੀ ਹੋਈ ਹੈ। ਕਈ ਦਿਨਾਂ ਤੋਂ ਭੁੱਲੇ ਫਿਰਦੇ

ਰਹੇ ਐਵੇਂ ਈ ਸਾਰੇ, ਕਿਸੇ ਨੇ ਅਕਲ ਦੀ ਗੱਲ ਕੀਤੀ ਈ ਨਹੀਂ। ਪੁੱਤ, ਮੇਰਾ ਚਿਤ ਕਰਦੈ ਕਿ ਅੱਜ ਇਥੇ ਈ ਰਹੋ, ਤੇਰੀ ਸੰਗਤ ਨਾਲ ਸਾਡਾ ਵਕਤ ਸੋਹਣਾ ਲੰਘ ਜਾਊਗਾ।''

''ਜੇ ਸਾਰੀ ਰਾਤ ਸੁਖਮਨੀ ਸਾਹਿਬ ਦਾ ਅਖੰਡ ਜਾਪ ਕੀਤਾ ਜਾਵੇ ਤਾਂ ਸਾਡਾ ਇਥੇ ਰੁਕਣਾ ਯਾਦਗਾਰੀ ਬਣ ਜਾਵੇਗਾ। ਮਾਲਕ ਮਿਹਰ ਕਰੇ, ਅਸਾਂ ਕਿਹੜਾ ਕੋਈ ਖ਼ਰਚਾ ਕਰਵਾਉਣੈ।'' ਬਾਬਾ ਜੀ ਨੇ ਆਪਣੇ ਅੰਤਰ ਦੀ ਇੱਛਾ ਪ੍ਰਗਟ ਕਰਦਿਆਂ ਵਿਹੜੇ ਵਿਚ ਪਈ ਦਰੀ ਘੜੀਸ ਕੇ ਅੰਦਰ ਵੱਲ ਕੀਤੀ ਅਤੇ ਵਧੀਆ ਢੰਗ ਨਾਲ ਦਰੀ ਵਿਛਾ ਕੇ, ਨਲਕੇ ਤੋਂ ਹੱਥ ਮੂੰਹ ਧੋ ਕੇ, ਸਾਹਮਣੇ ਸ਼ੈਲਫ਼ ਉੱਪਰ ਪਏ ਰੁਮਾਲੇ ਵਿਚ ਸੁਸ਼ੋਭਿਤ 'ਸੁੰਦਰ ਗੁਟਕੇ' ਨੂੰ ਆਪਣੇ ਹੱਥਾਂ ਵਿਚ ਸੰਭਾਲਦਿਆਂ,

**ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥**

ਦੀ ਅਟੱਲ ਸਚਾਈ ਨੂੰ ਹਾਜ਼ਰ ਨਾਜ਼ਰ ਹੁੰਦਿਆਂ ਪਾਠ ਦੀ ਆਰੰਭਤਾ ਕੀਤੀ। ਰਾਤ ਦੇ ੧੦ ਕੁ ਵਜੇ ਤੱਕ ਬੱਚੇ ਤਾਂ ਊਂਘਣ ਲੱਗ ਪਏ, ਪਰ ਮਾਤਾ ਜੀ, ਦੋਵੇਂ ਵੱਡੇ ਭਾਈ, ਮੈਂ ਅਤੇ ਸਾਰਾ ਪਰਿਵਾਰ ਸੁਖਮਨੀ ਸਾਹਿਬ ਦੇ ਸੁਖਾਵੇਂ ਜਿਹੇ ਅਨੰਦ ਵਿਚ ਬਾਬਾ ਜੀ ਨਾਲ ਜੁੜੇ ਬੈਠੇ ਰਹੇ। ਸਵੇਰ ਦੇ ਛੇ ਵਜੇ ਤੱਕ ਛੇਵੀਂ ਵਾਰ ਦੇ ਪਾਠ ਦੀ ਸੰਪੂਰਨਤਾ ਹੋਣ ਵਾਲੀ ਸੀ। ਜੂਨ ਮਹੀਨੇ ਦੀ ੨੧ ਤਾਰੀਖ਼ ਦਾ ਸੂਰਜ ਪਹਾੜਾਂ, ਰੁੱਖਾਂ ਵਿਚੋਂ ਦੀ ਸਿਰ ਕੱਢ ਕੇ ਬਾਹਰ ਆ ਚੁੱਕਾ ਸੀ। ਬਾਬਾ ਜੀ ਨੇ ਸੰਪੂਰਣਤਾ ਉਪਰੰਤ ਅਰਦਾਸ ਕੀਤੀ ਅਤੇ ਦੇਗ ਵਰਤਾਈ।

ਛੋਟੇ ਭਰਾ ਡਾ: ਰੂਪ ਲਾਲ ਨੇ ਪਿਤਾ ਜੀ ਦੇ ਹੇਠ ਵਿਛੀ ਚਾਦਰ ਨੂੰ ਸਰਕਾਉਣ ਦੀ ਕੋਸ਼ਿਸ਼ ਕੀਤੀ। ਦੇਖਿਆ ਚਾਦਰ ਗਿੱਲੀ ਗਿੱਲੀ ਮਹਿਸੂਸ ਹੋਈ। ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ''ਐਹ ਕੀ ਏ ? ਲੱਗਦੈ, ਪਿਤਾ ਜੀ ਨੇ ਪਿਸ਼ਾਬ ਕੀਤੈ ?''

ਡਾ. ਰੂਪ ਲਾਲ ਅਜੇ ਕਹਿ ਰਿਹਾ ਸੀ ਕਿ ਪਿਤਾ ਜੀ ਨੇ ਕਰਵਟ ਬਦਲਣ ਦੀ ਕੋਸ਼ਿਸ਼ ਕੀਤੀ। ਮੈਂ ਅਗਾਂਹ ਹੋ ਕੇ ਪਿਤਾ ਜੀ ਨੂੰ ਹਿਲਾ ਕੇ ਆਵਾਜ਼ ਮਾਰੀ। ਪਿਤਾ ਜੀ ਨੇ ਬੜੇ ਸਾਫ਼ ਸ਼ਬਦਾਂ ਵਿਚ ਕਿਹਾ, ''ਪਿਸ਼ਾਬ ਬੜਾ ਆਇਐ, ਥੋੜ੍ਹਾ ਜਿਹਾ ਉਠਾਓ ਮੈਨੂੰ।''

ਅਸੀਂ ਦੋਵਾਂ ਭਰਾਵਾਂ ਨੇ ਮੋਰਾਂ ਹੇਠ ਹੱਥ ਦਿੱਤੇ, ਪਿਤਾ ਜੀ ਨੇ ਆਪ ਵੀ ਕੋਸ਼ਿਸ਼ ਕੀਤੀ। ਕੋਲ ਪਏ ਪੌਟ ਨੂੰ ਡਾ. ਰੂਪ ਲਾਲ ਨੇ ਅੱਗੇ ਕੀਤਾ। ਖੁੱਲ੍ਹ ਕੇ ਪਿਸ਼ਾਬ ਆਇਆ। ਪਿਤਾ ਜੀ ਨੇ ਹੱਥ ਧੋਣ ਦੀ ਇੱਛਾ ਪ੍ਰਗਟ ਕਰਦਿਆਂ ਪੁੱਛਿਆ, ''ਪਾਠ ਦੀਆਂ ਆਵਾਜ਼ਾਂ ਕਿੱਥੋਂ ਆ ਰਹੀਆਂ ਸਨ ?''

ਬਾਬਾ ਗੁਰਮੀਤ ਸਿੰਘ ਜੀ ਫ਼ੁਰਮਾ ਰਹੇ ਸਨ ਕਿ ਸੁਖਮਨੀ ਸਾਹਿਬ ਦਾ ਪਾਠ ਆਪ ਕਰਨਾ ਤਾਂ ਬਹੁਤ ਵੱਡੀ ਗੱਲ ਐ, ਪਾਠ ਸੁਣਦਿਆਂ ਸੁਣਦਿਆਂ ਵੀ ਸਾਡੇ ਤਨ-ਮਨ ਉੱਪਰ ਐਸਾ ਅਸਰ ਹੁੰਦਾ ਹੈ ਕਿ ਕਥਿਆ ਨਹੀਂ ਜਾ ਸਕਦਾ। ਭਰੋਸਾ ਹੋਣਾ ਚਾਹੀਦੈ, ਗੁਰਬਾਣੀ ਤਨ-ਮਨ ਦੇ ਸਾਰੇ ਰੋਗ ਇਉਂ ਦੂਰ ਕਰਦੀ ਐ ਕਿ ਤਲੀਆਂ 'ਤੇ ਸਰ੍ਹੋਂ ਜਮਾਉਣ ਵਾਲੀ ਗੱਲ ਹੋ ਜਾਂਦੀ ਹੈ।

(ਜਾ ਤੂੰ 'ਸਾਹਿਬ' ਦੇ ਲੇਖਕ ਰਣਜੀਤ ਸਿੰਘ ਰਾਣਾ, ਸਾਹਿਬ ਸ਼ਬਦ ਯੱਗ ਯੂ. ਕੇ ਵਿੱਚੋਂ ਧੰਨਵਾਦ ਸਹਿਤ)

ਸਲੋਕ ਮ: 3 ॥ ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥ ੧ ॥ ਮਃ 3 ॥ ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥ ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥ ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥ 2 ॥ ਪਉੜੀ ॥ ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥ ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਲੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ ॥ ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ਹਰਿ ਬਖਸਿਓਸੁ ਸਭੁ ਜਹਾਨੁ ॥ ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ ॥ ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ ॥ ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥ ੧0 ॥

**ਪਦ ਅਰਥ** :- ਸਲੋਕ ਮ: ੩ ॥ ਜਲੰਦਾ=ਸੜਦਾ ਹੋਇਆ। ਜਿਤੁ=ਜਿਸ। ਦੁਆਰੈ=ਰਾਹੀਂ, ਤਰੀਕੇ ਨਾਲ। ਤਿਤੈ=ਉਸ ਤਰ੍ਹਾਂ ਹੀ। ਸਤਿਗੁਰਿ=ਸਤਿਗੁਰੂ ਨੇ। ਸੁਖੁ=(ਆਤਮਿਕ) ਸੁਖ। ਵੇਖਾਲਿਆ=ਵਿਖਾ ਦਿੱਤਾ ਹੈ। ਬੀਚਾਰਿ=ਵੀਚਾਰ ਕੇ। ਅਵਰੁ=ਹੋਰ। ਨ ਸੁਝਈ=ਨਹੀਂ ਪਤਾ ਲੱਗਦਾ, ਨਹੀਂ ਦਿੱਸਦਾ। ਮ: ੩ ॥ ਮੋਹਣੀ=ਮੋਹਣ ਵਾਲੀ (ਮਾਇਆ)। ਦੂਜੈ=ਦੂਜੇ ਦੇ (ਪਿਆਰ ਵਿਚ)। ਪਰਜਾਲੀਐ=ਚੰਗੀ ਤਰ੍ਹਾਂ ਸਾੜੀਏ। ਵਿਚਹੁ=(ਦਿਲੋਂ) ਅੰਦਰੋਂ। ਮਾਰਣੁ=ਮਸਾਲਾ। ਸਬਦੁ=(ਗੁਰੂ ਦਾ) ਉਪਦੇਸ਼। ਗੁਰਮੁਖਿ=ਗੁਰੂ ਦੁਆਰਾ। ਧੁਰਹੁ=ਧੁਰ ਤੋਂ। ਹੁਕਮੁ ਬੁਝਿ=ਹੁਕਮ ਨੂੰ ਸਮਝ ਕੇ। ਨੀਸਾਣ=ਨਿਸ਼ਾਨ, ਪਰਵਾਨਾ। ਪੁਤੀ=ਪੁੱਤਰਾਂ ਨੇ। ਭਾਤੀਈ=ਭਤੀਜਿਆਂ ਨੇ। ਜਾਵਾਈ=ਜਵਾਈਆਂ ਨੇ। ਸਕੀ=ਸੱਕਿਆਂ (ਸਾਕਾਂ) ਨੇ। ਅਗਹੁ ਪਿਛਹੁ=ਭਾਵ ਚੰਗੀ ਤਰ੍ਹਾਂ। ਲਾਹਿਓਨੁ=ਉਸ ਨੇ ਲਾਹ ਦਿੱਤਾ। ਬਖਸਿਓਸੁ=ਉਸ ਨੇ ਬਖ਼ਸ਼ਿਆ। ਹਲਤਿ ਪਲਤਿ=ਲੋਕ ਪਰਲੋਕ ਵਿਚ। ਸਿਝੈ=ਸਫਲ ਹੁੰਦਾ ਹੈ। ਜਿ=ਜਿਹੜਾ। ਫਿਰੈ ਭਰਿਸਟ ਥਾਨੁ=ਗੰਦੇ ਥਾਂ ਉੱਤੇ ਫਿਰਦਾ ਹੈ, (ਨੀਚ ਜੂਨਾਂ ਵਿਚ ਪੈਂਦਾ ਹੈ)। ਵਲਿ=ਪਾਸੇ। ਪਉਦੀ ਭਿਤਿ ਦੇਖਿ ਕੈ=ਚੋਗਾ ਪੈਂਦਾ (ਭਾਵ ਅਤੁੱਟ ਲੰਗਰ ਚਲਦਾ) ਵੇਖ ਕੇ। ਕਿਅਹੁ=ਦੇ। ਮਨਹੁ=ਮਨ ਤੋਂ। ਗੁਮਾਨੁ=ਹੰਕਾਰ।

**ਅਰਥ** :- ਸਲੋਕ ਮ: ੩ ॥ (ਹੇ ਅਕਾਲ ਪੁਰਖ ਵਾਹਿਗੁਰੂ ਜੀ !) ਆਪਣੀ ਕਿਰਪਾ ਕਰ ਕੇ (ਤ੍ਰਿਸ਼ਨਾ

ਦੀ ਅੱਗ ਵਿਚ ਇਸ) ਸੜਦੇ ਹੋਏ ਸੰਸਾਰ ਨੂੰ ਹੱਥ ਦੇ ਕੇ) ਬਚਾਅ ਲੈ। (ਹੇ ਵਾਹਿਗੁਰੂ ਜੀ !) ਜਿਸ ਤਰੀਕੇ ਨਾਲ (ਇਹ ਸੰਸਾਰ) ਬਚ ਸਕਦਾ ਹੈ, ਉਸ (ਤਰੀਕੇ) ਨਾਲ ਬਚਾਅ ਲੈ। ਸੱਚੇ ਸ਼ਬਦ ਦੀ ਵੀਚਾਰ ਦੁਆਰਾ ਸਤਿਗੁਰੂ ਨੇ (ਕਿਰਪਾ ਕਰਕੇ ਆਤਮਿਕ) ਸੁਖ ਵਿਖਾ ਦਿੱਤਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਸਾਨੂੰ ਪਤਾ ਲੱਗ ਗਿਆ ਹੈ ਕਿ) ਹਰੀ ਤੋਂ ਬਿਨਾਂ ਹੋਰ ਕੋਈ ਬਖ਼ਸ਼ਣਹਾਰਾ ਨਹੀਂ ਹੈ।੧।

ਮ: ੩॥ (ਹੇ ਭਾਈ ! ਮਨੁੱਖਾਂ ਦੇ ਮਨ ਅੰਦਰ ਅਹੰਕਾਰ ਪੈਦਾ ਕਰਨ ਵਾਲੀ ਤੇ (ਮਨ ਨੂੰ) ਮੋਹਣ ਵਾਲੀ ਮਾਇਆ ਹੈ, (ਮਨੁੱਖ ਇਸ ਵਿਚ ਫਸ ਕੇ) ਦੂਜੇ ਦੇ ਪਿਆਰ (ਦ੍ਵੈਤ) ਵਿਚ ਫਸ ਜਾਂਦਾ ਹੈ। (ਇਹ ਮਾਇਆ ਨਾ ਕਿਸੇ ਪਾਸੋਂ) ਮਾਰੀ ਜਾ ਸਕਦੀ ਹੈ ਨਾ (ਇਹ ਆਪਣੇ ਆਪ) ਮਰਦੀ ਹੈ, ਨਾ ਇਹ (ਕਿਸੇ) ਹੱਟੀ ਉੱਤੇ ਵੇਚੀ ਜਾ ਸਕਦੀ ਹੈ। ਗੁਰੂ ਦੇ ਸ਼ਬਦ ਦੁਆਰਾ (ਇਸ ਨੂੰ) ਚੰਗੀ ਤਰ੍ਹਾਂ ਸਾੜ ਦੇਈਏ ਤਾਂ (ਮਨ) ਵਿਚੋਂ (ਬਾਹਰ) ਨਿਕਲਦੀ ਹੈ। (ਇਸ ਦੇ ਨਿਕਲਣ 'ਤੇ) ਸਰੀਰ ਤੇ ਹਿਰਦਾ ਪਵਿੱਤਰ ਹੋ ਜਾਂਦੇ ਹਨ (ਅਤੇ) ਨਾਮ ਆ ਕੇ ਮਨ ਵਿਚ ਵਸ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮਾਇਆ ਦੇ ਮਾਰਣ ਦਾ ਮਾਰਣੁ=ਮਸਾਲਾ ਗੁਰ ਉਪਦੇਸ਼ ਹੀ ਹੈ, ਇਸ ਕਰਕੇ ਇਹ ਗੁਰੂ ਦੇ ਸ਼ਬਦ ਦੁਆਰਾ ਅਥਵਾ ਗੁਰੂ ਦੁਆਰਾ ਪਾਇਆ ਜਾਂਦਾ ਹੈ।੨।

ਪਉੜੀ॥ (ਗੁਰੂ ਅਮਰਦਾਸ ਜੀ ਦੀ ਵਡਿਆਈ ਸਤਿਗੁਰੂ (ਅੰਗਦ ਦੇਵ ਜੀ ਨੇ) ਧੁਰ ਰੂਪ ਪ੍ਰਮਾਤਮਾ ਦਾ ਹੁਕਮ ਬੁੱਝ ਕੇ ਸਾਰੇ ਜਗਤ ਵਿਚ ਪ੍ਰਗਟ ਕਰ ਦਿੱਤੀ।) (ਗੁਰੂ ਅੰਗਦ ਦੇਵ ਜੀ ਨੇ) ਪੁੱਤਰਾਂ, ਭਤੀਜਿਆਂ, ਜਵਾਈਆਂ, ਸਕਿਆਂ (ਸਾਕਾਂ ਅਤੇ) ਅੱਗੋਂ ਪਿੱਛੋਂ (ਚੰਗੀ ਤਰ੍ਹਾਂ) ਟੋਲ ਡਿਠਾ=ਨਿਰਣਾ ਕਰਕੇ ਪਰਖ ਕੇ ਵੇਖ ਲਿਆ ਸੀ (ਅਤੇ) ਸਾਰਿਆਂ ਦਾ (ਇਹ) ਅਹੰਕਾਰ ਦੂਰ ਕਰ ਦਿੱਤਾ (ਅਤੇ ਇਹ ਦੱਸ ਦਿੱਤਾ ਸੀ ਕਿ "ਤਖਤਿ ਰਾਜਾ ਸੁ ਬਹੈ, ਜਿ ਤਖਤੇ ਲਾਇਕ ਹੋਈ" ਗੁਰੂ ਅਮਰਦਾਸ ਜੀ ਨੂੰ ਆਪਣਾ ਰੂਪ ਥਾਪ ਦਿੱਤਾ ਸੀ। ਜਿਥੇ ਕੋਈ ਵੇਖਦਾ ਹੈ, ਉਥੇ ਹੀ ਮੇਰਾ ਸਤਿਗੁਰੂ (ਪਰੀਪੂਰਨ ਹੈ, ਕਿਉਂਕਿ) ਹਰੀ ਨੇ ਉਸ ਨੂੰ ਸਾਰਾ ਜਹਾਨ (ਨਾਮ ਦੀ ਦਾਤਿ ਵੰਡਣ ਲਈ) ਬਖ਼ਸ਼ ਦਿੱਤਾ ਹੈ। ਜਿਹੜਾ (ਮਨੁੱਖ) ਸਤਿਗੁਰੂ ਨੂੰ ਮਿਲ ਕੇ (ਉਸ ਨੂੰ) ਮੰਨਦਾ ਹੈ (ਭਾਵ ਸ਼ਰਧਾ ਲਿਆਉਂਦਾ ਹੈ), ਉਹ ਲੋਕ ਪਰਲੋਕ ਵਿਚ ਸਫਲ ਹੁੰਦਾ ਹੈ (ਅਤੇ) ਜਿਹੜਾ (ਗੁਰੂ ਤੋਂ) ਬੇਮੁਖ ਹੁੰਦਾ ਹੈ, ਉਹ ਭ੍ਰਿਸ਼ਟ ਥਾਂ ਉੱਤੇ ਫਿਰਦਾ ਹੈ (ਭਾਵ ਨੀਚ ਜੂਨੀ ਵਿਚ ਪੈਂਦਾ ਹੈ)। ਜਨ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਦਾਸ) ਦੇ ਵੱਲ (ਭਾਵ ਪੱਖ ਵਿਚ) ਮੇਰਾ ਮਾਲਕ ਹਰੀ (ਆਪ) ਹੋ ਗਿਆ (ਅਤੇ ਉਹ) ਸਭ ਦੇ ਦਿਲ ਦੀ ਜਾਣਨ ਵਾਲਾ (ਤੇ ਸਭ ਦਾ) ਮਿੱਤਰ ਹੈ। ਚੋਗਾ ਪੈਂਦਾ (ਭਾਵ ਗੁਰੂ ਅਮਰਦਾਸ ਜੀ ਦਾ ਅਤੁੱਟ ਲੰਗਰ ਚਲਦਾ) ਵੇਖ ਕੇ ਸਾਰੇ ਸਤਿਗੁਰੂ ਦੀ ਚਰਨੀਂ ਆ ਪਏ (ਤਾਂ ਸਤਿਗੁਰੂ ਨੇ) ਸਾਰਿਆਂ ਦੇ ਮਨਾਂ ਵਿਚੋਂ ਅਹੰਕਾਰ ਦੂਰ ਕਰ ਦਿੱਤਾ (ਭੇਦ ਭਾਵ ਤੋਂ ਮੁਕਤ ਕਰ ਦਿੱਤਾ)।੧੦।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧98 (ਆਦਿ ਅੰਗ 854)

## ਸਲੋਕ ਮਃ ੧ ॥

ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ ॥ ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ ॥੧॥ ਮਃ ੧ ॥ ਜਿਸੁ ਮਨਿ ਵਸਿਆ ਤਰਿਆ ਸੋਇ॥ ਨਾਨਕ ਜੋ ਭਾਵੈ ਸੋ ਹੋਇ॥ 2 ॥ ਪਉੜੀ ॥ ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥ ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥ ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥ ਅੰਮ੍ਰਿਤੁ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥ ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥੧੧॥

## ਪ੍ਰਾਕ੍ਥਨ :

ਬਿਲਾਵਲੁ ਰਾਗੁ ਦੀ ਵਾਰ ਦੀ ਗਿਆਰ੍ਹਵੀਂ ਪਉੜੀ ਨਾਲ ਸਬੰਧਤ ਦੋ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ। ਪਹਿਲੇ ਸਲੋਕ ਦੇ ਅਰੰਭ ਵਿਚ ਹਜ਼ੂਰ ਨੇ ਖੇਤੀ ਦੇ ਅਲੰਕਾਰ ਦੁਆਰਾ ਸਾਨੂੰ ਜਗਤ ਜੀਆਂ ਨੂੰ ਉਪਦੇਸ਼ ਦੇਣ ਦੀ ਕ੍ਰਿਪਾਲਤਾ ਕੀਤੀ ਹੈ।

## ਵਿਸ਼ਾ—ਕੋਈ ਵਾਹੇ ਕੋ ਲੁਣੈ

ਪਰਮ ਕਿਰਪਾਲੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਕਿਰਪਾ ਦੁਆਰਾ ਉਚਾਰਨ ਕਰ ਕੇ ਦੱਸਦੇ ਹਨ ਕਿ ਕੋਈ ਹੱਲ, ਭੂਮੀ ਭਾਵ ਧਰਤੀ ਵਿਚ ਜੋੜਦਾ ਹੈ ਤੇ ਬੀਜ ਬੀਜਦਾ ਹੈ। ਫ਼ਸਲ ਨੂੰ ਕੱਟਦਾ ਕੋਈ ਹੈ ਹੋਰ ਪਰ ਅੰਤ ਨੂੰ ਖਾਂਦਾ ਕੋਈ ਹੋਰ ਹੈ।

**ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ॥**

ਸ਼ਬਦ ਦੇ ਆਰੰਭ ਵਿਚ ਖੇਤੀ ਦਾ ਜ਼ਿਕਰ ਆਇਆ ਹੈ। ਖੇਤੀ ਇਕ ਬਹੁਤ ਹੀ (ਮੁਸ਼ੱਕਤ) ਮਿਹਨਤ ਦਾ ਕੰਮ ਹੈ, ਪਰ ਦਾਨਿਆਂ (ਮਨੁੱਖਾਂ) ਨੇ ਇਸ ਖੇਤੀ ਦੇ ਕੰਮ ਨੂੰ ਸਭ ਕੰਮਾਂ ਨਾਲੋਂ ਉੱਤਮ ਦੱਸਿਆ ਹੈ। ਇਸ ਨੂੰ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਕਿਹਾ ਹੈ, ਪਰ ਰਹਿਤਨਾਮਾ ਭਾਈ ਦੇਸਾ ਸਿੰਘ ਜੀ ਅਨੁਸਾਰ ਗੁਰਸਿੱਖ ਨੂੰ ਇਸ ਤਰ੍ਹਾਂ ਦੀ ਕਿਰਤ ਕਰਨ ਦੀ ਆਗਿਆ ਹੈ :

**ਖੇਤੀ ਵਣਜ ਵ ਸਿਲਪ ਬਣਾਵੈ। ਔਰ ਟਹਲ ਜੋ ਮਨ ਮੋ ਭਾਵੈ।**

(ਖੇਤੀ, ਸੌਦਾਗਰੀ, ਦਸਤਕਾਰੀ)

ਪਰਮ ਕਿਰਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਵੀ ਹਜ਼ੂਰ ਨੂੰ ਖੇਤੀ ਕਰਨ ਵਾਸਤੇ ਪਹਿਲਾਂ ਰਾਇ ਭੋਇ ਦੀ ਤਲਵੰਡੀ ਵਿਖੇ ਵਾਰ-ਵਾਰ ਕਹਿੰਦੇ ਸਨ, ਜਿਸ ਦਾ ਜ਼ਿਕਰ ਗੁਰ-ਇਤਿਹਾਸ ਅੰਦਰ ਇਸ ਪ੍ਰਕਾਰ ਆਇਆ ਹੈ :

**ਕਾਲੂ ਜੀ ਬਾਬਾ ਸੋ ਕਹੈਂ। ਤੁਮ ਬਿਨ ਧੰਧੇ, ਚਿੰਤਾ ਮੋ ਰਹੈ।**
**ਤਾਤੇ ਸੁਤ ਜੁਦਾ ਖੇਤੀ ਨਿਜ ਕੀਜੈ। ਦੇਖ ਲਾਭ ਸੁਖ ਸਾਚ ਪਤੀਜੈ॥ *4*॥**
**ਸੁਨੋ ਪਿਤਾ ਹਮ ਖੇਤੀ ਕਰੀ। ਬਾਰਹ ਮਾਸ ਹਰੀ ਫਲ ਭਰੀ।**
**ਭੋਗੇ ਸਦਾ ਭਾਈ ਸੁਤ ਮੀਤਾ। ਸਭ ਕੋ ਵਰਸਾਇ ਰਖੋ ਦਿੜ੍ਹ ਚੀਤਾ॥ *5*॥**
**ਦੋਹਰਾ॥ ਕਹੋ ਕਹਾ ਖੇਤੀ ਕਰੀ, ਦੇਖੀ ਸੁਨੀ ਨ ਕਾਇ।**
**ਐਸੀ ਬਾਤਾ ਕਿਆ ਕਰੋ, ਸੁਨਤ ਜੀਉ ਦੁਖ ਪਾਇ॥ *6*॥**

**ਚੌਪਈ॥ ਹੇ ਸੁਤ ਕਰੋ ਨ ਬਉਰੀ ਬਾਤ। ਸੁਨ ਮੇਰੋ ਮਨ ਤਨ ਸੁਕ ਜਾਤ।**
**ਖੇਤੀ ਤੁਮਰੀ ਕਹੂੰ ਦੀਸਤ ਨਾਹੀ। ਦੀਜੈ ਦੇਖਾਇ ਤਬ ਮਨ ਪਤਿਆਹੀ॥ 7 ॥**

(ਮਹਿਮਾ ਪ੍ਰਕਾਸ਼, ਭਾਗ ਪਹਿਲਾ)

ਤਬ ਬਾਬੇ ਮੁਖਾਰਬਿੰਦ ਤੋਂ ਸ਼ਬਦ ਉਚਾਰਨ ਕੀਆ। ਇਸ ਸ਼ਬਦ ਵਿਚ ਪਿਤਾ ਜੀ ਵੱਲੋਂ ਚਾਰ ਕਿੱਤਿਆਂ ਦੀ ਪ੍ਰੇਰਨਾ ਹੋਈ ਹੈ। ਗੁਰਦੇਵ ਨੇ ਉੱਤਰ ਵਿਚ ਆਪਣੇ ਪਰਮਾਰਥ ਆਦਰਸ਼ ਨੂੰ ਵਰਣਨ ਕੀਤਾ ਹੈ। ਪਿਤਾ ਜੀ ਨਾਲ ਗੱਲਬਾਤ ਆਮ ਵਾਰਤਾਲਾਪ ਵਾਂਙੂ ਹੋਈ ਹੈ। ਉਸ ਗੱਲ ਬਾਤ ਨੂੰ ਗੁਰੂ ਜੀ ਨੇ ਫੇਰ ਸਰਬ ਕਲਾ ਉਪਦੇਸ਼ ਤੇ ਸਰਬ ਪ੍ਰਤੀ ਉਪਦੇਸ਼ ਹੋ ਜਾਣ ਦੇ ਆਸ਼ੇ ਨਾਲ ਸੋਰਠਿ ਰਾਗੁ ਦੇ ਅੰਦਰ, "ਧੁਰ ਕੀ ਬਾਣੀ ਆਈ", ਦੇ ਰੂਪ ਵਿਚ ਇਹ ਸ਼ਬਦ :

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥**

ਉਚਾਰਨ ਕੀਤਾ ਹੈ, ਜੋ ਸਮੁੱਚੀ ਮਨੁੱਖਤਾ ਤੇ ਹਰ ਵਰਗ ਦੇ ਹਰ ਕੰਮ ਵਿਚ ਲੱਗੇ ਜੀਆਂ ਦੀ ਕਲਿਆਣਕਾਰੀ ਕਰਨ ਵਾਲਾ ਹੈ।

ਗੁਰਬਾਣੀ ਅੰਦਰ ਖੇਤੀ ਦੇ ਅਲੰਕਾਰ ਦੁਆਰਾ ਗੁਰਦੇਵ ਨੇ ਸਾਨੂੰ ਦੋ ਸਲੋਕਾਂ ਵਿਚ ਮਨਮੁਖਿ ਤੇ ਗੁਰਮੁਖਿ ਦੀ ਵੱਖ ਵੱਖ ਖੇਤੀ ਦਾ ਇਸ ਤਰ੍ਹਾਂ ਉਪਦੇਸ਼ ਦਿੱਤਾ ਹੈ :

**ਸਲੋਕ ਮਃ ੧ ॥ ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ॥**
**ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ॥**
**ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ॥**
**ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ॥ ੧ ॥**

(ਅੰਗ 955)

(ਇਸ ਸਲੋਕ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਮਨਮੁਖ ਪੁਰਸ਼ ਦੀ ਖੇਤੀ ਦਾ ਜ਼ਿਕਰ ਕੀਤਾ ਹੈ।)। ਸਾਵਣ ਰੂਪ ਰਾਤ ਅਤੇ ਹਾੜ ਰੂਪ ਦਿਨ (ਜਿਸ ਤਰ੍ਹਾਂ ਤਪਦੇ ਹਨ ਤਿਵੇਂ ਮਨਮੁਖ ਪੁਰਸ਼ ਦੀ ਰਾਤ ਕਾਮ ਭਰੀ (ਅਤੇ ਦਿਨ) ਕ੍ਰੋਧ-ਭਰਿਆ ਭਾਵ ਤਪਸ਼ ਭਰਿਆ ਹੁੰਦਾ ਹੈ, (ਇਹ ਦੋ) ਉਸ ਦੇ ਖੇਤ ਹਨ, ਇਸ ਵਿਚ ਸਾਉਣੀ ਤੇ ਹਾੜੀ ਦੀ ਫ਼ਸਲ ਪੈਦਾ ਕਰਨੀ ਹੈ, ਇਹ ਉਸ ਦੀ ਪੂੰਜੀ ਹੈ। ਲੋਭ ਰੂਪੀ ਵਤ੍ਰ ਹੈ, ਝੂਠ ਰੂਪੀ ਬੀਜ ਬੀਜਦਾ ਹੈ, ਮੋਹ ਰੂਪ ਹਾਲੀ, ਵਿਕਾਰਾਂ ਦੀ ਵਿਚਾਰ ਹੱਲ ਹੈ, ਵਿਕਾਰਾਂ ਦਾ ਬੋਹਲ (ਮਨਮੁਖ) ਨੇ ਬਣਾਇਆ ਹੈ ਪਰ ਲੇਖਾ ਮੰਗਣ 'ਤੇ ਪਤਾ ਲੱਗਦਾ ਹੈ ਕਿ ਐਸਾ ਬੀਜ ਬੀਜਣ ਵਾਲਾ ਸੰਸਾਰ ਤੋਂ ਅਉਤਰਾ ਹੀ ਜਾਂਦਾ ਹੈ। ਸੰਸਾਰੀ ਲੋਗ ਐਸੀ ਖੇਤੀ (ਮਨੁਮਖਾਂ) ਵਾਲੀ ਕਰਨ ਵਿਚ ਲੱਗੇ ਹੋਏ ਸਨ। ਗੁਰਦੇਵ ਨੇ ਹੁਣ ਸਾਨੂੰ ਗੁਰਮੁਖਾਂ ਵਾਲੀ ਸੱਚੀ ਖੇਤੀ ਕਰਨੀ ਇਸਤਰ੍ਹਾਂ ਦੀ ਦੱਸੀ ਹੈ :

**ਮ:੧॥ ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ॥**
**ਹਲੁ ਹਲੇਮੀ ਹਾਲੀ ਚਿਤੁ ਵਤ੍ਰ ਵਖਤ ਸੰਜੋਗੁ॥**
**ਨਾਉ ਬੀਜੁ ਬਖਸੀਸ ਬੋਹਲ, ਦੁਨੀਆ ਸਗਲ ਦਰੋਗ॥**
**ਨਾਨਕ ਨਦਰੀ ਕਰਮੁ ਹੋਇ, ਜਾਵਹਿ ਸਗਲ ਵਿਜੋਗ॥ 2 ॥** (ਅੰਗ 955)

ਪ੍ਰਭੂ ਦਾ ਨਿਰਮਲ ਭੈਅ ਧਰਤੀ (ਜ਼ਮੀਨ) ਹੈ ਤੇ ਪਵਿੱਤ੍ਰਤਾ (ਸ਼ੁੱਧ ਆਚਰਨ) ਪਾਣੀ (ਨਾਲ ਸਿੰਜਨਾ ਕੀਤੀ) ਹੈ, ਸਤਿ ਸੰਤੋਖ ਦੇ ਬਲਦ ਕੀਤੇ ਹਨ। ਨਿੰਮ੍ਰਤਾ ਰੂਪੀ ਹਲ ਤੇ ਚਿੱਤ ਰੂਪ ਹਾਲੀ ਅਤੇ ਚਿੰਤਨ ਰੂਪ ਵਤ੍ਰ ਹੈ, ਪ੍ਰਭੂ ਮਿਲਾਪ ਦਾ ਸਮਾਂ ਰੁੱਤ ਹੈ। ਨਾਮ ਬੀਜ ਤੇ ਹਰੀ ਦੀ ਬਖ਼ਸ਼ਿਸ਼ ਬੋਹਲ ਹੈ, ਸੰਸਾਰ ਨੂੰ ਨਾਸ਼ਵੰਤ ਜਾਣਨਾ ਤੇ ਉਸ ਦੀ ਕ੍ਰਿਪਾ ਨਾਲ ਸਭ ਵਿਛੋੜੇ ਦੂਰ ਹੁੰਦੇ ਹਨ।

## ਸਾਖੀ—ਕਰਤਾਰਪੁਰ ਖੇਤੀ ਕਰਨ ਦੀ

ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਾਂ ਨੂੰ ਧਰਮ ਦੀ ਕਿਰਤ ਕਰਨ ਦੀ ਜਾਚ ਸਿਖਲਾਉਣ ਲਈ ਆਪ ਕਰਤਾਰਪੁਰ ਸਾਹਿਬ ਜੀ ਵਿਖੇ ਖੇਤੀ ਦਾ ਕੰਮ ਕੀਤਾ ਸੀ। ਹਜ਼ੂਰ ਨੇ ਆਪ ਗੁਰਸਿੱਖਾਂ ਨੂੰ ਨਾਲ ਲਗਾ ਕੇ ਖੇਤੀ ਕੀਤੀ ਹੈ। ਹਲ ਵਾਹੁਣ ਤੇ ਬੀਜਣ ਦਾ ਕੰਮ ਅਤੇ ਖੂਹ ਤੋਂ ਪਾਣੀ ਦੇਣਾ ਫ਼ਸਲ ਨੂੰ, ਫੇਰ ਸਮੇਂ ਅਨੁਸਾਰ ਫ਼ਸਲ ਦੀ ਸੰਭਾਲ ਕਰਨੀ। ਸਤਿਗੁਰੂ ਜੀ ਆਪਣੀ ਨਿਗਰਾਨੀ ਵਿਚ ਸਾਰਾ ਕੰਮ ਆਪ ਗੁਰਸਿੱਖਾਂ ਪਾਸੋਂ ਕਰਵਾਉਂਦੇ ਸਨ। ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਜਿਸ ਸਮੇਂ ਖਡੂਰ ਸਾਹਿਬ ਤੋਂ ਚੱਲ ਕੇ, ਸਿਰ ਉਪਰ ਲੂਣ ਦਾ ਭਾਰ ਲੈ ਕੇ ਕਰਤਾਰਪੁਰ ਸਾਹਿਬ ਜੀ ਵਿਖੇ ਦੂਸਰੀ ਵਾਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਗਏ ਸਨ ਤਾਂ ਉਸ ਸਮੇਂ ਗੁਰੂ ਨਾਨਕ ਦੇਵ ਜੀ ਝੋਨੇ ਦੇ ਖੇਤ ਵਿਚੋਂ ਨਦੀਨ ਕਢਾ ਰਹੇ ਸਨ। ਲੂਣ ਦਾ ਭਾਰ ਮਾਤਾ ਜੀ ਪਾਸ ਰੱਖ ਕੇ ਆਪ ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਖੇਤ ਗੁਰੂ ਨਾਨਕ ਦੇਵ ਜੀ ਪਾਸ ਚੱਲੇ ਗਏ ਸਨ।

**ਸੁਣ ਕੈ ਬਚਨ ਲਵਣ ਕੋ ਭਾਰਾ। ਰਖਵਾਯੋ ਨਿਜ ਸਦਨ ਮਝਾਰਾ।**
**ਕਹਯੋ ਕਿਦਾਰ ਧਾਨ ਕੇ ਜਹਿਵਾ। ਕਰਵਾਵਹਿ ਕ੍ਰਿਤ ਬੈਠੇ ਤਹਿਵਾ॥ 77 ॥**

(ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਧਿ: 47)

ਖੇਤ ਪਹੁੰਚ ਕੇ ਗੁਰਦੇਵ ਦੇ ਦਰਸ਼ਨ ਕੀਤੇ ਅਤੇ ਚਰਨਾਂ 'ਤੇ ਮਸਤਕ ਟੇਕਿਆ ਤੇ ਸਾਰੇ ਗੁਰਸਿੱਖ ਝੋਨੇ ਵਿਚੋਂ ਕੱਖ ਕੱਢਦੇ ਦੇਖੇ।

ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਨੇ ਬੇਨਤੀ ਕੀਤੀ, ਜੀ ਹਜ਼ੂਰ, ਕ੍ਰਿਪਾ ਕਰਕੇ ਮੈਨੂੰ ਭੀ ਇਕ ਰੰਬੀ ਦਿਉ, ਤਾਂਕਿ ਮੇਰੀ ਭੀ ਦੇਹੀ ਸਫਲੀ ਹੋ ਜਾਵੇ। ਮੈਂ ਭੀ ਆਪ ਜੀ ਦੇ ਸੇਵਕਾਂ ਨਾਲ ਮਿਲ ਕੇ ਖੇਤੀ ਦਾ ਕੰਮ ਕਰਾਂ। ਇਸਤਰ੍ਹਾਂ ਕਹਿ ਕੇ ਰੰਬੀ ਨਾਲ ਝੋਨੇ ਵਿਚੋਂ ਨਦੀਨ ਕੱਢਣ ਲੱਗ ਪਏ ਸਨ।

**ਸਬ ਸੇਵਕ ਤਹਿ ਕ੍ਰਿਤ ਕੌ ਕਰਹੀ। ਧਾਨ ਬਿਖੈ ਤੇ ਤ੍ਰਿਣਨ ਨਿਕਰਹੀ।**
**ਤਿਨਹਿ ਬਿਲੋਕਤ ਬੋਲਯੋ ਬੈਨਾ। ਇਕ ਰੰਬੀ ਮੁਝ ਦਿਹੁ ਗੁਨਐਨਾ॥ 88 ॥**
**ਦਾਸਨ ਸਾਥ ਕਰੋਂ ਕ੍ਰਿਤ ਏਹੀ। ਸਫਲੀ ਹ੍ਵੈ ਹੈ ਸਗਰੀ ਦੇਹੀ।**
**ਅਸ ਕਹਿ ਲਾਗਯੋ ਕਰਨ ਨਿਦਾਈ। ਕਰਤ ਹੁਤੇ ਸੇਵਕ ਜਿਹ ਥਾਈ॥ 83 ॥**

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਧਿ: 47)

ਥੋੜ੍ਹਾ ਸਮਾਂ ਗੋਡੀ ਕੀਤੀ, ਝੋਨੇ ਵਿਚੋਂ (ਨਦੀਨ) ਕੱਖ ਕੱਢ ਦਿੱਤੇ ਤਾਂ ਗੁਰਦੇਵ ਨੇ ਗਿਲੇ-ਗਿਲੇ ਨੁਚੜਦੇ ਪਾਣੀ ਗਾਰੇ ਸਮੇਤ ਇਕ (ਬੋਝ) ਭਾਰੀ ਪੰਡ ਕੱਖਾਂ ਦੀ ਸ੍ਰੀ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਦੇ ਸਿਰ ਉੱਪਰ ਚੁਕਾ ਦਿੱਤੀ ਤੇ ਕਿਹਾ, ਪੁਰਖਾ, ਪਸ਼ੂਆਂ ਮੱਝਾਂ ਆਦਿ ਵਾਸਤੇ ਧਰਮਸ਼ਾਲਾ ਲੈ ਜਾ। ਉਸ ਪੰਡ ਨੂੰ ਜਿਸ ਵੇਲੇ ਧਰਮਸ਼ਾਲਾ ਵਿਖੇ ਲਿਆ ਕੇ ਲਾਹਿਆ ਤਾਂ ਆਪ ਦੇ ਕਪੜੇ ਵੇਖ ਕੇ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਇਨ੍ਹਾਂ ਦੇ ਕਪੜੇ ਗਾਰੇ ਨਾਲ ਲਬੇੜ ਦਿੱਤੇ ਹਨ। ਮਹਾਰਾਜ ਜੀ ਨੇ ਸਾਡੇ ਮਾਤਾ ਸੁਲੱਖਣੀ ਜੀ ਨੂੰ ਦੱਸਦਿਆਂ ਕਿਹਾ, ਇਹ ਘਾਹ ਦੀ ਪੰਡ ਨਹੀਂ, ਦੀਨ ਦੁਨੀਆਂ ਦਾ ਛੱਤਰ ਸਿਰ ਉੱਪਰ ਰੱਖਿਆ ਹੈ। ਗਾਰਾ ਨਹੀਂ, ਕੇਸਰ ਹੈ। ਇਹ ਵੱਡਾ ਭਾਗਵਾਨ ਪੁਰਖ ਹੈ।

**ਮੈ ਦੀਨ ਦੁਨੀਆਂ ਛਤਰ ਸਿਰ ਧਾਰਾ। ਵਹਿ ਕੀਚ ਜਲ ਨਹੀਂ, ਕੇਸਰ ਸਿਰ ਡਾਰਾ।**
**ਇਹ ਲਹਨਾ ਮੈਂ ਇਸ ਕੌ ਦੇਨਾ। ਕਹੌਂ ਸਤ, ਮਿਥਿਆ ਨਹੀ ਬੈਨਾ।**
**ਇਨ ਕੀ ਮੋ ਸੋ ਹੈ ਬਿਧ ਬਨੀ। ਮੇਰੇ ਰਾਜ ਕੋ ਆਇਓ ਧਨੀ।**

(ਮਹਿਮਾ ਪ੍ਰਕਾਸ਼)

ਜਿਸ ਵੇਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰ ਨੂੰ ਤਾਰ ਕੇ ਪਿਛਲੀ ਉਮਰ ਵਿਚ ਕਰਤਾਰਪੁਰ ਸਾਹਿਬ ਧੁਰਾਂ ਤੋਂ ਮਿਲੀ ਹੋਈ ਗੁਰਤਾ ਗੱਦੀ ਦੇ ਵਾਰਸ ਨੂੰ ਲੱਭਣ ਲਈ ਕਸੌਟੀਆਂ ਲਾਉਣੀਆਂ ਕੀਤੀਆਂ। ਇਹ ਪ੍ਰੀਖਿਆ ਰੂਪ ਕਸੌਟੀਆਂ 'ਤੇ ਉਹ ਪਾਰ ਉਤਰ ਸਕਦਾ ਸੀ, ਜਿਸ ਦੇ ਹਿਰਦੇ ਵਿਚ ਰੰਚਕ ਮਾਤ੍ਰ ਭੀ ਆਪਾ ਭਾਵ ਨਹੀਂ ਸੀ, ਜਿਸ ਨੇ ਪੂਰਾ ਆਪਣਾ ਆਪ ਖੋ ਦਿੱਤਾ ਸੀ। ਸਤਿਗੁਰੂ ਜੀ ਨੇ ਅਜਿਹੇ ਹਿਰਦੇ ਦੀ ਭਾਲ ਲਈ ਪਰਖਣਾ ਰੂਪ ਕਸੌਟੀਆਂ ਆਪਣੇ ਸਿੱਖਾਂ, ਆਪਣੇ ਪੁੱਤਰਾਂ ਸਭ 'ਤੇ ਲਾਈਆਂ, ਪਰ ਉਨ੍ਹਾਂ ਕਸੌਟੀਆਂ ਵਿਚ ਜਿਸ ਦੇ ਅੰਦਰ ਥੋੜ੍ਹਾ ਜਿਹਾ ਭੀ ਝੂਠ ਰੂਪ ਹਉਮੈ ਦਾ ਪਰਦਾ ਸੀ, ਉਹ ਇਨ੍ਹਾਂ ਕਸੌਟੀਆਂ ਨੂੰ ਸਹਿ ਨਹੀਂ ਸਕੇ, ਭਾਵ ਪ੍ਰੀਖਿਆ ਵਿਚ ਪਾਸ ਨਹੀਂ ਹੋ ਸਕੇ।

ਸੋ, ਗੁਰੂ ਨਾਨਕ ਸਾਹਿਬ ਜੀ ਦੀਆਂ ਕਸੌਟੀਆਂ 'ਤੇ ਸਾਰੇ ਸਿੱਖਾਂ ਅਤੇ ਪੁੱਤਰਾਂ 'ਚੋਂ ਕੇਵਲ ਭਾਈ ਲਹਿਣਾ ਜੀ ਪਾਸ ਹੋਏ, ਜਿਨ੍ਹਾਂ ਨੇ ਦਸ ਕਸੌਟੀਆਂ ਕਰੜੀਆਂ ਤੋਂ ਕਰੜੀਆਂ ਸਹੀਆਂ ਅਤੇ ਆਪਣਾ ਤਨ, ਮਨ, ਧਨ ਸਭ ਕੁਝ ਗੁਰੂ ਦਾ ਸਮਝਿਆ ਹੋਇਆ ਸੀ। ਸਤਿਗੁਰੂ ਜੀ ਨੇ ਆਪਣਾ ਸਰੀਰ ਸੰਸਾਰ ਤੋਂ ਓਹਲੇ ਕਰਨ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ ਦਾ ਵਾਰਿਸ ਥਾਪ ਦਿੱਤਾ ਤਾਂ ਉਸ ਵੇਲੇ ਮਾਤਾ ਸੁਲੱਖਣੀ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਕਿਹਾ ਕਿ ਮਹਾਰਾਜ ! ਸਾਰੀ ਦੁਨੀਆਂ ਦੇ ਲੋਕ ਆਪਣੀ

ਔਲਾਦ ਲਈ ਸੋਚਦੇ ਹਨ। ਆਪ ਜੀ ਦੇ ਦੋ ਪੁੱਤਰਾਂ (ਸ੍ਰੀ ਚੰਦ ਤੇ ਲਖਮੀ ਦਾਸ) ਆਪ ਪਹਿਲਾਂ ਤਾਂ ਇਨ੍ਹਾਂ ਨੂੰ ਛੱਡ ਕੇ ਪ੍ਰਦੇਸਾਂ ਵਿਚ ਫਿਰਦੇ ਰਹੇ। ਮੈਂ ਸਬਰ ਧਾਰ ਕੇ ਇਨ੍ਹਾਂ ਪੁੱਤਰਾਂ ਨੂੰ ਤੁਹਾਡੀ ਰਜ਼ਾ ਵਿਚ ਰਹਿ ਕੇ ਪਾਲਦੀ ਰਹੀ, ਪਰ ਜਦੋਂ ਇਹ ਸੋਝੀ ਵਾਲੇ ਹੋ ਗਏ, ਤੁਸੀਂ ਹੋਰ ਤਾਂ ਕੁਝ ਇਨ੍ਹਾਂ ਲਈ ਨਹੀਂ ਕੀਤਾ, ਤੁਹਾਡੇ ਕੋਲ ਜੋ ਗੁਰਿਆਈ ਦੀ ਪਦਵੀ ਸੀ, ਇਹ ਪੁੱਤਰਾਂ ਦਾ ਹੱਕ ਸੀ, ਕਿਉਂਕਿ ਜੋ ਕੁਝ ਪਿਤਾ ਕੋਲ ਹੁੰਦਾ ਹੈ, ਉਹ ਪੁੱਤਰਾਂ ਦਾ ਹੋਇਆ ਕਰਦਾ ਹੈ। ਪਤਾ ਨਹੀਂ ਕਿਉਂ ਆਪ ਜੀ ਨੇ ਇਨ੍ਹਾਂ ਦਾ ਇਹ ਬਣਦਾ ਹੱਕ ਗੁਰਤਾ ਗੱਦੀ ਦਾ, ਇਕ ਸਿੱਖ ਸੇਵਾਦਾਰ, ਜੋ ਥੋੜ੍ਹੇ ਸਮੇਂ ਦਾ ਆਇਆ ਹੋਇਆ ਸੀ, ਸਭ ਕੁਝ ਉਸ ਨੂੰ ਸੌਂਪ ਦਿੱਤਾ। ਮੇਰੇ ਪੁੱਤਰ ਖ਼ਾਲੀ ਰਹਿ ਗਏ। ਇਸ ਦਾ ਕਾਰਨ ਦੱਸੋ, ਕੀ ਕਾਰਨ ਹੈ ? ਇਹ ਗੱਲ ਸੁਣ ਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ ਤੇ ਕਿਹਾ ਕਿ ਭੋਲੀਏ ! ਵੀਚਾਰ ਕੇ ਦੇਖ। ਇਹ ਸੰਸਾਰਕ ਜਾਇਦਾਦ ਨਹੀਂ ਹੈ। ਦੁਨਿਆਵੀ ਵਸਤੂ ਦੇ ਦੁਨਿਆਵੀ ਪੁੱਤਰ ਹੀ ਹੱਕਦਾਰ ਹੋਇਆ ਕਰਦੇ ਹਨ, ਪਰ ਰੂਹਾਨੀਅਤ ਵਸਤੂ ਦਾ ਮਾਲਕ ਤਾਂ ਰੂਹਾਨੀਅਤ ਅਵਸਥਾ ਵਾਲਾ ਹੀ ਹੋ ਸਕਦਾ ਹੈ। ਇਸ ਅਵਸਥਾ ਦੇ ਮਾਲਕ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਸਨ। ਤਦ ਹੀ ਹਜ਼ੂਰ ਨੇ ਬਖ਼ਸ਼ਿਸ਼ ਦੇ ਘਰ ਵਿਚ ਆ ਕੇ ਭਾਈ ਲਹਿਣਾ ਜੀ ਨੂੰ ਛਾਤੀ ਨਾਲ ਲਾ ਕੇ ਆਪਣਾ ਸਰੂਪ ਬਣਾ ਦਿੱਤਾ :

**ਅੰਗਹੁ ਅੰਗ ਉਪਾਇਆ ਗੰਗਹੁ ਜਾਨ ਤਰੰਗ ਉਠਾਇਆ।**

ਭਾਈ ਲਹਿਣੇ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਦਿੱਤੇ ਸਨ।

ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ ॥ ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ ॥ ੧ ॥ ਮः ੧ ॥ ਜਿਸੁ ਮਨਿ ਵਸਿਆ ਤਰਿਆ ਸੋਇ ॥ ਨਾਨਕ ਜੋ ਭਾਵੈ ਸੋ ਹੋਇ ॥ 2 ॥ ਪਉੜੀ ॥ ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥ ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥ ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥ ਅੰਮ੍ਰਿਤੁ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥ ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥ ੧੧ ॥

ਪਦ ਅਰਥ :- ਵਾਹੇ=(ਧਰਤੀ ਵਿਚ ਬੀਜ ਬੀਜਣ ਤੋਂ ਪਹਿਲਾਂ) ਹਲ ਨਾਲ ਵਾਹੀ ਕਰਦਾ ਹੈ। ਖਲਿਹਾਨਿ=ਖਲਵਾੜੇ। ਏਵ=ਇਸ ਤਰ੍ਹਾਂ। ਨਾ ਜਾਪਈ=ਨਹੀਂ ਪਤਾ ਲੱਗਦਾ। ਨਿਦਾਨਿ=ਅੰਤ ਵਿਚ। ਮਿਹਰਵਾਨਿ=ਮਿਹਰਵਾਨ (ਗੁਰੂ) ਨੇ। ਭਉ=ਡਰ। ਬਿਕਰਾਲ=ਭਿਆਨਕ, ਡਰਾਉਣਾ। ਦੂਤ=ਦੁਸ਼ਮਨ, ਵੈਰੀ। ਕੰਠਿ=ਗਲ ਵਿਚ। ਉਰਿ=ਹਿਰਦੇ ਵਿਚ।

ਅਰਥ :- (ਹਜ਼ੂਰ ਦੱਸਦੇ ਹਨ ਕਿ ਹੇ ਭਾਈ !) ਕੋਈ (ਮਨੁੱਖ ਧਰਤੀ ਹਲ ਨਾਲ) ਵਾਹੁੰਦਾ (ਬੀਜਦਾ) ਹੈ ਅਤੇ ਕੋਈ (ਉਸ ਖੇਤੀ ਨੂੰ) ਵੱਢਦਾ ਹੈ, ਕੋਈ ਖਲਵਾੜੇ (ਗਾਹ) ਵਿਚ ਪਾਉਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਕਰਤੇ ਦੀ ਖੇਡ ਹੈ ਕਿ ਇਸ ਤਰ੍ਹਾਂ ਅੰਤ ਵਿਚ (ਉਸ ਅਨਾਜ ਨੂੰ) ਕੋਈ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਖਾਂਦਾ ਹੈ ਅਤੇ ਇਸ ਕਰਕੇ (ਪ੍ਰਭੂ ਦੀ ਰਜ਼ਾ ਦਾ) ਪਤਾ ਨਹੀਂ ਲੱਗਦਾ (ਕਿ ਉਹ ਕਿਸ ਦੀ ਘਾਲ ਥਾਇ ਪਾਵੇਗਾ)।੧।

ਮ: ੧॥ (ਹੇ ਭਾਈ !) ਜਿਸ (ਮਨੁੱਖ ਦੇ) ਮਨ ਵਿਚ (ਹਰੀ ਪ੍ਰਭੂ) ਵਸਦਾ ਹੈ, ਉਹ (ਸੰਸਾਰ ਸਾਗਰ ਤੋਂ) ਤਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੋ (ਹਰੀ ਨੂੰ) ਭਾਉਂਦਾ ਹੈ, ਉਹੀ ਹੁੰਦਾ ਹੈ।੨।

ਪਉੜੀ॥ (ਹੇ ਭਾਈ !) ਪਾਰਬ੍ਰਹਮ ਦਇਆਲ (ਹਰੀ) ਨੇ (ਜਿਸ ਮਨੁੱਖ ਨੂੰ ਸੰਸਾਰ) ਸਮੁੰਦਰ ਤੋਂ ਤਾਰਿਆ ਹੈ, (ਪਹਿਲਾਂ) ਪੂਰੇ ਮਿਹਰਵਾਨ ਗੁਰੂ ਨੇ (ਉਸ ਦੀ) ਭਟਕਣਾ ਤੇ ਡਰ ਆਦਿ ਦੂਰ ਕੀਤੇ ਹਨ। ਭਿਆਨਕ ਕ੍ਰੋਧ ਅਤੇ ਕਾਮ ਆਦਿਕ ਸਾਰੇ ਵੈਰੀ (ਉਸ 'ਤੇ ਆਪਣਾ ਗ਼ਲਬਾ ਪਾਣੋਂ) ਹਾਰ ਗਏ ਹਨ। (ਉਸ ਨੇ) ਅੰਮ੍ਰਿਤ ਨਾਮ ਰੂਪੀ ਖ਼ਜ਼ਾਨਾ (ਆਪਣੇ ਮਨ ਤੇ) ਹਿਰਦੇ ਵਿਚ (ਸਦਾ ਲਈ) ਧਾਰਣ ਕਰ ਲਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸਾਧ (ਸਰੂਪ ਗੁਰੂ) ਦੀ ਸੰਗਤ ਵਿਚ, (ਪਭੂ ਪਿਆਰਿਆਂ ਸਾਧੂਆਂ ਦੀ ਸੰਗਤ ਵਿਚ ਟਿਕ ਕੇ ਉਸ ਨੇ ਆਪਣਾ) ਜਨਮ ਸਵਾਰ ਲਿਆ ਹੈ।੧੧।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧੯੯ (ਆਦਿ ਅੰਗ 855)

ਬਿਲਾਵਲੁ ॥

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥ ੧ ॥ ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥ ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥ ੧ ॥ ਰਹਾਉ ॥ ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥ ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥ 2 ॥ ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥ ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥ 3 ॥ ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥ ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥ 4 ॥ 3 ॥

## ਪ੍ਰਾਕ੍ਰਥਨ :

ਭਗਤ ਕਬੀਰ ਜੀ ਦਾ ਇਹ ਪਾਵਨ ਸ਼ਬਦ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਭਗਤ ਜੀ ਨੇ ਘਰ ਬਾਰ ਛੱਡਣ ਵਾਲਿਆਂ ਨੂੰ ਸੁਮੱਤ ਬਖ਼ਸ਼ੀ ਹੈ।

## ਵਿਸ਼ਾ — ਗ੍ਰਿਹੁ ਤਜਿ ਬਨ ਖੰਡ ਜਾਈਐ

ਪੁਰਾਤਨ ਸਮੇਂ ਦੇ ਸਨਾਤਨੀ ਸੁਭਾਅ ਵਾਲੇ ਲੋਕਾਂ ਨੇ ਮਨੁੱਖੀ ਸਮਾਜ ਨੂੰ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ — ਬ੍ਰਾਹਮਣ, ਖੱਤਰੀ, ਸੂਦ, ਵੈਸ਼ — ਅਤੇ ਮਨੁੱਖੀ ਉਮਰ ਨੂੰ ਵੱਧ ਤੋਂ ਵੱਧ ਸੌ ਸਾਲ ਮਿਥ ਕੇ ਚਾਰ ਆਸ਼ਰਮਾਂ ਵਿਚ ਵੰਡਿਆ ਹੋਇਆ ਸੀ — ਬ੍ਰਹਮਚਾਰੀ, ਗ੍ਰਹਿਸਤੀ, ਬਾਨਪ੍ਰਸਤੀ, ਸੰਨਿਆਸੀ — ਇਹ ਚਾਰ ਆਸ਼ਰਮ ਮੰਨੇ ਸਨ। ਪਹਿਲਾ ਹਿੱਸਾ ੨੫ ਸਾਲ ਤੱਕ ਬ੍ਰਹਮਚਾਰੀ ਰਹਿਣਾ। ਦੂਜਾ ਹਿੱਸਾ ੨੫ ਤੋਂ ੫੦ ਸਾਲ ਤੱਕ ਗ੍ਰਹਿਸਤੀ ਰਹਿਣਾ। ਤੀਜਾ ਹਿੱਸਾ ੫੦ ਤੋਂ ੭੫ ਸਾਲ ਤੱਕ ਬਾਨਪ੍ਰਸਤੀ ਅਤੇ ਚੌਥਾ ਹਿੱਸਾ ੭੫ ਸਾਲ ਤੋਂ ੧੦੦ ਸਾਲ ਤੱਕ ਸੰਨਿਆਸੀ ਰਹਿਣਾ ਸੀ, ਪਰ ਗੁਰਮਤਿ ਅਨੁਸਾਰ ਇਸ ਤਰ੍ਹਾਂ ਦੇ ਬ੍ਰਹਮਚਾਰੀ ਨੂੰ ਵੀ ਨਹੀਂ ਮੰਨਿਆ ਗਿਆ। ਘਰ ਛੱਡ ਕੇ ਬਾਨਪ੍ਰਸਤੀ ਅਤੇ ਸੰਨਿਆਸੀਪਣੇ ਦਾ ਭੀ ਖੰਡਨ ਕੀਤਾ ਹੈ। ਸੋ ਗੁਰਮਤਿ ਅਨੁਸਾਰ ਪਹਿਲੀ ਉਮਰ ਦੀ ਸਫਲਤਾ ਵਾਸਤੇ ਸਤਿਗੁਰੂ ਜੀ ਦੇ ਪਵਿੱਤਰ ਬਚਨ ਹਨ :

**ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥**

(ਅੰਗ 337)

ਅਤੇ ਗ੍ਰਿਹਸਤ ਵਿਚ ਰਹਿੰਦਿਆਂ ਇਸ ਤਰ੍ਹਾਂ ਸਫਲਤਾ ਪ੍ਰਾਪਤ ਕਰਨੀ ਹੈ :

**ਜਿਉ ਜਲ ਮਹਿ ਕਮਲ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥**

(ਅੰਗ 949)

ਸੋ ਘਰ ਛੱਡ ਕੇ ਨਾ ਬਾਨਪ੍ਰਸਤੀ ਬਣਨ ਦੀ ਲੋੜ ਹੈ, ਨਾ ਹੀ ਸੰਨਿਆਸੀ। ਗੁਰੂ ਦੇ ਬਚਨ ਹਨ :

**ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥**
**ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥** (ਅੰਗ ੧420)
**ਰੇ ਮਨ ਐਸੋ ਕਰਿ ਸੰਨਿਆਸਾ ॥**
**ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥**

(ਸ੍ਰੀ ਦਸਮ ਗ੍ਰੰਥ, ਪੰਨਾ 709)

ਗ੍ਰਿਹਸਤ ਤਿਆਗ ਕੇ ਜੀਵਨ ਬਤੀਤ ਕਰਨ ਵਾਲਿਆਂ ਦੀ ਜੋ ਖ਼ੁਆਰੀ ਹੁੰਦੀ ਹੈ, ਆਖ਼ਿਰ ਉਨ੍ਹਾਂ ਨੂੰ ਮੁੜ ਕੇ ਗ੍ਰਿਹਸਤ ਵੱਲ ਨੂੰ ਹੀ ਆਉਣਾ ਪੈਂਦਾ ਹੈ। ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਦੇ ਵੀ ਸੁੰਦਰ ਬਚਨ ਹਨ। ਭਾਈ ਸਾਹਿਬ ਜੀ ਕਹਿੰਦੇ ਹਨ, ਜਿਸ ਤਰ੍ਹਾਂ ਸਵੇਰ ਵੇਲੇ ਪੰਛੀ ਦਰੱਖ਼ਤ ਤੋਂ ਉੱਡ ਜਾਂਦੇ ਹਨ, ਪਰ ਫਿਰ ਰਾਤ ਪੈਣ 'ਤੇ ਦਰੱਖ਼ਤ ਉੱਤੇ ਆਪਣੇ ਆਲ੍ਹਣੇ ਵਿਚ ਹੀ ਆ ਬੈਠਦੇ ਹਨ।

ਜਿਸ ਤਰ੍ਹਾਂ ਕੀੜੀਆਂ, ਕੀੜੇ ਆਪਣੀ ਆਪਣੀ ਖੁੱਡ ਵਿੱਚੋਂ ਨਿਕਲ ਕੇ ਧਰਤੀ ਉੱਤੇ ਫਿਰਨਾ ਸ਼ੁਰੂ ਕਰਦੇ ਹਨ ਅਤੇ ਫਿਰ ਉਹ ਜਾ ਕਰ ਕੇ ਖੁੱਡ ਦੇ ਵਿਚ ਹੀ ਵੜ ਜਾਂਦੇ ਹਨ।

ਜਿਸ ਤਰ੍ਹਾਂ ਲੜਕਾ ਮਾਂ-ਪਿਉ ਨਾਲ ਲੜ ਕੇ ਘਰ ਤੋਂ ਰੁੱਸ ਕੇ ਬਾਹਰ ਚਲਾ ਜਾਂਦਾ ਹੈ, ਪਰ ਜਦੋਂ ਭੁੱਖ ਲੱਗਦੀ ਹੈ ਤਾਂ ਆਪਣਾ ਹਠ ਜ਼ਿੱਦ ਛੱਡ ਕੇ ਪਛਤਾਵਾ ਕਰਦਾ ਹੋਇਆ ਮਾਂ-ਬਾਪ ਕੋਲ ਪਹੁੰਚ ਜਾਂਦਾ ਹੈ।

ਉਸੇ ਤਰ੍ਹਾਂ ਕਈ ਆਦਮੀ ਗ੍ਰਿਹਸਤ ਨੂੰ ਤਿਆਗ ਕੇ ਸ਼ਹਿਰਾਂ ਤੋਂ ਭੱਜ ਕੇ ਚਲੇ ਜਾਂਦੇ ਹਨ ਤੇ ਜਾ ਕੇ ਉਦਾਸ ਜਗ੍ਹਾ ਵਿਚ ਜੰਗਲ ਵਿਚ ਜਾ ਵੱਸਦੇ ਹਨ ਅਤੇ ਫਿਰ ਸਮਾਂ ਪੈਣ ਉੱਤੇ ਆਣ ਕੇ ਗ੍ਰਿਹਸਤ ਦਾ ਹੀ ਆਸਰਾ ਤਕਦੇ ਹਨ, ਅਰਥਾਤ :

**ਹੋਇ ਅਤੀਤ ਗ੍ਰਿਹਸਤ ਤਜਿ ਫਿਰ ਉਨਹੁ ਕੇ ਘਰਿ ਮੰਗਣ ਜਾਈ।**

(ਪਉੜੀ 40, ਵਾਰ ੧, ਭਾ: ਗੁਰਦਾਸ)

**ਜੈਸੇ ਪ੍ਰਾਤ ਸਮੈ ਖਗ ਜਾਤਿ ਉਡਿ ਬਿਰਖ ਸੈ,**
**ਬਹੁਰ ਆਇ ਬੈਠਤ ਬਿਰਖ ਹੀ ਮੈ ਆਇ ਕੈ॥**
**ਚੀਟੀ ਚੀਟਾ ਬਿਲ ਸੈ ਨਿਕਸ ਧਰ ਗਵਨ ਕੈ,**
**ਬਹੁਰਿਓ ਪੈਸਤ ਜੈਸੇ ਬਿਲ ਹੀ ਮੈ ਜਾਇ ਕੈ॥**
**ਲਰਿ ਕੈ ਲਰਕਾ ਰੂਠਿ ਜਾਤ ਤਾਤ ਮਾਤ ਸਨ,**
**ਭੂਖ ਲਾਗੈ ਤਿਆਗੈ ਹਠ ਆਵੈ ਪਛੁਤਾਇ ਕੈ॥**
**ਤੈਸੇ ਗ੍ਰਿਹਿ ਤਿਆਗਿ ਭਾਗਿ ਜਾਤ ਉਦਾਸ ਬਾਸ,**
**ਆਸਰੋ ਤਕਤ ਪੁਨਿ ਗ੍ਰਿਹਸਤ ਕੋ ਧਾਇ ਕੈ॥ 548 ॥**

(ਕੱਬਿਤ ਸਵੱਯੇ, ਭਾਈ ਗੁਰਦਾਸ ਜੀ)

'ਗ੍ਰਿਹਸਤ' ਸ਼ਬਦ ਦੇ ਅਰਥ ਵਿਦਵਾਨਾਂ ਨੇ ਇਸ ਤਰ੍ਹਾਂ ਕੀਤੇ ਹਨ—ਗ੍ਰਹਿਸਤ = 'ਗ੍ਰਿਹ' + 'ਸਤ' ਦੋ ਸ਼ਬਦਾਂ ਦਾ ਸੁਮੇਲ ਹੈ। ਵੇਖਣ ਵਿਚ ਇਹ ਚਾਰ ਅੱਖਰਾਂ ਦਾ ਜੋੜ ਹੈ, ਪਰ ਅਸਲੋਂ ਇਹ ਇਕ ਘੜੇ ਵਿਚ ਬੰਦ ਸਮੁੰਦਰ ਵਾਂਗ ਹੈ। ਸੋ ਆਓ ਗਹੁ ਨਾਲ ਤੱਕੀਏ ਕਿ ਉਹ ਕਿਵੇਂ ? 'ਗ੍ਰਿਹ' ਤੋਂ ਭਾਵ ਹੈ—ਘਰ ਜਾਂ ਪਰਿਵਾਰ ਅਤੇ 'ਸਤ' ਤੋਂ ਭਾਵ ਹੈ—ਸੱਚ, ਪਵਿੱਤਰ ਜ਼ਿੰਦਗੀ, ਧਰਮ, ਆਦਰ, ਪੂਜਯ, ਪ੍ਰਤੱਖ,

ਵਿਦਯਮਾਨ, ਕਸਮ, ਸੁਭਾਅ, ਜੀਵਨ, ਪੁੰਨ, ਪਾਰਬ੍ਰਹਮ, ਵਾਹਿਗੁਰੂ। (ਮਹਾਨ ਕੋਸ਼)

ਭਾਈ ਗੁਰਦਾਸ ਜੀ ਨੇ ਗ੍ਰਿਹਸਤ ਧਰਮ ਦੀ ਮਹਾਨਤਾ ਦੱਸਦਿਆਂ ਬੜੇ ਸੁੰਦਰ ਬਚਨ ਕਹੇ ਹਨ। ਜਿਸ ਤਰ੍ਹਾਂ ਨਦੀਆਂ ਆਦਿਕ ਵਿਚੋਂ ਸਮੁੰਦਰ, ਪਹਾੜਾਂ ਵਿਚੋਂ ਸੁਮੇਰ ਪਰਬਤ ਵੱਡਾ ਹੈ। ਜਿਵੇਂ ਬ੍ਰਿਛਾਂ ਵਿਚੋਂ ਚੰਦਨ ਦਾ ਬੂਟਾ ਵੱਡਾ ਹੈ, ਧਾਤਾਂ ਵਿਚੋਂ ਸੋਨਾ ਬੜਾ ਉੱਤਮ ਕਰਕੇ ਮੰਨਿਆ ਜਾਂਦਾ ਹੈ। ਜਿਸ ਤਰ੍ਹਾਂ ਪੰਛੀਆਂ ਵਿਚੋਂ ਹੰਸ, ਸ਼ੇਰਾਂ ਵਿਚੋਂ ਬੱਬਰ ਸ਼ੇਰ, ਰਾਗਾਂ ਵਿਚੋਂ ਸ੍ਰੀਰਾਗੁ ਤੇ ਪੱਥਰਾਂ ਵਿਚੋਂ ਪਾਰਸ ਸ੍ਰੇਸ਼ਟ ਹੈ, ਉਸੇ ਤਰ੍ਹਾਂ ਗਿਆਨਾਂ ਵਿਚੋਂ ਗੁਰੂ ਦਾ ਗਿਆਨ, ਧਿਆਨਾਂ ਵਿਚੋਂ ਗੁਰੂ ਦਾ ਧਿਆਨ ਅਤੇ ਸੰਸਾਰ ਦੇ ਕੁੱਲ ਧਰਮਾਂ ਵਿਚੋਂ ਗ੍ਰਿਹਸਤ ਧਰਮ ਸਰਬੋਤਮ ਹੈ :

**ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ,**
**ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ॥**
**ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,**
**ਧਾਤੁ ਮੋ ਕਨਿਕ ਅਤਿ ਉਤਮ ਕੈ ਮਾਨਿ ਹੈ॥**
**ਪੰਛੀਅਨਿ ਮੈ ਹੰਸੁ, ਮ੍ਰਿਗਰਾਜਨ ਮਹਿ ਸਾਰਦੂਲ,**
**ਰਾਗਨ ਮੈ ਸਿਰੀ ਰਾਗੁ, ਪਾਰਸ ਪਖਾਨ ਹੈ॥**
**ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ,**
**ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥ 376॥**

(ਕਬਿੱਤ ਸਵੱਯੇ ਭਾ : ਗੁਰਦਾਸ)

ਇਸੇ ਤਰ੍ਹਾਂ ਭਾਈ ਸਾਹਿਬ ਜੀ ਹੋਰ ਬੜੇ ਸੁੰਦਰ ਦ੍ਰਿਸ਼ਟਾਂਤ ਦਿੰਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਛਿਲਕਿਆਂ ਵਿਚ ਹੁੰਦਾ ਹੋਇਆ ਚਾਵਲ ਬੀਜਿਆ ਜਾਵੇ ਤਾਂ ਉਗ ਕੇ ਹਜ਼ਾਰਾਂ ਗੁਣਾਂ ਹੋ ਕੇ ਚਾਵਲ ਦਾ ਰੂਪ ਬਹੁਤ ਦੇਹਾਂ ਧਾਰ ਕੇ ਰੋਜ਼ੀ ਰੂਪ ਪਰਉਪਕਾਰ ਕਰਦਾ ਹੈ। ਛਿਲਕਿਆਂ ਵਿਚ ਹੁੰਦਾ ਹੋਇਆ ਚਾਵਲ ਨਿਰਵਿਘਨ ਰਹਿੰਦਾ ਹੈ, ਘੁਣ ਨਹੀਂ ਲੱਗਦਾ। ਬਹੁਤ ਦੇਰ ਤੱਕ ਰੱਖਿਆ ਰਹਿੰਦਾ ਹੈ, ਖ਼ਰਾਬ ਨਹੀਂ ਹੁੰਦਾ, ਪਰ ਛਿਲਕਿਆਂ ਵਿਚੋਂ ਨਿਕਲ ਕੇ ਚਾਵਲ ਟੋਟੇ-ਟੋਟੇ ਹੋ ਜਾਂਦਾ ਹੈ, ਬਦਸ਼ਕਲ ਹੋ ਜਾਂਦਾ ਹੈ, ਸੁਆਦ ਵਿਚ ਫ਼ਰਕ ਪੈ ਜਾਂਦਾ ਹੈ :

**ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋ, ਦੇਹ ਧਾਰਿ ਕਰਤ ਹੈ ਪਰਉਪਕਾਰ ਜੀ॥**
**ਤੁਸ ਮੈ ਤੰਦੁਲ ਨਿਰਬਿਘਨ, ਨ ਲਾਗੈ ਘੁਨ, ਰਾਖੇ ਰਹੈ ਚਿਰੰਕਾਲ, ਹੋਤ ਨ ਬਿਕਾਰ ਜੀ॥**
**ਤੁਸ ਮੈ ਨਿਕਸ ਹੋਇ ਭਗਨ ਮਲੀਨ ਰੂਪ, ਸ੍ਵਾਦ ਕਰਵਾਇ, ਰਾਧੇ ਰਹੈ ਨ ਸੰਸਾਰ ਜੀ॥**
**ਗੁਰ ਉਪਦੇਸ ਗੁਰਸਿਖ ਗ੍ਰਿਹ ਮੈ ਬੈਰਾਗੀ, ਗ੍ਰਿਹ ਤਜਿ ਬਨਖੰਡ ਹੋਤ ਨ ਉਧਾਰ ਜੀ॥ ੧੨੧॥**

(ਕਬਿੱਤ ਸਵੱਯੇ, ਭਾ: ਗੁਰਦਾਸ)

ਸੋ ਇਸੇ ਪ੍ਰਕਾਰ ਅਨੇਕਾਂ ਭੇਖ ਵਰਨ ਆਸ੍ਰਮ ਗ੍ਰਿਹਸਤ ਵਿੱਚੋਂ ਹੀ ਪੈਦਾ ਹੁੰਦੇ ਹਨ। ਜਿਸ ਤਰ੍ਹਾਂ ਮੱਛ, ਕੱਛੂ, ਬਗਲਾ, ਹੰਸ, ਮੋਤੀ, ਅੰਮ੍ਰਿਤ ਅਤੇ ਜ਼ਹਿਰ, ਸਮੁੰਦਰ ਹੀ ਇਹਨਾਂ ਦਾ ਮੂਲ ਮੰਨਿਆ ਹੈ। ਇਸੇ ਤਰ੍ਹਾਂ ਜਿੰਦਰਾ, ਕੁੰਜੀ, ਤਲਵਾਰ, ਸੰਜੋਅ ਇਹਨਾਂ ਦਾ ਅਧਾਰ (ਮੂਲ) ਭੀ ਲੋਹਾ ਹੀ ਹੈ। ਫੇਰ ਜਿਸ ਤਰ੍ਹਾਂ ਭਾਂਡੇ ਮਿੱਟੀ ਦੇ ਵੱਖਰੇ-ਵੱਖਰੇ ਬਣਾ ਕੇ ਵੱਖਰੀਆਂ-ਵੱਖਰੀਆਂ ਵਸਤੂਆਂ ਵਿਚ ਪਾਈਆਂ ਜਾਂਦੀਆਂ ਹਨ, ਪਰ ਭਾਂਡਿਆਂ ਦਾ ਮੂਲ ਇਕ ਮਿੱਟੀ ਹੀ ਹੈ। ਇਸ ਤਰ੍ਹਾਂ ਖਟ ਦਰਸ਼ਨ, ਚਾਰ ਵਰਨ, ਚਾਰ ਆਸ਼ਰਮ ਇਹਨਾਂ ਸਾਰਿਆਂ ਦਾ ਅਧਾਰ (ਮੂਲ ਇਕ ਗ੍ਰਿਹਸਤ ਧਰਮ ਹੈ)।

**ਜੈਸੇ ਮਛ ਕਛ ਬਗ ਹੰਸ ਮੁਕਤਾ ਪਖਾਨ, ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਸੈ ਜਾਨੀਐ॥**
**ਜੈਸੇ ਤਾਰੋ ਤਾਰੀ ਤਉ ਆਰਸੀ ਸਨਾਹ ਸਸਤ੍ਰ, ਲੋਹ ਏਕ ਸੇ ਅਨੇਕ ਰਚਨਾ ਬਖਾਨੀਐ॥**
**ਭਾਂਜਨ ਬਿਬਿਧਿ ਜੈਸੇ ਹੋਤ ਏਕ ਮ੍ਰਿਤਕਾ ਸੈ, ਖੀਰ ਨੀਰ ਬਿੰਜਨਾਦਿ ਅਉਖਧਿ ਸਮਾਨੀਐ॥**
**ਤੈਸੇ ਦਰਸਨ ਬਹੁ ਬਰਨ ਆਸ੍ਰਮ ਧਰਮ, ਸਕਲ ਗ੍ਰਿਹਸਤ ਕੀ ਸਾਖਾ ਉਨਮਾਨੀਐ॥ 375॥**

(ਕਬਿੱਤ ਸਵੱਯੇ, ਭਾ: ਗੁਰਦਾਸ)

ਸੋ ਸ੍ਰਿਸ਼ਟੀ ਦੇ ਆਦਿ ਤੋਂ ਲੈ ਕੇ ਬ੍ਰਹਮਾ, ਵਿਸ਼ਨੂੰ, ਸ਼ਿਵ ਅਤੇ ਅਵਤਾਰ, ਪੀਰ, ਪੈਗ਼ੰਬਰ ਆਦਿ ਦੁਨੀਆਂ ਦੇ ਪ੍ਰਸਿੱਧ ਮਹਾਂ ਪੁਰਖ ਭੀ ਗ੍ਰਿਹਸਤੀ ਹੋਏ ਹਨ। ਅਚੱਲ ਵਟਾਲੇ ਭੰਗਰ ਨਾਥ ਨੇ ਗੁਰੂ ਨਾਨਕ ਜੀ ਨੂੰ ਕਹਿਆ ਸੀ – 'ਭੇਖ ਉਤਾਰ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤ ਚਲਾਈ ?' ਧੰਨ ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਸੀ, ਜਿਸ ਨੂੰ ਸੁਣ ਕੇ ਸਿੱਧ ਨਿਰੁੱਤਰ ਹੋ ਗਏ ਸਨ। ਸਿੱਧਾਂ ਨੂੰ ਕੋਈ ਜਵਾਬ ਨਹੀਂ ਆਇਆ ਸੀ।

**ਨਾਨਕ ਆਖੇ ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ।**
**ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।**
**ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਹੂੰ ਕੇ ਘਰਿ ਮੰਗਣ ਜਾਈ।**
**ਬਿਨੁ ਦਿਤੇ ਕਛੁ ਹਥਿ ਨ ਆਈ॥ 40॥** (ਵਾਰ ੧, ਪਉੜੀ 40)

ਸੋ ਸਿੱਖ ਮੱਤ ਵਿਚ ਗ੍ਰਿਹਸਤ ਆਸ਼ਰਮ ਦੀ ਭਾਰੀ ਮਹਿਮਾ ਹੈ। ਜੋ ਗ੍ਰਿਹਸਤੀ ਧਰਮ ਦੀ ਕਿਰਤ ਕਰਦੇ ਹੋਏ ਆਪਣਾ ਜੀਵਨ-ਨਿਰਵਾਹ ਕਰਦੇ ਹਨ, ਪਰਉਪਕਾਰ ਲਈ ਸੇਵਾ ਕਰਦੇ ਅਤੇ ਸੰਸਾਰ ਦੇ ਵਿਹਾਰਾਂ ਨੂੰ ਚੰਗੀ ਤਰ੍ਹਾਂ ਨਿਭਾਉਂਦੇ ਹੋਏ ਹਰ ਵੇਲੇ ਕਰਤਾਰ ਨੂੰ ਯਾਦ ਰੱਖਦੇ ਹਨ, ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਉੱਤਮ ਕਿਹਾ ਹੈ। ਇਹ ਗ੍ਰਿਹਸਤੀ ਹੀ ਹਨ ਜਿਥੇ ਬ੍ਰਹਮਚਾਰੀ, ਬਾਨਪ੍ਰਸਤੀ ਅਤੇ ਸੰਨਿਆਸੀ ਬਿਰਤੀ ਵਾਲੇ ਸਾਧੂ-ਸੰਤਾਂ ਦੀ ਪੇਟ ਪੂਰਤੀ ਭਾਵ ਪੇਟ ਪੂਜਾ ਹੁੰਦੀ ਹੈ। ਸਤਿਗੁਰੂ ਜੀ ਦੇ ਪਵਿੱਤਰ ਬਚਨ ਹਨ :

**ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥**
**ਸਬਦਿ ਰਤੇ ਤਿਨਾ ਸੋਝੀ ਪਾਈ ਦੂਜੇ ਭਰਮ ਭੁਲਾਇ॥** (ਅੰਗ 587)

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥**
**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥**

(ਅੰਗ ੧377)

**ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥**

(ਅੰਗ 66੧)

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥** (ਅੰਗ 522)

ਇਸ ਲਈ ਜਿਹੜੇ ਭੁੱਲੜ ਲੋਕ ਗ੍ਰਿਹਸਤ ਧਰਮ ਨੂੰ ਛੱਡ ਕੇ ਬਾਹਰ ਭਟਕਦੇ ਹਨ, ਉਹਨਾਂ ਲਈ ਇਕ ਕਵੀ ਜੀ ਦਾ ਬੜਾ ਹੀ ਸੁੰਦਰ ਕਥਨ ਹੈ :

**ਕਾਹੇ ਕੋ ਤੂ ਘਰ ਛੋਡਾ, ਕਾਹੇ ਕੋ ਘਰਨਿ ਛੋਡੀ,**
**ਕਾਹੇ ਕੋ ਇੱਜ਼ਤ ਖੋਈ ਦਰਵੇਸ਼ ਬਾਨੇ ਕੀ।**
**ਕਾਹੇ ਕੋ ਤੂੰ ਨੰਗਾ ਹੂਆ, ਕਾਹੇ ਕੋ ਬਿਭੂਤ ਲਾਈ,**
**ਕਿਨੇ ਸੀਖ ਦਈ ਤੁਝੈ ਜੰਗਲ ਮੈਂ ਜਾਨੇ ਕੀ।**
**ਆਦਤ ਕੋ ਛੋਡ ਦੇਤਾ, ਪਰੇਸ਼ਾਨ ਮਤ ਹੋਤਾ,**
**ਸੀਖ ਸੁਨ ਲੇਤਾ ਤੂ ਚਤਰ ਸਿੰਘ ਰਾਨੇ ਕੀ।**
**ਗੋਸ਼ਾ ਜਾਏ ਏਕ ਲੇਤਾ, ਖਾਨੇ ਕੋ ਖ਼ੁਦਾਇ ਦੇਤਾ,**
**ਜਾਤੀ ਮਿਤ ਚਿੰਤਾ, ਰੇ ਫ਼ਕੀਰ, ਖਾਨੇ ਦਾਨੇ ਕੀ।**

ਅਥਵਾ :

**ਰੇ ਮਨ ਐਸੋ ਕਰ ਸੰਨਿਆਸਾ ॥**
**ਬਨ ਸੇ ਸਦਨ ਸਭੈ ਕਰਿ ਸਮਝਹੁ, ਮਨ ਹੀ ਮਾਹਿ ਉਦਾਸਾ ॥**

(ਸ਼ਬਦ ਹਜ਼ਾਰੇ, ਪਾ: ੧੦)

## ਸਾਖੀ—ਸੁਣਿ ਮਾਛਿੰਦ੍ਰਾ ਨਾਨਕੁ ਬੋਲੈ

ਘਰ ਬਾਰ ਤਿਆਗ ਕੇ ਜੰਗਲਾਂ ਵਿਚ ਰਹਿਣ ਵਾਲੇ ਮਛਿੰਦ੍ਰ ਨਾਥ ਜੈਸੇ ਗੋਰਖ ਦੇ ਗੁਰੂ ਵੀ ਵਿਕਾਰਾਂ ਤੋਂ ਬਚ ਨਹੀਂ ਸਕੇ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਇਸ ਮਛੰਦਰ ਨਾਥ ਦੀ ਉੱਤਪਤੀ ਸ਼ਿਵ ਦੇ ਵੀਰਜ ਦ੍ਵਾਰਾ ਮੱਛੀ ਦੇ ਪੇਟ ਤੋਂ ਲਿਖੀ ਹੈ ਅਤੇ ਯੋਗ ਗ੍ਰੰਥਾਂ ਵਿਚ ਕਥਾ ਹੈ ਕਿ ਸ਼ਿਵ ਦਾ ਉਪਦੇਸ਼ ਸੁਣ ਕੇ ਇਕ ਮੱਛ ਗਯਾਨੀ ਹੋ ਗਿਆ ਅਤੇ ਮਹਾਦੇਵ ਨੇ ਉਸ ਦੀ ਦੇਹ ਮਨੁੱਖ ਦੀ ਕਰ ਦਿੱਤੀ। ਦਸਮ ਗ੍ਰੰਥ ਵਿਚ

ਇਸ ਦੇ ਨਾਮ ਮਛਿੰਦ੍ਰ, ਮਛੰਦਰ ਵੀ ਹਨ, "ਮੱਛ ਸਹਿਤ ਮਛਿੰਦ੍ਰ ਜੋਗੀ ਬਾਂਧ ਜਾਰ ਮਝਾਰ" (ਮਹਾਨ ਕੋਸ਼)। ਯੋਗ ਮਤਿ ਵਿਚ ਨਉਂ ਨਾਥ ਮੰਨੇ ਹਨ। ਇਨ੍ਹਾਂ ਨਾਥਾਂ ਵਿਚ ਮਛਿੰਦ੍ਰ ਨਾਥ ਤੇ ਗੋਰਖ ਨਾਥ ਦਾ ਨਾਮ ਵੀ ਅੰਕਿਤ ਹੈ। ਸ਼ਾਸਤ੍ਰਕਾਰਾਂ ਨੇ ਛੇ ਜਤੀ ਮੰਨੇ ਹਨ। ਇਨ੍ਹਾਂ ਜਤੀਆਂ ਵਿਚ ਵੀ ਗੋਰਖਨਾਥ ਦਾ ਨਾਮ ਲਿਖਿਆ ਆਉਂਦਾ ਹੈ। ਪਰ ਗੁਰਬਾਣੀ ਅੰਦਰ ਭਗਤ ਕਬੀਰ ਜੀ ਦੇ ਬਚਨ ਹਨ—

**ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥**

**(ਅੰਗ ੧੧60)**

ਇਹ ਛੇ ਜਤੀ ਵੀ ਮਾਇਆ ਦੇ ਬੰਦੇ ਦੱਸੇ ਹਨ, ਜੋ ਯੋਗ ਬਲ ਨਾਲ ਰਿਧੀਆਂ ਸਿਧੀਆਂ ਪਾ ਕੇ ਵਿਕਾਰਾਂ ਵਿਚ ਗ੍ਰੱਸੇ ਹੋਏ ਸਨ। ਮਛਿੰਦ੍ਰ ਨਾਥ ਤਾਂ ਐਸਾ ਵਿਕਾਰੀ ਸੀ (ਸੰਗਲਾ ਦੀਪ ਦਾ ਅਮਰੂ ਨਾਮ ਦਾ ਰਾਜਾ ਜਿਸ ਵੇਲੇ ਮਿਰਤੂ ਹੋਇਆ) ਤਾਂ ਮਛਿੰਦ੍ਰ ਨਾਥ ਆਪਣਾ ਸਰੀਰ ਬਰਫਾਨੀ ਪਹਾੜਾਂ ਵਿਚ ਸਿਧੀ ਬਲ ਨਾਲ ਸੁਰੱਖਿਅਤ ਛੱਡ ਕੇ ਆਪ ਪਰ ਕਾਇਆ ਪ੍ਰਵੇਸ਼ ਸਿਧੀ ਦ੍ਵਾਰਾ ਅਮਰੂ ਰਾਜੇ ਦੀ ਦੇਹ ਵਿਚ ਪ੍ਰਵੇਸ਼ ਹੋ ਕੇ ਵਿਕਾਰਾਂ ਅਧੀਨ, ਵਿਸ਼ੇ ਪੂਰਤੀ ਵਾਸਤੇ, ਕਾਮ ਵਾਸ਼ਨਾ ਲਈ ਕਈ ਸਾਲ ਰਾਣੀਆਂ ਨਾਲ ਖੇਹ ਖਾਂਦਾ ਰਿਹਾ। ਇਸ ਦੇ ਸੰਜੋਗ ਤੋਂ ਰਾਣੀਆਂ ਦੇ ਦੋ ਪੁੱਤਰ ਵੀ ਪੈਦਾ ਹੋ ਗਏ ਸਨ। ਗੋਰਖ ਨਾਥ ਦੇ ਸ਼ਰੀਕ ਸਿੱਧਾਂ ਨੇ ਗੋਰਖ ਨੂੰ ਮਿਹਣਾ ਮਾਰਿਆ (ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ) ਹੇ ਗੋਰਖ ! ਤੂੰ ਜਤੀ ਸਦਾਉਂਦਾ ਹੈਂ ਪਰ ਤੇਰਾ ਗੁਰੂ ਮਛਿੰਦ੍ਰ ਨਾਥ ਅਮਰੂ ਰਾਜੇ ਦੀਆਂ ਰਾਣੀਆਂ ਨਾਲ ਵਿਕਾਰ ਭੋਗਦਾ ਪਿਆ ਹੈ। ਇਹ ਮਿਹਣਾ ਸੁਣ ਕੇ ਗੋਰਖ ਨੇ ਭੇਸ ਬਦਲ ਕੇ ਅਤੇ ਤਬਲਾ ਵਜਾਉਣ ਵਾਲੇ ਦਾ ਸ਼ਗਿਰਦ ਬਣ ਕੇ ਸੰਗਲਾਦੀਪ ਰਾਜ ਵਿਚ ਤਬਲਾ ਵਜਾਇਆ। ਭੇਸ ਇਸ ਲਈ ਬਦਲਣਾ ਪਿਆ ਕਿਉਂਕਿ ਮਛਿੰਦ੍ਰ ਨੇ ਅਮਰੂ ਰਾਜਾ ਰੂਪ ਹੋ ਕੇ ਹੁਕਮ ਕਰ ਦਿੱਤਾ ਸੀ ਕਿ ਮੇਰੇ ਰਾਜ ਦੀ ਹੱਦ ਅੰਦਰ ਕੋਈ ਕੰਨ ਪਾਟਾ ਜੋਗੀ ਨਾ ਆਵੇ। ਰਾਜ ਦਰਬਾਰ ਅੰਦਰ ਵੇਸਵਾ ਨਚਦੀ ਗਾਉਂਦੀ ਸੀ। ਇਸ ਸਮੇਂ ੩੬੦ ਕਿਆਫਾ ਵਜਦਾ ਸੀ। ਗੋਰਖ ਨਾਥ ਨੇ ਤਬਲਾ ਵਜਾਉਣ ਸਮੇਂ ਆਪਣੇ ਗੁਰੂ ਮਛਿੰਦ੍ਰ ਨਾਥ ਦੀ ਵਿਸ਼ੇ ਰਸ ਵਿਚ ਫਸੀ ਆਤਮਾ ਨੂੰ ਜਗਾਇਆ। ਤਬਲੇ ਵਿਚੋਂ ਅਵਾਜ਼ ਕੱਢੀ ਕਿ (ਜਾਗ ਮਛੰਦਰਾ ਗੋਰਖ ਆਇਓ) ਮਛਿੰਦ੍ਰ ਦੇ ਸੰਜੋਗ ਰਾਹੀਂ ਜੋ ਦੋ ਪੁੱਤਰ ਰਾਣੀਆਂ ਦੇ ਹੋਏ ਸਨ, ਉਹ ਵੀ ਗੋਰਖ ਨੇ ਮਾਰ ਮੁਕਾਏ ਕਿ ਜੋਗੀਆਂ ਦੇ ਮੱਥੇ ਕਲੰਕ ਹੈ। ਗੋਰਖ ਨਾਥ ਸਿਧ ਗੋਸ਼ਟ ਸਮੇਂ ਗੁਰੂ ਨਾਨਕ ਦੇਵ ਜੀ ਅੱਗੇ ਹਾਰ ਮੰਨ ਕੇ ਗੁਰੂ ਜੀ ਦੀ ਚਰਨੀਂ ਪੈ ਕੇ ਗੁਰੂ ਕੀ ਸੰਗਤ ਕਰਕੇ ਆਪ ਤਰਿਆ ਅਤੇ ਆਪਣੇ ਗੁਰੂ ਮਛਿੰਦ੍ਰ ਨੂੰ ਨਾਲ ਲੈ ਕੇ ਗੁਰੂ ਜੀ ਅੱਗੇ ਮਛਿੰਦ੍ਰ ਨਾਥ ਦਾ ਕੁਕਰਮ ਤੇ ਕਲੰਕ ਖਟਿਆ ਦੱਸ ਕੇ ਬੇਨਤੀ ਕੀਤੀ, ਜੀ ਇਸ ਨੂੰ ਤਾਰਨਾ ਕਰੋ। ਇਸ ਦੀ ਕਾਮ ਵਾਸ਼ਨਾ ਸਾੜ ਦੇਵੋ। ਇਹ ਕਹਿ ਕੇ ਮਛਿੰਦ੍ਰ ਨਾਥ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨੀਂ ਪਾਇਆ। ਮਛਿੰਦ੍ਰ ਨਾਥ ਨੇ ਗੁਰ ਚਰਨਾਂ ਦੀ ਧੂੜੀ ਮਸਤਕ ਨਾਲ ਲਾਈ "ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ॥" ਬਖ਼ਸ਼ਿਸ਼ ਹੋ ਗਈ। ਵਿਸ਼ੇ ਵਾਸ਼ਨਾ ਸੜ ਗਈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਐਸੀ ਕਿਰਪਾ ਹੋਈ ਕਿ

**ਚਰਨ ਕਮਲ ਰਜੁ ਮਜਨ ਕੈ ਦਿਬਿ ਦੇਹ, ਮਹਾ ਮਲੁ-ਮੂਤ੍ਰ-ਧਾਰੀ ਨਿਰੰਕਾਰੀ ਕੀਨੇ ਹੈ॥**

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਗੁਰਬਾਣੀ ਰਾਹੀਂ ਵੀ ਧੰਨ ਗੁਰੂ ਨਾਨਕ ਦੇਵ ਜੀ ਨੇ ਮਛਿੰਦ੍ਰ ਨਾਥ ਉਪਰ ਹੋਰ ਕਿਰਪਾ ਕੀਤੀ—

**ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ ਵਸਗਤਿ ਪੰਚ ਕਰੇ ਨਹ ਡੋਲੈ॥**

(ਅੰਗ 877)

ਇਹ ਗੁਰੂ ਰੂਪ ਸਾਧੂ ਦੀ ਪਵਿੱਤ੍ਰ ਧੂੜੀ ਦੀ ਮਹਿਮਾ ਹੈ, ਜੋ ਕਾਮ, ਕਰੋਧ ਆਦਿ ਵਿਸ਼ੇ ਵਾਸ਼ਨਾ ਨੂੰ ਸਾੜ ਦਿੰਦੀ ਹੈ।

ਭਗਤ ਕਬੀਰ ਸਾਹਿਬ ਜੀ ਜਿਨ੍ਹਾਂ ਦਾ ਬਹੁਤਾ ਨਿਵਾਸ ਕਾਂਸ਼ੀ ਦੇ ਵਿਚ ਰਿਹਾ। ਇਸ ਕਾਂਸ਼ੀ ਦੇ ਅੰਦਰ ਪੁਰਾਣੇ ਯੁੱਗਾਂ ਤੋਂ ਵਿਦਿਆ ਦੀ ਟਕਸਾਲ ਚਲੀ ਆ ਰਹੀ ਹੈ, ਜਿਸ ਕਰ ਕੇ ਬੜੇ-ਬੜੇ ਵਿਦਵਾਨਾਂ ਦੇ ਨਾਲ ਕਬੀਰ ਸਾਹਿਬ ਜੀ ਦੀ ਚਰਚਾ ਹੁੰਦੀ ਰਹੀ। ਹਉਮੈ ਦੇ ਭਰੇ ਹੋਏ ਫੋਕਟ ਕਰਮ-ਕਾਂਡੀ, ਅੰਧ-ਵਿਸ਼ਵਾਸੀ, ਪੱਥਰ-ਪੂਜਕ ਉਹ ਲੋਕ ਕਬੀਰ ਜੀ ਅੱਗੇ ਹਾਰਦੇ ਰਹੇ, ਜਿਨ੍ਹਾਂ ਕੋਲ ਆਤਮਿਕ ਬਲ ਸੀ, ਰੱਬੀ ਬਰਕਤਾਂ ਸਨ। ਜਿਨ੍ਹਾਂ ਦੇ ਆਸਰੇ ਵੱਡੇ ਤੋਂ ਵੱਡੇ ਦਿਗਵਿਜਈ ਪੰਡਿਤ ਕਦੇ ਕਬੀਰ ਸਾਹਿਬ ਨੂੰ ਜਿੱਤ ਨਹੀਂ ਸਕੇ, ਬਲਕਿ ਹਾਰਦੇ ਰਹੇ। ਕਬੀਰ ਸਾਹਿਬ ਜੀ ਦੇ ਅੰਦਰ ਕਿਸੇ ਨੂੰ ਜਿੱਤਣ ਦੀ ਭੀ ਕੋਈ ਇੱਛਾ ਨਹੀਂ ਸੀ, ਪਰ ਈਸ਼ਵਰ ਦਾ ਬਿਰਦ ਐਸਾ ਹੈ ਕਿ ਉਹ ਆਪਣੇ ਸੰਤਾਂ-ਭਗਤਾਂ ਦੀ ਇੱਜ਼ਤ ਕਰਾਉਂਦਾ ਹੈ। ਉਨ੍ਹਾਂ ਪੰਡਤਾਂ ਤੋਂ ਇਲਾਵਾ ਕਈ ਤਰ੍ਹਾਂ ਦੇ ਪਖੰਡ ਕਰਕੇ, ਦਿਖਾਵੇ ਦੇ ਤਿਆਗੀ, ਭੇਖੀ ਲੋਕ ਭੀ ਕਬੀਰ ਸਾਹਿਬ ਜੀ ਨਾਲ ਚਰਚਾ ਕਰਦੇ ਰਹੇ। ਜੋ ਭੀ ਹਉਮੈ ਦੇ ਭਰੇ ਹੋਏ ਕਬੀਰ ਸਾਹਿਬ ਜੀ ਨੂੰ ਜਿੱਤਣ ਦੀ ਇੱਛਾ ਨਾਲ ਆਉਂਦੇ, ਕਬੀਰ ਜੀ ਨਾਮ ਦੀ ਸ਼ਕਤੀ ਨਾਲ ਉਨ੍ਹਾਂ ਦੀ ਭੀ ਹਉਮੈ ਦੀ ਨਵਿਰਤੀ ਕਰ ਕੇ ਪ੍ਰਮਾਤਮਾ ਦੇ ਨਾਮ ਨਾਲ ਜੋੜਦੇ, ਐਸਾ ਹੁੰਦਾ ਹੀ ਰਹਿੰਦਾ ਸੀ। ਇਕ ਦਿਨ ਐਸਾ ਹੋਇਆ ਕਿ ਇਕ ਦਿਖਾਵੇ ਦਾ ਤਿਆਗੀ ਸੰਤ ਬਾਣੇ ਵਿਚ ਕਬੀਰ ਸਾਹਿਬ ਜੀ ਦੇ ਕੋਲ ਆਇਆ। ਇਸ ਨੂੰ ਇਹ ਬੜਾ ਮਾਣ ਸੀ ਕਿ ਮੈਂ ਘਰ-ਬਾਰ ਤਿਆਗ ਕੇ ਬਨ ਵਿਚ (ਜੰਗਲ ਵਿਚ) ਨਿਵਾਸ ਕਰ ਰਿਹਾ ਹਾਂ। ਕਿਉਂਕਿ ਪੁਰਾਤਨ ਇਕ ਐਸੀ ਰੀਤ ਸੀ ਕਿ ਜਿਥੇ ਮਨੁੱਖ ਨੂੰ ਚਾਰ ਵਰਣਾਂ—ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦ੍ਰ ਦੇ ਰੂਪ ਵਿਚ ਵੰਡਿਆ ਹੋਇਆ ਸੀ, ਉੱਥੇ ਮਨੁੱਖ ਦੀ ਉਮਰ ਨੂੰ ਭੀ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਸੀ, ਜਿਵੇਂ ਇੱਕੋ ਹੀ ਮਨੁੱਖ ਚਾਰ ਵਰਣਾਂ ਵਿਚ ਵੰਡਿਆ ਗਿਆ ਭਾਵੇਂ ਇਹ ਵੰਡ ਕਰਮਾਂ ਦੇ ਆਧਾਰ 'ਤੇ ਸੀ। ਪਰ ਹੌਲੀ-ਹੌਲੀ ਚਾਰ ਜਾਤੀਆਂ ਪ੍ਰਪੱਕ ਹੋ ਗਈਆਂ, ਜਿਨ੍ਹਾਂ ਵਿੱਚੋਂ ਅੱਗੇ ਚੱਲ ਕੇ ਅਨੇਕਾਂ ਸੈਂਕੜੇ ਜਾਤਾਂ ਹੋਰ ਪੈਦਾ ਹੋ ਗਈਆਂ। ਇਉਂ ਮਨੁੱਖ, ਮਨੁੱਖ ਤੋਂ ਜਾਤੀ ਦੇ ਵਿਤਕਰੇ ਵਿਚ ਆ ਕੇ ਨਫ਼ਰਤ ਕਰਨ ਲੱਗਾ। ਪ੍ਰਮੇਸ਼ਰ ਨੂੰ ਆਪਣੀ ਰਚਨਾ ਵਿਚ ਐਸੇ ਵਿਤਕਰੇ ਸਵੀਕਾਰ ਨਹੀਂ ਸਨ। ਇਸ ਨਫ਼ਰਤ ਨੂੰ ਕੱਢਣ ਲਈ ਉਸ ਨਿਰਾਕਾਰ ਨੇ ਦਸ ਜਾਮੇ ਧਾਰੇ ਅਤੇ ਗੁਰੂਆਂ ਦੀ ਗੱਦੀ ਚੱਲੀ। ਗਿਆਰਵੇਂ ਥਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਹ ਜ਼ਿੰਮੇਵਾਰੀ ਸੌਂਪ ਕੇ ਆਪਣਾ ਰੂਪ ਹੋਣ ਦਾ ਮਾਣ ਬਖ਼ਸ਼ਿਆ। ਜਿਹੜੇ ਭਗਤਾਂ ਦਾ ਸਿਧਾਂਤ ਗੁਰਮਤਿ ਨਾਲ ਮਿਲਦਾ ਸੀ, ਅਦ੍ਵੈਤਵਾਦੀ ਸਨ, ਉਨ੍ਹਾਂ ਦੀ ਪਵਿੱਤਰ ਬਾਣੀ ਨੂੰ ਆਪਣੀ ਬਾਣੀ ਦੇ ਨਾਲ ਮਾਣ ਬਖ਼ਸ਼ਿਆ। ਕਿਉਂਕਿ ਉਨ੍ਹਾਂ ਭਗਤਾਂ ਨੇ ਛੋਟੀਆਂ ਜਾਤੀਆਂ ਵਿਚ ਜਨਮ ਧਾਰ ਕੇ, ਨਾਮ ਦੀ ਮਹਿਮਾ ਪ੍ਰਗਟ ਕਰ ਕੇ ਵਿਖਾਈ। ਇਹ ਸਾਬਤ ਕਰ ਦਿੱਤਾ ਕਿ ਪ੍ਰਮਾਤਮਾ ਕੇਵਲ ਅਤੇ ਕੇਵਲ ਪ੍ਰੇਮ ਦੇਖਦਾ ਹੈ।

ਕਬੀਰ ਸਾਹਿਬ ਜੀ ਦੇ ਕੋਲ ਇਕ ਬਾਨਪ੍ਰਸਤੀ ਆਇਆ। ਉਸ ਨੇ ਕਬੀਰ ਸਾਹਿਬ ਨੂੰ ਇਕ ਮਾਮੂਲੀ ਗ੍ਰਿਹਸਥੀ ਸਮਝਿਆ ਕਿ ਛੋਟੀ ਜਾਤੀ ਦਾ ਇਹ ਜੁਲਾਹਾ ਹੈ। ਭਗਤ ਜੀ ਨੂੰ ਕਹਿਣ ਲੱਗਾ ਕਿ ਅਸੀਂ ਜੰਗਲਾਂ ਵਿਚ ਰਹਿ ਕੇ ਭਗਤੀ ਕਰਦੇ ਹਾਂ ਤੇ ਤੂੰ ਹਰ ਵਕਤ ਇਨ੍ਹਾਂ ਲੋਕਾਂ ਦੀ ਬਸਤੀ ਵਿਚ ਘਰ ਦੇ ਧੰਦਿਆਂ ਵਿਚ ਫਸਿਆ ਰਹਿੰਦਾ ਹੈਂ; ਆਪਣੇ ਆਪ ਨੂੰ ਕਬੀਰ ਭਗਤ ਕਹਾਉਂਦਾ ਹੈਂ; ਕੀ ਭਗਤ ਤੇਰੇ ਵਰਗੇ ਹੁੰਦੇ ਹਨ ? ਭਗਤ ਤਾਂ ਅਸੀਂ ਹਾਂ, ਜੋ ਗ੍ਰਿਹਸਥ ਨੂੰ ਤਿਆਗ ਕੇ ਹਮੇਸ਼ਾ ਜੰਗਲਾਂ ਵਿਚ ਰਹਿੰਦੇ ਹਾਂ। ਕਬੀਰ ਸਾਹਿਬ ਜੀ ਨੇ ਉਸ ਹੰਕਾਰੀ, ਪਖੰਡੀ ਦੇ ਬਚਨ ਸੁਣ ਕੇ ਵੇਖਿਆ ਕਿ ਇਸ ਦੇ ਹਿਰਦੇ ਅੰਦਰ ਵਿਕਾਰਾਂ ਦੀ ਮੈਲ ਭਰੀ ਪਈ ਹੈ। ਕਹਿ ਤਾਂ ਰਿਹਾ ਹੈ ਕਿ ਮੈਂ ਘਰ ਬਾਰ ਤਿਆਗਿਆ ਹੋਇਆ ਹੈ। ਕਬੀਰ ਜੀ ਕਹਿੰਦੇ ਹਨ ਕਿ ਤੇਰਾ ਕੈਸਾ ਤਿਆਗ ਹੈ ? ਜੋ ਚੀਜ਼ਾਂ ਤਿਆਗਣ ਵਾਲੀਆਂ ਸਨ, ਉਹ ਤਾਂ ਤੂੰ ਨਾਲ ਲਈ ਫਿਰਦਾ ਹੈਂ। ਕਬੀਰ ਜੀ ਨੇ ਬਜਾਇ ਇਸ ਦੇ ਕਿ ਉਸ ਨੂੰ ਵਿਕਾਰੀ ਕਿਹਾ ਜਾਂਦਾ, ਸੋਹਣੇ ਢੰਗ ਨਾਲ ਉਪਦੇਸ਼ ਦੇਣ ਲੱਗੇ ਉਸ ਪਖੰਡੀ ਦੇ ਔਗੁਣਾਂ ਦੀ ਚਿਤਵਨੀ ਆਪਣੇ ਹਿੱਤ ਵਿਚ ਕਰ ਕੇ ਕਿ ਇਹ ਔਗੁਣ ਮੇਰੇ ਵਿਚ ਹਨ। ਅਸਲ ਵਿਚ ਮਲੀਨ ਮਨ ਦੀ ਵਿਆਖਿਆ ਤੇ ਅਵਸਥਾ ਪ੍ਰਗਟ ਕਰਦੇ ਹੋਏ ਪ੍ਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ :

ਬਿਲਾਵਲੁ ॥ ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥ ੧ ॥ ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥ ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਾਰੀ ॥ ੧ ॥ ਰਹਾਉ ॥ ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥ ਅਨਿਕ ਜਤਨ ਕਰਿਰਾਖੀਐ ਫਿਰਿ ਫਿਰਿ ਲਪਟਾਈ ॥ 2 ॥ ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥ ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥ 3 ॥ ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥ ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥ 4 ॥ 3 ॥

ਪਦ ਅਰਥ :- ਤਜਿ=ਤਿਆਗ (ਛੱਡ) ਕੇ। ਬਨ ਖੰਡ=ਜੰਗਲ। ਚੁਨਿ=ਚੁਣ ਕੇ। ਕੰਦਾ=ਕੰਦ ਮੂਲ, ਸਕਰਕੰਦੀ, ਗਾਜਰਾਂ ਆਦਿ। ਅਜਹੁ=ਅਜੇ ਭੀ, ਫਿਰ ਵੀ। ਬਿਕਾਰ=(ਵਿਸ਼ੇ) ਵਿਕਾਰ। ਕਿਉ ਛੂਟਉ=ਮੈਂ ਕਿਵੇਂ ਛੁਟਾਂ ?। ਕੈਸੇ ਤਰਉ=ਮੈਂ ਕਿਸ ਤਰ੍ਹਾਂ ਤਰਾਂ ?। ਭਵਜਲ ਨਿਧਿ=ਸੰਸਾਰ ਸਮੁੰਦਰ। ਮੇਰੇ ਬੀਠੁਲਾ=ਹੇ ਮੇਰੇ ਸੁਆਮੀ !। ਬਿਖੈ ਬਿਖੈ ਕੀ=ਕਈ ਪ੍ਰਕਾਰ ਦੇ ਵਿਸ਼ਿਆਂ ਦੀ। ਬਾਸਨਾ=ਵਾਸ਼ਨਾ। ਤਜੀਅ=ਛੱਡੀ। ਲਪਟਾਈ=ਚਿੰਬੜਦਾ ਹੈ। ਜਰਾ=ਬੁਢੇਪਾ। ਜੀਵਨ ਜੋਬਨੁ=ਜੁਆਨੀ ਰੂਪ ਜੀਵਨ। ਨੀਕਾ=ਚੰਗਾ (ਕੰਮ)। ਨਿਰਮੋਲਕੋ=ਅਮੋਲਕ। ਕਉਡੀ ਲਗਿ=ਮਾਇਆ (ਦੇ ਮੋਹ ਵਿਚ) ਲੱਗ ਕੇ। ਮੀਕਾ=ਬਰਾਬਰ। ਮਾਧਵਾ= ਹੇ ਮਾਇਆ ਦੇ ਪਤੀ ਵਾਹਿਗੁਰੂ !। ਸਮਸਰਿ=ਸਮਾਨ, ਵਰਗਾ, ਬਰਾਬਰ। ਬਿਆਪੀ=ਵਿਆਪਕ।

ਅਰਥ :- (ਹੇ ਭਾਈ ! ਜੇਕਰ ਗ੍ਰਹਿਸਤ ਨੂੰ ਤਿਆਗ ਕੇ) ਘਰ ਨੂੰ ਛੱਡ ਕੇ (ਬਾਹਰ) ਜੰਗਲਾਂ ਵਿਚ ਚਲੇ ਜਾਈਏ, (ਉਥੇ) ਕੰਦ (ਮੂਲ ਅਤੇ ਹੋਰ ਫਲ ਆਦਿਕ) ਚੁਣ ਕੇ ਖਾਈਏ। ਇਸ ਤਰ੍ਹਾਂ ਘਰ ਛੱਡਣ ਕਰਕੇ ਫਿਰ ਵੀ ਭੈੜਾ ਪਾਪੀ ਮਨ ਵਿਕਾਰ ਨਹੀਂ ਛੱਡਣਾ ਚਾਹੁੰਦਾ।੧।

(ਹੇ ਪ੍ਰਭੂ ! ਮੈਂ ਇਨ੍ਹਾਂ ਵਿਕਾਰਾਂ ਤੋਂ) ਕਿਵੇਂ ਛੁਟਕਾਰਾ ਪਾਵਾਂ (ਅਤੇ ਇਹ) ਸੰਸਾਰ (ਜੋ) ਵੱਡਾ ਸਮੁੰਦਰ ਹੈ, (ਇਸ ਤੋਂ) ਕਿਸ ਤਰਾਂ (ਪਾਰ ਹੋਵਾਂ ?)। ਹੇ ਮੇਰੇ ਪਿਆਰੇ ਪ੍ਰਭੂ ! (ਮੈਨੂੰ ਇਨ੍ਹਾਂ ਵਿਕਾਰਾਂ ਤੋਂ) ਰੱਖ ਲੈ, ਬਚਾਅ ਲੈ, (ਮੈਂ) ਦਾਸ ਤੇਰੀ ਸ਼ਰਨ ਆਇਆ ਹਾਂ।੧। ਰਹਾਉ।

(ਹੇ ਬੀਠੁਲਾ !) ਅਨੇਕ ਪ੍ਰਕਾਰ ਦੀ (ਜੋ) ਵਿਸ਼ੇ-ਵਾਸ਼ਨਾ ਹੈ, (ਇਹ) ਛੱਡੀ ਨਹੀਂ ਜਾਂਦੀ। ਅਨੇਕ ਜਤਨ ਕਰਕੇ (ਮਨ ਨੂੰ ਇਨ੍ਹਾਂ ਵੱਲੋਂ ਰੋਕ-ਰੋਕ ਕੇ) ਰੱਖੀਦਾ ਹੈ, ਪਰ (ਇਹ ਭੈੜਾ ਮਨ) ਮੁੜ-ਮੁੜ ਕੇ (ਵਿਸ਼ਿਆਂ ਨੂੰ ਜਾ) ਚਿੰਬੜਦਾ ਹੈ।੨।

ਜੁਆਨੀ ਵਾਲਾ ਜੀਵਨ (ਵਿਅਰਥ) ਚਲਾ ਗਿਆ ਤੇ ਬੁਢੇਪਾ ਆ ਗਿਆ ਹੈ, ਪਰ (ਹੁਣ ਤੱਕ) ਕੁਝ ਭੀ ਚੰਗਾ (ਕੰਮ) ਨਹੀਂ ਕੀਤਾ। ਇਹ ਮਨੁੱਖਾ ਜਨਮ (ਜੋ) ਅਮੋਲਕ (ਹੀਰਾ ਸੀ), ਮਾਇਆ ਦੇ ਮੋਹ ਵਿਚ ਲੱਗ ਕੇ ਵਿਸ਼ੇ ਵਿਕਾਰ ਰੂਪੀ ਕੌਡੀ ਦੇ ਨਾਲ ਹੀ ਮੀਕਾ=ਮਿਲ ਰਿਹਾ ਹੈ, ਇਸ ਕਰਕੇ ਇਹ ਮੀਕਾ= ਕੱਖ ਦੀ ਤਰ੍ਹਾਂ ਮੀਕਾ=(ਹੌਲਾ) ਹੋ ਰਿਹਾ ਹੈ।੩।

ਭਗਤ ਕਬੀਰ (ਜੀ ਉਚਾਰਨ ਕਰਦੇ ਹਨ ਕਿ ਤੂੰ ਇਉਂ ਬੇਨਤੀ ਕਰ ਕਿ) ਹੇ ਮੇਰੇ ਵਾਹਿਗੁਰੂ ! ਤੂੰ ਸਾਰੇ ਜੀਆਂ ਵਿਚ ਵਿਆਪਕ ਹੈਂ। (ਹੇ ਪਰੀ ਪੂਰਨ ਪ੍ਰਮਾਤਮਾ !) ਤੇਰੇ ਵਰਗਾ ਕੋਈ ਦਇਆ ਕਰਨ ਵਾਲਾ ਨਹੀਂ (ਅਤੇ) ਮੇਰੇ ਵਰਗਾ (ਸੰਸਾਰ ਅੰਦਰ ਕੋਈ) ਪਾਪੀ ਨਹੀਂ ਹੈ, (ਇਸ ਲਈ ਮੇਰੀ ਜੀਵਨ-ਬੇੜੀ ਕਿਰਪਾ ਕਰਕੇ ਇਸ ਸੰਸਾਰ ਸਾਗਰ ਤੋਂ ਪਾਰ ਕਰ ਦਿਓ ਜੀ)।੪।੩।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸ੍ਰੀ ਮੁਖਵਾਕ ਨੰਬਰ 200 (ਆਦਿ ਅੰਗ 857)

## ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

ੴ ਸਤਿਗੁਰ ਪ੍ਰਸਾਦਿ ॥ਸਫਲ ਜਨਮੁ ਮੋ ਕਉ ਗੁਰ ਕੀਨਾ ॥ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧ ॥ਗਿਆਨ ਅੰਜਨੁ ਮੋ ਕਉ ਗੁਰਿ ਦੀਨਾ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥ ੧ ॥ ਰਹਾਉ॥ ਨਾਮਦੇਇ ਸਿਮਰਨੁ ਕਰਿ ਜਾਨਾਂ॥ ਜਗਜੀਵਨ ਸਿਉ ਜੀਉ ਸਮਾਨਾਂ॥ 2 ॥੧ ॥

## ਪ੍ਰਾਕ੍ਕਥਨ :

ਭਗਤ ਨਾਮਦੇਵ ਜੀ ਦਾ ਇਹ ਪਵਿੱਤ੍ਰ ਸ੍ਰੀ ਮੁਖਵਾਕ ਬਿਲਾਵਲੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਅੰਦਰ ਗੁਰੂ ਕਿਰਪਾ ਦੁਆਰਾ ਜੀਵਨ ਦੀ ਸਫਲਤਾ ਹੋਈ ਦਰਸਾਈ ਹੈ।

## ਵਿਸ਼ਾ — ਸਫਲ ਜਨਮੁ ਮੋ ਕਉ ਗੁਰ ਕੀਨਾ ॥

ਗੁਰੂ ਸਾਹਿਬਾਨਾਂ ਅਤੇ ਭਗਤਾਂ ਨੇ ਗੁਰਬਾਣੀ ਅੰਦਰ ਇਸ ਮਨੁੱਖਾ ਜਨਮ ਦੀ ਉੱਤਮਤਾ ਬੇਅੰਤ ਥਾਈਂ ਦਰਸਾਈ ਹੈ। ਬਾਕੀ ਚੌਰਾਸੀ ਲੱਖ ਜੂਨਾਂ ਸਾਰੀਆਂ ਇਸ ਨਾਲੋਂ ਮਾੜੀਆਂ ਨਿਊਣ ਦਰਸਾਈਆਂ ਹਨ। ਗੁਰਬਾਣੀ ਨੇ ਮਨੁੱਖਾ ਜਨਮ ਨੂੰ ਬੜੀ ਉੱਤਮ ਪਦਵੀ ਬਖ਼ਸ਼ੀ ਹੈ। ਮਨੁੱਖ ਵਿਚ ਚੇਤਨਤਾ ਅਤੇ ਬਿਬੇਕ ਬੁੱਧੀ ਹੋਣ ਦੇ ਕਾਰਨ ਬਾਕੀ ਦੀਆਂ ਸਾਰੀਆਂ ਜੂਨਾਂ ਮਨੁੱਖ ਦੀਆਂ ਸੇਵਕ ਹਨ। ਮਨੁੱਖ ਇਸ ਧਰਤੀ 'ਤੇ ਸਾਰੀਆਂ ਜੂਨਾਂ ਦਾ ਸਰਦਾਰ ਕਰ ਕੇ ਮੰਨਿਆ ਜਾਂਦਾ ਹੈ। ਗੁਰਵਾਕ ਹੈ :

**ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥**

(ਰਾਗੁ ਆਸਾ ਮਹਲਾ 5, ਅੰਗ 374)

ਭਾਈ ਗੁਰਦਾਸ ਜੀ ਦਾ ਕਥਨ ਹੈ :

**ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ ॥**

(ਵਾਰ ੧, ਪਉੜੀ 3)

ਰਾਗੁ ਮਾਰੂ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਚੌਰਾਸੀ ਲੱਖ ਜੂਨਾਂ ਵਿਚੋਂ ਪਰਮਾਤਮਾ ਨੇ ਮਨੁੱਖ ਨੂੰ ਹੀ ਵਡਿਆਈ ਦਿੱਤੀ ਹੈ ਭਾਵ ਮਨੁੱਖ ਸਮਾਨ ਹੋਰ ਕੋਈ ਜੂਨ ਨਹੀਂ :

**ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥**

(ਅੰਗ ੧075)

ਪ੍ਰੰਤੂ ਮਨੁੱਖਾ ਦੇਹੀ ਪਾ ਕੇ ਵੀ ਜੋ ਪ੍ਰਾਣੀ ਪਰਮ ਪਦ ਦੀ ਪ੍ਰਾਪਤੀ ਲਈ ਯਤਨ ਨਹੀਂ ਕਰਦਾ, ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁੱਖ ਭੋਗਦਾ ਹੈ।

**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥** (ਅੰਗ ੧075)

ਮਨੁੱਖਾ ਜਨਮ ਨੂੰ ਤਾਂ ਦੇਵਤੇ ਵੀ ਲੋਚਦੇ ਹਨ। ਪਰਮਾਤਮਾ ਦੀ ਭਗਤੀ ਕਰਨ ਲਈ ਇਹ ਇਕ ਸੁਭਾਗਾ ਅਵਸਰ ਪ੍ਰਾਪਤ ਹੋਇਆ ਹੈ ਭਾਵ ਪ੍ਰਭੂ ਦਾ ਸਿਮਰਨ ਮਨੁੱਖਾ ਜਨਮ ਦੀ ਸਭ ਤੋਂ ਵੱਡੀ ਕਮਾਈ ਹੈ :

**ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥**
**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥**

**ਭਜਹੁ ਗੋੁਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥**

(ਰਾਗੁ ਭੈਰਉ, ਭਗਤ ਕਬੀਰ ਜੀ, ਅੰਗ ੧੧59)

ਪ੍ਰੰਤੂ ਗ਼ਾਫ਼ਲ ਮਨੁੱਖ ਵਿਸ਼ਿਆਂ ਵਿਕਾਰਾਂ ਵਿਚ ਫ਼ਸ ਕੇ ਇਸ ਮਨੁੱਖਾ ਜਨਮ ਨੂੰ ਕੌਡੀਆਂ ਦੇ ਭਾਅ ਲੁਟਾਈ ਜਾ ਰਿਹਾ ਹੈ। ਬਚਪਨ ਤੋਂ ਬਾਅਦ ਜੁਆਨੀ ਵਿਚ ਪੈਰ ਰੱਖਦਿਆਂ ਹੀ ਪ੍ਰਾਣੀ ਕੁਕਰਮਾਂ ਵਿਚ ਪੈ ਜਾਂਦਾ ਹੈ। ਮੋਹ-ਮਾਇਆ ਅਤੇ ਵਿਸ਼ੇ ਵਿਕਾਰਾਂ ਵਿਚ ਫ਼ਸ ਕੇ ਇਸ ਦੀ ਮੱਤ ਮਾਰੀ ਜਾਂਦੀ ਹੈ। ਇਥੋਂ ਤੱਕ ਕਿ ਇਸ ਨੂੰ ਪੁੰਨ ਅਤੇ ਪਾਪ ਦੀ ਤਮੀਜ਼ ਵੀ ਨਹੀਂ ਰਹਿੰਦੀ। ਪਰਾਈਆਂ ਇਸਤ੍ਰੀਆਂ ਵੱਲ ਤੱਕਦਾ ਹੈ। ਪੁੱਤਰ ਅਤੇ ਧਨ-ਪਦਾਰਥਾਂ ਨਾਲ ਹੰਕਾਰੀ ਹੋ ਜਾਂਦਾ ਹੈ ਅਤੇ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਇਸ ਦਾ ਵਰਨਣ ਭਗਤ ਬੇਣੀ ਜੀ ਨੇ ਸਿਰੀ ਰਾਗੁ ਵਿਚ ਬੜੇ ਸੁੰਦਰ ਢੰਗ ਨਾਲ ਕੀਤਾ ਹੈ। ਸ਼ਬਦ ਜ਼ਰਾ ਲੰਬਾ ਹੈ, ਇਸ ਲਈ ਪੰਜ ਬੰਦਾਂ ਵਿਚੋਂ ਕੇਵਲ ਦੋ ਬੰਦ (੨ ਅਤੇ ੩) ਹੀ ਦਿੱਤੇ ਜਾਂਦੇ ਹਨ :

**ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥**
**ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥**
**ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥**
**ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥ 2 ॥**
**ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥**
**ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥**
**ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥**
**ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥ 3 ॥**

(ਅੰਗ 93)

ਸ਼ਬਦ ਦੇ ਅਰੰਭ ਵਿਚ ਭਗਤ ਜੀ ਨੇ ਪ੍ਰਾਣੀ ਨੂੰ ਅਹਿਸਾਸ ਕਰਵਾਇਆ ਹੈ ਕਿ ਗਰਭ ਵਿਚ ਜਦੋਂ ਤੂੰ ਦੁੱਖਾਂ ਵਿਚ ਸੀ, ਉਸ ਵੇਲੇ ਤਾਂ ਤੇਰੀ ਸੁਰਤ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਸੀ, ਪਰ ਜਦ ਦਾ ਤੂੰ ਮਾਂ ਦੇ ਪੇਟ ਵਿਚੋਂ ਬਾਹਰ ਆਇਆ ਹੈਂ; ਤੂੰ ਜਗਤ ਵਿਚ ਆ ਕੇ ਪਰਮਾਤਮਾ ਨੂੰ ਭੁਲਾ ਛੱਡਿਆ ਹੈ :

**ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ॥** (ਅੰਗ 93)

ਕਿੰਨੇ ਹੀ ਜਨਮਾਂ-ਜਨਮਾਤਰਾਂ ਵਿਚ ਜੀਵ ਨੇ ਦੁੱਖ ਭੋਗੇ। ਕਦੀ ਕਿਸੇ ਜੂਨ ਵਿਚ, ਕਦੀ ਕਿਸੇ ਜੂਨ ਵਿਚ ਮਨੁੱਖ ਭਟਕਦਾ ਰਿਹਾ। ਕਦੀ ਇਹ ਕੀੜਾ ਬਣਿਆ, ਕਦੀ ਪਤੰਗਾ। ਪਤਾ ਨਹੀਂ ਕਿੰਨੇ ਜਨਮਾਂ ਵਿਚ ਪੰਛੀ, ਸੱਪ, ਮਗਰਮੱਛ, ਹਾਥੀ ਜਾਂ ਹੋਰ ਕੀ ਕੁਝ ਨਹੀਂ ਬਣਿਆ। ਬਲਦ ਜਾਂ ਘੋੜੇ ਦੇ ਰੂਪ ਵਿਚ ਇਸ ਨੂੰ ਜੋਤਿਆ ਗਿਆ। ਵੱਖ-ਵੱਖ ਜੂਨਾਂ ਵਿਚੋਂ ਨਿਕਲ ਕੇ ਕਿੰਨੇ ਚਿਰਾਂ ਤੋਂ ਬਾਅਦ ਜੀਵ ਨੂੰ ਭਾਗਾਂ ਨਾਲ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਇਸ ਲਈ ਪ੍ਰਭੂ ਦਾ ਸਿਮਰਨ ਕਰਨ ਦਾ ਇਹ ਮਨੁੱਖ ਜਨਮ ਸਭ ਤੋਂ ਚੰਗਾ

ਉੱਤਮ ਸਮਾਂ ਹੈ। ਗੁਰਵਾਕ ਹੈ :

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥ ੧॥**
**ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ ੧॥ ਰਹਾਉ॥**

(ਅੰਗ ੧76)

ਗੁਰੂ ਤੇਗ਼ ਬਹਾਦਰ ਜੀ ਦੇ ਰਾਗੁ ਸੋਰਠਿ ਵਿਚ ਪਾਵਨ ਬਚਨ ਹਨ ਕਿ ਕਈ ਜਨਮਾਂ ਵਿਚ ਭਟਕ-ਭਟਕ ਕੇ ਬੜੇ ਚਿਰਾਂ ਬਾਅਦ ਮਾਨਸ ਜਨਮ ਮਿਲਦਾ ਹੈ। ਇਹੋ ਪਰਮਾਤਮਾ ਨੂੰ ਮਿਲਣ ਦਾ ਸਮਾਂ ਹੈ। ਇਸ ਲਈ ਹੇ ਪ੍ਰਾਣੀ ! ਤੂੰ ਮਾਲਕ-ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ :

**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥** (ਅੰਗ 63੧)

ਰਾਗੁ ਆਸਾ ਵਿਚ ਗੁਰੂ ਪੰਚਮ ਪਾਤਸ਼ਾਹ ਜੀ ਦੇ ਬਚਨ ਹਨ :

ਅਥਵਾ : **ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ॥** (ਅੰਗ 844)
**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥** (ਅੰਗ 378)
**ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ॥**

(ਰਾਗੁ ਬਿਲਾਵਲੁ ਛੰਤ ਮਹਲਾ 4, ਅੰਗ 844)

ਇਸੇ ਸ਼ਬਦ ਵਿਚ ਆਪ ਜੀ ਅਗਲੇ ਬੰਦ ਦੀ ਤੁਕ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਮਨੁੱਖਾ ਜਨਮ ਲੈ ਕੇ ਜੇਕਰ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਿਆ ਤਾਂ ਅਜਿਹੇ ਜੀਵ ਅਭਾਗੇ ਹਨ, ਮਾੜੀ ਕਿਸਮਤ ਵਾਲੇ ਹਨ :

**ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ॥** (ਅੰਗ 844)

ਮਨੁੱਖ ਦਾ ਇਹ ਹਾਲ ਹੈ ਕਿ ਮੋਹ-ਮਾਇਆ ਵਿਚ ਫਸ ਕੇ ਇਸ ਹੀਰੇ ਜਿਹੇ ਅਮੋਲਕ ਜੀਵਨ ਨੂੰ ਕੌਡੀਆਂ ਦੇ ਭਾਅ ਲੁਟਾ ਰਿਹਾ ਹੈ :

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥**

(ਰਾਗੁ ਗਉੜੀ ਮਹਲਾ ੧, ਅੰਗ ੧56)

ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ ਮਾਨਸ ਜਨਮ ਬੜਾ ਦੁਰਲੱਭ ਹੈ ਅਤੇ ਬੜੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ, ਇਸ ਲਈ ਇਸ ਜੀਵਨ ਨੂੰ ਸਕਾਰਥ ਕਰ ਕੇ ਇਥੋਂ ਲਾਹਾ ਖੱਟ ਕੇ ਜਾਣਾ ਚਾਹੀਦਾ ਹੈ।

**ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ॥**

(ਰਾਗੁ ਵਡਹੰਸੁ, ਅੰਗ 565)

ਇਸ ਸਬੰਧੀ ਭਗਤ ਕਬੀਰ ਜੀ ਦਾ ਕਥਨ ਹੈ :

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥**

(ਸਲੋਕ ਨੰਬਰ 30, ਅੰਗ ੧366)

ਭਾਵ ਮਨੁੱਖਾ ਜਨਮ ਬੜਾ ਦੁਰਲਭ ਹੈ ਜੋ ਵਾਰ-ਵਾਰ ਨਹੀਂ ਮਿਲਦਾ। ਜਿਵੇਂ ਜੰਗਲ ਦੇ ਰੁੱਖਾਂ ਦੇ ਪੱਕੇ ਹੋਏ ਫਲ ਇਕ ਵਾਰੀ ਜ਼ਮੀਨ 'ਤੇ ਡਿੱਗ ਜਾਣ ਪੈਣ ਤਾਂ ਉਹ ਮੁੜ ਰੁੱਖ ਦੀ ਡਾਲੀ ਨਾਲ ਨਹੀਂ ਲੱਗ ਸਕਦੇ, ਇਸੇ ਤਰ੍ਹਾਂ ਜੇਕਰ ਪ੍ਰਾਣੀ ਇਕ ਵਾਰ ਆਪਣੇ ਅਸਲ ਮਕਸਦ ਤੋਂ ਖੁੰਝ ਜਾਏ ਤਾਂ ਪਤਾ ਨਹੀਂ ਉਸ ਨੂੰ ਮੁੜ ਮਨੁੱਖਾ ਜਨਮ ਨਸੀਬ ਹੋਵੇ ਕਿ ਨਾ। ਭਗਤ ਜੀ ਦਾ ਕਹਿਣ ਤੋਂ ਭਾਵ ਹੈ ਕਿ ਪਰਮਾਤਮਾ ਨੂੰ ਮਿਲਣ ਦਾ ਇਕੋ ਇਕ ਮਨੁੱਖਾ ਜਨਮ ਦਾ ਅਵਸਰ ਹੈ। ਇਸ ਨੂੰ ਅੰਞਾਈਂ ਗੁਆਉਣਾ ਨਹੀਂ ਚਾਹੀਦਾ।

ਰਾਗੁ ਗਉੜੀ ਵਿਚ ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਸੁਚੇਤ ਕਰ ਰਹੇ ਹਨ :

**ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥**

(ਅੰਗ 2੧੧)

**ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥**

(ਸਿਰੀਰਾਗੁ ਮਹਲਾ 5, ਅੰਗ 43)

ਰਾਗੁ ਧਨਾਸਰੀ ਵਿਚ ਭਗਤ ਰਵਿਦਾਸ ਜੀ ਪ੍ਰਭੂ ਪ੍ਰਮਾਤਮਾ ਅੱਗੇ ਅਰਜ਼ੋਈ ਕਰ ਰਹੇ ਹਨ ਕਿ ਹੇ ਮੇਰੇ ਮਾਧੋ ਜੀ ! ਪਤਾ ਨਹੀਂ ਕਿੰਨੇ ਜਨਮਾਂ ਤੋਂ ਮੈਂ ਤੇਰੇ ਪਾਸੋਂ ਵਿਛੜਿਆ ਹੋਇਆ ਹਾਂ। ਹੁਣ ਮੇਰੇ 'ਤੇ ਮਿਹਰ ਕਰੋ ਤਾਂ ਕਿ ਮੈਂ ਆਪਣਾ ਜਨਮ ਕਿਸੇ ਲੇਖੇ ਲਾ ਸਕਾਂ ਭਾਵ ਤੇਰੀ ਸਿਫ਼ਤਿ-ਸਾਲਾਹ ਕਰ ਸਕਾਂ। ਤੇਰੇ ਦਰਸ਼ਨ ਦੀਦਾਰੇ ਕੀਤਿਆਂ ਬੜਾ ਸਮਾਂ ਬੀਤ ਗਿਆ ਹੈ, ਪਰ ਮੈਂ ਇਸ ਆਸ ਵਿਚ ਜੀਉਂਦਾ ਹਾਂ ਕਿ ਪਤਾ ਨਹੀਂ ਪ੍ਰਭੂ ! ਤੇਰੀ ਕਦੋਂ ਨਜ਼ਰ ਸਵੱਲੀ ਹੋ ਜਾਏ :

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥**
**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥** (ਅੰਗ 694)

## ਸਾਖੀ—ਮਾਨਸ ਜਨਮੁ ਅਮੋਲਕੁ ਪਾਇਓ

ਸਤਿਕਾਰ ਯੋਗ ਬਾਬਾ ਅਦਲੀ ਜੀ ਨਾਲ ਮਿਲ ਕੇ ਜਿਸ ਸਮੇਂ ਭਾਈ ਬਿਧੀ ਚੰਦ ਜੀ ਗੁਰੂ ਸ਼ਰਨ ਵਿਚ ਆਏ ਤਾਂ ਗੁਰਦੇਵ ਨੇ ਇਹ ਉਪਦੇਸ਼ ਦਿੱਤਾ :

**ਭਈ ਪਰਾਪਤ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

ਗੁਰੂ ਦੇ ਉਪਦੇਸ਼ ਨੂੰ ਧਾਰਣ ਕਰ ਕੇ ਭਾਈ ਬਿਧੀ ਚੰਦ ਜੀ ਦਾ ਜਨਮ ਸਫਲਾ ਹੋਇਆ, ਇਹ ਸਾਰਾ ਪ੍ਰਸੰਗ ਬਿਧੀ ਚੰਦ ਜੀ ਦਾ ਇਸ ਪ੍ਰਕਾਰ ਹੈ :

ਭਾਈ ਬਿਧੀ ਚੰਦ ਨੇ ਇਕ ਵਾਰ ਗੁਰੂ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਮੱਝਾਂ ਚੋਰੀ ਕੀਤੀਆਂ ਸਨ। ਮੱਝਾਂ ਦੇ ਮਾਲਕ ਪਿੱਛਾ ਕਰਦੇ ਉਹਨਾਂ ਦੇ ਮਗਰ ਆ ਰਹੇ ਸਨ। ਭਾਈ ਬਿਧੀ ਚੰਦ ਨੇ ਆਪਣੇ ਬਚਾਅ ਲਈ ਮੱਝਾਂ ਛੱਪੜ ਵਿਚ ਵਾੜ ਕੇ ਆਪ ਬਾਬਾ ਅਦਲੀ ਜੀ ਦੇ ਚਰਨੀਂ ਜਾ ਪਏ ਸਨ। ਬਾਬਾ ਅਦਲੀ ਜੀ ਨੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਰੱਖਿਆ ਕਰਨ ਨੂੰ ਸਮਰੱਥ ਹਨ, ਪਰ ਪ੍ਰਣ ਕਰ ਕਿ ਅੱਗੋਂ ਮਾੜਾ ਕਰਮ ਤੇ ਮਾੜੀ ਸੰਗਤ ਨਹੀਂ ਕਰਾਂਗਾ ਤਾਂ ਗੁਰੂ ਜੀ ਸਹਾਇਤਾ ਕਰਨਗੇ। ਬਾਬਾ ਅਦਲੀ ਜੀ ਦੇ ਕਹਿਣ ਅਨੁਸਾਰ, ਬਿਧੀ ਚੰਦ ਜੀ ਨੇ ਗੁਰੂ ਦਾ ਆਸਰਾ ਲਿਆ ਤਾਂ ਗੁਰੂ ਜੀ ਨੇ ਰੱਖਿਆ ਕੀਤੀ। ਮੱਝਾਂ ਦੇ ਮਾਲਕਾਂ ਨੂੰ ਭਾਈ ਬਿਧੀ ਚੰਦ ਦਾ ਕੋਈ ਪਤਾ ਨਹੀਂ ਲੱਗਿਆ ਕਿ ਸਾਡੀਆਂ ਮੱਝਾਂ ਇਸ ਨੇ ਚੋਰੀ ਕੀਤੀਆਂ ਸਨ। ਫੇਰ ਭਾਈ ਬਿਧੀ ਚੰਦ, ਬਾਬਾ ਅਦਲੀ ਜੀ ਦੀ ਪ੍ਰੇਰਨਾ ਨਾਲ ਗੁਰੂ ਅਰਜਨ ਦੇਵ ਜੀ ਦੇ ਪਾਸ ਆਇਆ। ਗੁਰੂ ਜੀ ਨੇ ਚੋਰੀ ਆਦਿ ਮਾੜੇ ਕਰਮ ਛੁਡਾ ਕੇ ਹਮੇਸ਼ਾ ਬਾਣੀ ਪੜ੍ਹਦਿਆਂ, ਪਰਉਪਕਾਰੀ ਜੀਵਨ ਬਤੀਤ ਕਰਨ ਵਾਸਤੇ ਕਿਹਾ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ :

**ਚਲਤ ਪੰਥ ਗੁਰਬਾਣੀ ਗਾਵੈ।**

ਭਾਈ ਬਿਧੀ ਚੰਦ ਜੀ ਹਮੇਸ਼ਾ ਗੁਰਬਾਣੀ ਪੜ੍ਹਦੇ ਰਹਿੰਦੇ ਸਨ। ਸੋ ਜ਼ਿਕਰ ਆਉਂਦਾ ਹੈ ਇਤਿਹਾਸ ਅੰਦਰ ਕਿ :

ਇਕ ਵਾਰ ਕਸ਼ਮੀਰ ਦੀ ਸੰਗਤ ਸਤਿਗੁਰਾਂ ਦੇ ਦਰਸ਼ਨਾਂ ਨੂੰ ਆ ਰਹੀ ਸੀ, ਜਿਨ੍ਹਾਂ ਪਾਸ ਭੇਟਾ ਤੋਂ ਇਲਾਵਾ ਸੋਹਣੇ ਸੁੰਦਰ ਦੁਸ਼ਾਲੇ ਸਨ। ਸੰਗਤ ਜਿਸ ਵਕਤ ਪੱਟੀ ਦੇ ਨਜ਼ਦੀਕ ਆਈ ਤਾਂ ਰਸਤੇ ਵਿਚ ਕੁਝ ਬਾਰਸ਼ ਨਾਲ ਸਲਾਬ ਕਰਕੇ ਦੁਸ਼ਾਲੇ ਪੱਟੀ ਦੇ ਬਦਾਮੀ ਬਾਗ਼ ਵਿਚ ਸੁੱਕਣੇ ਪਾਏ। ਪੱਟੀ ਦੇ ਪਠਾਣ ਮਿਰਜ਼ਾ ਬੇਗ ਨੇ ਦੁਸ਼ਾਲੇ ਦੇਖ ਕੇ ਆਪਣੇ ਅਹਿਲਕਾਰਾਂ ਨੂੰ ਕਿਹਾ ਕਿ ਇਹ ਦੁਸ਼ਾਲੇ ਸਿੱਖਾਂ ਤੋਂ ਖੋਹ ਲਓ। ਦੁਸ਼ਾਲੇ ਖੋਹੇ ਜਾਣ ਤੋਂ ਬਾਅਦ ਸੰਗਤ ਦੇ ਮਨ 'ਚ ਬਹੁਤ ਉਦਾਸੀ ਆ ਗਈ। ਹਜ਼ੂਰ ਦੇ ਪਾਸ ਪਹੁੰਚ ਆਪੋ ਆਪਣੀ ਭੇਟਾ ਰੱਖ ਨਮਸਕਾਰ ਕੀਤੀ ਤੇ ਦੁਸ਼ਾਲੇ ਖੋਹੇ ਜਾਣ ਦੀ ਸਾਰੀ ਵਾਰਤਾ ਕਹਿ ਸੁਣਾਈ। ਸਤਿਗੁਰਾਂ ਨੇ ਸੰਗਤ ਦਾ ਬਚਨ ਸੁਣਦਿਆਂ ਬਾਬਾ ਬਿਧੀ ਚੰਦ ਜੀ ਨੂੰ ਦੁਸ਼ਾਲੇ ਲੈ ਆਉਣ ਦਾ ਹੁਕਮ ਦਿੱਤਾ। ਬਾਬਾ ਜੀ ਸਤਿਗੁਰਾਂ ਦੀ ਆਗਿਆ ਲੈ, ਨਮਸਕਾਰ ਕਰਕੇ ਪੱਟੀ ਨੂੰ ਰਵਾਨਾ ਹੋਏ। ਪੱਟੀ ਪਹੁੰਚ ਕੇ ਦੁਸ਼ਾਲੇ ਖ਼ਰੀਦਣ ਵਾਲੇ ਵਪਾਰੀ ਬਣ ਦੁਸ਼ਾਲਿਆਂ ਦਾ ਭੇਤ ਲਿਆ। ਫਿਰ ਦੁਸ਼ਾਲੇ ਲੈਣ ਲਈ ਇਕ ਬੇਗਮ ਦਾ ਰੂਪ ਬਣਾ ਕੇ ਪੱਟੀ ਦੇ ਸੂਬੇ ਮਿਰਜ਼ਾ ਬੇਗ ਦੇ ਮਹਿਲਾਂ 'ਚ ਪਹੁੰਚ ਕੇ ਬੇਗਮਾਂ ਨੂੰ ਚੁਬਾਰੇ ਵਿਚ ਬੰਦ ਕਰਕੇ ਆਪ ਦੁਸ਼ਾਲੇ ਕੱਢ ਲਏ। ਇਤਨੇ ਨੂੰ ਰੌਲਾ ਪੈ ਗਿਆ ਕਿ ਸਿੱਖ ਬੇਗਮ ਬਣ ਕੇ ਦੁਸ਼ਾਲੇ ਲੈ ਗਿਆ ਹੈ। ਪੱਟੀ ਦੇ ਹਾਕਮਾਂ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰਵਾ ਕੇ ਘੇਰਾ ਚਾਰੋਂ ਤਰਫ਼ ਪਾਇਆ। ਭਾਈ ਜੀ ਨੇ ਆਪਣਾ ਬਚਾਅ ਕਰਨ ਲਈ

ਇਕ ਭਠਿਆਰੇ ਤੋਂ ਠਹਿਰਨ ਵਾਸਤੇ ਜਗ੍ਹਾ ਮੰਗੀ। ਉਸ ਨੇ ਬੇਨਤੀ ਕੀਤੀ ਕਿ ਬਾਬਾ ਜੀ, ਤੁਸੀਂ ਗੁਰੂ ਦੇ ਸਿੱਖ ਹੋ ਤੇ ਮੇਰੇ ਪਾਸ ਕੇਵਲ ਭੱਠ ਵਾਲੀ ਜਗ੍ਹਾ ਹੈ। ਏਥੇ ਦਾਣੇ ਭੁੰਨ ਕੇ ਮੈਂ ਆਪਣਾ ਗੁਜ਼ਾਰਾ ਕਰਦਾ ਹਾਂ।

ਤਾਂ ਬਿਧੀ ਚੰਦ ਜੀ ਸਤਿਗੁਰਾਂ 'ਤੇ ਪੂਰਾ ਭਰੋਸਾ ਰੱਖ ਬਲਦੇ ਭੱਠ ਵਿਚ ਬੈਠ ਗਏ। ਸਤਿਗੁਰੂ ਜੀ ਨੇ ਉਸ ਵਕਤ ਭਾਈ ਕੀ ਡਰੋਲੀ ਆਪਣੇ ਸਰੀਰ 'ਤੇ ਜਲ ਦੀਆਂ ਗਾਗਰਾਂ ਪਵਾਈਆਂ ਅਤੇ ਆਪਣੇ ਸਿੱਖ ਭਾਈ ਬਿਧੀ ਚੰਦ ਨੂੰ ਸੇਕ ਨਾ ਲੱਗਣ ਦਿੱਤਾ। ਇਸ ਪ੍ਰਕਾਰ ਭਾਈ ਬਿਧੀ ਚੰਦ ਨੇ ਦੁਸ਼ਾਲੇ ਗੁਰੂ ਜੀ ਦੇ ਹਾਜ਼ਰ ਕਰ ਮਹਾਨ ਪ੍ਰਸੰਨਤਾ ਪ੍ਰਾਪਤ ਕੀਤੀ। ਉਸ ਅਸਥਾਨ ਦਾ ਨਾਮ ਗੁਰਦੁਆਰਾ ਭੱਠਾ ਸਾਹਿਬ ਹੈ। ਇਸ ਦਾ ਪ੍ਰਬੰਧ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲਿਆਂ ਪਾਸ ਹੈ, ਜੋ ਭਾਈ ਬਿਧੀ ਚੰਦ ਜੀ ਦੀ ਅੰਸ ਬੰਸ ਹਨ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ, ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਲਿਖਤ ਰੂਪ ਵਿਚ ਬਹੁਤ ਘੱਟ ਮਿਲਦੀਆਂ ਸਨ। ਗੁਰਬਾਣੀ ਦੇ ਪ੍ਰਚਾਰ ਵਾਸਤੇ ਭਾਈ ਬਿਧੀ ਚੰਦ ਜੀ ਨੇ ਗੁਰੂ ਦੇ ਹੁਕਮ ਨਾਲ ਸੈਂਚੀਆਂ ਵੀ ਲਿਖੀਆਂ :

**ਤਤ ਛਿਨ ਕਾਗਦ ਲੀਏ ਮੰਗਾਇ। ਰਚ ਸੈਂਚੀਆਂ ਮਨ ਮਹਿ ਸੁਖਿ ਪਾਇ।**

(ਗੁਰਬਿਲਾਸ ਪਾਤਸ਼ਾਹੀ ਛੇਵੀਂ; ਪੰਨਾ 676)

ਭਾਈ ਬਿਧੀ ਚੰਦ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਲਿਖਿਆ ਹੈ ਜੋ ਬਿਲਾਵਲੁ ਰਾਗ ਤੱਕ, ਭਗਤ ਸਧਨਾ ਜੀ ਦੀ ਬਾਣੀ ਤੱਕ ਹੀ ਲਿਖ ਸਕੇ ਸਨ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜੇ ਲਿਖ ਜਾਂਦੇ ਤਾਂ ਬਹੁਤਾ ਚੰਗਾ ਹੁੰਦਾ। ਇਹ ਸਰੂਪ ਬਿਲਾਵਲੁ ਰਾਗ ਤੱਕ, ਬਾਬਾ ਜੀ ਦੀ ਅੰਸ ਬੰਸ, ਬਾਬਾ ਦਇਆ ਸਿੰਘ ਜੀ ਪਾਸ ਹੈ। ਇਕ ਵਾਰ ਭਾਈ ਕਰੋੜੀ ਮੱਲ ਦੋ ਘੋੜੇ ਦਿਲਬਾਗ ਤੇ ਗੁਲਬਾਗ, ਗੁਰੂ ਜੀ ਦੀ ਭੇਟਾ ਕਰਨ ਵਾਸਤੇ ਲੈ ਕੇ ਆ ਰਿਹਾ ਸੀ। ਰਸਤੇ ਵਿਚ ਲਾਹੌਰ ਦੇ ਨਵਾਬ ਅਨਾਇਤ ਉਲਾ ਖ਼ਾਂ ਦੇ ਕਹਿਣ 'ਤੇ ਫ਼ੌਜਦਾਰ ਲੱਲਾ ਬੇਗ ਨੇ ਖੋਹ ਲਏ ਸਨ। ਗੁਰੂ ਜੀ ਦੇ ਹੁਕਮ ਨਾਲ ਭਾਈ ਬਿਧੀ ਚੰਦ ਨੇ ਘਾਹੀ ਬਣ ਕੇ ਪਹਿਲਾ ਘੋੜਾ ਗੁਰੂ ਜੀ ਪਾਸ ਲਿਆਂਦਾ, ਤਾਂ ਹਜ਼ੂਰ ਨੇ ਪ੍ਰਸੰਨ ਹੋ ਕੇ ਕੁਝ ਮੰਗਣ ਵਾਸਤੇ ਕਿਹਾ ਤਾਂ ਭਾਈ ਬਿਧੀ ਚੰਦ ਜੀ ਨੇ ਚਾਰ ਚੀਜ਼ਾਂ ਮੰਗੀਆਂ ਸਨ। ਇਹ ਚੀਜ਼ਾਂ ਸਨ : ਸਤਿਗੁਰਾਂ ਦਾ ਅੰਗ। ਸਾਧ ਦਾ ਸੰਗ। ਨਾਮ ਦਾ ਰੰਗ। ਨਿਸਚਾ ਅਭੰਗ। ਫੇਰ ਦੂਸਰਾ ਘੋੜਾ ਨਜੂਮੀਆ ਬਣ ਕੇ ਲਿਆਏ ਸਨ ਤਾਂ ਗੁਰਦੇਵ ਨੇ ਪ੍ਰਸੰਨ ਹੋ ਕੇ ਘੁੱਟ ਕੇ ਛਾਤੀ ਨਾਲ ਲਾ ਕੇ ਵਰ ਦਿੱਤਾ ਸੀ : ਬਿਧੀ ਚੰਦ ਛੀਨਾ। ਗੁਰੂ ਕਾ ਸੀਨਾ। ਪਰੇਮ ਭਗਤ ਲੀਨਾ। ਇਸ ਕਰਕੇ ਭਾਈ ਸਾਹਿਬ ਜੀ ਮਹਾਨ ਸੂਰਬੀਰ ਬਚਨ ਦੇ ਬਲੀ ਸਨ।

ਸੰਪ੍ਰਦਾਈ ਵਿਦਵਾਨਾਂ ਦੀ ਵੀਚਾਰ ਅਨੁਸਾਰ ਭਗਤ ਨਾਮਦੇਵ ਜੀ ਨੂੰ ਇਕ ਵਾਰ ਭਗਤ ਜੀ ਦੇ ਸ਼ਰਧਾਲੂਆਂ ਨੇ ਆ ਕੇ ਬੇਨਤੀ ਕੀਤੀ ਕਿ ਆਪ ਜੀ ਦਾ ਮਨੁੱਖਾ ਜਨਮ ਕਿਵੇਂ ਸਫਲ ਹੋਇਆ ਹੈ ਤਾਂ ਕਿ ਅਸੀਂ ਭੀ ਆਪ ਜੀ ਦੀ ਜੁਗਤ ਦੁਆਰਾ ਇਸ ਅਮੋਲਕ ਮਨੁੱਖਾ ਜਨਮ ਨੂੰ ਸਫਲਾ ਕਰ ਲਈਏ ? ਇਹ ਪ੍ਰਸ਼ਨ ਰੂਪ ਬੇਨਤੀ ਸ਼ਰਧਾਲੂਆਂ ਦੀ ਸੁਣ ਕੇ ਭਗਤ ਨਾਮਦੇਵ ਜੀ ਕਹਿਣ ਲੱਗੇ ਕਿ ਇਹ ਸਾਰੀ ਕਿਰਪਾ ਮੇਰੇ ਗੁਰਦੇਵ ਦੀ ਹੈ। ਅੰਮ੍ਰਿਤ ਬਾਣੀ ਦੁਆਰਾ ਉੱਤਰ ਦੇਣ ਲੱਗੇ ਹਨ :

ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥
ਸਫਲ ਜਨਮੁ ਮੋ ਕਉ ਗੁਰ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥
੧ ॥ ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ
ਮਨ ਹੀਨਾ ॥ ੧ ॥ ਰਹਾਉ ॥ ਨਾਮਦੇਇ ਸਿਮਰਨੁ ਕਰਿ ਜਾਨਾਂ ॥
ਜਗਜੀਵਨ ਸਿਉ ਜੀਉ ਸਮਾਨਾਂ ॥ 2 ॥ ੧ ॥

ਪਦ ਅਰਥ :- ਸੁਖ ਅੰਤਰਿ=ਸੁਖ ਵਿਚ। ਅੰਜਨੁ=ਸੁਰਮਾ। ਗੁਰਿ=ਗੁਰੂ ਨੇ। ਨਾਮਦੇਇ=ਨਾਮਦੇਵ ਜੀ। ਕਰਿ=ਕਰਕੇ। ਜਗਜੀਵਨ ਸਿਉ=ਜਗਤ ਨੂੰ ਜੀਵਨ ਦੇਣ ਵਾਲੇ ਨਾਲ। ਸਮਾਨਾਂ=ਸਮਾਅ ਗਿਆ, ਅਭੇਦ ਹੋ ਗਿਆ ਹੈ।

ਅਰਥ :- (ਹੇ ਭਾਈ !) ਮੈਨੂੰ ਗੁਰੂ (ਨੇ ਕਿਰਪਾ ਕਰਕੇ ਮੇਰਾ ਮਨੁੱਖਾ ਜਨਮ) ਸਫਲ ਕਰਨਾ (ਬਖ਼ਸ਼) ਦਿੱਤਾ ਹੈ। (ਮੈਂ ਹੁਣ ਦੁਨਿਆਵੀ) ਦੁੱਖ ਵਿਸਾਰ ਕੇ (ਆਤਮਿਕ) ਸੁਖ ਵਿਚ ਸਦਾ ਲਈ ਲੀਨ ਹੋ ਗਿਆ ਹਾਂ।੧।

ਮੈਨੂੰ ਮੇਰੇ ਗੁਰੂ ਨੇ (ਮੇਰੀਆਂ ਮਨ ਬੁੱਧ ਰੂਪੀ ਅੱਖਾਂ ਵਿਚ) ਗਿਆਨ ਰੂਪ ਸੁਰਮਾ (ਪਾ) ਦਿੱਤਾ ਹੈ। (ਹੁਣ ਮੈਨੂੰ ਪਰੀਪੂਰਨ ਪ੍ਰਮਾਤਮਾ ਦੇ) ਰਾਮ ਨਾਮ (ਸਿਮਰਨ ਤੋਂ) ਬਿਨਾਂ ਜੀਵ ਦਾ ਜੀਉਣਾ ਹੀਨਾ=ਨਿਸਫਲ ਹੈ, ਭਾਵ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਮਨੁੱਖੀ ਜੀਵਨ (ਸਖਣਾ) ਜਿਹਾ ਜਾਪਦਾ ਹੈ।੧। ਰਹਾਉ।

(ਭਗਤ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ ! ਮੈਂ) ਨਾਮਦੇਵ ਨੇ ਤਾਂ ਪ੍ਰਭੂ ਦਾ ਸਿਮਰਨ ਕਰਨਾ ਹੀ ਜਾਣਿਆ (ਪਛਾਣਿਆ) ਹੈ। ਜਗਤ ਨੂੰ ਜੀਵਨ ਦੇਣ ਵਾਲੇ (ਪ੍ਰਭੂ ਨਾਲ ਸਿਮਰਨ ਦਾ ਸਦਕਾ ਹੁਣ ਮੇਰਾ ਜੀਉ ਅਭੇਦ ਹੋ ਗਿਆ ਹੈ।੨।੧।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

☆☆☆

# ਦਸ ਗੁਰੂ ਸਾਹਿਬਾਨ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ, ਦਸਾਂ ਗੁਰੂ ਸਾਹਿਬਾਨਾਂ ਦਾ ਸੰਖੇਪ ਰੂਪ ਵਿਚ ਵੇਰਵਾ ਇਸ ਪ੍ਰਕਾਰ ਹੈ :

## ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਕਾਸ਼ : ਸੰਨ 1469 ਸੰਮਤ 1526 ਕੱਤਕ ਸੁਦੀ ਪੂਰਨਮਾਸ਼ੀ ਨੂੰ ਪ੍ਰਕਾਸ਼ ਹੋਇਆ। ਸ੍ਰੀ ਨਨਕਾਣਾ ਸਾਹਿਬ (ਜਿਸ ਦਾ ਪਹਿਲਾ ਨਾਂ ਰਾਇ ਭੋਇ ਦੀ ਤਲਵੰਡੀ ਸੀ) ਜ਼ਿਲ੍ਹਾ ਸ਼ੇਖ਼ੂਪੁਰਾ ਪਾਕਿਸਤਾਨ ਵਿਚ ਹੈ।

ਪਿਤਾ ਮਹਿਤਾ ਕਲਿਆਨ ਦਾਸ ਜੀ (ਬਾਬਾ ਕਾਲੂ ਜੀ), ਮਾਤਾ ਤ੍ਰਿਪਤਾ ਜੀ। ਸੱਤ ਸਾਲ ਦੀ ਉਮਰ ਵਿਚ ਗੋਪਾਲ ਪਾਧੇ ਪਾਸ ਪੜ੍ਹਨ ਦੀ ਸਾਖੀ। ਉਮਰ 9 ਸਾਲ ਵਿਚ ਸੱਚਾ ਜਨੇਊ ਦੱਸਿਆ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**

(ਆਸਾ ਦੀ ਵਾਰ)

ਆਪ ਜੀ ਨੇ ਮੱਝਾਂ ਚਾਰੀਆਂ। ਪਿਤਾ ਜੀ ਪਾਸੋਂ 20 ਰੁਪਏ ਲੈ ਕੇ ਖਰਾ ਸੌਦਾ ਕੀਤਾ ਅਤੇ ਸੰਮਤ 1542 ਵਿਚ ਸੁਲਤਾਨਪੁਰ ਜਾ ਕੇ ਮੋਦੀਖ਼ਾਨੇ ਦੀ ਕਿਰਤ ਕੀਤੀ। ਪੱਖੋਕੇ ਰੰਧਾਵੇ (ਜ਼ਿਲ੍ਹਾ ਗੁਰਦਾਸਪੁਰ) ਦੇ ਵਸਨੀਕ ਬਾਬਾ ਮੂਲ ਚੰਦ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਸੰਮਤ 1544 ਵਿਚ ਆਪ ਜੀ ਦਾ ਵਿਆਹ ਹੋਇਆ।

ਸੰਤਾਨ : ਬਾਬਾ ਸ੍ਰੀ ਚੰਦ ਜੀ (ਜਨਮ : ਸੰਮਤ 1551 ਮੁ: ਸੰਨ 1494), ਬਾਬਾ ਲੱਖਮੀ ਦਾਸ ਜੀ (ਜਨਮ : ਸੰਮਤ 1553 ਮੁ: ਸੰਨ 1497)

ਚਾਰ ਉਦਾਸੀਆਂ : ਉੱਤਰ, ਪੂਰਬ, ਦੱਖਣ, ਪੱਛਮ ਵੱਲ

**ਪਹਿਲੀ ਉਦਾਸੀ** : ਪੂਰਬ ਦੀ, ਸੰਨ 1497 ਸੰਮਤ 1554 ਵਿਚ ਏਮਨਾਬਾਦ, ਹਰਿਦੁਆਰ, ਨਾਨਕ ਮਤਾ, ਬਨਾਰਸ, ਪਟਨਾ ਸਾਹਿਬ, ਬੰਗਾਲ, ਜਗਨਨਾਥ ਪੁਰੀ ਆਦਿ ਸੰਨ 1508 ਸੰਮਤ 1565 ਤੱਕ ਹਿੰਦੂ ਧਰਮ ਕੇਂਦਰਾਂ ਵੱਲ।

**ਦੂਜੀ ਉਦਾਸੀ** : ਦੱਖਣ ਦੀ ਸੰਮਤ 1567 ਸੰਨ 1509 ਵਿਚ ਸਿਆਲਕੋਟ, ਹਮਜ਼ਾ ਗੌਂਸ ਨੂੰ ਸਮੱਤ ਬਖਸ਼ੀ ਤੇ ਮੂਲਾ ਖਤ੍ਰੀ, ਨੂੰ ਨਾਲ ਲੈ ਕੇ ਕਰਤਾਰਪੁਰ ਆਦਿ ਥਾਵਾਂ ਤੇ ਗਏ ਹਨ। ਸੰਨ 1514 ਸੰਮਤ 1572 ਤੱਕ ਬੁੱਧ ਧਰਮ ਕੇਂਦਰਾਂ ਵੱਲ ਉਪਦੇਸ਼ ਦਿੱਤਾ।

**ਤੀਜੀ ਉਦਾਸੀ** : ਉੱਤਰ ਦੀ, ਸੰਮਤ ੧573 ਸੰਨ ੧੫੧੬ ਵਿਚ ਸੁਮੇਰ ਪਰਬਤ 'ਤੇ ਸਿੱਧਾਂ ਨਾਲ ਸੰਮਤ ੧575 ਯੋਗੀਆਂ-ਨਾਥਾਂ ਦੇ ਕੇਂਦਰਾਂ ਵੱਲ ਗਏ ਹਨ।

**ਚੌਥੀ ਉਦਾਸੀ** : ਪੱਛਮ ਦੀ, ਸੰਮਤ ੧575 ਸੰਨ ੧੫੧੮ ਵਿਚ ਮੱਕੇ, ਬਗ਼ਦਾਦ, ਦਸਤਗੀਰ ਪੀਰ ਨੂੰ ਤਾਰਕੇ। ਮੁਲਤਾਨ ਤੇ ਪਾਕ ਪਟਨ ਹੋ ਕੇ ਕਰਤਾਰਪੁਰ ਵਾਪਸ ਤੇ ਅਚਲ ਵਟਾਲੇ ਆਦਿ ੧579 ਮੁਸਲਮਾਨ ਧਰਮ ਕੇਂਦਰਾਂ ਵੱਲ ਗਏ ਹਨ।

ਉਦਾਸੀਆਂ ਦਾ ਕੁਲ ਸਮਾਂ : 25 ਸਾਲ। ਨਗਰ ਵਸਾਇਆ : ਸ੍ਰੀ ਕਰਤਾਰਪੁਰ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ)। ਉਦਾਸੀਆਂ ਤੋਂ ਮਗਰੋਂ ਸੰਮਤ ੧579, ਸੰਨ ੧522 ਕਰਤਾਰਪੁਰ ਜਾ ਟਿਕੇ ਸਨ।

ਸ੍ਰੀ ਕਰਤਾਰਪੁਰ : ਜੋਤੀ ਜੋਤ ਸਮਾਏ ਸੰਨ ੧539, ਸੰਮਤ ੧596 ਅੰਦਰ। ਆਪ ਜੀ ਦੇ 974 ਸ਼ਬਦ ੧੭ ਰਾਗਾਂ ਵਿਚ ਹਨ। ਉਦਾਸੀਆਂ ਦਾ ਉਦੇਸ਼ : ਮਨੁੱਖਤਾ ਦੀ ਭਲਾਈ ਵਾਸਤੇ ਸੀ।

## ਸ੍ਰੀ ਗੁਰੂ ਅੰਗਦ ਦੇਵ ਜੀ

ਪ੍ਰਕਾਸ਼ : ਵੈਸਾਖ ਵਦੀ ੧ ਸੰਮਤ ੧੫੬੧ ਮੁਤਾਬਿਕ ਸੰਨ ੧504 ਈਸਵੀ।

ਮੱਤੇ ਦੀ ਸਰਾਂ, ਤਹਿਸੀਲ ਮੁਕਤਸਰ, ਜ਼ਿਲ੍ਹਾ ਫ਼ਿਰੋਜ਼ਪੁਰ।

ਮਾਤਾ-ਪਿਤਾ : ਪਿਤਾ ਬਾਬਾ ਫੇਰੂ ਮੱਲ ਜੀ, ਮਾਤਾ ਦਇਆ ਕੌਰ (ਸਭਰਾਈ) ਜੀ।

ਵਿਆਹ : ਸ੍ਰੀ ਦੇਵੀ ਚੰਦ ਦੀ ਸਪੁੱਤਰੀ ਸ੍ਰੀ ਖੀਵੀ ਜੀ ਨਾਲ, ਪਿੰਡ ਸੰਘਰ (ਖਡੂਰ ਸਾਹਿਬ ਦੇ ਨੇੜੇ) ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ (ਸੰਮਤ ੧576) ਵਿਚ ਹੋਇਆ।

ਸੰਤਾਨ : ਦੋ ਸਪੁੱਤਰ ਸ੍ਰੀ ਦਾਸੂ ਜੀ (ਸੰਮਤ ੧੫8੭), ਸ੍ਰੀ ਦਾਤੂ ਜੀ (ਸੰਮਤ ੧594), ਦੋ ਸਪੁੱਤਰੀਆਂ ੧589 ਨੂੰ ਬੀਬੀ ਅਮਰੋ ਜੀ ਤੇ ੧੫੭੧ ਨੂੰ ਬੀਬੀ ਅਣੋਖੀ ਜੀ ਦਾ ਜਨਮ ਹੋਇਆ।

ਗੁਰ-ਮਿਲਾਪ : ਸੰਮਤ ੧589 ਸੰਨ ੧532 ਵਿਚ ਸ੍ਰੀ ਕਰਤਾਰਪੁਰ ਵਿਚ ਪਹਿਲੀ ਵਾਰ ਹੋਇਆ।

ਗੁਰਿਆਈ ਮਿਲੀ : ਸ੍ਰੀ ਕਰਤਾਰਪੁਰ ਹਾੜ ਵਦੀ ੧੩ ਸੰਮਤ ੧596 ਮੁਤਾਬਿਕ ਸੰਨ ੧539 ਵਿਚ :

**ਅੰਗਹੁ ਅੰਗ ਉਪਾਇਓਨ ਗੰਗਹੁ ਜਾਣ ਤਰੰਗੁ ਉਠਾਇਆ॥'**

ਗੁਰਿਆਈ ਦਾ ਸਮਾਂ ਆਰੰਭ ਹੋਇਆ : ਅੱਸੂ ਵਦੀ ੧੦ ਸੰਮਤ ੧596।

ਗੁਰਤਾ ਦਾ ਸਮਾਂ ਸੰਭਾਲਿਆ ਫੱਗਣ ਵਦੀ 5 ਸੰਮਤ ੧596, ਖਡੂਰ ਸਾਹਿਬ ਗੁਰ-ਇਤਿਹਾਸ ਨੂੰ ਲਿਖਤ ਦਾ ਰੂਪ ਦਿੱਤਾ, ਬਾਦਸ਼ਾਹ ਹਮਾਯੂੰ ਨੂੰ ਗ਼ਰੀਬਾਂ ਉੱਤੇ ਤਲਵਾਰ ਚੁਕਣੋ ਰੋਕਣਾ, ''ਲੰਗਰਿ ਦਉਲਿਤ ਵੰਡੀਐ'', ਤਪਾ ਸ਼ਿਵਨਾਥ, ਮਲੂਕੇ ਚੌਧਰੀ ਦੀ ਸ਼ਰਾਬ ਛੁਡਾਈ, ਜੋਗੀਆਂ ਨੂੰ ਉਪਦੇਸ਼ ਦੇ ਕੇ ਤਾਰਿਆ।

**ਜੋਤੀ ਜੋਤਿ ਸਮਾਏ :** ਸ੍ਰੀ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਚੇਤ ਸੁਦੀ 4 ਸੰਮਤ 1609 (ਸੰਨ 1552) ਵਿਚ। ਆਪ ਜੀ ਦੀ ਗੁਰਬਾਣੀ ਦੇ 63 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਹਨ। ਮੁਖ ਕਾਰਜ — ਗੁਰਮੁਖੀ ਲਿਪੀ ਦਾ ਪ੍ਰਚਾਰ, ਭਾਈ ਬਾਲੇ ਵਾਲੀ ਜਨਮਸਾਖੀ ਲਿਖਾਈ, ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ ਸੰਭਾਲ ਲਈ ਲਾਇਆ, ਗੁਰਬਾਣੀ ਦੀ ਸੰਭਾਲ ਤੇ ਵਿੱਦਿਅਕ ਅਤੇ ਸਰੀਰਕ ਪਾਠਸ਼ਾਲਾਵਾਂ ਸਥਾਪਿਤ ਕੀਤੀਆਂ।

## ਸ੍ਰੀ ਗੁਰੂ ਅਮਰਦਾਸ ਜੀ

**ਪ੍ਰਕਾਸ਼ :** ਬਾਸਰਕੇ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਵੈਸਾਖ ਸੁਦੀ 14, (ਸੰਮਤ 1536 ਸੰਨ 1479)।

**ਮਾਤਾ ਪਿਤਾ :** ਪਿਤਾ ਸ੍ਰੀ ਤੇਜ ਭਾਨ ਜੀ, ਮਾਤਾ ਸ੍ਰੀ ਲਛਮੀ (ਲੱਖਮੀ) ਜੀ।

**ਵਿਆਹ :** ਸੰਮਤ 1559 ਨੂੰ ਸਣਖਤਰੇ ਪਿੰਡ ਸ੍ਰੀ ਦੇਵੀ ਚੰਦ ਖੱਤਰੀ ਦੀ ਸਪੁੱਤਰੀ ਸ੍ਰੀ ਰਾਮ ਕੌਰ ਜੀ ਨਾਲ ਹੋਇਆ। ਸੰਤਾਨ : ਦੋ ਸਾਹਿਬਜ਼ਾਦੇ — ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ।

**ਦੋ ਸਪੁੱਤਰੀਆਂ** — ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ।

**ਗੁਰੂ ਮਿਲਾਪ** — ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਪਾਸੋਂ ਬਾਣੀ ਸੁਣ ਕੇ ਉਸ ਬੀਬੀ ਦੇ ਨਾਲ ਚੱਲ ਕੇ ਸੰਮਤ 1597 ਵਿਚ, ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਆਏ ਸਨ।

**ਨਗਰ ਗੋਇੰਦਵਾਲ ਵਸਾਇਆ** – ਸੰਮਤ 1606 ਦੇ ਕਰੀਬ। ਆਪ ਜੀ "ਰਹੇ ਪਹਰ ਰਾਤ ਜਲ ਭਰ ਲਿਆਵੈ। ਸਤਿਗੁਰੁ ਕੋ ਇਸਨਾਨ ਕਰਾਵੈ। ਇਸਨਾਨ ਕਰਾਇ ਇਕੰਤ ਬਹ ਰਹੇ। ਕਾਹੂ ਸੋ ਕਿਛ ਸੁਣੇ ਨ ਕਹੇ। ਸਤਿਗੁਰ ਮੂਰਤ ਹਿਰਦੇ ਧਾਰੇ।"

**ਗੁਰਿਆਈ**–ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ (ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ) ਚੇਤ ਸੁਦੀ 4 ਸੰਮਤ 1609 ਸੰਨ 1552 ਵਿਚ ਆਪ ਜੀ ਨੂੰ ਦਿੱਤੀ, "ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।"

ਬਾਉਲੀ ਸਾਹਿਬ ਤਿਆਰ ਕਰਵਾਈ ਸੰਮਤ 1616 ਤੋਂ ਸੰਮਤ 1621 ਤੀਕ "ਬਾਰ ਚੁਰਾਸੀ ਕਰੇ ਇਸਨਾਨੁ। ਇਤਨੇ ਜਪੁ ਜੀ ਪਾਠ ਬਖਾਨ।"

**ਪ੍ਰਚਾਰ ਅਸਥਾਨ**– ਗੋਇੰਦਵਾਲ, (ਪੰਜਾਬ) ਮੁੱਖ ਕਾਰਜ : ਗੋਇੰਦਵਾਲ ਵਸਾਇਆ, ਬਾਉਲੀ ਸਾਹਿਬ ਦਾ ਨਿਰਮਾਣ, ਪਹਿਲੇ ਪੰਗਤ ਪਾਛੈ ਸੰਗਤ, ਸਿੱਖਾਂ ਨੂੰ ਮੰਜੀਆਂ ਪ੍ਰਚਾਰ ਵਾਸਤੇ ਅਤੇ ਪੀੜੇ ਮਾਈਆਂ ਨੂੰ ਸਿੱਖੀ ਪ੍ਰਚਾਰ ਵਾਸਤੇ। ਸਤੀ ਅਤੇ ਪਰਦੇ ਦੀ ਰਸਮ ਦਾ ਵਿਰੋਧ ਅਤੇ ਗੁਰਬਾਣੀ ਦੀ ਸੰਭਾਲ ਕਰਨੀ।

**ਜੋਤੀ–ਜੋਤਿ ਸਮਾਏ :** ਗੋਂਦਵਾਲ (ਗੋਇੰਦਵਾਲ), ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ,

ਭਾਦੋਂ ਸੁਦੀ 14 ਸੰਮਤ 1631, ਸੰਨ 1574। ਆਪ ਜੀ ਦੀ ਗੁਰਬਾਣੀ ਦੇ 891 ਸ਼ਬਦ, 17 ਰਾਗਾਂ ਵਿਚ ਹਨ।

## ਸ੍ਰੀ ਗੁਰੂ ਰਾਮਦਾਸ ਜੀ

ਪ੍ਰਕਾਸ਼ ਚੂਨਾ ਮੰਡੀ, ਲਾਹੌਰ (ਪਾਕਿਸਤਾਨ)। ਕੱਤਕ ਵਦੀ 2 ਸੰਮਤ 1591, ਸੰਨ 1534।

ਮਾਤਾ-ਪਿਤਾ : ਪਿਤਾ ਬਾਬਾ ਹਰਿਦਾਸ (ਹਰਦਾਸ) ਜੀ, ਮਾਤਾ ਸ੍ਰੀ ਦਇਆ ਕੌਰ ਜੀ। ਛੋਟੀ ਉਮਰੇ ਮਾਤਾ ਦਾ ਵਿਛੋੜਾ ਤੇ 7 ਸਾਲ ਦੀ ਉਮਰ ਵਿਚ ਹੀ ਪਿਤਾ ਜੀ ਚੜ੍ਹਾਈ ਕਰ ਗਏ ਸਨ।

**ਇਸੀ ਭਾਂਤ ਬਹੁ ਕਾਲੁ ਬਿਤਾਯੋ॥ ਮਾਤ ਪਿਤਾ ਸੁਰਪੁਰ ਮਗ ਲਾਯੋ॥**
**ਹੁਤੇ ਨਾਨਕੇ ਬਾਸਰ ਗ੍ਰਾਮੂ॥ ਨਾਨੀ ਲੈ ਗਈ ਇਨ ਧਾਮੂ॥'**

ਗੁਰੂ ਅਮਰਦਾਸ ਜੀ ਬਾਉਲੀ ਸਾਹਿਬ ਤਿਆਰ ਕਰਾਉਂਦੇ ਸਨ, ਤਾਂ ਉਸ ਸਮੇਂ ਆਪ ਜੀ ਗੋਇੰਦਵਾਲ ਸੇਵਾ ਕਰਦੇ ਸਨ। ਇਸ ਸੇਵਾ ਦਾ ਜ਼ਿਕਰ ਇਤਿਹਾਸ ਨੇ ਇਸ ਤਰ੍ਹਾਂ ਕੀਤਾ ਹੈ :-

**ਰਾਮਦਾਸੁ ਗੁਰ ਅਮਰ ਕੌ ਲਖ ਜਗਦੀਸ ਸਖ੍ਯਾਤ॥**
**ਰਾਤ ਦਿਵਸ ਸੇਵਾ ਕਰੈ ਜਾਤੇ ਭਏ ਬਖ੍ਯਾਤ॥'**

**ਵਿਆਹ** : ਸੰਨ 1553 ਨੂੰ ਗੋਇੰਦਵਾਲ (ਅੰਮ੍ਰਿਤਸਰ) ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤ੍ਰੀ ਬੀਬੀ ਭਾਨੀ ਜੀ ਨਾਲ। ਸੰਤਾਨ : ਤਿੰਨ ਪੁੱਤਰ ਸ੍ਰੀ ਪ੍ਰਿਥੀ ਚੰਦ (ਪ੍ਰਿਥੀਆ) ਸੰਨ 1557 ਵਿਚ), ਸ੍ਰੀ ਮਹਾਂਦੇਵ ਸੰਨ 1560 ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ 1563 ਵਿਚ ਗੋਇੰਦਵਾਲ ਅਵਤਾਰ ਧਾਰਿਆ। ਗੁਰਿਆਈ ਗੁਰੂ ਰਾਮਦਾਸ ਜੀ ਨੂੰ ਭਾਦਰੋਂ ਸੁਦੀ 15 (ਸੰਮਤ 1631, ਸੰਨ 1574 ਨੂੰ ਗੋਇੰਦਵਾਲ।

**ਅਸਥਾਨ ਰਚੇ** : ਸੰਤੋਖਸਰ ਦੀ ਖੁਦਵਾਈ ਆਰੰਭੀ। ਗੁਰੂ ਕੇ ਚੱਕ ਅੰਮ੍ਰਿਤਸਰ ਦੀ ਨੀਵਂ ਰੱਖ ਕੇ ਸ਼ਹਿਰ ਵਸਾਇਆ ਤੇ ਅੰਮ੍ਰਿਤਸਰ ਸਰੋਵਰ ਦੀ ਤਿਆਰੀ ਆਰੰਭੀ।

**ਸੱਚਖੰਡ** : ਭਾਦੋਂ ਸੁਦੀ 3 ਸੰਮਤ 1638, ਸੰਨ 1581 ਗੋਇੰਦਵਾਲ।

ਗੁਰਬਾਣੀ : 638 ਸ਼ਬਦ।

## ਸ੍ਰੀ ਗੁਰੂ ਅਰਜਨ ਦੇਵ ਜੀ

**ਪ੍ਰਕਾਸ਼** : ਵੈਸਾਖ ਵਦੀ 7 ਸੰਮਤ 1620, ਸੰਨ 1563 ਵਿਚ ਗੋਇੰਦਵਾਲ, ਤਹਿ: ਤਰਨਤਾਰਨ (ਅੰਮ੍ਰਿਤਸਰ)

**ਮਾਤਾ-ਪਿਤਾ** : ਪਿਤਾ ਸ੍ਰੀ ਗੁਰੂ ਰਾਮਦਾਸ ਜੀ, ਮਾਤਾ ਬੀਬੀ ਭਾਨੀ ਜੀ।

**ਵਿਆਹ** : 23 ਹਾੜ ਸੰਮਤ ੧636 ਨੂੰ ਮਉ (ਮੌ) ਪਿੰਡ (ਤਹਿਸੀਲ ਫ਼ਿਲੌਰ) ਦੇ ਵਸਨੀਕ ਸ੍ਰੀ ਕਿਸ਼ਨ ਚੰਦ ਜੀ ਦੀ ਸਪੁੱਤਰੀ ਬੀਬੀ ਗੰਗਾ ਦੇਵੀ ਜੀ ਨਾਲ।

**ਸੰਤਾਨ** : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਮਤ ੧652 ਸੰਨ ੧595 ਈ: ਨੂੰ ਅਵਤਾਰ ਧਾਰਿਆ।

**ਗੁਰਿਆਈ** : ਭਾਦੋਂ ਸੁਦੀ 3 ਸੰਮਤ ੧638, ਸੰਨ ੧58੧। ਅਸਥਾਨ ਰਚੇ : ਇਨ੍ਹਾਂ ਵੱਖ-ਵੱਖ ਤਰੀਕਾਂ ਵਿਚ ਅੰਮ੍ਰਿਤਸਰ ਸਰੋਵਰ ਪੱਕਾ ਬਣਵਾਇਆ ਸੰਮਤ ੧643, ਸੰਤੋਖਸਰ ਮੁਕੰਮਲ ਸੰਮਤ ੧645, ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਸੰਮਤ ੧645, ਤਰਨ ਤਾਰਨ ਤਾਲ ਸੰਮਤ ੧647, ਕਰਤਾਰਪੁਰ (ਜਲੰਧਰ) ਸੰਮਤ ੧650, ਤਰਨ ਤਾਰਨ ਸ਼ਹਿਰ ਸੰਮਤ ੧653 ਵਿਚ ਅਤੇ ਛੇਹਰਟਾ ਸਾਹਿਬ ਸੰਮਤ ੧654 ਵਿਚ ਤੇ ਸ੍ਰੀ ਹਰਿਗੋਬਿੰਦਪੁਰ ਵਸਾਇਆ ਸੰਮਤ ੧654 ਅੰਦਰ। ਇਸੇ ਤਰ੍ਹਾਂ ਬਾਉਲੀ ਸਾਹਿਬ ਲਗਾਈ ਲਾਹੌਰ ਸੰਮਤ ੧656 ਵਿਚ। ਇਸ ਉਪਰੰਤ ਰਾਮਸਰ, ਅੰਮ੍ਰਿਤਸਰ ਸੰਮਤ ੧659-60 ਵਿਚ, ਗੁਰੂ ਕਾ ਬਾਗ਼ (ਅੰਮ੍ਰਿਤਸਰ)। ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਰਾਮਸਰ ਦੇ ਕੰਢੇ ਸੰਮਤ ੧660 ਵਿਚ ਲਿਖਾਈ ਆਰੰਭੀ ਤੇ ਭਾਦੋਂ ਸੁਦੀ ੧ ਸੰਮਤ ੧66੧ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ।

**ਸ਼ਹੀਦੀ ਸਮਾਂ** : ਜੇਠ ਸੁਦੀ 4 ਸੰਮਤ ੧663, ਸੰਨ ੧606 ਨੂੰ ਲਾਹੌਰ ਅੰਦਰ ਸ਼ਹੀਦੀ ਪਾਈ। "ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥" ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਗੁਰਬਾਣੀ 23੧੨ ਸ਼ਬਦ 30 ਰਾਗਾਂ ਵਿਚ ਆਪ ਜੀ ਦੇ ਹਨ।

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

**ਅਵਤਾਰ** : ਹਾੜ ਵਦੀ 7 ਸੰਮਤ ੧652, ਸੰਨ ੧595 ਵਿਚ ਗੁਰੂ ਕੀ ਵਡਾਲੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਹੋਇਆ।

**ਪਿਤਾ** : ਸ੍ਰੀ ਗੁਰੂ ਅਰਜਨ ਦੇਵ ਜੀ।

**ਮਾਤਾ** : ਗੰਗਾ ਜੀ।

**ਵਿਆਹ** : ਪਹਿਲਾ ਡੱਲਾ ਨਿਵਾਸੀ ਸ੍ਰੀ ਨਰਾਇਣ ਦਾਸ ਦੀ ਸਪੁੱਤਰੀ, (ਮਾਤਾ) ਦਮੋਦਰੀ ਜੀ ਨਾਲ ਸੰਮਤ ੧66੧ ਵਿਚ ਤੇ ਦੂਜਾ ਬਾਬੇ ਬਕਾਲੇ ਹਰੀ ਚੰਦ ਦੀ ਸਪੁੱਤਰੀ (ਮਾਤਾ) ਨਾਨਕੀ ਜੀ ਨਾਲ ਸੰਮਤ ੧670 ਵਿਚ ਹੋਇਆ ਅਤੇ ਤੀਜਾ ਵਿਆਹ ਮੰਡਿਆਲੀ ਦੇ ਸ੍ਰੀ ਦਇਆ ਰਾਮ ਦੀ ਸਪੁੱਤਰੀ (ਮਾਤਾ) ਮਹਾਂਦੇਵੀ (ਮਰਵਾਹੀ) ਜੀ ਨਾਲ ਸੰਮਤ ੧672 ਵਿਚ ਹੋਇਆ।

**ਗੁਰਿਆਈ** : ਸ੍ਰੀ ਅੰਮ੍ਰਿਤਸਰ ਜੇਠ ਵਦੀ ੧4 ਸੰਮਤ ੧663, ਮੁਤਾਬਿਕ, ਸੰਨ ੧606 ਅੰਦਰ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ ਸੀ ਅਤੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾ ਪਹਿਨਾਈਆਂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਗੁਰੂ ਜੀ ਨੇ ਆਪ ਨੀਂਵ ਰੱਖੀ ਤੇ ਬਾਬਾ ਬੁੱਢਾ

ਜੀ ਅਤੇ ਭਾਈ ਗੁਰਦਾਸ ਨੂੰ ਨਾਲ ਲੈ ਕੇ ਉਸਾਰੀ ਕੀਤੀ।

**ਗੁਰਦਾਸ ਬੁਢੇ ਕੌ ਲੈ ਨਿਜ ਸਾਥ।**
**ਤਖ਼ਤ ਅਰੰਭ ਕਰ ਦੀਨਾ ਨਾਥ।**
**ਕਿਸੀ ਰਾਜ ਨਹਿ ਹਾਥ ਲਗਾਯੋ।**
**ਬੁਢਾ ੳ ਗੁਰਦਾਸ ਬਨਾਯੋ।**

**ਸੰਤਾਨ :** ਪੰਜ ਸਾਹਿਬਜ਼ਾਦੇ- ੧ ਬਾਬਾ ਗੁਰਦਿੱਤਾ ਜੀ, 2. ਸ੍ਰੀ ਸੂਰਜ ਮੱਲ ਜੀ, 3. ਸ੍ਰੀ ਅਣੀ ਰਾਇ ਜੀ, 4. ਬਾਬਾ ਅਟੱਲ ਰਾਇ ਜੀ ਤੇ 5. ਸ੍ਰੀ ਗੁਰੂ ਤੇਗ ਬਹਾਦਰ ਜੀ। ਇਕ ਸਪੁੱਤਰੀ ਬੀਬੀ ਵੀਰੋ ਜੀ।

**ਨਵੇਂ ਵਸਾਏ ਨਗਰ :** ੧ ਲੋਹਗੜ੍ਹ, 2. ਸ੍ਰੀ ਅਕਾਲ ਤਖ਼ਤ ਸਾਹਿਬ, 3. ਡੇਰਾ ਸਾਹਿਬ ਲਾਹੌਰ, 4. ਕੀਰਤਪੁਰ, 5. ਮਹਿਰਾਜ (ਮਰਾੜ), 6. ਕੌਲਸਰ, 7. ਬਿਬੇਕਸਰ, 8. ਸ੍ਰੀ ਹਰਿਗੋਬਿੰਦਪੁਰ।

**ਵੱਡੇ ਜੰਗ :** ਚਾਰ ਲੜੇ। ਪਹਿਲਾ ਜੰਗ ਸ਼ਾਹੀ ਫ਼ੌਜ ਸੱਤ ਹਜ਼ਾਰ ਨਾਲ ਅੰਮ੍ਰਿਤਸਰ ਲੜਿਆ। ਦੂਜਾ ਸ਼ਾਹੀ ਫ਼ੌਜ ਪੰਦਰਾਂ ਹਜ਼ਾਰ ਨਾਲ ਸ੍ਰੀ ਹਰਿਗੋਬਿੰਦਪੁਰ ਵਿਖੇ ਲੜਿਆ। ਤੀਜਾ ਸ਼ਾਹੀ ਫ਼ੌਜ ਪੈਂਤੀ ਹਜ਼ਾਰ ਨਾਲ ਗੁਰੂਸਰ ਮਹਿਰਾਜ (ਮਰਾੜ) ਲੜਿਆ ਸੀ। ਚੌਥਾ ਜੰਗ ਸ਼ਾਹੀ ਫ਼ੌਜ ਪੰਝੱਤਰ ਹਜ਼ਾਰ ਨਾਲ ਕਰਤਾਰਪੁਰ ਲੜਿਆ ਸੀ।

**ਜੋਤੀ-ਜੋਤਿ ਸਮਾਏ :** ਚੇਤ ਸੁਦੀ 5 ਸੰਮਤ ੧70੧, ਸੰਨ ੧644, ਕੀਰਤਪੁਰ, ਜ਼ਿਲ੍ਹਾ ਹੁਸ਼ਿਆਰਪੁਰ।

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

**ਪ੍ਰਕਾਸ਼ :** ਮਾਘ ਸੁਦੀ ੧3 ਸੰਮਤ ੧686, ਸੰਨ ੧630 ਨੂੰ ਸ਼ੀਸ਼ ਮਹਿਲ, ਕੀਰਤਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ।

**ਮਾਤਾ-ਪਿਤਾ :** ਪਿਤਾ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਜੀ, ਜਿਨ੍ਹਾਂ ਨੂੰ ਅਨੰਤੀ ਤੇ ਨੱਤੀ ਵੀ ਕਹਿੰਦੇ ਸਨ।

**ਗੁਰਿਆਈ :** ਕੀਰਤਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਚੇਤ ਸੁਦੀ ੧0, ਸੰਮਤ ੧70੧, ਸ਼ੁੱਕਰਵਾਰ, ਸੰਨ ੧644 ਅੰਦਰ।

**ਜਗ ਬੰਦਨ ਬੰਦਨ ਕਰ ਦੀਨੀ ਨੰਦਨ ਨੰਦਨ ਤਾਂਈ।**
**ਕਲਗੀ ਜਿਗਾ ਅਮੋਲ ਸਿਰੋਪਾ ਦੀਨੇ ਸਹਿ ਗੁਰਯਾਈ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

**ਵਿਆਹ :** ਅਨੂਪ ਸ਼ਹਿਰ (ਉਤਰ ਪ੍ਰਦੇਸ਼) ਨਿਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ, (ਮਾਤਾ) ਕਿਸ਼ਨ ਕੌਰ (ਸੁਲੱਖਣੀ) ਜੀ ਨਾਲ ਹਾੜ ਸੁਦੀ 3, ਸੰਮਤ ੧697 ਨੂੰ ਹੋਇਆ।

**ਸੰਤਾਨ** : ਸ੍ਰੀ ਰਾਮਰਾਇ ਸੰਮਤ ੧703 ਵਿਚ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਸੰਮਤ ੧੭੧੩ ਵਿਚ ਪ੍ਰਗਟੇ। ਗੁਰੂ ਹਰਿਰਾਇ ਜੀ 2200 ਘੋੜ ਸਵਾਰ ਸਿੱਖ ਸੂਰਮੇ ਹਮੇਸ਼ਾ ਨਾਲ ਰੱਖਦੇ ਸਨ, ਪਰ ਗੁਰੂ ਹਰਿਰਾਇ ਜੀ ਨੇ ਕੋਈ ਜੰਗ ਨਹੀਂ ਲੜਿਆ।

**ਸੱਚਖੰਡ** : ਕੱਤਕ ਵਦੀ 9 ਸੰਮਤ ੧੭੧੮, ਸੰਨ ੧੬੬੧, ਕੀਰਤਪੁਰ ਵਿਖੇ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

**ਪ੍ਰਕਾਸ਼** : ਸਾਵਣ ਵਦੀ ੧੦ ਸੰਮਤ ੧੭੧੩, ਸੰਨ ੧656 ਨੂੰ ਸ਼ੀਸ਼ ਮਹਿਲ, ਕੀਰਤਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ।

**ਮਾਤਾ ਪਿਤਾ** : ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਮਾਤਾ ਕਿਸ਼ਨ ਕੌਰ (ਕ੍ਰਿਸ਼ਨ ਕੌਰ) ਜੀ।

**ਬਾਲ ਬੈਸ ਬ੍ਰਿਧ ਗਿਯਾਨ ਮਹਿ ਸਮਰਥ ਸ੍ਰੀ ਗੁਰਦੇਵ॥**

**ਗੁਰਿਆਈ** : ਕੱਤਕ ਵਦੀ ੧੦ ਸੰਮਤ ੧੭੧੮, ਸੰਨ ੧੬੬੧, ਕੀਰਤਪੁਰ ਵਿਚ ਮਿਲੀ :-

**ਦੂਸਰ ਦਿਵਸ ਗੁਰੂ ਹਰਿ ਰਾਇ। ਦੇਹ ਤਿਯਾਗਨ ਸਮੋ ਨਿਰਾਇ।**
**ਤਬ ਸਤਿਗੁਰ ਸ੍ਰੀ ਫਲ ਮੰਗਵਾਯੋ। ਸ੍ਰੀ ਹਰਿ ਕ੍ਰਿਸਨ ਪਾਸ ਬਿਠਾਯੋ।**
**ਤਬ ਗੁਰ ਕਰੀ ਪ੍ਰਕਰਮਾ ਤੀਨ। ਪੈਸੇ ਪਾਂਚ ਨਾਰੀਅਲ ਫਲ ਦੀਨ।**
**ਹਾਥ ਜੋੜ ਕੈ ਮਸਤਕ ਟੇਕਯੋ। ਸ੍ਰੀ ਗੁਰ ਨਾਨਕ ਬਪੁ ਸੁਤ ਕੋ ਭੇਟਿਯੋ॥'**

ਛੱਜੂ ਝੀਊਰ ਤੋਂ ਗੀਤਾ ਦੇ ਅਰਥ ਕਰਾਏ ਤੇ ਹੰਕਾਰੀ ਪੰਡਿਤ ਦਾ ਹੰਕਾਰ ਦੂਰ ਕੀਤਾ।

**ਜੋਤੀ-ਜੋਤਿ ਸਮਾਏ** : ਚੇਤ ਸੁਦੀ ੧੪ ਸੰਮਤ ੧੭੨੧ ਸੰਨ ੧664, ਦਿੱਲੀ ਵਿਚ।

## ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ

**ਪ੍ਰਕਾਸ਼** : ਵੈਸਾਖ ਵਦੀ 5 ਸੰਮਤ ੧678, ਸੰਨ ੧੬੨੧।

**ਪ੍ਰਕਾਸ਼ ਅਸਥਾਨ** : ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ।

**ਮਾਤਾ-ਪਿਤਾ** : ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।

**ਮਾਤਾ** : ਨਾਨਕੀ ਜੀ।

**ਵਿਆਹ** : ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਜੀ ਖੱਤਰੀ ਦੀ ਸਪੁੱਤਰੀ ਗੁਜਰੀ ਜੀ ਨਾਲ, ਸੰਮਤ ੧689 ਨੂੰ।

**ਗੁਰਿਆਈ ਮਿਲੀ** : ਚੇਤ ਸੁਦੀ ੧੪ ਸੰਮਤ ੧੭੨੧, ਸੰਨ ੧664, ਦਿੱਲੀ ਵਿਚ। ਇਨ੍ਹਾਂ ਬਚਨਾਂ ਨਾਲ

"ਬਾਬਾ ਬਸਹਿ ਜੇ ਗ੍ਰਾਮ ਬਕਾਲੇ। ਬਨ ਗੁਰ ਸੰਗਤ ਆਪ ਸੰਭਾਲੇ।" ਗੁਰਿਆਈ ਦੇ ਚਿੰਨ੍ਹ ਗੁਰਦਿੱਤਾ ਜੀ ਰਾਹੀਂ ਬਕਾਲੇ ਭੇਜੇ ਸਨ।

**ਗੁਰਗੱਦੀ 'ਤੇ ਬਿਰਾਜੇ** : ਚੇਤ ਸੁਦੀ ੧4 ਸੰਮਤ ੧722 ਮੁਤਾਬਿਕ ਸੰਨ ੧665 ਸੋਮਵਾਰ ਬਾਬੇ ਬਕਾਲੇ, ਜ਼ਿਲ੍ਹਾ ਅੰਮ੍ਰਿਤਸਰ। ਆਪ ਜੀ ਨੇ ਅਨੰਦਪੁਰ ਤੋਂ ਚੱਲ ਕੇ ਆਸਾਮ ਤੇ ਪਟਨੇ ਆਦਿ ਥਾਵਾਂ 'ਤੇ ਬੇਅੰਤ ਜੀਆਂ ਨੂੰ ਉਪਦੇਸ਼ ਦੇ ਕੇ ਤਾਰਿਆ।

**ਸੰਤਾਨ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ (23 ਪੋਹ ਸੰਮਤ ੧723) ਸੰਨ ੧666।

**ਨਗਰ ਵਸਾਇਆ** : ਸ੍ਰੀ ਆਨੰਦਪੁਰ। ਸੱਚ-ਖੰਡ : ਮੱਘਰ ਸੁਦੀ 5, ਸੰਮਤ ੧732, ਸੰਨ ੧675 ਵਿਚ ਤਿੰਨ ਸਿੱਖਾਂ ਸਮੇਤ ਗੁਰੂ ਜੀ ਨੇ ਸ਼ਹੀਦੀ ਸੀਸ ਗੰਜ ਚਾਂਦਨੀ ਚੌਂਕ ਦਿੱਲੀ ਵਿਖੇ ਦਿੱਤੀ। ਸੀਸ ਦਾ ਸਸਕਾਰ ਅਨੰਦਪੁਰ ਤੇ ਧੜ ਦਾ ਰਕਾਬ ਗੰਜ, ਨਵੀਂ ਦਿੱਲੀ ਕੀਤਾ ਗਿਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ੧੧੫ ਸ਼ਬਦ ੧੫ ਰਾਗਾਂ ਵਿਚ ਹੈ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਪ੍ਰਕਾਸ਼** : ਪੋਹ ਸੁਦੀ 7 (23 ਪੋਹ) ਸੰਮਤ ੧723, ਸੰਨ ੧666 ਵਿਚ ਹਰਿਮੰਦਰ ਸਾਹਿਬ ਪਟਨਾ ਸਾਹਿਬ ਬਿਹਾਰ ਵਿਖੇ ਹੋਇਆ।

**ਪਿਤਾ** : ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ। ਬਾਲਾ ਪ੍ਰੀਤਮ ਨੇ ਪਟਨੇ ਅੰਦਰ ਰਹਿੰਦਿਆਂ ਬਾਲ ਲੀਲਾ ਦੇ ਕੌਤਕ ਕੀਤੇ।

**ਗੁਰਿਆਈ** : ਮੱਘਰ ਸੁਦੀ 5 ਸੰਮਤ ੧732 ਸੰਨ ੧675, ਅਨੰਦੁਪਰ ਸਾਹਿਬ ਵਿਚ।

**ਵਿਆਹ** : ਪਹਿਲਾ ਲਾਹੌਰ ਨਿਵਾਸੀ ਸ੍ਰੀ ਹਰਿਜਸ ਦੀ ਸਪੁੱਤਰੀ ? ਮਾਤਾ ਜੀਤੋ ਜੀ ਨਾਲ ਸੰਮਤ ੧734 ਨੂੰ।

ਦੂਜਾ ਵਿਆਹ ਲਾਹੌਰ ਨਿਵਾਸੀ ਸ੍ਰੀ ਰਾਮਸਰਨ ਦੀ ਸਪੁੱਤਰੀ ? ਮਾਤਾ ਸੁੰਦਰੀ ਜੀ ਨਾਲ ਸੰਮਤ ੧74੧ ਨੂੰ।

ਤੀਜਾ ਵਿਆਹ ਰੋਹਤਾਸ ਨਿਵਾਸੀ ਭਾਈ ਰਾਮੂ ਦੀ ਸਪੁੱਤਰੀ ? ਮਾਤਾ ਸਾਹਿਬ ਕੌਰ ਜੀ ਨਾਲ ਸੰਮਤ ੧757 ਨੂੰ ਹੋਇਆ।

ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਹੋਏ, ਜਿਨ੍ਹਾਂ ਦੇ ਜਨਮ ਵੱਖ-ਵੱਖ ਸਮੇਂ ਇਸ ਤਰ੍ਹਾਂ ਹੋਏ ਹਨ :-

੧ ਬਾਬਾ ਅਜੀਤ ਸਿੰਘ ਜੀ, (ਸੰਨ ੧687) 2. ਬਾਬਾ ਜੁਝਾਰ ਸਿੰਘ ਜੀ, (ਸੰਨ ੧690)

3. ਬਾਬਾ ਜੋਰਾਵਰ ਸਿੰਘ ਜੀ, (ਸੰਨ ੧696) 4. ਬਾਬਾ ਫ਼ਤਹਿ ਸਿੰਘ ਜੀ, (ਸੰਨ ੧699)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਦਸਮੇਸ਼ ਗੁਰੂ ਨੇ ਅਨੰਦਪੁਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ ਪੰਜਾਂ ਦੇ ਸੀਸ ਲੈ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਅਤੇ ਪੰਜ ਪਿਆਰੇ ਨਾਮ ਦੇ ਕੇ ਉਹਨਾਂ ਨੂੰ ਖ਼ਾਲਸਾ ਸਾਜਿਆ। ਵੈਸਾਖ ੧ ਸੰਮਤ ੧756, ਸੰਨ ੧699 ਈ: ਸੀ।**

**ਅਸਥਾਨ :** **ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਫਤਹਿਗੜ੍ਹ, ਹੋਲਗੜ੍ਹ, ਅਨੰਦਗੜ੍ਹ, ਲੋਹਗੜ੍ਹ, ਪਾਉਂਟਾ ਸਾਹਿਬ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਚੌਦਾਂ ਜੰਗ ਲੜੇ: ਚਮਕੌਰ ਦੇ ਜੰਗ ਅੰਦਰ ਵੱਡੇ ਸਾਹਿਬਜ਼ਾਦੇ ਤੇ ਤਿੰਨ ਪਿਆਰੇ ਅਤੇ ਹੋਰ ਸਿੰਘ ਸ਼ਹੀਦ ਹੋਏ, ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਸਰਹੰਦ ਸ਼ਹੀਦ ਹੋਏ ਹਨ। ਮੁਕਤਸਰ ਦਾ ਜੰਗ ਜਿੱਤ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਖਾਇਆ ਤੇ ਸ਼ੁੱਧ ਪਾਠ ਅਤੇ ਅਰਥ ਪੜ੍ਹਾਏ ਸਨ। ਦਸਮੇਸ਼ ਗੁਰੂ ਨੇ ਪਟਨੇ ਸਾਹਿਬ ਅਵਤਾਰ ਧਾਰਿਆ ਤੇ ਅਨੰਦਪੁਰ ਸਾਹਿਬ ਬੇਅੰਤ ਕੌਤਕ ਕੀਤੇ ਅਤੇ ਨਾਂਦੇੜ ਦੀ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਅਤੇ ਸਮੁੱਚੇ ਖ਼ਾਲਸਾ ਪੰਥ ਨੂੰ ਸ਼ਬਦ-ਗੁਰੂ ਦੇ ਲੜ ਲਾ ਕੇ ਆਪ ਜੀ ਜੋਤੀ-ਜੋਤਿ ਸਮਾਏ: ਕੱਤਕ ਸੁਦੀ 5 ਸੰਮਤ ੧756, ਸੰਨ ੧708, ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ, ਨੰਦੇੜ ਹੈਦਰਾਬਾਦ (ਦੱਖਣ) ਵਿਖੇ ਜੋਤੀ ਜੋਤਿ ਸਮਾਏ।**

★★★
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

# ਆਦਿ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਅੰਮ੍ਰਿਤਸਰ ਸ਼ਹਿਰ ਦੀ ਵਸੋਂ ਤੋਂ ਕੁਝ ਦੂਰ ਚਾਟੀਵਿੰਡ ਵਾਲੇ ਪਾਸੇ ਇਕਾਂਤ ਥਾਂ ਚੁਣੀ। ਸਭ ਤੋਂ ਪਹਿਲਾਂ ਉਥੇ ਇਕ ਛੋਟਾ ਜਿਹਾ ਸਰੋਵਰ ਬਣਾਇਆ, ਜਿਸ ਦਾ ਨਾਮ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਉੱਤੇ 'ਰਾਮਸਰ' ਰੱਖਿਆ। ਇਸੇ ਸਰੋਵਰ ਦੇ ਕਿਨਾਰੇ ਬੈਠ ਕੇ ਗੁਰਦੇਵ ਨੇ ਪਾਵਨ ਬਾਣੀ 'ਸੁਖਮਨੀ' ਸਾਹਿਬ ਉਚਾਰੀ ਅਤੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ੧ਓ ਜਪੁ ਜੀ ਸਾਹਿਬ ਤੋਂ ਲੈ ਕੇ ਸਾਰੀ ਬਾਣੀ ਤਰਤੀਬਵਾਰ ਗੁਰਬਾਣੀ ਦੀ ਨਿਰੋਲਤਾ ਨੂੰ ਕਾਇਮ ਰੱਖਣ ਵਾਸਤੇ, ਇਥੇ ਹੀ ਰਾਮਸਰ ਪਵਿੱਤਰ ਅਸਥਾਨ 'ਤੇ ਲਿਖਾਈ। ਕਿਉਂਕਿ ਕਈ ਕੱਚੀ ਬਾਣੀ ਉਚਾਰਨ ਕਰ ਰਹੇ ਸਨ। ਸਤਿਗੁਰੂ ਜੀ ਦੇ ਭਰਾ ਪ੍ਰਿਥੀ ਚੰਦ ਨੇ ਆਪਣੇ ਪੁੱਤਰ ਮੇਹਰਬਾਨ ਨੂੰ ਪਿੰਗਲ ਪੜ੍ਹਾਇਆ, ਜਿਸ ਦਾ ਸਦਕਾ ਮੇਹਰਵਾਨ ਕਵਿਤਾ ਰਚਨ ਲੱਗ ਪਿਆ। ਬੰਸਾਵਲੀਨਾਮਾ ਅੰਦਰ ਭਾਈ ਕੇਸਰ ਸਿੰਘ ਛਿੱਬਰ ਨੇ ਇਹ ਗੱਲ ਸਪੱਸ਼ਟ ਕੀਤੀ ਹੈ। ਉਹ ਲਿਖਦੇ ਹਨ :

**ਮਿਹਰਬਾਨ ਪੁਤ ਪ੍ਰਿਥੀਏ ਦਾ ਕਬੀਸਰੀ ਕਰੇ।**
**ਪਾਰਸੀ, ਹਿੰਦਵੀ, ਸੰਸਕ੍ਰਿਤ ਨਾਲੇ ਗੁਰਮੁਖੀ ਪੜੇ।**
**ਤਿਨ ਭੀ ਬਾਣੀ ਬਹੁਤ ਬਣਾਈ।**
**ਭੋਗ ਗੁਰੂ ਨਾਨਕ ਜੀ ਦਾ ਹੀ ਪਾਈ॥ 90॥**
**ਡੂਮ ਲਗੇ ਸ਼ਬਦ ਮੀਣਿਆਂ ਦਾ ਗਾਵਨਿ।**
**ਦੂਯਾ ਦਰਬਾਰ ਵਡਾ ਗੁਰਿਆਈ ਦਾ ਲਗੇ ਬਣਾਵਨਿ।**
**ਮੀਣਿਆਂ ਭੀ ਪੁਸਤਿਕ ਇਕ ਗ੍ਰੰਥ ਬਣਾਇਆ।**
**ਚਹੁ ਪਾਤਸਾਹੀਆਂ ਦਾ ਸ਼ਬਦ ਬਾਣੀ ਲਿਖ ਵਿਚ ਪਾਇਆ।**
ਯਥਾ :-**ਇਥੇ ਸ਼ਬਦ ਕੀਰਤਨ ਕਰਨ ਸਿਖ।**
**ਡੂੰਮ ਰਬਾਬੀ ਅਤੇ ਕੱਢੇ ਹੋਏ ਉਹਨਾਂ ਨੇ ਲਏ ਰੱਖ।**
**ਇਥੇ ਕਿਸੇ ਸਿਖ ਸ਼ਬਦ ਕੀਰਤਨ ਵਿਚ ਮੇਹਰਬਾਨ ਦਾ ਪੜਿਆ।**
**ਸੋ ਸੁਵਣੀ ਗੁਰੂ ਅਰਜਨ ਦੇਵ ਜੀ ਦੀ ਪਰਿਆ।**

ਇਹਨਾਂ ਮੀਣਿਆਂ ਦੀ ਕੱਚੀ ਬਾਣੀ ਦਾ ਸ਼ਬਦ ਕਿਸੇ ਸਿੱਖ ਨੇ ਭੁੱਲ ਭੁਲੇਖੇ ਗੁਰੂ ਜੀ ਦੀ ਹਜ਼ੂਰੀ ਵਿਚ

ਪੜ੍ਹ ਦਿੱਤਾ, ਜਿਸ ਨੂੰ ਸੁਣ ਕੇ ਸਤਿਗੁਰੂ ਜੀ ਹੈਰਾਨ ਹੋ ਗਏ। ਉਸ ਵੇਲੇ ਭਾਈ ਗੁਰਦਾਸ ਜੀ ਨੂੰ ਬੁਲਾ ਕੇ ਬਚਨ ਕੀਤਾ :

**ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ॥**
**ਮੀਣੇ ਪਾਦੈਨੀ ਰਲਾ ਸੇ ਵਿਚਿ ਰਲਾ ਨ ਧਰੀਏ॥**
**ਸੋ ਸਾਹਿਬ ਬਾਣੀ ਉਚਾਰਨ ਅੱਗੇ ਹੀ ਕਰਤ ਸੇ ਭਏ॥**
**ਸੋ ਭਾਈ ਗੁਰਦਾਸ ਸਭ ਇਕੱਤਰ ਕਰਾ ਲਏ॥**

(ਗੁਰ ਬਿਲਾਸ ਪਾ: 6, ਕਰਤਾ ਭਾਈ ਭਗਤ ਸਿੰਘ ਅਨੁਸਾਰ)

**ਗੁਰ ਅਰਜਨ ਮਨ ਐਸੋ ਧਰਿਯੋ॥ ਕਰ ਯਤਨ ਜਿ ਜਗ ਨਿਸਤਰਿਯੋ॥**
**ਦਸ ਮਹਿਲਾ ਤੱਕ ਰੂਪ ਹਮਾਰੇ॥ ਆਗੇ ਪੂਜਾ ਗ੍ਰਿਹ ਨਿਸਤਾਰੇ॥**
**ਤਾਂ ਬਾਣੀ ਸਭ ਇਕ ਰਚੀਯੇ॥ ਪੂਜਨੀਕ ਗੁਰੂ ਗ੍ਰੰਥ ਬਦਲੀਏ॥**

ਮਹਿਮਾ ਪ੍ਰਕਾਸ਼ ਵਿਚ ਭਾਈ ਸਰੂਪ ਦਾਸ ਭੱਲਾ ਜੀ ਨੇ ਭੀ ਜ਼ਿਕਰ ਕੀਤਾ ਹੈ :

**ਏਕ ਦਿਵਸ ਪ੍ਰਭ ਪ੍ਰਾਤਹ ਕਾਲ॥ ਦਯਾ ਕਰੇ ਪ੍ਰਭ ਦੀਨ ਦਯਾਲ॥**
**ਯੇ ਮਨ ਉਪਜੀ ਪ੍ਰਗਟਿਓ ਜਗ ਪੰਥ॥ ਤਿਹ ਕਾਰਨ ਕੀਜੈ ਅਬ ਗ੍ਰੰਥ॥**

ਸਿੱਖਾਂ ਦੀ ਭਗਤ ਮਾਲਾ ਵਿਚ ਭਾਈ ਮਨੀ ਸਿੰਘ ਜੀ ਲਿਖਦੇ ਹਨ :

**ਭਾਈ ਗੁਰਦਾਸ ਹੁਣ ਤਾਂ ਬਾਣੀ ਨੂੰ ਸਿਖ ਜਾਣਦੇ ਹੈਨ॥**
**ਅੱਗੇ ਜੋ ਹੋਵਣਗੇ ਸੋ ਪੜ੍ਹਨਗੇ ਨਹੀ ਸੋ ਗੁਰੂ ਦੀ ਬਾਣੀ ਕੌਣ॥**
**ਤਾ ਤੇ ਸਭ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੈ॥**
**ਤੇ ਅੱਖਰ ਭੀ ਗੁਰਮੁਖੀ ਸੁਗਮ ਕੀਜੈ॥**

ਧੰਨ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਲਿਜੁਗੀ ਜੀਆਂ 'ਤੇ ਤਰਸ ਕਰਕੇ ਕੱਚੀ ਬਾਣੀ ਦੀ ਰਲੌਟ ਤੋਂ ਸੱਚੀ ਬਾਣੀ ਨੂੰ ਬਚਾਵਣ ਵਾਸਤੇ, ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ਇਹ ਬੀੜ ਤਿਆਰ ਕਰਵਾਈ। ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੩, ਅਨੁਸਾਰ ਉਸ ਵੇਲੇ ਗੁਰਬਾਣੀ ਦੀਆਂ ਪੋਥੀਆਂ ਬਾਬਾ ਮੋਹਣ ਜੀ ਪਾਸ ਸਨ। ਇਸ ਕਾਰਜ ਵਾਸਤੇ ਪਹਿਲਾਂ ਭਾਈ ਗੁਰਦਾਸ ਜੀ ਨੂੰ ਭੇਜਿਆ, ਫਿਰ ਬਾਬਾ ਬੁੱਢਾ ਜੀ ਨੂੰ ਭੇਜਿਆ। ਦੋਵੇਂ ਖ਼ਾਲੀ ਵਾਪਿਸ ਆ ਗਏ ਸਨ। ਫਿਰ ਗੁਰੂ ਸਾਹਿਬ ਜੀ ਆਪ ਗਏ ਸਨ। ਬਾਬਾ ਮੋਹਣ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਪ੍ਰਾਪਤ ਕਰਕੇ, ਪਾਲਕੀ ਸਾਹਿਬ ਵਿਚ ਰੱਖ ਕੇ ਨੰਗੇ ਚਰਨੀਂ ਚੌਰ ਕਰਦਿਆਂ ਲੈ ਕੇ ਆਏ ਸਨ। ਇਸ ਪ੍ਰਸੰਗ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਵੀ ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ) ਦੇ ਪੰਨਾ ੪੧੮ 'ਤੇ ਅੰਕਿਤ ਕੀਤਾ ਹੈ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਵੀ ਦਿੱਤਾ ਹੈ। ਗੁਰੂ ਜੀ ਨੇ ਹੋਰ ਵੱਖ-ਵੱਖ ਥਾਵਾਂ ਤੋਂ ਬਾਣੀ ਨੂੰ ਇਕੱਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੰਪਾਦਨਾ ਕਰਕੇ, ਆਪਣੇ ਨਾਨਾ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਬਚਨ (ਦੋਹਿਤਾ ਬਾਣੀ ਦਾ ਬੋਹਿਥਾ) ਸਫਲ ਕਰਨ ਵਾਸਤੇ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਰਾਮਸਰ ਦੀ ਪਾਵਨ ਧਰਤੀ 'ਤੇ ਆਦਿ ਤੋਂ ਤਰਤੀਬਵਾਰ ਗੁਰੂ ਸਾਹਿਬ ਦੀ ਸਾਰੀ ਬਾਣੀ ਅਤੇ ਭਗਤਾਂ ਦੀ ਬਾਣੀ, ਭੱਟਾਂ ਦੇ ਸਵੱਈਏ ਅਤੇ ਹੋਰ ਗੁਰਸਿੱਖਾਂ ਦੀ ਬਾਣੀ ਜੋ ਧੁਰ ਕੀ ਬਾਣੀ ਦੇ ਨਾਲ ਮੇਲ ਖਾਂਦੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖਵਾਈ। ਰਾਗਮਾਲਾ ਲਿਖ ਕੇ ਲਿਖਣ ਦੇ ਕੰਮ ਨੂੰ ਸੰਪੂਰਨ ਕੀਤਾ। ਰਾਗਮਾਲਾ ਤਬ ਹੀ ਲਿਖੀ, ਭੋਗ ਤਾਹਿ ਪਰਿ ਠਾਨ॥ ੬੫੪॥

ਭਾਈ ਬੰਨੋ ਜੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਧਵਾਈ ਅਤੇ ਹੋਰ ਸਾਰੇ ਪ੍ਰਬੰਧ ਮੁਕੰਮਲ ਕਰਕੇ ਸੰਮਤ ੧੬੬੧ ਬਿ. ਭਾਦਰੋਂ ਸੁਦੀ ਏਕਮ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦਾ ਪ੍ਰੋਗਰਾਮ ਪੱਕਾ ਕੀਤਾ। ਗਿਆਨੀ ਗਿਆਨ ਸਿੰਘ ਜੀ ਨੇ ਇਸ ਪ੍ਰਕਾਰ ਕਥਨ ਕੀਤਾ ਹੈ :

**ਸੋਲਾ ਸੌ ਇਕਾਹਟ ਮੈ, ਗੁਰੂ ਗ੍ਰੰਥ ਕਰਿ ਤਯਾਰ,**
**ਜਿਲਦ ਬੰਧਾਂਵਨੇ ਲਹੌਰ ਮੈ ਪਠਾਯੋ ਹੈ।**
**ਭਾਈ ਬੰਨੋ ਜੀ ਕੇ ਹਾਥ ਤਾਂਹਿ ਐਸੀ ਕੀਨ ਬਾਤ,**
**ਦੂਸਰੋ ਗ੍ਰੰਥ ਸਾਥ ਤਯਾਰ ਕਰਿ ਲਯਾਯੋ ਹੈ।**
**ਪੇਖ ਗੁਰੂ ਕਹਯੋ ਬਿਨ ਆਗਯਾ ਤੇ ਲਿਖਵਾਯੋ,**
**ਖਾਰੀ ਬੀੜ ਯਾਂਤੇ ਨਾਮ ਯਾਹਿ ਕੌ ਰਹਾਯੋ ਹੈ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਸੋ ਭਾਈ ਬੰਨੋ ਜੀ ਜੋ ਦੂਸਰੀ ਬੀੜ ਤਿਆਰ ਕਰਕੇ ਲਿਆਏ ਸਨ, ਉਸ ਦਾ ਨਾਮ ਖਾਰੀ ਬੀੜ ਗੁਰੂ ਜੀ ਨੇ ਰਖਿਆ। ਸੋ ਇਸ ਉਪਰੰਤ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਹਿਤ ਗ੍ਰੰਥੀ ਨੀਯਤ ਕਰਨ ਸਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਵਿਚਾਰਾਂ ਕਰਨ ਲੱਗੇ। ਉਨ੍ਹਾਂ ਵਿਚਾਰਾਂ ਬਾਰੇ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਪ੍ਰਕਾਰ ਜ਼ਿਕਰ ਕੀਤਾ ਹੈ :-

**ਰਿਦੈ ਬਿਚਾਰਨਿ ਸ੍ਰੀ ਗੁਰ ਕਰੈ। ਟਹਿਲ ਗ੍ਰੰਥ ਕੀ ਕੌਣ ਸੁ ਧਰੈ।**
**ਬੇਦੀ ਤੇਹਣ ਭੱਲੇ ਬੰਸ॥ ਸੋਢੀ ਜੇ ਕੁਲ ਕੇ ਅਵਤੰਸ॥ 24॥**
**ਨਿਜ ਕੁਲ ਕੋ ਇਨ ਕੋ ਹੰਕਾਰਾ॥ ਕਰ ਨ ਸਕਹਿ ਸੇਵ ਉਦਾਰਾ।**
**ਇਹ ਸੇਵਕ ਕੀ ਵਸਤੁ ਸਦੀਵਾ। ਨਿਰ ਹੰਕਾਰ ਜਿਨਹੁ ਮਨ ਨੀਵਾ॥ 25॥**

ਇਹਨਾਂ ਵਿਚਾਰਾਂ ਦੇ ਕਰਨ ਤੋਂ ਉਪਰੰਤ ਆਪ ਜੀ ਦੀ ਨਿਗ੍ਹਾ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਉਪਰ ਜਾ ਟਿਕੀ ਤੇ ਆਪ ਜੀ ਨੇ ਫ਼ੁਰਮਾਇਆ :

**ਸੇਵਾ ਵਿਖੇ ਨਿਪੁੰਨ ਜੋ ਹੋਇ। ਕਰੀਅਹਿ ਇਹਾਂ ਸੰਥਾਪਨਿ ਸੋਇ॥**
**ਸ੍ਰੀ ਨਾਨਕਿ ਕੋ ਦਰਸਨ ਕੀਨ। ਅਸ ਬੁਢਾ ਵਿੱਚ ਸੇਵਾ ਪ੍ਰਬੀਨ॥ *29*॥**

(ਰਾਸਿ *3*, ਅੰਸੂ *50*)

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਥਾਪਿਆ ਅਤੇ ਬਾਬਾ ਜੀ ਨੂੰ ਹੁਕਮ ਕੀਤਾ :

**ਬੁਢਾ ਨਿਜ ਸਿਰ ਪਰ ਧਰ ਗ੍ਰਿੰਥ। ਆਗੇ ਚਲਹੁ ਸੁਧਾਸਰ ਪੰਥ।**
**ਮਾਨਿ ਬਾਕ ਲੇ ਭਯੋ ਅਗਾਰੇ। ਚਮਰ ਗੁਰੂ ਅਰਜਨ ਕਰ ਧਾਰੇ॥ *29*॥**
**ਸੰਖ ਅਨਿਕ ਲਘੁ ਦੁੰਦਭਿ ਬਾਜੇ। ਜੈ ਜੈ ਕਾਰ ਊਚ ਸੁਰ ਗਾਜੇ।**
**ਸੁੰਦਰ ਸ੍ਰੀ ਹਰਿਗੋਬਿੰਦ ਚੰਦ। ਸੰਗ ਚਲਿਤ ਹੋਇ ਸੋਭਿ ਬਿਲੰਦ॥ *30*॥**

ਅਤੇ ਪਹਿਲਾ ਪ੍ਰਕਾਸ਼ ਜਦ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਤਾ :

**ਹਰਿ ਮੰਦਰ ਮਹਿ ਜਾਇ ਪਹੁੰਚੇ। ਰਾਗੀ ਕਰਤਿ ਰਾਗ ਸੁਰ ਊਚੇ।**
**ਮੰਜੀ ਸਹਿਤ ਗ੍ਰੰਥ ਤਹਿ ਥਾਪਿ। ਬੈਠੇ ਨਿਕਟ ਗੁਰੂ ਤਬਿ ਆਪਿ।**
**ਵਾਰ ਭੋਗ ਕੋ ਸੁਨਿ ਮਨ ਲਾਈ। ਸ੍ਰੀ ਅਰਜਨ ਪੁਨ ਗਿਰਾ ਅਲਾਈ।**
**ਬੁਢਾ ਸਾਹਿਬ ਖੋਲਹੁ ਗ੍ਰੰਥ। ਲੇਹੁ ਅਵਾਜ਼ ਸੁਨਹਿ ਸਭ ਪੰਥ।**
**ਸੁਨਿ ਗੁਰ ਬਚਨ ਰੁਚਿਰ ਮਨ ਲਾਇਕ। ਸੱਤ ਵਾਕ ਮੁਖ ਜਲਧ ਅਲਾਇਕ।**
**ਅਦਬ ਸੰਗ ਤਬਿ ਗ੍ਰੰਥ ਸੋ ਖੋਲਾ। ਲੈ ਅਵਾਜ਼ ਬੁਢਾ ਮੁਖਿ ਬੋਲਾ।**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ *3*, ਅੰਸੂ *50*)

ਪਹਿਲਾ ਹੁਕਮ ਆਇਆ ਸੀ।

ਸੂਹੀ ਮਹਲਾ *5* ॥

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**

(ਅੰਗ *783*)

☆☆☆

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਦਮਦਮੀ ਬੀੜ)

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਪਾਵਨ ਧਰਤੀ 'ਤੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਵਾਰ ਸੁਭਾਇਮਾਨ ਸਨ। ਇਕ ਸਿੰਘ ਪੰਜ ਗ੍ਰੰਥੀ ਦਾ ਪਾਠ ਕਰ ਰਿਹਾ ਸੀ। ਦੱਖਣੀ ਓਅੰਕਾਰ ਦੀ ਬਾਣੀ ਪੜ੍ਹਦਿਆਂ ਬਾਣੀ ਗ਼ਲਤ ਪੜ੍ਹੀ। ਦੁਲਾਵਾਂ ਦੇ ਥਾਂ ਇਕ ਲਾਂਵ ਦਾ ਉਚਾਰਨ ਕੀਤਾ। ਕੈ ਦੇ ਥਾਂ ਕੇ ਪੜ੍ਹਿਆ। ਲਾਗੇ ਸੁਣ ਰਹੇ ਸਿੰਘ ਨੇ ਦੱਸਿਆ ਕਿ ਗ਼ਲਤ ਪੜ੍ਹ ਰਿਹਾ ਹੈਂ, ਕੈ ਪੜ੍ਹਨਾ ਕਰ, ਸ਼ੁੱਧ ਨਾ ਪੜ੍ਹਨ ਤੋਂ ਸਿਆਣੇ ਸਿੰਘ ਨੇ ਤਾੜਨਾ ਕੀਤੀ। ਉਸ ਗ਼ਲਤ ਪੜ੍ਹਨ ਵਾਲੇ ਸਿੰਘ ਨੇ ਦਸਮੇਸ਼ ਜੀ ਪਾਸ ਬੇਨਤੀ ਕੀਤੀ ਕਿ ਮੈਂ ਬਾਣੀ ਪੜ੍ਹਦਾ ਸੀ, ਇਸ ਸਿੰਘ ਨੇ ਮੈਨੂੰ ਤਾੜਿਆ ਹੈ। ਤਾਂ ਹਜ਼ੂਰ ਨੇ ਅਰਥ ਕਰਕੇ ਦੱਸਿਆ ਕਿ ਤੈਂ ਸਾਡਾ ਅੰਗ ਭੰਗ ਕੀਤਾ ਹੈ। ਗੁਰਬਾਣੀ ਗੁਰੂ ਸਰੂਪ ਹੈ, ਲਗਾਂ ਮਾਤ੍ਰਾਂ ਸਾਡੇ ਅੰਗ ਹਨ। ਸ਼ੁੱਧ ਪਾਠ ਹੈ : "ਕਰਤੇ ਕੀ ਮਿਤ ਕਰਤਾ ਜਾਣੈ॥ ਕੈ ਜਾਣੈ ਗੁਰ ਸੂਰਾ॥ ਸਿੰਘਾ ਤੈਂ ਕੈ ਦੇ ਥਾਂ ਕੇ ਪੜ੍ਹਿਆ ਹੈ, ਤਾਂ ਸਿੰਘਾਂ ਨੇ ਬੇਨਤੀ ਕੀਤੀ ਕਿ ਹਜ਼ੂਰ ! ਸਾਨੂੰ ਸ਼ੁੱਧ ਬਾਣੀ ਪੜ੍ਹਨੀ ਸਿਖਾਉ, ਨਾਲ ਅਰਥ ਵੀ ਪੜ੍ਹਾਉ ਤਾਂ ਗੁਰਦੇਵ ਨੇ ਬਚਨ ਕੀਤਾ ਸੀ ਕਿ ਜੰਗਾਂ ਯੁੱਧਾਂ ਤੋਂ ਵਿਹਲੇ ਹੋ ਕੇ ਪੜ੍ਹਾਵਾਂਗੇ। ਤਖ਼ਤ ਸ੍ਰੀ ਦਮਦਮਾ ਸਾਹਿਬ ਹਜ਼ੂਰ ਦੇ ਪਾਸ ਸਿੰਘਾਂ ਨੇ ਫੇਰ ਬੇਨਤੀ ਕੀਤੀ, ਜੀ ਹੁਣ ਕਮਰਕਸਾ ਖੋਲ੍ਹ ਦਿੱਤਾ ਹੈ। ਆਪ ਜੀ ਵੇਹਲੇ ਹੋ, ਕਿਰਪਾ ਕਰਕੇ ਸਾਨੂੰ ਬਾਣੀ ਸ਼ੁੱਧ ਪੜ੍ਹਨੀ ਸਿਖਾਉ ਅਤੇ ਨਾਲ ਅਰਥ ਵੀ ਸਮਝਾਉ। ਤਾਂ ਕਲਗੀਧਰ ਜੀ ਨੇ ਕਰਤਾਰਪੁਰ ਸਿੰਘ ਭੇਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਆਵਣ ਵਾਸਤੇ। ਅੱਗੋਂ ਧੀਰ ਮੱਲੀਆਂ ਸਰੂਪ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜੇ ਗੁਰੂ ਨਾਨਕ ਦਾ ਦਸਵਾਂ ਸਰੂਪ ਆਪ ਹਨ ਤਾਂ ਪੰਚਮ ਸਰੂਪ ਵਿਚ ਸਾਨੂੰ ਦਿੱਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਉਂ ਵਾਪਿਸ ਮੰਗ ਰਹੇ ਹਨ ? ਆਪ ਸਮਰੱਥ ਗੁਰੂ ਹਨ ਤਾਂ ਨਵਾਂ ਸਰੂਪ ਲਿਖਾ ਲੈਣ, ਨਾਲੇ ਆਪ ਜੀ ਦੀ ਸਮਰੱਥਾ ਦਾ ਪਤਾ ਲੱਗ ਜਾਵੇਗਾ। ਸਿੰਘਾਂ ਨੇ ਵਾਪਿਸ ਆ ਕੇ ਹਜ਼ੂਰ ਨੂੰ ਤਲਵੰਡੀ ਸਾਬੋਂਕੇ ਸਾਰੀ ਗੱਲ ਦੱਸੀ। ਤਾਂ ਪਰਉਪਕਾਰੀ ਸਮਰੱਥ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਗਾ ਕੇ ਜਪੁ ਜੀ ਸਾਹਿਬ ਤੋਂ ਸ਼ੁਰੂ ਕਰਕੇ ਸਾਰੀ ਬਾਣੀ, ਸਮੇਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਲਿਖਾਈ। ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ :

**ਮਨੀ ਸਿੰਘ ਜੋ ਲਿਖਣ ਬਠਾਯੋ। ਨਿਤ ਦੋ ਪਹਰ ਸੰਕੇਤ ਠਹਰਾਯੋ।**
**ਸਤਿਗੁਰ ਭਏ ਉਚਾਰਤ ਜੈਸੇ। ਭਾਈ ਲਿਖੀ ਸਿਖ ਤਹਿ ਤੈਸੇ।**
**ਪੂਰਨ ਤੂਰਨ ਕਈ ਮਾਸ ਹੈ ਆਦਿ ਗ੍ਰੰਥ ਕੀਜੈ ਤਿਆਰ।**
**ਬੀੜ ਆਦਿ ਗ੍ਰੰਥ ਕੀ ਨਈ ਕਰੀ ਯੋ ਤਿਆਰ।**
**ਯਾਹੀ ਤੇ ਕਹਿਲਾਤ ਵੋ ਬੀੜ ਦਮਦਮੀ ਵਾਲ।**

ਪਹਿਲਾਂ ਪੰਚਮ ਪਾਤਿਸ਼ਾਹ ਵਾਲਾ ਸਰੂਪ ੩੦ ਰਾਗਾਂ ਵਿਚ ਬਾਣੀ ਦਰਜ ਹੈ। ਦਸਮ ਪਾਤਿਸ਼ਾਹ ਜੀ ਨੇ ੩੧ ਰਾਗ ਜੈਜਾਵੰਤੀ ਰਾਗੁ ਜਿਸ ਵਿਚ ਨਿਰੋਲ ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਹੈ, ਲਿਖਾ ਕੇ, ਭੋਗ ਰਾਗੁ ਮਾਲਾ 'ਤੇ ਪਾਇਆ ਹੈ। ਜਿਥੇ ਸਵੇਰ ਸਮੇਂ ਗੁਰਬਾਣੀ ਲਿਖਵਾਉਂਦੇ ਸਨ, ਉਥੇ ਸ਼ਾਮਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਇਆ ਕਰਦੇ ਸਨ। ਸ਼ੁੱਧ ਪਾਠ ਕਰਨ ਅਤੇ ਅਰਥ ਪੜ੍ਹਨ ਵਾਲਿਆਂ ਦੀ ਗਿਣਤੀ ਉਸ ਸਮੇਂ ੪੮ ਮੰਨੀ ਹੈ।

ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਗੁਰਬਾਣੀ ਦੇ ਅਰਥ ਪੜ੍ਹਨ ਵਾਲੇ ਸਿੰਘਾਂ ਦੇ ਨਾਮ :

੧. ਗਿ: ਭਾਈ ਮਨੀ ਸਿੰਘ ਜੀ ਸ਼ਹੀਦ (ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਜੀ)

੨. ਗਿਆਨੀ ਕਾਨ੍ਹ ਸਿੰਘ ਜੀ

੩. ਗਿਆਨੀ ਬਿਨੋਦ ਸਿੰਘ ਜੀ

੪. ਗਿ: ਬਾਬਾ ਦੀਪ ਸਿੰਘ ਜੀ ਸ਼ਹੀਦ (ਸ੍ਰੀ ਦਮਦਮਾ ਸਾਹਿਬ ਦੀ ਟਕਸਾਲ ਦੇ ਮੋਢੀ)

੫. ਗਿਆਨੀ ਗੁਰਬਖਸ਼ ਸਿੰਘ ਜੀ ਸ਼ਹੀਦ (ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਟਕਸਾਲ ਦੇ ਦੂਸਰੇ ਮੁਖੀ)

੬. ਸਾਹਿਬ ਰਾਮ ਕੁਇਰ ਜੀ ਅੰਮ੍ਰਿਤ ਛੱਕ ਕੇ ਜਿਨ੍ਹਾਂ ਦਾ ਨਾਮ (ਭਾਈ ਗੁਰਬਖਸ਼ ਸਿੰਘ ਜੀ)

੭. ਗਿਆਨੀ ਦਾਨ ਸਿੰਘ ਜੀ (ਮਹਿਮਾ ਸਰਜਾ ਦੇ ਬਰਾੜ)

੮. ਭਾਈ ਧਰਮ ਸਿੰਘ ਜੀ (ਰੂਪ ਚੰਦ ਜੀ ਦੇ ਪੁੱਤਰ ਭਾਈ ਰੂਪੇ ਤੋਂ)

੯. ਭਾਈ ਪਰਮ ਸਿੰਘ ਜੀ

੧੦. ਭਾਈ ਸ਼ਮੀਰ ਸਿੰਘ ਜੀ (ਦੀਨੇ ਵਾਲੇ)

੧੧. ਭਾਈ ਦਇਆ ਸਿੰਘ ਜੀ (ਜੀਂਦ)

੧੨. ਭਾਈ ਭੀਵਾ ਸਿੰਘ ਜੀ (ਬਠਿੰਡਾ)

੧੩. ਭਾਈ ਪਿਆਰਾ ਸਿੰਘ ਜੀ (ਅੰਮ੍ਰਿਤਸਰੀ)

੧੪. ਭਾਈ ਬੀਰ ਸਿੰਘ ਜੀ (ਰੰਗਰੇਟੇ)

੧੫. ਭਾਈ ਧੀਰ ਸਿੰਘ ਜੀ (ਰੰਗਰੇਟੇ)

੧੬. ਭਾਈ ਸੁੰਦਰ ਸਿੰਘ ਜੀ (ਧਰਮ ਕੋਟ)

੧੭. ਭਾਈ ਅਮਰ ਸਿੰਘ ਜੀ (ਮੀਰਾਂ ਕੋਟ)

੧੮. ਭਾਈ ਤਾਰਾ ਸਿੰਘ ਜੀ (ਦਿੱਲੀ)
੧੯. ਭਾਈ ਜਗਜੀਵਨ ਸਿੰਘ ਜੀ (ਅੰਬਾਲਾ)
੨੦. ਭਾਈ ਗੋਪਾਲ ਸਿੰਘ ਜੀ (ਮਨੀ ਮਾਜਰਾ)
੨੧. ਭਾਈ ਧਿਆਨ ਸਿੰਘ ਜੀ
੨੨. ਭਾਈ ਬਿਸ਼ੰਬਰ ਸਿੰਘ ਜੀ (ਉਜੈਨ ਪੁਰੀ)
੨੩. ਭਾਈ ਹਰਿ ਗੋਪਾਲ ਸਿੰਘ ਜੀ (ਉਜੈਨ)
੨੪. ਭਾਈ ਧੰਨਾ ਸਿੰਘ ਜੀ 'ਕਵਿਰਾਜ' ਗੁਰੂ ਕੇ ਘਾਹੀ ਨੁਸ਼ਹਿਰਾ ਪੰਨੂੰਆਂ
੨੫. ਭਾਈ ਨੰਦ ਸਿੰਘ ਜੀ (ਭਾਈ ਨੰਦ ਲਾਲ ਜੀ ਗ਼ਜ਼ਲਾਂ ਵਾਲੇ)
੨੬. ਭਾਈ ਮਾਨ ਸਿੰਘ ਜੀ (ਚੌਰਬਰਦਾਰ)
੨੭. ਭਾਈ ਰਾਏ ਸਿੰਘ ਜੀ (ਰਾਮਪੁਰ)
੨੮. ਭਾਈ ਮੱਖਣ ਸਿੰਘ ਜੀ (ਨਾਭਾ)
੨੯. ਭਾਈ ਮਦਨ ਸਿੰਘ ਜੀ (ਐਤੀਆਣਾ)
੩੦. ਭਾਈ ਧਰਮ ਸਿੰਘ ਜੀ (ਭਿੰਡਰ ਕਲਾਂ)
੩੧. ਭਾਈ ਸੁਜਾਨ ਸਿੰਘ ਜੀ (ਰੋਪੜ)
੩੨. ਭਾਈ ਜੀਵਨ ਸਿੰਘ ਜੀ (ਬੋਪਾਰਾਏ ਕੋਟ)
੩੩. ਭਾਈ ਅਕਾਲ ਸਿੰਘ ਜੀ (ਅਖਾੜਾ)
੩੪. ਭਾਈ ਪ੍ਰਿਤਪਾਲ ਸਿੰਘ ਜੀ (ਰਾਵਲਪਿੰਡੀ)
੩੫. ਭਾਈ ਦਇਆਲ ਸਿੰਘ ਜੀ (ਗੋਇੰਦਵਾਲ)
੩੬. ਭਾਈ ਬਖਤਾਵਰ ਸਿੰਘ ਜੀ 'ਸੋਢੀ' (ਅਨੰਦਪੁਰ ਸਾਹਿਬ)
੩੭. ਭਾਈ ਦੇਵਾ ਸਿੰਘ ਜੀ (ਤਰਨਤਾਰਨ)
੩੮. ਭਾਈ ਮੇਵਾ ਸਿੰਘ ਜੀ (ਖਡੂਰ ਸਾਹਿਬ)
੩੯. ਭਾਈ ਧਿਆਨ ਸਿੰਘ ਜੀ (ਨਨਕਾਣਾ ਸਾਹਿਬ)
੪੦. ਭਾਈ ਅਚੱਲ ਸਿੰਘ ਜੀ (ਤਲਵੰਡੀ ਸਾਬੋ)
੪੧. ਭਾਈ ਜੈ ਸਿੰਘ ਜੀ (ਸਵਾਈ ਜੈ ਪੁਰ ਦਾ ਰਾਜਾ)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

੪੨. ਭਾਈ ਬਿਸ਼ਨ ਸਿੰਘ ਜੀ (ਮਹਾਰਾਜਾ ਜੋਧਪੁਰ)

੪੩. ਭਾਈ ਭਾਗ ਸਿੰਘ ਜੀ (ਅਨੰਦਪੁਰ ਸਾਹਿਬ)

੪੪. ਭਾਈ ਵਸਾਵਾ ਸਿੰਘ ਜੀ (ਚੋਹਲਾ ਸਾਹਿਬ)

੪੫. ਭਾਈ ਕਨੱਈਆ ਸਿੰਘ ਜੀ (ਤਖਤੂਪੁਰਾ)

੪੬. ਭਾਈ ਰਾਮਾ ਸਿੰਘ ਜੀ ਮਹਾਰਾਜਾ ਨਾਭਾ, ਪਟਿਆਲਾ, ਜੀਂਦ

੪੭. ਭਾਈ ਤ੍ਰਿਲੋਕ ਸਿੰਘ ਜੀ (ਫੂਲ ਵੰਸ)

੪੮. ਭਾਈ ਮਲਿਆਗਰ ਸਿੰਘ ਜੀ 'ਸੰਤੋਖੀ'

ਇਸ ਪ੍ਰਕਾਰ ੯ ਮਹੀਨੇ ੯ ਦਿਨ ਵਿਚ ਸੰਮਤ ੧੭੬੩ ਕੱਤਕ ਸੁਦੀ ਪੂਰਨਮਾਸ਼ੀ ਤੋਂ ਆਰੰਭ ਕਰ ਕੇ ੧੭੬੩ ਬਿਕਰਮੀ ੨੩ ਸਾਵਣ ਤਕ ਅਰਥ ਪੜ੍ਹਾਏ ਅਤੇ ਸਾਰੀ ਗੁਰਬਾਣੀ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸਮੇਤ, "ੴ ਤੋਂ ਲੈ ਕੇ ਅਠਾਰਹ ਦਸ ਬੀਸ' ਤੱਕ, ਸੰਪੂਰਨ ਕੀਤਾ। ਲਗ-ਮਾਤਰ ਤਕ ਦਾ ਭੀ ਫ਼ਰਕ ਸਤਿਗੁਰਾਂ ਨੇ ਨਹੀਂ ਪੈਣ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚੇ, ਕਰਤਾਰਪੁਰ ਸਾਹਿਬ ਵਾਲੇ ਸਰੂਪ ਵਿਚ ਰਹਰਾਸਿ ਸਾਹਿਬ ਦੇ ਕੇਵਲ ਪੰਜ ਹੀ ਸ਼ਬਦ ਹਨ। ਨੌਵੇਂ ਪਾਤਸ਼ਾਹ ਜੀ ਦੀ ਬਾਣੀ ਵੀ ਨਹੀਂ ਹੈ। ਦਸਮੇਸ਼ ਪਿਤਾ ਜੀ ਨੇ ਜੋ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨ ਕੀਤਾ, ਉਸ ਵਿਚ 'ਰਹਰਾਸਿ ਸਾਹਿਬ' ਦੇ ਨੌਂ ਸ਼ਬਦ ਹਨ, ਜਿਨ੍ਹਾਂ ਦਾ ਪਾਠ ਹਰ ਰੋਜ਼ ਸੰਗਤਾਂ ਕਰਦੀਆਂ ਹਨ। ਭੋਗ ਦੋਹਾਂ ਸਰੂਪਾਂ ਦਾ ਅਠਾਰਹ ਦਸ ਬੀਸ 'ਤੇ ਹੈ। ਪਹਿਲੇ ਸਰੂਪ ਦੇ ਲਿਖਾਰੀ ਭਾਈ ਗੁਰਦਾਸ ਜੀ ਸਨ। 'ੴ ਤੋਂ ਲੈ ਕੇ ਅਠਾਰਹ ਦਸ ਬੀਸ" ਤੱਕ ਇਕੋ ਲਿਖਾਰੀ, ਇਕੋ ਲਿਖਣ ਸ਼ੈਲੀ, ਅੱਖਰਾਂ ਦੀ ਬਣਤਰ, ਸਿਆਹੀ ਤੇ ਕਾਗ਼ਜ਼ ਇਕੋ ਤਰ੍ਹਾਂ ਦੇ ਹੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਤੇ ਅਰਥਾਂ ਦੀ ਟਕਸਾਲ ਪ੍ਰਾਰੰਭਤਾ ਦਾ ਕਾਰਜ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ਸਾਬੋ ਕੀ ਤਲਵੰਡੀ ਦਾ ਨਾਮ 'ਤਖ਼ਤ ਸ੍ਰੀ ਦਮਦਮਾ ਸਾਹਿਬ' ਗੁਰੂ ਕੀ ਕਾਸ਼ੀ ਰੱਖ ਕੇ ਵਰ ਦਿੱਤਾ ਕਿ ਜੋ ਏਥੇ ਬੈਲ-ਬੁਧੀ ਵਾਲਾ ਵੀ ਪੜ੍ਹੇਗਾ, ਉਸ ਨੂੰ ਛੇਤੀ ਵਿੱਦਿਆ ਪ੍ਰਾਪਤ ਹੋਇਆ ਕਰੇਗੀ। ਗੁਰਬਾਣੀ ਦੇ ਸੰਪੂਰਨ ਹੋਣ ਤੋਂ ਜੋ ਸਿਆਹੀ ਤੇ ਕਲਮਾਂ ਬਚੀਆਂ, ਹਜ਼ੂਰ ਨੇ ਜਿਸ ਸਰੋਵਰ ਵਿਚ ਸੁੱਟੀਆਂ, ਉਸ ਦਾ ਨਾਮ ਲਿਖਣਸਰ ਰੱਖਿਆ।

**ਯਥਾ— ਇਹ ਹੈ ਪ੍ਰਗਟ ਹਮਾਰੀ ਕਾਸ਼ੀ॥**
**ਪੜ ਹੈ ਇਹਾਂ ਢੋਰ ਮਤਰਾਸੀ॥**
**ਲੇਖਕ ਗੁਨੀ ਕੁਵਿਦ ਗਿਆਨੀ।**
**ਬੁਧਿ ਸਿੰਧੁ ਹ੍ਵੈ ਹੈਂ ਇਤ ਆਨੀ।**
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਦੋਹਿਰਾ॥ ਤਿਨ ਕੇ ਕਾਰਨ ਕਲਮ ਗਢ ਦੇਤ ਪ੍ਰਗਟ ਹਮ ਡਾਰ।
ਸਿਖ ਸਖਾ ਇਤ ਪੜੈਂਗੇ ਹਮਰੇ ਕਈ ਹਜ਼ਾਰ।

(ਗੁਰਬਿਲਾਸ ਪਾ: ੧੦, ਕ੍ਰਿਤ ਭਾਈ ਸੁੱਖਾ ਸਿੰਘ)

ਤਥਾ :

ਸਤਿਗੁਰ ਬੈਠ ਸੁ ਦਮਦਮੈ ਲਿਖਨ ਘੜ ਸੁਟ ਦੇ।
ਹਮਾਰੀ ਕਾਸ਼ੀ ਯਹ ਭਈ ਆਇ ਮੂਰਖ ਇਹਾਂ ਪੜ੍ਹੈ।

(ਗੁਰ ਬਿਲਾਸ ਪਾ: ੧੦, ਕ੍ਰਿਤ ਕਵੀ ਭਾਈ ਸੁੱਖਾ ਸਿੰਘ ਜੀ, ਅੰਗ 488)

ਸੁਨ ਕੇ ਤੁਮ ਤਾਂਹੀ ਕੇ ਬੈਨਣ ਕੌ,
ਦਮਦਮਾ ਸੌ ਮਾਲਵੇ ਬੀਚ ਸਵਾਰੌ।
ਧਿਗ ਤਾਹੀ ਤਲਵੰਡੀ ਕੌ ਕਾਸ਼ੀ ਰਚੌਂ,
ਜਾ ਬੈਲ ਪੜ੍ਹੈ ਹੋਇ ਬੁਧਿ ਉਧਾਰੌ।
ਇਹ ਗ੍ਰੰਥ ਉਚਾਰਨ ਕਰੌਂ ਤਹਾਂ ਬੈਠ ਕੇ,
ਬੀੜ ਸੌਊ ਜਗ ਮਾਹਿ ਬਿਥਾਰੌ।
ਅਖਰ ਏਕ ਕੌ ਭੇਦ ਧਰੌਂ ਨਹਿ,
ਮਮ ਦਾਸ ਗੁਰੂ ਸੰਮ੍ਰਥ ਬਿਚਾਰੌਂ।

(ਗੁਰ ਬਿਲਾਸ ਪਾਤਸ਼ਾਹੀ 6)

ਯਥਾ :

ਨੌ ਮਹੀਨੇ ਤੇ ਨੌ ਦਿਨੈ ਤਲਵੰਡੀ ਰਖੈ ਮੁਕਾਮ।
ਡੇਰਾ ਤੋਰਾ ਰੁਖ ਦਖਣ ਛਡ ਤੁਰਕਨ ਬਡ ਥਾਨ।

(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 72)

☆☆☆

# ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ

ਨੰਦੇੜ ਦੀ ਧਰਤੀ, ਜਿਸ ਨੂੰ ਅੱਜ ਅਸੀਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਨਾਮ ਨਾਲ ਯਾਦ ਕਰਦੇ ਹਾਂ, ਇਥੇ ਇਕ ਦਿਨ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰ ਸਰਹੰਦ ਦੇ ਸੂਬੇ ਵਜੀਦ ਖ਼ਾਂ ਦੇ ਭੇਜੇ ਹੋਏ ਪਠਾਨ ਗੁਲ ਖ਼ਾਂ ਤੇ ਅਤਾਉੱਲਾ ਖ਼ਾਂ ਨੇ ਵਾਰ ਕੀਤਾ। ਖ਼ੰਜਰ ਨਾਲ ਕੀਤੇ ਵਾਰ ਨਾਲ ਗੁਰਦੇਵ ਜੀ ਦੀ ਛਾਤੀ ਵਿਚ ਡੂੰਘਾ ਜ਼ਖ਼ਮ ਹੋ ਗਿਆ। ਜ਼ਖ਼ਮ ਦਾ ਇਲਾਜ ਕੀਤਾ ਗਿਆ, ਪਰ ਇਕ ਦਿਨ ਹਜ਼ੂਰ ਨੇ ਭਾਰੀ ਧਨੁੱਸ਼ ਉਠਾ ਕੇ ਖਿਚ ਕੇ ਤੀਰ ਦਾ ਨਿਸ਼ਾਨਾ ਲਗਾਇਆ ਜਿਸ ਨਾਲ ਜ਼ਖ਼ਮ ਦੇ ਟਾਂਕੇ ਟੁੱਟ ਗਏ ਸਨ। ਮੁੜ ਗੁਰਦੇਵ ਨੇ ਟਾਂਕੇ ਲਗਾਉਣ ਤੋਂ ਇਨਕਾਰ ਕਰ ਦਿੱਤਾ, ਨਾਲ ਸਿੰਘਾਂ ਨੂੰ ਦੱਸਿਆ ਕਿ ਸਿੰਘੋ ! ਉਦਾਸ ਨਹੀਂ ਹੋਣਾ, ਮਾਲਕ ਦਾ ਭਾਣਾ ਹੀ ਇਸ ਤਰ੍ਹਾਂ ਹੈ। ਜ਼ਖ਼ਮ ਵਿਚੋਂ ਖ਼ੂਨ ਵਗਣ ਲੱਗ ਪਿਆ। ਸਵੇਰ ਹੁੰਦਿਆਂ ਤੱਕ ਖ਼ੂਨ ਬਹੁਤਾ ਨਿਕਲਣ ਕਰਕੇ ਚੋਜੀ ਪ੍ਰੀਤਮ ਸਤਿਗੁਰੂ ਮਹਾਰਾਜ ਜੀ ਦੀ ਹਾਲਤ ਖ਼ਰਾਬ ਹੋ ਗਈ। ਗੁਰੂ ਕੇ ਸਿੰਘ ਦੇਖ ਕੇ ਬਹੁਤ ਚਿੰਤਾਤੁਰ ਹੋ ਗਏ। ਸਤਿਗੁਰੂ ਸਾਹਿਬ ਜੀ ਨੇ ਸਾਰੇ ਸਿੰਘਾਂ ਨੂੰ ਕਿਹਾ, ''ਖਾਲਸਾ ਜੀ ! ਚਿੰਤਾ ਕਰਨ ਦੀ ਲੋੜ ਨਹੀਂ। ਭਾਣਾ ਮੰਨਣ ਵਿਚ ਹੀ ਭਲਾ ਹੈ। ਸਾਡਾ ਅੰਤ ਸਮਾਂ ਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰੋ। ਅਸੀਂ ਅੰਤਮ ਰਸਮ ਅਦਾ ਕਰਨਾ ਚਾਹੁੰਦੇ ਹਾਂ।'' ਇਹ ਸੁਣ ਕੇ ਸਾਰੇ ਸਿੱਖ ਉਦਾਸੀ ਵਿਚ ਡੁੱਬ ਗਏ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਹਜ਼ੂਰ ਨੇ ਘੁੱਟ ਕੇ ਫੱਟ ਬੰਨ੍ਹ ਲਿਆ। ਮਹਾਰਾਜ ਦੀਵਾਨ ਵਿਚ ਅੰਤਮ ਵਾਰ ਗਏ। ਗੁਰੂ ਗ੍ਰੰਥ ਸਾਹਿਬ ਦੀਆਂ ਪਰਕਰਮਾਂ ਕਰਕੇ 'ਆਦਿ ਗੁਰੂ ਗ੍ਰੰਥ ਸਾਹਿਬ' ਅੱਗੇ ਮੱਥਾ ਟੇਕਿਆ। ਇਹ ਜ਼ਿਕਰ ਗਿਆਨੀ ਗਿਆਨ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਹੈ :

**ਸੰਗਤ ਕੋ ਲੜ ਕੌਨ ਕੇ ਲਾ ਚਲੇ ਗੁਸਾਈ।**
**ਬਿਨੈ ਦੀਨਸਾ ਸੁਨ ਗੁਰੂ ਇਸ ਗਿਰਾ ਅਲਾਈ।**
**ਅਬ ਹਮ ਸੋ ਗੁਰ ਥਾਪ ਹੈ ਜੋ ਸੁਧ ਉਦਾਰੀ।**
**ਅਜਰ ਅਮਰ ਅਖੰਡ ਰਹਿ ਸਦ ਪਰਉਪਕਾਰੀ।**
**ਭੇਦ ਪੱਖ ਬਿਨ ਸਰਬ ਕੋ ਬਾਂਛਤ ਫਲ ਦੈ ਹੈ।**
**ਇਮ ਕਹਿ ਗੁਰੂ ਗ੍ਰੰਥ ਕਾ ਪ੍ਰਕਾਸ਼ ਕਰੈ ਹੈ।**
**ਪੈਸੇ ਪੰਚ ਨਲੇਰ ਲੈ ਤਿਸ ਅੱਗ੍ਰ ਟਿਕਾਯੋ।**

**ਕਰ ਪ੍ਰਕਰਮਾ ਗੁਰੂ ਜੀ ਅਭਿ ਬੰਦਨ ਕੀਉ।**
**ਗੁਰੂ ਰੂਪ ਥਾਪ ਪੂਜ ਕੈ ਸਭ ਤੇ ਪੁਜਵਈਉ।**

(ਸ੍ਰੀ ਗੁਰ ਪੰਥ ਪ੍ਰਕਾਸ਼ ਪੱਥਰ ਥਾਪਾ)

## ਤਥਾ ਹੀ ਸ੍ਰੀ ਮੁਖਵਾਕ-ਦੋਹਰਾ

**ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭਿ ਕੋ ਮਿਲਬੋ ਚਹੈ ਖੋਜ ਸਬਦ ਮੇ ਲੇਹ।**
**ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।**
**ਖੁਆਰ ਹੋਇ ਸਭ ਮਿਲਹਿਗੇ ਬਚੇ ਸਰਨ ਜੋ ਹੋਇ।**

(ਸ੍ਰੀ ਗੁਰੂ ਪੰਥ ਪ੍ਰਕਾਸ਼)

ਸਾਡੇ ਪਿਛੋਂ ਦੇਹਧਾਰੀ ਗੁਰੂ ਨਹੀਂ ਹੋਵੇਗਾ। ਦਸਾਂ ਗੁਰੂਆਂ ਦਾ ਸਰੂਪ 'ਗੁਰੂ ਗ੍ਰੰਥ ਸਾਹਿਬ' ਹੀ ਪੰਥ ਦਾ ਸਦੀਵੀ ਗੁਰੂ ਹੋਵੇਗਾ। ਗੁਰੂ ਗ੍ਰੰਥ ਦੀ ਹਜ਼ੂਰੀ ਵਿੱਚ ਪੰਥ ਦੇ ਚੁਣੇ ਹੋਏ 'ਪੰਜ ਪਿਆਰੇ' ਜੋ ਗੁਰਮਤਾ ਕਰਿਆ ਕਰਨਗੇ, ਉਹ ਗੁਰੂ ਕਾ 'ਹੁਕਮ' ਹੋਵੇਗਾ।

**ਗੁਰੂ ਗ੍ਰੰਥ ਕਲਿਜੁਗ ਭਯੋ ਸ੍ਰੀ ਗੁਰੂ ਰੂਪ ਸਮਾਨ।**
**ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ॥ ੪੧੨ ॥**
**ਗੁਰੂ ਦਰਸ ਜਿਹ ਦੇਖਣਾ, ਸ੍ਰੀ ਗ੍ਰੰਥ ਦਰਸਾਇ।**
**ਬਾਤ ਕਰਨ ਗੁਰ ਸੋ ਚਾਹੇ ਪੜੇ ਗ੍ਰੰਥ ਮਨ ਲਾਏ॥ ੪੧੩ ॥**

(ਗੁਰ ਬਿਲਾਸ ਪਾਤਸ਼ਾਹੀ ੧੦)

**ਗ੍ਰੰਥ ਗੁਰੂ ਮਹਿ ਨਿਹਚਾ ਧਾਰੇ। ਤਾਂ ਬਿਨ ਚਾਹ ਨਾ ਧਰੋ ਪਿਆਰੇ।**
**ਤਾਕੀ ਵਾਛਾ ਸਭ ਗੁਰ ਪੂਰੇ। ਯਾ ਪਰ ਨਿਹਚਾ ਭ੍ਰਮ ਸਭ ਦੂਰੇ।**

(ਬੰਸਾਵਲੀ ਨਾਮਾ)

## ਲਿਖਾਰੀ ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ

'ਗੁਰੂ ਗੋਬਿੰਦ ਸਿੰਘ ਮਹਲ ਦਸਮਾ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸੰਮਤ ਸਤ੍ਰਾਂ ਸੈ ਪੈਸਠ ਕਾਰਤਿਕ ਮਾਸ ਕੀ ਚਉਥ ਸੁਕਲਾ ਪਖੇ ਬੁਧਵਾਰ ਕੇ ਦਿਹੁੰ ਦੈਆ ਸਿੰਘ ਸੇ ਬਚਨ ਹੋਆ—ਸ੍ਰੀ ਗ੍ਰੰਥ ਸਾਹਿਬ ਲੇ ਆਉ।'' ਬਚਨ ਪਾਇ ਦੈਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ

ਭੇਟ ਰਖ ਕੇ ਮੱਥਾ ਟੇਕਾ। ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ-ਮੇਰੀ ਜਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਕੋ ਜਾਨਨਾ, ਜੋ ਸਿਖ ਜਾਨੈਗਾ ਤਿਸ ਕੀ ਘਾਲ ਥਾਇ ਪਏਗੀ। ਗੁਰੂ ਤਿਸਕੀ ਬਾਹੁੜੀ ਕਰੇਗਾ।'

(ਭੱਟ ਵਹੀ ਤਲਾਉਢਾ ਪ੍ਰਗਨਾ ਜੀਂਦ ਤੇ ਭੱਟ ਵਹੀ ਮੁਲਤਾਨੀ ਸਿੰਧੀ)

ਸ੍ਰੀ ਸਰਬ ਲੋਹ ਪ੍ਰਕਾਸ਼ ਅੰਦਰ ਭੀ ਇਸ ਪ੍ਰਕਾਰ ਬਚਨ ਆਏ ਹਨ :

**ਆਪਨ ਪੌ ਸ੍ਰੀ ਖਾਲਸਹਿ ਸੌਂਪਾ ਦ੍ਵਤਿਯ ਰੂਪ ਸਤਿਗੁਰੂ ਗ੍ਰੰਥਾ।**
**ਬੋਲਨ ਸਤਿਗੁਰੁ ਸਬਦ ਸੰਭਾਖਨ ਨਾਮ ਗੋਬਿੰਦ ਕੀਰਤਨਿ ਸੰਥਾ।**
**ਗੁਨਾਨੁਵਾਦ ਪੁਨਿ ਸਿਫਤਿ ਸਲਾਹਨਿ ਊਠਤੁ ਬੈਠਤੁ ਸੈਨ ਕਰੰਥਾ।**
**ਪਾਵਨ ਪੰਥ ਖਾਲਸਹਿ ਪ੍ਰਗਟਯੋ ਚਾਰ ਵਰਨ ਆਸ੍ਰਮ ਸੁਭ ਪੰਥਾ॥ ੧॥**
**ਇਸ ਕੇ ਦਰਸ ਸਤਿਗੁਰ ਕੋ ਦਰਸਨ ਬੋਲਨ ਗੁਰੂ ਸਬਦ ਗੁਰੂ ਗ੍ਰੰਥਾ।**
**ਦ੍ਵਾਦਸਿ ਰੂਪ ਸਤਿਗੁਰ ਏ ਕਹਿਯਤਿ ਦ੍ਵਾਦਸਿ ਭਾਨੁ ਪ੍ਰਗਟ ਹਰਿ ਸੰਤਾ।**
**ਪ੍ਰਤੱਖ ਕਲਾ ਪਾਰਬ੍ਰਹਮ ਧਣੀਛੈ ਗ੍ਰੰਥ ਪੰਥ ਖਾਲਸਾ ਵਰਤੰਤਾ।**
**ਦਾਸ ਗੋਬਿੰਦ ਫਤਹਿ ਸਤਿਗੁਰੂ ਕੀ ਖਾਸ ਗ੍ਰੰਥ ਗੁਰੂ ਰੂਪ ਬਦੰਤਾ॥ 2॥**

(ਅੰਗ 645-46)

ਇਹਨਾਂ ਉਪਰੋਕਤ ਬਚਨਾਂ ਤੋਂ ਸਪੱਸ਼ਟ ਰੂਪ ਵਿਚ ਸਾਨੂੰ ਸਿਖਿਆ ਮਿਲਦੀ ਹੈ ਕਿ ਸਰਗੁਣ ਸਰੂਪ ਹਜ਼ੂਰ ਨੇ ਆਪਣਾ ਖਾਲਸੇ ਵਿਚ ਰਖਿਆ ਹੈ ਤੇ ਆਪਣਾ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤਾ ਹੈ। ਇਸੇ ਸਿਧਾਂਤ ਨਾਲ ਮਿਲਦਾ ਜੁਲਦਾ ਸਿਧਾਂਤ ਹੈ ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਦਾ :

**ਸ੍ਰੀ ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟਿਉ ਪੰਥ ਮਹਾਨ।**
**ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ।**

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਪਰ ਪੰਥ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਅੰਮ੍ਰਿਤ ਛਕਾਉਣ ਸਮੇਂ ਪੰਜ ਪਿਆਰਿਆਂ ਦੇ ਰੂਪ ਵਿਚ ਮੰਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਤੋਂ ਲਾਂਭੇ ਇਕੱਲਾ ਕੈਹਾ ਕੋਈ ਵਿਅਕਤੀ ਪੰਥ ਨਹੀਂ ਬਣ ਸਕਦਾ ਜਾਂ ਸਮੁੱਚਾ ਖਾਲਸਾ ਪੰਥ ਗੁਰੂ ਕੀ ਹਜ਼ੂਰੀ ਵਿਚ ਜੁੜਿਆ ਹੋਵੇ, ਉਸ ਨੂੰ ਗੁਰੂ ਰੂਪ ਖਾਲਸਾ ਕਹਿ ਸਕਦੇ ਹਾਂ।

**ਅਜ ਤੇ ਖਾਲਸ ਪੰਥ ਮਹੁ ਸ੍ਰੀ ਸਤਿਗੁਰ ਗੁਰ ਗ੍ਰੰਥ।**
**ਤਾਬਿਆ ਇਨਹੀ ਕੀ ਰਹੈ ਸਦਾ ਹਮਾਰੋ ਪੰਥ।**

(ਸ੍ਰੀ ਗੁਰ ਪੁਰ ਪ੍ਰਕਾਸ਼)

ਅਤੇ ਘਨੱਈਆ ਲਾਲ ਦੀ ਲਿਖੀ ਤਾਰੀਖ਼-ਏ-ਪੰਜਾਬ ਵਿਚ ਇਸ ਸਬੰਧ ਵਿਚ ਇਸ ਤਰ੍ਹਾਂ ਜ਼ਿਕਰ ਆਇਆ ਹੈ :

''ਗੁਰੂ ਗੋਬਿੰਦ ਸਿੰਘ ਜੀ ਆਖ਼ਰੀ ਵਕਤ ਗ੍ਰੰਥ ਸਾਹਿਬ ਕੇ ਆਗੇ ਪਾਂਚ ਪੈਸੇ ਅਉ ਸ੍ਰੀ ਫਲ ਗੁਰਿਆਈ ਕਾ ਰੱਖਾ।''

## ਭਾਈ ਪ੍ਰਹਿਲਾਦ ਸਿੰਘ ਜੀ ਅਨੁਸਾਰ

**ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟ ਚਲਾਯੋ ਪੰਥ।**
**ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਅਹੁ ਗ੍ਰੰਥ।30।**
**ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹਿ।**
**ਜੋ ਸਿਖ ਮੋ ਮਿਲਬੋ ਚਹਿਹ ਖੋਜ ਇਨਹੁ ਮੈਂ ਲੇਹਿ।3੧।**
**ਥਾਪ ਚਲਯੋ ਜੁ ਜਗਤ ਮੈਂ ਤਿਨਹਿ ਨਿਵਾਵਉ ਮਾਥ।**
**ਵਾਹਿਗੁਰੂ ਕੇ ਮੰਤਰ ਬਿਨ ਮਿਥਿਆ ਸਾਰੀ ਗਾਥ।32।**

(ਅਥਵਾ)

**ਬਚਨ ਪ੍ਰਤੀਤ ਰਖਹਿ ਸਿਖ ਜੋਈ। ਤੈਸੋ ਹੀ ਫਲ ਪ੍ਰਾਪਤ ਹੋਈ।**
**ਗੁਰ ਕਾ ਬਚਨ ਗੁਰੂ ਕੀ ਮੂਰਤਿ। ਭੁਗਤਿ ਮੁਕਤਿ ਵਰ ਸਾਚੋ ਪੂਰਤਿ।35।**
**ਰਹਿਣੀ ਰਹੈ ਸੋਈ ਸਿਖ ਮੇਰਾ। ਉਹ ਠਾਕੁਰ ਮੈਂ ਉਸ ਕਾ ਚੇਰਾ।**
**ਕਰਹਿ ਅਕਾਲ ਪੁਰਖ ਕੀ ਆਸ। ਜਨਮ ਮਰਨ ਕਟਿ ਡਾਰੈ ਫਾਸ।36।**

(ਰਹਿਤਨਾਮਾ ਪ੍ਰਹਿਲਾਦਿ ਸਿੰਘ ਜੀ)

## ਭਾਈ ਦੇਸਾ ਸਿੰਘ ਜੀ ਅਨੁਸਾਰ

**ਗੁਰੂ ਗ੍ਰੰਥ ਮੋ ਭੇਦ ਨ ਕਾਈ। ਗ੍ਰੰਥ ਹੋਇ ਤੋ ਨਿਕਟਿ ਧਰਾਈ।੧੧੦।**

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

## ਭਾਈ ਨੰਦ ਲਾਲ ਜੀ ਅਨੁਸਾਰ

**ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿਤ ਲਾਇ।**
**ਨਿਰਗੁਣ, ਸਰਗੁਣ, ਗੁਰ ਸ਼ਬਦ ਕਹਹੁ ਤੋਹਿ ਸਮਝਾਇ।6।**
**ਏਕ ਰੂਪ ਤਿਹੁ ਗੁਨ ਤੇ ਪਰੇ। ਨੇਤਿ ਨੇਤਿ ਜਿਹ ਨਿਗਮ ਉਚਰੇ।**
**ਘਟਿ ਘਟਿ ਵਿਆਪਕ ਅੰਤਰਜਾਮੀ। ਪੂਰ ਰਹਯੋ ਜਿਉਂ ਜਲ ਘਟ ਭਾਨੀ। 7।**

ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੇ ਕਹਿ ਮਾਨਹੁ।
ਰੋਮ ਰੋਮ ਅਛਰ ਸੋ ਲਹਹੁ। ਬਾਤ ਜਥਾਰਥ ਤੁਮ ਸੋ ਕਹਹੁ। 8।
ਜੋ ਸਿਖ ਗੁਰ ਦਰਸਨ ਕੀ ਚਾਹਿ। ਦਰਸਨ ਕਰੈ ਗ੍ਰੰਥ ਜੀ ਆਹਿ।
ਪ੍ਰਭਾਤ ਸਮੈ ਕਰਕੈ ਇਸਨਾਨ। ਤੀਨ ਪ੍ਰਦੱਛਣਾ ਕਰੈ ਸੁਜਾਨ। 9।
ਸਬਦ ਸੁਨੈ ਗੁਰ ਹਿਤ ਚਿਤ ਲਾਇ। ਗਿਆਨ ਸਬਦ ਗੁਰ ਸੁਨੈ ਸੁਨਾਇ।
ਜੋ ਮਮ ਸਾਥ ਚਹੈ ਕਰਿ ਬਾਤ। ਗ੍ਰੰਥ ਜੀ ਪੜ੍ਹਹਿ ਬਿਚਾਰਹਿ ਸਾਥ। ੧0।
ਜੋ ਮੁਝ ਬਚਨ ਸੁਨਨ ਕੀ ਚਾਹਿ। ਗ੍ਰੰਥ ਵਿਚਾਰ ਸੁਨਹੁ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮਹਿ ਭੇਦ ਨ ਰੰਚਕ ਮਾਨ। ੧੧।
ਤੀਸਰ ਰੂਪ ਸਿਖ ਹੈ ਮੋਰ। ਗੁਰਬਾਣੀ ਰਤਿ ਜਿਹ ਨਿਸ ਭੋਰ।
ਵਿਸਾਹੁ ਪ੍ਰੀਤ ਗੁਰ ਸਬਦ ਜੁ ਧਰੈ। ਗੁਰ ਕਾ ਦਰਸਨ ਨਿਤ *ਉਠ* ਕਰੈ। ੧2।
ਗੁਰਸਿਖ ਸੇਵ ਕਰੇ ਮਨ ਲਾਇ। ਆਪਾ ਮਨ ਕਾ ਸਗਲਿ ਮਿਟਾਇ।
ਇਨ ਕਰਮਨ ਮਹਿ ਜੋ ਪਰਧਾਨ। ਸੋ ਸਿਖ ਮੇਰਾ ਰੂਪ ਪਹਿਚਾਨ। ੧4।

(ਰਹਿਤਨਾਮਾ ਭਾਈ ਨੰਦ ਲਾਲ ਜੀ)

ਦਰਸ*ਯੋ* ਚਹੈ ਗੁਰੂ ਜੀ ਸੋ ਦਰਸੈ ਗੁਰ ਗ੍ਰੰਥ॥
ਪੜ੍ਹੈ ਸੁਨੈ ਸੁਆਰਥ ਲੋ ਪਰਮਾਰਥਰੋ॥
ਵਾਹਿਗੁਰੂ ਗੁਰੂ ਗ੍ਰੰਥ ਜੀ *ਉ*ਭੈ ਜਹਾਜ *ਉ*ਦਾਰ॥
ਸਰਧਾ ਧਰ ਜੋ ਸੇਵਹੈ ਸੋ *ਉ*ਤਰੈ ਭਵ ਪਾਰ॥

## ਭਾਈ ਕੇਸਰ ਸਿੰਘ ਜੀ ਛਿੱਬਰ ਅਨੁਸਾਰ

ਦਸਵਾ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ *ਨੂੰ* ਦੇ ਹੈ ਗਇਆ।
ਅੱਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਸੋਈ ਗਇਆ ਜੋ ਗ੍ਰੰਥੋਂ ਗਇਆ।

(ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, *3 6 4*)

## ਕਰਤਾ ਸੌ ਸਾਖੀ ਅਨੁਸਾਰ

ਦਸ ਅਵਤਾਰ ਗੁਰ ਏਕ ਸਮ ਜੋ ਜਾਨਹੁ ਸੋ ਮੇਰੁ।
ਏਕਾਦਸ ਗੁਰੂ ਗ੍ਰੰਥ ਜੀ ਬਾਣੀ ਸਤਿਗੁਰ ਹੇਰ।

(ਸੌ ਸਾਖੀ, ਸਾਖੀ *78* ਹੱਥ ਲਿਖਤ ਖਰੜਾ)

## ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ

**ਮਮ ਆਗਯਾ ਸਭਹੀ ਸੁਨਹੁ ਸਤ ਬਾਤ ਨਿਰਧਾਰ।**
**ਗ੍ਰੰਥ ਗੁਰੂ ਸਮ ਮਾਨਿਓ ਭੇਦ ਨ ਕੋਊ ਬਿਚਾਰ।**
**ਗੁਰੂ ਗ੍ਰੰਥ ਕਲਿਜੁਗ ਭਯੋ ਸ੍ਰੀ ਗੁਰੂ ਰੂਪ ਮਹਾਨ।**
**ਦਸਾ ਪਾਤਸ਼ਾਹੀਆ ਰੂਪ ਯਹ ਗੁਰੂ ਗ੍ਰੰਥ ਜੀ ਜਾਨ।੫੧੨।**
**ਗੁਰ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।**
**ਬਾਤ ਕਰਨ ਗੁਰ ਸਿਉ ਚਹੈ ਪਢਹਿ ਗ੍ਰੰਥ ਮਨ ਲਾਇ।੫੧੩।**

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ 4)

ਕਲਗੀਧਰ ਪਾਤਸ਼ਾਹ ਜੀ ਨੇ ਆਖ਼ਰੀ ਸਮੇਂ ਕਿਹਾ, ਅਕਾਲ ਪੁਰਖ ਦਾ ਭਾਣਾ ਮੰਨਣਾ। ਪੰਥ ਦੀ ਚੜ੍ਹਦੀ ਕਲਾ ਵਾਸਤੇ ਉੱਦਮ ਕਰਦੇ ਰਹਿਣਾ। ਨਾਮ ਜਪਣਾ ਤੇ ਸਿੱਖੀ ਰਹਿਤ ਮਰਯਾਦਾ ਵਿਚ ਪੱਕੇ ਰਹਿਣਾ। ਸਾਡੇ ਵੱਲੋਂ ਸਰਬੱਤ ਸਾਧ ਸੰਗਤ ਨੂੰ ਫ਼ਤਹਿ ਪਰਵਾਨ ਹੋਵੇ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ। ਗੁਰਦੇਵ ਨੇ ਇਕ ਵਾਰ ਫੇਰ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਤੇ ਆਪਣੇ ਤੰਬੂ ਵਿਚ ਚਲੇ ਗਏ। ਸ਼ਸਤਰ ਉਸ ਵੇਲੇ ਵੀ ਮਹਾਰਾਜ ਨੇ ਸਜਾਏ ਹੋਏ ਸਨ।

**ਗਰੀਬ ਨਿਵਾਜ ਸਿਖ ਸੰਗਤ ਤੇਰੀ, ਇਸ ਦਾ ਕੀ ਹਵਾਲ।**
**ਬਚਨ ਕੀਤਾ ਗ੍ਰੰਥ ਹੈ ਗੁਰੂ, ਲੜ ਪਕੜੌ ਅਕਾਲ।**

## ਜੋਤੀ ਜੋਤ ਸਮਾਉਣਾ

ਫਿਰ ਜ਼ਖ਼ਮ ਵਿਚੋਂ ਖ਼ੂਨ ਬੰਦ ਨਹੀਂ ਹੋਇਆ। ਸਿੰਘ ਬੇਨਤੀ ਕਰਦੇ ਸਨ ਇਲਾਜ ਵਾਸਤੇ ਪਰ ਆਪ ਜੀ ਜਾਣੀ-ਜਾਣ ਸਨ ਅਤੇ ਆਤਮਾ ਓਵੇਂ ਬਲਵਾਨ ਸੀ। ਚਿਹਰੇ ਦਾ ਤਪ ਤੇਜ ਕਾਇਮ ਸੀ। ਅਗਲੇ ਦਿਨ ਅੰਮ੍ਰਿਤ ਵੇਲੇ ਗੁਰਦੇਵ ਨੇ ਅੰਤਮ ਫ਼ਤਹਿ ਬੁਲਾਈ ਤੇ ਜੋਤੀ-ਜੋਤ ਸਮਾ ਗਏ।

★★★

# ਗੁਰਬਾਣੀ ਬਿਉਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਬੀੜ ਨੂੰ ਸਮਝਣ ਵਾਸਤੇ ਅਤੇ ਦਮਦਮੀ ਬੀੜ ਨੂੰ ਜਾਨਣ ਵਾਸਤੇ ਗਿਣਤੀ ਤੇ ਤਰਤੀਬਤਾ ਇਸ ਤਰ੍ਹਾਂ ਹੈ : ਅੰਗ ੧ ਤੋਂ ੧੩ ਤੱਕ ਜਪੁ ਜੀ ਸਾਹਿਬ, ਸੋ ਦਰੁ ਦੇ ਸ਼ਬਦ ਤੇ ਸੋਹਿਲਾ ਨਾਮੇ ਬਾਣੀ ਦਰਜ ਕੀਤੀ। ਅੰਗ ੧੪ ਤੋਂ ੧੩੩੨ ਤੱਕ ਗੁਰੂ ਅਰਜਨ ਦੇਵ ਜੀ ਨੇ ੩੦ ਰਾਗਾਂ ਵਿੱਚ ਬਾਣੀ ਲਿਖਵਾਈ ਹੈ। ਅੰਗ ੧੩੩੩ ਤੋਂ ੧੪੩੦ ਤੱਕ ਸਹਸਕ੍ਰਿਤੀ, ਸਲੋਕ ਭਗਤ ਕਬੀਰ ਜੀ ਤੇ ਫਰੀਦ ਜੀ, ਸਵੱਈਏ, ਵਾਰਾਂ ਤੇ ਵਧੀਕ, ਮੁੰਦਾਵਣੀ ਤੇ ਰਾਗਮਾਲਾ ਲਿਖਾ ਕੇ ਸੰਪੂਰਨ ਕੀਤਾ।

ਨੋਟ : ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਲਿਖਾ ਕੇ ਤੇ ਜੈਜਾਵੰਤੀ ਰਾਗ ਲਿਖਾ ਕੇ ਰਾਗਾਂ ਦੀ ਗਿਣਤੀ ੩੧ ਕਰ ਦਿੱਤੀ। ਭੋਗ ਦੇ ਸਲੋਕ ਮਹਲਾ ੯ ਦੇ ਵੀ ਲਿਖਵਾਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਦੀ ਤਰਤੀਬਤਾ ਗੁਰੂ ਸਾਹਿਬਾਨਾਂ ਦੀ ਬਾਣੀ, ਭਗਤਾਂ ਦੀ ਬਾਣੀ ਤੇ ਭੱਟਾਂ ਦੇ ਸਵੱਈਏ ਅਤੇ ਗੁਰਸਿੱਖਾਂ ਦੀ ਬਾਣੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ੯੭੩ ਸ਼ਬਦ ਹਨ। ਦੂਸਰੇ ਗੁਰੂ ਜੀ ਦੀ ਬਾਣੀ ੬੩ ਸਲੋਕ ਹਨ। ਤੀਸਰੇ ਗੁਰੂ ਜੀ ਦੀ ਬਾਣੀ ੮੯੧ ਸ਼ਬਦ ਹਨ। ਚੌਥੇ ਗੁਰੂ ਜੀ ਦੀ ਬਾਣੀ ੬੩੮ ਸ਼ਬਦ ਹਨ। ਪੰਜਵੇਂ ਗੁਰੂ ਜੀ ਦੀ ਬਾਣੀ ੨੩੧੨ ਸ਼ਬਦ ਹਨ। ਨੌਵੇਂ ਗੁਰੂ ਜੀ ਦੀ ਬਾਣੀ ੧੧੬ ਸ਼ਬਦ ਹਨ ਅਤੇ ੬ ਗੁਰੂ ਸਾਹਿਬਾਨ ਦੀ ਬਾਣੀ ਦਾ ਕੁੱਲ ਜੋੜ ੪੯੯੩ ਸ਼ਬਦ ਬਣਦੇ ਹਨ। ੧੫ ਭਗਤਾਂ ਦੀ ਬਾਣੀ ੭੭੪ ਸ਼ਬਦ ਹਨ ਅਤੇ ਭੱਟਾਂ ਦੀ ਬਾਣੀ ੧੨੩ ਸਵੱਈਏ ਹਨ। ਤਿੰਨ ਗੁਰਸਿੱਖਾਂ ਦੀ ਬਾਣੀ ਦੇ ੧੪ ਸ਼ਬਦ ਹਨ। ਦਮਦਮੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਕੁੱਲ ਜੋੜ ੫੯੧੬ ਸ਼ਬਦ ਬਣਦਾ ਹੈ। ਪੰਜਵੇਂ ਪਾਤਿਸ਼ਾਹ ਵਾਲੇ ਸਰੂਪ ਦੇ ਕੁਲ ਸ਼ਬਦ ੫੮੦੦ ਜੋੜ ਬਣਦਾ ਹੈ। ਭਾਵ ਪੰਜ ਹਜ਼ਾਰ ੮ ਸੌ ਸ਼ਬਦ ਬਣਦਾ ਹੈ। ਆਦਿ ਬੀੜ ਜੋ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਸੀ।

ਵਿਸ਼ਵ ਦੇ ਧਰਮਾਂ ਦੇ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਕਿਸੇ ਇਕ ਕੌਮ ਤੀਕ ਸੀਮਤ ਨਾ ਹੋ ਕੇ ਪੂਰੀ ਮਾਨਵ ਜਾਤੀ ਦੇ ਭਲੇ ਲਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਪੂਰੀ ਮਨੁੱਖਤਾ ਦੇ ਨੈਤਿਕ ਤੇ ਅਧਿਆਤਮਕ ਕਲਿਆਣ ਲਈ ਹੈ। ਇਸ ਦੇ ਸਰੂਪ ਦੀ ਸਿਰਜਨਾ ਸਮੂਹ ਮਾਨਵਤਾ ਨੂੰ ਸਾਂਝੀਵਾਲਤਾ ਦਾ ਸੁਨੇਹਾ ਦੇਣ ਹਿੱਤ ਕੀਤੀ ਗਈ ਹੈ। ਇਸ ਵਿਚ ਗੁਰੂ ਪਾਤਸ਼ਾਹਾਂ ਤੋਂ ਇਲਾਵਾ ਵਿਭਿੰਨ ਪ੍ਰਾਂਤਾਂ, ਵੱਖ-ਵੱਖ ਸੰਪ੍ਰਦਾਵਾਂ, ਅੱਡ-ਅੱਡ ਸੰਸਕ੍ਰਿਤੀਆਂ ਨਾਲ ਸੰਬੰਧਿਤ ਸੰਤਾਂ, ਭਗਤਾਂ ਅਤੇ ਮੁਸਲਮਾਨ ਫ਼ਕੀਰਾਂ ਦੀ ਅਧਿਆਤਮਕ ਤਦਰੂਪਤਾ ਤੋਂ ਉਤਪੰਨ ਅਧਿਆਤਮਕ ਅਨੁਭਵ ਦੀ ਰਚਨਾ ਨੂੰ

ਗੁਰਬਾਣੀ ਦਾ ਤੁਲ ਸਵੀਕਾਰ ਕੀਤਾ ਗਿਆ ਹੈ, ਪਰ ਜੋ ਧੁਰ ਕੀ ਬਾਣੀ ਦੇ ਆਸ਼ੇ ਅਨੁਸਾਰ ਸੀ, ਉਸ ਨੂੰ ਗੁਰਬਾਣੀ ਦਰਜਾ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਮਹਾਂਪੁਰਸ਼ਾਂ ਦੀ ਪਵਿੱਤਰ ਬਾਣੀ ਸੰਮਿਲਤ ਹੈ, ਉਹਨਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਜਾਣਿਆ ਜਾ ਸਕਦਾ ਹੈ :

(ੳ) ਬਾਣੀ ਗੁਰੂ ਪਾਤਸ਼ਾਹ।

(ਅ) ਭਗਤ

(ੲ) ਗੁਰੂ ਪਾਤਸ਼ਾਹ ਦੇ ਨਿਕਟਵਰਤੀ ਸਿੱਖ ਕੀਰਤਨਕਾਰ ਤੇ ਭੱਟ।

ਪਰ ਬਹੁ ਗਿਣਤੀ ਦੇ ਵਿਦਵਾਨਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਹੈ : (ੳ) ਗੁਰੂ ਪਾਤਸ਼ਾਹ ਜੀ। (ਅ) ਭਗਤਾਂ ਦੀ ਬਾਣੀ। (ੲ) ਭੱਟਾਂ ਦੇ ਸਵੱਯੇ। (ਸ) ਗੁਰਸਿੱਖਾਂ ਦੀ ਬਾਣੀ। ਪਰ ਇਸ ਪ੍ਰਕਾਰ ਵੀ ਵੰਡ ਕਰ ਸਕਦੇ ਹਾਂ, ਜਿਸ ਨੂੰ ਪੰਜ ਸ਼੍ਰੇਣੀਆਂ ਵਿਚ ਵੰਡਿਆ ਜਾਵੇਗਾ : (ੳ) ਗੁਰੂ ਸਾਹਿਬਾਨ ਜਿਨ੍ਹਾਂ ੬ ਸਰੂਪਾਂ ਵਿੱਚ ਬਾਣੀ ਉਚਾਰੀ। (ਅ) ੧੫ ਭਗਤਾਂ ਦੀ ਬਾਣੀ। (ੲ) ਭੱਟਾਂ ਦੇ ਸਵੱਈਏ।(ਸ) ਗੁਰੂ ਕੇ ਕੀਰਤਨੀਏ ਰਾਇ ਬਲਵੰਡ ਤੇ ਸੱਤਾ ਦੀ ਬਾਣੀ ਜੋ ਰਾਗੁ ਰਾਮਕਲੀ ਤੀਜੀ ਦੀ ਵਾਰ ਹੈ। (ਹ) ਗੁਰੂ ਕੀ ਅੰਸੁ ਵੰਸੁ ਬਾਬਾ ਸੁੰਦਰ ਜੀ ਦੀ ਬਾਣੀ ਜੋ ਰਾਮਕਲੀ ਸੱਦ ਕਰਕੇ ਜਾਣੀ ਜਾਂਦੀ ਹੈ। ਕਈ ਵਿਦਵਾਨ ਚੌਥੇ ਸਿੱਖ ਭਾਈ ਮਰਦਾਨਾ ਜੀ ਦੀ ਬਾਣੀ ਮੰਨਦੇ ਹਨ, ਪਰ ਇਹ ਗੁਰੂ ਨਾਨਕ ਦੇਵ ਜੀ ਦੀ ਹੀ ਬਾਣੀ ਹੈ, ਮਰਦਾਨੇ ਨੂੰ ਸੰਬੋਧਨ ਕਰਕੇ ਉਪਦੇਸ਼ ਦਿੱਤਾ ਹੈ ਅਤੇ ਸਤਿਕਾਰ ਦਿੱਤਾ ਹੈ।

☆☆☆

# ਸਹਾਇਤਾ ਸੂਚੀ ਧਾਰਮਿਕ ਗ੍ਰੰਥ


੧ ਭਾਗ ਪਹਿਲਾ ਅਤੇ ਦੂਜਾ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

2. ਸ੍ਰੀ ਦਸਮ ਗ੍ਰੰਥ ਸਟੀਕ—ਗਿਆਨੀ ਨਰੈਣ ਸਿੰਘ ਜੀ

3. ਸੰਪ੍ਰਦਾਈ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੈਂਚੀ ਛੇਵੀਂ—ਸੰਤ ਕਿਰਪਾਲ ਸਿੰਘ ਜੀ

4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਤੁਲਨਾਤਮਿਕ ਅਧਿਐਨ ਪੋਥੀ ਨੰ: 8—ਟੀਕਾਕਾਰ ਗਿ: ਹਰਬੰਸ ਸਿੰਘ ਜੀ

5. ਸੰਪ੍ਰਦਾਈ ਮੁਖਵਾਕ ਸਟੀਕ, ਗੁਰਵਾਕ ਚਾਨਣ ਭਾਗ ਦੂਜਾ—ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'

6. ਅੰਮ੍ਰਿਤ ਰਸ ਭਾਗ ਪਹਿਲਾ ਤੇ ਦੂਜਾ—ਦਮਦਮੀ ਟਕਸਾਲ ਗਿ: ਸੁਰਜੀਤ ਸਿੰਘ ਜੀ 'ਸੋਧੀ'

7. ਸ੍ਰੀ ਗੁਰੂ ਗ੍ਰੰਥ ਕੋਸ਼—ਭਾਈ ਵੀਰ ਸਿੰਘ ਜੀ

8. ਮਹਾਨ ਕੋਸ਼—ਭਾਈ ਕਾਨ੍ਹ ਸਿੰਘ ਜੀ ਨਾਭਾ

9. ਸ੍ਰੀ ਗੁਰੂ ਗ੍ਰੰਥ ਕੋਸ਼—ਡਾ. ਗੁਰਚਰਨ ਸਿੰਘ ਜੀ

੧੦. ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ ਪਹਿਲਾ ਤੇ ਦੂਜਾ—ਡਾ: ਰਤਨ ਸਿੰਘ ਜੀ ਜੱਗੀ

੧੧ ਸਿੱਖ ਪੰਥ ਵਿਸ਼ਵ ਕੋਸ਼ ਭਾਗ ਪਹਿਲਾ ਅਤੇ ਦੂਜਾ—ਡਾ: ਰਤਨ ਸਿੰਘ ਜੀ ਜੱਗੀ

੧੨. ਗੁਰਪ੍ਰਤਾਪ ਸੂਰਜ ਗ੍ਰੰਥ—ਚੂੜਾਮਣਿ ਕਵਿ ਭਾਈ ਸੰਤੋਖ ਸਿੰਘ ਜੀ

੧੩. ਸ੍ਰੀ ਗੁਰੂ ਪੰਥ ਪ੍ਰਕਾਸ਼—ਮਹਾਂ ਕਵੀ ਗਿਆਨੀ ਗਿਆਨ ਸਿੰਘ ਜੀ

੧੪. ਪ੍ਰਾਚੀਨ ਪੰਥ ਪ੍ਰਕਾਸ਼—ਭਾਈ ਰਤਨ ਸਿੰਘ ਜੀ ਭੰਗੂ

੧੫. ਗੁਰਪੁਰ ਪ੍ਰਕਾਸ਼—ਕਵਿ ਸੰਤਰੇਨ ਪ੍ਰੇਮ ਸਿੰਘ ਜੀ

੧੬. ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ—ਗਿਆਨੀ ਗਿਆਨ ਸਿੰਘ ਜੀ

੧੭. ਮਹਿਮਾ ਪ੍ਰਕਾਸ਼ ਵਾਰਤਕ ਭਾਗ ਪਹਿਲਾ, ਦੂਜਾ ਤੇ ਤੀਜਾ—ਸਰੂਪ ਦਾਸ ਜੀ ਭੱਲਾ

੧੮. ਗੁਰਬਿਲਾਸ ਪਾਤਸ਼ਾਹੀ ਛੇਵੀਂ—ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਜੀ ਵੇਦਾਂਤੀ

੧੯. ਵਾਰਾਂ ਤੇ ਕਬਿੱਤ ਸਵੱਯੇ—ਭਾਈ ਗੁਰਦਾਸ ਜੀ

20. ਗੁਰਮਤਿ ਨਿਰਣਯ ਭੰਡਾਰ—ਗਿਆਨੀ ਲਾਲ ਸਿੰਘ ਜੀ

2੧ ਮੁਖਵਾਕ ਪ੍ਰਕਾਸ਼ (ਭਾਗ ਪਹਿਲਾ ਤੇ ਦੂਜਾ)—ਸਿੰਘ ਸਾਹਿਬ ਗਿ: ਮੱਲ ਸਿੰਘ ਜੀ

22. ਕਥਾ ਪ੍ਰਮਾਣ ਸਾਗਰ—ਸਿੰਘ ਸਾਹਿਬ ਗਿ: ਮੱਲ ਸਿੰਘ ਜੀ

23. ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ—ਸਿੰਘ ਸਾਹਿਬ ਗਿ: ਮੱਲ ਸਿੰਘ ਜੀ

24. ਗੁਰੂ ਗ੍ਰੰਥ ਵਿਚਾਰ ਕੋਸ਼—ਪਿਆਰਾ ਸਿੰਘ ਜੀ 'ਪਦਮ'

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

25. ਸ਼ਹੀਦਾਨਿ-ਵਫ਼ਾ ਅਤੇ ਗੰਜ-ਸ਼ਹੀਦਾਂ—ਅੱਲਾ ਯਾਰ ਖ਼ਾਂ ਜੋਗੀ
26. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ—ਸਾਧੂ ਸਿੰਘ ਗੌਬਿੰਦਪੁਰੀ
27. ਨਾਮੁ ਨ ਵਿਸਰੈ ਸੰਤ ਪ੍ਰਸਾਦਿ—ਸੰਤ ਕਰਤਾਰ ਸਿੰਘ ਜੀ ਕਮਾਲੀਏ ਵਾਲੇ
28. ਜਾ ਤੂੰ ਸਾਹਿਬੁ—ਰਣਜੀਤ ਸਿੰਘ ਰਾਣਾ
29. ਗੁਰਮੁਖ ਸਿੱਖਿਆ—ਭਾਈ ਵੀਰ ਸਿੰਘ ਜੀ
30. ਬਾਰਹਮਾਹਾ ਕਥਾ ਪ੍ਰਮਾਣ—ਸਿੰਘ ਸਾਹਿਬ ਗਿ: ਮੱਲ ਸਿੰਘ ਜੀ
੩੧ ਸਬਦ ਗੁਰੂ ਗੁਰ ਜਾਣੀਐ—ਸਿੰਘ ਸਾਹਿਬ ਗਿ: ਮੱਲ ਸਿੰਘ ਜੀ
32. ਗੁਰੂ ਭਰੋਸਾ ਪ੍ਰਭੂ ਭਰੋਸਾ—ਗਿਆਨੀ ਗੁਰਵਿੰਦਰ ਸਿੰਘ ਜੀ ਕੋਮਲ
33. ਬਹੀਐ ਪੜਿਆ ਪਾਸਿ—ਸਿੰਘ ਸਹਿਬ ਗਿ: ਜਸਵੰਤ ਸਿੰਘ ਜੀ ਪ੍ਰਵਾਨਾ
34. ਗੁਰਮਤ ਮਾਰਤੰਡ (ਭਾਗ ਪਹਿਲਾ ਤੇ ਦੂਜਾ)—ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ
35. ਗੁਰੂ-ਚਿੰਤਨ—ਗਿ: ਸੰਤ ਸਿੰਘ ਜੀ ਮਸਕੀਨ
36. ਦ੍ਰਿਸ਼ਟਾਂਤ ਸਾਗਰ ਅਰਥਾਤ ਸਾਖੀ ਪ੍ਰਮਾਣ—ਭਗਤ ਰਾਮ ਦਿਤਾ ਜੀ
37. ਕਥਾ ਉਪਦੇਸ਼ ਸਾਗਰ—ਗਿਆਨੀ ਭਗਤ ਸਿੰਘ ਜੀ
38. ਮੈਂ ਮੌਤ ਸਿਖਾਉਂਦਾ ਹਾਂ—(ਓਸ਼ੋ) ਰਜਨੀਸ਼
39. ਵੈਰਾਗੀ ਦੇ ਲੈਕਚਰ—ਗਿਆਨੀ ਕੇਹਰ ਸਿੰਘ ਜੀ 'ਵੈਰਾਗੀ'
40. ਗੁਰੂ ਦੀ ਕਲਾ—ਗਿਆਨੀ ਸੁਖਬੀਰ ਸਿੰਘ ਜੀ ਸੰਤਰੇਣ
੪੧ ਮੌਤ ਦੀ ਕਲਾ—ਗਿਆਨੀ ਸੁਖਬੀਰ ਸਿੰਘ ਜੀ ਸੰਤਰੇਣ
42. ਪਰਬਤੁ ਮੇਰਾਣ—ਪ੍ਰਿੰਸੀਪਲ ਸਤਿਬੀਰ ਸਿੰਘ ਜੀ
43. ਸਾਡਾ ਇਤਿਹਾਸ (ਭਾਗ ਪਹਿਲਾ)—ਪ੍ਰਿੰਸੀਪਲ ਸਤਿਬੀਰ ਸਿੰਘ ਜੀ
44. ਦੋ ਦੀਵੇ ਇਕ ਜੋਤਿ—ਸਿੰਘ ਸਾਹਿਬ ਗਿ: ਜਸਵੰਤ ਸਿੰਘ ਜੀ ਪ੍ਰਵਾਨਾ
45. ਭਾਈ ਗੁਰਦਾਸ ਵਿਚਾਰ ਕੋਸ਼—ਪ੍ਰਿੰਸੀਪਲ ਸਵਰਨਜੀਤ ਸਿੰਘ ਜੀ
46. ਭਗਤ ਦਰਸ਼ਨ—ਗਿਆਨੀ ਪ੍ਰਤਾਪ ਸਿੰਘ ਜੀ
47. ਗੁਰਮਤ ਪ੍ਰਭਾਕਰ—ਭਾਈ ਕਾਨ੍ਹ ਸਿੰਘ ਜੀ ਨਾਭਾ
48. ਗੁਰਮਤ ਸੁਧਾਕਰ—ਭਾਈ ਕਾਨ੍ਹ ਸਿੰਘ ਜੀ ਨਾਭਾ
49. ਸਾਚੀ ਪ੍ਰੀਤਿ, ਗ਼ਜ਼ਲਾਂ ਭਾ: ਨੰਦ ਲਾਲ ਜੀ, ਸਟੀਕ—ਪ੍ਰਿੰ: ਹਰਭਜਨ ਸਿੰਘ ਜੀ
50. ਪੁਰਾਤਨ ਇਤਿਹਾਸਕ ਜੀਵਨੀਆਂ—ਪ੍ਰਿੰਸੀਪਲ ਸਤਬੀਰ ਸਿੰਘ ਜੀ
੫੧ ਬੰਦਗੀਨਾਮਾ—ਰਘਬੀਰ ਸਿੰਘ ਜੀ ਵੀਰ
52. ਗੁਰਮਤਿ ਮਨੋਵਿਗਿਆਨ—ਡਾ: ਜਸਵੰਤ ਸਿੰਘ ਜੀ ਨੇਕੀ

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~